# ਅਕਾਲੀ ਮੋਰਚਿਆਂ ਦਾ ਇਤਿਹਾਸ

ਸੋਹਨ ਸਿੰਘ ਜੋਸ਼

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

22-10-73.

ਕਿਰਪਾਲ ਸਿੰਘ

52

243

472 ✓

S. Sohan Singh Josh

died on 29th July 1982

as it was reported on the

front page of Tribune

date 30th July 1982.

Digitized by Panjab Digital Library | www.panjabdigilib.org

# ਅਕਾਲੀ ਮੋਰਚਿਆਂ ਦਾ ਇਤਿਹਾਸ

ਸੋਹਨ ਸਿੰਘ ਜੋਸ਼

ਨਵਯੁਗ ਪਬਲਿਸ਼ਰਜ਼, ਦਿੱਲੀ

Digitized by Panjab Digital Library | www.panjabdigilib.org

# [illegible]

1972

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼
ਚਾਂਦਨੀ ਚੌਕ, ਦਿੱਲੀ

ਛਾਪਕ : ਗੁਰਬਖਸ਼ ਸਿੰਘ ਜੰਜੂਆ
ਅਵਾਮੀ ਪ੍ਰਿੰਟਿੰਗ ਪ੍ਰੈਸ,
ਨਹਿਰੂ ਗਾਰਡਨ ਰੋਡ, ਜਲੰਧਰ

ਮੁੱਲ : 20 ਰੁਪਏ

Digitized by Panjab Digital Library | www.panjabdigilib.org

# ਆਰੰਭਕ ਗੱਲ

ਮੇਰੇ ਮਨ ਵਿਚ ਚਿਰਾਂ ਤੋਂ ਇਹ ਖਿਆਲ ਉਗਮ ਰਿਹਾ ਸੀ ਕਿ ਗੁਰਦੁਆਰਿਆਂ ਦੀ ਆਜ਼ਾਦੀ ਲਈ ਲੜੇ ਗਏ ਮੋਰਚਿਆਂ ਦੇ ਇਤਿਹਾਸ ਨਾਲ ਅਜੇ ਤਕ ਇਨਸਾਫ ਨਹੀਂ ਕੀਤਾ ਗਿਆ। ਮੈਂ, ਸ਼ਾਇਦ ਇਸ ਨਾਲ ਕੁਛ ਇਨਸਾਫ ਕਰ ਸਕਾਂ। ਪਰ ਰਾਜਨੀਤੀ ਤੋਂ ਇਸ ਕੰਮ ਲਈ ਵਿਹਲ ਕਿਥੇ ਮਿਲਦਾ ਏ ? ਵਕਤ ਲੰਘਦਾ ਗਿਆ ਪਰ ਅਕਾਲੀ ਇਤਿਹਾਸ ਲਿਖਣ ਦੇ ਇਰਾਦੇ ਨੇ ਮੇਰਾ ਪੱਲਾ ਨਾ ਛਡਿਆ। ਆਖਰ 1967 ਦੇ ਅਖੀਰੀ ਮਹੀਨਿਆਂ ਵਿਚ ਮੈਂ ਆਪਣੇ ਸਾਥੀਆਂ ਤੋਂ ਇਸ ਕੰਮ ਲਈ ਛੁੱਟੀ ਲੈ ਲਈ ਅਤੇ ਸਾਥੀ ਰਾਜੇਸ਼ਵਰ ਰਾਓ ਨੇ ਮੈਨੂੰ ਮੇਰਾ ਆਪਣਾ ਜੀਵਨ ਲਿਖਣ ਲਈ ਦਿੱਲੀ ਸਦ ਲਿਆ।

ਮੈਂ ਸਾਥੀ ਰਾਓ ਨੂੰ ਆਖਿਆ ਕਿ ਮੈਨੂੰ ਆਪਣੇ ਜੀਵਨ ਲਿਖਣ ਤੋਂ ਪਹਿਲੋਂ ਅਕਾਲੀ ਤਹਿਰੀਕ ਦਾ ਇਤਿਹਾਸ ਲਿਖ ਲੈਣ ਦੀ ਆਗਿਆ ਦਿਓ। ਉਹਨਾ ਬੜੀ ਖੁਸ਼ੀ ਨਾਲ ਮੈਨੂੰ ਆਗਿਆ ਦੇ ਦਿਤੀ। ਅਤੇ ਮੈਂ ਇਹ ਇਤਿਹਾਸ ਲਿਖਣਾ ਸ਼ੁਰੂ ਕੀਤਾ। ਮੈਂ ਸੋਚਿਆ ਸੀ ਕਿ ਮੈਂ ਇਸ ਨੂੰ ਇਕ ਸਾਲ ਦੇ ਅੰਦਰ ਅੰਦਰ ਮੁਕਾ ਲਵਾਂਗਾ, ਪਰ ਵਕਤ ਇਹ ਲਗ ਭਗ ਤਿਗੁਣਾ ਲੈ ਗਿਆ।

ਮੈਂ ਇਸ ਤਹਿਰੀਕ ਵਿਚ ਹਿੱਸਾ ਲਿਆ ਸੀ ਅਤੇ ਉਸ ਵੇਲੇ ਦੀ ਚੜ੍ਹਦੀ ਕਲਾ ਦੀ ਸਪਿਰਿਟ ਤੋਂ ਜਾਣੂ ਸਾਂ। ਉਸ ਜੋਸ਼ ਤੇ ਉਤਸਾਹ ਦੇ ਵਾਤਾਵਰਨ ਨੂੰ ਚਿੱਤਰਿਤ ਕਰਨ ਵਿਚ ਮੈਂ ਕਿੰਨਾ ਕੁ ਸਫਲ ਹੋ ਸਕਿਆ ਹਾਂ ਮੈਂ ਨਹੀਂ ਦੱਸ ਸਕਦਾ, ਜਾਣਕਾਰ ਜਾਂ ਆਲੋਚਕ ਹੀ ਦਸ ਸਕਦੇ ਹਨ। ਮੈਂ ਆਪਣੇ ਵਲੋਂ ਪੂਰਾ ਯਤਨ ਕੀਤਾ ਹੈ ਕਿ ਅੰਦਰ-ਮੁਖੀ ਨਾ ਹੋਵਾਂ, ਬਾਹਰ-ਮੁਖੀ ਰਹਿਕੇ, ਸਾਮਗਰੀ ਨੂੰ ਘੋਖ ਕੇ, ਨਤੀਜੇ ਕਢਾਂ।

ਮੈਂ ਆਪਣੇ ਵਲੋਂ ਪੂਰੀ ਵਾਹ ਲਾ ਕੇ ਜਿੰਨੀ ਵੀ ਮੁੱਢਲੀ ਸਾਮਗਰੀ ਲੱਭ ਸਕਦੀ ਸੀ ਲੱਭੀ—ਜਿੰਨਾ ਕੁਛ ਵੀ ਅਕਾਲੀ ਇਤਿਹਾਸ ਉਤੇ ਲਿਖਿਆ ਗਿਆ ਸੀ, ਇਕੱਠਾ ਕਰਨ ਦਾ ਯਤਨ ਕੀਤਾ। ਅਤੇ ਇਸ ਸਬੰਧੀ 1919 ਤੋਂ ਲੈ ਕੇ 1927 ਤਕ ਬਰਿਟਿਸ਼ ਹਾਕਮਾਂ ਦੀਆਂ ਸਾਰੀਆਂ ਖੁਫੀਆਂ ਕਾਰਵਾਈਆਂ, ਫਾਈਲਾਂ ਅਤੇ ਮਿਸਲਾਂ ਦਾ ਅਧਿਅਨ ਕੀਤਾ। ਇਹ "ਖੁਫੀਆ" 'ਬਹੁਤ ਖੁਫੀਆ', 'ਅਤਿਅੰਤ ਗੁਪਤ' ਵਗੈਰਾ ਮਿਸਲਾਂ, ਵਧ ਜਾਂ ਘਟ, ਅੱਠ ਹਜ਼ਾਰ ਸਫੇ ਹੋਣਗੀਆਂ। ਇਹਨਾਂ ਤੋਂ ਛੁਟ ਗੌਰਮਿੰਟ ਕਮਿਸ਼ਨਾਂ ਦੀਆਂ ਰਿਪੋਰਟਾਂ ਦੇ ਹਜ਼ਾਰਾਂ ਸਫੇ ਫੋਲੇ, ਸੰਬੰਧਤ ਚੋਣਵੀਂ ਪੁਸਤਕਾਵਲੀ ਦੀ ਲਿਸਟ ਤੋਂ ਇਸ ਅਧਿਅਨ ਦਾ ਕੁਛ ਅਨੁਮਾਨ ਲਾਇਆ ਜਾ ਸਕਦਾ ਹੈ।

ਉਸ ਸਮੇਂ ਆਮ ਸਿੱਖਾਂ ਨੂੰ, ਸੁਆਰਥੀ ਲੋਕਾਂ ਨੇ, ਵਹਿਮਾਂ ਭਰਮਾਂ ਵਿਚ ਫਸਾਇਆ ਹੋਇਆ ਸੀ। ਪੰਜ ਜਾਂ ਛੇ ਫੀ ਸਦੀ ਪੜੇ ਲਿਖੇ ਸਨ। ਅਨਪੜ੍ਹਤਾ ਪਰਧਾਨ ਸੀ। ਚੀਫ ਖਾਲਸਾ ਦੀਵਾਨ ਦੇ ਕੰਮ ਦਾ ਦਾਇਰਾ ਸੀਮਿਤ ਸੀ। ਸਿਖ ਧਰਮ ਵਿਚ ਦੁਸ਼ਮਣਾਂ ਨੇ ਖੋਟ ਮਿਲਾ ਕੇ ਇਸ ਦੀ ਸ਼ਕਲ ਵਿਗਾੜ ਦਿਤੀ ਸੀ। ਜਪੁਜੀ ਸਾਹਿਬ ਦੀ ਹਰ ਪੌੜੀ ਜੰਤਰ ਮੰਤਰ ਬਣ ਚੁਕੀ ਸੀ—ਫਲਾਣੀ ਪੌੜੀ ਫਲਾਣੇ ਥਾਂ ਬੈਠ ਕੇ ਏਨੀ ਵਾਰ ਪੜ੍ਹੋ ਤਾਂ ਫਲਾਣੀ ਮੁਰਾਦ ਪੂਰੀ ਹੋ ਜਾਏਗੀ—

Digitized by Panjab Digital Library | www.panjabdigilib.org

ਦੁਸ਼ਮਣ ਵੱਸ ਹੋ ਜਾਏਗਾ ਅਤੇ ਪਤਾ ਨਹੀਂ ਹੋਰ ਕੀ ਕੀ ਵੱਸ ਕਰਨ ਦੇ ਤਰੀਕੇ ਦਿਤੇ ਸਨ। ਅਧੋਗਤੀ ਦਾ ਹਾਲ ਇਹ ਸੀ ਕਿ ਗੁਰਦੁਆਰਾ ਰਵਾਲਸਰ ਵਿਚ "ਕਲਗੀਧਰ ਦਾ ਜ਼ਹੂਰ" ਨਾਮ ਦੀ ਪੁਸਤਕ ਮੁਫਤ ਛਾਪ ਛਾਪ ਵੰਡੀ ਜਾ ਰਹੀ ਸੀ। ਅੱਜ ਦੀ ਪੀੜ੍ਹੀ ਦੇ ਲੋਕ ਇਹਨਾਂ ਤੱਥਾਂ ਤੋਂ ਉਕੇ ਅਭਿੱਜ ਹਨ।

ਇਹ ਪੁਸਤਕ ਸ਼ਾਨਦਾਰ ਅਕਾਲੀ ਮੋਰਚਿਆਂ ਦਾ ਇਤਿਹਾਸ ਅੰਕਿਤ ਕਰਨ ਦਾ ਯਤਨ ਹੈ। ਇਹ ਮੋਰਚੇ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਲਈ 1919 ਤੋਂ ਲੈ ਕੇ 1926 ਤਕ ਲੜੇ ਗਏ। ਆਵਾਜ਼ ਪਹਿਲੀ ਜ਼ਗਤ ਜੰਗ ਤੋਂ ਵੀ ਪਹਿਲੋਂ ਤੋਂ ਉਠਾਈ ਜਾ ਰਹੀ ਸੀ। ਲੜਾਈ ਅਸਲ ਵਿਚ ਬਦਕਾਰ, ਵਿਸ਼ੱਈ ਅਤੇ ਦੁਰਾਚਾਰੀ ਮਹੰਤਾਂ ਦੇ ਖਿਲਾਫ ਸੀ। ਪਰ ਇਹ ਮਹੰਤ ਅੰਗਰੇਜ਼ ਰਾਜ ਦੇ ਪਿੱਠੂ ਤੇ ਹੱਥ ਠੋਕੇ ਸਨ ਅਤੇ ਧਰਮ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਵਰਤੀਣ ਵਿਚ ਸਹਾਈ ਹੁੰਦੇ ਸਨ, ਇਸ ਲਈ ਅੰਗਰੇਜ਼ ਹਾਕਮ ਮਹੰਤਾਂ ਦੀ ਪਿੱਠ ਤੇ ਖਲੋ ਗਏ ਅਤੇ ਕਾਨੂੰਨ ਤੇ ਜਾਇਦਾਦ ਦੀ ਰਖਿਆ ਦਾ ਢੁਚਰ ਸਾਹਮਣੇ ਰੱਖ ਕੇ ਅਕਾਲੀ ਤਹਿਰੀਕ ਨੂੰ ਕੁਚਲਣ ਲੱਗ ਪਏ—ਸੁਭਾਵਿਕ ਸੀ ਕਿ ਮੋਰਚਿਆਂ ਦਾ ਮੂੰਹ ਅੰਗਰੇਜ਼ ਸਾਮਰਾਜ ਵਿਰੁਧ ਹੋ ਜਾਂਦਾ।

ਅਕਾਲੀ ਤਹਿਰੀਕ ਉਸ ਵੇਲੇ ਦੀ ਇਨਕਲਾਬੀ ਤਹਿਰੀਕ ਦਾ ਅੰਗ ਸੀ। ਇਸ ਨੇ ਅੰਗਰੇਜ਼ ਸਾਮਰਾਜ ਦੇ ਖਿਲਾਫ ਕਈ ਮੋਰਚੇ ਲੜ ਕੇ ਬੜੀਆਂ ਸ਼ਾਨਦਾਰ ਜਿੱਤਾਂ ਪਰਾਪਤ ਕੀਤੀਆਂ। ਇਸ ਤਹਿਰੀਕ ਨੂੰ ਕੁਚਲਣ ਦੇ ਅੰਗਰੇਜ਼ ਹਾਕਮਾਂ ਦੇ ਸਭ ਯਤਨ ਅਸਫਲ ਹੁੰਦੇ ਰਹੇ। ਇਸ ਦੀ ਕਾਮਯਾਬੀ ਦਾ ਰਾਜ਼ ਸਿਰੜ, ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਾ ਹੱਟਣ, ਗੋਲੀਆਂ ਅੱਗੇ ਨੰਗੀਆਂ ਹਿੱਕਾਂ ਡਾਹੁਣ ਵਿਚ ਸੀ। ਏਕਾ ਤੇ ਜਥੇਬੰਦੀ ਇਸ ਦੀ ਬੁਨਿਆਦ ਸੀ ਅਤੇ ਸ਼ਾਂਤਮਈ ਸਤਿਆਗਰਹਿ ਇਸ ਦਾ ਹਥਿਆਰ। ਜਿੰਨੀਆਂ ਸ਼ਹੀਦੀਆਂ ਇਸ ਲਹਿਰ ਵਿਚ ਹੋਈਆਂ, ਜਲ੍ਹਿਆਂ ਵਾਲੇ ਬਾਗ ਵਿਚਵੀ ਨਹੀਂ ਸਨ ਹੋਈਆਂ। ਕੌਮੀ ਆਜ਼ਾਦੀ ਦੀ ਲੜਾਈ ਦੇ ਸ਼ਾਇਦ ਸਾਰੇ ਅਰਸੇ ਵਿਚ ਨਹੀਂ ਹੋਈਆਂ ਹੋਣੀਆਂ।

ਲਹਿਰ ਭਾਂਵੇ ਧਾਰਮਕ ਸੀ ਪਰ ਇਸ ਨੂੰ ਸੂਝਵਾਨ ਹਿੰਦੂਆਂ, ਮੁਸਲਮਾਨਾਂ ਤੇ ਢੇਰ ਸਾਰੇ ਦੇਸੀ ਈਸਾਈਆਂ ਦੀ ਪੂਰੀ ਹਮਾਇਤ ਹਾਸਲ ਸੀ। ਜਿਉਂ ਜਿਉਂ ਇਸ ਤਹਿਰੀਕ ਦੀ ਖਸਲਤ ਸਾਮਰਾਜ-ਵਿਰੋਧੀ ਹੁੰਦੀ ਗਈ ਤਿਉਂ ਤਿਉਂ ਹੋਰ ਜਾਤੀਆਂ ਦੀ ਹਮਾਇਤ ਇਸ ਨੂੰ ਵਧੇਰੇ ਤੇ ਹੋਰ ਵਧੇਰੇ ਮਿਲਦੀ ਗਈ। ਇਸ ਤਹਿਰੀਕ ਨਾਲੋਂ ਹਿੰਦੂਆਂ ਮੁਸਲਮਾਨਾਂ ਨੂੰ ਅੱਡ ਕਰਨ ਦੇ ਹਾਕਮਾਂ ਦੇ ਸਭ ਯਤਨ ਨਾਕਾਮ ਹੁੰਦੇ ਰਹੇ। ਇਸ ਦੀ ਸਫਲਤਾ ਵਿਚ ਹਿੰਦੂਆਂ ਤੇ ਮੁਸਲਮਾਨਾ ਦੇ ਹਿੱਸੇ ਨੂੰ ਘਟਾਕੇ ਪਰਖਣਾ ਗਲਤ ਹੋਵੇਗਾ।

ਨਵੀਆਂ ਪੀੜ੍ਹੀਆਂ ਦੀ ਸਾਡੀ ਸੰਤਾਨ ਨੂੰ ਪੰਜਾਬ ਦੇ ਇਤਿਹਾਸ ਦੇ ਇਸ ਸ਼ਾਨਦਾਰ ਕਾਂਡ ਦਾ ਕੁਝ ਪਤਾ ਨਹੀਂ। ਇਹਨਾਂ ਮੋਰਚਿਆਂ ਨੂੰ ਲੜਿਆਂ ਲਗ ਭਗ 45-46 ਸਾਲ ਹੋ ਗਏ ਹਨ। ਇਹਨਾਂ ਮੋਰਚਿਆਂ ਨੇ ਸਿੱਖਾਂ ਦੀ ਕਾਇਆ ਬਦਲ ਦਿਤੀ। ਮੋਰਚਿਆਂ ਦੇ ਅੰਤ ਤੇ ਸਿੱਖ ਉਹ ਕੁਝ ਨਹੀਂ ਸਨ ਰਹੇ ਜੋ ਕੁਝ ਉਹ ਅਕਾਲੀ ਤਹਿਰੀਕ ਦੇ ਸ਼ੁਰੂ ਹੋਣ ਵੇਲੇ ਸਨ। ਅਕਾਲੀ ਮੋਰਚਿਆਂ ਨੇ ਉਹਨਾ ਦਾ ਕਾਇਆ ਕਲਪ ਕਰ ਦਿਤਾ ਸੀ। ਵਫ਼ਾਦਾਰੀ ਦੀ ਛੱਟ ਲਾਹਕੇ ਉਹ ਦੇਸ਼ ਭਗਤਾਂ ਦੀ ਕਤਾਰ ਵਿਚ ਖਲੋ ਗਏ ਸਨ।

ਇਸ ਪੁਸਤਕ ਵਿਚ ਮੈਂ ਨਾ ਤਾਂ ਸੰਟਰਲ ਸਿੱਖ ਲੀਗ ਦਾ ਇਤਿਹਾਸ ਸ਼ਾਮਲ ਕੀਤਾ ਹੈ ਅਤੇ ਨਾ ਹੀ ਬਬਰ ਅਕਾਲੀ ਤਹਿਰੀਕ ਦਾ। ਸੰਟਰਲ ਸਿੱਖ ਲੀਗ, ਇਤਿਹਾਸਨ, ਅਕਾਲੀ



Digitized by Panjab Digital Library | www.panjabdigilib.org

ਤਹਿਰੀਕ ਤੋਂ ਪਹਿਲੇ ਵਜੂਦ ਵਿਚ ਆਈ ਸੀ ਅਤੇ ਇਸ ਦੇ ਫੈਸਲਿਆਂ ਨੇ, ਚੋਖੀ ਹਦ ਤਕ, ਅਕਾਲੀ ਤਹਿਰੀਕ ਨੂੰ ਪਰਭਾਵਤ ਕੀਤਾ ਸੀ। ਜਿਹੜੇ ਆਗੂ ਲੀਗ ਦੇ ਸਨ ਓਹੋ ਹੀ, ਧਾਰਮਕ ਆਗੂਆਂ ਨਾਲ ਮਿਲਕੇ, ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਿਚ ਕੰਮ ਕਰਦੇ ਸਨ। ਇਸ ਦੇ ਇਤਿਹਾਸ ਨਾਲ ਨਿਆਂ ਤਦੇ ਹੋ ਸਕਦਾ ਹੈ ਜੇ ਢਾਈ ਤਿੰਨ ਸੌ ਸਫੇ ਦੀ ਵਖਰੀ ਪੁਸਤਕ ਲਿਖੀ ਜਾਵੇ। ਇਸ ਲਈ ਮੈਂ ਲੀਗ ਦਾ ਇਤਿਹਾਸ ਨੱਥੀ ਕਰਨ ਦਾ ਯਤਨ ਨਹੀਂ ਕੀਤਾ।

ਬੱਬਰ ਅਕਾਲੀ ਤਹਿਰੀਕ ਗੁਰੂ ਕੇ ਬਾਗ ਦੇ ਮੋਰਚੇ ਦੇ ਦੌਰਾਨ ਉਭਰੀ ਤੇ ਸੁਰਜੀਤ ਹੋਈ ਸੀ। ਇਸ ਦਾ ਗਦਰ ਤਹਿਰੀਕ ਵਾਲਾ ਹੀ ਪਰੋਗਰਾਮ ਸੀ। ਇਹ ਤਹਿਰੀਕ ਗੌਰਮਿੰਟ ਦੇ ਤਸ਼ੱਦਦ ਦਾ ਮੁਕਾਬਲਾ ਤਸ਼ੱਦਦ ਨਾਲ ਕਰਨ ਦੀ ਹਾਮੀ ਸੀ। ਇਸ ਨੇ 'ਝੋਲੀ ਚੁਕਾਂ' ਦੇ ਛਿੱਕੇ ਛੁੜਾ ਦਿਤੇ ਸਨ। ਇਹ ਬਬਰ ਬੀਰ ਸਿਰਾਂ ਤੇ ਖੱਫਣ ਬੰਨ੍ਹੀ ਫਿਰਦੇ ਸਨ ਅਤੇ ਬਰਿਟਿਸ਼ ਰਾਜ ਦੇ ਜਾਨੀ ਦੁਸ਼ਮਣ ਸਨ। ਇਸ ਲਹਿਰ ਦੀਆਂ ਕੁਰਬਾਨੀਆਂ ਚਿੱਤਰਨ ਲਈ ਵੀ ਤਿੰਨ ਕੁ ਸੌ ਸਫੇ ਚਾਹੀਦੇ ਹਨ। ਇਸ ਤਹਿਰੀਕ ਦਾ ਇਸ ਪੁਸਤਕ ਵਿਚ ਐਵੇਂ ਨਾਮ-ਮਾਤਰ ਹੀ ਕਿਤੇ ਜ਼ਿਕਰ ਆਇਆ ਹੈ।

ਪੁਸਤਕ ਵਿਚ ਬਰਿਟਿਸ਼ ਸਾਮਰਾਜ ਦਾ ਰੋਲ ਮੈਂ ਬੜਾ ਉਭਾਰ ਕੇ ਪੇਸ਼ ਕੀਤਾ ਹੈ। ਅਤੇ ਅੰਗਰੇਜ਼ ਹਾਕਮਾਂ ਦੀਆਂ ਕੁਟਲ ਨੀਤੀਆਂ, ਚਾਲਾਂ ਕੁਚਾਲਾਂ, ਫੁੱਟ ਪਾਣ ਦੀਆਂ ਕਰਤੂਤਾਂ ਅਤੇ ਆਪਣੇ ਹਮਾਇਤੀਆਂ ਤੇ ਅੱਧ-ਹਮਾਇਤੀਆਂ ਨੂੰ ਉਤੇ ਲਿਆਉਣ ਦੀਆਂ ਸਾਜ਼ਸ਼ਾਂ ਨੂੰ ਚੰਗੀ ਤਰ੍ਹਾਂ ਨੰਗਾ ਤੇ ਨਸ਼ਰ ਕੀਤਾ ਹੈ। ਮੇਰੀ ਪੱਕੀ ਰਾਇ ਹੈ ਕਿ ਬਰਿਟਿਸ਼ ਸਾਮਰਾਜ ਦੇ ਦੌਰ ਦਾ ਕੋਈ ਵੀ ਇਤਿਹਾਸ ਜਿਹੜਾ ਸਾਮਰਾਜੀ ਸਾਜ਼ਸ਼ਾਂ ਤੇ ਕੁਟਲ-ਨੀਤੀਆਂ ਨੂੰ ਚੰਗੀ ਤਰ੍ਹਾਂ ਨੰਗਾ ਤੇ ਨਸ਼ਰ ਨਹੀਂ ਕਰਦਾ ਉਹ ਸੱਚਾ ਇਤਿਹਾਸ ਨਹੀਂ ਹੋ ਸਕਦਾ। ਉਹ ਅੰਗਰੇਜ਼ ਰਾਜ ਦੇ ਜ਼ੁਲਮਾਂ, ਉਪੱਦਰਾਂ ਤੇ ਹਿਟਲਰੀ ਤਾਨਾਸ਼ਾਹੀ ਉਤੇ ਪੋਚਾ ਫੇਰਦਾ ਹੈ। ਅਤੇ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਦੇ ਤੇਈਆਂ ਸਾਲਾਂ ਪਿਛੋਂ ਵੀ ਇਤਿਹਾਸ ਦੀ ਪੜ੍ਹਾਈ ਦੀ ਹਾਲਤ ਓਹੋ ਕੁਝ ਹੈ ਜਿਹੜੀ ਲਗਭਗ ਅੰਗਰੇਜ਼ ਰਾਜ ਵੇਲੇ ਸੀ ਅਤੇ ਨਾ ਹੀ ਅਕਾਲੀ ਲਹਿਰ ਦੇ ਇਤਿਹਾਸ ਨਾਲ ਓਨਾ ਚਿਰ ਇਨਸਾਫ ਹੁੰਦਾ ਹੈ ਜਿੰਨਾ ਚਿਰ ਚੀਫ ਖਾਲਸਾ ਦੀਵਾਨ ਦੇ ਇਸ ਲਹਿਰ ਵਿਚ ਰੋਲ ਨੂੰ ਅਤੇ ਅਕਾਲੀ ਪੱਤਰਕਾਰੀ ਦੇ ਨਿਧੜਕ, ਸਾਮਰਾਜ-ਵਿਰੋਧੀ ਅਤੇ ਆਜ਼ਾਦੀ-ਪਿਆਰੂ ਕਿਰਦਾਰ ਨੂੰ ਪੂਰੀ ਤਰ੍ਹਾਂ ਨਾ ਸਮਝਿਆ ਜਾਵੇ। ਅਕਾਲੀ ਲਹਿਰ ਸਬੰਧੀ ਲੇਖਾਂ ਵਿਚ ਸਾਡੇ ਅੱਜਵੇਂ ਵਿਦਵਾਨ ਦੀਵਾਨ ਦੀ ਅਕਾਲੀ ਸੰਗਰਾਮਾਂ ਦੀ ਵਿਰੋਧਤਾ ਉਤੇ ਪੜਦਾ ਪਾ ਕੇ ਇਤਿਹਾਸ ਨੂੰ ਮਰੋੜਦੇ ਹਨ ਅਤੇ ਅਕਾਲੀ ਅਖਬਾਰਾਂ ਦੀ ਸਾਮਰਾਜ-ਵਿਰੋਧੀ ਘਾਲਣਾਵਾਂ ਦੀ ਮਹੱਤਤਾ ਤੋਂ ਅੱਖਾਂ ਮੀਟ ਕੇ ਅਗਾਂਹ ਤੁਰ ਜਾਂਦੇ ਹਨ। ਇਹਨਾਂ ਦੋਹਾਂ ਤੱਥਾਂ ਨੂੰ ਪੁਸਤਕ ਵਿਚ ਚੰਗੀ ਤਰ੍ਹਾਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਸਾਡੇ ਢੇਰ ਸਾਰੇ ਅੰਗਰੇਜ਼ ਰਾਜ ਵੇਲੇ ਦੇ ਪ੍ਰੋਫੈਸਰ ਤੇ ਡਾਕਟਰ ਅਜੇ ਤਕ ਲਗ ਭਗ ਉਹਨਾਂ ਲੀਹਾਂ ਤੇ ਹੀ ਇਤਿਹਾਸ ਲਿਖ ਤੇ ਪੜ੍ਹ ਰਹੇ ਹਨ ਜਿਨ੍ਹਾਂ ਤੇ ਉਹ ਅੰਗਰੇਜ਼ ਰਾਜ ਵੇਲੇ ਲਿਖਾਂਦੇ ਤੇ ਪੜ੍ਹਾਂਦੇ ਸਨ। ਉਹਨਾ ਦੀਆਂ ਜ਼ਬਾਨਾਂ ਤੇ ਪੁਸਤਕਾਂ ਵਿਚੋਂ ਨਾ ਤਾਂ ਸਾਮਰਾਜ-ਵਿਰੁਧ ਗੁੱਸਾ ਹੀ ਉਭਰਦਾ ਹੈ ਅਤੇ ਨਾ ਹੀ ਨਫਰਤ। ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹਨਾ ਦੇ ਅੰਦਰ ਆਜ਼ਾਦੀ ਦਾ ਜਜ਼ਬਾ ਘੂਕ ਸੁੱਤਾ ਪਿਆ ਹੈ, ਜਾਗਣ ਦਾ ਨਾਮ ਹੀ ਨਹੀਂ ਲੈਂਦਾ।

ਮੈਂ ਇਸ ਵਿਸ਼ੇ ਤੇ ਹੀ ਨੈਸ਼ਨਲ ਆਰਕਾਈਵਜ਼ ਦਿਲੀ ਵਿਚ ਇਤਿਹਾਸ ਵਿਭਾਗ ਦੇ ਇਕ ਇਨਚਾਰਜ ਨਾਲ ਗੱਲ ਕਰ ਰਿਹਾ ਸਾਂ। ਉਹ ਕਹਿਣ ਲਗੇ ਕਿ ਅੰਗਰੇਜ਼ ਤੇ ਅਮਰੀਕੀ



Digitized by Panjab Digital Library | www.panjabdigilib.org

ਲੱਖਾਂ ਰੁਪਏ ਖਰਚ ਕੇ ਸਾਡੇ ਆਜ਼ਾਦੀ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਲਿਖਵਾ ਰਹੇ ਹਨ ਅਤੇ ਕੁਝ ਇਕ ਪੁਰਾਣੇ ਪ੍ਰੋਫੈਸਰ ਰੁਪਇਆ ਲੈ ਕੇ ਉਹਨਾ ਦੇ ਇਸ ਨਾਪਾਕ ਕੰਮ ਵਿਚ ਸਹਾਈ ਹੋ ਰਹੇ ਹਨ ਅਤੇ ਉਹਨਾ ਦੀ ਮਰਜ਼ੀ ਮੁਤਾਬਕ ਹਿੰਦੁਸਤਾਨ ਦੇ ਇਤਿਹਾਸ ਉਤੇ ਪੁਸਤਕਾਂ ਲਿਖ ਰਹੇ ਹਨ।

ਅਮਰੀਕਾ ਇਸ ਕੰਮ ਵਿਚ ਵਧ ਚੜ੍ਹਕੇ ਹਿੱਸਾ ਲੈ ਰਿਹਾ ਹੈ ਅਤੇ ਸਾਡੇ ਇਤਿਹਾਸ ਨੂੰ ਸਾਮਰਾਜੀ ਨਜ਼ਰੀਏ ਨਾਲ ਲਿਖਣ ਉਤੇ ਲੱਖਾਂ ਰੁਪਏ ਖਰਚ ਕਰ ਰਿਹਾ ਹੈ। ਕੋਈ ਵੀ ਇਤਿਹਾਸ-ਖੋਜੀ ਜਿਹੜਾ ਦਿੱਲੀ ਦੇ ਮਿਸਲ ਘਰ ਵਿਚ ਕੰਮ ਕਰਦਾ ਹੈ ਇਹ ਗੱਲ ਜਾਣਦਾ ਹੈ। ਅਮਰੀਕੀ ਪ੍ਰੋਫੈਸਰ ਮਿਸਟਰ ਬੈਰੀਅਰ ਅੰਗਰੇਜ਼ ਹਾਕਮਾਂ ਦਾ 'ਮਾਂ-ਬਾਪ ਸਰਕਾਰ' ਦਾ ਸਿਧਾਂਤ ਮੁੜ ਸੁਰਜੀਤ ਕਰਨ ਦਾ ਯਤਨ ਕਰ ਰਿਹਾ ਹੈ। ਅਤੇ ਸਿੱਖ ਇਤਿਹਾਸ ਵਿਚ ਤਾਂ ਬਹੁਤ ਜ਼ਿਆਦਾ ਖੋਟ ਮਿਲਾਇਆ ਜਾ ਚੁਕਾ ਹੈ ਜਿਸ ਨੂੰ ਖੋਜ ਕਰਕੇ ਮੁੜ ਲਿਖਣ ਦੀ ਕਾਫੀ ਲੋੜ ਹੈ।

ਅਤੇ ਅੱਜਵੇਂ ਸੁਖਾਂਵੇ ਹਾਲਾਤ ਵਿਚ, ਆਜ਼ਾਦੀ ਦੀਆਂ ਸਾਫ ਐਨਕਾਂ ਲਾਕੇ, ਪੰਜਾਬ ਦੇ ਇਤਿਹਾਸ ਦਾ ਨਵੇਂ ਸਿਰਿਉਂ ਲਿਖਣਾ ਕੋਈ ਮੁਸ਼ਕਲ ਨਹੀਂ। ਪੰਜਾਬ ਪਾਸ ਧਨ ਹੈ, ਵਿਦਵਾਨ ਹਨ ਅਤੇ ਯੂਨੀਵਰਸਿਟੀਆਂ ਹਨ। ਇਸ ਖੋਜ ਦਾ ਕੰਮ ਹਥ ਲੈਣਾ ਵਕਤ ਦੀ ਮੰਗ ਹੈ।

ਮੈਂ ਆਪਣਾ ਫਰਜ਼ ਪੂਰਾ ਨਹੀਂ ਕਰ ਰਿਹਾ ਹੋਵਾਂਗਾ ਜੇ ਮੈਂ ਸਾਥੀ ਰਾਜੇਸ਼ਵਰ ਰਾਉ ਅਤੇ ਡਾਕਟਰ ਗੰਗਾ ਧਰ ਅਧਿਕਾਰੀ ਦਾ ਧਨਵਾਦ ਕਰਨੋਂ ਭੁਲ ਜਾਵਾਂ। ਸਾਥੀ ਰਾਉ ਨੇ ਦਿੱਲੀ ਬੁਲਾਕੇ ਅਤੇ ਮੈਨੂੰ ਇਹ ਇਤਿਹਾਸ ਲਿਖਣ ਦੀ ਆਗਿਆ ਦੇ ਕੇ ਪੰਜਾਬੀ ਬੋਲੀ ਤੇ ਪੰਜਾਬੀਆਂ ਨਾਲ ਆਪਣੇ ਵਿਸ਼ਾਲ ਪਿਆਰ ਦਾ ਸਬੂਤ ਦਿੱਤਾ ਹੈ। ਡਾਕਟਰ ਅਧਿਕਾਰੀ ਨੇ ਇਸ ਦੇ ਲਿਖਣ ਵਿਚ, ਵਿਚਾਰ-ਵਟਾਂਦਰੇ ਵੇਲੇ, ਬੜੇ ਚੰਗੇ ਚੰਗੇ ਸੁਝਾਅ ਦਿੱਤੇ ਹਨ। ਕੌਮੀ ਮਿਸਲ ਘਰ ਦੇ ਸਜਣਾਂ ਨੇ ਵੀ ਹਰ ਵੇਲੇ ਮਦਦ ਕੀਤੀ ਹੈ। ਸ. ਪ੍ਰੀਤਮ ਸਿੰਘ ਜੀ ਕਵੀ ਸ. ਗੁਰਬਚਨ ਸਿੰਘ ਭੁਲਰ ਤੇ ਸ. ਪ੍ਰੇਮ ਸਿੰਘ ਦਿੱਲੀ ਅਤੇ ਬੀਬੀ ਅੰਮ੍ਰਿਤ ਜੀਰਵੀ ਨੇ ਪਰੂਫ ਪੜ੍ਹਨ ਵਿਚ ਸਹਾਇਤਾ ਕੀਤੀ ਹੈ। ਇਹਨਾਂ ਸਭ ਸੱਜਣਾ ਮਿੱਤਰਾਂ ਦਾ ਮੈਂ ਦਿਲੋਂ ਮਨੋਂ ਧਨਵਾਦੀ ਹਾਂ। ਇਹ ਪੁਸਤਕ ਸ਼ਾਇਦ ਕਦੇ ਛਪ ਹੀ ਨਾ ਸਕਦੀ ਜੇ ਸ. ਪ੍ਰੀਤਮ ਸਿੰਘ ਜੀ ਨਵ-ਯੁਗ ਪ੍ਰੈਸ ਦਿੱਲੀ ਵਾਲੇ ਕਰਜ਼ਾ ਦੇ ਕੇ ਛਾਪਣ ਦਾ ਪ੍ਰਬੰਧ ਨਾ ਕਰਦੇ। ਉਹਨਾਂ ਦਾ ਰਿਣੀ ਹਾਂ।

ਮੈਂ ਪਾਠਕਾਂ ਪਾਸ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਵੀ ਭੁਲਾਂ ਜਾਂ ਤਰੁਟੀਆਂ ਉਹਨਾਂ ਨੂੰ ਪੁਸਤਕ ਪੜ੍ਹਦਿਆਂ ਖਟਕਣ ਉਹ ਲਿਖਕੇ ਭੇਜਣ ਦੀ ਜ਼ਰੂਰ ਕਿਰਪਾਲਤਾ ਕਰਨ। ਏਡੇ ਮਹੱਤਵ-ਪੂਰਣ ਇਤਿਹਾਸ ਬਾਰੇ ਪੁਸਤਕ ਲਿਖਦਿਆਂ ਗਲਤੀਆਂ ਦਾ ਹੋ ਜਾਣਾ ਅਸੰਭਵ ਨਹੀਂ। ਮੈਂ ਤਾਂ ਚਾਹੁੰਦਾ ਹਾਂ ਕਿ ਇਸ ਪੁਸਤਕ ਦੀ ਬੇਲਿਹਾਜ਼, ਬੇਲਾਗ ਅਤੇ ਬੇਕਿਰਕ ਪਰ ਬਾਅਸੂਲ ਆਲੋਚਨਾ ਕੀਤੀ ਜਾਏ ਤਾਂ ਜੋ ਮੈਂ ਹੋਰ ਬਹੁਤ ਕੁਝ ਸਿੱਖ ਸਕਾਂ ਅਤੇ ਅਗਲੇ ਐਡੀਸ਼ਨ ਵਿਚ ਇਸ ਨੂੰ ਚੰਗੀ ਤਰ੍ਹਾਂ ਸੋਧ ਕੇ ਛਪਵਾਂ ਸਕਾਂ।

ਤੁਹਾਡਾ ਆਪਣਾ

ਸੋਹਨ ਸਿੰਘ ਜੋਸ਼

ਪਹਿਲੀ ਨਵੰਬਰ 1970 — 24-ਜਨਪਥ, ਨਵੀਂ ਦਿਲੀ—1



Digitized by Panjab Digital Library | www.panjabdigilib.org

# ਸੰਬੰਧਤ ਪੁਸਤਕਾਵਲੀ ਤੇ ਹੋਰ ਸਾਮਗ੍ਰੀ

## 1. ਪੰਜਾਬੀ


1. ਆਰਸੀ : ਪ੍ਰੋਫੈਸਰ ਤੇਜਾ ਸਿੰਘ।
2. ਮੇਰੀਆਂ ਕੁਛ ਇਤਿਹਾਸਕ ਯਾਦਾਂ : ਗਿਆਨੀ ਹੀਰਾ ਸਿੰਘ 'ਦਰਦ'।
3. ਅਕਾਲੀ ਮੋਰਚੇ ਤੇ ਝਬਰ : ਨਰਾਇਣ ਸਿੰਘ।
4. ਜੀਵਨ ਭਾਈ ਮੋਹਨ ਸਿਘ ਵੈਦ : ਮੁਨਸ਼ਾ ਸਿੰਘ ਦੁਖੀ।
5. ਜੀਵਨ ਯਾਤਰਾ ਮਾਸਟਰ ਤਾਰਾ ਸਿੰਘ : ਪ੍ਰੋ: ਨਿਰੰਜਨ ਸਿੰਘ।
6. ਮੇਰੀ ਯਾਦ : ਮਾਸਟਰ ਤਾਰਾ ਸਿੰਘ।
7. ਮੇਰਾ ਜੀਵਨ ਵਿਕਾਸ : ਪ੍ਰੋ: ਨਿਰੰਜਨ ਸਿੰਘ।
8. ਆਜ਼ਾਦੀ ਦੀਆਂ ਲਹਿਰਾਂ : ਗਿਆਨੀ ਨਾਹਰ ਸਿੰਘ।
9. ਮੇਰਾ ਆਪਣਾ ਆਪ : ਅਰਜਨ ਸਿੰਘ ਗੜਗੱਜ।
10. ਦੋ ਪੈਰ ਘੱਟ ਤੁਰਨਾ : ,, ,, ,,
11. ਗੁਰਦੁਆਰਾ ਸੁਧਾਰ ਅਰਥਾਤ ਅਕਾਲੀ ਲਹਿਰ : ਗਿਆਨੀ ਪਰਤਾਪ ਸਿੰਘ।
12. ਸ. ਸਰਦੂਲ ਸਿੰਘ ਕਵੀਸ਼ਰ ਦਾ ਬਿਆਨ, ਮਿ: ਹੈਰੀਸ ਦੀ ਅਦਾਲਤ ਵਿਚ।
13. ਅਕਾਲੀ ਲਹਿਰ : ਗੁਰਦੁਆਰਾ ਸੁਧਾਰ ਲਹਿਰ, ਡਾ: ਜਗਜੀਤ ਸਿੰਘ।
14. ਅਜੀਤ ਅਖਬਾਰ : ਅਵਤਾਰ ਸਿੰਘ ਆਜ਼ਾਦ ਦੇ ਲੇਖ ਜੂਨ, ਜੁਲਾਈ, ਅਗਸਤ 1969.
15. ਜਥੇਦਾਰ : ਪ੍ਰੋ: ਨਿਰੰਜਨ ਸਿੰਘ ਦੇ ਲੇਖ—ਅਗਸਤ ਸਤੰਬਰ 1967।
16. ਡਾਕਟਰ ਭਾਈ ਜੋਧ ਸਿੰਘ, ਅਭੀਨੰਦਨ ਗਰੰਥ : ਡਾ: ਗੰਡਾ ਸਿੰਘ।
17. ਜੀਵਨ ਬਿਰਤਾਂਤ ਮਾਸਟਰ ਮੋਤਾ ਸਿੰਘ : ਗਿਆਨੀ ਗੁਰਮੁਖ ਸਿੰਘ।
18. ਕਲਗੀਧਰ ਦਾ ਜ਼ਹੂਰ (ਗੁਰਦੁਆਰਾ ਰਵਾਲਸਰ)।
19. ਬਾਬਾ ਗੁਰਦਿਤ ਸਿੰਘ ਦੀ ਜੀਵਨ ਕਥਾ।


### ਜ਼ਬਤ ਹੋਇਆ ਸਾਹਿਤ


20. ਤੀਰ ਤਰੰਗ : ਵਿਧਾਤਾ ਸਿੰਘ ਤੀਰ (ਕਵਿਤਾ)।
21. ਕੈਦੀ ਬੀਰ : ਅਵਤਾਰ ਸਿੰਘ ਆਜ਼ਾਦ (ਕਵਿਤਾ)।
22. ਜ਼ੁਲਮ ਦੇ ਬਾਣ : ਹਰਨਾਮ ਸਿੰਘ ਮਸਤ ਪੰਛੀ (ਕਵਿਤਾ)।
23. ਜੈਤੋ ਵਿਚ ਖ਼ੂਨ ਦੇ ਪਰਨਾਲੇ (ਸਖਤੀ ਦਾ ਹੜ੍ਹ) : ਭਾਗ ਸਿੰਘ।
24. ਅਕਾਲੀ ਭਬਕ (ਗੁਟਕਾ ਸਾਈਜ਼) 80 ਸਫੇ (ਕਵਿਤਾ ਸੰਗਰਹਿ)।
25. ਬਿਜਲੀ ਦੀ ਕੜਕ : ਦਰਸ਼ਨ ਸਿੰਘ ਦਲਜੀਤ।
26. ਜਾਗਰਤ ਖਾਲਸਾ : ਸੂਰਜ ਸਿੰਘ ਉਪਦੇਸ਼ਕ।




Digitized by Panjab Digital Library | www.panjabdigilib.org

27. ਸ਼ਹੀਦੀ ਦੀ ਖਿੱਚ : ਗੁਰਬਖਸ਼ ਸਿੰਘ ਮਿੰਬਰ ਸ਼ਹੀਦੀ ਜੱਥਾ ਨੰ: 2.

28. ਸ਼ਹੀਦੀ ਸਾਕਾ ਜੈਤੋ : ਮਾਘ ਸਿੰਘ ।

29, ਗੋਰਾਸ਼ਾਹੀ ਦੇ ਢੋਲ ਦਾ ਪੋਲ : ਰਣਜੀਤ ਸਿੰਘ ਤਾਜਵਰ ।

30. ਸ਼ਾਂਤਮਈ ਦਾ ਗੋਲਾ : ਭਾਗ ਸਿੰਘ ਆਜ਼ਾਦ ।

31. ਦਰਦਾਂ ਦੇ ਹੰਝੂ : ਕੌਮੀ ਕਹਾਣੀ : ਪ੍ਰੀਤਮ ਸਿੰਘ ਪ੍ਰੀਤਮ ।

32; ਬਾਗੀ ਸਿੱਖ ਕਿ ਸਰਕਾਰ ? : ਰਤਨ ਸਿੰਘ ਆਜ਼ਾਦ ।

33. ਉਡਾਰੂ ਗੂੰਜ : ਗੁਰਦਿਆਲ ਸਿੰਘ ਗੜਗਜ ਉਡਾਰੂ ।

34. ਸਬਰ ਦੇ ਬਾਣ : ਗਿਆਨੀ ਗੁਰਮੁਖ ਸਿੰਘ ਮੁਸਾਫਰ ।

35. ਲਿਖਤੀ ਬਿਆਨ : ਸ. ਮੰਗਲ ਸਿੰਘ ਅਕਾਲੀ, ਐਡੀਟਰ ਅਕਾਲੀ ।

36. ਲਿਖਤੀ ਬਿਆਨ : ਸ. ਭਾਗ ਸਿੰਘ ਕੈਨੇਡੀਅਨ ।

37. ਲਿਖਤੀ ਬਿਆਨ : ਸ. ਨਿਰੰਜਨ ਸਿੰਘ ਕੰਦੋਵਾਲੀ (ਅਮਰਿਤਸਰ) ।

## 2. ਅਖਬਾਰ

**ਪੰਜਾਬੀ** : ਰੋਜ਼ਾਨਾ ਅਕਾਲੀ, ਅਕਾਲੀ ਤੇ ਪ੍ਰਦੇਸੀ । ਬਾਹਲਾ ਇਹਨਾਂ ਨੂੰ ਹੀ ਵਰਤਿਆ ਗਿਆ ਹੈ । ਖਾਲਸਾ, ਖਾਲਸਾ ਸਮਾਚਾਰ, ਪੰਥ ਸੇਵਕ, ਕਿਰਪਾਨ ਬਹਾਦਰ, ਗੜਗਜ ਅਕਾਲੀ, ਦੇਸ਼ ਸੇਵਕ ਜਲੰਧਰ, ਕੌਮੀ ਦਰਦ ਵਗੈਰਾ ।

**ਉਰਦੂ** : ਰੋਜ਼ਾਨਾ ਅਕਾਲੀ । ਬੰਦੇ ਮਾਤ੍ਰਮ, ਪਰਤਾਪ, ਮਿਲਾਪ, ਜ਼ਿਮੀਂਦਾਰ, ਸਿਆਸਤ, ਕੇਸਰੀ ਵਗੈਰਾ, ਹਫਤਾਵਾਰ, ਖਾਲਸਾ ਸੇਵਕ, ਨੌਜਵਾਨ ਮਜ਼ਦੂਰ, ਲਾਇਲ ਗੱਜ਼ਟ, ਵਗੈਰਾ ।

**ਅੰਗਰੇਜ਼ੀ** : ਟ੍ਰੀਬਿਊਨ, ਨੇਸ਼ਨ, ਇੰਡੀਪੈਨਡੰਟ (ਅਲਾਹਬਾਦ) ਦੀ ਸਿਖ ਲਾਹੌਰ, ਮਰਾਠਾ, ਪੂਨਾ ਵਗੈਰਾ ।



Digitized by Panjab Digital Library | www.panjabdigilib.org

# ENGLISH

1. The story of Gen. Dyer by Ian Colvin
2. Baba Kharak Singh's Abhinandangranth
3. Sardul Singh Kaveeshar's Sikh Studies
4. Maharaja : Diwan Garmani Dass
5. The Gurdwara Reform movement and the Sikh awakening
   Prof. Teja Singh 1922
6. Struggle for Reform in Sikh Shrines
   Prof. Ruchi Ram Sahni
7. Some confidential papers : Ganda Singh
8 History of the Sikhs—Vol. 2 1839-1964
   —Khushwant Singh
9. Transformation of Sikhism Dr. Gokal Chand Narang
10. Report of the Guru Ka Bagh Congress Enquiry Committee.
11. India as I knew it : by M. O'Dwyer
12. 'India' Rush Brook Williams yearly volumes from
   1919 to 1927
13. Hunter Commission's Report Vol. IV, Evidence
14. Sedition Committee 1918 (Rowlatt Report)
15. Memorandum : The politics of Sikh Community.
   Singh Sabhas and the Chief Khalsa Diwan—1911 by
   D. Petrie
16. Ghadar Conspiracy Report—Isemonger and Slattery
17. Central Legislative Assembly pros. from 1919 to 1926
18. Punjab Legislative Council from 1919 to 1927
19. The history of the national movement by Pattabhi
   Sita Ramayya—Second Volume
20. India Today : R. P. Dutt
21. The Material Progress and condition of India
   during the year 1922-23
22. Akali Leaders' cases of 1923-25
23. Historical writings by L. Lajpatrai
24. Struggle for Civil Liberties
   —Ram Manohar Lohia
25. The Press Laws of India K. B. Menon
26. The Congress Report on the Jallian Wala Bagh



Digitized by Panjab Digital Library | www.panjabdigilib.org

27. The Punjab and the war by M. S. Leigh

28. The struggle for freedom of Religious Worship at Jaito (S.G.P.C. Publication)

29. Proceedings of the Akali Leaders' Conspiracy case and their statements.

30. The Indian Revolution : Review and prospectives by Mohit Sen

31. The Indian Annual Register —H.N. Mitra (Year 1922, 23, 24 ,25, 26)

32. All the papers, proceedings, decisions of the Government of India and Punjab Government. (Secret, very secret, confidential files, more than 1000 (pages from 1918 to 1927)

33. Communism in India by D. Petrie D. I. B. 1924-27

34. Truth About Nabha by S.G.P.C.

35. Autobiography of J. Nehru



Digitized by Panjab Digital Library | www.panjabdigilib.org

# ਸ਼ੁੱਧੀ ਪੱਤਰ

ਮੈਨੂੰ ਅਫਸੋਸ ਹੈ ਕਿ, ਯਤਨਾਂ ਦੇ ਬਾਵਜੂਦ ਪੁਸਤਕ ਦੇ ਛਪਣ ਵੇਲੇ ਕਾਫੀ ਸਾਰੀਆਂ ਗਲਤੀਆਂ ਰਹਿ ਗਈਆਂ ਹਨ। ਪਹਿਲੀਆਂ ਗਲਤੀਆਂ ਉਹ ਹਨ, ਜਿਹੜੀਆਂ ਇੱਕੋ ਸ਼ਬਦ ਦੇ ਦੋ ਦੋ ਜੋੜ ਕਰਦੀਆਂ ਹਨ, ਜਿਵੇਂ ਆਉਣਾ, ਔਣਾਂ; ਪ੍ਰਬੰਧ, ਪਰਬੰਧ; ਪ੍ਰੋਗਰਾਮ, ਪਰੋਗਰਾਮ ; ਸ਼੍ਰੋਮਣੀ, ਸ਼ਰੋਮਣੀ ; ਪ੍ਰਸਤ, ਪਰਸਤ ਵਗੈਰਾ, ਵਗੈਰਾ। ਇਹ ਮਾੜੀ ਗੱਲ ਹੋਈ ਹੈ।

ਦੂਜੀਆਂ ਗਲਤੀਆਂ ਕੁਛ ਕੁ ਗਲਤ ਸਾਲਾਂ ਦੀਆਂ ਹਨ ਜਾਂ ਦਿੱਤੇ ਹਵਾਲਿਆਂ ਦੇ ਨੰਬਰਾਂ ਦੀਆਂ ਹਨ, ਅਤੇ ਤੀਜੀਆਂ ਕੁਛ ਅਸਲ ਮਤਲਬ ਵਿਚ ਗੜਬੜ ਪਾਣ ਵਾਲੀਆਂ—ਇਹ ਸਭ ਦਰੁਸਤ ਕਰ ਦਿੱਤੀਆਂ ਗਈਆਂ ਹਨ। ਵਾਕ ਵਿਚ ਵਿਘਨ ਨਾ ਪਾਣ ਵਾਲੀ ਮਾਮੂਲੀ ਗਲਤੀ ਸ਼ਾਇਦ ਰਹਿ ਗਈ ਹੋਵੇ।

ਇਹਨਾਂ ਗਲਤੀਆਂ ਲਈ ਖਿਮਾ ਦਾ ਯਾਚਕ ਹਾਂ।

—ਲੇਖਕ

## ਗਲਤੀਆਂ ਠੀਕ ਕਰੋ

| ਪੰਨਾ—ਪਾਲ | ਅਸ਼ੁੱਧ | ਸ਼ੁੱਧ |
|---|---|---|
| 5—ਪਾਲ ਪਹਿਲੀ | ਰਾਜਨੀਤਕ | ਰਾਜਨੀਤੀ |
| 17—ਹਵਾਲੇ | ਨੰਬਰ ਦੋ ਸਾਰਾ ਕਟ ਦਿਓ | ਅਤੇ ਨੰਬਰ 2 ਥੱਲੇ ਦੇ ਹਵਾਲੇ ਨਾਲ ਲਾਓ। |
| 21—ਸਿਰਲੇਖ 6 ਪਾਲ ਦੋ | 1970 | 1920 |
| 23—ਪਾਲ ਅਖੀਰੀ | ਫਿਰਕੂ | ਅਫਿਰਕੂ |
| 30—ਦੂਜੀ ਪਾਲ, ਅਖੀਰ | — | 1 ਜੋੜੋ |
| 30—ਪੈਰਾ ਦੋ, ਅਖੀਰ | 1 | 2 |
| 30—ਪੈਰਾ ਤਿੰਨ, ਚੌਥੀ ਪਾਲ | — | ਹਨ ਦੇ ਪਿੱਛੇ 3 ਪਾਓ |
| 30—ਹਵਾਲਾ ਦੋ ਥੱਲੇ | — | 3 ਉਪਰੋਕਤ ਹੀ—ਲਿਖੋ |
| 38—ਹਵਾਲੇ ਦਾ ਅਖੀਰੀ ਅੰਕੜਾ | 1622 | 1922 |
| 44—ਪਾਲ 4 | ਭੇਜ | ਭੱਜ |
| 44—ਪਾਲ ਸਤ, ਪਹਿਲਾ ਸ਼ਬਦ | ਕਰੋ | ਸੁਰ |
| 47—ਪੈਰਾ 2, ਅਖੀਰ | — | ਹੋਈ ਜੋੜੋ |
| 48—ਪੈਰਾ ਦੋ, ਪਾਲ ਦਸ | ਦੀਵਾਨ | ਸ਼੍ਰੋਮਣੀ ਕਮੇਟੀ |
| 54—ਪੈਰਾ ਚਾਰ, ਪਾਲ ਤਿੰਨ | ਦੇ | ਤੋਂ |
| 55—ਤੀਜਾ ਹਵਾਲਾ ਪਾਲ ਤਿੰਨ | ਉਸ ਨੇ | ਉਹ |
| 64—ਥਲਿਓਂ ਤੀਜੀ ਪਾਲ | ਸੁੰਦਰ ਕੋਟ | ਚੰਦਰ ਕੋਟ |



Digitized by Panjab Digital Library | www.panjabdigilib.org

| ਪੰਨਾ—ਪਾਲ | ਅਸ਼ੁੱਧ | ਸ਼ੁੱਧ |
| --- | --- | --- |
| 95—ਪੈਰਾ ਤਿੰਨ ਦਾ ਅਖੀਰ | — | 2 ਲਾਓ |
| 112—ਪੈਰਾ ਚਾਰ, ਪਾਲ ਚਾਰ | ਮੈਕਲੈਸ਼ਿਨ | ਮੈਕਲੈਗਿਨ |
| 116—ਦੂਜੀ ਪਾਲ | ਅਮਰਿਤਸਰ ਤੋਂ | ਕਟ ਦਿਓ |
| 146—ਥੱਲਿਓਂ ਚੌਥੀ ਪਾਲ | ਉਸ ਨੂੰ | ਕਟ ਦਿਓ |
| 156—ਪੈਰਾ 2, ਪਾਲ 8 | 1621 | 1921 |
| 159—ਪੈਰਾ 3, ਪਾਲ 2 | ਜਿੰਤਾ ਜਨਕ | ਚਿੰਤਾ ਜਨਕ |
| 190—ਹਵਾਲਾ 1 | 1912 | 1922 |
| 252—ਪੈਰਾ ਚੌਥਾ, ਪਾਲ ਪਹਿਲੀ | ਅਫਸਰ | ਪਰੋਫੈਸਰ |
| 289—ਅਖੀਰੀ ਦਾ ਅਖੀਰੀ ਸ਼ਬਦ | ਪਰਈਂ | ਪਰਵੀਂ |
| 291—ਸਿਰਲੇਖ ਵਿਚ | ਅਤਿਆਰ | ਅਤਿਆਚਾਰ |
| 294—ਪਾਲ 4 | ਇਹਨਾ | ਬਾਕੀਆਂ |
| ,, —ਅਖੀਰੀ ਪਾਲ | ਖੰਡਨ | ਖੰਡਤ |
| 311—ਥੱਲਿਓਂ ਛੇਵੀਂ | ਨੇ | ਤੇ |
| 343—ਚੌਥੀ | ਵਾਲੇ | ਵੇਲੇ |
| 345—ਥੱਲਿਓਂ ਚੌਥੀ | ਰੁਕਣ | ਚੁਭਣ |
| 347—ਹੇਠਲੇ ਪੈਰੇ ਤੋਂ ਉਤਲੀ | ਹਾਲਤ | ਤਾਕਤ |
| 351—(ਅ) ਤੋਂ ਅਗਲੇ ਪੈਰੇ ਦੀ ਪਹਿਲੀ | ਕਿ | : ਕੀ |
| 358—ਪੰਦਰ੍ਹਵੀਂ | ਮਿਸਾਲਾਂ | ਮਿਸਲਾਂ |
| 367—ਦੂਜੇ ਪੈਰੇ ਦੀ ਤੀਜੀ | ਅਪਰੈਲ | ਮਾਰਚ (27) |
| 406—ਤੀਜੇ ਪੈਰੇ ਦੀ ਛੇਵੀਂ | ਮਨਿਸਟਰ | ਮਿੰਬਰ |
| 428—ਦੂਜੇ ਪੈਰੇ ਦੀ ਪੰਜਵੀਂ | (ਪਹਿਲੀ) ਦੀ | ਕਟ ਦਿਓ |



Digitized by Panjab Digital Library | www.panjabdigilib.org

# ਤਤਕਰਾ

## ਖੰਡ ਪਹਿਲਾ

ਇਤਿਹਾਸਕ ਪਿਛਵਾੜ 1
1. ਪੰਜਾਬ ਬਾਰੇ ਅੰਗਰੇਜ਼ ਰਾਜ ਦੀ ਰਣਨੀਤੀ 1
2. ਅੰਗਰੇਜ਼ ਰਾਜ ਤੇ ਸਿੱਖ ਗੁਰਦੁਆਰੇ 2
3. ਸਿੰਘ ਸਭਾ ਤੇ ਵੀ ਸ਼ੱਕ 5
4. ਜੰਗ ਦੇ ਦੌਰਾਨ ਤੇ ਅੰਤ ਵਿਚ ਸਥਿਤੀ 7
5. ਨਵੀਂ ਲੜਾਕੂ ਸੇਧ 10

ਗੁਰਦੁਆਰਿਆਂ ਦੀ ਆਜ਼ਾਦੀ ਦਾ ਸਵਾਲ 14
1. ਤਹਿਰੀਕ ਦੀ ਖਸਲਤ 14
2. ਮਹੰਤਾਂ ਦਾ ਕਬਜ਼ਾ ਕਿਵੇਂ ਹੋਇਆ ? 16
3. ਬੇਚੈਨੀ ਦੀ ਸ਼ੁਰੂਆਤ 19
4. ਕਾਇਮ ਆਸਨਾਂ ਦਾ ਪਹਿਰੇਦਾਰ 20
5. ਸਰਕਾਰ ਦੀ ਟਾਲ-ਮਟੋਲੀ 21
6. ਤਹਿਰੀਕ ਦਾ ਆਗੂ 22
7. ਤਹਿਰੀਕ ਦਾ ਪਰੋਗਰਾਮ 23
8. ਅਕਾਲੀ ਦੇ ਚਾਲਕ 24
9. ਸ਼ਹੀਦੀ ਦੀ ਮੰਗ 26
10. ਮੋਰਚਾ ਸਰ ਹੋ ਗਿਆ 27
11. ਹਕੂਮਤ ਮਹੰਤਾਂ ਦੀ ਪਿੱਠ ਤੇ 28
12. ਹਾਕਮਾਂ ਦੇ ਇਰਾਦੇ 28
13. ਬਾਬੇ ਦੀ ਬੇਰ 29
14. ਪਹਿਲੀਆਂ ਗਰਿਫਤਾਰੀਆਂ 31
15. ਰਿਹਾਈਆਂ 32

ਦਰਬਾਰ ਸਾਹਿਬ ਤੇ ਕਬਜ਼ਾ 34
1. ਅਧੋਗਤੀ ਦੀ ਹਾਲਤ 34
2. ਕਬਜ਼ੇ ਲਈ ਤਿਆਰੀ 38
3. ਅੰਗਰੇਜ਼ ਪਿਠੂ ਸਰਬਰਾਹ 39
4. ਲੋਕਾਂ ਦੀ ਜਿੱਤ 41
5. ਦਰਬਾਰ ਸਾਹਿਬ ਤੇ ਕਬਜ਼ਾ 42



Digitized by Panjab Digital Library | www.panjabdigilib.org

6. ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ 45
7. ਮਜੀਠੀਏ ਦੀ ਚਲਾਕੀ 47

**ਕੇਂਦਰੀ ਅਕਾਲੀ ਦਲ** **50**

1. ਨਵੇਂ ਜਥੇਦਾਰ 52
2. ਸਾਕਾ ਤਰਨਤਾਰਨ 53
3. ਗੁਰਦੁਆਰਾ ਤਰਨਤਾਰਨ ਤੇ ਕਬਜ਼ਾ 54

**ਨਨਕਾਣਾ ਸਾਹਿਬ ਦਾ ਕਤਲਾਮ** **58**

1. ਮਹੰਤ ਦੀਆਂ ਕਰਤੂਤਾਂ 58
2. ਪੰਥ ਤੋਂ ਆਕੀ 59
3. ਮਹੰਤ ਨੂੰ ਸੁਧਾਰਨ ਦੇ ਯਤਨ 61
4. ਸਮਝੌਤੇ ਦੀਆਂ ਗੱਲਾਂ 63
5. ਨਨਕਾਣੇ ਨਹੀਂ ਜਾਓ 64
6. ਸੁਨੇਹਾ ਨਾ ਮਿਲਿਆ 65

**ਕਤਲਾਮ** **67**

1. ਦਲੀਪ ਸਿੰਘ ਦੀ ਸ਼ਹੀਦੀ 69
2. ਨਾਕਾਬੰਦੀ 71

**ਜਨਮ ਅਸਥਾਨ ਉਤੇ ਕਬਜ਼ਾ** **73**

1. ਝੱਬਰ ਦੀ ਅਗਵਾਈ 73
2. ਸਿੰਘਾਂ ਕਬਜ਼ਾ ਕਰ ਲਿਆ 75

**ਇਸ ਕਤਲਾਮ ਦਾ ਪੜ-ਕਰਮ** **88**

1. ਕੌਂਸਲ ਤੇ ਅਸੰਬਲੀ ਦੇ ਸਵਾਲ 80

**ਤਫਤੀਸ਼ ਤੇ ਮੁਕੱਦਮੇ** **83**

1. ਮੰਗ : ਦੋ ਮੁਕੱਦਮੇ ਚਲਾਓ 83
2. ਮਹਾਤਮਾ ਗਾਂਧੀ ਦਾ ਮਸ਼ਵਰਾ 84
3. ਕੇਸ ਪੈਟਰੀ ਦੇ ਹਵਾਲੇ 86
4. ਕਵੀਸ਼ਰ ਤੇ ਨਾ-ਮਿਲਵਰਤਣ 88
5. ਪਰੋਪੈਗੰਡੇ ਦੀ ਜੰਗ 89
6. ਗਰਮ ਖ਼ਿਆਲ ਨਾ-ਮਿਲਵਰਤਨੀਏ 91

**ਸਾਜ਼ਸ਼ ਦੇ ਸਬੂਤ** **93**

**ਤਸ਼ੱਦਦ ਦਾ ਨਵਾਂ ਦੌਰ** **98**

1. ਇਸ ਹਮਲੇ ਦਾ ਜਵਾਬ 99
2. ਇਨਸਾਫ ਦੀਆਂ ਆਸਾਂ 100
3. ਜੱਜ ਕਿਊ ਦਾ ਇਨਸਾਫ 101



Digitized by Panjab Digital Library | www.panjabdigilib.org

4. ਮਹੰਤ ਦਾ ਮੁਕੱਦਮਾ 103
5. ਸ਼ਰਤਾਂ ਦੇ ਕੇ ਰਿਹਾਈਆਂ 104
6. ਪਹਿਲਾ ਗੁਰਦੁਆਰਾ ਬਿਲ 106

**ਕੁੰਜੀਆਂ ਦਾ ਮੋਰਚਾ 109**

1. ਸੀ. ਆਈ. ਡੀ. ਦੀਆਂ ਰਿਪੋਰਟਾਂ 110
2. ਗੁਰਦੁਆਰੇ ਪਹਿਲੋਂ ਕਿ ਅਜ਼ਾਦੀ ? 111
3. ਕੁੰਜੀਆਂ ਖੋਹਣ ਦਾ ਪੜਕਰਮ 112
4. ਹੋਰ ਨਵਾਂ ਸਰਬਰਾਹ 114

**ਗਰਿਫਤਾਰੀਆਂ ਦਾ ਦੂਜਾ ਦੌਰ 116**

1. ਇਸ ਹਮਲੇ ਦਾ ਪਿਛਵਾੜ 119
2: ਧਾਰਮਕ ਮੀਟਿੰਗਾਂ ਵੀ ਬੰਦ 121

**ਮੁਕੱਦਮੇ ਤੇ ਸਜ਼ਾਵਾਂ 123**

**ਵਿਚੋਲਾ ਲੱਭਣ ਦੇ ਯਤਨ 127**

1. ਗ਼ਲਤੀ ਉਤੇ ਗ਼ਲਤੀ 128

## ਖੰਡ ਦੂਜਾ

**ਗੁਰੂ ਕੇ ਬਾਗ ਦਾ ਮੋਰਚਾ (ਤਸ਼ੱਦਦ ਦਾ ਤੀਜਾ ਦੌਰ) 135**

1. ਪੰਡਤ ਦੀਨਾ ਨਾਥ ਦੀ ਰਿਹਾਈ 135
2. ਸਥਿਤੀ ਵਿਚ ਤਬਦੀਲੀ 136
3. ਗਲਤ ਮੁਲ-ਅੰਗਣ 136
4. ਤਹਿਰੀਕ ਨੂੰ ਦਬਾਣ ਲਈ ਹਦਾਇਤਾਂ 138
5. ਗਰਿਫਤਾਰੀਆਂ 140
6. ਸੀ. ਆਈ. ਡੀ. ਦੀਆਂ ਰਿਪੋਰਟਾਂ 141
7. ਕੇਂਦਰੀ ਦਬਾਅ ਦਾ ਅਸਰ 142
8. ਗਰਿਫਤਾਰੀਆਂ ਦਾ ਜ਼ਿਲੇਵਾਰ ਵੇਰਵਾ 143
9. ਕਾਲੀਆਂ ਪੱਗਾਂ ਦਾ ਹਊਆ 146
10, ਇਸ ਹਮਲੇ ਲਈ ਸਫਾਈ 147
11. ਸ਼੍ਰੋਮਣੀ ਕਮੇਟੀ ਦਾ ਫੈਸਲਾ 148
12. ਐਗਜ਼ੈਕਟਿਵ ਦਾ ਮਤਾ 151

**ਇਸ ਹਮਲੇ ਦਾ ਜਵਾਬ 152**

1. ਗੁਰਦੁਆਰਾ ਬਿਲ 152
1. (ੳ) ਗੁਰੂ ਕੇ ਬਾਗ਼ ਦਾ ਮੋਰਚਾ 155
2. ਸਰਕਾਰੀ ਬੰਦੋਬਸਤ, ਅਖਤਿਆਰ ਤੇ ਨਿਰਣਾ 159



Digitized by Panjab Digital Library | www.panjabdigilib.org

3. ਹਾਲਤ ਦਾ ਗ਼ਲਤ ਮੁੱਲ-ਅੰਗਣ 160
4. ਜ਼ੁਲਮ, ਤਸ਼ੱਦਦ ਤੇ ਮੌਤਾਂ 161
5. ਹਰ ਪਾਸੇ ਦੀ ਨਾਕੇਬੰਦੀ 162
6. ਡਰਾਵੇ ਤੇ ਧਮਕੀਆਂ 163
7. ਗੋਰਖਿਆਂ ਦਾ ਮਾਰਨ ਤੋਂ ਇਨਕਾਰ 165
8. ਰਾਜ਼ਾਸਾਂਸੀ ਵਿਚ ਦਹਿਸ਼ਤ 165
9. ਦਰਸ਼ਕਾਂ ਦਾ ਕੁਟਾਪਾ 166
10. ਗੌਰਮਿੰਟ ਅੰਦਰ ਘਬਰਾਹਟ 168
11. ਅੱਤ ਦਾ ਤਸ਼ੱਦਦ 169
12. ਪਾਦਰੀ ਐਂਡਰੂਜ਼ ਦਾ ਪਰੋਟੈਸਟ 171
13. ਮਾਰ-ਕੁਟ ਬੰਦ : ਨਵਾਂ ਫੈਸਲਾ 172

**ਕਾਂਗਰਸ ਦੀ ਮਾਰ-ਕੁੱਟ ਬਾਰੇ ਰਿਪੋਰਟ 175**

1. ਪੱਤਰਕਾਰਾਂ ਦੇ ਬਿਆਨ 175
2. ਪੁਲਸ ਦੀ ਲੁੱਟ-ਖੋਹ 177
3. ਡਾਕਟਰਾਂ ਦੀਆਂ ਰਿਪੋਰਟਾਂ 178
4. ਕਾਨੂੰਨੀ ਨੁਕਤੇ ਤੇ ਨਤੀਜੇ 180

**ਗੌਰਮਿੰਟ ਦੀ ਨਵੀਂ ਪਾਲਿਸੀ 183**

1. ਚੀਫ ਖਾਲਸਾ ਦੀਵਾਨ ਦਾ ਬਿਲ 184
2. ਆਰਜ਼ੀ ਬਿਲ ਕਿ ਚਿਰੰਜੀਵੀ 185
3. ਠੁਕਰਾਇਆ ਬਿਲ ਪਾਸ 189
4. ਪਿਨਸ਼ਨਰਾਂ ਦੇ ਫੌਜੀ ਜਥੇ 190
5. ਦੂਜੇ ਫੌਜੀ ਜਥੇ ਦੀ ਗਰਿਫਤਾਰੀ 193
6. ਭੱਜਣ ਦਾ ਰਾਹ ਲੱਭ ਪਿਆ 194
7. ਸ਼੍ਰੋਮਣੀ ਲੀਡਰਾਂ ਦੀ ਰਿਹਾਈ 196
8. ਹੇਲੀ ਵਲੋਂ ਹਾਲਤ ਦਾ ਨਿਰਣਾ 197
9. ਵਫ਼ਾਦਾਰਾਂ ਦੇ ਤਰਲੇ 200

**ਕੌਮਾਂਤਰੀ ਪਿੜ ਵਿਚ 203**

1. ਫੌਜਾਂ ਵਿਚ ਤਸਵੀਰਾਂ 203
2. ਗੁਰੂ ਕਾ ਬਾਗ਼ ਇੰਗਲੈਂਡ ਵਿਚ 203
3. ਗੁਰੂ ਕਾ ਬਾਗ਼ ਅਮਰੀਕਾ ਵਿਚ 205

**ਉਗਲਵੀ ਦਾ ਮਿਸ਼ਨ 206**

1. ਫੌਜ ਵਿਚ ਕਾਲੀ ਪੱਗ ਤੇ ਕਿਰਪਾਨ. 208
2. ਸ਼੍ਰੋਮਣੀ ਕਮੇਟੀ ਦਾ ਵਕਾਰ 211
3. ਪਿੰਡਾਂ ਵਿਚ ਫੌਜੀ ਗਸ਼ਤਾਂ 212



Digitized by Panjab Digital Library | www.panjabdigilib.org

**ਮੋਰਚੇ ਦੀ ਫਤੇ ਦਾ ਅਸਰ** 218
1. ਗੁਰਦੁਆਰਾ ਖਡੂਰ ਸਾਹਿਬ 219
2. ਰਿਹਾਈਆਂ ਦਾ ਸਵਾਲ 221
3. ਫਿਰਕੂ ਫਸਾਦ ਤੇ ਅਕਾਲੀ 222
4. ਰਿਹਾਈਆਂ ਦੇ ਰਾਹ ਦੀ ਖੋਜ 224
5. ਰਿਹਾਈਆਂ ਕਰਕੇ ਕੁਟਾਪਾ 226
6. ਗੁਰਦੁਆਰਾ ਮੁਕਤਸਰ 227
7. ਆਨੰਦਪੁਰ ਸਾਹਿਬ 228

**ਜੇਲ੍ਹਾਂ ਵਿਚ ਤਸ਼ੱਦਦ** 230
1. ਕੈਦੀਆਂ ਦਾ ਸਟੇਸ਼ਨਾਂ ਤੇ ਸਵਾਗਤ 230
2. ਪੰਜਾ ਸਾਹਿਬ ਦੇ ਸ਼ਹੀਦ 230
3. ਜੇਲ੍ਹਾਂ ਵਿਚ ਡਸਿਪਲਨ 231
4. ਬੈਂਤਾਂ ਦੀਆਂ ਸਜ਼ਾਵਾਂ 235
5. ਪੜਤਾਲ ਦੀ ਰਿਪੋਰਟ 236
6. ਬੈਂਤਾਂ ਦੀ ਸਜ਼ਾ 238
7. ਮੁਲਤਾਨ ਜੇਲ੍ਹ ਦਾ ਕੁਟਾਪਾ 240
8. (ੳ) ਸ: ਖੜਕ ਸਿੰਘ ਉਤੇ ਕਰੋਪੀ 243
9. ਜੇਲ੍ਹ ਵਿਚ ਮੁਕੱਦਮੇ 245
10. ਬਾਬਾ ਜੀ ਦੀ ਸ਼ੁਹਰਤ 246

**ਅਕਾਲੀ ਮੋਰਚੇ ਤੇ ਕਿਰਪਾਨ** 248
1. ਪਾੜੋ ਤੇ ਰਾਜ ਕਰੋ 250
2. ਹਨੇਰ ਖਾਤਾ 252
3. ਅਖੌਤੀ ਸਮਝੌਤਾ 254

## ਖੰਡ ਤੀਜਾ

**ਨਾਭੇ ਦੀ ਗੱਦੀ ਦਾ ਮਸਲਾ** 256
1. ਕਾਰ ਸੇਵਾ 256
2. ਗੜਗੱਜ ਦੀਵਾਨ ਦਾ ਆਪਹੁਦਰਾਪਨ 257
3. ਪਟਿਆਲੇ ਦੀ ਰਾਜਸੀ ਚਾਲਬਾਜ਼ੀ 258
4. ਨਾਭੇ ਦੀ ਆਜ਼ਾਦ ਖਿਆਲੀ 258
5. ਗੱਦੀ ਖੋਹ ਲਈ 260
6. ਗੌਰਮਿੰਟ ਦਾ ਦਾਅਵਾ 261



Digitized by Panjab Digital Library | www.panjabdigilib.org

ਕੀ ਗਦੀ ਸੁਇੱਛਾ ਨਾਲ ਛੱਡੀ ਗਈ ? 264
1. ਸ਼੍ਰੋਮਣੀ ਕਮੇਟੀ ਦਾ ਕੇਸ 265
2. ਅਫਸਰਾਂ ਦੀਆਂ ਹਮਦਰਦੀਆਂ 266
3. ਫਾਈਲਾਂ ਦੀ ਚੋਰੀ 267
ਜੈਤੋ ਦਾ ਮੋਰਚਾ 270
1. ਅਖੰਡ ਪਾਠ ਦਾ ਖੰਡਤ ਕਰਨਾ 271
2. ਕਾਂਗਰਸੀ ਆਗੂਆਂ ਦੀ ਗਰਿਫਤਾਰੀ 271
3. ਪੰਡਤ ਮੋਤੀ ਲਾਲ ਨੂੰ ਨਾਭੇ ਵਿਚੋਂ ਨਿਕਲ ਜਾਣ ਦਾ ਹੁਕਮ 273
4. ਪੰਡਤ ਜਵਾਹਰ ਲਾਲ ਤੇ ਸਾਥੀਆਂ ਤੇ ਮੁਕੱਦਮੇ 274
/ ਸ਼੍ਰੋਮਣੀ ਕਮੇਟੀ ਦੀ ਤਾਕਤ 278
1· ਜਥੇਬੰਦੀਆਂ ਤੇ ਵਾਰ ਦੀਆਂ ਅਫਵਾਹਾਂ 279
2. ਬੱਬਰ ਅਕਾਲੀਆਂ ਤੇ ਸਖ਼ਤੀ 280
ਨਵੇਂ ਹਾਲਾਤ ਦਾ ਮੁਕਾਬਲਾ (ਤਸ਼ੱਦਦ ਦਾ ਚੌਥਾ ਦੌਰ) 282
1. ਭਤੀਜੇ ਦਾ ਸਰਕਾਰ ਨੂੰ ਮਸ਼ਵਰਾ 283
2. ਅਕਾਲੀ ਆਗੂ ਸਾਜ਼ਸ਼ ਕੇਸ 284
3. ਆਗੂਆਂ ਦੇ ਦੂਜੇ ਜਥੇ ਦੀ ਗਰਿਫਤਾਰੀ 285
4. ਭਾਈ ਜੋਧ ਸਿੰਘ ਤੇ ਨੁਕਤਾਚੀਨੀ 287
5. ਸਰਕਾਰ ਫੜਨੋਂ ਭੱਜ ਗਈ 288
ਰਿਆਸਤਾਂ ਵਿਚ ਕੜਕੁੱਟਵਾਂ ਤਸ਼ੱਦਦ 289
1. ਪਟਿਆਲੇ ਦੇ ਬਹਾਦਰ ਅਕਾਲੀ 290
2. ਫਰੀਦਕੋਟ ਵਿਚ ਅਤਿਆਚਾਰ 291
3. ਨਾਭੇ ਦੇ ਸ਼ੇਰ ਅਕਾਲੀ 292
4. ਕਪੂਰਥਲੇ ਵਿਚ ਜ਼ੁਲਮ 293
5. ਵਿਲਸਨ ਦੀ ਪਾਲਿਸੀ 294
6. ਕੇਂਦਰੀ ਗੌਰਮਿੰਟ ਦੀ ਪਾਲਿਸੀ 295
ਪਹਿਲੇ ਸ਼ਹੀਦੀ ਜਥੇ ਦਾ ਮਾਰਚ 298
1: ਸਰਕਾਰ ਦੀ ਗੋਂਦ 298
2. ਇਹਨਾਂ ਫੈਸਲਿਆਂ ਬਾਰੇ ਕੁਝ ਵਿਚਾਰਾਂ 301
3. ਜਥੇ ਦਾ ਜੈਤੋ ਵਿਚ ਕਤਲਾਮ 303
4. ਗੋਲੀ ਚਲਾਉਣ ਬਾਰੇ ਸਰਕਾਰੀ ਬਿਆਨ 303
5. ਪਟਿਆਲੇ ਵਲੋਂ ਕਤਲਾਮ ਦੀ ਹਮਾਇਤ 305



Digitized by Panjab Digital Library | www.panjabdigilib.org

ਕਿੰਨੇ ਸਿੰਘ ਸ਼ਹੀਦ ਹੋਏ ? 307
1. ਗੋਲੀ ਪਹਿਲਾਂ ਕਿਨ ਚਲਾਈ 309
2. ਮਿੰਚਨ ਦਾ ਬਿਆਨ 309
3. ਮਿਸਟਰ ਜ਼ਿਮੰਡ ਦਾ ਬਿਆਨ 310
4. ਪੜਤਾਲੀਆ ਕਮੇਟੀ ਦੀ ਮੰਗ 310
5. ਪੰਡਤ ਮਦਨ ਮੋਹਨ ਮਾਲਵੀਆ ਦੀ ਸਪੀਚ 312
6. ਜੈਤੋ ਪਾਰਲੀਮਿੰਟ ਵਿਚ 313
7. ਪੋਚਾ ਫੇਰਨ ਦਾ ਯਤਨ 315
8. ਕੁਛ ਸਰਕਾਰੀ ਉਪੱਦਰੀ ਹੁਕਮ 318
ਸਮਝੌਤੇ ਦੀ ਗੱਲਬਾਤ 320
1. ਜਨਰਲ ਬਰਡਵੁਡ ਦੇ ਨਿਰਾਰਥਕ ਯਤਨ 320
2. ਮੀਰ ਮਕਬੂਲ ਰਾਹੀਂ ਗੱਲਬਾਤ 321
3. ਸਰਦਾਰ ਬਹਾਦਰ ਦੇ ਭਤੀਜੇ ਦੀ ਜੋਹਣ-ਟੋਹਣ 323
4. ਜਨਰਲ ਦੇ ਸਿੱਖ ਸਲਾਹਕਾਰ 325
5. ਹਾਕਮਾਂ ਦੀਆਂ ਮੀਟਿੰਗਾਂ ਤੇ ਵਿਚਾਰ ਗੋਚਰੇ ਮਸਲੇ 327
6. ਗੌਰਮਿੰਟ ਤੇ ਕਮੇਟੀ ਵਿਚਕਾਰ ਡੂੰਘੇ ਮਤਭੇਤ 330
(ੳ) ਅਖੰਡ ਪਾਠ 331
(ਅ) ਸ਼ਰਤਾਂ ਖੁਫੀਆਂ ਰੱਖਣ ਦੀ ਮੱਦ 331
(ੲ) ਨਾਭੇ ਦੀ ਗੱਦੀ 332
7. ਰਿਹਾਈਆਂ ਦਾ ਮਸਲਾ 333
8. ਹੋਲੀ ਦੀ ਭਾਨੀ 335
9. ਕੇਂਦਰੀ ਸਕੱਤਰੇਤ ਵਿਚ ਮਤਭੇਦ 337
10. ਸ. ਜੋਧ ਸਿੰਘ ਦਾ ਰੋਲ 338
11. ਜੋਧ ਸਿੰਘ ਕੁੜਿਕੀ ਵਿਚ 343
12. ਸਮਝੌਤੇ ਦੀ ਗੱਲ ਕਿਵੇਂ ਟੁੱਟੀ 344
13. ਬਰਡ-ਵੁਡ ਕਮੇਟੀ ਦਾ ਅੰਤ 346
14. ਗੌਰਮਿੰਟ ਦਾ ਪ੍ਰੈਸ ਰਾਹੀਂ ਪ੍ਰੋਪੇਗੰਡਾ 347
ਸ਼੍ਰੋਮਣੀ ਕਮੇਟੀ ਦਾ ਸਪੱਸ਼ਟੀਕਰਣ 348
1. ਕਮਜ਼ੋਰੀ ਦੀਆਂ ਨਿਸ਼ਾਨੀਆਂ 350
2. ਮਹਾਤਮਾ ਗਾਂਧੀ ਤੇ ਦੂਜਾ ਸ਼ਹੀਦੀ ਜਥਾ 351
3. ਅਕਾਲੀ ਸਹਾਇਕ ਬਿਓਰੋ 356
4. ਦੂਜਾ ਅਤੇ ਕੁਛ ਹੋਰ ਸ਼ਹੀਦੀ ਜਥੇ 360
5. ਸਰਕਾਰੀ ਪਾਲਿਸੀ : ਨਵੀਂ ਕਿ ਪੁਰਾਣੀ 363



Digitized by Panjab Digital Library | www.panjabdigilib.org

6. ਪੰਡਤ ਮਾਲਵੀਆ ਜੈਤੋ ਵਿਚ 365
7. ਤੀਜਾ ਸ਼ਹੀਦੀ ਜਥਾ 367
8. ਮੋਰਚੇ ਕਾਰਣ ਪੈਦਾ ਹੋਏ ਮਸਲੇ 369
(ੳ) ਕੇਸਰੀ ਬਾਣੇ 370
(ਅ) ਫੌਜੀਆਂ ਉਤੇ ਅਸਰ 321

**ਨਵਾਂ ਗਵਰਨਰ—ਨਵੀਂ ਪਾਲਿਸੀ 373**

1. ਹੇਲੀ ਦੀਆਂ ਚਾਲਬਾਜ਼ੀਆਂ 373
2, ਇਸ ਹਮਲੇ ਦੇ ਮੁਕਾਬਲੇ ਲਈ ਲੜਾਈ 377
3. ਕੌਂਸਲ ਦੇ ਮੈਂਬਰਾਂ ਦਾ ਰੋਲ 378
4. ਪੰਜਵਾਂ ਜਥਾ 381
5. ਖਾਲਸਾ ਕਾਲਜ ਬੰਦ 381
6. ਹਿੰਦੁਸਤਾਨੋਂ ਬਾਹਰ ਦੇ ਜਥੇ 384
7. ਭਰਤੀ ਬੰਦ, ਪਿਨਸ਼ਨਾਂ ਆਦਿ ਜ਼ਬਤ 386
8. ਮੋਰਚਾ ਭਾਈ ਫੇਰੂ 388

## ਖੰਡ ਚੌਥਾ

**ਹੇਲੀ ਦੀ ਮੁਕਾਬਲੇ ਲਈ ਰਣਨੀਤੀ 391**

1. ਸਰਕਾਰੀ ਸੁਧਾਰ ਕਮੇਟੀਆਂ 391
2. ਜੇਲ੍ਹਾਂ ਵਿਚ ਮੁੜ ਫੇਰ ਕੁਟਾਪਾ 393
3. ਮਸਲੇ ਦਾ ਹੱਲ : ਗੁਰਦੁਆਰਾ ਬਿਲ 395
4. ਗਲ਼ਬਾਤ ਕਿਵੇਂ ਸ਼ੁਰੂ ਹੋਈ 397
5. ਗੁਰਦੁਆਰਾ ਬਿਲ ਦੀ ਤਿਆਰੀ 398
(ੳ) ਜਾਇਦਾਦ ਬਾਰੇ 400
(ਅ) ਮੁਆਵਜ਼ਾ ਬਾਰੇ 400
(ੲ) ਗੁਰਦੁਆਰਿਆਂ ਦਾ ਪਰਬੰਧ 400

**ਬਿਲ ਮਨਜ਼ੂਰ ਹੋ ਗਿਆ 402**

1. ਕੌਂਸਲ ਮਿੰਬਰਾਂ ਵਲੋਂ ਸਵਾਗਤ 402
2. ਹੇਲੀ ਦੀ ਫੁੱਟ-ਪਾਊ ਸਪੀਚ 404
3. ਜੈਤੋ ਦੀ ਸਮੱਸਿਆ ਦਾ ਹੱਲ 405

**ਜੈਤੋ ਵਿਚ ਅਖੰਡ ਪਾਠ 408**

1. ਵਿਲਸਨ ਤੇ ਜੋਧ ਸਿੰਘ ਦੀ ਗੱਲਬਾਤ 410
2. ਵਾਪਸੀ 411
3. ਜੈਤੋ ਦੀਆਂ ਰਿਹਾਈਆਂ ਦਾ ਅਸਰ 412
4. ਆਮ ਰਿਹਾਈਆਂ ਦਾ ਸਵਾਲ 413



Digitized by Panjab Digital Library | www.panjabdigilib.org

5. ਸ਼੍ਰੋਮਣੀ ਕਮੇਟੀ ਦੀ ਮੀਟਿੰਗ 414
6. ਇਸ ਮੀਟਿੰਗ ਬਾਰੇ ਸਰਕਾਰੀ ਰਿਪੋਰਟ 416
7. ਅੰਦਰੂਨੀ ਫੁੱਟ ਤੇ ਗੜਬੜ 416
8. ਅੰਦਰੂਨੀ ਫੁੱਟ ਤੇ ਗੜਬੜ ਪਾਉਣ ਦੇ ਯਤਨ 418

**ਕਿਲੇ ਦੇ ਆਗੂਆਂ ਵਿਚ ਮਤਭੇਦ 420**

1. ਮੁਲਾਕਾਤਾਂ ਦਾ ਸਾਰ 421
2. ਧੜੇਬੰਦੀ ਦੀ ਸ਼ੁਰੂਆਤ 424
3. ਕਿਲ੍ਹੇ ਦੇ ਆਗੂਆਂ ਦੀਆਂ ਚਿੱਠੀਆਂ 426

**ਸ਼ਰਤਾਂ ਪਰਵਾਨ ਕਰ ਲਈਆਂ 430**

1. ਰਿਹਾ ਹੋਣ ਵਾਲਿਆਂ ਦੀ ਆਉ-ਭਾਗਤ 433
2. ਪੰਥਕ ਏਕੇ ਦਾ ਨਾਅਰਾ 435
3. ਸਰਬੱਤ ਕਾਨਫਰੰਸ 436
4. ਸ਼੍ਰੋਮਣੀ ਅਕਾਲੀ ਦਲ ਦੀ ਗਲਤੀ 437
5. ਦਰਬਾਰ ਸਾਹਿਬ ਵਿਚ ਪੁਲਸ 439

**ਸੰਟਰਲ ਬੋਰਡ ਦੀਆਂ ਚੋਣਾਂ 441**

1. ਚੋਣ ਦੇ ਹਥਕੰਡੇ 442
2. ਚੋਣ ਦੇ ਨਤੀਜੇ 443

**ਸ: ਤੇਜਾ ਸਿੰਘ ਸਮੁੰਦਰੀ ਦਾ ਦਿਹਾਂਤ 445**

**ਰਿਹਾਈਆਂ ਨਹੀਂ ਹੋਣਗੀਆਂ 447**

1. ਕੁਛ ਰਿਹਾਈਆਂ ਹੋ ਗਈਆਂ 448
2. ਬੋਰਡ ਦੀ ਅਰੰਭਕ ਮੀਟਿੰਗ 450
3. ਬਾਕਾਇਦਾ ਮੀਟਿੰਗ 451

**ਹੇਲੀ ਦੀ ਮਜਬੂਰੀ 455**

1. ਗੁਰਦੁਆਰਾ ਤਹਿਰੀਕ ਦਾ ਭੋਗ 456

**ਅਕਾਲੀ ਲਹਿਰ ਤੇ ਪੰਜਾਬੀ ਸਾਹਿਤ 458**

**ਸਿੱਖ ਧਰਮ ਦੀ ਤੋੜ-ਭੰਨ 467**

**ਅਕਾਲੀ ਤਹਿਰੀਕ ਤੇ ਰੂਸੀ ਇਨਕਲਾਬ 469**

**1. ਕੁਛ ਮਹੱਤਵ-ਪੂਰਣ ਨਤੀਜੇ 472**

(ੳ) ਸਿੱਖ ਚਲਨ ਦੀ ਜੋਖ-ਪਰਖ 475
(ਅ) ਹਿੰਸਾਤਮਕ ਝੁਕਾਅ 476
(ੲ) ਵਿਚਾਰ ਤੇ ਅਮਲ ਵਿਚ ਵਿੱਥ ਨਹੀਂ 478



Digitized by Panjab Digital Library | www.panjabdigilib.org

2. ਕੀ ਅਕਾਲੀ ਲਹਿਰ ਰਾਜਸੀ ਸੀ ? 480
3 ਅਮਨ ਤੇ ਕਾਨੂੰਨ ਦਾ ਦੋਅ 482
ਪੂਰਕ ਜਾਣਕਾਰੀ 485
ਕੁਛ ਅੰਤਕੇ 498
ਨਾਮਾਵਾਲੀ 522



Digitized by Panjab Digital Library | www.panjabdigilib.org

## ਖੰਡ ਪਹਿਲਾ

# ਇਤਿਹਾਸਕ ਪਿਛਵਾੜ

ਅਕਾਲੀ ਤਹਿਰੀਕ ਨੂੰ ਸਮਝਣ ਲਈ ਇਸ ਦੇ ਇਤਿਹਾਸਕ ਪਿਛਵਾੜ ਦੀ ਕੁਛ ਜਾਣਕਾਰੀ ਬਹੁਤ ਜ਼ਰੂਰੀ ਹੈ । ਇਸ ਦੇ ਜਾਣਿਆਂ ਬਗੈਰ ਅਕਾਲੀ ਸੰਗਰਾਮਾਂ ਦੀ ਜ਼ਰੂਰਤ ਦੀ ਪੂਰੀ ਸਮਝ ਨਹੀਂ ਪੈ ਸਕਦੀ । ਇਹ ਤਹਿਰੀਕ ਪਹਿਲੀ ਜਗਤ ਜੰਗ ਦੇ ਖਾਤਮੇ ਦੇ ਥੋੜ੍ਹਾ ਚਿਰ ਹੀ ਪਿਛੋਂ ਸ਼ੁਰੂ ਹੋ ਗਈ ਸੀ ਅਤੇ ਛੇ ਸੱਤ ਸਾਲ ਇਸ ਨੇ ਤਾਕਤਵਰ ਅੰਗਰੇਜ਼ ਰਾਜ ਨੂੰ ਹਫੜਾ ਦਫੜੀ ਪਾਈ ਰਖੀ ਸੀ ।

## 1. ਪੰਜਾਬ ਬਾਰੇ ਅੰਗਰੇਜ਼ ਰਾਜ ਦੀ ਰਣਨੀਤੀ

ਅੰਗਰੇਜ਼ ਸਾਮਰਾਜ ਦੀ ਰਣ-ਨੀਤੀ ਵਿਚ ਪੰਜਾਬ ਨੂੰ ਵਿਸ਼ੇਸ਼ ਥਾਂ ਪਰਾਪਤ ਸੀ । ਪੰਜਾਬ ਵਿਚੋਂ ਅੰਗਰੇਜ਼ ਸਾਮਰਾਜ ਦੇ ਜੰਗ ਲਈ ਦਸਾਂ ਦਸਾਂ ਬਾਰ੍ਹਾਂ ਬਾਰ੍ਹਾਂ ਰੁਪਇਆਂ ਮਾਹਵਾਰ ਉਤੇ ਫੌਜੀ ਭਰਤੀ ਲਈ ਸੋਹਣੇ ਨਿਰੋਏ ਗਭਰੂ ਜਵਾਨ ਮਿਲਦੇ ਸਨ । ਪੰਜਾਬ, ਫੌਜੀ ਭਰਤੀ ਲਈ ਅੰਗਰੇਜ਼ ਰਾਜ ਨੇ ਰਾਖਵੀਂ ਰੱਖ ਬਣਾਈ ਹੋਈ ਸੀ ! ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚੋਂ ਭਰਤੀ ਉਤੇ ਏਨਾ ਜ਼ੋਰ ਨਹੀਂ ਸੀ ਦਿਤਾ ਜਾਂਦਾ ਜਿੰਨਾ ਪੰਜਾਬ ਵਿਚੋਂ ਭਰਤੀ ਉਤੇ ਦਿਤਾ ਜਾਂਦਾ ਸੀ ।

ਅੰਗਰੇਜ਼ ਸਾਮਰਾਜ ਨੇ, ਆਪਣੇ ਸਾਮਰਾਜੀ ਸੁਆਰਥਾਂ ਕਾਰਣ, ਹਿੰਦੁਸਤਾਨ ਨੂੰ ਮਾਰਸ਼ਲ (ਫੌਜੀ, ਜੰਗਜੂ) ਅਤੇ ਗੈਰ ਮਾਰਸ਼ਲ (ਗੈਰ-ਜੰਗਜੂ) ਵਰਗਾਂ ਵਿਚ ਵੰਡ ਦਿਤਾ ਸੀ । ਪੰਜਾਬ ਮਾਰਸ਼ਲ ਵਰਗ ਦੇ ਪਹਿਲੇ ਖਾਨੇ ਵਿਚ ਦਰਜ ਸੀ । ਏਥੋਂ ਦੇ ਮੁਸਲਮਾਨਾਂ ਤੇ ਸਿੱਖਾਂ ਨੂੰ ਭਰਤੀ ਵੇਲੇ ਪਹਿਲ ਮਿਲਦੀ ਸੀ ਅਤੇ ਇਹਨਾਂ ਦੋਹਾਂ ਵਿਚੋਂ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਸਿੱਖ ਤਰਜੀਹ ਦੇ ਹਕਦਾਰ ਸਨ ।

ਤੁਸੀਂ ਰੋਲਟ ਰਿਪੋਰਟ ਪੜ੍ਹੋ ਜਾਂ ਹੰਟਰ ਕਮੇਟੀ ਰਿਪੋਰਟ, ਰਸ਼ਬਰੁਕ ਵਿਲੀਅਮਜ਼ ਦਾ 'ਇੰਡੀਆ' ਪੜ੍ਹੋ ਜਾਂ ਅੰਗਰੇਜ਼ ਰਾਜ ਦੀ ਸੁਰੱਖਿਆ ਬਾਰੇ ਹੋਰ ਕੋਈ ਨੋਟ—ਜਿਥੇ ਵੀ ਪੰਜਾਬ ਦਾ ਜ਼ਿਕਰ ਆਏਗਾ ਉਥੇ ਹੀ ਤੁਹਾਨੂੰ ਉਤਲੀ ਹਕੀਕਤ ਸਾਫ ਉਘੜਦੀ ਨਜ਼ਰ ਆਏਗੀ । ਖੂੰਖਾਰ ਓਡਵਾਇਰ ਦੀਆਂ ਨਜ਼ਰਾਂ ਵਿਚ "ਹਿੰਦੁਸਤਾਨ ਵਿਚ ਫੌਜੀ ਸਥਿਤੀ ਦੀ ਕੁੰਜੀ ਪੰਜਾਬ ਸੀ ਅਤੇ ਹਿੰਦੁਸਤਾਨੀ ਫੌਜ ਲਈ ਇਹ ਮੁਖ ਭਰਤੀ ਖੇਤਰ ਸੀ ।"[1] "ਜੰਗ ਦੇ ਚਹੁੰ ਸਾਲਾਂ ਵਿਚ ਸਿੱਖਾਂ ਨੇ ਆਪਣੀ ਕੁਲ 25 ਲੱਖ ਦੀ ਆਬਾਦੀ ਵਿਚੋਂ (ਬਰਿਟਿਸ਼ ਇੰਡੀਆ ਦਾ ਇਕ ਫੀ ਸਦੀ ਨਾਲੋਂ ਵੀ ਘੱਟ) ਨਬੇ ਹਜ਼ਾਰ ਨਾਲੋਂ ਕਿਸੇ ਤਰ੍ਹਾਂ ਵੀ ਘਟ ਲੜਾਕੂ ਜਵਾਨ ਮੁਹੱਈਆ ਨਹੀਂ ਸਨ ਕੀਤੇ ।"[2]

ਇਹ ਸੀ ਬਰਿਟਿਸ਼ ਸਾਮਰਾਜ ਲਈ ਰਣ-ਨੀਤਕ ਮਹੱਤਤਾ ਪੰਜਾਬ ਦੀ । ਐਵੇਂ

[1] India as I knew It. page 200

[2] ਉਤਲਾ ਹੀ, ਪੰਨਾ 207

Digitized by Panjab Digital Library | www.panjabdigilib.org

ਨਹੀਂ ਸਨ ਉਤੋਂ ਹਦਾਇਤਾਂ ਕੀਤੀਆਂ ਜਾਂਦੀਆਂ, "**ਜ਼ਿਲਾ ਅਫਸਰਾਂ ਦਾ ਇਹ ਨਿਸ਼ਾਨਾ ਹੋਣਾ ਚਾਹੀਦਾ ਹੈ ਕਿ ਜਿਥੋਂ ਤਕ ਸੰਭਵ ਹੋਵੇ ਉਹ ਦਿਹਾਤੀ ਜਮਾਤਾਂ ਨੂੰ ਅਣਚਾਹਵੇਂ ਅਸਰਾਂ ਦੀ ਅਸੁਰਖਿਅਤਤਾ ਤੋਂ ਬਚਾਕੇ ਰੱਖਣ** ।"[1] (ਜ਼ੋਰ ਮੇਰਾ) ।

ਇਸ ਲਈ ਪੰਜਾਬ ਵਿਚ ਕੋਈ ਧਾਰਮਕ ਜਾਂ ਰਾਜਸੀ ਤਹਿਰੀਕ ਨਹੀਂ ਸੀ ਉਠਣ ਦਿਤੀ ਜਾਂਦੀ ਜਿਹੜੀ ਭਰਤੀ ਵਿਚ ਵਿਘਨ ਪਾਵੇ, ਫ਼ੌਜੀਆਂ ਉਤੇ ਗੈਰ-ਨਿਰੋਆ ਅਸਰ ਪਾਵੇ ਅਤੇ ਗੌਰਮਿੰਟ ਨੂੰ "ਪਰੇਸ਼ਾਨ ਕਰੇ"; ਅਤੇ ਜੇ ਕੋਈ ਤਹਿਰੀਕ ਸਿਰ ਚੁਕੇ ਤਾਂ ਓਸੇ ਵੇਲੇ ਉਸ ਦਾ ਸਿਰ ਤੋੜ ਦਿਤਾ ਜਾਵੇ । ਏਹੋ ਸੀ ਮੁਖ ਕਾਰਣ ਲਾਇਲਪੁਰ ਦੀ 1906-7 ਅਤੇ ਗਦਰ ਤਹਿਰੀਕ ਦੇ ਬੇਰਹਿਮੀ ਨਾਲ ਕੁਚਲਣ ਦਾ !

ਇਸ ਰਣਨੀਤੀ ਲਈ ਜ਼ਰੂਰੀ ਸੀ ਕਿ ਪੰਜਾਬ ਨੂੰ ਹਰ ਖੇਤਰ—ਆਰਥਕ, ਧਾਰਮਕ, ਵਿਦਿਅਕ, ਸਮਾਜਕ ਵਿਚ ਪਛੜਿਆਂ ਰਖਿਆ ਜਾਵੇ, ਪੰਜਾਬੀਆਂ ਤੇ ਟੈਕਸ ਵਧੇਰੇ ਤੋਂ ਵਧੇਰੇ ਲਾਏ ਜਾਣ, ਉਹਨਾਂ ਨੂੰ ਕਰਜ਼ਿਆਂ ਦੇ ਬੋਝ ਥੱਲੇ ਦਬਾਕੇ ਰਖਿਆ ਜਾਵੇ, ਉਹਨਾਂ ਦੀ ਪੈਦਾਵਾਰ ਦੀ ਕੀਮਤ ਘੱਟ ਤੋਂ ਘੱਟ ਕਰਕੇ ਰਖੀ ਜਾਏ ਤੇ ਉਹਨਾਂ ਲਈ ਲੋੜੀਂਦੀਆਂ ਚੀਜ਼ਾਂ ਦੇ ਭਾਅ ਮਹਿੰਗੇ ਰਖੇ ਜਾਣ ਤਾਂ ਜੋ ਉਹ ਭੁਖੇ ਮਰਦੇ ਭਰਤੀ ਲਈ ਮਜਬੂਰ ਹੋਣ; ਪੰਜਾਬੀਆਂ ਨੂੰ ਵਿਦਿਆ ਹੀਨ ਰਖਿਆ ਜਾਏ ਤਾਂ ਜੋ ਰੰਗਰੂਟਾਂ ਨੂੰ ਰਾਜ ਦੇ ਹਿਤਾਂ ਦੇ ਸੱਚੇ ਵਿਚ ਢਾਲਣਾ ਆਸਾਨ ਹੋ ਸਕੇ; ਪੰਜਾਬੀਆਂ ਦੇ ਧਰਮਾਂ ਵਿਚ ਜਿਹੜੇ ਮਹੰਤ, ਮੌਲਵੀ ਤੇ ਪੰਡਤ ਵਹਿਮ ਪਰਸਤੀ, ਦੁਰਾਚਾਰ ਤੇ ਕੁਕਰਮ ਫੈਲਾਂਦੇ ਹਨ ਅਤੇ ਇਹਨਾਂ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਤੋੜਦੇ ਮਰੋੜਦੇ ਹਨ, ਉਹਨਾਂ ਨੂੰ ਖੁਲ੍ਹੀ ਛੁੱਟੀ ਦਿਤੀ ਜਾਏ ਤਾਂ ਜੁ ਧਰਮਾਂ ਨੂੰ ਵੀ ਅੰਗਰੇਜ਼ ਰਾਜ ਦੀ ਸਦੀਵਤਾ ਲਈ ਵਰਤਿਆ ਜਾ ਸਕੇ !

## 2. ਅੰਗਰੇਜ਼ ਰਾਜ ਤੇ ਸਿਖ ਗੁਰਦੁਆਰੇ

1857 ਦੀ ਆਜ਼ਾਦੀ ਦੀ ਪਹਿਲੀ ਜੰਗ ਦੇ ਕੁਚਲੇ ਜਾਣ ਪਿਛੋਂ 1858 ਵਿਚ ਮਹਾਰਾਣੀ ਵਿਕਟੋਰੀਆ ਨੇ ਏਲਾਨ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਹਿੰਦੁਸਤਾਨੀ ਲੋਕਾਂ ਦੇ ਮਜ਼ਹਬੀ ਮਾਮਲਿਆਂ ਵਿਚ ਦਖਲ ਨਹੀਂ ਦੇਵੇਗੀ । ਇਸ ਏਲਾਨ ਤੇ ਹਿੰਦੁਸਤਾਨ ਦੇ ਅੰਗਰੇਜ ਹਾਕਮਾਂ ਨੇ ਗੈਰ-ਸਿੱਖ ਮਜ਼ਹਬਾਂ ਸਬੰਧੀ ਕਿੰਨਾ ਕੁ ਅਮਲ ਕੀਤਾ, ਖੋਜ ਮੰਗਦਾ ਹੈ । ਜਿਥੋਂ ਤਕ ਸਿੱਖ ਧਰਮ ਤੇ ਉਹਨਾਂ ਦੇ ਗੁਰਦੁਆਰਿਆਂ ਦਾ ਸਬੰਧ ਸੀ ਅੰਗਰੇਜ਼ ਹਾਕਮਾਂ ਦੀ ਪਾਲਿਸੀ ਇਸ ਏਲਾਨ ਦੇ ਉਲਟ ਸੀ—ਇਹ ਸੀ ਕਿ ਸਿੱਖ ਧਰਮ ਅਤੇ ਉਹਨਾਂ ਦੇ ਗੁਰਦੁਆਰਾ ਪਰਬੰਧ ਵਿਚ ਦਖਲ ਦਿਤਾ ਜਾਏ, ਇਹਨਾਂ ਨੂੰ ਆਪਣੇ ਅਧੀਨ ਜਾਂ ਘੱਟੋ ਘੱਟ ਅਸਰ ਥਲੇ ਰਖਿਆ ਜਾਵੇ ਅਤੇ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਿਆ ਜਾਏ ।

ਉਂਞ ਵੀ ਅੰਗਰੇਜ਼ ਹਾਕਮ ਏਹੋ ਜੇਹੇ ਏਲਾਨ ਅਮਲ ਕਰਨ ਲਈ ਨਹੀਂ ਸਨ ਕਰਦੇ, ਲੋਕਾਂ ਦੀ ਅੱਖੀਂ ਘੱਟਾ ਪਾਕੇ ਛਿੱਕੇ ਉਤੇ ਟੰਗ ਛੱਡਣ ਲਈ ਕਰਦੇ ਸਨ । ਉਹਨਾਂ ਦੀਆਂ ਆਪਣੀਆਂ ਲਿਖਤਾਂ ਜ਼ਾਹਰ ਕਰਦੀਆਂ ਹਨ ਕਿ ਸਿੱਖ ਧਰਮ ਤੇ ਗੁਰਦੁਆਰਿਆਂ ਨੂੰ ਆਪਣੇ ਅਧੀਨ ਰਖਣਾ ਉਹਨਾਂ ਦੀ ਤੈ-ਕੀਤੀ ਪਾਲਿਸੀ ਸੀ । ਏਸੇ ਪਾਲਿਸੀ ਦੇ ਅਧੀਨ ਸਿਖ-ਰਾਜ ਦੀ ਸ਼ਿਕਸਤ ਦੇ ਕੁਛ ਸਾਲ ਪਿਛੋਂ ਹੀ ਉਹਨਾਂ ਨੇ ਦਰਬਾਰ ਸਾਹਿਬ ਅਮਰਿਤਸਰ ਤੇ ਉਸ ਨਾਲ ਸੰਬੰਧਤ ਗੁਰਦੁਆਰਿਆਂ ਨੂੰ ਆਪਣੇ ਅਧੀਨ ਕਰ ਲਿਆ ਅਤੇ ਸਿੱਖ ਧਰਮ ਨੂੰ ਤੋੜਨਾ ਮਰੋੜਨਾ ਅਤੇ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਨੂੰ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਣਾ

[1] File no 203-204 Sheikh Asghar Ali's letter to all Commissioners and D. C. 's Punjab—8th Oct, 1920, Simla.

Digitized by Panjab Digital Library | www.panjabdigilib.org

ਸ਼ੁਰੂ ਕੀਤਾ ।

ਅੰਗਰੇਜ਼ ਹਾਕਮਾਂ ਦੇ ਸਿੱਖ ਧਰਮ ਵਿਚ ਦਖਲ ਦੇਣ ਦੇ ਸਵਾਲ ਉਤੇ ਵੀ ਵਧੇਰੇ ਖੋਜ ਕਰਨ ਦੀ ਲੋੜ ਹੈ। ਪੰਜਾਬ ਦੇ ਇਤਿਹਾਸਕਾਰਾਂ, ਖਾਸ ਕਰ, ਸਿੱਖ ਇਤਿਹਾਸਕਾਰਾਂ ਲਈ ਇਹ ਖੋਜ ਨੰਬਰ ਇਕ ਕੰਮ ਹੈ। ਪਰ ਜੋ ਕੁਛ ਇਸ ਵੇਲੇ ਮਿਲ ਸਕਿਆ ਹੈ ਉਹ ਇਸ ਦਖਲ ਨੂੰ ਪੂਰੀ ਤਰ੍ਹਾਂ ਸਾਬਤ ਕਰਦਾ ਹੈ ਅਤੇ ਕਿਸੇ ਕਿਸਮ ਦੀ ਗੁੰਜਾਇਸ਼ ਨਹੀਂ ਰਹਿਣ ਦੇਂਦਾ। ਅਸੀਂ ਇਸ ਨੁਕਤੇ ਨੂੰ ਸਿੱਧ ਕਰਨ ਲਈ ਕੁਛ ਹਵਾਲੇ ਦੇਂਦੇ ਹਾਂ।

"1881 ਵਿਚ ਪੰਜਾਬ ਦੇ ਲੈਫਟੀਨੰਟ ਗਵਰਨਰ ਇਜਰਟਨ ਨੇ ਲਾਟ ਰਿਪਨ ਨੂੰ ਚਿਠੀ ਲਿਖੀ ਜਿਸ ਵਿਚ ਉਸ ਨੇ ਆਖਿਆ, "ਸਿਖ ਗੁਰਦੁਆਰਿਆਂ ਦੇ ਪਰਬੰਧ ਨੂੰ ਅਜੇਹੀ ਕਮੇਟੀ ਦੇ ਹਥਾਂ ਵਿਚ ਜਾਣ ਦੇਣ ਦੀ ਆਗਿਆ ਦੇਣਾ ਜਿਹੜੀ ਗੌਰਮਿੰਟ ਕੰਟਰੋਲ ਤੋਂ ਆਜ਼ਾਦ ਹੋ ਚੁਕੀ ਹੋਵੇ ਰਾਜਸੀ ਤੌਰ ਤੇ ਖਤਰਨਾਕ ਹੋਵੇਗਾ। ਮੈਂ ਭਰੋਸਾ ਕਰਦਾ ਹਾਂ ਕਿ ਸਿਰੀ ਹਜ਼ੂਰ ਇਸ ਮਾਮਲੇ ਵਿਚ ਅਜੇਹੇ ਹੁਕਮ ਜਾਰੀ ਕਰਨ ਵਿਚ ਸਹਾਈ ਹੋਣਗੇ ਜਿਹੜੇ ਕਿ ਉਸ ਸਿਸਟਮ ਨੂੰ ਜਾਰੀ ਰਖਣ ਦੇ ਯੋਗ ਬਨਾਣ ਜਿਹੜਾ ਪਿਛਲੇ ਤੀਹਾਂ ਸਾਲਾਂ ਦੇ ਵਧ ਅਰਸੇ ਤੋਂ ਸਫਲਤਾ ਨਾਲ ਅਮਲ ਵਿਚ ਆ ਰਿਹਾ ਹੈ।"

ਇਹ ਉਸ ਵੇਲੇ ਦੀ ਗੱਲ ਹੈ ਜਦੋਂ ਕਿ ਦਰਬਾਰ ਸਾਹਿਬ ਤੇ ਉਸ ਨਾਲ ਸੰਬੰਧਤ ਤੇ ਹੋਰ ਗੁਰਦੁਆਰਿਆਂ ਉਤੇ ਗੌਰਮਿੰਟ ਨੇ ਆਪਣਾ ਪੂਰਾ ਅਧਿਕਾਰ ਜਮਾ ਲਿਆ ਹੋਇਆ ਸੀ ਅਤੇ ਸਿਖਾਂ ਦੀ ਕਮੇਟੀ ਜਿਹੜੀ ਇਹਨਾਂ ਗੁਰਦੁਆਰਿਆਂ ਦਾ ਮਾੜਾ ਮੋਟਾ ਪਰਬੰਧ ਵੀ ਕਰਦੀ ਸੀ, ਖਤਮ ਕਰ ਦਿਤੀ ਜਾ ਚੁਕੀ ਸੀ। ਗੌਰਮਿੰਟ ਨੇ ਗੁਰਦੁਆਰਿਆਂ ਰਾਹੀਂ 1857 ਦੀ ਪਹਿਲੀ ਆਜ਼ਾਦੀ ਦੀ ਜੰਗ ਵਿਚ ਸਿੱਖਾਂ ਨੂੰ ਆਪਣੀ ਮਦਦ ਲਈ ਵਰਤਿਆ, ਆਪਣੀ ਡੁਬਦੀ ਸਾਮਰਾਜੀ ਬੇੜੀ ਨੂੰ ਬਚਾਇਆ ਅਤੇ ਸਿੱਖਾਂ ਦੀ ਅੱਖੀਂ ਘੱਟਾ ਪਾਣ ਲਈ ਪੁਜਾਰੀਆਂ ਨੂੰ ਵਰਤ ਕੇ ਜਨਰਲ ਨਿਕਲਸਨ ਨੂੰ ਦਰਬਾਰ ਸਾਹਿਬ ਅਮਰਿਤਸਰ ਵਿਚ ਸਿੱਖ ਬਨਾਣ ਦਾ ਢੌਂਗ ਰਚਿਆ।

ਸਿਖਾਂ ਨੇ ਅੰਗਰੇਜ਼ਾਂ ਕੋਲੋਂ ਪੰਜਾਬ ਨਾਲ ਕੀਤੇ ਧੋਖੇ ਦਾ ਬਦਲਾ ਲੈਣ ਦਾ ਸੋਹਣਾ ਮੌਕਾ ਹੱਥੋਂ ਗੁਆ ਦਿਤਾ।

ਲੈਫਟੀਨੰਟ ਗਵਰਨਰ ਡੈਨਜ਼ਿਲ ਇਬੱਸਟਨ ਨੂੰ ਲਾਇਲਪੁਰ ਦੀ 1906-7 ਦੀ ਕਾਲੋਨੀ ਐਕਟ ਦੇ ਖਿਲਾਫ ਐਜੀਟੇਸ਼ਨ ਨੇ ਬੜਾ ਰੋਹ ਵਿਚ ਲੈ ਆਂਦਾ। ਕਿਉਂਕਿ ਐਜੀਟੇਸ਼ਨ ਦਾ ਮੂੰਹ ਵਧੇਰੇ ਸਿੱਖਾਂ ਤੇ ਰਜਮਿਟਾਂ ਦੇ ਉਹਨਾਂ ਜ਼ਿਲਿਆਂ ਵਲ ਸੀ, ਜਿਹੜੇ "ਦੇਸੀ ਫੌਜ ਲਈ ਭਾਰੀ ਗਿਣਤੀ ਵਿਚ ਰੰਗਰੂਟ ਮੁਹੱਈਆ ਕਰਦੇ ਹਨ!" ਅਤੇ "ਉਹਨੂੰ ਸਿੱਖਾਂ ਦੇ ਮਾਮਲੇ ਵਿਚ ਉਚੇਚੇ ਤੌਰ ਤੇ ਬੜਾ ਖਤਰਾ ਭਾਸਿਆ ਕਿਉਂਕਿ ਸਿਰਫ ਸੱਠ ਸਾਲ ਹੀ ਹੋਏ ਜਦੋਂ ਪੰਜਾਬ ਵਿਚ ਉਹ (ਸਿੱਖ) ਰਾਜ ਕਰਦੇ ਸਨ। ਇਹ ਉਹਨਾਂ ਦੀ ਵਫਾਦਾਰਾਨਾ ਇਮਦਾਦ ਹੀ ਸੀ ਜਿਸ ਨੇ 'ਸਾਨੂੰ ਗਦਰ ਦੇ ਕੁਚਲਣ ਦੇ ਯੋਗ ਬਣਾਇਆ" ਪਰ ਹੁਣ ਇਹ ਕੀ ਹਨੇਰ, "ਕੁਛ ਚਿਰ ਤੋਂ (ਸਿੰਘ ਸਭਾ ਦੀ) ਧਾਰਮਕ ਲਹਿਰ ਸਿੱਖਾਂ ਵਿਚ ਢੇਰ ਸਾਰੀ ਤਰਕੀ ਕਰ ਗਈ ਹੈ ਜਿਹੜੀ ਕਿ ਇਕ-ਮੁਠਤਾ ਤੇ (ਹਾਕਮ) ਜਮਾਤ (ਰਹਿ ਚੁਕਣ) ਦੇ ਫਖਰ ਵਲ ਦਾ ਝੁਕਾਅ ਰਖਦੀ ਹੈ। ਇਹ ਲਹਿਰ ਸਿਖਾਂ ਨੂੰ, ਭਲੇ ਜਾਂ ਬੁਰੇ ਲਈ, ਵਧੇਰੇ ਬਲਵਾਨ ਬਣਾ ਦੇਵੇਗੀ।"[1]

ਅੰਗਰੇਜ਼ ਹਾਕਮਾਂ ਨੂੰ ਸਿੰਘ ਸਭਾ ਦੀ ਵਫਾਦਾਰ ਲਹਿਰ ਅਤੇ ਉਸ ਦੇ ਵਫਾਦਾਰ ਆਗੂਆਂ ਤੋਂ ਵੀ ਖਤਰਾ ਭਾਸਦਾ ਸੀ ਕਿਉਂਕਿ ਇਹ ਲਹਿਰ ਸਿੱਖਾਂ ਨੂੰ ਇਕ ਤੇ ਇਕ-ਮੁੱਠ ਕਰ

[1] Autobiographical writings of L. Lajpat Rai—pages 238—239.

Digitized by Panjab Digital Library | www.panjabdigilib.org

ਰਹੀ ਸੀ ਅਤੇ ਇਸ ਇਕ-ਮੁੱਠਤਾ ਨਾਲ ਉਹਨਾਂ ਦੇ ਦਿਲਾਂ ਵਿਚ ਸਿੱਖ ਰਾਜ ਦਾ ਅੰਗੂਰ ਮੁੜ ਸਿਰ ਚੁਕ ਸਕਦਾ ਸੀ। ਇਸ ਲਈ ਇਬੱਸਟਨ ਨੇ ਹਿੰਦ ਸਰਕਾਰ ਨੂੰ ਇਕ ਵੱਡਾ ਨੋਟ ਲਿਖਿਆ ਜਿਸ ਵਿਚ ਇਸ ਬਗਾਵਤ ਦੇ ਅਮਲ ਨੂੰ ਰੋਕਣ ਲਈ ਉਸਨੇ ਦਿੱਲੀ ਸਰਕਾਰ ਤੋਂ ਮੰਗ ਕੀਤੀ ਕਿ "ਉਸ ਨੂੰ ਤਾਕਤ ਦਿਤੀ ਜਾਏ ਕਿ ਉਹ ਜਿਥੇ ਚਾਹੇ ਬਗੈਰ ਕਾਰਣ ਦੱਸਿਆਂ ਮੀਟਿੰਗਾਂ ਕਰਨੀਆਂ ਰੋਕ ਸਕੇ, ਜਿਸ ਆਗੂ ਜਾਂ ਵਰਕਰ ਨੂੰ ਚਾਹੇ ਤਕਰੀਰਾਂ ਕਰਨੋ ਰੋਕ ਸਕੇ; ਪਰੈਸ ਕਾਨੂੰਨ ਉਹਨੂੰ ਅਖਬਾਰਾਂ ਦੇ ਬੰਦ ਕਰਨ ਤੇ ਮੁੜਕੇ ਉਹਨਾਂ ਦੇ ਨਿਕਲਣੋਂ ਰੋਕਣ ਦੀ ਤਾਕਤ ਦੇਵੇ; ਵਗੈਰਾ!"[1]

ਸਿੱਖਾਂ, ਸਿੰਘ ਸਭਾ ਲਹਿਰ, ਚੀਫ ਖਾਲਸਾ ਦੀਵਾਨ, ਐਜੂਕੇਸ਼ਨਲ ਕਾਨਫਰੰਸ ਵਗੈਰਾ ਦੇ ਧਾਰਮਕ ਤੇ ਰਾਜਸੀ ਮੁਹਾਣਾਂ ਦਾ ਡੂੰਘਾ ਅਧਿਅਨ ਕਰਨ ਦਾ ਕੰਮ ਮਿਸਟਰ ਡੀ ਪੈਟਰੀ ਨੂੰ ਸੌਂਪਿਆ ਗਿਆ। ਇਹ ਸ਼ਖਸ ਜਾਸੂਸੀ ਮਹਿਕਮੇ ਦੀ ਨਵੀਂ ਨਵੀਂ ਟਰੇਨਿੰਗ ਲੈ ਕੇ ਆਇਆ ਸੀ, ਇਸ ਨੇ ਅਕਤੂਬਰ 1911 ਵਿਚ "ਸਿਖ ਜਾਤੀ, ਸਿੰਘ ਸਭਾਵਾਂ ਅਤੇ ਚੀਫ ਖਾਲਸਾ" ਸਬੰਧੀ ਇਕ ਮੈਮੋਰੈਂਡਮ ਤਿਆਰ ਕੀਤਾ ਜਿਸ ਤੋਂ ਸਿੱਖਾਂ ਸਬੰਧੀ ਅੰਗਰੇਜ਼ ਹਾਕਮਾਂ ਦੀ ਪਾਲਿਸੀ ਬੜੀ ਸਪਸ਼ਟ ਤੌਰ ਤੇ ਨੰਗੀ ਹੁੰਦੀ ਤੇ ਸਾਮ੍ਹਣੇ ਔਂਦੀ ਹੈ।

ਅੰਗਰੇਜ਼ ਹਾਕਮਾਂ ਨੇ ਸਿੱਖ ਧਰਮ ਨੂੰ ਆਪਣੇ ਰਾਜਸੀ ਸੁਆਰਥਾਂ ਲਈ ਢਾਲ ਲਿਆ ਸੀ ਤਾਂ ਜੋ ਉਹ ਸਿੱਖਾਂ ਨੂੰ "ਲੜਨ ਵਾਲੀ ਮਸ਼ੀਨ" ਦੇ ਤੌਰ ਤੇ ਆਪਣੇ ਰਾਜ ਦੀ ਰਖਿਆ ਤੇ ਪਸਾਰ ਲਈ ਵਰਤ ਸਕਣ। ਸ਼ਬਦ 'ਮਸ਼ੀਨ' ਬੜਾ ਅਰਥਾਂ-ਭਰਿਆ ਹੈ। ਵਫਾਦਾਰੀ ਨੇ ਸਿੱਖਾਂ ਦੀ ਸੋਚ-ਸ਼ਕਤੀ ਨੂੰ ਤਾਲੇ ਲਾ ਦਿਤੇ ਸਨ। ਉਹਨਾਂ ਦੇ ਦਿਮਾਗ ਵਿਚ ਕੁੱਟ ਕੁੱਟ ਕੇ ਭਰ ਦਿਤਾ ਗਿਆ ਸੀ ਕਿ ਅੰਗਰੇਜ਼ ਆਏ ਹੀ ਗੁਰੂ ਤੇਗ ਬਹਾਦਰ ਦੀ ਪੇਸ਼ੀਨ-ਗੋਈ ਦੇ ਮੁਤਾਬਕ ਸਨ। ਮੈਕਾਲਫ ਨੇ ਇਸ ਸਬੰਧੀ ਇਸ਼ਾਰਾ ਕਰਦਿਆਂ ਲਿਖਿਆ ਸੀ ਕਿ "ਸਿੱਖ ਪਵਿਤਰ ਗਰੰਥ ਵਿਚ ਬਰਿਟਿਸ਼ ਲੋਕਾਂ ਦੀ ਵਫਾਦਾਰੀ ਦੇ ਹੁਕਮ ਮੁਖਤਲਿਫ ਪੇਸ਼ੀਨ-ਗੋਈਆਂ ਰਾਹੀਂ ਦਿਤੇ ਗਏ ਹਨ। ਉਸ ਦੇ ਵਿਚਾਰ ਵਿਚ, ਇਹ ਏਹੋ ਜੇਹੀਆਂ ਪੇਸ਼ੀਨ-ਗੋਈਆਂ ਹੀ ਹਨ ਜਿਨ੍ਹਾਂ ਨੇ ਸਿਖਾਂ ਨੂੰ ਬਰਿਟਿਸ਼ ਤਾਜ ਦੀ ਅਤਿਅੰਤ ਵਫਾਦਾਰ, ਸ਼ਰਧਾਲੂ ਤੇ ਬਹਾਦਰ ਰਿਆਇਆ ਬਣਾਇਆ ਹੈ।"[2] (ਅੰਕੜਾ 9.)

ਵੀਹਵੀਂ ਸਦੀ ਤੋਂ ਪਹਿਲੋਂ ਦੀਆਂ ਸਿੰਘ ਸਭਾਵਾਂ ਅੰਗਰੇਜ਼ ਹਾਕਮਾਂ ਤੇ ਉਹਨਾਂ ਦੀ ਪਾਲਿਸੀ ਨਾਲ ਇੱਕ ਮਿੱਕ ਹੋਈਆਂ ਸਨ। ਚੀਫ ਖਾਲਸਾ ਦੀਵਾਨ ਦੇ ਵਜੂਦ ਵਿਚ ਔਣ ਨਾਲ ਸਿੱਖ ਧਰਮ ਦੇ ਅਸੂਲਾਂ ਤੇ ਇਤਿਹਾਸ ਵੱਲ ਕੁਛ ਵਧੇਰੇ ਧਿਆਨ ਦਿਤਾ ਜਾਣ ਲਗਾ। ਉਪਦੇਸ਼ਕ ਰਖੇ ਗਏ ਜਿਨ੍ਹਾਂ ਨੇ ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਸਿੱਖ ਸ਼ਹੀਦੀ ਦੀਆਂ ਉਚੀਆਂ ਰਵਾਇਤਾਂ ਅਤੇ ਜਥੇਬੰਦੀ ਉਤੇ ਜ਼ੋਰ ਦੇਣਾ ਸ਼ੁਰੂ ਕੀਤਾ। ਸਿੱਖ ਪਰੋਫੈਸਰਾਂ ਨੇ ਖਾਲਸਾ ਕਾਲਜ ਵਿਚ ਵਿਦਿਆਰਥੀਆਂ ਸਾਮ੍ਹਣੇ ਸਿੱਖ ਮੱਤ ਦੀ ਮਹੱਤਤਾ ਅਤੇ ਵਿਦਿਆ ਰਾਹੀਂ ਆਪਣੀ ਅਧੋਗਤੀ ਵਿਚੋਂ ਨਿਕਲਣ ਅਤੇ ਵਿਦਿਅਕ ਪਛੜੇਵਾਂ ਦੂਰ ਕਰਨ ਉਤੇ ਸਿਧੇ ਅਸਿਧੇ ਢੰਗ ਨਾਲ ਲੈਕਚਰ ਦਿਤੇ! ਚੀਫ ਖਾਲਸਾ ਦੀਵਾਨ ਦੀਆਂ ਇਹਨਾਂ ਧਾਰਮਕ ਤੇ ਵਿਦਿਅਕ ਕਾਰਵਾਈਆਂ ਵਿਚੋਂ

[1] ਉਪਰੋਕਤ ਹੀ

[2] Memorandum : The politics of Sikh Community, Singh sabhas and the Chief Khalsa Diwan : by D. Petrie : numeral 9.

Digitized by Panjab Digital Library | www.panjabdigilib.org

ਅੰਗਰੇਜ਼ ਹਾਕਮਾਂ ਨੂੰ ਰਾਜਨੀਤਕ ਦੀ ਸੁੰਘ ਔਣ ਲੱਗ ਪਈ। ਇਕ ਵਫਾਦਾਰ ਜਮਾਤ ਨੂੰ ਸ਼ਕ ਨਾਲ ਵੇਖਿਆ ਜਾਣ ਲਗ ਪਿਆ ਅਤੇ ਇਸ ਦੀਆਂ ਕਾਰਵਾਈਆਂ ਤੇ ਖੁਫੀਆ ਰਿਪੋਰਟਾਂ ਹਾਸਲ ਕੀਤੀਆਂ ਜਾਣ ਲਗ ਪਈਆਂ।

ਇਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਅੰਗਰੇਜ਼ ਹਾਕਮ ਸਿੱਖਾਂ ਵਿਚ ਆਪਣੀ ਮਰਜ਼ੀ ਦੇ 'ਸਿੱਖ ਧਰਮ ਪਰਚਾਰ' ਤੋਂ ਛੁੱਟ ਹੋਰ ਕੋਈ ਪਰਚਾਰ ਨਹੀਂ ਸਨ ਚਾਹੁੰਦੇ। ਉਹਨਾਂ ਲਈ ਵਫਾਦਾਰੀ ਦੀ ਸ਼ਰਤ ਇਹ ਸੀ ਕਿ ਸਿੱਖ ਧਰਮ ਦਾ ਪਰਚਾਰ ਉਹ ਹੋਵੇ ਜਿਹੜਾ ਉਹਨਾਂ ਨੂੰ ਮਨਜ਼ੂਰ ਹੋਵੇ। "ਏਕਤਾ, ਕੌਮ ਲਈ ਕੁਰਬਾਨੀ, ਸਿੱਖਾਂ ਦੀ ਗਿਰੀ ਹੋਈ ਹਾਲਤ ਅਤੇ ਰਾਜਸੀ ਪਰੋਪੈਗੰਡੇ ਦੇ ਹੋਰ ਭਿੰਨ ਭਿੰਨ ਸਿਧਾਂਤਾਂ" ਦੀਆਂ ਗੱਲਾਂ "ਸਰਕਾਰ ਦੇ ਹੱਕ ਵਿਚ ਨਹੀਂ ਹਨ, ਸਰਕਾਰ ਦੇ ਖਿਲਾਫ ਹਨ"[1] (ਅੰਕੜਾ 19)

## 3. ਸਿੰਘ ਸਭਾ ਤੇ ਵੀ ਸ਼ੱਕ

ਇਹ ਸੀ ਅੰਗਰੇਜ਼ ਹਾਕਮਾਂ ਦੀ ਮਨੋ-ਬਿਰਤੀ ਉਸ ਵੇਲੇ ਤੇ ਪਿਛੋਂ। ਉਹਨਾਂ ਨੂੰ ਆਪਣੇ ਵਫਾਦਾਰਾਂ ਉਤੇ ਵੀ ਗੈਰ ਵਫਾਦਾਰੀ ਦਾ ਸ਼ਕ ਸੀ। ਉਹਨਾਂ ਨੂੰ ਚੀਫ ਖਾਲਸਾ ਦੀਵਾਨ ਦੇ ਵਫਾਦਾਰ ਆਗੂ ਧਰਮ ਦੇ ਪੜਦੇ ਹੇਠਾਂ ਉਹਨਾਂ ਦੇ ਰਾਜ ਦੇ ਖਿਲਾਫ ਕੰਮ ਕਰ ਰਹੇ ਨਜ਼ਰ ਔਂਦੇ ਸਨ। ਝੂਠੇ ਸ਼ੱਕਾਂ ਨੇ ਉਹਨਾਂ ਦਾ ਮਨ ਇਹ ਬਣਾ ਦਿਤਾ ਜਾਪਦਾ ਸੀ : ਜਿਹੜਾ ਸਾਡੇ ਨਾਲ ਨਹੀਂ, ਸਾਡੇ ਵਾਂਗ ਨਹੀਂ ਸੋਚਦਾ, ਉਹ ਸਾਡੇ ਖਿਲਾਫ ਹੈ। ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿਰਫ ਵਫਾਦਾਰੀ ਨਹੀਂ ਸਨ ਚਾਹੁੰਦੇ, ਅਨੰਨ ਭਗਤੀ ਚਾਹੁੰਦੇ ਸਨ ਜਿਸ ਵਿਚ ਸਿੱਖ ਲਈ ਸਿੱਖ ਧਰਮ ਵੀ ਓਹੋ ਮੰਨਣਾ ਸ਼ਾਮਲ ਸੀ ਜਿਸ ਦੀ ਵਿਆਖਿਆ ਉਹ ਖੁਦ ਕਰਨ।

ਸਿੱਖਾਂ ਦੇ ਵਿਦਿਆ ਹਾਸਲ ਕਰਨ ਤੇ ਲਿਖ-ਪੜ੍ਹ ਜਾਣ ਤੋਂ ਉਹਨਾਂ ਨੂੰ ਡਰ ਲਗਦਾ ਸੀ। ਖਾਲਸਾ ਕਾਲਜ, ਉਹਨਾਂ ਦੀਆਂ ਨਜ਼ਰਾਂ ਵਿਚ, ਵਿਦਿਆਰਥੀਆਂ ਨੂੰ "ਉਘੜਵੀਂ ਰਾਜਸੀ ਸੇਧ" ਦੇ ਦੇ ਬਾਹਰ ਘੱਲ ਰਿਹਾ ਸੀ।" ਅਤੇ ਇਹ ਸੇਧ ਸਪਸ਼ਟ ਤੌਰ ਤੇ ਅੰਗਰੇਜ਼ ਗੌਰਮਿੰਟ ਦੇ ਹਕ ਵਿਚ ਨਹੀਂ ਸੀ। ਹਾਕਮਾਂ ਨੂੰ ਇਸ ਵਿਚ ਕੋਈ ਸ਼ੱਕ ਨਹੀਂ ਸੀ ਜਾਪਦਾ ਕਿ "ਕਾਲਜ ਵਿਚ ਵਿਦਿਆਰਥੀਆਂ ਨੂੰ ਗੌਰਮਿੰਟ ਦੀ ਵਫਾਦਾਰੀ ਦੇ ਖਿਲਾਫ ਵਰਗਲਾਇਆ ਤੇ ਪੱਕਾ ਕੀਤਾ ਜਾ ਰਿਹਾ ਹੈ।" ਵਗੈਰਾ।

ਪਰ ਇਹ ਸਭ ਗੱਲਾਂ ਅਸਲ ਵਿਚ ਵਿਦਿਆ ਦੀ ਹੌਸਲਾ-ਢਾਹੀ ਲਈ ਲਿਖੀਆਂ ਜਾ ਰਹੀਆਂ ਸਨ। ਗੌਰਮਿੰਟ ਦਾ ਅਸਲ ਮਨਸ਼ਾ ਹੇਠਲੇ ਸ਼ਬਦਾਂ ਤੋਂ ਬੜਾ ਸਾਫ ਪਰਗਟ ਹੁੰਦਾ ਹੈ। "ਜੇ ਦੀਵਾਨ ਉੱਠ-ਰਹੀ ਨੌਜਵਾਨ ਸੰਤਾਨ ਲਈ ਮੁਢਲੀ ਵਿਦਿਆ ਦਰੁਸਤ ਟੀਚਰਾਂ ਰਾਹੀਂ ਦੇਣ ਦਾ ਫੈਸਲਾ ਕਰੇ ਤਾਂ ਨਤੀਜਾ ਜੇ ਸਰਗਰਮ ਖਤਰੇ ਦਾ ਨਹੀਂ ਤਾਂ ਸ਼ਰਾਰਤ ਦੇ ਵਧੇਰੇ ਸੰਭਾਵਨਾ ਭਰਪੂਰ ਸੋਮੇ ਦਾ ਹੋਵੇਗਾ।" (ਅੰਕ 20) ਇਸ ਲਈ ਗੌਰਮਿੰਟ ਦਾ ਮਕਸਦ ਸਿਖਾਂ ਨੂੰ ਜਾਹਲ ਤੇ ਅਨਪੜ੍ਹ ਰੱਖਣ ਨਾਲ ਹਲ ਹੁੰਦਾ ਸੀ। ਵਿਦਿਆ ਦੇਣ ਨਾਲ ਉਹਨਾਂ ਦੇ ਗੈਰ ਵਫਾਦਾਰ ਬਣ ਜਾਣ ਦਾ ਖਤਰਾ ਸੀ। ਗੌਰਮਿੰਟ ਬੜੀ ਸੜੀ ਬਲੀ ਹੋਈ ਸੀ ਕਿ ਚੀਫ ਖਾਲਸਾ ਦੀਵਾਨ ਦੇ ਉਪਦੇਸ਼ਕ ਸਿੱਖਾਂ ਵਿਚ ਨਵੀਂ ਜਾਗਰਤ ਪੈਦਾ ਕਰ ਰਹੇ ਸਨ।

ਨਾ ਹੀ ਗੌਰਮਿੰਟ ਨੂੰ ਸਿੱਖ ਐਜੂਕੇਸ਼ਨਲ ਕਾਨਫਰੰਸ ਤੇ ਵਿਦਿਆ ਲਈ ਕੀਤੇ ਜਾ ਰਹੇ ਫੰਡ ਦੀਆਂ ਸਰਗਰਮੀਆਂ ਪਸੰਦ ਸਨ। ਉਹ ਇਸ ਲਈ ਕਿ ਇਹ ਸਰਗਰਮੀਆਂ ਚੀਫ ਖਾਲਸਾ ਦੀਵਾਨ ਵਲੋਂ ਕੀਤੀਆਂ ਜਾ ਰਹੀਆਂ ਸਨ। ਚੀਫ ਖਾਲਸਾ ਦੀਵਾਨ "ਯਕੀਨਨ ਧਾਰਮਕ

---

[1] ਇਹ ਤੇ ਅਗਲੇ ਸਾਰੇ ਹਵਾਲੇ ਮੈਮੋਰੰਡਮ ਵਿਚੋਂ ਦਿਤੇ ਗਏ ਹਨ।

Digitized by Panjab Digital Library | www.panjabdigilib.org

ਤੌਰ ਤੇ ਗੈਰ-ਪੁਰਾਤਨੀ ਅਤੇ ਲਗ ਭਗ ਯਕੀਨਨ ਰਾਜਸੀ ਤੌਰ ਤੇ ਤਾਂਘੀ ਹੈ।" ਇਸ ਲਈ ਇਸ ਦੀਆਂ ਕਾਰਵਾਈਆਂ ਤੋਂ "ਕੁਛ ਚਿੰਤਾ ਪੈਦਾ ਹੁੰਦੀ ਹੈ" ਕਿਉਂਕਿ ਪਤਾ ਨਹੀਂ ਅੰਤ ਨੂੰ ਇਹ "ਕੀ ਰੁਖ ਧਾਰਨ ਕਰਨ।"

ਮਨੋਰਥਾਂ ਵਿਚ ਸਾਫ਼ ਤੌਰ ਤੇ ਦਰਜ ਸੀ ਕਿ ਸਿੱਖ ਐਜੂਕੇਸ਼ਨਲ ਕਾਨਫਰੰਸ "ਗੈਰ-ਸਿਆਸੀ ਜਥੇਬੰਦੀ" ਹੈ। ਪਰ ਗੌਰਮਿੰਟ ਇਹ ਗੱਲ ਕਿਵੇਂ ਮੰਨ ਲੈਂਦੀ ? ਉਹਨੂੰ ਤਾਂ ਇਸ ਵਿਚ ਰਾਜਸੀ ਗੰਧ ਆ ਰਹੀ ਸੀ। ਪੈਟਰੀ ਨੇ ਇਸਨੂੰ ਸਵਾਲ ਦੀ ਸ਼ਕਲ ਵਿਚ ਇਉਂ ਬਿਆਨ ਕੀਤਾ : "ਕੀ ਐਜੂਕੇਸ਼ਨਲ ਕਾਨਫਰੰਸ ਠੀਕ ਵਿਦਿਅਕ ਮਨੋਰਥਾਂ ਲਈ ਹੀ ਸ਼ੁਰੂ ਕੀਤੀ ਗਈ ਹੈ ਜਾਂ ਰਾਜਸੀ ਤਾਘਾਂ ਨੂੰ ਅਗੇ ਖੜਨ ਲਈ? ਅਤੇ ਕੀ ਇਕੱਠੇ ਕੀਤੇ ਤੇ ਦੀਵਾਨ ਦੇ ਹਵਾਲੇ ਕੀਤੇ ਗਏ ਫੰਡ ਸਿਰਫ ਵਿਦਿਆ ਤੇ ਹੀ ਖਰਚ ਕੀਤੇ ਜਾਣਗੇ ਜਾ ਉਹਨਾਂ 'ਕੌਮੀ' ਮਨੋਰਥਾਂ ਲਈ ਜਿਨ੍ਹਾਂ ਨੂੰ ਦੀਵਾਨ ਦਿਲ ਵਿਚ ਵੱਡਾ ਬਣਾ ਕੇ ਰਖਦਾ ਹੈ ?" ਸਾਫ਼ ਜ਼ਾਹਰ ਹੈ ਕਿ ਦੀਵਾਨ ਜੇਹੀ ਵਫਾਦਾਰ ਤੇ ਧਾਰਮਕ ਜਥੇਬੰਦੀ ਦੀ ਹਰ ਕਾਰਵਾਈ ਗੌਰਮਿੰਟ ਨੂੰ ਸ਼ੱਕੀ ਤੇ ਰਾਜਸੀ ਖਸਲਤ ਦੀ ਜਾਪਦੀ ਸੀ ਅਤੇ ਅਫਸਰ ਮਹਿਸੂਸ ਕਰਨ ਲਗ ਪਏ ਸਨ ਕਿ ਵਫਾਦਾਰ ਸਿਖਾਂ ਦੀ ਵਫਾਦਾਰੀ ਜਿਵੇਂ ਖੁਰਨ-ਭੁਰਨ ਲਗ ਪਈ ਹੈ।

ਅਤੇ ਗੌਰਮਿੰਟ ਬੜਾ ਖਤਰਾ ਮਹਿਸੂਸ ਕਰਦੀ ਸੀ ਕਿ "ਜੇ ਕਦੀ ਤੱਤ ਖਾਲਸਾ ਪਾਰਟੀ (ਦੀਵਾਨ) ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ ਅਤੇ ਧਾਰਮਕ ਮਾਮਲਿਆਂ ਵਿਚ ਲੀਡਰ-ਸ਼ਿਪ ਹਾਸਲ ਕਰਨ ਦੀ ਪੁਜੀਸ਼ਨ ਵਿਚ ਹੋ ਗਈ, ਜਿਹੜੀ ਉਸ ਨੇ ਰਾਜਨੀਤੀ ਵਿਚ ਪਹਿਲੋਂ ਹੀ ਸੰਭਾਲੀ ਹੋਈ ਹੈ ਤਾਂ ਸਿੱਟੇ ਬੜੇ ਗੰਭੀਰ ਨਿਕਲ ਸਕਦੇ ਹਨ।" (ਅੰਕ 13) ਇਸ ਲਈ ਅੰਗਰੇਜ਼ ਹਾਕਮਾਂ ਨੇ ਆਪਣੇ ਸਰਬਰਾਹਾਂ ਤੇ ਹੋਰ ਪਿੱਠੂਆਂ ਰਾਹੀਂ ਪੁਜਾਰੀਆਂ ਨੂੰ ਪਹਿਲੋਂ ਹੀ ਤਿਆਰ ਕਰ ਛਡਿਆ ਹੋਇਆ ਸੀ ਕਿ ਉਹ "ਸਿੰਘ ਸਭੀਆਂ" ਤੋਂ ਖਬਰਦਾਰ ਰਹਿਣ ਕਿਉਂਕਿ ਉਹ ਰਾਮਦਾਸੀਆਂ, ਚੂਹੜਿਆਂ ਤੇ ਕਮੀਣਾਂ ਨੂੰ ਆਪਣੇ ਵਿਚ ਸ਼ਾਮਲ ਕਰ ਰਹੇ ਹਨ। ਉਹਨਾਂ ਨੂੰ ਆਪਣੇ ਜੇਹਾ ਸਮਝਕੇ ਉਹਨਾਂ ਨਾਲ ਖਾਣ ਪੀਣ ਲਗ ਪਏ ਹਨ। ਇਸ ਲਈ ਇਹਨਾਂ ਨੂੰ, ਦਰਬਾਰ ਸਾਹਿਬ ਔਣ ਤਾਂ, ਮੂੰਹ ਨਹੀਂ ਲਾਓ। ਇਹ ਸਨ ਅਰਥ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ 'ਪੁਰਾਤਨਵਾਦੀ' ਸਿੱਖੀ ਦੇ। ਅਤੇ ਏਹੋ ਕਾਰਣ ਸਨ ਕਿ ਚੀਫ ਖਾਲਸਾ ਦੀਵਾਨ ਦੇ ਆਗੂਆਂ ਨੇ "ਆਪਣੇ ਆਪ ਨੂੰ ਅਮਰਿਤਸਰ ਦਰਬਾਰ ਸਾਹਿਬ ਦੇ ਧਾਰਮਕ ਅਧਿਕਾਰੀਆਂ ਅਤੇ ਸਾਰੇ ਮੁਲਕ ਦੇ ਭਿੰਨ ਭਿੰਨ ਗੁਰਦੁਆਰਿਆਂ ਤੇ ਧਰਮਸਾਲਾ ਦੇ ਪੁਜਾਰੀਆਂ ਤੇ ਮਹੰਤਾਂ ਦੀ ਵਿਰੋਧਤਾ ਵਿਚ ਖਲੋਤੇ ਪਾਇਆ!" (ਅੰਕ 16) ਅੰਗਰੇਜ਼ ਰਾਜ ਦੇ ਅਸਰ ਥਲੇ ਪੁਜਾਰੀ ਸਿੱਖ ਧਰਮ ਦੇ ਅਸੂਲ ਤਿਆਗ ਚੁਕੇ ਸਨ ਅਤੇ ਬਰਿਟਿਸ਼ ਗੌਰਮਿੰਟ ਦੇ ਢਾਂਚੇ ਦਾ ਅੰਗ ਬਣ ਚੁਕੇ ਸਨ।

ਗੌਰਮਿੰਟ ਨੇ ਸਿੱਖ ਧਰਮ ਨੂੰ 'ਬਰਿਟਿਸ਼ ਤਾਜ ਦੀ ਵਫਾਦਾਰੀ' ਬਣਾ ਦਿਤਾ ਸੀ। ਸਿੱਖ "ਫੌਜੀ ਅਸਾਸਾ" ਸਨ। ਪੰਜਾਬ 'ਫੌਜੀ ਸਥਿਤੀ' ਦੀ ਕੁੰਜੀ ਸੀ। ਇਸ ਲਈ ਉਸਨੂੰ ਅੰਗਰੇਜ਼ ਰਾਜ ਦੀ ਵਫਾਦਾਰੀ ਤੇ ਤਾਬਿਆਦਾਰੀ ਦੇ ਸੱਚੇ ਵਿਚ ਢਾਲੀ ਰੱਖਣਾ ਅਤੇ ਬਰਿਟਿਸ਼ ਐਮਪਾਇਰ ਦੇ ਪਸਾਰ ਲਈ ਤੋਪਾਂ ਦੇ ਖਾਜੇ ਵਜੋਂ ਵਰਤਣਾ ਜ਼ਰੂਰੀ ਸੀ। ਇਹਨਾਂ ਸਿੱਖਾਂ ਨੂੰ ਗੁਲਾਮ ਬਣਾਈ ਰਖੋ ਅਤੇ ਦੂਜੀਆਂ ਕੌਮਾਂ ਨੂੰ ਗੁਲਾਮ ਬਨਾਣ ਲਈ ਵਰਤੋਂ—ਇਹ ਸੀ ਗੌਰਮਿੰਟ ਦੀ ਪਾਲਿਸੀ।

ਜਿਹੜੇ ਸਵਾਲ ਏਥੇ ਵਿਚਾਰੇ ਗਏ ਹਨ ਇਹਨਾਂ ਨਾਲ ਅਕਾਲੀ ਤਹਿਰੀਕ ਦਾ ਗੂੜ੍ਹਾ ਸੰਬੰਧ ਹੈ; ਇਹਨਾਂ ਨਾਲ ਅਕਾਲੀ ਤਹਿਰੀਕ ਦੇ ਦੌਰਾਨ ਕਿਸੇ ਨਾ ਕਿਸੇ ਸ਼ਕਲ ਵਿਚ ਸਾਡਾ ਵਾਹ ਪਏਗਾ। ਇਸ ਇਤਿਹਾਸਕ ਪਿਛਵਾੜ ਦੇ ਜਾਣਿਆ ਬਿਨਾ ਸਮਝਣਾ ਮੁਸ਼ਕਲ ਹੈ ਕਿ ਗੌਰਮਿੰਟ

Digitized by Panjab Digital Library | www.panjabdigilib.org

ਕਿਉਂ ਆਪਣੇ ਹੱਥਾਂ ਵਿਚੋਂ ਗੁਰਦੁਆਰੇ ਨਹੀਂ ਸੀ ਛਡਣਾ ਚਾਹੁੰਦੀ। ਇਤਿਹਾਸਕ ਗੁਰਦੁਆ-ਰਿਆਂ ਨਾਲ ਬੜੀ ਵਡੀ ਧਾਰਮਕ ਤਾਕਤ ਤੇ ਦੌਲਤ ਜੁੜੀ ਹੋਈ ਸੀ ਅਤੇ ਗੌਰਮਿੰਟ ਨੇ ਲਗਾਤਾਰ ਇਸ ਦੌਲਤ ਤੇ ਤਾਕਤ ਨੂੰ ਆਪਣੇ ਰਾਜ ਦੇ ਰਾਜਸੀ ਮਕਸਦਾਂ ਲਈ ਵਰਤਿਆ ਸੀ।

ਇਸ ਲਈ ਬਰਿਟਿਸ਼ ਗੌਰਮਿੰਟ ਦਾ ਅਕਾਲੀ ਤਹਿਰੀਕ ਉਤੇ ਕੀਤਾ ਜਬਰ, ਤਸ਼ੱਦਦ, ਕਹਿਰ ਅਤੇ ਕਤਲਾਮ ਸਮਝਣ ਲਈ ਜ਼ਰੂਰੀ ਹੈ ਕਿ ਇਸ ਇਤਿਹਾਸਕ ਪਿਛਵਾੜ ਨੂੰ ਸਮਝਿਆ ਜਾਏ। ਜਿਹੜੀ ਗੌਰਮਿੰਟ ਚੀਫ ਖਾਲਸਾ ਦੀਵਾਨ ਜੇਹੇ ਆਪਣੇ ਅਨੰਨ ਵਫਾਦਾਰਾਂ ਤੇ ਭਗਤਾਂ ਦੀ ਈਮਾਨਦਾਰੀ ਤੇ ਸ਼ੱਕ ਕਰਕੇ ਉਹਨਾਂ ਨੂੰ ਗੈਰ-ਵਫਾਦਾਰ ਤੇ ਗੌਰਮਿੰਟ-ਵਿਰੋਧੀ ਗਰਦਾਨ ਸਕਦੀ ਸੀ, ਉਹ ਅਕਾਲੀ ਤਹਿਰੀਕ ਨਾਲ ਬਾਗੀਆਂ ਤੇ ਵਿਦਰੋਹੀਆਂ ਵਾਲਾ ਸਲੂਕ ਕਰੇ ਤਾਂ ਸਮਝਣਾ ਮੁਸ਼ਕਲ ਨਹੀਂ ਅਤੇ ਮਜ਼ੇ ਦੀ ਗੱਲ ਇਹ ਹੈ ਕਿ ਦੀਵਾਨ ਦੇ ਆਗੂ ਅਕਾਲੀ ਲਹਿਰ ਦੇ ਵਿਚਕਾਰ ਵੀ ਵਫਾਦਾਰ ਦੇ ਵਫਾਦਾਰ ਰਹੇ ਅਤੇ ਗੌਰਮਿੰਟ ਨੂੰ ਲੋੜ ਪੈਣ ਤੇ ਬਹੁੜਦੇ ਤੇ ਸਹਾਈ ਹੁੰਦੇ ਰਹੇ।

## 4. ਜੰਗ ਦੇ ਦੌਰਾਨ ਤੇ ਅੰਤ ਵਿਚ ਸਥਿਤੀ

ਜੰਗ ਦੇ ਦੌਰਾਨ ਲੋਕਾਂ ਉਤੇ ਬੇਹਦ ਸਖਤੀ ਕੀਤੀ ਗਈ। ਲੋਕ ਕਾਲ ਦੀ ਸਥਿਤੀ ਵਿਚ ਰਹਿ ਰਹੇ ਸਨ। ਕੀਮਤਾਂ ਅਸਮਾਨਾਂ ਨੂੰ ਚੜ੍ਹ ਰਹੀਆਂ ਸਨ ਅਤੇ ਲੋਕਾਂ ਦੀ ਖਰੀਦ ਸ਼ਕਤੀ ਤੋਂ ਬਹੁਤ ਅਗੇ ਲੰਘ ਗਈਆਂ ਸਨ। "ਦਾਨਾ ਦਾਨਾ ਹਿੰਦ ਕਾ ਰਾਲੀ ਬਰਾਦਰ ਲੇ ਗਿਆ"—ਕੌਮੀ ਸ਼ਾਇਰ ਲਾਲ ਚੰਦ 'ਫਲਕ' ਗਾ ਰਿਹਾ ਸੀ। ਆਰਥਕ ਸੰਕਟ ਦਾ ਵਾਰਾ ਪਹਿਰਾ ਸੀ ਅਤੇ ਲੋਕ ਬੇਹਦ ਦੁਖੀ ਸਨ।

1915 ਵਿਚ ਪਲੇਗ ਫੁੱਟ ਪਈ ਅਤੇ ਝੰਗ ਵਿਚ ਹਿੰਦੂਆਂ ਦੀ ਲੁਟ ਮਾਰ ਤੇ ਫਜ਼ਾਦ ਸ਼ੁਰੂ ਹੋ ਗਏ। 1916 ਵਿਚ ਕਾਂਗੜੇ ਵਿਚ ਹੈਜ਼ਾ ਸ਼ੁਰੂ ਹੋ ਗਿਆ ਅਤੇ 1917 ਵਿਚ ਮਲੇਰੀਏ ਨੇ ਮੌਤਾਂ ਦੇ ਢੇਰ ਲਾ ਦਿਤੇ। ਵਿਰਾਮ-ਸੰਧੀ ਤੋਂ ਪਹਿਲੋਂ ਇਨਫਲੂਅੰਜ਼ਾ ਨੇ ਆਣ ਘੇਰਿਆ।......ਲੋਕ ਮੱਖੀਆਂ ਵਾਂਗ ਮਰ ਗਏ। ਦਰਜਨਾਂ ਟਬਰਾਂ ਦੇ ਟਬਰ ਖਤਮ ਹੋ ਗਏ। ਕੁਲ 10 ਲੱਖ ਨਾਲੋਂ ਵੀ ਵੱਧ ਮਰ ਗਏ। ਦੋ ਲੱਖ ਤਾਂ ਫੌਜੀ ਉਮਰ ਦੇ ਹੀ ਮਰ ਗਏ।[1]

ਭਰਤੀ ਤੇ ਜੰਗੀ ਕਰਜ਼ਿਆਂ ਬਾਰੇ ਲਾਟ ਵਲਿੰਗਡਨ ਦੀ ਪਾਲਸੀ 'ਪਰੇਰਨਾ ਤੇ ਦਬਾਅ' ਦੀ ਸੀ। ਜਿਸ ਦੇ ਅਰਥ ਪਰੇਰਨਾ ਦੇ ਨਹੀਂ, ਸਖਤੀ ਦੇ ਸਨ। ਪੰਜਾਬ ਵਿਚ ਇਸ ਪਾਲਿਸੀ ਨੇ ਹਨੇਰ ਮਚਾ ਦਿਤਾ। ਹੰਟਰ ਕਮੇਟੀ ਨੇ ਓਡਵਾਇਰ ਤੇ ਉਸ ਦੇ ਚੀਫ ਸੈਕਟਰੀ ਥੋਮਸਨ ਦੀਆਂ ਗੁਆਹੀਆਂ ਰਾਹੀਂ ਇਹਨਾਂ ਸਖਤੀਆਂ ਦਾ ਵਿਸਥਾਰ ਨਾਲ ਬਿਆਨ ਕੀਤਾ ਹੈ। ਭਰਤੀ ਲਈ ਮਜਬੂਰ ਕਰਨ ਲਈ ਨੌਜਵਾਨਾਂ ਨੂੰ ਔਰਤਾਂ ਦੇ ਸਾਹਮਣੇ ਨੰਗਾ ਖੜਾ ਕੀਤਾ ਗਿਆ। ਉਹਨਾਂ ਨੂੰ ਬੇਰੀਆਂ ਦੇ ਮਲ੍ਹਿਆਂ ਵਿਚ ਜਬਰੀ ਫੜ ਫੜ ਖਲਿਹਾਰਿਆ ਗਿਆ। ਰੰਗਰੂਟਿੰਗ ਬੋਰਡ ਨੇ ਭਰਤੀ ਦੇ ਕੋਟੇ ਮੁਕਰਰ ਕਰ ਦਿਤੇ : ਇਤਨੇ ਰੰਗਰੂਟ ਦਿਓ, ਇਤਨੇ ਹਜ਼ਾਰ ਜੰਗੀ ਫੰਡ ਦਿਓ। ਬੇਗੁਨਾਹ ਜਵਾਨਾਂ ਨੂੰ ਘਰਾਂ ਤੋਂ ਫੜਕੇ 107 ਤੇ 110 ਥੱਲੇ ਘੇਰ ਲਿਆ—ਜਾਂ ਭਰਤੀ ਹੋ ਜਾਓ ਜਾਂ ਜੇਲੀਂ ਚੱਲੋ। ਜੈਲਦਾਰਾਂ ਤੇ ਨੰਬਰਦਾਰਾਂ ਨੇ ਪਿੰਡਾਂ ਵਿਚ ਭਰਤੀ ਲਈ ਅੱਤ ਚੁਕ ਲਈ। ਜਿਹੜੇ ਭਰਤੀ ਨਹੀਂ ਸਨ ਦੇਂਦੇ ਉਹਨਾਂ ਦੇ ਨਹਿਰੀ ਪਾਣੀ ਬੰਦ ਕਰ ਦਿਤੇ ਗਏ। 1917 ਵਿਚ ਭਗੌੜਿਆਂ ਦੀ ਗਿਣਤੀ 2670 ਸੀ, ਅਰਥਾਤ ਭਰਤੀ ਕੀਤੇ ਰੰਗਰੂਟਾਂ ਦੀ ਗਿਣਤੀ ਦੇ 25 ਫੀ ਸਦੀ ਨਾਲੋਂ ਵੱਧ। ਸਖਤੀ ਦੇ ਕਾਰਣ ਤਹਿਸੀਲਦਾਰ ਨਾਦਰ ਹੁਸੈਨ ਨੂੰ ਕਤਲ ਕਰ

[1] The Punjab and the war by M. S. Leigh—Pages 12-13.

Digitized by Panjab Digital Library | www.panjabdigilib.org

ਦਿਤਾ ਗਿਆ।[1]

ਏਹੋ ਜੇਹੀ ਸਖਤੀ ਹੀ ਜੰਗੀ ਫੰਡ ਜਾਂ ਜੰਗੀ ਕਰਜ਼ਿਆਂ ਦੇ ਵਸੂਲ ਕਰਨ ਲਈ ਕੀਤੀ ਜਾਂਦੀ ਸੀ। ਜ਼ਮੀਨ ਦੀ ਰਜਿਸਟਰੀ ਹੋਵੇ ਜਾਂ ਹੋਰ ਕੋਈ ਲਹਿਣੇ ਦੇਣੇ ਦਾ ਕਾਗਜ਼, ਤਹਿਸੀਲਦਾਰ ਦੇ ਦਸਖਤ ਉਸ ਤੇ ਤਦ ਹੁੰਦੇ ਸਨ ਜਦ ਰਕਮ ਦੀ ਕੁਛ ਫੀਸਦੀ ਚੰਦੇ ਜਾਂ ਜੰਗੀ ਕਰਜ਼ੇ ਵਜੋਂ ਪਹਿਲੋਂ ਵਸੂਲ ਕਰ ਲਈ ਜਾਂਦੀ ਸੀ। ਇਸ ਤੋਂ ਬਗੈਰ ਛੁਟਕਾਰਾ ਨਾਮੁਮਕਨ ਸੀ।

ਜੰਗ ਦੇ ਦੌਰਾਨ ਸੀਮਿਤ ਜੇਹੀਆਂ ਸ਼ਹਿਰੀ ਤੇ ਮਾੜੀਆਂ-ਮੋਟੀਆਂ ਜਮਹੂਰੀ ਅਜ਼ਾਦੀਆਂ ਖਤਮ ਕਰ ਦਿਤੀਆਂ ਗਈਆਂ ਸਨ। ਜਲਸੇ ਜਲੂਸ ਉਕੇ ਬੰਦ ਸਨ। ਕਾਂਗਰਸ ਜੰਗ ਵਿਚ ਮਦਦ ਕਰ ਰਹੀ ਸੀ। ਗੁਰਦੁਆਰਾ ਰਿਕਾਬ ਗੰਜ (ਦਿੱਲੀ) ਦੀ ਕੰਧ ਦੇ ਮੁੜ ਖੜੀ ਕਰਨ ਦੀ ਐਜੀਟੇਸ਼ਨ ਵਿਚੇ ਛਡ ਦਿਤੀ ਗਈ ਸੀ। ਵਫਾਦਾਰ ਚੀਫ ਖਾਲਸਾ ਦੀਵਾਨ ਦਾ ਪਹਿਲੇ ਵਾਂਗ ਹੀ ਦੀਵਾਨ ਰਾਹੀਂ ਸਿਖਾਂ ਉਤੇ ਗਲਬਾ ਸੀ ਅਤੇ ਉਹ ਅੰਗਰੇਜ਼ ਰਾਜ ਦੀ ਸਦੀਵਤਾ ਦੇ ਅਰਦਾਸੇ ਕਰ ਤੇ ਮਤੇ ਸੋਧ ਰਿਹਾ ਸੀ।

ਪਰ ਜੰਗ ਦੇ ਦੌਰਾਨ ਹੀ ਲੋਕਾਂ ਵਿਚ ਬੇਚੈਨੀ ਦੀਆਂ ਅਲਾਮਤਾਂ ਨਜ਼ਰ ਔਣ ਲਗ ਪਈਆਂ ਸਨ। ਚਾਲਾਕ ਅੰਗਰੇਜ਼ ਹਾਕਮਾਂ ਨੇ ਭਾਂਪ ਲਿਆ ਸੀ ਕਿ ਜੇ ਜੰਗ ਵਿਚ ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ ਤਾਂ ਉਹਨਾਂ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ। ਇਸ ਲਈ ਉਹਨਾਂ ਨੇ, ਇਕ ਪਾਸੇ, ਹਿੰਦੁਸਤਾਨੀਆਂ ਦੀਆਂ ਅੱਖਾਂ ਪੂੰਝਣ ਲਈ ਮੰਟੇਗੋ ਚੈਮਸ ਫੋਰਡ ਦੀ ਸੁਧਾਰ ਸਕੀਮ ਦਾ ਇਲਾਨ ਕਰ ਦਿਤਾ ਸੀ ਅਤੇ ਦੂਜੇ ਪਾਸੇ, ਉੱਠਣ ਵਾਲੀ ਕੌਮੀ ਜਾਂ ਧਾਰਮਕ ਆਜ਼ਾਦੀ ਦੀ ਲਹਿਰ ਨੂੰ ਕੁਚਲਨ ਲਈ ਰੋਲਟ ਐਕਟ ਜੇਹੇ ਵਹਿਸ਼ੀਆਨਾ ਹਥਿਆਰ ਤੇਜ਼ ਕਰ ਲਏ ਸਨ। ਆਸਰਾ ਰੋਲਟ ਰਿਪੋਰਟ ਦਾ ਲੈ ਕੇ ਢੰਡੋਰਾ ਪਿਟਿਆ ਗਿਆ ਸੀ ਕਿ ਹਿੰਦੁਸਤਾਨ ਨੂੰ ਹਿੰਸਾਵਾਦੀ ਤਹਿਰੀਕਾਂ ਤੇ ਪਾਰਟੀਆਂ ਵਲੋਂ ਲੁਟ ਮਾਰ ਤੇ ਕਤਲੋਗਾਰਤ ਦਾ ਬੜਾ ਖਤਰਾ ਪੈਦਾ ਹੋ ਗਿਆ ਹੈ।

ਪਰ ਜੰਗ ਦੇ ਦੌਰਾਨ ਤੇ ਖਾਤਮੇ ਪਿਛੋਂ ਅੰਗਰੇਜ਼ ਸਾਮਰਾਜ ਦੀ ਅਜਿੱਤਵੀਂ ਤਾਕਤ ਦਾ ਪੋਲ ਖੁਲ੍ਹ ਗਿਆ ਸੀ। ਨਾ ਸਿਰਫ ਇਸ ਦੀਆਂ ਫੌਜਾਂ ਨੂੰ ਕਈਆਂ ਲੜਾਈਆਂ ਵਿਚ ਸ਼ਿਕਸਤਾਂ ਹੀ ਹੋਈਆਂ ਸਨ, ਸਗੋਂ ਹਿੰਦੁਸਤਾਨੀ ਫੌਜਾਂ ਨੇ ਗੋਰੀਆਂ ਫੌਜਾਂ ਤੇ ਉਨ੍ਹਾਂ ਦੇ ਅਫਸਰਾਂ ਨੂੰ ਭਜਦਿਆਂ ਤੇ ਜਾਨਾਂ ਲੁਕਾਂਦਿਆਂ ਵੀ ਵੇਖਿਆ ਸੀ। ਜੰਗ ਦੇ ਖਾਤਮੇ ਪਿਛੋਂ ਬਹੁਤ ਭਾਰਾ ਫੌਜੀ ਖਰਚ ਘਟਾਣ ਲਈ ਹਜ਼ਾਰਾਂ ਫੌਜੀਆਂ ਨੂੰ ਨੌਕਰੀਆਂ ਤੋਂ ਜਵਾਬ ਮਿਲ ਗਿਆ। ਉਹਨਾਂ ਵਿਚੋਂ ਬਹਾਦਰ ਫੌਜੀਆਂ ਨੂੰ ਨਾ ਕੋਈ ਇਨਾਮ ਦਿਤੇ ਗਏ ਨਾ ਜ਼ਮੀਨਾਂ ਹੀ ਮਿਲੀਆਂ। ਇਹ ਵੀ ਸ਼ਿਕਾਇਤਾਂ ਗੌਰਮਿੰਟ ਨੂੰ ਪਹੁੰਚੀਆਂ ਸਨ ਕਿ ਕਈ ਫੌਜੀਆਂ ਨੂੰ ਨਾ ਬਰਦੀਆਂ ਦਿਤੀਆਂ ਗਈਆਂ ਸਨ ਅਤੇ ਨਾ ਜਾਣ ਲਗਿਆਂ ਨੂੰ ਰੇਲ ਦੀਆਂ ਟਿਕਟਾਂ।[2]

---

[1] ਇਹ ਤੱਥ ਹੰਟਰ ਕਮੇਟੀ ਦੀ ਰਿਪੋਰਟ ਵਿਚੋਂ ਲਏ ਗਏ ਹਨ।
K. W. to File no 164/1/1923. Thompson's evidence.

[2] ਫੌਜੀ ਸਿਪਾਹੀਆਂ ਦੀਆਂ ਸ਼ਿਕਾਇਤਾਂ ਬਹੁਤ ਸਨ। "ਪਹਿਲੀ ਜੰਗ ਤੋਂ ਪਹਿਲੋਂ ਉਹਨਾਂ ਨੂੰ ਤਿੰਨ ਰੁਪਏ ਪਿਨਸ਼ਨ ਮਿਲਦੀ ਸੀ। ਜੰਗ ਦੇ ਦੌਰਾਨ ਪਿਨਸ਼ਨ ਪੰਜ ਰੁਪਏ ਕਰ ਦਿਤੀ ਗਈ। ਜੰਗ ਦੇ ਖਾਤਮੇ ਪਿਛੋਂ ਵਧਾਏ ਹੋਏ ਦੋ ਰੁਪਏ ਕੱਟ ਲਏ ਗਏ। ਐਨ. ਸੀ. ਓਆਂ ਨੂੰ ਜਿਹੜੇ ਭਰਤੀ ਹੋ ਕੇ ਅਫਸਰ ਦੀ ਰੈਂਕ (ਰੁਤਬੇ) ਤੇ ਪਹੁੰਚ ਗਏ, ਪਿਨਸ਼ਨ ਐਨ. ਸੀ. ਓ. ਵਾਲੀ ਪੁਰਾਣੀ ਹੀ ਮਿਲਦੀ ਰਹੀ। ਜਿਹੜੇ ਪਿਨਸ਼ਨ ਲੈਂਦੇ ਆਦਮੀ ਮੁੜ ਭਰਤੀ ਹੋ ਗਏ ਸਨ, ਉਹਨਾਂ ਦੀਆਂ ਪਿਨਸ਼ਨਾਂ ਬੰਦ ਕਰ ਦਿਤੀਆਂ ਗਈਆਂ। ਜਿਨ੍ਹਾਂ ਨੂੰ, ਸਿਫਾਰਸ਼ਾਂ ਹੋ ਜਾਣ ਪਿਛੋਂ, ਜੰਗੀ ਇਨਾਮਾਂ ਦੀਆਂ ਆਸਾਂ ਸਨ, ਉਹ ਆਸਾਂ ਪੂਰੀਆਂ ਨਾ ਹੋਈਆਂ। ਵਗੈਰਾ, ਵਗੈਰਾ।

Digitized by Panjab Digital Library | www.panjabdigilib.org

ਇਹਨਾਂ ਫੌਜੀਆਂ ਨੇ "ਜੰਗ ਵਿਚ ਇਨਸਾਨੀ ਕਤਲਾਮ ਹੀ ਨਹੀਂ ਸੀ ਸਿਖੀ, ਹੋਰ ਵਧੇਰੇ ਕੀਮਤੀ ਸਬਕ ਵੀ ਸਿਖੇ ਸਨ। ਹਰ ਇਕ ਸਿੱਖ ਫੌਜੀ ਜਿਹੜਾ ਆਪਣੇ ਪਿੰਡ ਨੂੰ ਮੁੜਿਆ ਆਪਣੇ ਨਾਲ ਗਰੀਬੀ ਤੇ ਤੰਗੀ ਦੇ ਖਿਲਾਫ ਬੇਚੈਨੀ ਤੇ ਮੁਢਲੇ ਵਿਦਰੋਹ ਦੇ ਬੀਅ ਲੈ ਕੇ ਆਇਆ। ਇਸ ਹਾਲਤ ਨੇ ਬਲਦੀ ਉਤੇ ਤੇਲ ਦਾ ਕੰਮ ਦਿਤਾ।"[1]

ਪਹਿਲੀ ਜਗਤ ਜੰਗ ਦੇ ਖਾਤਮੇ ਪਿਛੋਂ ਦੁਨੀਆਂ ਭਰ ਵਿਚ ਇਨਕਲਾਬੀ ਤਹਿਰੀਕਾਂ ਦਾ ਤਿਖਾ ਝਖੜ ਝੁਲ ਗਿਆ। ਇਹਨਾਂ ਦਾ ਨਿਸ਼ਾਨਾ ਸਾਮਰਾਜੀ ਦੇਸਾਂ ਦੇ ਖਿਲਾਫ ਆਪਣੇ ਆਪਣੇ ਦੇਸ਼ ਦੀ ਗੁਲਾਮੀ ਤੋਂ ਛੁਟਕਾਰਾ ਤੇ ਖੁਦ ਮੁਖਤਿਆਰੀ ਹਾਸਲ ਕਰਨਾ ਸੀ। ਇੰਗਲੈਂਡ ਦੇ ਪਰਧਾਨ ਮੰਤਰੀ ਐਟਲੀ ਨੂੰ ਦੂਜੀ ਜਗਤ ਜੰਗ ਪਿਛੋਂ ਆਖਣਾ ਪਿਆ ਸੀ; "ਲੋਕ ਰਾਏ ਦੀ ਰਫਤਾਰ ਤੇ ਤਹਿਰੀਕ ਨੂੰ ਵਡੀ ਜੰਗ ਨਾਲੋਂ ਹੋਰ ਕੋਈ ਚੀਜ਼ ਨਹੀਂ ਤੇਜ਼ ਕਰਦੀ। ਹਰ ਇਕ ਆਦਮੀ ਜਿਸ ਦਾ ਵਾਸਤਾ ਜੰਗਾਂ ਦੇ ਵਿਚਕਾਰਲੇ ਦਿਨਾਂ ਨਾਲ ਪਿਆ ਹੈ, ਜਾਣਦਾ ਹੈ ਕਿ 1914-18 ਦੇ ਜੰਗ ਦਾ ਹਿੰਦੁਸਤਾਨੀ ਵਿਚਾਰਾਂ ਤੇ ਉਮੰਗਾਂ ਉਤੇ ਕੀ ਅਸਰ ਪਿਆ ਸੀ। ਉਹ ਲਹਿਰ ਜਿਹੜੀ ਅਮਨ ਦੇ ਦੌਰਾਨ ਨਿਸਬਤਨ ਸੁਸਤ ਰਫਤਾਰ ਨਾਲ ਦੌੜਦੀ ਹੈ, ਜੰਗ ਦੇ ਵਕਤ ਵਿਚ ਬੜੀ ਤੇਜ਼ ਰਫਤਾਰ ਧਾਰਨ ਕਰ ਲੈਂਦੀ ਹੈ ਅਤੇ ਖਾਸ ਕਰ ਝਟ ਪਟ ਪਿਛੋਂ, ਕਿਉਂਕਿ ਉਹ ਲਹਿਰ ਜੰਗ ਦੇ ਦੌਰਾਨ, ਕਿਸੇ ਹਦ ਤਕ, ਬੰਨ੍ਹ ਮਾਰ ਕੇ ਰਖੀ ਗਈ ਹੁੰਦੀ ਹੈ।"[2]

ਇਹ ਅਸਲ ਵਿਚ ਵਿੰਗੇ ਟੇਢੇ ਤਰੀਕੇ ਨਾਲ ਇਸ ਹਕੀਕਤ ਦਾ ਇਕਬਾਲ ਸੀ ਕਿ ਸੋਵੀਅਤ ਰੂਸ ਦੇ ਇਨਕਲਾਬ ਨੇ ਦੁਨੀਆਂ ਭਰ ਦੇ ਮੁਲਕਾਂ ਤੇ ਮਹਤੱਵ-ਪੂਰਣ ਪਰਭਾਵ ਪਾਇਆ।

'ਸੋਸ਼ਲਿਸਟ' ਨੇ 1922 ਵਿਚ ਲਿਖਿਆ ਸੀ ਕਿ ਅਕਾਲੀ ਜ਼ਮੀਨ ਵਾਹੁਣ ਵਾਲੇ ਕਿਸਾਨ ਹਨ। ਜੰਗ ਦੇ ਦੌਰਾਨ ਬਹੁਤ ਸਾਰੇ ਕਿਸਾਨ ਭਰਤੀ ਦੇ ਕਾਰਣ ਜ਼ਮੀਨ ਨਾਲੋਂ ਅੱਡ ਕਰ ਦਿਤੇ ਗਏ। ਬਦੇਸ਼ੀ ਮੰਡੀ ਵਿਚ ਕਣਕ ਦੀ ਮੰਗ ਨੇ ਕਣਕ ਦੀਆਂ ਕੀਮਤਾਂ ਵਧਾ ਦਿਤੀਆਂ ਅਤੇ ਅਕਾਲੀ ਕਿਸਾਨ ਕੁਛ ਵਕਤ ਲਈ ਚੰਗੀ ਹਾਲਤ ਵਿਚ ਹੋ ਗਏ। ਉੱਚੀਆਂ ਕੀਮਤਾਂ ਏਨੀਆਂ ਲੁਭਾਊ ਸਨ ਕਿ ਅਕਾਲੀਆਂ ਨੇ ਲਗਭਗ ਦਾਣਾ ਦਾਣਾ ਵੇਚ ਦਿਤਾ। ਨਤੀਜਾ ਥੁੜੋਂ ਤੇ ਕਣਕ ਦੇ ਕਾਲ ਵਿਚ ਨਿਕਲਿਆ ਅਤੇ ਪੰਜਾਬ ਨੂੰ ਖਾਣ ਲਈ ਕਣਕ ਬਾਹਰੋਂ ਮੰਗਵਾਣੀ ਪਈ।

...ਇਸ ਤਰ੍ਹਾਂ ਕਿਸਾਨ ਪਹਿਲੇ ਵਾਂਗ ਹੀ ਕੰਗਾਲ ਹੋ ਗਿਆ ਅਤੇ ਨਾਮਕਟੇ ਜਵਾਨਾਂ ਦੇ ਵਾਪਸ ਔਣ ਨਾਲ ਜ਼ਮੀਨ ਤੇ ਪਹਿਲੇ ਨਾਲੋਂ ਬਾਹਲੇ ਖਾਣ ਵਾਲੇ ਮੂੰਹਾਂ ਦਾ ਭਾਰ ਪੈ ਗਿਆ ਅਤੇ ਇਸ ਨਾਲ ਹਾਲਤ ਹੋਰ ਮਾੜੀ ਹੋ ਗਈ।[3]

"1917 ਦੀ ਗਰਮੀ ਦੇ ਸ਼ੁਰੂ ਵਿਚ ਹੀ ਹਿੰਦੁਸਤਾਨ ਦੇ ਲੋਕਾਂ ਦਾ ਉਹ ਹਿੱਸਾ ਜਿਹੜਾ ਰਾਜਸੀ ਮਾਮਲਿਆਂ ਵਿਚ ਦਿਲਚਸਪੀ ਲੈਂਦਾ ਸੀ ਆਪਣੇ ਵਿਚਾਰਾਂ ਵਿਚ ਅਸ਼ਾਂਤ ਤੇ ਅਸਥਿਰ

---

[1] International Press Correspondence vol. II, 13.10.1922

[2] India Today—R. Palme Dutt—pages 6—7.

[3] Socialist Bombay, S. A. Dange's article : 21. 10. 22.

Digitized by Panjab Digital Library | www.panjabdigilib.org

ਹੋ ਗਿਆ ਸੀ।"[1] ਰੂਸੀ ਇਨਕਲਾਬ ਦਾ ਜ਼ਾਰ ਨੂੰ ਉਲਟਾ ਕੇ ਪਹਿਲੀ ਮਜਦੂਰਾਂ ਦੀ ਹਕੂਮਤ ਕਾਇਮ ਕਰਨਾ ਜਗਤ ਜੰਗ ਦੀ ਮਹਾਨ ਘਟਨਾ ਸੀ ਜਿਸਦਾ ਇਨਕਲਾਬੀ ਅਸਰ ਦੁਨੀਆਂ ਭਰ ਦੀਆਂ ਸਾਮਰਾਜੀ ਹਕੂਮਤਾਂ ਤੇ ਗੁਲਾਮ ਕੌਮਾਂ ਤੇ ਪਿਆ। ਅਤੇ ਦੁਨੀਆਂ ਭਰ ਵਿਚ ਇਕ ਜਬਰਦਸਤ ਤਹਿਰੀਕ ਉਠੀ ਜਿਸ ਦਾ ਨਿਸ਼ਾਨਾ ਜਮਹੂਰੀ ਰਾਜ ਕਾਇਮ ਕਰਨੇ ਸਨ।

ਹਿੰਦੋਸਤਾਨ, ਦੁਨੀਆਂ ਦਾ ਅੰਗ ਹੋਣ ਦੇ ਨਾਤੇ, ਇਸ ਇਨਕਲਾਬੀ ਤਹਿਰੀਕ ਦੇ ਅਸਰ ਤੋਂ ਬਾਹਰ ਨਹੀਂ ਸੀ ਰਹਿ ਸਕਦਾ, ਨਾ ਹੀ ਪੰਜਾਬ। ਉਹ ਆਗੂ ਜਿਹੜੇ ਬਰਿਟਿਸ਼ ਐਮਪਾਇਰ ਦੀ ਜਿੱਤ ਲਈ ਕੰਮ ਕਰ ਰਹੇ ਸਨ ਉਹਨਾਂ ਵਿਚੋਂ ਕੁਛ ਦੀਆਂ ਅੱਖਾਂ ਪਹਿਲੋਂ ਰੋਲਟ ਐਕਟ ਨੇ ਅਤੇ ਪਿਛੋਂ ਜਲਿਆਂ ਵਾਲਾ ਬਾਗ ਦੇ ਕਤਲਾਮ ਨੇ ਖੋਲ੍ਹ ਦਿਤੀਆਂ। ਅਤੇ ਲਾਲਾ ਲਾਜਪਤ ਜੇਹੇ ਮੁਹਤਾਤ ਲੀਡਰ ਨੂੰ ਵੀ ਕੌਮੀ ਕਾਂਗਰਸ ਦੇ ਸਤੰਬਰ 1920 ਦੇ ਉਚੇਚੇ ਕਲਕਤਾ ਅਜਲਾਸ ਵਿਚ ਕਹਿਣਾ ਪਿਆ ਕਿ "ਇਸ ਤੱਥ ਤੋਂ ਅਖਾਂ ਬੰਦ ਕਰਨ ਦਾ ਕੋਈ ਫਾਇਦਾ ਨਹੀਂ ਕਿ ਅਸੀਂ ਇਨਕਲਾਬੀ ਦੌਰ ਦੇ ਵਿਚੋਂ ਦੀ ਲੰਘ ਰਹੇ ਹਾਂ।"

## 5. ਨਵੀਂ ਲੜਾਕੂ ਸੇਧ

ਪੰਜਾਬ ਵਿਚ ਖੂੰਖਾਰ ਓਡਵਾਇਰ ਦਾ ਰਾਜ ਸੀ। ਉਹ ਪੰਜਾਬ ਵਿਚ ਕੋਈ ਰਾਜਸੀ ਤਹਿਰੀਕ ਨਹੀਂ ਸੀ ਉਠਣ ਦੇਣਾ ਚਾਹੁੰਦਾ ਕਿਉਂਕਿ ਪੰਜਾਬ ਰੰਗਰੂਟ ਭਰਤੀ ਕਰਨ ਦੀ ਰਾਖਵੀਂ ਰੱਖ ਸੀ। ਏਧਰ ਪੰਜਾਬ ਦੇ ਕਾਂਗਰਸੀ ਆਗੂ ਡਾਕਟਰ ਸੈਫ਼ਦੀਨ ਕਿਚਲੂ ਤੇ ਡਾਕਟਰ ਸਤਿਆਪਾਲ ਕਾਂਗਰਸ ਅਜਲਾਸ ਅਮਰਿਤਸਰ ਵਿਚ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। ਅਪਰੈਲ 1919 ਦੇ ਦੂਜੇ ਹਫਤੇ ਦੇ ਤਿੰਨ ਦਿਨ ਅਮਰਿਤਸਰ ਵਿਚ ਬੇਨਜ਼ੀਰ ਹਿੰਦੂ-ਮੁਸਲਿਮ ਏਕੇ ਦੇ ਦਿਨ ਸਨ ਜਦੋਂ ਕਿ ਦੋਹਾਂ ਦੀਆਂ ਗਲਵਕੜੀਆਂ ਪੈ ਰਹੀਆਂ ਸਨ ਅਤੇ ਇਕ ਦੂਜੇ ਦੇ ਹਥੋਂ ਲੈ ਕੇ ਪਾਣੀ ਪੀ ਰਹੇ ਸਨ। ਇਹ ਏਕਾ ਬਰਿਟਿਸ਼ ਰਾਜ ਤੇ ਓਡਵਾਇਰ ਦੀ ਪਾਲਿਸੀ ਲਈ ਬੜਾ ਖਤਰਨਾਕ ਸੀ। ਡੀ. ਸੀ. ਅਮਰਿਤਸਰ ਨੇ ਉਪਰੋਕਤ ਦੋਹਾਂ ਆਗੂਆਂ ਨੂੰ ਆਪਣੀ ਕੋਠੀ 10 ਅਪਰੈਲ ਨੂੰ ਸੱਦ ਘੱਲਿਆ ਅਤੇ ਚੁਪਚਾਪ ਉਹਨਾਂ ਨੂੰ ਕਿਤੇ ਨਜ਼ਰਬੰਦ ਕਰ ਦਿਤਾ।

ਲੋਕਾਂ ਦੀ ਵਹੀਰ, ਇਹ ਖਬਰ ਸੁਣਕੇ ਡੀ. ਸੀ. ਨੂੰ ਇਹ ਪੁਛਣ ਲਈ ਤੁਰ ਪਈ ਕਿ ਉਹਨਾਂ ਦੇ ਆਗੂ ਕਿਥੇ ਹਨ? ਅਗੋਂ ਰਾਹ ਵਿਚ ਓਹਨਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਗਿਆ; ਇਕ ਜਾਂ ਦੋ ਆਦਮੀ ਮਰ ਗਏ। ਵਹੀਰ ਇਹਨਾਂ ਦਾ ਮਾਤਮੀ ਜਲੂਸ ਬਣਾ ਕੇ ਵਾਪਸ ਸ਼ਹਿਰ ਨੂੰ ਆ ਗਈ। ਉਹਨਾਂ ਨੇ ਗੁੱਸੇ ਵਿਚ ਆ ਕੇ ਨੈਸ਼ਨਲ ਬੈਂਕ ਨੂੰ ਅੱਗ ਲਾ ਦਿਤੀ, ਮੈਨੇਜਰ ਨੂੰ ਜਾਨੋਂ ਮਾਰ ਦਿਤਾ ਅਤੇ ਚਾਰ ਪੰਜ ਅੰਗਰੇਜ਼ ਹੋਰ ਮਾਰ ਦਿਤੇ। ਓਡਵਾਇਰ ਮੌਕਾ ਹੀ ਲਭਦਾ ਸੀ। ਉਸ ਨੇ ਜਨਰਲ ਡਾਇਰ ਦੀ ਕਮਾਨ ਥਲੇ ਫ਼ੌਜ ਭੇਜਕੇ ਜਲਿਆਂ ਵਾਲੇ ਬਾਗ ਵਿਚ ਨਿਹੱਥੇ ਪੁਰਅਮਨ ਸ਼ਹਿਰੀਆਂ ਤੇ ਅੰਨ੍ਹੇਵਾਹ 1600 ਗੋਲੀਆਂ ਚਲਾਈਆਂ ਅਤੇ ਵਿਸਾਖੀ ਵਾਲੇ ਦਿਨ 13 ਅਪਰੈਲ ਨੂੰ ਸੈਂਕੜੇ ਆਦਮੀ ਥਾਂ ਹੀ ਮਾਰ ਦਿਤੇ।

ਇਸ ਦੇ ਪਿਛੋਂ ਪੰਜਾਬ ਵਿਚ ਕੁਛ ਹੋਰ ਫਸਾਦ। ਮਾਰਸ਼ਲ ਲਾਅ, ਇਸ ਦੇ ਥੱਲੇ ਵਰਕਰਾਂ ਤੇ ਆਗੂਆਂ ਨੂੰ ਲੰਮੀਆਂ ਲੰਮੀਆਂ ਕੈਦਾਂ। ਕਸੂਰ ਵਿਚ ਸਖਤੀਆਂ, ਗੁਜਰਾਂਵਾਲੇ ਵਿਚ ਹਵਾਈ ਜਹਾਜ਼ ਰਾਹੀਂ ਬੰਬਾਂ ਦੀ ਵਰਖਾ। ਅਮਰਿਤਸਰ ਵਿਚ ਲੋਕਾਂ ਨੂੰ ਢਿਡਾਂ ਭਾਰ ਚਲਣ ਲਈ ਮਜਬੂਰ

[1] India 1917 April to 1918 December. page 32,

Digitized by Panjab Digital Library | www.panjabdigilib.org

ਕਰਨਾ, ਬੈਂਤ ਮਾਰਨ ਦੀਆਂ ਸਜ਼ਾਵਾਂ, ਔਰਤਾਂ ਦੀਆਂ ਬੇਪਤੀਆਂ—ਰੌਂਗਟੇ ਖੜੇ ਕਰਨ ਵਾਲੇ ਅਣਗਿਣਤ ਜ਼ੁਲਮ ! 51 ਨੂੰ ਮੌਤ ਦੀ ਸਜ਼ਾ, 46 ਨੂੰ ਉਮਰ ਕੈਦ, 2 ਨੂੰ ਦਸ ਦਸ ਸਾਲ ਕੈਦ, 79 ਨੂੰ ਸੱਤ ਸੱਤ ਸਾਲ, 10 ਨੂੰ ਪੰਜ ਪੰਜ ਸਾਲ, 13 ਨੂੰ ਤਿੰਨ ਤਿੰਨ ਸਾਲ ਅਤੇ 11 ਨੂੰ ਇਸ ਤੋਂ ਘੱਟ ਸਜ਼ਾਵਾਂ, ਵਗੈਰਾ ।[1]

ਇਹ ਸਨ ਅਮਰਿਤਸਰ ਤੇ ਪੰਜਾਬ ਦੇ ਦਰਦਨਾਕ ਹਾਲਾਤ ਅਪਰੈਲ 1919 ਵਿਚ ਤੇ ਇਸ ਦੇ ਪਿਛੋਂ—ਓਸੇ ਅਮਰਿਤਸਰ ਦੇ ਜਿਸ ਨੇ ਕਿ ਅਗਲੇ ਛਿਆਂ ਸਾਲਾਂ ਵਿਚ ਅਕਾਲੀ ਤਹਿਰੀਕ ਦਾ ਗੜ੍ਹ ਬਣਨਾ ਸੀ ਅਤੇ ਸਿੱਖਾਂ ਨੂੰ ਜਥੇਬੰਦ ਕਰਕੇ ਅੰਗਰੇਜ਼ ਰਾਜ ਨਾਲ ਡਟਕੇ ਆਢਾ ਲੈਣਾ ਸੀ ।

1919 ਵਿਚ ਮਹਾਤਮਾ ਗਾਂਧੀ ਦੇ ਸ਼ਾਤਮਈ ਸਤਿਆਗ੍ਰਹਿ ਦੇ ਹਥਿਆਰ ਦੀ ਰੂਪ-ਰੇਖਾ ਤਿਆਰ ਹੋ ਰਹੀ ਸੀ ! ਅਮਰਿਤਸਰ ਦੀ ਕਾਂਗਰਸ 1919 ਨੇ ਇਸ ਨੂੰ ਨਹੀਂ ਸੀ ਅਪਣਾਇਆ ।

ਪਰ ਮਹਾਤਮਾ ਜੀ ਸ਼ਾਂਤਮਈ ਨਾ-ਮਿਲਵਰਤਨ ਦਾ ਪਰਚਾਰ ਕਰਦੇ ਰਹੇ ਅਤੇ ਲੋਕਾਂ ਨੂੰ ਆਪਣੀ ਪਾਲਿਸੀ ਨਾਲ ਕਾਇਲ ਕਰਦੇ ਰਹੇ । ਪਹਿਲੀ ਤੇ ਦੂਜੀ ਜੂਨ 1920 ਨੂੰ ਲਗ ਭਗ ਚਾਲੀ ਪੰਜਾਹ ਉਘੇ ਹਿੰਦੂ ਤੇ ਮੁਸਲਮਾਨ ਆਗੂਆਂ ਦਾ ਆਨੰਦ ਭਵਨ, ਅਲਾਹਾਬਾਦ ਵਿਚ ਭਾਰਾ ਇਕੱਠ ਹੋਇਆ । ਕਾਂਗਰਸ ਤੇ ਖਿਲਾਫਤ ਦੇ ਸਭ ਪ੍ਰਸਿਧ ਆਗੂ ਇਸ ਵਿਚ ਸ਼ਾਮਲ ਸਨ । ਇਸ ਇਕੱਠ ਨੇ ਸ਼ਾਂਤਮਈ ਨਾ-ਮਿਲਵਰਤਨ ਦੇ ਹਰ ਪਹਿਲੂ ਤੇ ਵਿਚਾਰ ਕੀਤੀ ਅਤੇ ਇਸ ਨੂੰ ਸੁਰਾਜ ਪ੍ਰਾਪਤੀ ਲਈ ਚੰਗੇ ਹਥਿਆਰ ਵਜੋਂ ਪਰਵਾਨ ਕੀਤਾ । ਜੂਨ 1920 ਵਿਚ ਸ਼ਾਂਤਮਈ ਨਾ-ਮਿਲਵਰਤਨ ਵਜੂਦ ਵਿਚ ਆ ਗਈ ।[2] ਜੂਨ ਵਿਚ ਹੀ ਖਿਲਾਫਤ ਕਮੇਟੀ ਨੇ ਇਸ ਨੂੰ ਅਪਣਾ ਲਿਆ ।

ਮਾਡਰੇਟ ਆਗੂ ਕਾਂਗਰਸ ਵਿਚੋਂ ਨਿਕਲ ਗਏ ਸਨ । ਮਹਾਤਮਾ ਗਾਂਧੀ ਨੇ ਸੁਧਾਰ ਸਕੀਮ ਨਾਲ ਮਿਲਵਰਤਨ ਦਾ ਰਵਈਆ ਤਿਆਗ ਦਿਤਾ ਸੀ ਅਤੇ ਗੌਰਮਿੰਟ ਨਾਲ ਨਾ-ਮਿਲਵਰਤਣ ਕਰਨ ਦਾ ਪਰਚਾਰ ਕਰਨਾ ਸ਼ੁਰੂ ਕਰ ਦਿਤਾ ਸੀ ।

ਕਲਕਤਾ ਕਾਂਗਰਸ ਨੇ ਸਤੰਬਰ ਵਿਚ ਮਹਾਤਮਾ ਜੀ ਦਾ ਸ਼ਾਂਤਮਈ ਨਾ-ਮਿਲਵਰਤਨ ਦਾ ਮਤਾ ਅਪਣਾ ਲਿਆ ਅਤੇ ਉਹ ਜਨਤਾ ਦੀਆਂ ਮੰਗਾਂ ਉਮੰਗਾਂ ਦੀ ਅਗਵਾਈ ਕਰਨ ਦੇ ਯੋਗ ਹੋ ਗਈ ।

ਇਸ ਕਾਂਗਰਸ ਨੇ ਪੰਜਾਬ ਉਤੇ ਹੋਏ ਜ਼ੁਲਮਾਂ ਨੂੰ ਜ਼ੋਰ ਨਾਲ ਸਾਮ੍ਹਣੇ ਲਿਆਂਦਾ ਅਤੇ ਬਰਿਟਿਸ਼ ਵਜ਼ੀਰ ਮੰਡਲੀ ਤੇ ਦੋਸ਼ ਲਾਇਆ ਕਿ ਉਸ ਨੇ ਪੰਜਾਬ ਦੇ ਜ਼ੁਲਮਾਂ ਤੋਂ ਰਾਹਤ ਦਿਵਾਣ ਲਈ ਕੋਈ ਉਚਿਤ ਕਾਰਵਾਈ ਨਹੀਂ ਕੀਤੀ, ਸਗੋਂ ਪੰਜਾਬ ਦੇ ਡਾਇਰ ਓਡਵਾਇਰ ਜੇਹੇ ਅਫਸਰਾਂ ਦੇ ਖੂਨੀ ਜੁਰਮਾਂ ਨੂੰ ਅਮਲੀ ਤੌਰ ਤੇ ਮੁਆਫ ਕਰ ਦਿਤਾ ਹੈ । ਅਤੇ ਇਸ ਤਰ੍ਹਾਂ ਹਿੰਦੁਸਤਾਨ ਦੇ ਲੋਕਾਂ ਦਾ ਭਰੋਸਾ ਗੁਆ ਲਿਆ ਹੈ । ਅਫਸਰਾਂ ਵਲੋਂ ਕੀਤੇ ਗਏ ਜ਼ੁਲਮਾਂ ਦਾ ਜ਼ੁਮੇਵਾਰ ਮਾਈਕਲ ਓਡਵਾਇਰ ਨੂੰ ਗਰਦਾਨਿਆ ਗਿਆ ਅਤੇ ਲੋਕਾਂ ਵਲ ਅਫਸਰਾਂ ਦੇ ਵਹਿਸ਼ੀਆਨਾ ਰਵੱਈਏ ਦੀ ਨਿਖੇਧੀ ਕੀਤੀ ਗਈ ਅਤੇ ਮੁਜਰਮ ਅਫਸਰਾਂ ਨੂੰ ਸਜ਼ਾ ਦੇਣ ਉਤੇ ਜ਼ੋਰ ਦਿਤਾ ਗਿਆ ।

ਦੂਜੇ ਇਕ ਮਤੇ ਵਿਚ ਖਿਲਾਫਤ ਦੇ ਮਸਲੇ ਬਾਰੇ ਕਿਹਾ ਗਿਆ ਕਿ ਹਿੰਦੁਸਤਾਨ ਦੀ ਤੇ ਇੰਗਲੈਂਡ ਦੀ ਸਰਕਾਰ ਨੇ ਹਿੰਦੁਸਤਾਨ ਦੇ ਮੁਸਲਮਾਨਾਂ ਵਲ ਆਪਣੇ ਫਰਜ਼ ਨੂੰ ਬਿਲਕੁਲ ਨਹੀਂ ਨਿਭਾਇਆ । ਅਤੇ ਪ੍ਰਧਾਨ ਮੰਤਰੀ ਨੇ ਜਾਣ ਬੁਝਕੇ ਆਪਣਾ ਦਿਤਾ

---

[1] History of the Indian National Congress—Page 165. vol. I

[2] 'Independent' Allahabad—June 6th, 1920.

Digitized by Panjab Digital Library | www.panjabdigilib.org

ਬਚਨ ਭੰਗ ਕਰ ਦਿਤਾ ਹੈ । ਇਸ ਧਾਰਮਕ ਮੁਸੀਬਤ ਵਿਚ ਹਰ ਗੈਰ-ਮੁਸਲਿਮ ਨੂੰ ਆਪਣੇ ਮੁਸਲਮਾਨ ਭਰਾਵਾਂ ਦੀ ਮਦਦ ਕਰਨੀ ਚਾਹੀਦੀ ਹੈ ।

"ਕਾਂਗਰਸ ਇਸ ਰਾਏ ਦੀ ਹੈ ਕਿ ਉਤਲੇ ਦੋਹਾਂ ਜ਼ੁਲਮਾਂ ਦੇ ਇਲਾਜ ਤੋਂ ਬਗੈਰ ਹਿੰਦੁਸਤਾਨ ਵਿਚ ਚੈਨ ਨਹੀਂ ਹੋ ਸਕਦਾ ਅਤੇ ਕੌਮੀ ਇਜ਼ਤ ਦੀ ਰਖਿਆ ਕਰਨ ਅਤੇ ਭਵਿਖ ਵਿਚ ਇਸ ਕਿਸਮ ਦੇ ਜ਼ੁਲਮ ਰੋਕਣ ਲਈ ਇਕੋ ਇਕ ਮੁਅਸਰ ਤਰੀਕਾ ਸੁਰਾਜ ਦਾ ਕਾਇਮ ਕਰਨਾ ਹੈ ।"[1]

ਇਸ ਲਈ ਇਹਨਾਂ ਜ਼ੁਲਮਾਂ ਦੇ ਦੂਰ ਕਰਨ ਤੇ ਸੁਰਾਜ ਹਾਸਲ ਕਰਨ ਲਈ ਹਿੰਦੁਸਤਾਨੀ ਲੋਕਾਂ ਦੇ ਸਾਹਮਣੇ ਸ਼ਾਂਤਮਈ ਨਾ-ਮਿਲਵਰਤਨ ਤੋਂ ਛੁਟ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ । ਏਹੋ ਰਾਹ ਅਕਾਲੀ ਤਹਿਰੀਕ ਨੇ ਮਜ਼ਬੂਤੀ ਨਾਲ ਅਪਣਾ ਲਿਆ । ਇਸ ਸ਼ਾਂਤਮਈ ਨਾ-ਮਿਲਵਰਤਨ ਦੀਆਂ ਮੋਟੀਆਂ ਮੋਟੀਆਂ ਮੱਦਾਂ ਇਹ ਸਨ :

(ੳ) ਆਪਣੇ ਲਕਬ ਜਾਂ ਖਿਤਾਬ ਵਾਪਸ ਕਰੋ ਅਤੇ ਮੁਕਾਮੀ ਕਮੇਟੀਆਂ ਵਿਚੋਂ ਸਰਕਾਰੀ ਨਾਮਜ਼ਦ ਮਿੰਬਰ ਨਿਕਲ ਔਣ; (ਅ) ਗੌਰਮਿੰਟ ਦੇ ਦਰਬਾਰਾਂ ਦਾ ਅਤੇ ਅਫਸਰਾਂ ਦੀ ਇਜ਼ਤ ਵਿਚ ਕੀਤੇ ਗਏ ਜਲਸਿਆਂ ਦਾ ਬਾਈਕਾਟ ਕੀਤਾ ਜਾਏ; (ੲ) ਸਰਕਾਰੀ ਸਕੂਲਾਂ ਤੇ ਕਾਲਜਾਂ ਵਿਚੋਂ ਆਪਣੇ ਬੱਚੇ ਉਠਾ ਲਏ ਜਾਣ ਅਤੇ ਇਨ੍ਹਾਂ ਦੀ ਥਾਂ ਕੌਮੀ ਸਕੂਲ ਤੇ ਕਾਲਜ ਖੋਲ੍ਹੇ ਜਾਣ; (ਸ) ਬਰਿਟਿਸ਼ ਅਦਾਲਤਾਂ ਵਿਚ ਵਕੀਲ ਤੇ ਮੁਅੱਕਲ ਜਾਣਾ ਛਡ ਦੇਣ ਅਤੇ ਆਪਣੇ ਨਿਜੀ ਮੁਕੱਦਮਿਆਂ ਜਾਂ ਝਗੜਿਆਂ ਦਾ ਫੈਸਲਾ ਸਾਲਸੀ ਅਦਾਲਤਾਂ ਰਾਹੀਂ ਕਰਾਣ; (ਹ) ਫੌਜੀ, ਕਲਰਕੀ ਜਾਂ ਮਿਹਨਤਕਸ਼ ਜਮਾਤਾਂ ਮੈਸੋਪੋਟੇਮੀਆ ਵਿਚ ਨੌਕਰੀ ਕਰਨ ਲਈ ਜਾਣ ਤੋਂ ਇਨਕਾਰ ਕਰਨ; (ਕ) ਨਵੀਆਂ ਬਣੀਆਂ ਕੌਂਸਲਾਂ ਦੀਆਂ ਚੋਣਾਂ ਵਿਚੋਂ ਉਮੀਦਵਾਰ ਆਪਣੇ ਨਾਮ ਵਾਪਸ ਲੈ ਲੈਣ ਅਤੇ ਜਿਹੜੇ ਕਾਂਗਰਸ ਦੇ ਮਸ਼ਵਰੇ ਦੇ ਬਾਵਜੂਦ ਖੜੇ ਰਹਿਣ, ਵੋਟਰ ਉਹਨਾਂ ਨੂੰ ਵੋਟ ਨਾ ਪਾਣ; (ਖ) ਬਦੇਸ਼ੀ ਮਾਲ ਦਾ ਬਾਈਕਾਟ ਕੀਤਾ ਜਾਵੇ ।

ਅਗਲੇ ਲੰਮੇ ਸਮੇਂ ਲਈ ਮੁਲਕ ਦੇ ਸਾਮ੍ਹਣੇ ਪੰਜਾਬ ਦੇ ਜ਼ੁਲਮਾਂ ਦਾ ਇਲਾਜ ਕਰਾਣ, ਖਿਲਾਫਤ ਦਾ ਮਸਲਾ ਹਲਕਰਾਣ ਅਤੇ ਸੁਰਾਜ ਹਾਸਲ ਕਰਨ ਦੇ ਤਿੰਨ ਨਿਸ਼ਾਨੇ ਉਭਰ ਕੇ ਖਲੋ ਗਏ ਅਤੇ ਇਹਨਾਂ ਦੇ ਹਾਸਲ ਕਰਨ ਲਈ ਉਤਲੇ ਠੋਸ ਪਰੋਗਰਾਮ ਦਾ ਪ੍ਰੋਪੈਗੰਡਾ ਸ਼ੁਰੂ ਹੋ ਗਿਆ । ਸਾਰੇ ਮੁਲਕ ਵਿਚ ਇਕ ਨਵਾਂ ਉਤਸ਼ਾਹ ਤੇ ਬੜਾ ਜੋਸ਼ੀਲਾ ਉਭਾਰ ਪੈਦਾ ਹੋ ਗਿਆ । ਬਦੇਸ਼ੀ ਕਪੜਿਆਂ ਦੀ ਸਾੜ ਸਾੜ ਹੋਲੀ ਮਨਾਈ ਜਾਣ ਲਗ ਪਈ, ਸੁਦੇਸ਼ੀ ਦੇ ਹੱਥ-ਕੱਤੇ ਕਪੜੇ ਪਹਿਨਣੇ ਦੇਸ਼ ਭਗਤੀ ਤੇ ਇਜ਼ਤ ਦੀ ਨਿਸ਼ਾਨੀ ਬਣ ਗਈ । ਦੇਸ਼ ਦੇ ਮੁਖੀ ਵਕੀਲਾਂ ਨੇ ਵਕਾਲਤਾਂ ਛਡ ਦਿਤੀਆਂ । ਵਿਦਿਆਰਥੀਆਂ ਨੇ ਸਰਕਾਰੀ ਸਕੂਲਤੇ ਕਾਲਜ ਛਡਣੇ ਸ਼ੁਰੂ ਕਰ ਦਿਤੇ । ਚੋਣਾਂ ਦਾ ਬਾਈਕਾਟ ਕੀਤਾ ਗਿਆ ਅਤੇ ਚੋਣਾਂ ਦਾ ਮਖੌਲ ਉਡਾਣ ਲਈ ਖੋਤੇ ਉਮੇਦਵਾਰ ਖੜੇ ਕਰਕੇ ਉਹਨਾਂ ਦੇ ਜਲੂਸ ਕਢੇ ਗਏ ਅਤੇ ਹਿੰਦੁਸਤਾਨ ਭਰ ਵਿਚ ਸਰਕਾਰ ਪਰਸਤਾਂ ਦੀ ਹੇਠੀ ਕਰਨ ਲਈ 'ਟੋਡੀ ਬੱਚਾ—ਹਾਏ ਹਾਏ' ਦੇ ਨਾਅਰੇ ਗੂੰਜਣ ਲਗ ਪਏ ।

1920 ਦੀ ਕਾਂਗਰਸ ਦੇ ਅਜਲਾਸ ਨੇ ਦੇਸ਼ ਨੂੰ ਅਗਵਾਈ ਲਈ ਇਕ ਨਵੀਂ ਸੇਧ, ਨਵੀਂ ਦਿਸ਼ਾ ਦੇ ਦਿਤੀ । ਮਹਾਤਮਾ ਗਾਂਧੀ ਦੀ ਸ਼ਾਂਤਮਈ ਨਾ-ਮਿਲਵਰਤਨ ਦੇ ਇਸ ਪ੍ਰੋਗਰਾਮ ਨੇ ਦੇਸ਼ ਨੂੰ ਝੰਜੋੜ ਝੰਜੋੜ ਕੇ ਜਗਾ ਦਿਤਾ, ਸੁਸਤੀ ਤੇ ਸਿਥਲਤਾ ਦੇ ਜੁੱਲੇ ਲਥ ਗਏ । ਦੇਸ਼ ਦੇ ਪੈਰਾਂ ਦੀ ਹਰਕਤ ਬੜੀ ਤੇਜ਼ ਹੋ ਗਈ । ਹਿੰਦੁਸਤਾਨ ਨੂੰ ਆਪਣੇ ਇਕ ਹੋਣ ਦਾ ਤੇ ਆਪਣੀ

[1] History of the National Congress : pages 202—203

Digitized by Panjab Digital Library | www.panjabdigilib.org

ਚੜ੍ਹ ਰਹੀ ਤਾਕਤ ਦਾ ਅਹਿਸਾਸ ਹੋਣ ਲਗ ਪਿਆ। ਇਕ ਨਵੇਂ ਵਾਯ ਮੰਡਲ, ਨਵੇਂ ਮਾਹੌਲ ਦੀ ਆਭਾ ਮੂਰਤੀਮਾਨ ਹੋ ਗਈ।

ਖੁਦ ਸਿੱਖਾਂ ਦੇ ਧਾਰਮਕ ਜਜ਼ਬਿਆਂ ਨੂੰ ਗੌਰਮਿੰਟ ਕਈ ਸਾਲਾਂ ਤੋਂ ਲਤਾੜਦੀ ਚਲੀ ਆ ਰਹੀ ਸੀ; ਜਿਵੇਂ ਕਿਰਪਾਨ ਪਹਿਨਣ ਵਾਲਿਆਂ ਨੂੰ ਫੜਨਾ, ਗੁਰਦੁਆਰਾ ਰਿਕਾਬ ਗੰਜ ਦੀ ਕੰਧ ਢਾਣਾ, ਦਰਬਾਰ ਸਾਹਿਬ ਦਾ ਪਾਣੀ ਬੰਦ ਕਰਨਾ ਆਦ। ਇਨ੍ਹਾਂ ਮਸਲਿਆਂ ਨੇ ਸਿੱਖਾਂ ਨੂੰ ਬੜਾ ਦੁਖੀ ਕੀਤਾ ਹੋਇਆ ਸੀ ਅਤੇ ਉਹਨਾਂ ਦੇ ਦਿਲ ਕੁਛ ਕਰਨ ਨੂੰ ਰਿੱਝ ਰਹੇ ਸਨ।

ਏਹੋ ਜੇਹਾ ਸੀ ਉਭਾਰੂ ਤੇ ਉਤਸਾਹਜਨਕ ਵਾਤਾਵਰਣ ਜਿਸ ਵਿਚ ਜ਼ਖਮ-ਖਾਧਾ ਪੰਜਾਬ ਆਪਣਾ ਉਚਿਤ ਹਿੱਸਾ ਪਾ ਰਿਹਾ ਸੀ—ਇਹ ਸਨ ਦੇਸ਼ ਦੇ ਰਾਜਸੀ ਤੇ ਆਰਥਕ ਹਾਲਾਤ ਜਦੋਂ ਗੁਰਦੁਆਰਿਆਂ ਦੀ ਆਜ਼ਾਦੀ ਦੀ ਤਹਿਰੀਕ ਸ਼ੁਰੂ ਹੋਈ ਅਤੇ ਇਸ ਨੂੰ ਕਾਂਗਰਸ ਤੇ ਖਿਲਾਫਤ ਦੀ ਲਗਾਤਾਰ ਤੇ ਇਕਸਾਰ ਹਮਾਇਤ ਹਾਸਲ ਹੋਈ।

ਸਿੱਖ ਇਤਿਹਾਸ ਵਿਚ ਅਹਿੰਸਾ ਤੇ ਹਿੰਸਾ ਦੇ ਦੋਵੇਂ ਤਰੀਕੇ ਵਰਤੇ ਗਏ ਤੇ ਜਾਇਜ਼ ਪਰਵਾਨ ਕੀਤੇ ਗਏ ਹਨ। ਅਕਾਲੀ ਤਹਿਰੀਕ ਦੇ ਦੌਰਾਨ ਬਬਰ ਅਕਾਲੀਆਂ ਨੇ ਹਿੰਸਾਵਾਦੀ ਤਰੀਕੇ ਵਰਤੇ ਤੇ ਆਪਣੀਆਂ ਦਰਜਨਾਂ ਜਾਨਾਂ ਦੀ ਕੁਰਬਾਨੀ ਦਿਤੀ। ਪਰ ਸ਼ਰੋਮਣੀ ਕਮੇਟੀ ਨੇ ਇਕਸਾਰ ਅਹਿੰਸਾ-ਮਈ ਸਤਿਆਗ੍ਰਹਿ ਦਾ ਹਥਿਆਰ ਵਰਤਿਆ ਅਤੇ ਅੰਗਰੇਜ਼ ਹਾਕਮਾਂ ਦੀ ਇਹ ਖਾਹਸ਼ ਪੂਰੀ ਨਾ ਹੋਣ ਦਿਤੀ ਕਿ ਸਿੱਖ ਅਜ ਨਹੀਂ ਭਲਕੇ, ਭਲਕੇ ਨਹੀਂ ਪਰਸੋਂ ਅਹਿੰਸਾ ਛਡ ਦੇਣਗੇ ਅਤੇ ਹਿੰਸਾ ਦਾ ਰਾਹ ਅਪਨਾਣ ਲਗ ਪੈਣਗੇ।

ਦੇਸ਼ ਵਿਚ ਪੈਦਾ ਹੋ ਚੁਕੇ ਇਸ ਨਵੇਂ ਜੋਸ਼ ਤੇ ਉਭਾਰਵੇਂ ਵਾਤਾਵਰਣ ਨੂੰ ਅੱਖਾਂ ਸਾਮ੍ਹਣੇ ਰਖ ਕੇ ਹੀ ਇਸ ਸ਼ਾਨਦਾਰ ਅਕਾਲੀ ਤਹਿਰੀਕ ਦਾ ਇਹ ਨਿਰੋਆ ਇਤਿਹਾਸ ਪੜ੍ਹਨਾ ਚਾਹੀਦਾ ਹੈ।

Digitized by Panjab Digital Library | www.panjabdigilib.org

# ਗੁਰਦੁਆਰਿਆਂ ਦੀ ਆਜ਼ਾਦੀ ਦਾ ਸਵਾਲ

## 1. ਤਹਿਰੀਕ ਦੀ ਖਸਲਤ

ਗੁਰਦੁਆਰਿਆਂ ਦੀ ਆਜ਼ਾਦੀ ਦਾ ਅਕਾਲੀ ਸੰਗਰਾਮ ਇਕ ਬੜਾ ਮਹਾਨ ਤੇ ਵਿਸ਼ਾਲ ਸੰਗਰਾਮ ਸੀ। ਇਹ ਕੁਛ ਪਹਿਲੂਆਂ ਵਿਚ ਕਾਂਗਰਸ ਦੇ ਆਜ਼ਾਦੀ ਸੰਗਰਾਮ ਨੂੰ ਵੀ ਮਾਤ ਪਾ ਗਿਆ ਸੀ। ਸਖਤੀ, ਮਾਰ-ਕੁਟਾਈ, ਜੇਲ-ਤਸ਼ੱਦਦ, ਮੌਤ-ਗਿਣਤੀ ਵਗੈਰਾ ਨੂੰ ਵੇਖਿਆ ਜਾਵੇ ਤਾਂ ਕੌਮੀ ਕਾਂਗਰਸ ਇਸ ਛੋਟੇ ਇਲਾਕੇ ਦੀਆਂ ਕੁਰਬਾਨੀਆਂ ਦਾ ਮੁਕਾਬਲਾ ਨਹੀਂ ਕਰ ਸਕਦੀ। ਜਿੰਨਾਂ ਅਕਾਲੀ ਤਹਿਰੀਕ ਨੇ ਪਿੰਡਾਂ ਦੀ ਆਮ ਜਨਤਾ ਨੂੰ ਆਪਣੇ ਵਲ ਖਿੱਚਿਆ, ਕਾਂਗਰਸ ਦੀ ਤਹਿਰੀਕ ਨਹੀਂ ਸੀ ਖਿੱਚ ਸਕੀ। ਅਕਾਲੀ ਤਹਿਰੀਕ ਦੀ ਬੁਨਿਆਦ ਆਮ ਕਿਰਸਾਨ ਤੇ ਗਰੀਬ ਪੇਂਡੂ ਲੋਕ ਸਨ। ਇਸ ਤਹਿਰੀਕ ਨੂੰ ਬਾਹਲੇ ਆਗੂ ਵੀ ਚੰਗੇ, ਸੁਚੱਜੇ ਤੇ ਕੁਰਬਾਨੀ ਵਾਲੇ ਮਿਲ ਗਏ ਸਨ। ਇਸ ਲਈ ਇਹ ਅੰਗਰੇਜ਼ ਸਰਕਾਰ ਨਾਲ ਚੰਗਾ ਲੋਹਾ ਲੈ ਸਕੀ ਅਤੇ ਕਈ ਤਕੜੀਆਂ ਪਰਾਪਤੀਆਂ ਹਾਸਲ ਕਰ ਸਕੀ।

ਗੁਰਦੁਆਰਾ ਤਹਿਰੀਕ ਵਿਚ ਉੱਠੇ ਮਸਲੇ ਏਕਾ ਏਕੀ ਨਹੀਂ ਸਨ ਉਠ ਖਲੋਤੇ। ਸੁੱਕੇ ਅੰਬਰੋਂ ਬਿੱਜ ਕਦੇ ਨਹੀਂ ਡਿਗਦੀ, ਇਸ ਦੇ ਪਿਛੇ ਸੰਘਣੀ ਬੱਦਲਵਾਈ ਹੋਣੀ ਚਾਹੀਦੀ ਹੈ, ਇਹਨਾਂ ਮਸਲਿਆਂ ਦੇ ਪਿੱਛੇ ਚੋਖਾ ਲੰਮਾ ਇਤਿਹਾਸ ਹੈ, ਜਿਹੜਾ ਅਸਾਂ, ਥੋੜ੍ਹੇ ਸ਼ਬਦਾਂ ਵਿਚ, ਉਤੇ ਸ਼ੁਰੂ ਵਿਚ ਵੇਖਿਆ ਹੈ। ਇਸ ਤਹਿਰੀਕ ਨੇ, ਨਾ ਸਿਰਫ ਕੁਰਬਾਨੀਆਂ ਤੇ ਬੇਗਰਜ਼ੀ ਦੇ ਪਿਛਲੇ ਸਿੱਖ ਇਤਿਹਾਸ ਨੂੰ ਹੀ ਦੁਹਰਾਇਆ ਤੇ ਹੋਰ ਚਮਕਾਇਆ, ਸਗੋਂ ਦੇਸ਼ ਭਗਤਾਂ ਦੀਆਂ ਨਜ਼ਰਾਂ ਵਿਚ, ਸਿੱਖਾਂ ਦੀ ਨਿੱਘਰੀ ਹੋਈ ਤੇ ਡਿੱਗ ਚੁਕੀ ਸਾਖ ਨੂੰ ਵੀ ਮੁੜ ਕਾਇਮ ਤੇ ਬਹਾਲ ਕੀਤਾ। ਇਹ ਤਹਿਰੀਕ ਸ਼ੁਰੂ ਤੋਂ ਹੀ ਅੰਗਰੇਜ਼ ਸਾਮਰਾਜ ਦੀ ਦੁਸ਼ਮਣ ਸੀ।

ਅਕਾਲੀ ਆਗੂਆਂ ਨੇ ਗੁਰਦੁਆਰਾ ਤਹਿਰੀਕ ਨੂੰ ਗੁਰਦੁਆਰਾ ਸੁਧਾਰ ਦੀ ਤਹਿਰੀਕ ਆਖਿਆ ਸੀ ਪਰ ਅਸਲ ਵਿਚ ਇਹ ਨਿਰੀ ਗੁਰਦੁਆਰਾ ਸੁਧਾਰ ਦੀ ਲਹਿਰ ਨਹੀਂ ਸੀ, ਮੁਖ ਤੌਰ ਤੇ ਇਹ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਸੀ। ਅੰਗਰੇਜ਼ ਸਰਕਾਰ ਨੇ ਗੁਰਦੁਆਰਿਆਂ ਉਤੇ ਪੂਰਾ ਕਬਜ਼ਾ ਕੀਤਾ ਹੋਇਆ ਸੀ। ਗੱਦੀਦਾਰ ਮਹੰਤ ਅਫਸਰਾਂ ਦੇ ਹੱਥ-ਠੋਕੇ ਤੇ ਪਾਲਤੂ ਤਾਬਿਆਦਾਰ ਬਣੇ ਹੋਏ ਸਨ। ਉਹ ਮਸੰਦ ਬਣ ਚੁਕੇ ਸਨ ਅਤੇ ਸਿੱਖ ਮਤ ਦੇ ਅਸੂਲਾਂ ਨੂੰ ਤਿਲਾਂ-ਜਲੀ ਦੇ ਚੁਕੇ ਸਨ। ਦੁਰਾਚਾਰ, ਬਦਕਾਰੀ ਤੇ ਭਰਿਸ਼ਟਾਚਾਰ ਉਹਨਾਂ ਦਾ ਨਿਤਾਪਰਤੀ ਦਾ ਕਾਰ-ਵਿਹਾਰ ਬਣ ਗਿਆ ਸੀ। ਅਪਰਾਧੀ ਆਪਣੇ ਅਪਰਾਧਾਂ ਉਤੇ ਪੜਦਾ ਪਾਣ ਲਈ ਵਕਤ ਦੇ ਹਾਕਮਾਂ ਅੱਗੇ ਸਰਕਾਰ ਪ੍ਰਸਤ ਲੋਕਾਂ ਨਾਲੋਂ ਵੀ ਵਧੇਰੇ ਨਿਉਂ-ਨਿਉਂ ਸਲਾਮਾਂ ਕਰਦਾ ਅਤੇ ਉਹਨਾਂ ਦੀ ਖੁਸ਼ਾਮਦ ਕਰਦਾ ਹੈ। ਅਫਸਰ ਇਹਨਾਂ ਦੀਆਂ ਕਮਜ਼ੋਰੀਆਂ ਨੂੰ ਜਾਣਦੇ ਸਨ, ਇਹਨਾਂ ਤੋਂ ਆਪਣੀ ਸੇਵਾ ਕਰਾਂਦੇ ਅਤੇ ਕਈ ਕਿਸਮ ਦੇ ਚੰਦੇ ਮਾਠਦੇ ਸਨ। ਅੰਗਰੇਜ਼ ਹਾਕਮਾਂ ਦੀ ਪਾਲਿਸੀ ਇਹ ਜਾਪਦੀ ਸੀ : ਮਹੰਤਾਂ ਦੇ ਐਬਾਂ ਵਲ ਨੈਲਸਨ ਵਾਲੀ ਕਾਣੀ ਅੱਖ ਕਰੀ ਰਖੋ ਅਤੇ ਗੁਰਦੁਆਰਿਆਂ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਵਰਤੋ। ਇਹਨਾਂ ਵਿਚ ਅੰਗਰੇਜ਼ ਸਾਮਰਾਜ ਦੇ ਵਿਰੁਧ ਕੋਈ ਆਵਾਜ਼ ਨਾ ਉੱਠਣ ਦਿਓ। ਇਸ ਤਰ੍ਹਾਂ ਗੁਰਦੁਆਰੇ ਅੰਗਰੇਜ਼ ਰਾਜ ਦੀ

Digitized by Panjab Digital Library | www.panjabdigilib.org

ਰਖਿਆ, ਮਜ਼ਬੂਤੀ ਤੇ ਖੁਸ਼ਾਮਦ ਦੇ ਕੇਂਦਰ ਬਣ ਗਏ ਸਨ। ਅਤੇ ਇਹਨਾਂ ਵਿਚ ਅੰਗਰੇਜ਼ੀ ਰਾਜ ਦੇ ਸਦੀਵੀ ਰਹਿਣ ਤੇ ਰੱਖਣ ਦੇ ਅਰਦਾਸੇ ਹੁੰਦੇ ਸਨ!

ਹਾਲਤ ਏਥੋਂ ਤਕ ਨਿਘਰ ਚੁਕੀ ਸੀ ਕਿ ਗੁਰਦੁਆਰਿਆਂ ਵਿਚ ਸੁਧਾਰ ਕਰਨ ਦੀ ਆਵਾਜ਼ ਉਠਾਣ ਵਾਲੇ ਸਿੱਖਾਂ ਨੂੰ ਪੁਜਾਰੀ ਘਿਰਣਾ ਦੀ ਨਜ਼ਰ ਨਾਲ ਵੇਖਦੇ ਸਨ, ਦੇਸ਼-ਸੇਵਕਾਂ ਦੇ ਵਿਰੁਧ, ਅੰਗਰੇਜ਼ ਸਾਮਰਾਜ ਤੋਂ ਬਾਗੀ, ਤੇ ਸਿੱਖੀ ਤੋਂ ਪਤਤ ਹੋਣ ਦੇ ਫਤਵੇ ਦੇਂਦੇ ਸਨ ਅਤੇ ਅਖੌਤੀ ਅਛੂਤਾਂ ਦੇ ਸਿੰਘ ਸਜ ਜਾਣ ਉਤੇ ਅਰਦਾਸੇ ਨਹੀਂ ਸਨ ਕਰਦੇ।

ਦੂਜੇ ਪਾਸੇ ਜੇ ਕੋਈ ਅੰਗਰੇਜ਼ ਜਾਂ ਐਂਗਲੋ-ਇੰਡੀਅਨ ਹਾਕਮ ਜਾਂ ਯਾਤਰੂ ਗੁਰਦੁਆਰੇ ਵਿਚ ਆ ਜਾਂਦਾ ਤਾਂ ਇਹ ਓਹਨਾਂ ਦੇ ਅੱਗੇ-ਪਿਛੇ ਭਜੇ ਫਿਰਦੇ ਸਨ, ਉਨ੍ਹਾਂ ਨੂੰ ਸਰੋਪਾ ਦੇਂਦੇ ਸਨ ਅਤੇ ਉਹਨਾਂ ਉਤੇ ਅੰਗਰੇਜ਼ ਰਾਜ ਦੇ ਪੂਰੇ ਵਫਾਦਾਰ ਅਤੇ ਤਾਬਿਆਦਾਰ ਹੋਣ ਦਾ ਪਰਭਾਵ ਛਡਦੇ ਸਨ। ਪੂਜਾ ਦਾ ਧਾਨ ਖਾ ਖਾ ਇਹਨਾਂ ਦੀ ਸਿੱਖੀ ਅਣਖ ਤੇ ਗੈਰਤ ਮਰ ਚੁਕੀ ਸੀ ਅਤੇ ਇਹ ਅੰਗਰੇਜ਼ ਹਾਕਮਾਂ ਦੇ ਪੂਰਣ ਗੁਲਾਮ ਬਣ ਚੁਕੇ ਸਨ। ਜਦ ਕਾਅਬੇ ਵਿਚੋਂ ਹੀ ਕੁਫਰ ਉਠਣ ਲੱਗੇ ਤਾਂ ਮੁਸਲਮਾਨੀ ਨੇ ਉਥੇ ਕਿਥੇ ਰਹਿਣਾ ਹੋਇਆ!

ਇਹ ਮਸੰਦ ਜਨਰਲ ਡਾਇਰ ਜੇਹੇ ਖੂੰਖਾਰ ਦਰਿੰਦੇ ਨੂੰ 'ਸਿੱਖ' ਬਣਾਣ ਦਾ ਹਾਸੋਹੀਣਾ ਨਾਟਕ ਰਚਦੇ ਸਨ ਅਤੇ ਉਸ ਨੂੰ ਵਧਾਈਆਂ ਦੇਂਦੇ ਸਨ ਕਿ ਉਸ ਨੇ ਜਲਿਆਂ ਵਾਲੇ ਬਾਗ ਵਿਚ ਅੰਨੇਵਾਹ ਗੋਲੀਆਂ ਚਲਾਕੇ ਅਤੇ ਨਿੱਹਥੇ ਤੇ ਸ਼ਾਂਤ ਬੈਠੇ ਪੰਜਾਬੀਆਂ ਦੇ ਆਹੂ ਲਾਹ ਕੇ 'ਬੁਰਾਈ ਨੂੰ ਫੈਲਣ ਤੋਂ ਪਹਿਲਾਂ ਕੁਚਲ' ਦਿਤਾ ਅਤੇ ਇਹ ਕਰਕੇ 'ਸਿੱਖਾਂ ਦਾ ਭਰੋਸਾ, ਪਿਆਰ ਤੇ ਇਹਸਾਨ ਜਿੱਤ ਲਿਆ'—ਇਹ ਸੀ ਇਖਲਾਕੀ ਤੇ ਧਾਰਮਕ ਗਿਰਾਵਟ ਦੀ ਹੱਦ ਜਿਥੋਂ ਤਕ ਇਹਨਾਂ ਦੀ ਦੇਸ਼ ਦੀ ਆਜ਼ਾਦੀ ਲਹਿਰ ਨਾਲ ਗੱਦਾਰੀ ਗਈ।

ਮਿਸਟਰ ਕੌਲਵਿਨ ਲਿਖਦਾ ਹੈ: ਜਦੋਂ ਉਹ (ਡਾਇਰ) ਅਮਰਿਤਸਰ ਮੁੜਕੇ ਵਾਪਸ ਆਇਆ ਤਾਂ ਉਸ ਨੂੰ ਤੇ ਬਰਿਗੇਡੀਅਰ ਮੇਜਰ ਕੈਪਟਨ ਬਰਿਗਜ਼ ਨੂੰ ਦਰਬਾਰ ਸਾਹਿਬ ਬੁਲਾਇਆ ਗਿਆ। ਅਤੇ ਉਹ ਸਿੱਖ ਆਗੂਆਂ ਤੇ ਮੁਖੀ ਪੁਜਾਰੀਆਂ ਦੇ ਪਾਸ ਦਰਬਾਰ ਸਾਹਿਬ ਗਏ।

"ਸਾਹਿਬ," ਉਹਨਾਂ ਨੇ ਆਖਿਆ," ਤੁਹਾਨੂੰ ਸਿੱਖ ਬਣ ਜਾਣਾ ਚਾਹੀਦਾ ਹੈ—ਜਿਵੇਂ ਨਿਕਲਸਨ ਸਾਹਿਬ[1] ਸਿੱਖ ਬਣ ਗਿਆ ਸੀ।"

"ਜਨਰਲ ਨੇ ਇਸ ਮਾਣ ਲਈ ਉਹਨਾਂ ਦਾ ਧੰਨਵਾਦ ਕੀਤਾ, ਪਰ ਉਸ ਨੇ ਇਤਰਾਜ਼ ਕੀਤਾ ਕਿ ਬਰਿਟਿਸ਼ ਅਫਸਰ ਦੇ ਤੌਰ ਤੇ ਉਹ ਆਪਣੇ ਵਾਲ ਲੰਮੇ ਨਹੀਂ ਉਗਾ ਸਕਦਾ"।

ਅਰੂੜ ਸਿੰਘ ਹੱਸ ਪਿਆ: "ਅਸੀਂ ਤੁਹਾਨੂੰ ਲੰਮੇ ਵਾਲ ਨਾ ਰਖਣ ਦੀ ਛੋਟ ਦੇ ਦਿਆਂਗੇ"–ਉਸ ਨੇ ਅਗੋਂ ਆਖਿਆ।

ਜਨਰਲ ਡਾਇਰ ਨੇ ਇਕ ਹੋਰ ਇਤਰਾਜ਼ ਕੀਤਾ: "ਪਰ ਮੈਂ ਸਿਰਗਟ ਪੀਣਾ ਨਹੀਂ ਛੱਡ ਸਕਦਾ।"

"ਇਹ ਤੁਹਾਨੂੰ ਛਡ ਦੇਣਾ ਚਾਹੀਦਾ ਹੈ," ਅਰੂੜ ਸਿੰਘ ਨੇ ਆਖਿਆ। "ਨਹੀਂ," ਜਨਰਲ ਨੇ ਆਖਿਆ, "ਮੈਨੂੰ ਬਹੁਤ ਅਫ਼ਸੋਸ ਹੈ, ਮੈਂ ਸਿਗਰਟ ਪੀਣਾ ਨਹੀਂ ਛਡ ਸਕਦਾ।"

ਪੁਜਾਰੀ ਨੇ ਇਹ ਰਿਆਇਤ ਦੇ ਦਿਤੀ: "ਅਸੀਂ ਤੁਹਾਨੂੰ ਹੌਲੀ ਹੌਲੀ ਛਡ ਦੇਣ ਦੀ ਖੁਲ੍ਹ ਦੇ ਦਿਆਂਗੇ-ਇਕ ਸਿਗਰਟ ਇਕ ਸਾਲ ਵਿਚ।"

[1] ਜਨਰਲ ਨਿਕਲਸਨ ਜਿਸ ਨੇ 1857 ਦੇ ਗਦਰ (ਆਜ਼ਾਦੀ ਦੀ ਪਹਿਲੀ ਜੰਗ) ਨੂੰ ਅੱਤ ਦੇ ਜ਼ੁਲਮ ਤੇ ਤਸ਼ੱਦਦ ਰਾਹੀਂ ਦਬਾਇਆ ਸੀ। —ਲੇਖਕ

Digitized by Panjab Digital Library | www.panjabdigilib.org

"ਇਸ ਕਥਨ ਦਾ ਮੈਂ ਵਚਨ ਦੇਂਦਾ ਹਾਂ" ਜਨਰਲ ਨੇ ਕਿਹਾ।

ਸਿੱਖ ਹਸਦੇ ਹਸਦੇ ਉਹਨਾਂ ਨੂੰ ਸਿੱਖੀ ਵਿਚ ਸ਼ਾਮਲ ਕਰਨ ਵਿਚ ਰੁਝ ਗਏ। ਜਨਰਲ ਡਾਇਰ ਤੇ ਕੈਪਟਨ ਬਰਿਗਜ਼ ਨੂੰ ਪੰਜ ਕਕਾਰ ਪਹਿਨਾਏ ਗਏ......ਇਸ ਤਰ੍ਹਾਂ ਉਹ ਸਿੱਖ ਬਣ ਗਏ। ਇਸ ਤੋਂ ਛੁਟ ਜਨਰਲ ਡਾਇਰ ਲਈ ਉਹਨਾਂ ਵਲੋਂ ਆਪਣੇ ਪਵਿਤਰ ਸਥਾਨ ਗੁਰੂਸਰ ਸੁਲਤਾਨੀ (ਗੁਰੂਸਰ ਸਤਲਾਣੀ) ਵਿਚ ਇਕ ਪੂਜਾ ਦੁਆਰਾ ਬਣਾਇਆ ਗਿਆ।"[1]

1919 ਤਕ ਇਹ ਸੀ ਸਿੱਖ ਗੁਰਦੁਆਰਿਆਂ ਦੀ ਤੇ ਸਿੱਖ ਮਤ ਦੀ ਅਧੋਗਤੀ ਦੀ ਹਾਲਤ-ਕੌਮੀ ਆਜ਼ਾਦੀ ਦੇ ਕੁਚਲਣ ਵਾਲੇ ਜ਼ਾਲਮ ਤੇ ਕਾਤਲ ਅਫਸਰਾਂ ਨੂੰ ਸਰੋਪਾ ਤੇ ਸ਼ੋਭਾ-ਪੱਤਰ ਦੇ ਕੇ ਉਹਨਾਂ ਦੇ ਗੁਨਾਹਾਂ ਉਤੇ ਪੜਦੇ ਪਾਣਾ ਅਤੇ ਉਹਨਾਂ ਦੀ ਖੁਸ਼ਨੂਦੀ ਤੇ ਸ਼ਾਬਾਸ਼ ਹਾਸਲ ਕਰਨਾ! ਅੰਗਰੇਜ਼ ਸਾਮਰਾਜ ਦੇ ਇਸ਼ੇ ਕਾਇਮ ਰਖਣ ਲਈ ਇਹ ਅਖੌਤੀ ਸਿੱਖ ਆਗੂ ਤੇ ਪੁਜਾਰੀ ਸਿੱਖ ਗੁਰਦੁਆਰਿਆਂ ਤੇ ਸਿੱਖ ਮਤ ਨੂੰ ਆਪਣੇ ਨਿਜੀ ਹਿਤਾਂ ਲਈ ਜਿਵੇਂ ਚਾਹੁਣ ਵੇਚ ਸਕਦੇ ਸਨ ਅਤੇ ਉਹਨਾਂ ਨੇ ਦੋਹਾਂ ਨੂੰ ਰੱਜ ਕੇ ਵੇਚਿਆ।

## 2. ਮਹੰਤਾਂ ਦਾ ਕਬਜ਼ਾ ਕਿਵੇਂ ਹੋਇਆ ?

ਮਹੰਤਾਂ ਨੇ ਧਰਮ-ਅਰਥ ਜਾਇਦਾਦਾਂ ਨੂੰ ਕਿਵੇਂ ਨਿਜੀ ਜਾਇਦਾਦਾਂ ਵਿਚ ਤਬਦੀਲ ਕੀਤਾ—ਬਰਿਟਿਸ਼ ਰਾਜ ਦੇ ਸਰਕਾਰੀ ਰਿਕਾਰਡ ਵਿਚੋਂ ਮਿਲਦਾ ਹੈ। ਇਹ ਜਾਇਦਾਦਾਂ ਸ਼ਰਧਾਲੂਆਂ ਨੇ ਗੁਰਦੁਆਰਿਆਂ ਦੀ ਸੰਭਾਲ ਲਈ, ਲੰਗਰ ਚਲਾਣ ਲਈ ( ਵਗੈਰਾ ) ਦਿਤੀਆਂ ਸਨ। "ਸਿੱਖ ਰਾਜ ਵੇਲੇ ਜੇ ਕੋਈ ਸਾਧ ਬੁਰੇ ਕੰਮ ਕਰਦਾ ਸੀ, ਉਸ ਨੂੰ ਝਟ ਪਟ ਬਾਹਰ ਕਢ ਦਿਤਾ ਜਾਂਦਾ ਸੀ। ਪਰ ਬੰਦੋਬਸਤ ਵੇਲੇ, ਯਾਨੀ ਜ਼ਮੀਨ ਦੇ ਬਾਕਾਇਦਾ ਫੈਸਲਿਆਂ ਦੇ ਮੌਕੇ ਤੇ ਮਹੰਤ ਹਰ ਇਕ ਕੇਸ ਵਿਚ ਜ਼ਮੀਨ ਦੇ ਮਾਲਕ ਬਣਾ ਦਿਤੇ ਗਏ ਅਤੇ ਅਗਲੇ ਫੈਸਲੇ ਤਕ ਜ਼ਮੀਨਾਂ ਦੀ ਮਾਲਗੁਜ਼ਾਰੀ ਮੁਆਫ਼ ਕਰ ਦਿਤੀ ਗਈ। ਨਤੀਜਾ ਜਿਸ ਦਾ ਇਹ ਨਿਕਲਿਆ ਕਿ ਸਾਧਾਂ ਨੇ ਬਾਹਲੇ ਕੇਸਾਂ ਵਿਚ ਵਿਆਹ ਕਰਾ ਲਏ, ਧਰਮਸਾਲਾ ਦੇ ਦਰਵਾਜ਼ੇ ਬੰਦ ਕਰ ਦਿਤੇ ਅਤੇ ਲੋਕਾਂ ਦੇ ਸਿਰੋਂ ਆਰਾਮ ਵਾਲੇ ਘਰ ਬਣਾਕੇ ਜ਼ਮੀਨਾਂ ਦੇ ਮਾਲਕ ਬਣ ਬੈਠੇ। ਦੂਜੀਆਂ ਹਾਲਤਾਂ ਵਿਚ ਸਾਧਾਂ ਨੇ ਵਿਆਹ ਨਹੀਂ ਕਰਾਏ! ਪਰ ਉਹਨਾਂ ਨੇ ਬੁਰਾਈ ਵਾਲੇ ਰਾਹ ਅਪਣਾ ਲਏ ਹਨ।[2]

ਵਡੇ ਗੁਰਦੁਆਰਿਆਂ ਦੇ ਕਬਜ਼ੇ ਦਾ ਇਤਿਹਾਸ ਇਹ ਹੈ ਕਿ ਅੰਗਰੇਜ਼ ਰਾਜ ਦੇ ਆਉਣ ਤੇ ਮਹੰਤ ਹੌਲੀ ਹੌਲੀ ਸਿੱਖਾਂ ਦੇ ਕੰਟਰੋਲ ਤੋਂ ਆਜ਼ਾਦ ਹੋ ਗਏ। ਸੰਗਤ ਦੇ ਮਹੰਤ ਨੂੰ ਚੁਣਨ ਦੇ ਹੱਕ ਤੇ ਅਧਿਕਾਰ ਐਗਜ਼ੈਕਟਿਵ ਤੇ ਵਿੱਤ ਅਫਸਰਾਂ ਨੇ ਖੋਹ ਲਏ ਤੇ ਅਫਸਰਾਂ ਦੀ ਇਮਦਾਦ ਨਾਲ ਉਹ ਜ਼ਮੀਨਾਂ ਤੇ ਕਾਬਜ਼ ਹੋ ਗਏ ਅਤੇ ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਦ ਸਮਝਣ ਲਗ ਪਏ। ਇਹ ਬਰਿਟਿਸ਼ ਸਰਕਾਰ ਹੀ ਸੀ ਜਿਸ ਨੇ ਆਪਣੇ ਮਾਤਹਿਤ ਅਫ਼ਸਰਾਂ ਦੇ ਸਿਧੇ ਜਾਂ ਅਸਿਧੇ ਅਸਰ ਰਾਹੀਂ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਦੇ ਮਾਲਕ ਬਣਨ ਦੀ ਆਗਿਆ ਦਿਤੀ।

ਕੌਮੀ ਕਾਂਗਰਸ ਦੇ ਇਤਿਹਾਸ ਵਿਚ ਦਰੁਸਤ ਲਿਖਿਆ ਹੈ ਕਿ "ਜਦੋਂ ਕੋਈ ਬਦੇਸ਼ੀ

[1] The Story of Gen. Dyer by Ian Colvin—Pages 261—62

[2] Ludhiana Gazetter-I888-89 Chapter III C, Page 72.

Digitized by Panjab Digital Library | www.panjabdigilib.org

ਹਕੂਮਤ ਮੁਲਕ ਉਤੇ ਕਬਜ਼ਾ ਹਾਸਲ ਕਰਦੀ ਹੈ ਤਾਂ ਉਸ ਤੋਂ ਏਸੇ ਗੱਲ ਦੀ ਆਸ ਕੀਤੀ ਜਾ ਸਕਦੀ ਹੈ ਕਿ ਉਹ ਤੇਂਦੂਏ ਵਾਂਗ ਮੁਲਕ ਦੀ ਲਗ ਭਗ ਹਰ ਸੰਸਥਾ, ਆਰਥਕ, ਵਿਦਿਅਕ ਜਾਂ ਧਾਰਮਿਕ ਵੀ ਆਪਣੀ ਜਕੜ ਵਿਚ ਲੈ ਆਵੇਗੀ ਅੰਗਰੇਜ਼ਾਂ ਨੇ ਪੰਜਾਬ ਨੂੰ 1849 ਵਿਚ ਆਪਣੀ ਸਲਤਨਤ ਵਿਚ ਸ਼ਾਮਲ ਕੀਤਾ ਅਤੇ ਜਦੋਂ ਤਬਦੀਲੀ ਦਾ ਦੌਰ ਸੀ ਤਾਂ ਅਮਰਿਤਸਰ ਦਰਬਾਰ ਸਾਹਿਬ ਜਿਹੜਾ ਕਿ ਸਿੱਖ ਮਤ ਦਾ ਕੇਂਦਰ ਤੇ ਕਿਲ੍ਹਾ ਹੈ–ਦੇ ਮਾਮਲੇ ਗੜਬੜ ਵਿਚ ਪਏ ਹੋਏ ਸਨ। ਉਸ ਵੇਲੇ ਅਮਰਿਤ-ਧਾਰੀ ਸਿੱਖਾਂ ਦੀ ਟਰਸਟੀ ਦੇ ਤੌਰ ਤੇ ਇਕ ਕਮੇਟੀ ਬਣਾਈ ਗਈ ਸੀ ਜਿਸ ਦਾ ਸਰਬਰਾਹ ਸਰਕਾਰ ਵਲੋਂ ਨਿਯੁਕਤ ਕੀਤਾ ਜਾਂਦਾ ਸੀ। ਇਸ ਦੇ ਹੱਥਾਂ ਵਿਚੋਂ ਦੀ ਲੱਖਾਂ ਰੁਪਏ ਹਰ ਸਾਲ ਨਿਕਲਦੇ ਸਨ ਅਤੇ ਜਿਵੇਂ ਆਮ ਇਹੋ ਜਿਹੇ ਮਾਮਲਿਆਂ ਵਿਚ ਹੁੰਦਾ ਹੈ—1881 ਵਿਚ ਇਹ ਕਮੇਟੀ (ਚੁਪਚਾਪ) ਹਟਾ ਦਿਤੀ ਗਈ। ਅਤੇ ਸਰਬਰਾਹ ਦੇ ਹੱਥ ਵਿਚ ਕੁਲ ਤਾਕਤ ਆ ਗਈ। ਕੰਟਰੋਲ ਦੀ ਅਣਹੋਂਦ ਨੇ ਗੈਰ-ਜ਼ੁਮੇਂਵਾਰੀ ਤੇ ਭਰਿਸ਼ਟਾਚਾਰ ਨੂੰ ਹੋਂਦ ਵਿਚ ਲੈ ਆਂਦਾ......।"[1]

ਪਰ ਹੇਲੀ ਇਸ ਇਤਿਹਾਸ ਨੂੰ ਤੋੜ ਮਰੋੜ ਕੇ ਲਿਖਦਾ ਹੈ ਕਿ "ਲਗ ਭਗ 1859 ਵਿਚ ਸਿੱਖ ਜਾਤੀ ਦੀ ਆਮ ਰਜ਼ਾਮੰਦੀ ਨਾਲ ਗੌਰਮਿੰਟ ਨੇ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਇਕ ਕਮੇਟੀ ਬਣਾ ਦਿਤੀ ਜਿਸ ਦਾ ਮੁਖੀ ਗੌਰਮਿੰਟ ਨਾਮਜ਼ਦ ਕਰਦੀ ਸੀ। ਕਿੰਨੇ ਹੀ ਸਾਲ ਤਕ ਇਹ ਕਮੇਟੀ ਚੰਗਾ ਕੰਮ ਕਰਦੀ ਰਹੀ ਪਰ ਕੁਝ ਚਿਰ ਪਿਛੋਂ ਕਮੇਟੀ ਨੇ ਸਰਗਰਮੀ ਨਾਲ ਦਿਲ-ਚਸਪੀ ਲੈਣੀ ਛਡ ਦਿਤੀ ਅਤੇ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਸਰਬਰਾਹ ਦੇ ਹੱਥ ਵਿਚ ਆ ਗਿਆ। ਇਹ ਉਹ ਵਕਤ ਸੀ ਜਦੋਂ ਸਿੱਖ ਆਪਣੇ ਗੁਰਦੁਆਰਿਆਂ ਤੇ ਇਨ੍ਹਾਂ ਦੇ ਵਕਫਾਂ ਵਿਚ ਕੋਈ ਵੀ ਦਿਲਚਸਪੀ ਨਹੀਂ ਸਨ ਲੈਂਦੇ। ਇਹ ਗੱਲ ਆਮ ਲੋਕੀਂ ਜਾਣਦੇ ਹਨ ਕਿ ਦਰਬਾਰ ਸਾਹਿਬ ਵਿਚੋਂ 1905 ਤਕ ਮੂਰਤੀਆਂ ਨਹੀਂ ਸਨ ਉਠਾਈਆਂ ਗਈਆਂ ਅਤੇ ਪ੍ਰਬੰਧਕ ਕਮੇਟੀ ਦੇ ਇਤਿਹਾਸਕਾਰਾਂ ਅਨੁਸਾਰ, ਦਰਬਾਰ ਸਾਹਿਬ ਦੇ ਕੰਟਰੋਲ ਦੇ ਕੌਮੀ ਕਰਣ ਕਰਨ ਦੀ ਤਹਿਰੀਕ ਵੀ ਇਸ ਵੇਲੇ ਹੀ ਸ਼ੁਰੂ ਹੋਈ।"[2]

1919 ਤਕ ਚੀਫ ਖਾਲਸਾ ਦੀਵਾਨ ਸਿੱਖਾਂ ਦੀ ਲਗਭਗ ਇਕੋ ਇਕ ਕੇਂਦਰੀ ਜਥੇਬੰਦੀ ਸੀ ਅਤੇ "ਸਰਦਾਰ ਸੁੰਦਰ ਸਿੰਘ ਮਜੀਠੀਏ ਉਸ ਵੇਲੇ ਸਿੱਖ ਕੌਮ ਦੇ ਵਾਹਦ ਲੀਡਰ ਗਿਣੇ ਜਾਂਦੇ ਸਨ।"...... "ਇਸ ਕੇਂਦਰੀ ਜਥੇਬੰਦੀ ਉਤੇ ਖਾਨਦਾਨੀ ਸਰਦਾਰਾਂ ਅਤੇ ਧਨਾਡ ਸਿੱਖਾਂ ਦਾ ਕਬਜ਼ਾ ਸੀ ਅਤੇ ਇਹਨਾਂ ਨੂੰ ਅੰਗਰੇਜ਼ ਸਰਕਾਰ ਨੇ 'ਕੁਦਰਤੀ ਆਗੂ' ਮੰਨਿਆ ਹੋਇਆ ਸੀ। ਚੀਫ ਖਾਲਸਾ ਦੀਵਾਨ ਧਾਰਮਿਕ ਦੀਵਾਨ ਲਾਉਂਦਾ ਤੇ ਹੋਰ ਧਰਮ ਪਰਚਾਰ ਦਾ ਕੰਮ ਤਾਂ ਜ਼ਰੂਰ ਕਰਦਾ ਸੀ ਪਰ ਜਿਸ ਤਰ੍ਹਾਂ ਨੌਜੁਆਨ ਮੁੰਡੇ ਉਹਨੀਂ ਦਿਨੀਂ ਹਾਸੇ ਨਾਲ ਕਹਿੰਦੇ ਹੁੰਦੇ ਸਨ : ਚੀਫ ਖਾਲਸਾ ਦੀਵਾਨ ਲਈ 'ਸਭ ਤੋਂ ਉੱਚੀ ਸਿੱਖ ਕੌਮ ਅਤੇ ਉਸ ਤੋਂ ਉੱਚੀ ਸਰਕਾਰ ਇੰਗਲਿਸ਼ੀਆ' ਸੀ। ਸਰਕਾਰ ਨਾਲ ਹਰ ਤਰ੍ਹਾਂ ਮਿਲਵਰਤਣ ਕਰਨਾ ਅਤੇ ਆਪਣੇ ਲਈ ਤੇ ਸਿੱਖਾਂ ਲਈ ਕੁਛ ਅਹੁਦੇ ਲੈਣਾ ਤੇ ਫਾਇਦੇ ਉਠਾਣਾ—ਏਹੋ ਹੀ ਚੀਫ ਖਾਲਸਾ ਦੀਵਾਨ ਦਾ ਵਡਾ

---

1 History of the Indian National Congress—Vol. I Pages 262—63.

2 Ludhiana Gazetteer-1888-89 Chapter III-C page 72.

M. Hailey's Speech—Legislative Assembly, 26th Feb. 1924 Pros.

Digitized by Panjab Digital Library | www.panjabdigilib.org

ਮਨੋਰਥ ਸੀ।"[1]

ਅੰਗਰੇਜ਼ ਸਾਮਰਾਜ ਦੇ ਹਿੰਦੁਸਤਾਨ ਵਿਚ, ਸਭ ਤੋਂ ਵਡੇ ਮਦਦਗਾਰ ਰਜਵਾੜੇ, ਜਾਗੀਰਦਾਰ ਤੇ ਸੌਦਾਗਰ ਸਰਮਾਏਦਾਰ ਸਨ। ਇਹਨਾਂ ਸ਼ਰੇਣੀਆਂ ਵਿਚੋਂ ਜਿਨ੍ਹਾਂ ਨੇ ਹਿੰਦੁਸਤਾਨ ਦੀ ਪਹਿਲੀ ਆਜ਼ਾਦੀ ਦੀ ਜੰਗ (ਗਦਰ 1857) ਵੇਲੇ ਅੰਗਰੇਜ਼ ਰਾਜ ਦੀ ਮਦਦ ਕੀਤੀ ਸੀ ਉਹਨਾਂ ਨੂੰ ਕਈ ਜਾਗੀਰਾਂ, ਅਹੁਦੇ ਤੇ ਰਿਆਇਤਾਂ ਮਿਲੀਆਂ ਸਨ। ਸ਼ਰੇਣੀ ਹਿਤਾਂ ਤੇ ਸੁਆਰਥਾਂ ਕਾਰਣ ਇਹ ਸਭ ਅੰਗਰੇਜ਼ ਰਾਜ ਨਾਲ ਮਜ਼ਬੂਤੀ ਨਾਲ ਜੁੜ ਗਏ ਸਨ। ਅੰਗਰੇਜ਼ ਅਫਸਰ ਇਹਨਾਂ ਦੇ ਹੀ ਪੁਤ ਪੋਤਰਿਆਂ ਨੂੰ ਫੌਜ, ਪੁਲਸ ਤੇ ਉੱਚੇ ਦਫਤਰਾਂ ਵਿਚ ਉੱਚੇ ਅਹੁਦਿਆਂ ਦੀ ਥਾਂ ਦੇਂਦੇ ਸਨ। ਇਸ ਲਈ ਅੰਗਰੇਜ਼ ਰਾਜ ਦੀ ਜ਼ਿੰਦਗੀ ਇਹਨਾਂ ਉਤੇ ਨਿਰਭਰ ਸੀ ਅਤੇ ਇਹਨਾਂ ਦੀ ਜ਼ਿੰਦਗੀ ਅੰਗਰੇਜ਼ ਰਾਜ ਉਤੇ ਨਿਰਭਰ ਸੀ। ਅੰਗਰੇਜ਼ ਅਫਸਰ, ਜਿਵੇਂ ਕਿ ਅਸੀਂ ਅਗੇ ਵੇਖਾਂਗੇ, ਆਮ ਲੋਕਾਂ ਨਾਲ ਬੜੀ ਨਫ਼ਰਤ ਕਰਦੇ ਸਨ।

ਪੰਜਾਬ ਦੇ ਰਜਵਾੜਿਆਂ ਤੇ ਜਾਗੀਰਦਾਰਾਂ ਨੇ ਗਦਰ ਵੇਲੇ ਅੰਗਰੇਜ਼ ਰਾਜ ਦੀ ਭਰਪੂਰ ਮਦਦ ਕੀਤੀ ਸੀ ਅਤੇ ਸਿਖ ਫੌਜ ਦੀ ਵਰਤੋਂ ਕਰਕੇ ਇਹਨਾਂ ਨੇ ਇਸ ਦਾ ਡੁਬਕੂੰ ਡੁਬਕੂੰ ਕਰਦਾ ਬੇੜਾ ਬਚਾਇਆ ਸੀ! ਇਸ ਮਦਦ ਦੇ ਕਾਰਣ ਉਹਨਾਂ ਨੂੰ ਬੜੀਆਂ ਜਾਗੀਰਾਂ ਹਾਸਲ ਹੋ ਗਈਆਂ ਸਨ। ਇਸ ਮਦਦ ਦਾ ਤੇ ਮੁਸੀਬਤ ਵੇਲੇ ਕੰਮ ਆਉਣ ਦਾ ਜ਼ਿਕਰ ਅੰਗਰੇਜ਼ ਇਤਿਹਾਸਕਾਰਾਂ ਨੇ ਬਾਰ ਬਾਰ ਕੀਤਾ ਹੈ ਅਤੇ ਏਥੋਂ ਤਕ ਲਿਖਿਆ ਹੈ ਕਿ ਸਿੱਖਾਂ ਦੀ 'ਵਫ਼ਾਦਾਰ ਫੌਜ' ਨੇ ਉਹਨਾਂ ਦਾ ਰਾਜ ਬਹਾਲ ਰਖਿਆ—ਇਹ ਮਦਦ ਨਾ ਪਹੁੰਚਦੀ ਤਾਂ ਅੰਗਰੇਜ਼ ਰਾਜ ਜਾਨੀ ਖਤਰੇ ਤੋਂ ਬਾਹਰ ਨਾ ਨਿਕਲ ਸਕਦਾ।

ਚੀਫ ਖਾਲਸਾ ਦੀਵਾਨ ਉਤੇ ਇਹਨਾਂ ਜਾਗੀਰਦਾਰਾਂ ਦਾ ਹੀ ਕਬਜ਼ਾ ਸੀ। ਇਹ ਖਾਨਦਾਨੀ ਸਰਦਾਰ ਸਨ ਜਿਨ੍ਹਾਂ ਦੇ ਵਡੇਰਿਆਂ ਨੇ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਕੁਝ ਇਤਿਹਾਸਕ ਕਾਰਨਾਮੇ ਕੀਤੇ ਸਨ; ਇਸ ਲਈ ਇਹ ਆਮ ਜਨਤਾ ਵਿਚ ਸਨਮਾਨੇ ਤੇ ਸਤਕਾਰੇ ਜਾਂਦੇ ਸਨ। ਇਹ ਸਰਦਾਰ ਪੱਕੀ ਤਰ੍ਹਾਂ ਗੰਢ ਦਿਤੀ ਬੈਠੇ ਸਨ ਕਿ ਸਿੱਖਾਂ ਦਾ ਭਲਾ ਅੰਗਰੇਜ਼ ਰਾਜ ਦੀ ਵਫਾਦਾਰੀ ਤੇ ਤਾਬਿਆਦਾਰੀ ਵਿਚ ਹੀ ਹੈ ਅਤੇ ਅੰਗਰੇਜ਼ ਰਾਜ ਅਹਿੱਲਵਾਂ ਤੇ ਅਮਿੱਟਵਾਂ ਹੈ, ਇਸ ਦੀਆਂ ਜੜ੍ਹਾਂ ਪਾਤਾਲ ਤਕ ਗਈਆਂ ਹੋਈਆਂ ਹਨ। ਅੰਗਰੇਜ਼ ਅਫਸਰਾਂ ਨੇ ਸਕੂਲ ਕਾਲਜ ਚਲਾਣ ਵਿਚ ਮਦਦ ਕੀਤੀ ਹੈ, ਬਾਰਾਂ ਵਿਚ ਸਿੱਖਾਂ ਨੂੰ ਜ਼ਮੀਨਾਂ ਦਿਤੀਆਂ ਹਨ, ਫੌਜਾਂ ਵਿਚ ਭਰਤੀ ਕੀਤਾ ਹੈ ਅਤੇ ਅਹੁਦੇ ਦਿਤੇ ਹਨ। ਅੰਗਰੇਜ਼ਾਂ ਨੇ ਸਿੱਖਾਂ ਉਤੇ ਬੜੇ ਉਪਕਾਰ ਕੀਤੇ ਹਨ। ਇਸ ਲਈ ਇਹ ਹੋਰ ਸਭ ਕੁਛ ਬਰਦਾਸ਼ਤ ਕਰ ਸਕਦੇ ਸਨ। ਪਰ ਅੰਗਰੇਜ਼ ਅਫ਼ਸਰਾਂ ਦੀ ਨਾਰਾਜ਼ਗੀ ਨਹੀਂ ਸਨ ਬਰਦਾਸ਼ਤ ਕਰ ਸਕਦੇ। ਸ਼ਰੇਣੀ ਸੁਆਰਥਾਂ ਨੇ ਇਹਨਾਂ ਨੂੰ ਅੰਨ੍ਹਾ ਕੀਤਾ ਹੋਇਆ ਸੀ। ਇਹਨਾਂ ਸਾਮ੍ਹਣੇ ਅੰਗਰੇਜ਼ ਰਾਜ ਦੀ ਵਫ਼ਾਦਾਰੀ ਤੋਂ ਛੁੱਟ ਸਿੱਖਾਂ ਲਈ ਕੋਈ ਅਗਵਾੜ (Perspective) ਤੇ ਭਵਿਖ ਨਹੀਂ ਸੀ। ਇਹਨਾਂ ਰਾਜਸੀ ਅੰਨ੍ਹਿਆਂ ਨੂੰ ਇਹ ਨਹੀਂ ਸੀ ਨਜ਼ਰ ਆਉਂਦਾ ਕਿ ਅੰਗਰੇਜ਼ ਸਾਮਰਾਜ ਸਿੱਖਾਂ ਨੂੰ ਹਿੰਦੁਸਤਾਨ ਦੀ ਗੁਲਾਮੀ ਮਜ਼ਬੂਤ ਕਰਨ ਲਈ ਵਰਤ ਰਿਹਾ ਹੈ। ਅਤੇ ਉਹਨਾਂ ਅਗੇ ਕੁਛ ਗਲੇ-ਸੜੇ ਟੁਕੜੇ ਸੁਟਕੇ, ਕੌਮੀ ਆਜ਼ਾਦੀ ਦੀ ਤਹਿਰੀਕ ਨਾਲੋਂ ਨਿਖੇੜਕੇ ਆਜ਼ਾਦੀ-ਪੰਸਦ ਲੋਕਾਂ ਵਿਚ ਬਦਨਾਮ ਕਰ ਰਿਹਾ ਹੈ ਅਤੇ ਅੰਗਰੇਜ਼ ਰਾਜ ਦੇ

---

[1] ਅਕਾਲੀ ਲਹਿਰ ਦੀਆਂ ਕੁਝ ਯਾਦਾਂ : ਪਰਿੰਸੀਪਲ ਨਿਰੰਜਨ ਸਿੰਘ, ਰੋਜ਼ਾਨਾ ਜਥੇਦਾਰ, ਜਲੰਧਰ, 13 ਅਗਸਤ 1967 (ਨੰ: 1)।

Digitized by Panjab Digital Library | www.panjabdigilib.org

ਪਿਠੂਆਂ ਦੀਆਂ ਸਫਾਂ ਵਿਚ ਸ਼ਾਮਲ ਕਰਕੇ ਆਪਣੀ ਲੁੱਟ-ਚੁੰਘ ਲਈ ਆਪਣਾ ਰਾਹ ਸਾਫ ਤੇ ਮੋਕਲਾ ਕਰ ਰਿਹਾ ਹੈ। ਇਹ ਸਿੱਖ ਆਗੂ ਏਨੇ ਨਿਘਰ ਗਏ ਸਨ ਕਿ ਅੰਗਰੇਜ਼ ਰਾਜ ਦੀ "ਸੱਜੀ-ਬਾਂਹ" ਤੇ "ਚੰਗੇ ਪੁਤਰ" ਅਖਵਾਕੇ, ਸ਼ਰਮਿੰਦੇ ਨਹੀਂ, ਸਗੋਂ ਖੁਸ਼ ਹੁੰਦੇ ਸਨ।

ਅੰਗਰੇਜ਼ ਹਾਕਮਾਂ ਦੀ ਨਾਰਾਜ਼ਗੀ ਤੇ ਘੁਰਕੀ ਸਹਿਣ ਦੀ ਨਾ ਇਹਨਾਂ ਵਿਚ ਹਿੰਮਤ ਸੀ ਤੇ ਨਾ ਜੁਰਅਤ। ਗੁਰਦੁਆਰਿਆਂ ਦੀ ਆਜ਼ਾਦੀ ਅੰਗਰੇਜ਼ ਹਾਕਮਾਂ ਨੇ ਖੋਹ ਲਈ—ਇਹ ਕੁਸਕੇ ਤਕ ਨਾ। ਵਿਦਿਆ ਉਤੇ ਉਹਨਾਂ ਨੇ ਕਬਜ਼ਾ ਕਰ ਲਿਆ–ਇਹਨਾਂ ਸਿਰ ਸੁੱਟ ਕੇ ਪਰਵਾਨ ਕਰ ਲਿਆ! ਗੁਰਦੁਆਰਾ ਰਿਕਾਬ ਗੰਜ ਦਿੱਲੀ ਦੀ ਕੰਧ ਢਾਹ ਦੇਣ ਦੀ ਇਹਨਾਂ ਮਨਜ਼ੂਰੀ ਦੇ ਦਿਤੀ! ਸਿੱਖ ਧਰਮ ਨੂੰ ਤੋੜ ਮਰੋੜ ਕੇ ਉਹਨਾਂ ਆਪਣੀ ਮਜ਼ਬੂਤੀ ਲਈ ਵਰਤਿਆ, ਇਹਨਾਂ ਚੂੰ ਤਕ ਨਾ ਕੀਤੀ! ਗੁਰਦੁਆਰਿਆਂ ਵਿਚ ਸਿੱਖ ਧਰਮ ਦੀਆਂ ਪਰੰਪਰਾਵਾਂ ਦੇ ਵਿਰੁਧ ਕੁਰੀਤੀਆਂ ਤੇ ਕੁਚਾਲਾਂ ਪੈਰੋ ਪੈਰ ਵਧੀਆਂ—ਇਹਨਾਂ ਦੀ ਭੱਜ-ਦੌੜ ਮਤੇ ਪਾਸ ਕਰਨ ਜਾਂ ਕਿਤੇ ਕਿਤੇ ਮੁਕਦਮੇ ਕਰਨ ਤਕ ਸੀ ਜਿਨ੍ਹਾਂ ਦਾ ਨਾ ਕੋਈ ਸਿੱਟਾ ਨਿਕਲਣਾ ਸੀ, ਨਾ ਨਿਕਲਿਆ। ਸਿੱਖਾਂ ਦੀ ਹਰ ਅਜ਼ਾਦੀ ਪਸੰਦ, ਅੰਗਰੇਜ਼-ਰਾਜ-ਵਿਰੋਧੀ ਤਹਿਰੀਕ ਦੀ ਵਿਰੋਧਤਾ ਕਰਨਾ ਇਹਨਾਂ ਦਾ ਕਿੱਤਾ ਸੀ।

## 4. ਬੇਚੈਨੀ ਦੀ ਸ਼ੁਰੂਆਤ

11 ਨਵੰਬਰ 1918 ਨੂੰ ਪਹਿਲੀ ਜਗਤ ਜੰਗ ਖਤਮ ਹੋਈ। ਜੰਗ ਦੇ ਖਾਤਮੇ ਤੋਂ ਪਹਿਲੋਂ, ਮਾਰਚ-ਅਪਰੈਲ 1917 ਵਿਚ ਹੀ ਅੰਗਰੇਜ਼ ਸਾਮਰਾਜ ਦੇ ਖਿਲਾਫ ਬੇਚੈਨੀ ਵਧਣ ਲਗ ਪਈ ਸੀ ਅਤੇ ਲੋਕਾਂ ਦੇ ਵਿਚਾਰਾਂ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ।[1] ਅੰਗਰੇਜ਼ ਹਾਕਮ ਬੜੇ ਘਾਗ ਸਨ। ਉਹ ਜਾਣਦੇ ਸਨ ਕਿ ਜੰਗ ਜਿੱਤਣ ਲਈ ਇੱਤਹਾਦੀਆਂ ਨੇ 'ਛੋਟੀਆਂ ਤੇ ਕਮਜ਼ੋਰ ਕੌਮਾਂ ਦੀ ਰੱਖਿਆ', 'ਆਤਮ-ਨਿਰਣੇ' ਦੇ ਹੱਕ, 'ਲੋਕ-ਰਾਏ ਨਾਲ ਸਰਕਾਰ ਬਨਾਣ' ਦੇ ਅਧਿਕਾਰ ਅਤੇ 'ਜਮਹੂਰੀਅਤ'[2] ਦੇ ਵਡੇ ਵਡੇ ਉੱਚੇ ਉੱਚੇ ਨਾਅਰੇ ਲਾਏ ਸਨ, ਇਹਨਾਂ ਨੂੰ ਅਮਲੀ ਜਾਮਾ ਪੁਆਣ ਦੇ ਅਰਥ ਹਿੰਦੁਸਤਾਨ ਵਿਚੋਂ ਨਿਕਲਣਾ ਹੈ। ਹਿੰਦੁਸਤਾਨ ਜੇਹੀ ਸੋਨੇ ਦਾ ਆਂਡਾ ਦੇਣ ਵਾਲੀ ਬਤਖ਼ ਹਥੋਂ ਨਹੀਂ ਛੱਡੀ ਜਾ ਸਕਦੀ, ਇਸ ਨੂੰ ਹਰ ਸੂਰਤ ਕਬਜ਼ੇ ਵਿਚ ਰੱਖਣਾ ਹੈ। ਪਰ ਇਹਨਾਂ ਨਾਅਰਿਆਂ ਤੇ ਵਾਅਦਿਆਂ ਦੇ ਕਾਰਣ ਅੰਗਰੇਜ਼ ਰਾਜ ਵਿਰੁਧ ਵਧ ਰਹੀ ਬੇਚੈਨੀ ਠੋਸ ਸ਼ਕਲ ਧਾਰਨ ਕਰਕੇ ਝੱਖੜ, ਤੇ ਝੱਖੜ ਤੋਂ ਤੂਫਾਨ ਬਣਨ ਵਾਲੀ ਹੈ, ਇਸ ਲਈ ਇਸ ਉਠਣ ਵਾਲੀ ਤਹਿਰੀਕ ਦਾ ਸਿਰ ਭੰਨਣ ਲਈ ਪਹਿਲੋਂ ਹੀ ਤਿਆਰੀ ਨਾਲ ਬੰਦੋਬਸਤ ਤੇ ਪਰਬੰਧ ਕਰਨਾ ਚਾਹੀਦਾ ਹੈ। ਅਤੇ ਰਾਜ-ਪ੍ਰਬੰਧ ਦੀ ਮਸ਼ੀਨਰੀ ਨੂੰ ਹਰ ਤਰ੍ਹਾਂ ਲੈਸ ਕਰਕੇ ਰੱਖਣਾ ਚਾਹੀਦਾ ਹੈ।

ਅਤੇ ਹਾਕਮਾਂ ਨੇ ਪਹਿਲੋਂ ਹੀ ਸਭ ਕੁਛ ਸੋਚ ਰਖਿਆ ਸੀ। ਉਹਨਾਂ ਨੂੰ ਪਹਿਲਾ ਫਿਕਰ ਇਹ ਸੀ ਕਿ ਸਰਕਾਰੀ ਹਮਾਇਤੀਆਂ ਦੀ ਗੰਢ ਸਾਮਰਾਜ ਨਾਲ ਪੱਕੀ ਕੀਤੀ ਜਾਵੇ, ਤਾਂ ਜੋ ਇਹ ਆਉਣ-ਵਾਲੇ ਰਾਜਸੀ ਉਭਾਰ ਵਿਚ ਵਹਿਕੇ ਸਾਥ ਨਾ ਛਡ ਜਾਣ। 20 ਅਗਸਤ 1917 ਨੂੰ ਮਿਸਟਰ ਮੰਨਟੇਗੋ ਨੇ ਬਰਤਾਨੀਆ ਦੀ ਸਰਕਾਰ ਵਲੋਂ ਨਵੀਂ ਪਾਲਿਸੀ ਦਾ ਏਲਾਨ ਕੀਤਾ।

[1] India in the Years 1917 April—1918 December. page 32.

[2] ਏਹੋ ਪੁਸਤਕ ਤੇ ਏਹੋ ਸਫਾ।

Digitized by Panjab Digital Library | www.panjabdigilib.org

ਨਵੀਂ ਪਾਲਿਸੀ ਇਹ ਸੀ ਕਿ ਹਿੰਦੁਸਤਾਨ ਦੀ ਸਰਕਾਰ "ਰਾਜ-ਪਰਬੰਧ ਦੀ ਹਰ ਸ਼ਾਖ ਵਿਚ ਹਿੰਦੁਸਤਾਨੀਆਂ ਦੀ ਵਧਣ-ਹਾਰ ਜੋਟੀਦਾਰੀ" ਕਾਇਮ ਕਰੇਗੀ ਤਾਂ ਜੋ ਹਿੰਦੁਸਤਾਨ ਵਿਚ "ਜ਼ੁਮੇਵਾਰ ਹਕੂਮਤ ਦੇ ਇਕ-ਸਾਰ ਹਸੂਲ"[1] ਦਾ ਰਾਹ ਅਖਤਿਆਰ ਕੀਤਾ ਜਾਵੇ। ਅਤੇ ਵਾਈਸਰਾਏ ਚੈਮਸਫੋਰਡ ਨੇ ਇਸ ਸਕੀਮ ਨਾਲ ਸਹਿਮਤੀ ਪਰਗਟ ਕਰਦਿਆਂ ਆਖਿਆ: "ਹਿੰਦੁਸਤਾਨੀਆਂ ਨੂੰ ਸਰਕਾਰ ਦੇ ਥੱਲੇ ਵਧੇਰੇ ਜ਼ੁਮੇਵਾਰ ਅਸਾਮੀਆਂ" ਉਤੇ ਲਾਇਆ ਜਾਏਗਾ, "ਵਿਧਾਨ-ਕਾਰ ਕੌਂਸਲਾਂ ਵਿਚ ਤਬਦੀਲੀਆਂ ਕੀਤੀਆਂ ਜਾਣਗੀਆਂ" ਅਤੇ ਬਰਿਟਿਸ਼ ਐਮਪਾਇਰ ਦੇ ਜੁੜਵੇਂ ਅੰਗ ਦੇ ਤੌਰ ਤੇ "ਬਰਿਟਿਸ਼ ਭਾਰਤ ਨੂੰ ਖੁਦ-ਚਲਾਊ ਸਰਕਾਰ"[2] ਪਰਦਾਨ ਕੀਤੀ ਜਾਏਗੀ।

ਏਲਾਨ ਦਾ ਮਕਸਦ ਹਿੰਦੁਸਤਾਨੀਆਂ ਵਿਚ ਫੁਟ ਪਾਉਣਾ, ਬੇ-ਹਰਕਤ ਲੋਕਾਂ ਦੀ ਅਖੀਂ ਘੱਟਾ ਪਾਉਣਾ, ਅਣ-ਜਾਣ ਤੇ ਬੇਸੂਝ ਵਰਕਰਾਂ ਤੇ ਆਗੂਆਂ ਨੂੰ ਗੁਮਰਾਹ ਕਰਨਾ ਅਤੇ ਆਪਣੇ ਹਮਾਇਤੀਆਂ ਨੂੰ ਆਪਣੇ ਨਾਲ ਚੰਗੀ ਤਰ੍ਹਾਂ ਜੋੜਨਾ ਸੀ ਪਰ ਹਿੰਦੁਸਤਾਨ ਦੇ ਕੁਛ ਸੂਝਦਾਰ ਰਾਜਸੀ ਆਗੂਆਂ ਨੇ ਇਸ ਏਲਾਨ ਦਾ ਖੋਖਲਾਪਨ ਤਾੜ ਲਿਆ ਅਤੇ ਉਹਨਾਂ ਨੇ ਇਸ ਦੇ ਖਿਲਾਫ਼ ਜਹਾਦ ਕਰਨਾ ਸ਼ੁਰੂ ਕਰ ਦਿਤਾ। ਉਹ ਲੋਕਾਂ ਸਾਮ੍ਹਣੇ ਇਸ ਖੋਟੀ "ਖੁਦ-ਚਲਾਊ ਸਰਕਾਰ" ਦਾ ਭਾਂਡਾ ਭੰਨਣ ਲਗ ਪਏ। ਆਮ ਲੋਕ ਇਹਨਾਂ ਰਾਜਸੀ ਆਗੂਆਂ ਨਾਲ ਹੋ ਗਏ।

## 5. ਕਾਇਮ ਆਸਨਾਂ ਦਾ ਪਹਿਰੇਦਾਰ

ਜੰਗ ਪਿਛੋਂ ਰਾਜਸੀ ਹਾਲਾਤ ਬਿਲਕੁਲ ਬਦਲ ਚੁਕੇ ਸਨ। ਪਰ ਚੀਫ ਖਾਲਸਾ ਦੀਵਾਨ ਦੇ ਆਗੂ ਨਾ ਤਾਂ ਖੁਦ ਬਦਲੇ ਸਨ ਅਤੇ ਨਾ ਹੀ ਉਹਨਾਂ ਨੂੰ ਦੇਸ਼ ਦੇ ਹਾਲਾਤ ਬਦਲੇ ਹੋਏ ਨਜ਼ਰ ਆਉਂਦੇ ਸਨ। ਉਹਨਾਂ ਉਤੇ ਫਾਰਸੀ ਦੀ ਇਹ ਕਹਾਵਤ ਠੀਕ ਰਾਸ ਬੈਠਦੀ ਸੀ : ਜ਼ਮੀਨ ਹਿੱਲਦੀ ਏ ਤਾਂ ਪਈ ਹਿੱਲੇ, ਪਰ ਗੁਲ਼ ਮੁਹੰਮਦ ਨਹੀਂ ਹਿੱਲੇਗਾ।[3] ਉਹ ਵਧੇਰੇ ਸਰਕਾਰ-ਭਗਤ ਤੇ ਵਫਾਦਾਰ ਹੋ ਗਏ ਸਨ।

ਸਿੱਖਾਂ ਉਤੇ ਚੀਫ ਖਾਲਸਾ ਦੀਵਾਨ ਦਾ ਗਲਬਾ ਜਹਾਜ਼ੀ ਸਿੰਦਬਾਦ ਦੇ ਮੋਢਿਆਂ ਉਤੇ ਚੜ੍ਹੇ-ਬੈਠੇ ਬੁਢੇ ਵਰਗਾ ਸੀ। ਇਸ ਗਲਬੇ ਦੇ ਤੋੜਨ ਲਈ ਲਾਇਲਪੁਰ ਦੇ ਸਿਖਾਂ ਨੇ, ਸਰਦਾਰ ਹਰਚੰਦ ਸਿੰਘ ਦੀ ਅਗਵਾਈ ਵਿਚ ਇਕ ਦੋ ਵਾਰ ਯਤਨ ਕੀਤੇ ਸਨ। ਉਹਨਾਂ ਨੇ ਉਰਦੂ ਦਾ ਖਾਲਸਾ ਅਖਬਾਰ ਚਲਾ ਕੇ ਦੀਵਾਨ ਦੀ ਅੰਨ੍ਹੀ ਸਰਕਾਰ-ਭਗਤੀ ਦੇ ਖਿਲਾਫ ਵੀ ਆਵਾਜ਼ ਉਠਾਈ ਸੀ ਪਰ ਉਹਨਾਂ ਨੇ ਸੁਣਕੇ ਅਣਸੁਣੀ ਕਰ ਦਿਤੀ ਸੀ।

10, 11 ਤੇ 12 ਅਪਰੈਲ 1914 ਨੂੰ ਜਲੰਧਰ ਵਿਚ ਸਿੱਖ ਐਜੂਕੇਸ਼ਨਲ (ਵਿੱਦਿਅਕ) ਕਮੇਟੀ ਦੀ ਸਾਲਾਨਾ ਕਾਨਫਰੰਸ ਹੋਈ। ਇਸ ਵਿਚ ਸ: ਹਰਚੰਦ ਸਿੰਘ ਜੀ ਰਈਸ ਤੇ ਦੇਸ਼ ਭਗਤ ਦੀ ਅਗਵਾਈ ਹੇਠ ਲਾਇਲਪੁਰ ਦੇ ਖਾਲਸਾ ਜੀ ਨੇ ਗੁਰਦੁਆਰਾ ਰਿਕਾਬਗੰਜ ਦਿਲੀ ਦੀ ਕੰਧ ਢਾਹੁਣ ਬਾਰੇ ਸਰਕਾਰ ਨੂੰ ਜ਼ੋਰਦਾਰ ਪੁੱਛ ਕਰਨ ਤੇ ਸਿੱਖ ਕੌਮ ਵਲੋਂ ਜ਼ੋਰਦਾਰ ਐਜੀਟੇਸ਼ਨ ਕਰਨ ਦਾ ਮਤਾ ਪੇਸ਼ ਕਰਨਾ ਚਾਹਿਆ ਜੋ ਨਾ ਸੁਣਿਆ ਗਿਆ। ਤੇ ਸਰਦਾਰ ਜੀ ਨੂੰ ਆਪਣੇ ਸਾਥੀਆਂ ਸਣੇ ਮੰਡਪ ਵਿਚੋਂ ਬਾਹਰ ਚਲੇ ਜਾਣ ਲਈ ਮਜਬੂਰ ਹੋਣਾ ਪਿਆ।"[4] ਸ: ਤੇਜਾ

---

[1] ਉਤਲੀ ਪੁਸਤਕ—ਪੰਨਾ 36।

[2] ,, ,, ਸਫ਼ਾ 41।

[3] ਜ਼ਮੀ ਜੁਬਦ ਨਾ ਜੁੰਬਦ ਗੁਲ ਮੁਹੰਮਦ।

[4] ਜੀਵਨ-ਭਾਈ ਮੋਹਨ ਸਿੰਘ ਵੈਦ : ਪੰਨਾ 251—252।

Digitized by Panjab Digital Library | www.panjabdigilib.org

ਸਿੰਘ ਸਮੁੰਦਰੀ ਵੀ ਜਾਣ ਵਾਲਿਆਂ ਵਿਚ ਸ਼ਾਮਲ ਸਨ ।

ਪਰ ਚੀਫ ਖਾਲਸਾ ਦੀਵਾਨ ਦੀ 'ਚਾਰਯਾਰੀ' ਦੇ ਆਗੂ ਆਪਣੀ ਸੋਚ-ਸ਼ਕਤੀ ਅੰਗਰੇਜ਼ ਰਾਜ ਅਗੇ ਗਿਰਵੀ ਰਖ ਚੁਕੇ ਸਨ। ਜੰਗ ਦੇ ਖਾਤਮੇ ਪਿਛੋਂ ਸ਼ਹਿਰੀ ਤੇ ਜਮਹੂਰੀ ਆਜ਼ਾਦੀ ਦੀ ਢੇਰ ਸਾਰੀ ਹਵਾ ਵੱਗਣ ਲਗ ਪਈ ਸੀ। ਦਰਬਾਰ ਸਾਹਿਬ, ਖਾਲਸਾ ਕਾਲਜ ਦੇ ਪਰਬੰਧ ਖਾਲਸਾ ਪੰਥ ਨੂੰ ਸੌਂਪਣ ਦੇ ਮਤੇ ਪੰਜਾਬ ਤੋਂ ਬਾਹਰ ਵੀ ਪਾਸ ਕੀਤੇ ਜਾ ਰਹੇ ਸਨ । ਏਥੋਂ ਤਕ ਕਿ ਬਸਰੇ ਤੇ ਬਗਦਾਦ ਵਿਚ ਗਏ ਸਿਖ, ਬਰਮਾਂ ਵਿਚ ਕਾਰੋਬਾਰ ਕਰ ਰਹੇ ਸਿਖ ਸਰਕਾਰ ਤੋਂ ਮੰਗ ਕਰ ਰਹੇ ਸਨ ਕਿ ਦਰਬਾਰ ਸਾਹਿਬ ਨਨਕਾਣਾ ਸਾਹਿਬ ਦਾ ਕੰਟਰੋਲ ਸਿਖਾਂ ਦੇ ਹਵਾਲੇ ਕਰੋ । ਇਹਨਾਂ ਮੰਗਾਂ ਵਿਚ ਸਿੰਘ ਸਭਾਵਾਂ ਵੀ ਸ਼ਾਮਲ ਹੋ ਰਹੀਆਂ ਸਨ, ਪਰ ਚੀਫ ਖਾਲਸਾ ਦੀਵਾਨ ਦੇ ਆਗੂਆਂ ਵਿਚ ਕੋਈ ਜਿੰਦ-ਜਾਨ ਨਹੀਂ ਸੀ । ਨਾ ਹੀ ਉਹਨਾਂ ਦੀਆਂ ਬੰਦ ਕੋਠੀਆਂ ਵਿਚ ਸ਼ਹਿਰੀ ਤੇ ਜਮਹੂਰੀ ਆਜ਼ਾਦੀਆਂ ਦੀ ਨਵੀਂ ਹਵਾ ਨੂੰ ਵੜਨ ਦੀ ਕੋਈ ਅਗਿਆ ਸੀ ।

## 6. ਸਰਕਾਰ ਦੀ ਟਾਲ-ਮਟੋਲੀ

ਅਤੇ ਅੰਗਰੇਜ਼ ਅਫਸਰ ਗੁਰਦੁਆਰਾ ਸੁਧਾਰ ਦੇ ਇਸ ਮਸਲੇ ਨੂੰ ਟਾਲ ਟਾਲ ਅੱਗੇ ਪਾਈ ਜਾਂਦੇ ਸਨ । 14 ਜੁਲਾਈ 1920 ਨੂੰ ਸਰਕਾਰ ਨੇ ਇਕ ਏਲਾਨ ਕਢਿਆ ਜਿਸ ਵਿਚ ਆਖਿਆ ਕਿ ਅਮਰਿਤਸਰ ਦੇ ਦਰਬਾਰ ਸਾਹਿਬ ਦੇ ਪਰਬੰਧ ਦਾ ਸਵਾਲ ਕੁਛ ਚਿਰ ਤੋਂ ਗੌਰਮਿੰਟ ਦੀ ਵਿਚਾਰ ਹੇਠ ਹੈ । ਫੈਸਲਾ ਇਹ ਕੀਤਾ ਗਿਆ ਹੈ ਕਿ ਇਸ ਤੇ ਓਨਾ ਚਿਰ ਕੋਈ ਕਾਰਵਾਈ ਨਾ ਕੀਤੀ ਜਾਵੇ ਜਿੰਨਾ ਚਿਰ ਤਕ (ਨਵੀਂ, ਸਜਰੀ) ਸੁਧਾਰ ਸਕੀਮ ਅਮਲ ਵਿਚ ਨਹੀਂ ਲਿਆਂਦੀ ਜਾਂਦੀ !" ਚੋਣਾਂ ਪਿਛੋਂ ਸਰਕਾਰ ਸਿਖ ਹਲਕਿਆਂ ਦੇ ਮਿੰਬਰਾਂ ਨਾਲ ਮਸ਼ਵਰਾ ਕਰੇਗੀ ਅਤੇ 'ਉਹਨਾਂ ਦੀ ਸਹਾਇਤਾ ਨਾਲ ਇਕ ਕਮੇਟੀ ਲੱਭੀ ਜਾਏਗੀ ਜਿਸ ਦੇ ਹੱਥਾਂ ਵਿਚ ਮੈਨੇਜਰ ਦੀ ਨਿਯੁਕਤੀ ਅਤੇ ਹਿਸਾਬ ਕਿਤਾਬ ਦੀ ਪੜਤਾਲ ਸੌਂਪੀ ਜਾਏਗੀ ।'[1]

ਸਾਫ ਜ਼ਾਹਰ ਹੈ ਕਿ ਗੌਰਮਿੰਟ ਨੂੰ ਦਰਬਾਰ ਸਾਹਿਬ ਦਾ ਪਰਬੰਧ ਸਿੱਖਾਂ ਨੂੰ ਸੌਂਪਣ ਦੀ ਕੋਈ ਕਾਹਲ ਨਹੀਂ ਸੀ । ਪਰ ਸਿਖਾਂ ਨੂੰ ਪਰਬੰਧ ਹਾਸਲ ਕਰਨ ਦੀ ਬੜੀ ਕਾਹਲ ਸੀ । ਏਲਾਨ ਤੋਂ ਸਪਸ਼ਟ ਹੁੰਦਾ ਸੀ ਕਿ ਗੌਰਮਿੰਟ ਦਰਬਾਰ ਸਾਹਿਬ ਦਾ ਸੰਪੂਰਣ ਪਰਬੰਧ ਸਿਖਾਂ ਨੂੰ ਦੇਣ ਨੂੰ ਤਿਆਰ ਨਹੀਂ ਸੀ, ਉਸ ਵਿਚ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਉਂਗਲ ਰੱਖਣ ਦਾ ਇਰਾਦਾ ਰਖਦੀ ਸੀ । ਦਰਬਾਰ ਸਾਹਿਬ ਦੇ ਕਬਜ਼ੇ ਲਈ ਕੀਤੇ ਗਏ ਅਗਲੇ ਸੰਗਰਾਮ ਇਸ ਹਕੀਕਤ ਦੇ ਗਵਾਹ ਹਨ ।

ਜੰਗ ਵਿਚ ਵਧ ਚੁਕੇ ਬਜਟ ਦੇ ਖਰਚਾਂ ਨੂੰ ਘਟਾਣ ਲਈ ਕਈ ਫੌਜੀਆਂ ਨੂੰ ਨੌਕਰੀਆਂ ਛੁੜਾਕੇ, ਘਰਾਂ ਨੂੰ ਘਲਿਆ ਜਾ ਰਿਹਾ ਸੀ । ਖਾਲਸਾ ਕਾਲਜ ਦੀ ਡਬਲ ਕੰਪਨੀ ਤੋੜ ਦਿਤੀ ਗਈ ਸੀ, ਅਤੇ ਵਿਦਿਆਰਥੀ ਮੁੜ ਖਾਲਸਾ ਕਾਲਜ ਵਿਚ ਆਣ ਦਾਖਲ ਹੋਏ ਸਨ । ਇਹ ਜੰਗ ਦੇ ਖੇਤਰਾਂ ਵਿਚੋਂ ਨਵੇਂ ਵਿਚਾਰ, ਨਵੇਂ ਤਜ ਬੇ ਅਤੇ ਤੰਗ-ਨਜ਼ਰੀ ਤੋਂ ਛੁਟਕਾਰਾ ਹਾਸਲ ਕਰਕੇ ਆਏ ਸਨ। ਇਹਨਾਂ ਨੂੰ ਬਰਿਟਿਸ਼ ਸਾਮਰਾਜ ਦੀਆਂ ਕੂਟਲ-ਨੀਤੀਆਂ ਦਾ ਢੇਰ ਸਾਰਾ ਚਾਨਣ ਹੋ ਗਿਆ ਸੀ ।

[1] Gurdwara Reform Movement : Prof. Teja Singh p. 147.

Digitized by Panjab Digital Library | www.panjabdigilib.org

## 7. ਤਹਿਰੀਕ ਦਾ ਆਗੂ

"ਲਾਇਲਪੁਰ ਗਰੁਪ ਨੇ ਗੁਪਤ ਮੀਟਿੰਗਾਂ ਇਸ ਨੀਅਤ ਨਾਲ ਕਰਨੀਆਂ ਸ਼ੁਰੂ ਕੀਤੀਆਂ ਕਿ ਲਾਹੌਰ ਤੋਂ ਇਕ ਰੋਜ਼ਾਨਾ ਪੰਜਾਬੀ ਅਖਬਾਰ ਕਢਿਆ ਜਾਵੇ"..."ਮੈਂ(ਪਰੋ: ਨਿਰੰਜਨ ਸਿੰਘ) ਉਸ ਵੇਲੇ ਕਾਲਜ ਵਿਚ ਪ੍ਰੋਫੈਸਰ ਸਾਂ। ਮੈਂ ਉਹਨਾਂ ਸਾਰਿਆਂ (ਡਬਲ ਕੰਪਨੀ ਵਾਲਿਆਂ) ਨੂੰ ਆਪਣੇ ਘਰ ਬੁਲਾਇਆ। ਭਾਵੇਂ ਉਹ ਅੰਗਰੇਜ਼ਾਂ ਵਲੋਂ ਲੜਾਈ ਵਿਚ ਹਿੱਸਾ ਲੈ ਕੇ ਆਏ ਸਨ, ਦੁਨੀਆਂ ਭੀ ਵੇਖ ਆਏ ਸਨ। ਇਸ ਲਈ ਉਨ੍ਹਾਂ ਦੀਆਂ ਅੱਖਾਂ ਖੁਲ੍ਹੀਆਂ ਹੋਈਆਂ ਸਨ। ਸ: ਮੰਗਲ ਸਿੰਘ ਨੇ ਮੈਨੂੰ ਉਸ ਵੇਲੇ ਭਰੋਸਾ ਦਿਵਾਇਆ ਕਿ ਜੇ ਅਸੀਂ ਪੰਜਾਬੀ ਵਿਚ ਰੋਜ਼ਾਨਾ ਅਖਬਾਰ ਕਢੀਏ ਤਾਂ ਉਹ ਜਿਥੇ ਵੀ ਹੋਣ, ਨੌਕਰੀ ਛਡਕੇ ਇਸ ਅਖਬਾਰ ਦੇ ਪਹਿਲੇ ਐਡੀਟਰ ਹੋਣਗੇ। ਜਦ ਸ: ਮੰਗਲ ਸਿੰਘ ਜੀ ਤਹਿਸੀਲਦਾਰ ਲੱਗ ਗਏ ਤਦ ਭੀ ਉਹ ਮੈਨੂੰ ਚਿਠੀਆਂ ਲਿਖਦੇ ਰਹਿੰਦੇ ਸਨ ਅਤੇ ਹਮੇਸ਼ਾਂ ਜ਼ੋਰ ਦਿੰਦੇ ਸਨ ਕਿ ਅਖਬਾਰ ਛੇਤੀ ਚਲਾਈਏ।"[1]

ਰੋਜ਼ਾਨਾ 'ਅਕਾਲੀ,' ਲਾਹੌਰ ਤੋਂ ਗੁਰੂ ਅਰਜਨ ਦੇਵ ਦੇ ਸ਼ਹੀਦੀ-ਦਿਹਾੜੇ ਉਤੇ 21 ਮਈ 1920 ਨੂੰ ਨਿਕਲਿਆ। ਇਸ ਦਾ ਨਿਕਲਨਾ ਇਕ ਬੜੀ ਮਹਾਨ ਰਾਜਸੀ ਤੇ ਇਤਿਹਾਸਕ ਘਟਨਾ ਸੀ। ਇਸ ਘਟਨਾ ਦਾ ਮੁਲ-ਅੰਗਣ ਨਾ ਤਾਂ ਹੁਣ ਤਕ ਅਕਾਲੀ ਤਹਿਰੀਕ ਦੇ ਇਤਿਹਾਸ-ਕਾਰਾਂ ਕੋਲੋਂ ਹੀ ਹੋ ਸਕਿਆ ਹੈ ਅਤੇ ਨਾ ਕੋਈ ਅੰਗਰੇਜ਼ ਅਫਸਰ ਜਾਂ ਸੈਕਟਰੀ ਹੀ ਸੀ ਜਿਸ ਨੇ ਇਸ ਦੇ ਇਤਿਹਾਸਕ ਕਾਰਜ ਕਰਮ ਨੂੰ ਸਮਝਿਆ ਹੋਵੇ। ਇਹ ਰੋਜ਼ਾਨਾ ਅਕਾਲੀ ਅਖਬਾਰ ਹੀ ਸੀ ਜਿਹੜਾ ਗੁਰਦੁਆਰਾ ਆਜ਼ਾਦੀ ਦੀ ਲਹਿਰ ਤੇ ਕੌਮੀ ਆਜ਼ਾਦੀ ਦੀ ਤਹਿਰੀਕ ਵਿਚ ਲੋਕਾਂ ਦੀ ਜ਼ਬਾਨ ਬਣ ਗਿਆ ਅਤੇ ਜਿਸ ਨੇ ਚੀਫ ਖਾਲਸਾ ਦੀਵਾਨ ਤੇ ਇਸ ਦੇ 'ਖਾਨਦਾਨੀ' ਤੇ 'ਕੁਦਰਤੀ' ਆਗੂਆਂ ਨੂੰ ਖੋਟੇ ਸਿੱਕੇ ਕਰਕੇ ਰਖ ਦਿਤਾ।

ਹੁਣ ਤਕ ਪੰਜਾਬੀ ਪੱਤਰਕਾਰੀ, ਮੁਖ ਤੌਰ ਤੇ, ਆਗਿਆਕਾਰੀ ਪੱਤਰਕਾਰੀ ਸੀ। ਆਜ਼ਾਦੀ-ਪਸੰਦ, ਸਾਮਰਾਜ-ਵਿਰੋਧੀ ਪੱਤਰਕਾਰੀ ਦੇ ਟਾਵੇਂ ਟਾਵੇਂ ਜਤਨ ਹੋਏ ਸਨ, ਪਰ ਉਹ ਬੇਰਹਿਮੀ ਨਾਲ, ਸਾਮਰਾਜੀ ਹਾਕਮਾਂ ਨੇ ਕੁਚਲ ਦਿਤੇ ਸਨ। ਰੋਜ਼ਾਨਾ ਅਕਾਲੀ ਨਾਲ ਪੰਜਾਬ ਵਿਚ ਵਿਹਰਵੀਂ ਤੇ ਅਵਗਿਆਕਾਰੀ ਪੱਤਰਕਾਰੀ ਦਾ ਆਰੰਭ ਹੋਇਆ। ਅਤੇ ਇਸ ਨੇ ਸਿੱਖਾਂ ਦੀ ਸਮਾਜੀ, ਰਾਜਸੀ ਤੇ ਸਭਿਆਚਾਰਕ ਜ਼ਿੰਦਗੀ ਵਿਚ ਇਕ ਤਰ੍ਹਾਂ ਦਾ ਇਨਕਲਾਬ ਲੈ ਆਂਦਾ।

ਅਕਾਲੀ ਦਾ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਉਤੇ ਜਾਰੀ ਕਰਨਾ ਬੜਾ ਅਰਥ ਭਰਪੂਰ ਸੀ। ਇਸਦੇ ਇਹ ਅਰਥ ਸਨ ਕਿ ਇਸ ਦੇ ਕਰਤਾ ਧਰਤਾ ਉਹਨਾਂ ਪੂਰਨਿਆਂ ਉਤੇ ਤੁਰਨ ਲਈ ਤਿਆਰ ਹੋ ਕੇ ਆਏ ਸਨ ਜਿਹੜੇ ਜ਼ੁਲਮ ਦੇ ਖਿਲਾਫ ਸ਼ਹੀਦ ਹੋਕੇ ਗੁਰੂ ਅਰਜਨ ਨੇ ਪਾਏ ਸਨ। ਇਹਨਾਂ ਪਰਬੰਧਕਾਂ ਨੇ ਵੀ ਹਰ ਕੁਰਬਾਨੀ ਕਰਨ ਲਈ ਪੱਕਾ ਇਰਾਦਾ ਧਾਰਿਆ ਹੋਇਆ ਸੀ। ਜਿਸ ਦਿਰੜ੍ਹਤਾ ਤੇ ਮਜ਼ਬੂਤੀ ਨਾਲ ਉਹਨਾਂ ਨੇ ਜੇਲਾਂ ਦੀਆਂ ਸਖਤੀਆਂ, ਜ਼ਮਾਨਤਾਂ ਦੀਆਂ ਜ਼ਬਤੀਆਂ ਅਤੇ ਜ਼ਾਤੀ ਜੁਰਮਾਨਿਆਂ ਦੀਆਂ ਕੁਰਕੀਆਂ ਦਾ ਟਾਕਰਾ ਕੀਤਾ, ਉਸ ਨੇ ਧਰਮ ਤੇ ਦੇਸ਼ ਦੀ ਅਜ਼ਾਦੀ ਲਈਂ ਕੁਰਬਾਨੀ ਤੇ ਤਿਆਗ ਦੀ ਨਵੀਂ ਬੁਨਿਆਦ ਰੱਖ ਦਿਤੀ। ਪਿਛੋਂ ਹਫਤਾਵਾਰ 'ਬਬਰ ਸ਼ੇਰ' ਤੇ 'ਕਿਰਪਾਨ ਬਹਾਦਰ' ਨੇ ਵੀ ਪੱਤਰਕਾਰੀ ਦਾ ਏਹੋ ਰਾਹ ਅਪਣਾਇਆ।

---

[1] ਅਕਾਲੀ ਲਹਿਰ ਦੀਆਂ ਕੁਝ ਯਾਦਾਂ: ਪਰਿੰਸੀਪਲ ਨਿਰੰਜਨ ਸਿੰਘ, ਰੋਜ਼ਾਨਾ ਜਥੇਦਾਰ, 13 ਅਗਸਤ, 1967—(ਨੰਬਰ 1)।

Digitized by Panjab Digital Library | www.panjabdigilib.org

## 8. ਤਹਿਰੀਕ ਦਾ ਪਰੋਗਰਾਮ

21 May 1920.

ਰੋਜ਼ਾਨਾ ਅਕਾਲੀ ਨੇ ਆਪਣੇ ਪਹਿਲੇ ਪਰਚੇ ਵਿਚ ਹੀ ਲੋਕਾਂ ਸਾਮ੍ਹਣੇ ਜਿਹੜੇ ਠੋਸ ਨਿਸ਼ਾਨੇ ਰੱਖੇ, ਉਹ ਉਸ ਵੇਲੇ ਦੀ ਰਾਜਸੀ ਤੇ ਧਾਰਮਕ ਸਥਿਤੀ ਦਾ ਦਰੁਸਤ ਪਰੋਗਰਾਮ ਮੁਹੱਈਆ ਕਰਦੇ ਸਨ। ਆਪਣੀ ਪਾਲਿਸੀ ਦਾ ਬਿਆਨ ਕਰਦਿਆਂ ਅਕਾਲੀ ਨੇ ਹੇਠ-ਦਿਤਾ ਪਰੋਗਰਾਮ ਲਿਖਿਆ ਸੀ:—

1. ਗੁਰਦੁਆਰਿਆਂ ਦਾ ਮਹੰਤੀ ਤੇ ਸਰਬਰਾਹੀ ਪਰਬੰਧ ਖਤਮ ਕਰਕੇ ਇਹਨਾਂ ਨੂੰ ਸਿੱਖਾਂ ਦੇ ਜਮਹੂਰੀ ਪਰਬੰਧ ਥਲੇ ਲਿਆਉਣਾ;

2. ਖਾਲਸਾ ਕਾਲਜ ਨੂੰ ਸਰਕਾਰੀ ਪਰਬੰਧ ਵਿਚੋਂ ਕਢਕੇ ਸਿਖਾਂ ਦੇ ਖਾਲਸ ਜਮਹੂਰੀ ਪਰਬੰਧ ਹੇਠ ਲਿਆਉਣਾ;

3. ਸਰਕਾਰ ਦੇ ਹੱਥੋਂ ਢਾਹੀ-ਗਈ ਗੁਰਦੁਆਰਾ ਰਿਕਾਬ ਗੰਜ ਦੀ ਕੰਧ ਨੂੰ ਪਹਿਲਾਂ ਵਾਂਗ ਹੀ ਉਸਰਵਾਣਾ;

4. ਸਿੱਖ ਜਨਤਾ ਵਿਚ ਰਾਜਸੀ ਤੇ ਕੌਮੀ ਜਾਗਰਤੀ ਪੈਦਾ ਕਰਨਾ, ਉਸ ਨੂੰ ਦੇਸ਼ ਦੀ ਆਜ਼ਾਦੀ ਦੇ ਸਾਂਝੇ ਘੋਲ ਵਿਚ ਸ਼ਾਮਲ ਕਰਨਾ ਤੇ ਵਧ ਚੜ੍ਹ ਕੇ ਹਿੱਸਾ ਲੈਣ ਲਈ ਉਤਸਾਹ ਦੇਣਾ; ਅਤੇ

5. ਪੰਚਾਇਤੀ ਅਸੂਲਾਂ ਮੁਤਾਬਕ ਸਿੱਖਾਂ ਦੀ ਪਰਤੀਨਿਧ ਜਥੇਬੰਦੀ ਬਣਾਉਣੀ।[1]

ਇਹ ਪਰੋਗਰਾਮ ਅੰਗਰੇਜ਼ ਰਾਜ ਵਿਰੁਧ ਸਿਖਾਂ ਲਈ ਨਵੀਂ ਸੇਧ ਦੇਂਦਾ ਸੀ। ਇਹ ਬਰਿਟਿਸ਼ ਸਾਮਰਾਜ ਦੇ ਖਿਲਾਫ ਲੜਾਈ ਦਾ ਝੰਡਾ ਉੱਚਾ ਕਰਦਾ ਸੀ, ਅੰਗਰੇਜ਼ਾਂ ਦੀ ਵਫਾਦਾਰੀ ਤੇ ਤਾਬਿਆਦਾਰੀ ਦੀ ਛੱਟ ਲਾਹ ਦੇਣ, ਤੇ ਆਪਣੇ ਗੁਰਦੁਆਰੇ ਆਜ਼ਾਦ ਕਰਾਉਣ ਅਤੇ ਕੌਮੀ ਆਜਾਦੀ ਦੀ ਸਾਂਝੀ ਲੜਾਈ ਵਿਚ ਸ਼ਰੀਕ ਹੋਣ ਦਾ ਸਾਕਾਰ ਹੋਕਾ ਸੀ। ਬਦਲੇ-ਹੋਏ ਹਾਲਾਤ ਤੇ ਵਕਤ ਦੀ ਮੰਗ ਨੂੰ ਅਕਾਲੀ ਨੇ ਵੇਲੇ ਸਿਰ ਨਿਕਲ ਕੇ ਪੂਰਾ ਕੀਤਾ।

ਅਕਾਲੀ ਅਖਬਾਰ ਨਹੀਂ ਸੀ, ਇਕ ਨਵਾਂ ਆਗੂ ਸੀ ਜਿਹੜਾ ਨਵੇਂ ਬਦਲਦੇ ਹਾਲਾਤ ਵਿਚ ਹਰ ਉਠਦੇ ਮਸਲੇ ਉਤੇ ਅਗਵਾਈ ਦੇਂਦਾ ਸੀ। ਜੋ ਕੁਛ ਅਕਾਲੀ ਕਹਿੰਦਾ ਸੀ, ਓਹੋ ਕੁਛ, ਚਿਰ ਪਿਛੋਂ, ਅਕਾਲੀ ਪਰਚਾਰਕ ਤੇ ਹੋਰ ਪਿਛੋਂ ਆਮ ਲੋਕ ਕਹਿਣ ਲਗ ਜਾਂਦੇ ਸਨ। ਉਹ ਲੋਕਾਂ ਦੇ ਸਹੀ ਜਜ਼ਬਿਆਂ, ਹਾਵਾਂ ਭਾਵਾਂ ਤੇ ਮੰਗਾਂ ਉਮੰਗਾਂ ਦਾ ਅਦਭੁਤ ਵਿਆਖਿਆਕਾਰ ਸੀ। ਇਹ ਧਾਰਮਕ ਤੇ ਕੌਮੀ ਸਵਾਲਾਂ ਉਤੇ ਲੋਕਾਂ ਨੂੰ ਲਾਮਬੰਦ ਅਤੇ ਜਥੇਬੰਦ ਕਰਦਾ ਸੀ। ਇਸ ਦੇ ਲੇਖ ਅਕਾਲੀਆਂ ਦੇ ਦਿਲਾਂ ਉਤੇ ਜਾਦੂ ਦਾ ਅਸਰ ਰਖਦੇ ਸਨ ਅਤੇ ਇਸ ਵਲੋਂ ਮੋਰਚਿਆਂ ਵਿਚ ਆਉਣ ਲਈ ਸੱਦੇ ਉਤੇ ਅਕਾਲੀ ਦਲ ਦੇ ਮਿੰਬਰ ਸਿਰਾਂ ਉਤੇ ਖੱਫਣ ਬੰਨ੍ਹ ਬੰਨ੍ਹ ਭੱਜੇ ਆਉਂਦੇ ਸਨ।

ਅਖੀਰੀ ਨਿਰਣੇ ਵਿਚ, ਅਕਾਲੀ ਅਖਬਾਰ ਅਕਾਲੀ ਤਹਿਰੀਕ ਦਾ ਆਗੂ ਤੇ ਵਿਆਖਿਆ ਕਾਰ ਸੀ, ਲਾਮ-ਬੰਦ-ਕਾਰ ਤੇ ਜਥੇਬੰਦ ਕਾਰ ਸੀ, ਅਤੇ ਕੌਮੀ ਆਜ਼ਾਦੀ ਦੇ ਸਾਮਰਾਜ-ਵਿਰੋਧੀ, ਸਾਂਝੇ ਤੇ ਫਿਰਕੂ ਸੰਗਰਾਮ ਦਾ ਝੰਡੇ ਬਰਦਾਰ ਸੀ।

---

[1] ਮੇਰੀਆਂ ਕੁਝ ਇਤਿਹਾਸਕ ਯਾਦਾਂ : ਹੀਰਾ ਸਿੰਘ ਦਰਦ, ਸਫਾ 153।

Digitized by Panjab Digital Library | www.panjabdigilib.org

## 9. ਅਕਾਲੀ ਦੇ ਚਾਲਕ

ਇਹ ਮਾਣ ਲਾਇਲਪੁਰ ਦੇ ਜ਼ਿਲ੍ਹੇ ਨੂੰ ਜਾਂਦਾ ਹੈ ਕਿ ਉਥੋਂ ਦੇ ਸਿੱਖਾਂ ਨੇ ਸ: ਹਰਚੰਦ ਸਿੰਘ ਦੀ ਅਗਵਾਈ ਵਿਚ ਸਭ ਤੋਂ ਪਹਿਲੋਂ ਗੁਰਦੁਆਰਾ ਰਿਕਾਬ ਗੰਜ ਤੇ ਦਰਬਾਰ ਸਾਹਿਬ ਵਿਚ ਅੰਗਰੇਜ਼ ਅਫਸਰਾਂ ਦੇ ਦਖਲ ਦੇ ਖਿਲਾਫ ਆਵਾਜ਼ ਉਠਾਈ ਤੇ ਮਾਸਟਰ ਸੁੰਦਰ ਸਿੰਘ ਨੇ ਖਾਲਸਾ ਕਾਲਜ ਦਾ ਪ੍ਰਬੰਧ ਨਿਰੋਲ ਸਿੱਖ ਕਮੇਟੀ ਦੇ ਹਥਾਂ ਵਿਚ ਲਿਆਣ ਲਈ ਐਜੀਟੇਸ਼ਨ ਕੀਤੀ। ਰੋਜ਼ਾਨਾ ਅਕਾਲੀ ਦੇ ਕਢਣ ਦੀ ਜ਼ਰੂਰਤ ਨੂੰ ਵੀ ਪਹਿਲੋਂ ਇਹਨਾਂ ਨੇ ਹੀ ਵਿਔਂਤਿਆ ਸੀ।

ਅਕਾਲੀ ਅਖਬਾਰ ਦੀ ਜਿੰਦ-ਜਾਨ ਤੇ ਰੂਹ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਸਨ। ਮਾਸਟਰ ਜੀ ਉਤਸ਼ਾਹ, ਕੁਰਬਾਨੀ ਤੇ ਚੜ੍ਹਦੀ ਕਲਾ ਦੀ ਮੂਰਤੀ ਸਨ। ਇਨ੍ਹਾਂ ਦੇ ਅੰਗ ਅੰਗ ਵਿਚ ਅੰਗਰੇਜ਼ ਹਕੂਮਤ ਦੇ ਖਿਲਾਫ਼ ਨਫਰਤ, ਦੇਸ਼ ਲਈ ਅਗਾਧ ਪਿਆਰ ਅਤੇ ਕੌਮੀ ਆਜ਼ਾਦੀ ਹਾਸਲ ਕਰਨ ਲਈ ਇਕ-ਸੁਰ ਲਗਨ ਤੇ ਕੁਰਬਾਨੀ ਦੇ ਜਜ਼ਬੇ ਭਰੇ ਹੋਏ ਸਨ। ਉਹ ਸਰਦਾਰ ਮੰਗਲ ਸਿੰਘ ਤੇ ਗਿਆਨੀ ਹੀਰਾ ਸਿੰਘ ਦਰਦ ਨੂੰ ਨੌਕਰੀਆਂ ਤੋਂ ਛੁੜਾ ਕੇ ਅਕਾਲੀ ਦੀ ਸੰਪਾਦਕ ਮੰਡਲੀ ਵਿਚ ਲਿਆਏ ਸਨ।

ਮਾਸਟਰ ਸੁੰਦਰ ਸਿੰਘ ਜੀ ਦੀ ਦੇਸ਼ ਭਗਤੀ ਸਾਰੀ ਬਾਰ ਵਿਚ ਪ੍ਰਸਿਧ ਸੀ। ਇਹ ਲਾਇਲਪੁਰ ਦੇ ਅਖਬਾਰ 'ਸੱਚਾ ਢੰਡੋਰਾ' (1908) ਵਿਚ ਰਿਕਾਬ ਗੰਜ ਦੀ ਕੰਧ ਉਸਾਰਨ ਤੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਲੇਖ ਲਿਖਦੇ ਰਹੇ ਸਨ। ਇਹਨਾਂ ਨੇ 1909 ਵਿਚ ਇਕ ਪੈਂਫਲਟ 'ਕੀ ਖਾਲਸਾ ਕਾਲਜ ਸਿੱਖਾਂ ਦਾ ਹੈ?' ਲਿਖਕੇ ਅੰਗਰੇਜ਼ ਹਾਕਮਾਂ ਨੂੰ ਤੱਲੋ-ਮੱਛੀ ਕਰ ਦਿਤਾ ਸੀ। ਉਹਨਾਂ ਨੇ ਉਸ ਵਿਚ ਲਿਖਿਆ ਸੀ: 'ਬਰਿਟਿਸ਼ ਗੌਰਮਿੰਟ ਨੇ ਸਿੱਖਾਂ ਤੋਂ ਉਹਨਾਂ ਦਾ ਕਾਲਜ ਓਵੇਂ ਹੀ ਖੋਹ ਲਿਆ ਹੈ ਜਿਵੇਂ ਉਸ ਨੇ ਵਿਸ਼ਵਾਸ-ਘਾਤ ਕਰਕੇ ਪੰਜਾਬ ਨੂੰ ਹੜਪ ਕਰ ਲਿਆ ਸੀ'[1] ਅਤੇ ਸਰਦਾਰ ਸੁੰਦਰ ਸਿੰਘ ਮਜੀਠੀਏ ਨੂੰ ਕਾਲਜ ਉਤੇ ਸਰਕਾਰੀ ਕਬਜ਼ਾ ਕਰ ਲੈਣ ਦੀ ਖੁਲ੍ਹ ਦੇ ਦੇਣ ਉਤੇ 'ਗੱਦਾਰ' ਦਾ ਖਿਤਾਬ ਦਿਤਾ ਸੀ।

ਪਹਿਲੇ ਪਹਿਲ ਇਹਨਾਂ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਬਿਸ਼ਨ ਸਿੰਘ ਨਾਲ 15 ਰੁਪਏ ਮਹੀਨਾ ਲੈ ਕੇ ਇਕ ਸਾਲ ਵਾਸਤੇ ਆਪਣੀ ਸੇਵਾ ਖਾਲਸਾ ਹਾਈ ਸਕੂਲ ਲਾਇਲਪੁਰ ਨੂੰ ਅਰਪਣ ਕੀਤੀ ਰਖੀ ਸੀ। ਇਸ ਦੇ ਮਗਰੋਂ ਕੁਝ ਹੋਰ ਸਕੂਲਾਂ ਵਿਚ ਵੀ ਇਹ ਕੇਵਲ ਰੋਟੀ ਕਪੜਾ ਲੈ ਕੇ ਸੇਵਾ ਕਰਦੇ ਰਹੇ ਸਨ। ਆਰੰਭ ਵਿਚ ਇਨ੍ਹਾਂ ਦੇ ਦਿਲ ਵਿਚ ਧਰਮ ਤੇ ਵਿਦਿਆ ਪਰਚਾਰ ਦਾ ਬੜਾ ਸ਼ੌਕ ਸੀ। ਸਹਿਜੇ ਸਹਿਜੇ ਇਹਨਾਂ ਦੇ ਦਿਲ ਵਿਚ ਦੇਸ਼ ਦੀ ਆਜ਼ਾਦੀ ਦੀ ਲਗਨ ਲਗ ਗਈ ਸੀ। ਮਾਰਸ਼ਲ ਲਾਅ ਦੇ ਦਿਨਾਂ ਵਿਚ ਉਹਨਾਂ ਨੂੰ ਜੇਲ ਵਿਚ ਸੁਟਿਆ ਗਿਆ ਸੀ। ਰਿਹਾ ਹੁੰਦਿਆਂ ਹੀ ਉਹ ਮਾਰਸ਼ਲ ਲਾਅ ਦੇ ਅਤਿਆਚਾਰਾਂ ਦੀ ਪੜਤਾਲ ਲਈ ਸਿਰਜੀ ਕਾਂਗਰਸ ਦੀ ਪੜਤਾਲੀਆ ਕਮੇਟੀ ਨਾਲ ਮਿਲਕੇ ਕੰਮ ਕਰਨ ਲਗ ਪਏ ਸਨ।[1]

ਗਿਆਨੀ ਹੀਰਾ ਸਿੰਘ ਜੀ ਨਾਲ ਆਪਣੇ ਵਿਚਾਰ ਵਟਾਂਦਿਆਂ ਮਾਸਟਰ ਜੀ ਨੇ ਕਿਹਾ ਸੀ: "ਸਿੱਖ ਆਗੂਆਂ, ਗੁਰਦੁਆਰਿਆਂ ਦੇ ਮਹੰਤਾਂ ਤੇ ਰਾਜਿਆਂ ਨੇ ਅੰਗਰੇਜ਼ੀ ਰਾਜ ਦੀ ਵਫ਼ਾਦਾਰੀ ਰਾਜ ਭਗਤੀ ਨੂੰ ਧਰਮ ਬਣਾਕੇ ਸਿੱਖ ਕੌਮ ਨੂੰ ਦੁਨੀਆ ਵਿਚ ਬਦਨਾਮ ਕਰਕੇ ਰੱਖ ਦਿਤਾ ਹੈ। ਹੁਣ ਸਾਨੂੰ ਮੈਦਾਨ ਵਿਚ ਨਿੱਤਰ ਕੇ ਕੁਛ ਕਰਨਾ ਹੀ ਪਏਗਾ।"[2]

[1] Memorandum : The Politics of the Sikh Community, Sabhas and the Chief Khalsa Diwan—by D. Petrie.

[2] ਗਿਆਨੀ ਹੀਰਾ ਸਿੰਘ ਦਰਦ, ਪੰਨਾ 147।

Digitized by Panjab Digital Library | www.panjabdigilib.org

ਅਤੇ ਮਾਸਟਰ ਜੀ ਡਟਕੇ ਮੈਦਾਨ ਵਿਚ ਨਿੱਤਰੇ ਅਤੇ ਉਹਨਾਂ ਨੇ ਆਪਣੇ ਸਾਥੀ ਵੀ ਜੁਰਗੇ ਵਾਲੇ ਚੁਣੇ । ਮਾਸਟਰ ਜੀ ਅੰਗਰੇਜ਼ ਰਾਜ ਦੇ ਖਿਲਾਫ ਬਗਾਵਤ ਦਾ ਝੰਡਾ ਫੜਕੇ ਦੰਗਲ ਵਿਚ ਨਿਕਲੇ ਸਨ । ਉਹ ਹਾਰਨਾ, ਥੱਕ ਕੇ ਰਾਹ ਵਿਚ ਖਲੋ ਜਾਣਾ ਨਹੀਂ ਸਨ ਜਾਣਦੇ । ਰੋਜ਼ਾਨਾ ਅਕਾਲੀ ਵਿਚ ਇਹੋ ਸਪਿਰਟ ਕੰਮ ਕਰ ਰਹੀ ਸੀ । ਇਸ ਲਈ ਅਕਾਲੀ ਨੇ ਨਾ ਕੇਵਲ ਸਾਮਰਾਜ ਨਾਲ ਆਢਾ ਲੈਣ ਵਾਲੇ ਉਹ ਲੀਡਰ ਹੀ ਪੈਦਾ ਕਰਨ ਵਿਚ ਹਿੱਸਾ ਪਾਇਆ ਜਿਨ੍ਹਾਂ ਨੇ ਅੰਗਰੇਜ਼ ਰਾਜ ਦੇ ਸਤਕਾਰ ਤੇ ਵਕਾਰ ਨੂੰ ਪੈਰਾਂ ਵਿਚ ਰੋਲ ਦਿੱਤਾ, ਸਗੋਂ ਉਹ ਮਹਾਨ ਸੰਗਰਾਮ ਵੀ ਜਥੇਬੰਦ ਕਰਨ ਵਿਚ ਅਗਵਾਈ ਕੀਤੀ ਜਿਨ੍ਹਾਂ ਰਾਹੀ ਸਿੱਖਾਂ ਦਾ ਗਿਆ-ਗੁਆਤਾ ਰਾਜਸੀ ਸਤਕਾਰ ਬਹਾਲ ਹੋਇਆ ਅਤੇ ਉਹ ਆਪਣੇ ਵਿਔਂਤ-ਬੰਦ ਨਿਸ਼ਾਨੇ ਹਾਸਲ ਕਰਨ ਵਿਚ ਸਫਲ ਹੋਏ ।

ਅਕਾਲੀ ਤੇ ਇਸ ਦੇ ਐਡੀਟੋਰੀਅਲ ਸਟਾਫ ਦੇ ਇਸ ਇਤਿਹਾਸਕ ਰੋਲ ਦੇ ਸਮਝਿਆਂ ਬਿਨਾਂ ਨਾ ਤਾਂ ਗੁਰਦੁਆਰਿਆਂ ਦੀ ਆਜ਼ਾਦੀ ਦੀ ਤਹਿਰੀਕ ਹੀ ਪੂਰੀ ਤਰ੍ਹਾਂ ਸਮਝੀ ਜਾ ਸਕਦੀ ਹੈ ਅਤੇ ਨਾ ਕੌਮੀ-ਆਜ਼ਾਦੀ ਲਈ ਕੀਤੇ ਗਏ ਸੰਗਰਾਮਾਂ ਦੀ ਮਹਤੱਤਾ ਹੀ ਉੱਭਰ ਕੇ ਖਲੋਂਦੀ ਹੈ । ਅਕਾਲੀ ਦੇ ਇਸ ਕਾਰਜ ਦੀ ਘੋਖ-ਪਰਖ ਨਾ ਤਾਂ ਅਕਾਲੀ ਤਹਿਰੀਕ ਦੇ ਇਤਿਹਾਸਕਾਰਾਂ ਨੇ ਹੀ ਕੋਈ ਕੀਤੀ ਹੈ ਅਤੇ ਨਾ ਇਸ ਦੀ ਅਹਿਮੀਅਤ ਅੰਗਰੇਜ਼ ਹਾਕਮਾਂ ਤੇ ਉਹਨਾਂ ਦੇ ਜਾਸੂਸਾਂ ਦੇ ਦਿਮਾਗਾਂ ਨੂੰ ਹੀ ਸੁੱਝੀ ਹੈ ।

ਅਕਾਲੀ ਦੇ ਨਿਕਲਦੇ ਸਾਰ ਹਵਾ ਦਾ ਰੁਖ਼ ਬਦਲਨਾ ਸ਼ੁਰੂ ਹੋ ਗਿਆ । ਸਿੱਖਾਂ ਵਿਚ ਨਵੀਂ ਸਪਿਰਿਟ ਪੈਦਾ ਹੋਣ ਲਗ ਪਈ । ਅੰਗਰੇਜ਼ ਦਾ ਲਾਈ-ਲਗ 'ਚੀਫੀਆਪੰਥ ਅੰਗਰੇਜ਼ ਦੇ ਰਾਜ ਵਿਰੁਧ ਹਰਕਤ ਵਿਚ ਆਉਣ ਲਗ ਪਿਆ । ਚੀਫ ਖਾਲਸਾ ਦੀਵਾਨ ਦੀ ਅੰਗਰੇਜ਼-ਭਗਤੀ ਤੇ ਵਫਾਦਾਰੀ ਉਤੇ ਹਰ ਪਾਸਿਓਂ ਹਮਲੇ ਹੋਣ ਲਗ ਪਏ । ਇਕ ਨਵਾਂ ਧਾਰਮਿਕ ਤੇ ਰਾਜਸੀ ਵਾਅ-ਮੰਡਲ ਪੈਦਾ ਹੋਣਾ ਸ਼ੁਰੂ ਹੋ ਗਿਆ ।

ਅਕਾਲੀ ਨੇ ਪਹਿਲੋਂ ਉਹ ਸਭ ਧਾਰਮਿਕ, ਰਾਜਸੀ ਤੇ ਵਿਦਿਅਕ ਸਵਾਲ ਹੱਥ ਵਿਚ ਲਏ ਜਿਹੜੇ ਸਿੱਖਾਂ ਵਿਚ ਐਜੀਟੇਸ਼ਨ ਤੇ ਚਿੰਤਾ ਦਾ ਮੁਖ ਕਾਰਣ ਬਣੇ ਹੋਏ ਸਨ । ਉਸ ਨੇ ਗੁਰ-ਦੁਆਰਾ ਰਿਕਾਬ ਗੰਜ ਦੀ ਕੰਧ ਉਸਾਰਨ, ਦਰਬਾਰ ਸਾਹਿਬ ਅਮਰਿਤਸਰ ਉਤੇ ਅਧਿਕਾਰ ਪ੍ਰਾਪਤ ਕਰਨ, ਖਾਲਸਾ ਕਾਲਜ ਉਤੋਂ ਸਰਕਾਰੀ ਜਕੜ ਤੋੜਨ ਅਤੇ ਦੇਸ਼ ਦੀ ਸਾਂਝੀ ਆਜ਼ਾਦੀ ਲਈ ਮਿਲਕੇ ਲੜਨ ਲਈ ਲੇਖ ਉਤੇ ਲੇਖ ਲਿਖਣੇ ਸ਼ੁਰੂ ਕਰ ਦਿਤੇ । ਗਿਆਨੀ ਹੀਰਾ ਸਿੰਘ ਦਰਦ ਦੀਆਂ ਉਭਾਰਵੀਆਂ ਤੇ ਟੁੰਬਵੀਆਂ ਕਵਿਤਾਵਾਂ ਅਤੇ ਸ: ਮੰਗਲ ਸਿੰਘ ਅਕਾਲੀ ਦੇ ਜ਼ੋਰਦਾਰ ਤੇ ਨਿਧੜਕ ਲੇਖਾਂ ਨੇ ਸਿੱਖਾਂ ਵਿਚ ਨਵੀਂ ਰੂਹ ਭਰ ਦਿਤੀ, ਅਤੇ ਕੁਰਬਾਨੀ, ਬੇਗਰਜ਼ੀ ਤੇ ਤਿਆਗ ਦੇ ਪੁਰਾਣੇ ਸਿੱਖੀ ਅਸੂਲਾਂ ਨੂੰ ਸੁਰਜੀਤ ਕਰ ਦਿਤਾ । ਸਿੱਖਾਂ ਦੀ ਰੂਹ ਵਿਚ ਨਵਾਂ ਜੋਸ਼ ਉਤਸ਼ਾਹ ਤੇ ਉਮਾਹ ਭਰ ਗਿਆ ।

ਇਸ ਵੇਲੇ ਤਕ ਸਿੱਖਾਂ ਦੀ ਕੇਂਦਰੀ ਜਥੇਬੰਦੀ ਸਿਰਫ ਚੀਫ ਖਾਲਸਾ ਦੀਵਾਨ ਹੀ ਸੀ, ਜਾਂ ਇਕ ਦੋ ਹੋਰ ਇਲਾਕਾਈ ਜਥੇਬੰਦੀਆਂ ਸਨ । ਕੁਛ ਸ਼ਹਿਰਾਂ ਵਿਚ ਮੁਕਾਮੀ ਸਿੱਖ ਜਥੇ ਕੰਮ ਕਰਦੇ ਸਨ । ਪਰ ਗੁਰਦੁਆਰਿਆਂ ਦੀ ਆਜ਼ਾਦੀ ਬਹਾਲ ਕਰਨ ਦੀ ਅਗਵਾਈ ਲਈ ਕੋਈ ਕੇਂਦਰੀ ਜਥੇਬੰਦੀ ਨਹੀਂ ਸੀ । ਅਕਾਲੀ ਦੇ ਧੜੱਲੇਦਾਰ ਪਰਚਾਰ ਦਾ ਅਸਰ ਇਹ ਹੋਇਆ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਆਪਣੇ ਆਪ ਥਾਂ ਥਾਂ ਅਕਾਲੀ ਜਥੇ ਬਣਨ ਲਗ ਪਏ । ਅਤੇ ਗੁਰਦੁਆਰਿਆਂ ਉਤੋਂ ਸਰਕਾਰੀ ਗਲਬਾ ਤੋੜਨ ਲਈ ਹਾਲਾਤ ਸੁਖਾਵੇ ਤੇ ਸਾਜ਼ਗਾਰ ਬਣਦੇ ਗਏ ।

Digitized by Panjab Digital Library | www.panjabdigilib.org

## 10. ਸ਼ਹੀਦੀ ਦੀ ਮੰਗ

ਗੁਰਦੁਆਰਾ ਰਿਕਾਬ-ਗੰਜ ਦੀ ਕੰਧ ਦਾ ਮਾਮਲਾ ਜਗਤ ਜੰਗ ਦੇ ਸ਼ੁਰੂ ਹੋਣ ਦੇ ਪਹਿਲੋਂ ਤੋਂ ਲਮਕਦਾ-ਲਟਕਦਾ ਚਲਾ ਆ ਰਿਹਾ ਸੀ ! ਗੌਰਮਿੰਟ ਨੇ ਜੰਗ ਪਿਛੋਂ ਇਸ ਨੂੰ ਸੁਲਝਾਨ ਦਾ ਵਾਅਦਾ ਕੀਤਾ ਸੀ। ਪਰ ਜੰਗ ਦੇ ਖਾਤਮੇ ਦੇ ਦੋ ਸਾਲ ਪਿੱਛੋਂ ਵੀ ਮਸਲੇ ਦਾ ਸਮਾਧਾਨ ਕਰਨ ਦੇ ਕੋਈ ਲੱਛ ਨਹੀਂ ਸਨ ਨਜ਼ਰ ਆਉਂਦੇ। ਹਾਕਮਾਂ ਦਾ ਇਰਾਦਾ ਕੰਧ ਮੁੜ ਬਣਾ ਦੇਣ ਦਾ ਕੋਈ ਨਹੀਂ ਸੀ ਜਾਪਦਾ। ਸਰਕਾਰੀ ਵਾਅਦਿਆਂ ਨੂੰ ਮੰਨੀ ਜਾਣ ਦੇ ਦਿਨ ਲੰਘ ਗਏ ਸਨ ਅਤੇ ਸਰਕਾਰ ਉਤੇ ਇਤਬਾਰ ਕਰਨ ਦਾ ਕੋਈ ਖਾਸ ਮੁੱਲ ਨਹੀਂ ਸੀ ਰਿਹਾ। ਲੋਕ ਖੁਦ ਕੰਧ ਚੜ੍ਹਾਣ ਲਈ ਅਗਵਾਈ ਮੰਗਦੇ ਸਨ।

ਸ: ਸਰਦੂਲ ਸਿੰਘ ਕਵੀਸ਼ਰ ਨੇ ਇਸ ਸਵਾਲ ਉਤੇ ਸਿਆਣੀ ਅਗਵਾਈ ਪੇਸ਼ ਕੀਤੀ। ਉਹਨਾਂ ਨੇ,ਅਕਾਲੀ ਵਿਚ ਇਕ ਲੇਖ ਲਿਖਕੇ, ਮੰਗ ਕੀਤੀ ਕਿ ਗੁਰਦੁਆਰਾ ਰਿਕਾਬ ਗੰਜ ਦੀ ਕੰਧ ਮੁੜ-ਉਸਾਰਨ ਲਈ ਇਕ ਸੌ ਸ਼ਹੀਦਾਂ ਦੀ ਲੋੜ ਹੈ। ਜਿਹੜੇ ਸੱਜਣ ਇਸ ਸ਼ਹੀਦੀ ਪੁਰਬ ਵਿਚ ਸੀਸ ਭੇਟ ਕਰਨ ਲਈ ਤਿਆਰ ਹੋਣ, ਉਹ ਆਪਣੇ ਨਾਮ ਅਕਾਲੀ ਅਖਬਾਰ ਨੂੰ ਲਿਖ ਕੇ ਭੇਜ ਦੇਣ। ਸੌ ਸਿੰਘਾਂ ਦੇ ਸ਼ਹੀਦੀ ਲਈ ਨਾਮ ਆਉਣ ਤੇ ਇਕ ਮੀਟਿੰਗ ਬੁਲਾਈ ਜਾਵੇਗੀ, ਜਿਸ ਵਿਚ ਦਿੱਲੀ ਵਿਚ ਜਾ ਕੇ ਢਾਹੀ-ਗਈ ਕੰਧ ਚੜ੍ਹਾਉਣ ਦੀ ਤਰੀਕ ਤੈ ਕੀਤੀ ਜਾਵੇਗੀ। ਇਸ ਮੁਹਿੰਮ ਵਿਚ ਸਭ ਤੋਂ ਪਹਿਲੋਂ ਕਵੀਸ਼ਰ ਜੀ ਅਤੇ ਅਕਾਲੀ ਦੇ ਸਟਾਫ ਨੇ ਆਪਣੇ ਨਾਮ ਲਿਖਵਾਏ।

ਇਕ ਪਾਸੇ ਇਸ ਮਸਲੇ ਨੂੰ ਲੈ ਕੇ ਅਕਾਲੀ ਨੇ ਜੋਸ਼ੀਲੇ ਲੇਖ ਤੇ ਲਹੂ-ਗਰਮਾਊ ਕਵਿ-ਤਾਵਾਂ ਦੇ ਦੇ ਸਿੱਖਾਂ ਨੂੰ ਜਗਾਇਆ; ਦੂਜੇ ਪਾਸੇ, ਸ: ਸਰਦੂਲ ਸਿੰਘ ਕਵੀਸ਼ਰ, ਸ: ਦਾਨ ਸਿੰਘ ਵਿਛੋਆ ਅਤੇ ਝਬਾਲੀਏ ਭਰਾਵਾਂ—ਸ: ਅਮਰ ਸਿੰਘ ਤੇ ਜਸਵੰਤ ਸਿੰਘ ਨੇ ਏਹੋ ਸਵਾਲ ਲੈ ਕੇ ਜਲਸੇ ਕਰਨੇ ਅਰੰਭ ਦਿਤੇ। ਜਿਥੇ ਵੀ ਉਹ ਬੋਲਣ ਅਤੇ ਢਾਹੀ-ਗਈ ਕੰਧ ਦੇ ਉਸਾਰਨ ਦੀ ਵਿਆਖਿਆ ਕਰਕੇ ਸ਼ਹੀਦੀ ਪਰਾਪਤ ਕਰਨ ਵਾਲਿਆਂ ਵਿਚ ਨਾਮ ਲਿਖਵਾਣ ਦੀ ਅਪੀਲ ਕਰਦੇ ਸਨ ਓਥੇ ਹੀ ਸਿਖ ਨੌਜੁਆਨ, ਧੜਾ ਧੜ ਆਪਣੇ ਨਾਮ ਲਿਖਵਾਣ ਲਗ ਪੈਂਦੇ ਸਨ। ਉਸ ਵੇਲੇ ਦੇ ਧਾਰਮਕ ਤੇ ਰਾਜਸੀ ਵਾਤਾਵਰਣ ਦਾ ਪਤਾ ਇਸ ਹਕੀਕਤ ਤੋਂ ਉਘੜ ਖਲੋਂਦਾ ਹੈ ਕਿ ਸ਼ਹੀਦ ਹੋਣ ਲਈ ਸੈਂਕੜੇ ਸਿੱਖਾਂ ਨੇ ਆਪਣੇ ਨਾਮ ਦੇ ਦਿਤੇ ! ਕਈਆਂ ਨੇ ਤਾਂ ਚਿਠੀਆਂ ਵੀ ਆਪਣੇ ਲਹੂ ਨਾਲ ਲਿਖ ਕੇ ਘੱਲੀਆਂ।[1]

ਸਿਖ ਲੀਗ ਦਾ ਅਕਤੂਬਰ 1920 ਵਿਚ ਦੂਜਾ ਅਜਲਾਸ ਹੋਇਆ। ਪਰਧਾਨ ਸਰਦਾਰ ਖੜਕ ਸਿੰਘ ਜੀ ਸਨ। ਇਸ ਮੌਕੇ ਉਤੇ 'ਸ਼ਹੀਦੀ ਜਥੇ' ਵਿਚ ਸ਼ਾਮਲ ਹੋਣ ਵਾਲਿਆਂ ਦੀ ਲਾਹੌਰ ਵਿਚ ਮੀਟਿੰਗ ਹੋਈ। ਸਿਖ ਲੀਗ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿਤਾ ਸੀ। ਲੋਕਾਂ ਨੇ ਹਿੰਦੁਸਤਾਨ ਭਰ ਦੇ ਵੱਡੇ ਆਗੂਆਂ ਮਹਾਤਮਾ ਗਾਂਧੀ, ਡਾ: ਕਿਚਲੂ, ਮੁਹੰਮਦ ਅਲੀ, ਸ਼ੌਕਤ ਅਲੀ ਦੀਆਂ ਤਕਰੀਰਾਂ ਸੁਣੀਆਂ ਸਨ। ਲੋਕਾਂ ਵਿਚ ਜੋਸ਼ ਤੇ ਉਭਾਰ ਅਥਾਹ ਸੀ। ਅੰਗਰੇਜ਼-ਰਾਜ

---

[1] ਗੁਰੂ-ਕੇ-ਬਾਗ (ਘੁਕੇਵਾਲੀ) ਦੀ ਭਾਦਰੋਂ (ਜੁਲਾਈ ਅਗਸਤ) ਦੀ ਮਸਿਆ ਤੇ ਸ: ਸਰਦੂਲ ਸਿੰਘ ਕਵੀਸ਼ਰ ਸ: ਦਾਨ ਸਿੰਘ ਤੇ ਸ: ਅਮਰ ਸਿੰਘ ਝਬਾਲ ਦੀ ਅਪੀਲ ਤੇ ਮੈਂ ਕਈ ਹੋਰਨਾਂ ਨਾਲ ਆਪਣਾ ਨਾਮ ਸ਼ਹੀਦੀ ਜਥੇ ਵਿਚ ਲਿਖਵਾਇਆ ਸੀ। —ਲੇਖਕ

Digitized by Panjab Digital Library | www.panjabdigilib.org

ਦਾ ਡਰ-ਭੈ ਉਡ ਪੁਡ ਗਿਆ ਸੀ।[1] ਕਈ ਹੋਰ ਵੀਰ ਸ਼ਹੀਦੀ ਜਥੇ ਵਿਚ ਨਾਮ ਲਿਖਵਾ ਰਹੇ ਸਨ ਕਵੀਸ਼ਰ ਜੀ ਦੀ ਅਗਵਾਈ ਵਿਚ ਮੀਟਿੰਗ ਨੇ ਫੈਸਲਾ ਕੀਤਾ ਕਿ ਸ਼ਹੀਦੀ ਜਥਾ ਪਹਿਲੀ ਦਸੰਬਰ ਨੂੰ ਦਿੱਲੀ ਪਹੁੰਚੇਗਾ, ਜਥੇ ਦੇ ਮਿੰਬਰ ਸੱਦਾ ਪਹੁੰਚਣ ਤੇ ਤੁਰ ਪੈਣ।

ਅਰਜ਼ੀਆਂ, ਪਰਚੀਆਂ ਤੇ ਬੇਨਤੀਆਂ ਤੋਂ ਗੱਲ ਅਗੇ ਲੰਘ ਚੁਕੀ ਹੋਈ ਸੀ। ਮੋਰਚਾ ਵਾਈਸਰਾਏ ਦੀ ਕੋਠੀ ਦੇ ਠੀਕ ਸਾਮ੍ਹਣੇ ਲਗਣ ਦੀ ਤਰੀਕ ਨੀਅਤ ਹੋ ਚੁਕੀ ਸੀ। ਸ਼ਹੀਦੀ ਜਥੇ ਦੇ ਸਿਰਾਂ ਉਤੇ ਖੱਫਣ ਬੰਨ੍ਹ ਕੇ ਔਣ ਦੀਆਂ ਖਬਰਾਂ ਨੇ ਅੰਗਰੇਜ਼ ਹਾਕਮਾਂ ਦੀ ਕੁਛ ਹੋਸ਼ ਠਿਕਾਣੇ ਲਿਆਂਦੀ। ਨੌਕਰ-ਸ਼ਾਹੀ ਦੀ ਜੂੰ-ਤੋਰ ਮਸ਼ੀਨਰੀ ਤਾਬੜ ਤੋੜ ਹਰਕਤ ਕਰਨ ਲਗ ਪਈ। ਜਿਹੜੀ ਮੁਹਿੰਮ ਸੱਤਾਂ-ਅੱਠਾਂ ਸਾਲਾਂ ਦੇ ਮਤਿਆਂ, ਡੈਪੂਟੇਸ਼ਨਾਂ ਤੇ ਅਰਜੋਈਆਂ ਨੇ ਸਰ ਨਹੀਂ ਸੀ ਕੀਤੀ ਉਹ ਕੁਰਬਾਨੀ ਦੇ ਜਥੇਬੰਦ ਉਭਾਰ ਨੇ ਦਿਨਾਂ ਵਿਚ ਕਰ ਦਿਤੀ। ਜਥੇ ਦੇ ਪਹੁੰਚਣ ਦੀ ਤਰੀਕ ਤੋਂ ਢੇਰ ਪਹਿਲੋਂ ਮਹਾਰਾਜਾ ਨਾਭਾ ਨੇ, ਦਖਲ ਦੇ ਕੇ ਕੰਧ ਬਣਵਾ ਦਿਤੀ। ਅਤੇ ਗੌਰਮਿੰਟ ਨੇ ਲੋਕਾਂ ਦੀ ਤਸੱਲੀ ਲਈ ਬਣੀ ਹੋਈ ਕੰਧ ਦੀਆਂ ਅਖਬਾਰਾਂ ਨੂੰ ਤਸਵੀਰਾਂ ਘੱਲੀਆਂ! ਅਤੇ ਨਾਲ ਹੀ ਅਖਬਾਰਾਂ ਵਿਚ ਖਬਰਾਂ ਛਪ ਗਈਆਂ ਕਿ ਗੌਰਮਿੰਟ ਨੇ ਰਿਕਾਬਗੰਜ ਦੀ ਢੱਠੀ ਹੋਈ ਕੰਧ ਮੁੜ ਬਣਾ ਦਿਤੀ ਹੈ।

## 11. ਮੋਰਚਾ ਸਰ ਹੋ ਗਿਆ

ਇਹ ਇਕ ਬੜੀ ਜਿਤ ਸੀ ਜਿਸ ਦੇ ਪਿੱਛੇ ਏਕਾ, ਜਥੇ-ਬੰਦੀ ਤੇ ਕੁਰਬਾਨੀ ਕੰਮ ਕਰ ਰਹੇ ਸਨ। ਇਸ ਨੇ ਅਕਾਲੀਆਂ ਦੇ ਉਤਸ਼ਾਹ, ਜੋਸ਼ ਤੇ ਹੌਸਲੇ ਵਿਚ ਬੜਾ ਵਾਧਾ ਕੀਤਾ। ਇਸ ਜਿਤ ਨਾਲ ਅਕਾਲੀ ਲਹਿਰ ਪਹਿਲੋਂ ਨਾਲੋਂ ਹੋਰ ਚੌੜੀ ਤੇ ਮਜ਼ਬੂਤ ਹੋ ਗਈ। ਅਤੇ ਇਸ ਕਾਮਯਾਬੀ ਨੇ ਗੁਰਦਵਾਰਿਆਂ ਦੀ ਆਜ਼ਾਦੀ ਦੇ ਮੋਰਚਿਆਂ ਲਈ ਰਾਹ ਹੋਰ ਮੋਕਲਾ ਕਰ ਦਿਤਾ।

ਸਿੱਖ ਇਤਿਹਾਸ ਵਿਚ 1920 ਦੇ ਸਾਲ ਨੇ ਨਵਾਂ ਦੌਰ ਸ਼ੁਰੂ ਕੀਤਾ। ਇਸ ਸਾਲ ਨੇ ਸਿੱਖ ਇਤਿਹਾਸ ਦੀ ਰਫਤਾਰ ਨੂੰ ਬੜਾ ਤਿੱਖਾ ਕਰ ਦਿਤਾ। ਇਸ ਸਾਲ ਵਿਚ ਮਹੀਨਿਆਂ ਦੇ ਕੰਮ ਦਿਨਾਂ ਵਿਚ ਹੋਏ ਅਤੇ ਸਾਲਾਂ ਦੇ ਕੰਮ ਮਹੀਨਿਆਂ ਵਿਚ ਹੋਏ। ਇਤਿਹਾਸ ਵਿਚ ਏਹੋ ਜੇਹੇ ਮੌਕੇ ਕਦੇ ਕਦੇ, ਬੜੇ ਇਨਕਲਾਬੀ ਜਨਤਕ ਉਭਾਰ ਵੇਲੇ ਹੀ ਆਉਂਦੇ ਹਨ, ਅੱਗੋਂ ਪਿੱਛੋਂ ਨਹੀਂ।

ਸਾਰੇ ਹੀ ਅੰਗਰੇਜ਼ ਹਾਕਮ ਸਿਆਣੇ ਨਹੀਂ ਸਨ, ਉਹਨਾਂ ਵਿਚ ਬੇਵਕੂਫ ਵੀ ਢੇਰ ਸਾਰੇ ਸਨ। ਪੰਜਾਬੀ ਦਾ ਮੁਹਾਵਰਾ—ਜੇਹਦੇ ਘਰ ਦਾਣੇ ਓਹਦੇ ਕਮਲੇ ਵੀ ਸਿਆਣੇ—ਜ਼ਿੰਦਗੀ ਦੇ ਤਜਰਬੇ ਉਤੇ ਅਧਾਰਤ ਹੈ। ਜਿਵੇਂ ਦਾਣਿਆਂ ਵਾਲੇ ਘਰ ਦੇ ਕਮਲੇ ਢਕੇ ਜਾਂਦੇ ਹਨ ਤਿਵੇਂ ਹੀ ਹਕੂਮਤ ਦੇ ਕਮਲਿਆਂ ਉਤੇ ਪੜਦਾ ਪਿਆ ਰਹਿੰਦਾ ਹੈ ਕਿਉਂਕਿ ਉਹਨਾਂ ਨੂੰ ਰਾਜ ਦਾ ਘੁਮੰਡ ਹੁੰਦਾ ਹੈ ਅਤੇ ਉਹ ਸਮਝਣ ਲਗ ਪੈਂਦੇ ਹਨ ਕਿ ਉਹ ਪੁਲਸ ਤਸ਼ੱਦਦ, ਗੋਲੀਆਂ, ਜੇਲ੍ਹਾਂ, ਕੈਦਾਂ, ਫੌਜ ਦੀ ਵਰਤੋਂ ਕਰਕੇ ਪੁਠੇ ਕੰਮ ਵੀ ਸਿਧੇ ਅਤੇ ਗਲਤ ਕੰਮ ਵੀ ਦਰੁਸਤ ਕਰ ਸਕਦੇ ਹਨ।

ਜੰਗ ਪਿੱਛੋਂ ਹੁਣ ਹਾਲਤ ਬਿਲਕੁਲ ਬਦਲ ਚੁਕੇ ਸਨ। ਨਵੇਂ ਸਮੇਂ ਦੀਆਂ ਅਲਾਮਤਾਂ ਤੇ ਨਿਸ਼ਾਨੀਆਂ ਪੁਕਾਰ ਪੁਕਾਰ ਕਹਿ ਰਹੀਆਂ ਸਨ ਕਿ ਅਗੇ ਤੋਂ ਗੁਰਦੁਆਰਿਆਂ ਉਤੇ ਸਰਕਾਰੀ ਕਬਜ਼ਾ ਕਾਇਮ ਨਹੀਂ ਰਹਿ ਸਕੇਗਾ। ਇਹ ਛੱਡਣਾ ਪਏਗਾ; ਇਸ ਲਈ ਸਿੱਖਾਂ ਦੀ ਤੇਜ਼ ਹੋ ਰਹੀ ਹਰਾਰਤ ਦਾ ਚੜ੍ਹ ਰਿਹਾ ਪਾਰਾ ਵੇਖੋ, ਅਕਾਲੀਆਂ ਦੀ ਦਿਨੋ ਦਿਨ ਫੈਲ ਰਹੀ ਜਥੇਬੰਦੀ,

[1] ਮੈਂ ਸਿਖ ਲੀਗ ਦੇ ਸਮਾਗਮ ਤੇ ਸ਼ਹੀਦੀ ਜਥੇ ਦੀ ਮੀਟਿੰਗ ਵਿਚ ਹਿੱਸਾ ਲਿਆ ਸੀ।
—ਲੇਖਕ

Digitized by Panjab Digital Library | www.panjabdigilib.org

ਏਕਾ ਤੇ ਤਾਕਤ ਵੇਖੋ; ਦੁਰਾਚਾਰੀ ਤੇ ਆਚਾਰ-ਹੀਣ ਮਹੰਤਾਂ ਦੀ ਪਿਠ ਪੂਰਨੀ ਛਡ ਦਿਓ ਅਤੇ ਗੁਰਦਵਾਰਿਆਂ ਦਾ ਪਰਬੰਧ ਸਿੱਖਾਂ ਦੀਆਂ ਪਰਤੀਨਿਧ ਕਮੇਟੀਆਂ ਦੇ ਹਵਾਲੇ ਕਰ ਦਿਓ। ਇਹ ਸੀ ਮੰਗ ਸਿਆਣਪ ਤੇ ਦੂਰ ਦਰਸ਼ਤਾ ਦੀ।

## 12. ਹਕੂਮਤ ਮਹੰਤਾਂ ਦੀ ਪਿੱਠ ਤੇ

ਪਰ ਆਪਣੇ ਰਾਜ ਦੇ ਸੁਆਰਥਾਂ ਨੇ ਅੰਗਰੇਜ਼ ਹਾਕਮਾਂ ਨੂੰ ਅੰਨ੍ਹਾ ਕਰ ਦਿਤਾ ਹੋਇਆ ਸੀ। ਉਹ ਗੁਰਦੁਆਰਿਆਂ ਉਤੋਂ ਆਪਣਾ ਕਬਜ਼ਾ ਨਹੀਂ ਸਨ ਛਡਣਾ ਚਾਹੁੰਦੇ, ਵੇਲਾ-ਵਿਹਾ ਚੁਕੀ ਪਾਲਿਸੀ ਨੂੰ ਜ਼ਬਰਦਸਤੀ ਰਾਜ ਤਾਕਤ ਵਰਤਕੇ ਸਿੱਖਾਂ ਉਤੇ ਠੋਸੀ ਰਖਣਾ ਚਾਹੁੰਦੇ ਸਨ। ਕਿਉਂਕਿ ਗੁਰਦੁਆਰਿਆਂ ਦੀ ਸਰਕਾਰੀ ਵਰਤੋਂ ਨੇ ਉਹਨਾਂ ਨੂੰ ਬੜੇ ਰਾਜਸੀ ਲਾਭ ਪਹੁੰਚਾਏ ਸਨ, ਅੰਗਰੇਜ਼ ਹਾਕਮਾਂ ਦੇ ਜ਼ੁਲਮਾਂ ਤੇ ਕਤਲਾਂ ਦੇ ਉਤੇ ਪੜਦੇ ਪਾਏ ਸਨ ਅਤੇ ਸਿੱਖਾਂ ਨੂੰ ਵਫ਼ਾਦਾਰ ਤੇ ਗੁਲਾਮ ਬਣਾਈ ਰਖਣ ਤੇ ਹੋਰ ਕੌਮਾਂ ਨੂੰ ਗੁਲਾਮ ਬਣਾਣ ਵਿਚ ਸਹਾਇਤਾ ਕੀਤੀ ਸੀ।

ਇਸ ਲਈ ਇਹ ਕਹਿਣਾ ਦਰੁਸਤ ਨਹੀਂ ਕਿ "ਅਸਲ ਵਿਚ ਝਗੜਾ ਸਰਕਾਰ ਤੇ ਸਿੱਖਾਂ ਦਾ ਨਹੀਂ ਸੀ, ਸਗੋਂ ਸਿੱਖਾਂ ਤੇ ਮਹੰਤਾਂ ਦਾ ਸੀ।" ਗੁਰਦੁਆਰਿਆਂ ਦੇ ਮਹੰਤ ਸਿੱਖ ਕੌਮ ਤੋਂ ਆਕੀ ਹੋ ਚੁਕੇ ਸਨ ਤੇ ਕੁਝ ਮਹੰਤ ਤਾਂ ਖੁਲ੍ਹਮ ਖੁਲ੍ਹਾ ਸਰਕਾਰੀ ਅਫਸਰਾਂ ਦੀ ਮਦਦ ਹੋਣ ਕਰਕੇ ਪੰਥ ਤੇ ਧਰਮ ਨੂੰ ਜਵਾਬ ਦੇਈ ਬੈਠੇ ਸਨ। ਅਜੇਹੀ ਦੁਰਦਸ਼ਾ ਸਿੱਖ ਕੌਮ ਕਿਤਨਾ ਚਿਰ ਸਹਾਰ ਸਕਦੀ ਸੀ ?[1]

ਸਿੱਖਾਂ ਤੋਂ ਆਕੀ ਹੋਣ ਦੀ ਜੁਰਅਤ ਮਹੰਤਾਂ ਨੂੰ ਕਿਉਂ ਹੋਈ ? ਇਸ ਲਈ ਕਿ ਹਕੂਮਤ ਉਹਨਾਂ ਦੀ ਪਿੱਠ ਉੱਤੇ ਸੀ। ਅਤੇ ਅਫਸਰਾਂ ਨਾਲ ਮਿਲਕੇ ਉਹਨਾਂ ਨੇ ਗੁਰਦੁਆਰਿਆਂ ਦੀਆਂ ਹਜ਼ਾਰਾਂ ਤੇ ਲੱਖਾਂ ਰੁਪਇਆਂ ਦੀਆਂ ਜਾਇਦਾਦਾਂ ਆਪਣੇ ਨਿੱਜੀ ਨਾਵਾਂ ਤੇ ਕਰਵਾ ਲਈਆਂ ਹੋਈਆਂ ਸਨ। ਹਕੂਮਤ ਨਹੀਂ ਸੀ ਚਾਹੁੰਦੀ ਕਿ ਗੁਰਦੁਆਰੇ ਅਤੇ ਉਹਨਾਂ ਦੀਆਂ ਜਾਇਦਾਦਾਂ ਸਿੱਖ ਪੰਥ ਦੇ ਹੱਥਾਂ ਵਿਚ ਜਾਣ ਕਿਉਂਕਿ ਗੁਰਦੁਆਰਿਆਂ ਦੀ ਆਜ਼ਾਦੀ ਅਤੇ ਇਹਨਾਂ ਦੀਆਂ ਜਾਇਦਾਦਾਂ ਕਲ ਨੂੰ ਸਰਕਾਰ ਦੇ ਹਿਤਾਂ ਲਈ ਖਤਰਨਾਕ ਸਾਬਤ ਹੋ ਸਕਦੀਆਂ ਸਨ। ਇਸ ਲਈ ਮਹੰਤਾਂ ਨੂੰ ਆਕੀ ਹੀ ਸਰਕਾਰ ਨੇ ਕਰਾਇਆ, ਸਰਕਾਰ ਵਿਚਾਲੇ ਨਾ ਹੁੰਦੀ ਤਾਂ ਮਹੰਤਾਂ ਨੇ ਚੁਪ ਚਾਪ ਸਮਝੌਤੇ ਕਰਕੇ ਗੁਰਦੁਆਰੇ ਸਿੱਖ ਪੰਥ ਦੇ ਹਵਾਲੇ ਕਰ ਦੇਣੇ ਸਨ ਅਤੇ ਆਪਣੇ ਚਲਨ ਸੁਧਾਰ ਕੇ ਜਾਂ ਤਾਂ ਮਹੰਤ ਬਣੇ ਰਹਿਣਾ ਸੀ ਜਾਂ ਜੀਵਨ ਭਰ ਲਈ ਵਜ਼ੀਫ਼ੇ ਲੈ ਕੇ ਅੱਡ ਹੋ ਜਾਣਾ ਸੀ। ਇਸ ਲਈ ਝਗੜਾ ਸਿੱਖਾਂ ਤੇ ਮਹੰਤਾਂ ਦਾ ਨਹੀਂ ਸੀ, ਸਗੋਂ ਸੀਗਾ ਹੀ ਸਿੱਖਾਂ ਤੇ ਸਰਕਾਰ ਦਾ। ਮਹੰਤ ਤਾਂ ਅੰਗਰੇਜ਼ ਸਰਕਾਰ ਦੀ ਰਾਜਨੀਤੀ ਨੂੰ ਅਮਲੀ ਜਾਮਾਂ ਪੁਆਣ ਦਾ ਇਕ ਹਥਿਆਰ ਸਨ। ਸਰਕਾਰ ਸਿੱਖਾਂ ਤੇ ਮਹੰਤਾਂ ਦੇ ਸਮਝੌਤੇ ਚਾਹੁੰਦੀ ਹੀ ਨਹੀਂ ਸੀ। ਉਸ ਨੇ ਤਾਂ ਕੁਛ ਇਕ ਮਹੰਤਾਂ ਨੂੰ ਆਪਣੇ ਹੱਥ ਵਿਚ ਲੈ ਕੇ ਹੋ ਰਹੇ ਸਮਝੌਤੇ ਵੀ ਸਿਰੇ ਨਹੀਂ ਸਨ ਚੜ੍ਹਨ ਦਿਤੇ।

## 13. ਹਾਕਮਾਂ ਦੇ ਇਰਾਦੇ

ਅੰਗਰੇਜ਼ ਹਾਕਮ ਆਪਣੇ ਕੀਤੇ ਫੈਸਲਿਆਂ ਉਤੇ ਅਮਲ ਕਰਨ ਤੇ ਕਰਾਣ ਦੇ ਬੜੇ ਪਾਬੰਦ ਸਨ। ਤਰੱਕੀ ਉਸ ਨੂੰ ਮਿਲਦੀ ਸੀ ਜਿਹੜਾ ਪਿਛਲੇ ਕੀਤੇ ਫੈਸਲਿਆਂ ਨੂੰ ਹਮੇਸ਼ਾਂ ਸਾਮ੍ਹਣੇ ਰਖਦਾ ਸੀ ਅਤੇ ਇਹਨਾਂ ਨੂੰ ਅਮਲ ਵਿਚ ਲਿਆਉਣ ਲਈ ਕੋਈ ਵੀ ਢੰਗ ਤੇ ਤਾਕਤ ਬੇਕਿਹਕ ਹੋ ਕੇ ਵਰਤਣੋਂ ਨਹੀਂ ਸੀ ਹਿਚਕਚਾਉਂਦਾ। ਮੁਢ ਤੋਂ ਹੀ, ਖਾਸ ਕਰ 1906-7 ਤੋਂ ਪਿੱਛੋਂ ਹਰ ਇਕ

[1] ਅਕਾਲੀ ਤੇ ਪ੍ਰਦੇਸੀ : 22 ਅਕਤੂਬਰ 1922।

Digitized by Panjab Digital Library | www.panjabdigilib.org

ਲੈਫਟੀਨੈਂਟ ਗਵਰਨਰ ਪੰਜਾਬੀਆਂ ਨੂੰ, ਤੇ ਖਾਸ ਕਰ ਸਿੱਖਾਂ ਨੂੰ, ਸਰਕਾਰ ਦੇ ਵਫ਼ਾਦਾਰ ਤੇ ਤਾਬਿਆਦਾਰ ਬਣਾਈ ਰਖਣ ਲਈ ਸੋਚਦਾ ਤੇ ਵਿਓਂਤਾਂ ਲਭਦਾ ਰਹਿੰਦਾ ਸੀ। ਇਬਸਟਨ ਡੈਨਜ਼ਿਲ ਨੇ ਪੰਜਾਬੀਆਂ ਨੂੰ ਆਪਣੀ ਜੁੱਤੀ ਥੱਲੇ ਰੱਖਣ ਲਈ ਕੁੱਲ ਸ਼ਹਿਰੀ ਤੇ ਜਮਹੂਰੀ ਆਜ਼ਾਦੀਆਂ ਖੋਹੀ ਰੱਖਣ ਦੀ ਸਿਫਾਰਸ਼ ਕੇਂਦਰੀ ਸਰਕਾਰ ਨੂੰ ਕੀਤੀ ਸੀ। ਉਸ ਤੋਂ ਪਿੱਛੋਂ ਆਏ ਲੈਫਟੀਨੈਂਟ ਗਵਰਨਰਾਂ ਨੇ ਸਿੱਖਾਂ ਦੀਆਂ ਵਿੱਦਿਅਕ ਤੇ ਧਾਰਮਕ ਸੰਸਥਾਵਾਂ ਨੂੰ ਚੰਗੀ ਤਰ੍ਹਾਂ ਹਥਿਆ ਲਿਆ ਸੀ। ਪਾਲਿਸੀ ਉਹਨਾਂ ਦੀ ਇਹ ਸੀ ਕਿ ਖਾਲਸਾ ਕਾਲਜ ਨੂੰ ਆਪਣੀ ਵਫ਼ਾਦਾਰੀ ਦਾ ਕੇਂਦਰ ਬਣਾ ਕੇ ਰਖਿਆ ਜਾਵੇ ਅਤੇ ਦਰਬਾਰ ਸਾਹਿਬ ਦਾ ਪਰਬੰਧ ਅੰਗਰੇਜ਼ ਰਾਜ ਦੀ ਮਜ਼ਬੂਤੀ ਤੇ ਹਿਤਾਂ ਵਿਚ ਆਪਣੇ ਹੱਥੀਂ ਚੁਣੇ ਮਨ-ਪਸੰਦ ਸਿੱਖ ਸਰਬਰਾਹਾਂ ਰਾਹੀਂ ਕੀਤਾ ਜਾਵੇ; ਹੋਰ ਤਾਂ ਹੋਰ, ਇਸ ਨੂੰ ਚੀਫ ਖਾਲਸਾ ਦੀਵਾਨ ਜੇਹੀ ਅੰਗਰੇਜ਼-ਭਗਤ ਜਮਾਤ ਦੇ ਹੱਥਾਂ ਵਿਚ ਵੀ ਨਾਂ ਜਾਣ ਦਿਤਾ ਜਾਵੇ ।

"ਜੇ ਕਦੀ ਤੱਤ ਖਾਲਸਾ ਪਾਰਟੀ (ਚੀਫ ਖਾਲਸਾ ਦੀਵਾਨ) ਦਰਬਾਰ ਸਾਹਿਬ ਉਤੇ ਕਬਜ਼ਾ ਜਮਾਣ ਵਿਚ ਸਫਲ ਹੋ ਸਕੇ, ਅਤੇ ਧਾਰਮਕ ਮਾਮਲਿਆਂ ਵਿਚ ਲੀਡਰਸ਼ਿਪ ਆਪਣੇ ਲਈ ਹਥਿਔਣ ਦੀ ਪੁਜ਼ੀਸ਼ਨ ਵਿਚ ਹੋ ਜਾਵੇ ...ਤਾਂ ਨਤੀਜੇ ਬੜੇ ਗੰਭੀਰ ਹੋ ਸਕਦੇ ਹਨ। ਏਹੋ ਜੇਹੇ ਕਦਮ ਵਿਚ ਉਹਨਾਂ ਦੇ ਸਫਲ ਹੋਣ ਦੀ ਸੰਭਵਤਾ ਬਹੁਤੀ ਦੂਰ ਨਹੀਂ। 1907 ਵਿਚ ਤੱਤ ਖਾਲਸਾ ਪਾਰਟੀ ਦੀਆਂ ਦਰਬਾਰ ਸਾਹਿਬ ਬਾਰੇ ਗੋਂਦਾਂ ਸੰਬੰਧੀ ਨਾਭਾ ਦੇ ਰਾਜਾ ਪਾਸ ਸਿਖ ਪੁਜਾਰੀਆਂ ਵਲੋਂ ਸ਼ਿਕਾਇਤ ਕੀਤੀ ਗਈ ਸੀ। ਓਦੋਂ ਤੋਂ ਲੈ ਕੇ ਕਈ ਵਾਰ ਰਿਪੋਰਟਾਂ ਹੋ ਚੁਕੀਆਂ ਹਨ ਕਿ ਗ੍ਰੰਥੀਆਂ ਤੇ ਪੁਜਾਰੀਆਂ ਨੂੰ ਆਪਣੇ ਵੱਲ ਕਰਨ ਦੇ ਤੱਤ ਖਾਲਸਾ ਨੇ ਇਕਸਾਰ ਯਤਨ ਕੀਤੇ ਹਨ...ਇਹਨਾਂ ਯਤਨਾਂ ਦੀ ਸਫਲਤਾ ਦੇ ਨਤੀਜੇ ਬੜੇ ਦੂਰ-ਪਹੁੰਚਵੇਂ ਹੋ ਸਕਦੇ ਹਨ।"...[1]

ਇਹ ਸੀ ਅੰਗਰੇਜ਼ ਸਰਕਾਰ ਦੀ ਪਾਲਸੀ ਸਿੱਖਾਂ ਦੇ ਸਭ ਤੋਂ ਵਡੇ ਤੇ ਕੇਂਦਰੀ ਗੁਰਦੁਆਰੇ ਦਰਬਾਰ ਸਾਹਿਬ ਸੰਬੰਧੀ। ਅਕਾਲੀਆਂ ਦੇ ਦਰਬਾਰ ਸਾਹਿਬ ਉਤੇ ਕਬਜ਼ੇ ਦੀ ਤਾਂ ਗੱਲ ਛਡੋ, ਸਰਕਾਰ ਤਾਂ ਚੀਫ ਖਾਲਸਾ ਦੀਵਾਨ ਦੀ ਆਪਣੀ ਵਫ਼ਾਦਾਰ ਲੀਡਰਸ਼ਿਪ ਨੂੰ ਵੀ ਦਰਬਾਰ ਸਾਹਿਬ ਦੇ ਲਾਗੇ ਨਹੀਂ ਸੀ ਢੁਕਣ ਦੇਣਾ ਚਾਹੁੰਦੀ। ਉਸ ਨੂੰ ਆਪਣੀ ਤਾਕਤ ਦੇ ਖਿਲਾਫ ਸਾਜ਼ਸ਼ਾਂ ਦਾ ਸ਼ਕ ਆਪਣੇ ਵਫ਼ਾਦਾਰਾਂ ਉਤੇ ਵੀ ਸੀ। ਅੰਗਰੇਜ਼ ਹਕੂਮਤ ਦੀ ਪਾਲਿਸੀ ਸਾਫ ਇਹ ਸੀ ਕਿ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਉਤੇ ਆਪਣਾ ਕਬਜ਼ਾ ਜਮਾਈ ਰਖੋ ਅਤੇ ਸਿਖ ਧਰਮ ਨੂੰ ਅੰਗਰੇਜ਼ ਰਾਜ ਦੇ ਹਿਤਾਂ ਵਿਚ ਵਰਤੋ।

## 14. ਬਾਬੇ ਦੀ ਬੇਰ

ਇਸ ਪਾਲਿਸੀ ਦੇ ਅਧੀਨ ਅੰਗਰੇਜ਼ ਹਾਕਮ ਸਿਖ ਸੰਗਤਾਂ ਦੇ ਵਾ-ਵੇਲੇ ਤੇ ਚੀਕ-ਚਿਹਾੜੇ ਵੱਲ ਕੰਨ ਹੀ ਨਹੀਂ ਸਨ ਕਰਦੇ। ਬਾਬੇ ਦੀ ਬੇਰ (ਸਿਆਲਕੋਟ) ਦੇ ਗੁਰਦੁਆਰੇ ਦਾ ਸਰਬਰਾਹ ਸਿਖਾਂ ਦੀ ਜ਼ੋਰਦਾਰ ਵਿਰੋਧਤਾ ਦੇ ਬਾਵਜੂਦ ਇਕ ਗੈਰ-ਸਿਖ ਗੰਡਾ ਸਿੰਘ ਨੂੰ ਬਣਾ ਦਿਤਾ ਗਿਆ। ਇਸ ਦੇ ਖਿਲਾਫ ਸਿਆਲਕੋਟ ਦੇ ਸਿਖਾਂ ਨੇ ਹਰ ਕਿਸਮ ਦੀ ਕਾਨੂੰਨੀ ਕਾਰਵਾਈ ਕੀਤੀ, ਪਰ ਡਿਪਟੀ ਕਮਿਸ਼ਨਰ ਕਿਸੇ ਦੀ ਕੋਈ ਵੀ ਗੱਲ ਸੁਣਦਾ ਨਹੀਂ ਸੀ। ਪਹਿਲੇ ਮਹੰਤਾਂ ਦੇ ਖਿਲਾਫ ਕਈ ਮੁਕਦਮੇ ਕੀਤੇ ਜਾ ਚੁਕੇ ਸਨ, ਹਰ ਇਕ ਕਾਨੂੰਨੀ ਚਾਰਾਜੋਈ ਕੀਤੀ ਗਈ ਸੀ ਕਿ

[1]. Memorandum by D. Petrie, (1911) Section 23.

Digitized by Panjab Digital Library | www.panjabdigilib.org

ਗੁਰਦੁਆਰਾ ਸਿਖਾਂ ਦੀ ਚੁਣੀ ਹੋਈ ਕਮੇਟੀ ਦੇ ਅਧੀਨ ਕੀਤਾ ਜਾਵੇ ਪਰ ਨਾ ਕੋਈ ਅਫਸਰ ਸੁਣਦਾ ਸੀ ਅਤੇ ਨਾ ਹੀ ਕੋਈ ਅਦਾਲਤ ।

"8......ਸਿਆਲਕੋਟ ਦੇ ਲਾਗੇ ਇਕ ਗੁਰਦੁਆਰੇ ਦੇ ਫੈਸਲੇ ਲਈ ਕੀਤਾ ਗਿਆ ਮੁਕਦਮਾ ਕਈ ਸਾਲਾਂ ਤਕ ਘਸੀਟੀ ਦਾ ਚਲਿਆ ਜਾਂਦਾ ਰਿਹਾ । ਮਹੰਤ ਦੇ ਖਿਲਾਫ ਹੋਇਆ ਹੋਇਆ ਫੈਸਲਾ ਅਖੀਰ ਵਿਚ ਇਕ ਟੈਕਨੀਕਲ ਨੁਕਤਾ ਲੈ ਕੇ ਚੀਫ ਕੋਰਟ ਨੇ ਉਲਟਾ ਦਿਤਾ । ਏਥੋਂ ਤਕ ਕਿ ਵਧੇਰੇ ਸੂਝਦਾਰਾਂ ਦਾ ਸਬਰ ਵੀ ਆਮ ਸਿਵਲ ਅਦਾਲਤਾਂ ਉਤੋਂ ਜਾਂਦਾ ਰਿਹਾ ਅਤੇ ਵਧੇਰੇ ਗਰਮ ਖਿਆਲ ਆਦਮੀਆਂ ਨੇ ਤਾਕਤ ਨਾਲ ਗੁਰਦੁਆਰਿਆਂ ਦੇ ਕਬਜ਼ੇ ਦੀ ਵਕਾਲਤ ਸ਼ੁਰੂ ਕਰ ਦਿਤੀ ।"[1]

ਏਸੇ ਗੁਰਦੁਆਰੇ ਦੇ ਮਹੰਤ ਹਰਨਾਮ ਸਿੰਘ ਦੇ ਖਿਲਾਫ ਇਹ ਦੋਸ਼ ਸਾਬਤ ਹੋ ਗਿਆ ਸੀ ਕਿ ਉਹ ਸ਼ਰਾਬ ਪੀਂਦਾ ਹੈ ਅਤੇ ਗੁਰਦੁਆਰੇ ਦੀ ਜਾਇਦਾਦ ਬਰਬਾਦ ਕਰਦਾ ਹੈ । ਡਿਪਟੀ ਕਮਿਸ਼ਨਰ ਨੇ ਫੈਸਲਾ ਦਿਤਾ : ਮਹੰਤ ਨੂੰ ਆਖਿਆ ਜਾਵੇ ਕਿ ਉਹ ਸ਼ਰਾਬ ਪੀਣੀ ਛਡ ਦੇਵੇ, ਉਹਦੇ ਚਿਹਰੇ ਤੇ ਬਹੁਤ ਜ਼ਿਆਦਾ ਸ਼ਰਾਬ ਪੀਣ ਦੇ ਚਿੰਨ੍ਹ ਨਜ਼ਰ ਆਉਂਦੇ ਹਨ ।[2] ਪਰ ਗੁਰਦੁਆਰੇ ਦਾ ਮਹੰਤ ਉਸ ਨੂੰ ਓਵੇਂ ਹੀ ਬਹਾਲ ਰਖਿਆ ਗਿਆ ।

ਸਿਖ ਇਹ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸਨ ਕਿ ਉਹਨਾਂ ਦੇ ਗੁਰਦੁਆਰੇ ਉਤੇ ਇਕ ਸਿੱਖੀ-ਦੁਸ਼ਮਣ ਦਾ ਕਬਜ਼ਾ ਜੰਮਿਆ ਰਹੇ । ਗੰਡਾ ਸਿੰਘ ਦਾ ਸਰਬਰਾਹ ਬਣੇ ਰਹਿਣਾ ਸਿਖ ਧਰਮ ਦੀ ਬੇਅਦਬੀ, ਨਿਰਾਦਰੀ ਤੇ ਹੱਤਕ ਸੀ ਅਤੇ ਸਿਖਾਂ ਲਈ ਚੈਲਿੰਜ । ਇਸ ਲਈ ਉਹਨਾਂ ਨੇ ਇਸ ਦੇ ਬਰਤਰਫ ਕਰਨ ਲਈ ਪਹਿਲੋਂ ਹਫਤੇ ਦੋ ਹਫਤੇ ਤੇ ਪਿਛੋਂ ਰੋਜ਼ ਗੁਰਦੁਆਰੇ ਵਿਚ ਜਲਸੇ ਕਰਨੇ ਸ਼ੁਰੂ ਕਰ ਦਿਤੇ । ਗੰਡਾ ਸਿੰਘ ਨੇ ਆਪਣੀ ਮਦਦ ਲਈ ਗੁੰਡੇ ਲੈ ਆਂਦੇ, ਜਿਹੜੇ ਸੰਗਤਾਂ ਦੇ ਗਲ ਪੈਂਦੇ ਅਤੇ ਇਕੱਲੇ ਦੁਕੱਲੇ ਨੂੰ ਫੜਕੇ ਕੁੱਟਦੇ ਸਨ ! ਉਹਨਾਂ ਨੇ ਇਸ ਤਹਿਰੀਕ ਦੇ ਇਕ ਆਗੂ ਭਾਈ ਜਵਾਹਰ ਸਿੰਘ ਨੂੰ ਇਕੱਲੇ ਗੁਰਦੁਆਰੇ ਔਂਦਿਆਂ ਵੇਖਕੇ ਫੜ ਲਿਆ ਅਤੇ ਚੰਗਾ ਕੁੱਟਿਆ । ਇਸ ਕੁਟਾਪੇ ਨਾਲ ਸਿੱਖ ਹੋਰ ਜੋਸ਼ ਵਿਚ ਆ ਗਏ । ਗੁੰਡਿਆਂ ਨੇ ਹੋਰ ਕਈ ਸਿਖ ਆਗੂਆਂ ਨੂੰ ਵੀ ਕੁੱਟਣ ਦੀਆਂ ਧਮਕੀਆਂ ਦਿਤੀਆਂ । ਗੰਡਾ ਸਿੰਘ ਦੇ ਪੁਤ ਜੋਹਨ ਹੈਡੋ ਨੇ ਗੁਰਦੁਆਰੇ ਵਿਚ ਆਪਣਾ ਪਿਸਤੌਲ ਕਢਕੇ ਲੋਕਾਂ ਨੂੰ ਭੈਭੀਤ ਕਰਨ ਦੇ ਯਤਨ ਕੀਤੇ । ਇਹਨਾਂ ਨੇ ਕੁਛ ਔਰਤਾਂ ਨੂੰ ਵੀ ਸਿਖ ਸੰਗਤਾਂ ਨੂੰ ਗਾਲਾਂ ਕਢਣ ਤੇ ਕੁੱਟਣ ਲਈ ਲਾਮਬੰਦ ਕਰ ਲਿਆ ਅਤੇ ਫਸਾਦ ਖੜਾ ਕਰਨ ਦੇ ਯਤਨ ਕੀਤੇ । ਏਹੋ ਹੀ ਨਹੀਂ, ਇਸ ਚੰਡਾਲ-ਜੁੰਡਲੀ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੀ ਵਰਗਲਾ ਕੇ ਸਿੱਖਾਂ ਦੇ ਖਿਲਾਫ ਕਰਨ ਦੇ ਹੀਲੇ ਕੀਤੇ ।

ਅਮਨ ਤੇ ਕਾਨੂੰਨ ਦੇ ਰਖਿਅਕ ਹਾਕਮਾਂ ਦੇ ਬੰਦੇ ਅਮਨ ਤੇ ਕਾਨੂੰਨ ਭੰਗ ਕਰ ਰਹੇ ਸਨ ਅਤੇ ਹਾਕਮ ਤਮਾਸ਼ਾ ਵੇਖ ਰਹੇ ਸਨ । ਉਹ ਪੂਰੀ ਤਰ੍ਹਾਂ ਗੰਡਾ ਸਿੰਘ ਦੇ ਮਦਦਗਾਰ ਸਨ ਅਤੇ ਸਿਖ ਆਗੂਆਂ ਨੂੰ ਫੜਨ ਦਾ ਮੌਕਿਆ ਲਭ ਰਹੇ ਸਨ । ਕਸ਼ਮਕਸ਼ ਤੇ ਖਿਚੋਤਾਣ ਦੇ ਇਹ ਹਾਲਾਤ ਸਨ, ਜਦੋਂ ਕਿ ਸ: ਅਮਰ ਸਿੰਘ ਤੇ ਜਸਵੰਤ ਸਿੰਘ, ਦੋਵੇਂ ਝਬਾਲੀਏ ਭਾਈ, ਸਿਆਲਕੋਟ ਜਾ ਪਹੁੰਚੇ । ਉਹਨਾਂ ਨੇ ਗੁਰਦੁਆਰਿਆਂ ਦੇ ਸੁਧਾਰ, ਖਿਲਾਫਤ, ਦੇਸ਼ ਦੀ ਆਜ਼ਾਦੀ ਤੇ ਹਿੰਦੂ-

---

[1] ਵਿਸਥਾਰ ਲਈ ਵੇਖੋ : The Gurdwara Reform Movement and Sikh Awakening from page 121 to 136.

[2] File No. 942—1922 : Home, Poll.

Digitized by Panjab Digital Library | www.panjabdigilib.org

ਮੁਸਲਿਮ-ਸਿਖ ਏਕੇ ਦੇ ਸਵਾਲਾਂ ਉਤੇ ਲੈਕਚਰ ਦਿਤੇ। ਗੰਡਾ ਸਿੰਘ ਦੀਆਂ ਪੈਦਾ ਕੀਤੀਆਂ ਗਲਤ-ਫਹਿਮੀਆਂ ਦੂਰ ਕੀਤੀਆਂ ਅਤੇ ਸਾਰੇ ਲੋਕਾਂ ਨੂੰ ਆਜ਼ਾਦੀ, ਖਿਲਾਫਤ ਤੇ ਗੁਰਦੁਆਰਾ ਸੁਧਾਰ ਲਈ ਮਿਲਕੇ ਲੜਨ ਦੀਆਂ ਅਪੀਲਾਂ ਕੀਤੀਆਂ ਅਤੇ ਗੰਡਾ ਸਿੰਘ ਤੇ ਉਸ ਦੇ ਗੁੰਡਿਆਂ ਤੇ ਸਰਕਾਰੀ ਹਮਾਇਤੀਆਂ ਨੂੰ ਜਨਤਾ ਨਾਲੋਂ ਨਿਖੇੜ ਕੇ ਅੱਡ ਕਰ ਦਿਤਾ।

ਉਹ ਦੋਵੇਂ ਭਾਈ ਵਾਪਸ ਅਮਰਿਤਸਰ ਆ ਗਏ। ਹੁਣ ਸਰਦਾਰ ਖੜਕ ਸਿੰਘ ਜੀ ਵੀ ਸੰਗਰਾਮ ਦੇ ਮੈਦਾਨ ਵਿਚ ਨਿਕਲ ਆਏ। ਚੜ੍ਹਦੀ ਲਹਿਰ ਵੇਖਕੇ ਸਰਕਾਰੀ ਹਾਕਮ ਛਿਥੇ ਪੈ ਗਏ। ਡਿਪਟੀ ਕਮਿਸ਼ਨਰ ਨੇ ਸੇਵਕ ਜਥੇ ਦੇ ਪੰਜਾਂ ਆਗੂਆਂ ਭਾਈ ਭਾਗ ਸਿੰਘ, ਜਵਾਹਰ ਸਿੰਘ, ਨਾਨਕ ਸਿੰਘ, ਰਾਮ ਸਿੰਘ ਤੇ ਮਹਾਂ ਸਿੰਘ ਦੇ ਦਫਾ 107 ਹੇਠ ਵਾਰੰਟ ਜਾਰੀ ਕਰ ਦਿਤੇ। ਇਹ ਸੁਣ ਕੇ ਲੋਕਾਂ ਦਾ ਜੋਸ਼ ਹੋਰ ਠਾਠਾਂ ਮਾਰਨ ਲਗ ਪਿਆ। ਉਸੇ ਰਾਤ ਇਕ ਬੜਾ ਵਡਾ ਦੀਵਾਨ ਕੀਤਾ ਗਿਆ, ਜਿਸ ਵਿਚ ਇਕ ਮਤਾ ਪਾਸ ਕੀਤਾ ਗਿਆ ਕਿ ਕੋਈ ਸਿੰਘ ਜ਼ਮਾਨਤ ਨਾ ਦੇਵੇ। ਉਹ ਜੇਲ ਵਿਚ ਚਲੇ ਜਾਣ ਅਤੇ ਸੰਗਤਾਂ ਨੇ ਪਰਣ ਕੀਤਾ ਕਿ ਗੰਡਾ ਸਿੰਘ ਨੂੰ ਗੁਰ-ਦੁਆਰੇ ਦਾ ਪਰਬੰਧਕ ਨਹੀਂ ਰਹਿਣ ਦਿਤਾ ਜਾਵੇਗਾ। ਇਸ ਲਈ ਜਿੰਨੀ ਕੁਰਬਾਨੀ ਦੀ ਵੀ ਲੋੜ ਪਏਗੀ ਦਿਤੀ ਜਾਏਗੀ। ਸ: ਖੜਕ ਸਿੰਘ ਜੀ ਨੇ ਇਸ ਮਤੇ ਦੀ ਡਟਕੇ ਹਮਾਇਤ ਕੀਤੀ।

## 15. ਪਹਿਲੀਆਂ ਗਰਿਫਤਾਰੀਆਂ

ਅਗਲੇ ਦਿਨ ਦਾ ਨਜ਼ਾਰਾ ਵੇਖਣ ਯੋਗ ਸੀ। ਉਹਨਾਂ ਨੂੰ ਫੜਨ ਲਈ ਦਗੜ ਦਗੜ ਕਰਦੀ ਗੁਰਦੁਆਰੇ ਵਿਚ ਪੁਲਸ ਦੀ ਧਾੜ ਆ ਗਈ। ਲੋਕਾਂ ਨੇ ਆਖਿਆ : ਅਸੀਂ ਖੁਦ ਨਾਲ ਜਾ ਕੇ ਇਹਨਾਂ ਨੂੰ ਅਦਾਲਤ ਵਿਚ ਪੇਸ਼ ਕਰਾਂਗੇ। ਹਜ਼ਾਰਾਂ ਲੋਕ ਜਲੂਸ ਦੀ ਸ਼ਕਲ ਵਿੱਚ 'ਗੰਡਾ ਸਿੰਘ (ਗੰਡੂ) ਮੁਰਦਾਬਾਦ, ਗੁਰਦੁਆਰਾ ਸੁਧਾਰ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਅਦਾ-ਲਤ ਵਿਚ ਪਹੁੰਚੇ। ਪੰਜੇ ਆਗੂ ਡਿਸਟਰਿਕਟ ਮੈਜਿਸਟਰੇਟ (ਡਿਪਟੀ ਕਮਿਸ਼ਨਰ) ਦੇ ਅੱਗੇ ਜਾ ਕੇ ਪੇਸ਼ ਹੋ ਗਏ। ਉਹਨਾਂ ਨੇ ਨਾ ਕੋਈ ਜ਼ਮਾਨਤ ਦਿਤੀ ਅਤੇ ਨਾ ਕੋਈ ਸਫਾਈ। ਆਖਿਆ : ਜੋ ਕਾਰਵਾਈ ਕਰਨੀ ਹੈ, ਕਰੋ। ਉਹਨਾਂ ਨੂੰ ਜੇਲ ਵਿਚ ਭੇਜ ਦਿਤਾ ਗਿਆ। ਅਗਲੀ ਪੇਸ਼ੀ 4 ਅਕਤੂਬਰ 1920 ਮੁਕਰਰ ਕੀਤੀ ਗਈ।

ਡਿਪਟੀ ਕਮਿਸ਼ਨਰ ਦੇ ਗੁੱਸੇ ਦਾ ਪਾਰਾ ਹੋਰ ਉਤਾਂਹ ਚੜ੍ਹ ਗਿਆ। ਲੋਕਾਂ ਦਾ ਏਡਾ ਵਡਾ ਹੁੰਗਾਰਾ ਵੇਖਕੇ ਉਸ ਨੂੰ ਕੁਛ ਘਬਰਾਹਟ ਵੀ ਹੋਈ, ਪਰ ਸਾਮਰਾਜੀ ਹਾਕਮਾਂ ਦੀ ਘਬਰਾਹਟ ਥੋੜ੍ਹ-ਪਲੀ ਹੁੰਦੀ ਸੀ, ਪਿੱਠ ਉਤੇ ਰਾਜ-ਤਾਕਤ ਦਾ, ਜੇਲ, ਗੋਲੀ ਆਦਿ ਦਾ ਮਾਣ ਹੋਣ ਕਰ ਕੇ ਗੁੱਸਾ ਇਸ ਉਤੇ ਝੱਟ ਕਾਬੂ ਪਾ ਲੈਂਦਾ ਸੀ। ਉਸ ਨੇ ਦੋ ਮਹੀਨੇ ਲਈ ਦਫਾ 144 ਥੱਲੇ ਜਲਸਿਆਂ ਤੇ ਜਲੂਸਾਂ ਉੱਤੇ ਪਾਬੰਦੀ ਲਾ ਦਿਤੀ ਅਤੇ ਹੁਕਮ ਦੇ ਦਿਤਾ ਕਿ ਅਗਲੇ ਦੋ ਮਹੀਨਿਆਂ ਲਈ ਗੰਡਾ ਸਿੰਘ ਦੇ ਗੁਰਦੁਆਰਾ-ਪਰਬੰਧ ਵਿਚ ਕੋਈ ਦਖਲ ਨ ਦੇਵੇ। ਉਸਨੇ ਆਪਣੀ ਤਾਕਤ ਦੀ ਵਰਤੋਂ ਕਰਕੇ ਲੋਕਾਂ ਦੀ ਜ਼ਬਾਨ ਤੇ ਹਰਕਤ ਉਤੇ ਪਾਬੰਦੀ ਲਾ ਦਿਤੀ।

ਪਰ ਲੋਕ ਡਿਪਟੀ ਕਮਿਸ਼ਨਰ ਦਾ ਚੈਲੰਜ ਮਨਜ਼ੂਰ ਕਰ ਚੁੱਕੇ ਸਨ। ਉਹਨਾਂ ਨੇ ਉਸੇ ਰਾਤ ਹੀ ਜਲਸਾ ਕਰਕੇ ਪਾਬੰਦੀ ਤੋੜ ਦਿਤੀ ਅਤੇ ਫੈਸਲਾ ਕੀਤਾ ਕਿ ਗੰਡਾ ਸਿੰਘ ਨੂੰ ਗੁਰਦੁਆਰੇ ਦੇ ਮੈਨੇਜਰ ਦੇ ਤੌਰ ਤੇ ਕੰਮ ਨਹੀਂ ਕਰਨ ਦਿਤਾ ਜਾਵੇਗਾ। ਬਾਹਰ ਪਿੰਡਾਂ ਦੇ ਸਿੱਖਾਂ ਨੂੰ ਜਿਉਂ ਜਿਉਂ ਖਬਰ ਪਹੁੰਚੀ, ਉਹ ਪੰਜ ਪੰਜ, ਸਤ ਸਤ ਦੇ ਜੱਥੇ ਬਣਾ ਕੇ ਸ਼ਹਿਰ ਵਿਚ ਪਹੁੰਚਣ ਲਗ ਪਏ। ਕੁਛ ਦਿਨਾਂ ਪਿਛੋਂ ਉਹਨਾਂ ਨੇ ਗੁਰਦੁਆਰੇ ਦਾ ਪਰਬੰਧ ਇਕ ਆਰਜ਼ੀ ਕਮੇਟੀ ਦੇ ਹਵਾਲੇ

Digitized by Panjab Digital Library | www.panjabdigilib.org

ਕਰ ਦਿਤਾ ਅਤੇ ਮੁੜ ਲੰਗਰ ਚਲਾਣ ਦੀ ਹਟੀ-ਹੋਈ ਪਰੰਪਰਾ ਜਾਰੀ ਕਰ ਦਿਤੀ।

## 16. ਰਿਹਾਈਆਂ

ਲੋਕਾਂ ਦਾ ਇਹ ਪਹਿਲਾ ਜੋਸ਼ ਤੇ ਉਭਾਰ ਸੀ। ਇਹ ਆਪ-ਮੁਹਾਰਾ ਉਭਾਰ ਵੇਖਕੇ ਸਰਕਾਰੀ ਅਫ਼ਸਰ, ਜਾਪਦਾ ਹੈ, ਕੁਛ ਦੁਬਧਾ ਵਿਚ ਪੈ ਗਏ। ਇਕ ਪਾਸੇ ਉਹ ਗੁਰਦੁਆਰਿਆਂ ਉੱਤੇ ਕਬਜ਼ਿਆਂ ਦੇ ਰਾਜਸੀ ਫਾਇਦਿਆਂ ਨੂੰ ਛਡਣੋਂ ਝਿਜਕਦੇ ਸਨ। ਦੂਜੇ ਪਾਸੇ ਉਹ ਹਾਲੀ ਤਸ਼ੱਦਦ ਦੇ ਉਹ ਅੰਤਲੇ ਤਰੀਕੇ ਵਰਤਣੋਂ ਹਿਚਕਚੋਂਦੇ ਸਨ ਜਿਨ੍ਹਾਂ ਦੇ ਕਾਰਨ ਸਿੱਖ ਹੱਥਾਂ ਵਿਚੋਂ ਹੀ ਨਿਕਲ ਜਾਂਦੇ ਹੋਣ ਅਤੇ ਸਿੱਖ ਰੰਗਰੂਟਾਂ ਦੀ ਭਰਤੀ ਤੇ ਸਿੱਖ ਫੌਜ ਉੱਤੇ ਅਸਰ ਪੈਂਦਾ ਹੋਵੇ। ਇਸ ਲਈ ਉਹਨਾਂ ਨੇ ਉਸ ਵੇਲੇ ਸਿਆਣਪ ਏਸੇ ਵਿਚ ਸਮਝੀ ਕਿ ਉਠਾਏ-ਗਏ ਕਦਮਾਂ ਨੂੰ ਅਮਲ ਵਿਚ ਲਿਆਣ ਲਈ ਕੋਈ ਕਾਰਵਾਈ ਨਾ ਕੀਤੀ ਜਾਵੇ ਅਤੇ ਜੇਲ-ਘੱਲੇ ਪੰਜਾਂ ਸਿੰਘਾਂ ਦਾ ਮੁਕਦਮਾ ਵਾਪਸ ਲੈ ਲਿਆ ਜਾਵੇ।

ਪੇਸ਼ੀ ਵਾਲੇ ਦਿਨ ਹੀ ਪੰਜ ਆਗੂ ਰਿਹਾ ਹੋ ਕੇ ਆ ਗਏ। ਇਹ ਇਕ ਹੋਰ ਬੜੀ ਵਡੀ ਜਿੱਤ ਸੀ। ਸਿਰਫ ਰਿਹਾਈ ਦੀ ਹੀ ਨਹੀਂ, ਸਗੋਂ ਰਿਹਾਈ ਤੋਂ ਵੀ ਵਡੀ—ਗੰਡਾ ਸਿੰਘ ਨੂੰ ਗੁਰਦੁਆਰੇ ਵਿਚੋਂ ਕਢਕੇ ਸਿੱਖਾਂ ਦੇ ਗੁਰਦੁਆਰੇ ਉੱਤੇ ਕਬਜ਼ੇ ਦੀ। 5 ਅਕਤੂਬਰ ਨੂੰ ਇਹ ਜਿੱਤ ਮਨਾਣ ਲਈ ਬਹੁਤ ਵਡਾ ਇਕੱਠ ਹੋਇਆ ਜਿਸ ਵਿਚ ਗੁਰਦੁਆਰਾ ਬਾਬੇ ਦੀ ਬੇਰ ਦੇ ਪਰਬੰਧ ਤੇ ਕੰਟਰੋਲ ਲਈ 13 ਮਿੰਬਰਾਂ ਦੀ ਕਮੇਟੀ ਚੁਣੀ ਗਈ। ਇਸ ਤਰ੍ਹਾਂ ਗੁਰਦੁਆਰਾ ਸਿੱਖਾਂ ਦੇ ਪ੍ਰਬੰਧ ਥੱਲੇ ਆ ਗਿਆ ਅਤੇ ਅਮਨ ਤੇ ਕਾਨੂੰਨ ਦਾ ਰਖਵਾਲਾ ਤਸ਼ੱਦਦ ਅੱਖਾਂ ਮੀਟ ਕੇ ਦੜ ਵਟ ਗਿਆ।

6 ਅਕਤੂਬਰ ਨੂੰ ਇਸ ਡਵੀਯਨ ਦਾ ਕਮਿਸ਼ਨਰ ਮਿਸਟਰ ਕਿੰਗ ਸਿਆਲਕੋਟ ਵਿਚ ਆ ਗਿਆ। ਉਸ ਨੇ ਨੌਂ ਸਿੱਖ ਆਗੂਆਂ ਨੂੰ ਸੱਦ ਘਲਿਆ। ਆਗੂ ਉਸ ਨੂੰ ਮਿਲਣ ਲਈ ਗਏ। ਉਸਨੇ ਬੜੀਆਂ ਠੰਡੀਆਂ ਤੇ ਮਿੱਠੀਆਂ ਗੱਲਾਂ ਕਰਕੇ ਉਹਨਾਂ ਨੂੰ ਆਖਿਆ: ਸਰਕਾਰ ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਕੋਈ ਦਖਲ ਨਹੀਂ ਦੇਣਾ ਚਾਹੁੰਦੀ। ਸਿੱਖ ਆਪਣੇ ਧਾਰਮਕ ਮਾਮਲਿਆਂ ਦਾ ਪਰਬੰਧ ਕਰਨ ਲਈ--ਜਿਵੇਂ ਚਾਹੁਣ—ਆਜ਼ਾਦ ਹਨ। ਪਰ ਜਿਥੋਂ ਤਕ ਜਾਗੀਰ ਤੇ ਜ਼ਮੀਨ ਦੀ ਆਮਦਨ ਦਾ ਸੰਬੰਧ ਹੈ—ਇਹ ਓਨਾ ਚਿਰ ਸਰਕਾਰ ਪਾਸ ਅਮਾਨਤ ਦੇ ਤੌਰ ਤੇ ਰਹੇਗੀ ਜਦੋਂ ਤਕ ਕਿ "ਦੋਵੇਂ ਪਾਰਟੀਆਂ" ਕੋਈ ਸਮਝੌਤਾ ਨਹੀਂ ਕਰ ਲੈਂਦੀਆਂ।[1]

ਇਸ ਗਲਬਾਤ ਵਿਚੋਂ ਤਿੰਨ ਗੱਲਾਂ ਖਾਸ ਧਿਆਨ ਮੰਗਦੀਆਂ ਹਨ। ਇਕ ਇਹ ਕਿ ਸਿੱਖਾਂ ਦੇ ਗੁਰਦਵਾਰਿਆਂ ਦਾ ਪਰਬੰਧ ਆਜ਼ਾਦੀ ਨਾਲ ਕਰਨ ਅਤੇ ਇਹਨਾਂ ਵਿਚ ਦਖਲ ਨਾ ਦੇਣ ਦੀ ਸਰਕਾਰੀ ਗੱਲ ਰਿਆਕਾਰਾਨਾ ਤੇ ਝੂਠੀ ਸੀ ਜਿਹੜੀ ਕਿ ਸਿੱਖਾਂ ਨੂੰ ਠੰਡੇ ਤੇ ਅਵੇਸਲੇ ਕਰਨ ਲਈ ਕੀਤੀ ਗਈ ਸੀ; ਦੂਜੀ ਇਹ ਕਿ 'ਦੋਹਾਂ ਪਾਰਟੀਆਂ' ਦੀ ਗੱਲ ਕਰਨਾ ਅਸਲ ਵਿਚ ਆਪਣੇ ਦਖਲ ਦੀ ਲੱਤ ਅੜਾਈ ਰਖਣਾ ਸੀ ਅਤੇ ਅਗੇ ਚਲਕੇ ਅਸੀਂ ਵੇਖਾਂਗੇ ਕਿ ਇਹ "ਦੋ ਪਾਰਟੀਆਂ" (ਕਦੇ ਤਿੰਨ ਪਾਰਟੀਆਂ) ਗੁਰਦੁਆਰਾ ਆਜ਼ਾਦੀ ਦੀ ਤਹਿਰੀਕ ਦੇ ਅਖੀਰ ਤਕ ਚਲਦੀਆਂ ਰਹਿੰਦੀਆਂ ਹਨ। ਇਸ ਦੇ ਅਰਥ ਦੂਜੀ ਜਾਂ ਤੀਜੀ ਪਾਰਟੀ ਨੂੰ ਖੜਾ ਰਖਕੇ ਤੇ ਫੁਟ ਪਾ

1. Gurdwara Reform Movement and the Sikh Awakening (1922) Pages 132—36.

Digitized by Panjab Digital Library | www.panjabdigilib.org

ਕੇ ਕਾਨਾ ਟਿੰਡ ਵਿਚ ਪਾਈ ਰਖਣਾ ਸੀ। ਅਤੇ ਤੀਜੀ ਇਹ ਕਿ ਗੁਰਦੁਆਰਿਆਂ ਦੀ ਆਮਦਨ ਦਾ ਕੋਈ ਪੈਸਾ ਪਰਬੰਧਕ ਕਮੇਟੀਆਂ ਪਾਸ ਨਾ ਜਾਣ ਦਿਓ ਕਿਉਂਕਿ ਇਸਦੀ ਵਰਤੋਂ ਨਾਲ ਸਿੱਖ ਜਥੇਬੰਦੀ ਤੇ ਗੁਰਦੁਆਰਾ ਤਹਿਰੀਕ ਜ਼ੋਰ ਪਕੜਨਗੀਆਂ ਅਤੇ ਇਹਨਾਂ ਦਾ ਮਜ਼ਬੂਤ ਹੋਣਾ ਸਰਕਾਰ ਦੇ ਹਿਤਾਂ ਦੇ ਵਿਰੁਧ ਜਾਵੇਗਾ।

Digitized by Panjab Digital Library | www.panjabdigilib.org

# ਦਰਬਾਰ ਸਾਹਿਬ ਤੇ ਕਬਜ਼ਾ

## 1. ਅਧੋਗਤੀ ਦੀ ਹਾਲਤ

ਬਾਬੇ ਦੀ ਬੇਰ ਦਾ ਮੋਰਚਾ ਅਜੇ ਸਰ ਹੋਇਆ ਹੀ ਸੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀਆਂ ਦੇ ਬਾਗੀ ਹੋਣ ਦੀਆਂ ਖਬਰਾਂ ਸਾਰੇ ਧੁੰਮ ਗਈਆਂ। ਇਸ ਲਈ ਸਾਰੇ ਸਿੱਖ ਪੰਥ ਦਾ ਧਿਆਨ ਇਸ ਕੇਂਦਰੀ ਇਤਿਹਾਸਕ ਗੁਰਦੁਆਰੇ ਵਲ ਖਿੱਚਿਆ ਗਿਆ। ਦਰਬਾਰ ਸਾਹਿਬ ਨੂੰ ਸਿੱਖਾਂ ਦੇ ਕਬਜ਼ੇ ਵਿਚ ਲਿਆਉਣਾ ਬਾਕੀ ਸਭ ਗੁਰਦੁਆਰਿਆਂ ਦੇ ਸੁਧਾਰ ਦੀ ਕੁੰਜੀ ਸੀ। ਜੇ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਆਪਣੇ ਹੱਥਾਂ ਵਿਚ ਨਹੀਂ ਲਿਆ ਸਕਦੇ ਤਾਂ ਬਾਕੀ ਗੁਰਦੁਆਰਿਆਂ ਦਾ ਕੋਈ ਸੁਧਾਰ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋ ਸਕਦਾ ਸੀ।


ਸਿੱਖਾਂ ਦਾ ਇਹ ਪਵਿਤਰ ਸ਼ਰੋਮਣੀ ਮੰਦਰ ਗੁਰੂ ਰਾਮਦਾਸ ਜੀ ਨੇ ਬਣਾਇਆ ਸੀ। ਇਸ ਦੀ ਨੀਂਹ ਇਕ ਮੁਸਲਮਾਨ ਸੂਫੀ ਮੀਆਂ ਮੀਰ ਨੇ ਰਖੀ ਸੀ। ਫਰਖਸੀਅਰ ਦੇ ਰਾਜ ਵੇਲੇ ਇਸ ਉਤੇ ਤਅੱਸਬੀ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਸੀ। ਇਸਨੂੰ ਉਹਨਾਂ ਨਾਚ-ਸ਼ਰਾਬ ਦਾ ਅੱਡਾ ਬਣਾ ਦਿਤਾ ਸੀ ਅਤੇ ਦੁਆਲੇ ਦੇ ਮਕਾਨ ਘੋੜਿਆਂ ਦੇ ਤਬੇਲੇ ਬਣਾ ਲਏ ਸਨ। ਤਲਾਬ ਨੂੰ ਉਹਨਾਂ ਮਿੱਟੀ ਨਾਲ ਪੂਰ ਦਿਤਾ ਸੀ। ਪਰ ਸਿੱਖ ਹੱਲੇ ਕਰਕੇ, ਛਾਪੇ ਮਾਰ ਕੇ ਉਹਨਾਂ ਨੂੰ ਭਾਜੜ ਪਾ ਦੇਂਦੇ ਰਹੇ ਸਨ। ਇਸਨੂੰ ਆਜ਼ਾਦ ਰੱਖਣ ਲਈ ਸਿੱਖਾਂ ਨੇ ਬੜੇ ਸਿਰ ਦਿਤੇ ਅਤੇ ਦੁਸ਼ਮਣਾਂ ਦੇ ਸਿਰ ਲਏ ਸਨ। ਬੀਕਾਨੇਰ ਦੇ ਜੰਗਲਾਂ ਵਿਚੋਂ ਆ ਕੇ ਸਿੰਘਾਂ ਨੇ ਏਥੋਂ ਦੇ ਹਾਕਮ ਮੱਸੇ-ਰੰਘੜ ਦਾ ਸਿਰ ਵੱਢ ਦਿਤਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਸ ਦੇ ਨਾਮ ਜਾਗੀਰਾਂ ਲਗ ਗਈਆਂ ਅਤੇ ਇਸ ਦੀ ਸ਼ਾਨ ਫੇਰ ਦੋਬਾਲਾ ਹੋ ਗਈ। ਉਸ ਵੇਲੇ ਦਰਬਾਰ ਸਾਹਿਬ ਦਾ ਪ੍ਰਬੰਧ ਸਿੰਘਾਂ ਦੇ ਆਪਣੇ ਹੱਥ ਵਿਚ ਸੀ। ਪਰ ਸਿੱਖਾਂ ਦੇ ਅੰਗਰੇਜ਼ਾਂ ਹੱਥੋਂ ਸ਼ਿਕੱਸਤ ਖਾ ਜਾਣ ਪਿੱਛੋਂ, ਦਰਬਾਰ ਸਾਹਿਬ ਉਤੇ ਅੰਗਰੇਜ਼ਾਂ ਨੇ ਗੈਰ ਕਾਨੂੰਨੀ ਤੌਰ ਤੇ ਕਬਜ਼ਾ ਜਮਾ ਲਿਆ। ਡਰ ਉਹਨਾਂ ਨੂੰ ਇਹ ਸੀ ਕਿ ਦਰਬਾਰ ਸਾਹਿਬ ਕਿਤੇ ਸਿੱਖਾਂ ਦੀ ਜਾਗਰਤ ਦਾ ਕੇਂਦਰ ਨਾ ਬਣ ਜਾਏ। ਇਸ ਲਈ ਉਹਨਾਂ ਦਾ ਇਸ ਸ਼ਰੋਮਣੀ ਗੁਰਦੁਆਰੇ ਉਤੇ ਕਬਜ਼ੇ ਦਾ ਮਕਸਦ ਰਾਜਸੀ ਸੀ। ਉਹਨਾਂ ਇਸ ਨੂੰ ਆਪਣੇ ਰਾਜ ਦੀ ਮਜ਼ਬੂਤੀ ਲਈ ਰੱਜ ਕੇ ਵਰਤਿਆ।

ਅੰਗਰੇਜ਼ਾਂ ਦੀ ਆਪਣੀ ਇਕ ਖੁਫੀਆ ਰਿਪੋਰਟ ਕਹਿੰਦੀ ਹੈ: "ਸੁਨੀਲਾ ਮੰਦਰ ਸਿੱਖਾਂ ਦੇ ਪ੍ਰਬੰਧ ਥੱਲੇ ਸੀ। ਪਰ ਪਿਛਲੇ ਸੱਤਾਂ ਸਾਲਾਂ ਤੋਂ ਪਰਬੰਧਕ ਗੌਰਮਿੰਟ ਵਲੋਂ ਨੀਯਤ ਕੀਤਾ ਜਾਂਦਾ ਸੀ ਅਤੇ ਦਰਬਾਰ ਦੇ ਦੁਨਿਆਵੀ ਪ੍ਰਬੰਧ ਦੇ ਕੁਛ ਮਾਮਲੇ ਫੈਸਲੇ ਲਈ, ਦਸਤੂਰ ਵਜੋਂ, ਡੀ. ਸੀ. ਵੱਲ ਘੱਲੇ ਜਾਂਦੇ ਸਨ। ਇਹ ਬੰਦੋਬਸਤ ਜਿਹੜਾ ਕਿ ਮੁਢ ਵਿਚ ਮੰਦਰ ਦੀ ਰਾਜਸੀ ਗੋਂਦਾਂ ਲਈ ਸੰਭਵ ਵਰਤੋਂ ਦੇ ਰੋਕਣ ਲਈ ਕੀਤਾ ਗਿਆ ਪਿਛਲੇ ਬਹੁਤ ਸਾਰੇ ਸਾਲਾਂ ਲਈ ਮੰਦਰ ਦੇ ਚੰਗੇ ਪੁਰਅਮਨ ਪ੍ਰਬੰਧ ਨੂੰ ਯਕੀਨੀ ਬਣਾ ਸਕਿਆ। ਪਰ ਕਿਉਂਕਿ ਮੈਨੇਜਰ, ਆਮ ਤੌਰ ਤੇ, ਕਾਇਮ ਆਸਨਾਂ ਨੂੰ ਜਿਉਂ ਦਾ ਤਿਉਂ ਕਾਇਮ ਰਖਦਾ ਸੀ ਅਤੇ ਕੁਝ ਸ਼ੱਕੀ ਰਹੁਰੀਤਾਂ ਦੀ ਹਮਾਇਤ ਕਰਦਾ ਸੀ, ਇਸ ਲਈ ਸੁਧਾਰਕ ਪਾਰਟੀ ਪਿਛਲੇ ਕੁਛ ਸਾਲਾਂ ਤੋਂ ਗੌਰਮਿੰਟ ਕੰਟਰੋਲ ਦੇ ਹਟਾ ਲੈਣ ਉਤੇ ਜ਼ੋਰ ਦੇ ਰਹੀ ਸੀ, ਕਿਉਂਕਿ **ਕਾਇਮ ਗੌਰਮਿੰਟ**

Digitized by Panjab Digital Library | www.panjabdigilib.org

SRI AKAL TAKHAT SAHIB, AMRITSAR



ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਸਿੱਖ ਧਰਮ ਦਾ ਸ਼੍ਰੋਮਣੀ ਤਖ਼ਤ, ਜਿਥੇ ਇਸ ਦੇ ਰਚਨਹਾਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੀਆਂ ਕਿਰਪਾਨਾਂ ਪਹਿਣਕੇ ਧਰਮ ਅਤੇ ਰਾਜਨੀਤੀ ਦਾ ਸੰਗ੍ਰਾਮ ਕੀਤਾ ਸੀ ।

(ਸ਼੍ਰੋ: ਗੁ: ਪ੍ਰ: ਕਮੇਟੀ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

**ਕੰਟਰੋਲ ਕਿਸੇ ਕਾਨੂੰਨੀ ਬੁਨਿਆਦ ਉਤੇ ਅਧਾਰਤ ਨਹੀਂ ਸੀ।**[1]" (ਜ਼ੋਰ ਮੇਰਾ)

ਏਥੇ ਜਾਦੂ ਸਿਰ ਚੜ੍ਹਕੇ ਬੋਲਿਆ ਹੈ। ਅੰਗਰੇਜ਼ ਸਰਕਾਰ ਵਲੋਂ ਦਰਬਾਰ ਸਾਹਿਬ ਦਾ ਕਬਜ਼ਾ ਗੈਰ-ਕਾਨੂੰਨੀ ਤੇ ਨਾਜਾਇਜ਼ ਸੀ। ਉਹ ਹਿੱਕ ਦੇ ਜ਼ੋਰ ਨਾਲ ਇਹ ਕਬਜ਼ਾ ਜਮਾਈ ਬੈਠੀ ਸੀ ਅਤੇ ਪੁਰਾਣੇ ਚਲੇ ਔਂਦੇ ਦਸਤੂਰ ਦਾ ਢੁਚਰ ਡਾਹਕੇ ਕਬਜ਼ਾ ਛਡਣਾ ਨਹੀਂ ਸੀ ਚਾਹੁੰਦੀ। ਉਹ ਸਿੱਖਾਂ ਦੇ ਅੱਖੀਂ ਘਟਾ ਪਾਉਣ ਲਈ ਮੰਦਰ ਦਾ ਪਰਬੰਧ ਕਿਸੇ ਆਪਣੇ ਪਿੱਠੂ ਨੂੰ ਸੌਂਪਦੀ ਰਹੀ। ਅਕਾਲੀ ਤਹਿਰੀਕ ਦੇ ਅਰੰਭ ਵੇਲੇ ਉਹਨਾਂ ਨੇ ਇਸ ਗੁਰਦੁਆਰੇ ਦਾ ਪਰਬੰਧਕ—ਆਪਣਾ ਇਕ ਜੀ ਹਜ਼ੂਰੀਆ—ਆਨਰੇਰੀ ਮੈਜਿਸਟਰੇਟ ਅਰੂੜ ਸਿੰਘ ਨੁਸ਼ਹਿਰਾ ਨੰਗਲੀ ਨੂੰ ਥਾਪਿਆ ਹੋਇਆ ਸੀ, ਜਿਹੜਾ ਥੋੜੀ ਜੇਹੀ ਉਰਦੂ ਪੜ੍ਹਿਆ ਹੋਇਆ ਸੀ ਅਤੇ ਸਿੱਖੀ ਅਸੂਲਾਂ ਦੀ ਕੋਈ ਬਾਹਲੀ ਪਰਵਾਹ ਨਹੀਂ ਸੀ ਕਰਦਾ।

ਅਸੀਂ ਗੁਰਦੁਆਰਿਆਂ ਦਾ ਇਤਿਹਾਸ ਨਹੀਂ ਲਿਖ ਰਹੇ, ਗੁਰਦੁਆਰਿਆਂ ਦੀ ਆਜ਼ਾਦੀ ਲਈ ਕੀਤੇ ਗਏ ਅਕਾਲੀ ਸੰਗਰਾਮਾਂ ਦਾ ਇਤਿਹਾਸ ਲਿਖ ਰਹੇ ਹਾਂ। ਇਸ ਲਈ ਵਿਸਥਾਰ ਵਿਚ ਜਾਣਾ ਠੀਕ ਨਹੀਂ ਸਮਝਦੇ।

ਧਰਮ ਤੇ ਇਖਲਾਕ ਦੀ ਡਿੱਠ ਤੋਂ ਇਸ ਸ਼ਰੋਮਣੀ ਗੁਰਦੁਆਰੇ ਦੀ ਦਸ਼ਾ ਬਹੁਤ ਨਿੱਘਰ ਗਈ ਸੀ। ਦਰਬਾਰ ਸਾਹਿਬ ਤਰਨ ਤਾਰਨ ਦੀ ਹਾਲਤ ਹੋਰ ਵੀ ਭੈੜੀ ਸੀ।

1 ਦਸੰਬਰ 1909 ਨੂੰ ਕਮਿਸ਼ਨਰ ਸਾਹਿਬ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਚ ਦਰਸ਼ਨ ਕਰਨ ਆਏ। ਪੁਜਾਰੀ ਟੋਲੇ ਵਿਚ ਰਲੇ ਹੋਏ ਇਕ ਭੁਲੇ ਭਰਾ ਨੇ ਕਮਿਸ਼ਨਰ ਅਗੇ ਇਉਂ ਅਰਜ਼ ਕੀਤੀ, "ਸ੍ਰੀ ਹਜ਼ੂਰ, ਸਾਡੀ (ਸਾਰੇ ਗ੍ਰੰਥੀਆਂ ਪੁਜਾਰੀਆਂ ਦੀ) ਵੱਡੀ ਅਧੀਨਗੀ ਨਾਲ ਬੇਨਤੀ ਹੈ ਕਿ ਅਜ ਕਲ ਦੀ ਨਵੀਂ ਰੌਸ਼ਨੀ ਦੇ ਸਿੰਘ ਸਫੀਏ ਸਾਨੂੰ ਬੜਾ ਹੀ ਤੰਗ ਕਰਦੇ ਹਨ, ਅਸੀਂ ਇਨ੍ਹਾਂ ਪਾਸੋਂ ਬੜੇ ਹੀ ਦੁਖੀ ਹੋਏ ਹਾਂ।

"ਇਹ ਸਾਡੀ ਪੂਜਾ ਨੂੰ ਬੜਾ ਨੁਕਸਾਨ ਪਹੁੰਚਾ ਰਹੇ ਹਨ ਤੇ ਆਸ਼ਰਮਾਂ ਵਾਸਤੇ ਸਹਾਇਤਾ ਕਰਾ ਰਹੇ ਹਨ। ਮਜ਼ਹਬੀਆਂ ਨੂੰ ਮਿਲਾਂਦੇ ਹਨ। ਨਵੀਆਂ ਨਵੀਆਂ ਰੀਤਾਂ (ਗੁਰਮਰਯਾਦਾ) ਕਰਨ ਲਗ ਪਏ ਹਨ। ਪਰਕਰਮਾਂ ਵਿਚ ਪ੍ਰਚਾਰ ਕਰਦੇ ਹਨ। ਆਸ਼ਰਮਾਂ ਦੀ ਸਹਾਇਤਾ ਵਾਸਤੇ ਗੋਲਕਾਂ ਫੇਰਦੇ ਹਨ। ਸਰਕਾਰ! ਸਾਡੇ ਅਤੇ ਸਾਡੇ ਬਾਲ ਬਚੇ ਤੇ ਤਰਸ ਕਰਕੇ ਇਹਨਾਂ ਨੂੰ ਹੁਕਮਨ ਬੰਦ ਕੀਤਾ ਜਾਵੇ, ਇਹ ਨਾ ਦਰਬਾਰ ਸਾਹਿਬ ਤੇ ਨਾ ਪਰਕਰਮਾਂ ਵਿਚ ਵੜਨ। ਪਰਕਰਮਾਂ ਤੇ ਸ੍ਰੀ ਦਰਬਾਰ ਸਾਹਿਬ ਦੀ ਹੱਦ ਤੋਂ ਦੂਰ ਰਹਿਣ" ਆਦਿਕ।[2]

ਅੰਮ੍ਰਿਤਸਰ ਦੇ ਤੇ ਤਰਨਤਾਰਨ ਦੇ ਦਰਬਾਰ ਸਾਹਿਬ ਦੀ ਹਾਲਤ ਬਾਰੇ 'ਖਾਲਸਾ ਦੀਵਾਨ ਮਾਝਾ' ਦੀ ਇਕ ਰਿਪੋਰਟ ਵਿਚ ਦਰਜ ਹੈ :—

"ਕਈਆਂ ਪਤੀਆਂ ਦੀਆਂ ਇਸਤਰੀਆਂ, ਕਈਆਂ ਭਰਾਵਾਂ ਦੀਆਂ ਭੈਣਾਂ, ਕਈਆਂ ਮਾਪਿਆਂ ਦੀਆਂ ਧੀਆਂ ਪਰਕਰਮਾਂ ਵਿਚ ਉਹਨਾਂ ਪਾਸੋਂ ਘੁੱਥ ਕੇ ਉਛਾਲੀਆਂ ਜਾਂਦੀਆਂ ਅਤੇ ਨਰਕ-ਨਿਵਾਸੀ ਟੋਲੀਆਂ ਦੇ ਮੋਢਿਓ ਮੋਢੀ ਟਪੀਂਦੀਆਂ ਤੇ ਚਾਰ ਚਾਰ ਸੌ ਕਦਮ ਤੇ ਜਾ ਜ਼ਮੀਨ ਤੇ ਟਿਕਦੀਆਂ। ਅਜੇਹੇ ਭਿਆਨਕ ਸਮੇਂ ਵਿਚ ਕੌਣ ਸੂਰਮਾ ਸੀ ਜੋ ਉਚੀ ਆਵਾਜ਼ ਨਾਲ ਕਹਿ

[1] File No. 942—1922, Home—Political. the Sikh Question in the Punjab, Section 7.

[2] ਜੀਵਨ ਭਾਈ ਮੋਹਨ ਸਿੰਘ ਜੀ ਵੈਦ: ਪੰਨਾ 214.

Digitized by Panjab Digital Library | www.panjabdigilib.org

ਤਾਂ ਜਾਵੇ ਕਿ, 'ਨਾ ਕਰੋ ਪਿਆਰਿਓ ! ਇਹ ਕੰਮ ਅਛਾ ਨਹੀਂ ।' ਕਿਉਂਕਿ ਡਰ ਸੀ ਜੋ ਲੁੱਚ-ਮੰਡਲੀ ਪੂਰਾ ਕਹਿਣ ਤੋਂ ਪਹਿਲੇ ਹੀ ਖਿੱਚ ਕੇ ਜ਼ਮੀਨ ਤੇ ਲਿਟਾ ਦੇਵੇਗੀ ।"[1]

ਗੁਰਦੁਆਰਾ ਅਮਰਿਤਸਰ ਤੇ ਤਰਨਤਾਰਨ ਦੋਵੇਂ ਸਰਬਰਾਹ ਅਰੂੜ ਸਿੰਘ ਦੇ ਮਾਤਹਿਤ ਸਨ । ਦੋਵੇਂ ਇਕ ਦੂਜੇ ਤੋਂ ਕੋਈ 14 ਕੁ ਮੀਲ ਦੀ ਵਿਥ ਤੇ ਹਨ । ਦੋਹਾਂ ਦੇ ਆਚਾਰ ਵਿਹਾਰ ਦਾ ਅਤੇ ਰਹੁ-ਰੀਤ ਦਾ ਇਕ ਦੂਜੇ ਉਤੇ ਪ੍ਰਭਾਵ ਪੈਂਦਾ ਹੈ । ਜੋ ਕੁਛ ਇਕ ਥਾਂ ਵਰਤਦਾ ਹੈ, ਓਹੋ ਵਰਤਾਰਾ ਦੂਜੀ ਥਾਂ ਹੋਣ ਲਗ ਪੈਂਦਾ ਹੈ । ਸਿੰਘ ਸਭਾ ਤਰਨਤਾਰਨ ਦੀ ਰਿਪੋਰਟ ਵਿਚ ਤਰਨ-ਤਾਰਨ ਦੀਆਂ ਪਰਕਰਮਾਂ ਵਿਚ ਹੋ ਰਹੇ ਦੁਰਾਚਾਰ ਬਾਰੇ ਇੰਝ ਦਰਜ ਹੈ:—

"...ਮਸਿਆ ਦਾ ਇਹ ਮੇਲਾ ਪੰਜਾਬ ਵਿਚ ਪਹਿਲੇ ਦਰਜੇ ਦੇ ਗੰਦੇ ਮੇਲਿਆਂ ਵਿਚ ਗਿਣਿਆਂ ਜਾਂਦਾ ਸੀ । ਬਾਹਰ ਤੋਂ ਆਏ ਲੋਕ ਸ਼ਰਾਬਾਂ ਪੀ ਕੇ ਪਰਕਰਮਾਂ ਵਿਚ ਆਉਂਦੇ, ਗੁੰਡਿਆਂ ਤੇ ਬਦਮਾਸ਼ਾਂ ਦੀਆਂ ਟੋਲੀਆਂ ਪਰਕਰਮਾਂ ਵਿਚ ਦੋਹੜੇ ਲਾਉਂਦੀਆਂ ਤੇ ਗੰਦ ਬਕਦੀਆਂ ਫਿਰਦੀਆਂ, ਨਾਚਿਆਂ ਦੇ ਨਾਚ ਹੁੰਦੇ, ਬੇਰਾਂ ਤੇ ਲੱਡੂਆਂ ਦੀਆਂ ਝੋਲੀਆਂ ਦੀਆਂ ਝੋਲੀਆਂ ਬੀਬੀਆਂ ਤੇ ਖਾਲੀ ਹੁੰਦੀਆਂ । ਮੱਛਰੇ ਹੋਏ ਗਭਰੂ ਡਾਂਗਾਂ ਮੋਢਿਆਂ ਤੇ ਰੱਖੀ ਬੱਕਰੇ ਬੁਲੋਂਦੇ ਤੇ ਛੇੜਖਾਨੀਆਂ ਕਰਦੇ ਫਿਰਦੇ, ਧੱਕੇ ਪੈਂਦੇ, ਲੜਾਈਆਂ ਹੋ ਪੈਂਦੀਆਂ ਤੇ ਕਈਆਂ ਦੇ ਸਿਰ ਖੁਲ੍ਹ ਜਾਂਦੇ । ਬੀਬੀਆਂ ਦੀ ਬੇਪਤੀ ਹੁੰਦੀ, ਚੋਰੀਆਂ ਹੁੰਦੀਆਂ । ਦਰਸ਼ਨੀ ਡਿਉੜ੍ਹੀ ਦੇ ਅੱਗੇ ਕੰਜਰੀਆਂ ਦੇ ਮੁਜਰੇ ਹੁੰਦੇ ਤੇ ਰਾਸਾਂ ਪੈਂਦੀਆਂ ਆਦਿਕ ।[2]"

ਅਤੇ ਤਰਨਤਾਰਨ ਦੀ ਪਰਕਰਮਾਂ ਦਾ ਲੂੰਅ-ਕੰਡੇ ਕਰਨ ਵਾਲਾ ਚਿਤਰ "ਦੁਖ ਨਿਵਾਰਨ" ਅਖਬਾਰ ਨੇ ਇੰਞ ਖਿਚਿਆ ਸੀ:

"ਕਿਤੇ ਤਰਬੂਜਾਂ ਦੇ ਖੱਪਰ, ਕਿਤੇ ਕਚਾਲੂ ਛੋਲਿਆਂ ਦੇ ਗੰਦੇ ਪੱਤਰ, ਕਿਤੇ ਅੰਬਾਂ ਦੀਆਂ ਗਿਟਕਾਂ, ਕਿਤੇ ਭੱਲੇ ਪਕੌੜੀਆਂ ਦੀ ਜੂਠ...ਕਿਤੇ ਹਲਵਾਈ ਸਰੋਵਰ ਵਿਚ ਅੱਗ ਦੇ ਬਲਦੇ ਚੋਅ ਬੁਝਾ ਰਹੇ ਹਨ; ਕਿਤੇ ਗਜਰੇ, ਚੂੜੀਆਂ ਤੇ ਪਹੁੰਚੀਆਂ ਦੇ ਬਾਜ਼ਾਰ ਸਜ ਰਹੇ ਹਨ......ਗੱਲ ਕੀ ਪਰਕਰਮਾਂ ਵਿਚ ਚਾਰ ਚੁਫੇਰੇ ਬਜ਼ਾਰ ਹੀ ਬਜ਼ਾਰ ਨਜ਼ਰ ਔਂਦੇ ਹਨ ।"[3]

ਲਗ ਭਗ ਇਹੋ ਹੀ ਬੁਰੇ ਹਾਲ ਦਰਬਾਰ ਸਾਹਿਬ ਅਮਰਿਤਸਰ ਵਿਚ ਸਨ । ਇਥੇ ਵੀ ਪਰਕਰਮਾਂ ਵਿਚ ਜੇਬ-ਕਟੇ ਫਿਰਦੇ ਸਨ, ਜੋਤਸ਼ੀ ਹੱਥ ਵੇਖਦੇ ਤੇ ਫਾਲ ਪਾਉਂਦੇ ਸਨ । ਮਨਿਆਰੀ ਦੀਆਂ ਦੁਕਾਨਾਂ ਲਗਦੀਆਂ ਸਨ । ਗੁੰਡੇ ਮੁਟਿਆਰਾਂ ਨੂੰ ਫਾਹੁਣ ਤੇ ਮਿਲਣ ਦਾ ਵਕਤ ਮੁਕਰਰ ਕਰਨ ਲਈ, ਸਵੇਰੇ ਸ਼ਾਮ, ਫੇਰੇ ਪਾਉਂਦੇ ਸਨ । ਮੱਸਿਆ, ਵਿਸਾਖੀ ਤੇ ਦੀਵਾਲੀ ਦੇ ਦਿਹਾੜਿਆਂ ਤੇ ਭਾਂਤ ਭਾਂਤ ਦੇ ਭਰਿਸ਼ਟਾਚਾਰ ਤੇ ਦੁਰਾਚਾਰ ਹੁੰਦੇ ਸਨ । ਪੁਜਾਰੀ ਖੁਦ ਚੜ੍ਹਾਵੇ ਦੇ ਪੈਸਿਆਂ ਦੀ ਤੇ ਰੁਮਾਲਾਂ ਦੀ ਚੋਰੀ ਕਰਦੇ ਸਨ ।

ਸਰਬਰਾਹ ਅਰੂੜ ਸਿੰਘ ਨੂੰ ਸਿਖਾਂ ਨੇ ਇਹਨਾਂ ਪੁਜਾਰੀਆਂ ਦੀਆਂ ਦੁਰਾਚਾਰੀ ਤੇ ਬਦ-ਇਖ਼ਲਾਕ ਹਰਕਤਾਂ ਦੇ ਖਿਲਾਫ਼ ਸ਼ਕਾਇਤਾਂ ਉਤੇ ਸ਼ਕਾਇਤਾਂ ਕੀਤੀਆਂ । ਸ਼ਰਧਾਲੂ ਸਿਖ ਬੜੇ ਦੁਖੀ ਸਨ, ਪਰ ਉਹ ਕਰ ਕੁਛ ਨਹੀਂ ਸਕਦੇ ਸਨ ਕਿਉਂਕਿ ਇਕ ਤਾਂ ਉਹਨਾਂ ਦੇ ਅੰਦਰ ਅੰਗਰੇਜ਼-

---

[1] ਜੀਵਨ ਭਾਈ ਮੋਹਨ ਸਿੰਘ ਜੀ ਵੈਦ—ਪੰਨਾ 120.

[2] ਉਪਰੋਕਤ ਪੁਸਤਕ ਪੰਨਾ 121.

[3] ਉਪਰੋਕਤ ਪੁਸਤਕ—ਪੰਨਾ 123.

Digitized by Panjab Digital Library | www.panjabdigilib.org

ਭਗਤੀ ਵੜੀ ਹੋਈ ਸੀ ਅਤੇ ਦੂਜੇ ਕੋਈ ਅਜੇਹੀ ਜਥੇਬੰਦੀ ਨਹੀਂ ਸੀ ਜਿਹੜੀ ਇਹਨਾਂ ਕੁਕਰਮਾਂ ਤੇ ਕੁਰੀਤੀਆਂ, ਦੁਰਾਚਾਰ ਤੇ ਬਦ-ਇਖਲਾਕੀ ਦੇ ਖਿਲਾਫ਼ ਲੜਨ ਵਿਚ ਅਗਵਾਈ ਕਰ ਸਕੇ। ਹੋਰ ਤਾਂ ਹੋਰ, ਬਰਿਟਿਸ਼ ਰਾਜ ਥਲੇ ਗੁਰਦੁਆਰੇ ਸਗੋਂ ਸਾਧਾਰਨ ਸਿੱਖਾਂ ਦੇ ਇਖਲਾਕ ਵਿਗਾੜਨ ਅਤੇ ਉਹਨਾਂ ਨੂੰ ਬਦਮਾਸ਼ ਬਣਾਣ ਦੇ ਅੱਡੇ ਬਣਦੇ ਜਾਂਦੇ ਸਨ।

ਅੰਗਰੇਜ ਰਾਜ ਵੇਲੇ ਸਿੱਖਾਂ ਵਿਚ ਏਨੀ ਇਖਲਾਕੀ ਗਿਰਾਵਟ ਆ ਚੁਕੀ ਸੀ ਕਿ ਜਿਹੜੇ ਸਿੱਖ ਗੁਰਦੁਆਰਿਆਂ ਦੀ ਪਵਿਤਰ ਮਰਯਾਦਾ ਕਾਇਮ ਕਰਨ ਤੇ ਰੱਖਣ ਲਈ ਜਾਨਾਂ ਵਾਰ ਦੇਂਦੇ ਸਨ, ਉਹ ਖੁਦ ਗੁਰਦੁਆਰਿਆਂ ਵਿਚ ਕੰਜਰੀਆਂ ਨਚਾਣ ਤੇ ਸ਼ਰਾਬਾਂ ਪੀਣ ਲਗ ਪਏ ਸਨ।

ਸ: ਅਰੂੜ ਸਿੰਘ ਦੀ ਸਰਬਰਾਹੀ ਵੇਲੇ ਦਰਬਾਰ ਸਾਹਿਬ ਵਿਚ ਅੰਨ੍ਹੀ ਪਈ ਰਹੀ। ਇਕ ਪਾਸੇ ਗਰੰਥੀਆਂ ਤੇ ਪੁਜਾਰੀਆਂ ਨੇ ਲੁੱਟ ਧਰੀ ਹੋਈ ਸੀ, ਦੂਜੇ ਪਾਸੇ ਗੋਲਕ ਦਾ ਕੋਈ ਹਿਸਾਬ ਕਿਤਾਬ ਨਹੀਂ ਸੀ। ਉਸ ਨੇ ਨਾ ਕਦੇ ਹਿਸਾਬ ਕਿਤਾਬ ਲਿਖਿਆ ਅਤੇ ਨਾ ਹੀ ਕਦੇ ਦਿਤਾ—ਜਾਣ ਲਗਿਆਂ ਵੀ ਕੁਛ ਨਹੀਂ ਦਿਤਾ। ਉਹ ਸਰਕਾਰ ਵਲੋਂ ਨਿਯੁਕਤ ਕੀਤਾ ਗਿਆ ਸੀ। ਇਸ ਲਈ ਇਹ ਸਰਕਾਰ ਦੀ ਜ਼ੁਮੇਂਵਾਰੀ ਸੀ ਕਿ ਉਹ ਪੰਥ ਨੂੰ ਹਿਸਾਬ ਦੇ ਕੇ ਜਾਵੇ ਅਤੇ ਜੇ ਉਹ ਨਹੀਂ ਦੇਂਦਾ ਤਾਂ ਸਰਕਾਰ ਖੁਦ ਹਿਸਾਬ ਦੇਵੇ। ਸਰਕਾਰੀ ਹਿਸਾਬ ਵਿਚ ਨਿਕਾ ਜੇਹਾ ਘਾਲਾ-ਮਾਲਾ ਨਿਕਲ ਆਵੇ ਤਾਂ ਸਰਕਾਰੀ ਕਾਰਕੁਨਾਂ ਨੂੰ ਰਗੜ ਦਿਤਾ ਜਾਂਦਾ ਹੈ ਅਤੇ ਏਥੇ ਲੱਖਾਂ ਰੁਪਇਆਂ ਦਾ ਕੋਈ ਹਿਸਾਬ ਹੀ ਨਹੀਂ। ਰੁਪਇਆ ਬਰਬਾਦ ਹੁੰਦਾ ਹੋਵੇ ਤਾਂ ਪਿਆ ਹੋਵੇ। ਸਰਕਾਰ ਨੂੰ ਕੋਈ ਪਰਵਾਹ ਨਹੀਂ। ਇਹ ਸ਼੍ਰੋਮਣੀ ਕਮੇਟੀ ਦੇ ਹੱਥ ਵਿਚ ਨਹੀਂ ਜਾਣਾ ਚਾਹੀਦਾ ਕਿਉਂਕਿ ਉਹ ਇਹ ਰੁਪਇਆ ਸਿੱਖਾਂ ਦੀ ਸਭਿਆਚਾਰਕ ਪੱਧਰ ਨੂੰ ਉੱਚਾ ਕਰਨ ਲਈ ਵਰਤੇਗੀ। ਅੰਗਰੇਜ਼ ਅਫਸਰਾਂ ਨੂੰ, ਆਪਣੇ ਰਾਜ ਦੇ ਹਿਤਾਂ ਖਾਤਰ, ਇਹ ਗੱਲ ਮਨਜ਼ੂਰ ਨਹੀਂ ਸੀ।

ਏਹੋ ਹੀ ਨਹੀਂ। ਤੋਸ਼ੇਖਾਨੇ ਵਿਚ ਅਰੂੜ ਸਿੰਘ ਤੋਂ ਪਹਿਲੋਂ ਕਿਤਨੇ ਹੀਰੇ, ਜਵਾਹਰ, ਪੱਨੇ ਆਦ ਸਨ ਅਤੇ ਉਸ ਦੇ ਜਾਣ ਵੇਲੇ ਕਿੱਨੇ ਸਨ ?—ਕੋਈ ਥਹੁਥਿੱਤਾ ਹੀ ਨਹੀਂ ਦਿਤਾ ਗਿਆ। ਹਨੇਰ-ਖਾਤਾ ਖੁਲ੍ਹਾ ਹੋਇਆ ਸੀ। ਹਿਸਾਬ ਦੇਣ ਦਾ ਨਾ ਸ਼ਿਰੀਮਾਨ ਨੂੰ ਜ਼ਿਮੇਵਾਰ ਠਹਿਰਾਇਆ ਗਿਆ ਅਤੇ ਨਾ ਹੀ ਸਰਕਾਰੀ ਅਫਸਰਾਂ ਨੂੰ, ਜਿਹੜੇ ਸਿਰੋਪਾ, ਰਾਜ ਲਈ ਅਸ਼ੀਰਵਾਦਾਂ ਤੇ ਤੁਹਫ਼ੇ ਲੈਣ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ।

ਅਤੇ ਸਰਬਰਾਹ ਬਿਲਕੁਲ ਮਿੱਟੀ ਦਾ ਮਾਧੋ ਸੀ। ਉਹ ਡਿਪਟੀ ਕਮਿਸ਼ਨਰ ਦਾ ਗੁਲਾਮ ਸੀ। ਡਿਪਟੀ ਕਮਿਸ਼ਨਰ ਜਿਲੇ ਦਾ ਰੱਬ ਸੀ, ਉਹ ਸਰਕਾਰੀ ਪਾਲਿਸੀ ਦਾ ਰਖਵਾਲਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਗੁਰਦੁਆਰਿਆਂ ਵਿਚ ਕੋਈ ਸੁਧਾਰ ਹੋਣ ਦਿੱਤਾ ਜਾਵੇ। ਇਸ ਲਈ ਸਰਬਰਾਹ ਲੋਕਾਂ ਦੀਆਂ ਸ਼ਕਾਇਤਾਂ ਵਲ ਕੰਨ ਬੋਲੇ ਕਰ ਲੈਂਦਾ ਸੀ ਅਤੇ ਰੇੜਕਾ ਚਾਟੀ ਵਿਚ ਪਿਆ ਓਵੇਂ ਦਾ ਓਵੇਂ ਰਿੜਕੀ ਦਾ ਰਹਿੰਦਾ ਸੀ।

"ਦਰਬਾਰ ਸਾਹਿਬ ਦੇ ਸਰਬਰਾਹ ਦੀ ਨਿਯੁਕਤੀ ਇਨਾਮ ਵਜੋਂ ਉਸ ਆਦਮੀ ਲਈ ਕੀਤੀ ਜਾਂਦੀ ਸੀ ਜਿਸ ਨੇ ਕੋਈ ਵਫਾਦਾਰਾਨਾ ਸੇਵਾ ਕੀਤੀ ਹੋਵੇ ਅਤੇ ਸਰਬਰਾਹੀ ਦਾ ਲਗਾਤਾਰ ਇਕ ਬਦਨਾਮ ਸਰਦਾਰ ਦੇ ਹੱਥਾਂ ਵਿਚ ਰਹਿਣਾ ਉਸ ਦੀਆਂ ਖਿਦਮਤਾਂ ਦੇ ਕਾਰਣ ਸੀ। ਇਸ ਤਰ੍ਹਾਂ ਸਰਕਾਰ ਨੇ ਇਹਨਾਂ ਅਹੁਦਿਆਂ ਨੂੰ ਆਪਣੇ ਮਤਲਬਾਂ ਲਈ ਵਰਤਿਆ ਹੈ, ਅਤੇ ਉਸ ਨੇ ਗੁਰਦੁਆਰੇ ਦੇ ਹਿਤਾਂ ਦੀ ਕਦੇ ਪਰਵਾਹ ਨਹੀਂ ਕੀਤੀ।[1]

[1] Punjab Legislature Council Debates—8th Jan. to 16th April 1921. Vol. I., S. Kartar Singh's speech—Page 546.

Digitized by Panjab Digital Library | www.panjabdigilib.org

ਗੁਰੂਆਂ ਦੀ ਸਿਖਿਆ ਵਿਚ ਰੰਗ, ਨਸਲ, ਮਜ਼ਹਬ ਤੇ ਜ਼ਾਤ ਦਾ ਕੋਈ ਭਿੰਨ-ਭੇਦ ਨਹੀਂ। ਗੁਰੂ ਨਾਨਕ ਨੇ ਆਪਣੇ ਆਪ ਨੂੰ ਨੀਚਾਂ ਦਾ ਸੰਗੀ ਸਾਥੀ ਆਖਿਆ ਸੀ। ਗੁਰੂ ਗੋਬਿੰਦ ਸਿੰਘ ਨੂੰ, ਖਾਲਸਾ ਸਾਜਣ ਵੇਲੇ, ਸਭ ਤੋਂ ਪਹਿਲੋਂ ਅਖੌਤੀ ਨੀਵੀਆਂ ਜਾਤੀਆਂ ਵਾਲਿਆਂ ਨੇ ਆਪਣੇ ਸੀਸ ਭੇਟ ਕੀਤੇ ਸਨ। ਪਰ ਅੰਗਰੇਜ਼ ਹਾਕਮਾਂ ਦੀ ਸ਼ਹਿ ਨਾਲ ਹਾਲਤ ਇਹ ਹੋ ਗਈ ਸੀ ਕਿ ਅਖੌਤੀ ਅਛੂਤਾਂ ਜਾਂ ਰਮਦਾਸੀਆਂ ਨੂੰ ਸਿਖਾਂ ਵਿਚ ਸ਼ਾਮਲ ਕਰਨ ਵਾਲੇ ਸਿੰਘਾਂ ਨੂੰ ਵੀ ਦਰਬਾਰ ਸਾਹਿਬ ਵਿਚ ਜਾਣ ਤੇ ਬੁਰਾ ਮਨਾਇਆ ਜਾਂਦਾ ਸੀ ਅਤੇ ਉਹਨਾਂ ਦਾ ਪਰਸਾਦ ਕਬੂਲ ਕਰਕੇ ਅਰਦਾਸਾ ਨਹੀਂ ਸੀ ਕੀਤਾ ਜਾਂਦਾ।

ਸ: ਅਰੂੜ ਸਿੰਘ ਦੇ ਖਿਲਾਫ ਬੜੇ ਗੰਭੀਰ ਇਲਜ਼ਾਮ ਲਗ ਰਹੇ ਸਨ, ਪਰ ਸਰਕਾਰ ਦੀ ਹਮਾਇਤ ਕਾਰਣ ਉਹ ਜਵਾਬ ਹੀ ਕੋਈ ਨਹੀਂ ਸੀ ਦੇਂਦਾ। "ਸਰਦਾਰ ਅਰੂੜ ਸਿੰਘ (ਜਿਸ ਨੇ ਅਜ ਤਕ ਦਰਬਾਰ ਸਾਹਿਬ ਤੇ ਤਰਨਤਾਰਨ ਸਾਹਿਬ ਦਾ ਕੋਈ ਹਿਸਾਬ ਹੀ ਨਹੀਂ ਦਿਤਾ ਅਤੇ ਜਿਹੜਾ ਕਹਿੰਦਾ ਹੈ ਕਿ ਮੇਰੇ ਪਾਸ ਕੋਈ ਹਿਸਾਬ ਹੈ ਹੀ ਨਹੀਂ) ਨੂੰ ਹਟਾਣ ਦਾ ਜਤਨ ਕਈ ਸਾਲ ਹੁੰਦਾ ਰਿਹਾ ਹੈ, ਪਰ ਉਸ ਨੂੰ ਸਰਕਾਰੀ ਅਫਸਰਾਂ ਨੂੰ ਖ਼ੁਸ਼ ਕਰਨ ਦਾ ਢੰਗ ਆਉਂਦਾ ਹੈ।"[1] ਇਸ ਸਰਬਰਾਹ ਨੂੰ ਕਢਣ ਦੀ ਐਜ਼ੀਟੇਸ਼ਨ ਜਦੋਂ ਵੀ ਤੇਜ਼ ਹੁੰਦੀ ਤਾਂ ਸਰਕਾਰੀ ਅਫਸਰ ਝਟ ਆਖਣ ਲਗ ਪੈਂਦੇ :

"ਇਹ ਕੁਛ ਪੜ੍ਹਿਆਂ ਲਿਖਿਆਂ ਦੀ ਸ਼ਰਾਰਤ ਹੀ ਹੈ। ਰੌਲਾ ਪਾਉਣਾ ਇਹਨਾਂ ਦੀ ਆਦਤ ਬਣ ਗਈ ਹੈ। ਆਮ ਲੋਕ ਬੜੇ ਤੁਸ਼ਠ ਹਨ," ਵਗੈਰਾ। ਅਫਸਰਾਂ ਦਾ ਰਵਈਆ ਇਸ ਐਜੀਟੇਸ਼ਨ ਵਲ ਕੰਨ ਕਰਨ ਦਾ ਨਹੀਂ ਸੀ, ਇਸ ਨੂੰ ਟਿਚਕਰਾਂ ਤੇ ਘਿਰਣਾ ਭਰੇ ਲਹਿਜੇ ਨਾਲ ਹਮੇਸ਼ਾਂ ਰਦੂ ਬਦੂ ਕਰਨ ਦਾ ਸੀ! ਦਰਬਾਰ ਸਾਹਿਬ ਨੂੰ ਲੱਖਾਂ ਰੁਪਏ ਦੀ ਸਾਲਾਨਾ ਆਮਦਨ ਸੀ, ਜਿਹੜੀ ਕਿ ਬਰਬਾਦ ਜਾਂ ਘਾਊਂ-ਘੱਪ ਕੀਤੀ ਜਾ ਰਹੀ ਸੀ। ਸਰਕਾਰ ਦਾ ਮਨਸ਼ਾ ਨਾ ਤਾਂ ਦਰਬਾਰ ਸਾਹਿਬ ਨੂੰ ਕਿਸੇ ਪ੍ਰਤੀਨਿਧ ਸਿੱਖ ਜਥੇ ਦੇ ਹਵਾਲੇ ਕਰਨ ਦਾ ਸੀ ਅਤੇ ਨਾ ਹੀ ਉਹ ਚਾਹੁੰਦੀ ਸੀ ਕਿ ਗੁਰ-ਦੁਆਰੇ ਦੀ ਆਮਦਨ ਕਿਸੇ ਕਮੇਟੀ ਦੇ ਹੱਥ ਜਾਵੇ।

## 2. ਕਬਜ਼ੇ ਲਈ ਤਿਆਰੀ

ਰੋਜ਼ਾਨਾ ਅਕਾਲੀ ਨੇ ਗੁਰਦੁਆਰਾ ਸੁਧਾਰ ਦਾ ਮਸਲਾ ਬੜਾ ਭਖਾ ਤਪਾ ਦਿਤਾ ਸੀ ਅਤੇ ਇਸ ਦੇ ਲੇਖਾਂ ਨੇ ਸਿੱਖਾਂ ਨੂੰ ਟੁੰਬ ਟੁੰਬ, ਹਲੂਣ ਹਲੂਣ ਜਗਾ ਦਿਤਾ ਸੀ। ਹਰ ਇਲਾਕੇ ਤੇ ਜ਼ਿਲੇ ਵਿਚ, ਸੌਣ ਭਾਦਰੋਂ ਦੀਆਂ ਖੁੰਭਾਂ ਵਾਂਗ, ਅਕਾਲੀ ਆਗੂ ਉਗਮ ਪਏ ਸਨ ਜਿਨ੍ਹਾਂ ਨੇ ਦਿਨਾਂ-ਹਫਤਿਆਂ ਵਿਚ ਹੀ ਆਪਣੇ ਅਕਾਲੀ ਜਥੇ ਕਾਇਮ ਕਰ ਲਏ ਸਨ ਅਤੇ ਗੁਰਦੁਆਰਿਆਂ ਦੇ ਸੁਧਾਰ ਲਈ ਲੋਕਾਂ ਨੇ ਕੇਸਰੀ ਸਾਫੇ ਬੰਨ੍ਹ ਲਏ ਸਨ। ਛੋਟੀਆਂ ਵੱਡੀਆਂ ਕਿਰਪਾਨਾਂ ਹਰ ਅਕਾਲੀ ਦੇ ਮੋਢਿਆਂ ਤੋਂ ਲਟਕਣ ਲਗ ਪਈਆਂ ਸਨ। ਪਿੰਡਾਂ ਦੇ ਪਿੰਡ ਤੇ ਬਾਜ਼ਾਰਾਂ ਦੇ ਬਾਜ਼ਾਰ ਅਕਾਲੀ ਬਣਨ ਨੂੰ ਮਾਣ ਦੀ ਗੱਲ ਸਮਝਣ ਲਗ ਪਏ ਸਨ। ਕਿੰਨੀ ਜਥੇਬੰਦਕ ਸੂਝ ਹੁਣ ਤਕ ਅਣਵਰਤੀ ਲੁੱਕੀ ਪਈ ਸੀ—ਵੇਖਕੇ ਹੈਰਾਨੀ ਹੁੰਦੀ ਸੀ।

ਪਰ ਅਜੇ ਨਾ ਤਾਂ ਗੁਰਦੁਆਰਿਆਂ ਦੇ ਸੁਧਾਰ ਲਈ ਹੀ ਕੋਈ ਕੇਂਦਰੀ ਜਥੇਬੰਦੀ ਬਣੀ ਸੀ, ਨਾ ਜਥਿਆਂ ਨੇ ਆਪਣਾ ਕੋਈ ਕੇਂਦਰੀ ਦਲ ਹੀ ਕਾਇਮ ਕੀਤਾ ਸੀ। ਪਰ ਫੇਰ ਵੀ ਅਕਾਲੀ ਬੜੇ ਬੰਧੇਜ-ਬੱਧ ਸਨ ਅਤੇ ਗੁਰਦੁਆਰਾ ਸੁਧਾਰ ਲਈ ਹਰ ਕੁਰਬਾਨੀ ਕਰਨ ਲਈ

[1] ਅਕਾਲੀ ਤੇ ਪ੍ਰਦੇਸੀ, ਐਡੀਟੋਰੀਅਲ, 27 ਅਕਤੂਬਰ, 1622

Digitized by Panjab Digital Library | www.panjabdigilib.org

ਤਿਆਰ ਸਨ । ਗੁਰਦੁਆਰਾ ਬਾਬੇ ਦੀ ਬੇਰ ਦੀ ਜਿਤ ਨਾਲ ਸਾਰੇ ਸਿੱਖਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ ਅਤੇ ਉਹਨਾਂ ਦੇ ਚਾਅ ਤੇ ਇਰਾਦੇ, ਗੁਰਦੁਆਰਿਆਂ ਵਿਚੋਂ ਕੁਰੀਤੀਆਂ ਤੇ ਕੁਕਰਮ ਛੇਤੀ ਤੋਂ ਛੇਤੀ ਕਢਣ ਲਈ ਗੁਰਦੁਆਰਿਆਂ ਉਤੇ ਕੰਟਰੋਲ ਹਾਸਲ ਕਰਨ ਵਾਸਤੇ ਬੜੇ ਕਾਹਲੇ ਪੈ ਗਏ ਸਨ ।

ਜਿਹੜੇ ਇਲਜ਼ਾਮ ਵੀ ਸੁਧਾਰਕ ਸਿੱਖ ਗੰਡਾ ਸਿੰਘ ਦੇ ਪਤਤ ਹੋਣ ਤੇ ਚਲਨ ਬਾਰੇ ਲਾਉਂਦੇ ਸਨ ਉਹ ਪਿੱਛੋਂ ਸਰਕਾਰੀ ਹਾਕਮਾਂ ਨੇ ਆਪਣੀਆਂ ਖੁਫੀਆਂ ਰਿਪੋਰਟਾਂ ਵਿਚ ਸਭ ਮੰਨੇ । ਪਰ ਉਸ ਵੇਲੇ ਨਹੀਂ, ਗੁਰਦੁਆਰੇ ਦੇ ਸਿੱਖਾਂ ਦੇ ਕਬਜ਼ੇ ਵਿਚ ਔਣ ਤੋਂ ਪਿੱਛੋਂ । ਇਕ ਰਿਪੋਰਟ ਵਿਚ ਅਕਾਲੀ ਲਹਿਰ ਦੇ ਇਤਿਹਾਸ ਦੀ ਪੁਣ-ਛਾਣ ਕਰਦਿਆਂ ਲਿਖਿਆ ਹੈ :—

"ਗੁਰਦੁਆਰਾ ਕਮੇਟੀ ਨੇ ਨਾ ਤਾਂ ਆਪਣੇ ਦਾਅਵੇ ਹੀ ਸਿਵਲ ਅਦਾਲਤਾਂ ਵਿਚ ਮੁਕਦਮੇ ਕਰਕੇ ਸਾਬਤ ਕੀਤੇ ਅਤੇ ਨਾ ਅਸਲ ਕਾਬਜ਼ਾਂ ਦੇ ਦਾਅਵਿਆਂ ਨੂੰ ਹੀ ਗਲਤ ਸਾਬਤ ਕੀਤਾ । ਗੁਰਦੁਆਰਿਆਂ ਉਤੇ ਕਬਜ਼ੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿਚ ਔਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਏ । ਪਰ ਉਸ ਦੌਰ ਦੇ ਵੇਲੇ ਤੋਂ ਰਫਤਾਰ ਬੜੀ ਤੇਜ਼ ਹੋ ਗਈ । ਸਭ ਤੋਂ ਪਹਿਲਾ ਕੇਸ, ਜਿਥੇ ਗੜਬੜ ਹੋਈ, ਬਾਬੇ ਦੀ ਬੇਰ ਦਾ ਸੀ । (ਮਹੰਤ ਨਾਬਾਲਗ, ਟਰਸਟੀ ਗੰਡਾ ਸਿੰਘ—ਵਿਸ਼ਈ ਆਦਮੀ, ਅਤੇ ਸੱਖ ਧਰਮ ਤੋਂ ਪਤਤ ।) ਸਿੱਖਾਂ ਨੇ ਕੁਛ ਸਾਲ ਪਹਿਲੋਂ ਇਸ ਦੇ ਹਾਸਲ ਕਰਨ ਲਈ ਸਿਵਲ ਸੂਟ ਕੀਤਾ ਅਤੇ ਚੀਫ ਕੋਰਟ ਤਕ ਲੜਿਆ ਅਤੇ ਏਥੇ ਆ ਕੇ ਇਕ ਟਕਨੀਕੀ ਕਾਰਣ ਕਰਕੇ ਖਤਮ ਹੋ ਗਿਆ । ਮਹੰਤ ਨੂੰ ਕਢਣ ਲਈ ਸਿਵਲ ਅਦਾਲਤ ਵਿਚ ਇਕ ਹੋਰ ਮੁਕਦਮਾ ਕੀਤਾ ਅਤੇ ਕੁਛ ਕਾਰਵਾਈ ਦੇ ਦੌਰਾਨ ਮੁਕਦਮਾ ਦੂਸਰੀ ਅਦਾਲਤ ਵਿਚ ਤਬਦੀਲ ਕਰਨ ਲਈ ਅਰਜ਼ੀ ਦਿਤੀ ਗਈ । ਇਹ ਦਰਖਾਸਤ ਰੱਦ ਕਰ ਦਿਤੀ ਗਈ ਅਤੇ ਸਿੱਖਾਂ ਨੂੰ ਆਖਿਆ ਗਿਆ ਕਿ ਬਾਰਾਂ ਸੌ ਰੁਪਇਆ ਫੀਸ ਕੋਟ ਲਾਉਣ ਲਈ ਅਦਾ ਕਰੋ । ਸਿੱਖਾਂ ਨੇ ਇਹ ਰੁਪਇਆ ਲਾਉਣ ਤੋਂ ਇਨਕਾਰ ਕਰ ਦਿਤਾ । ਸਿਵਲ ਮੁਕਦਮੇਬਾਜ਼ੀ ਦੀ ਅਸਫਲਤਾ ਦਾ, ਇਹਨਾਂ ਕੇਸਾਂ ਵਿਚ ਪਿੱਛੋਂ ਲੜਾਈ ਦੇ ਲਾਕਾਨੂੰਨ ਤਰੀਕੇ ਅਪਨਾਏ ਜਾਣ ਵਿਚ ਬੜਾ ਹੱਥ ਹੈ ।......ਸਿਆਲਕੋਟ ਦੇ ਮੁਕਾਮੀ ਸਿੱਖਾਂ ਨੇ ਸੁਧਾਰਕਾਂ ਦੀ ਮਦਦ ਹਾਸਲ ਕਰਕੇ ਸਤੰਬਰ ਦੇ ਅਖੀਰ ਜਾਂ ਅਕਤੂਬਰ 1920 ਦੇ ਸ਼ੁਰੂ ਵਿਚ ਗੁਰਦੁਆਰਾ ਬਾਬੇ ਦੀ ਬੇਰ ਉਤੇ ਕਬਜ਼ਾ ਕਰ ਲਿਆ ਹੈ ।"[1]

ਡਿਪਟੀ ਕਮਸ਼ਿਨਰ ਦਾ ਸੁਧਾਰ-ਵਿਰੋਧੀ ਰਵੱਈਆ ਸਾਬਤ ਕਰਦਾ ਹੈ ਕਿ ਇਹਨਾਂ ਸਿਵਲ ਮੁਕਦਮਿਆਂ ਦੀ ਨਾਕਾਮੀ ਵਿਚ ਅਫਸਰਾਂ ਦਾ ਆਪਣਾ ਹੱਥ ਸੀ ।

## 3. ਅੰਗਰੇਜ਼ ਪਿਠੂ ਸਰਬਰਾਹ

ਸਿੱਖ ਪੰਥ ਦੇ ਮੱਥੇ ਤੇ ਸਭ ਤੋਂ ਵੱਡਾ ਕਾਲਖ ਦਾ ਟਿੱਕਾ ਲਾਉਣ ਵਾਲੀ ਗੱਲ ਇਹ ਸੀ ਕਿ ਅਰੂੜ ਸਿੰਘ ਅਕਾਲ ਤਖਤ ਤੇ ਦਰਬਾਰ ਸਾਹਿਬ ਵਲੋਂ ਦੇਸ਼-ਭਗਤਾਂ ਦੇ ਕਾਤਲਾਂ ਨੂੰ ਸ਼ਲਾਘਾ ਪੱਤਰ ਦੇ ਰਿਹਾ ਸੀ ਅਤੇ ਉਹਨਾਂ ਦੀ ਸਾਖ ਮੁੜ ਲੋਕਾਂ ਵਿਚ ਬਹਾਲ ਕਰਨ ਵਿਚ ਲਗਾ ਰਹਿੰਦਾ ਸੀ । ਅੰਗਰੇਜ਼ ਅਫਸਰਾਂ ਨੇ ਦਰਬਾਰ ਸਾਹਿਬ ਦੇ ਇਹੋ ਜਿਹੇ ਸਰਕਾਰੀ ਪਿੱਠੂਆਂ ਨੂੰ ਲੋਕਾਂ ਦਾ ਗੁਸਾ ਮੱਠਾ ਕਰਨ ਲਈ ਕਈ ਵਾਰ ਵਰਤਿਆ "ਇਸ ਮੈਨੇਜਰ ਦੇ ਹੁੰਦਿਆਂ ਅਕਾਲ ਤਖਤ ਉਤੇ ਕੋਮਾ ਗਾਟਾ ਮਾਰੂ ਦੇ ਸਿੱਖਾਂ ਦੀ ਨਖੇਧੀ ਕੀਤੀ ਗਈ; ਮਾਰਸ਼ਲ ਲਾਅ ਦੇ ਦਿਨਾਂ ਵਿਚ

[1]. C. M. Kings report as offg. Chief Secretary to the Govt of India—Home. Dated 26 march1 921.

ਦਰਬਾਰ ਸਾਹਿਬ ਵਿਚੋਂ (ਜਨਰਲ) ਡਾਇਰ ਨੂੰ ਸਰੋਪਾ ਦਿਤਾ ਗਿਆ—ਉਸ ਦਰਬਾਰ ਸਾਹਿਬ ਵਿਚੋਂ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਨਿਖੇਧੀ ਕੀਤੀ ਗਈ ਸੀ ਅਤੇ ਇਕ ਅਨ-ਸਿੱਖੀ ਕਾਰਾ ਕਰਨ ਕਰਕੇ ਸਜ਼ਾ ਦਿਤੀ ਗਈ ਸੀ।"[1] ਇਸ ਸਰਬਰਾਹ ਦੇ ਵੇਲੇ, ਅਕਾਲ ਤਖਤ ਤੋਂ ਗਦਰ ਪਾਰਟੀ ਦੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਯੋਧਿਆਂ ਦੇ ਖਿਲਾਫ "ਅਸਿੱਖ" ਹੋਣ ਦੇ ਫਤਵੇ ਦਿਤੇ ਗਏ ਸਨ ਅਤੇ ਸਿੱਖੀ ਨੂੰ ਅੰਗਰੇਜ਼-ਭਗਤੀ ਤੇ ਸਰਕਾਰੀ ਵਫ਼ਾਦਾਰੀ ਦਾ ਸਮ-ਅਰਥਕ ਬਣਾ ਦਿਤਾ ਗਿਆ ਸੀ।

ਅੰਗਰੇਜ਼ ਹਾਕਮਾਂ ਦੇ ਮੰਨੇ-ਦੰਨੇ ਪਿੱਠੂ ਪੁਜਾਰੀ ਸਿੱਖੀ ਅਸੂਲਾਂ ਦੇ ਖਿਲਾਫ, ਜੋ ਚਾਹੁਣ ਬਕਵਾਸ ਕਰ ਸਕਦੇ ਸਨ। ਸਿੱਖ ਭਾਵੇਂ ਕਿੰਨਾਂ ਵਾਵੇਲਾ ਕਰੀ ਜਾਣ, ਉਹਨਾਂ ਦੀ ਕੋਈ ਵਾਅ ਵੱਲ ਨਹੀਂ ਸੀ ਵੇਖ ਸਕਦਾ। ਇਕ ਪੁਜਾਰੀ ਨੇ ਇਥੋਂ ਤਕ ਆਖ ਦਿਤਾ ਕਿ ਮੈਂ ਕੜਾਹ ਪ੍ਰਸ਼ਾਦ ਵਿਚ ਤਮਾਕੂ ਰਲਾਵਾਂਗਾ। ਇਹ ਸਿੱਖੀ ਮਰਯਾਦਾ ਦੀ ਸਭ ਤੋਂ ਵੱਡੀ ਨਿਖੇਧੀ ਤੇ ਬੇਇੱਜ਼ਤੀ ਸੀ। ਸਿੱਖਾਂ ਦੇ ਜ਼ਬਰਦਸਤ ਪ੍ਰੋਟੈਸਟ ਦੇ ਬਾਵਜੂਦ ਉਸਨੂੰ ਦਰਬਾਰ ਸਾਹਿਬ ਵਿਚੋਂ ਨਾ ਕਢਿਆ ਜਾ ਸਕਿਆ। ਇਕ ਹੋਰ ਪੁਜਾਰੀ ਜਿਸ ਨੂੰ ਭਰਿਸ਼ਟਾਚਾਰੀ ਹੋਣ ਕਰਕੇ ਦਰਬਾਰ ਸਾਹਿਬ ਵਿਚੋਂ ਕਢ ਦਿਤਾ ਗਿਆ ਸੀ ਅਤੇ ਜਿਸ ਨੂੰ ਅਦਾਲਤ ਵਿਚੋਂ ਸਜ਼ਾ ਮਿਲ ਚੁਕੀ ਸੀ ਮੈਨੇਜਰ ਨੇ ਡਿਪਟੀ ਕਮਿਸ਼ਨਰ ਨਾਲ ਮਸ਼ਵਰਾ ਕਰਕੇ ਮੁੜ ਬਹਾਲ਼ ਕਰ ਦਿਤਾ। ਇਸ ਤੋਂ ਪੁਜਾਰੀ ਇਕੋ ਹੀ ਸਿੱਟਾ ਕਢ ਸਕਦੇ ਸਨ ਕਿ ਉਹ ਬੇਸ਼ਕ ਸਿੱਖਾਂ ਤੋਂ ਆਕੀ ਹੋ ਕੇ ਰਹਿਣ, ਉਹਨਾਂ ਦੀ ਕੋਈ ਗੱਲ ਨਾ ਸੁਨਣ, ਅੰਗਰੇਜ਼ ਹਾਕਮ ਉਹਨਾਂ ਨੂੰ ਕਿਸੇ ਕਿਸਮ ਦਾ ਸੇਕ ਨਹੀਂ ਪਹੁੰਚਣ ਦੇਣਗੇ।

ਸ: ਅਰੂੜ ਸਿੰਘ ਦੇ ਸਰਬਰਾਹੀ ਪਰਬੰਧ ਦੇ ਖਿਲਾਫ ਸਿੱਖ ਸ਼ਕਾਇਤਾਂ ਕਰ ਕਰ ਥੱਕ ਗਏ ਸਨ। ਕਿੰਨੀਆਂ ਗੰਭੀਰ ਵੀ ਸ਼ਕਾਇਤਾ ਕਿਉਂ ਨਾ ਹੋਣ, ਉਹ ਕਿਸੇ ਦੀ ਸੁਣਦਾ ਹੀ ਨਹੀਂ ਸੀ। ਪੁਜਾਰੀ ਆਪਣੇ ਆਪਣੇ ਪੂਰੀ ਤਰ੍ਹਾਂ ਫਰਜ਼ ਨਹੀਂ ਸਨ ਕਰਦੇ, ਵਕਤ ਸਿਰ ਹਾਜ਼ਰ ਨਹੀਂ ਸਨ ਹੁੰਦੇ। ਕਈ ਵਾਰ ਆਪਣੇ ਥਾਂ ਕਿਸੇ ਹੋਰ ਬੰਦੇ ਨੂੰ ਘੱਲ ਦੇਂਦੇ ਸਨ—ਇਹ ਸਭ ਕੁਛ ਸ਼ਰਧਾਲੂ ਸਿੱਖ ਉਸ ਨੂੰ ਦੱਸਦੇ, ਪਰ ਉਸ ਦੇ ਕੰਨਾਂ ਉਤੇ ਜੂੰ ਤਕ ਨਾ ਸਰਕਦੀ। ਉਹ ਪੁਜਾਰੀਆਂ ਦੀ ਕਿਸੇ ਬੁਰਿਆਈ ਦੀ ਵੀ ਨਿਖੇਧੀ ਨਹੀਂ ਸੀ ਕਰਦਾ, ਸਜ਼ਾ ਦੇਣੀ ਤਾਂ ਵਖਰੀ ਗੱਲ ਰਹੀ; ਕਿਸੇ ਨੂੰ ਝਿੜਕ ਤਕ ਦੇਣ ਦੀ ਜੁਰਅਤ ਨਹੀਂ ਸੀ ਕਰਦਾ। ਅਤੇ ਗੁਰਦੁਆਰਿਆਂ ਦੇ ਪਰਬੰਧ ਦੀ ਹਾਲਤ ਖਰਾਬ, ਹੋਰ ਖਰਾਬ, ਹੋਰ ਹੋਰ ਖਰਾਬ ਹੁੰਦੀ ਜਾਂਦੀ ਸੀ। ਜਾਪਦਾ ਹੈ ਉਹ ਖੁਦ ਸਾਫ ਨਹੀਂ ਸੀ, ਕਈ ਮਾਮਲਿਆਂ ਵਿਚ ਕਾਣਾ ਸੀ ਜਿਸ ਕਰਕੇ ਉਸ ਨੂੰ ਕਿਸੇ ਨੂੰ ਵੀ ਕੁਛ ਕਹਿਣ ਦਾ ਹੌਂਸਲਾ ਨਹੀਂ ਸੀ ਪੈਂਦਾ।

ਅਸਲ ਵਿਚ ਅਸਲ ਸਰਬਰਾਹ ਸ: ਅਰੂੜ ਸਿੰਘ ਨਹੀਂ ਸੀ, ਜ਼ਿਲੇ ਦਾ ਡਿਪਟੀ ਕਮਿਸ਼ਨਰ ਸੀ। ਜਦੋਂ ਸ਼ਰਧਾਲੂ ਸਿੱਖਾਂ ਤੇ ਪੁਜਾਰੀਆਂ ਵਿਚ ਤਕਰਾਰ ਵਧਦੀ ਵਧਦੀ ਝਗੜੇ ਤਕ ਪਹੁੰਚ ਜਾਂਦੀ, ਫਸਾਦ ਹੋਣ ਵਾਲਾ ਹੁੰਦਾ ਤਾਂ ਡਿਪਟੀ ਕਮਿਸ਼ਨਰ ਪਹੁੰਚ ਜਾਂਦਾ ਅਤੇ ਲੋਲੋ ਪੋਪੋ ਕਰਕੇ ਝਗੜਾ ਟਾਲ ਦੇਂਦਾ ਪਰ ਪਰਨਾਲਾ ਓਥੇ ਦਾ ਓਥੇ ਹੀ ਰਹਿੰਦਾ। ਇਕ ਦੋ ਇੱਟਾਂ ਦੀ ਗੱਲ ਨਹੀਂ ਸੀ ਆਵਾ ਹੀ ਊਤਿਆ ਹੋਇਆ ਸੀ। ਝਗੜੇ ਹੋਏ, ਕੁਛ ਚਿਰ ਲਈ ਟਲੇ, ਫੇਰ ਸ਼ੁਰੂ ਹੋ ਗਏ। ਕਈ ਦਹਾਕੇ ਸਾਲਾਂ ਤੋਂ ਗੁਰਦੁਆਰਿਆਂ ਵਿਚ ਧਰਮ, ਸਦਾਚਾਰ, ਇਖਲਾਕ, ਸਭਿਆਚਾਰ ਅਤੇ ਹਰ ਇਕ ਮਨੁੱਖਵਾਦੀ ਗੁਣ ਦਾ ਇਕਸਾਰ ਨਿਘਾਰ ਹੋ ਰਿਹਾ ਸੀ। ਇਹਨਾਂ

[1]. The Gurdwara Reform Movement P. 148

Digitized by Panjab Digital Library | www.panjabdigilib.org

ਵਿਚੋਂ ਲੋਕ ਸੇਵਾ ਭਾਵ, ਕੁਰਬਾਨੀ ਲਈ ਉਤਸਾਹ, ਰੂਹਾਨੀ ਖ਼ੁਸ਼ੀ ਤੇ ਉਚੇ ਇਖਲਾਕ ਦੀ ਸਿਖਿਆ ਲੈਕੇ ਨਹੀਂ ਸਨ ਜਾਂਦੇ, ਸਗੋਂ ਗੰਦੇ ਗੀਤ, ਬਦਮਾਸ਼ੀ ਦੇ ਦੋਹੜੇ ਅਤੇ ਬੀਬੀਆਂ ਨਾਲ ਛੇੜ ਖਾਨੀਆਂ ਕਰਨ ਦੇ ਢੰਗ ਸਿਖ ਕੇ ਜਾਂਦੇ ਸਨ। ਇਹ ਹਾਲਤ ਵੇਖਕੇ ਕਈ ਸ਼ਰਧਾਲੂਆਂ ਨੇ ਦਰਬਾਰ ਸਾਹਿਬ ਤੇ ਤਰਨ ਤਾਰਨ ਦੀ ਮੱਸਿਆ ਤੇ ਜਾਣਾ ਹੀ ਛੱਡ ਦਿਤਾ ਸੀ।

ਤਰਨ ਤਾਰਨ ਦੇ ਪੁਜਾਰੀਆਂ ਦੇ ਇਖਲਾਕੀ ਪਤਨ ਦੀ ਅਖੀਰੀ ਹੱਦ ਪਹੁੰਚ ਗਈ ਸੀ। ਗਰੰਥੀਆਂ ਤੇ ਪੁਜਾਰੀਆਂ ਦੀ ਜ਼ਬਾਨ ਤੋਂ, ਤੋਤੇ ਦੇ ਕੁਛ ਸ਼ਬਦ ਰੱਟਣ ਵਾਗ, ਇਹ ਬਾਰ ਬਾਰ ਨਿਕਲਦਾ ਸੀ : "ਲੋਕਾਂ ਦੀਆਂ ਦੁਕਾਨ ਦੀ ਤਰ੍ਹਾਂ ਇਹ ਦਰਬਾਰ ਸਾਹਿਬ ਸਾਡੀ ਦੁਕਾਨ ਹੈ।"[1] ਜਿਸ ਦੇ ਅਰਥ ਇਹ ਸਨ ਕਿ ਉਹ ਆਪਣੀ ਮਰਜ਼ੀ ਦਾ ਏਥੇ ਸੌਦਾ ਵੇਚਣਗੇ —ਖਾਸ ਕਰ, ਉਹ ਸੌਦਾ ਜਿਸ ਵਿਚੋਂ ਚੰਗਾ ਚੋਖਾ ਲਾਭ ਹੋਵੇ। ਅਤੇ ਇਕ ਗਰੰਥੀ ਦੇ ਪੁਤਰ ਨੇ ਤਾਂ ਜੋ ਕੁਛ ਨਹੀਂ ਵੀ ਕਿਹਾ ਜਾ ਸਕਦਾ, ਉਹ ਵੀ ਕਹਿ ਦਿਤਾ। ਉਸ ਆਖਿਆ, "ਜੋ ਔਰਤਾਂ ਦਰਬਾਰ ਸਾਹਿਬ ਔਣਗੀਆਂ ਅਸੀਂ ਬੇਪਤ ਕਰਾਂਗੇ ਅਤੇ......ਗੇ। ਜਿਨ੍ਹਾਂ ਨੂੰ ਲੋੜ ਹੈ ਦਰਬਾਰ ਸਾਹਿਬ ਔਰਤਾਂ ਭੇਜਣ, ਜਿਨ੍ਹਾਂ ਨੂੰ ਸ਼ਰਮ ਹੈ, ਉਹ ਨਾ ਭੇਜਣ," ਆਦਿਕ।

ਭਾਈ ਮੋਹਨ ਸਿੰਘ ਜੀ ਵੈਦ ਤਰਨਤਾਰਨ ਨੇ ਸਰਬਰਾਹ ਨੂੰ ਹਾਲਤ ਸੁਧਾਰਨ ਲਈ ਬੜੇ ਹਾੜੇ ਕਢੇ, ਬੜੀਆਂ ਅਰਜੋਈਆਂ ਕੀਤੀਆਂ ਅਤੇ ਦੂਰ-ਦਰਸ਼ੀ ਸੂਝ ਨਾਲ ਆਖਿਆ :— "ਇਹ ਸਰਬਰਾਹੀ ਸਦਾ ਨਹੀਂ ਰਹੇਗੀ, ਕੇਵਲ ਇਹ ਸਮਾਂ ਯਾਦ ਰਹਿ ਜਾਏਗਾ।"[1]

## 4. ਲੋਕਾਂ ਦੀ ਜਿੱਤ

ਅਤੇ ਇਹ ਸਰਬਰਾਹੀ ਉਸਨੂੰ ਬੜੀ ਬੇਇਜ਼ਤੀ ਨਾਲ ਛਡਣੀ ਪਈ। ਇਕ ਪੁਜਾਰੀ ਨੇ ਸਵੇਰ ਦੀ ਸੇਵਾ ਅਕਾਲ ਤਖਤ ਅੰਮ੍ਰਿਤਸਰ ਤੋਂ ਨਾ ਕੀਤੀ। ਸ਼ਰਧਾਲੂਆਂ ਦੇ ਪੁਛਣ ਤੇ ਉਸ ਨੇ ਸਗੋਂ ਅਗੋਂ ਬੁਰਾ ਭਲਾ ਕਿਹਾ। ਸ਼ਰਧਾਲੂ ਸਰਬਰਾਹ ਦੇ ਘਰ ਗਏ ਅਤੇ ਸਾਰਾ ਮਾਜਰਾ ਦਸਿਆ। ਉਸ ਨੇ ਬਚਨ ਦਿਤਾ ਕਿ ਮੈਂ ਖੁਦ ਭਲਕੇ ਸਵੇਰ ਦੀ ਸੇਵਾ ਵੇਲੇ ਆਵਾਂਗਾ ਅਤੇ ਪੁਜਾਰੀ ਤੋਂ ਮੁਆਫੀ ਮੰਗਵਾਵਾਂਗਾ ਪਰ ਉਹ ਅਗਲੇ ਦਿਨ ਬਹੁੜਿਆ ਹੀ ਨਾ।

ਹੁਣ ਪਾਣੀ ਸਿਰੋਂ ਲੰਘ ਤੁਰਿਆ ਸੀ, ਬਰਦਾਸ਼ਤ ਦਾ ਪੈਂਡਾ ਮੁਕ ਗਿਆ ਸੀ। ਸ਼ਰਧਾਲੂਆਂ ਨੇ ਸਰਬਰਾਹ ਦਾ ਖਹਿੜਾ ਛਡਕੇ ਸੰਗਰਾਮ ਦਾ ਰਸਤਾ ਅਖਤਿਆਰ ਕਰ ਲਿਆ। ਸਰਬਰਾਹ ਤੇ ਪੁਜਾਰੀਆਂ ਦੇ ਵਿਰੁਧ ਸਿੱਖਾਂ ਨੇ ਨਿਖੇਧੀ ਦੇ ਮਤੇ ਪਾਸ ਕਰਨੇ ਸ਼ੁਰੂ ਕਰ ਦਿਤੇ। ਸਿੱਖ ਬੀਬੀਆਂ ਨੇ ਇਹਨਾਂ ਦੇ ਖਿਲਾਫ ਵਖ ਐਜੀਟੇਸ਼ਨ ਸ਼ੁਰੂ ਕਰ ਦਿਤੀ। ਸਰਬਰਾਹ ਦੇ ਲਾਪਰਵਾਹ ਤੇ ਬੇਕਿਰਕ ਰਵਈਏ ਵਿਰੁਧ ਇਕ ਦੀਵਾਨ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਰਖਿਆ ਗਿਆ। ਡਿਪਟੀ ਕਮਿਸ਼ਨਰ ਨੇ ਪਰਕਰਮਾਂ ਵਿਚ ਪੁਲਸ ਘਲ ਦਿਤੀ ਤਾਂ ਜੋ ਦੀਵਾਨ ਨਾ ਹੋਣ ਦਿਤਾ ਜਾਵੇ। ਡਿਪਟੀ ਕਮਿਸ਼ਨਰ ਦੀ ਇਸ ਮੂਰਖਤਾ ਨੇ ਲੋਕਾਂ ਨੂੰ ਹੋਰ ਤਾਅ ਚੜ੍ਹਾ ਦਿਤਾ। ਉਹਨਾਂ ਨੇ, ਨਤੀਜਿਆਂ ਦੀ ਕੋਈ ਪ੍ਰਵਾਹ ਨਾ ਕਰਕੇ ਭਰਪੂਰ ਜਲਸਾ ਕੀਤਾ ਜਿਸ ਵਿਚ ਬੜੀਆਂ ਜ਼ੋਸ਼ੀਲੀਆਂ ਤਕਰੀਰਾਂ ਹੋਈਆਂ ਅਤੇ ਡਿਪਟੀ ਕਮਿਸ਼ਨਰ ਤੇ ਸਰਬਰਾਹ ਦੇ ਖਿਲਾਫ ਬੇਭਰੋਸਗੀ ਤੇ ਨਿਖੇਧੀ ਦੇ ਮਤੇ ਪਾਸ ਕੀਤੇ ਗਏ ਅਤੇ ਲੋਕਾਂ ਦਾ ਗੁਸਾ ਹੋਰ ਭਖ ਗਿਆ।

---

[1] ਜੀਵਨ ਭਾਈ ਮੋਹਨ ਸਿੰਘ ਵੈਦ—ਸਫਾ 175.

[2] ਜੀਵਨ ਭਾਈ ਮੋਹਨ ਸਿੰਘ ਵੈਦ—ਸਫਾ 174.

Digitized by Panjab Digital Library | www.panjabdigilib.org

ਹੁਣ ਡਿਪਟੀ ਕਮਿਸ਼ਨਰ ਨੂੰ ਕੁਛ ਹੋਸ਼ ਆਈ, ਪਰ ਕੁਛ ਹੀ ਪੂਰੀ ਨਹੀਂ । ਲੋਕ ਸਰਬਰਾਹ ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ, ਡੀ. ਸੀ. ਨੇ ਉਸ ਨੂੰ ਦੋ ਮਹੀਨੇ ਦੀ ਛੁਟੀ ਦੇ ਦਿਤੀ ।—ਉਵੇਂ ਹੀ ਜਿਵੇਂ ਇਕ ਸਰਕਾਰੀ ਸੰਸਥਾ ਵਿਚ ਵਡਾ ਅਫਸਰ ਛੋਟੇ ਅਫਸਰ ਨੂੰ ਛੁਟੀ ਦੇਂਦਾ ਹੈ; ਪਰ ਲੋਕ ਤਾਂ ਹੁਣ ਸਰਬਰਾਹ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸਨ, ਉਹ ਇਸ ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ । ਐਜੀਟੇਸ਼ਨ ਦਾ ਜ਼ੋਰ ਦਿਨੋ ਦਿਨ ਵਧ ਰਿਹਾ ਸੀ । ਇਕ ਦੀਵਾਨ ਵਿਚ ਪਾਸ ਕਰ ਦਿਤਾ ਗਿਆ ਕਿ 29 ਅਗਸਤ ਤਕ ਜੇ ਸਰਬਰਾਹ ਅਸਤੀਫਾ ਨਹੀਂ ਦੇਵੇਗਾ ਤਾਂ ਉਸ ਦੀ ਅਰਥੀ, ਸਿਆਪਾ ਕਰਨ ਤੇ ਜਲੂਸ ਕੱਢਣ ਪਿਛੋਂ ਅੱਗ ਦੀ ਭੇਟ ਕੀਤੀ ਜਾਵੇਗੀ ।

ਉਹਨਾਂ ਦਿਨਾਂ ਵਿਚ ਜਲਿਆਂ ਵਾਲੇ ਬਾਗ ਵਿਚ ਜਲਸੇ ਆਮ ਹੁੰਦੇ ਸਨ । ਇਕ ਬੜਾ ਵੱਡਾ ਜਲਸਾ, ਬਾਗ ਵਿਚ, ਸਰਬਰਾਹ ਦੀ ਅਰਥੀ ਸਾੜਨ ਦੇ ਪਰਸੰਗ ਵਿਚ ਹੀ ਹੋ ਰਿਹਾ ਸੀ । ਉਹਨੂੰ ਆਪਣੀ ਇਖਲਾਕੀ ਮੌਤ ਹੁਣ ਨਜ਼ਰ ਆਉਣ ਲਗ ਪਈ ਸੀ । ਉਹ ਭੁੱਲਾਂ ਬਖਸ਼ਾਣ ਲਈ ਖੁਦ ਜਲਸੇ ਵਿਚ ਹਾਜ਼ਰ ਹੋਇਆ, ਗਲ ਵਿਚ ਪੱਲਾ ਪਾ ਕੇ ਆਪਣੀਆਂ ਗਲਤੀਆਂ ਦੀ ਮੁਆਫੀ ਮੰਗੀ ਅਤੇ ਏਲਾਨ ਕੀਤਾ ਕਿ ਮੈਂ ਸਰਬਰਾਹੀ ਤੋਂ ਅਸਤੀਫਾ ਦੇ ਦਿਤਾ ਹੈ ।

ਸਰਕਾਰ ਦੀ ਖੁਫੀਆ ਰਿਪੋਰਟ ਵਿਚ ਇਸ ਘਟਨਾ ਬਾਰੇ ਇੰਞ ਰਾਏ ਪ੍ਰਗਟ ਕੀਤੀ ਗਈ ਹੈ :—

"ਦਰਬਾਰ ਸਾਹਿਬ ਦੇ ਸਰਬਰਾਹ ਦਾ ਮਾਤਮੀ ਜਲੂਸ ਕਢਕੇ ਉਸ ਨੂੰ ਪਬਲਕ ਤੌਰ ਤੇ ਬੇਇੱਜ਼ਤ ਕਰਨ ਦੇ ਪਰਬੰਧ ਕੀਤੇ ਗਏ । ਸਰਬਰਾਹ ਐਜੀਟੇਸ਼ਨ ਅਗੇ ਝੁਕ ਗਿਆ ਅਤੇ ਉਸਨੇ ਸਿੱਖਾਂ ਤੋਂ ਮੁਆਫੀ ਮੰਗ ਲਈ ਅਤੇ ਇਸ ਲਈ ਜਲੂਸ ਤਾਂ ਨਾ ਕਢਿਆ ਗਿਆ । ਪਰ ਸੁਧਾਰਕ ਪਾਰਟੀ ਨੇ ਨਿਰਣਈ ਜਿੱਤ ਹਾਸਲ ਕਰ ਲਈ ।[1]

ਲੋਕਾਂ ਦੇ ਏਕੇ ਤੇ ਇਕ ਮੁੱਠ ਆਵਾਜ਼ ਦੀ ਇਹ ਬੜੀ ਵਡੀ ਜਿੱਤ ਸੀ । ਇਸ ਨੇ ਸਿੱਖਾਂ ਦੇ ਹੌਸਲੇ ਵਧਾ ਦਿਤੇ ਅਤੇ ਏਕੇ ਦੀ ਤਾਕਤ ਦਾ ਇਹਿਸਾਸ ਕਰਾਇਆ । ਡਿਪਟੀ ਕਮਿਸ਼ਨਰ ਨੇ ਗੁਰਦੁਆਰੇ ਦਾ ਨਵਾਂ ਸਰਬਰਾਹ ਸ: ਸੁੰਦਰ ਸਿੰਘ ਰਾਮਗੜ੍ਹੀਆ ਮੁਕਰਰ ਕਰ ਦਿਤਾ ।

ਇਹ ਸਨ ਬੁਰੇ ਤੋਂ ਬੁਰੇ ਹੋ ਰਹੇ ਹਾਲਾਤ, ਜਦੋਂ ਕਿ ਇਕ ਅਜੇਹੀ ਇਤਿਹਾਸਕ ਘਟਨਾ ਵਾਪਰੀ ਜਿਸ ਨੇ ਦਰਬਾਰ ਸਾਹਿਬ ਦੇ ਪਰਬੰਧ ਵਿਚ ਤਬਦੀਲੀ ਲਿਆਉਣ ਵਿਚ ਬਹੁਤ ਵਡਾ ਹਿਸਾ ਪਾਇਆ । ਕਿਸੇ ਦੇ ਚਿਤ ਚੇਤੇ ਵਿਚ ਵੀ ਨਹੀਂ ਸੀ ਕਿ ਇਹ ਘਟਨਾ ਏਨੇ ਦੂਰ-ਪਹੁੰਚਵੇਂ ਸਿੱਟੇ ਕਢਣ ਵਿਚ ਸਹਾਈ ਹੋਵੇਗੀ ਅਤੇ ਦਰਬਾਰ ਸਾਹਿਬ ਦੇ ਪਰਬੰਧ ਵਿਚ ਤਬਦੀਲੀ ਦਾ ਕਾਰਣ ਬਣੇਗੀ ।

## 5. ਦਰਬਾਰ ਸਾਹਿਬ ਤੇ ਕਬਜ਼ਾ

ਇਹ ਘਟਨਾ ਇਸ ਤਰ੍ਹਾਂ ਵਾਪਰੀ, ਅਮਰਿਤਸਰ ਵਿਚ ਕੁਛ ਚਿਰ ਤੋਂ ਇਕ ਜਥੇਬੰਦੀ— ਜਿਸ ਦਾ ਨਾਮ 'ਖਾਲਸਾ ਬਰਾਦਰੀ' ਸੀ—ਕੰਮ ਕਰ ਰਹੀ ਸੀ । ਇਸ ਦਾ ਆਗੂ ਇਕ ਸਾਧਾਰਨ, ਮਿਠ-ਬੋਲਾ ਸਿੱਖ ਮਤਾਬ ਸਿੰਘ ਸੀ ਜਿਹੜਾ ਖੁਦ ਜੁੱਤੀਆਂ ਬਨਾਣ ਦਾ ਕੰਮ ਕਰਦਾ ਸੀ ਅਤੇ

---

[2] Confidential Report from C. M. King offg, Chief Secretary to the Secretary Govt. of india—26. 3. 21.

Digitized by Panjab Digital Library | www.panjabdigilib.org

ਚਮਾਰਾਂ ਤੇ ਹੋਰ ਪਛੜੀਆਂ ਸਰੇਣੀਆਂ ਨੂੰ ਸਿੰਘ ਸਜਾਣ ਤੇ ਛੂਤ ਛਾਤ ਮਿਟਾਣ ਦੀ ਲਗਨ ਰਖਦਾ ਸੀ । 12 ਅਕਤੂਬਰ 1920 ਨੂੰ ਖਾਲਸਾ ਬਰਾਦਰੀ ਵਲੋਂ ਜੱਲਿਆਂ ਵਾਲਾ ਬਾਗ ਵਿਚ ਕੁਛ ਮਜ਼ਹਬੀਆਂ ਤੇ ਚਮਾਰਾਂ ਨੂੰ 'ਅਮਰਿਤ ਛਕਾਇਆ ਗਿਆ' ਅਤੇ ਫੈਸਲਾ ਕੀਤਾ ਗਿਆ ਕਿ ਨਵੇਂ-ਸੱਜੇ ਸਿੰਘਾਂ ਨੂੰ ਦਰਬਾਰ ਸਾਹਿਬ ਲਿਜਾ ਕੇ ਮੱਥਾ ਟਿਕਾਇਆ ਜਾਵੇ ਤੇ ਕੜਾਹ ਪਰਸ਼ਾਦ ਚੜ੍ਹਾਇਆ ਜਾਵੇ ।

ਖਾਲਸਾ ਬਰਾਦਰੀ ਨੇ ਇਸ ਅਵਸਰ ਤੇ ਪੁੱਜਣ ਲਈ ਕਈ ਪਰਤਿਸ਼ਟਤ ਸਜਣਾਂ ਤੇ ਜੱਥਿਆਂ ਨੂੰ ਵੀ ਸੱਦੇ ਦਿਤੇ ਹੋਏ ਸਨ । ਖਾਲਸਾ ਕਾਲਜ ਦੇ ਤਿੰਨ ਪਰੋਫੈਸਰ ਸ਼ਿਰੀ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਅਤੇ ਸ਼ਿਰੀ ਨਿਰੰਜਨ ਸਿੰਘ ਇਸ ਵਿਚ ਸ਼ਾਮਲ ਹੋਏ ਸਨ । ਇਹ ਗੁਰਦੁ-ਆਰਾ ਸੁਧਾਰ ਤੇ ਸਿੱਖਾਂ ਦੇ ਮੁਾਮਲਿਆਂ ਵਿਚ ਦਿਲਚਸਪੀ ਲੈਂਦੇ ਸਨ । ਇਸ ਇਤਿਹਾਸਕ ਘਟਨਾ ਦੀ ਅੱਖੀਂ ਡਿੱਠੀ ਯਾਦ ਪਰੋਫੈਸਰ ਨਿਰੰਜਨ ਸਿੰਘ ਨੇ ਇਉਂ ਲਿਖੀ ਹੈ :

''ਸਾਰਿਆਂ ਨੇ ਦਰਬਾਰ ਸਾਹਿਬ ਜਾ ਕੇ ''ਕੜਾਹ ਪਰਸ਼ਾਦ ਚੜ੍ਹਾਇਆ, ਪਰ ਪੁਜਾਰੀ ਅਰਦਾਸਾ ਕਰਨ ਨੂੰ ਤਿਆਰ ਨਹੀਂ ਸੀ । ਕਹਿਣ ਲਗਾ: ਮਜ਼ਹਬੀ ਸਿੱਖਾਂ ਲਈ ਨੌਂ ਵਜੇ ਤਕ ਦਾ ਵਕਤ ਮੁਕਰਰ ਹੈ, ਉਹਦੇ ਪਿਛੋਂ ਉਹਨਾਂ ਦੀ ਅਰਦਾਸ ਨਹੀਂ ਹੋ ਸਕਦੀ......ਬਾਵਾ ਜੀ ਨੇ ਉਠਕੇ ਪਹਿਲਾਂ ਪੁਜਾਰੀ ਨੂੰ ਅਤੇ ਉਹਦੇ ਪਿੱਛੋਂ ਗੁਰਬਚਨ ਸਿੰਘ ਗਰੰਥੀ ਨੂੰ ਜੋ ਤਾਬਿਆ ਬੈਠੇ ਸਨ, ਬੜੇ ਮਿੱਠੇ ਸ਼ਬਦਾਂ ਵਿਚ ਅਪੀਲ ਕੀਤੀ ਕਿ ਅਰਦਾਸ ਕਰਕੇ ਕੜਾਹ ਪਰਸ਼ਾਦ ਵਰਤਾ ਦਿਓ; ਪਰ ਉਹ ਨਾ ਮੰਨੇ । ਫੇਰ ਉਹਨਾਂ ਕਿਹਾ ਕਿ ਜੇ ਨਹੀਂ ਤਾਂ ਅਸੀਂ ਆਪ ਅਰਦਾਸ ਕਰਕੇ ਕੜਾਹ ਪਰਸ਼ਾਦ ਵਰਤਾ ਦਿਆਂਗੇ । ਬਾਵਾ ਜੀ ਦੀ ਇਹ ਗੱਲ ਮੈਨੂੰ ਚੰਗੀ ਨਾ ਲਗੀ । ਐਨੇ ਨੂੰ ਬਾਹਰੋਂ ਜੈਕਾਰਿਆਂ ਦੀ ਆਵਾਜ਼ ਆਈ । ਕੁਝ ਛਿਨ ਵਿਚ ਸ: ਕਰਤਾਰ ਸਿੰਘ (ਝੱਬਰ) ਤੇਜਾ ਸਿੰਘ ਚੂਹੜਕਾਣਾ ਅਤੇ ਤੇਜਾ ਸਿੰਘ ਭੁੱਚਰ, ਹਥਾਂ ਵਿਚ ਟਕੂਏ ਫੜੇ ਹੋਏ ਅੰਦਰ ਆ ਵੜੇ...ਆਉਂਦਿਆ ਹੀ ਉਹਨਾਂ ਪੰਜ ਜੈਕਾਰੇ ਛਡੇ, ਜੀਹਦੇ ਨਾਲ ਸਾਰਾ ਦਰਬਾਰ ਸਾਹਿਬ ਹੀ ਗੂੰਜ ਉਠਿਆ, ਅਤੇ ਵਾਯੂ-ਮੰਡਲ ਹੀ ਬਦਲ ਗਿਆ ।''[1]

ਪਰੋਫੈਸਰ ਨਿਰੰਜਣ ਸਿੰਘ ਜੀ ਦੇ ਜ਼ੋਰ ਦੇਣ ਤੇ ਖੁਦ ਅਰਦਾਸਾ ਕਰਨ ਅਤੇ ਕੜਾਹ ਪਰਸ਼ਾਦ ਵੰਡਣ ਦੀ ਗੱਲ ਹੱਦ ਹੋ ਗਈ । ਫੈਸਲਾ ਇਹ ਹੋਇਆ ਕਿ ਗੁਰੂ ਗਰੰਥ ਸਾਹਿਬ ਤੋਂ ਵਾਕ ਲਿਆ ਜਾਵੇ । ਵਾਕ ਲਿਆ ਗਿਆ । ਇਹ ''ਮਨੂਰ ਨੂੰ ਕੰਚਨ ਬਣਾਣ'' ਦੇ ਹਕ ਵਿਚ ਨਿਕਲਿਆ । ''ਸ਼ਾਂਤ ਵਰਤ ਗਈ, ਪੁਜਾਰੀ ਨੇ ਅਰਦਾਸਾ ਕੀਤਾ ਅਤੇ ਕੜਾਹ ਪਰਸ਼ਾਦ ਵਰ-ਤਾਇਆ । ਅਸੀਂ ਸਾਰੇ ਇਸ ਫਤਹਿ ਤੇ ਬਹੁਤ ਪਰਸੰਨ ਹੋਏ, ਪੁਜਾਰੀ ਵਿਚਾਰੇ ਨਿਮੂਝੂਣੇ ਜਿਹੇ ਹੋ ਗਏ । ਉਥੇ ਹੀ ਖਾਲਸਾ ਬਰਾਦਰੀ ਨੇ ਕਿਹਾ ਕਿ ਹੁਣ ਕੜਾਹ ਪਰਸ਼ਾਦ ਲੈ ਕੇ ਸਿੱਧੇ ਅਕਾਲ ਤਖਤ ਜਾਣਾ ਹੈ । ਸਾਰੀ ਸੰਗਤ ਓਥੇ ਚਲੇ । ਸੰਗਤ ਤਾਂ ਦਸ ਗੁਣਾਂ ਤੋਂ ਵੀ ਵਧ ਹੋ ਚੁਕੀ ਸੀ ਅਤੇ ਹਰ ਕੋਈ ਚੰਗੇ ਜੋਸ਼ ਵਿਚ ਸੀ ।......ਦੀਵਾਨ ਸਜ ਗਿਆ......ਚੂਹੜਕਾਣੇ ਨੇ ਕਿਹਾ : ਵੇਖੋ ਓ ਪੁਜਾਰੀਓ, ਅਸੀਂ ਜੱਟ ਹਾਂ । ਪਹਿਲੋਂ ਤਾਂ ਅਸੀਂ ਗਾਂ ਨੂੰ ਵੰਡ ਪਾਉਂਦੇ ਹਾਂ, ਵੜੇਵੇਂ ਪਾਉਂਦੇ ਹਾਂ, ਪ੍ਰੇਮ ਨਾਲ ਹੇਠਾਂ ਧਾਰ ਕਢਣ ਲਈ ਬੈਠਦੇ ਹਾਂ, ਪਰ ਜੇ ਗਾਂ ਦੁਲੱਤੀਆਂ ਮਾਰੇ ਤਾਂ ਭੀ ਅਸੀਂ ਉਸ ਨੂੰ ਛਡਦੇ ਨਹੀਂ, ਝਟ ਰੱਸੇ ਨਾਲ ਨੂੜਕੇ ਦੁੱਧ ਚੋ ਲੈਂਦੇ ਹਾਂ । ਤੁਸੀਂ ਵੀ ਵਿਚਾਰ ਕੇ ਫੈਸਲਾ ਕਰ ਲਓ ਕਿ ਵੰਡ ਨਾਲ ਦੇਣਾ ਹੈ ਜਾਂ ਰੱਸੇ ਨਾਲ । ਹੋਣਾ ਤਾਂ ਓਹੋ ਕੁਛ ਹੈ ਜੋ ਅਸੀਂ ਚਾਹੁੰਦੇ ਹਾਂ ।

[1] ਅਕਾਲੀ ਲਹਿਰ ਦੀਆਂ ਕੁਝ ਯਾਦਾਂ, ਪਰਿੰਸੀਪਲ ਨਿਰੰਜਨ ਸਿੰਘ, ਰੋਜ਼ਾਨਾ ਜਥੇਦਾਰ, (ਨੰਬਰ ਦੋ)—ਐਤਵਾਰ 20 ਅਗਸਤ 1967.

Digitized by Panjab Digital Library | www.panjabdigilib.org

"ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਣੀ ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।"[1]

ਪਰ ਜਦੋਂ ਕੜਾਹ ਪਰਸ਼ਾਦ ਲੈ ਕੇ ਉੱਤੇ ਗਏ, ਤਾਂ ਨਾ ਓਥੇ ਕੋਈ ਗਰੰਥੀ ਸੀ ਨਾ ਪੁਜਾਰੀ। ਅਕਾਲ ਤਖਤ ਦੇ ਹੇਠਾਂ ਉਤੇ ਸਭ ਥਾਂਵਾਂ ਗਾਹ ਮਾਰੀਆਂ, ਓਥੇ ਕਿਤੇ ਵੀ ਕੋਈ ਬੰਦਾ ਨਹੀਂ ਸੀ। ਪੁਜਾਰੀ ਅਕਾਲ ਤਖਤ ਨੂੰ ਸੁੰਞਾ ਛਡਕੇ ਭੇਜ ਗਏ ਸਨ, ਲੋਕਾਂ ਵਿਚ ਬੜਾ ਜੋਸ਼ ਤੇ ਗੁੱਸਾ ਪੈਦਾ ਹੋ ਗਿਆ। ਇਹ ਪੁਜਾਰੀ ਪਾਜੀ ਤੇ ਕਾਇਰ ਹਨ, ਏਥੋਂ ਤਾਂ ਕੋਈ ਸੇਵਾਦਾਰ ਦੁਸ਼ਮਣ ਦੇ ਹੱਲੇ ਵੇਲੇ ਵੀ ਨਹੀਂ ਸੀ ਕਦੇ ਭੱਜਿਆ। ਸਭ ਸੰਗਤ ਨੇ ਇਸ ਬੇਅਦਬੀ ਨੂੰ ਮੁਖ ਰਖਕੇ ਇਕ ਕਰ ਹੋ ਕੇ ਮਤਾ ਪਾਸ ਕੀਤਾ ਕਿ ਇਹ ਸਭ ਪੁਜਾਰੀ ਤੇ ਗਰੰਥੀ 'ਤਨਖਾਹੀਏ' ਹਨ। ਅਕਾਲ ਤਖਤ ਦਾ ਪਰਬੰਧ ਸੰਗਤ ਆਪਣੇ ਹੱਥ ਵਿਚ ਲੈ ਲਵੇ। ਸ: ਤੇਜਾ ਸਿੰਘ ਭੁੱਚਰ ਸੈਂਟਰਲ ਖਾਲਸਾ ਮਾਝਾ ਦੀਵਾਨ ਦੇ ਜਥੇਦਾਰ ਸਨ, ਉਹਨਾਂ ਨੇ ਆਪਣੇ ਜਥੇ ਦੀ ਸੇਵਾ ਪੇਸ਼ ਕੀਤੀ। ਜਿਹੜੀ ਪਰਵਾਨ ਕਰ ਲਈ ਗਈ। ਪਰਬੰਧ ਲਈ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿਚ 25 ਮਿੰਬਰਾਂ ਦੀ ਇਕ ਕਮੇਟੀ ਚੁਣ ਲਈ ਗਈ। ਭੁੱਚਰ ਦੇ ਜਥੇ ਦਾ ਅਕਾਲ ਤਖਤ ਉਤੇ ਪੱਕਾ ਕਬਜ਼ਾ ਹੋ ਗਿਆ।

ਪਰ ਇਹ ਸਭ ਕੁਝ ਏਨਾ ਏਕਾ-ਏਕੀ ਤੇ ਤਾਬੜਤੋੜ ਹੋਇਆ ਕਿ ਸਰਕਾਰੀ ਅਫਸਰ ਹੱਕੇ-ਬੱਕੇ ਤੇ ਅਸਚਰਜ ਰਹਿ ਗਏ। ਪਰ ਅਕਾਲ ਤਖਤ ਉਤੇ ਅਕਾਲੀਆਂ ਦੇ ਕਬਜ਼ੇ ਦੇ ਅਰਥ ਇਹ ਨਹੀਂ ਸਨ ਕਿ ਸਰਕਾਰੀ ਅਫਸਰਾਂ ਦੀਆਂ ਗੁਰਦੁਆਰੇ ਉਤੇ ਸਿੱਧਾ ਜਾਂ ਵਿੰਗਾ ਹੱਕ ਜਮਾਈ ਰਖਣ ਦੀਆਂ ਗੋਂਦਾਂ ਖਤਮ ਹੋ ਗਈਆਂ ਸਨ। ਅੰਗਰੇਜ਼ ਆਸਾਨੀ ਨਾਲ ਇਸ ਇਤਿਹਾਸਕ ਗੁਰਦੁਆਰੇ ਤੇ ਤਖਤ ਨੂੰ ਹੱਥੋਂ ਛਡਣ ਵਾਲੇ ਨਹੀਂ ਸਨ। ਜਿਸ ਨੂੰ ਪਿੱਛੇ ਕਈ ਵਾਰ ਉਹ ਆਪਣੇ ਰਾਜ ਦੀ ਮਜ਼ਬੂਤੀ ਅਤੇ ਆਜ਼ਾਦੀ ਦੀ ਲੜਾਈ ਲੜਨ ਵਾਲੇ ਦੇਸ਼ ਦੇ ਆਸ਼ਕਾਂ ਨੂੰ ਕੁਚਲਨ ਲਈ ਵਰਤ ਚੁੱਕੇ ਸਨ। ਉਹਨਾਂ ਨੇ ਹੁਣ ਨਵੀਆਂ ਸਾਜ਼ਸ਼ਾਂ ਰਚਣੀਆਂ ਅਰੰਭ ਦਿਤੀਆਂ।

ਨਵੇਂ ਸਰਬਰਾਹ ਸ: ਸੁੰਦਰ ਸਿੰਘ ਰਾਮਗੜ੍ਹੀਏ ਨੂੰ ਇਸ ਘਟਨਾ ਦੀ ਅਤੇ ਪੁਜਾਰੀਆਂ ਤੇ ਗਰੰਥੀਆਂ ਦੀ ਅਕਾਲ ਤਖਤ ਤੋਂ ਭੱਜ ਜਾਣ ਅਤੇ ਤਖਤ ਨੂੰ ਸੁੰਞਾ ਛੱਡਕੇ ਬੇਅਦਬੀ ਕਰਨ ਦੀ ਖਬਰ ਕੀਤੀ ਗਈ। ਉਸ ਵਲੋਂ ਪੁਜਾਰੀਆਂ ਨੂੰ ਆਣਕੇ ਇਸ ਬੇਅਦਬੀ ਲਈ ਮੁਆਫੀ ਮੰਗਣ ਲਈ ਆਖਿਆ ਗਿਆ; ਪਰ ਉਹ ਸਰਬਰਾਹ ਦੇ ਬੁਲਾਣ ਤੇ ਵੀ ਨਾ ਆਏ।

ਅਗਲੇ ਦਿਨ 13 ਅਕਤੂਬਰ ਨੂੰ ਡਿਪਟੀ ਕਮਿਸ਼ਨਰ ਨੇ ਸਰਬਰਾਹ ਤੇ ਕੁਛ ਉੱਘੇ ਸਿੱਖਾਂ ਨੂੰ ਆਪਣੀ ਕੋਠੀ ਸਦਿਆ; ਉਸ ਨੇ ਗਰੰਥੀਆਂ ਤੇ ਪੁਜਾਰੀਆਂ ਨੂੰ ਵੀ ਨਾਲ ਹੀ ਬੁਲਾ ਲਿਆ ਤਾਂ ਜੋ ਨਵੇਂ ਪੈਦਾ ਹੋਏ ਹਾਲਾਤ ਉੱਤੇ ਵਿਚਾਰ ਕੀਤੀ ਜਾਵੇ, ਪਰ ਪੁਜਾਰੀ ਉਸ ਦੇ ਸੱਦੇ ਤੇ ਵੀ ਨਾ ਬਹੁੜੇ। ਡਿਪਟੀ ਕਮਿਸ਼ਨਰ ਨੇ ਨੌਵਾਂ[2] ਸੁਧਾਰਵਾਦੀਆਂ ਦੀ ਜਿਨ੍ਹਾਂ ਵਿਚ ਮੁਖੀ ਦੇ ਤੌਰ ਤੇ ਸਰਬਰਾਹ ਵੀ ਸ਼ਾਮਲ ਸੀ, ਇਕ ਆਰਜ਼ੀ ਪਰਬੰਧਕ ਕਮੇਟੀ ਬਣਾ ਦਿਤੀ ਅਤੇ ਆਖਿਆ ਕਿ ਇਹ ਓਨਾ ਚਿਰ ਕੰਮ ਕਰੇਗੀ ਜਿੰਨਾ ਚਿਰ ਇਕ ਪੱਕੀ ਪਰਬੰਧਕ ਕਮੇਟੀ ਨਹੀਂ ਬਣਦੀ।

---

[1] ਪਰਿੰਸੀਪਲ ਨਿਰੰਜਨ ਸਿੰਘ, ਰੋਜ਼ਾਨਾ ਜਥੇਦਾਰ (ਨੰਬਰ 2) 20 ਅਗਸਤ, 1967

[2] ਸ: ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ, ਪਰੋਫੈਸਰ ਤੇਜਾ ਸਿੰਘ ਤੇ ਬਾਵਾ ਹਰਕਿਸ਼ਨ ਸਿੰਘ ਖਾਲਸਾ ਕਾਲਜ, ਭਾਈ ਦੇਵਾ ਸਿੰਘ ਸਕਤਰ ਸਿੰਘ ਸਭਾ, ਬਹਾਦਰ ਸਿੰਘ ਹਕੀਮ, ਤੇਜਾ ਸਿੰਘ ਭੁੱਚਰ, ਕਰਤਾਰ ਸਿੰਘ ਝੱਬਰ, ਚੰਦਾ ਸਿੰਘ ਪੰਥ ਸੇਵਕ ਅਤੇ ਡਾਕਟਰ ਗੁਰਬਖਸ਼ ਸਿੰਘ।

Digitized by Panjab Digital Library | www.panjabdigilib.org

ਕਮੇਟੀ ਬਣ ਜਾਣ ਪਿੱਛੋਂ ਪੁਜਾਰੀਆਂ ਤੇ ਗਰੰਥੀਆਂ ਨੂੰ ਹੋਸ਼ ਆਈ ਕਿ ਉਹਨਾਂ ਦੇ ਹੱਥੋਂ ਤਾਂ ਰੁਜ਼ਗਾਰ ਖੁੱਸ ਗਿਆ ਹੈ।ਉਹਨਾਂ ਨੂੰ ਬਰਿਟਿਸ਼ ਰਾਜ ਦੀ ਸੇਵਾ ਦਾ ਬੜਾ ਮਾਣ ਸੀ। ਉਹ ਅਫਸਰਾਂ ਦੇ ਇਸ਼ਾਰੇ ਤੇ ਸਾਰੇ ਸਿੱਖ ਪੰਥ ਨੂੰ ਟਿੱਚ ਸਮਝਦੇ ਸਨ। ਉਹਨਾਂ ਨੂੰ ਆਸ ਤੇ ਭਰੋਸਾ ਸੀ ਕਿ ਡਿਪਟੀ ਕਮਿਸ਼ਨਰ ਦੇ ਹੱਥਾਂ ਵਿਚ ਉਹਨਾਂ ਦੇ ਹਿਤ ਸੁਰੱਖਿਅਤ ਹਨ। ਪਰ ਇਹ ਆਸ ਤੇ ਭਰੋਸਾ ਛਲੇਡਾ ਸਾਬਤ ਹੋਏ। ਉਹਨਾਂ ਦੇ ਹੱਥੋਂ ਅਕਾਲ ਤਖਤ ਦਾ ਰਾਜ ਖੁੱਸ ਗਿਆ।

ਹੁਣ ਉਹਨਾਂ ਨੇ ਸਾਜ਼ਸ਼ਾਂ ਦਾ ਰਾਹ ਅਪਣਾਇਆ। ਮਰਦਾ ਕੀ ਨਹੀਂ ਕਰਦਾ। ਉਹ ਭੱਜੇ ਭੱਜੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਪਾਸ ਗਏ। ਉਹਨਾਂ ਅੱਗੇ ਆਪਣੇ ਰੋਣੇ ਰੋਏ—ਪਤਾ ਨਹੀਂ ਕੀ ਆਖ ਆਖ ਕੇ ਉਹਨਾਂ ਦੇ ਕੰਨ ਭਰੇ ਕਿ ਉਹਨਾਂ ਨੂੰ ਅਕਾਲ ਤਖਤ ਤੇ ਹਮਲਾ ਕਰਕੇ ਕਬਜ਼ਾ ਕਰਨ ਲਈ ਪਰੇਰ ਲਿਆ। ਨਿਹੰਗਾਂ ਨੇ ਇਹ ਜ਼ਰੂਰਤ ਹੀ ਨਾ ਸਮਝੀ ਕਿ ਦੂਜੀ ਧਿਰ ਨੂੰ ਮਿਲਕੇ ਸਾਰੇ ਹਾਲਾਤ ਦਾ ਪਤਾ ਕਰ ਲਈਏ—ਚੜ੍ਹਕੇ ਅਕਾਲ ਤਖਤ ਤੇ ਕਬਜ਼ਾ ਕਰਨ ਲਈ ਆ ਗਏ। ਖਿੱਚੋ-ਤਾਣ ਵਧਕੇ ਸੰਕਟ ਦੀ ਹਾਲਾਤ ਪੈਦਾ ਹੋ ਗਈ। 15 ਅਕਤੂਬਰ ਦਾ ਦਿਨ ਸੀ, ਉਹ ਹਮਲਾ ਕਰਨ ਦੀਆਂ ਤਿਆਰੀਆਂ ਵਿਚ ਸਨ ਕਿ ਬਾਬਾ ਕੇਹਰ ਸਿੰਘ ਜੀ ਪੱਟੀ ਨੇ ਵਿਚ ਪੈ ਕੇ ਮੌਕਾ ਸੰਭਾਲ ਲਿਆ। ਉਹਨਾਂ ਨੇ ਨਿਹੰਗ ਸਿੰਘਾਂ ਨੂੰ ਪੁਜਾਰੀਆਂ ਦੀ ਗਦਾਰੀ ਦੀ ਸਾਰੀ ਕਥਾ ਖੋਲ੍ਹਕੇ ਸੁਣਾਈ। ਬਾਬਾ ਜੀ ਪੁਰਾਣੇ ਬਜ਼ੁਰਗਾਂ ਵਾਲੇ ਬੜੇ ਦਾਅ ਪੇਚ ਜਾਣਦੇ ਸਨ। ਜ਼ਬਾਨ ਬੜੀ ਮਿੱਠੀ ਤੇ ਰਸ ਵਾਲੀ ਸੀ ਅਤੇ ਕੇਸ ਬੜਾ ਮਜ਼ਬੂਤ ਸੀ। ਉਹਨਾਂ ਨੇ ਨਿਹੰਗ ਸਿੰਘਾਂ ਨੂੰ ਠੰਡਾ ਕਰ ਲਿਆ ਅਤੇ ਪਰੇਰ ਲਿਆ ਕਿ ਉਹ ਪੁਜਾਰੀਆਂ ਦੀ, ਅਕਾਲ ਤਖਤ ਛੱਡ ਕੇ ਭਜ ਜਾਣ ਦੀ ਨਿਖੇਧੀ ਕਰਨ ਅਤੇ ਜਿੰਨਾ ਚਿਰ ਤਕ ਪੰਥ ਦਾ ਇੱਕਠ ਹੋ ਕੇ ਕੋਈ ਫੈਸਲਾ ਨਹੀਂ ਹੋ ਜਾਂਦਾ, ਓਨੇ ਚਿਰ ਤਕ ਵਰਤਮਾਨ ਪਰਬੰਧ ਨੂੰ ਚਲਣ ਦੇਣ। ਨਿਹੰਗ ਸਿੰਘ ਮੰਨ ਗਏ ਅਤੇ ਵਾਪਸ ਚਲੇ ਗਏ।

ਪਰ ਦੀਵਾਲੀ ਵਾਲੀ ਰਾਤ ਨੂੰ ਕੁਛ ਨਿਹੰਗ ਸਿੰਘ ਫੇਰ ਜਥਾ ਬਣਾਕੇ ਆ ਗਏ ਅਤੇ ਫਸਾਦ ਕਰਨ ਲਈ ਬਾਹਵਾਂ ਚੜ੍ਹਾਉਣ ਲਗ ਪਏ। ਉਹ ਅਕਾਲ ਤਖਤ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਇਸ ਵਾਰ ਬਾਬਾ ਕੇਹਰ ਸਿੰਘ ਜੀ ਦੀ ਪਰੇਰਨ-ਸ਼ਕਤੀ ਵੀ ਅਸਫਲ ਹੋ ਗਈ। ਕੁਛ ਹੋਰ ਸਜਣਾਂ ਨੇ ਵੀ ਉਹਨਾਂ ਨੂੰ ਫਸਾਦ ਤੋਂ ਰੋਕਣ ਦੇ ਜਤਨ ਕੀਤੇ ਪਰ ਸਭ ਨਿਸਫਲ ਹੋ ਗਏ। ਜਦੋਂ ਉਹ ਕੋਈ ਗੱਲ ਵੀ ਨਾ ਮੰਨੇ ਤਾਂ ਜਥੇਦਾਰ ਅਕਾਲ ਤਖਤ ਨੇ ਵੰਗਾਰ ਕੇ ਆਖਿਆ : 'ਚੰਗਾ, ਆ ਜਾਓ, ਫੇਰ ਵੇਖ ਲਓ ਸੁਆਦ।' ਇਸ ਚੈਲਿੰਜ ਨੇ ਉਹਨਾਂ ਦੇ ਕੰਨ ਢਿੱਲੇ ਕਰ ਦਿੱਤੇ ਅਤੇ ਉਹ ਓਥੋਂ ਚੁਪ ਚਾਪ ਖਿਸਕ ਗਏ।

ਹੁਣ ਕੁਛ ਚਿਰ ਤਕ ਠੰਡ-ਠੰਡਾਰਾ ਰਿਹਾ।

## 6. ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ

ਅਕਾਲ ਤਖਤ ਦੇ ਕਬਜ਼ੇ ਨੇ ਤੇ ਅਕਾਲੀ ਜੱਥਿਆਂ ਦੇ ਵਜੂਦ ਵਿਚ ਆਉਣ ਨੇ ਕੇਂਦਰੀ ਜਥੇਬੰਦੀਆਂ ਕਾਇਮ ਕਰਨ ਦੇ ਹਾਲਾਤ ਪੈਦਾ ਕਰ ਦਿਤੇ। ਅਨਾਰਕੀ ਬੁਰਛਾ ਗਰਦੀ ਤੇ ਬੇ-ਮੁਹਾਰਪੁਣੇ ਨੂੰ ਰੋਕਣ ਲਈ, ਗੁਰਦੁਆਰਿਆਂ ਦੇ ਕੇਂਦਰੀ ਪਰਬੰਧ ਤੇ ਜੱਥਿਆਂ ਨੂੰ ਬੰਧੇਜ ਵਿਚ ਰਖਣ ਲਈ ਕੇਂਦਰੀ ਜਥੇਬੰਦੀਆਂ ਝਟ ਪਟ ਕਾਇਮ ਕਰਨਾ ਵਕਤ ਦੀ ਪੁਕਾਰਵੀਂ ਮੰਗ ਸੀ। ਇਸ ਜ਼ਰੂਰੀ ਕੰਮ ਵਲ ਅਨਗਹਿਲੀ ਪੰਥ ਲਈ ਬੜੀ ਹਾਨੀਕਾਰਕ ਸਾਬਤ ਹੋ ਸਕਦੀ ਸੀ। ਹੰਨੇ ਹੰਨੇ ਦੀ ਮੀਰੀ ਵਿਰੋਧ ਪੈਦਾ ਕਰਦੀ ਸੀ ਅਤੇ ਅੰਗਰੇਜ਼ ਹਾਕਮਾਂ ਦੇ ਹੱਥਾਂ ਵਿਚ ਖੇਡਣ ਲਈ ਰਾਹ

Digitized by Panjab Digital Library | www.panjabdigilib.org

ਪੱਧਰਾ ਕਰਦੀ ਸੀ। ਰੋਜ਼ਾਨਾ ਅਕਾਲੀ ਕੇਂਦਰੀ ਜਥੇਬੰਦੀਆਂ ਸਿਰਜਨ ਤੇ ਬੜਾ ਜ਼ੋਰ ਦੇ ਰਿਹਾ ਸੀ।

ਇਸ ਕਾਰਜ ਦੇ ਸਿਰੇ ਚਾੜ੍ਹਨ ਲਈ 15 ਨਵੰਬਰ 1920 ਨੂੰ ਸਮੂਹ ਸਿੱਖਾਂ ਦੇ ਪਰਤੀਨਿਧਾਂ ਦਾ ਇਕ ਇੱਕਠ ਜਥੇਦਾਰ ਅਕਾਲ ਤਖਤ ਵਲੋਂ ਅਮਰਿਤਸਰ ਸਦਿਆ ਗਿਆ। ਇਸ ਵਿਚ ਸ਼ਾਮਲ ਹੋਣ ਦੇ ਸੱਦਾ-ਪੱਤਰ ਤਖਤਾਂ, ਸਿੰਘ ਸਭਾਵਾਂ, ਗੁਰਦੁਆਰਿਆਂ, ਫੌਜਾਂ, ਕਾਲਜਾਂ, ਸਕੂਲਾਂ, ਸਿੱਖ ਰਿਆਸਤਾਂ ਅਤੇ ਮੁਕਦੀ ਗੱਲ ਹਰ ਇਕ ਸਿੱਖ ਸੰਪਰਦਾਅ ਨੂੰ ਘੱਲੇ ਗਏ। ਇਸ ਇੱਕਠ ਦਾ ਸੱਦਾ ਸਭ ਪਾਹਿਲੂ ਸੋਚ ਕੇ, ਬਗੈਰ ਕਿਸੇ ਭਿੰਨ-ਭੇਦ ਜਾਂ ਵਿਤਕਰੇ ਦੇ ਦਿਤਾ ਗਿਆ ਸੀ। ਤਾਂ ਜੋ ਕਿਸੇ ਸੰਪਰਦਾਅ ਦੇ ਸਿੱਖ ਨੂੰ ਕੋਈ ਸ਼ਕਾਇਤ ਨਾ ਰਹੇ। ਅਕਾਲ ਤਖਤ ਦਾ ਸੱਦਾ ਹੁਕਮਨਾਮੇ ਦਾ ਦਰਜਾ ਰਖਦਾ ਸੀ।

ਅਕਾਲੀ ਤੇ ਹੋਰ ਪੰਥਕ ਅਖਬਾਰਾਂ ਨੇ 15 ਨਵੰਬਰ ਦੇ ਇੱਕਠ ਦਾ ਜ਼ੋਰਾਂ ਨਾਲ ਪਰਚਾਰ ਸ਼ੁਰੂ ਕਰ ਦਿਤਾ। ਸਰਕਾਰੀ ਅਫਸਰ ਹੁਣ ਤਕ ਅਵੇਸਲੇ ਨਹੀਂ ਸਨ ਬੈਠੇ ਹੋਏ। ਉਹ ਨਵੇਂ ਪੈਦਾ ਹੋਏ ਹਾਲਾਤ ਦੇ ਨਜਿੱਠਣ ਲਈ ਪੰਜਾਬ ਸਰਕਾਰ ਸਕੱਤਰੇਤ ਤੇ ਗਵਰਨਰ ਨਾਲ ਮਿਲਕੇ ਪਾਲਿਸੀ ਬਣਾ ਰਹੇ ਸਨ ਅਤੇ ਗਵਰਨਰ ਚਿੱਠੀ ਪੱਤਰ ਰਾਹੀਂ ਤੇ ਮਿਲਕੇ ਗਵਰਨਰ ਜਨਰਲ (ਵਾਈਸਰਾਏ) ਨਾਲ ਇਸ ਪਾਲਿਸੀ ਬਾਰੇ ਮਸ਼ਵਰੇ ਕਰ ਤੇ ਮਨਜ਼ੂਰੀ ਲੈ ਰਿਹਾ ਸੀ। ਗੁਰਦੁਆਰਿਆਂ ਦੇ ਅਹਿਮ ਪਰਬੰਧ ਬਾਰੇ ਕੋਈ ਡਿਪਟੀ ਕਮਿਸ਼ਨਰ ਜਾਂ ਕਮਿਸ਼ਨਰ, ਇੱਕਲਾ ਕੋਈ ਫੈਸਲਾ ਨਹੀਂ ਸੀ ਲੈ ਸਕਦਾ! ਏਹੋ ਜੇਹੇ ਅਹਿਮ ਫੈਸਲੇ 'ਮੁਕਾਮੀ' (ਸੂਬਾਈ) ਸਰਕਾਰ ਵੀ ਕੇਂਦਰੀ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਕਰਦੀ ਸੀ ਅਤੇ ਕੇਂਦਰੀ ਸਰਕਾਰ ਵਲੋਂ ਲੰਡਨ ਦੇ ਇੰਡੀਆ ਹਾਊਸ ਨੂੰ ਹਰ ਫੈਸਲੇ ਦੀ ਜਾਣਕਾਰੀ ਭੇਜੀ ਜਾਂਦੀ ਸੀ।

ਅੰਗਰੇਜ਼ ਸਰਕਾਰ ਦੇ ਕਾਰਜ-ਕਰਮ ਤੋਂ ਨਾ ਜਾਣੂ ਹੋਣ ਕਰਕੇ ਕਈ ਵਾਰ ਇਹ ਪਰਚਾਰ ਕੀਤਾ ਜਾਂਦਾ ਸੀ ਕਿ ਇਹ ਕਈ ਕੁ ਅਫ਼ਸਰ[1] ਹਨ ਜਿਹੜੇ ਗੁਰਦੁਆਰਿਆਂ ਦਾ ਸੁਧਾਰ ਨਹੀਂ ਹੋਣ ਦੇਣਾ ਚਾਹੁੰਦੇ ਅਤੇ ਸਿੱਖਾਂ ਨਾਲ ਦੁਸ਼ਮਣੀ ਕਰਦੇ ਹਨ। ਸਮੁਚੀ ਸਰਕਾਰ ਨਹੀਂ। ਇਹ ਗੱਲਾਂ ਬੇਸਮਝੀ ਦੇ ਕਾਰਣ ਕੀਤੀਆਂ ਜਾਂਦੀਆਂ ਸਨ। ਗਵਰਨਰ ਪੰਜਾਬ ਦੇ ਅਤੇ ਵਾਈਸਰਾਏ ਹਿੰਦੁਸਤਾਨ ਦੇ ਛੋਟੇ ਤੇ ਵੱਡੇ ਰੱਬ ਸਨ, ਜਿਨ੍ਹਾਂ ਦੀ ਮੋਹਰ ਲਗਣ ਤੋਂ ਬਗੈਰ ਕੋਈ ਪਾਲਿਸੀ ਤੈ ਨਹੀਂ ਹੋ ਸਕਦੀ ਸੀ। ਅਕਾਲੀ ਤੇ ਪ੍ਰਦੇਸੀ ਅਖਬਾਰ ਵੀ ਕਈ ਵਾਰ ਅਫ਼ਸਰਾਂ ਦੇ ਜ਼ੁਲਮ ਨੂੰ ਨਿੱਜੀ ਫੈਸਲਾ ਆਖਣ ਲਗ ਪੈਂਦਾ ਸੀ। ਪਰ ਕਿਸੇ ਵੱਡੀ ਰਾਜਸੀ ਜਾਂ ਧਾਰਮਕ ਤਹਿਰੀਕ ਨਾਲ ਕਿਵੇਂ ਨਜਿੱਠਿਆ ਜਾਵੇ, ਕੇਂਦਰ ਦੇ ਮਸ਼ਵਰੇ ਪਿੱਛੋਂ ਪੰਜਾਬ ਸਰਕਾਰ ਦਾ ਅਖੀਰੀ ਫੈਸਲਾ ਹੁੰਦਾ ਸੀ ਜਿਹੜਾ ਹਰ ਇਕ ਨੂੰ ਮੰਨਣਾ ਪੈਂਦਾ ਸੀ।

ਪੰਜਾਬ ਸਰਕਾਰ ਦੀ ਨਵੀਂ ਪਾਲਿਸੀ ਹੁਣ ਇਹ ਸੀ ਕਿ ਪਿਛਲੇ ਮੋਹਰੇ ਕੁਛ ਪਿਟ ਰਹੇ ਤੇ ਕੁਛ ਪਿਟ ਗਏ ਹਨ, ਉਹ ਕੰਮ ਨਹੀਂ ਦੇ ਸਕਦੇ, ਇਸ ਲਈ ਗੁਰਦੁਆਰਾ ਪਰਬੰਨ ਵਿਚ ਹੱਥ ਰਖਣ ਲਈ ਕੋਈ ਹੋਰ ਦਾਅ ਮਾਰੋ; ਇਸ ਦਾਅ-ਮਾਰ ਪਾਲਿਸੀ ਦਾ ਪਰਗਟਾਅ 15 ਨਵੰਬਰ ਦੇ ਪੰਥਕ ਇਕੱਠ ਤੋਂ ਦੋ ਦਿਨ ਪਹਿਲਾਂ ਹੋਇਆ। ਸਰਕਾਰ ਨੇ ਉਸ ਮਹਾਰਾਜਾ ਪਟਿਆਲੇ ਨਾਲ ਮਸ਼ਵਰੇ ਕਰਕੇ ਇਕ 36 ਆਦਮੀਆਂ ਦੀ ਗੁਰਦੁਆਰਾ ਪਰਬੰਧਕ ਕਮੇਟੀ ਪੇਸ਼ ਕਰ ਦਿਤੀ, ਜਿਹੜਾ ਸਰਕਾਰ ਦਾ 'ਫਰਜ਼ੰਦਿ ਅਰਜ਼ਮੰਦ' ਤੇ 'ਪੰਜੇ ਐਬ ਸ਼ਰੱਈ' ਸੀ। ਇਸ ਵਿਚ ਪੰਥ ਦੀਆਂ ਅੱਖੀਆਂ ਪੂੰਝਣ ਲਈ ਕੁਛ ਇਕ ਸੁਧਾਰਵਾਦੀਆਂ ਵਿਚੋਂ ਵੀ ਰੱਖੇ ਗਏ ਸਨ ਪਰ ਬਾਹਲੀ ਗਿਣਤੀ ਵਫਾਦਾਰਾਂ ਦੀ ਸੀ।

---

1. ਅਕਾਲੀ ਤੇ ਪ੍ਰਦੇਸੀ, 27 ਅਕਤੂਬਰ 1922

Digitized by Panjab Digital Library | www.panjabdigilib.org

36 ਆਦਮੀਆਂ ਦੀ ਕਮੇਟੀ ਬਣਾਣ ਦੇ ਦੋ ਮਕਸਦ ਸਨ। ਇਕ, ਸਿੱਖਾਂ ਨੂੰ ਜਥੇਬੰਦ ਹੋਣੋਂ ਰੋਕਣਾ ਅਤੇ ਦੂਜੇ ਸਿਖਾਂ ਵਿਚ ਫੁੱਟ ਪਾਕੇ ਗੁਰਦੁਆਰਿਆਂ ਉਤੇ ਆਪਣਾ ਕਬਜ਼ਾ ਜੀ ਹਜ਼ੂਰੀਆਂ ਰਾਹੀਂ ਰਖਣਾ। ਪਰ ਗੁਰਦੁਆਰਾ ਪਰਬੰਧਕ ਕਮੇਟੀ ਨੇ ਸਰਕਾਰ ਦੀ ਇਹ ਚਲਾਕੀ ਨਾਕਾਮ ਕਰ ਦਿਤੀ। ਸਰਕਾਰ ਨੇ ਇਸ ਨੂੰ ਆਪਣੀ ਮਰਜ਼ੀ ਦੇ ਖਿਲਾਫ ਚੈਲੰਜ ਸਮਝਿਆ। ਅਤੇ ਏਹੋ ਚੈਲੰਜ ਅਗਲੀਆਂ ਘਟਨਾਵਾਂ ਪੈਦਾ ਕਰਨ ਦਾ ਸੋਮਾ ਬਣ ਗਿਆ।

15-16 ਨਵੰਬਰ ਨੂੰ ਦੋ ਦਿਨ ਅਕਾਲ ਤਖਤ ਉਤੇ ਪੰਥਕ ਇਕੱਠ ਹੋਇਆ। ਨੁਮਾਇੰਦਾ ਹੋਣ ਦੀ ਅਤੇ ਸਿੱਖੀ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਪੜਤਾਲ ਪਹਿਲੋਂ ਹੋ ਚੁਕੀ ਸੀ। ਇਹ ਸਿੱਖ ਇਤਿਹਾਸ ਵਿਚ, ਪਹਿਲਾ ਇੱਕਠ ਸੀ ਜਿਹੜਾ ਸਿੱਖ ਰਾਜ ਪਿੱਛੋਂ ਵੱਧ ਤੋਂ ਵੱਧ ਨੁਮਾਇੰਦਾ ਤੇ ਭਰਵਾਂ ਸੀ। ਇਸ ਵਿਚ ਭਿੰਨ ਭਿੰਨ ਰਾਜਸੀ, ਧਾਰਮਕ ਤੇ ਸਭਿਆਚਾਰਕ ਖਿਆਲਾਂ ਦੇ ਸਿੱਖਾਂ ਨੇ ਹਿੱਸਾ ਲਿਆ ਅਤੇ ਉਹਨਾਂ ਨੇ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਸਰਬ ਸੰਮਤੀ ਨਾਲ ਫੈਸਲੇ ਲਏ। ਅੰਗਰੇਜ਼-ਪੱਖੀ ਪਾਲਿਸੀ ਦੇ ਕਾਰਣ ਚੀਫ ਖਾਲਸਾ ਦੀਵਾਨ ਹੁਣ ਤਕ ਢੇਰ ਸਾਰਾ ਭੰਡਿਆ ਗਿਆ ਸੀ ਪਰ ਸਿੱਖਾਂ ਵਿਚ ਅਜੇ ਗੁਰਦੁਆਰਿਆਂ ਦਾ ਸੁਧਾਰ ਕਰਨ ਦੇ ਦਾਅ-ਪੇਚਾਂ ਤੇ ਤਰੀਕਿਆਂ ਸੰਬੰਧੀ ਚੇਤਨਤਾ ਤੇ ਕਤਾਰ-ਬੰਦੀ ਨਹੀਂ ਸੀ।

ਵੱਡੀ, ਆਮ ਕਮੇਟੀ ਜਿਸ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਪਰਵਾਨ ਹੋਇਆ, 175 ਮਿੰਬਰਾਂ ਦੀ ਚੁਣੀ ਗਈ। ਇਸ ਵਿਚ 36 ਉਹ ਮਿੰਬਰ ਵੀ ਸ਼ਾਮਲ ਕਰ ਲਏ ਗਏ ਜਿਹੜੇ ਸਰਕਾਰ ਨੇ ਨਾਮਜ਼ਦ ਕੀਤੇ ਸਨ। ਇਹ ਫੈਸਲਾ, ਉਸ ਵੇਲੇ, ਸਿਆਣਪ-ਭਰਿਆ ਸੀ। ਅਤੇ ਅੰਗਰੇਜ਼ ਸਰਕਾਰ ਦੀ ਕੁਟਲ-ਨੀਤੀ ਨੂੰ ਮਾਤ ਦੇਣ ਵਾਲਾ ਸੀ। ਇਸ ਨਾਲ ਕਈ ਬਹਿਸਾਂ ਜਿਹੜੀਆਂ ਉੱਠ ਸਕਦੀਆਂ ਸਨ, ਨਹੀਂ ਉੱਠੀਆਂ! ਇਕੱਠ ਬੜੇ ਸੁਖਾਵੇਂ ਤੇ ਸੋਹਣੇ ਵਾਯੂ-ਮੰਡਲ ਵਿਚ ਹੋਇਆ।

ਚੋਣ ਉੱਤੇ ਹੋ ਚੁਕੀ ਸੀ। ਥੱਲੇ ਦੀਵਾਨ ਸਜਿਆ ਹੋਇਆ ਸੀ ਅਤੇ ਲੋਕਾਂ ਉੱਤੇ ਹੋਈ ਕਾਰਵਾਈ ਸੁਣਨ ਲਈ ਬੜੇ ਉਤਾਵਲੇ ਬੈਠੇ ਉਡੀਕ ਕਰ ਰਹੇ ਸਨ। ਬਾਵਾ ਹਰਕਿਸ਼ਨ ਸਿੰਘ ਨੇ ਪਹਿਲੋਂ ਆਪਣੀਆਂ ਭੁੱਲਾਂ ਬਖਸ਼ੌਣ ਵਾਲਿਆਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਦਾ ਨਾਮ ਲਿਆ ਜਿਨ੍ਹਾਂ ਨੂੰ ਸੁਧਾਈ ਵੇਲੇ "ਤਨਖਾਹਾਂ" ਲਗੀਆਂ ਸਨ। ਜਦੋਂ ਉਹ ਸਜ਼ਾਵਾਂ ਪਰਵਾਨ ਕਰਨ ਦੀਆਂ ਗੱਲਾਂ ਕਰ ਰਹੇ ਸਨ ਤਾਂ ਸਾਰਿਆਂ ਦੀਆਂ ਅੱਖਾਂ, ਮੁੜ ਮੁੜ, ਸ: ਸੁੰਦਰ ਸਿੰਘ ਮਜੀਠੀਏ ਵਲ ਉਠਦੀਆਂ ਸਨ। ਲੋਕ ਜਾਨਣਾ ਚਾਹੁੰਦੇ ਸਨ ਕਿ ਮਜੀਠੀਏ ਨੂੰ ਪਿਛਲੇ ਗੁਨਾਹਾਂ ਦੀ ਕੀ ਸਜ਼ਾ ਦਿੱਤੀ ਗਈ ਹੈ। ਕਿਉਂਕਿ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਪੁੱਜਕੇ ਜੀ-ਹਜ਼ੂਰੀਆ, ਦਿਲੱਤ ਅਤੇ ਸੁਆਰਥੀ ਸੀ। ਅਤੇ ਸਿੱਖਾਂ ਵਿਚ ਗਦਰੀ ਇਨਕਲਾਬੀਆਂ ਦੇ ਖਿਲਾਫ ਅਸਿੱਖ ਹੋਣ ਦੇ ਫਤਵੇ ਦੇਣ ਕਰਕੇ ਬੜਾ ਬਦਨਾਮ ਹੋ ਚੁਕਾ ਸੀ।

## 7. ਮਜੀਠੀਏ ਦੀ ਚਲਾਕੀ

ਬਾਵਾ ਜੀ ਨੇ ਸ: ਸੁੰਦਰ ਸਿੰਘ ਦੀ ਪੁਜ਼ੀਸ਼ਨ ਬੜੇ ਵਿਸਥਾਰ ਨਾਲ ਬਿਆਨ ਕੀਤੀ, ਫੇਰ ਸੁੰਦਰ ਸਿੰਘ ਨੇ ਖੁਦ ਭਰੇ ਦੀਵਾਨ ਵਿਚ ਖਲੋ ਕੇ ਕਿਹਾ: ਮੈਂ ਹੁਣ ਤਕ ਜੋ ਕੁਛ ਕੀਤਾ ਹੈ, ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਕਹਿੰਦਾ ਹਾਂ—ਪੰਥ ਦੇ ਭਲੇ ਲਈ, ਆਪਣੀ ਯੋਗਤਾ ਅਨੁਸਾਰ ਕੀਤਾ ਹੈ। ਮੈਂ ਕੋਈ ਗੱਲ ਨਿਜ ਸੁਆਰਥ ਲਈ ਨਹੀਂ ਕੀਤੀ। ਜੇ ਮੈਂ ਕੋਈ ਭੁਲ ਕੀਤੀ ਹੈ ਤਾਂ ਪੰਥ

Digitized by Panjab Digital Library | www.panjabdigilib.org

ਬਖਸ਼ਿੰਦ ਹੈ ।[1]––ਪਰ ਇਹ ਸਭ ਰਿਆਕਾਰੀ ਸੀ । ਉਸ ਨੇ ਸਗੋਂ ਆਖਿਆ ਕਿ ਮੈਂ ਤਾਂ ਕੋਈ ਭੁਲ ਨਹੀਂ ਕੀਤੀ, ਪਰ ਜੇ ਤੁਸੀਂ ਸਮਝਦੇ ਹੋ ਕਿ ਮੈਂ ਕੋਈ ਭੁਲ ਕੀਤੀ ਹੈ, ਤਾਂ ਗੁਰੂ ਬਖਸ਼ਿੰਦ ਹੈ। ਉਸ ਨੇ ਗੁਰੂ ਤੇ ਗੁਰਬਾਣੀ ਦਾ ਆਸਰਾ ਲੈ ਕੇ ਲੋਕਾਂ ਦੀ ਅੱਖੀਂ ਘੱਟਾ ਪਾ ਦਿਤਾ ਅਤੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਪਰਧਾਨ ਚੁਣਿਆ ਗਿਆ ਅਤੇ ਚੀਫ ਖਾਲਸਾ ਦੀਵਾਨ ਦੇ ਪੁਰਾਣੇ ਆਗੂ ਮੁੜ ਫੇਰ ਮੁਖ ਅਹੁਦਿਆਂ ਉਤੇ ਬੈਠ ਗਏ, ਪਰ ਥੋੜੇ ਚਿਰ ਲਈ ਹੀ । ਸ: ਸੁੰਦਰ ਸਿੰਘ ਤਾਂ ਅੰਗਰੇਜ਼ ਰਾਜ ਨਾਲ ਟੱਕਰ ਤੋਂ ਪਹਿਲੋਂ ਹੀ ਭੱਜ ਗਿਆ । ਅਤੇ ਬਾਕੀ ਦੇ ਟੱਕਰ ਔਣ ਤੇ ਸਿਰ ਲੁਕਾ ਕੇ ਬਹਿ ਗਏ । ਜਾਂ ਢੀਠਾਂ ਵਾਂਗ ਸਰਕਾਰ ਦੀ, ਵਿੰਗੇ ਸਿੱਧੇ ਤਰੀਕੇ ਨਾਲ, ਮਦਦ ਕਰਦੇ ਰਹੇ ।

ਪਿੱਛੋਂ ਚੋਣ ਦਾ ਏਲਾਨ ਕੀਤਾ ਗਿਆ । ਇਸ ਚੋਣ ਵਿਚ ਚੀਫ ਖਾਲਸਾ ਦੀਵਾਨ ਦੇ 'ਕੁਦਰਤੀ, ਤੇ 'ਖਾਨਦਾਨੀ' ਲੀਡਰ ਫਿਰ ਉੱਤੇ ਆ ਗਏ । ਸ: ਸੁੰਦਰ ਸਿੰਘ ਮਜੀਠੀਆ ਕਮੇਟੀ ਦੇ ਪਰਧਾਨ; ਸ: ਹਰਬੰਸ ਸਿੰਘ ਅਟਾਰੀ ਮੀਤ ਪਰਧਾਨ ਤੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ ! ਇਹ ਉਸ ਵੇਲੇ ਦੀ ਕੱਚੀ ਤੇ ਧੁਆਂਖੀ ਹਾਲਤ ਦਾ ਅਸਲੀ ਪਰਗਟਾਅ ਸੀ । ਪਰ ਸਰਕਾਰ ਅੰਗਰੇਜ਼ੀ ਦੇ ਘਰ ਵਿਚ ਘਿਉ ਦੇ ਦੀਵੇ ਬਾਲੇ ਗਏ, ਕਿਉਂਕਿ ਗੁਰਦੁਆਰਾ ਲਹਿਰ ਨੂੰ ਵੱਸ ਵਿਚ ਰਖਣ ਲਈ ਉਹਨਾਂ ਦੇ ਆਪਣੇ ਬੰਦੇ ਹੀ ਫੇਰ ਪਰਧਾਨ, ਮੀਤ ਪਰਧਾਨ ਤੇ ਸਕੱਤਰ ਬਣ ਗਏ ਸਨ । ਸਰਕਾਰ ਨੂੰ ਸਬੂਤ ਮਿਲ ਗਿਆ ਕਿ ਪੰਥ ਦੇ ਅਸਲ ਪਰਤੀਨਿਧ ਏਹੋ 'ਕੁਦਰਤੀ' ਆਗੂ ਹਨ । ਉਹਨਾਂ ਨੇ ਤਾਬੜਤੋੜ ਸਰਦਾਰ ਸੁੰਦਰ ਸਿੰਘ ਨੂੰ ਇਨਾਮ ਵਜੋਂ ਪੰਜਾਬ ਸਰਕਾਰ ਦੀ ਐਗਜ਼ੈਕਟਿਵ ਕੌਂਸਲ ਦਾ ਮਿੰਬਰ ਲੈ ਲਿਆ । ਬਿੱਲੀ ਦੀ ਭਾਗੀਂ ਛਿੱਕਾ ਟੁੱਟਾ । ਸਰਦਾਰ ਜੀ ਦੀ ਉਮੰਗ ਪੂਰੀ ਹੋ ਗਈ, ਉਹਨਾਂ ਆਅ ਵੇਖਿਆ ਨਾ ਤਾਅ, ਝੱਟ ਕੁਛ ਚਿਰ ਪਿੱਛੋਂ ਦੀਵਾਨ ਤੋਂ ਅਸ-ਤੀਫਾ ਦੇ ਦਿਤਾ ਅਤੇ ਐਗਜ਼ੈਕਟਿਵ ਕੌਂਸਲ ਦੀ ਮਿੰਬਰੀ ਦੀ ਕੁਰਸੀ ਉਤੇ ਜਾ ਬੈਠੇ ਅਤੇ ਸਿੱਖਾਂ ਦੀ ਮਾਰ-ਕੁਟਾਈ, ਜੇਲ੍ਹ-ਭਿਜਵਾਈ ਅਤੇ ਕਤਲਾਮ ਵਿਚ ਹਿੱਸੇਦਾਰ ਬਣਕੇ, 'ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ', ਸਿੱਖ ਪੰਥ ਦੀ ਸੇਵਾ ਕਰਨ ਲਗੇ ।

ਸਰਕਾਰ ਦੀਆਂ ਨਜ਼ਰਾਂ ਵਿਚ "ਗੁਰਦੁਆਰਾ ਸੁਧਾਰ ਲਹਿਰ ਹੁਣ ਤਕ ਵਿਧਾਨਕ ਲੀਹਾਂ ਤੇ ਚਲ ਰਹੀ ਸੀ ਅਤੇ ਨਰਮ-ਖਿਆਲ ਧੜਾ ਕਿਸੇ ਤਾਬੜਤੋੜਵੀਂ ਮੁਹਿੰਮ ਉਤੇ ਠੰਡਾ ਪਾਣੀ ਪਾਣ ਲਈ ਕਾਫੀ ਮਜ਼ਬੂਤ ਸੀ । ਨਵੇਂ ਸਾਲ ਦੇ ਚੜ੍ਹਨ ਤੇ ਕੁਛ ਧੁਸੇ ਮਾਰ ਅਕਾਲੀਆਂ ਨੇ—ਜਿਨ੍ਹਾਂ ਵਿਚੋਂ ਸਭ ਤੋਂ 'ਕੁਨਾਮ' ਤੇਜਾ ਸਿੰਘ ਚੂਹੜਕਾਣਾ ਅਤੇ ਕਰਤਾਰ ਸਿੰਘ ਝੱਬਰ ਸਨ—ਗੁਰਦੁਆ-ਰਿਆਂ ਉਤੇ ਕਬਜ਼ਿਆਂ ਦੀ ਮੁਹਿੰਮ ਫੇਰ ਸ਼ੁਰੂ ਕਰ ਦਿਤੀ । ਏਸੇ ਵੇਲੇ ਪੇਂਡੂ ਇਲਾਕਿਆਂ ਵਿਚ ਧਾਰਮਕ ਤੇ ਰਾਜਸੀ ਪ੍ਰੋਪੇਗੰਡਾ ਸ਼ੁਰੂ ਕਰ ਦਿਤਾ ਗਿਆ ਅਤੇ ਸਿੱਖਾਂ ਦੇ ਧਾਕਮਕ ਜੋਸ਼ ਦੀ ਇਕ-ਸਾਰ ਮਿਹਨਤ ਨਾਲ ਪਰਵਰਿਸ਼ ਕੀਤੀ ਗਈ । ਗੁਰਦੁਆਰਾ ਸੁਧਾਰ ਦਾ ਸਵਾਲ ਸ਼ਰੋਮਣੀ ਸਵਾਲ ਬਣ ਗਿਆ ਅਤੇ ਸਿੱਖਾਂ ਦੀ ਕਮੇਟੀ, ਜਿਹੜੀ ਮੁਢ ਵਿਚ ਦਰਬਾਰ ਸਾਹਿਬ ਦੇ ਪਰਬੰਧ ਬਾਰੇ ਵਿਚਾਰ ਕਰਨ ਲਈ ਅਮਰਿਤਸਰ ਵਿਚ ਬਣਾਈ ਗਈ ਸੀ, ਸਿੱਖ ਮਨੋਰਥ ਲਈ ਆਪਣੇ ਜੋਸ਼ ਵਿਚ ਹਰਕਤ ਵਿਚ ਆ ਕੇ ਸਰਗਰਮੀ ਦੇ ਨਵੇਂ ਅਤੇ ਜ਼ਿਆਦਾ ਵਿਸ਼ਾਲ ਖੇਤਰ ਵਿਚ ਦਾਖਲ ਹੋ ਗਈ । ਇਹ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਨਾਮ ਥੱਲੇ ਮੈਦਾਨ ਵਿਚ ਉੱਤਰ ਆਈ ਜਿਸ ਦੇ ਇਲਾਨੀਆਂ ਨਿਸ਼ਾਨੇ, ਤਮਾਮ ਸਿੱਖ ਗੁਰਦੁਆਰਿਆਂ ਅਤੇ ਧਾਰਮਕ ਸੰਸਥਾਵਾਂ ਦਾ ਕੰਟਰੋਲ ਹਾਸਲ ਕਰਨਾ ਅਤੇ ਪਰਵਾਨਤ ਲੀਹਾਂ ਉਤੇ ਉਹਨਾਂ ਦਾ ਪਰਬੰਧ ਕਰਨਾ ਸਨ । ਇਸ ਤੇ ਨਰਮ-

1. ਅਕਾਲੀ ਲਹਿਰ ਦਾ ਇਤਿਹਾਸ: ਗਿਆਨੀ ਪਰਤਾਪ ਸਿੰਘ ਸਫਾ 101.

Digitized by Panjab Digital Library | www.panjabdigilib.org

ਖਿਆਲ ਮਿੰਬਰਾਂ ਦਾ ਕੋਈ ਅਸਰ ਜਾਂ ਅਧਿਕਾਰ ਨਹੀਂ ਸੀ ਰਿਹਾ। ਕਮੇਟੀ, ਅਮਲੀ ਤੌਰ ਤੇ, ਉਹਨਾਂ ਅੱਤਵਾਦੀਆਂ ਦੀ ਟੋਲੀ ਦੇ ਕਬਜ਼ੇ ਵਿਚ ਚਲੀ ਗਈ, ਜਿਨ੍ਹਾਂ ਲਈ ਧਾਰਮਕ ਸੁਧਾਰ ਦਾ ਮਨੋਰਥ ਅੱਤ-ਵਾਦੀ ਕੌਮਵਾਦ ਨਾਲੋਂ ਕੋਈ ਵਖਰਾ ਨਹੀਂ ਸੀ।"[1]

1921 ਦੇ ਚੜ੍ਹਨ ਪਿੱਛੋਂ ਛੇਤੀ ਹੀ ਸਰਕਾਰੀ ਹਾਕਮਾਂ ਨੇ ਅਕਾਲੀ ਤਹਿਰੀਕ ਦਾ ਉਤਲਾ ਨਿਰਣਾ ਤੇ ਤੋਲ-ਜੋਖ ਕਰ ਲਿਆ ਸੀ। ਅਤੇ ਉਹਨਾਂ ਨੂੰ ਇਸ ਦੇ ਵਧਣੋਂ ਰੋਕਣ ਦਾ ਬੰਦੋਬਸਤ ਕਰਨ ਦਾ ਫਿਕਰ ਪੈਦਾ ਹੋ ਗਿਆ ਸੀ। ਉਹਨਾਂ ਨੂੰ, ਵੱਡੀ ਕਮੇਟੀ ਬਣਾ ਕੇ, ਸਰਕਾਰ ਦੇ 36 ਨਾਮਜ਼ਦ ਮਿੰਬਰਾਂ ਨੂੰ ਇਸ ਵਿਚ ਸ਼ਾਮਲ ਕਰ ਦੇਣਾ ਵੀ ਚੰਗਾ ਨਹੀਂ ਸੀ ਲਗਾ, ਕਿਉਂਕਿ ਪਹਿਲੀ ਕਮੇਟੀ ਨੇ ਅਕਾਲ ਤਖਤ ਦੀ ਮੀਟਿੰਗ ਵਿਚ ਸਰਕਾਰ ਦੀ 36 ਮਿੰਬਰੀ ਨਾਮਜ਼ਦ ਸਲਾਹ-ਕਾਰ ਕਮੇਟੀ ਬਣਾਨ ਦੀ ਹਰਕਤ ਨੂੰ ਨਾਪਸੰਦ ਕੀਤਾ ਸੀ ਅਤੇ ਆਖਿਆ ਸੀ ਕਿ ਸਰਕਾਰ ਨੂੰ ਗੁਰਦੁਆਰਾ ਪਰਬੰਧ ਲਈ ਕਮੇਟੀ ਬਣਾਉਣ ਦਾ ਕੋਈ ਹਕ ਨਹੀਂ।—ਇਹ ਹੱਕ ਸਿਰਫ ਖਾਲਸਾ ਪੰਥ ਨੂੰ ਹੀ ਹੈ।

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਕਾਇਮ ਕਰਨਾ ਬੜਾ ਮਹੱਤਵ-ਪੂਰਣ ਜਥੇਬੰਦਕ ਕਦਮ ਸੀ। ਇਸ ਨੇ ਸਿੱਖਾਂ ਦੀ ਖਿੱਲਰੀ ਹੋਈ ਤਾਕਤ ਨੂੰ ਇਕ-ਮੁੱਠ ਤੇ ਮਜ਼ਬੂਤ ਕਰ ਦਿਤਾ। ਕੇਂਦਰ ਬਣਨ ਨਾਲ 'ਹੰਨੇ ਹੰਨੇ ਮੀਰੀ' ਦਾ ਖਤਰਾ ਜਾਂਦਾ ਰਿਹਾ। ਸ਼੍ਰੋਮਣੀ ਕਮੇਟੀ ਦੇ ਫੈਸਲੇ ਸਮੁੱਚੇ ਪੰਥ ਦੇ ਫੈਸਲੇ ਮੰਨੇ ਜਾਣ ਅਤੇ ਅਮਲ ਵਿਚ ਲਿਆਂਦੇ ਜਾਣ ਲਗ ਪਏ। ਅਤੇ ਕੇਂਦਰ ਨੇ, ਛੇਤੀ ਹੀ, ਫੈਸਲੇ ਤੋੜਨ ਵਾਲਿਆਂ ਦੇ ਕੰਨ ਖਿੱਚਣ ਦੀ ਤਾਕਤ ਹਾਸਲ ਕਰ ਲਈ! ਸਿੱਖ ਸ਼੍ਰੋਮਣੀ ਕਮੇਟੀ ਨੂੰ ਸਤਕਾਰ ਤੇ ਭੈ ਦੀਆਂ ਨਜ਼ਰਾਂ ਨਾਲ ਵੇਖਣ ਲਗ ਪਏ।

ਪਰ ਅਕਾਲ ਤਖਤ ਤੋਂ ਭੱਜ ਗਏ ਪੁਜਾਰੀ ਅਜੇ ਵੀ ਵਿੱਸ ਘੋਲੀ ਜਾਂਦੇ ਸਨ ਅਤੇ ਸ਼੍ਰੋਮਣੀ ਕਮੇਟੀ ਦੀ ਇਹ ਆਖ ਕੇ ਵਿਰੋਧਤਾ ਕਰੀ ਜਾਂਦੇ ਸਨ ਕਿ ਇਹ ਕਮੇਟੀ ਬਾਕਾਇਦਾ ਨਿਯਮਾਂ ਅਨੁਸਾਰ ਨਹੀਂ ਕਾਇਮ ਕੀਤੀ ਗਈ। ਸੱਦਾ ਪੱਤਰਾਂ ਉਤੇ ਨਾ ਅਕਾਲ ਤਖਤ ਦੀ ਮੋਹਰ ਸੀ, ਨਾ ਦਰਬਾਰ ਸਾਹਿਬ ਦੀ। ਇਹ ਸਿੱਖਾਂ ਦੀ ਪਰਤੀਨਿਧ ਨਹੀਂ, ਵਗੈਰਾ। ਪਰ ਨਗਾਰਖਾਨੇ ਵਿਚ ਇਸ ਤੂਤੀ ਦੀ ਆਵਾਜ਼ ਨੂੰ ਕੌਣ ਸੁਣਦਾ ਸੀ। ਇਹ ਨਾ ਪੰਥ ਦੇ ਰਹੇ, ਨਾ ਸਰਕਾਰ ਦੇ। ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਵੇਲਾ ਸੰਭਾਲ ਲਿਆ ਸੀ, ਇਹ ਵੇਲੇ ਦੀ ਨਮਾਜ਼ ਗੁਵਾਕੇ ਕੁਵੇਲੇ ਦੀਆਂ ਟੱਕਰਾਂ ਮਾਰ ਰਹੇ ਸਨ। ਇਹਨਾਂ ਸਾਹਮਣੇ ਭੱਲੇ-ਪਕੌੜੀਆਂ ਜਾਂ ਆਲੂ-ਛੋਲੇ ਵੇਚਣ ਤੋਂ ਛੁੱਟ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ।

---

[1] The Akali Dal and the S. G. P. C. by V. W. Smith Supd. of Police (political) C. I. D. Punjab—section no. 12 (Confidential) file no 459, Home-political

Digitized by Panjab Digital Library | www.panjabdigilib.org

# ਕੇਂਦਰੀ ਅਕਾਲੀ ਦਲ

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਹੈਸੀਅਤ ਤੇ ਖਸਲਤ ਸਿੱਖ ਧਾਰਮਕ ਜਥੇਬੰਦੀ ਦੀ ਸੀ ਅਤੇ ਇਸ ਦੇ ਕੰਮਾਂ ਦਾ ਘੇਰਾ ਗੁਰਦੁਆਰਿਆਂ ਦੇ ਸੁਧਾਰ ਅਤੇ ਸਿੱਖਾਂ ਦੀ ਧਾਰਮਕ, ਸਦਾਚਾਰਕ ਅਤੇ ਸਭਿਆਚਾਰਕ ਪੱਧਰ ਨੂੰ ਉੱਚਾ ਕਰਨ ਤਕ ਮਹਿਦੂਦ ਸੀ; ਰਾਜਸੀ ਮਾਮਲੇ ਇਸ ਦੇ ਦਾਇਰੇ ਤੋਂ ਬਾਹਰ ਸਨ । ਇਹ ਗੱਲ ਦੂਸਰੀ ਹੈ, ਕਿ ਕਮੇਟੀ ਦੇ ਮਿੰਬਰਾਂ ਵਿਚ, ਗੁਰਦੁਆਰਾ ਸੁਧਾਰ ਲਈ, ਰਾਜਸੀ, ਕੌਮੀ ਖਿਆਲ ਰਖਣ ਵਾਲੇ ਲੋਕ ਵੀ ਸ਼ਾਮਲ ਸਨ ਤੇ ਸਰਗਰਮੀ ਨਾਲ ਧਾਰਮਕ ਕੰਮ ਕਰਦੇ ਸਨ ।

ਪਰ ਅਕਾਲੀ ਜਥਿਆਂ ਦੇ ਮਿੰਬਰਾਂ ਉਤੇ ਕੋਈ ਪਾਬੰਦੀ ਨਹੀਂ ਸੀ । ਅਕਾਲੀ ਜਥੇ ਧਾਰ-ਮਕ ਕੰਮਾਂ ਵਿਚ ਵੀ ਹਿੱਸਾ ਲੈਂਦੇ ਸਨ ਅਤੇ ਰਾਜਸੀ ਸਰਗਰਮੀਆਂ ਵਿਚ ਵੀ । ਇਹ ਜਥੇ ਅਜੇ ਕਿਸੇ ਕੇਂਦਰੀ ਜਥੇਬੰਦੀ ਵਿਚ ਪਰੋਤੇ ਨਹੀਂ ਸਨ ਗਏ, ਅੱਡ ਅੱਡ ਇਲਾਕਿਆਂ ਵਿਚ ਵੰਡੇ ਹੋਏ ਸਨ ਅਜੇ ਇਕ ਮਜ਼ਬੂਤ ਕੇਂਦਰੀ ਤੇ ਕੇਂਦਰਿਤ ਗੱਠਵੀਂ ਤਾਕਤ ਵਿਚ ਨਹੀਂ ਸਨ ਜੁੜੇ । ਲੋੜ ਇਸ ਗੱਲ ਦੀ ਸੀ ਕਿ ਸਮੂਹ ਜਥਿਆਂ ਨੂੰ ਜਥੇਬੰਦ ਕਰਕੇ ਇਕ ਪਰਭਾਵ-ਸ਼ਾਲੀ ਤੇ ਤਾਕਤਵਰ ਕੇਂਦਰੀ ਜਥੇਬੰਦੀ ਬਣਾਈ ਜਾਵੇ ਜਿਹੜੀ ਨਜਿੱਠਣ ਵਾਲੇ ਮਸਲਿਆਂ ਦੇ ਹਲ ਕਰਨ ਲਈ ਇਕ ਤਿੱਖਾ ਹਥਿਆਰ ਬਣ ਸਕੇ ।

ਅਕਾਲੀ ਜੱਥਿਆਂ ਦੇ ਨਿਕਾਸ ਤੇ ਵਿਕਾਸ ਦਾ ਇਤਿਹਾਸ ਅਜੇ ਤਕ ਕੋਈ ਨਹੀਂ ਲਿਖਿਆ ਗਿਆ, ਹੋ ਸਕਦਾ ਹੈ ਕਿ ਢੇਰ ਚਿਰ ਤਕ ਲਿਖਿਆ ਹੀ ਨਾ ਜਾਵੇ । ਮੁਢਲਾ ਮਸਾਲਾ ਲਭਣਾ ਵੀ ਕੋਈ ਆਸਾਨ ਕੰਮ ਨਹੀਂ; ਮਿਹਨਤ, ਸੂਝ ਤੇ ਸਬਰ ਇਸ ਤੋਂ ਵਖਰੀਆਂ ਲੋੜਾਂ ਹਨ । ਜਥੇਬੰਦੀ ਦੀ ਚੰਗੀ ਟਰੇਨਿੰਗ ਅਤੇ ਜਥੇਬੰਦੀਆਂ ਦੇ ਅਮਲੀ ਤਜਰਬੇ ਤੋਂ ਬਿਨਾਂ ਉਂਞ ਵੀ ਇਹ ਕੰਮ ਔਖਾ ਹੈ ।

ਖੁਫੀਆ ਪੁਲਸ ਦੀ ਰਿਪੋਰਟ ਅਨੁਸਾਰ, 'ਗੁਰਦੁਆਰਾ ਸੁਧਾਰ ਲਹਿਰ ਵੀ ਗਰਮੀ ਤੇ ਪਤਝੜ ਦੀ ਰੁਤੇ 1920 ਵਿਚ ਵਜੂਦ ਵਿਚ ਆ ਆਈ ।'[1] ਉਸ ਵੇਲੇ ਅਕਾਲੀ ਅਖਬਾਰ ਨਿਕਲਕੇ ਗੁਰਦੁਆਰਾ ਸੁਧਾਰ ਦਾ ਢੰਡੋਰਾ ਪਿਟ ਰਿਹਾ ਸੀ । ਮੇਰੇ ਖਿਆਲ ਵਿਚ, ਗੁਰਦੁਆਰਿਆਂ ਦੇ ਸੁਧਾਰ ਦੀ ਲਹਿਰ ਅਤੇ ਅਕਾਲੀ ਜਥਿਆਂ ਦੀ ਰੂਪ ਰੇਖਾ ਬਣਨ ਵਿਚਕਾਰ ਕੋਈ ਬਾਹਲਾ ਵਕਫਾ ਨਹੀਂ ਪਿਆ—ਸ਼ਾਇਦ ਨਾਲੋ ਨਾਲ ਹੀ ਦੋਵੇਂ ਵਜੂਦ ਵਿਚ ਆਈਆਂ ਹੋਣ । ਅਕਾਲੀ ਅਖਬਾਰ ਸੁਧਾਰ ਤੇ ਜਥੇਬੰਦੀ ਦੋਹਾਂ ਉਤੇ ਜ਼ੋਰ ਦੇ ਰਿਹਾ ਸੀ । ਪਰ ਜਥਿਆਂ ਦੀ ਭਰਤੀ ਵਿਚ "ਅਮਰਿਤਸਰ ਜ਼ਿਲਾ ਪਹਿਲਾ ਸੀ ਜਿਸ ਵਿਚ ਅਕਾਲੀ ਭਰਤੀ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਭਾਦਰੋਂ ਦੀ ਮੱਸਿਆ (ਜੁਲਾਈ-ਅਗਸਤ) ਤੇ ਤਰਨਤਾਰਨ ਵਿਚ ਸਿੱਖ ਲੀਗ ਵਲੋਂ ਇਕ ਜਲਸਾ ਹੋਇਆ ਜਿਸ ਵਿਚ ਅਮਰ ਸਿੰਘ ਝਬਾਲ ਨੇ ਸਰੋਤਿਆਂ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਵਿਚ ਗੁਰਦੁਆਰਾ ਰਿਕਾਬਗੰਜ ਦੀ ਕੰਧ ਬਣਾਉਣ ਲਈ ਆਪਣਾ ਨਾਮ ਸ਼ਹੀਦਾਂ ਵਿਚ ਦਰਜ ਕਰਵਾਣ ।

[1] V. W. Smith : III the Akali Dal, (A. its origin and growth) section 26.

Digitized by Panjab Digital Library | www.panjabdigilib.org

ਕੋਈ ਸੱਤਰ ਅੱਸੀ ਸਿੱਖਾਂ ਨੇ ਆਪਣੇ ਨਾਮ ਲਿਖਵਾਏ । ਆਪਣੇ ਭਰਾਅ ਜਸਵੰਤ ਸਿੰਘ, ਤੇਜਾ ਸਿੰਘ ਭੁੱਚਰ ਅਤੇ ਕੁਛ ਹੋਰ ਘਟ-ਮਸ਼ਹੂਰ ਅਕਾਲੀਆਂ ਦੀ ਮਦਦ ਨਾਲ ਉਸ ਨੇ ਪਿੱਛੋਂ ਅਕਾਲੀਆਂ ਦੀ ਭਰਤੀ ਦਾ ਬਕਾਇਦਾ ਸਿਸਟਮ ਜਾਰੀ ਕਰ ਦਿਤਾ, ਜਿਨ੍ਹਾਂ ਦਾ ਫਰਜ਼ ਨਨਕਾਣਾ ਸਾਹਿਬ ਉਤੇ ਕਬਜ਼ਾ ਕਰਨ ਦਾ ਸੀ । ਤੇਜਾ ਸਿੰਘ ਭੁੱਚਰ ਦੇ ਗੁਰਦੁਆਰਾ ਤਰਨਤਾਰਨ ਦੀ ਘਟਨਾ ਵਿਚ ਫੜੇ ਜਾਣ ਪਿੱਛੋਂ ਉਸ ਦੀ ਥਾਂ ਇਕ ਹੋਰ ਅਕਾਲੀ ਨੇ ਲੈ ਲਈ ਅਤੇ ਭਰਤੀ ਅਨ-ਘਟੇ ਜੋਸ਼ ਨਾਲ ਜਾਰੀ ਰਹੀ। ਹੁਣ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਤੋਂ ਮਦਦ ਹਾਸਲ ਹੋ ਗਈ । ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਮੁਖੀਏ ਸਿੱਖ ਤਰਕੀ-ਪਸੰਦਾਂ ਦਾ ਸੀ ਜਿਨ੍ਹਾਂ ਨੇ ਖਾਲਸੇ ਵਿਚ ਨਵਾਂ ਜੀਵਨ ਭਰਨ ਦੀ ਪਹਿਲੀ ਸ਼ਰਤ ਦੇ ਤੌਰ ਤੇ ਗੁਰਦੁਆਰਾ ਸੁਧਾਰ ਦੀ ਐਜੀਟੇਸ਼ਨ ਸ਼ੁਰੂ ਕੀਤੀ ਸੀ ।"[1]

ਜਥੇਬੰਦੀ ਦੀ ਇਹ ਜਾਗ ਹੋਰ ਜ਼ਿਲਿਆਂ ਵਿਚ ਵੀ ਲਗ ਗਈ ਅਤੇ ਪਹਿਲੋਂ 'ਕੇਂਦਰੀ ਪੰਜਾਬ ਤੇ ਫੇਰ ਸਭ ਥਾਂਈ ਜਥਿਆਂ ਦੀ ਭਰਤੀ ਹੋਣ ਲਗ ਪਈ । ਗੁਰਦੁਆਰਿਆਂ ਵਿਚ ਤਿੱਖਾ ਸੁਧਾਰ ਜਥੇਬੰਦੀ ਬਿਨਾਂ ਅਸੰਭਵ ਸੀ । ਅਤੇ ਮਾੜੀ ਮੋਟੀ ਇਹ ਸੂਝ ਘਰ ਕਰ ਗਈ ਸੀ ਕਿ ਜਿੰਨੀ ਮਜ਼ਬੂਤ ਤੇ ਵਿਸ਼ਾਲ ਜਥੇਬੰਦੀ ਹੋਵੇਗੀ ਓਨੀ ਹੀ ਜ਼ਿਆਦਾ ਸਰਕਾਰ ਵਲੋਂ ਪਾਈਆਂ ਗਈਆਂ ਅੜਚਨਾਂ ਤੇ ਮੁਸ਼ਕਲਾਂ ਦੇ ਖਿਲਾਫ ਲੜਕੇ ਤੇ ਸੁਰਖਰੂ ਹੋ ਕੇ ਨਿਕਲਣ ਵਿਚ ਸਹਾਈ ਹੋਵੇਗੀ । ਜਥਿਆਂ ਤੇ ਜਥੇਬੰਦੀ ਦੀਆਂ ਪਿਛਲੀਆਂ ਰਵਾਇਤਾਂ ਵੀ ਜਥਿਆਂ ਦੇ ਸਿਰਜਣ ਵਿਚ ਬੜੀਆਂ ਮਦਦਗਾਰ ਸਾਬਤ ਹੋਈਆਂ । ਅਤੇ ਰਿਕਾਬਗੰਜ ਦੀ ਕੰਧ ਚੜ੍ਹਾਨ ਲਈ ਸ਼ਹੀਦੀ ਜਥੇ ਦੀ ਧੜਾ-ਧੜ ਭਰਤੀ ਨੇ ਜਥਿਆਂ ਦੇ ਬਣਨ ਦੇ ਕਦਮ ਤਿੱਖੇ ਕਰ ਦਿਤੇ ਸਨ ।

ਇਸ ਲਈ ਵਕਤ ਆ ਗਿਆ ਸੀ ਕਿ ਇਸ ਖੇਰੂੰ ਖੇਰੂੰ ਹੋਈ ਤਾਕਤ ਨੂੰ ਕੇਂਦਰਿਤ ਕੀਤਾ ਜਾਵੇ ਅਤੇ ਜਥਿਆਂ ਦੇ ਨੁਮਾਇੰਦਿਆਂ ਨੂੰ ਸੱਦ ਕੇ ਕੇਂਦਰੀ ਅਕਾਲੀ ਦਲ ਕਾਇਮ ਕੀਤਾ ਜਾਵੇ । ਇਸ ਮਕਸਦ ਲਈ ਅਮਰਿਤਸਰ ਵਿਚ 14 ਦਸੰਬਰ 1920 ਨੂੰ ਜਥਿਆਂ ਦੇ ਪਰਤੀਨਿਧਾਂ ਦੀ ਮੀਟਿੰਗ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਕੇਂਦਰੀ ਜਥੇਬੰਦੀ ਦਾ ਨਾਮ ਸ਼੍ਰੋਮਣੀ ਅਕਾਲੀ ਦਲ ਹੋਵੇਗਾ । ਇਸ ਦੇ ਪਹਿਲੇ ਪਰਧਾਨ ਝਬਾਲ ਭਾਈਆਂ ਦੇ ਤੀਜੇ ਭਾਈ ਸ: ਸਰਮੁਖ ਸਿੰਘ ਜੀ ਚੁਣੇ ਗਏ । ਕੇਂਦਰੀ ਦਫਤਰ ਅਮਰਿਤਸਰ ਵਿਚ ਹੀ ਰੱਖਣ ਦਾ ਫੈਸਲਾ ਹੋਇਆ । ਸਿੱਖੀ ਚਲਣ ਅਤੇ ਜਥਿਆਂ ਨੂੰ ਸੰਬੰਧਤ ਕਰਨ ਦੇ ਨਿਯਮ, ਉਪਨਿਯਮ ਵਗੈਰਾ ਬਣਾ ਲਏ ਗਏ । ਜਥਿਆਂ ਦੀ ਨੁਮਾਇੰਦਗੀ ਕੁਲ ਮਿੰਬਰਸ਼ਿਪ ਦੀ ਕੁਛ ਫੀ ਸਦੀ ਦੇ ਹਿਸਾਬ ਨਾਲ ਕੇਂਦਰ ਵਿਚ ਹੁੰਦੀ ਸੀ । ਇਸ ਲਈ ਕੇਂਦਰ ਵਿਚ ਵਧੇਰੇ ਪਰਤੀਨਿਧਤਾ ਹਾਸਲ ਕਰਨ ਲਈ ਜ਼ਿਲਿਆਂ ਵਿਚ ਮਿੰਬਰਾਂ ਦੀ ਭਰਤੀ ਕਰਨ ਉਤੇ ਵਧੇਰੇ ਜ਼ੋਰ ਦਿਤਾ ਜਾਣ ਲਗ ਪਿਆ ਅਤੇ ਥੋੜੇ ਅਰਸੇ ਵਿਚ ਹੀ, ਸ਼੍ਰੋਮਣੀ ਅਕਾਲੀ ਦਲ ਸਜੀਵ, ਲੜਾਕੂ ਅਤੇ ਤਾਕਤਵਾਰ ਜਥੇਬੰਦੀ ਬਣ ਗਿਆ ।

ਅਕਾਲੀਆਂ ਵਿਚ ਲੋਹੜੇ ਦਾ ਜੋਸ਼ ਤੇ ਉਤਸ਼ਾਹ ਸੀ । ਇਹ ਨਵੇਂ ਮੁਜਾਹਦ ਪੈਦਾ ਹੋਏ ਸਨ ਜਿਹੜੇ ਕਮਰਕੱਸੇ ਬੰਨ੍ਹੀ, ਗਾਤਰਿਆਂ ਵਿਚ ਵਡੀਆਂ ਛੋਟੀਆਂ ਕਿਰਪਾਨਾਂ ਪਾਈ, ਪਿੰਡਾਂ ਵਿਚ ਮਿਸ਼ਨਰੀਆਂ ਜੇਹੀ ਜੇਤੂ ਸਪਿਰਟ ਲੈ ਕੇ ਜਾਂਦੇ ਸਨ ਅਤੇ ਪਿੰਡਾਂ ਦੇ ਪਿੰਡਾਂ ਨੂੰ ਅਕਾਲੀ ਦਲ ਨਾਲ ਜੋੜੀ ਜਾਂਦੇ ਸਨ । ਇਹਨਾਂ ਦੀ ਖਲੜੀ ਵਿਚ ਕੋਈ ਡਰ-ਭਉ ਨਹੀਂ ਸੀ ਰਿਹਾ । ਇਹਨਾਂ ਦਾ ਹਰਮਨ ਪਿਆਰਾ ਗੀਤ ਇਹ ਸੀ : ਸੂਰਾ ਸੋ ਪਹਿਚਾਨੀਐ ਜੋ ਲੜੈ ਦੀਨ ਕੇ ਹੇਤ, ਪੁਰਜ਼ਾ ਪੁਰਜ਼ਾ ਕਟ ਮਰੇ ਕਬਹੂੰ ਨਾ ਛਾਡੇ ਖੇਤ ! ਵਾਤਾਵਰਣ ਵਿਚ ਨਵ-ਜ਼ਿੰਦਗੀ ਦੀ ਸੁਗੰਧੀ ਖਿਲਰ ਰਹੀ ਸੀ ।

[1] V. W. Smith: III the Akali Dal, (A. its origin and growth), section 26.

Digitized by Panjab Digital Library | www.panjabdigilib.org

ਅਕਾਲੀ ਤਹਿਰੀਕ ਤੋਂ ਪਹਿਲੋਂ ਸਿੱਖਾਂ ਦੀ ਜ਼ਿੰਦਗੀ ਬਰਿਟਿਸ਼ ਰਾਜ ਦੇ ਪੂਰਣ ਤੌਰ ਤੇ ਅਧੀਨ ਸੀ। ਸ: ਸੁੰਦਰ ਸਿੰਘ ਮਜੀਠੀਆ ਦੇ ਸ਼ਰੋਮਣੀ ਕਮੇਟੀ ਦੇ ਅਸਤੀਫੇ ਪਿੱਛੋਂ ਇਸ ਅਧੀਨਤਾ ਦੀ ਛੱਟ ਹੌਲੀ ਹੌਲੀ ਲਥਣ ਲਗ ਪਈ। 1921 ਦੇ ਪਹਿਲੇ ਕੁਛ ਮਹੀਨਿਆਂ ਵਿਚ ਹੀ ਇਹ ਅਧੀਨਤਾ ਲਗ ਭਗ ਪੂਰਣ ਤੌਰ ਤੇ ਜਾਂਦੀ ਰਹੀ ਅਤੇ ਸਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਮਜ਼ਬੂਤ ਪੈਰਾਂ ਉਤੇ ਸਿਰ ਉੱਚਾ ਕਰਕੇ ਖਲੋ ਗਏ।

ਅੰਗਰੇਜ਼ ਹਾਕਮਾਂ ਨੇ, ਸ਼ੁਰੂ ਸ਼ੁਰੂ ਵਿਚ, ਇਸ ਤਹਿਰੀਕ ਨੂੰ ਨਗੂਣਾ ਤੇ ਟਿੱਚ ਸਮਝਿਆ। ਇਸ ਨੂੰ 'ਕਮੀਣ-ਕਾਦੂਆਂ' ਦੀ ਤਹਿਰੀਕ ਆਖਕੇ ਭੰਡਿਆ, ਅਕਾਲੀਆਂ ਦੀਆਂ ਟੋਲੀਆਂ ਦੇ ਮਖੌਲ ਉਡਾਏ, ਕੁਛ ਗੁਰਦੁਆਰਿਆਂ ਦੇ ਕਬਜ਼ਿਆਂ ਪਿੱਛੋਂ ਅਕਾਲੀਆਂ ਨੂੰ ਚੋਰ ਡਾਕੂਆਂ ਦੀਆਂ ਤੁਹਮਤਾਂ ਲਾ ਕੇ ਅਤੇ ਦਲ ਵਿਚ ਬਦਮਾਸ਼ ਤੇ ਗੁੰਡੇ ਭਰਤੀ ਹੋ ਰਹੇ ਹਨ—ਆਖਕੇ ਬਦਨਾਮ ਕਰਨ ਦੇ ਹੀਲੇ ਕੀਤੇ। ਜਦੋਂ ਕੋਈ ਵਾਹ ਨਾ ਦਲੀ, ਇਹ ਸਭ ਹਰਬੇ ਨਾਕਾਮ ਹੋ ਗਏ ਤਾਂ ਇਲਾਕਿਆਂ ਵਿਚ ਜ਼ੈਲਦਾਰਾਂ ਅਤੇ ਸੁਫੈਦਪੋਸ਼ਾਂ ਨੂੰ ਹੁਕਮ ਭੇਜ ਦਿਤੇ ਗਏ। ਸਿੱਖਾਂ ਨੂੰ ਅਕਾਲੀ ਬਣਨੋਂ ਰੋਕੋ, ਇਹਨਾਂ ਦੇ ਜਲਸੇ ਨਾ ਹੋਣ ਦਿਓ ਅਤੇ ਇਹਨਾਂ ਉਤੇ ਨਿਗਰਾਨੀ ਰੱਖੋ।

## ੧. ਨਵੇਂ ਜਥੇਦਾਰ

ਕੇਂਦਰੀ ਜਥੇਬੰਦੀਆਂ ਦੇ ਵਜੂਦ ਵਿਚ ਔਣ ਨਾਲ ਸਿੱਖਾਂ ਵਿਚ ਸੁਆਧੀਨਤਾ ਦੇ ਜਜ਼ਬੇ ਜ਼ੋਰ ਫੜਨ ਲਗ ਪਏ। ਗੁਰਦੁਆਰਿਆਂ ਦੀ ਹੋਣੀ ਆਪਣੇ ਹੱਥਾਂ ਵਿਚ ਲੈਣ ਤੇ ਇਹਨਾਂ ਵਿਚੋਂ ਹਾਕਮਾਂ ਦਾ ਸਾਰਾ ਅਸਰ ਰਸੂਖ ਖਤਮ ਕਰਨ ਦੇ ਇਰਾਦੇ ਪੱਕ ਗਏ। ਸਰਦਾਰ ਖੜਕ ਸਿੰਘ ਦੇ ਸ਼੍ਰੋਮਣੀ ਕਮੇਟੀ ਦਾ ਪਰਧਾਨ ਬਣਨ ਨਾਲ ਸਿੱਖਾਂ ਦੀ ਵਾਗ ਡੋਰ ਅਜੇਹੇ ਆਗੂ ਦੇ ਹੱਥ ਵਿਚ ਆ ਗਈ ਜਿਹੜਾ ਅੰਗਰੇਜ਼ ਰਾਜ ਦਾ ਕੱਟੜ ਦੁਸ਼ਮਣ ਸੀ। ਜਿਸ ਨੇ ਸਿੱਖ ਐਜੂਕੇਸ਼ਨਲ ਕਮੇਟੀ ਦੀ ਨੌਵੀਂ ਕਾਨਫਰੰਸ (1915—ਤਰਨਤਾਰਨ) ਦਾ ਪਰਧਾਨ ਹੋਣ ਦੀ ਹੈਸੀਅਤ ਵਿਚ ਅੰਗਰੇਜ਼ਾਂ ਦੇ ਜੰਗ ਵਿਚ ਜਿੱਤਣ ਤੇ ਸਦੀਵੀ ਰਾਜ ਦੇ ਮਤੇ ਨੂੰ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁਟ ਦਿਤਾ ਸੀ ਅਤੇ ਜਿਹੜਾ ਸਿੱਖਾਂ ਨਾਲ ਅੰਗਰੇਜ਼ ਹਾਕਮਾਂ ਵਲੋਂ ਕੀਤੇ ਧੋਖਿਆਂ ਦੇ ਇਤਿਹਾਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਨਿੱਜੀ ਲਾਭਾਂ ਖਾਤਰ ਸਿੱਖਾਂ ਨੂੰ ਵੇਚਣ ਵਾਲਿਆਂ ਦੇ ਖਿਲਾਫ ਨਫਰਤ ਕਰਦਾ ਸੀ ਅਤੇ ਸਿੱਖਾਂ ਦੀ ਨਿਘਰੀ ਹੋਈ ਸਪਿਰਿਟ ਨੂੰ ਬਾਗੀ ਬਨਾਣ ਲਈ ਮੋਹਲਿਆਂ ਦੀ ਮਾਰ ਤੋਂ ਲਾ-ਪਰਵਾਹ ਹੋ ਕੇ ਹਰ ਉੱਖਲੀ ਵਿਚ ਸਿਰ ਦੇਣ ਲਈ ਤਿਆਰ ਸੀ। ਸ: ਖੜਕ ਸਿੰਘ ਅਕਾਲੀ ਤਹਿਰੀਕ ਦੇ ਵਾਅ-ਮੰਡਲ ਵਿਚ ਪੈਦਾ ਹੋਈ ਨਵੀਂ ਬਾਗੀ ਸਪਿਰਿਟ ਦਾ ਦਿਹ-ਮਾਨ ਰੂਪ ਸੀ ! ਅਤੇ ਉਸ ਦੀ ਬੋਲ ਚਾਲ, ਤਕਰੀਰਾਂ ਦੇ ਜੋਸ਼, ਮੁਛਾਂ ਦੇ ਤਾਅ ਅਤੇ ਚਿਹਰੇ ਦੇ ਜਲਾਲ ਤੋਂ ਉਸ ਬਾਗ਼ੀ ਸਪਿਰਿਟ ਦਾ ਪਰਗਟਾਅ ਹੁੰਦਾ ਸੀ।

ਅਗੇ ਚਲਕੇ ਅਸੀਂ ਵੇਖਾਂਗੇ ਕਿ ਅਕਾਲੀਆਂ ਦੀਆਂ ਇਹ ਦੋਵੇਂ ਸ਼ਰੋਮਣੀ ਜਥੇਬੰਦੀਆਂ ਕਿਵੇਂ ਇਕ ਜ਼ਬਰਦਸਤ ਤਾਕਤ ਬਣ ਗਈਆਂ ਅਤੇ ਕਿਵੇਂ ਇਹਨਾਂ ਨੇ ਮੋਰਚੇ ਲਾ ਕੇ ਅੰਗਰੇਜ਼ ਸਾਮਰਾਜ ਦੇ ਸਤਕਾਰ ਤੇ ਵਕਾਰ ਨੂੰ ਮਿੱਟੀ ਵਿਚ ਰੋਲਿਆ। ਸ਼੍ਰੋਮਣੀ ਅਕਾਲੀ ਦਲ ਦੀ ਜਥੇਬੰਦੀ ਅੰਗਰੇਜ਼ ਰਾਜ ਲਈ ਇਕ ਵਡਾ ਹਊਆ ਬਣ ਗਈ ਅਤੇ ਹਾਕਮਾਂ ਨੇ ਇਸ ਦੇ ਮੈਂਬਰਾਂ ਦੇ ਚਾਰ ਚਾਰ ਦੀ ਕਤਾਰ ਵਿਚ ਹੋ ਕੇ, ਕਦਮ ਮਿਲਾ ਕੇ ਮਾਰਚ ਕਰਨ ਨੂੰ ਅੰਗਰੇਜ਼ ਰਾਜ ਲਈ ਬੜਾ ਵਡਾ ਖਤਰਾ ਅਨੁਭਵ ਕੀਤਾ। ਇਸ ਨੂੰ, ਇਕ ਤਰ੍ਹਾਂ, ਮੁਕਾਬਲੇ ਦੀ ਫੌਜੀ ਜਥੇਬੰਦੀ ਹੋਣ ਦਾ ਪ੍ਰੋਪੇਗੰਡਾ ਕਰਕੇ ਖਿਲਾਫ-ਕਾਨੂੰਨ ਕਰਾਰ ਦੇਣ ਲਈ ਹਿੰਦੁਸਤਾਨ ਅਤੇ ਪੰਜਾਬ ਦੀਆਂ ਦੋਹਾਂ ਸਰਕਾਰਾਂ ਵਿਚਕਾਰ ਕਈ ਵਾਰ ਮਸ਼ਵਰੇ ਹੋਏ।

Digitized by Panjab Digital Library | www.panjabdigilib.org

## 2. ਸਾਕਾ ਤਰਨਤਾਰਨ

1921 ਦਾ ਸਾਲ ਬੜੇ ਸੋਗੀ ਸਾਕਿਆਂ ਦਾ ਅਤੇ ਘਮਸਾਨ ਦੇ ਸੰਗਰਾਮਾਂ ਦਾ ਸਾਲ ਸੀ। ਇਸ ਵਿਚ, ਇੱਕ ਪਾਸੇ, ਅੰਗਰੇਜ਼ ਅਫ਼ਸਰਾਂ ਨੇ ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਗਰਾਮਾਂ ਨੂੰ ਕੁਚਲਨ ਦਾ ਮਨ ਬਣਾ ਲਿਆ ਸੀ; ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਦੀ ਅਗਵਾਈ ਥੱਲੇ ਸਿਖਾਂ ਨੇ ਗੁਰਦੁਆਰੇ ਸੁਧਾਰਨ ਲਈ ਲੱਕ ਬੰਨ੍ਹ ਲਿਆ ਸੀ ਅਤੇ ਦੋਵੇਂ ਧਿਰਾਂ ਇਕ ਦੂਜੀ ਨਾਲ ਟੱਕਰ ਲੈਣ ਲਈ ਸੰਗਰਾਮ-ਖੇਤਰ ਵਿਚ ਜੂਝਣ ਲਈ ਤਿਆਰ ਹੋ ਗਈਆਂ ਸਨ। ਸਿੱਖਾਂ ਪਾਸ ਲੜਾਈ ਦਾ ਹਥਿਆਰ ਸ਼ਾਂਤਮਈ ਰਹਿ ਕੇ ਮਾਰਾਂ ਖਾਣੀਆਂ ਅਤੇ ਤਸ਼ੱਦਦ ਸਹਿਣਾ ਸੀ। ਗੌਰਮਿੰਟ ਦੇ ਪਾਸ ਰਾਜ-ਮਸ਼ੀਨਰੀ ਤੇ ਤਸ਼ੱਦਦ ਦੇ ਸਾਰੇ ਹਥਿਆਰ ਸਨ ਜਿਨ੍ਹਾਂ ਨਾਲ ਉਹ ਸਿੱਖਾਂ ਨੂੰ ਕੁੱਟ ਕੁੱਟ, ਅੰਗ ਤੋੜ ਤੋੜ, ਸਾਹਸ-ਹੀਨ ਤੇ ਮੁਰਦਾ-ਦਿਲ ਕਰਕੇ ਕੁਚਲਨਾ ਚਾਹੁੰਦੀ ਸੀ। ਗੌਰਮਿੰਟ ਪਾਸ, ਇਸ ਤੋਂ ਛੁਟ, ਸਿੱਖਾਂ ਨੂੰ ਪਾੜਨ ਲਈ ਖਿਤਾਬ ਤੇ ਅਹੁਦੇ, ਮਹੰਤਾਂ ਨੂੰ ਚੁੱਕਣ ਲਈ ਸਾਜ਼ਸ਼ਾਂ, ਅਤੇ ਹਿੰਦੂਆਂ-ਮੁਸਲਮਾਨਾਂ ਨੂੰ ਸਿੱਖਾਂ ਦੇ ਮੁਕਾਬਲੇ ਵਿਚ ਲਿਔਣ ਲਈ ਹਥਕੰਡੇ ਤੇ ਕੁਟਲ ਚਾਲਾਂ ਸਨ। ਇਸ ਦੇ ਮੁਕਾਬਲੇ ਵਿਚ ਅਕਾਲੀਆਂ ਪਾਸ ਜਥੇਬੰਦੀਆਂ ਦੀ ਮਜ਼ਬੂਤੀ ਤੇ ਸਚਿਆਈ, ਸਿੱਖਾਂ ਦਾ ਮਜ਼ਬੂਤ ਏਕਾ ਅਤੇ ਹਿੰਦੂਆਂ-ਮੁਸਲਮਾਨਾਂ ਨਾਲ ਗੂੜ੍ਹਾ ਮੇਲ-ਮਿਲਾਪ ਤੇ ਉਹਨਾਂ ਦੀ ਸਰਗਰਮ ਇਮਦਾਦ ਹਾਸਲ ਕਰਨਾ ਸੀ। ਇਹ ਸਾਲ, ਆਪਣੀ ਝੋਲੀ ਵਿਚ, ਇਕ ਪਾਸੇ ਨਵੇਂ ਖਤਰੇ ਲੈਕੇ ਆਇਆ ਸੀ ਅਤੇ ਦੂਜੇ ਪਾਸੇ ਅਗੇ ਵੱਧਣ ਲਈ ਨਵੇਂ ਮੌਕੇ।

ਨਵੇਂ ਸਾਲ ਦੇ ਖਿਤਾਬਾਂ ਵਿਚ ਸਰਕਾਰ ਨੇ ਸ: ਸੁੰਦਰ ਸਿੰਘ ਮਜੀਠੀਆ ਨੂੰ ਅਤੇ ਸ: ਅਰੂੜ ਸਿੰਘ ਨੂੰ 'ਸਰ' (K. C. I. E.) ਦੇ ਖਿਤਾਬ ਦੇ ਦਿਤੇ! ਇਸ ਵੇਲੇ 'ਨਾਮਿਲ-ਵਰਤਨ' ਦੀ ਤਹਿਰੀਕ ਜ਼ੋਰਾਂ ਨਾਲ ਚਲ ਰਹੀ ਸੀ। ਅਤੇ ਖਿਤਾਬਾਂ ਨੂੰ ਇਜ਼ਤ ਦੀ ਨਿਸ਼ਾਨੀ ਨਹੀਂ, ਬੇਇਜ਼ੱਤੀ ਦੀ ਨਿਸ਼ਾਨੀ ਸਮਝਿਆ ਜਾ ਰਿਹਾ ਸੀ। ਅਤੇ ਮੰਗ ਕੀਤੀ ਜਾ ਰਹੀ ਸੀ ਕਿ ਖਿਤਾਬਾਂ ਵਾਲੇ ਹਿੰਦੁਸਤਾਨੀ ਆਪਣੇ ਖਿਤਾਬ ਵਾਪਸ ਕਰ ਦੇਣ। ਇਸ ਲਈ 'ਅਕਾਲੀ' ਨੇ ਮੰਗ ਕੀਤੀ ਕਿ ਇਹ ਖਿਤਾਬ ਵਾਪਸ ਕਰ ਦਿਤੇ ਜਾਣ।[1] ਕੌਮੀ ਅਖਬਾਰਾਂ ਨੇ ਖਿਤਾਬਾਂ ਉਤੇ ਟਿਪੱਣੀ ਕਰਦਿਆਂ ਆਖਿਆ: ਖਿਤਾਬ ਉਹਨਾਂ ਨੂੰ ਮਿਲਦੇ ਹਨ ਜਿਹੜੇ ਅਫਸਰਾਂ ਦੇ ਦਰਵਾਜ਼ਿਆਂ ਸਾਮ੍ਹਣੇ ਹਾਜ਼ਰੀ ਭਰਨ ਦਾ ਨਾਚ ਨਚਦੇ ਰਹਿੰਦੇ ਹਨ ਅਤੇ ਮਾੜੇ ਤੇ ਭੈੜੇ ਤਰੀਕੇ ਵਰਤ ਕੇ ਉਹਨਾਂ ਦੀ ਖੁਸ਼ਨੂਦੀ ਹਾਸਲ ਕਰਦੇ ਹਨ। ਇਹ ਉਹਨਾਂ ਨੂੰ ਮਿਲਦੇ ਹਨ, ਜਿਹੜੇ ਲੋਕਾਂ ਦਾ ਭਰੋਸਾ ਗੁਆ ਬੈਠਦੇ ਹਨ ਅਤੇ ਜਿਨ੍ਹਾਂ ਨੂੰ ਲੋਕ ਨਫਰਤ ਤੇ ਸ਼ੱਕ ਦੀ ਨਿਗ੍ਹਾ ਨਾਲ ਵੇਖਦੇ ਹਨ।

ਇਹ ਟਿੱਪਣੀ ਦੋਹਾਂ ਸਰਦਾਰਾਂ ਉਤੇ, ਵੱਧ ਘੱਟ ਇਕੋ ਜੇਹੀ ਢੁੱਕਦੀ ਸੀ। ਸ: ਅਰੂੜ ਸਿੰਘ ਤਾਂ ਕਿਸੇ ਗਿਣਤੀ ਵਿਚ ਨਹੀਂ ਸੀ, ਕਿਉਂਕਿ ਇਸ ਦਾ ਇਤਿਹਾਸਕ ਪਿੱਛਾ ਕੋਈ ਨਹੀਂ ਸੀ। ਸ: ਸੁੰਦਰ ਸਿੰਘ ਦਾ ਸੀ। ਉਹ ਚੀਫ ਖਾਲਸਾ ਦੀਵਾਨ ਦਾ ਕਰਤਾ ਧਰਤਾ ਸੀ। ਇਸ ਨੂੰ ਇਹ ਖਿਤਾਬ ਸਰਕਾਰ ਨੇ ਅਕਾਲੀ ਤਹਿਰੀਕ ਨਾਲੋਂ ਅੱਡ ਕਰਨ ਅਤੇ ਚੀਫ ਖਾਲਸਾ ਦੀਵਾਨ ਨੂੰ ਤਹਿਰੀਕ ਦੇ ਮੁਕਾਬਲੇ ਵਿਚ ਲਿਆਣ ਲਈ ਦਿੱਤਾ ਸੀ। ਸਰਕਾਰ ਇਸ ਚਾਲ ਵਿਚ ਪੂਰੀ ਸਫਲ ਹੋਈ। ਸਰਦਾਰ ਜੀ ਨੂੰ ਨਾਲ ਹੀ ਪੰਜਾਬ ਐਗਜ਼ੈਕਟਿਵ ਕੌਂਸਲ ਦਾ ਮੈਂਬਰ ਲੈ ਲਿਆ। ਸ਼੍ਰੀ ਮਾਨ ਜੀ ਸ਼੍ਰੋਮਣੀ ਕਮੇਟੀ ਤੋਂ ਅਸਤੀਫਾ ਦੇ ਕੇ ਵਜ਼ੀਰੀ ਦੀ ਕੁਰਸੀ ਉਤੇ ਜਾ ਬੈਠੇ। ਜਿਥੋਂ

[1] ਅਕਾਲੀ ਅਖ਼ਬਾਰ, ਲਾਹੌਰ: ਐਡੀਟਰ ਪਰਤਾਪ ਸਿੰਘ, 3 ਜਨਵਰੀ 1921।

Digitized by Panjab Digital Library | www.panjabdigilib.org

ਦੀ ਮਿੱਟੀ ਸੀ ਓਥੇ ਜਾ ਲੱਗੀ ! ਅੱਗੇ ਸਰ ਫ਼ਜ਼ਲ ਹੁਸੈਨ ਤੇ ਲਾਲਾ ਹਰਕਿਸ਼ਨ ਲਾਲ ਲੂਣ ਦੀ ਖਾਣ ਵਿਚ ਜਾ ਕੇ ਲੂਣ ਹੋ ਗਏ ਸਨ । ਹੁਣ ਉਹਨਾਂ ਨਾਲੋਂ ਵੀ ਵਧ ਅੰਗਰੇਜ਼ ਰਾਜ ਦਾ ਇਕ ਹੋਰ ਭਗਤ ਓੜੇ ਖਾਣ ਵਿਚ ਚਲਿਆ ਗਿਆ ਅਤੇ 'ਅਮਨ ਤੇ ਕਾਨੂੰਨ ਦੀ ਰੱਖਿਆ' ਦੇ ਨਾਮ ਥੱਲੇ ਨਾਮਿਲਵਰਤਨ ਦੀ ਰਾਜਸੀ (ਕਾਂਗਰਸ) ਅਤੇ ਧਾਰਮਕ (ਅਕਾਲੀ ਤੇ ਖਿਲਾਫਤੀ) ਲਹਿਰਾਂ ਤੋੜਨ ਲਈ ਅੰਗਰੇਜ਼ ਦੀ ਪਿੱਠ ਤੇ ਜਾ ਖਲੋਤਾ ।

1920 ਵਿਚ ਚੁਮਾਲਾ ਸਾਹਿਬ ਲਾਹੌਰ ਦਾ ਪਰਬੰਧ ਇਕ ਪਰਤੀਨਿਧ ਕਮੇਟੀ ਨੇ ਹੱਥ ਵਿਚ ਲੈ ਲਿਆ ਸੀ ਅਤੇ ਮਹੰਤ ਨੂੰ ਬਦਚਲਨ ਹੋਣ ਦੇ ਕਾਰਣ ਕੱਢ ਦਿਤਾ ਸੀ । ਬਾਬੇ ਦੀ ਬੇਰ ਅਤੇ ਅਕਾਲ ਤਖਤ ਉਤੇ ਕਬਜ਼ੇ ਕਰਨ ਦੀ ਗਾਥਾ ਅਸੀਂ ਪਿੱਛੇ ਪੜ੍ਹ ਆਏ ਹਾਂ । 18 ਦਸੰਬਰ ਨੂੰ ਅਮਰ ਸਿੰਘ ਝਬਾਲ ਤੇ ਕਰਤਾਰ ਸਿੰਘ ਝੱਬਰ ਨੇ ਪੋਠੋਹਾਰ ਦੇ ਮਸ਼ਹੂਰ ਗੁਰਦੁਆਰੇ ਪੰਜਾ ਸਾਹਿਬ ਉਤੇ ਇਕ ਜਥੇ ਨਾਲ ਧਾਵਾ ਬੋਲ ਕੇ ਕਬਜ਼ਾ ਕਰ ਲਿਆ ਅਤੇ ਗੁਰੂ ਨਾਨਕ ਦੇ ਜਨਮ-ਦਿਹਾੜੇ ਦੇ ਅਵਸਰ ਤੇ ਇਸ ਦੀ ਪਰਬੰਧਕ ਕਮੇਟੀ ਚੁਣੀ ਗਈ ਅਤੇ ਗੁਰਦੁਆਰਾ ਉਸ ਦੇ ਪਰਬੰਧ ਥਲੇ ਆ ਗਿਆ । 1920 ਵਿਚ ਸੁਧਾਰ ਲਹਿਰ ਦੀ ਸ਼ੁਰੂਆਤ ਚੰਗੀ ਹੋ ਗਈ ਸੀ ।

## 3. ਗੁਰਦੁਆਰਾ ਤਰਨਤਾਰਨ ਤੇ ਕਬਜ਼ਾ

ਗੁਰਦੁਆਰਾ ਤਰਨਤਾਰਨ ਦੀ ਨਿੱਘਰੀ ਹੋਈ ਦੁਰਾਚਾਰੀ ਅਵਸਥਾ ਅਸੀਂ ਪਿੱਛੇ ਵੇਖ ਆਏ ਹਾਂ । ਇਹ ਵੀ ਵੇਖ ਆਏ ਹਾਂ ਕਿ ਪੁਜਾਰੀ ਤੇ ਗਰੰਥੀ ਸਭ ਸਿੱਖੀ ਅਸੂਲਾਂ ਨੂੰ ਤਿਲਾਂਜਲੀ ਦੇ ਚੁਕੇ ਸਨ ਅਤੇ ਬਦਮਾਸ਼ ਤੇ ਵਿਭਚਾਰੀ ਬਣ ਚੁਕੇ ਸਨ । ਅਕਾਲੀ ਤਹਿਰੀਕ ਦਾ ਧਿਆਨ ਇਸ ਦੇ ਸੁਧਾਰ ਵੱਲ ਜਾਣਾ ਕੁਦਰਤੀ ਗੱਲ ਸੀ । ਗੁਰਦੁਆਰੇ ਦੀ ਪਰਕਰਮਾਂ ਵਿਚ ਕਿਸੇ ਜਥੇ ਨੂੰ ਕੀਰਤਨ ਕਰਨ ਤਕ ਦੀ ਆਗਿਆ ਨਹੀਂ ਸੀ ਦਿਤੀ ਜਾਂਦੀ । ਗੁੰਡਿਆਂ ਨਾਲ ਇਹਨਾਂ ਪੁਜਾਰੀਆਂ ਦਾ ਭਾਈਚਾਰਾ ਬਣਿਆ ਹੋਇਆ ਸੀ । ਯਾਤਰੂਆਂ ਦੀਆਂ ਧੀਆਂ ਭੈਣਾਂ ਨੂੰ ਧੀਆਂ ਭੈਣਾ ਨਹੀਂ ਕੁਛ ਹੋਰ ਸਮਝਣ ਲਗ ਪਏ ਸਨ ।

11 ਜਨਵਰੀ ਨੂੰ ਮੁਕਾਮੀ ਸੇਵਕ ਜਥੇ ਨੇ ਪੁਜਾਰੀਆਂ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਸਲਾਹ ਦਿਤੀ, ਅਗੋਂ ਪੁਜਾਰੀਆਂ ਨੇ ਡੰਡੇ ਚੁਕ ਲਏ ।[1] ਪਹਿਲੋਂ ਇਕ ਵਾਰ ਫੀਰੋਜ਼ਪੁਰ ਦੇ ਗੁਰਦੁਆਰੇ ਦਾ ਦਰਸ਼ਨ ਕਰਨ ਆਈਆਂ ਬੀਬੀਆਂ ਨੂੰ ਕੀਰਤਨ ਕਰਨੋਂ ਰੋਕ ਦਿਤਾ, ਸੀ । ਕੈਰੋਂ ਦੀਆਂ ਬੀਬੀਆਂ ਦੇ ਜਥੇ ਦਾ ਕੀਰਤਨ ਨਹੀਂ ਸੀ ਹੋਣ ਦਿਤਾ । ਭਾਈ ਲਛਮਣ ਸਿੰਘ (ਨਨਕਾਣੇ ਸਾਹਿਬ ਦੇ ਸ਼ਹੀਦ) ਜੀ ਬੀਬੀਆਂ ਦਾ ਜਥਾ ਲੈ ਕੇ ਆਏ ਸਨ, ਉਹਨਾਂ ਨੂੰ ਲਾਗੇ ਨਹੀਂ ਸੀ ਛੋਹਣ ਦਿਤਾ । ਮੁਕਦੀ ਗੱਲ ਇਹ ਕਿ ਪਰਕਰਮਾ ਅੰਦਰ ਇਹਨਾਂ ਨੇ ਕੂੜ ਕੁਸੱਤ ਅਤੇ ਉਪੱਦਰ ਦਾ ਰਾਜ ਕਾਇਮ ਕੀਤਾ ਹੋਇਆ ਸੀ।

24 ਜਨਵਰੀ ਨੂੰ ਅਕਾਲ ਤਖਤ (ਅਮਰਿਤਸਰ) ਸਾਮ੍ਹਣੇ ਭਰੇ ਦੀਵਾਨ ਵਿਚ ਇਕ ਬੀਬੀ ਨੇ[2] ਫਰਿਆਦ ਕੀਤੀ ਕਿ ਤਰਨਤਾਰਨ ਦੇ ਪੁਜਾਰੀਆਂ ਨੇ ਪਰਕਰਮਾਂ ਵਿਚੋਂ ਫੜਕੇ ਮੇਰੇ ਲੜਕੇ ਨੂੰ

---

[1] ਜੀਵਨ ਭਾਈ ਮੋਹਨ ਸਿੰਘ ਵੈਦ, ਤਰਨਤਾਰਨ, ਪੰਨਾ 369.

[2]. ਝੱਬਰ ਨੇ ਤਰਨਤਾਰਨ ਜਾਣ ਦੇ ਸੱਦੇ ਦੀ ਕਹਾਣੀ ਬਿਲਕੁਲ ਵੱਖਰੀ ਦਿਤੀ ਹੈ । ਜਿਹੜੀ ਇਸ ਥਾਂ ਦਿਤੀ ਕਹਾਣੀ ਨਾਲ ਮੇਲ ਨਹੀਂ ਖਾਂਦੀ । ਸਾਨੂੰ ਝੱਬਰ ਦੀ ਕਹਾਣੀ ਦਰੁਸਤ ਨਹੀਂ ਜਾਪਦੀ, ਕਿਉਂਕਿ ਪਰੋਫੈਸਰ ਤੇਜਾ ਸਿੰਘ ਦੀ ਲਿਖਤ ਮੁਤਾਬਕ ਅਕਾਲ ਤਖਤ ਸਾਹਮਣੇ ਇਕ ਬੀਬੀ ਨੇ ਫਰਿਆਦ ਕੀਤੀ ਸੀ ਜਿਸਦੇ ਕਾਰਨ ਸਿੰਘਾਂ ਨੇ ਤਰਨਤਾਰਨ ਜਾ ਕੇ ਪੁਜਾਰੀਆਂ ਨੂੰ ਸੋਧਣ ਦਾ ਫੈਸਲਾ ਕੀਤਾ ।

Digitized by Panjab Digital Library | www.panjabdigilib.org

ਸਰੋਵਰ ਵਿਚ ਸੁਟ ਦਿਤਾ, ਮੋਟੀ ਲੜਕੀ ਨੂੰ ਮੰਦਰ ਅੰਦਰ ਬੁਰੇ ਭਲੇ ਸ਼ਬਦ ਆਖੇ ਤੇ ਧਮਕੀਆਂ ਦਿਤੀਆਂ ਅਤੇ ਇਕ ਹਿੰਦੂ ਲੜਕੀ ਨੂੰ ਬੇਪਤ ਕੀਤਾ ।—ਇਹ ਦਰਦਨਾਕ ਵਾਰਤਾ ਸੁਣਕੇ ਸਿੰਘਾਂ ਵਿਚ ਬੜਾ ਜੋਸ਼ ਪੈਦਾ ਹੋ ਗਿਆ । ਅਤੇ ਉਹਨਾਂ ਨੇ ਤਰਨਤਾਰਨ ਦੇ ਸੁਧਾਰ ਕਰਨ ਦਾ ਮਤਾ ਪਾਸ ਕੀਤਾ ।

26 ਜਨਵਰੀ ਨੂੰ ਸਵੇਰ ਦੀ ਗੱਡੀ ਅਮਰਿਤਸਰੋਂ ਚੜ੍ਹਕੇ ਭਾਈ ਤੇਜਾ ਸਿੰਘ ਜੀ ਭੁੱਚਰ ਚਾਲੀਆਂ ਸਿੰਘਾਂ ਦਾ ਜਥਾ ਲੈ ਕੇ ਤਰਨਤਾਰਨ ਸਵੇਰੇ ਅਠ ਵਜੇ ਪਹੁੰਚ ਗਏ । ਜਥੇ ਨੂੰ ਵੇਖਕੇ ਪੁਜਾਰੀ ਤੇ ਗਰੰਥੀ ਸੜ ਬਲ ਕੇ ਭਖਦੇ ਕੋਲੇ ਹੋ ਗਏ । ਅਤੇ ਖੂਨੀ ਸਾਕਾ ਵਰਤਾਣ ਦੀਆਂ ਤਿਆਰੀਆਂ ਕਰਨ ਲਗੇ—"ਪਲਾਂ ਵਿਚ ਹੀ ਨਿਕੇ ਵੱਡੇ ਸਭ ਗੁਪਤ ਪਰਗਟ ਟਕੂਏ, ਕੁਹਾੜੀਆਂ, ਛੱਵੀਆਂ, ਤੀਰ ਆਦਿ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜਾ ਬੈਠੇ ।"[1] ਭਾਈ ਮੋਹਨ ਸਿੰਘ ਜੀ ਵੈਦ ਨੇ ਸਮਝੌਤੇ ਲਈ ਬੜੇ ਤਰਲੇ ਮਾਰੇ ਤੇ ਹੀਲੇ ਕੀਤੇ । ਅਕਾਲੀ ਜਥੇ ਵਾਲੇ ਤਾਂ ਵੈਦ ਜੀ ਦੀ ਹਰ ਜਾਇਜ਼ ਤੇ ਯੋਗ ਗੱਲ ਮੰਨੀ ਜਾਂਦੇ ਸਨ, ਪਰ ਪੁਜਾਰੀ ਬੜੇ ਭੂਤਰੇ ਹੋਏ ਸਨ, ਉਹ ਕਿਸੇ ਠੁੱਕ ਤੇ ਹੀ ਨਹੀਂ ਸਨ ਆਉਂਦੇ,—ਫਸਾਦ ਲਈ ਲੱਕ ਬੰਨ੍ਹੀ ਬੈਠੇ ਸਨ । ਵੈਦ ਜੀ ਦੇ ਸ਼ਹਿਰ ਨੂੰ ਕਲੰਕ ਤੋਂ ਬਚਾਣ ਦੇ ਸਭ ਯਤਨ ਅਸਫਲ ਹੋ ਗਏ ।

"ਰਾਤ ਦੇ ਕੋਈ ਨੌਂ ਵਜੇ ਦੇ ਕਰੀਬ ਸ਼ਰਾਬੀ ਪੁਜਾਰੀ-ਟੋਲਾ ਸ਼ਾਂਤ-ਮਈ ਅਕਾਲੀ ਜਥੇ ਉਤੇ ਟੁੱਟ ਪਿਆ, ਗੁਰੂ ਅਰਰਨ ਦੇਵ ਦਾ ਸ਼ਹੀਦੀ ਦਰਬਾਰ ਸ਼ਹੀਦੀ ਖੂਨ ਨਾਲ ਲਾਲੋ ਲਾਲ ਹੋ ਗਿਆ......ਪੁਜਾਰੀਆਂ ਗਰੰਥੀਆਂ ਛੱਵੀਆਂ ਮਾਰ ਕੇ ਆਪਣੀਆਂ ਜੜ੍ਹਾਂ ਵਢੀਆਂ ਤੇ ਗੋਲੇ ਮਾਰਕੇ ਸਾੜੀਆਂ ।"[2] ਜਥੇ ਨੇ ਸ਼ਾਂਤਮਈ ਰਹਿਣ ਦੀ ਸੁਗੰਦ ਚੁਕੀ ਹੋਈ ਸੀ । ਉਹ ਅਗੋਂ ਹੱਥ ਨਹੀਂ ਸਨ ਚੁਕ ਰਹੇ, ਆਖ ਰਹੇ ਸਨ: "ਮਰਨਾ ਹੈ ਮਾਰਨਾ ਨਹੀਂ, ਸਹਿਣਾ ਹੈ, ਭਰਾਵਾਂ ਤੇ ਵਾਰ ਨਹੀਂ ਕਰਨਾ ।" ਜਥਾ ਹੱਥ ਚੁਕਣ ਵਾਲਾ ਹੁੰਦਾ ਤਾਂ ਉਹਨਾਂ ਦੇ ਦਸ ਆਦਮੀ ਹੀ ਇਹਨਾਂ ਕਾਇਰਾਂ ਨੂੰ ਬਕਰੀਆਂ ਦੇ ਇੱਜੜ ਵਾਂਗ ਕੁਟ ਕੁਟ ਨਾਨੀ ਯਾਦ ਕਰਾ ਦੇਂਦੇ ।[3]

ਸਿੰਘਾਂ ਨੂੰ ਫੱਟਾਂ ਉਤੇ ਫੱਟ ਲਗੇ । ਉਹਨਾਂ ਵਿਚੋਂ ਕੁਛ ਨੂੰ ਤਾਂ ਏਨੇ ਜ਼ਖਮ ਲਗੇ ਕਿ ਉਹ ਮਰਨ ਕਿਨਾਰੇ ਹੋ ਗਏ । ਅਗਲੇ ਦਿਨ ਭਾਈ ਹਜ਼ਾਰਾ ਸਿੰਘ ਅਲਦੀਨ ਪੁਰ (ਅਮਰਿਤਸਰ) ਜ਼ਖਮਾਂ ਦੀ ਤਾਬ ਨਾ ਲਾ ਸਕੇ ਅਤੇ ਸ਼ਹੀਦ ਹੋ ਗਏ, ਪੰਜਵੇਂ ਦਿਨ ਭਾਈ ਹੁਕਮ ਸਿੰਘ ਵਸਾਊ ਕੋਟ

---

[1] ਜੀਵਨ ਭਾਈ ਮੋਹਨ ਸਿੰਘ ਵੈਦ—ਪੰਨਾ 381

[2] ਉਤਲੀ ਹੀ ਪੁਸਤਕ : ਸਫਾ 372

[3] ਕਰਤਾਰ ਸਿੰਘ ਝੱਬਰ 'ਅਕਾਲੀ ਮੋਰਚੇ ਤੇ ਝੱਬਰ' ਵਿਚ ਲਿਖਦਾ ਹੈ ਕਿ ਉਹ "ਦੌੜ ਕੇ ਭੁੱਚਰ ਦੇ ਬੁੰਗੇ ਵਿਚ ਗਿਆ । ਉਥੋਂ 15-16 ਲੰਮੀਆਂ ਡਾਂਗਾਂ ਲਿਆਂਦੀਆਂ ਅਤੇ ਆਪਣੇ ਜਥੇ ਦੇ ਸਿੰਘਾਂ ਨੂੰ ਦਿਤੀਆਂ ।" ਅਤੇ ਇਸ ਤਰ੍ਹਾਂ ਉਸਨੇ ਆਪਣੇ ਆਪ ਸ਼ਾਂਤਮਈ ਰਹਿਣ ਦਾ ਅਸੂਲ ਤੋੜਕੇ ਪੁਜਾਰੀਆਂ ਦਾ ਮੁਕਾਬਲਾ ਕਰਨ ਲਈ ਆਪਣੇ ਜਥੇ ਦੇ ਕੁਝ ਸਿੰਘ ਲਿਆਇਆ । ਮਲੂਮ ਹੁੰਦਾ ਹੈ ਕਿ ਇਹ ਉਸਦੀ ਆਪਣੀ ਨਿੱਜੀ ਸਕੀਮ ਸੀ ਜਿਸਦਾ ਨਾ ਭਾਈ ਮੋਹਣ ਸਿੰਘ ਨੂੰ ਪਤਾ ਸੀ ਅਤੇ ਨਾ ਹੀ ਉਸਦੇ ਆਪਣੇ ਜਥੇ ਤੋਂ ਛੁਟ ਹੋਰ ਸਿੰਘਾਂ ਨੂੰ ਪਤਾ ਸੀ । ਪਰੋਫੈਸਰ ਤੇਜਾ ਸਿੰਘ ਦਾ ਅਤੇ ਗਿਆਨੀ ਪਰਤਾਪ ਸਿੰਘ ਦਾ ਇਤਿਹਾਸ ਸਿੰਘਾਂ ਦੇ ਸਿਰਫ ਸ਼ਾਂਤਮਈ ਰਹਿਣ ਦੀ ਗੱਲ ਕਰਦੇ ਹਨ ਲੜਾਈ ਦੀ ਨਹੀਂ ।

(ਵੇਖੋ ਅਕਾਲੀ ਮੋਰਚੇ ਤੇ ਝੱਬਰ, ਪੰਨਾ 99 ਤੇ 100)

Digitized by Panjab Digital Library | www.panjabdigilib.org

(ਗੁਰਦਾਸਪੁਰ) ਚਲਾਣਾ ਕਰ ਗਏ । ਗੁਰਦੁਆਰਿਆਂ ਨੂੰ ਆਜ਼ਾਦ ਕਰਾਣ ਦੀ ਤਹਿਰੀਕ ਵਿਚ ਇਹ ਸਭ ਤੋਂ ਪਹਿਲੀਆਂ ਦੋ ਸ਼ਹੀਦੀਆਂ ਸਨ ।

ਭਾਈ ਹਜ਼ਾਰਾ ਸਿੰਘ ਦੀ ਸ਼ਹੀਦੀ ਵਾਲੇ ਦਿਨ ਹੀ ਬਾਹਰੋਂ ਕਈ ਜਥੇ ਪਹੁੰਚ ਗਏ ਅਤੇ ਉਹਨਾਂ ਨੇ ਇਹਨਾਂ ਪੁਜਾਰੀਆਂ ਤੇ ਗਰੰਥੀਆਂ ਨੂੰ ਗੁਰਦੁਆਰੇ ਵਿਚੋਂ ਕਢਕੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਲਿਆ । ਜਥੇ ਵਾਲੇ ਆਗੂ ਸਮਝੌਤੇ ਵਿਚ, ਇਹਨਾਂ ਨੂੰ ਕੁਰੀਤੀਆਂ ਦੂਰ ਕਰਨ, ਸ਼ਰੋਮਣੀ ਕਮੇਟੀ ਦੇ ਹੁਕਮ ਵਿਚ ਚਲਣ ਅਤੇ ਸਿੱਖੀ ਅਸੂਲ ਧਾਰਨ ਕਰਕੇ ਪੁਜਾਰੀ ਬਣੇ ਰਹਿਣ ਦੀਆਂ ਚੰਗੀਆਂ ਸ਼ਰਤਾਂ ਪੇਸ਼ ਕਰਦੇ ਸਨ, ਪਰ ਇਹਨਾਂ ਦੀ ਹਾਲਤ 'ਵਿਨਾਸ਼ ਕਾਲੇ ਵਿਪ੍ਰੀਤ ਬੁਧੀ' ਵਾਲੀ ਹੋਈ ਹੋਈ ਸੀ ।


ਇਹ ਕੱਟਾ ਕਿੱਲੇ ਦੇ ਜ਼ੋਰ ਤਾਂਘੜਿਆ । ਨਹੀਂ ਤਾਂ ਇਹਨਾਂ ਸੂਹਦੇ ਪੁਜਾਰੀਆਂ ਦੀ ਕੀ ਮਜਾਲ ਸੀ ਕਿ ਇਹ ਪੰਥ ਦੇ ਮੁਕਾਬਲੇ ਵਿਚ ਖੜੇ ਹੁੰਦੇ । ਅਕਾਲੀ ਤਹਿਰੀਕ ਦੇ ਉੱਠਣ ਪਿੱਛੋਂ ਇਹ ਮਿਸਟਰ ਕਿੰਗ ਕਮਿਸ਼ਨਰ ਪਾਸ ਮਦਦ ਲਈ ਗਏ ਸਨ ।

ਇਹ ਕਿੰਗ ਓਹੋ ਹੀ ਸੀ ਜਿਹੜਾ ਅਮਰਿਤਸਰ ਵਿਚ ਡੀ. ਸੀ. ਰਹਿ ਚੁਕਾ ਸੀ ਅਤੇ ਜਿਸ ਨੇ 1914 ਵਿਚ ਦਰਬਾਰ ਸਾਹਿਬ ਸਰੋਵਰ ਨੂੰ ਪਾਣੀ ਪਹੁੰਚਾਣ ਵਾਲਾ ਸੂਆ ਬੰਦ ਕਰ ਦਿਤਾ ਸੀ । ਇਸ ਹੁਕਮ ਦੇ ਖਿਲਾਫ ਪੁਜਾਰੀਆਂ ਵਲੋਂ ਜ਼ਬਾਨਾਂ ਬੰਦ ਰਖਣ ਦੇ ਬਾਵਜੂਦ, ਆਮ ਸਿੱਖਾਂ ਨੇ ਬੜੀ ਐਜੀਟੇਸ਼ਨ ਕੀਤੀ ਸੀ ਅਤੇ ਵਧਦੀ ਹੋਈ ਲਹਿਰ ਨੂੰ ਵੇਖਕੇ ਗੌਰਮਿੰਟ ਨੂੰ ਇਹ ਹੁਕਮ ਵਾਪਸ ਲੈਣਾ ਪਿਆ ਸੀ ।

ਕਿੰਗ ਤੇ ਪੁਜਾਰੀ ਦੋਵੇਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ । ਉਸ ਨੇ ਇਹਨਾਂ ਨੂੰ ਹਲਾ ਸ਼ੇਰੀ ਦਿਤੀ ਅਤੇ ਕਿਹਾ : 'ਜ਼ਰੂਰਤ ਵੇਲੇ ਸਰਕਾਰ ਤੁਹਾਡੀ ਮਦਦ ਕਰੇਗੀ ।' ਇਹ ਗੱਲ ਆਮ ਖਿੱਲਰ ਗਈ । ਭਾਈ ਮੋਹਨ ਸਿੰਘ ਨੇ ਜਨਵਰੀ ਦੇ ਪਹਿਲੇ ਹਫਤੇ ਮਿ: ਕਿੰਗ ਨੂੰ ਚਿੱਠੀ ਲਿਖੀ ਕਿ ਤੁਹਾਡੇ ਬਾਰੇ ਏਥੇ ਫੈਲਾਇਆ ਜਾ ਰਿਹਾ ਹੈ ਕਿ ਤੁਸਾਂ ਪੁਜਾਰੀਆਂ ਨੂੰ ਅਕਾਲੀ ਸੁਧਾਰ ਦੇ ਖਿਲਾਫ ਮਦਦ ਦੇਣ ਦਾ ਇਕਰਾਰ ਕੀਤਾ ਹੈ । ਤੁਸੀਂ ਕਿਰਪਾ ਕਰਕੇ ਇਹ ਗਲਤ ਫਹਿਮੀ ਦੂਰ ਕਰੋ, ਪਰ ਕਿੰਗ ਨੇ ਇਸ ਚਿਠੀ ਦਾ ਜਵਾਬ ਹੀ ਕੋਈ ਨਾ ਦਿਤਾ । ਸਿੱਟਾ ਇਕੋ ਹੀ ਨਿਕਲ ਸਕਦਾ ਹੈ —ਚੁਪ, ਪੂਰੀ ਨਹੀਂ ਤਾਂ ਅੱਧੀ ਰਜ਼ਾਮੰਦੀ ।

ਇਸ ਸੋਗੀ ਸਾਕੇ ਦੀ ਪੜਤਾਲ ਲਈ ਪੰਜਾਬ ਨੈਸ਼ਨਲ ਕਾਂਗਰਸ ਨੇ ਇਕ ਪੜਤਾਲੀਆ ਕਮੇਟੀ ਬਣਾਈ ਜਿਸ ਦੇ ਮਿੰਬਰ ਕਾਂਗਰਸ ਦੇ ਤਿੰਨ ਪਰਸਿੱਧ ਆਗੂ—ਡਾਕਟਰ ਕਿਚਲੂ, ਲਾਲਾ ਗਿਰਧਾਰੀ ਲਾਲ ਅਤੇ ਲਾਲਾ ਭੋਲਾ ਨਾਥ—ਸਨ । ਇਸ ਕਮੇਟੀ ਸਾਮ੍ਹਣੇ ਪੁਜਾਰੀਆਂ ਨੇ ਆਪ-ਣੀਆਂ ਸਾਰੀਆਂ ਗਲਤੀਆਂ ਨੂੰ ਮੰਨਿਆ ਅਤੇ ਲਿਖਤੀ ਮੁਆਫੀਨਾਮਾ ਦਿਤਾ ਜਿਸ ਵਿਚ ਲਿਖਿਆ 'ਸਾਡੀਆਂ ਭੁਲਾਂ ਨੂੰ ਮੁਆਫ ਕੀਤਾ ਜਾਵੇ । ਅਕਾਲੀ ਸਾਡੇ ਵਿਰੁਧ ਕੋਈ ਮੁਕਦਮਾ ਨਾ ਕਰਨ ।' ਪਰ ਖੁਦ ਪੁਜਾਰੀਆਂ ਨੇ ਅਕਾਲੀਆਂ ਵਿਰੁਧ ਪੁਲਸ ਥਾਣੇ ਵਿਚ ਰਿਪੋਰਟ ਦਰਜ ਕਰਾਈ ਹੋਈ ਸੀ, ਇਸ ਰਿਪੋਰਟ ਦੇ ਅਧਾਰ ਤੇ ਡਿਸਟਰਿਕਟ ਮੈਜਿਸਟਰੇਟ ਨੇ ਪੁਲਸ ਨੂੰ ਕਾਰਵਾਈ ਕਰਨ ਦੀ ਹਦਾ-ਇਤ ਕੀਤੀ । ਪੁਜਾਰੀਆਂ ਨੇ ਅਕਾਲੀਆਂ ਵਿਰੁਧ ਜ਼ਬਰਦਸਤੀ ਕਬਜ਼ਾ (ਦਫਾ 145) ਕਰਨ ਦਾ ਮੁਕਦਮਾ ਵੀ ਕੀਤਾ ਹੋਇਆ ਸੀ । ਇਹ ਮੁਕਦਮਾ 9 ਜੁਲਾਈ 1921 ਨੂੰ ਖਾਰਜ ਹੋ ਗਿਆ । ਪਰ ਲੜਾਈ ਦੇ ਮੁਕਦਮੇ ਚਲਦੇ ਰਹੇ । ਅਕਾਲੀਆਂ ਨੇ ਮੁਕਦਮੇ ਦੀ ਪੈਰਵੀ ਵਲ ਕੋਈ ਧਿਆਨ ਨਾ ਦਿਤਾ । ਮੁਕਦਮਾ ਬੜਾ ਲੰਮਾ ਹੋ ਗਿਆ । ਅਖੀਰ 9 ਜਨਵਰੀ 1922 ਨੂੰ 15 ਪੁਜਾਰੀਆਂ ਨੂੰ

Digitized by Panjab Digital Library | www.panjabdigilib.org



# ਸ਼ਹੀਦੀ ਸਾਕਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ

ਜ਼ਿਲਾ ਸ਼ੇਖ਼ੂਪੁਰਾ (ਪਾਕਿਸਤਾਨ)

ਜਿਥੇ ਅੰਗਰੇਜ਼ੀ ਸਰਕਾਰ ਦੀ ਸ਼ਹਿ ਤੇ ਮਹੰਤ ਨੇ ਜਥੇ ਦਾ ਕਤਲਿਆਮ ਕੀਤਾ ।

(ਸ਼੍ਰੋ: ਗੁ: ਪ੍ਰ: ਕਮੇਟੀ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਤਿੰਨ ਤਿੰਨ ਸਾਲ ਕੈਦ ਤੇ ਇਕ ਨੂੰ 50 ਰੁਪਏ ਜੁਰਮਾਨੇ ਦੀ ਸਜ਼ਾ ਹੋਈ ਅਤੇ 15 ਅਕਾਲੀਆਂ ਨੂੰ ਇਕ ਇਕ ਸਾਲ ਕੈਦ ਤੇ ਪੰਜਾਹ ਪੰਜਾਹ ਰੁਪਏ ਦੀ ਸਜ਼ਾ ਮਿਲੀ। ਭਾਈ ਮੋਹਨ ਸਿੰਘ ਜੀ ਤੇ ਹੈਡ ਮਾਸਟਰ ਮਹਿਤਾਬ ਸਿੰਘ ਨੂੰ ਬਰੀ ਕਰ ਦਿਤਾ ਗਿਆ। ਸਜ਼ਾ ਪਾਣ ਵਾਲਿਆਂ ਵਿਚ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਸਨ। ਸੈਸ਼ਨ ਜਜ ਨੇ ਇਹ ਸਜ਼ਾਵਾਂ ਘਟਾਕੇ ਪੁਜਾਰੀਆਂ ਦੀਆਂ ਨੌਂ ਨੌਂ ਮਹੀਨੇ ਅਤੇ ਅਕਾਲੀਆਂ ਦੀਆਂ ਛੇ ਛੇ ਮਹੀਨੇ ਕਰ ਦਿਤੀਆਂ।[1]

ਗੁਰਦੁਆਰਾ ਸੁਧਾਰ ਦੀ ਰਫਤਾਰ ਤੇਜ਼ ਹੋ ਰਹੀ ਸੀ। 14 ਫਰਵਰੀ 1921 ਨੂੰ ਤਰਨ-ਤਾਰਨ ਤੋਂ ਇਕ ਜਥੇ ਨੇ ਜਾ ਕੇ ਨੌਰੰਗਾਬਾਦ ਦੇ ਗੁਰਦੁਆਰੇ ਦਾ ਸੁਧਾਰ ਕੀਤਾ। ਮਹੰਤ ਨੇ ਪੰਥ ਦੀ ਪਾਬੰਦੀ ਵਿਚ ਰਹਿਕੇ ਸੇਵਾ ਕਰਨੀ ਪਰਵਾਨ ਕੀਤੀ ਅਤੇ ਸਮਝੌਤੇ ਦੀ ਲਿਖਤ ਲੈ ਕੇ ਜਥਾ ਵਾਪਸ ਆ ਗਿਆ। 18 ਫਰਵਰੀ ਨੂੰ ਏਥੋਂ ਹੀ ਇਕ ਜਥਾ ਖਡੂਰ ਸਾਹਿਬ ਦੇ ਪਰਬੰਧ ਨੂੰ ਠੀਕ ਲੀਹਾਂ ਤੇ ਚਲਾਣ ਅਤੇ ਸ਼ਰੋਮਣੀ ਕਮੇਟੀ ਦੇ ਮਾਤਹਿਤ ਲਿਆਉਣ ਲਈ ਗਿਆ। ਭਾਈ ਮੋਹਨ ਸਿੰਘ ਜੀ ਵੈਦ ਉਹਨਾਂ ਦੇ ਨਾਲ ਗਏ। ਉਸ ਦੀ ਵੀ ਲਿਖਤ-ਪੜ੍ਹਤ ਬਾਕਾਇਦਾ ਹੋ ਗਈ ਅਤੇ ਜਥਾ ਵਾਪਸ ਮੁੜ ਆਇਆ। ਸ਼ਾਫ ਜ਼ਾਹਰ ਹੈ ਕਿ ਸ਼ੁਰੂ ਵਿਚ ਅਕਾਲੀ ਤਹਿਰੀਕ ਦਾ ਮਕਸਦ ਗੁਰਦੁਆਰਿਆਂ ਦਾ ਸੁਧਾਰ ਕਰਕੇ ਇਕ ਕੇਂਦਰ ਦੇ ਥੱਲੇ ਕਰਨਾ ਸੀ, ਪੁਜਾਰੀਆਂ ਨੂੰ ਕਢਣਾ ਨਹੀਂ ਸੀ, ਕਬਜ਼ੇ ਪੁਜਾਰੀਆਂ ਦੇ ਆਕੀ ਹੋਣ ਤੇ ਹੋਏ।

---

[1] ਗਿਆਨੀ ਪਰਤਾਪ ਸਿੰਘ : ਅਕਾਲੀ ਲਹਿਰ ਦਾ ਇਤਿਹਾਸ—ਸਫਾ, 110-111.

Digitized by Panjab Digital Library | www.panjabdigilib.org

# ਨਨਕਾਣਾ ਸਾਹਿਬ ਦਾ ਕਤਲਾਮ

ਨਨਕਾਣਾ ਸਾਹਿਬ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ ਇਸ ਲਈ ਸਿਖ ਗੁਰਦੁਆਰਿਆਂ ਵਿਚ ਇਸ ਦੀ ਸ਼ਰੋਮਣੀ ਥਾਂ ਹੈ । ਇਸ ਦੇ ਨਾਮ ਤਿੰਨ ਚਾਰ ਲੱਖ ਰੁਪਏ ਦੀ ਜਾਗੀਰ ਸੀ । ਦਰਬਾਰ ਸਾਹਿਬ ਅਮਰਿਤਸਰ ਤੇ ਤਰਨਤਾਰਨ ਵਾਂਗ ਇਸ ਤੇ ਵੀ ਪਿੱਠੂ ਤੇ ਜੀ-ਹਜ਼ੂਰ ਮਹੰਤਾਂ ਰਾਂਹੀ ਅੰਗਰੇਜ਼ ਹਾਕਮਾਂ ਦਾ ਕਬਜ਼ਾ ਸੀ । ਲੈਫ: ਗਵਰਨਰ ਜਾਂ ਉਸਦੇ ਨੁਮਾਇੰਦੇ ਦੀ ਮਨਜ਼ੂਰੀ ਬਗੈਰ ਕੋਈ ਆਦਮੀ ਮਹੰਤ ਨਹੀਂ ਸੀ ਬਣ ਸਕਦਾ ।[1]

ਨਰਾਇਣ ਦਾਸ ਤੋਂ ਪਹਿਲੇ ਦੋਵੇਂ ਮਹੰਤ ਵੈਲੀ ਤੇ ਸ਼ਰਾਬੀ ਸਨ । ਦੋਵੇਂ ਗੁਪਤ ਬੀਮਾਰੀਆਂ ਦਾ ਸ਼ਿਕਾਰ ਸਨ ਅਤੇ ਦੋਵੇਂ ਹੀ ਇਕ ਦੂਜੇ ਪਿੱਛੋਂ ਥੋੜ੍ਹੇ ਅਰਸੇ ਵਿਚ ਹੀ, ਇਹਨਾਂ ਬੀਮਾਰੀਆਂ ਨਾਲ, ਮਰ ਗਏ । ਇਹਨਾਂ ਦੇ ਗੱਦੀਦਾਰ ਬਣਨ ਦੀ ਪਰਵਾਨਗੀ ਸਰ ਮਾਈਕਲ ਓਡਵਾਇਰ ਜਾਂ ਉਸ ਦੇ ਕਿਸੇ ਪਰਤੀਨਿਧ ਨੇ ਦਿਤੀ ਸੀ । ਇਹ ਮਹੰਤ ਲੱਖਾਂ ਰੁਪਏ ਦੀ ਜਾਇ-ਦਾਦ ਅੰਗਰੇਜ਼ ਅਫ਼ਸਰਾਂ ਨੂੰ ਨਜ਼ਰਾਨੇ ਤੇ ਤੋਹਫੇ ਦੇ ਦੇ ਅਤੇ ਦੁਰਾਚਾਰੀ ਕੁਕਰਮ ਕਰ ਕਰ ਬਰਬਾਦ ਕਰ ਰਹੇ ਸਨ । ਨਨਕਾਣਾ ਸਾਹਿਬ ਧਰਮ ਅਸਥਾਨ ਨਹੀਂ ਸੀ ਰਿਹਾ, ਇਹ ਗੁੰਡਿਆਂ, ਬਦਮਾਸ਼ਾਂ ਤੇ ਭੰਗੀਆਂ-ਪੋਸਤੀਆਂ ਦੀ ਪਰਵਰਿਸ਼-ਗਾਹ ਬਣ ਗਿਆ ਸੀ ।

ਸਰਕਾਰੀ ਹਾਕਮਾਂ ਦੀ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਸੀ ਕਿ ਮਹੰਤ ਬਦਮਾਸ਼ ਹਨ ਅਤੇ ਜਾਗੀਰ ਤੇ ਚੜ੍ਹਾਵੇ ਦਾ ਬੇਹਿਸਾਬ ਰੁਪਇਆ ਬਰਬਾਦ ਕਰ ਰਹੇ ਹਨ ਅਤੇ ਇਹ ਰੁਪਇਆ ਸਿੱਖਾਂ ਵਿਚ ਵਿੱਦਿਆ ਅਤੇ ਸਭਿਆਚਾਰ ਫੈਲਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ । ਸਗੋਂ ਉਹਨਾਂ ਦੀ ਦਿਲਚਸਪੀ ਇਸ ਵਤੀਰੇ ਵਿਚ ਸੀ ਕਿ ਗੁਰਦੁਆਰਿਆਂ ਨੂੰ ਸਿੱਖ ਜਾਗਰਤ ਦੇ ਕੇਂਦਰ ਨਾ ਬਣਨ ਦਿਤਾ ਜਾਵੇ ਅਤੇ ਜਿੰਨੇ ਜਾਹਲ ਤੇ ਅਨਪੜ੍ਹ ਅਤੇ ਕੁਕਰਮਾਂ ਵਿਚ ਖਚਿਤ ਸਿੱਖ ਰਹਿਣਗੇ ਓਨਾ ਹੀ ਇਹਨਾਂ ਨੂੰ ਬਰਿਟਿਸ਼ ਰਾਜ ਦੀ ਮਜ਼ਬੂਤੀ ਲਈ ਭਰਤੀ ਕਰਨਾ ਅਤੇ ਆਪਣੀ ਵਫ਼ਾਦਾਰੀ ਵਿਚ ਪੱਕਾ ਕਰਨਾ ਸੁਖਾਲਾ ਹੋਵੇਗਾ । ਗੁਰਦੁਆਰਿਆਂ ਦੀ ਅਧੋਗਤੀ ਦੀ ਇਹ ਹਾਲਤ ਹਾਕਮਾਂ ਦੀ ਭਰਤੀ ਤੇ ਰਾਜ-ਮਜ਼ਬੂਤੀ ਦੀ ਪਾਲਿਸੀ ਨੂੰ ਸਫਲ ਕਰਨ ਵਿਚ ਸਹਾਈ ਹੁੰਦੀ ਸੀ ।

## 1. ਮਹੰਤ ਦੀਆਂ ਕਰਤੂਤਾਂ

ਮਹੰਤ ਨਰਾਇਣ ਦਾਸ ਗਵਰਨਰ ਮੈਕਲੈਗਨ ਦੇ ਸੂਬਾਈ ਰਾਜ ਸਮੇਂ ਨਨਕਾਣੇ ਸਾਹਿਬ ਦਾ ਮਹੰਤ ਬਣਿਆ । ਗੱਦੀ ਤੇ ਬੈਠਣ ਵੇਲੇ ਇਸ ਨੇ ਅੰਗਰੇਜ਼ ਮੈਜਿਸਟਰੇਟ ਦੇ ਸਾਮ੍ਹਣੇ ਸਿੱਖ-ਸੰਗਤ ਨਾਲ ਬਚਨ ਕੀਤੇ ਸਨ ਕਿ ਇਹ ਪਹਿਲੇ ਮਹੰਤ ਦੇ ਕੁਚਾਲੇ ਤੇ ਕੁਕਰਮ ਛਡ ਦੇਵੇਗਾ—ਉਹਦੇ ਕੁਕਰਮ ਉਹਦੇ ਨਾਲ ਹੀ ਸੜ ਬਲ ਗਏ ।—ਜੇ ਇਸ ਦੇ ਖਿਲਾਫ ਕੋਈ ਕਸੂਰ ਸਾਬਤ ਹੋ ਜਾਣਗੇ ਤਾਂ ਉਹ ਅਸਤੀਫਾ ਦੇ ਦੇਵੇਗਾ । ਇਹ ਬਚਨ ਇਸ ਨੇ ਲਿਖ ਕੇ ਦਿਤੇ ।

ਪਰ ਛੇਤੀ ਹੀ ਨਰਾਇਣ ਦਾਸ ਨੇ ਇਹ ਬਚਨ ਭੰਗ ਕਰ ਦਿਤੇ ਅਤੇ ਮੁੜ ਪਹਿਲੇ ਮਹੰਤਾਂ ਦੇ ਕੁਕਰਮੀ ਪੂਰਨਿਆਂ ਉਤੇ ਹੀ ਤੁਰਨ ਲਗ ਪਿਆ । ਉਸਨੇ ਇਕ ਮਿਰਾਸਣ ਆਪਣੇ ਘਰ, ਗੁਰਦੁਆਰੇ ਦੇ ਅੰਦਰ, ਲੈ ਆਂਦੀ; ਜਿਹੜੀ ਪਹਿਲੇ ਮਹੰਤਾਂ ਨਾਲ ਵੀ ਰਹਿੰਦੀ ਸੀ ਅਤੇ ਕੁਛ

[1] Sir Michael O'Dwyer: India as I knew it—p. 320.

Digitized by Panjab Digital Library | www.panjabdigilib.org

ਹੋਰ ਆਦਮੀਆਂ ਦੀ ਵੀ ਰਖੇਲ ਸੀ। ਉਸ ਨੇ ਇਸ ਦੀ ਕੁਖੋਂ ਦੋ ਲੜਕੇ ਅਤੇ ਦੋ ਲੜਕੀਆਂ ਪੈਦਾ ਕੀਤੀਆਂ ਜਿਨ੍ਹਾਂ ਲਈ ਉਸ ਨੇ ਦੋ ਘਰ ਬਣਵਾਏ: ਇਕ ਰਾਮ ਗਲੀ ਲਾਹੌਰ ਵਿਚ ਅਤੇ ਦੂਜਾ ਨਨਕਾਣੇ ਵਿਚ। ਅਤੇ ਸਭ ਤੋਂ ਵੱਡੇ ਉਪੱਦਰ ਦੀ ਗੱਲ ਇਹ ਕਿ ਅਗਸਤ 1917 ਵਿਚ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ, ਉਹਨਾਂ ਦੇ ਨਾਚ ਜਨਮ ਅਸਥਾਨ ਅੰਦਰ ਕਰਾਏ ਅਤੇ ਉਹਨਾਂ ਦੇ ਗੰਦੇ ਗੀਤ ਸੁਣੇ। ਮਹੰਤ ਦੀ ਇਸ ਹਰਕਤ ਨੇ ਸਿੱਖ ਜਗਤ ਵਿਚ ਉਸ ਦੇ ਖਿਲਾਫ ਗੁੱਸੇ ਦੇ ਭਾਂਬੜ ਬਾਲ ਦਿਤੇ। ਅਖਬਾਰਾਂ ਨੇ ਮਹੰਤ ਦੀ ਇਸ ਕਰਤੂਤ ਦੀ ਸਖਤ ਨਿਖੇਧੀ ਕੀਤੀ। ਸਿੰਘ ਸਭਾਵਾਂ ਤੇ ਸੰਗਤਾਂ ਨੇ ਗੁਰਦੁਆਰਿਆਂ ਦੇ ਇੱਕਠਾਂ ਵਿਚ ਇਸ ਬੇਅਦਬੀ ਤੇ ਇਖਲਾਕ-ਰਹਿਤ ਕਰਤੂਤ ਦੇ ਖਿਲਾਫ ਮਤੇ ਪਾਸ ਕਰਕੇ ਆਪਣੇ ਰੋਹ ਤੇ ਗੁੱਸੇ ਦਾ ਪਰਗਟਾਅ ਕੀਤਾ ਅਤੇ ਗੌਰਮਿੰਟ ਨੂੰ ਮਹੰਤ ਦੀਆਂ ਇਹਨਾਂ ਧਰਮ-ਵਿਰੋਧੀ ਸਿੱਖ-ਮਤ ਦੀ ਮਿੱਟੀ ਬਾਲਣ ਵਾਲੀਆਂ ਕੁਰੀਤੀਆਂ ਤੋਂ ਰੋਕਣ-ਹੋੜਨ ਲਈ ਬੇਨਤੀਆਂ ਕੀਤੀਆਂ। ਪਰ ਬਦੇਸ਼ੀ ਗੌਰਮਿੰਟਾਂ ਨੇ ਨਾ ਕਦੇ ਬੇਨਤੀਆਂ ਸੁਣੀਆਂ ਹਨ ਅਤੇ ਨਾ ਸੁਣਨੀਆਂ ਸਨ।

ਏਥੇ ਹੀ ਬਸ ਨਹੀਂ, ਨਨਕਾਣਾ ਦਰਬਾਰ ਵਿਭਚਾਰ ਦਾ ਅੱਡਾ ਬਣ ਗਿਆ ਸੀ। 1918 ਵਿਚ ਸਿੰਧ ਦਾ ਇਕ ਰੀਟਾਇਰਡ (ਈ. ਏ. ਸੀ.) ਅਫਸਰ, ਆਪਣੀ ਪੁੱਤਰੀ ਨੂੰ ਨਾਲ ਲੈ ਕੇ ਗੁਰਦੁਆਰੇ ਦੇ ਦਰਸਨਾ ਲਈ ਆਇਆ। ਰਾਤ ਉਸਨੂੰ ਗੁਰਦੁਆਰੇ ਵਿਚ ਠਹਿਰਨ ਲਈ ਥਾਂ ਦਿਤੀ ਗਈ। ਇਕ ਪਾਸੇ ਰਹਿਰਾਸ ਦਾ ਪਾਠ ਹੋ ਰਿਹਾ ਸੀ, ਦੂਜੇ ਪਾਸੇ, ਇਕ ਪੁਜਾਰੀ ਉਸ ਦੀ 13 ਸਾਲਾ ਲੜਕੀ ਦੀ ਪਤ ਲੁੱਟ ਰਿਹਾ ਸੀ। ਮਹੰਤ ਨੂੰ ਪੁਜਾਰੀ ਨੂੰ ਦੰਡ ਦੇਣ ਅਤੇ ਉਸ ਨੂੰ ਗੁਰਦੁਆਰੇ ਵਿਚੋਂ ਕਢਣ ਲਈ ਆਖਿਆ ਗਿਆ, ਪਰ ਮਹੰਤ ਨੇ ਇਸ ਜੁਰਮ ਵਲ ਧਿਆਨ ਹੀ ਨਾ ਦਿਤਾ। ਏਸੇ ਸਾਲ ਜੜਾਂਵਾਲਾ (ਲਾਇਲਪੁਰ) ਦੀਆਂ 6 ਬੀਬੀਆਂ ਪੂਰਨ-ਮੰਸ਼ੀ ਵਾਲੇ ਦਿਨ ਚੜ੍ਹਾਵਾ ਚਾੜ੍ਹਨ ਲਈ ਆਈਆਂ ਅਤੇ ਰਾਤ ਜਨਮ ਅਸਥਾਨ ਦੇ ਅੰਦਰ ਹੀ ਰਹੀਆਂ। ਇਹਨਾਂ ਸਾਰੀਆਂ ਦੀ, ਬੁਰਛੇ ਪੁਜਾਰੀਆਂ ਨੇ, ਰਾਤ ਜ਼ਬਰਦਸਤੀ ਇਜ਼ਤ ਲੁੱਟੀ।[1] ਇਹ ਤਾਂ ਇਹਨਾਂ ਦੇ ਗੁਨਾਹਾਂ ਦੇ ਢੇਰ ਵਿਚੋਂ ਐਵੇਂ ਦੋ ਕੁ ਨਮੂਨੇ ਹਨ। ਇਹ ਗੁਨਾਹ ਤੇ ਜਬਰ-ਜਨਾਹ ਉਸ ਜਨਮ-ਅਸਥਾਨ ਵਿਚ ਹੋ ਰਹੇ ਸਨ ਜਿਥੋਂ ਕੂੜ, ਕੁਸੱਤ ਤੇ ਗੁਨਾਹਾਂ ਦੇ ਖਿਲਾਫ ਜਹਾਦ ਕਰਨ ਵਾਲਾ ਗੁਰੂ ਨਾਨਕ ਪੈਦਾ ਹੋਇਆ ਸੀ।

## 2. ਪੰਥ ਤੋਂ ਆਕੀ

ਅਕਤੂਬਰ 1920 ਦੇ ਸ਼ੁਰੂ ਵਿਚ ਨਗਰ ਧਾਰੋਵਾਲ ਵਿਚ ਇਕ ਭਰਵਾਂ ਦੀਵਾਨ ਹੋਇਆ। ਮਹੰਤ ਦੀਆਂ ਕਰਤੂਤਾਂ ਤੇ ਉਸ ਦੇ ਦੁਰਾਚਾਰੀ ਪਰਬੰਧ ਤੋਂ ਸਾਰੇ ਲੋਕ ਦੁਖੀ ਸਨ। ਆਗੂਆਂ ਨੇ ਇਸ ਗੁਰਦੁਆਰੇ ਵਿਚ ਹੋ ਰਹੇ ਗੁਨਾਹਾਂ ਦਾ ਕੱਚਾ ਚਿੱਠਾ ਲੋਕਾਂ ਸਾਮ੍ਹਣੇ ਪੇਸ਼ ਕੀਤਾ ਅਤੇ ਸਰਬ ਸੰਮਤੀ ਨਾਲ ਇਕ ਮਤਾ ਪਾਸ ਕੀਤਾ ਜਿਸ ਵਿਚ ਮਹੰਤ ਨਰਾਇਣ ਦਾਸ ਨੂੰ ਆਪਣਾ ਤੇ ਗੁਰਦੁਆਰੇ ਦਾ ਸੁਧਾਰ ਕਰਨ ਲਈ ਆਖਿਆ। ਪਰ ਮਹੰਤ ਤਾਂ ਨਰਕੀ ਮਸੰਦ ਬਣ ਗਿਆ ਸੀ, ਉਹ ਕਦੋਂ ਕਿਸੇ ਦੀ ਚੰਗੀ ਗੱਲ ਸੁਣਦਾ ਸੀ। ਇਸ ਚੰਡਾਲ ਚੌਕੜੀ ਪਾਸ ਬੇਹਿਸਾਬ ਰੁਪਇਆ ਸੀ। ਵਿਆਹ-ਸ਼ਾਦੀਆਂ ਤੇ ਕੰਜਰੀਆਂ ਦਾ ਨਾਚ-ਕਰਾਣ ਵਾਲੇ ਕੁਛ ਜਾਗੀਰਦਾਰ ਬੇਦੀ ਇਸ ਦੀ ਪਿੱਠ ਉੱਤੇ ਸਨ। ਸਰਕਾਰੀ ਹਾਕਮਾਂ ਨਾਲ ਇਹਨਾਂ ਦੇ ਗੂੜ੍ਹੇ ਸੰਬੰਧ ਸਨ। ਇਸ ਲਈ ਮਹੰਤ ਤੇ ਉਸ ਦੇ ਹਮ-ਮੁਜਰਮਾਂ ਨੇ, ਸੁਧਾਰ ਕਰਨ ਦੀ ਥਾਂ, ਸਿੱਖ ਪੰਥ ਦਾ ਮੁਕਾਬਲਾ ਕਰਨ ਦੀਆਂ ਤਿਆ-

---

[1] ਵੇਖੋ : the Gurdwara Reform Movement and the Sikh Awakening ਸਫਾ 220 ਤੋਂ 222 ਤਕ।

Digitized by Panjab Digital Library | www.panjabdigilib.org

ਰੀਆਂ ਅਰੰਭ ਦਿਤੀਆਂ—ਨਵੇਂ ਉਪੱਦਰ ਸਿਰੇ ਚਾੜ੍ਹਨ ਲਈ ਗੋਂਦਾਂ ਗੁੰਦ ਲਈਆਂ। ਬਦਮਾਸ਼ਾਂ, ਗੁੰਡਿਆਂ ਤੇ ਮਾਰ-ਖੋਰਾਂ ਨੂੰ ਸ਼ਰਾਬਾਂ ਤੇ ਤਨਖਾਹ ਦੇ ਕੇ ਗੁਰਦੁਆਰੇ ਅੰਦਰ ਰਖ ਲਿਆ। ਅਤੇ ਜਨਮ-ਅਸਥਾਨ ਨੂੰ ਜੰਗੀ ਕਿਲ੍ਹਾ ਬਨਾਣ ਦਾ ਸਾਮਾਨ ਇੱਕਠਾ ਕਰ ਲਿਆ।

ਮਹੰਤ ਨੇ ਪੁੱਠੇ ਚਾਲੇ ਫੜ ਲਏ। ਆਪਣਾ ਸੁਧਾਰ ਕਰਨ ਦੀ ਥਾਂ ਉਹ ਸਿੱਖਾਂ ਤੋਂ ਦੂਰ ਤੇ ਆਕੀ ਹੁੰਦਾ ਗਿਆ ਅਤੇ ਗੁਰਦੁਆਰੇ ਨੂੰ ਆਪਣੀ ਜਾਗੀਰ ਤੇ ਮਲਕੀਅਤ ਸਮਝਣ ਲਗ ਪਿਆ। ਅਥਾਹ ਧਨ ਦੌਲਤ ਦੇ ਨਸ਼ੇ ਨੇ ਉਸਨੂੰ ਅੰਨ੍ਹਾ ਕਰ ਦਿਤਾ। ਉਹਦੀ ਬੁੱਧ, ਭਰਿਸ਼ਟ ਹੋ ਕੇ, ਖੋਟੇ ਖਰੇ ਦੀ ਪਛਾਣ ਕਰਨ ਦੀ ਸਤਿਆ ਗੁਆ ਬੈਠੀ। ਉਹ ਆਪਣੀ ਵਫਾਦਾਰੀ ਤੇ ਤਾਬਿਆਦਾਰੀ ਵਿਖਾਲਣ ਲਈ ਅੰਗਰੇਜ਼ ਹਾਕਮਾਂ ਦੀ ਕਠਪੁਤਲੀ ਬਣ ਗਿਆ ਅਤੇ ਉਹਨਾਂ ਦੇ ਨਚਾਇਆਂ ਨਚਣ ਲਗ ਪਿਆ। ਉਹ ਸਮਝਣ ਲਗ ਪਿਆ ਕਿ ਜਦੋਂ ਅੰਗਰੇਜ਼ ਹਾਕਮ ਮੇਰੀ ਪਿੱਠ ਉਤੇ ਹਨ ਤਾਂ ਮੈਨੂੰ ਗੁਰਦੁਆਰੇ ਵਿਚੋਂ ਕਢਣ ਵਾਲਾ ਕੌਣ ਜੰਮਿਆ ਹੈ।

ਇਸ ਲਈ ਉਸ ਨੇ ਸਿੱਖਾਂ ਤੇ ਸਿੱਖ ਜਥੇਬੰਦੀਆਂ ਵਲੋਂ ਗੁਰਦੁਆਰੇ ਦੀ ਹਾਲਤ ਸੁਧਾਰਨ ਦੀ ਮੰਗ ਕਰਨ ਵਾਲਿਆਂ ਮਤਿਆਂ ਦੀ ਕੋਈ ਪਰਵਾਹ ਨਾ ਕੀਤੀ, ਉਹਨਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿਤਾ। ਅਤੇ ਗੁਰਦੁਆਰਾ ਸੁਧਾਰ ਤਹਿਰੀਕ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਕਰਨ ਲਗ ਪਿਆ। ਬਾਬਾ ਕਰਤਾਰ ਸਿੰਘ ਬੇਦੀ ਤੇ ਸਰਕਾਰੀ ਅਫਸਰਾਂ ਨਾਲ ਗੂੜ੍ਹਾ ਸੰਬੰਧ ਰਖਣ ਵਾਲੇ ਹੋਰ ਬੰਦੇ ਉਹਦੇ ਮਸ਼ੀਰ ਤੇ ਸਲਾਹਕਾਰ ਬਣ ਗਏ। ਅਤੇ ਉਸ ਨੇ ਰਾਂਝਾ, ਰਿਹਾਣਾ ਜੇਹੇ ਦਸ-ਨੰਬਰੀਏ ਬਦਮਾਸ਼ਾਂ ਨੂੰ ਦਰਜਨਾਂ ਦੀ ਗਿਣਤੀ ਵਿਚ, ਮੁਕਾਬਲੇ ਲਈ, ਭਰਤੀ ਕਰਨਾ ਸ਼ੁਰੂ ਕਰ ਦਿਤਾ। ਅਤੇ ਖਾਸ ਕਰ ਇਲਾਕੇ ਦੇ ਇਕ ਇਸਮਾਈਲ ਭੱਟੀ ਨੂੰ ਹੱਥ ਵਿਚ ਲੈ ਕੇ ਮੁਸਲਮਾਨਾਂ ਨੂੰ ਆਪਣੇ ਨਾਲ ਗੰਢ ਲਿਆ।

ਦੂਜੇ ਪਾਸੇ, ਇਹਨਾਂ ਬਦਮਾਸ਼ਾਂ ਨੂੰ ਹਥਿਆਰ ਬੰਦ ਕਰਨ ਲਈ ਜਨਮ ਅਸਥਾਨ ਦੇ ਅੰਦਰ ਛਵੀਆਂ, ਕੁਹਾੜੇ, ਟਕੂਏ ਆਦ ਹਥਿਆਰ ਬਨਾਣ ਲਈ ਭੱਠੀਆਂ ਚਾਲੂ ਕਰ ਦਿਤੀਆਂ। ਲੁਹਾਰ ਅੰਦਰ ਆ ਕੇ ਦਬਾਦਬ ਹਥਿਆਰ ਬਣਾ ਬਣਾ ਮਹੰਤ ਦੇ ਇਸ ਬਰਿਗੇਡ ਨੂੰ ਹਥਿਆਰ ਬੰਦ ਕਰਨ ਲਗ ਪਏ। ਜਨਮ ਅਸਥਾਨ ਅਕਾਲੀਆਂ ਨੂੰ ਵੱਢਣ ਟੁੱਕਣ ਦੇ ਹਥਿਆਰ ਬਣਾਣ ਦਾ ਕਾਰਖਾਨਾ ਬਣ ਗਿਆ। ਪਰ ਏਹੋ ਹਥਿਆਰ ਕਾਫੀ ਨਹੀਂ ਸਨ, ਕੁਛ ਪਿਸਤੌਲਾਂ, ਕਾਰਤੂਸਾਂ ਤੇ ਬੰਦੂਕਾਂ ਦੀ ਅਜੇ ਲੋੜ ਸੀ—ਇਹ ਸਾਮਾਨ ਆਪਣੇ ਏਜੰਟਾਂ ਰਾਹੀਂ ਮਹੰਤ ਨੇ ਲਾਹੌਰੋਂ ਖਰੀਦ ਲਿਆ। ਅਜੇ ਇਸ ਪਲਾਨ ਵਿਚ ਮਾਰੇ-ਵਢੇ ਗਏ ਅਕਾਲੀਆਂ ਦੇ ਸਾੜਕੇ ਬਿਲੇ ਲਾਉਣ ਲਈ ਮਿੱਟੀ ਦੇ ਤੇਲ ਦੇ ਪੀਪਿਆਂ ਦੀ ਕਮੀ ਸੀ, ਦਰਜਨਾਂ ਤੇਲ ਦੇ ਪੀਪੇ ਖਰੀਦ ਕੇ ਰਖ ਲਏ ਗਏ। ਅਤੇ ਅੰਦਰ ਆਉਣ ਵਾਲੇ ਫਾਟਕ ਮਜ਼ਬੂਤ ਲੋਹੇ ਦੇ ਬਣਾ ਲਏ। ਉਹਨਾਂ ਵਿਚ ਅੰਦਰੋਂ ਬੰਦੂਕਾਂ ਤੇ ਪਿਸਤੌਲਾਂ ਚਲਾਣ ਲਈ ਥਾਂ ਥਾਂ ਮੋਰੀਆਂ ਰਖ ਲਈਆਂ ਤਾਂ ਜੋ ਕਿਸੇ ਨੂੰ ਦਰਵਾਜ਼ੇ ਦੇ ਲਾਗੇ ਹੀ ਨਾ ਢੋਹਣ ਦਿਤਾ ਜਾਵੇ। ਗੁਰਦੁਆਰੇ ਦੇ ਅੰਦਰ ਤੇ ਬਾਹਰ ਕਤਲਾਮ ਦਾ ਪੂਰਾ ਪੂਰਾ ਬਾਨ੍ਹਣੂ ਬੰਨ੍ਹ ਲਿਆ ਗਿਆ।

ਅਜੇ ਅਕਾਲੀ ਤਹਿਰੀਕ ਦੇ ਖਿਲਾਫ ਪ੍ਰੋਪੈਗੰਡੇ ਦਾ ਫਰੰਟ ਖਾਲੀ ਸੀ। ਪ੍ਰੋਪੈਗੰਡੇ ਨੂੰ ਮਜ਼ਬੂਤ ਕਰਨ ਲਈ ਮਹੰਤ ਨੇ ਆਪਣੇ ਮਸ਼ੀਰਾਂ ਤੇ ਸਲਾਹਕਾਰਾਂ ਨਾਲ ਮਸ਼ਵਰਾ ਕਰਕੇ ਨਨਕਾਣੇ ਸਾਹਿਬ ਵਿਚ ਸਾਧੂਆਂ ਤੇ ਮਹੰਤਾਂ ਦੀ ਇਕ ਮੀਟਿੰਗ ਸਦੀ। ਇਸ ਵਿਚ ਕੋਈ ਸੱਠ-ਪੈਂਠ ਸਾਧੂ ਤੇ ਸੰਤ ਮਹੰਤ ਇੱਕਠੇ ਹੋਏ। ਉਸ ਇੱਕਠ ਵਿਚ ਬੇਦੀ ਕਰਤਾਰ ਸਿੰਘ ਵੀ ਸ਼ਾਮਲ ਸੀ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਿਲਾਫ ਧੂਆਂ ਧਾਰ ਤਕਰੀਰਾਂ ਹੋਈਆਂ, ਅਤੇ ਫੈਸਲਾ ਕੀਤਾ ਗਿਆ ਕਿ ਇਹ ਇਕੱਠ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣੋ ਇਨ-

Digitized by Panjab Digital Library | www.panjabdigilib.org

ਕਾਰ ਕਰਦਾ ਹੈ ਅਤੇ ਸਾਧੂਆਂ ਤੇ ਮਹੰਤਾਂ ਦੀ ਆਪਣੀ ਇਕ ਕਮੇਟੀ ਕਾਇਮ ਕਰਦਾ ਹੈ। ਮਹੰਤਾਂ ਨੇ ਆਪਣੇ ਮਨੋਰਥ ਦੇ ਪਰਚਾਰ ਲਈ 'ਸੰਤ ਸੇਵਕ' ਨਾਮ ਦਾ ਅਖਬਾਰ ਕੱਢਣ ਦਾ ਵੀ ਫੈਸਲਾ ਕੀਤਾ ਅਤੇ ਅਖਬਾਰ ਦੇ ਤੇ ਹੋਰ ਖਰਚਾਂ ਲਈ ਉਸੇ ਵੇਲੇ ਲਗ ਭਗ ਸੱਠ ਹਜ਼ਾਰ ਰੁਪਇਆ ਇਕੱਠਾ ਹੋ ਗਿਆ। ਕਮੇਟੀ ਦਾ ਪਰਧਾਨ ਮਹੰਤ ਨਰਾਇਣ ਦਾਸ ਨਨਕਾਣਾ, ਅਤੇ ਸਕਤਰ ਮਹੰਤ ਬਸੰਤ ਦਾਸ ਗੁਰਦੁਆਰਾ ਮਾਣਕ, ਥਾਪੇ ਗਏ।

ਨਵੰਬਰ ਵਿਚ ਗੁਰੂ ਨਾਨਕ ਦੇਵ ਦੇ ਜਨਮ ਦਿਹਾੜੇ ਤੋਂ ਚਾਰ ਪੰਜ ਦਿਨ ਪਹਿਲੋਂ ਮਹੰਤ ਨੇ ਗੁਰਦੁਆਰਾ ਜਨਮ ਅਸਥਾਨ ਵਿਚ, ਹਥਿਆਰਾਂ ਨਾਲ ਲੈਸ, ਵਧ ਘਟ, ਕੋਈ ਚਾਰ ਸੌ 'ਚੰਗੇ ਲੜਾਕੂ' ਬੰਦੇ ਇਕੱਠੇ ਕਰ ਲਏ, ਅਤੇ ਹੁਕਮ ਦੇ ਦਿਤਾ ਕਿ ਕਿਸੇ ਕਿਰਪਾਨ ਵਾਲੇ ਸਿਖ ਨੂੰ ਗੁਰਦੁਆਰੇ ਅੰਦਰ ਵੜਨ ਨਾ ਦਿਤਾ ਜਾਵੇ। ਸਰਦਾਰ ਲਛਮਣ ਸਿੰਘ ਧਾਰੋਵਾਲ, ਬਾਹਰੇ ਵਿਚ ਮੰਨਿਆਂ-ਦੰਨਿਆਂ ਪੰਥਕ ਦਰਦੀ, ਆਪਣੇ ਪਿੰਡ ਦੇ ਕੁਝ ਬੰਦਿਆਂ ਨਾਲ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਇਆ। ਉਹਨੂੰ ਮਹੰਤ ਦੇ ਕਾਤਲਾਨਾ ਇਰਾਦਿਆਂ ਦਾ ਕੋਈ ਪਤਾ ਨਹੀਂ ਸੀ। ਸਬੱਬੀਂ ਉਸ ਦਿਨ ਡਿਪਟੀ ਕਮਿਸ਼ਨਰ ਤੇ ਸੀ.ਆਈ.ਡੀ. ਦਾ ਸੁਪਰਨਡੰਟ ਵੀ ਗੁਰਦੁਆਰੇ ਅੰਦਰ ਹਾਜ਼ਰ ਸਨ। ਮਹੰਤ ਦੇ ਗੁੰਡੇ ਤੇ ਬਦਮਾਸ਼ ਇਹਨਾਂ ਉਤੇ ਹਮਲਾ ਕਰਨ ਵਾਲੇ ਸਨ। ਜਦੋਂ ਕਿ ਇਹਨਾਂ ਅਫਸਰਾਂ ਨੇ ਉਹਨਾਂ ਨੂੰ ਹਮਲਾ ਕਰਨੋ ਰੋਕ ਦਿਤਾ, ਅਤੇ ਭਾਈ ਲਛਮਣ ਸਿੰਘ ਜੀ ਅਤੇ ਉਹਨਾਂ ਦੇ ਸਾਥੀ ਬਚ ਕੇ ਚਲੇ ਗਏ। ਪਰ ਇਹਨਾਂ ਅਫਸਰਾਂ ਵਲੋਂ ਮਹੰਤ ਨੂੰ ਕਾਨੂੰਨ ਹਥ ਵਿਚ ਲੈਣ, ਅਤੇ ਅਕਾਲੀਆਂ ਦੇ ਕਤਲ ਦੇ ਇਰਾਦੇ ਰੱਖਣ-ਕਰਨ ਦੀ ਕੋਈ ਤਾੜਨਾ ਨਾ ਕਰਨਾ ਬੜਾ ਅਰਥ-ਭਰਪੂਰ ਹੈ। ਅਮਨ ਤੇ ਕਾਨੂੰਨ ਦੇ ਰਖਵਾਲਿਆਂ ਦੇ ਸਾਹਮਣੇ ਮਹੰਤ ਦੇ ਬੁਰਛੇ ਹੱਤਿਆ ਕਾਂਡ ਸਿਰਜਣ ਲਈ ਤਿਆਰ ਸਨ। ਪਰ ਉਹਨਾਂ ਦੇ ਮੂੰਹੋਂ ਇਸ ਬਾਰੇ ਇਕ ਸ਼ਬਦ ਨਿਖੇਧੀ ਜਾਂ ਤਾੜਨਾ ਦਾ ਨਾ ਨਿਕਲਿਆ।

## 3. ਮਹੰਤ ਨੂੰ ਸੁਧਾਰਨ ਦੇ ਯਤਨ

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਨਸ਼ਰ ਹੋ ਚੁਕੇ ਸਨ। ਪੰਜਾਬ ਦੇ ਅਖਬਾਰਾਂ ਵਿਚ ਮਹੰਤ ਵਲੋਂ ਅਕਾਲੀਆਂ ਦਾ ਮੁਕਾਬਲਾ ਕਰਨ ਦੀਆਂ ਤਿਆਰੀਆਂ ਦੀ ਆਮ ਚਰਚਾ ਹੋ ਰਹੀ ਸੀ। ਜ਼ਿਲੇ ਦੇ ਅਫਸਰਾਂ ਨੇ ਇਹ ਸਭ ਕੁਛ ਆਪਣੀ ਅੱਖੀਂ ਵੇਖ ਲਿਆ ਸੀ ਅਤੇ ਸੀ: ਆਈ: ਡੀ: ਤੇ ਬੇਦੀ ਕਰਤਾਰ ਸਿੰਘ ਰਾਹੀਂ ਉਹਨਾਂ ਨੂੰ ਬਾਕਾਇਦਾ ਸਭ ਖਬਰਾਂ ਮਿਲਦੀਆਂ ਸਨ। ਅਕਾਲੀ ਲੀਡਰ ਵੀ ਅਵੇਸਲੇ ਨਹੀਂ ਸਨ, ਉਹ ਸਭ ਖਬਰਾਂ ਹਾਸਲ ਕਰ ਰਹੇ ਸਨ। ਅਤੇ ਮਹੰਤ ਦੀਆਂ ਸਾਜ਼ਸ਼ਾਂ ਦਾ ਭਾਂਡਾ ਅਖਬਾਰਾਂ ਤੇ ਖੁਲ੍ਹੇ ਜਲਸਿਆਂ ਵਿਚ ਭੰਨ ਰਹੇ ਸਨ। 24 ਜਨਵਰੀ 1921 ਨੂੰ ਉਹਨਾਂ ਸ਼ਰੋਮਣੀ ਕਮੇਟੀ ਦੀ ਮੀਟਿੰਗ ਕਰਕੇ ਗੁਰਦੁਆਰਾ ਜਨਮ ਅਸਥਾਨ ਦੀ ਵਿਗੜ ਰਹੀ ਸਥਿਤੀ ਤੇ ਵਿਚਾਰ ਕੀਤੀ ਅਤੇ ਮਤਾ ਪਾਸ ਕੀਤਾ ਕਿ ਚਾਰ, ਪੰਜ ਅਤੇ ਛੇ ਮਾਰਚ ਨੂੰ ਨਨਕਾਣੇ ਵਿਚ ਸਮੂਹ ਖਾਲਸੇ ਦਾ ਦੀਵਾਨ ਹੋਵੇਗਾ। ਇਸ ਵਿਚ ਮਹੰਤ ਨੂੰ ਸੱਦਾ ਦਿੱਤਾ ਜਾਵੇਗਾ ਕਿ ਉਹ ਆਪਣਾ ਸੁਧਾਰ ਕਰੇ ਅਤੇ ਪੰਥ ਦੇ ਮਾਤਹਿਤ ਹੋ ਕੇ ਚਲੇ, ਅਤੇ ਛਾਪ ਕੇ ਇਕ ਨੋਟਿਸ ਵੰਡਿਆ ਗਿਆ ਜਿਸ ਵਿਚ ਪੰਜਾਬ ਸਰਕਾਰ, ਸਿਖ ਰਾਜਿਆਂ ਅਤੇ ਆਮ ਸਿਖਾਂ ਨੂੰ ਆਖਿਆ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਅਸਰ ਰਸੂਖ ਵਰਤਣ ਤਾਂ ਜੋ ਗੁਰਦੁਆਰਾ ਪੰਥਕ ਪਰਬੰਧ ਥਲੇ ਆ ਜਾਵੇ। ਅਤੇ ਸ਼੍ਰੋਮਣੀ ਕਮੇਟੀ ਨੇ ਫਰਵਰੀ 6 ਨੂੰ ਸੰਗਤਾਂ ਦੇ ਲੰਗਰ ਦੇ ਪਰਬੰਧ ਲਈ ਭਾਈ ਲਛਮਣ ਸਿੰਘ ਧਾਰੋਵਾਲ, ਸ: ਦਲੀਪ ਸਿੰਘ ਸਾਂਗਲਾ, ਸ:

Digitized by Panjab Digital Library | www.panjabdigilib.org

ਤੇਜਾ ਸਿੰਘ ਸਮੁੰਦਰੀ, ਕਰਤਾਰ ਸਿੰਘ ਝੱਬਰ ਅਤੇ ਬਖਸ਼ੀਸ਼ ਸਿੰਘ ਦੀ ਕਮੇਟੀ ਕਾਇਮ ਕੀਤੀ ਜਿਸ ਨੂੰ ਆਟਾ, ਦਾਣਾ, ਰੁਪਇਆ ਇਕੱਠਾ ਕਰਨ ਤੇ ਦੀਵਾਨ ਦੇ ਲੰਗਰ ਤੇ ਹੋਰ ਸਬੰਧਤ ਚੀਜਾਂ ਦਾ ਇੰਤਜ਼ਾਮ ਕਰਨ ਦਾ ਕੰਮ ਸੌਂਪਿਆ ਗਿਆ।

ਮਹੰਤ ਨੂੰ ਲਗ ਭਗ ਸਭ ਬੇਦੀ ਜਾਗੀਰਦਾਰਾਂ ਦੀ ਹਮਾਇਤ ਹਾਸਲ ਸੀ। ਸ: ਸੁੰਦਰ ਸਿੰਘ ਮਜੀਠੀਆ ਪਹਿਲੋਂ ਵੀ ਸਰਕਾਰ ਦਾ ਬੇਖਰੀਦ ਸੀ, ਹੁਣ ਮਾਲ ਮੰਤਰੀ ਬਣਕੇ ਸਰਕਾਰ ਦਾ ਹੋਰ ਵਧੇਰੇ ਨਿਮਕ ਹਲਾਲ ਬਣ ਗਿਆ ਸੀ। ਜੋ ਮਹੰਤ ਬਾਰੇ ਸਰਕਾਰ ਦੀ ਪਾਲਿਸੀ ਸੀ। ਉਹੋ ਹੀ ਇਸ ਸ਼ਿਰੀ ਮਾਨ ਦੀ ਪਾਲਿਸੀ ਸੀ। ਚੀਫ ਖਾਲਸਾ ਦੀਵਾਨ ਸਾਮਰਾਜ ਪੱਖੀ ਹੋਣ ਕਰਕੇ ਢੇਰ ਸਾਰਾ ਭੰਡਿਆ ਜਾ ਚੁਕਾ ਸੀ। ਪਰ ਹਾਲੀਂ ਇਸ ਦੇ ਦੋ ਮੈਂਬਰ ਸ: ਹਰਬੰਸ ਸਿੰਘ ਅਟਾਰੀ ਤੇ ਪਰੋ: ਜੋਧ ਸਿੰਘ ਸ਼ਰੋਮਣੀ ਕਮੇਟੀ ਨਾਲ ਘਸੀਟੀ ਦੇ ਤੁਰੇ ਆਉਂਦੇ ਸਨ ਅਤੇ ਇਸ ਨੂੰ ਮੱਤਾਂ ਦੇਣੋਂ ਨਹੀਂ ਸਨ ਥਕਦੇ ਕਿ ਸਿਖਾਂ ਦਾ ਭਲਾ ਬਰਿਟਿਸ਼ ਰਾਜ ਨਾਲ ਨਰੜੇ ਰਹਿਣ ਵਿਚ ਹੀ ਹੈ।

ਮਹੰਤ ਨੇ ਮਹਾਰਾਜਾ ਪਟਿਆਲਾ ਨੂੰ ਲਾਹੌਰ ਵਿਚ ਮਿਲਕੇ, ਮਦਦ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਨੇ ਮਹੰਤ ਨੂੰ ਪੰਥ ਤੋਂ ਬਾਗੀ ਨਾ ਹੋਣ ਦੀ ਰਾਏ ਦਿਤੀ ਅਤੇ ਆਖਿਆ ਕਿ ਵਧੀਆ ਗੱਲ ਇਹ ਹੈ ਕਿ ਉਹ ਚੰਗੇ ਸਿੱਖਾਂ ਦੀ ਕਮੇਟੀ ਬਣਾਕੇ ਗੁਰਦਵਾਰੇ ਦਾ ਪਰਬੰਧ ਉਸ ਦੇ ਹਵਾਲੇ ਕਰ ਦੇਵੇ। ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਦੀ ਗੱਲ ਉਸ ਨੇ ਨਹੀਂ ਸੀ ਕੀਤੀ। ਪਰ ਮਹੰਤ ਨੂੰ ਮਹਾਰਾਜੇ ਦੀ ਇਹ ਸਲਾਹ ਚੰਗੀ ਨਾ ਲੱਗੀ। "ਮਹੰਤ ਸਰਕਾਰ ਤੋਂ ਇਜੇਹੀ ਹਥਿਆਰ ਬੰਦ ਪੁਲਸ ਦੀ ਮੰਗ ਕਰਦਾ ਸੀ। ਜਿਸ ਨੂੰ ਗੋਲੀ ਚਲਾਣ ਦਾ ਅਧਿਕਾਰ ਹੋਵੇ।"[1] ਪਰ ਸਰਕਾਰ ਨਹੀਂ ਸੀ ਮੰਨੀ, ਇਸ ਲਈ ਉਸ ਨੂੰ ਨਿਰਾਸਤਾ ਹੋਈ। ਸਰਕਾਰ ਲੋਕਾਂ ਨੂੰ ਗੁਮਰਾਹ ਕਰਨ ਲਈ ਬਾਹਰ ਪਬਲਕ ਏਲਾਨਾਂ ਵਿਚ ਹੋਰ ਗੱਲ ਕਰਦੀ ਸੀ ਅਤੇ ਅੰਦਰਖਾਨੇ ਖੁਫ਼ੀਆ ਕਾਰਵਾਈਆਂ ਵਿਚ ਹੋਰ ਫੈਸਲੇ ਲੈਂਦੀ ਸੀ। ਸਰਕਾਰ ਦੇ ਸਕਤਰੇਤ ਦੀਆਂ ਗੁਪਤ ਕਾਰਵਾਈਆਂ ਤੋਂ ਸਾਫ ਪਰਗਟ ਹੁੰਦਾ ਹੈ ਕਿ ਮਹੰਤ ਦੇ ਹਾੜੇ ਕਢਣ ਤੇ ਵੀ ਉਹਨਾਂ ਪੁਲਸ ਨਹੀਂ ਭੇਜੀ ਕਿਉਂਕਿ ਸਰਕਾਰੀ ਅਫਸਰ ਚਾਹੁੰਦੇ ਸਨ ਕਿ ਮਹੰਤ ਖੁਦ ਅਕਾਲੀਆਂ ਨੂੰ ਕਿਲ੍ਹੇ ਵਿਚ ਬੰਦ ਕਰਕੇ, ਉਹਨਾਂ ਨਾਲ ਨਜਿੱਠ ਲਵੇ। ਉਹ ਚਾਹੁੰਦੇ ਸਨ ਕਿ ਅਕਾਲੀ ਤਹਿਰੀਕ ਦਾ ਸਫਾਇਆ ਹੋ ਜਾਵੇ। ਅਗਲੇ ਮਹੀਨਿਆਂ ਤੇ ਸਾਲਾਂ ਵਿਚ ਅਪਣਾਈ ਗਈ ਸਰਕਾਰ ਵਲੋਂ ਤਸ਼ਦਦ ਦੀ ਪਾਲਿਸੀ ਨੇ ਇਸ ਚਾਹ ਨੂੰ ਅਮਲੀ ਰੂਪ ਦੇਣ ਦੇ ਯਤਨ ਕੀਤੇ।

ਸ਼੍ਰੋਮਣੀ ਕਮੇਟੀ ਵਲੋਂ ਸਰਬ-ਪਾਰਟੀ ਕਾਨਫਰੰਸ ਦੀਆਂ ਤਰੀਕਾਂ ਨੀਅਤ ਹੋ ਜਾਣ ਪਿਛੋਂ ਮਹੰਤ ਨੇ ਮੁਕਾਬਲੇ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਅਰੰਭ ਦਿਤੀਆਂ। ਉਹ ਗੁਰਦੁਆਰਾ ਜਨਮ ਅਸਥਾਨ, ਕਿਸੇ ਕੀਮਤ ਤੇ ਵੀ, ਸ਼ਰੋਮਣੀ ਕਮੇਟੀ ਦੇ ਹਵਾਲੇ ਕਰਨ ਲਈ ਤਿਆਰ ਨਹੀਂ ਸੀ। ਉਸ ਦੀ ਬਾਦਸ਼ਾਹਤ ਖੋਹੀ ਜਾਣ ਵਾਲੀ ਸੀ ਅਤੇ ਉਹ ਗਰਮ-ਖਿਆਲ ਸਿੱਖ ਆਗੂਆਂ ਦਾ ਖਾਤਮਾ ਕਰਕੇ ਇਸ ਨੂੰ ਬਚਾਣਾ ਚਾਹੁੰਦਾ ਸੀ। ਉਸ ਨੇ 28 ਪਠਾਨ ਵੀਹ ਵੀਹ ਰੁਪਏ ਮਾਹਵਾਰ ਉਜਰਤ ਤੇ ਰੱਖ ਲਏ—ਖਾਣਾ ਪਾਣੀ ਮੁਫਤ। ਉਹਨਾਂ ਨੂੰ ਭਾਰੀਆਂ ਸੰਮ ਵਾਲੀਆਂ ਡਾਂਗਾਂ ਨਾਲ ਲੈਸ ਕਰ ਦਿਤਾ। ਉਸ ਦੇ ਭਤੀਜੇ ਕੁਛ ਬੁਰਛੇ ਮਾਝੇ ਵਿਚੋਂ ਲੈ ਆਏ। ਕੁਛ ਬਦਮਾਸ਼ ਗੁਰਦੁਆਰਾ ਭਾਈ ਫੇਰੂ ਤੋਂ ਮਹੰਤ ਦੀ ਮਦਦ ਲਈ ਆ ਗਏ। ਲੜਾਈ ਲਈ ਪਹਿਲਾ ਖਰੀਦਿਆ ਸਾਮਾਨ ਬੰਦੂਕਾਂ, ਪਿਸਤੌਲਾਂ ਕਾਰਤੂਸ ਵਗੈਰਾ ਅਗੇ ਹੀ ਮੌਜੂਦ ਸੀ। ਗੁਰਦੁਆਰੇ ਦੀ

[1] Gurdwara Reform Movement (1922) page 224.

Digitized by Panjab Digital Library | www.panjabdigilib.org

ਹਿਫਾਜ਼ਤ ਕਰਨ ਲਈ ਰੱਖੇ ਪਹਿਲੇ ਗੁੰਡੇ ਤੇ ਬਦਮਾਸ਼ ਵੀ ਮੌਜੂਦ ਸਨ। ਮਹੰਤ ਨੇ ਕੋਈ ਚੀਜ਼ ਵੀ ਹੋਣੀ ਤੇ ਨਹੀਂ ਛਡੀ, ਪੂਰੀ ਵਿਉਂਤ-ਬੰਦੀ ਨਾਲ ਇਕ ਬਰਿਗੇਡ ਬਣਾਕੇ ਸਿਖਾਂ ਦੇ ਕਤਲਾਮ ਦੀ ਤਿਆਰੀ ਮੁਕੰਮਲ ਕਰ ਲਈ।

## 4. ਸਮਝੌਤੇ ਦੀਆਂ ਗੱਲਾਂ

ਲਗਦਾ ਹੈ ਕਿ ਮਹੰਤ ਬੜਾ ਚਲਾਕ ਤੇ ਕਾਂ-ਸਿਆਣਾ ਸੀ ਅਤੇ ਸਾਜ਼ਸ਼ਾਂ ਸਿਰਜਣ ਦਾ ਮਾਹਰ। ਇਕ ਪਾਸੇ ਉਹ ਸਿੱਖ ਆਗੂਆਂ ਦੇ ਮਾਰ ਮੁਕਾਣ ਦੇ ਬਾਨ੍ਹਣੂੰ ਬੰਨ੍ਹ ਰਿਹਾ ਸੀ ਅਤੇ ਦੂਜੇ ਪਾਸੇ ਉਹ ਸਿੱਖ ਆਗੂਆਂ ਨਾਲ ਸਮਝੌਤੇ ਦੀਆਂ ਗੱਲਾਂ ਚਲਾਈ ਜਾ ਰਿਹਾ ਸੀ ਤਾਂ ਜੋ ਉਹ ਸਿਰ ਨਾ ਹੋ ਜਾਂਦੇ ਹੋਣ ਅਤੇ ਭੋਲੇ ਪੰਛੀਆਂ ਵਾਂਗ ਜਾਲ ਵਿਚ ਫਸਾਏ ਜਾ ਸੱਕਣ। ਉਹ ਕਰਤਾਰ ਸਿੰਘ ਝੱਬਰ ਨੂੰ ਲਾਹੌਰ ਵਿੱਚ ਕਿਤੇ ਮਿਲਿਆ ਅਤੇ ਉਸਨੇ ਸਮਝੌਤੇ ਲਈ ਖੁਦ ਇਕ ਤਜਵੀਜ਼ ਪੇਸ਼ ਕੀਤੀ। ਤਜਵੀਜ਼ ਇਹ ਸੀ : ਮੈਂ ਕਮੇਟੀ ਬਨਾਣ ਨਾਲ ਸਹਿਮਤ ਹੋ ਜਾਵਾਂਗਾ ਜੇ ੧. ਮੈਨੂੰ ਗੁਰਦੁਆਰੇ ਵਿਚੋਂ ਕਢਿਆ ਨਾ ਜਾਵੇ। ੨. ਕਮੇਟੀ ਦਾ ਮੈਂਬਰ ਬਣਾ ਲਿਆ ਜਾਵੇ ਅਤੇ ੩. ਤਨਖਾਹ ਦੀ ਥਾਂ ਮੈਨੂੰ ਗੁਰਦੁਆਰੇ ਦੀ ਆਮਦਨ ਵਿਚੋਂ ਹਿੱਸਾ ਦਿਤਾ ਜਾਵੇ।

ਕਰਤਾਰ ਸਿੰਘ ਝੱਬਰ ਨੇ ਅੱਗੋਂ ਜਵਾਬ ਦਿਤਾ : ਜੇ ਤੁਸੀਂ ਆਪਣਾ ਆਪ ਸੁਧਾਰ ਲਓ, ਤਾਂ ਤੁਹਾਡੀ ਪਹਿਲੀ ਤੇ ਤੀਜੀ ਸ਼ਰਤ ਪਰਵਾਨ ਕੀਤੀ ਜਾ ਸਕਦੀ ਹੈ। ਦੂਜੀ ਸ਼ਰਤ ਦਾ ਮੰਨਣਾ ਸ਼੍ਰੋਮਣੀ ਕਮੇਟੀ ਦੇ ਹੱਥ ਹੈ। ਉਸ ਨਾਲ ਸਲਾਹ ਕਰਕੇ ਹੀ ਹਾਂ ਜਾਂ ਨਾਂਹ ਵਿਚ ਜਵਾਬ ਦਿਤਾ ਜਾ ਸਕਦਾ ਹੈ। ਝੱਬਰ ਨੇ ਇਸ ਗਲਬਾਤ ਦੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਦੇ ਦਿਤੀ ਅਤੇ ਕਮੇਟੀ ਨੇ ਸਮਝੌਤੇ ਦੀ ਗਲਬਾਤ ਅਗਾਂਹ ਚਲਾਣ ਲਈ ਇਕ ਨਿੱਕੂ-ਕਮੇਟੀ[1] ਕਾਇਮ ਕਰ ਦਿਤੀ। ਨਿੱਕੂ-ਕਮੇਟੀ ਨੇ ਉਸ ਨੂੰ ਖਰਾ ਸੌਦਾ ਦੀਵਾਨ ਤੇ ਪਹੁੰਚ ਕੇ ਗਲਬਾਤ ਕਰਨ ਦਾ ਸੱਦਾ ਦਿਤਾ।

ਖਰਾ ਸੌਦਾ ਵਿਚ ਮਹੰਤ ਖੁਦ ਨਹੀਂ ਪਹੁੰਚਿਆ। ਉਸ ਨੇ ਉਥੇ ਆਪਣੀ ਥਾਂ, ਸੁੰਦਰ ਦਾਸ, ਹਰੀ ਦਾਸ ਤੇ ਇਕ ਦੋਂਹ ਹੋਰਨਾਂ ਨੂੰ ਘੱਲ ਦਿਤਾ। ਉਹਨਾਂ ਨੇ ਉਥੇ ਇਕੱਠੇ ਹੋਏ ਸਿੱਖਾਂ ਨੂੰ ਦੱਸਿਆ ਕਿ ਮਹੰਤ ਖਰਾ ਸੌਦਾ ਨਹੀਂ ਪਹੁੰਚੇਗਾ, ਉਹ 15 ਫਰਵਰੀ 1921 ਨੂੰ ਸ਼ੇਖੂਪੁਰੇ ਗਲਬਾਤ ਲਈ ਖੁਦ ਹਾਜ਼ਰ ਹੋਵੇਗਾ। ਝੱਬਰ 14 ਫਰਵਰੀ ਦੀ ਰਾਤ ਨੂੰ ਸ਼ੇਖੂਪੁਰੇ ਪਹੁੰਚਾ ਤਾਂ ਉਸ ਨੂੰ ਪਤਾ ਲਗਾ ਕਿ ਮਹੰਤ ਏਥੇ ਵੀ ਨਹੀਂ ਆ ਰਿਹਾ। ਉਹ ਸ: ਬੂਟਾ ਸਿੰਘ ਸ਼ੇਖੂਪੁਰਾ ਤੇ ਝੱਬਰ ਨੂੰ ਮਿਲਣ ਲਈ ਲਾਹੌਰ ਪਹੁੰਚੇਗਾ—ਇਹ ਸੁਨੇਹਾ ਦੇਣ ਲਈ ਮਹੰਤ ਜੀਵਨ ਦਾਸ ਆਇਆ ਹੋਇਆ ਸੀ। ਝੱਬਰ ਤੇ ਬੂਟਾ ਸਿੰਘ ਨੀਅਤ ਤਰੀਕ ਤੇ ਲਾਹੌਰ ਪਹੁੰਚ ਗਏ। ਮੀਟਿੰਗ ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ (ਉਰਦੂ ਹਫਤਾਵਾਰ) ਦੇ ਦਫਤਰ ਵਿਚ 10 ਵਜੇ ਹੋਣੀ ਸੀ। ਇਸ ਵਿਚ ਨਾ ਤਾਂ ਮਹੰਤ ਖੁਦ ਹੀ ਪਹੁੰਚਿਆ ਅਤੇ ਨਾ ਕੋਈ ਉਸ ਦਾ ਹੋਰ ਆਦਮੀ ਹੀ ਉਸ ਦੇ ਨਾ ਔਣ ਦਾ ਕਾਰਣ ਦੱਸਣ ਲਈ ਪੁਜਾ। ਇਸ ਲਈ ਗਲਬਾਤ ਮੁਢੋਂ ਹੀ ਅੱਗੇ ਨਾ ਤੁਰ ਸਕੀ।

ਅਸਲ ਵਿਚ, ਮਹੰਤ ਵਲੋਂ ਸਮਝੌਤੇ ਦੀ ਪੇਸ਼ਕਸ਼ ਆਪਣੀ ਰਣ-ਨੀਤੀ ਵਿਚ ਇਕ ਦਾਅ-ਪੇਚ ਸੀ ਜਿਸ ਦਾ ਮਕਸਦ ਸਿੱਖਾਂ ਉਤੇ ਇਹ ਪਰਭਾਵ ਛਡਣਾ ਸੀ ਕਿ ਉਹ ਬਿਲਕੁਲ ਪੁਰਅਮਨ ਹੈ ਅਤੇ ਸਮਝੌਤਾ ਕਰਨ ਲਈ ਤਿਆਰ ਹੈ। ਅਤੇ ਅਖਬਾਰਾਂ ਵਿਚ ਉਸਦੇ ਖਿਲਾਫ ਅਕਾਲੀਆਂ ਦਾ ਮੁਕਾਬਲਾ ਕਰਨ ਦੀਆਂ ਛਪ-ਰਹੀਆਂ ਖਬਰਾਂ ਗਲਤ ਹਨ। ਪਰ ਅਕਾਲੀ ਆਗੂਆਂ ਨੂੰ ਇਕ ਆਪਣੇ ਹੀ ਸੂਹੀਏ ਰਾਹੀਂ ਮਹੰਤ ਦੇ ਖੂਨੀ ਇਰਾਦਿਆਂ ਦਾ ਪਤਾ ਚਲ ਗਿਆ ਅਤੇ ਉਨ੍ਹਾਂ

[1] ਇਸ ਕਮੇਟੀ ਦੇ ਮੈਂਬਰ ਸਨ : ਸ: ਬੂਟਾ ਸਿੰਘ ਜੀ ਵਕੀਲ ਸ਼ੇਖੂਪੁਰਾ, ਸ: ਤੇਜਾ ਸਿੰਘ ਸਮੁੰਦਰੀ, ਬਾਬਾ ਕੇਹਰ ਸਿੰਘ ਪੱਟੀ, ਪ੍ਰੋ: ਜੋਧ ਸਿੰਘ ਤੇ ਭਾਈ ਕਰਤਾਰ ਸਿੰਘ ਝੱਬਰ।

Digitized by Panjab Digital Library | www.panjabdigilib.org

ਨੇ ਯਤਨ ਅਰੰਭ ਦਿਤੇ ਕਿ ਮਾਰਚ ਦੇ ਦੀਵਾਨ ਤੋਂ ਪਹਿਲੋਂ ਨਨਕਾਣੇ ਸਾਹਿਬ ਵਿਚ ਕੋਈ ਜਥਾ ਨਾ ਪਹੁੰਚੇ ।

ਝੱਬਰ ਨੂੰ ਜਿਉਂ ਹੀ ਇਹ ਖਬਰ ਮਿਲੀ ਕਿ ਮਹੰਤ ਅਕਾਲੀ ਆਗੂਆਂ ਨੂੰ ਬਿਲੇ ਲਾਉਣ ਦੀਆਂ ਗੋਂਦਾਂ ਗੁੰਦ ਰਿਹਾ ਹੈ, ਉਹਦੇ ਸੱਤੀਂ ਕੱਪੜੀਂ ਅੱਗ ਲੱਗ ਗਈ ! ਉਹ ਓਸੇ ਵੇਲੇ ਗੁਰਦੁਆਰਾ ਖਰਾ ਸੌਦਾ ਤੁਰ ਗਿਆ ਅਤੇ ਆਪਣੇ ਜਥੇ ਦੇ ਮੈਂਬਰਾਂ ਨੂੰ ਬੁਲਾ ਕੇ ਉਹਨਾਂ ਅਗੇ ਮਹੰਤ ਦੀ ਖੂਨੀ ਸਾਜ਼ਸ਼ ਦੀ ਤਿਆਰੀ ਦੀ ਸਮਸਿਆ ਪੇਸ਼ ਕੀਤੀ ਅਤੇ ਤਜਵੀਜ਼ ਰੱਖੀ ਕਿ ਸਾਨੂੰ ਨੀਅਤ ਤਰੀਕ ਤੋਂ ਪਹਿਲੋਂ ਪਹੁੰਚ ਕੇ ਮਹੰਤ ਦੀ ਸ਼ੈਤਾਨੀ ਗੋਂਦ ਨੂੰ ਮਾਤ ਦੇਣੀ ਚਾਹੀਦੀ ਹੈ ਅਤੇ ਗੁਰਦੁਆਰੇ ਉਤੇ ਕਬਜ਼ਾ ਕਰਨਾ ਚਾਹੀਦਾ ਹੈ । ਫੈਸਲਾ ਇਹ ਹੋਇਆ ਕਿ ਭਾਈ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲ ਪੁਰ ਨੂੰ ਵੀ ਸੱਦਕੇ ਸਲਾਹ ਮਸ਼ਵਰਾ ਕਰ ਲਿਆ ਜਾਵੇ । ਸੱਦੇ ਉਤੇ ਉਹ ਦੋਵੇਂ 17 ਫਰਵਰੀ ਨੂੰ ਖਰਾ ਸੌਦਾ ਪਹੁੰਚ ਗਏ । ਵਿਚਾਰ ਵਟਾਂਦਰੇ ਪਿੱਛੋਂ ਤੈ ਹੋਇਆ ਕਿ ਭਾਈ ਬੂਟਾ ਸਿੰਘ 19 ਫਰਵਰੀ ਨੂੰ ਸਵੇਰੇ ਨਨਕਾਣੇ ਸਾਹਿਬ ਪਹੁੰਚ ਜਾਣ ਅਤੇ ਭਾਈ ਲਛਮਣ ਸਿੰਘ ਜੀ ਆਪਣਾ ਜਥਾ ਲੈ ਕੇ ਉਸੇ ਰਾਤ ਚੰਦਰਕੋਟ ਆ ਜਾਣ ਜਿਥੇ ਭਾਈ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈ ਕੇ ਉਹਨਾਂ ਨਾਲ ਆਣ ਸ਼ਾਮਲ ਹੋਵੇਗਾ ।

## 5. ਨਨਕਾਣੇ ਨਹੀਂ ਜਾਓ

ਇਸ ਫੈਸਲੇ ਦਾ ਪਤਾ ਸ: ਹਰਚੰਦ ਸਿੰਘ, ਸ: ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਲੱਗ ਗਿਆ । ਕਰਤਾਰ ਸਿੰਘ ਝੱਬਰ ਨਹੀਂ ਸੀ ਚਾਹੁੰਦਾ ਕਿ "ਇਸ ਗੱਲ ਦੀ ਖਬਰ ਪਰਬੰਧਕ ਕਮੇਟੀ ਨੂੰ ਹੋਵੇ ਕਿਉਂਕਿ ਉਹਨਾਂ ਆਗਿਆ ਨਹੀਂ ਦੇਣੀ, ਬਲਕਿ ਰਾਵੀ ਤੋਂ ਪਾਰ ਕਿਸੇ ਆਦਮੀ ਨਾਲ ਗਲਬਾਤ ਹੀ ਨਾ ਕੀਤੀ ਜਾਵੇ ।"[1] ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੇ ਖਿਲਾਫ ਸੀ ਕਿਉਂਕਿ ਕਮੇਟੀ ਦਾ ਫੈਸਲਾ ਕਾਨਫਰੰਸ ਦੀਆਂ ਤਰੀਕਾਂ ਉਤੇ ਹੀ ਪਹੁੰਚਣ ਦਾ ਸੀ । ਇਸ ਲਈ ਉਪਰੋਕਤ ਤਿੰਨਾਂ ਆਗੂਆਂ ਨੂੰ ਕਮੇਟੀ ਦੇ ਇਸ ਫੈਸਲੇ ਦੀ ਉਲੰਘਣਾ ਪਸੰਦ ਨਹੀਂ ਸੀ । ਉਹ ਤਿੰਨੇ ਹੀ 19 ਫਰਵਰੀ ਦੀ ਸਵੇਰ ਨੂੰ ਲਾਹੌਰ 'ਅਕਾਲੀ' ਦੇ ਦਫਤਰ ਵਿਚ ਵਿਚ ਪਹੁੰਚੇ । ਏਥੇ ਇਕ ਮੀਟਿੰਗ ਹੋਈ ਜਿਸ ਵਿਚ ਸ: ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਸਾਂਗਲਾ ਵੀ ਸ਼ਾਮਲ ਹੋ ਗਏ । ਅਤੇ ਪਹਿਲੇ ਫੈਸਲੇ ਨੂੰ ਬਹਾਲ ਰਖਦਿਆਂ ਪਾਸ ਕੀਤਾ ਗਿਆ ਕਿ ਕੋਈ ਜਥਾ ਮਿਥੀ ਗਈ ਤਰੀਕ ਤੋਂ ਪਹਿਲੋਂ ਨਨਕਾਣੇ ਸਾਹਿਬ ਨਾ ਜਾਵੇ ।

ਇਸ ਫੈਸਲੇ ਨੂੰ ਅਮਲੀ ਜਾਮਾ ਪੁਆਣ ਲਈ ਸ: ਦਲੀਪ ਸਿੰਘ ਤੇ ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਗਿਆ । ਉਹ ਉਸੇ ਦਿਨ ਇਕ ਵਜੇ ਢਲੀ ਦੁਪਹਿਰੇ ਓਥੇ ਪਹੁੰਚ ਗਏ । ਅਤੇ ਅੱਠ ਵਜੇ ਰਾਤ ਤਕ ਉਹਨਾਂ ਨੇ ਭਾਈ ਕਰਤਾਰ ਸਿੰਘ ਨੂੰ ਮਨਾ ਲਿਆ ਕਿ ਉਹ ਫੈਸਲੇ ਦੀ ਉਲੰਘਣਾ ਨਾ ਕਰੇ । ਪਿਛੋਂ ਭਾਈ ਦਲੀਪ ਸਿੰਘ ਨੇ ਆਪਣੇ ਸਿਰ ਜੁਮੇਵਾਰੀ ਲਈ ਕਿ ਉਹ ਜਾ ਕੇ ਲਛਮਣ ਸਿੰਘ ਦੇ ਜਥੇ ਨੂੰ ਨਨਕਾਣੇ ਸਾਹਿਬ ਜਾਣੋਂ ਰੋਕੇਗਾ । ਉਹ ਦੋਂਹ ਹੋਰ ਸਵਾਰਾਂ ਸਮੇਤ ਘੋੜਿਆਂ ਉਤੇ ਸੁੰਦਰਕੋਟ ਪਹੁੰਚੇ । ਪਰ ਲਛਮਣ ਸਿੰਘ ਉਥੇ ਨਾ ਮਿਲਿਆ । ਉਹ ਉਥੋਂ ਭਾਈ ਉੱਤਮ ਸਿੰਘ ਜੀ ਦੀ ਫੈਕਟਰੀ ਵਿਚ, ਜਿਹੜੀ ਕਿ ਨਨਕਾਣੇ ਤੋਂ ਕੋਈ ਇਕ ਮੀਲ ਸੀ—ਆ ਗਏ ।

---

ਅਕਾਲੀ ਮੋਰਚੇ ਤੇ ਝੱਬਰ—ਪੰਨਾ 109

Digitized by Panjab Digital Library | www.panjabdigilib.org

ਓਸੇ ਦਿਨ ਸ: ਤੇਜਾ ਸਿੰਘ ਜੀ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੀ ਇਕ ਬੇਕਾਇਦਾ ਮੀਟਿੰਗ ਵਿਚ ਅਮਰਿਤਸਰ ਸ਼ਾਮਲ ਹੋਏ। ਏਥੇ ਫੈਸਲਾ ਕੀਤਾ ਗਿਆ ਕਿ ਸ: ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਵਗੈਰਾ ਤੁਰਤ ਨਨਕਾਣੇ ਵੱਲ ਤੁਰ ਜਾਣ ਅਤੇ ਲੋਕਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਜਾਣੋਂ ਰੋਕਣ।

19 ਫਰਵਰੀ ਨੂੰ ਭਾਈ ਲਛਮਣ ਸਿੰਘ ਜੀ ਆਪਣੇ ਪਿੰਡੋਂ ਛੇ ਅਕਾਲੀ ਹੋਰ ਨਾਲ ਲੈ ਕੇ ਬੜੀ ਦੇਰ ਨਾਲ ਸ਼ਾਮ ਹੋਣ ਵੇਲੇ ਤੁਰੇ। ਉਹਨਾਂ ਨਾਲ ਇਹਨਾਂ ਵਿਚ ਆਪਣੀ ਸ਼ਿਰੀਮਤੀ ਤੇ ਇਕ ਉਸਤਾਨੀ ਵੀ ਸੀ। ਰਸਤੇ ਵਿਚ ਉਹਨਾਂ ਨਾਲ ਇਕ ਹੋਰ ਬੀਬੀ ਸ਼ਾਮਲ ਹੋ ਗਈ। ਉਹਨਾਂ ਨੇ 19 ਅਕਾਲੀ ਦੇਵੀ ਸਿੰਘ ਵਾਲਾ ਤੋਂ, 11 ਧਨੂੰਵਾਲ ਤੋਂ, 7 ਜਾਂ 8 ਚੇਲਾਵਾਲਾ ਤੋਂ, 6 ਠੇਠੀਆਂ ਤੋਂ, 5 ਮੂਲਾ ਸਿੰਘ ਵਾਲਾ ਅਤੇ ਕੁਛ ਹੋਰ ਪਿੰਡਾਂ ਤੋਂ ਆਪਣੇ ਨਾਲ ਹੋਰ ਅਕਾਲੀ ਲਏ। ਇਹ ਕੁੱਲ ਅਕਾਲੀ ਮਿਲਕੇ 150 ਸੂਰਬੀਰਾਂ ਦਾ ਜੱਥਾ ਬਣ ਗਿਆ। 21 ਫਰਵਰੀ ਨੂੰ ਸਵੇਰ ਦੇ ਕੋਈ 5 ਵਜੇ ਜਨਮ ਅਸਥਾਨ ਦੇ ਉੱਤਰ ਵਲ ਭੱਠਿਆਂ ਉਤੇ ਇਹਨਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੰਦੇਸ਼ਾ ਲੈ ਕੇ ਪਹੁੰਚਾ, ਜਿਸ ਵਿਚ ਲਿਖਿਆ ਹੋਇਆ ਸੀ ਕਿ ਭਾਈ ਹੋਰੀਂ ਜਥੇ ਸਮੇਤ ਨਨਕਾਣੇ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣੇ ਸਾਹਿਬ ਵਿਚ ਬਿਲਕੁਲ ਪੈਰ ਨਾ ਰਖਣ। ਭਾਈ ਲਛਮਣ ਸਿੰਘ ਜੀ ਭਾਈ ਦਲੀਪ ਸਿੰਘ ਜੀ ਦਾ ਬੜਾ ਆਦਰ ਸਨਮਾਨ ਕਰਦੇ ਸਨ, ਉਹ ਇਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ, ਪਰ ਭਾਈ ਟਹਿਲ ਸਿੰਘ ਜੀ ਕਹਿਣ ਲਗੇ: ਅਜ ਗੁਰੂ ਹਰ ਰਾਏ ਜੀ ਦਾ ਜਨਮ ਦਿਨ ਹੈ। ਏਥੇ ਹੁਣ ਪਹੁੰਚੇ ਹੋਏ ਹਾਂ। ਚਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ ਨਾ? ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁਕਣਾ, ਸ਼ਾਂਤਮਈ ਰਹਿਣਾ ਏ, ਮੁਕਾਬਲਾ ਨਹੀਂ ਕਰਨਾ ਅਤੇ ਭੜਕਾਹਟ ਪੈਦਾ ਕਰਨ ਲਈ ਕੋਈ ਗੱਲ ਨਹੀਂ ਕਰਨੀ, ਮੱਥਾ ਟੇਕਕੇ ਵਾਪਸ ਆ ਜਾਣਾ ਏ ਤਾਂ ਫੇਰ ਝਗੜਾ ਕਿਉਂ ਹੋਊ?

ਪਰ ਉਹਨਾਂ ਨੂੰ ਮਹੰਤ ਦੇ ਸ਼ੈਤਾਨੀ ਮਨਸੂਬਿਆਂ ਦਾ ਪਤਾ ਨਹੀਂ ਸੀ।

## 6. ਸੁਨੇਹਾ ਨਾ ਮਿਲਿਆ

ਭਾਈ ਲਛਮਣ ਸਿੰਘ ਜੀ ਰਜ਼ਾਮੰਦ ਹੋ ਗਏ ਅਤੇ ਜੱਥਾ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ ਜਿਥੋਂ ਉਹ ਪਿੱਛੋਂ ਵਾਪਸ ਘਰਾਂ ਨੂੰ ਮੁੜ ਗਈਆਂ ਅਤੇ ਅਕਾਲੀ ਜਨਮ ਅਸਥਾਨ ਦੇ ਬਾਹਰ ਤਾਲਾਬ ਵਿਚ ਅਸ਼ਨਾਨ ਕਰਨ ਲਗ ਪਏ। ਕੋਈ ਛੇ ਵਜੇ ਦੇ ਕਰੀਬ ਉਹ ਗੁਰਦੁਆਰੇ ਵਿਚ ਮੱਥਾ ਟੇਕਣ ਲਈ ਦਾਖਲ ਹੋਏ।

ਮਹੰਤ ਦੇ ਗੁੰਡੇ ਤੇ ਬਦਮਾਸ਼ ਅੱਗੇ ਤਿਆਰ ਬੈਠੇ ਸਨ। ਮਹੰਤ ਨੇ ਸਭ ਤਿਆਰੀਆਂ ਮੁਕੰਮਲ ਕਰ ਰਖੀਆਂ ਸਨ। ਉਸ ਨੇ ਪਹਿਲੋਂ ਹੀ ਆਪਣੇ ਟੱਬਰ ਦੇ ਬੰਦੇ ਲਾਹੌਰ ਘਲ ਦਿਤੇ ਹੋਏ ਸਨ। ਰੁਪਇਆ ਪੈਸਾ ਤੇ ਜ਼ਰੂਰੀ ਕਾਗਜ਼ ਪੱਤਰ ਵੀ ਉਹਨਾਂ ਦੇ ਹਵਾਲੇ ਕਰ ਦਿਤੇ ਸਨ। ਏਥੋਂ ਤਕ ਕਿ ਉਸ ਨੇ ਕਸੂਰ ਦੇ ਥਾਣੇ ਵਿਚ ਦਸ ਨੰਬਰੀਏ ਬਦਮਾਸ਼ਾਂ—ਰੀਹਾਨਾ, ਅਮਲੀ, ਕੁੰਦੀ, ਵਸਾਖਾ ਅਤੇ ਕੁਛ ਹੋਰਨਾਂ ਦੀਆਂ ਹਾਜ਼ਰੀਆਂ ਲਵਾਣ ਦਾ ਬੰਦੋਬਸਤ ਵੀ ਕਰ ਛਡਿਆ ਸੀ ਤਾਂ ਜੋ ਉਹ ਆਪਣੀ ਪੁਜ਼ੀਸ਼ਨ ਸਾਫ ਕਰਨ ਲਈ ਉਜ਼ਰ ਪੇਸ਼ ਕਰ ਸਕੇ ਕਿ ਜਿਨ੍ਹਾਂ ਬਦਮਾਸ਼ਾਂ ਨੂੰ ਕਾਤਲ ਆਖਿਆ ਜਾ ਰਿਹਾ ਹੈ ਉਹ ਤਾਂ ਉਸ ਦਿਨ ਨਨਕਾਣੇ ਸਾਹਿਬ ਵਿਚ ਹਾਜ਼ਰ ਹੀ ਨਹੀਂ ਸਨ। ਉਹਨਾਂ ਦੀ ਹਾਜ਼ਰੀ ਕਸੂਰ ਦੇ ਥਾਣੇ ਲਗੀ ਹੋਈ ਹੈ।

Digitized by Panjab Digital Library | www.panjabdigilib.org

19 ਤੇ 20 ਫਰਵਰੀ ਨੂੰ ਮਹੰਤਾਂ ਨੇ ਲਾਹੌਰ ਵਿਚ ਆਪਣੀ ਸਨਾਤਨ ਸਿੱਖ ਕਾਨਫਰੰਸ ਰੱਖੀ ਹੋਈ ਸੀ। ਇਸ ਕਾਨਫਰੰਸ ਨੂੰ ਧਿਆਨ ਵਿਚ ਰੱਖ ਕੇ ਹੀ ਝੱਬਰ ਦੇ ਜਥੇ ਨੇ ਫੈਸਲਾ ਕੀਤਾ ਸੀ ਕਿ ਪੰਥ ਦੇ ਮਾਰਚ ਦੇ ਇੱਕਠ ਤੋਂ ਪਹਿਲੋਂ ਮਹੰਤ ਦੀ ਗੈਰ-ਹਾਜ਼ਰੀ ਵਿਚ, ਨਨਕਾਣੇ ਸਾਹਿਬ ਉਤੇ ਕਬਜ਼ਾ ਕਰ ਲਿਆ ਜਾਵੇ ਅਤੇ ਆਗੂਆਂ ਨੂੰ ਕਤਲ ਹੋਣੋ ਬਚਾਇਆ ਜਾਵੇ। ਪਰ ਸ਼੍ਰੋਮਣੀ ਕਮੇਟੀ ਨੇ ਇਹ ਫੈਸਲਾ ਰੱਦ ਕਰ ਦਿਤਾ ਸੀ। 19 ਫਰਵਰੀ ਨੂੰ ਮਹੰਤ ਕਾਨਫਰੰਸ ਉਤੇ ਜਾਣ ਲਈ 3.44 (ਲੰਢੇ ਵੇਲੇ) ਦੀ ਗੱਡੀ ਵਿਚ ਬੈਠਾ ਹੀ ਸੀ ਕਿ ਇਕ ਮੁਸਲਮਾਨ ਔਰਤ ਨੇ ਉਹਨੂੰ ਆਣਕੇ ਆਖਿਆ : 'ਜੱਥਾ ਬੁਚੱਆਣੇ ਆ ਗਿਆ ਹੈ।' ਮਹੰਤ ਗੱਡੀ ਵਿਚੋਂ ਉਤਰ ਕੇ ਵਾਪਸ ਆ ਗਿਆ ਅਤੇ ਉਸ ਨੇ ਸਾਰੇ ਗੁੰਡਿਆਂ, ਬਦਮਾਸ਼ਾਂ ਤੇ ਦਸਨੰਬਰੀਆਂ ਨੂੰ ਗੰਡਾਸਿਆਂ, ਛੱਵੀਆਂ, ਤਲਵਾਰਾਂ, ਬੰਦੂਕਾਂ ਤੇ ਪਿਸਤੌਲਾਂ ਨਾਲ ਲੈਸ ਕਰ ਦਿਤਾ, ਵੱਡੀ ਮਿਕਦਾਰ ਵਿਚ ਬਾਲਣ ਤੇ ਮਿੱਟੀ ਦਾ ਤੇਲ ਪਹਿਲੋਂ ਹੀ ਗੁਰਦੁਆਰੇ ਵਿਚ ਜਮ੍ਹਾ ਕਰ ਲਿਆ ਗਿਆ ਸੀ ਅਤੇ ਕੋਠਿਆਂ ਦੀਆਂ ਛੱਤਾਂ ਉਤੇ ਰੋੜੇ, ਪੱਥਰ ਤੇ ਇੱਟਾਂ ਦੇ ਤਕੜੇ ਢੇਰ ਰੱਖ ਲਏ ਗਏ ਸਨ।

Digitized by Panjab Digital Library | www.panjabdigilib.org

# ਕਤਲਾਮ

ਮੋਰਚਾ-ਬੰਦੀ ਮਜ਼ਬੂਤ ਬਣਾਨ ਲਈ ਮਹੰਤ ਨੇ ਬਦਮਾਸ਼ਾਂ ਦੀ ਵੰਡ ਇਸ ਤਰ੍ਹਾਂ ਕੀਤੀ। ਮਾਝੇ ਦੇ ਬਦਮਾਸ਼ ਉਸ ਨੇ ਆਪਣੀ ਤੇ ਆਪਣੀ ਬੈਠਕ ਦੀ ਹਿਫਾਜ਼ਤ ਕਰਨ ਲਈ ਮੁਕਰਰ ਕੀਤੇ; ਕੋਟਾਂ ਦੇ ਕੁਛ ਆਦਮੀ ਉਸ ਨੇ ਬਾਜ਼ਾਰ ਗੇਟ ਦੇ ਸਾਮ੍ਹਣੇ ਨੀਅਤ ਕੀਤੇ ਅਤੇ ਕੁਛ ਦਰਸ਼ਨੀ ਡਿਓੜ੍ਹੀ ਦੇ ਲਾਗੇ, ਅੰਦਰ ਗੁਰਦੁਆਰੇ ਵਿਚ ਪਠਾਣਾਂ ਨੂੰ ਦੋ ਵੱਡੇ ਦਰਵਾਜ਼ਿਆਂ ਦੀ ਹਿਫਾਜ਼ਤ ਕਰਨ ਦਾ ਕੰਮ ਸੌਂਪਿਆ ਗਿਆ। ਜੇ ਗੁਰਦੁਆਰੇ ਵਿਚ ਹੁਣ ਤਕ ਧਰਮ ਜਾਂ ਇਖਲਾਕ ਦਾ ਕੋਈ ਅੰਸ਼ ਬੱਚਿਆ ਹੋਇਆ ਵੀ ਸੀ ਤਾਂ ਉਹ ਖਤਮ ਹੋ ਗਿਆ। ਗੁਰਦੁਆਰਾ ਜਨਮ ਅਸਥਾਨ ਜੰਗ ਤੇ ਵੱਢ-ਟੁੱਕ ਦੀ ਮੋਰਚਾਬੰਦੀ ਵਿਚ ਤਬਦੀਲ ਹੋ ਗਿਆ।

ਸਿੰਘਾਂ ਦਰਸ਼ਨੀ ਡਿਓੜ੍ਹੀ ਵਿਚ ਵੜਨ ਤੋਂ ਪਹਿਲੋਂ, ਸਤਕਾਰ ਵਜੋਂ, ਆਪਣੇ ਸੀਸ ਝੁਕਾਏ, ਫੇਰ 'ਸਤ ਸਿਰੀ ਅਕਾਲ' ਦੇ ਨਾਹਰੇ ਗਜਾਏ। ਅਤੇ ਜਾ ਕੇ ਦਰਬਾਰ ਦੇ ਸਾਮ੍ਹਣੇ ਮੱਥਾ ਟੇਕ ਕੇ ਬੈਠ ਗਏ। ਭਾਈ ਲਛਮਣ ਸਿੰਘ ਜੀ ਗੁਰੂ ਗਰੰਥ ਦੀ ਤਾਬਿਆ ਬੈਠ ਗਏ ਅਤੇ ਸਾਰੇ ਸਿੰਘ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ। ਸਾਧੂ ਸਭ ਓਥੋਂ ਹੌਲੀ ਹੌਲੀ ਖਿਸਕ ਗਏ। ਉਹਨਾਂ ਦੇ ਵਹਿਮ ਗੁਮਾਨ ਵਿਚ ਵੀ ਨਹੀਂ ਸੀ ਕਿ ਨੀਚ ਹੁੰਦਿਆਂ ਹੋਇਆ ਵੀ ਮਹੰਤ ਦੀ ਨੀਚਤਾ ਸਭ ਹਦ-ਬੰਨੇ ਟੱਪਕੇ ਦਰਬਾਰ ਸਾਹਿਬ ਨੂੰ—ਜਿਥੇ, ਗੁਰੂ ਨਾਨਕ ਨੇ ਜਨਮ ਲੈ ਕੇ, ਏਕਤਾ, ਭਰਪਣ, ਬਰਾ-ਬਰੀ ਤੇ ਸ਼ਾਂਤਤਾ ਦਾ ਸੰਦੇਸ਼ ਦਿਤਾ ਸੀ—ਕਤਲਾਮ ਦਾ ਖੇਤਰ ਬਣਾ ਦੇਵੇਗੀ। ਉਹ ਅਨਭੋਲ, ਸਭ ਕੁਛ ਭੁਲਾਈ, ਸ਼ਬਦ ਪੜ੍ਹਨ ਵਿਚ ਮਗਨ,—ਬੈਠੇ ਸ਼ਬਦ ਪੜ੍ਹੀ ਜਾ ਰਹੇ ਸਨ ਕਿ ਏਕਾ ਏਕੀ ਗੋਲੀਆਂ ਵਰ੍ਹਨ ਲਗ ਪਈਆਂ, ਸਿੰਘ ਫੱਟੜ ਹੋ ਹੋ ਜ਼ਮੀਨ ਤੇ ਤੜਫਨ ਲਗ ਪਏ। ਕੋਠਿਆਂ ਦੀਆਂ ਛੱਤਾਂ ਉਤੇ ਮੋਰਚੇ ਬਣੇ ਹੋਏ ਸਨ ਅਤੇ ਮਹੰਤ ਦੇ ਗੁੰਡੇ ਦਣਾ ਦਣ ਗੋਲੀਆ ਚਲਾ ਚਲਾ ਸਿੰਘਾਂ ਨੂੰ ਸ਼ਹੀਦ ਕਰੀ ਜਾ ਰਹੇ ਸਨ। ਸਿੰਘ ਉਠਕੇ ਬਚਾਅ ਵਾਲੀਆਂ ਥਾਵਾਂ ਵਲ ਹੋਏ, ਪਰ ਬਚਾਅ ਵਾਲੀਆਂ ਥਾਵਾਂ ਓਥੇ ਕਿਥੇ ਸਨ—ਕਿਤੋਂ ਗੋਲੀਆਂ ਆ ਰਹੀਆਂ ਸਨ, ਕਿਤੋਂ ਇੱਟਾਂ ਵੱਟਿਆਂ ਦੀ ਬੁਛਾੜ ਉਤੇ ਬੁਛਾੜ ਆ ਰਹੀ ਸੀ। ਕੋਈ ਲੁਕਣ ਦੀ ਥਾਂ ਨਹੀਂ ਸੀ, ਕੋਈ ਬਾਹਰ ਨਿਕਲਣ ਦੀ ਥਾਂ ਨਹੀਂ ਸੀ—ਦਰਵਾਜ਼ੇ ਸਭ ਬੰਦ ਸਨ। ਚਾਰ ਚੁਫੇਰੇ ਮੋਰਚੇਬੰਦੀ ਹੋਈ ਹੋਈ ਸੀ। ਜਿਹੜੇ ਸ਼ਾਂਤੀ ਨਾਲ ਬੈਠੇ ਰਹੇ, ਉਹ ਓਥੇ ਹੀ ਗੋਲੀਆਂ ਦਾ ਨਿਸ਼ਾਨਾ ਬਣਕੇ ਸ਼ਹੀਦ ਹੋ ਗਏ—ਵਿਹੜੇ ਵਿਚ ਕੋਈ ਪੰਝੀ ਛੱਬੀ ਸਿੰਘ ਸ਼ਹੀਦ ਹੋ ਗਏ। ਕੋਈ ਸੱਠ ਕੁ ਸਿੰਘ ਦਰਬਾਰ ਦੇ ਅੰਦਰ ਚੌਖੰਡੀ ਵਿਚ ਚਲੇ ਗਏ ਅਤੇ ਉਹਨਾਂ ਨੇ ਅੰਦਰੋਂ ਕੁੰਡੇ ਲਾ ਲਏ ਪਰ ਮਹੰਤ ਦੇ ਖੂੰਖਾਰ ਬਦਮਾਸ਼ਾਂ ਦੇ ਸਿਰ ਤੇ ਖੂਨ ਸਵਾਰ ਸੀ—ਉਹ ਸ਼ਰਾਬਾਂ ਪੀ ਪੀ ਰੱਜੇ ਹੋਏ ਸਨ। ਉਹ ਪਹਿਲੋਂ ਹਰ ਸ਼ਿਸਤ ਵਾਲੀ ਥਾਂ ਤੇ ਖਲੋਕੇ, ਗੋਲੀਆਂ ਚਲਾ ਚਲਾ ਮਾਰਦੇ ਰਹੇ, ਪਿੱਛੋਂ ਦਰਸ਼ਨੀ ਡਿਓੜ੍ਹੀ ਦੇ ਵਧਾਅ ਉਤੇ ਆ ਗਏ ਅਤੇ ਕਈਆਂ ਸਿੰਘਾਂ ਦੇ ਓਥੋਂ ਨਿਸ਼ਾਨੇ ਬਣਾਏ। ਜਦੋਂ ਵੇਖਿਆ ਕਿ ਹੁਣ ਥੱਲੇ ਕੋਈ ਹਰਕਤ ਨਜ਼ਰ ਨਹੀਂ ਆਉਂਦੀ, ਤਦ ਮਹੰਤ ਦੇ ਇਹ ਬਦਮਾਸ਼ ਥੱਲੇ ਉਤਰ ਆਏ ਅਤੇ ਦਰਸ਼ਨੀ ਤੇ ਬਾਜ਼ਾਰ ਗੇਟ ਖੋਲ੍ਹਕੇ ਪਹਿਰੇਦਾਰ ਪਠਾਣਾਂ ਤੇ ਹੋਰ ਪੱਖਦਾਰਾਂ ਨੂੰ ਅੰਦਰ ਬੁਲਾ ਲਿਆ ਅਤੇ ਥੱਲੇ ਜਿਹੜਾ ਵੀ ਫੱਟੜ ਜੀਉਂਦਾ ਨਜ਼ਰ ਆਇਆ ਉਸ ਨੂੰ ਛਵ੍ਹੀਆਂ ਨਾਲ ਕੁਤਰ ਦਿਤਾ।

Digitized by Panjab Digital Library | www.panjabdigilib.org

ਤੇ ਡਾਂਗਾਂ ਮਾਰ ਮਾਰ ਫਿਹ ਦਿੱਤਾ। ਪੰਜ ਛੇ ਆਦਮੀ ਇਕ ਬੰਦ ਬਰਾਂਡੇ ਵਿਚ ਖਲੋਤੇ ਸਨ, ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। 25 ਕੁ ਅਕਾਲੀ ਲਾਂਭਾਂ ਦੇ ਕਮਰਿਆਂ ਵਿਚ ਪਨਾਹ ਲੈ ਰਹੇ ਸਨ, ਉਨ੍ਹਾਂ ਨੂੰ ਵੀ ਮਹੰਤ ਦੀ ਧਾੜ ਨੇ ਗੋਲੀਆਂ, ਟਕੂਏ, ਲਾਠੀਆਂ ਅਤੇ ਇੱਟਾਂ ਮਾਰ ਕੇ ਪਾਰ ਬੁਲਾਇਆ।

ਇਸ ਵੇਲੇ ਬਾਹਰੋਂ ਸਿੰਘਾਂ ਦੇ ਜੈਕਾਰੇ ਛੱਡਣ ਦੀ ਆਵਾਜ਼ ਆਈ। ਇਨ੍ਹਾਂ ਗੁੰਡਿਆਂ ਤੇ ਬਦਮਾਸ਼ਾਂ ਨੇ ਉਨ੍ਹਾਂ ਉਤੇ ਹਮਲਾ ਕਰਨ ਲਈ ਦਰਸ਼ਨੀ ਤੇ ਬਾਜ਼ਾਰ ਗੇਟ ਖੋਲ੍ਹ ਦਿੱਤੇ ਅਤੇ ਟੁੱਟ ਕੇ ਉਨ੍ਹਾਂ ਉਤੇ ਜਾ ਪਏ। ਕੁਝ ਛੱਤਾਂ ਉਤੇ ਚੜ੍ਹ ਕੇ ਗੋਲੀਆਂ ਤੇ ਇੱਟਾਂ ਵੱਟੇ ਚਲਾਣ ਲੱਗ ਪਏ। ਇਸ ਹਫੜਾ ਦਫੜੀ ਵਿਚ ਕੁਛ ਸਿੰਘ ਬਾਹਰ ਨਿਕਲ ਗਏ। ਦੋ ਪੌੜੀਆਂ ਚੜ੍ਹ ਕੇ ਕੋਠੇ ਉਤੇ ਘੇਰੇ ਗਏ ਅਤੇ ਉਥੇ ਛਵ੍ਹੀਆਂ ਨਾਲ ਜ਼ਖਮੀ ਕਰ ਦਿੱਤੇ ਗਏ ਅਤੇ ਬਾਹਰ ਵਾਰ ਸੁੱਟ ਦਿੱਤੇ ਗਏ। ਮਹੰਤ ਖੁਦ ਇਸ ਕਤਲਾਮ ਦੀ ਅਗਵਾਈ ਕਰ ਰਿਹਾ ਸੀ। ਉਸ ਨੇ ਮੂੰਹ ਉਤੇ ਚਾਦਰ ਲਪੇਟੀ ਹੋਈ ਸੀ ਅਤੇ ਘੋੜੇ ਉਤੇ ਚੜ੍ਹਿਆ ਹੋਇਆ ਕਦੇ ਏਧਰ ਜਾਂਦਾ ਸੀ ਕਦੇ ਓਧਰ। ਅਤੇ ਉੱਚੀ ਉੱਚੀ ਆਖ ਰਿਹਾ ਸੀ : 'ਕੋਈ ਵਾਲਾਂ ਵਾਲਾ ਸਿੱਖ ਜੀਊਂਦਾ ਨਾ ਰਹਿਣ ਦਿਓ ! ਮਾਰੋ ਇਨ੍ਹਾਂ ਨੂੰ।' ਅਤੇ ਉਨ੍ਹਾਂ ਨੂੰ ਹੋਰ ਉਤਸਾਹਤ ਕਰਨ ਤੇ ਜੋਸ਼ ਦਿਵਾਉਣ ਲਈ ਉਸ ਨੇ ਖੁਦ ਪਿਸਤੌਲ ਵਿਚੋਂ ਗੋਲੀ ਚਲਾ ਕੇ ਇਕ ਸਿੰਘ ਥਾਂ ਹੀ ਮਾਰ ਦਿਤਾ। ਕੋਈ ਛੇ ਸਿੰਘ ਇਸ ਤਰ੍ਹਾਂ ਬਾਹਰ ਹੀ ਕਤਲ ਕਰ ਦਿੱਤੇ ਗਏ। ਕੁਛ ਸਿੰਘਾਂ ਦਾ ਪਿੱਛਾ ਰਿਹਾਨੇ ਤੇ ਕੁਝ ਸਾਧੂਆਂ ਨੇ ਰੇਲਵੇ ਲਾਈਨਾਂ ਤਕ ਕੀਤਾ ਜਿਥੇ ਇਕ ਬੁਢਾ ਸਿੱਖ ਤੇ ਦੋ ਹੋਰ ਸਿੰਘ ਮਾਰ ਦਿੱਤੇ ਗਏ। ਦੋ ਤਿੰਨ ਸਿੰਘ ਖੇਤਾਂ ਵਿਚ ਜਾ ਕੇ ਮਾਰ ਦਿੱਤੇ ਗਏ। ਮਹੰਤ ਅਕਾਲੀਆਂ ਦਾ ਬੀਅ ਨਾਸ ਕਰਨ ਉੱਤੇ ਤੁਲਿਆ ਹੋਇਆ ਨਜ਼ਰ ਆਉਂਦਾ ਸੀ।[1]

ਅੰਦਰ ਅਤੇ ਬਾਹਰ ਇਹ ਵੱਢ ਟੁੱਕ ਅਜੇ ਵਾਹੋਦਾਹੀ ਹੋ ਰਹੀ ਸੀ—ਜਦੋਂ ਇਕ ਗੁੰਡੇ ਨੇ ਉੱਚੀ ਆਵਾਜ਼ ਵਿਚ ਆਖਿਆ : ਚੌਖੰਡੀ ਦੇ ਅੰਦਰ ਕੁਛ ਅਕਾਲੀ ਲੁਕੇ ਹੋਏ ਨੇ। ਦਰਵਾਜ਼ੇ ਅੰਦਰੋਂ ਬੰਦ ਨੇ। ਏਧਰ ਆਓ !—ਇਹ ਸੁਣਦਿਆਂ ਹੀ ਹੁਣ ਸਭ ਕਾਤਲ ਇਸ ਪਾਸੇ ਟੁੱਟ ਕੇ ਜਾ ਪਏ। ਦੋਂਹ ਦੇ ਹੱਥਾਂ ਵਿਚ ਬੰਦੂਕਾਂ ਸਨ ਅਤੇ ਬਾਕੀਆਂ ਦੇ ਹੱਥਾਂ ਵਿਚ ਛਵ੍ਹੀਆਂ ਤੇ ਟਕੂਏ ਆਦਿ ਇਕ ਸਿੱਖ ਸਮਾਧ ਵਿਚ ਲੁਕਿਆਂ ਹੋਇਆ ਸੀ ਉਸ ਨੂੰ ਉਥੇ ਹੀ ਗੋਲੀ ਮਾਰ ਕੇ ਮੁਕਾ ਦਿੱਤਾ ਗਿਆ। ਇਕ ਨੇ ਚੌਖੰਡੀ ਅੰਦਰ ਚਾਂਦੀ-ਜੜੇ ਬੂਹੇ ਰਾਹੀਂ ਅੰਦਰ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ, ਦੂਜਿਆਂ ਨੇ ਉੱਤਰ ਪਾਸੇ ਦੇ ਦਰਵਾਜ਼ੇ ਨੂੰ ਛਵ੍ਹੀਆਂ ਕੁਹਾੜੀਆਂ ਨਾਲ ਤੋੜ ਦਿੱਤਾਂ। ਰਾਂਝੇ ਤੇ ਇਕ ਹੋਰ ਨੇ ਇਸ ਪਾਸਿਓਂ ਗੋਲੀਆਂ ਚਲਾ ਚਲਾ ਕੇ ਸਿੰਘ ਭੁੰਨਣੇ ਸ਼ੁਰੂ ਕਰ ਦਿੱਤੇ। ਇਕ ਪਠਾਣ ਨੇ ਪੱਛਮੀ ਦਰਵਾਜ਼ੇ ਵਿਚ ਕੁਹਾੜੀ ਮਾਰ ਮਾਰ ਮਘੋਰਾ ਕਰ ਦਿੱਤਾ, ਜਿਸ ਵਿਚੋਂ ਦੀ ਦੋ ਆਦਮੀ ਗੋਲੀਆਂ ਚਲਾ ਸਕਦੇ ਸਨ। ਅੰਦਰੋਂ ਇਕ ਸਿੰਘ ਨੇ ਆਵਾਜ਼ ਦਿੱਤੀ : ਮੈਨੂੰ ਬਾਹਰ ਆਉਣ ਦਿਓ। ਮਹੰਤ ਦੇ ਇਕ ਆਦਮੀ ਨੇ ਬੜੀ ਵਿਅੰਗ-ਮਈ ਆਵਾਜ਼ ਵਿਚ ਅਗੋਂ ਆਖਿਆ : ਤੈਨੂੰ ਵੀ ਬਾਹਰ ਕਢਦੇ ਹਾਂ, ਫਿਕਰ ਨਾ ਕਰ। ਉਹ ਬਾਹਰ ਆਇਆ ਤਾਂ ਆਉਂਦੇ ਨੂੰ ਹੀ ਗੋਲੀ ਮਾਰ ਕੇ ਢੇਰ ਕਰ ਦਿੱਤਾ। ਜਦੋਂ ਅੰਦਰ ਸਾਰੇ ਹੀ ਮਾਰ ਜਾਂ ਫੱਟੜ ਕਰ ਦਿਤੇ ਗਏ ਤਾਂ ਪਠਾਣ ਤੇ ਹੋਰ ਆਦਮੀ ਅੰਦਰ ਗਏ ਅਤੇ ਧੂਹ ਧੂਹ ਕੇ ਸਾਰਿਆਂ ਨੂੰ ਬਾਹਰ ਲੈ ਆਏ। ਲਗ ਭਗ 60

[1] ਘਟਨਾਵਾਂ ਦਾ ਇਹ ਬਿਰਤਾਂਤ, ਮੋਟੇ ਤੌਰ ਤੇ, ਪ੍ਰੋ: ਤੇਜਾ ਸਿੰਘ ਦੀ ਗੁਰਦੁਆਰਾ ਰੀਫਾਰਮ ਮੂਵਮੈਂਟ ਵਿਚੋਂ ਲਿਆ ਗਿਆ ਹੈ। —ਲੇਖਕ

Digitized by Panjab Digital Library | www.panjabdigilib.org

ਸਿੰਘ ਏਥੇ ਸ਼ਹੀਦ ਕਰ ਦਿਤੇ ਗਏ। ਸਿਰਫ ਇਕ ਬਾਰਾਂ ਸਾਲਾਂ ਦਾ ਲੜਕਾ ਜਿਹੜਾ ਗੁਰੂ ਗਰੰਥ ਸਾਹਿਬ ਦੇ ਥੱਲੇ ਲੁਕਿਆ ਹੋਇਆ ਸੀ, ਬਚ ਰਿਹਾ।

ਇਸਦੇ ਪਿਛੋਂ ਮਹੰਤ ਖੁਦ ਆਇਆ ਅਤੇ ਉਸ ਨੇ ਹੁਕਮ ਦਿਤਾ ਕਿ ਵਿਹੜੇ ਵਿਚ ਪਈਆਂ ਲੋਥਾਂ ਇਕੱਠੀਆਂ ਕਰੋ ਅਤੇ ਇਹਨਾਂ ਦੇ ਫੂਕਣ ਦਾ ਪਰਬੰਧ ਕਰੋ। ਸਿਰਫ ਚਾਰ ਲੋਥਾਂ ਪਿਛੇ ਰਹਿਣ ਦਿਓ—ਪਿਛੇ ਰੱਖ ਲਈਆਂ ਗਈਆਂ ਲੋਥਾਂ ਸਨ : ਭਾਈ ਮੰਗਲ ਸਿੰਘ, ਹਜ਼ਾਰਾ ਸਿੰਘ, ਆਤਮਾ ਸਿੰਘ ਅਤੇ ਇਕ ਸਾਧੂ ਦੀਆਂ। ਸਾਧੂ ਕਿਸੇ ਬਦਮਾਸ਼ ਦੀ ਗੋਲੀ ਲਗ ਕੇ ਮਰਿਆ ਸੀ। ਮੰਗਲ ਸਿੰਘ ਮਜ਼ਹਬੀ ਸਿਖ ਸੀ ਜਿਸ ਨੂੰ ਭਾਈ ਲਛਮਣ ਸਿੰਘ ਨੇ ਆਪਣਾ ਪੁੱਤਰ ਬਣਾਇਆ ਹੋਇਆ ਸੀ—ਇਹ ਕਿਰਪਾਨ ਪਹਿਨਣ ਕਰ ਕੇ ਫੌਜ ਵਿਚੋਂ ਕਢ ਦਿੱਤਾ ਗਿਆ ਸੀ ਅਤੇ ਇਸ ਨੂੰ 'ਕਿਰਪਾਨ ਬਹਾਦਰ' ਦਾ ਖਿਤਾਬ ਮਿਲਿਆ ਹੋਇਆ ਸੀ। ਇਹਨਾਂ ਚਹੁੰ ਲੋਥਾਂ ਨੂੰ ਅੱਡ ਕਢ ਲਿਆ ਗਿਆ।

ਬਾਕੀ ਲੋਥਾਂ ਨੂੰ ਅੱਗ ਲਾਉਣ ਤੋਂ ਪਹਿਲੋਂ ਪਠਾਣਾਂ ਤੇ ਬਦਮਾਸ਼ਾਂ ਨੇ ਉਹਨਾ ਦੀ ਤਲਾਸ਼ੀ ਲਈ ਅਤੇ ਜੋ ਕੁਛ ਓਥੋਂ—ਰੁਪਏ, ਕਿਰਪਾਨਾਂ, ਕੰਬਲਾਂ, ਵਗੈਰਾ ਦੀ ਸ਼ਕਲ ਵਿਚ ਉਨ੍ਹਾਂ ਨੂੰ ਮਿਲਿਆ—ਸਭ ਹੜੱਪ ਕਰ ਲਿਆ। ਲਕੜਾਂ ਤੇ ਤੇਲ ਏਨੇ ਆਦਮੀਆਂ ਨੂੰ ਸਾੜਨ ਲਈ ਨਾਕਾਫੀ ਸਨ—ਇਸ ਲਈ ਬਾਜ਼ਾਰੋਂ ਰੇੜ੍ਹੀਆਂ ਤੇ ਲਦ ਲਦ ਹੋਰ ਬਾਲਣ ਤੇ ਤੇਲ ਮੰਗਵਾਇਆ ਗਿਆ। ਮੁਕੱਦਮੇ ਵਿਚ ਕੁਛ ਮੁਲਜ਼ਮਾਂ ਦੇ ਬਿਆਨਾਂ ਤੋਂ ਸਾਬਤ ਹੋ ਗਿਆ ਸੀ ਕਿ ਕਈ ਜੀਉਂਦੇ ਸਿੰਘਾਂ ਨੂੰ ਬਲਦੇ ਮੜ੍ਹ ਵਿਚ ਸੁੱਟ ਸੁੱਟ ਸਾੜਿਆ ਗਿਆ। ਇਕ ਨੂੰ ਦਰਖਤ ਨਾਲ ਬੰਨ੍ਹਕੇ ਥੱਲੇ ਅੱਗ ਲਾ ਕੇ ਸਾੜ ਦਿਤਾ। ਜਿਹੜੇ ਗੁਰਦੁਆਰੇ ਤੋਂ ਬਾਹਰ ਕਤਲ ਕੀਤੇ ਗਏ ਸਨ, ਉਹਨਾਂ ਨੂੰ ਇੱਟਾਂ ਦੇ ਭੱਠੇ ਵਿਚ ਸੁਟਕੇ ਸਾੜਿਆ ਗਿਆ। ਮਹੰਤ ਦੇ ਗੁੰਡਿਆਂ ਦੀ ਜ਼ਦ ਵਿਚ ਆਇਆ ਕੋਈ ਸਿੰਘ ਨਾ ਬਚ ਸਕਿਆ।

## 1. ਦਲੀਪ ਸਿੰਘ ਦੀ ਸ਼ਹੀਦੀ

ਭਾਈ ਦਲੀਪ ਸਿੰਘ ਜੀ ਨੂੰ ਪਤਾ ਲੱਗਾ ਕਿ ਮਹੰਤ ਚੰਡਾਲ-ਪੁਣੇ ਤੋਂ ਬਾਜ਼ ਨਹੀਂ ਆਇਆ। ਉਹ ਸਿੰਘਾਂ ਨੂੰ ਕਤਲ ਕਰ ਕਰ ਖੂੰਨੀ ਹੋਲੀ ਖੇਡ ਰਿਹਾ ਹੈ। ਉਸ ਤੋਂ ਸਿੰਘਾਂ ਦਾ ਇਹ ਵਹਿਸ਼ੀ ਕਤਲਾਮ ਬਰਦਾਸ਼ਤ ਨਾ ਹੋ ਸਕਿਆ ਅਤੇ ਉਹ ਮਹੰਤ ਨੂੰ ਇਸ ਕਤਲਾਮ ਤੋਂ ਰੋਕਣ ਲਈ ਗੁਰਦੁਆਰੇ ਨੂੰ ਤੁਰ ਪਿਆ। ਉਸ ਨੂੰ ਭਾਈ ਉੱਤਮ ਸਿੰਘ ਫੈਕਟਰੀ ਵਾਲਾ ਤੇ ਕੁਛ ਹੋਰ ਸੱਜਣ ਗੁਰਦੁਆਰੇ ਨੂੰ ਜਾਣ ਤੋਂ ਰੋਕਣ ਲਈ ਬੜਾ ਜ਼ੋਰ ਲਾ ਥੱਕੇ, ਪਰ ਉਹ ਨਾ ਰੁਕਿਆ। ਉਸ ਦਾ ਖਿਆਲ ਸੀ : ਮਹੰਤ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਮੇਰਾ ਸਤਕਾਰ ਕਰਦਾ ਹੈ। ਉਹ ਮੇਰੀ ਗੱਲ ਸੁਣੇਗਾ ਅਤੇ ਕਤਲਾਮ ਬੰਦ ਕਰ ਦੇਵੇਗਾ। ਪਰ ਇਹ ਉਹਨਾਂ ਨੂੰ ਭੁਲੇਖਾ ਸੀ। ਉਹਨਾਂ ਦੇ ਨਾਲ ਉਸ ਵੇਲੇ ਭਾਈ ਵਰਿਆਮ ਸਿੰਘ ਸੀ।

ਉਹ ਦੋਵੇਂ ਜਦੋਂ ਦਰਸ਼ਨੀ ਦਰਵਾਜ਼ੇ ਮੋਹਰੇ ਪਹੁੰਚੇ ਤਾਂ ਉਸ ਵੇਲੇ ਮਹੰਤ ਦੀ ਚੰਡਾਲ ਜੁੰਡਲੀ ਦਾ ਬਾਹਰੋਂ ਆਏ ਨਵੇਂ ਸਿੰਘਾਂ ਉਤੇ ਹਮਲਾ ਜਾਰੀ ਸੀ ਅਤੇ ਸਿੰਘਾਂ ਨੂੰ ਅੰਨ੍ਹੇਵਾਹ, ਸੱਜੇ ਖੱਬੇ, ਕਤਲ ਕੀਤਾ ਜਾ ਰਿਹਾ ਸੀ। ਉਸ ਨੇ ਹੱਥ ਜੋੜ ਕੇ ਮਹੰਤ ਨੂੰ ਆਖਿਆ : ਨਾ ਕਰੋ ਕਤਲ, ਬੰਦ ਕਰੋ ਕਤਲਾਮ, ਮੈਂ ਅਜੇ ਵੀ ਤੁਹਾਨੂੰ ਪੰਥ ਤੋਂ ਮੁਆਫੀ ਦੁਆ ਦਿਆਂਗਾ। ਪਰ ਮਹੰਤ ਕਤਲਾਮ ਦੇ ਨਸ਼ੇ ਨਾਲ ਅੰਨ੍ਹਾ ਹੋ ਚੁਕਾ ਸੀ, ਉਹ ਭਾਈ ਹੋਰਾਂ ਦੀਆਂ ਅਪੀਲਾਂ ਕਦੋਂ ਸੁਣਦਾ ਸੀ। ਉਹ ਤਾਂ ਘੋੜੇ ਤੇ ਸਵਾਰ ਹੋ ਕੇ ਕਤਲਾਮ ਦੇ ਹੁਕਮ ਦੇ ਰਿਹਾ ਸੀ। ਉਹ ਸਿਧਾ ਹੀ ਭਾਈ

Digitized by Panjab Digital Library | www.panjabdigilib.org

ਦਲੀਪ ਸਿੰਘ ਜੀ ਵੱਲ ਘੋੜਾ ਦੁੜਾ ਕੇ ਆਇਆ ਅਤੇ ਪਿਸਤੌਲ ਵਿਚੋਂ ਗੋਲੀ ਮਾਰ ਕੇ, ਇਹ ਆਖ ਕੇ ਕਿ ਤੂੰ ਵੀ ਤਾਂ ਸਿੱਖ ਹੀ ਏਂ—ਉਸ ਨੂੰ ਥਾਂ ਹੀ ਢੇਰੀ ਕਰ ਦਿੱਤਾ। ਅਤੇ ਉਸ ਦੇ ਹੋਰ ਚੰਡਾਲਾਂ ਨੇ ਭਾਈ ਵਰਿਆਮ ਸਿੰਘ ਦੇ ਟੁਕੜੇ ਕਰ ਦਿਤੇ।

ਹੁਣ ਮਾਰਨ ਲਈ ਕੋਈ ਵੀ ਸਿੰਘ ਗੁਰਦੁਆਰੇ ਦੇ ਲਾਗੇ ਚਾਗੇ ਨਹੀਂ ਸੀ ਰਿਹਾ। ਦਹਿਸ਼ਤ ਨਾਲ ਸਾਰਾ ਕਸਬਾ ਖਾਲੀ ਹੋ ਗਿਆ ਸੀ। ਮਹੰਤ ਤੇ ਉਸ ਦੇ ਚੰਡਾਲਾਂ ਨੇ ਮੋਰਚਾ ਸਰ ਕਰ ਲਿਆ ਸੀ। ਹੁਣ ਉਹ ਲੋਥਾਂ ਨੂੰ ਫੂਕਣ ਦਾ ਆਹਰ ਪਾਹਰ ਕਰਨ ਲਗ ਪਏ ਅਤੇ ਜੇ ਕੋਈ ਇੱਕਲਾ ਦੁਕੱਲਾ ਅਨਭੋਲ ਸਿਖ ਜਾਂਦਾ ਆਉਂਦਾ ਨਜ਼ਰ ਆਉਂਦਾ ਤਾਂ ਉਹਨੂੰ ਥਾਂ ਹੀ ਮਾਰ ਦੇਂਦੇ।

ਇਸ ਕਤਲਾਮ ਬਾਰੇ ਖੁਦ ਸਰਕਾਰ ਦੀ ਗੁਪਤ ਰਿਪੋਰਟ ਕਹਿੰਦੀ ਹੈ :—

"ਇਹ ਤਮਾਮ (ਅਕਾਲੀ) ਬੇਰਹਿਮੀ ਨਾਲ ਕਤਲ ਕੀਤੇ ਗਏ ਅਤੇ ਜ਼ਖਮੀਆਂ ਨੂੰ ਕੁਹਾੜੀਆਂ ਤੇ ਲਾਠੀਆਂ ਮਾਰ ਮਾਰ ਖਤਮ ਕਰ ਦਿਤਾ ਗਿਆ। ਮਹੰਤ ਨੇ ਆਪਣੇ ਚੇਲਿਆਂ ਤੇ ਪਿਛਲੱਗਾਂ ਨੂੰ ਹੁਕਮ ਦਿੱਤਾ ਜਾਪਦਾ ਹੈ ਕਿ ਇਕ ਵੀ ਅਕਾਲੀ ਜੀਊਂਦਾ ਨਾ ਰਹਿਣ ਦਿਤਾ ਜਾਵੇ ਅਤੇ ਉਸ ਦੇ ਹੁਕਮ ਦੇ ਲਗ ਭਗ ਅੱਖਰ ਅੱਖਰ ਨੂੰ ਅਮਲ ਵਿਚ ਲਿਆਂਦਾ ਗਿਆ। ਸਾਰਾ ਮਾਮਲਾ ਸਿਖਾਂ ਦੇ ਖਾਲਸ ਕਤਲਾਮ ਦੀ ਨੀਵੀਂ ਤੋਂ ਨੀਵੀਂ ਗਿਰਾਵਟ ਤਕ ਪਹੁੰਚ ਗਿਆ ਹੋਣਾ ਏ। ਉਹਨਾਂ ਵਿਚੋਂ ਜ਼ਖਮੀਆਂ ਤੇ ਨਾਕਾਰਾ ਹੋ ਚੁਕਿਆਂ ਨੂੰ ਅੱਤ ਵਹਿਸ਼ੀਪੁਣੀ ਕਠੋਰਤਾ ਨਾਲ ਵੱਢ ਵੱਢ, ਲਾਠੀਆਂ ਮਾਰ ਮਾਰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਵੱਢ-ਟੁੱਕ ਦੇ ਖਤਮ ਹੋਣ ਪਿਛੋਂ, ਮਾਰੇ-ਗਏ ਸਿੱਖਾਂ ਨੂੰ ਇਕੱਠਾ ਕੀਤਾ ਗਿਆ ਅਤੇ ਲੋਥਾਂ ਦੇ ਢੇਰਾਂ ਨੂੰ ਮਿੱਟੀ ਦੇ ਤੇਲ ਨਾਲ ਭਿਗੋਇਆ ਗਿਆ ਅਤੇ ਫੇਰ ਉਹਨਾ ਨੂੰ ਲਾਂਬੂ ਲਾ ਦਿਤੇ...।[1]

ਕਤਲਾਮ ਦੀ ਖਬਰ ਚੰਗੀ ਤਰ੍ਹਾਂ ਤਸਦੀਕ ਹੋ ਜਾਣ ਤੇ ਡਿਸਟਰਿਕਟ ਇੰਜਨੀਅਰ ਸ਼ਿਰੀ ਐਨ. ਐਸ. ਸੰਧੂ ਨੇ ਇੱਕ ਆਪਣਾ ਖਾਸ ਆਦਮੀ ਸਵਾ ਅੱਠ ਵਜੇ ਘੋੜੇ ਉਤੇ ਡਿਪਟੀ ਕਮਿਸ਼ਨਰ ਕੱਰੀ ਵਲ ਭੇਜਿਆ ਤਾਂ ਜੁ ਉਹ ਖੁਦ ਮੌਕੇ ਉਤੇ ਆ ਕੇ ਇਹ ਭਿਆਨਕ ਸਾਕਾ ਅੱਖੀਂ ਵੇਖ ਲਵੇ। ਡੀ.ਸੀ. ਦਾ ਨਨਕਾਣੇ ਤੋਂ ਬਾਰਾਂ ਮੀਲ ਦੂਰ ਮਾਂਗਟਾਂਵਾਲਾ ਵਿਚ ਮੁਕਾਮ ਸੀ। ਓਧਰ ਸ: ਉੱਤਮ ਸਿੰਘ ਨੇ ਕੋਈ ਸਵਾ ਨੌਂ ਵਜੇ ਦੇ ਕਰੀਬ ਇਸ ਸੋਗਕ ਘਟਨਾ ਦੀਆਂ ਖਬਰਾਂ, ਤਾਰਾਂ ਰਾਹੀਂ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਤੇ ਸੁਪਰੰਡੰਟ ਨੂੰ ਘੱਲੀਆਂ ਅਤੇ ਨਾਲ ਹੀ ਸਾਰੇ ਸਿਖ ਕੇਂਦਰਾਂ, ਖਾਸ ਕਰ ਸ਼੍ਰੋਮਣੀ ਕਮੇਟੀ, ਨੂੰ ਖਬਰਾਂ ਪਹੁੰਚਾ ਦਿਤੀਆਂ। ਸਾਰੇ ਹੀ ਸਿਖ ਜਗਤ ਵਿਚ ਹਾਹਾਕਾਰ ਮਚ ਗਈ!

ਡੀ.ਸੀ. ਕੱਰੀ ਨਨਕਾਣੇ ਸਾਹਿਬ 12–30 ਦੁਪਹਿਰ ਪਿਛੋਂ ਪਹੁੰਚਾ ਅਤੇ ਇਕੱਲਾ ਹੀ ਮਹੰਤ ਨਾਲ ਅੰਦਰ ਗਿਆ। ਉਸ ਨੇ ਇਸ ਵੇਲੇ ਮਹੰਤ ਨਾਲ ਕੀ ਗੱਲਾਂ ਕੀਤੀਆਂ ਅਤੇ ਮਹੰਤ ਨੇ ਉਸ ਨੂੰ ਕੀ ਕਹਾਣੀਆਂ ਘੜ ਕੇ ਸੁਣਾਈਆਂ—ਕਿਤੇ ਵੀ ਦਰਜ ਨਹੀਂ। ਉਸ ਵੇਲੇ ਉਸ ਕੋਲ ਬੰਦੋਬਸਤ ਲਈ ਕੋਈ ਪੁਲਸ ਨਹੀਂ ਸੀ। ਉਸ ਨੇ ਫੌਜੀ ਦਸਤੇ ਘੱਲਣ ਵਾਸਤੇ ਉਤਲੇ ਅਫਸਰਾਂ ਨੂੰ ਤਾਰਾਂ ਘੱਲੀਆਂ। ਇਕ ਪੁਲਸ ਦਾ ਸਬ ਇਨਸਪੈਕਟਰ 2 ਵਜੇ ਨਨਕਾਣੇ ਪਹੁੰਚਿਆ। ਉਸ ਨੂੰ ਡੀ. ਸੀ. ਨੇ ਹੁਕਮ ਦਿਤਾ ਕਿ ਉਹ ਲਗੀਆਂ ਅੱਗਾਂ ਬੁਝਾ ਦੇਵੇ ਅਤੇ ਜ਼ਖਮੀਆਂ ਤੇ ਮਰ ਚੁਕਿਆਂ ਨੂੰ ਲਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰੇ।

ਜਿਸ ਦਾ ਸਾਫ ਅਰਥ ਇਹ ਹੈ ਕਿ ਡੀ. ਸੀ. ਕੱਰੀ ਦੇ ਪਹੁੰਚਣ ਦੇ ਡੇਢ ਘੰਟੇ ਪਿਛੋਂ

[1] ਨੰਬਰ 9584 (Shoart for judicial.) ਲਾਹੌਰ, 26 ਮਾਰਚ 1921—ਸੀ. ਐਮ. ਕਿੰਗ ਦੇ ਦਸਖਤਾਂ ਥਲੇ ਕੇਂਦਰੀ ਸਰਕਾਰ ਨੂੰ ਘਲੀ ਗਈ ਰਿਪੋਰਟ।

Digitized by Panjab Digital Library | www.panjabdigilib.org

ਤਕ ਵੀ ਮਹੰਤ ਦੇ ਗੁੰਡੇ ਲਾਸ਼ਾਂ ਸਾੜੀ ਜਾਂਦੇ ਸਨ। ਅਤੇ ਜ਼ਿੰਦਾ ਬਚਿਆਂ-ਖੁਚਿਆਂ ਨੂੰ ਵੱਢ ਵੱਢ ਜਾਂ ਜੀਉਂਦਿਆਂ ਨੂੰ ਹੀ ਅੱਗ ਵਿਚ ਸੁਟੀ ਜਾਂਦੇ ਸਨ। ਯਾਨੀ ਉਸ ਦੇ ਆਉਣ ਪਿਛੋਂ ਵੀ ਕੱਟ-ਵੱਢ ਜਾਰੀ ਸੀ, ਬੰਦ ਨਹੀਂ ਸੀ ਹੋਈ। ਅਤੇ ਲੋਕਾਂ ਦਾ ਇਹ ਇਲਜ਼ਾਮ ਲਾਉਣਾ ਦਰੁਸਤ ਸੀ ਕਿ ਡੀ. ਸੀ. ਦੇ ਪਹੁੰਚਣ ਉਤੇ ਵੀ ਵੱਢ-ਟੁੱਕ ਰੁਕੀ ਨਹੀਂ ਸੀ ਜਾਰੀ ਰਹੀ ਸੀ। ਇਸ ਇਲਜ਼ਾਮ ਨੂੰ ਝੁਠਲਾਉਣ ਲਈ ਪੰਜਾਬ ਸਰਕਾਰ ਨੂੰ ਇਕ ਉਚੇਚਾ ਏਲਾਨ ਕਢਣਾ ਪਿਆ ਕਿ ਡੀ. ਸੀ. ਦੇ ਪਹੁੰਚਣ ਪਿਛੋਂ ਵੀ ਵੱਢ-ਟੁੱਕ ਬੰਦ ਨਾ ਹੋਣ ਦੀ ਅਫਵਾਹ "ਉਕੀ ਹੀ ਬੇਬੁਨਿਆਦ ਹੈ।"[1]

## 2. ਨਾਕਾ ਬੰਦੀ

ਇਸ ਸਾਕੇ ਦੇ ਫੌਰਨ ਪਿੱਛੋਂ ਨਨਕਾਣੇ ਸਾਹਿਬ ਨੂੰ ਆਉਣ ਜਾਣ ਵਾਲੇ ਹਰ ਪਾਸੇ ਦੇ ਰਸਤੇ ਬੰਦ ਕਰ ਦਿਤੇ ਗਏ। ਨਨਕਾਣਾ ਸਾਹਿਬ ਦੇ ਸਟੇਸ਼ਨ ਉਤੇ ਆਉਣ ਜਾਣ ਵਾਲੀਆਂ ਗੱਡੀਆਂ ਦਾ ਖਲੋਣਾ ਬੰਦ ਹੋ ਗਿਆ! ਰਾਤ ਦੇ ਕੋਈ ਸਵਾ ਨੌਂ ਵਜੇ ਲਾਹੌਰ ਤੋਂ ਕਮਿਸ਼ਨਰ ਕਿੰਗ ਅਤੇ ਡੀ. ਆਈ. ਜੀ. ਪੁਲਸ ਇਕ ਸਪੈਸ਼ਲ ਗੱਡੀ ਵਿਚ ਪਹੁੰਚੇ। ਉਹਨਾਂ ਨਾਲ 100 ਅੰਗਰੇਜ਼ ਫੌਜੀ ਅਫਸਰ ਅਤੇ ਸਿਪਾਹੀ ਅਤੇ ਸੌ ਹੀ ਦੇਸੀ ਫੌਜੀ ਸਿਪਾਹੀ ਸਨ। ਉਹਨਾਂ ਦੇ ਆਉਣ ਦੇ ਪਿੱਛੋਂ ਮਹੰਤ ਨਰਾਇਣ ਦਾਸ, ਦੋ ਹੋਰ ਉਸ ਦੇ ਪਿਠੂ ਅਤੇ 26 ਪਠਾਣ ਫੜਕੇ ਓਸੇ ਸਪੈਸ਼ਲ ਟ੍ਰੇਨ ਵਿਚ ਲਾਹੌਰ ਘੱਲੇ ਗਏ। ਜ਼ਾਹਰ ਹੈ ਕਿ ਢੇਰ ਸਾਰੇ ਬਦਮਾਸ਼ ਇਸ ਅਰਸੇ ਵਿਚ ਏਧਰ ਓਧਰ ਖਿਸਕਾ ਦਿਤੇ ਗਏ।

ਮਹੰਤ ਨੂੰ ਜਿਸ ਵੇਲੇ ਫੜਿਆ ਗਿਆ, ਉਸ ਵੇਲੇ ਉਹਦੇ ਹੱਥ ਵਿਚ ਬੰਦੂਕ ਸੀ। ਉਸ ਦੇ ਘਰੋਂ ਤਲਾਸ਼ੀ ਵੇਲੇ ਦੋ ਬੰਦੂਕਾਂ ਅਤੇ ਇਕ ਪਿਸਤੌਲ ਹੋਰ ਮਿਲੇ। ਪਰ ਹਥਿਆਰ ਹੋਰ ਵੀ ਸਨ। ਛੱਵੀਆਂ ਟਕੂਇਆਂ ਅਤੇ ਕੁਹਾੜੀਆਂ ਦੀ ਵਰਤੋਂ ਤੋਂ ਛੁਟ ਕਿੰਨੇ ਹੀ ਪਿਸਤੌਲਾਂ ਅਤੇ ਬੰਦੂਕਾਂ ਦੀ ਵਰਤੋਂ ਕੀਤੀ ਗਈ ਹੋਣੀ ਏ। ਮਾਂਗਵੀਂ ਧਾੜ ਕਾਇਰ ਤੇ ਬੁਜ਼ਦਿਲ ਹੁੰਦੀ ਏ। ਉਹ ਉਹਨਾਂ ਦੇ ਸਾਮ੍ਹਣੇ ਹੋ ਕੇ ਗਲ ਨਹੀਂ ਪੈਂਦੀ ਜਿਨ੍ਹਾਂ ਕੋਲ ਕਿਰਪਾਨਾਂ ਹੋਣ! ਸਿੰਘ ਭਾਂਵੇਂ ਬਿਲਕੁਲ ਪੁਰ-ਅਮਨ ਰਹਿਣ ਦਾ ਪਰਣ ਲੈ ਕੇ ਗਏ ਸਨ, ਪਰ ਮਾਂਗਵੀਂ ਧਾੜ ਸਿੱਧੀ ਉਹਨਾਂ ਦੇ ਗਲ ਨਹੀਂ ਸੀ ਪੈ ਸਕਦੀ। ਉਹ ਜਾਨਾ ਲੈਣ ਆਈ ਸੀ ਦੇਣ ਨਹੀਂ। ਇਸ ਲਈ ਉਹਨਾਂ ਨੇ ਢੇਰ ਸਾਰੇ ਪਿਸਤੌਲਾਂ ਤੇ ਬੰਦੂਕਾਂ ਦੀ ਵਰਤੋਂ ਕਰਕੇ ਪਹਿਲੋਂ ਕੁਛ ਸਿੰਘਾਂ ਨੂੰ ਗੋਲੀਆਂ ਚਲਾਕੇ ਮਾਰਿਆ, ਢੇਰ ਸਾਰਿਆਂ ਨੂੰ ਫੱਟੜ ਤੇ ਨਾਕਾਰਾ ਕੀਤਾ ਅਤੇ ਜਦੋਂ ਉਹਨਾਂ ਨੂੰ ਯਕੀਨ ਹੋ ਗਿਆ ਕਿ ਹੁਣ ਉਹਨਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ, ਉਹ ਪੌੜੀਆਂ ਰਾਹੀਂ ਬੜੇ ਸੁਚੇਤ ਹੋ ਕੇ, ਦੋ ਦੋ ਤਿੰਨ ਤਿੰਨ ਡੰਡੇ ਉਤਰੇ ਅਤੇ ਗੋਲੀਆਂ ਚਲਾ ਚਲਾ ਸਿੰਘਾਂ ਨੂੰ ਮੌਤ ਦੇ ਜਬਾੜਿਆਂ ਵਿਚ ਸੁਟਦੇ ਰਹੇ। ਇਹ ਵਰਤੀਆਂ ਗਈਆਂ ਪਿਸਤੌਲਾਂ ਅਤੇ ਬੰਦੂਕਾਂ ਵੀ ਉਹਨਾਂ ਬਦਮਾਸ਼ਾਂ ਦੇ ਨਾਲ ਹੀ ਖਿਸਕਾ ਦਿਤੀਆਂ ਗਈਆਂ।

ਪਰ ਵੇਖਣ ਵਾਲੀ ਗੱਲ ਇਹ ਹੈ ਕਿ ਡਿਪਟੀ ਕਮਿਸ਼ਨਰ ਦਾ, ਕਾਰ ਦੇ ਹੁੰਦਿਆਂ, ਏਨੀ ਦੇਰ ਨਾਲ ਪਹੁੰਚਣਾ ਅਤੇ ਲਾਸ਼ਾਂ ਵਗੈਰਾ ਦਾ ਸੜਦੇ ਰਹਿਣ ਦੇਣਾ, ਕਮਿਸ਼ਨਰ ਤੇ ਡੀ. ਆਈ. ਜੀ. ਪੁਲਸ ਦਾ ਰਾਤ ਦੇ ਸਵਾ ਨੌਂ ਵਜੇ ਪਹੁੰਚਣਾ—ਗਿਣੀ ਮਿਥੀ ਸਾਜ਼ਸ਼ ਦੇ ਅਨੁਸਾਰ ਤਾਂ ਨਹੀਂ? 1919 ਵਿਚ ਗੁਜਰਾਂਵਾਲੇ ਕੁਛ ਗੜਬੜ ਹੋਈ ਸੀ ਤਾਂ ਬੰਬ ਵਰ੍ਹਾਣ ਲਈ ਹਵਾਈ ਜਹਾਜ਼ ਇਕ ਸਵਾ ਘੰਟੇ ਵਿਚ ਪਹੁੰਚ ਗਿਆ ਸੀ। "ਕਮਿਸ਼ਨਰ ਅਤੇ ਫੌਜ ਨਨਕਾਣੇ ਪਹੁੰਚਣ ਲਈ ਪੂਰੇ ਅੱਠ

[1] ਜੂਨੀਅਰ ਸੈਕਟਰੀ ਆਰ. ਟੀ. ਵੀ. ਹੋਅ ਦੇ ਦਸਖਤਾਂ ਹੇਠ ਕਢਿਆ, 11 ਜੂਨ 1921 ਦਾ ਸਰਕਾਰੀ ਏਲਾਨ।

Digitized by Panjab Digital Library | www.panjabdigilib.org

ਘੰਟੇ ਲਗੇ। ਅਤੇ ਜਿਹੜੀ ਸਭ ਤੋਂ ਵਧ ਚਕਰਿਤ ਕਰਨ ਵਾਲੀ ਗੱਲ ਹੈ ਉਹ ਇਹ ਕਿ ਕੱਰੀ ਦੇ ਮੌਕੇ ਤੇ ਪਹੁੰਚਣ ਤੋਂ ਪਿੱਛੋਂ ਵੀ ਮਰ ਗਏ ਤੇ ਮਰ-ਰਹੇ ਪੂਰੇ ਚਾਰ ਘੰਟੇ ਤਕ ਸਾੜੀਦੇ ਜਾਂਦੇ ਰਹੇ।[1] ਸਾਜ਼ਸ਼ ਦੇ ਸਿੱਟੇ ਤੇ ਪੁੱਜਣਾ, ਕੋਈ ਮੁਸ਼ਕਲ ਨਹੀਂ। ਅਤੇ ਅਗੇ ਚਲਕੇ ਇਹ ਗੱਲ ਹੋਰ ਵੀ ਸਾਫ ਹੋ ਜਾਏਗੀ।

---

1 The Sikh, Lahore : 24 th February 1921.

Digitized by Panjab Digital Library | www.panjabdigilib.org

# ਜਨਮ ਅਸਥਾਨ ਉਤੇ ਕਬਜ਼ਾ

ਮਹੰਤ ਤੇ ਉਸਦੇ ਸਾਥੀ ਕਾਤਲਾਂ ਨੂੰ ਫੜ ਕੇ ਜੇਲ੍ਹ ਵਿਚ ਭੇਜ ਦਿਤਾ ਗਿਆ ਤੇ ਗੁਰਦੁਆਰਾ ਜਨਮ ਅਸਥਾਨ ਉਤੇ ਸਰਕਾਰ ਨੇ ਕਬਜ਼ਾ ਕਰ ਲਿਆ ਅਤੇ ਗੁਰਦੁਆਰੇ ਨੂੰ ਜੰਦਰੇ ਠੋਕ ਦਿਤੇ । ਗੁਰਦੁਆਰੇ ਦਾ ਮਹੰਤ[1] ਹੁਣ ਸਰਕਾਰ ਬਣ ਗਈ । ਸਿੱਖ ਪਹਿਲੋਂ ਹੀ ਇਹ ਖਿਆਲ ਕੀਤੀ ਬੈਠੇ ਸਨ ਕਿ ਸਰਕਾਰ ਦੀ ਮਨਸ਼ਾ ਗੁਰਦੁਆਰਿਆਂ ਵਿਚੋਂ ਆਪਣਾ ਦਖਲ ਹਟਾਣ ਦਾ ਨਹੀਂ । ਇਸ ਕਬਜ਼ੇ ਨਾਲ ਉਹਨਾਂ ਦੇ ਖਿਆਲ ਦੀ ਹੋਰ ਤਸਦੀਕ ਹੋ ਗਈ ਅਤੇ ਇਸ ਕਬਜ਼ੇ ਦੇ ਖਿਲਾਫ ਅਕਾਲੀਆਂ ਦਾ ਗੁੱਸਾ ਹੋਰ ਭਖ ਗਿਆ । ਇਹ ਗੁੱਸਾ ਭਖਣਾ ਕੁਦਰਤੀ ਸੀ ਕਿਉਂਕਿ ਇਕ ਤਾਂ ਉਹ ਅੰਗਰੇਜ਼ ਅਫਸਰਾਂ ਦੀ ਸਾਜ਼ਸ਼ ਨਾਲ ਵਧ ਘਟ, ਡੇਢ ਸੌ ਆਪਣੇ ਵੀਰ ਸ਼ਹੀਦ ਕਰਾ ਚੁਕੇ ਸਨ ਅਤੇ ਦੂਜੇ ਉਹਨਾਂ ਅਫਸਰਾਂ ਨੇ ਹੀ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ ਸੀ ।

20 ਤੇ 21 ਫਰਵਰੀ ਨੂੰ ਕੁਛ ਸਿੱਖ ਆਗੂ ਨਨਕਾਣੇ ਪਹੁੰਚ ਚੁਕੇ ਸਨ । ਸ: ਮਹਿਤਾਬ ਸਿੰਘ ਤਾਂ 20 ਨੂੰ ਹੀ ਫੌਜੀਆਂ ਵਾਲੀ ਗੱਡੀ ਵਿਚ ਰਾਤ ਪਹੁੰਚ ਗਏ ਸਨ । 21 ਫਰਵਰੀ ਨੂੰ 9 ਆਗੂ ਹੋਰ ਕਾਰਾਂ ਵਿਚ ਸਵੇਰੇ ਆ ਗਏ ਸਨ । ਇਹਨਾਂ ਵਿਚ ਸ: ਸੁੰਦਰ ਸਿੰਘ ਰਾਮਗੜ੍ਹੀਆ ਅਤੇ ਸ: ਹਰਬੰਸ ਸਿੰਘ ਅਟਾਰੀ ਤੇ ਤਿੰਨ ਡਾਕਟਰ ਸਨ । ਉਸ ਦਿਨ ਅੱਠ ਵਜੇ ਸਵੇਰੇ ਦਰਵਾਜ਼ੇ ਖੋਲ੍ਹੇ ਗਏ ਤਾਂ ਜੋ ਪੜਤਾਲ ਦਾ ਕੰਮ ਸ਼ੁਰੂ ਕੀਤਾ ਜਾਵੇ । ਦਰਿਸ਼ ਬੜਾ ਭਿਆਨਕ, ਸੋਗਮਈ ਤੇ ਭਾਵ-ਉਛਾਲਕ ਸੀ । ਸਾਰਾ ਗੁਰਦੁਆਰਾ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ । ਜ਼ਮੀਨ ਤੇ ਥਾਂ ਥਾਂ ਲਹੂ ਦੇ ਧੱਬੇ, ਚਟਾਕ ਤੇ ਤਿਲਕ ਲਗੇ ਹੋਏ ਸਨ । ਲਹੂ ਦੀਆਂ ਲਕੀਰਾਂ ਦਸਦੀਆਂ ਸਨ ਕਿ ਲਹੂ-ਵਗਦੇ ਸਿੰਘਾਂ ਨੂੰ ਲੱਤਾਂ ਤੇ ਕੇਸਾਂ ਤੋਂ ਫੜ ਫੜ ਧੂਹਿਆ ਗਿਆ ਹੈ । ਵਾਲ ਤੇ ਕੰਘੇ ਥਾਂ ਥਾਂ ਡਿਗੇ ਹੋਏ ਸਨ । 5 ਢੇਰ ਲਾਸ਼ਾਂ ਦੇ ਅੱਡ ਅੱਡ ਸਾੜੇ-ਲੂਹੇ ਵਿਹੜੇ ਵਿਚ ਪਏ ਸਨ ਅਤੇ ਚਾਰ ਲੋਥਾਂ ਚੌਖੰਡੀ ਦੇ ਸਾਮ੍ਹਣੇ ਪਈਆਂ ਹੋਈਆਂ ਸਨ । ਲੋਥਾਂ ਦੇ ਢੇਰ ਨੂੰ ਹਿਲਾਇਆਂ ਜੁਲਾਇਆਂ ਬਗੈਰ 56 ਖੋਪਰੀਆਂ ਗਿਣੀਆਂ ਗਈਆਂ । ਬਾਹਰ ਭੱਠੇ ਵਿਚੋਂ 6 ਕੜੇ ਨਿਕਲੇ, ਹੋਰ ਸਭ ਕੁਝ ਭਸਮ ਹੋ ਗਿਆ ਸੀ । ਕੋਠਿਆਂ ਉਤੇ 24 ਢੇਰ ਇੱਟਾਂ ਵੱਟਿਆਂ ਦੇ ਪਏ ਸਨ । ਏਥੋਂ ਪੁਲਸ ਨੂੰ ਕਾਰਤੂਸਾਂ ਦੇ ਖਾਲੀ ਬਕਸ ਵੀ ਮਿਲੇ । ਹਰ ਇਕ ਬਕਸ ਵਿਚ (ਬਕਸ ਉਤੇ ਲਿਖਤ ਅਨੁਸਾਰ) 25 ਕਾਰਤੂਸ ਸਨ । 63 ਕਾਰਤੂਸ ਖਾਲੀ ਪਏ ਮਿਲੇ ।[2]

ਮਹੰਤ ਦੀ ਬੈਠਕ ਵਿਚੋਂ ਜੁਰਮ ਦੀਆਂ ਕਈ ਚੀਜ਼ਾਂ ਨਿਕਲੀਆਂ—ਸਿੱਕਾ-ਲੋਹਾ, ਲੋਹੇ ਦੇ ਢਾਲਣ ਲਈ ਬਰਤਨ, ਛਾਨਣੀ ਅਤੇ ਇਕ ਕਮਰੇ ਵਿਚੋਂ ਸ਼ਰਾਬ ਦੀਆਂ ਪੰਜ ਖਾਲੀ ਬੋਤਲਾਂ ਮਿਲੀਆਂ । ਪਿੱਛੋਂ ਪਠਾਣਾਂ ਦੇ ਕਮਰਿਆਂ ਵਿਚੋਂ ਵੀ ਕੁਛ ਖਾਲੀ ਕਾਰਤੂਸ ਨਿਕਲੇ । ਪਰ ਜ਼ੁਰਮ ਸਾਬਤ ਕਰਨ ਵਾਲੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਵੀ ਮੁਜਰਮਾਂ ਦੇ ਨਾਲ ਹੀ ਬਾਹਰ ਚਲੀਆਂ ਗਈਆਂ ।

## 1. ਝੱਬਰ ਦੀ ਅਗਵਾਈ

ਪਾਠਕ ਪਿੱਛੇ ਵੇਖ ਚੁਕੇ ਹਨ ਕਿ ਜਥੇਦਾਰ ਕਰਤਾਰ ਸਿੰਘ ਝੱਬਰ ਨੇ, ਸ਼੍ਰੋਮਣੀ ਕਮੇਟੀ ਦੇ

---

[1] ਇਹ ਸ਼ਬਦ 'ਅਕਾਲੀ' ਨੇ 12 ਨਵੰਬਰ 1921 ਦੇ ਪਰਚੇ ਵਿਚ ਕੁੰਜੀਆਂ ਖੋਹਣ ਤੇ ਵਰਤਿਆ ।

[2] Gurdwara Reform Movement :Pages 240–41.

Digitized by Panjab Digital Library | www.panjabdigilib.org

ਆਗੂਆਂ ਦੀ ਪਰੇਰਨਾ ਉਤੇ, ਚਾਰ ਪੰਜ ਮਾਰਚ ਤੋਂ ਪਹਿਲਾਂ ਜਾ ਕੇ ਨਨਕਾਣਾ ਸਾਹਿਬ ਉਤੇ ਕਬਜ਼ਾ ਕਰਨ ਦਾ ਖਿਆਲ ਛੱਡ ਦਿਤਾ ਸੀ। ਨਨਕਾਣਾ ਸਾਹਿਬ ਦੇ ਮਹਾਂ-ਸੋਗਾਂਤ ਨੇ ਜ਼ਿਲਾ ਸ਼ੇਖੂ ਪੁਰਾ ਤੇ ਲਾਇਲਪੁਰ ਦੇ ਅਕਾਲੀ ਸਿੰਘਾਂ ਤੇ ਜਥਿਆਂ ਦੇ ਗੁੱਸੇ ਦਾ ਪਾਰਾ ਹਦ ਦਰਜੇ ਉਤੇ ਪਹੁੰਚਾ ਦਿਤਾ। ਉਹ ਕਚੀਚੀਆਂ ਵੱਟ ਰਹੇ ਤੇ ਦੰਦੀਆਂ ਕਰੀਚ ਰਹੇ ਸਨ ਅਤੇ ਉਹਨਾਂ ਨੇ, ਝਬਰ ਦੀ ਅਗਵਾਈ ਥੱਲੇ, ਆਪਣੇ ਜਥੇ ਬਾਕਾਇਦਾ ਲਾਮਬੰਦ ਕੀਤੇ ਅਤੇ ਉਹ ਜਨਮ ਅਸਥਾਨ ਉਤੇ ਕਬਜ਼ਾ ਕਰਨ ਜਾਂ ਸ਼ਹੀਦ ਹੋ ਜਾਣ ਦਾ ਫੈਸਲਾ ਕਰਕੇ ਨਨਕਾਣੇ ਸਾਹਿਬ ਨੂੰ ਤੁਰ ਪਏ।

ਝਬਰ ਦੇ ਜਥੇ ਵਿਚ, ਉੱਦਮ ਨਾਲ, ਹੋਰ ਕਈ ਜਥੇ ਆਣ ਮਿਲੇ। ਇਹ, ਵੱਧ ਘੱਟ 2200 ਜਵਾਨਾਂ ਦੀ ਇਕ ਤਕੜੀ ਵਹੀਰ ਬਣ ਗਈ—ਇਹ ਜਵਾਨ ਅਕਾਲੀ ਵੀ ਉਹ ਜਿਹੜੇ ਸਿਰ ਦੇਣ ਦੀ ਪਹਿਲੋਂ ਸੁਗੰਧ ਚੁਕ ਕੇ ਆਏ ਸਨ। ਅਤੇ ਜਿਨ੍ਹਾਂ ਦਾ ਅੰਗ ਅੰਗ ਗਾ ਰਿਹਾ ਸੀ: ਸੂਰਾ ਸੋਈ ਜੋ ਲੜੇ ਦੀਨ ਕੇ ਹੇਤ। ਇਹ ਜਦੋਂ ਗੁਰਦੁਆਰੇ ਦੇ ਕੁਛ ਨੇੜੇ ਪਹੁੰਚੇ ਤਾਂ ਡਿਪਟੀ ਕਮਿਸ਼ਨਰ ਕੱਰੀ ਦਾ ਹੁਕਮ ਪਹੁੰਚ ਗਿਆ: 'ਜਥਾ ਅੱਗੇ ਲੈ ਕੇ ਨਹੀਂ ਆਓ।[1] ਵਾਪਸ ਚਲੇ ਜਾਓ ਅਤੇ ਖਿੱਲਰ ਪੁਲੱਰ ਜਾਓ।' ਝੱਬਰ ਨੇ ਗੁੱਸੇ ਨਾਲ ਇਹ ਹੁਕਮਨਾਮਾ ਲੀਰੂੰ ਲੀਰੂੰ ਕਰਕੇ ਪਰ੍ਹਾਂ ਸੁੱਟ ਦਿਤਾ ਅਤੇ ਪੈਗਾਮ ਲਿਆਣ ਵਾਲੇ ਨੂੰ ਕਿਹਾ: 'ਮੈਂ ਜਥਾ ਲੈ ਕੇ ਆਉਂਦਾ ਹਾਂ, ਜੋ ਤੇਰੀ ਮਰਜ਼ੀ ਹੈ ਕਰ ਲੈ।'

ਜਥਾ ਪੂਰੇ ਬੰਧੇਜ ਵਿਚ ਅੱਗੇ ਵਧਿਆ ਜਾ ਰਿਹਾ ਸੀ। ਅਗੋਂ ਸ: ਮਹਿਤਾਬ ਸਿੰਘ ਜੀ ਉਹਨਾਂ ਨੂੰ ਮਿਲੇ ਅਤੇ ਜੱਥੇ ਦੇ ਰੋਕ ਲੈਣ ਦੀ ਅਪੀਲ ਕੀਤੀ। ਅਤੇ ਦਸਿਆ ਕਿ ਅੱਗੇ ਗੋਰਾ ਫੌਜ ਮਸ਼ੀਨ-ਗੰਨਾਂ ਬੀੜੀ ਖਲੋਤੀ ਹੈ। ਟੱਕਰ ਹੋਣ ਨਾਲ ਬੜੇ ਵਡੇ ਨੁਕਸਾਨ ਦਾ ਖਤਰਾ ਹੈ। ਤੁਸੀਂ ਅੱਗੇ ਨਾ ਜਾਓ। ਪਰ ਜਥੇਦਾਰ ਨੇ ਆਖਿਆ: ਹੁਣ ਪਿਛਾਂਹ ਮੁੜਨ ਦਾ ਵੇਲਾ ਨਹੀਂ। ਜਥਾ, ਇਸ ਲਈ, ਹੋਰ ਅੱਗੇ ਵਧਦਾ ਵਧਦਾ ਤੁਰਿਆ ਗਿਆ। ਰੇਲ ਦੇ ਫਾਟਕ ਦੇ ਕੋਲ ਸਿੱਖ ਆਗੂ ਤੇ ਅੰਗਰੇਜ਼ ਅਫਸਰ ਫੇਰ ਉਹਨਾਂ ਦੇ ਅੱਗੇ ਆ ਖਲੋਤੇ ਅਤੇ ਆਖਣ ਲਗੇ, ਘੋੜੇ ਤੋਂ ਉਤਰ ਕੇ ਗੱਲ ਸੁਣੋ। ਡਿਪਟੀ ਕਮਿਸ਼ਨਰ ਨੇ ਜਥੇਦਾਰ ਨੂੰ ਆਖਿਆ: ਅਗੇ ਨਾ ਜਾਉ ਗੋਲੀ ਚਲ ਜਾਏਗੀ। ਝੱਬਰ ਨੇ ਜਵਾਬ ਦਿਤਾ: ਗੋਲੀ ਚਲਦੀ ਹੈ ਤਾਂ ਚਲੇ। ਸਿੰਘਾਂ ਦਾ ਫੈਸਲਾ ਹੈ ਕਿ ਗੁਰਦੁਆਰੇ ਅੰਦਰ ਜਾ ਕੇ ਮੱਥਾ ਟੇਕਣਾ ਹੈ। "ਗੁਰਦੁਆਰੇ ਉਤੇ ਕਬਜ਼ਾ ਕਰਨ ਦਾ ਤੁਹਾਡਾ ਕੋਈ ਹੱਕ ਨਹੀਂ।"[1]

ਹੋਰ ਕਈ ਏਸੇ ਤਰ੍ਹਾਂ ਦੇ ਸਵਾਲ ਜਵਾਬ ਹੋਏ। ਅਫਸਰਾਂ ਨੇ ਰੋਅਬ ਵਿਖਾਣ ਦਾ ਜਤਨ ਕੀਤਾ। ਜਥੇਦਾਰਾਂ ਨੇ ਰੋਅਬ ਦਾਬ ਮੰਨਣ ਤੋਂ ਇਨਕਾਰ ਕਰ ਦਿਤਾ। ਡੀ. ਸੀ. ਕੱਰੀ ਨੇ ਆਖਿਆ, ਤੁਸੀਂ ਗੁਰਦੁਆਰੇ ਦੀਆਂ ਚਾਬੀਆਂ ਚਾਹੁੰਦੇ ਹੋ ਨਾ? ਰਾਤ ਦੀ ਮੁਹਲਤ ਦਿਓ, ਸਵੇਰੇ ਤੁਹਾਨੂੰ ਚਾਬੀਆਂ ਮਿਲ ਜਾਣਗੀਆਂ। ਜਥੇਦਾਰਾਂ ਨੇ ਇਹ ਗੱਲ ਵੀ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਮੰਗ ਕੀਤੀ ਕਿ ਚਾਬੀਆਂ ਹੁਣੇ ਦਿਤੀਆਂ ਜਾਣ। ਜਥਾ ਗੁਰਦੁਆਰੇ ਨੂੰ ਅੰਗਰੇਜ਼ ਅਫਸਰਾਂ ਦੇ ਕਬਜ਼ੇ

---

[1] ਵੇਖੋ 'ਅਕਾਲੀ ਮੋਰਚੇ ਤੇ ਝੱਬਰ' ਸਫਾ 121 ਤੋਂ 124 ਤਕ।

ਨੋਟ: ਇਹ ਪੁਸਤਕ 45-46 ਸਾਲਾਂ ਪਿੱਛੋਂ ਲਿਖੀ ਗਈ ਹੈ। ਇਸ ਵਿਚ ਹਉਮੈ ਤੇ ਅੱਤਕਥਨੀ ਬੜੀ ਹੈ। ਕੁਛ ਤੱਥ ਵੀ ਗਲਤ ਹਨ। ਉਸ ਵੇਲੇ ਨਨਕਾਣੇ ਵਿਚ ਸੌ ਗੋਰੇ ਫੌਜੀ ਅਫਸਰ ਤੇ ਸਿਪਾਹੀ ਅਤੇ ਸੌ ਦੇਸੀ ਫੌਜੀ ਸਿਪਾਹੀ ਸਨ। 150 ਗੋਰੇ ਨਹੀਂ ਸਨ। ਝੱਬਰ ਨੇ ਉਸ ਵੇਲੇ ਅਗਵਾਈ ਸ਼ੇਰਾਂ ਵਾਲੀ ਕੀਤੀ ਸੀ। —ਲੇਖਕ

Digitized by Panjab Digital Library | www.panjabdigilib.org

ਵਿਚ ਨਹੀਂ ਰਹਿਣ ਦੇਵੇਗਾ । ਅਖੀਰ ਅਫਸਰਾਂ ਨੇ ਪਰਸਪਰ ਮਸ਼ਵਰੇ ਲਈ ਦੋ ਮਿੰਟ ਮੰਗੇ ਅਤੇ ਉਹ ਅੱਡ ਹੋ ਕੇ ਮਸ਼ਵਰਾ ਕਰਨ ਲਗ ਪਏ ।

ਜਥੇ ਦੇ ਸਾਰੇ ਲਹਿਜੇ, ਰਵੱਈਏ ਤੇ ਮੂਡ ਤੋਂ ਇਕ ਗੱਲ ਸਿੱਖ ਆਗੂਆਂ ਤੇ ਅੰਗਰੇਜ਼ ਅਫਸਰਾਂ ਨੂੰ ਬਿਲਕੁਲ ਸਾਫ ਤੇ ਸਪੱਸ਼ਟ ਹੋ ਗਈ ਸੀ ਕਿ ਜੱਥਾ ਆਪਣੀ ਆਈ ਤੇ ਆਇਆ ਹੋਇਆ ਹੈ, ਨਾ ਪਿੱਛੇ ਹਟਣ ਲਗਾ ਹੈ, ਨਾ ਪਿੱਛੇ ਮੁੜਨ । ਉਸਨੇ 'ਹੰਨੇ ਜਾਂ ਬੰਨੇ' ਦਾ ਨਾਅਰਾ ਅਪਣਾਇਆ ਹੋਇਆ ਸੀ ।

## 2. ਸਿੰਘਾਂ ਕਬਜ਼ਾ ਕਰ ਲਿਆ

ਅਫਸਰਾਂ ਸਾਮ੍ਹਣੇ ਹਥਿਆਰ ਸੁਟਣ ਤੋਂ ਛੁੱਟ ਹੋਰ ਕੋਈ ਚਾਰਾ ਨਹੀਂ ਸੀ । ਕੱਰੀ ਤੇ ਕਿੰਗ ਪਹਿਲੋਂ ਹੀ ਮਹੰਤ ਦੀ ਸਾਜ਼ਸ਼ ਵਿਚ ਸ਼ਰੀਕ ਤੇ ਸਿੰਘਾਂ ਦੇ ਕਾਤਲ ਸਮਝੇ ਜਾ ਰਹੇ ਸਨ । ਜਥੇ ਉਤੇ ਗੋਲੀ ਚਲਾ ਕੇ ਹੋਰ ਸਿੰਘ ਸ਼ਹੀਦ ਕਰਨਾ ਸੁਖੱਲੀ ਗੱਲ ਨਹੀਂ ਸੀ । ਇਸ ਦੇ ਬੜੇ ਦੂਰ-ਪਹੁੰਚਵੇਂ ਰਾਜਸੀ ਪੜ-ਕਰਮ ਹੁੰਦੇ ਸਨ । ਇਕ ਤਾਂ ਸਿੱਧਾ ਸਿੱਟਾ ਇਹ ਨਿਕਲਦਾ ਸੀ ਕਿ ਗੌਰਮਿੰਟ ਗੁਰਦੁਆਰੇ ਸਿੱਖਾਂ ਦੇ ਹਵਾਲੇ ਕਰਨ ਲਈ ਤਿਆਰ ਨਹੀਂ; ਦੂਜੇ ਉਹ ਸਿੱਖਾਂ ਦੀ ਫੌਜੀ ਸਾਰਥਕਤਾ ਉਤੇ ਜਿਵੇਂ ਯਕੀਨ ਗੁਆ ਬੈਠੀ ਹੈ; ਤੀਜੇ ਇਹ ਕਿ ਗੋਲੀ ਦਾ ਨਤੀਜਾ ਲਗ ਭਗ ਸਮੂਹ ਸਿੱਖਾਂ ਨੂੰ ਨਾ-ਮਿਲਵਰਤਨੀਆਂ ਦੇ ਕੈਂਪ ਵਿਚ ਧੱਕ ਦੇਣ ਵਲ ਲੈ ਜਾ ਸਕਦਾ ਸੀ ਅਤੇ ਚੌਥੇ ਵਫਾਦਾਰਾਂ, ਪਿਨਸ਼ਨਰਾਂ ਵਗੈਰਾ ਦਾ ਸਹਾਰਾ ਵੀ ਖਤਮ ਹੋ ਜਾਣਾ ਸੰਭਵ ਸੀ ਅਤੇ ਪੰਜਵੇਂ ਸਿੱਖ ਰਜਮਿੰਟਾਂ ਵਿਚ ਗੜਬੜ ਹੋ ਜਾਣ ਤੇ ਇਸ ਦੇ ਮਾੜੇ ਸਿੱਟੇ ਨਿਕਲ ਸਕਦੇ ਸਨ । ਇਹਨਾਂ ਸਭ ਮਸਲਿਆਂ ਬਾਰੇ ਸਰਕਾਰੀ ਕਾਰਵਾਈ ਦੀਆਂ ਮਿਸਲਾਂ ਵਿਚ ਪਹਿਲੋਂ ਹੀ ਵਿਚਾਰਾਂ ਹੋ ਰਹੀਆਂ ਸਨ । ਇਹ ਵੀ ਹੋ ਸਕਦਾ ਹੈ ਕਿ ਅਕਾਲੀ ਜਥਿਆਂ ਦੇ ਮੁਕਾਬਲੇ ਵਿਚ ਥੋੜੀ ਫੌਜ ਹੋਣ ਨੇ ਵੀ ਫੈਸਲਾ ਕਰਨ ਉਤੇ ਅਸਰ ਪਾਇਆ ਹੋਵੇ ।

ਕਾਰਣ ਕੁਛ ਵੀ ਹੋਣ, ਅਫਸਰਾਂ ਨੇ, ਛੇਤੀ ਹੀ, ਚਾਬੀਆਂ ਦੇ ਦੇਣ ਅਤੇ ਫੌਜੀ ਦਸਤੇ ਉਥੋਂ ਕੱਢ ਲੈਣ ਦਾ ਫੈਸਲਾ ਕਰ ਲਿਆ ਅਤੇ ਚਾਬੀਆਂ ਸਿੰਘਾਂ ਦੇ ਹਵਾਲੇ ਕੀਤੀਆਂ । ਚਾਬੀਆਂ ਹਾਸਲ ਕਰ ਲੈਣ ਉਤੇ ਖੁਸ਼ੀ ਦੀਆਂ ਜਿਹੜੀਆਂ ਲਾਲੀਆਂ ਸਿੰਘਾਂ ਨੂੰ ਚੜ੍ਹੀਆਂ ਹੋਣਗੀਆਂ, ਉਹਨਾਂ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ, ਬਿਆਨ ਕਰਨ ਦੀ ਸ਼ਬਦਾਂ ਵਿਚ ਸਮੱਰਥਾ ਨਹੀਂ । 21 ਫਰਵਰੀ ਨੂੰ ਗੁਰਦੁਆਰੇ ਉਤੇ ਜਥੇ ਦਾ ਕਬਜ਼ਾ ਹੋ ਗਿਆ, ਸਿੰਘ ਗੁਰਦੁਆਰੇ ਦੇ ਅੰਦਰ ਗਏ ਅਤੇ ਮਕਤੂਲ ਸ਼ਹੀਦਾਂ ਦੀ ਹਾਲਤ ਵੇਖ ਕੇ, ਸੁਭਾਵਿਕ ਸੀ, ਬੜੇ ਭਾਵੁਕ ਹੋ ਗਏ ਅਤੇ ਮਹੰਤ ਦੀ ਦੁਸ਼ਟਤਾ ਤੇ ਚੰਡਾਲਤਾ ਤੇ ਫਿਟਕਾਰਾ ਪਾਉਣ ਲਗ ਪਏ ।

22 ਫਰਵਰੀ ਨੂੰ ਪੰਜਾਬ ਦਾ ਗਵਰਨਰ ਮਿਸਟਰ ਮੈਕਲੈਗਨ ਆਪਣੇ ਐਗਜ਼ੈਕਟਿਵ ਮੈਂਬਰਾਂ ਨੂੰ ਨਾਲ ਲੈ ਕੇ ਨਨਕਾਣੇ ਸਾਹਿਬ ਗਿਆ ਅਤੇ ਉਹਨਾਂ ਨੇ ਆਪਣੀ ਅੱਖੀਂ ਮਕਤੂਲ ਸ਼ਹੀਦਾਂ ਦੀਆਂ ਲੋਥਾਂ ਦੇ ਸੜੇ, ਅਧਸੜੇ ਢੇਰ, ਲਹੂ ਲਿਬੜੇ ਥਾਂ ਅਤੇ ਹੋਰ ਦਰਦ-ਭਰੇ ਤੇ ਭਿਅੰਕਰ ਹਾਲਾਤ ਵੇਖੇ । ਉਹਨਾਂ ਨਾਲ ਨਵਾਂ ਕਮਿਸ਼ਨਰ ਮਿਸਟਰ ਲੈਂਗਲੇ, ਅਤੇ ਨਵਾਂ ਕਾਇਮ ਮੁਕਾਮ ਚੀਫ ਸੈਕਟਰੀ ਮਿਸਟਰ ਕਿੰਗ ਅਤੇ ਜ਼ਿਲੇ ਦੇ ਹੋਰ ਅਫਸਰ ਵੀ ਸਨ । ਸ਼੍ਰੋਮਣੀ ਕਮੇਟੀ ਵਲੋਂ ਉਹਨਾਂ ਨੂੰ ਸਭ ਕੁਛ ਵਿਖਾਣ ਲਈ ਸ: ਹਰਬੰਸ ਸਿੰਘ ਅਟਾਰੀ ਅਤੇ ਸ: ਮਹਿਤਾਬ ਸਿੰਘ ਜੀ ਸਨ । ਗਵਰਨਰ ਨੇ "ਹਮਦਰਦੀ" ਪਰਗਟ ਕੀਤੀ । ਉਹ ਸਿੱਖਾਂ ਦੀਆਂ ਪਾਲਾਂ ਦੇ ਵਿਚੋਂ ਦੀ

Digitized by Panjab Digital Library | www.panjabdigilib.org

ਲੰਘਿਆ ਅਤੇ ਉਹਨਾਂ ਨੇ ਸਤ ਸਿਰੀ ਅਕਾਲ ਦੇ ਜੈਕਾਰੇ ਛਡ ਕੇ ਉਸ ਦਾ ਸੁਆਗਤ ਕੀਤਾ। ਵਹੀਰ ਬੜੀ ਭੜਕੀ ਹੋਈ ਸੀ। ਪਰ ਉਹ ਆਗੂਆਂ ਦੀ ਤਾਬਿਆਦਾਰ ਅਤੇ ਉਹਨਾਂ ਦੇ ਕੰਟਰੋਲ ਵਿਚ ਸੀ। ਓਥੇ ਭਾਵੇਂ ਪੁਲਸ ਹਾਜ਼ਰ ਨਹੀਂ ਸੀ—ਫੇਰ ਵੀ ਗਵਰਨਰ ਅਤੇ ਉਹਨਾਂ ਦੀ ਪਾਰਟੀ ਬਗੈਰ ਕਿਸੇ ਉਖਿਆਈ ਦੇ ਗੁਰਦੁਆਰੇ ਅੰਦਰ ਏਧਰ ਓਧਰ ਆਸਾਨੀ ਨਾਲ ਘੁੰਮਦੇ ਫਿਰਦੇ ਸਨ।

"ਸ਼ਿਰੀਮਾਨ ਨੇ ਵਾਅਦਾ ਕੀਤਾ ਕਿ ਜੁਰਮ ਦੇ ਮੁਜਰਮਾਂ ਨੂੰ ਲਭਣ ਤੇ ਸਜ਼ਾ ਦੇਣ ਦੇ ਯਤਨਾਂ ਵਿਚ ਕੋਈ ਕਸਰ ਨਹੀਂ ਛੱਡੀ ਜਾਏਗੀ ਅਤੇ ਹੋਰ ਪੁਲਸ ਤੇ ਦੋ ਸਿੱਖ ਅਫਸਰ ਜਿਨ੍ਹਾਂ ਉਤੇ ਸਿੱਖਾਂ ਦਾ ਵਿਸ਼ਵਾਸ ਹੋਵੇ—ਘੱਲਣ ਦਾ ਹੁਕਮ ਦਿੱਤਾ।"[1] ਸਿੱਖ ਬੜੇ ਖੁਸ਼ ਹੋਏ, ਪਰ ਓਡਵਾਇਰ ਆਪਣੀ ਪੁਸਤਕ ਵਿਚ ਝੂਠ ਲਿਖਦਾ ਹੈ ਜਦੋਂ ਉਹ ਕਹਿੰਦਾ ਹੈ ਕਿ "ਉਹਨਾਂ (ਅਕਾਲੀਆਂ) ਨੇ ਪਿੰਡਾਂ ਵਿਚ ਦਹਿਸ਼ਤ ਫੈਲਾ ਰੱਖੀ ਸੀ ਅਤੇ ਨਨਕਾਣੇ ਦੇ ਦੌਰੇ ਤੇ ਸੂਬੇ ਦੇ ਗਵਰਨਰ ਅਤੇ ਉਸ ਦੇ ਸਾਥੀਆਂ ਨੂੰ ਉਹਨਾਂ ਵਲੋਂ ਡਰਾਇਆ ਧਮਕਾਇਆ ਗਿਆ।"[2] ਇਸ ਦੇ ਉਲਟ, ਮੌਕੇ ਦੀਆਂ ਸਰਕਾਰੀ ਰਿਪੋਰਟਾਂ ਅਕਾਲੀਆਂ ਦੇ ਬੰਧੇਜ ਦੀਆਂ ਸਿਫਤਾਂ ਕਰਦੀਆਂ ਹਨ।

23 ਫਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ। ਭਾਈ ਜੋਧ ਸਿੰਘ ਨੇ ਸ਼ਹੀਦੀ ਅੰਗੀਠੇ ਉਤੇ ਦਾਹ ਸੰਸਕਾਰ ਵੇਲੇ ਅਰਦਾਸ ਕਰਦਿਆਂ ਏਨਾ ਹੀ ਆਖਿਆ ਕਿ "ਇਸ ਮੁਸੀਬਤ ਨੂੰ ਬਗੈਰ ਕਿਸੇ ਬੁਰੇ ਸ਼ਬਦ ਜਾਂ ਲਾਅਨ-ਤਾਅਨ ਦੇ ਬਰਦਾਸ਼ਤ ਕਰੋ। ਗੁਰਦੁਆਰੇ ਵਿਚ ਜਿਹੜੇ ਗੁਨਾਹ ਕੀਤੇ ਗਏ ਸਨ ਉਹਨਾਂ ਦੇ ਧੋਣ ਲਈ ਬੇਗੁਨਾਹ ਖੂਨ ਦੇ ਹੜ ਦੀ ਲੋੜ ਸੀ। ਜਿਥੋਂ ਤਕ ਮੁਜਰਮ ਦਾ ਸੰਬੰਧ ਹੈ ਉਸਨੂੰ ਤਬਾਹ ਕਰਨ ਲਈ ਉਸਦੇ ਗੁਨਾਹ ਕਾਫੀ ਹਨ।"[4] ਭਾਈ ਜੋਧ ਸਿੰਘ ਜੀ ਦੀ ਅੰਗਰੇਜ਼ ਵਫਾਦਾਰੀ ਨੂੰ ਇਹ ਭਿਆਨਕ ਸਾਕਾ ਵੀ ਰਤੀ-ਭਰ ਨਾ ਝੰਜੋੜ ਸਕਿਆ। ਉਸਨੇ ਅੰਗਰੇਜ਼ ਹਾਕਮਾਂ ਦੇ ਇਸ ਸਾਜ਼ਸ਼ ਵਿਚ ਸ਼ਰੀਕ ਹੋਣ ਦੇ ਬਾਵਜੂਦ ਉਹਨਾਂ ਸਬੰਧੀ ਇਕ ਲਫਜ਼ ਵੀ ਅਰਦਾਸੇ ਵਿਚ ਨਾ ਆਖਿਆ।

ਡੀ. ਸੀ. ਕੱਰੀ ਤੇ ਕਮਿਸ਼ਨਰ ਕਿੰਗ ਮਹੰਤ ਨਾਲ ਸਾਜ਼ਸ਼ ਦੇ ਲਗੇ ਇਲਜ਼ਾਮਾਂ ਕਾਰਣ ਪਬਲਕ ਵਿਚ ਬਹੁਤ ਬਦਨਾਮ ਹੋ ਗਏ ਸਨ। ਇਸ ਲਈ ਕੱਰੀ ਤਾਂ ਬੀਮਾਰੀ ਦਾ ਪੱਜ ਲਾ ਕੇ ਛੁਟੀ ਲੈ ਗਿਆ ਅਤੇ ਕਿੰਗ ਨੂੰ ਤਰੱਕੀ ਮਿਲ ਗਈ, ਉਹ ਪੰਜਾਬ ਗੌਰਮਿੰਟ ਦਾ ਕਾਇਮ ਮੁਕਾਮ ਚੀਫ ਸੈਕਟਰੀ ਬਣਾ ਦਿਤਾ ਗਿਆ। ਇਹ ਉਹ ਉੱਚੀ ਥਾਂ ਸੀ ਜਿਥੇ ਸਰਕਾਰ ਦੀਆਂ ਵਾਗਾਂ ਉਸਦੇ ਹੱਥ ਆ ਗਈਆਂ ਅਤੇ ਜਿਥੇ ਬੈਠਕੇ ਉਸ ਨੇ ਮਹੰਤ ਦੇ ਮੁਕਦਮੇ ਨੂੰ ਖੁਰਦ-ਬੁਰਦ ਕਰਨ ਦੇ ਹੀਲੇ ਕੀਤੇ। ਅਕਾਲੀ ਤਹਿਰੀਕ ਬਾਰੇ ਕਿੰਗ ਨੇ ਕਾਇਮ ਮੁਕਾਮ ਚੀਫ ਸੈਕਟਰੀ ਦੀ ਹੈਸੀਅਤ ਵਿਚੋਂ 26 ਮਾਰਚ 1921 ਨੂੰ ਇਕ ਲੰਮੀ ਸਾਰੀ ਖੁਫੀਆ ਰਿਪੋਰਟ ਕੇਂਦਰੀ ਸਰਕਾਰ ਨੂੰ ਦਿਤੀ ਸੀ ਜਿਸ ਵਿਚ ਕੁੰਜੀਆਂ ਦੇਣ ਦੀ ਉਤਲੀ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ :

"ਅਗਲੇ ਦਿਨ ਦੇ ਲੌਂਢੇ ਵੇਲੇ ਜਥੇ ਦੇ ਆਦਮੀਆਂ ਦੀ ਬੜੀ ਭਾਰੀ ਗਿਣਤੀ ਨਨਕਾਣੇ ਦੇ ਬਾਹਰ ਇੱਕਠੀ ਹੋ ਗਈ। ਉਹਨਾਂ ਨੂੰ ਡਿਪਟੀ ਕਮਿਸ਼ਨਰ, ਕਮਿਸ਼ਨਰ ਅਤੇ ਡੀ. ਆਈ. ਜੀ.

---

[1] Report from the Punjab Govt. Camp Rawalpindi to Govt. of India-Home. Telegram on 23 rd Feb. 1921.

[2] India As I knew it: page 33.

[3] ਉਪਰੋਕਤ ਨੰਬਰ ਇਕ ਵਾਲੀ ਤਾਰ ਹੀ।

[4] The Gurdwara Reform movement. Prof. Teja Singh, Page 243.

Digitized by Panjab Digital Library | www.panjabdigilib.org

ਪੁਲਸ ਮਿਲੇ । ਪਿੱਛੋਂ ਡਵੀਯਨ ਦੇ ਕਮਿਸ਼ਨਰ, ਕਿੰਗ ਜੱਥੇ ਦੇ ਆਗੂਆਂ ਨੂੰ ਵੀ ਮਿਲੇ । ਅਤੇ ਕਿਉਂਕਿ ਜੱਥੇ ਫੌਜੀ ਤੁਰਪ ਵਲ ਨੂੰ ਅੱਗੇ ਵਧਣ ਅਤੇ (ਮਸ਼ੀਨ ਗੰਨਾਂ ਨਾਲ) ਭੁੰਨੇ ਜਾਣ ਦਾ ਫੈਸਲਾ ਕਰੀ ਬੈਠੇ ਸਨ, ਇਸ ਲਈ ਝਗੜੇ ਦੇ ਨਿਪਟਾਣ ਲਈ ਕੀਤੀ ਗੱਲਬਾਤ ਪਿੱਛੋਂ ਮਿਸਟਰ ਕਿੰਗ ਨੇ ਗੁਰਦੁਆਰਾ ਸ: ਹਰਬੰਸ ਸਿੰਘ ਦੀ ਪਰਧਾਨਗੀ ਥੱਲੇ 'ਸਿੱਖ ਸਾਊਆਂ' ਦੀ ਇਕ ਪਰਤੀਨਿਧ ਕਮੇਟੀ ਦੇ ਹਵਾਲੇ ਕਰਨ ਦਾ ਪਰਬੰਧ ਕਰ ਦਿਤਾ ਅਤੇ ਪੁਲਸ ਤੁਰਪ ਨੂੰ ਪਿੱਛੇ ਹਟਾ ਲਿਆ ਗਿਆ। ਅਤੇ ਕਮੇਟੀ ਨੇ ਬਚਨ ਦਿਤਾ ਕਿ ਉਹ ਆਪਣੇ ਆਦਮੀਆਂ ਨੂੰ ਦੂਜੀਆਂ ਪਾਰਟੀਆਂ ਉਤੇ ਹਮਲਾ ਕਰਨੋਂ ਰੋਕਣਗੇ । ਗੌਰਮਿੰਟ ਵਲੋਂ ਇਹ ਯਕੀਨ ਕੀਤਾ ਜਾਂਦਾ ਏ ਕਿ ਸਿੱਖਾਂ ਵਿਚ ਕਤਲਾਮ ਦੇ ਅੱਤਿਆਚਾਰ ਅਤੇ ਇਸ ਤੋਂ ਪੈਦਾ ਹੋਈ ਭੜਕਾਹਟ ਨੂੰ ਸਾਹਮਣੇ ਰਖ ਕੇ ਵੇਖਿਆ ਜਾਵੇ ਤਾਂ ਇਹ ਫੈਸਲਾ ਬੜਾ ਸਿਆਣਪ-ਭਰਿਆ ਸੀ ।"[1]

'ਸਿੱਖ ਸਾਊਆਂ ਦੀ ਪਰਤੀਨਿਧ ਕਮੇਟੀ' ਦੇ ਸ਼ਬਦ ਬੜੇ ਅਰਥ-ਭਰਪੂਰ ਹਨ । ਅਤੇ ਇਸ ਦੇ ਪਰਧਾਨ ਸ: ਹਰਬੰਸ ਸਿੰਘ ਜਿਹੜੇ ਚੀਫ ਖਾਲਸਾ ਦੀਵਾਨ ਦੇ ਸਕਤਰ ਸਨ—ਨੂੰ ਚਾਬੀਆਂ ਦੇਣਾ ਹੋਰ ਵੀ ਅਰਥ-ਭਰਪੂਰ । ਸਰਕਾਰ ਦੀ ਪਾਲਿਸੀ ਇਹ ਸੀ ਕਿ ਅੱਵਲ ਤਾਂ, ਲਗਦੀ ਵਾਹ, ਗੁਰਦੁਆਰਿਆਂ ਉਤੇ ਸਰਕਾਰੀ ਅਸਰ ਸ: ਅਰੂੜ ਸਿੰਘ ਜੇਹੇ ਪਿਠੂਆਂ ਰਾਹੀਂ ਰਖਿਆ ਜਾਵੇ, ਪਰ ਜੇ ਇਹ ਸੰਭਵ ਨਾ ਹੋ ਸਕੇ ਤਾਂ ਚੀਫ ਖਾਲਸਾ ਦੀਵਾਨ ਦੇ ਆਗੂਆਂ ਵਰਗੇ ਸਰਕਾਰੀ ਹਮਾਇਤੀਆਂ ਨੂੰ ਗੁਰਦੁਆਰੇ ਸੌਂਪੇ ਜਾਣ । ਉਹ ਨਹੀਂ ਸੀ ਚਾਹੁੰਦੀ ਕਿ ਗੁਰਦੁਆਰਿਆਂ ਦਾ ਪਰਬੰਧ ਕਿਸੇ ਤਰ੍ਹਾਂ ਵੀ ਗਰਮ-ਖਿਆਲ ਆਗੂਆਂ ਦੇ ਹੱਥ ਆਵੇ । ਕਿਉਂਕਿ ਉਹ ਇਹਨਾਂ ਨੂੰ ਵੀ ਸਾਊ ਨਹੀਂ ਸੀ ਸਮਝਦੀ । ਅੱਗੇ ਚਲਕੇ ਸਰਕਾਰ ਦੀ ਇਹ ਪਾਲਿਸੀ ਹੋਰ ਸਾਫ ਹੋ ਜਾਏਗੀ ।

---

[1] Confidential. no 9584 (Judicial.) From C.M. king offg. Chief secretary to Govt. Punjab to the Secretary to Govt. of India, Home, Dated Lahore, 26 th March 1921.

Digitized by Panjab Digital Library | www.panjabdigilib.org

# ਇਸ ਕਤਲਾਮ ਦਾ ਪੜ-ਕਰਮ

ਜਿਉਂ ਜਿਉਂ ਇਸ ਭਿਆਨਕ ਕਤਲਾਮ ਦੀਆਂ ਖਬਰਾਂ ਖਿਲਰੀਆਂ, ਸਿੱਖ ਜਗਤ ਦੇ ਦਿਲਾਂ ਵਿਚ ਗੌਰਮਿੰਟ ਤੇ ਮਹੰਤ ਦੇ ਵਿਰੁਧ ਗੁੱਸੇ ਤੇ ਨਫਰਤ ਦੇ ਭਾਂਬੜ ਬਲ ਉਠੇ। ਦੂਰ-ਬੈਠੇ ਸਿੱਖਾਂ ਨੇ ਮਹੰਤ ਦੇ ਇਸ ਘੋਰ ਜੁਰਮ ਦੀ ਨਿਖੇਧੀ ਦੇ ਅਤੇ ਉਸ ਨੂੰ ਮੌਤ ਦੀ ਸਜ਼ਾ ਦੇਣ ਦੇ ਮਤੇ ਪਾਸ ਕੀਤੇ ਅਤੇ ਸਰਕਾਰ ਦੀ ਮਹੰਤ ਨਾਲ ਅੰਦਰਖਾਨੇ ਸਾਜ਼ਸ਼ ਦੀ ਪੂਰੇ ਜ਼ੋਰ ਨਾਲ ਨਿੰਦਿਆ ਕੀਤੀ। ਨੇੜੇ ਤੇੜੇ ਦੇ ਸਿੰਘਾਂ ਨੇ ਖਬਰਾਂ ਸੁਣਦੇ ਸਾਰ ਹੀ ਨਨਕਾਣੇ ਸਾਹਿਬ ਨੂੰ ਆਪਮੁਹਾਰੇ ਵਹੀਰਾਂ ਘਤ ਦਿਤੀਆਂ। ਦੂਜੇ ਜ਼ਿਲਿਆਂ ਦੇ ਜਥੇ ਤੇ ਅਕਾਲੀ ਕਦੋਂ ਚੈਨ ਨਾਲ ਬੈਠ ਸਕਦੇ ਸਨ—ਉਹ ਵੀ ਇੱਕਲੇ ਦੁਕੱਲੇ ਜਾਂ ਚਾਰ ਚਾਰ ਪੰਜ ਪੰਜ ਦੇ ਜਥੇ ਬਣਾਕੇ ਨਨਕਾਣੇ ਸਾਹਿਬ ਵਲ ਪੈਦਲ ਤੁਰ ਪਏ। ਅਕਾਲੀ ਇਸ ਭਿਆਨਕ ਮਹਾਂ-ਸਾਕੇ ਦੇ ਕਾਰਣ ਭੈ-ਭੀਤ ਨਹੀਂ ਹੋਏ, ਸਗੋਂ ਇਸ ਦੇ ਉਲਟ, ਉਹ ਉਹਨਾਂ ਪੂਰਨਿਆਂ ਉਤੇ ਚਲਣ ਲਈ ਹੋਰ ਦਰਿੜ੍ਹ ਹੋ ਗਏ ਜਿਨ੍ਹਾਂ ਉਤੇ ਨਨਕਾਣੇ ਦੇ ਸ਼ਹੀਦ ਚਲੇ ਸਨ।

ਅਤੇ ਇਸ ਕਤਲਾਮ ਦੇ ਕਾਰਣ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਹਮਦਰਦੀਆਂ ਵੀ ਅਕਾਲੀਆਂ ਨਾਲ ਹੋ ਗਈਆਂ। ਮਹੰਤ ਦੇ ਇਸ ਕਾਲੇ ਕਾਰੇ ਉਤੇ ਉਹਨਾਂ ਵੀ ਲਾਹਨਤਾਂ ਪਾਣ ਦੇ ਸ਼ਬਦ ਵਰਤੇ। ਕੇਸਰੀ, ਬੰਦੇ ਮਾਤਰਮ, ਮਿਲਾਪ, ਪਰਤਾਪ, ਵਗੈਰਾ ਹਿੰਦੂ-ਉਰਦੂ ਅਖਬਾਰਾਂ ਨੇ ਇਸ ਹਨੇਰਗਰਦੀ ਦੀ ਨਿਖੇਧੀ ਕੀਤੀ ਅਤੇ ਸਾਰੀਆਂ ਅਖਬਾਰਾਂ ਨੇ ਆਪਣੇ ਆਪਣੇ ਤਰੀਕੇ ਨਾਲ ਸਰਕਾਰ ਉੱਤੇ, ਮਹੰਤ ਨਾਲ ਅੰਦਰਖਾਨੇ ਸਲਾਹ ਦੇ, ਦੂਸ਼ਨ ਲਗਾਏ।

ਜਿਮੀਂਦਾਰ (ਉਰਦੂ) ਨੇ ਇਸ ਕਤਲਾਮ ਵਿਚ ਹਿੱਸਾ ਲੈਣ ਵਾਲੇ ਮੁਸਲਮਾਨਾਂ ਦੇ ਖਿਲਾਫ ਬੜੇ ਸਖਤ ਸ਼ਬਦ ਵਰਤੇ। ਉਸ ਨੇ ਲਿਖਿਆ: ਮੁਸਲਮਾਨਾਂ ਦੀ ਬੇਸ਼ਰਮੀ ਦਾ ਇਸ ਤੋਂ ਵੱਧ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਨੇ ਮਹੰਤ ਦੀ (ਕਤਲਾਮ ਵਿਚ) ਮਦਦ ਕੀਤੀ, ਉਹਨਾਂ ਵਿਚ ਮੁਸਲਮਾਨ ਵੀ ਸਨ। ਓ ਬੇਸ਼ਰਮ ਮੁਸਲਮਾਨੋ, ਕੀ ਅਜੇ ਤੁਹਾਡੀ ਬੇਹਯਾਈ ਤੇ ਬੇਸ਼ਰਮੀ ਦਾ ਪਿਆਲਾ ਭਰਪੂਰ ਨਹੀਂ ਹੋਇਆ! ਤੁਸੀਂ ਬੰਦੂਕਾਂ ਤੇ ਤਲਵਾਰਾਂ ਉਹਨਾਂ ਦੇ ਖਿਲਾਫ ਵਰਤਦੇ ਹੋ ਜਿਹੜੇ ਨਨਕਾਣੇ ਸਾਹਿਬ ਆਪਣਾ ਧਾਰਮਕ ਫਰਜ਼ ਪੂਰਾ ਕਰਨ ਲਈ ਗਏ। ਤੁਸੀਂ ਮੁਸਲਮਾਨ ਕਹਿਲਾਣ ਦੇ ਲਾਇਕ ਨਹੀਂ, ਤੁਸੀਂ ਕਾਫਰਾਂ ਨਾਲੋਂ ਵੀ ਭੈੜੇ ਹੋ......ਕੌਮ ਦੇ ਆਗੂਆਂ ਨੂੰ ਆਪਣਾ ਧਿਆਨ ਇਸ ਨਵੇਂ ਜੱਲ੍ਹਿਆਂਵਾਲਾ ਵਲ ਮੋੜਨਾ ਚਾਹੀਦਾ ਹੈ। (23 ਫਰਵਰੀ 1921)

ਸਰਕਾਰ ਦੀਆਂ ਆਪਣੀਆਂ ਰਿਪੋਰਟਾਂ ਵਿਚ ਉਹ ਇਲਜ਼ਾਮ ਦਰਜ ਹਨ ਜਿਹੜੇ ਉਸ ਵੇਲੇ ਸਰਕਾਰ ਅਤੇ ਅਫਸਰਾਂ ਵਿਰੁਧ ਲੋਕਾਂ ਵਲੋਂ ਖੁਲ੍ਹਮ ਖੁਲ੍ਹਾ ਲਾਏ ਜਾ ਰਹੇ ਸਨ। ਇਹਨਾਂ ਨੂੰ ਸੰਖੇਪ ਕਰਕੇ, ਕਰਨਲ ਕੇਅ ਇਕ ਥਾਂ ਲਿਖਦਾ ਹੈ: "ਅਹਿਮ ਤੱਥ ਇਹ ਹੈ ਕਿ ਇਹ ਸੋਗਾਂਤ ਸਰਕਾਰ ਦੇ ਵਿਰੁਧ ਸ਼ਕਾਇਤ ਦਾ ਹੱਥਾ ਮੁਹੱਈਆ ਕਰ ਰਿਹਾ ਹੈ। ਇਹ ਗੱਲ ਜ਼ੋਰ ਨਾਲ ਕਹੀ ਜਾ ਰਹੀ ਹੈ ਕਿ ਅਕਾਲੀ ਜਥਿਆਂ ਦੇ ਮੁਤਾਲਬੇ ਦੇ ਖਿਲਾਫ ਮਹੰਤ ਗੁਰਦੁਆਰੇ ਦੇ ਬਚਾਅ ਦੀਆਂ ਹਥਿਆਰਾਂ ਦੀ ਵਰਤੋਂ ਨਾਲ, ਖੁਲ੍ਹਮ-ਖੁਲ੍ਹਾ, ਤਿਆਰੀਆਂ ਕਰ ਰਿਹਾ ਸੀ ਅਤੇ ਇਹਨਾਂ ਤਿਆਰੀਆਂ ਦਾ ਲਾਂਭੇ ਚਾਂਭੇ ਮੁਕਾਮੀ ਤੌਰ ਤੇ ਆਮ ਲੋਕਾਂ ਨੂੰ ਪਤਾ ਸੀ ਅਤੇ ਇਸ ਲਈ ਮੁਕਾਮੀ ਅਫਸਰਾਂ ਨੂੰ ਜ਼ਰੂਰ ਪਤਾ ਹੋਣਾ ਏਂ। ਪਰ ਉਹਨਾਂ ਨੇ ਇਹਨਾਂ ਦੇ ਬੰਦ ਕਰਨ ਲਈ ਕੋਈ ਯਤਨ ਨਾ ਕੀਤੇ।

Digitized by Panjab Digital Library | www.panjabdigilib.org

ਏਹੋ ਜੇਹੇ ਯਕੀਨ ਦੇ ਕਾਰਣ ਵੱਢੀ ਦਾ ਸ਼ੱਕ ਹੋ ਜਾਣਾ ਕੁਦਰਤੀ ਹੈ—ਇਹ ਖੁਲ੍ਹੇ ਆਮ ਆਖਿਆ ਤੇ ਯਕੀਨ ਕੀਤਾ ਜਾ ਰਿਹਾ ਹੈ ਕਿ ਮਹੰਤ ਨੇ ਮਨ ਮੰਨੀਆਂ ਕਾਰਵਾਈਆਂ ਕਰਨ ਲਈ ਮੁਕਾਮੀ ਬਰਿਟਿਸ਼ ਅਫਸਰਾਂ ਨੂੰ ਭਾਰੀ ਵੱਢੀ ਦਿਤੀ ਅਤੇ ਉਹਨਾਂ ਨੇ ਮਹੰਤ ਦੀਆਂ ਖੁਲ੍ਹੀਆਂ ਵਾਗਾਂ ਛੱਡ ਦਿਤੀਆਂ।"[1]

ਉਸ ਵੇਲੇ ਦੀ ਚਰਚਾ ਦੀ ਇਹ ਖੁਫੀਆ ਰਿਪੋਰਟ ਸਹੀ ਤਸਵੀਰ ਪੇਸ਼ ਕਰਦੀ ਹੈ। ਇਸ ਦੁਖਾਂਤਕ ਘਟਨਾ ਨੇ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿਚ ਨਵਾਂ ਜੋਸ਼ ਤੇ ਉਭਾਰ ਪੈਦਾ ਕਰ ਦਿਤਾ। ਉਹਨਾਂ ਨੇ ਛੋਟੀਆਂ ਵਡੀਆਂ ਕਵਿਤਾਵਾਂ ਤੇ ਸਿੱਠਾਂ ਵਿਚ ਉਤਲੇ ਸਾਰੇ ਹੀ ਇਲਜ਼ਾਮ ਕਮਿਸ਼ਨਰ ਕਿੰਗ ਤੇ ਡੀ. ਸੀ. ਕੱਰੀ ਤੇ ਲਾਏ ਅਤੇ ਨਨਕਾਣੇ ਵਿਚ ਹੋਏ ਸਿੰਘਾਂ ਦੇ ਕਤਲਾਮ ਦੀ ਜ਼ੁਮੇਵਾਰੀ ਇਹਨਾਂ ਅਫਸਰਾਂ ਦੇ ਸਿਰ ਉਤੇ ਸੁੱਟੀ। ਕੈਦਾਂ ਤੇ ਜੁਰਮਾਨਿਆਂ ਦੇ ਬਾਵਜੂਦ ਕਵੀ ਤੇ ਲਿਖਾਰੀ ਇਹ ਇਲਜ਼ਾਮ ਅਫਸਰਾਂ ਉਤੇ ਅਕਾਲੀ ਤਹਿਰੀਕ ਦੇ ਅਖੀਰ ਤਕ ਲਾਉਂਦੇ ਰਹੇ। ਉਨ੍ਹਾਂ ਨੇ ਸਾਮਰਾਜੀ ਕਾਨੂੰਨਾਂ ਦੀ ਕੱਖ ਪਰਵਾਹ ਨਾ ਕੀਤੀ ਅਤੇ ਅੰਗਰੇਜ਼ ਅਫਸਰਾਂ ਵਲੋਂ ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਉਤੇ ਲਾਈਆਂ ਸਾਰੀਆਂ ਪਾਬੰਦੀਆਂ ਮਿੱਟੀ ਵਿਚ ਰੋਲ ਦਿਤੀਆਂ। ਏਹੋ ਕੁਛ ਪਿੰਡਾਂ ਦੇ ਆਮ ਜਲਸਿਆਂ ਵਿਚ ਅਕਾਲੀ ਸਪੀਕਰਾਂ ਨੇ ਕੀਤਾ, ਉਹਨਾਂ ਨੇ ਅਫਸਰਾਂ ਉਤੇ ਉਤਲੇ ਸਾਰੇ ਇਲਜ਼ਾਮ ਥਾਂ ਥਾਂ ਦੁਹਰਾਏ। ਇਸ ਪਰਚਾਰ ਕਾਰਣ ਪਿੰਡਾਂ ਵਿਚ ਅੰਗਰੇਜ਼ ਰਾਜ ਦੇ ਖਿਲਾਫ ਬੜਾ ਜੋਸ਼ ਤੇ ਰੋਹ ਪੈਦਾ ਹੋ ਗਿਆ। ਅਤੇ ਥਾਂ ਥਾਂ ਪਰਚਾਰਕ ਤੇ ਢਾਡੀ ਪੈਦਾ ਹੋ ਗਏ ਜਿਸ ਦੇ ਕਾਰਣ ਅਕਾਲੀ ਲਹਿਰ ਦਾ ਘੇਰਾ ਵਿਸ਼ਾਲ ਤੋਂ ਹੋਰ ਵਿਸ਼ਾਲ, ਹੋਰ ਹੋਰ ਵਿਸ਼ਾਲ ਹੁੰਦਾ ਗਿਆ।

ਇਸ ਮਹਾਨ ਸ਼ਹੀਦੀ ਸਾਕੇ ਦੀ, ਹੋਰ ਦੇਣ ਤੋਂ ਛੁਟ, ਸਭ ਤੋਂ ਵਡੀ ਦੇਣ ਇਹ ਸੀ ਕਿ ਇਸ ਨੇ ਸਿੱਖਾਂ ਦੇ ਦਿਮਾਗਾਂ ਵਿਚੋਂ ਅੰਗਰੇਜ਼ ਰਾਜ ਦੀ ਤਾਬਿਆਦਾਰੀ ਤੇ ਵਫਾਦਾਰੀ ਦਾ ਗੰਦ ਧੋ ਦਿਤਾ। ਅਤੇ ਆਮ ਸੂਝਦਾਰਾਂ ਵਿਚ ਮਹਿਸੂਸ ਕੀਤਾ ਜਾਣ ਲਗ ਪਿਆ ਕਿ ਗੁਰਦੁਆਰਿਆਂ ਦੀ ਆਜ਼ਾਦੀ ਦੀ ਲੜਾਈ ਦੇ ਨਾਲ ਨਾਲ ਕੌਮੀ ਆਜ਼ਾਦੀ ਦੀ ਲੜਾਈ ਲੜਨਾ ਵੀ ਸਾਡਾ ਕੰਮ ਹੈ। ਜੰਗ ਦੇ ਦੌਰਾਨ ਵਾਲਾ ਕੱਟੜ ਵਫਾਦਾਰ ਸਿੱਖ ਵਫਾਦਾਰੀ ਛਡਕੇ ਗੁਰਦੁਆਰਿਆਂ ਤੇ ਦੇਸ਼ ਦੀ ਆਜ਼ਾਦੀ ਦਾ ਰਾਹ ਅਪਨਾਣ ਵਲ ਤੁਰ ਪਿਆ।

ਨਨਕਾਣਾ ਸਾਹਿਬ ਦੇ ਸਾਕੇ ਦਾ ਇਕ ਪੜ-ਕਰਮ ਇਹ ਵੀ ਹੋਇਆ ਕਿ ਅਕਾਲੀਆਂ ਨੂੰ ਮਹੰਤ-ਅੰਗਰੇਜ਼ ਸਰਕਾਰ ਦੀ ਸਾਜ਼ਸ਼ ਵਿਚ ਸ਼ਰੀਕ ਨਜ਼ਰ ਆਉਣ ਲਗ ਪਏ ਸਨ। ਇਸ ਲਈ ਉਹਨਾਂ ਨੇ ਕੁਛ ਥਾਈਂ ਗੁਰਦੁਆਰਿਆਂ ਉਤੇ ਕਬਜ਼ੇ ਕਰਨੇ ਤੇਜ਼ ਕਰ ਦਿਤੇ। 23 ਫਰਵਰੀ ਨੂੰ ਗੁਰਦੁਆਰਾ ਲੁਲਿਆਣੀ (ਜ਼ਿਲਾ ਲਾਹੌਰ) ਉਤੇ ਕਬਜ਼ਾ ਕਰ ਲਿਆ ਗਿਆ। ਅਤੇ ਮਹੰਤ ਨੂੰ ਗੁਰਦੁਆਰੇ ਵਿਚੋਂ ਕਢ ਦਿਤਾ। ਪਰ ਉਸ ਨੇ ਸ਼੍ਰੋਮਣੀ ਕਮੇਟੀ ਦੀਆਂ ਸ਼ਰਤਾਂ ਪਰਵਾਨ ਕਰ ਲਈਆਂ ਅਤੇ ਉਹ ਗਰੰਥੀ ਦੇ ਤੌਰ ਤੇ ਬਹਾਲ ਕਰ ਦਿਤਾ ਗਿਆ। 25 ਫਰਵਰੀ ਨੂੰ ਗੁਰਦੁਆਰਾ ਹੇਰ (ਜ਼ਿਲਾ ਲਾਹੌਰ) ਉਤੇ ਕਬਜ਼ਾ ਹੋ ਗਿਆ, ਪਰ ਜ਼ਿਲਾ ਮਜਿਸਟਰੇਟ ਨੇ ਓਥੇ ਪੁਲਸ ਭੇਜਕੇ ਗੁਰਦੁਆਰੇ ਦਾ ਕਬਜ਼ਾ ਮੁੜ ਮਹੰਤ ਨੂੰ ਦਿਵਾ ਦਿਤਾ। 28 ਫਰਵਰੀ ਨੂੰ ਅਕਾਲੀਆਂ ਨੇ ਰੋੜੀ ਸਾਹਿਬ (ਐਮਨਾਬਾਦ, ਗੁਜਰਾਂਵਾਲਾ) ਨੂੰ ਪੰਥ ਦੇ ਕਬਜ਼ੇ ਵਿਚ ਲੈ ਆਂਦਾ। ਏਸੇ ਤਰ੍ਹਾਂ ਸਚਖੰਡ ਗੁਰਦੁਆਰੇ (ਚੂਹੜ-ਕਾਣਾ, ਸ਼ੇਖੂਪੁਰਾ) ਉਤੇ 5 ਮਾਰਚ ਨੂੰ ਕਬਜ਼ਾ ਕਰ ਲਿਆ ਗਿਆ। ਹੋਰ ਗੁਰਦੁਆਰੇ ਜਿਨ੍ਹਾਂ ਤੇ ਕਬਜ਼ੇ ਕੀਤੇ ਗਏ ਸਨ : ਗੁਰਦੁਆਰਾ ਮਾਣਕ (ਰਾਏਵਿੰਡ, ਲਾਹੌਰ) ਗੁਰਦੁਆਰਾ ਰਾਮਦਾਸ

[1] Notes in the Intelligence Bureau : C. Kaye D. I. B. 2. 3. 21 (Home).

Digitized by Panjab Digital Library | www.panjabdigilib.org

(ਅਮਰਿਤਸਰ) ਅਤੇ ਅੱਧੀ ਦਰਜਨ ਹੋਰ ਛੋਟੇ ਮੋਟੇ ਗੁਰਦੁਆਰੇ। ਜਿਨ੍ਹਾਂ ਮਹੰਤਾਂ ਨੇ ਆਪਣੇ ਆਪ ਨੂੰ ਸੁਧਾਰਨ ਦੇ ਪਰਣ ਕੀਤੇ ਅਤੇ ਸ਼ਰੋਮਣੀ ਕਮੇਟੀ ਦੇ ਅਧੀਨ ਰਹਿਣਾ ਮੰਨ ਲਿਆ, ਉਹਨਾਂ ਨੂੰ ਬਹਾਲ ਰਖਿਆ ਗਿਆ, ਜਿਨ੍ਹਾਂ ਨੇ ਸ਼ਰਤਾਂ ਨਾ ਮੰਨੀਆਂ ਉਹਨਾਂ ਨੂੰ ਜਾਂ ਤਾਂ ਕਢ ਦਿਤਾ ਗਿਆ ਜਾਂ ਉਹਨਾਂ ਨੇ ਗੌਰਮਿੰਟ ਦੀ ਮਦਦ ਨਾਲ ਮੁੜ ਆਪਣਾ ਕਬਜ਼ਾ ਜਮਾ ਲਿਆ।

ਫਰਵਰੀ ਵਿਚ ਸਿੰਘਾਂ ਨੇ ਗੁਰੂ ਸਰ ਸਤਲਾਣੀ (ਅਮਰਿਤਸਰ) ਉਤੇ ਕਬਜ਼ਾ ਕਰ ਲਿਆ ਸੀ ਕਿਉਂਕਿ ਮਹੰਤ ਕਿਰਪਾ ਸਿੰਘ ਗੁਰਦੁਆਰਾ ਛਡਕੇ ਚਲਿਆ ਗਿਆ ਸੀ। ਇਹ ਮਹੰਤ ਬਦਮਾਸ਼ ਤੇ ਰੰਡੀਬਾਜ਼ ਸੀ। ਇਹ ਕੁਛ ਚਿਰ ਪਿੱਛੋਂ ਫੇਰ ਗੁਰਦੁਆਰੇ ਵਿਚ ਆਣ ਵੜਿਆ ਸੀ। ਮੁਕਦਮੇ ਵਿਚ ਇਸ ਦੇ ਖਿਲਾਫ ਬਦਮਾਸ਼ੀ ਤੇ ਰੰਡੀਬਾਜ਼ੀ ਦੇ ਇਲਜ਼ਾਮ ਸਾਬਤ ਹੋਣ ਪਿੱਛੋਂ ਇਸ ਨੂੰ ਇਲਾਕੇ ਨੇ ਗੁਰਦੁਆਰੇ ਵਿਚੋਂ ਕਢ ਦਿਤਾ ਸੀ। 21 ਫਰਵਰੀ ਨੂੰ ਗੁਰਦੁਆਰਾ ਤੇਜੇ ਦੇ ਮਹੰਤ ਧਿਆਨ ਦਾਸ ਨੂੰ ਗੁਰਦੁਆਰਾ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨਾ ਪਿਆ। ਇਹ ਮਹੰਤ ਗੁਰਦੁਆਰੇ ਦੀ ਚੌਦਾਂ ਹਜ਼ਾਰ ਰੁਪਏ ਦੀ ਜਾਇਦਾਦ ਸ਼ਰਾਬ ਕਬਾਬ ਤੇ ਰਖੇਲਾਂ ਉਤੇ ਬਰਬਾਦ ਕਰ ਰਿਹਾ ਸੀ। ਇਸ ਨੂੰ ਕੁਛ ਸ਼ਰਤਾਂ ਤੇ ਮਹੰਤ ਬਣੇ ਰਹਿਣ ਦਿਤਾ ਗਿਆ ਸੀ ਅਤੇ ਹਦਾਇਤ ਕੀਤੀ ਗਈ ਸੀ ਕਿ ਜੇ ਇਸ ਨੇ ਸ਼ਰਤਾਂ ਤੋੜੀਆਂ ਤਾਂ ਇਸ ਨੂੰ ਕਢ ਦਿਤਾ ਜਾਵੇਗਾ। ਇਸ ਨੇ ਬਦਮਾਸ਼ ਇਕਠੇ ਕਰਕੇ ਨਨਕਾਣੇ ਵਾਲਾ ਸਾਕਾ ਵਰਤਾਣ ਦੇ ਯਤਨ ਕੀਤੇ, ਇਸ ਲਈ ਇਸ ਨੂੰ ਗੁਰਦੁਆਰੇ ਵਿਚੋਂ ਕਢ ਦਿਤਾ ਗਿਆ। ਏਸੇ ਤਰ੍ਹਾਂ ਉਹਨਾਂ ਦਿਨਾਂ ਵਿਚ ਹੀ ਗੁਰੂ ਅਰਜਨ ਦੇਵ ਦੇ ਗੁਰਦੁਆਰਾ ਹੋਠੀਆਂ (ਗੁਰਦਾਸਪੁਰ) ਨੂੰ ਅਕਾਲੀਆਂ ਨੇ ਕਬਜ਼ੇ ਵਿਚ ਲੈ ਲਿਆ। ਤੇਜੇ ਤੇ ਹੋਠੀਆਂ ਦੇ ਕਬਜ਼ੇ ਗੌਰਮਿੰਟ ਮੁੜ ਮਹੰਤਾਂ ਨੂੰ ਦਿਵਾਣਾ ਚਾਹੁੰਦੀ ਸੀ; ਪਰ ਸਿੰਘਾਂ ਪੁਲਸ ਅਫਸਰਾਂ ਦੀਆਂ ਧਮਕੀਆਂ ਦੇ ਬਾਵਜੂਦ ਗੁਰਦੁਆਰੇ ਆਪਣੇ ਕਬਜ਼ੇ ਵਿਚ ਬਹਾਲ ਰਖੇ।

## 1. ਕੌਂਸਲ ਤੇ ਅਸੰਬਲੀ ਦੇ ਸਵਾਲ

ਇਸ ਮਹਾਂ-ਸੋਗਾਂਤ ਦਾ ਅਸਰ, ਲੋਕਾਂ ਤੇ ਅਕਾਲੀਆਂ ਤੋਂ ਛੁਟ, ਪੰਜਾਬ ਕੌਂਸਲ ਦੇ ਸਰਕਾਰ-ਪੱਖੀ ਮੈਂਬਰਾਂ ਉਤੇ ਵੀ ਹੋਇਆ। ਲਗਭਗ ਹਰ ਮਿੰਬਰ ਨੇ ਇਸ ਸਾਕੇ ਸਬੰਧੀ ਸਵਾਲ ਪੁਛੇ, ਮਤੇ ਲਿਖਕੇ ਘੱਲੇ ਅਤੇ ਇਕ ਦੋਂਹ ਮਿੰਬਰਾਂ ਨੇ ਕੰਮ-ਰੋਕੂ ਤਹਿਰੀਕਾਂ ਪੇਸ਼ ਕੀਤੀਆਂ। ਹੋਮ ਮਨਿਸਟਰ ਸਰ ਜੌਹਨ ਮੇਨਾਰਡ ਦਾ ਰਵਈਆ, ਇਹਨਾਂ ਪੁਛਾਂ ਬਾਰੇ, ਬੜਾ ਕੁਰਖਤ ਨਾਂਹ-ਦਰੂ ਤੇ ਟਾਲਵਾਂ ਸੀ। ਸ: ਦਸਵੰਧਾ ਸਿੰਘ ਦੀ ਕੰਮ-ਰੋਕੂ ਤਹਿਰੀਕ ਦੀ ਵਿਰੋਧਤਾ ਕਰ-ਦਿਆਂ ਉਸ ਨੇ ਕਿਹਾ: 'ਵਾਅ ਮੰਡਲ ਪਹਿਲੋਂ ਹੀ ਬੜਾ ਖਰਾਬ ਹੋਇਆ ਹੋਇਆ ਹੈ, ਇਸ ਤੇ ਵਿਚਾਰ ਕਰਨ ਨਾਲ ਹੋਰ ਵਧੇਰੇ ਖਰਾਬ ਹੋ ਜਾਏਗਾ।' ਤਹਿਰੀਕ ਦੇ ਹਕ ਵਿਚ ਚਾਲੀ ਮਿੰਬਰ ਉਠਣੇ ਚਾਹੀਦੇ ਸਨ, ਸਿਰਫ ਉਹ ਇਕੱਲਾ ਹੀ ਉਠਿਆ, ਇਸ ਲਈ ਤਹਿਰੀਕ ਪੇਸ਼ ਹੀ ਨਾ ਹੋ ਸਕੀ। ਲੈਫ: ਸ: ਰਘਬੀਰ ਸਿੰਘ ਨੇ (ਸਵਾਲ 236) ਪੁਛਿਆ ਕਿ ਮਹੰਤ ਤੇ ਉਸ ਦੇ ਪਿਛਲੱਗਾਂ ਨੂੰ ਹਥਿਆਰਾਂ ਦੀਆਂ ਕਿੰਨੀਆਂ ਲਸੰਸਾਂ ਦਿਤੀਆਂ ਗਈਆਂ? ਤਿਆਰ-ਕੀਤਾ ਜਵਾਬ ਇਹ ਸੀ: ਨੇੜੇ ਤੇੜੇ ਲਸੰਸਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਅਤੇ ਮਹੰਤ ਦੀ ਹਮਾਇਤ ਕਰਦਿਆਂ ਆਪਣੇ ਕੋਲੋਂ ਆਖਿਆ ਕਿ ਮਹੰਤ ਵਲੋਂ ਉਠਾਏ ਗਏ ਕਦਮਾਂ ਤੋਂ ਇਹ ਜ਼ਾਹਰ ਨਹੀਂ ਸੀ ਹੁੰਦਾ ਕਿ ਉਹ ਕਿਸੇ ਉਤੇ ਹਮਲਾ ਕਰਨਾ ਚਾਹੁੰਦਾ ਹੈ। ਕੈਪਟਨ ਗੋਪਾਲ ਸਿੰਘ ਵਲੋਂ ਸਵਾਲ, ਕੀ ਨਨਕਾਣੇ ਦੇ ਪਰਬੰਧ ਨਾਲ ਸਿੱਖ ਅਸੰਤੁਸ਼ਟ ਸਨ?—ਦੇ ਜਵਾਬ ਵਿਚ ਆਖਿਆ: ਗੌਰਮਿੰਟ ਇਹ ਜਜ ਕਰਨ ਦੀ ਪੁਜ਼ੀਸ਼ਨ ਵਿਚ ਨਹੀਂ ਕਿ ਬਿਲਾ ਸ਼ੱਕ ਕੁਛ ਸਿਖਾਂ ਦੀ ਅਸੰਤੁਸ਼ਟਤਾ ਨਾਲ

Digitized by Panjab Digital Library | www.panjabdigilib.org

ਸਮੁਚੀ ਸਿੱਖ ਜਾਤੀ ਕਿੰਨੀ ਕੁ ਹਿਸੇਦਾਰ ਸੀ,[1] ਵਗੈਰਾ, ਵਗੈਰਾ ।

ਕੌਂਸਲ ਦੀ ਕੋਈ ਸਾਰਥਿਕਤਾ ਨਾ ਹੋਣ ਦੇ ਕਾਰਣ ਹੀ ਸ਼੍ਰੋਮਣੀ ਕਮੇਟੀ ਤੇ ਨਾ-ਮਿਲਵਰਤਨੀ ਦੇਸ਼-ਭਗਤਾਂ ਵਲੋਂ ਆਵਾਜ਼ ਉਠਾਈ ਗਈ ਸੀ ਕਿ ਕੌਂਸਲ ਦੇ ਮਿੰਬਰ ਕੌਂਸਲ ਵਿਚੋਂ ਅਸਤੀਫੇ ਦੇ ਦੇਣ; ਗੌਰਮਿੰਟ ਦੇ ਦੁਸ਼ਮਣੀ-ਭਰੇ ਰਵੱਈਏ ਦੇ ਕਾਰਣ ਕੌਂਸਲ ਵਿਚ ਰਹਿਣ ਦਾ ਉੱਕਾ ਹੀ ਕੋਈ ਲਾਭ ਨਹੀਂ ਸੀ ।

ਇਸ ਭਿਆਨਕ ਸਾਕੇ ਸਬੰਧੀ ਦਿੱਲੀ ਦੀ ਲੈਜਿਸਲੇਟਿਵ ਅਸੰਬਲੀ ਵਿਚ ਵੀ ਸਿੱਖ ਤੇ ਗੈਰ-ਸਿੱਖ ਮਿੰਬਰਾਂ ਵਲੋਂ ਸਵਾਲ ਉਠਾਏ ਗਏ ਤੇ ਮਤੇ ਪੇਸ਼ ਕੀਤੇ ਗਏ । ਇਸ ਪਰਸੰਗ ਵਿਚ ਭਾਈ ਮਾਨ ਸਿੰਘ ਦੀ ਮਿਸਟਰ ਵਿਨਸੈਂਟ ਹੋਮ ਮਿੰਬਰ ਨੂੰ ਚਿੱਠੀ ਤੇ ਮਤਾ ਬੜੀ ਮਹੱਤਤਾ ਰੱਖਦੇ ਹਨ । ਚਿੱਠੀ ਬੜੇ ਨਰਮ ਸ਼ਬਦਾਂ ਵਿਚ ਮਤੇ ਦੇ ਪੇਸ਼ ਕਰਨ ਲਈ ਆਗਿਆ ਤੇ ਹਮਾਇਤ ਹਾਸਲ ਕਰਨ ਲਈ ਲਿਖੀ ਗਈ ਸੀ ; ਮਤੇ ਦੇ ਸ਼ਬਦ ਇਸ ਤਰ੍ਹਾਂ ਸਨ :

"ਇਹ ਅਸੰਬਲੀ ਗਵਰਨਰ-ਜਨਰਲ-ਇਨ-ਕੌਂਸਲ ਨੂੰ ਸਿਫਾਰਸ਼ ਕਰਦੀ ਹੈ ਕਿ ਉਹ ਕਿਰਪਾ ਕਰਕੇ ਮਿਸਟਰ ਸੇਸ਼ਗਿਰੀ ਅੱਯਰ, ਮਿ: ਬਾਗਦੇ, ਸ: ਜੋਗਿੰਦਰ ਸਿੰਘ, ਮਿ: ਭੁਰਗਿਰੀ, ਪੇਸ਼ ਕਰਨ ਵਾਲੇ ਅਤੇ ਦੋ ਸਰਕਾਰੀ ਨਾਮਜ਼ਦ ਮਿੰਬਰਾਂ ਦਾ ਕਮਿਸ਼ਨ ਮੁਕਰਰ ਕਰੇ ਜਿਹੜਾ (1) 20 ਫਰਵਰੀ 1921 ਨੂੰ ਹੋਏ ਦੁਖਾਂਤ ਦੇ ਸਬੰਧ ਵਿਚ ਅਮਨ ਕਾਨੂੰਨ ਦੀ ਰੱਖਿਆ ਲਈ ਅਫਸਰਾਂ ਦੇ (2) ਉਹਨਾਂ ਅਫਸਰਾਂ ਦੇ ਜਿਨ੍ਹਾਂ ਨੇ ਉਪਰੋਕਤ ਕੇਸ ਦੀ ਪੜਤਾਲ ਵਿਚ ਹਿੱਸਾ ਲਿਆ ਅਤੇ (3) ਹੋਰ ਅਫਸਰਾਂ ਦੇ ਗੁਰਦੁਆਰਾ ਲਹਿਰ ਜਾਂ ਉੱਤੇ-ਦਸੇ ਦੁਖਾਂਤ ਦੇ ਸੰਬੰਧ ਵਿਚ ਸਿੱਖਾਂ ਵਲ ਸਲੂਕ ਤੇ ਰਵਈਏ ਦੇ ਮਾਮਲੇ ਵਿਚ (ੳ) ਵਤੀਰੇ ਦੀ ਪੜਤਾਲ ਅਤੇ ਰਿਪੋਰਟ ਕਰੇ ਅਤੇ (ਅ) ਇਸ ਮਾਮਲੇ ਵਿਚ ਮੁਨਾਸਬ ਕਦਮ ਉਠਾਣ ਲਈ ਸੁਝਾਅ ਦੇਵੇ ।"[2]

ਚਿੱਠੀ ਵਿਚ ਮਤੇ ਦੀ ਵਿਆਖਿਆ ਕਰਦਿਆਂ ਭਾਈ ਮਾਨ ਸਿੰਘ ਨੇ ਲਿਖਿਆ ਕਿ ਸਿੱਖਾਂ ਨੂੰ ਬੜੀ ਜ਼ਬਰਦਸਤ ਸ਼ਿਕਾਇਤ ਹੈ ਕਿ ਮੰਦ-ਭਾਗੀ ਘਟਨਾ ਤੋਂ ਪਹਿਲੋਂ ਅਮਨ ਕਾਨੂੰਨ ਕਾਇਮ ਰਖਣ ਵਾਲੇ ਜ਼ਿਮੇਵਾਰ ਅਫਸਰਾਂ ਦਾ ਰਵੱਈਆ, ਨਨਕਾਣੇ ਵਿਚ, ਬਹੁਤ ਜ਼ਿਆਦਾ ਇਤਰਾਜ਼ ਵਾਲਾ ਸੀ । ਉਹਨਾਂ ਨੇ ਕਈ ਬੇਸਿਆਣਪ ਕਾਰਵਾਈਆਂ ਕੀਤੀਆਂ ਅਤੇ ਇਸ ਸੰਗਾਂਤ ਦੇ ਟਾਲਣ ਲਈ ਕੋਈ ਮੁਨਾਸਬ ਕਦਮ ਨਾ ਉਠਾਏ । ਹਰ ਕੋਈ ਸਮਝਦਾ ਸੀ ਕਿ ਇਹ ਘਟਨਾ ਕਿਸੇ ਵੇਲੇ ਵੀ ਵਾਪਰ ਸਕਦੀ ਹੈ । ਚਿੱਠੀ ਵਿਚ ਇਹ ਵੀ ਜ਼ਿਕਰ ਸੀ ਕਿ ਇਸ ਦੁਰ-ਘਟਨਾ ਪਿਛੋਂ ਪੰਜਾਬ ਕੌਂਸਲ ਤੇ ਅਸੰਬਲੀ ਦੇ ਮਿੰਬਰਾਂ ਨੇ ਪੰਜਾਬ ਸਰਕਾਰ ਨੂੰ ਸ਼ਿਕਾਇਤ ਲਿਖੀ ਸੀ ਕਿ ਨਨਕਾਣੇ ਸਾਹਿਬ ਦਾ ਮੁਕਦਮਾ ਦਰੁਸਤ ਹਥਾਂ ਵਿਚ ਨਹੀਂ ਕਿਉਂਕਿ ਕਈ ਪੁਰਾਣੇ ਪੁਲਸ ਅਫਸਰ ਜਿਨ੍ਹਾਂ ਦੀਆਂ ਅੱਖਾਂ ਦੇ ਸਾਮ੍ਹਣੇ ਮਹੰਤ ਤਿਆਰੀਆਂ ਕਰ ਰਿਹਾ ਸੀ ਇਸ ਪੜਤਾਲ ਨਾਲ ਸੰਬੰਧਤ ਹਨ । ਬੜੀ ਗੰਭੀਰ ਸ਼ਿਕਾਇਤ ਇਹ ਹੈ ਕਿ ਪੜਤਾਲ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ ਅਤੇ ਨਾ ਹੀ ਜੁਰਮ ਸਬੰਧੀ ਸਾਜ਼ਸ਼ ਨੂੰ ਨੰਗਾ ਕਰਨ ਲਈ ਕੋਈ ਯਤਨ ਕੀਤੇ ਗਏ ਹਨ—ਬਹੁਤ ਸਾਰੇ ਗੁਆਹਾਂ ਦਾ ਮੈਜਿਸਟਰੇਟਾਂ ਦੇ ਸਾਮ੍ਹਣੇ ਦਿਤੇ ਬਿਆਨਾਂ ਤੋਂ ਫਿਰ ਜਾਣਾ ਇਸ ਯਕੀਨ ਦੀ ਤਸਦੀਕ ਕਰਦਾ ਹੈ ।

---

[1] Punjab Legislative Council Debates . page 49, pp. 303-304 ਸਵਾਲ 327 - p. 444

[2] File no. 262-1921-Home-political

Digitized by Panjab Digital Library | www.panjabdigilib.org

ਪਰ ਗੌਰਮਿੰਟ ਨੇ ਆਪਣੀ ਪਾਲਿਸੀ ਪਹਿਲੋਂ ਹੀ ਬਣਾਈ ਹੋਈ ਸੀ ਕਿ ਏਹੋ ਜੇਹੇ ਮਤਿਆਂ ਤੇ ਤਹਿਰੀਕਾਂ ਉਤੇ ਵਿਚਾਰ ਕਰਨ ਦਾ ਕੋਈ ਮੌਕਿਆ ਹੀ ਨਾ ਦਿਤਾ ਜਾਏ। ਕਾਰਣ ਘੜਿਆ-ਘੜਾਇਆ ਮੌਜੂਦ ਸੀ : ਮਾਮਲਾ ਸੂਬੇ ਨਾਲ ਸੰਬੰਧ ਰਖਦਾ ਹੈ। ਸਰਕਾਰੀ ਕਾਰੋਬਾਰ ਵਾਲੀ ਤਰੀਕ ਤੇ ਕੋਈ ਸਹੂਲਤ ਨਾ ਦਿਤੀ ਜਾਵੇ, ਅਤੇ ਵਾਈਸਰਾਏ ਲਾਰਡ ਰੈਡਿੰਗ ਨੇ—ਜਿਸ ਕੋਲੋਂ, ਹਿੰਦੁਸਤਾਨ ਔਣ ਉਤੇ, ਸ਼੍ਰੋਮਣੀ ਕਮੇਟੀ ਨੇ ਤਾਰ ਰਾਹੀਂ ਇਨਸਾਫ ਦੀ ਮੰਗ ਕੀਤੀ ਸੀ—ਇਨਸਾਫ ਇਹ ਦਿਤਾ : "ਹਿਜ਼ ਐਕਸੀਲੈਂਸੀ ਸਹਿਮਤ ਹੈ ਕਿ ਮਤੇ ਨੂੰ ਪੇਸ਼ ਨਾ ਹੋਣ ਦਿਤਾ ਜਾਏ।[1]"

---

[1] ਫਾਈਲ ਨੰ: 262–1922 (ਸਤੰਬਰ 19, 1921 ਦੀ ਚਿੱਠੀ ਪੰਜਾਬ ਸਰਕਾਰ ਨੂੰ)

Digitized by Panjab Digital Library | www.panjabdigilib.org

# ਤਫਤੀਸ਼ ਤੇ ਮੁਕੱਦਮੇ

ਇਸ ਵੇਲੇ ਅੰਗਰੇਜ਼ ਰਾਜ ਤੋਂ ਸਿੱਖ ਜਨਤਾ ਦਾ ਭਰੋਸਾ ਬੜਾ ਤੇਜ਼ੀ ਨਾਲ ਉੱਠਦਾ ਜਾ ਰਿਹਾ ਸੀ। ਗਦਰ ਪਾਰਟੀ ਉਤੇ ਕੀਤੇ 1914-15 ਦੇ ਜ਼ੁਲਮ ਸਰਕਾਰੀ ਵਫ਼ਾਦਾਰੀ ਦਾ ਰਾਹ ਰੋਕ ਖਲੋਤੇ ਸਨ। ਇਸ ਤੱਥ ਦਾ ਸਬੂਤ ਨਨਕਾਣੇ ਸਾਹਿਬ ਦੀ ਇਸ ਘਟਨਾ ਤੋਂ ਹੀ ਮਿਲਦਾ ਸੀ ਕਿ ਲੋਕਾਂ ਨੇ ਉਹਨਾਂ ਦੋ'ਹ ਸਪੈਸ਼ਲ ਗੱਡੀਆਂ ਵਿਚ ਚੜ੍ਹਨੋਂ ਇਨਕਾਰ ਕਰ ਦਿਤਾ ਜਿਹੜੀਆਂ ਲੋਕਾਂ ਨੂੰ ਨਨਕਾਣੇ ਤੋਂ ਬਾਹਰ ਕਢਣ ਲਈ ਸਟੇਸ਼ਨ ਤੇ ਲਿਆਂਦੀਆਂ ਗਈਆਂ ਸਨ। ਅਫਵਾਹ ਇਹ ਫੈਲ ਗਈ ਕਿ ਸਰਕਾਰ ਤਾਂ ਦੂਰ ਲਿਜਾ ਕੇ "ਸਾਰੇ ਸਿੱਖਾਂ ਨੂੰ ਫੜ ਲਏਗੀ ਜਾਂ ਬਜਬਜ ਘਾਟ ਦੇ ਮਾਮਲੇ ਵਾਂਗ ਸਿੱਝੇਗੀ।"[1] ਉਹ ਆਮ ਗੱਡੀਆਂ ਵਿਚ ਚੜ੍ਹਕੇ ਜਾਣ ਨੂੰ ਤਿਆਰ ਸਨ, ਪਰ ਸਪੈਸ਼ਲ ਗੱਡੀਆਂ ਵਿਚ ਨਹੀਂ।

ਗੌਰਮਿੰਟ ਦੇ ਆਪਣੇ ਸ਼ਬਦਾਂ ਵਿਚ ਉਸ ਵੇਲੇ ਸਰਕਾਰ ਦੇ ਵਿਰੁਧ ਬੜਾ 'ਸ਼ੱਕਦਾਰ ਵਾਅ-ਮੰਡਲ' ਪੈਦਾ ਹੋ ਗਿਆ ਸੀ। ਲਾਇਲਪੁਰ ਦੀ ਮੀਟਿੰਗ ਦੇ ਪ੍ਰਧਾਨ ਵਲੋਂ 21 ਫਰਵਰੀ ਨੂੰ ਐਗਜ਼ੈਕਟਿਵ ਮਿੰਬਰ ਮੀਆਂ ਮੁਹੰਮਦ ਸ਼ਫੀ ਨੂੰ ਤਾਰ ਦਿਤੀ ਗਈ :"ਕੋਈ ਮੁਜਰਮ ਸਜ਼ਾ ਤੋਂ ਬਚ ਨਾ ਸਕੇ। ਜ਼ਾਤੀ ਤੌਰ ਤੇ ਜਾ ਕੇ ਸਭ ਕੁਛ ਵੇਖੋ ਅਤੇ ਇਸ ਮਾਮਲੇ ਦੀ ਨਿਰਪੱਖ ਪੜਤਾਲ ਕਰਾਓ।"[2] ਗੋਜਰਾ ਤੋਂ ਮੀਆਂ ਮੁਹੰਮਦ ਸ਼ਫੀ ਤੇ ਮਿਸਟਰ ਸ਼ਰਮਾ ਨੂੰ ਸ੍ਰੀ ਚੰਬਾ ਸਿੰਘ ਨੇ ਤਾਰਾਂ ਦਿਤੀਆਂ ਅਤੇ 'ਸਰਕਾਰੀ ਤੇ ਗੈਰ ਸਰਕਾਰੀ ਅਫਸਰਾਂ ਤੋਂ ਪੜਤਾਲ ਕਰਾਣ ਦੀ ਮੰਗ ਕੀਤੀ।'[3] ਏਸੇ ਤਰ੍ਹਾਂ ਹੋਰ ਸਿੱਖ ਦਾਇਰਿਆਂ ਵਲੋਂ ਵੀ ਨਿਰਪੱਖ ਪੜਤਾਲ ਕਰਾਣ ਦੀ ਮੰਗ ਉਤੇ ਜ਼ੋਰ ਦਿਤਾ ਗਿਆ।

## 1. ਮੰਗ : ਦੋ ਮੁਕਦਮੇ ਚਲਾਓ

ਸਿਖ ਜਗਤ ਇਸ ਵੇਲੇ ਦੋ ਮੁਕੱਦਮੇ ਚਲਾਣ ਦੀ ਮੰਗ ਕਰ ਰਿਹਾ ਸੀ,—ਇਕ ਉਹਨਾਂ ਦੇ ਖਿਲਾਫ ਜਿਨ੍ਹਾਂ ਨੇ ਇਸ ਕਤਲ ਵਿਚ ਹਿੱਸਾ ਲਿਆ,—ਯਾਨੀ ਮਹੰਤ ਤੇ ਉਸ ਦੇ ਸਾਥੀ ਕਾਤਲਾਂ ਦੇ ਖਿਲਾਫ; ਦੂਜਾ ਗੌਰਮਿੰਟ ਅਫਸਰਾਂ, ਖਾਸ ਕਰ, ਕਮਿਸ਼ਨਰ ਕਿੰਗ ਤੇ ਡੀ. ਸੀ. ਕੱਰੀ ਦੇ ਖਿਲਾਫ,—ਜਿਨ੍ਹਾਂ ਨੇ ਸਾਜ਼ਸ਼ ਕਰਕੇ ਮਹੰਤ ਦੀਆਂ ਕਤਲ ਕਰਨ ਦੀਆਂ ਸਕੀਮਾਂ ਨੂੰ ਅਗੇ ਵਧਾਇਆ ਤੇ ਉਸ ਵਲੋਂ ਕਤਲ ਕਰਨ ਦੇ ਹਥਿਆਰ ਹਾਸਲ ਕਰਨ ਵੇਲੇ ਅੱਖਾਂ ਮੀਟੀ ਰਖੀਆਂ—ਯਾਨੀ ਇਹਨਾਂ ਅਫਸਰਾਂ ਤੇ ਮਹੰਤ ਦੀ ਸਾਜ਼ਸ਼ ਦੇ ਖਿਲਾਫ। ਦੋ ਮੁਕਦਮੇ ਚਲਾਣ ਦੀ ਇਸ ਐਜੀਟੇਸ਼ਨ ਬਾਰੇ ਗੌਰਮਿੰਟ ਦਾ ਪੜ-ਕਰਮ ਇਹ ਸੀ ਕਿ "ਸਿੱਖ ਮਹੰਤ ਤੋਂ ਬਦਲਾ ਲੈਣ ਲਈ ਤੁਲੇ ਹੋਏ ਹਨ।"[4]

ਜਿਥੋਂ ਤਕ ਅਫਸਰਾਂ ਦੇ ਮੁਕਦਮੇਂ ਦਾ ਸਬੰਧ ਹੈ, ਪੰਜਾਬ ਗੌਰਮਿੰਟ ਨੂੰ ਹੱਥਾਂ ਪੈਰਾਂ ਦੀ

---

[1] C. Kaye D. I. B. 2. 3. 21. notes in the I. B.

[2] Report from Punjab Govt. Camp, Rawal Pindi to Govt. of India.

[3] ਉਪਰੋਕਤ ਹੀ।

[4] Notes in the Intelligence Bureau, (Nankana Sahib Tragedy) C. Kaye 10. 3. 21

Digitized by Panjab Digital Library | www.panjabdigilib.org

ਪਈ ਹੋਈ ਸੀ, ਇਸ ਨੂੰ ਕੋਈ ਗੱਲ ਨਹੀਂ ਸੀ ਔੜ੍ਹਦੀ । ਕੇਂਦਰੀ ਦਿੱਲੀ ਦੀ ਸਰਕਾਰ ਇਸ ਦੀ ਮਦਦ ਨੂੰ ਪਹੁੰਚੀ । ਉਸ ਨੇ ਪੰਜਾਬ ਸਰਕਾਰ ਨੂੰ ਦੋ ਤਿੰਨ ਵਾਰ ਲਿਖਿਆ : 'ਸਰਕਾਰੀ ਚੁੱਪ' ਨੁਕਸਾਨ ਪਹੁੰਚਾ ਰਹੀ ਹੈ । ਮੁਕੱਦਮੇ ਚਲਾਕੇ ਅਫ਼ਸਰਾਂ ਦੀ ਇੱਜ਼ਤ ਬਹਾਲ ਕਰਨ ਤੋਂ ਪਹਿਲੇ ਇਸ ਵਿਸ਼ੇ ਬਾਰੇ ਮੁਕੱਮਲ ਏਲਾਨ ਕਰੋ, ਕਿ ਅਫਸਰ ਫਰਜ਼ ਦੀ ਕੁਤਾਹੀ ਦੇ ਕਸੂਰਵਾਰ ਨਹੀਂ ਹਨ । ਉਹ ਸਰਕਾਰ ਨੂੰ ਸਭ ਘਟਨਾਵਾਂ ਤੋਂ ਜਾਣੂ ਰਖਦੇ ਰਹੇ ਹਨ ਅਤੇ ਅਖੀਰ ਤਕ ਸਰਕਾਰ ਦੀ ਪਾਲਿਸੀ ਦੇ ਮੁਤਾਬਕ ਕੰਮ ਕਰਦੇ ਰਹੇ ਹਨ; ਵਗੈਰਾ । ਅਫਸਰਾਂ ਨੂੰ ਉਹਨਾਂ ਤਮਾਮ ਸ਼ੱਕ-ਸ਼ਕੂਕਾਂ ਤੋਂ ਬਰੀ ਕਰਾਓ ਜਿਹੜੇ ਉਹਨਾਂ ਵਿਰੁਧ ਅਖਬਾਰਾਂ ਵਿਚ ਮੜ੍ਹੇ ਗਏ ਹਨ । ਅਤੇ ਹਾਲਾਤ ਨੂੰ ਸਾਫ ਕਰਨ ਲਈ ਬਾਰ ਬਾਰ ਏਲਾਨ ਕਰੋ ।[1]

ਇਸ ਸੁਝਾਅ ਤੇ ਮਸ਼ਵਰੇ ਨਾਲ ਪੰਜਾਬ ਸਰਕਾਰ ਨੂੰ ਜ਼ਬਾਨ ਮਿਲ ਗਈ ਅਤੇ ਉਸ ਨੇ ਦੋਹਾਂ ਅਫਸਰਾਂ ਦੀ ਪੁਜ਼ੀਸ਼ਨ ਸਾਫ ਕਰਨ ਲਈ ਇਕ ਪਾਸੇ ਏਲਾਨ ਕਰਨੇ ਸ਼ੁਰੂ ਕੀਤੇ; ਦੂਜੇ ਪਾਸੇ ਅਖਬਾਰਾਂ ਵਿਰੁਧ ਅਫਸਰਾਂ ਦੀ ਹੱਤਕ ਇੱਜ਼ਤ ਦੇ ਮੁਕਦਮੇ ਦਾਇਰ ਕਰ ਦਿਤੇ ਅਤੇ ਉਹਨਾਂ ਤੋਂ ਵਡੀਆਂ ਰਕਮਾਂ ਜ਼ਮਾਨਤਾਂ ਵਜੋਂ ਮੰਗ ਲਈਆਂ । ਬੰਦੇ ਮਾਤਰਮ ਨੇ ਮੁਆਫੀ ਮੰਗ ਲਈ ।[2] ਅਕਾਲੀ ਡਟਿਆ ਰਿਹਾ । ਉਸਨੇ ਲਿਖਿਆ: "ਕਿੰਗ ਅਤੇ ਬੋਰਿੰਗ ਨੇ ਉਸ ਦੇ ਖਿਲਾਫ ਮੁਕਦਮੇ ਦਾਇਰ ਕਰ ਦਿਤੇ ਹਨ । ਉਹ ਮਰਦਾਂ ਵਾਂਗ, ਇਹਨਾਂ ਮੁਸ਼ਕਲਾਂ ਦਾ ਮੁਕਾਬਲਾ ਪੰਥ ਤੇ ਰਬ ਦੀ ਮਦਦ ਨਾਲ, ਕਰੇਗਾ ।"[3] ਅਤੇ ਉਸ ਨੇ ਬੜੇ ਮਾਣ ਨਾਲ ਕਿਹਾ ਕਿ ਇਹ ਅਕਾਲੀ ਦੇ ਯਤਨਾਂ ਦਾ ਹੀ ਸਦਕਾ ਹੈ ਕਿ ਏਨੀਆਂ ਮੁਸੀਬਤਾਂ ਝਾਗਣ ਪਿੱਛੋਂ ਅਕਾਲੀ (ਪੰਥ) ਮੁੜ ਸੁਰਜੀਤ ਹੋ ਗਿਆ ਹੈ ।

## 2. ਮਹਾਤਮਾ ਗਾਂਧੀ ਦਾ ਮਸ਼ਵਰਾ

ਮਹਾਤਮਾ ਗਾਂਧੀ ਤਿੰਨ ਮਾਰਚ ਨੂੰ ਨਨਕਾਣੇ ਸਾਹਿਬ ਪਹੁੰਚੇ । ਉਹਨਾਂ ਨੇ ਇਸ ਸੋਗਕ ਘਟਨਾ ਦਾ ਬੜੇ ਗਹੁ ਨਾਲ ਅਧਿਅਨ ਕੀਤਾ । ਪੂਰੀ ਜਾਣਕਾਰੀ ਹਾਸਲ ਕਰਨ ਦੇ ਬਾਅਦ ਉਹਨਾਂ ਨੇ ਆਖਿਆ : "ਹਰ ਇਕ ਚੀਜ਼ ਡਾਇਰਸ਼ਾਹੀ ਦੇ ਦੂਜੇ ਐਡੀਸ਼ਨ ਵਲ ਸੰਕੇਤ ਦੇਂਦੀ ਹੈ—ਜ਼ਲਿਆਂ ਵਾਲੇ ਬਾਗ ਦੇ ਵਹਿਸ਼ੀਪੁਣੇ ਨਾਲੋਂ ਵੀ ਵਧੇਰੇ ਵਹਿਸ਼ੀਆਨਾ ਅਤੇ ਵਧੇਰੇ ਸ਼ੈਤਾਨੀ ਭਰਿਆ"[4] ਉਹਨਾਂ ਨੇ ਸਿੱਖ ਆਗੂਆਂ ਨੂੰ ਬੜਾ ਸਿਆਣਾ ਮਸ਼ਵਰਾ ਦਿਤਾ ਪਰ ਉਹਨਾਂ ਨੇ ਇਹ ਪਰਵਾਨ ਨਾ ਕੀਤਾ ਕਿਉਂਕਿ ਨਨਕਾਣੇ ਸਾਹਿਬ ਦਾ ਇਨਚਾਰਜ ਉਸ ਵੇਲੇ ਮਿਲਵਰਤਨੀਆ ਹਰਬੰਸ ਸਿੰਘ ਅਟਾਰੀ ਸੀ ਜਿਸ ਦੀ ਰਾਜਨੀਤੀ ਇਹ ਸੀ ਕਿ ਇਕ ਕਾਂਗਰਸੀ ਆਗੂ ਦੇ ਦਖਲ ਨਾਲ ਅੰਗਰੇਜ਼ ਹਾਕਮ ਨਾਰਾਜ਼ ਹੋ ਜਾਣਗੇ । ਉਸ ਦੀ ਮਿਲਵਰਤਨ ਅਫਸਰਾਂ ਦੇ ਗੁਨਾਹਾਂ ਤੇ ਪੜਦਾ ਪਾਣ ਵਿਚ ਸਹਾਈ ਹੋਈ ਅਤੇ ਇਸ ਇਨਕਾਰ ਦਾ ਅਕਾਲੀ ਤਹਿਰੀਕ ਨੂੰ ਬੜਾ ਨੁਕਸਾਨ ਪੁਜਾ।

ਮਹਾਤਮਾ ਗਾਂਧੀ ਨੇ ਮਸ਼ਵਰਾ ਇਹ ਦਿਤਾ ਸੀ ਕਿ ਮੈਂ ਇਸ ਹਤਿਆਕਾਂਡ ਦੀ ਪੜ-

[1] Demi-oficial from S. P. O'Donnell to Mr. Trench no. 620 (police) Dated 8. 3. 21.

[2] ਪੰਡਤ ਦੌਲਤ ਰਾਮ ਕਾਲੀਆ ਦੇ ਸਵਾਲ ਨੰ: 364 ਦੇ ਜਵਾਬ ਵਿਚ (ਪੰਜਾਬ ਕੌਂਸਲ 5 ਅਪਰੈਲ 1921.)

[3] ਰੋਜ਼ਾਨਾ ਅਕਾਲੀ, ਲਾਹੌਰ, 7 ਅਗਸਤ 1921.

[4] The Times, March 11,1921 (Quoted from A History of the Sikhs vol. II Page 200.)

Digitized by Panjab Digital Library | www.panjabdigilib.org

ਤਾਲ ਕਰਨ ਲਈ ਗੈਰ-ਸਰਕਾਰੀ ਪੜਤਾਲੀਆ ਕਮੇਟੀ ਦਾ ਪਰਧਾਨ ਬਣਨ ਲਈ ਤਿਆਰ ਹਾਂ, ਪਰ ਸ਼ਰਤ ਇਹ ਹੈ ਕਿ ਤੁਸੀਂ ਅਦਾਲਤਾਂ ਵਿਚ ਇਨਸਾਫ ਲਈ ਨਹੀਂ ਜਾਓ ।[1] ਨਾ-ਮਿਲਵਰਤਨੀਏ ਇਸ ਗੱਲ ਨਾਲ ਸਹਿਮਤ ਸਨ । ਉਹ ਸਮਝਦੇ ਸਨ ਕਿ ਸਰਕਾਰ ਅੱਵਲ ਤਾਂ ਅਫਸਰਾਂ ਦੇ ਖਿਲਾਫ ਮਹੰਤ ਨਾਲ ਸਾਜ਼ਸ਼ ਦਾ ਮੁਕੱਦਮਾ ਚਲਾਣ ਹੀ ਨਹੀਂ ਲਗੀ, ਪਰ ਜੇ ਉਸ ਨੇ ਇਹ ਅਨਹੋਣੀ ਗੱਲ ਕਰ ਵੀ ਦਿਤੀ ਤਾਂ ਇਸ ਵਿਚ ਇਨਸਾਫ ਹਾਸਲ ਕਰਨਾ ਅਸੰਭਵ ਹੈ । ਉਦਾਰਵਾਦੀ ਅਕਾਲੀਆਂ ਨੂੰ ਅਜੇ ਇਹ ਸੰਭਵ ਜਾਪਦਾ ਸੀ ਕਿ ਮਹੰਤ ਤੇ ਉਸਦੇ ਹਮ-ਮੁਜਰਮਾਂ ਦੇ ਖਿਲਾਫ ਅਦਾਲਤਾਂ ਵਿਚੋਂ ਇਨਸਾਫ ਮਿਲ ਜਾਏਗਾ । ਪਰ ਛੇਤੀ ਹੀ ਜ਼ਾਹਿਰ ਹੋ ਗਿਆ ਕਿ ਉਹ ਵੀ ਭੁਲੇਖੇ ਦਾ ਸ਼ਿਕਾਰ ਹੋਏ-ਹੋਏ ਸਨ ।

ਗੈਰ ਸਰਕਾਰੀ ਪੜਤਾਲੀਆ ਕਮੇਟੀ ਤੋਂ ਬਰਿਟਿਸ਼ ਸਰਕਾਰ ਬੜਾ ਡਰਦੀ ਸੀ । ਇਸ ਦੀ ਪੜਤਾਲ ਤੋਂ ਸਾਜ਼ਸ਼ ਦਾ ਇਹ ਭੇਦ ਖੁਲ੍ਹ ਜਾਣ ਦੀ ਬੜੀ ਸੰਭਵਤਾ ਮੌਜੂਦ ਸੀ । ਮਹਾਤਮਾ ਗਾਂਧੀ ਦਾ ਇਸ ਕਮੇਟੀ ਦੀ ਪਰਧਾਨਗੀ ਕਰਨ ਲਈ ਰਜ਼ਾਮੰਦ ਹੋਣਾ ਮਮੂਲੀ ਗੱਲ ਨਹੀਂ ਸੀ । ਉਸ ਦੀ ਪੜਤਾਲ ਦਾ ਨਤੀਜਾ ਸਾਰੇ ਹਿੰਦੁਸਤਾਨ ਦੀ ਜ਼ਬਾਨ ਬਣ ਜਾਣਾ ਸੀ ਅਤੇ ਬਰਿਟਿਸ਼ ਰਾਜ ਦੀ ਸਾਜ਼ਸ਼ ਨੂੰ ਨੰਗਾ ਕਰਨ ਅਤੇ ਸਾਖ ਨੂੰ ਸੱਟ ਮਾਰਨ ਵਿਚ ਬੜਾ ਸਹਾਈ ਹੋਣਾ ਸੀ । ਅਤੇ ਅਕਾਲੀ ਤਹਿਰੀਕ ਦਾ ਮਾਣ ਸਤਕਾਰ ਹੋਰ ਵਧ ਜਾਣਾ ਸੀ ਪਰ ਇਹ ਸੁਨਹਿਰੀ ਮੌਕਿਆ ਹੱਥੋਂ ਖੋਹ ਦਿਤਾ ਗਿਆ ।

ਪੁਲਸ ਦੇ ਉੱਚੇ ਅਫਸਰ ਮਿਸਟਰ ਡੇਵਿਡ ਪੈਟਰੀ ਦੀ ਰਿਪੋਰਟ ਕਹਿੰਦੀ ਹੈ; ਇਹ ਬਹੁਤ ਵਧਾ ਕੇ ਗੱਲ ਕਰਨਾ ਨਹੀਂ ਕਿ ਏਹੋ ਜੇਹੀ ਗੈਰ ਸਰਕਾਰੀ ਪੜਤਾਲ ਦੇ ਨਤੀਜੇ ਓਨੇ ਹੀ ਬਦਕਿਸਮਤ ਹੋਣਗੇ ਜਿੰਨੇ ਕਿ ਦੂਰ-ਪਹੁੰਚਵੇਂ । ਮੈਂ ਇਹ ਜਾਂਦਾ ਜਾਂਦਾ ਕਹਿੰਦਾ ਹਾਂ ਕਿ ਸਾਜ਼ਸ਼ ਦੀ ਕਹਾਣੀ ਝੂਠੀ ਹੈ । ਸਾਰਾ ਕੁਛ ਜੋ ਮਹੰਤ ਸਾਜ਼ਸ਼ ਕਰਕੇ ਕਰ ਰਿਹਾ ਸੀ ਉਹ ਆਪਣੇ ਖਿਲਾਫ ਔਣ ਵਾਲੇ, ਦਰੁਸਤ ਤੌਰ ਤੇ ਆਉਣ ਵਾਲੇ ਹਥਿਆਰ-ਬੰਦ ਹਮਲੇ ਤੋਂ ਬਚਾਅ ਕਰਨ ਲਈ ਕਰ ਰਿਹਾ ਸੀ । ਇਹ ਦੂਜੀ ਗੱਲ ਹੈ ਕਿ ਜਦੋਂ ਉਸ ਨੇ ਮੋੜਵਾਂ ਹਮਲਾ ਕੀਤਾ ਤਾਂ ਉਹ ਆਪਣੇ ਹੱਕਾਂ ਤੋਂ ਬਹੁਤ ਅਗੇ ਲੰਘ ਗਿਆ ।"[2]

ਸਾਰੀ ਅਫਸਰਸ਼ਾਹੀ ਮੁਢ ਤੋਂ ਹੀ ਮਹੰਤਾਂ ਦਾ ਪੱਖ ਪੂਰ ਰਹੀ ਸੀ । ਉਤਲੇ ਪੈਰੇ ਵਿਚ ਸਰਕਾਰ ਵਲੋਂ ਮਹੰਤ ਨਰੈਣ ਦਾਸ ਦੀ ਤਰਫਦਾਰੀ ਸਾਫ ਪਰਗਟ ਹੁੰਦੀ ਹੈ । ਅਤੇ ਇਹ ਵੀ ਜ਼ਾਹਰ ਹੁੰਦਾ ਹੈ ਕਿ ਉਹ ਅਫਸਰਾਂ ਉਤੇ ਮੁਕੱਦਮਾ ਚਲਾਣ ਦੀ ਮੰਗ ਕਦੇ ਵੀ ਨਹੀਂ ਸਨ ਮੰਨਣ ਲਗੇ । ਉਹਨਾਂ ਇਹ ਵੀ ਅਨੁਭਵ ਕਰ ਲਿਆ ਸੀ ਕਿ ਜੇ ਅਫਸਰਾਂ ਉਤੇ ਸਾਜ਼ਸ਼ ਦਾ ਮੁਕਦਮਾ ਨਾ ਚਲਾਇਆ ਗਿਆ ਤਾਂ (ਸਿੱਖਾਂ ਲਈ) ਇਹ ਅਨਹੋਣੀ ਗੱਲ ਨਹੀਂ ਕਿ ਉਹ ਮਹਾਤਮਾ ਗਾਂਧੀ ਦੀਆਂ ਸ਼ਰਤਾਂ ਮੰਨਕੇ ਗੈਰ ਸਰਕਾਰੀ ਪੜਤਾਲ ਲਈ ਤਿਆਰ ਹੋ ਜਾਣ । ਨਾ-ਮਿਲਵਰਤਨੀਏਂ ਫੇਰ ਏਸ ਗੱਲ ਉਤੇ ਜ਼ੋਰ ਦੇ ਰਹੇ ਸਨ । ਪਰ ਹੁਣ ਲੰਘ ਚੁੱਕਿਆ ਵਕਤ ਮੁੜ ਹੱਥ ਨਹੀਂ ਸੀ ਆ ਸਕਦਾ । ਸਾਜ਼ਸ਼ ਵਿਚ ਅਫਸਰਾਂ ਨੂੰ ਧਰਨ ਦਾ ਕੰਮ ਵੀ ਨਾ ਬਣਿਆ ਅਤੇ ਮਹਾਤਮਾ ਦੀ ਅਗਵਾਈ ਵਿਚ ਗੈਰ ਸਰਕਾਰੀ ਪੜਤਾਲੀਆ ਕਮੇਟੀ ਦੀ ਸਿਰਜਨਾ ਵੀ ਹੱਥਾਂ ਵਿਚੋਂ ਨਿਕਲ ਗਈ ।

ਅਤੇ ਛੇਤੀ ਹੀ ਇਹ ਗੱਲ ਸਾਹਮਣੇ ਆ ਗਈ ਕਿ ਸਰਕਾਰੀ ਅਫਸਰ ਸਿੱਖਾਂ ਨੂੰ ਨਨਕਾਣੇ

[1] Notes in the Intelligence Bureau: C. Kaye—10. 3. 21.

[2] From D. Petrie D. I. G. Police to C. Kaye D. I. B. Dated Lahore 15th March 1921.

Digitized by Panjab Digital Library | www.panjabdigilib.org

ਸਾਹਿਬ ਵਿਚ ਵੇਖਣਾ ਤਕ ਪਸੰਦ ਨਹੀਂ ਕਰਦੇ । ਅਕਾਲੀਆਂ ਦੀ ਹੋਂਦ ਮਹੰਤ ਦੇ ਖਿਲਾਫ ਗੁਆਹਾਂ ਉਤੇ ਅਸਰ ਪਾਉਂਦੀ ਸੀ । ਅਫਸਰ ਗੁਆਹਾਂ ਤੋਂ ਆਪਣੀ ਮਰਜ਼ੀ ਦੇ ਬਿਆਨ ਦੁਆਣਾ ਚਾਹੁੰਦੇ ਸਨ । ਇਸ ਲਈ ਜ਼ਰੂਰੀ ਸੀ ਕਿ ਅਕਾਲੀਆਂ ਨੂੰ ਦਬਾਣ ਅਤੇ ਗੁਆਹਾਂ ਨੂੰ ਢਾਰਸ ਦੇਣ ਲਈ ਮੁੜ ਅਕਾਲੀਆਂ ਉਤੇ ਦਹਿਸ਼ਤ ਤੇ ਗਰਿਫਤਾਰੀਆਂ ਦਾ ਦੌਰ ਸ਼ੁਰੂ ਕੀਤਾ ਜਾਵੇ । ਇਸ ਤਸ਼ੱਦਦ ਤੋਂ ਬਗੈਰ ਗੁਆਹਾਂ ਤੋਂ ਮਰਜ਼ੀ ਦੇ ਬਿਆਨ ਹਾਸਲ ਕਰਨਾ ਮੁਸ਼ਕਲ ਸੀ । ਲੋਕਾਂ ਨੇ ਅਕਾਲੀਆਂ ਦੀ ਜਥੇਬੰਦ ਤਾਕਤ ਨੂੰ ਜਨਮ ਅਸਥਾਨ ਉਤੇ ਕਬਜ਼ੇ ਵੇਲੇ ਵੇਖ ਲਿਆ ਹੋਇਆ ਸੀ ।

## 3. ਕੇਸ ਪੈਟਰੀ ਦੇ ਹਵਾਲੇ

ਅਤੇ ਇਸ ਮੁਕਦਮੇ ਨੂੰ ਖੁਰਦ ਬੁਰਦ ਕਰਨ ਲਈ ਪੰਜਾਬ ਸਰਕਾਰ ਨੇ (ਜਿਸ ਵਿਚ ਕਿੰਗ ਹੁਣ ਫੈਸਲੇ ਕਰਨ ਵਾਲਿਆਂ ਵਿਚ ਮੁਖੀ ਬਣ ਗਿਆ ਸੀ ।) ਹਿੰਦੁਸਤਾਨ ਦੀ ਸਰਕਾਰ ਤੋਂ ਡੀ. ਆਈ. ਜੀ. ਪੁਲਸ, ਡੇਵਿਡ ਪੈਟਰੀ ਦੀ ਮੰਗ ਕੀਤੀ । ਉਹ ਜਾਸੂਸੀ ਮਹਿਕਮੇ ਦਾ ਬੜਾ ਤਜਰਬਾ-ਕਾਰ ਤੇ ਮਾਹਰ ਅਫਸਰ ਸੀ । ਅਤੇ ਉਸ ਨੇ ਗਦਰੀ ਬਗਾਵਤ ਨੂੰ ਖਤਮ ਕਰਨ ਅਤੇ ਬਜਬਜ ਘਾਟ ਉਤੇ ਕੋਮਾ ਗਾਟਾ ਮਾਰੂ ਦੇ ਮੁਸਾਫਰਾਂ ਨੂੰ ਗੋਲੀਆਂ ਨਾਲ ਭੁੰਨਣ ਵਿਚ ਉਭਰਵਾਂ ਹਿਸਾ ਲਿਆ ਸੀ । ਉਹ ਪੰਜਾਬ ਵਿਚ ਆ ਕੇ ਮਹੰਤ ਦੇ ਮੁਕੱਦਮੇ ਵਿਚ ਕੰਮ ਕਰਨ ਤੋਂ ਝਿਜਕਦਾ ਸੀ । ਉਹਦੀ ਆਪਣੀ ਜ਼ਬਾਨੀ ਸੁਣੋ ਉਹ ਕੀ ਕਹਿੰਦਾ ਹੈ :—

"ਇਹਨਾਂ ਹਾਲਤਾਂ ਵਿਚ, ਪੜਤਾਲ ਦਾ ਕੰਮ ਸੰਭਾਲਣ ਲਈ ਮੇਰੀ ਮੰਗ ਕਰਨ ਤੇ ਮੈਂ ਪੰਜਾਬ ਸਰਕਾਰ ਦੀ ਸਿਆਣਪ ਉਤੇ ਡੂੰਘਾ ਸ਼ੱਕ ਕਰਨ ਦੀ ਆਜ਼ਾਦੀ ਲੈਂਦਾ ਹਾਂ । ਇਹ ਗੱਲ ਸਾਂਝੀ ਜਾਏਦਾਦ ਬਣ ਚੁਕੀ ਹੈ ਕਿ ਬਜਬਜ ਦੇ ਹੱਲੇ-ਗੁੱਲੇ ਵੇਲੇ ਮੈਂ ਓਥੇ ਹਾਜ਼ਰ ਸਾਂ—ਅਤੇ ਇਸ ਦਾ ਸਾਰਿਆਂ ਨੂੰ ਪੂਰਣ ਤੌਰ ਤੇ ਪਤਾ ਹੈ ਕਿ ਮੈਂ ਹਿੰਦੁਸਤਾਨ ਵਿਚ ਅਤੇ ਇਸ ਦੇ ਬਾਹਰ ਸਿੱਖ ਇਨਕਲਾਬੀ ਸਾਜ਼ਸ਼ਾਂ ਦੇ ਤੋੜਨ ਨਾਲ ਕਈ ਤਰੀਕਿਆਂ ਨਾਲ ਸਰਗਰਮੀ ਨਾਲ ਜੁੜਿਆ ਰਿਹਾ ਹਾਂ ਮੈਂ ਚੇਤੰਨ ਹਾਂ, ਕਿ ਮੈਂ ਕੁਛ ਵੀ ਹੋ ਸਕਦਾ ਹਾਂ ਪਰ ਨੌ-ਸਿੱਖ ਪਾਰਟੀ ਦੇ ਉਹਨਾਂ ਬਹੁਤ ਸਾਰੇ ਆਗੂਆਂ ਦੀਆਂ ਅੱਖਾਂ ਵਿਚ 'ਘੱਟਾ ਪਾਣ ਵਾਲਾ ਪੁਰਖ' ਨਹੀਂ ਹੋ ਸਕਦਾ ਜਿਹੜੇ ਇਸ ਵੇਲੇ ਮੌਕੇ ਤੇ ਹਾਜ਼ਰ ਹਨ । ਉਹਨਾਂ ਨਾਲ ਵਰਤ-ਵਰਤਾਅ ਤੇ ਗਲਬਾਤ ਵਿਚ ਮੈਂ ਉਹਨਾਂ ਦਾ ਭਰੋਸਾ ਨਹੀਂ ਜਿਤ ਸਕਦਾ । ਯਕੀਨੀ ਤੌਰ ਤੇ, ਮੈਂ ਇਹ ਸਮਝ ਹੀ ਨਹੀਂ ਸਕਦਾ ਕਿ ਉਹਨਾਂ ਵਲੋਂ ਡੂੰਘੇ ਸੰਦੇਹ ਦਾ ਵਿਸ਼ਾ ਹੋਣ ਤੋਂ ਛੁਟ ਮੈਂ ਕੁਛ ਹੋਰ ਹੋ ਵੀ ਸਕਦਾ ਹਾਂ । ਮੈਂ ਇਨਸਾਨੀ ਤੌਰ ਤੇ ਅਸੰਭਵ ਖਿਆਲ ਕਰਦਾ ਹਾਂ ਕਿ ਉਹਨਾਂ ਨੂੰ ਯਕੀਨ ਦਵਾਇਆ ਜਾ ਸਕੇ ਕਿ ਮੈਂ ਉਹਨਾਂ ਨਾਲ ਉਚਿਤ ਵਿਹਾਰ ਕਰਾਂਗਾ । ਉਹ ਝਟ ਪਟ ਪਿਛਾਂਹ ਮੁੜਕੇ ਵੇਖਕੇ ਆਖਣਗੇ: "ਵੇਖੋ, ਗੌਰਮਿੰਟ ਨੇ ਕੇਹੋ ਜੇਹਾ ਅਫਸਰ ਨਿਰਪਖ ਪੜਤਾਲ ਕਰਨ ਲਈ ਮੁਕੱਰਰ ਕੀਤਾ ਹੈ ।"[1]

ਪੈਟਰੀ ਦੇ ਉਤਲੇ ਸ਼ਬਦ ਪੜ੍ਹਕੇ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਉਸਨੇ ਪੰਜਾਬ ਵਿਚ ਆ ਕੇ ਇਸ ਕੇਸ ਦੀ ਤਫਤੀਸ਼ ਤੇ ਪੈਰਵੀ ਕਰਨ ਤੋਂ ਇਨਕਾਰ ਕਰ ਦਿੱਤਾ ਹੋਣਾ ਏਂ । ਇਹ ਗੱਲ ਨਹੀਂ । ਉਸਦੇ ਪੰਜਾਬ ਵਿਚ ਘੱਲਣ ਦਾ ਫੈਸਲਾ ਹੋ ਚੁੱਕਾ ਸੀ । ਪਰ ਕੇਂਦਰੀ ਸਰਕਾਰ ਇਹ ਫੈਸਲਾ ਜ਼ਾਹਰ ਨਹੀਂ ਸੀ ਹੋਣ ਦੇਣਾ ਚਾਹੁੰਦੀ । ਇਸ ਲਈ ਵਿਓਂਤ ਇਹ ਬਣਾਈ ਗਈ

[1] D. Petrie 4. 3. 21. (Proccedings, May 1921 No. 282—315 & K.W.

Digitized by Panjab Digital Library | www.panjabdigilib.org

ਕਿ "ਪੈਟਰੀ ਐਤਵਾਰ 6 ਮਾਰਚ ਨੂੰ ਲਾਹੌਰ ਚਲਾ ਜਾਏ। ਉਹ ਸੋਮਵਾਰ 7 ਮਾਰਚ ਨੂੰ 9 ਵਜੇ ਓਥੇ ਪਹੁੰਚ ਜਾਏਗਾ। ਉਹਨੂੰ ਆਪਣੇ ਉਚੇਚੇ ਕੰਮ ਤੋਂ ਦਸਤਬਰਦਾਰ ਹੋਣ ਲਈ ਆਖਿਆ ਜਾਏ ਅਤੇ 7 ਮਾਰਚ ਦੀ ਦੁਪਹਿਰ ਤੋਂ ਪਹਿਲੋਂ ਉਸ ਨੂੰ ਮੇਰੇ (ਸੀ. ਕੇਅ ਡਾਇਰੈਕਟਰ ਜਾਸੂਸੀ ਮਹਿਕਮਾ) ਦਫਤਰ ਵਿਚ ਨਿਯੁਕਤ ਕਰ ਦਿੱਤਾ ਜਾਏ।[1]"

ਪੈਟਰੀ ਨੇ ਖੁਦ ਸੁਝਾਅ ਦਿੱਤਾ ਸੀ ਕਿ ਚੰਗਾ ਇਹ ਹੋਵੇਗਾ ਕਿ ਉਸ ਨੂੰ ਹਿੰਦੁਸਤਾਨ ਦੀ ਸਰਕਾਰ ਵਲੋਂ ਕੁਛ ਚਿਰ ਲਈ ਪੰਜਾਬ ਸਰਕਾਰ ਦਾ ਹੱਥ ਵਟਾਣ ਲਈ ਦੇ ਦਿੱਤਾ ਜਾਏ। ਉਹ ਉਹਨਾਂ ਦੀ ਤਫਤੀਸ਼ ਦੇ ਮਾਮਲੇ ਵਿਚ ਮਦਦ ਕਰੇ। ਪਰ ਐਗਜ਼ੈਕਟਿਵ ਦੇ ਕੰਮਾਂ ਵਿਚ ਦਖਲ ਨਾ ਦੇਵੇ।

ਇਸ ਤਰ੍ਹਾਂ ਇਹ ਚਲਾਕ ਅਫਸਰ ਪਿੱਛੇ ਬਹਿ ਕੇ ਮੁਕੱਦਮੇ ਨੂੰ ਖੁਰਦ ਬੁਰਦ ਕਰਨ ਦੀਆਂ ਗੋਂਦਾਂ ਗੁੰਦਣ ਲੱਗਾ। ਇਸ ਦੇ ਸੂਹਿਆਂ ਨੇ ਖਬਰ ਦਿੱਤੀ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਇਸ ਸ਼ਰਤ ਤੇ ਮਹੰਤ ਨੂੰ ਪੰਥ ਤੋਂ ਮੁਆਫੀ ਤੇ ਘੱਟ ਤੋਂ ਘੱਟ ਸਜ਼ਾ ਦਿਵਾਣ ਦਾ ਬੰਦੋਬਸਤ ਕਰ ਸਕਦੇ ਹਨ ਜੇ ਉਹ ਸਾਫ ਤੌਰ ਤੇ ਕਿੰਗ ਤੇ ਕੱਰੀ ਦਾ ਹੱਥ ਨਨਕਾਣੇ ਦੇ ਹੱਤਿਆ ਕਾਂਡ ਵਿਚ ਨੰਗਾ ਕਰ ਦੇਵੇ। ਇਸ ਤੇ ਸਰਕਾਰ ਨੂੰ ਹੋਰ ਪਿੱਸੂ ਪੈ ਗਏ। ਇਸ ਲਈ ਪਹਿਲੋਂ ਤਾਂ ਉਹਨਾਂ ਨੇ ਗੁਆਹਾਂ ਦੇ ਬਿਆਨ ਜਿਵੇਂ ਉਹ ਦੇਂਦੇ ਸਨ ਤਿਵੇਂ ਲਿਖਣੋਂ ਇਨਕਾਰ ਕਰ ਦਿੱਤਾ ਅਤੇ ਫੇਰ ਮੁਕੱਦਮੇਂ ਵਿਚ ਗੁਆਹਾਂ ਨੂੰ ਅਫਸਰਾਂ ਦੇ ਖਿਲਾਫ ਜਾਣ ਵਾਲੇ ਬਿਆਨਾਂ ਤੋਂ ਮੁਕਰਾਣਾ ਸ਼ੁਰੂ ਕਰ ਦਿਤਾ। ਸਰਕਾਰ ਦੀ ਇਹ ਸਾਰੀ ਗੋਂਦ ਸਰਕਾਰੀ ਅਫਸਰਾਂ ਨੂੰ ਮੁਲਜ਼ਿਮ ਠਹਿਰਾਉਂਦੀ ਹੈ।

ਪੈਟਰੀ ਖੁਦ ਲਿਖਦਾ ਹੈ: "ਨਨਕਾਣੇ ਦੀ ਪੜਤਾਲ ਚਲ ਰਹੀ ਹੈ, ਮੈਂ ਦੂਜੇ ਇਕਬਾਲੀ ਗੁਆਹ ਦਾ ਬਿਆਨ ਵੇਖ ਲਿਆ ਹੈ। ਇਹ ਬਹੁਤਾ ਓਸੇ ਬਿਆਨ ਦੀ ਤਸਦੀਕ ਕਰਦਾ ਹੈ ਜਿਹੜਾ ਪਹਿਲੇ ਗੁਆਹ ਨੇ ਦਿਤਾ ਸੀ......ਇਕ ਜਾਂ ਜ਼ਿਆਦਾ ਪਠਾਣਾਂ ਵਲੋਂ ਜਿਹੜੇ ਮਹੰਤ ਨੇ ਨੌਕਰ ਰਖੇ ਹੋਏ ਸਨ ਅਤੇ ਉਹਦੇ ਨਾਲ ਫੜੇ ਗਏ ਸਨ—ਭੇਦ ਖੋਲ੍ਹ ਦੇਣਾ ਸੰਭਵ ਹੈ।"[2] ਇਹ ਸ਼ੁਰੂ ਵਿਚ ਤਫਤੀਸ਼ ਵੇਲੇ ਤੇ ਮੈਜਿਸਟਰੇਟ ਦੇ ਅੱਗੇ ਬਿਆਨ ਦਰਜ ਕਰਾਣ ਵੇਲੇ ਦੀ ਗੱਲ ਹੈ। ਪੈਟਰੀ ਨੇ ਛੇਤੀ ਹੀ ਹਾਲਾਤ ਉਤੇ ਕਾਬੂ ਪਾ ਲਿਆ ਅਤੇ ਬਿਆਨ ਆਪਣੀ ਮਰਜ਼ੀ ਦੇ ਦਿਵਾਣੇ ਸ਼ੁਰੂ ਕਰਾ ਦਿਤੇ। ਸਿੱਧਾ ਸਰਕਾਰੀ ਦਖਲ ਵੇਖ ਕੇ ਅਕਾਲੀਆਂ ਦੀ ਦਿਲਚਸਪੀ ਮੁਕੱਦਮੇ ਵਿਚ ਜਾਂਦੀ ਰਹੀ। ਉਹਨਾਂ ਇਕ ਤਰ੍ਹਾਂ ਮੁਕਦਮੇ ਦਾ ਬਾਈਕਾਟ ਕਰ ਦਿਤਾ। ਏਸੇ ਕਿਸਮ ਦੀਆਂ ਰਿਪੋਰਟਾਂ ਮਿਸਟਰ ਪੈਟਰੀ ਨੇ ਵੀ ਮਿਸਟਰ ਕੇਅ ਨੂੰ ਘੱਲੀਆਂ ਸਨ। 'ਮੁਜਰਮਾਨਾ ਲਾਪਰਵਾਹੀ' ਦਾ ਇਲਜ਼ਾਮ ਤਾਂ ਨਰਮ-ਦਲੀ ਅਖਬਾਰ ਵੀ, ਇਹਨਾਂ ਅਫਸਰਾਂ ਉਤੇ, ਬਾਰ ਬਾਰ ਲਾਉਂਦੇ ਸਨ।

ਪਰ ਆਮ ਸਿੱਖ, ਖਾਸ ਕਰ ਅਕਾਲੀ, ਇਸ ਸੋਗੀ ਸਾਕੇ ਦਾ ਜ਼ੁਮੇਂਵਾਰ ਅੰਗਰੇਜ਼ ਅਫ-ਸਰਾਂ—ਕਿੰਗ ਤੇ ਕੱਰੀ ਨੂੰ—ਠਹਿਰਾਂਦੇ ਸਨ। ਮਹੰਤ ਤਾਂ ਉਹਨਾਂ ਦਾ ਹੱਥ ਠੋਕਾ ਸੀ। ਗੈਰ ਸਿੱਖ ਵੀ, ਖੁਲ੍ਹੀ ਜਾਂ ਖੁਫੀਆ, ਏਹੋ ਰਾਏ ਰਖਦੇ ਸਨ। ਇਸ ਸਾਕੇ ਨੇ ਅੰਗਰੇਜ਼ ਰਾਜ ਦੇ ਖਿਲਾਫ, ਆਮ ਸਿੱਖਾਂ ਵਿਚ, ਗੁੱਸਾ ਬੜਾ ਤਿੱਖਾ ਕਰ ਦਿਤਾ ਸੀ। ਅਤੇ ਉਹ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਤੇ ਕੋਈ ਤੇਜ਼ ਕਦਮ ਚੁਕਣ ਲਈ ਜ਼ੋਰ ਪਾ ਰਹੇ ਸਨ। ਖੁਦ ਸ਼੍ਰੋਮਣੀ ਕਮੇਟੀ ਦੇ ਬਹੁਤੇ

[1] Note in the Intelligence Bureau : C. Kaye, 5.3.21,

[2] From D. Petrie D. I. G. of Police to Col. Kaye D. I. B. dated Lahore 15 th March.

Digitized by Panjab Digital Library | www.panjabdigilib.org

ਮਿੰਬਰ ਵੀ ਕੁਛ ਨਾ ਕੁਛ ਕਰਨ ਲਈ ਉਤਾਵਲੇ ਸਨ । 130 ਸਿੰਘਾਂ ਦੀ ਸ਼ਹਾਦਤ ਕੋਈ ਮਮੂਲੀ ਗੱਲ ਨਹੀਂ ਸੀ । ਵਫ਼ਾਦਾਰਾਂ ਤੋਂ ਛੁੱਟ ਇਸ ਸ਼ਹਾਦਤ ਨੇ ਸਿੱਖਾਂ ਦੇ ਦਿਲਾਂ ਨੂੰ ਤਲੋ ਮੱਛੀ ਕੀਤਾ ਹੋਇਆ ਸੀ ।

ਲਗ ਭਗ ਸੌ ਸਿੰਘਾਂ ਦੀਆਂ ਗਰਿਫਤਾਰੀਆਂ, ਉਹਨਾਂ ਉਤੇ ਡਾਕਾ ਮਾਰਨ, ਘਰ ਭੰਨਣ ਤੇ ਬੇਕਾਨੂੰਨ ਮਜਮਿਆਂ ਆਦ ਦੇ ਮਿੰਬਰ ਹੋਣ ਦੇ ਮੁਕੱਦਮੇ, ਇਹ ਸਭ ਗੁਰਦੁਆਰਾ ਤਹਿਰੀਕ ਦੇ ਕੁਚਲਣ ਲਈ ਹਮਲਾ ਸੀ ।—ਇਹਨਾਂ ਘਟਨਾਵਾਂ ਨੇ ਬਲਦੀ ਉਤੇ ਤੇਲ ਦਾ ਕੰਮ ਕੀਤਾ । ਅਗਲੇ ਜ਼ਖਮ ਅਜੇ ਸਿੱਖਾਂ ਨੂੰ ਤੜਪਾ ਹੀ ਰਹੇ ਸਨ ਕਿ ਅੰਗਰੇਜ਼ ਰਾਜ ਨੇ ਸਿੱਖਾਂ ਦੇ ਦਿਲਾਂ ਉਤੇ ਨਵੇਂ ਫੱਟ ਤੇ ਪੱਛ ਲਾ ਦਿਤੇ ।

11 ਮਈ 1921 ਨੂੰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਮੀਟਿੰਗ ਹੋਈ । ਇਸ ਵਿਚ ਵਫ਼ਾਦਾਰ ਮਿਲਵਰਤਨੀਆਂ ਤੇ ਲੜਾਕੂ ਨਾ-ਮਿਲਵਰਤਨੀਆਂ ਵਿਚਕਾਰ ਟੱਕਰ ਹੋਈ । ਮਿਲ-ਵਰਤਨੀਆਂ ਦੀ ਸਕੀਮ ਇਹ ਸੀ ਕਿ ਸਰਕਾਰ ਗੁਰਦੁਆਰਾ ਕਾਨੂੰਨ ਬਣਾਣਾ ਮੰਨਦੀ ਹੈ, ਮਾੜੀਆਂ ਮੋਟੀਆਂ ਤਰਮੀਮਾਂ ਕਰਕੇ ਇਹ ਕਾਨੂੰਨ ਬਣਵਾ ਲਿਆ ਜਾਵੇ ਅਤੇ ਸਿੱਖਾਂ ਨੂੰ ਪੂਰਣ ਗੁਰਦੁਆਰਾ ਸੁਧਾਰ, ਜਾਂ ਆਜ਼ਾਦੀ ਲਈ ਨਾ-ਮਿਲਵਰਤਨ ਦੇ ਰਾਹੇ ਨਾ ਪੈਣ ਦਿਤਾ ਜਾਵੇ । ਸਿੱਖ ਚੀਫ-ਖਾਲਸਾ ਦੀਵਾਨੀਆਂ ਵਾਂਗ ਹੀ ਅੰਗਰੇਜ਼ ਦੇ 'ਸਦੀਵੀ ਰਾਜ' ਦੇ ਸੋਹਲੇ ਗਾਂਦੇ ਰਹਿਣ ।

## 4. ਕਵੀਸ਼ਰ ਤੇ ਨਾ-ਮਿਲਵਰਤਣ

ਸ: ਸਰਦੂਲ ਸਿੰਘ ਕਵੀਸ਼ਰ ਉਸ ਮੀਟਿੰਗ ਵਿਚ ਹਾਜ਼ਰ ਸਨ । ਉਹਨਾਂ ਨੇ ਮੀਟਿੰਗ ਵਿਚ ਸ: ਸੁੰਦਰ ਸਿੰਘ ਦੀ ਪੇਸ਼ ਕੀਤੀ ਹੋਈ ਤਜਵੀਜ਼ ਦੀ ਵਿਰੋਧਤਾ ਕੀਤੀ ਸੀ ਅਤੇ ਨਾਮਿਲਵਰਤਨ ਦੇ ਮਤੇ ਦੀ ਪੁਸ਼ਟੀ ਕੀਤੀ ਸੀ । ਉਹ ਲਿਖਦੇ ਹਨ : ਗੁਰਦੁਆਰਾ ਕਮੇਟੀ ਆਪਣੇ ਗੁਰਦੁਆਰਿਆਂ ਦੇ ਇੰਤਜ਼ਾਮ ਵਿਚ ਗੌਰਮਿੰਟ ਦਾ ਦਖਲ ਬਿਲਕੁਲ ਹੀ ਨਹੀਂ ਸੀ ਚਹੁੰਦੀ । ਇਸ ਲਈ ਉਹਨਾਂ ਇਸ ਸਬੰਧੀ ਇਕ ਗੁਰਮਤਾ ਪਾਸ ਕੀਤਾ ਅਤੇ ਇਕ ਗੁਰਮਤਾ ਇਹ ਵੀ ਪਾਸ ਕੀਤਾ ਕਿ ਸਰਕਾਰ ਨਾਲ ਨਾ-ਮਿਲਵਰਤਨ ਦੀ ਪਾਲਿਸੀ ਅਖਤਿਆਰ ਕੀਤੀ ਜਾਵੇ । ਸ: ਹਰਬੰਸ ਸਿੰਘ ਤੇ ਸ: ਜੋਧ ਸਿੰਘ ਹੋਰਾਂ ਨੇ ਇਸ ਰੈਜ਼ੋਲਿਊਸ਼ਨ ਦੀ ਬੜੀ ਵਿਰੋਧਤਾ ਕੀਤੀ, ਪਰੰਤੂ ਕੁਛ ਪੇਸ਼ ਨਾ ਗਈ । ਇਸ ਲਈ ਉਹਨਾਂ ਇਸ ਕਮੇਟੀ ਤੋਂ ਅਸਤੀਫੇ ਦੇ ਦਿਤੇ ਅਤੇ ਇਹ ਆਖਦੇ ਹੋਏ ਮੀਟਿੰਗ ਵਿਚੋਂ ਬਾਹਰ ਚਲੇ ਗਏ ਕਿ ਅਸੀਂ ਵੀ ਉਹਨਾਂ ਤੋਂ ਬਦਲਾ ਲੈ ਕੇ ਛਡਾਂਗੇ, ਜਿਨ੍ਹਾਂ ਨੇ ਬਣਨ ਵਾਲੇ ਕਾਨੂੰਨ ਦੀ ਵਿਰੋਧਤਾ ਕੀਤੀ ਹੈ । ਇਹ ਇਹਨਾਂ ਦਾ ਦਿਲੀ ਮਨੋਰਥ ਸੀ । ਇਸ ਕਾਨੂੰਨ ਦੁਆਰਾ ਸ: ਸੁੰਦਰ ਸਿੰਘ ਸਭ ਸਿੱਖ ਮੰਦਰਾਂ ਦੇ ਰਖਿਅਕ ਬਣਨ ਵਾਲੇ ਸਨ ।[1]

ਗੌਰਮਿੰਟ ਅਫਸਰਾਂ ਨੂੰ ਬੜਾ ਯਕੀਨ ਸੀ ਕਿ ਉਹਨਾਂ ਦੇ ਵਫ਼ਾਦਾਰ ਸ਼੍ਰੋਮਣੀ ਕਮੇਟੀ ਦੇ ਅੰਦਰ ਬੈਠੇ ਹਨ; ਉਹ ਸਰਕਾਰ ਦੇ ਖਿਲਾਫ, ਸਰਕਾਰੀ ਤਸ਼ੱਦਦ ਦੇ ਬਾਵਜੂਦ, ਕੋਈ ਮਤਾ ਨਹੀਂ ਪਾਸ ਹੋਣ ਦੇਣਗੇ । ਅਤੇ ਸਿੱਖਾਂ ਨੂੰ ਅੰਗਰੇਜ਼ ਰਾਜ ਨਾਲ ਜੋੜੀ ਰਖਣਗੇ; ਇਹ ਤਾਂ ਉਹਨਾਂ ਅਫ-ਸਰਾਂ ਦੇ ਚਿਤ-ਚੇਤੇ ਵਿਚ ਵੀ ਨਹੀਂ ਸੀ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਨੂੰ ਪੰਥਕ ਕਬਜ਼ੇ ਵਿਚ ਲਿਆਣ ਲਈ ਨਾ-ਮਿਲਵਰਤਨ ਦਾ ਮਤਾ ਪਾਸ ਕਰਨ ਤਕ ਜਾਵੇਗੀ । ਇਸ ਲਈ ਸਰਕਾਰ ਦਾ ਤੌਖਲਾ ਸਮਝ ਵਿਚ ਆਉਣਾ ਮੁਸ਼ਕਲ ਨਹੀਂ ਸੀ ।

---

[1] ਸ: ਸਰਦੂਲ ਸਿੰਘ ਕਵੀਸ਼ਰ ਦਾ ਐਡੀਸ਼ਨਲ ਡਿਸਟਰਿਕਟ ਮੈਜਿਸਟਰੇਟ ਮਿਸਟਰ ਹੈਰੀਸਨ ਦੀ ਅਦਾਲਤ ਵਿਚ ਆਪਣਾ ਲਿਖਤੀ ਬਿਆਨ, ਜੂਨ 1921.

Digitized by Panjab Digital Library | www.panjabdigilib.org

ਪੈਟਰੀ ਲਿਖਦਾ ਹੈ : ਕਰਤਾਰ ਸਿੰਘ ਦੀ ਗਰਿਫਤਾਰੀ ਨੂੰ ਜਥਿਆਂ ਵਲੋਂ ਕੁਦਰਤੀ ਤੌਰ ਤੇ ਚੰਗਾ ਨਹੀਂ ਸਮਝਿਆ ਗਿਆ। ਇਸ ਨੇ ਕਮੇਟੀ ਨੂੰ ਵੀ ਪਰੇਸ਼ਾਨ ਕਰ ਦਿਤਾ ਹੈ ਜਿਸ ਤੋਂ ਅਸੀਂ ਵਧੇਰੇ ਸੁਲਝੀ ਹੋਈ ਤੇ ਸਹਾਇਕ ਪਾਲਿਸੀ ਦੀ ਆਸ ਰਖ ਸਕਦੇ ਸਾਂ। ਉਹਨਾਂ ਨੇ ਗੌਰਮਿੰਟ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦਿਤਾ ਹੈ ਅਤੇ ਗੌਰਮਿੰਟ ਦੀ ਨਿਖੇਧੀ ਦਾ ਵੀ। ਅਤੇ ਇਹਨਾਂ ਦਾ ਤਰਕਵਾਦੀ ਨਤੀਜਾ ਉਹਨਾਂ (ਵਫਾਦਾਰਾਂ) ਦੇ ਅਸਤੀਫਿਆਂ ਵਿਚ ਨਿਕਲਦਾ ਜਾਪਦਾ ਹੈ।[1]

ਇਹਨਾਂ ਮਤਿਆਂ ਨੇ ਅੰਗਰੇਜ਼ ਅਫਸਰਾਂ ਨੂੰ ਇਕ ਦਮ ਹਰਕਤ ਵਿਚ ਲੈ ਆਂਦਾ। ਉਹਨਾਂ ਨੇ ਇਹ ਮਤੇ ਵਾਪਸ ਕਰਾਣ ਲਈ ਸ਼੍ਰੋਮਣੀ ਕਮੇਟੀ ਤੇ ਦਬਾਅ ਪਾਣ ਲਈ ਕਈ ਤਰੀਕੇ ਵਰਤੇ। "ਪੰਜਾਬ ਗੌਰਮਿੰਟ ਸ਼ਿਮਲੇ ਚਲੀ ਗਈ। ਪਰੰਤੂ ਸ: ਸੁੰਦਰ ਸਿੰਘ ਮਜੀਠੀਆ ਜਾਣ ਬੁਝ ਕੇ ਇਸ ਕਰਕੇ ਪਿਛੇ ਠਹਿਰ ਗਿਆ ਹੋਇਆ ਸੀ ਕਿ ਉਹ, ਪੜਦੇ ਓਹਲੇ ਰਹਿਕੇ, ਕਮੇਟੀ ਦੀ ਕਾਰਵਾਈ ਦੀ ਨਿਗਰਾਨੀ ਕਰੇ ਅਤੇ ਜਿਸ ਤਰ੍ਹਾਂ ਵੀ ਹੋਵੇ ਆਪਣੀ ਮਰਜ਼ੀ ਤੋਂ ਉਲਟ ਫੈਸਲੇ ਨੂੰ ਰੋਕੇ, ਜਦ ਇਸ ਦੇ ਦੋਸਤਾਂ ਦੀ ਕੋਸ਼ਸ਼ ਦੇ ਬਾਵਜੂਦ ਵੀ ਉਸਦੇ ਮਿਤਰ ਤੇ ਉਹ ਇਸ ਜਤਨ ਵਿਚ ਨਾਕਾਮ-ਯਾਬ ਹੋਏ ਤਾਂ ਉਸ ਨੇ ਸ਼ਿਮਲੇ ਪਹੁੰਚ ਕੇ ਮੇਰੇ ਵਿਰੁਧ ਰਿਪੋਰਟ ਕਰਨ ਵਿਚ ਕੋਈ ਕਸਰ ਨਾ ਛੱਡੀ।"[2]......ਪਰ ਨਾ-ਮਿਲਵਰਤਨ ਦਾ ਮਤਾ ਵਾਪਸ ਕਰਾਣ ਲਈ ਉਹਨਾਂ ਜਤਨ ਨਾ ਛਡੇ। ਸ਼ਿਮਲੇ ਤੋਂ "ਲਾਲਾ ਹਰਕਿਸ਼ਨ ਲਾਲ ਵਜ਼ੀਰ ਖੇਤੀਬਾੜੀ ਨੂੰ ਅਮਰਿਤਸਰ ਭੇਜਿਆ ਗਿਆ ਕਿ ਉਹ ਸਿੱਖਾਂ ਨੂੰ ਨਾ-ਮਿਲਵਰਤਨ ਦਾ ਮਤਾ ਮਨਸੂਖ ਕਰਨ ਅਤੇ ਸ: ਸੁੰਦਰ ਸਿੰਘ ਦੀ ਅਗਵਾਈ ਕਬੂਲ ਕਰਨ ਦੀ ਪਰੇਰਨਾ ਕਰੇ"[3] ਪਰ ਸ਼੍ਰੋਮਣੀ ਕਮੇਟੀ ਨੇ ਇਹ ਕਦਮ ਵਾਪਸ ਲੈਣ ਲਈ ਨਹੀਂ ਸੀ ਪੁਟਿਆ—ਸੋਚ ਸਮਝ ਕੇ ਅਤੇ ਇਸ ਦੇ ਨਤੀਜਿਆਂ ਦਾ ਮੁਕਾਬਲਾ ਕਰਨ ਲਈ ਪੁਟਿਆ ਸੀ।

## 5. ਪ੍ਰੋਪੇਗੰਡੇ ਦੀ ਜੰਗ

ਸ: ਸਰਦੂਲ ਸਿੰਘ ਕਵੀਸ਼ਰ ਨੇ ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਬੜਾ ਮਹੱਤਵ-ਪੂਰਣ ਰੋਲ ਅਦਾ ਕੀਤਾ ਸੀ। ਉਹ ਸੰਟਰਲ ਸਿੱਖ ਲੀਗ ਤੇ ਪੰਜਾਬ ਸੂਬਾ ਕਾਂਗਰਸ ਦਾ ਜਨਰਲ ਸੈਕਟਰੀ ਸੀ। 27 ਮਈ 1921 ਨੂੰ ਗਰਿਫਤਾਰ ਹੋਣ ਤੋਂ ਪਹਿਲੋਂ ਉਹ ਸਿੱਖ ਪਬ-ਲਿਸਟੀ ਕਮੇਟੀ ਦਾ ਸੈਕਟਰੀ ਸੀ ਅਤੇ ਮਾਰਚ ਦੀਆਂ ਗਰਿਫਤਾਰੀਆਂ ਪਿਛੋਂ ਸਰਕਾਰੀ ਅਫਸਰਾਂ ਨੇ ਅਕਾਲੀਆਂ ਨੂੰ ਬਦਨਾਮ ਕਰਨ ਲਈ ਝੂਠੇ ਇਲਜ਼ਾਮਾਂ ਦਾ ਜ਼ਬਰਦਸਤ ਪ੍ਰੋਪੇਗੰਡਾ ਸ਼ੁਰੂ ਕਰ ਦਿਤਾ ਸੀ ਅਤੇ ਸਰਕਾਰੀ ਏਲਾਨਾ ਰਾਹੀਂ ਕਿਹਾ ਸੀ ਕਿ ਅਕਾਲੀਆਂ ਨੇ ਹਿੰਦੂਆਂ ਦੇ ਪੂਜਣ ਵਾਲੀਆਂ ਮੂਰਤੀਆਂ ਤੋੜ ਦਿਤੀਆਂ ਹਨ; ਮਸਜਿਦਾਂ ਦੀ ਢਾਹ ਕੇ ਬੇਹੁਰਮਤੀ ਕੀਤੀ ਹੈ, ਸਮਾਧਾਂ ਢਾਹ ਦਿਤੀਆਂ ਹਨ, ਵਗੈਰਾ, ਵਗੈਰਾ। ਕਵੀਸ਼ਰ ਨੇ ਆਪਣਾ ਅਸਰ ਰਸੂਖ ਵਰਤ ਕੇ ਨਨਕਾਣੇ ਵਿਚ ਸੁਆਰਾਜੀਆ ਆਸ਼ਰਮ ਤੇ ਖਿਲਾਫਤ ਕਮੇਟੀ ਦੇ ਪਰਤੀਨਿਧ, ਪੰਜਾਬ ਕੌਂਸਲ ਦੇ ਮਿੰਬਰਾਂ ਅਤੇ ਸਿਆਸਤ ਦੇ ਐਡੀਟਰ ਸੱਯਦ ਹਬੀਬ ਨੂੰ ਪਰੇਰਕੇ ਨਨਕਾਣੇ ਭਿਜਵਾਇਆ ਤਾਂ ਜੋ ਉਹ ਸਚਿਆਈ ਦਾ ਬਿਆਨ ਕਰਕੇ ਸਰਕਾਰੀ ਪ੍ਰੋਪੇਗੰਡੇ ਦਾ ਪਾਜ ਖੋਲ੍ਹਣ। "ਨਨਕਾਣੇ ਸਾਹਿਬ ਦੇ ਸਿੱਖ ਯਾਤਰੂਆਂ ਉਤੇ ਇਲਜ਼ਾਮ ਲਾਏ ਗਏ ਸਨ ਕਿ ਉਹਨਾਂ ਨੇ ਇਸਤਰੀਆਂ ਅਤੇ ਮੂਰਤੀਆਂ ਦਾ ਨਿਰਾਦਰ ਕੀਤਾ

---

[1] From D. Petrie, D. I. G. of Police to Col. Kaye D. I. B. Home. Dated Lahore 15th March, 1921

[2] ਕਵੀਸ਼ਰ ਦਾ ਬਿਆਨ।

[3] ਉਪਰੋਕਤ ਬਿਆਨ ਹੀ।

Digitized by Panjab Digital Library | www.panjabdigilib.org

ਹੈ, ਅਤੇ ਮਕਬਰਿਆਂ ਤੇ ਮਸਜਦਾਂ ਦਾ ਸਤਕਾਰ ਭੰਗ ਕੀਤਾ ਹੈ ਅਤੇ ਇਸਤਰੀਆਂ ਨੂੰ ਦੁਖ ਦਿਤੇ ਹਨ । ਸਿੱਖ ਪਬਲਿਸਟੀ ਕਮੇਟੀ ਨੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਪਤਵੰਤੇ ਤੇ ਪਰਤਿਸ਼ਠਤ ਪਰਤੀਨਿਧਾਂ ਦੀ ਸ਼ਹਾਦਤ ਨਾਲ ਗੌਰਮਿੰਟ ਅਫਸਰਾਂ ਦੀ ਸ਼ਹਿ ਨਾਲ ਫੈਲਾਈਆਂ ਹੋਈਆਂ ਇਹਨਾਂ ਝੂਠੀਆਂ ਕਹਾਣੀਆਂ ਦਾ ਚੰਗੀ ਤਰ੍ਹਾਂ ਪੋਲ ਖੋਲ੍ਹਿਆ । ਅਤੇ ਸਾਬਤ ਕੀਤਾ ਕਿ ਉਪਰੋਕਤ ਕਹਾਣੀਆਂ ਸਭ ਮਨਘੜਤ ਤੇ ਝੂਠੀਆਂ ਸਨ ।

"ਮੰਡੀ ਵਿਚ ਰਹਿਣ ਵਾਲਿਆਂ ਤੇ ਹੋਰਨਾਂ ਨੇ ਮੈਨੂੰ ਦਸਿਆ ਕਿ ਸਿੱਖਾਂ ਨੇ ਕਿਸੇ ਨੂੰ ਨਹੀਂ ਲੁੱਟਿਆ; ਸਗੋਂ, ਲੋਕ ਡਰਦੇ ਮਾਰੇ ਭਜ ਗਏ ਸਨ, ਉਹਨਾਂ ਨੇ ਉਹਨਾਂ ਦੀ ਜਾਇਦਾਦ ਉਤੇ ਪਹਿਰੇ ਲਾਈ ਰਖੇ" (ਸਯੱਦ ਹਬੀਬ, ਐਡੀਟਰ ਸਿਆਸਤ)—"ਅਕਾਲੀ ਜਥਿਆਂ ਦੇ ਮਿੰਬਰ ਪਾਕ ਆਦਮੀ ਹਨ ਉਹਨਾਂ ਦੀ ਪਿਛਲੀ ਜ਼ਿੰਦਗੀ ਕੁਛ ਵੀ ਹੋਵੇ, ਹੁਣ ਉਹ ਧਾਰਮਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸਾਹਤ ਹਨ" (ਹੰਸਰਾਜ ਬੈਰਿਸਟਰ ਪਰਧਾਨ ਕਾਂਗਰਸ ਕਮੇਟੀ, ਜਲੰਧਰ)......"ਇਹ ਵੇਖਣ ਤੋਂ ਪਿੱਛੋਂ, ਤੁੱਛ ਖਾਸੇ ਦੀਆਂ ਸ਼ਿਕਾਇਤਾਂ ਤੋਂ ਛੁੱਟ, ਕਿਸੇ ਸ਼ਿਕਾਇਤ ਦੀ ਵੀ ਕੋਈ ਬੁਨਿਆਦ ਨਹੀਂ ਸੀ । ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ, ਜਿਹੜੀ ਖਾਲਸੇ ਨੇ ਵਿਖਾਈ, ਤਾਅਰੀਫ ਕਰਨ ਲਈ ਮਜਬੂਰ ਹੋਏ ਹਾਂ ।" (ਖਿਲਾਫਤ ਡੈਪੂਟੇਸ਼ਨ) 11 ਮਾਰਚ ਨੂੰ ਨਨਕਾਣੇ ਵਿਚ ਹੋਈ ਹਿੰਦੂਆਂ ਮੁਸਲਮਾਨਾਂ ਦੀ ਇਕ ਸਾਂਝੀ ਮੀਟਿੰਗ ਨੇ ਪਾਸ ਕੀਤਾ : ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂ ਮੁਸਲਮਾਨਾਂ ਨਾਲ ਸਲੂਕ ਹਮਦਰਦੀ-ਭਰਿਆ ਤੇ ਸ਼ਲਾਘਾ-ਯੋਗ ਹੈ । ਉਹ ਦੂਜਿਆਂ ਦੇ ਧਰਮਾਂ ਵਿਚ ਕੋਈ ਦਖਲ ਨਹੀਂ ਦੇਂਦੇ । ਅਸੀਂ ਦੁਸ਼ਮਣਾਂ ਵਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰ-ਜ਼ੋਰ ਤਰਦੀਦ ਕਰਦੇ ਹਾਂ ।

ਏਸੇ ਤਰ੍ਹਾਂ ਲੋਕਾਂ ਦੇ ਜਿਹੜੇ ਵੀ ਨੁਮਾਇੰਦੇ ਨਨਕਾਣੇ ਸਾਹਿਬ ਵਿਚ ਆਏ, ਉਹਨਾਂ ਨੇ ਗੌਰਮਿੰਟ ਦੇ ਝੂਠੇ ਪ੍ਰੋਪੈਗੰਡੇ ਨੂੰ ਖੋਲ੍ਹਕੇ ਨੰਗਾ ਕੀਤਾ । ਸੁਆਰਾਜੀਆ ਆਸ਼ਰਮ ਡੈਪੂਟੇਸ਼ਨ ਨੇ ਫੈਸਲਾ ਦਿਤਾ: ਪੜਤਾਲ ਕਰਨ ਉਪਰੰਤ ਸਾਨੂੰ ਯਕੀਨ ਹੋ ਗਿਆ ਹੈ ਕਿ ਗੁਰਦੁਆਰਾ ਜਨਮ ਅਸਥਾਨ ਵਿਚ ਕੋਈ ਸ਼ਿਵਲਿੰਗ ਨਹੀਂ ਸੀ, ਨਾ ਹੀ ਕਿਸੇ ਮੂਰਤੀ ਦੀ ਥਾਂ ਕੋਈ ਹੋਰ ਚੀਜ਼ ਰਖਣ ਦੇ ਕੋਈ ਨਿਸ਼ਾਨ ਸਨ । ਸਿੱਖ ਕਬਰਸਤਾਨ ਨੂੰ ਪਾਕ ਜ਼ਮੀਨ ਸਮਝਦੇ ਹਨ । ਉਹ ਦੂਜੇ ਫਿਰਕਿਆਂ ਦੇ ਜਜ਼ਬਿਆਂ ਦਾ ਬੜਾ ਸਤਕਾਰ ਕਰਦੇ ਹਨ ਅਤੇ ਏਹੋ ਜੇਹੀ ਕੋਈ ਅਫਵਾਹ ਕਿ ਉਹਨਾਂ ਨੇ ਕੋਈ ਕਬਰ ਢਾਹੀ, ਉੱਕੀ ਹੀ ਝੂਠੀ ਤੇ ਬੇਬੁਨਿਆਦ ਹੈ । ਏਹੋ ਜੇਹੀਆਂ ਝੂਠੀਆਂ ਅਫਵਾਹਾਂ ਅਤੇ ਸ਼ਰਾ-ਰਤੀਆਂ ਵਲੋਂ ਏਹੋ ਜੇਹੀਆਂ ਅਪਵਿੱਤਰ ਹਰਕਤਾਂ ਹਲਚਲ ਤੇ ਭੜਕਾਅ ਦੇ ਵਕਤਾਂ ਵਿਚ ਕੋਈ ਨਵੀਆਂ ਨਹੀਂ ਹਨ—ਇਹਨਾਂ ਦਾ ਨਿਸ਼ਾਨਾ ਇਕ ਫਿਰਕੇ ਨੂੰ ਦੂਜੇ ਦੇ ਖਿਲਾਫ ਲੜਾਣਾ ਹੁੰਦਾ ਹੈ । (ਪੰਜਾਬ ਕੌਂਸਲ ਦੇ ਸਿੱਖ ਮਿੰਬਰਾਂ ਦਾ ਬਿਆਨ ।)[1]

ਸਰਕਾਰੀ ਕੂੜੇ ਪ੍ਰਾਪੈਗੰਡੇ ਦਾ ਮਕਸਦ ਇਹ ਸੀ ਕਿ ਸਿੱਖਾਂ ਦੇ ਖਿਲਾਫ ਹਿੰਦੂ ਤੇ ਮੁਸਲਮਾਨਾਂ ਨੂੰ ਖੜਾ ਕੀਤਾ ਜਾਏ, ਅਕਾਲੀਆਂ ਨਾਲੋਂ ਆਮ ਸਿੱਖਾਂ ਦੀਆਂ ਹਮਦਰਦੀਆਂ ਤੋੜੀਆਂ ਜਾਣ ਅਤੇ ਉਹਨਾਂ ਨੂੰ ਭੰਡਕੇ ਤੇ ਬਦਨਾਮ ਕਰਕੇ ਅਤੇ ਆਮ ਲੋਕਾਂ ਤੋਂ ਨਿਖੇੜਕੇ ਕੁਚਲ ਦਿਤਾ ਜਾਵੇ । ਸਰਕਾਰ ਦੀ ਪ੍ਰੋਪੈਗੰਡਾ ਮਸ਼ੀਨ ਬੜੀ ਜ਼ਬਰਦਸਤ ਸੀ । ਸਾਰੀਆਂ ਪ੍ਰੋਪੈਗੰਡਾ ਏਜੰਸੀਆਂ ਦੀ ਜ਼ਿੰਦਗੀ ਸਰਕਾਰ ਦੇ ਰਹਿਮ ਤੇ ਸੀ । ਇਹਨਾਂ ਦਾ ਕੰਮ ਸੱਚੀਆਂ ਖਬਰਾਂ ਦੇਣਾ ਨਹੀਂ ਸੀ, ਸਰਕਾਰ-ਪੱਖੀ, ਰੰਗਦਾਰ ਤੇ ਮੁਹਾਣਕ ਖਬਰਾਂ ਦੇਣਾ ਸੀ । ਇਸ ਮਾਮਲੇ ਵਿਚ ਅੰਗਰੇਜ਼ ਅਫਸਰਾਂ ਦੀ

[1] ਇਹ ਤਰਦੀਦੀ ਬਿਆਨ ਪ੍ਰੋ: ਤੇਜਾ ਸਿੰਘ ਦੀ The Gurdwara Reform Movement ਵਿਚ ਵਿਸਥਾਰ ਨਾਲ ਦਰਜ ਹਨ : ਲੇਖਕ ।

Digitized by Panjab Digital Library | www.panjabdigilib.org

ਪਾਲਿਸੀ ਸੀ: ਕੁੱਤੇ ਨੂੰ ਪਗਲਾ ਕਹਿਕੇ ਬਦਨਾਮ ਕਰੋ ਅਤੇ ਗੋਲੀ ਦਾ ਸ਼ਿਕਾਰ ਬਣਾਓ। ਪਰ ਸਿੱਖ ਪਬਲਿਸਟੀ ਕਮੇਟੀ ਨੇ ਪ੍ਰੋਪੈਗੰਡੇ ਦੇ ਖੇਤਰ ਵਿਚ ਵੀ ਸਰਕਾਰੀ ਮਸ਼ੀਨਰੀ ਨੂੰ ਕਾਮਯਾਬ ਨਾ ਹੋਣ ਦਿਤਾ ਅਤੇ ਸਰਕਾਰ ਦੀਆਂ ਦੂਰ-ਸੂਚਨਾਵਾਂ ਤੇ ਝੂਠੀਆਂ ਖਬਰਾਂ ਦਾ ਠੋਕਵਾਂ ਤੇ ਸੱਚਾ ਜਵਾਬ ਦੇ ਕੇ ਆਮ ਲੋਕਾਂ ਤੇ ਹਿੰਦੂਆ ਤੇ ਮੁਸਲਮਾਨਾਂ ਨੂੰ ਅਕਾਲੀ ਤਹਿਰੀਕ ਦੇ ਹਕ ਵਿਚ ਜੋੜੀ ਰਖਿਆ। ਅਕਾਲੀ ਤਹਿਰੀਕ ਦੇ ਸਫਲਤਾ ਨਾਲ ਵਧਦੇ ਤੇ ਤਰੱਕੀ ਕਰਦੇ ਜਾਣ ਵਿਚ ਸ਼੍ਰੋਮਣੀ ਕਮੇਟੀ ਦੀ ਪਬਲਿਸਟੀ ਕਮੇਟੀ ਦਾ ਬੜਾ ਹੱਥ ਸੀ।

## 6. ਗਰਮ ਖਿਆਲ ਨਾ-ਮਿਲਵਰਤਨੀਏ

ਇਸ ਵੇਲੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਆਮ ਸਿੱਖਾਂ ਵਿਚ ਜੋਸ਼ ਤੇ ਕੁਰਬਾਨੀ ਦਾ ਜਜ਼ਬਾ ਪੈਰੋ ਪੈਰ ਵਧ ਰਿਹਾ ਸੀ। ਕੌਮ-ਪਰਸਤ ਸਿੱਖ ਆਗੂ ਜਿਥੇ ਦੇਸ਼ ਦੀ ਆਜ਼ਾਦੀ ਦੇ ਮੋਹਰੇ ਸਨ, ਓਥੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਸਭ ਤੋਂ ਮੋਹਰੇ ਸਨ। ਬਾਬੂ ਦਾਨ ਸਿੰਘ ਵਿਛੋਆ, ਸ: ਅਮਰ ਸਿੰਘ ਝਬਾਲ ਤੇ ਜਸਵੰਤ ਸਿੰਘ ਝਬਾਲ ਨੇ ਮੁਢਲੀ ਜਾਗਰਤ ਲਿਆਣ ਵੇਲੇ ਬੜਾ ਜ਼ੋਰਦਾਰ ਕੰਮ ਕੀਤਾ। ਉਂਞ ਇਸ ਅਕਾਲੀ ਤਹਿਰੀਕ ਦਾ ਮੋਢੀ 'ਅਕਾਲੀ', ਤੇ ਇਸ ਦੇ ਪਰਬੰਧਕ ਤੇ ਐਡੀਟਰ ਸਨ। ਸ਼ਹੀਦੀ ਜਥਾ ਕਾਇਮ ਕਰਨ ਤੇ ਰਿਕਾਬਗੰਜ ਦੀ ਕੰਧ ਉਸਾਰਨ ਦੇ ਮੋਰਚੇ ਦੀ ਗੱਲ ਸਭ ਤੋਂ ਪਹਿਲੋਂ ਸ: ਸਰਦੂਲ ਸਿੰਘ ਕਵੀਸ਼ਰ ਨੇ ਚਲਾਈ। ਇਕ ਸੌ ਤੋਂ ਵਧਕੇ ਨਨਕਾਣਾ ਦੇ ਸੋਗਕ ਸਾਕੇ ਤੋਂ ਝਬਦੇ ਪਿਛੋਂ ਹੀ ਇਹ ਗਿਣਤੀ ਇਕ ਹਜ਼ਾਰ ਤੋਂ ਜ਼ਿਆਦਾ ਹੋ ਗਈ। ਇਹ ਅਕਾਲੀ ਇਜੇਹੇ ਸੂਰਮੇ ਸਨ ਜਿਹੜੇ ਆਪਣੇ ਧਰਮ ਦੀ ਖਾਤਰ, ਨੋਟਿਸ ਮਿਲਣ ਉਤੇ, ਤਾਬੜ ਤੋੜ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਘਰ ਘਾਟ ਛੱਡਣ ਲਈ ਤਿਆਰ ਸਨ ਅਤੇ ਕਿਸੇ ਮੋਰਚੇ ਵਿਚ ਵੀ ਭੇਜੇ ਜਾ ਸਕਦੇ ਸਨ। ਇਹਨਾਂ ਨੇ ਬੰਧੇਜ ਵਿਚ ਰਹਿਣ ਤੇ ਭੜਕਾਹਟ ਵਿਚ ਵੀ ਸ਼ਾਂਤੀ ਧਾਰੀ ਰਖਣ ਦੀ ਸਹੁੰ ਖਾਧੀ ਹੋਈ ਸੀ। ਅਤੇ ਏਹੋ ਜੇਹੇ ਸਿਰ-ਲੱਥਾਂ ਤੇ ਆਤਮ-ਤਿਆਗੀਆਂ ਦੀ ਸੰਖਿਆ ਦਿਨੋ ਦਿਨ ਵਧ ਰਹੀ ਸੀ। ਅਤੇ ਇਸ ਸੂਰਬੀਰ ਜਥੇ ਦੀ ਅਗਵਾਈ ਉਪਰਲੇ ਆਗੂਆਂ ਤੋਂ ਛੁਟ ਸ: ਖੜਕ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸਰਦਾਰ ਹਰਚੰਦ ਸਿੰਘ ਵਗੈਰਾ ਕਰ ਰਹੇ ਸਨ, ਅਤੇ ਹੋਰ ਨਵੇਂ ਕੌਮ-ਪਰਸਤ ਆਗੂ ਦਿਨੋ ਦਿਨ ਮੈਦਾਨ ਵਿਚ ਨਿੱਤਰ ਰਹੇ ਸਨ।

ਸਰਕਾਰ ਨੂੰ ਇਕ ਤਾਂ ਗੁੱਸਾ ਤੇ ਸੱਲ੍ਹ ਸ਼੍ਰੋਮਣੀ ਕਮੇਟੀ ਵਲੋਂ ਨਾ-ਮਿਲਵਰਤਨ ਦਾ ਮਤਾ ਪਾਸ ਕਰ ਦੇਣ ਦਾ ਸੀ ਅਤੇ ਦੂਜਾ ਇਸ ਦਾ ਕਿ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਦੀ ਅਗਵਾਈ ਕੌਮ-ਪਰਸਤਾਂ ਵਲੋਂ ਕੀਤੀ ਜਾ ਰਹੀ ਸੀ। ਅਤੇ ਕਬਜ਼ੇ, ਬਹੁਤਾ ਕਰਕੇ, ਨਾ-ਮਿਲਵਰਤਨੀਏ ਸਿੱਖਾਂ ਦੇ ਹੱਥੀਂ ਆ ਰਹੇ ਸਨ। ਗੌਰਮਿੰਟ ਨੂੰ ਇਕ ਪਾਸੇ ਤਾਂ ਫਿਕਰ ਵਫਾਦਾਰੀ ਨੂੰ ਢਾਹ ਲਗਣ ਦਾ ਖਾ ਰਿਹਾ ਸੀ; ਦੂਜੇ ਪਾਸੇ ਇਹ ਕਿ ਜੇ ਗੁਰਦੁਆਰਿਆਂ ਦੇ ਵਕਫ਼ਾਂ ਦੀ ਆਮਦਨ ਕੌਮ ਪਰਸਤਾਂ ਦੇ ਹੱਥ ਆ ਗਈ ਤਾਂ ਉਹ ਇਹ ਆਮਦਨ ਰਾਜਸੀ ਕੰਮਾਂ ਤੇ ਸੰਗਰਾਮਾਂ ਲਈ ਵਰਤਣਗੇ, ਇਸ ਲਈ ਜਿਵੇਂ ਵੀ ਹੋਵੇ ਇਸ ਤਹਿਰੀਕ ਨੂੰ ਕੁਚਲਿਆ ਜਾਵੇ।

ਪਰ ਇਹ ਗੌਰਮਿੰਟ ਦਾ ਝੂਠਾ ਤੌਖਲਾ ਸੀ। ਏਸੇ ਤੌਖਲੇ ਦੇ ਅਸਰ ਥੱਲੇ ਕਿੰਗ ਨੇ ਬਾਬੇ ਦੀ ਬੇਰ (ਸਿਆਲਕੋਟ) ਦਾ ਗੁਰਦੁਆਰਾ ਸਿੱਖਾਂ ਦੀ ਪਰਤੀਨਿਧ ਕਮੇਟੀ ਦੇ ਹਵਾਲੇ ਕਰਨ ਵੇਲੇ ਰੁਪਏ ਦੀ ਵਰਤੋਂ ਉਤੇ ਪਾਬੰਦੀ ਲਾ ਦਿਤੀ ਅਤੇ ਵਕਫ ਉਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ। ਸਰਕਾਰ ਨੂੰ ਅਸਲ ਤੌਖਲਾ ਸ਼੍ਰੋਮਣੀ ਕਮੇਟੀ ਵਿਚ ਗਰਮ-ਖਿਆਲ ਅਕਾਲੀਆਂ ਦਾ ਕਬਜ਼ਾ ਹੋ

Digitized by Panjab Digital Library | www.panjabdigilib.org

ਜਾਣ ਤੇ ਵਫਾਦਾਰ ਚੀਫ ਖਾਲਸਾ ਦੀਵਾਨ ਦੀ ਸਾਖ ਦੇ ਡਿੱਗਣ ਦਾ ਸੀ। ਕਮੇਟੀ ਕਿਸੇ ਆਗੂ ਨੂੰ ਗੁਰਦੁਆਰਿਆਂ ਦੇ ਰੁਪਏ ਦੀ ਦੁਰਵਰਤੋਂ ਦੀ ਆਗਿਆ ਨਹੀਂ ਸੀ ਦੇ ਸਕਦੀ; ਅਤੇ ਨਾ ਹੀ ਅਕਾਲੀ ਜਥੇ, ਜਿਨ੍ਹਾਂ ਵਿਚ ਬਾਹਲੇ ਸਿਰਫ ਧਾਰਮਕ ਖਿਆਲਾਂ ਦੇ ਸਨ—ਕਿਸੇ ਨੂੰ ਰਾਜਸੀ ਕੰਮਾਂ ਲਈ ਧਾਰਮਕ ਆਮਦਨ ਦੀ ਦੁਰਵਰਤੋਂ ਦੀ ਆਗਿਆ ਦੇ ਸਕਦੇ ਸਨ। ਗੁਰਦੁਆਰਿਆਂ ਦੇ ਰੁਪਏ ਦੀ ਦੁਰਵਰਤੋਂ ਫੁੱਟ ਦੇ ਭਾਂਬੜ ਬਾਲਣ ਤੇ ਗੁਰਦੁਆਰਾ ਲਹਿਰ ਦੇ ਖੇਰੂੰ ਖੇਰੂੰ ਕਰਨ ਦਾ ਕੰਮ ਦੇਂਦੀ।

Digitized by Panjab Digital Library | www.panjabdigilib.org

# ਸਾਜ਼ਸ਼ ਦੇ ਸਬੂਤ

ਅਫਸਰਾਂ ਨੂੰ ਇਸ ਸਾਜ਼ਸ਼ ਦਾ ਚੰਗੀ ਤਰ੍ਹਾਂ ਪਤਾ ਸੀ; ਕਮਿਸ਼ਨਰ ਕਿੰਗ ਨੇ ਪੰਜਾਬ ਕੌਂਸਲ ਵਿਚ ਆਪਣੀ ਜ਼ਾਤੀ ਸਫਾਈ ਪੇਸ਼ ਕਰਦਿਆਂ ਆਖਿਆ ਸੀ : "ਇਹ ਕਹਿਣਾ ਸਚ ਹੈ, ਕਿ 20 ਫਰਵਰੀ ਦੀ ਘਟਨਾ ਤੋਂ ਪਹਿਲੋਂ, ਕੁਛ ਮਹੀਨਿਆਂ ਤੋਂ—ਅਕਤੂਬਰ ਦੇ ਸ਼ੁਰੂ ਤੋਂ ਅਸਲ ਵਿਚ—ਹਵਾ ਨਨਕਾਣੇ ਮੰਦਰ ਉਤੇ ਹਮਲੇ ਦੀਆਂ ਧੁੰਦਲੀਆਂ ਅਫਵਾਹਾਂ ਨਾਲ ਭਰਪੂਰ ਸੀ । ਇਹ ਕਿਹਾ ਜਾਂਦਾ ਸੀ ਕਿ ਮੰਦਰ ਉਤੇ ਹਮਲਾ ਕਰਨ ਲਈ ਜਥੇ ਜਮ੍ਹਾਂ ਹੋ ਰਹੇ ਹਨ ਤਾਂ ਜੋ ਤਾਕਤ ਦੇ ਬਲ ਨਾਲ ਇਸ ਤੇ ਕਬਜ਼ਾ ਕੀਤਾ ਜਾਵੇ । ਇਸ ਤਰ੍ਹਾਂ ਹੀ ਇਸ ਗੱਲ ਦੀ ਅਫਵਾਹ ਉਡਾਈ ਗਈ ਸੀ ਕਿ ਮਹੰਤ ਗੁਪਤ ਤੌਰ ਤੇ ਹਥਿਆਰ ਜਮ੍ਹਾ ਕਰ ਰਿਹਾ ਹੈ ਜਿਨ੍ਹਾਂ ਨਾਲ ਕਿ ਆਪਣੀ ਰਖਿਆ ਕੀਤੀ ਜਾਵੇ ।"[1] ਪਰ ਝੂਠ ਨੂੰ ਸਾਬਤ ਕਰਨ ਲਈ ਜਿਨੀ ਚਲਾਕੀ ਤੇ ਹੁਸ਼ਿਆਰੀ ਚਾਹੀਦੀ ਹੈ, ਓਨੀ ਕਿੰਗ ਕੋਲ ਨਹੀਂ ਸੀ ।

ਪਹਿਲੇ ਉਸ ਨੇ ਕੌਂਸਲ ਨੂੰ ਇਹ ਗੱਲ ਦੱਸੀ ਕਿ "ਜਦੋਂ ਮੈਂ ਜਨਵਰੀ (1921) ਦੇ ਅਖੀਰ ਵਿਚ ਨਨਕਾਣੇ ਦਾ ਦੌਰਾ ਕੀਤਾ ਮੈਂ ਵੇਖਿਆ ਕਿ ਦਰਵਾਜ਼ਿਆਂ ਨੂੰ ਮਜ਼ਬੂਤ ਕਰ ਲਿਆ ਗਿਆ ਅਤੇ ਉਹਨਾਂ ਵਿਚ ਜਾਸੂਸੀ ਮੋਰੀਆਂ ਰਖ ਲਈਆਂ ਗਈਆਂ ਸਨ, ਪਰ ਤਿਆਰੀਆਂ ਦਾ ਮਕਸਦ ਬਾਹਰੋਂ ਹਮਲੇ ਦੇ ਖਿਲਾਫ ਰੱਖਿਆ ਲਈ ਜਾਪਦਾ ਸੀ ।"[1] ਇਸ ਲਈ ਇਹ ਨਿਰੀਆਂ 'ਅਫਵਾਹਾਂ' ਹੀ ਨਹੀਂ ਸਨ, ਰਖਿਆ ਦੀਆਂ ਤਿਆਰੀਆਂ ਹੁੰਦੀਆਂ ਉਹ ਖੁਦ ਵੇਖ ਆਇਆ ਸੀ । ਕਿਹਨਾਂ ਦੇ ਖਿਲਾਫ ?—ਉਹਨਾਂ ਦੇ ਖਿਲਾਫ ਜਿਹੜੇ ਗੁਰੂ ਨਾਨਕ ਦੇ ਸ਼ਰਧਾਲੂ ਸਨ ਅਤੇ ਗੁਰਦੁਆਰੇ ਵਿਚ ਜਾ ਕੇ ਮੱਥਾ ਟੇਕਣਾ ਚਾਹੁੰਦੇ ਸਨ । ਉਹਨੂੰ ਮਹੰਤ ਦੀਆਂ ਗੋਂਦਾ ਦਾ ਸਭ ਪਤਾ ਸੀ ਉਹ ਆਪਣੇ ਝੂਠ ਨੂੰ ਛਪਾਉਣ ਲਈ 'ਅਫਵਾਹਾਂ' ਦਾ ਉਹਲਾ ਲੈਂਦਾ ਹੈ । ਸਰਕਾਰ ਤੇ ਕਿੰਗ ਨੂੰ ਇਹ ਵੀ ਪਤਾ ਸੀ ਕਿ ਅਕਾਲੀ ਮਹੰਤਾਂ ਦਾ ਸੁਧਾਰ ਕਰਨਾ ਚਾਹੁੰਦੇ ਹਨ, ਉਹ ਸਭ ਨੂੰ ਕਢਣਾ ਨਹੀਂ ਚਾਹੁੰਦੇ, ਬਦਮਾਸ਼ਾਂ ਨੂੰ ਕਢਣਾ ਚਾਹੁੰਦੇ ਹਨ ।

ਦੂਜੇ, ਕਿੰਗ ਕੌਂਸਲ ਵਿਚ ਦਿਤੀ ਜ਼ਾਤੀ ਸਫਾਈ ਦੇ ਬਿਆਨ ਵਿਚ ਕਹਿੰਦਾ ਹੈ :—"ਨਵੰਬਰ (1920) ਦੇ ਅਖੀਰ ਵਿਚ ਵਡੇ ਜੋੜ-ਮੇਲੇ ਵੇਲੇ ਉਸ (ਡਿਪਟੀ ਕਮਿਸ਼ਨਰ ਕੱਰੀ) ਦੀ ਹਾਜ਼ਰੀ ਤੇ ਜ਼ਾਤੀ ਭੱਜ-ਨੱਠ ਨੇ ਉਸ ਨਾਲੋਂ ਵੀ ਭੈੜੇ ਦੁਖਾਂਤ ਨੂੰ ਟਾਲਿਆ ਜਿਹੜਾ 20 ਫਰਵਰੀ (1921) ਨੂੰ ਵਾਸਤਵਿਕ ਤੌਰ ਤੇ ਵਾਪਰਿਆ ।" ਇਸ ਲਈ ਜੇ ਨਵੰਬਰ 1920 ਵਿਚ ਮਹੰਤ ਨਰਾਇਣ ਦਾਸ ਫਰਵਰੀ 1921 ਨਾਲੋਂ ਵੀ ਭਿਆਨਕ ਕਤਲਾਮ ਕਰਨ ਲਈ ਤਿਆਰ ਸੀ ਤਾਂ ਹੁਣ ਹਾਲਾਤ ਹੋਰ ਵੀ ਖਰਾਬ ਹੋ ਗਏ ਸਨ ਅਤੇ ਕਿੰਗ ਖੁਦ ਦਰਵਾਜ਼ਿਆਂ ਦੀ ਮਜ਼ਬੂਤੀ ਤੇ ਉਹਨਾਂ ਵਿਚ ਕੀਤੀਆਂ ਚੋਰ-ਮੋਰੀਆਂ ਵੇਖ ਆਇਆ ਸੀ, ਪਰ ਡੀ. ਸੀ. ਕੱਰੀ ਵਲੋਂ ਜਾਂ ਕਮਿਸ਼ਨਰ ਕਿੰਗ ਵਲੋਂ ਸਿੱਖ ਯਾਤਰੂਆਂ ਦੀ ਰਖਿਆ ਦੇ ਜਾਂ ਮਹੰਤ ਨੂੰ 20 ਫਰਵਰੀ ਦਾ ਸਾਕਾ ਵਰਤਾਣ ਤੋਂ ਰੋਕਣ ਦੇ ਕੋਈ ਕਦਮ ਨਾ ਉਠਾਣਾ ਉਹਨਾਂ ਨੂੰ ਮਹੰਤ ਦੀ ਸਾਜ਼ਸ਼ ਵਿਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਂਦਾ ਹੈ । ਅਤੇ ਉਸ ਵੇਲੇ ਲੋਕ ਠੀਕ ਇਲਜ਼ਾਮ ਲਾਉਂਦੇ ਸਨ ਕਿ ਇਹਨਾਂ ਦੋਹਾਂ ਅਫਸਰਾਂ ਦਾ ਇਸ

---

[1] C. M. King's : A personal explanation : Punjab Legisltaure Council debates 8th January to 16th April 1921—pp. 380—81.

[2] ਪਿਛਲਾ ਜ਼ਾਤੀ ਸਫ਼ਾਈ ਵਾਲਾ ਬਿਆਨ ਹੀ ।

Digitized by Panjab Digital Library | www.panjabdigilib.org

"ਭਿਆਨਕ ਜੁਰਮ ਨਾਲ ਛੁਪਿਆ ਹੋਇਆ ਤਅੱਲਕ ਸੀ ।"[1]

ਤੀਜੇ, ਚਹੁੰ-ਪੰਜਾਂ ਜ਼ਿਲਿਆਂ ਵਿਚ 'ਅਮਨ ਤੇ ਕਾਨੂੰਨ' ਦਾ ਰਖਵਾਲਾ ਇਹ ਕਿੰਗ ਕਹਿੰਦਾ ਹੈ ਕਿ ਜੇ ਇਹ ਤਿਆਰੀਆਂ (ਮਜ਼ਬੂਤ ਦਰਵਾਜ਼ੇ ਕਰਨੇ, ਚੋਰ ਮੋਰੀਆਂ ਰੱਖਣੀਆਂ) ਮਹੰਤ ਆਪਣੀ ਰੱਖਿਆ ਲਈ ਕਰ ਰਿਹਾ ਸੀ ਤਾਂ "ਹਰ ਇਕ ਇਨਸਾਫ-ਪਸੰਦ ਇਹ ਗੱਲ ਪਰਵਾਨ ਕਰੇਗਾ ਕਿ ਇਹ ਤਿਆਰੀਆਂ ਬਿਲਕੁਲ ਜਾਇਜ਼ ਸਨ ।"[2] ਠੀਕ ਹੈ, ਮਹੰਤ ਦਾ ਨਾਜਾਇਜ਼ ਪਿਸਤੌਲਾਂ ਤੇ ਬੰਦੂਕਾਂ, ਕਾਰਤੂਸਾਂ ਦੀਆਂ ਪੇਟੀਆਂ ਖਰੀਦ ਕੇ ਰਖਣਾ ਬਿਲਕੁਲ ਕਾਨੂੰਨ ਅਨੁਸਾਰ ਸੀ । ਉਸ ਵਲੋਂ ਗੁਰਦੁਆਰੇ ਅੰਦਰ ਭੱਠੀਆ ਲਾ ਕੇ, ਛਵੀਆਂ, ਗੰਡਾਸੇ ਤੇ ਟਕੂਏ ਬਣਾਣਾ ਬਿਲਕੁਲ ਜਾਇਜ਼ ਸੀ । ਇਸ ਕਾਨੂੰਨ ਦੇ ਰਾਖੇ ਨੇ ਪਤਾ ਕੀਤਾ ਹੋਣਾ ਏ ਕਿ ਅਕਾਲੀਆਂ ਦੇ ਕਤਲਾਮ ਲਈ ਮਹੰਤ ਨੇ ਹੋਰ ਕੀ ਕੀ ਹਥਿਆਰ ਤਿਆਰ ਕਰਵਾਏ ਸਨ ਕਿਉਂਕਿ ਜਿਹੜਾ ਅਫਸਰ ਦਰਵਾਜ਼ਿਆਂ ਦੀ ਮਜ਼ਬੂਤੀ ਤੇ ਚੋਰ ਮੋਰੀਆਂ ਵੇਖ ਸਕਦਾ ਹੈ, ਉਹ ਰੱਖਿਆ ਦੇ ਅਸਲ ਹਥਿਆਰ, ਪਿਸਤੌਲਾਂ, ਬੰਦੂਕਾਂ ਤੇ ਕਾਰ-ਤੂਸਾਂ ਨੂੰ ਕਿਵੇਂ ਅੱਖੋਂ ਪਰੋਖੇ ਰਹਿਣ ਦੇ ਸਕਦਾ ਹੈ ?

ਕਿੰਗ ਕਹਿੰਦਾ ਹੈ ਕਿ : "ਮੈਨੂੰ ਕੋਈ ਖਬਰ ਨਹੀਂ ਸੀ, ਗੌਰਮਿੰਟ ਨੂੰ ਕੋਈ ਖਬਰ ਨਹੀਂ ਸੀ ਕਿ ਚੰਦਰਕੋਟ ਵਿਚ 19 ਜਾਂ 20 ਫਰਵਰੀ ਨੂੰ ਕੋਈ ਵਡਾ ਦੀਵਾਨ ਹੋ ਰਿਹਾ ਸੀ ਅਤੇ ਲਛਮਨ ਸਿੰਘ ਅਤੇ ਉਸ ਦੀ ਪਾਰਟੀ ਨਨਕਾਣੇ ਜਾ ਰਹੇ ਸਨ ।" ਇਸ ਦਾ ਜਾਂ ਤਾਂ ਮਤਲਬ ਇਹ ਨਿਕ-ਲਦਾ ਹੈ ਕਿ ਸੀ. ਆਈ. ਡੀ. ਦੇ ਕਾਰਿੰਦੇ (ਕਰਮਚਾਰੀ) ਮਹੰਤ ਤੋਂ ਵੱਢੀ ਖਾ ਕੇ ਸਰਕਾਰ ਨੂੰ ਰਿਪੋਰਟਾਂ ਨਹੀਂ ਸਨ ਕਰ ਰਹੇ,—ਰਾਜਸੀ ਆਗੂਆਂ ਦੀਆਂ ਮਿੰਟ ਮਿੰਟ ਦੀਆਂ ਰਿਪੋਰਟਾਂ ਕਰਨ ਲਈ ਤਾਂ ਇਹ ਬੜੇ ਮਸ਼ਹੂਰ ਸਨ— ਜਾਂ ਇਹ ਕਿ ਜਾਣ ਬੁਝਕੇ ਗਿਣ ਮਿਥਕੇ, ਕਿਸੇ ਗੁੰਦੀ ਗੋਂਦ ਦੇ ਮਾਤਹਿਤ ਅੱਖਾਂ ਤੇ ਮੂੰਹ ਬੰਦ ਰਖੇ ਜਾ ਰਹੇ ਸਨ ਕਿ ਮਹੰਤ ਨਰਾਇਣ ਦਾਸ ਦੇ ਹੱਥੋਂ ਅਕਾਲੀ ਜਥੇ ਦਾ ਕਤਲਾਮ ਹੋਣ ਦਿਤਾ ਜਾਵੇ ਤਾਂ ਜੋ ਅਕਾਲੀ ਲਹਿਰ ਦਾ ਟੰਟਾ ਸਰਕਾਰ ਦੇ ਗਲੋਂ ਲੱਥੇ । ਸੰਭਵਤਾ ਇਸ ਗੱਲ ਦੀ ਹੈ ਕਿ ਮਹੰਤ ਦੀ ਵਢੀ ਵੀ ਕੰਮ ਕਰ ਰਹੀ ਸੀ ਅਤੇ ਗੋਂਦ ਵੀ ਗੁੰਦੀ ਜਾ ਰਹੀ ਸੀ ।

ਚੌਥੇ, ਪੰਜਾਬ ਕੌਂਸਲ ਨੂੰ ਉਸ ਦਾ ਜ਼ਾਤੀ ਸਫਾਈ ਵਾਲਾ ਸਮੁੱਚਾ ਬਿਆਨ ਅਕਾਲੀ ਤਹਿਰੀਕ ਦੇ ਖਿਲਾਫ ਅੰਨ੍ਹੇ ਤਅੱਸਬ ਤੇ ਵੈਰ ਨਾਲ ਓਤ ਪੋਤ ਹੋਇਆ-ਹੋਇਆ ਹੈ । ਇਸ ਵਿਚ ਕਿੰਗ ਕਹਿੰਦਾ ਹੈ ਕਿ 'ਚਿੱਠੀ' ਜਿਹੜੀ ਮੈਂ, 'ਸਰਕਾਰ ਦੀ ਮਨਜ਼ੂਰੀ ਨਾਲ', ਬਾਬਾ ਕਰਤਾਰ ਸਿੰਘ ਬੇਦੀ ਨੂੰ ਲਿਖੀ ਸੀ ਇਸ ਆਸ ਨਾਲ ਲਿਖੀ ਸੀ ਕਿ "ਜਥੇ ਇਹ ਗੱਲ ਸਮਝ ਜਾਣਗੇ ਕਿ ਉਹ ਕਾਨੂੰਨ ਦੇ ਵਿਰੁਧ ਕੰਮ ਕਰ ਰਹੇ ਹਨ ਅਤੇ ਉਹ ਆਪਣੇ ਆਪ ਨੂੰ ਇਸ ਤੋਂ ਰੋਕ-ਹੋੜ ਲੈਣਗੇ ।" ਹੁਣ ਉਸ ਚਿਠੀ ਦੇ ਸਬੰਧਤ ਹਿੱਸੇ ਦਾ ਅਧਿਅਨ ਕਰੋ ਜਿਹੜੀ ਉਸ ਨੇ 18 ਦਸੰਬਰ (1920) ਤੋਂ ਪਿੱਛੋਂ ਬੇਦੀ ਨੂੰ ਕਿਸੇ ਤਰੀਕ ਨੂੰ ਲਿਖੀ ਸੀ । ਕਿੰਗ ਨੇ ਸ਼ੁਰੂ ਵਿਚ 18 ਦਸੰਬਰ ਨੂੰ ਬੇਦੀ ਨਾਲ ਹੋਈ ਗਲਬਾਤ ਦਾ ਹਵਾਲਾ ਦਿਤਾ ਹੈ ਅਤੇ ਫੇਰ ਮਹੰਤਾਂ ਦਾ ਗੁਰਦੁਆਰਿਆਂ ਉਤੇ ਅਮਨ ਅਮਾਨ ਨਾਲ ਕਬਜ਼ਾ ਜਮਾਈ ਰਖਣ ਦੇ ਦਾਅਵੇ ਦੀ ਗੱਲ ਕਰਕੇ ਲਿਖਿਆ ਹੈ : "ਮੈਂ ਇਹ ਕਹਿਣ ਲਈ ਲਿਖ ਰਿਹਾ ਹਾਂ ਕਿ ਕੋਈ ਆਦਮੀ ਜਿਹੜਾ ਕਿਸੇ ਮਹੰਤ ਨੂੰ ਜਾਂ ਹੋਰ ਕਿਸੇ ਆਦਮੀ ਨੂੰ ਜਿਸ ਦੇ

[1] C. M. King's : A personal explanation : Punjab Legislature Council debates 8th january to 16th April 1921—pp. 380—81

[1] ਪਿਛਲਾ ਜਾਤੀ ਸਫਾਈ ਵਾਲਾ ਬਿਆਨ ਹੀ ।

Digitized by Panjab Digital Library | www.panjabdigilib.org

ਕਿਸੇ ਗੁਰਦੁਆਰੇ ਵਿਚ ਹਕ ਹਨ—ਜਬਰਦਸਤੀ ਕਢਣ ਦੇ ਯਤਨ ਕਰਦਾ ਹੈ, ਉਹ ਦੰਡ ਵਾਲੇ ਕਾਨੂੰਨ ਥੱਲੇ ਸਜ਼ਾ ਦਾ ਭਾਗੀ ਹੈ। ਮਹੰਤ, ਜੇ ਉਸ ਪਾਸ ਇਹ ਖਿਆਲ ਕਰਨ ਲਈ ਯੋਗ ਕਾਰਣ ਹੈ ਕਿ ਉਸ ਨੂੰ ਆਪਣੇ ਗੁਰਦੁਆਰੇ ਵਿਚੋਂ ਜ਼ਬਰਦਸਤੀ ਕਢ ਦਿਤਾ ਜਾਏਗਾ, ਤਾਂ ਉਹ ਜ਼ਿਲਾ ਮੈਜਿਸਟਰੇਟ ਨੂੰ ਪੁਲਸ ਦੀ ਹਿਫ਼ਾਜ਼ਤ ਲਈ ਦਰਖਾਸਤ ਕਰ ਸਕਦਾ ਹੈ, ਪਰ, ਇਸ ਹਿਫਾਜ਼ਤ ਦਾ ਖਰਚ ਉਹਨੂੰ ਭਰਨਾ ਪਏਗਾ। ਜੇ ਉਹ ਚਾਹੇ ਤਾਂ, ਉਹ ਹਿੰਦ ਦੰਡਾਵਾਲੀ ਦੀ ਦਫਾ 107 ਥੱਲੇ ਸ਼ਿਕਾਇਤ ਵੀ ਕਰ ਸਕਦਾ ਹੈ ਕਿ ਉਹਨਾਂ ਆਦਮੀਆਂ ਦੀ ਜ਼ਮਾਨਤ ਲਈ ਜਾਵੇ ਜਿਨ੍ਹਾਂ ਤੋਂ ਉਸ ਨੂੰ ਤਾਕਤ ਦੀ ਵਰਤੋਂ ਦਾ ਖਤਰਾ ਹੈ। ਜੇ ਇਹਤਿਆਤਾਂ ਦੇ ਬਾਵਜੂਦ ਜਾਂ ਇਹ-ਤਿਆਤਾਂ ਨਾ ਵੀ ਲਈਆਂ ਹੋਣ ਤਾਂ, ਉਸ ਨੂੰ ਗੁਰਦੁਆਰੇ ਵਿਚੋਂ ਕਢ ਦਿਤਾ ਜਾਂਦਾ ਹੈ ਤਾਂ ਉਹ ਆਪਣੇ ਹੱਕਾਂ ਦੀ ਬਹਾਲੀ ਲਈ ਮੁਕਦਮਾ ਕਰ ਸਕਦਾ ਹੈ ਅਤੇ ਦੰਡ ਦੇਣ ਲਈ ਵੀ ਮੁਕੱਦਮਾ ਦਾਇਰ ਕਰ ਸਕਦਾ ਹੈ।[1]

ਕਰਤਾਰ ਸਿੰਘ ਬੇਦੀ ਪੰਜਾਬ ਕੌਂਸਲ ਦਾ ਮਿੰਬਰ ਤੇ ਸਰਕਾਰੇ ਦਰਬਾਰੇ ਬੜਾ ਅਸਰ ਰਸੂਖ ਰੱਖਣ ਵਾਲਾ ਬੰਦਾ ਸੀ, ਇਹ ਬੇਦੀ ਜਾਗੀਰਦਾਰਾਂ ਵਿਚੋਂ ਸੀ ਜਿਹੜਾ ਆਪਣੇ ਆਪ ਨੂੰ ਗੁਰੂ ਵੀ ਕਹਾਉਂਦਾ ਸੀ ਅਤੇ ਸਰਕਾਰ ਵਲੋਂ ਸਿਰਜੀ-ਗਈ ਸ਼ਬਦਾਵਲੀ ਅਨੁਸਾਰ "ਸਿੱਖਾਂ ਦਾ ਕੁਦਰਤੀ ਲੀਡਰ" ਵੀ ਸੀ। ਉਹ ਮਹੰਤ ਨਰਾਇਣ ਦਾਸ ਦਾ ਮਸ਼ੀਰ ਅਤੇ ਸ਼ਾਦੀ-ਗਮੀ ਦਾ ਭਾਈਵਾਲ ਸੀ ਅਤੇ ਉਸਦੇ ਅਫਸਰਾਂ ਨਾਲ ਗੂੜ੍ਹੇ ਰਿਸ਼ਤੇ ਸਨ। ਚਿਠੀ ਵਿਚ ਇਹਨਾਂ ਦੋਹਾ ਵਿਚ-ਕਾਰ ਗਲਬਾਤ ਦਾ ਹਵਾਲਾ ਤਾਂ ਹੈ, ਪਰ ਇਸ ਵਿਚ ਸ਼ੱਕ ਹੈ ਕਿ ਇਹਨਾਂ ਦੋਹਾ ਵਿਚਕਾਰ ਸਿਰਫ ਓਹੋ ਗਲਬਾਤ ਹੋਈ ਜਿਹੜੀ ਚਿੱਠੀ ਵਿਚ ਦਰਜ ਹੈ। ਪਤਾ ਨਹੀਂ ਕਿੰਗ ਨੇ ਬੇਦੀ ਨੂੰ ਹੋਰ ਕੀ ਕੁਛ ਆਖਿਆ ਹੋਵੇਗਾ। ਦੋਵੇਂ ਅਕਾਲੀ ਤਹਿਰੀਕ ਦੇ ਦੁਸ਼ਮਣ ਸਨ ਅਤੇ ਮਹੰਤ ਦੇ ਹਿਤਕਾਰੀ। ਇਸ ਲਈ ਇਹ ਸਿੱਟਾ ਕਢਣਾ ਗਲਤ ਨਹੀਂ ਹੋਵੇਗਾ ਕਿ ਕਿੰਗ ਨੇ, ਜ਼ਬਾਨੀ, ਬੇਦੀ ਦੇ ਰਾਹੀਂ ਮਹੰਤ ਨੂੰ ਤਿਆਰੀਆਂ ਦੀ ਸ਼ਹਿ ਤੇ ਹਲਾਸ਼ੇਰੀ ਦਿਤੀ ਹੋਵੇ।

ਖੁਦ ਸਰਕਾਰੀ ਏਲਾਨ ਵਿਚ ਇਹ ਗਲ ਕਬੂਲ ਕੀਤੀ ਗਈ ਹੈ ਕਿ "ਲਾਹੌਰ ਦੇ ਸਾਬਕ ਕਮਿਸ਼ਨਰ (ਕਿੰਗ) ਨੂੰ ਬਾਬਾ ਕਰਤਾਰ ਸਿੰਘ ਬੇਦੀ ਦੇ ਨਾਮ ਚਿੱਠੀ ਲਿਖਣ ਲਈ ਦੋਸ਼ੀ ਠਹਿਰਾਇਆ ਜਾ ਰਿਹਾ ਹੈ।"[1] ਸ: ਅਮਰ ਸਿੰਘ ਲਾਇਲ ਗਜ਼ਟ ਨੇ ਗੌਰਮਿੰਟ ਨੂੰ ਤਾਰ ਦਿਤੀ ਸੀ: ਇਸ "ਫੈਲੀ ਹੋਈ ਸਾਜਸ਼ ਵਿਚ ਬੇਦੀਆਂ ਅਤੇ ਹੋਰਨਾਂ ਦਾ ਹੱਥ ਦਸਿਆ ਜਾਂਦਾ ਹੈ।" ਇਹ ਚਿੱਠੀ ਮਹੰਤ ਲਈ ਅਸਲ ਵਿਚ ਖੁਲ੍ਹੀਆਂ ਵਾਗਾਂ ਛੱਡਣ ਦੀ ਹਰੀ ਝੰਡੀ ਸੀ। ਮਹੰਤ ਦੀ ਅਖਬਾਰ 'ਸੰਤ ਸੇਵਕ' ਖੁਲ੍ਹਾ ਚੈਲਿੰਜ ਦੇ ਰਹੀ ਸੀ ਕਿ ਆ ਜਾਓ ਜਿਨ੍ਹਾ ਆਉਣਾ ਏ, ਅਸੀਂ ਤਿਆਰ ਹਾਂ।

ਚਿੱਠੀ ਵਿਚ ਕਿੰਗ ਵਲੋਂ ਮਹੰਤ ਨੂੰ ਮਸ਼ਵਰਾ ਦਿਤਾ ਗਿਆ ਸੀ ਕਿ : ਉਹ ਖਰਚ ਦੇ ਕੇ ਆਪਣੀ ਹਿਫਾਜ਼ਤ ਲਈ ਪੁਲਸ ਮੰਗਵਾ ਲਵੇ। ਉਹ ਹਜ਼ਾਰਾਂ ਰੁਪਏ ਖਰਚ ਕਰਕੇ ਅਕਾਲੀਆਂ ਦੇ ਕਤਲਾਮ ਲਈ ਗੁੰਡੇ ਤੇ ਬਦਮਾਸ਼ ਭਰਤੀ ਕਰ ਰਿਹਾ ਸੀ, ਉਸ ਨੂੰ ਮੰਗਣ ਤੇ ਪੁਲਸ ਕੋਲੋਂ ਹਿਫਾਜ਼ਤ ਕਿਉਂ ਨਾ ਦਿਤੀ ਗਈ ? ਜਿਨ੍ਹਾ ਲੋਕਾਂ ਜਾਂ ਆਗੂਆਂ ਤੋਂ ਉਹਨੂੰ ਖਤਰਾ ਸੀ, ਕਿੰਗ ਦੇ ਮਸ਼-ਵਰੇ ਮੁਤਾਬਕ, ਮਹੰਤ ਨੇ ਉਹਨਾਂ ਦੀਆਂ ਜ਼ਮਾਨਤਾਂ ਕਿਉਂ ਨਾ ਕਰਾਈਆਂ ? ਚਿਠੀ ਵਿਚ ਇਹਨਾਂ

[1] Communique issued on the Nanakana Tragedy by government on 28th February 1921.

[2] ਖਾਲਸਾ ਐਡਵੋਕੇਟ, 25 ਫਰਵਰੀ 1921।

Digitized by Panjab Digital Library | www.panjabdigilib.org

ਦਿੱਤੇ ਮਸ਼ਵਰਿਆਂ ਦੇ ਨਾ ਮੰਨਣ ਬਾਰੇ ਤਾਂ ਕਿੰਗ ਆਪਣੇ ਜ਼ਾਤੀ ਸਫਾਈ ਦੇ ਬਿਆਨ ਵਿਚ ਇਕ ਸ਼ਬਦ ਨਹੀਂ ਕਹਿੰਦਾ, ਉਲਟਾ ਕਹਿੰਦਾ ਇਹ ਹੈ ਕਿ ਚਿਠੀ ਇਸ ਆਸ ਨਾਲ ਲਿਖੀ ਸੀ ਕਿ 'ਜਥੇ ਇਹ ਗੱਲ ਸਮਝ ਜਾਣਗੇ ਕਿ ਉਹ ਕਾਨੂੰਨ ਦੇ ਵਿਰੁਧ ਕੰਮ ਕਰ ਰਹੇ ਹਨ, ਅਤੇ ਉਹ ਇਸ ਤੋਂ ਆਪਣੇ ਆਪ ਨੂੰ ਰੋਕ-ਹੋੜ ਲੈਣਗੇ।'

ਪਰਤਖ ਨਜ਼ਰ ਆਉਂਦਾ ਹੈ, ਕਿ ਕਿੰਗ ਕਾਤਲ ਮਹੰਤ ਦਾ ਪੱਖ ਲੈ ਰਿਹਾ ਸੀ, ਉਸ ਦੇ ਕਤਲਾਮ ਉਤੇ ਪੜਦੇ ਪਾ ਰਿਹਾ ਸੀ ਅਤੇ ਮਕਤੂਲ ਸ਼ਹੀਦਾਂ ਨੂੰ ਗੁਨਾਹਗਾਰ ਬਨਾਣ ਦੇ ਯਤਨ ਕਰ ਰਿਹਾ ਸੀ। ਉਹ ਖੁਦ ਸ਼ਾਜ਼ਸ਼ ਵਿਚ ਸਾਮਲ ਸੀ ਅਤੇ ਪਰਸਪਰ ਵਿਰੋਧੀ ਗਲਾਂ ਕਰਕੇ ਝੂਠ ਬੋਲ ਰਿਹਾ ਸੀ।

ਅਤੇ ਇਸ ਝੂਠ ਦਾ ਸਬੂਤ ਉਸ ਦੀ ਆਪਣੀ ਲਿਖਤ ਵਿਚ ਮੌਜੂਦ ਹੈ। ਉਹ ਆਪਣੇ ਨੋਟ ਵਿਚ ਲਿਖਦਾ ਹੈ: "ਮਹੰਤ ਨਰਾਇਣ ਦਾਸ ਵਲੋਂ ਜਨਵਰੀ ਸ਼ੁਰੂ ਵਿਚ ਘਲੀ-ਗਈ ਟੈਲੀ-ਗਰਾਮ ਇੰਞ ਕਹਿੰਦੀ ਸੀ :—

"ਸਿੱਖਾਂ ਨੇ ਦਰਬਾਰ ਜਨਮ ਅਸਥਾਨ ਉੱਤੇ ਤਾਕਤ ਦੇ ਬਲ ਨਾਲ ਕਬਜ਼ਾ ਕਰਨ ਦਾ ਏਲਾਨ ਕੀਤਾ ਹੈ। ਇਸ ਮਕਸਦ ਲਈ ਆਗੂਆਂ ਨੇ ਦਸ ਹਜ਼ਾਰ ਆਦਮੀ ਇਕੱਠੇ ਕਰ ਲਏ ਹਨ, ਰਹਿਮ ਕਰਕੇ ਬਚਾਓ। ਮੈਂ ਪੁਲਸ ਵਗੈਰਾ ਦੇ ਖਰਚੇ ਸਹਿਣ ਲਈ ਤਿਆਰ ਹਾਂ। ਜੇ ਥਾਂ ਤੇ ਹੀ ਕੋਈ ਮੌਤ ਹੋ ਗਈ ਤਾਂ ਮੈਂ ਆਪਣੇ ਆਪ ਨੂੰ ਜ਼ੁਮੇਂਵਾਰ ਨਹੀਂ ਗਰਦਾਨਾਂਗਾ। ਖਦਸ਼ੇ ਦੇ ਵੇਲੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿਤੇ ਜਾਣਗੇ। ਕਿਰਪਾ ਕਰਕੇ ਪੁਲਸ ਗਾਰਦ ਤਾਬੜਤੋੜ ਭੇਜੋ।"[1] ਅਤੇ ਇਹ ਵੀ ਦਰਜ ਹੈ ਕਿ 'ਡੀ: ਐਸ: ਪੀ: ਵਲੋਂ ਵੀ ਏਸੇ ਮਤਲਬ ਦੀ ਰਿਪੋਰਟ ਉਸੇ ਤਰੀਕ ਦਿਤੀ ਗਈ ਸੀ' ਜਿਸ ਨੂੰ ਕੱਰੀ ਨੇ 'ਬੇਵਜ੍ਹਾ ਖੌਫ ਵਾਲੀ' ਆਖਿਆ ਸੀ।

ਏਹੋ ਹੀ ਨਹੀਂ, ਕਿੰਗ ਦੇ ਏਸੇ ਨੋਟ ਵਿਚ ਇਹ ਵੀ ਦਰਜ ਹੈ: "ਮਿਸਟਰ ਕੱਰੀ ਖਿਆਲ ਕਰਦਾ ਸੀ ਕਿ ਮਹੰਤ ਆਪਣੇ ਵਤੀਰੇ ਵਿਚ ਵਧੇਰੇ ਗੁੱਸਾ-ਭੜਕਾਊ ਹੋਣ ਦਾ ਕਸੂਰਵਾਰ ਸੀ, ਪਰ ਉਹ ਇਸ ਗੱਲ ਵਿਚ ਸ਼ੱਕ ਨਹੀਂ ਸੀ ਕਰਦਾ ਕਿ ਮਹੰਤ ਕਢੇ ਜਾਣ ਤੋਂ ਸਚਮੁਚ ਡਰਦਾ ਸੀ।"

ਇਸ ਲਈ ਸਾਫ ਸਿੱਧ ਹੁੰਦਾ ਹੈ ਕਿ ਮਿਸਟਰ ਕਿੰਗ ਨੂੰ ਮਹੰਤ ਦੀਆਂ ਸਭ ਤਿਆਰੀਆਂ ਦਾ ਪਤਾ ਸੀ, ਸਿੱਖਾਂ ਨੂੰ 'ਥਾਂ ਤੇ ਹੀ' ਮਹੰਤ ਦੇ ਮਾਰ ਦੇਣ ਦਾ ਪਤਾ ਸੀ। ਉਸ ਨੂੰ ਤੇ 'ਕਰੀ' ਨੂੰ ਮਹੰਤ ਦੀ ਤਾਰ ਤੇ ਡੀ: ਐਸ: ਪੀ: ਵਲੋਂ ਲਗ ਭਗ ਡੇਢ ਮਹੀਨਾ ਪਹਿਲੋਂ ਦਿਤੀ ਰਿਪੋਰਟ ਤੋਂ ਪਤਾ ਸੀ ਕਿ ਮਹੰਤ ਸਿੱਖਾਂ ਦੇ ਕਤਲਾਮ ਦਾ ਪਰਬੰਧ ਕਰ ਰਿਹਾ ਹੈ। ਉਹਨਾਂ ਨੇ ਜਾਣ ਬੁਝ ਕੇ ਇਹ ਕਤਲਾਮ ਹੋਣ ਦਿਤਾ ਕਿਉਂਕਿ ਉਹ ਖੁਦ ਇਸ ਕਤਲਾਮ ਦੀ ਸਾਜ਼ਸ਼ ਵਿਚ ਸ਼ਾਮਲ ਸਨ। ਅਤੇ ਇਹ ਕੋਈ ਬਰਿਟਿਸ਼ ਸਾਮਰਾਜ ਦੇ ਅਫਸਰਾਂ ਲਈ ਅਨੋਖੀ ਗੱਲ ਨਹੀਂ ਸੀ, ਬਰਿਟਿਸ਼ ਸਾਮਰਾਜ ਦੇ ਇਤਿਹਾਸ ਵਿਚ ਕੌਮੀ ਆਜ਼ਾਦੀ ਦੀਆਂ ਤਹਿਰੀਕਾਂ ਤੋੜਨ ਲਈ ਕਿੰਗਾਂ ਤੇ ਕੱਰੀਆਂ ਨੇ ਸੈਂਕੜੇ ਏਹੋ ਜੇਹੇ ਉਪੱਦਰ ਕੀਤੇ ਸਨ।

ਇਸ ਭਿਆਨਕ ਸ਼ਹੀਦੀ ਸਾਕੇ ਦੇ 20 ਫਰਵਰੀ ਨੂੰ ਹੋ ਜਾਣ ਦੇ ਕਾਰਣ 5 ਮਾਰਚ ਦਾ ਇਸ ਤੋਂ ਵੀ ਵੱਧ ਭਿਆਨਕ ਸ਼ਹੀਦੀ ਸਾਕਾ ਟਲ ਗਿਆ। ਕਿਉਂਕਿ ਭਰੋਸੇ ਯੋਗ ਖਬਰਾਂ

[1] Note from C. M. King, Offg. Chief Secretary to the secretary Govt. of India, Home, Dated 26th march 1921—No. 9584 (judl.)

Digitized by Panjab Digital Library | www.panjabdigilib.org

ਅਨੁਸਾਰ 5 ਮਾਰਚ ਨੂੰ ਪੰਥ ਦੇ ਭਾਰੇ ਇਕੱਠ ਵੇਲੇ ਮਹੰਤ ਵਲੋਂ ਸਿੱਖ ਆਗੂਆਂ ਨੂੰ ਜਨਮ ਅਸਥਾਨ ਦੇ ਅੰਦਰ ਆਕੇ ਸਮਝੌਤੇ ਦੀ ਗੱਲਬਾਤ ਕਰਨ ਲਈ ਸੱਦਿਆ ਜਾਣਾ ਸੀ ਅਤੇ ਉਥੇ ਸਾਰੇ ਹੀ ਪੰਥਕ ਆਗੂਆਂ ਦਾ ਕਤਲਾਮ ਕੀਤਾ ਜਾਣਾ ਸੀ। ਇਹ ਸੀ ਫੈਸਲਾ ਜਿਹੜਾ ਮਹੰਤ, ਉਸਦੀ ਜੁੰਡਲੀ ਅਤੇ ਉਸ ਦੇ ਮਦਦਗਾਰਾਂ ਨੇ ਕੀਤਾ ਸੀ।[1] ਇਸ ਤਰ੍ਹਾਂ ਜੌਹਨ ਮੇਨਾਰਡ ਦੇ ਇਸ ਸਿਧਾਂਤ ਨੂੰ ਅਮਲੀ ਜਾਮਾ ਪੁਆਣਾ ਸੀ; ਸਿਰ ਕੱਟ ਦਿਓ, ਧੜ ਆਪੇ ਡਿੱਗ ਪਏਗਾ।

[1] Gurdwara Reform Movement. pages. 227-28.

Digitized by Panjab Digital Library | www.panjabdigilib.org

# ਤਸ਼ੱਦਦ ਦਾ ਨਵਾਂ ਦੌਰ

ਨਨਕਾਣੇ ਸਾਹਿਬ ਦੀ ਅਦੁਤੀ ਸ਼ਹੀਦੀ ਨੇ ਧਾਰਮਕ ਖਿਆਲਾਂ ਦੇ ਨਰਮ-ਗਰਮ ਤੇ ਉਦਾਰ ਸਿਖਾਂ ਨੂੰ ਇਕ-ਮੁੱਠ ਤੇ ਮਜ਼ਬੂਤ-ਦਿਲ ਬਣਾ ਦਿਤਾ ਸੀ। ਅਕਾਲੀ ਜਥੇਬੰਦੀ ਦਾ ਘੇਰਾ ਵਧੇਰੇ ਵਿਸ਼ਾਲ ਤੇ ਡੂੰਘਾ ਹੋ ਗਿਆ ਸੀ। ਜਨਮ ਅਸਥਾਨ ਉਤੇ ਕਬਜ਼ਾ ਹੋਣ ਪਿਛੋਂ ਨਨਕਾਣੇ ਸਾਹਿਬ ਦੇ ਬਾਕੀ ਦੇ ਗੁਰਦੁਆਰੇ ਵੀ ਅਕਾਲੀ ਜਥਿਆਂ ਦੇ ਪਰਬੰਧ ਥੱਲੇ ਆ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਗੁਰਦੁਆਰਿਆਂ ਦੇ ਪਰਬੰਧ ਦੇ ਮਾਮਲੇ ਵਿਚ, ਸਾਰੇ ਸਿੱਖਾਂ ਦੀ ਪਰਤੀਨਿਧ ਬਣ ਗਈ ਸੀ। ਜਥਿਆਂ ਦੀ ਵਧ-ਰਹੀ ਜਥੇਬੰਦਕ ਤਾਕਤ ਨੇ ਗੌਰਮਿੰਟ ਨੂੰ ਚਿੰਤਾਤੁਰ ਕਰ ਦਿਤਾ ਸੀ ਕਿਉਂਕਿ ਏਡੀ ਵਡੀ ਤਹਿਰੀਕ ਤੇ ਜਥਿਆਂ ਦੀ ਨਿਧੜਕਤਾ ਤੇ ਦਲੇਰੀ ਨਾਲ ਉਸਦਾ ਪਹਿਲੋਂ ਕਦੇ ਵਾਹ ਨਹੀਂ ਸੀ ਪਿਆ। ਗੌਰਮਿੰਟ ਅਫਸਰ ਲੋਕਾਂ ਦੀ ਸਦੀਵੀ ਵਫਾਦਾਰੀ ਤੇ ਤਾਬਿਆਦਾਰੀ ਨੂੰ ਅਮਿਟਵੀਂ ਹਕੀਕਤ ਸਮਝਕੇ, ਆਰਾਮ ਤੇ ਐਸ਼ ਨਾਲ ਰਾਜ ਕਰ ਰਹੇ ਸਨ।

ਹੁਣ ਪਹਿਲੇ ਵਾਲੇ ਹਾਲਾਤ ਨਹੀਂ ਸਨ ਰਹੇ! ਕਾਂਗਰਸੀ ਨਾ-ਮਿਲਵਰਤਨ, ਮੁਸਲਮਾਨਾ ਦੀ ਖਿਲਾਫਤ ਅਤੇ ਸਿੱਖਾਂ ਦੀ ਗੁਰਦੁਆਰਾ ਆਜ਼ਾਦੀ ਦੀ ਐਜੀਟੇਸ਼ਨ ਨੇ ਅੰਗਰੇਜ਼ ਰਾਜ ਦੇ ਵਿਰੁਧ ਨਵੇਂ ਹਾਲਾਤ ਪੈਦਾ ਕਰ ਦਿਤੇ ਸਨ। ਅੰਗਰੇਜ਼ ਰਾਜ ਹੁਣ ਆਪਣੇ ਰਾਜ ਦੀ ਸਥਿਰਤਾ ਵਧੇਰੇ ਤੋਂ ਵਧੇਰੇ ਤਸ਼ੱਦਦੀ ਮਸ਼ੀਨਰੀ ਦੀ ਵਰਤੋਂ ਵਿਚ ਵੇਖਣ ਲਗ ਪਿਆ ਸੀ।

ਗੌਰਮਿੰਟ ਨੇ ਗੁਰਦੁਆਰਾ ਤਹਿਰੀਕ ਨਾਲ ਨਿਬੜਨ ਲਈ ਦੋ-ਨੁਕਤੀਆ ਪਾਲਿਸੀ ਬਣਾਈ। (1) ਗੁਰਦੁਆਰਾ ਤਹਿਰੀਕ ਦੇ ਨਜਿਠਣ ਲਈ ਕਾਨੂੰਨ ਬਣਾ ਕੇ ਦੇਣ ਦਾ ਚੋਗਾ ਪਾਓ—ਅਜੇਹਾ ਕਾਨੂੰਨ ਜਿਸ ਵਿਚ, ਜੇ ਸਿੱਧਾ ਨਹੀਂ ਤਾਂ ਪੁੱਠਾ, ਸਰਕਾਰੀ ਦਖਲ ਰਹੇ, ਅਤੇ (2) ਲਾ-ਕਨੂੰਨੀ ਦਾ ਹਊਆ ਖੜਾ ਕਰਕੇ ਅਕਾਲੀ ਜਥੇਬੰਦੀ ਨੂੰ ਭਰਪੂਰ ਤਸ਼ੱਦਦ ਨਾਲ ਖਤਮ ਕਰੋ।

13 ਮਾਰਚ 1921 ਨੂੰ ਦਿੱਲੀ ਤੋਂ ਭਾਰਤੀ ਸਰਕਾਰ ਨੇ ਗਵਰਨਰ ਮੈਕਲੈਗਨ ਨੂੰ ਲਿਖਿਆ: 'ਪੰਜਾਬ ਵਿਚੋਂ ਸਿੱਖਾਂ ਦੀ ਲਾ-ਕਾਨੂੰਨੀ ਦੀਆਂ ਬੜੀਆਂ ਚਿੰਤਾ-ਜਨਕ ਖਬਰਾਂ ਆ ਰਹੀਆਂ ਹਨ। ਤੁਸੀਂ ਛੇਤੀ ਤੋਂ ਛੇਤੀ ਪਤਾ ਦਿਓ ਕਿ ਇਸ ਬਾਰੇ ਤੁਸੀਂ ਕੀ ਕਾਰਵਾਈ ਕਰਨ ਜਾ ਰਹੇ ਹੋ। ਸਾਨੂੰ, ਜਿਹੜੇ ਅਸੀਂ ਭਾਰਤੀ ਸਰਕਾਰ ਵਿਚ ਬੈਠੇ ਹਾਂ—ਬੜਾ ਖਤਰਾ ਭਾਸ ਰਿਹਾ ਹੈ ਕਿ ਜੇ ਇਸ ਨੂੰ ਰੋਕਿਆ ਨਾ ਗਿਆ ਤਾਂ ਇਹ ਲਹਿਰ ਬੜੀ ਤੇਜ਼ੀ ਨਾਲ ਵਧ ਸਕਦੀ ਹੈ ਅਤੇ ਸਾਰੇ ਸੂਬੇ ਦੇ ਅਮਨ ਚੈਨ ਲਈ ਗੰਭੀਰ ਖਤਰਾ ਬਣ ਸਕਦੀ ਹੈ। ਵਰਤਮਾਨ ਹਾਲਾਤ ਦਾ ਇਲਾਜ ਕਰਨ ਲਈ ਤਾਬੜ ਤੋੜ ਕਾਰਵਾਈ ਕੀਤੀ ਜਾਵੇ।"[1]

15 ਮਾਰਚ ਤੋਂ ਗਰਿਫਤਾਰੀਆਂ ਸ਼ੁਰੂ ਹੋ ਗਈਆਂ। ਲਾਹੌਰ ਦਾ ਕਮਿਸ਼ਨਰ ਤੇ ਪੁਲਸ ਦੀ ਧਾੜ ਨਨਕਾਣੇ ਸਾਹਿਬ ਪਹੁੰਚ ਗਈ। ਕਰਤਾਰ ਸਿੰਘ ਝੱਬਰ ਉਹਨਾਂ ਨੂੰ ਸਭ ਤੋਂ ਵਧ ਰੜਕਦਾ ਸੀ। ਉਸੇ ਦੀ ਜਥੇਦਾਰੀ ਥੱਲੇ ਗੁਰਦੁਆਰਾ ਜਨਮ ਅਸਥਾਨ ਉਤੇ ਕਬਜ਼ਾ

[1] From W.H. Vincent, member G.G.'s Council to Sir Edward Maclagan (No. 680-police)

Digitized by Panjab Digital Library | www.panjabdigilib.org

ਕੀਤਾ ਗਿਆ ਸੀ । ਪੁਲਸ ਦੇ ਅਫਸਰ ਅਕਾਲੀਆਂ ਨਾਲ ਟਕਰਾਣ ਦੇ ਖਿਆਲ ਨਾਲ ਹਥਿਆਰਾਂ ਨਾਲ ਪੂਰੀ ਤਰ੍ਹਾਂ ਲੈਸ ਹੋ ਕੇ ਗਏ ਸਨ । ਮਕਸਦ ਉਹਨਾਂ ਦਾ ਗੁਰਦੁਆਰਾ ਕਿਆਰਾ ਸਾਹਿਬ ਵਿਚੋਂ ਅਕਾਲੀਆਂ ਨੂੰ ਫੜਨਾ ਤੇ ਉਸ ਉਤੇ ਕਬਜ਼ਾ ਕਰਨਾ ਸੀ । ਪਰ ਪੁਲਸ ਅਫਸਰਾਂ ਨੂੰ ਅਗੋਂ ਮੁਕਾਬਲਾ ਨਾ ਹੋਣ ਕਰਕੇ ਬੜੀ ਮਾਯੂਸੀ ਹੋਈ । ਪਹਿਲੋਂ ਝੱਬਰ ਨੇ ਚੁਪਚਾਪ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿਤਾ । ਪਿਛੋਂ ਉਹ ਅਕਾਲੀ ਜਥੇ ਦੇ ਮਿੰਬਰਾਂ ਕੋਲ ਕਿਆਰਾ ਸਾਹਿਬ ਗਿਆ ਅਤੇ ਉਹਨਾਂ ਨੂੰ ਚੁਪਚਾਪ ਗਰਿਫਤਾਰ ਹੋ ਜਾਣ ਦੀ ਪਰੇਰਨਾ ਕੀਤੀ ।[1] ਆਖਿਆ: ਸ਼੍ਰੋਮਣੀ ਕਮੇਟੀ ਦੀ ਪਾਲਿਸੀ ਸ਼ਾਂਤਮਈ ਰਹਿਕੇ ਲੜਨ ਦੀ ਹੈ । ਅਸਾਂ ਪੰਥ ਦੀ ਪਾਲਿਸੀ ਦੀ ਉਲੰਘਣਾ ਨਹੀਂ ਕਰਨੀ । ਉਹ ਵੀ ਗਰਿਫਤਾਰ ਹੋ ਗਏ । ਉਹਨਾਂ ਪਾਸੋਂ ਟਕੂਏ ਤੇ ਡਾਂਗਾਂ ਖੋਹ ਲਈਆਂ ਗਈਆਂ ।

ਸਰਕਾਰੀ ਹਮਲਾ ਤਿੱਖਾ ਹੋ ਗਿਆ ਸੀ । ਪੰਜਾਬ ਸਰਕਾਰ ਨੇ ਡਿਸਟਰਿਕਟ ਮੈਜਿਸਟਰੇਟਾਂ ਨੂੰ ਹਦਾਇਤਾਂ ਘੱਲ ਦਿਤੀਆਂ ਸਨ ਕਿ ਝਗੜੇ ਵਾਲੇ ਗੁਰਦੁਆਰਿਆਂ ਨੂੰ ਦਫਾ 145 ਥੱਲੇ ਸਰਕਾਰੀ ਕਬਜ਼ੇ ਵਿਚ ਕਰ ਲਓ ਅਤੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਘੱਲ ਦਿਤੇ ਕਿ ਜਿਨ੍ਹਾਂ ਆਦਮੀਆਂ ਪਾਸ ਟਕੂਏ, ਛੱਵੀਆਂ ਜਾਂ ਏਹੋ ਜੇਹੇ ਹੋਰ ਹਥਿਆਰ ਹੋਣ ਉਹਨਾਂ ਉਤੇ ਹਥਿਆਰਾਂ ਦੇ ਕਾਨੂੰਨ ਥੱਲੇ ਮੁਕਦਮੇ ਚਲਾਓ ।[2] ਸਰਕਾਰੀ ਤਸ਼ੱਦਦ ਦਾ ਚੱਕਰ ਚੰਗਾ ਜ਼ੋਰਾਂ ਦਾ ਚਲ ਪਿਆ ।

ਪੰਜਾਬ ਸਰਕਾਰ ਨੇ ਗੁਰਦੁਆਰਾ ਮਾਣਕ ਤੇ ਸ਼ਹਿਰ ਲਾਹੌਰ ਦੇ ਇਕ ਹੋਰ ਗੁਰਦੁਆਰੇ ਚੁਮਾਲ੍ਹਾ ਸਾਹਿਬ ਤੇ ਕਬਜ਼ਾ ਕਰ ਲਿਆ ਅਤੇ ਪਰਬੰਧਕ ਅਕਾਲੀਆਂ ਨੂੰ ਫੜਕੇ ਜੇਲ੍ਹ ਵਿਚ ਸੁਟ ਦਿਤਾ । ਅਤੇ ਉਸ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ 15 ਮਾਰਚ ਨੂੰ ਮੁਕਤਸਰ ਵਿਚ ਫੌਜੀ ਦਸਤੇ ਘੱਲੇ ਜਾਣ । ਅਤੇ 19 ਮਾਰਚ ਨੂੰ ਆਨੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਵਿਚ ਫੌਜ ਘਲ ਦਿਤੀ ਜਾਵੇ ।[3] ਤਾਂ ਜੋ ਇਹਨੀ ਥਾਂਈ ਗੁਰਦੁਆਰਿਆਂ ਨੂੰ ਅਕਾਲੀਆਂ ਦੇ ਹੱਥੀਂ ਜਾਣੋਂ ਰੋਕਿਆ ਜਾਵੇ ।

## 1. ਇਸ ਹਮਲੇ ਦਾ ਜਵਾਬ

ਇਸ ਚਾਣਚਕ ਹਮਲੇ ਨੇ ਸਿੱਖਾਂ ਦਾ ਜੋਸ਼ ਤੇ ਗੁੱਸਾ ਹੋਰ ਭਖਾ ਦਿਤਾ । ਸ਼੍ਰੋਮਣੀ ਕਮੇਟੀ ਸਰਕਾਰ ਦਾ ਇਹ ਜ਼ੁਲਮ ਤੇ ਤਸ਼ਦੱਦ ਵੇਖਕੇ ਚੁਪ ਨਹੀਂ ਸੀ ਬੈਠੀ ਰਹਿ ਸਕਦੀ । ਕਮੇਟੀ ਨੇ 20 ਮਾਰਚ ਨੂੰ ਆਪਣੀ ਮੀਟਿੰਗ ਬੁਲਾਈ ਅਤੇ ਉਸ ਵਿਚ ਅਕਾਲੀ ਤਹਿਰੀਕ ਅਤੇ ਇਸ ਸਬੰਧੀ ਸਰਕਾਰ ਦੇ ਰਵੱਈਏ ਬਾਰੇ ਵਿਚਾਰ ਕੀਤੀ ਅਤੇ ਫੈਸਲਾ ਕੀਤਾ ਕਿ ਸਰਕਾਰ ਦਸ ਅਪਰੈਲ ਤਕ ਫੜੇ ਹੋਏ ਅਕਾਲੀ ਛੱਡ ਦੇਵੇ ਅਤੇ ਸਿੱਖਾਂ ਦੀ ਖਾਹਸ਼ ਤੇ ਮਰਜ਼ੀ ਮੁਤਾਬਕ ਗੁਰਦੁਆਰਾ ਕਾਨੂੰਨ ਬਣਾਵੇ ਅਤੇ ਜੇ ਇਹ ਕੁਛ ਨਾ ਕੀਤਾ ਗਿਆ ਤਾਂ ਗੁਰਦੁਆਰਿਆਂ ਦੇ ਧਾਰਮਕ ਸਵਾਲ ਨੂੰ ਹਲ ਕਰਨ ਲਈ ਉਹ ਖੁਦ ਲੋੜੀਂਦੀ ਪਾਲਿਸੀ ਤੈ ਕਰੇਗੀ । ਕਮੇਟੀ ਨੇ ਇਹਨਾਂ ਮੰਗਾਂ ਉਤੇ ਖਾਸ ਜ਼ੋਰ ਦਿਤਾ :

1. ਉਹਨਾਂ ਸਭ ਗੁਰਦੁਆਰਿਆਂ ਦੀ ਮਾਨਤਾ ਜਿਨ੍ਹਾਂ ਨੂੰ ਉਹ ਸਿਖ ਗੁਰਦੁਆਰਾ ਹੋਣ ਦਾ ਦਾਅਵਾ ਕਰਨ ।

---

[1] From Petrie to C. Kaye, Lahore, 15th March.

[2] Punjab Govt's letter of 26th March.

[3] Letter from O'Donnell to Chief Secretary Punjab, 12th March.

Digitized by Panjab Digital Library | www.panjabdigilib.org

2. ਸਾਰੀ ਵਕਫ ਜਾਇਦਾਦ ਜਿਹੜੀ ਗੁਰਦੁਆਰਿਆਂ ਦੀ ਹੈ, ਦੀ ਮਾਲਿਕੀ ਗੁਰਦੁਆਰਿਆਂ ਦੀ ਮਾਲਕੀ ਕਰਾਰ ਦਿਤੀ ਜਾਏ; ਅਤੇ

3. ਗੱਦੀਦਾਰਾਂ ਦੀ ਜੱਦੀ ਜਾਂ-ਨਸ਼ੀਨੀ ਦੇ ਸਿਲਸਿਲੇ ਦਾ ਖਾਤਮਾ ਕੀਤਾ ਜਾਵੇ ।

ਏਥੇ ਇਕ ਗੱਲ ਵੇਖਣ ਵਾਲੀ ਇਹ ਹੈ ਕਿ ਜਨਮ ਅਸਥਾਨ ਦੇ ਗੁਰਦੁਆਰੇ ਉਤੇ ਨਾ ਤਾਂ ਮੁੜ ਕਬਜ਼ਾ ਕੀਤਾ ਗਿਆ ਅਤੇ ਨਾ ਹੀ ਕਿਸੇ ਨੂੰ ਫੜਿਆ ਗਿਆ । ਜਦੋਂ ਕਿ ਨਨਕਾਣੇ ਸਾਹਿਬ ਦੇ ਹੋਰ ਗੁਰਦੁਆਰਿਆਂ ਉਤੇ ਛਾਪੇ ਮਾਰਕੇ ਅਤੇ ਤਾਕਤ ਦਾ ਮੁਜ਼ਾਹਰਾ ਕਰਕੇ ਅਕਾਲੀ ਪਰਬੰਧਕਾਂ ਨੂੰ ਬੇਇਜ਼ਤ ਕਰਨ ਲਈ ਹਥਕੜੀਆਂ ਲਾ ਕੇ ਫੜਿਆ ਗਿਆ ਤਾਂ ਜੁ ਮਹੰਤ ਦੇ ਮੁਕੱਦਮੇ ਵਿਚ ਇਕਬਾਲੀ ਗੁਆਹਾਂ ਉਤੇ ਆਪਣੀ ਮਰਜ਼ੀ ਦੇ ਬਿਆਨ ਲੈਣ ਲਈ ਦਬਾਅ ਪਾਇਆ ਜਾਵੇ । ਜਨਮ ਅਸਥਾਨ ਦੇ ਕਬਜ਼ੇ ਪਿਛੋਂ ਇਹ ਗੁਰਦੁਆਰੇ ਆਸਾਨੀ ਨਾਲ ਅਕਾਲੀ ਜਥਿਆਂ ਦੇ ਥੱਲੇ ਆ ਗਏ ਸਨ । ਅਸਲ ਤਾਕਤ ਦੇ ਵਿਖਾਲੇ ਨਾਲ ਤਾਂ ਜਨਮ ਅਸਥਾਨ ਉਤੇ ਕਬਜ਼ਾ ਹੋਇਆ ਸੀ । ਫੇਰ ਕੀ ਕਾਰਣ ਕਿ ਇਸ ਪਾਸੇ ਛਾਪਾ ਨਾ ਮਾਰਿਆ ਗਿਆ ?

ਇਸ ਦਾ ਇਕ ਕਾਰਣ ਤਾਂ ਇਹ ਸੀ ਕਿ ਸ: ਹਰਬੰਸ ਸਿੰਘ ਅਟਾਰੀ,ਸਕੱਤਰ ਚੀਫ ਖਾਲਸਾ ਦੀਵਾਨ, ਸਰਕਾਰ ਦਾ ਵਫਾਦਾਰ ਆਦਮੀ ਸੀ ਅਤੇ ਕਿੰਗ ਨੇ ਉਸ ਨੂੰ ਆਪਣਾ ਆਦਮੀ ਸਮਝਕੇ ਹੀ ਚਾਬੀਆਂ ਦਿਤੀਆਂ ਸਨ । ਦੂਜੇ ਇਹ ਕਿ "ਇਹ 'ਵਫਾਦਾਰ' ਮਹੰਤ ਦੇ ਮੁਕੱਦਮੇ ਤੇ ਹੋਰ ਹਰ ਗੱਲ ਵਿਚ ਗੌਰਮਿੰਟ ਨਾਲ ਮਿਲਵਰਤਨ ਕਰ ਰਹੇ ਸਨ !"[1] ਇਸ ਲਈ, ਤਾਕਤ ਦੇ ਵਿਖਾਵੇ ਨਾਲ ਜਨਮ ਅਸਥਾਨ ਗੁਰਦੁਆਰੇ ਉਤੇ ਕਬਜ਼ਾ ਕਰਨ ਦੇ ਬਾਵਜੂਦ ਸਰਕਾਰੀ ਅਫਸਰਾਂ ਨੇ ਇਸ ਵਲ ਮੂੰਹ ਨਹੀਂ ਕੀਤਾ ਕਿਉਂਕਿ ਸਰਕਾਰ ਦੀ ਪਾਲਿਸੀ ਇਹ ਸੀ ਕਿ ਗੁਰਦੁਆਰੇ ਸਰਕਾਰ ਪੱਖੀਆਂ ਦੇ ਹੱਥ ਵਿਚ ਬੇਸ਼ਕ ਚਲੇ ਜਾਣ, ਗਰਮ-ਖਿਆਲੀਆਂ ਦੇ ਹੱਥ ਵਿਚ ਨਾ ਜਾਣ । ਇਸ ਲਈ ਅਮਨ ਕਾਨੂੰਨ ਦੀ ਮਸ਼ੀਨਰੀ ਦੀ ਹਰਕਤ ਨਿਰਪੱਖ ਨਹੀਂ ਸੀ, ਪੱਖਦਾਰ ਸੀ । ਸਰਕਾਰੀ ਆਦਮੀਆਂ ਦੇ ਹੱਥ ਵਿਚ, ਤਾਕਤ ਦੀ ਵਰਤੋਂ ਨਾਲ ਵੀ, ਗੁਰਦੁਆਰੇ ਆ ਜਾਣ ਤਾਂ ਅਮਨ ਤੇ ਕਾਨੂੰਨ ਅੱਖਾਂ ਮੀਟ ਸਕਦੇ ਸਨ ।

## 2. ਇਨਸਾਫ ਦੀਆਂ ਆਸਾਂ

ਅਪਰੈਲ 1921 ਦੇ ਪਹਿਲੇ ਹਫਤੇ ਲਾਟ ਰੈਡਿੰਗ ਨਵੇਂ ਵਾਈਸਰਾਏ ਦੀ ਹੈਸੀਅਤ ਵਿਚ ਹਿੰਦੁਸਤਾਨ ਆਇਆ । ਉਸ ਨੇ ਏਥੇ ਆਉਣ ਤੋਂ ਪਹਿਲੋਂ ਹਿੰਦੁਸਤਾਨ ਨਾਲ ਇਨਸਾਫ ਕਰਨ ਦੀਆਂ ਬੜੀਆਂ ਡੀਂਗਾਂ ਮਾਰੀਆਂ ਸਨ । ਇਨਸਾਫ ਹਾਸਲ ਕਰਨ ਦੀ ਆਸ ਰਖਕੇ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਹੇਠ-ਲਿਖੀ ਤ ਰ ਦਿਤੀ :

"ਜੀਅ ਆਇਆਂ ਹਿੰਦੁਸਤਾਨ ਵਿਚ ਆਉਣ ਤੇ ! ਤੁਹਾਡਾ ਇਨਸਾਫ ਕਰਨ ਲਈ ਫਿਕਰ ਜ਼ਖਮ-ਰਿਸਦੇ ਸਿੱਖ ਦਿਲਾਂ ਦੀ ਆਖਰੀ ਆਸ ਹੈ । ਇਕ ਬਦਕਾਰ ਮਹੰਤ ਨੂੰ 130 ਤੋਂ ਵਧ ਸਿੱਖਾਂ ਦੇ ਕਤਲ ਕਰ ਦੇਣ ਦੀ ਆਗਿਆ ਦੇ ਦਿਤੀ ਗਈ । ਖਬਰਦਾਰ ਕਰਨ ਦੇ ਬਾਵਜੂਦ ਜ਼ੁਮੇਂਵਾਰ ਅਫਸਰਾਂ ਇਸ ਦੁਖਾਂਤ ਨੂੰ ਰੋਕਣ ਲਈ ਕੁਝ ਨਾ ਕੀਤਾ । ਪੜਤਾਲ ਬੜੀ ਲਾਪਰਵਾਹੀ ਨਾਲ ਘਸੀਟੀ ਜਾ ਰਹੀ ਹੈ । ਇਨਸਾਫ ਤੋਂ ਨਿਰਾਸ ਹੋ ਕੇ, ਸਿੱਖ ਵੱਖ ਹੋ ਗਏ ਹਨ । ਸਾਡੀ ਧਾਰਮਕ ਆਜ਼ਾਦੀ ਉਤੇ ਜਾਣ ਬੁੱਝਕੇ ਛਾਪਾ ਮਾਰਿਆ ਗਿਆ ਹੈ । ਕਿੰਨੇ ਹੀ ਸਾਡੇ ਸਤਕਾਰ-ਯੋਗ ਵੀਰ ਝੂਠੇ ਤੇ ਘੋਰ ਇਲਜ਼ਾਮਾਂ ਥੱਲੇ ਜੇਲਾਂ ਵਿਚ ਸੁਟੇ ਜਾ ਰਹੇ ਹਨ । ਸਿੱਖਾਂ ਨੇ ਸਫਾਈ ਨਾ ਦੇਣ ਦਾ ਫੈਸਲਾ ਕਰ

---

[1] Petrie's Letter. 4. 3. 21

Digitized by Panjab Digital Library | www.panjabdigilib.org

ਲਿਆ ਹੈ । ਸਾਡੇ ਧਾਰਮਿਕ ਚਿੰਨ੍ਹ, ਕਿਰਪਾਨ ਉਤੇ ਜਿਹੜਾ ਕਾਨੂੰਨ ਦੀ ਮਾਰ ਤੋਂ ਛਡ ਦਿਤਾ ਗਿਆ ਸੀ, ਜ਼ਾਲਮ ਨੌਕਰਸ਼ਾਹਾਂ ਨੇ ਪਾਬੰਦੀ ਲਾ ਦਿਤੀ ਹੈ । ਗਿਣ ਮਿਥਕੇ ਸਿੱਖਾਂ ਨੂੰ ਬੇਇੱਜ਼ਤ ਕਰਨ ਦੀ ਪਾਲਿਸੀ ਅਪਣਾਈ ਜਾ ਰਹੀ ਹੈ । ਹੱਥਾਂ ਵਿਚ ਫੜਕੇ ਤੁਰਨ ਵਾਲੀਆਂ ਸੋਟੀਆਂ ਵੀ ਨਨਕਾਣੇ ਵਿਚ ਖੋਹ ਲਈਆਂ ਗਈਆਂ ਹਨ । ਧਾਰਮਕ ਸੁਧਾਰ ਲਹਿਰ ਨੂੰ ਊਜਾਂ ਤੇ ਗਲਤ-ਬਿਆਨੀਆਂ ਰਾਹੀਂ ਬਦਨਾਮ ਕੀਤਾ ਜਾ ਰਿਹਾ ਹੈ । ਹੋਰ ਤਾਂ ਹੋਰ, ਸਿੱਖ ਵਿਧਾਨਕਾਰਾਂ ਨੇ ਵੀ ਗੁਰਦੁਆਰੇ ਸਿੱਖਾਂ ਦੇ ਹੱਥੋਂ ਖੋਹਣ ਦੀ ਵਿਰੋਧਤਾ ਕੀਤੀ ਹੈ । ਸਿੱਖਾਂ ਦਾ ਸਬਰ ਟੁੱਟਣ ਕਿਨਾਰੇ ਪਹੁੰਚ ਗਿਆ ਹੈ ।"

ਸਾਰੇ ਵਾਈਸਰਾਏ ਸਾਮਰਾਜੀ ਥੈਲੀ ਦੇ ਹੀ ਚੱਟੇ ਵੱਟੇ ਸਨ । ਇਹ ਹਿੰਦੁਸਤਾਨ ਨੂੰ ਇਨਸਾਫ ਦੇਣ ਲਈ ਨਹੀਂ ਸਨ ਆਉਂਦੇ, ਦਬਾ ਕੇ ਗੁਲਾਮ ਰਖਣ ਲਈ ਆਉਂਦੇ ਸਨ । ਉਤਲੀ ਤਾਰ ਪੜ੍ਹਦਿਆਂ ਹੀ ਪੰਜਾਬ ਦੇ ਹਾਕਮ ਤਤਪਰ ਤੇ ਹੁਸ਼ਿਆਰ ਹੋ ਗਏ । ਗਵਰਨਰ ਨੇ ਸੁਝਾਅ ਦਿਤਾ ਕਿ ਜੇ ਵਾਈਸਰਾਏ ਏਹੋ ਜੇਹਾ ਜਵਾਬ ਘੱਲ ਦੇਵੇ ਕਿ ਮਾਮਲਾ ਬੜਾ ਧਿਆਨ ਲੈ ਰਿਹਾ ਹੈ ਅਤੇ ਲਾਹੌਰ ਦੇ ਔਣਵਾਲੇ ਦੌਰੇ ਤੇ ਉਹ ਇਸ ਬਾਰੇ ਪੜਤਾਲ ਕਰੇਗਾ—ਤਾਂ ਨਰਮ ਰਾਏ ਤੇ ਇਸ ਦਾ ਬੜਾ ਅਸਰ ਪਏਗਾ ।[1]

ਤਸ਼ੱਦਦ ਨਾਲ ਸਿੱਖਾਂ ਦੇ ਇਕ-ਮੁੱਠ ਹੋਣ ਦਾ ਅਮਲ ਬੜਾ ਤੇਜ਼ ਹੋ ਗਿਆ ਸੀ । ਇਸ ਲਈ ਅੰਗਰੇਜ਼ ਹਾਕਮਾਂ ਨੂੰ ਫਿਕਰ ਇਹ ਸੀ ਕਿ ਵਫ਼ਾਦਾਰਾਂ ਤੋਂ ਛੁੱਟ ਨਰਮ-ਖਿਆਲ ਸਿੱਖਾਂ ਨੂੰ ਆਪਣੇ ਨਾਲ ਜੋੜ ਕੇ ਰਖਿਆ ਜਾਵੇ । ਨਵੇਂ ਵਾਈਸਰਾਏ ਹਿੰਦੁਸਤਾਨ ਦੇ ਹਾਲਾਤ ਤੋਂ ਕੋਰੇ ਹੋਣ ਦੇ ਕਾਰਨ ਸਕਤਰੇਤ ਦੇ ਸਲਾਹ ਮਸ਼ਵਰੇ ਤੋਂ ਬਗੈਰ ਇਕ ਕਦਮ ਨਹੀਂ ਸਨ ਪੁਟ ਸਕਦੇ ।

## 3. ਜੱਜ ਕਿਊ ਦਾ ਇਨਸਾਫ

ਗੁਰਦੁਆਰਿਆਂ ਵਿਚੋਂ ਫੜੇ ਅਕਾਲੀਆਂ ਦੇ ਕਈ ਮੁਕੱਦਮੇ ਮਿਸਟਰ ਜੇ. ਈ. ਕਿਊ ਸਪੈਸ਼ਲ ਤੇ ਐਡੀਸ਼ਨਲ ਮੈਜਿਸਟਰੇਟ ਲਾਹੌਰ (ਜਿਸ ਨੂੰ ਧਾਰਾ 30, ਹਿੰਦ ਦੰਡਾਵਲੀ ਦੀਆਂ ਵਾਧੂ ਤਾਕਤਾਂ ਹਾਸਲ ਸਨ)—ਦੇ ਵਾਰੋ ਵਾਰੀ ਪੇਸ਼ ਹੋਏ । ਇਸ ਜੱਜ ਵਿਚ ਜੱਜਾਂ ਵਾਲੀ ਨਿਰਪੱਖਤਾ ਤੇ ਨਿਰਲੇਪਤਾ ਦਾ ਕੋਈ ਅੰਸ਼ ਨਹੀਂ ਸੀ । ਇਹ ਅਕਾਲੀ ਤਹਿਰੀਕ ਦਾ ਸਖਤ ਦੁਸ਼ਮਣ ਸੀ ਅਤੇ ਇਸ ਨੂੰ ਕੁਚਲਣ ਲਈ ਕਾਨੂੰਨ ਵਿਚ ਦਿਤੀ ਅਖੀਰੀ ਸਜ਼ਾ ਦੇ ਕੇ ਅੰਗਰੇਜ਼ ਰਾਜ ਦੀ ਰਖਿਆ ਵਿਚ ਆਪਣਾ ਹਿਸਾ ਪਾਉਂਦਾ ਸੀ । ਇਸ ਨੇ ਅੰਗਰੇਜ਼ ਰਾਜ ਦੇ ਇਨਸਾਫ ਦਾ ਢੌਂਗ ਨੰਗਾ ਕਰਨ ਵਿਚ ਚੰਗਾ ਕੰਮ ਕੀਤਾ ।

ਪਹਿਲਾ ਮੁਕੱਦਮਾ ਇਸਦੇ ਸਾਮ੍ਹਣੇ ਤੇਜਾ ਸਿੰਘ ਭੁੱਚਰ ਤੇ ਉਸਦੇ ਯਾਰਾਂ ਹੋਰ ਸਾਥੀਆਂ ਦਾ ਪੇਸ਼ ਹੋਇਆ । ਇਹ ਮੁਕੱਦਮਾ ਡਾਕੇ ਤੇ ਘਰ ਵਿਚ ਨਜਾਇਜ਼ (ਨੁਕਸਾਨ ਪਹੁੰਚਾਣ ਦੇ ਇਰਾਦੇ ਨਾਲ) ਦਾਖਲ ਹੋਣ ਦੀਆਂ ਦਫਾਵਾਂ ਥੱਲੇ ਸੀ । ਜੱਜ ਨੇ ਫੈਸਲੇ ਵਿਚ ਲਿਖਿਆ : ਮੁਲਜ਼ਮਾਂ ਨੇ ਮਾਣਕ ਚੌਂਕ, ਥੰਮ ਸਾਹਿਬ ਤੇ ਚਾਹ ਨਿਹੰਗਾਂ ਵਾਲਾ (ਝੱਬਰਕਲਾਂ) ਦੇ ਤਿੰਨਾਂ ਗੁਰਦੁਆਰਿਆਂ ਉਤੇ ਤਾਕਤ ਨਾਲ ਕਬਜ਼ਾ ਕੀਤਾ । ਅਕਾਲੀਆਂ ਨੇ ਸੂਬੇ ਵਿਚ ਏਕਾ ਏਕੀ ਪਰਸਿਧੀ ਹਾਸਲ ਕਰ ਲਈ । ਇਹ ਅਕਾਲੀ ਦਾ ਖਿਤਾਬ ਜੋੜ ਕੇ ਬੜੇ ਖੁਸ਼ ਹੁੰਦੇ ਹਨ । ਅਤੇ ਸਾਨੂੰ ਮਨਾਣਾ ਚਾਹੁੰਦੇ ਹਨ ਕਿ ਸਿੱਖ ਧਰਮ ਦੇ ਸੁਧਾਰ ਦੀ ਜ਼ੁਮੇਂਵਾਰੀ ਉਹਨਾਂ ਦੇ ਸਿਰ ਤੇ ਹੈ । ਪਰ ਇਨ੍ਹਾਂ ਦਾ ਏਲਾਨੀਆ ਇਰਾਦਾ ਗੁਰਦੁਆਰਿਆਂ ਉਤੇ—ਭਾਵੇਂ ਉਹ ਕਿਸੇ ਸੰਪਰਦਾਅ ਦੇ ਹੀ ਹੋਣ—ਜ਼ਬਰਦਸਤੀ ਕਬਜ਼ੇ

[1] ਮੈਨੂੰ ਇਸ ਤੇ ਤਾਰ ਭੇਜਣ ਵਿਚ ਕੋਈ ਇਤਰਾਜ਼ ਨਹੀਂ । ਐਸ. ਪੀ. ਓਡੋਨਲ, ਹੋਮ ਸਕਤਰ, 7. 4. 21 (ਤਾਰ ਨੰਬਰ 297-ਘੱਲ ਦਿਤੀ ਗਈ) ।

Digitized by Panjab Digital Library | www.panjabdigilib.org

ਕਰਨ ਤੋਂ ਛੁੱਟ ਹੋਰ ਕੁਛ ਨਹੀਂ......ਤੇਜਾ ਸਿੰਘ ਮੁਲਜ਼ਮ ਵਹੀਰ ਦਾ ਸ਼ਰਾਰਤੀ ਆਗੂ ਸੀ, ਜਿਸ ਦੇ ਕਹਿਣ ਤੇ ਇਹ ਸਭ ਕੁਛ ਕੀਤਾ ਗਿਆ। ਇਸ ਨੂੰ ਪੰਜ ਸਾਲ ਸਖਤ ਕੈਦ (ਤਿੰਨ ਮਹੀਨੇ ਕੋਠੀ ਬੰਦ) ਡਾਕੇ ਵਿਚ ਅਤੇ ਦੋ ਸਾਲ ਘਰ ਵਿਚ ਘੁਸਣ ਦੇ ਜੁਰਮ ਵਿਚ। ਦੋਵੇਂ ਸਜ਼ਾਵਾਂ ਮਿਲਕੇ 7 ਸਾਲ ਸਖਤ ਕੈਦ ਭੁਗਤਣੀ ਪਏਗੀ। ਤਿੰਨਾਂ ਹੋਰ ਅਕਾਲੀਆਂ ਨੂੰ ਚਾਰ ਚਾਰ ਸਾਲ ਅਤੇ ਬਾਕੀਆਂ ਨੂੰ ਤਿੰਨ ਤਿੰਨ ਸਾਲ ਸਖਤ ਸਜ਼ਾ ਦਿਤੀ ਗਈ।[1]

ਏਸੇ ਜੱਜ ਦੇ ਸਾਮ੍ਹਣੇ 31 ਅਕਾਲੀਆਂ ਦਾ ਇਕ ਹੋਰ ਮੁਕਦਮਾ 11 ਅਪਰੈਲ ਨੂੰ ਪੇਸ਼ ਹੋਇਆ। ਇਹਨਾਂ ਉਤੇ ਛੇ ਸੰਗੀਨ ਦਫਾਵਾਂ ਲਗੀਆਂ ਹੋਈਆਂ ਸਨ। ਫੈਸਲੇ ਵਿਚ ਕਿਊ ਨੇ ਲਿਖਿਆ : ਅਕਾਲੀਆਂ ਦੇ ਹਥਿਆਰ-ਬੰਦ ਜਥਿਆਂ ਨੇ ਗੁਰਦੁਆਰਾ ਮਾਣਕ ਉਤੇ ਕਬਜ਼ਾ ਕੀਤਾ। ਇਹ ਆਪੇ ਬਣੀ, ਗੈਰ ਜ਼ੁਮਾਵਾਰ ਜਥੇਬੰਦੀ ਹੈ ਜਿਹੜੀ ਕਿ ਧਾਰਮਕ ਸੰਸਥਾਵਾਂ ਦੇ ਸੁਧਾਰਕਾਂ ਦੇ ਤੌਰ ਤੇ ਆਪਣੇ ਆਪ ਨੂੰ ਪੇਸ਼ ਕਰਦੀ ਹੈ......ਕਾਨੂੰਨ ਤੇ ਹਾਕਮਾਂ ਦੀ ਅਵੱਗਿਆਕਾਰ ਹੈ ਅਤੇ ਇਸ ਦੀ ਗੋਂਦ ਤਸ਼ੱਦਦ ਤੇ ਲਾ-ਕਾਨੂੰਨੀ ਭੜਕਾਣਾ ਹੈ।

ਇਸ ਮੁਕਦਮੇ ਵਿਚ ਕਿਊ ਨੇ ਲਾਹੌਰਾ ਸਿੰਘ ਨੂੰ 9 ਸਾਲ, ਤਿੰਨ ਹੋਰ ਅਕਾਲੀਆਂ ਨੂੰ ਛੇ ਛੇ ਸਾਲ ਅਤੇ ਸੋਲਾਂ ਨੂੰ ਦੋ ਦੋ ਸਾਲ ਸਖਤ ਕੈਦ ਦੀ ਸਜ਼ਾ ਦਿਤੀ।[2]

ਏਸੇ ਜੱਜ ਦੇ ਅੱਗੇ ਕਰਤਾਰ ਸਿੰਘ ਝੱਬਰ ਤੇ ਉਸਦੇ ਹੋਰ ਕਈ ਸਾਥੀਆਂ ਦਾ ਮੁਕਦਮਾ ਪੇਸ਼ ਹੋਇਆ। ਝੱਬਰ ਦੇ ਕਈ ਗੁਰਦੁਆਰਿਆਂ ਉਤੇ ਡਾਕਾ ਮਾਰਨ, ਖਿਲਾਫ ਕਾਨੂੰਨ ਇੱਕਠ ਦਾ ਮਿੰਬਰ ਹੋਣ ਵਗੈਰਾ ਦੀਆਂ ਅੱਧੀ ਦਰਜਨ ਤੋਂ ਵਧ ਦਫਾਵਾਂ ਲਗੀਆਂ। ਗੁਰਦੁਆਰਾ ਬਾਲ ਲੀਲ੍ਹਾ, ਕਿਆਰਾ ਸਾਹਿਬ, ਅਟਾਰੀ ਤੇ ਚੰਦਰਕੋਟ ਵਗੈਰਾ ਤੋਂ ਛੁਟ ਉਸ ਉਤੇ ਹੋਰ ਮੁਕਦਮੇ ਵੀ ਚਲੇ। ਉਸ ਨੂੰ ਕੁਲ ਸਜ਼ਾ ਅਠਾਰਾਂ ਸਾਲ ਹੋਈ। ਅਤੇ ਤੇਜਾ ਸਿੰਘ ਭੁੱਚਰ ਨੂੰ ਇਕ ਹੋਰ ਮੁਕਦਮੇ ਵਿਚ ਦੋ ਸਾਲ ਹੋਰ ਹੋਣ ਕਰਕੇ 9 ਸਾਲ, ਅਤੇ ਏਸੇ ਤਰ੍ਹਾਂ ਲਾਹੌਰਾ ਸਿੰਘ ਦੀ ਦੋ ਸਾਲ ਹੋਰ ਵਧਣ ਕਰਕੇ ਯਾਰਾਂ ਸਾਲ ਕੈਦ (ਸਖਤ) ਹੋ ਗਈ। ਇਹ ਇਨਸਾਫ ਨਹੀਂ ਸੀ, ਇਨਸਾਫ ਦਾ ਕਤਲ ਸੀ। ਅਤੇ ਸਾਮਰਾਜੀ ਜੱਜਾਂ ਦੀ ਬੇਇਨਸਾਫੀ ਦੀ ਮੂੰਹੋਂ-ਬੋਲਦੀ ਮਿਸਾਲ ਸੀ।

ਇਹ ਤਿੰਨੇ ਅਕਾਲੀ ਜਥੇਦਾਰ ਸਨ ਅਤੇ ਅਫਸਰਾਂ ਨੂੰ ਚੁਭਦੇ ਸਨ। ਝੱਬਰ ਨੇ ਮਿਲ-ਵਰਤਨੀਆ[3] ਹੋਣ ਕਰਕੇ ਮੁਕਦਮੇ ਦੀ ਪੈਰਵੀ ਕੀਤੀ, ਪਰ ਸਜ਼ਾ ਨਾ-ਮਿਲਵਰਤਨੀਆਂ ਨਾਲੋਂ ਕਈ ਗੁਣਾਂ ਵੱਧ ਮਿਲੀ। ਨਾ-ਮਿਲਵਰਤਨੀਆਂ ਦਾ ਰਵੱਈਆ ਬਹਾਦਰਾਨਾ ਸੀ। ਉਹਨਾਂ ਨੂੰ ਬਰਿਟਿਸ਼ ਜੱਜਾਂ ਦੇ ਇਨਸਾਫ ਤੇ ਪਹਿਲੋਂ ਹੀ ਕੋਈ ਭਰੋਸਾ ਨਹੀਂ ਸੀ। ਇਸ ਦਾ ਨਤੀਜਾ ਉਹਨਾਂ ਲਈ ਝੱਬਰ ਤੋਂ ਚੰਗਾ ਰਿਹਾ।

ਇਸ ਜੱਜ ਦੇ ਸਾਮ੍ਹਣੇ ਹੋਰ ਵੀ ਕੁਛ ਅਕਾਲੀਆਂ ਦੇ ਮੁਕਦਮੇ ਪੇਸ਼ ਹੋਏ। ਇਹਨਾਂ ਵਿਚ ਉਸ ਨੇ ਨਾ ਕੇਵਲ ਅਕਾਲੀਆਂ ਨੂੰ ਕਰੜੀਆਂ ਸਜ਼ਾਵਾਂ ਦਿਤੀਆਂ ਸਗੋਂ ਅਕਾਲੀ ਤਹਿਰੀਕ ਦੀ

---

[1] Trial no. 5. 2. of 1921. ਲਾਹੌਰ।

[2] Trial no. 7. 2. of 1921. ਲਾਹੌਰ।

[3] ਝੱਬਰ ਨੂੰ ਮਿਲਵਰਤਨੀਆ ਹੋਣ ਤੇ ਬੜਾ ਮਾਣ ਸੀ। ਉਹਨੂੰ ਹੋਰਨਾਂ ਵਾਂਗ, ਇਹ ਸਮਝ ਨਹੀਂ ਸੀ ਕਿ ਗੌਰਮਿੰਟ ਖੁਦ ਗੁਰਦੁਆਰਾ ਧਾਰਮਕ ਲਹਿਰ ਦੇ ਹਾਮੀਆਂ ਨੂੰ ਫੜਕੇ ਇਸ ਨੂੰ ਰਾਜਸੀ ਬਣਾ ਰਹੀ ਹੈ। ਵੇਖੋ : ਅਕਾਲੀ ਮੋਰਚੇ ਤੇ ਝੱਬਰ—ਸਫ਼ਾ 136–37

Digitized by Panjab Digital Library | www.panjabdigilib.org

ਨਿਖੇਧੀ ਕੀਤੀ ਅਤੇ ਫੈਸਲਿਆਂ ਵਿਚ ਫਤਵੇ ਦਿਤੇ ਕਿ ਉਦਾਸੀ ਸਿੱਖ ਨਹੀਂ ਹਨ ਅਤੇ ਕਬਜ਼ੇ ਹੇਠ ਲਿਆਂਦੇ ਗੁਰਦੁਆਰੇ, ਗੁਰਦੁਆਰੇ ਨਹੀਂ ਹਨ, ਉਦਾਸੀ ਡੇਰੇ ਹਨ । ਉਹ ਮਾਲ ਦੇ ਕਾਗਜ਼ਾਂ ਵਿਚ ਦਰਜ 'ਗੁਰਦੁਆਰੇ' ਸ਼ਬਦ ਨੂੰ ਵੀ ਕੋਈ ਮਹੱਤਤਾ ਨਹੀਂ ਸੀ ਦੇਂਦਾ, ਨਾ ਹੀ ਉਹ ਇਸ ਤੱਥ ਦੀ ਕੋਈ ਪਰਵਾਹ ਕਰਦਾ ਸੀ ਕਿ ਮਾਣਕ ਦਾ ਮਹੰਤ ਪਹਿਲੋਂ ਆਪਣੇ ਬਿਆਨਾਂ ਵਿਚ ਆਪਣੇ ਆਪ ਨੂੰ ਸਿੱਖ ਕਹਿੰਦਾ ਰਿਹਾ ਹੈ ਅਤੇ ਹੁਣ ਕਹਿੰਦਾ ਹੈ ਕਿ ਉਹ ਹਿੰਦੂ ਹੈ, ਉਸ ਦਾ ਸਿੱਖੀ ਨਾਲ ਕੋਈ ਵਾਸਤਾ ਨਹੀਂ ।

ਇਸੇ ਵੇਲੇ ਗੌਰਮਿੰਟ ਦੀ ਪਾਲਿਸੀ ਇਹ ਸੀ ਕਿ ਮਹੰਤਾਂ ਨੂੰ ਪੰਥ ਨਾਲੋਂ ਸੰਬੰਧ ਤੋੜਨ ਲਈ ਹਲਾਸ਼ੇਰੀ ਦਿਤੀ ਜਾਵੇ; ਉਹਨਾਂ ਨੂੰ ਪੰਥ ਤੋਂ ਬਾਗ਼ੀ ਕਰਕੇ ਪੰਥ ਨਾਲ ਲੜਾਇਆ ਜਾਵੇ ਅਤੇ ਅਕਾਲੀਆਂ ਦੀ ਜਥੇਬੰਦੀ ਤੇ ਲਹਿਰ, ਕਾਨੂੰਨ ਤੇ ਅਮਨ ਦੇ ਬਹਾਨੇ ਥਲੇ, ਕੁਚਲ ਦਿਤੀ ਜਾਵੇ । ਜੱਜ ਕਿਉ, ਇਨਸਾਫ ਦਾ ਚੋਗਾ ਪਰ੍ਹਾਂ ਸੁਟਕੇ ਅਤੇ ਬਿਲਕੁਲ ਨੰਗਾ ਹੋ ਕੇ ਏਸੇ ਪਾਲਿਸੀ ਨੂੰ ਅਮਲੀ ਸ਼ਕਲ ਦੇ ਰਿਹਾ ਸੀ ।

ਇਹ ਭਰਪੂਰ ਤਸ਼ੱਦਦ ਤੇ ਜ਼ੁਲਮ, ਅਫਸਰਾਂ ਦੀ ਸਾਜ਼ਸ਼ ਉਤੇ ਪੜਦਾ ਪਾਉਣ, ਮਹੰਤ ਨਰੈਣ ਦਾਸ ਦੇ ਖਿਲਾਫ ਗੁਆਹਾਂ ਤੋਂ ਆਪਣੀ ਮਰਜ਼ੀ ਦੇ ਬਿਆਨ ਲੈਣ ਅਤੇ ਮਹੰਤ ਨੂੰ ਮੌਤ ਦੀ ਸਜ਼ਾ ਤੋਂ ਬਚਾਣ ਲਈ ਕੀਤਾ ਜਾ ਰਿਹਾ ਸੀ । ਅਤੇ ਇਸ ਦਾ ਗੁਆਹਾਂ ਉਤੇ ਅਸਰ ਪਿਆ । ਗੁਆਹ ਆਪਣੇ ਪਹਿਲੇ ਦਿਤੇ ਬਿਆਨਾਂ ਤੋਂ ਮੁਕਰ ਗਏ । ਸਰਦਾਰ ਗੱਜਣ ਸਿੰਘ ਨੇ ਲੈਜਿਸਲੇਟਿਵ ਅਸੰਬਲੀ ਦਿੱਲੀ ਵਿਚ ਸਵਾਲ ਪੁਛੇ ਕਿ ਮਹੰਤ ਦੇ ਕੇਸ ਵਿਚ ਮੈਜਿਸਟਰੇਟਾਂ ਸਾਮ੍ਹਣੇ ਦਿਤੇ ਪਹਿਲੇ ਬਿਆਨਾਂ ਤੋਂ ਮੁਕਰ-ਗਏ ਗੁਆਹਾਂ ਦੇ ਖਿਲਾਫ ਝੂਠ ਬੋਲਣ ਦੇ ਕੋਈ ਮੁਕਦਮੇ ਚਲਾਏ ਗਏ ?[1] ਜਵਾਬ ਘੜੇ-ਘੜਾਏ ਫਾਰਮੂਲੇ ਰਾਹੀਂ ਟਾਲਵਾਂ ਦਿਤਾ ਗਿਆ ; ਸਵਾਲਾਂ ਦਾ ਸੰਬੰਧ ਪੰਜਾਬ ਗੌਰਮਿੰਟ ਨਾਲ ਹੈ, ਕੇਂਦਰੀ ਸਰਕਾਰ ਨਾਲ ਨਹੀਂ—ਇਸ ਲਈ ਇਹ ਸਵਾਲ ਪੰਜਾਬ ਕੌਂਸਲ ਵਿਚ ਪੁਛੇ ਜਾਣੇ ਚਾਹੀਦੇ ਹਨ ।—ਸਰਕਾਰੀ ਅਫਸਰਾਂ ਦੇ ਬਿਆਨ ਅਕਾਲੀ ਤਹਿਰੀਕ ਦੇ ਨਿੰਦਕ ਸਨ ਅਤੇ ਮਹੰਤ ਨੂੰ ਮੌਤ ਦੀ ਸਜ਼ਾ ਤੋਂ ਬਚਾਣ ਲਈ ਰਾਹ ਪੱਧਰਾ ਕਰਦੇ ਸਨ । ਸਾਫ ਜ਼ਾਹਿਰ ਹੈ ਕਿ ਕਾਨੂੰਨ ਆਪਣਾ ਖੂਨ-ਭਰਿਆ ਜਬਾੜਾ ਸਰਕਾਰੀ ਪਾਲਿਸੀ ਨੂੰ ਅਮਲ ਵਿਚ ਲਿਆਉਣ ਲਈ ਹੀ ਖੋਲ੍ਹਦਾ ਹੈ ! ਜਦੋਂ ਲੋੜ ਪਏ ਤਾਂ ਇਹ ਤੱਥਾਂ ਤੇ ਝੂਠੇ ਗੁਆਹਾਂ ਦੇ ਖਿਲਾਫ ਵੀ ਅੱਖੀਆਂ ਮੀਟ ਕੇ ਲਾਂਭੇ ਹੋ ਖਲੋਂਦਾ ਹੈ ।

## 4. ਮਹੰਤ ਦਾ ਮੁਕੱਦਮਾ

ਹਾਈਕੋਰਟ ਵਿਚ ਮਹੰਤ ਨੇ ਪਟਨੇ ਦੇ ਹਸਨ ਇਮਾਮ ਨੂੰ ਆਪਣੇ ਮੁਕੱਦਮੇ ਦੀ ਪੈਰਵੀ ਲਈ ਲਿਆਂਦਾ । ਉਸ ਨੇ ਮਹੰਤ ਦੇ ਗੁਨਾਹਾਂ ਨੂੰ ਘਟਾਣ ਲਈ ਜਿਹੜੀਆਂ ਦਲੀਲਾਂ ਦਿਤੀਆਂ ਉਹ ਕਾਨੂੰਨੀ ਇਤਿਹਾਸ ਨੂੰ ਹਮੇਸ਼ਾਂ ਸ਼ਰਮਸਾਰ ਕਰਦੀਆਂ ਰਹਿਣਗੀਆਂ । ਉਸ ਨੇ ਮਹੰਤ ਵਲੋਂ ਜਨਮ ਅਸਥਾਨ ਅੰਦਰ ਦਾਖਲ ਹੋਏ ਤਮਾਮ ਸਿੱਖਾਂ ਨੂੰ ਮਾਰ ਮੁਕਾਣ ਦਾ ਹੁਕਮ ਦੇਣ ਬਾਰੇ ਆਖਿਆ : 130 ਨਹੀਂ, ਜੇ ਮੌਤਾਂ ਦੀ ਗਿਣਤੀ 130 ਹਜ਼ਾਰ ਵੀ ਹੁੰਦੀ ਤਾਂ ਵੀ ਮਹੰਤ ਇਹ ਹੁਕਮ ਦੇਣ ਵਿਚ ਹੱਕੀ ਤੇ ਠੀਕ ਹੁੰਦਾ ।'[2] ਅਤੇ ਹਾਈਕੋਰਟ ਦੇ ਜੱਜਾਂ ਨੇ 3 ਮਾਰਚ 1922 ਨੂੰ ਆਪਣੇ ਫੈਸਲੇ ਵਿਚ ਲਿਖਿਆ ਕਿ ਸਰਕਾਰ ਵਲੋਂ ਰੱਖਿਆ ਨਾ ਮਿਲ ਸਕਣ ਦੇ ਕਾਰਣ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ

[1] File no. 914/II—1922. Home. Political.
[2] Tribune. January 26, 1922

Digitized by Panjab Digital Library | www.panjabdigilib.org

ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰਖੇ,ਅਤੇ ਰਾਂਝੇ ਤੇ ਰਿਹਾਨੇ ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ । ਜੱਜਾਂ ਦੀ ਰਾਏ ਵਿਚ, 'ਉਹ, ਬਿਲਾ ਸ਼ੱਕ, ਨਿਰਾਸਤਾ ਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸ ਦਾ ਸ਼ਿਕਾਰ ਹੋ ਗਿਆ ਸੀ, ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਏਹੋ ਜੇਹਾ ਕਾਰਾ ਕੀਤਾ ।' ਇਹ ਦਲੀਲਾਂ ਦੇ ਕੇ ਜੱਜਾਂ ਨੇ ਮਹੰਤ ਨੂੰ ਮੌਤ ਦੀ ਥਾਂ ਉਮਰ ਕੈਦ ਦੀ ਸਜ਼ਾ ਦਿਤੀ, ਹਰੀਨਾਥ (ਜਿਸ ਨੇ ਜੁਰਮ ਦਾ ਪੂਰਾ ਇਕਬਾਲ ਕਰ ਲਿਆ ਸੀ), ਰਾਂਝਾ ਅਤੇ ਰਿਹਾਨਾ ਦੀ ਫ਼ਾਂਸੀ ਦੀ ਸਜ਼ਾ ਬਹਾਲ ਰਖੀ ਅਤੇ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਸੀ, ਉਹਨਾਂ ਵਿਚੋਂ ਸਿਰਫ ਦੋਂਹ ਮੁਜਰਮਾਂ ਦੀ ਸਜ਼ਾ ਬਹਾਲ ਰਖੀ ਗਈ, ਬਾਕੀ ਸਭ ਨੂੰ ਪਠਾਣਾਂ ਸਮੇਤ ਰਿਹਾ ਕਰ ਦਿਤਾ ਗਿਆ । ਇਸ ਫੈਸਲੇ ਦਾ ਅਸਰ ਜਿਹੜਾ ਮੁਲਕ ਵਿਚ, ਆਮ ਕਰ, ਅਤੇ ਸਿੱਖਾਂ ਉਤੇ ਖਾਸ ਕਰ, ਹੋਇਆ ਉਸ ਨਾਲ ਬਰਿਟਿਸ਼ ਜੱਜਾਂ ਦੇ ਇਨਸਾਫ ਕਰਨ ਦੇ ਭਰਮਾਂ ਦਾ, ਬੜੀ ਹੱਦ ਤਕ ਪਾਜ ਖੁਲ੍ਹ ਗਿਆ।

ਫੈਸਲਾ ਭਾਵੇਂ ਏਹੋ ਹੀ ਹੁੰਦਾ ਜਾਂ ਹੋਣਾ ਸੀ, ਪਰ ਜੱਜਾਂ ਪਾਸੋਂ ਇਹ ਤੱਥ ਲੁਕਾਇਆ ਗਿਆ ਕਿ ਮਹੰਤ ਨੇ ਸਰਕਾਰ ਪਾਸੋਂ, ਆਪਣੀ ਹਿਫਾਜ਼ਤ ਲਈ, ਪੁਲਸ ਭੇਜਣ ਵਾਸਤੇ ਹਾੜੇ ਕਢੇ ਸਨ ਪਰ ਕਿੰਗ ਤੇ ਕੱਰੀ ਨੇ ਜਾਣ ਬੁਝਕੇ, ਗਿਣੀ ਮਿਥੀ ਗੋਂਦ ਅਨੁਸਾਰ, ਉਸ ਨੂੰ ਪੁਲਸ ਦੀ ਹਿਫਾਜ਼ਤ ਨਹੀਂ ਸੀ ਦਿਤੀ । ਨਾ ਹੀ ਜੱਜਾਂ ਦੇ ਪਹਿਲੇ ਬਿਆਨਾਂ ਤੋਂ ਮੁਕਰ-ਗਏ ਗੁਆਹਾਂ ਉਤੇ ਕੋਈ ਐਕਸ਼ਨ ਲੈਣ ਦੀ ਸਿਫਾਰਸ਼ ਕੀਤੀ ।

## 5. ਸ਼ਰਤਾਂ ਦੇ ਕੇ ਰਿਹਾਈਆਂ

ਭਾਈ ਕਰਤਾਰ ਸਿੰਘ ਝੱਬਰ ਤੇ ਤੇਜਾ ਸਿੰਘ ਭੁੱਚਰ ਵਗੈਰਾ ਨੂੰ ਲੰਮੀਆਂ ਲੰਮੀਆ ਤੇ ਸਖਤ ਸਜ਼ਾਵਾਂ ਦੇਣ ਦਾ ਮਕਸਦ ਗੁਰਦੁਆਰਾ ਤਹਿਰੀਕ ਨੂੰ ਕੁਚਲਣਾ ਸੀ । ਪਰ ਸਰਕਾਰ ਬਾਰ ਬਾਰ ਬਿਆਨ ਦੇ ਰਹੀ ਸੀ ਕਿ ਗੁਰਦੁਆਰਾ ਸੁਧਾਰ ਦੀ ਲਹਿਰ ਨਾਲ ਉਸਦੀ ਬੜੀ ਹਮਦਰਦੀ ਹੈ । ਇਹ ਗਲਤ ਬਿਆਨੀ ਹੈ ਕਿ ਸਰਕਾਰ ਲਹਿਰ ਨੂੰ ਕੁਚਲਨਾ ਚਾਹੁੰਦੀ ਹੈ । ਸਰਕਾਰ ਦਾ ਮਕਸਦ ਸਿਰਫ ਅਮਨ ਤੇ ਕਾਨੂੰਨ ਨੂੰ ਕਾਇਮ ਤੇ ਬਹਾਲ ਰਖਣਾ ਹੈ ਇਸ ਤੋਂ ਵਧ ਕੁਛ ਨਹੀਂ । ਕਾਨੂੰਨ ਤੋੜਨਾ ਬੰਦ ਕਰੋ ਅਤੇ ਅਦਾਲਤਾਂ ਦੀ ਸ਼ਰਨ ਲਓ—ਸੁਧਾਰ ਦਾ ਏਹੋ ਰਸਤਾ ਹੈ, ਹੋਰ ਕੋਈ ਨਹੀਂ । ਪਰ ਅਦਾਲਤਾਂ ਰਾਹੀਂ ਇਨਸਾਫ ਹਾਸਲ ਨਹੀਂ ਸੀ ਹੁੰਦਾ, ਇਹ ਅਸੀਂ ਪਿੱਛੇ ਵੇਖ ਆਏ ਹਾਂ ਅਤੇ ਅੱਗੇ ਹੋਰ ਵਿਸਥਾਰ ਨਾਲ ਵੇਖਾਂਗੇ ।

ਜੱਜ ਕਿਊ ਵਲੋਂ ਦਿੱਤੀਆਂ ਇਹ ਲੰਮੀਆਂ ਤੇ ਸਖਤ ਸਜ਼ਾਵਾਂ ਬਰਿਟਿਸ਼ ਇਨਸਾਫ ਦੀਆਂ ਧੰਦੀਆਂ ਖਰਾਂਦੀਆਂ ਸਨ । ਇਹਨਾਂ ਬਾਰੇ ਵਕੀਲਾਂ ਵਿਚ ਬੜੀ ਚਰਚਾ ਹੋਈ ਸੀ ਅਤੇ ਸਿੱਖਾਂ ਦੇ ਦਿਲ ਸਰਕਾਰ ਦੀਆਂ ਮਹੰਤਾਂ-ਪੱਖੀ ਪਾਲਿਸੀਆਂ ਵਿਰੁਧ ਹੋਰ ਸਖਤ ਤੇ ਕਰੜੇ ਹੋ ਗਏ ਸਨ । ਇਹਨਾਂ ਅਕਾਲੀ ਆਗੂਆਂ ਦੀਆਂ ਸਜ਼ਾਵਾਂ ਦੀ ਮਨਸੂਖੀ ਅਤੇ ਰਿਹਾਈ ਲਈ ਪਰੈਸ ਵਿਚ ਤੇ ਬਾਹਰ ਆਵਾਜ਼ ਉਠਣਾ ਕੁਦਰਤੀ ਸੀ । ਇਸ ਵਧ ਰਹੀ ਆਵਾਜ਼ ਨੂੰ ਮੁਖ ਰਖਕੇ ਕਈ ਪਾਸਿਆਂ ਵਲੋਂ ਸਰਕਾਰ ਤੇ ਜ਼ੋਰ ਦਿਤਾ ਜਾ ਰਿਹਾ ਸੀ ਕਿ ਅਕਾਲੀਆਂ ਦੀਆਂ ਸਜ਼ਾਵਾਂ ਮਨਸੂਖ ਕੀਤੀਆਂ ਜਾਣ ਅਤੇ ਉਹਨਾਂ ਨੂੰ ਰਿਹਾ ਕੀਤਾ ਜਾਵੇ । ਜੁਲਾਈ 1921 ਨੂੰ ਚੀਫ ਖਾਲਸਾ ਦੀਵਾਨ ਦਾ, ਗਵਰਨਰ ਨੂੰ ਇਕ ਡੈਪੂਟੇਸ਼ਨ ਮਿਲਿਆ ਸੀ ਜਿਸ ਨੇ ਵੀ ਇਹਨਾਂ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਸੀ । ਇਹ ਮੰਗ ਵਫਾਦਾਰੀ ਜਿਤਾ ਕੇ ਤੇ ਇਹ ਆਖ ਕੇ ਕੀਤੀ ਗਈ ਸੀ ਕਿ ਮੁਲਜ਼ਮਾਂ ਨੇ ਨਨਕਾਣੇ ਦੇ ਸਾਕੇ ਪਿਛੋਂ ਜੋਸ਼ ਵਿਚ ਆ ਕੇ ਇਹ ਕੰਮ ਕੀਤੇ ਹਨ । ਉਹਨਾਂ ਦਾ ਇਰਾਦਾ

Digitized by Panjab Digital Library | www.panjabdigilib.org

ਮੁਜਰਮਾਂ ਵਾਲਾ ਨਹੀਂ ਸੀ। ਇਸ ਲਈ ਰਹਿਮ ਕਰਨਾ ਚਾਹੀਦਾ ਹੈ।

ਪਰ ਗੌਰਮਿੰਟ ਨੇ ਦੀਵਾਨ ਦੀਆਂ ਇਹਨਾਂ ਦਲੀਲਾਂ ਨੂੰ, ਇਹਨਾਂ 'ਮੁਲਜ਼ਮਾਂ ਵਲੋਂ ਵਰਤੇ ਗਏ ਜਬਰੀ ਤਸ਼ੱਦਦ' ਦੇ ਕਾਰਣ, "ਯੋਗ ਬਹਾਨੇ" ਨਾ ਪਰਵਾਨ ਕੀਤਾ ਅਤੇ ਜੱਜ ਵਲੋਂ ਇਹੋ ਦਲੀਲਾਂ ਰੱਦ ਕਰਕੇ ਸਜ਼ਾਵਾਂ ਦੇਣ ਦੇ ਫੈਸਲੇ ਨੂੰ ਦਰੁਸਤ ਠਹਿਰਾਇਆ।[1] ਅਤੇ ਆਖਿਆ ਕਿ ਜਿਸ ਮਕਸਦ ਲਈ ਇਹ 'ਐਕਸ਼ਨ' ਲਿਆ ਗਿਆ ਸੀ ਉਹ ਅਸਰ-ਦਾਈ ਸਾਬਤ ਹੋਇਆ ਹੈ। ਪਰ ਬਾਵਜੂਦ ਇਸ ਦੇ ਗੌਰਮਿੰਟ ਨੇ ਫੈਸਲਾ ਕੀਤਾ ਕਿ ਜੇ ਹਰ ਇਕ ਮੁਲਜ਼ਮ ਜ਼ਾਤੀ ਤੌਰ ਤੇ ਇਹ "ਸ਼ਰਤਾਂ" ਲਿਖ ਕੇ ਦੇ ਦੇਵੇ ਕਿ ਉਹ ਬਚਨ ਦੇਂਦਾ ਹੈ ਕਿ ਉਹ ਰਿਹਾ ਹੋ ਕੇ ਸਰਕਾਰ ਦੀ ਤਸੱਲੀ ਮੁਤਾਬਕ ਆਪਣੀ ਸਜ਼ਾ ਦੇ ਮੁਕਣ ਤਕ 'ਚੰਗਾ ਵਤੀਰਾ' ਧਾਰਨ ਕਰੀ ਰਖੇਗਾ ਅਤੇ ਖਾਸ ਕਰ, ਹੋਰਨਾਂ ਨੂੰ ਮਹੰਤਾਂ ਦੇ ਗੁਰਦੁਆਰਿਆਂ ਉਤੇ ਕਬਜ਼ੇ ਕਰਨ ਲਈ ਨਹੀਂ ਉਕਸਾਏਗਾ, ਅਤੇ ਜੇ ਸਰਕਾਰ ਦੀ ਰਾਏ ਵਿਚ ਇਹ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ—ਤਾਂ ਸਰਕਾਰ ਉਸ ਨੂੰ ਮੁੜ ਫੜ ਸਕਦੀ ਹੈ ਅਤੇ ਦਿਤੀ-ਹੋਈ ਪੂਰੀ ਸਜ਼ਾ ਭੁਗਤਾ ਸਕਦੀ ਹੈ, ਇਹ ਸ਼ਰਤਾਂ ਦੇਣ ਤੇ ਉਹ ਰਿਹਾ ਕਰ ਦਿਤਾ ਜ਼ਾਏਗਾ।

ਇਹ ਸ਼ਰਤਾਂ ਅਣਖ-ਹੀਣ ਮੁਆਫੀ ਦੀ ਸਿੱਧੀ ਮੰਗ ਕਰਦੀਆਂ ਸਨ। ਕੋਈ ਨਹੀਂ ਸੀ ਸਮਝਦਾ ਕਿ ਕੋਈ ਅਣਖ ਵਾਲਾ ਅਕਾਲੀ ਆਗੂ ਜਾਂ ਸੇਵਕ ਇਹਨਾਂ ਹੇਠੀ-ਭਰੀਆਂ ਸ਼ਰਤਾਂ ਨੂੰ ਪਰਵਾਨ ਕਰਕੇ ਬਾਹਰ ਆਵੇਗਾ। ਕੋਈ ਨਹੀਂ ਸੀ ਯਕੀਨ ਕਰ ਸਕਦਾ ਕਿ ਕਰਤਾਰ ਸਿੰਘ ਝੱਬਰ ਸ਼ਰਤਾਂ ਮੰਨਕੇ ਬਾਹਰ ਆ ਸਕਦਾ ਹੈ। ਜੱਜ ਕਿਉਂ ਨੂੰ ਤਾਂ ਉਸ ਨੇ ਬੜਾ ਵੰਗਾਰ ਕੇ ਆਖਿਆ ਸੀ : ਮੇਰੀ ਲੰਮੀ ਕੈਦ ਇਸ ਦਾ ਸਬੂਤ ਹੈ ਕਿ ਮੈਂ ਪੰਥ ਦੀ ਸਭ ਤੋਂ ਵਧ ਸੇਵਾ ਕੀਤੀ ਹੈ, ਸਗੋਂ ਮੈਨੂੰ ਤਾਂ ਇਸ ਤੇ ਫ਼ਖ਼ਰ ਹੈ।[2] ਅਕਾਲੀ ਅਖਬਾਰ ਨੂੰ ਆਸ ਸੀ ਕਿ ਸ: ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ, ਲੱਖਾ ਸਿੰਘ ਤੇ ਬਾਕੀ ਦੇ ਅਕਾਲੀ ਸ਼ਰਤਾਂ ਦੇ ਕੇ ਖਰੀਦੀ ਹੋਈ ਏਹੋ ਜੇਹੀ ਰਿਹਾਈ ਨਾਲੋਂ ਜੇਲਾਂ ਵਿਚ ਰਹਿਣਾ ਵਧੇਰੇ ਪਸੰਦ ਕਰਨਗੇ। (12 ਸਤੰਬਰ)

ਪਰ ਲੰਮੇ ਅਰਸੇ ਦੇ ਸਬੰਧਾਂ ਕਰਕੇ ਚੀਫ ਖਾਲਸਾ ਦੀਵਾਨੀ ਆਗੂਆਂ ਦੀ ਮੰਦੀ ਚੰਗੀ ਗੱਲ ਮੰਨ ਲੈਣਾ ਝੱਬਰ ਦੀ ਕਮਜ਼ੋਰੀ ਸੀ। ਉਹਨਾਂ ਦੇ ਜ਼ੋਰ ਦੇਣ ਉਤੇ ਉਸ ਨੇ ਹਥਿਆਰ ਸੁੱਟ ਦਿਤੇ, ਪੰਥ ਦੀ ਸੇਵਾ ਤੇ ਫਖਰ ਵਾਲੀ ਗੱਲ ਭੁੱਲ ਗਿਆ ਅਤੇ ਉਸ ਨੇ ਤੇ ਉਸ ਦੇ ਕੁਛ ਹੋਰ ਸਾਥੀਆਂ ਨੇ ਸ਼ਰਤਾਂ ਲਿਖ ਕੇ ਦੇ ਦਿਤੀਆਂ ਅਤੇ ਰਿਹਾਈ ਪਰਾਪਤ ਕਰ ਲਈ। ਰੋਜ਼ਾਨਾ ਅਕਾਲੀ ਨੇ ਇਹ ਲਿਖ ਕੇ ਲੋਕਾਂ ਦੇ ਦਿਲ ਦੀ ਗੱਲ ਕੀਤੀ ਕਿ ਸ਼ਰਤਾਂ-ਮੰਨਵੀਂ ਰਿਹਾਈ ਨੇ ਗੁਰਦੁਆਰਾ ਤਹਿਰੀਕ ਨੂੰ ਬੜੀ ਸੱਟ ਮਾਰੀ ਹੈ। ਹੁਣ ਸਾਨੂੰ ਵਧੇਰੇ ਕੁਰਬਾਨੀਆਂ ਕਰਨੀਆਂ ਪੈਣਗੀਆਂ ਅਤੇ ਆਪਣੇ ਮੋਢਿਆਂ ਉਤੇ ਵਧੇਰੇ ਜ਼ੁਮੇਂਵਾਰੀਆਂ ਚੁਕਣੀਆਂ ਪੈਣਗੀਆਂ (17 ਸਤੰਬਰ)। ਸਿਰਫ ਛੇ ਸੂਰਬੀਰ ਅਕਾਲੀ ਨਿਕਲੇ ਜਿਨ੍ਹਾਂ ਨੇ ਕੋਈ ਵੀ ਸ਼ਰਤਾਂ ਦੇ ਕੇ ਰਿਹਾ ਹੋਣੋਂ ਇਨਕਾਰ ਕਰ ਦਿਤਾ।

ਪਰ ਚੀਫ ਖਾਲਸਾ ਦੀਵਾਨ ਦੇ ਅਖਬਾਰ ਖਾਲਸਾ ਸਮਾਚਾਰ ਨੇ ਆਪਣੀ ਵਫਾਦਾਰੀ ਦੀ ਆਦਤ ਮੁਤਾਬਕ ਕੁਛ ਇਸ ਤਰ੍ਹਾਂ ਲਿਖਿਆ : ਰਿਹਾਈਆਂ ਨੇ ਸਿੱਖਾਂ ਦੇ ਜ਼ਖਮੀਂ ਦਿਲਾਂ ਉਤੇ ਮਲ੍ਹਮ ਲਾਈ ਹੈ ਅਤੇ ਸਿੱਖਾਂ ਨੂੰ ਬੜਾ ਰਿਣੀ ਤੇ ਇਹਸਾਨ ਮੰਦ ਬਣਾਇਆ ਹੈ। ਅਸੀਂ ਸਮਝਦੇ ਹਾਂ ਕਿ ਜੇ ਗੌਰਮਿੰਟ ਚੀਫ ਖਾਲਸਾ ਦੀਵਾਨ ਦੀਆਂ ਮੰਗਾਂ ਮੰਨ ਲਵੇ ਤਾਂ ਸਿਖਾਂ ਦੀਆਂ ਸ਼ਿਕਾਇਤਾਂ ਦੂਰ ਹੋ ਜਾਣਗੀਆਂ ਅਤੇ ਕੋਈ ਵੀ ਬੁਰਾ ਆਦਮੀ ਸਿੱਖਾਂ ਅਤੇ ਗੌਰਮਿੰਟ ਵਿਚਕਾਰ ਪਾੜ ਦੇ ਜਜ਼ਬਿਆਂ ਦੇ ਪੈਦਾ ਕਰਨ ਦਾ ਮੌਕਿਆ ਨਹੀਂ ਹਾਸਲ ਕਰ ਸਕੇਗਾ। (15 ਸਤੰਬਰ)

---

[1] ਸਰਕਾਰੀ ਏਲਾਨ, ਸਿਮਲਾ, 7 ਸਤੰਬਰ Statesman, 9-9-21

[2] ਅਕਾਲੀ ਮੋਰਚੇ ਤੇ ਝੱਬਰ, ਪੰਨਾ 137.

Digitized by Panjab Digital Library | www.panjabdigilib.org

ਚੀਫ ਖਾਲਸਾ ਦੀਵਾਨ ਗੁਰਦੁਆਰਾ ਸੁਧਾਰ ਲਈ ਸਰਕਾਰ ਦੇ ਖਿਲਾਫ ਮੋਰਚੇ ਲਾਣ ਦੇ ਸਖਤ ਖਿਲਾਫ ਸੀ । ਇਹ ਮਾੜਾ ਮੋਟਾ ਗੁਰਦੁਆਰਾ ਬਿਲ ਲੈ ਕੇ ਸਰਕਾਰ ਨਾਲ ਸਮਝੌਤਾ ਕਰਨਾ ਚਾਹੁੰਦਾ ਸੀ । —ਅਤੇ ਬਿਲ ਵੀ ਉਹ ਜਿਸ ਨਾਲ ਗੁਰਦੁਆਰੇ ਇਕ ਕੇਂਦਰ ਦੇ ਅਧੀਨ ਨਾ ਹੋ ਸਕਣ, ਸਗੋਂ ਅਕੇਂਦਰਿਤ ਰਹਿਣ । ਅਤੇ ਜਿਸ ਵਿਚ ਮਹੰਤਾਂ ਤੇ ਉਹਨਾਂ ਦੇ ਪਰਤੀਨਿਧਾਂ ਨੂੰ ਵੀ ਅਧਿਕਾਰ ਪਰਾਪਤ ਹੋਣ । ਪਰ ਤਹਿਰੀਕ ਬਹੁਤ ਅਗੇ ਲੰਘ ਚੁਕੀ ਸੀ, ਉਹ ਚੀਫ ਖਾਲਸਾ ਦੀਵਾਨ ਦੇ ਕਿਸੇ ਬਿਲ ਨੂੰ ਪਰਵਾਨ ਕਰਨ ਲਈ ਤਿਆਰ ਨਹੀਂ ਸੀ ਅਤੇ ਉਹ ਇਸ ਨੂੰ ਲਿਤਾੜ ਕੇ ਹੀ ਆਪਣੇ ਨਿਸ਼ਾਨੇ ਹਾਸਲ ਕਰ ਸਕਦੀ ਸੀ ।

## 6. ਪਹਿਲਾ ਗੁਰਦੁਆਰਾ ਬਿਲ

ਗੁਰਦੁਆਰਿਆਂ ਵਿਚੋਂ ਦਖਲ ਛਡ ਦੇਣ ਦਾ ਇਰਾਦਾ ਗੌਰਮਿੰਟ ਦਾ ਉੱਕਾ ਨਹੀਂ ਸੀ । ਇਸ ਲਈ ਜਿਹੜਾ ਬਿਲ ਉਸ ਨੇ ਲੈਜਿਸਲੇਟਿਵ ਕੌਂਸਲ ਪੰਜਾਬ ਵਿਚ ਪੇਸ਼ ਕੀਤਾ, ਉਹ ਨਾ ਸਿਰਫ ਸਰਕਾਰ ਦਾ ਦਖਲ ਹੀ ਨਹੀਂ ਸੀ ਕਾਇਮ ਰਖਦਾ, ਸਗੋਂ ਨਿਯੁਕਤ ਕੀਤੇ ਜਾਣ ਵਾਲੇ ਕਮਿਸ਼ਨ ਦੇ ਮਿੰਬਰਾਂ ਦੀਆਂ ਭਾਰੀਆਂ ਤਨਖਾਹਾਂ ਦਾ ਬੋਝ ਵੀ ਗੁਰਦੁਆਰਿਆਂ ਦੀ ਗੋਲਕ ਉਤੇ ਪਾਉਂਦਾ ਸੀ । ਕਮਿਸ਼ਨ ਦੇ ਮਿੰਬਰ ਸਰਕਾਰ ਨੇ ਨਾਮਜ਼ਦ ਜਾਂ ਮੁਕਰਰ ਕਰਨੇ ਸਨ ਅਤੇ ਉਸ ਦਾ ਪਰਧਾਨ ਇਕ ਅੰਗਰੇਜ਼ ਅਫਸਰ ਜਾਂ ਜੱਜ ਨੇ ਬਣਨਾ ਸੀ । ਉਸ ਵਿਚ ਮਹੰਤਾਂ ਦੇ ਵੀ ਇਕ ਜਾਂ ਦੋ ਮਿੰਬਰ ਲਏ ਜਾਣੇ ਸਨ, ਜਿਸ ਤੋਂ ਸਾਫ ਜ਼ਾਹਰ ਹੈ ਕਿ ਦਖਲ ਦੀ ਸ਼ਕਲ ਬਦਲੀ ਜਾ ਰਹੀ ਸੀ, ਦਖਲ ਨਹੀਂ ਸੀ ਬਦਲਿਆ ਜਾ ਰਿਹਾ । ਏਹੋ ਕਾਰਣ ਹੈ ਕਿ ਪੰਜਾਬ ਕੌਂਸਲ ਦੇ ਸਿੱਖ ਮਿੰਬਰ ਇਸ ਦੀ ਹਮਾਇਤ ਨਹੀਂ ਸਨ ਕਰਦੇ ।

ਬਿਲ ਦੀ ਵਿਰੋਧਤਾ ਵਿਚ ਮਹੰਤਾਂ ਨੇ ਸਨਾਤਨੀ ਹਿੰਦੂਆਂ ਵਲੋਂ ਸੈਂਕੜੇ ਤਾਰਾਂ ਅਤੇ ਅਰਜ਼-ਦਾਸ਼ਤਾਂ ਭਿਜਵਾਈਆਂ ਸਨ । ਹਿੰਦੂ ਤੇ ਸਨਾਤਨੀ ਮਿੰਬਰਾਂ ਨੇ ਡਟ ਕੇ ਬਿਲ ਦੀ ਵਿਰੋਧਤਾ ਕੀਤੀ ਸੀ । ਗੌਰਮਿੰਟ ਖੁਦ "ਦੂਜੀਆਂ ਪਾਰਟੀਆਂ" ਨੂੰ ਅਕਾਲੀ ਤਹਿਰੀਕ ਦੀ ਵਿਰੋਧਤਾ ਵਿਚ ਉਤਸਾਹਤ ਤੇ ਖੜਾ ਕਰ ਰਹੀ ਸੀ ਅਤੇ ਇਸ ਵਿਰੋਧਤਾ ਦੇ ਪੜਦੇ ਪਿੱਛੇ ਖਲੋਕੇ ਅਕਾਲੀ ਲਹਿਰ ਨੂੰ ਠੱਗਣਾ ਜਾ ਕੁਚਲਣਾ ਚਾਹੁੰਦੀ ਸੀ । ਪਰ ਉਹ ਇਸ ਚਾਲ ਵਿਚ ਸਫਲ ਨਾ ਹੋ ਸਕੀ ਕਿਉਂਕਿ ਉਹ ਤਾਂ ਨਰਮ-ਖਿਆਲ ਸਿੱਖ ਮਿੰਬਰਾਂ ਨੂੰ ਵੀ ਨਾਲ ਨਾ ਲੈ ਸਕੀ ।

ਇਸ 'ਹੰਗਾਮੀ' ਬਿਲ ਦਾ ਮਕਸਦ ਗੁਰਦੁਆਰਾ ਆਜ਼ਾਦੀ ਦੀ ਤਹਿਰੀਕ ਨੂੰ ਰੋਕਣਾ ਅਤੇ ਮੋਰਚਿਆਂ ਰਾਹੀਂ ਗੁਰਦੁਆਰਿਆਂ ਦੇ ਕਬਜ਼ੇ ਬੰਦ ਕਰਨਾ ਸੀ । 'ਅਮਨ ਤੇ ਕਾਨੂੰਨ' ਕਾਇਮ ਗੱਦੀਆਂ ਦੇ ਕਾਇਮ ਰਖਣ ਦਾ ਸਾਧਨ ਤੇ ਅਕਾਲੀ ਤਹਿਰੀਕ ਦਾ ਸਿਰ ਤੋੜਨ ਲਈ ਡੰਡਾ ਬਣ ਗਿਆ ਸੀ । ਬਿਲ ਏਨਾ ਨਖਿਧ ਸੀ ਕਿ ਇਹ ਕਿਸੇ ਨੂੰ ਵੀ ਪਸੰਦ ਨਹੀਂ ਸੀ । ਪੇਸ਼ ਇਹ ਕੀਤਾ ਗਿਆ ਸੀ ਹੰਗਾਮੀ ਹਾਲਤ ਦਾ ਮੁਕਾਬਲਾ ਕਰਨ ਲਈ, ਪਰ ਸੀਲੈਕਟ ਕਮੇਟੀ ਵਿਚ ਇਸ ਦੇ ਸੁਧਾਰ ਲਈ 'ਪਹਾੜ' ਜਿੰਨੀਆਂ ਤਰਮੀਮਾਂ ਆਈਆਂ ਸਨ ਜਿਸ ਦੇ ਕਾਰਣ ਇਹ ਮੁਲਤਵੀ ਕਰ ਦਿਤਾ ਗਿਆ ਅਤੇ ਹਮੇਸ਼ਾਂ ਲਈ ਕਿਸੇ ਜਾਲ੍ਹਾ-ਲਗੇ ਸਰਕਾਰੀ ਖਾਨੇ ਵਿਚ ਸੁੱਟ ਦਿਤਾ ਗਿਆ । ਓਧਰ ਅਕਾਲੀ ਸਾਫ ਸ਼ਬਦਾਂ ਵਿਚ ਏਲਾਨ ਕਰ ਰਹੇ ਸਨ ਕਿ ਜੇ ਕੋਈ ਤਸੱਲੀਬਖਸ਼ ਬਿਲ ਦਸ ਅਪਰੈਲ (1921) ਤਕ ਪਾਸ ਨਾ ਕੀਤਾ ਗਿਆ ਤਾਂ ਉਹ ਸ਼ਾਂਤਮਈ ਸੰਗਰਾਮ ਸ਼ੁਰੂ ਕਰ ਦੇਣਗੇ ।[1]

[1] Punjab Lagislative Council Debates, vol. I. 8th Jan. to 16th April 192I. Page 548. Official Report.

Digitized by Panjab Digital Library | www.panjabdigilib.org

ਬਿਲ ਉਤੇ ਬੋਲਦਿਆਂ ਸ: ਕਰਤਾਰ ਸਿੰਘ ਨੇ ਸਾਫ ਸ਼ਬਦਾਂ ਵਿਚ ਆਖਿਆ ਸੀ : ਅਕਾਲੀਆਂ ਨੇ ਗੁਰਦੁਆਰਾ ਸੁਧਾਰ ਲਈ ਸਿੱਧੀ ਡੰਡੀ ਅਖਤਿਆਰ ਕੀਤੀ ਹੈ ਜਦੋਂ ਕਿ ਬਿਲ-ਸੁਧਾਰ ਲਈ ਜੇ ਖੜਦਾ ਵੀ ਹੈ ਤਾਂ—ਲੰਮੇ ਤੇ ਵਿੰਗੇ ਟੇਡੇ ਪੰਧ ਰਾਹੀਂ। ਇਹ ਪੰਥ ਦੀ ਤਸੱਲੀ ਨਹੀਂ ਕਰ ਸਕੇਗਾ, ਅਤੇ ਗੌਰਮਿੰਟ ਨੂੰ ਸਮਝਣਾ ਚਾਹੀਦਾ ਹੈ ਕਿ ਉਸ ਨੂੰ ਬੇਭਰੋਸੇ ਨਾਲ ਵੇਖਿਆ ਜਾ ਰਿਹਾ ਹੈ।......ਮੈਂ, ਸਾਨੂੰ ਸਾਰਿਆਂ ਨੂੰ ਲਤਾੜਨ ਲਈ ਬਿਲ ਦੇ ਸਾਨ੍ਹ ਛਡਣ ਨਾਲੋਂ ਇਸ ਗੱਲ ਨੂੰ ਵਧੇਰੇ ਪਸੰਦ ਕਰਾਂਗਾ ਕਿ ਅਕਾਲੀ ਜਥੇ ਕੁਰਬਾਨੀ, ਆਤਮ-ਤਿਆਗ ਤੇ ਸ਼ਾਂਤ ਮਈ ਤਰੀ-ਕਿਆਂ ਰਾਹੀਂ ਗੁਰਦੁਆਰਾ ਸੁਧਾਰ ਦਾ ਸਫਰ ਤੈ ਕਰਨ।[1] ਉਸ ਦੇ ਖਿਆਲ ਵਿਚ ਇਹ ਬਿਲ ਉਸ ਤਾਅਜ਼ੀਰੀ ਚੌਕੀ ਵਰਗਾ ਹੈ ਜਿਹੜੀ ਅਸਲ ਨਾਲੋਂ ਲੋਕਾਂ ਤੇ ਸੌ ਗੁਣਾ ਵੱਧ ਭਾਰ ਲੱਦ ਦੇਂਦੀ ਹੈ। ਉਸ ਦੀ ਤਜਵੀਜ਼ ਇਹ ਸੀ ਕਿ ਕਮਿਸ਼ਨ ਦੇ ਸਾਰੇ ਮਿੰਬਰ ਸਿੱਖ ਹੋਣ ਅਤੇ ਇਹਨਾਂ ਵਿਚੋਂ ਤਿੰਨ ਦੁਥਾਈ ਮਿੰਬਰ ਕੌਂਸਲ ਦੇ ਸਿੱਖ ਮਿੰਬਰ ਚੁਣਨ ਅਤੇ ਇਕ ਚੁਥਾਈ ਗਵਰਨਰ ਨਾਮਜ਼ਦ ਕਰੇ ਅਤੇ ਕਮਿਸ਼ਨ ਦੇ ਮਿੰਬਰਾਂ ਦੀਆਂ ਤਨਖਾਹਾਂ ਸਰਕਾਰ ਦੇਵੇ।

ਅਕਾਲੀ ਤਹਿਰੀਕ ਨੂੰ ਉਸ ਵੇਲੇ ਇਹ ਤਜਵੀਜ਼ਾਂ ਵੀ ਮਨਜ਼ੂਰ ਨਹੀਂ ਸਨ। ਸਰਕਾਰ ਤਾਂ ਉਸ ਵੇਲੇ ਇਹੋ ਜੇਹੀਆਂ ਤਜਵੀਜ਼ਾਂ ਵੀ ਸੁਨਣ ਨੂੰ ਤਿਆਰ ਨਹੀਂ ਸੀ। ਉਹ ਅਜੇ ਸਮਝਦੀ ਸੀ ਕਿ "ਦੂਜੀਆਂ ਪਾਰਟੀਆਂ" ਨੂੰ ਨਰਾਜ਼ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਸਿੱਖਾਂ ਨੂੰ ਕੋਈ ਇਜੇਹਾ ਕਾਨੂੰਨ, ਗੁਰਦੁਆਰਿਆਂ ਸੰਬੰਧੀ ਦਿਤਾ ਜਾ ਸਕਦਾ ਹੈ ਜਿਹੜਾ ਕਿ ਭਲਕ ਨੂੰ ਹਿੰਦੂਆਂ ਜਾਂ ਮੁਸਲਮਾਨਾਂ ਨੂੰ ਨਹੀਂ ਦਿਤਾ ਜਾ ਸਕਦਾ। ਸਰਕਾਰ ਅਜੇ ਪੁਰਾਣੇ ਵਕਫ ਦੇ ਕਾਨੂੰਨ ਵਿਚ ਹਾਸਲ ਕੀਤੇ ਹੋਏ ਦਖਲ ਦੇ ਅਧਿਕਾਰ ਛਡਣ ਲਈ ਤਿਆਰ ਨਹੀਂ ਸੀ—ਅਤੇ ਇਹਨਾਂ ਨੂੰ ਨਵੇਂ ਰੂਪ ਵਿਚ ਜਾਰੀ ਰਖਣਾ ਚਾਹੁੰਦੀ ਸੀ। ਉਸ ਕਾਨੂੰਨ ਵਿਚ ਡਿਪਟੀ ਕਮਿਸ਼ਨਰ (ਜਾਂ ਐਡਵੋਕੇਟ-ਜਨਰਲ) ਦੀ ਮਰਜ਼ੀ ਚਲਦੀ ਸੀ। ਪਹਿਲੋਂ ਤਾਂ ਉਹ ਕਿਸੇ ਬਦਚਲਨ ਮਹੰਤ ਦੇ ਖਿਲਾਫ ਮੁਕੱਦਮਾ ਚਲਾਣ ਦੀ ਆਗਿਆ ਹੀ ਨਹੀਂ ਸੀ ਦੇਂਦਾ ਅਤੇ ਜੇ ਸੌ ਵਿਚੋਂ ਇਕ ਨੂੰ ਮੁਕਦਮਾ ਕਰਨ ਦੀ ਆਗਿਆ ਦੇ ਵੀ ਦੇਂਦਾ ਸੀ ਤਾਂ ਮਹੰਤ ਦੀ ਪਿੱਠ ਤੇ ਦੌਲਤ, ਜਥੇਬੰਦੀ ਤੇ ਗੁੰਡੇ ਹੋਣ ਕਰਕੇ ਮੁਕੱਦਮਾ ਕਿਸੇ ਬੰਨੇ ਨਹੀਂ ਸੀ ਲਗਦਾ ਅਤੇ ਸਿਵਲ ਕੋਰਟ ਵਿਚ ਮੁਕੱਦਮਾ ਲੜਨ ਲਈ ਭਾਰੀਆਂ ਥੈਲੀਆਂ ਚਾਹੀਦੀਆਂ ਹਨ। ਸਿੱਖਾਂ ਨੇ ਇਹਨਾਂ ਮੁਕੱਦਮਿਆਂ ਦਾ ਹਸ਼ਰ, ਚਲਾ ਚਲਾ ਕੇ, ਵੇਖ ਲਿਆ ਸੀ।

[1] Punjab Lagislative Council Debates, vol. I. 8th Jan. to 18th April 1921. Page 546-47 Official Report.

Digitized by Panjab Digital Library | www.panjabdigilib.org

# ਕੁੰਜੀਆਂ ਦਾ ਮੋਰਚਾ

ਦਰਬਾਰ ਸਾਹਿਬ ਦਾ ਪਰਬੰਧ ਬੜਾ ਸੁਧਰ ਤੇ ਬਿਹਤਰ ਹੋ ਗਿਆ ਸੀ। ਗੌਰਮਿੰਟ ਦਾ ਸਰਬਰਾਹ ਸ: ਸੁੰਦਰ ਸਿੰਘ ਰਾਮਗੜ੍ਹੀਆ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲ ਪੂਰੀ ਤਰ੍ਹਾਂ ਮਿਲਕੇ ਚਲ ਰਿਹਾ ਸੀ। ਖੁਦ ਗੌਰਮਿੰਟ ਨੇ 20 ਅਪਰੈਲ 1921 ਨੂੰ ਏਲਾਨ ਕੀਤਾ ਸੀ ਕਿ ਉਸ ਨੇ ਦਰਬਾਰ ਸਾਹਿਬ ਦਾ ਪਰਬੰਧ ਸਿੱਖਾਂ ਦੇ ਹਵਾਲੇ ਕਰ ਦਿਤਾ ਹੈ। ਤੋਸ਼ਾਖਾਨਾ (ਖਜ਼ਾਨਾ) ਦੀਆਂ ਕੁੰਜੀਆਂ ਹੁਣ ਤਕ ਸਰਕਾਰੀ ਸਰਬਰਾਹ ਦੇ ਕੋਲ ਹੀ ਸਨ। ਇਹਨਾਂ ਦੇ ਲੈਣ ਦੀ ਸ਼੍ਰੋਮਣੀ ਕਮੇਟੀ ਨੇ ਲੋੜ ਹੀ ਨਹੀਂ ਸੀ ਸਮਝੀ। ਆਮ ਮਿੰਬਰ ਜ਼ੋਰ ਦੇ ਰਹੇ ਸਨ ਕਿ ਪੂਰਾ ਸਰਕਾਰੀ ਦਖਲ ਖਤਮ ਕਰਨ ਲਈ ਤੋਸ਼ੇਖਾਨੇ ਦੀਆਂ ਕੁੰਜੀਆਂ ਸਰਬਰਾਹ ਤੋਂ ਲੈ ਲਈਆਂ ਜਾਣ ਅਤੇ ਪਰਧਾਨ ਸ: ਖੜਕ ਸਿੰਘ ਨੂੰ ਸੌਂਪ ਦਿਤੀਆਂ ਜਾਣ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਨੇ 29 ਅਕਤੂਬਰ ਨੂੰ ਇਕ ਮਤਾ ਵੀ ਪਾਸ ਕਰ ਦਿਤਾ ਸੀ।

ਕੁਛ ਚਿਰ ਪਿਛੋਂ ਇਸ ਫੈਸਲੇ[1] ਦੀ ਖਬਰ ਡਿਪਟੀ ਕਮਿਸ਼ਨਰ ਨੂੰ ਪਹੁੰਚ ਗਈ।[1] ਉਸ ਨੇ ਬੜੀ ਫੁਰਤੀ ਤੋਂ ਕੰਮ ਲਿਆ। ਲਾਲਾ ਅਮਰ ਨਾਥ ਈ. ਏ. ਸੀ. ਨੂੰ ਕੁਛ ਪੁਲਸ ਦੇ ਕੇ ਸ: ਸੁੰਦਰ ਸਿੰਘ ਰਾਮਗੜ੍ਹੀਏ ਪਾਸੋਂ ਤੋਸ਼ੇਖਾਨੇ ਦੀਆਂ ਕੁੰਜੀਆਂ ਲੈਣ ਲਈ ਭੇਜ ਦਿਤਾ। ਸਰਦਾਰ ਜੀ ਨੇ ਰਸੀਦ ਲਿਖਵਾਕੇ ਕੁੰਜੀਆਂ ਲਾਲਾ ਜੀ ਦੇ ਹਵਾਲੇ ਕਰ ਦਿਤੀਆਂ। ਇਹ ਨਾਟਕ ਕਿਉਂ ਰਚਿਆ ਗਿਆ? ਇਸ ਦੇ ਸਬੱਬ ਅਸੀਂ ਅੱਗੇ ਚਲਕੇ ਵੇਖਾਂਗੇ।

ਡਿਪਟੀ ਕਮਿਸ਼ਨਰ ਦੀ ਇਹ ਮੂਰਖਤਾ ਗੁਰਦੁਆਰਿਆਂ ਦੀ ਆਜ਼ਾਦੀ ਦੀ ਤਹਿਰੀਕ ਲਈ ਬੜੀ ਕਾਰਗਰ ਤੇ ਲਾਭਦਾਇਕ ਸਾਬਤ ਹੋਈ। ਉਸ ਦੇ ਇਸ ਕਾਰੇ ਨੇ ਸਿਖਾਂ ਦੇ ਗੁੱਸੇ ਨੂੰ ਤਪਾ ਕੇ ਲਾਲ ਸੂਹਾ ਕਰ ਦਿਤਾ। ਜਿਹੜੇ ਹੁਣ ਤਕ ਗੌਰਮਿੰਟ ਦੇ 'ਨੇਕ ਇਰਾਦਿਆਂ' ਉਤੇ ਭਰੋਸਾ ਕਰੀ ਬੈਠੇ ਸਨ ਉਹਨਾਂ ਵਿਚੋਂ ਢੇਰ ਸਾਰਿਆਂ ਦੇ ਭਰੋਸੇ ਟੁੱਟ ਗਏ ਅਤੇ ਢੇਰ ਸਾਰਿਆਂ ਦੇ ਡਾਵਾਂ ਡੋਲ ਹੋ ਗਏ। ਅਕਾਲੀਆਂ ਦੀ, ਖਾਸਕਰ ਨਾ-ਮਿਲਵਰਤਨੀਆਂ ਦੀ, ਚੜ੍ਹ ਮੱਚਣੀ ਕੁਦਰਤੀ ਗੱਲ ਸੀ। ਉਹ ਪਹਿਲੋਂ ਹੀ ਸਮਝੀ ਬੈਠੇ ਸਨ ਕਿ ਗੌਰਮਿੰਟ ਸਿੱਧੇ ਹਥੀਂ ਗੁਰਦੁਆਰੇ ਪੰਥ ਦੇ ਹਵਾਲੇ ਨਹੀਂ ਕਰੇਗੀ। ਇਹ ਲੜ ਕੇ ਅਤੇ ਕੁਰਬਾਨੀਆਂ ਦੇ ਕੇ ਹੀ ਹਾਸਲ ਕੀਤੇ ਜਾ ਸਕਣਗੇ। ਇਸ ਦਾ ਸਬੂਤ ਖੁਦ ਡੀ. ਸੀ. ਨੇ ਦਰਬਾਰ ਸਾਹਿਬ ਦੀਆਂ ਕੁੰਜੀਆਂ ਖੋਹ ਕੇ ਮੁਹੱਈਆ ਕਰ ਦਿੱਤਾ ਸੀ।

ਇਸ ਮੂਰਖਤਾ ਉਤੇ ਪੜਦਾ ਪਾਣ ਲਈ ਜਿਹੜਾ ਬਿਆਨ ਡੀ.ਸੀ. ਨੇ ਪਰੈਸ ਨੂੰ ਦਿਤਾ ਉਹ ਹੋਰ ਵੀ ਮੂਰਖਤਾ ਭਰਿਆ ਸੀ। ਉਸ ਨੇ ਆਖਿਆ: ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪਰਤੀਨਿਧ ਜਮਾਤ ਨਹੀਂ। ਇਸ ਨੂੰ ਦਰਬਾਰ ਸਾਹਿਬ ਤੇ ਉਸ ਦੇ ਖਜ਼ਾਨੇ ਦੇ ਪਰਬੰਧ ਦਾ ਕੋਈ ਕਾਨੂੰਨੀ ਅਧਿਕਾਰ ਪਰਾਪਤ ਨਹੀਂ। ਸਰਕਾਰ ਨੂੰ ਖਦਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਦਬਾ ਪਾ ਕੇ ਮੈਨੇਜਰ ਤੋਂ ਕੁੰਜੀਆਂ ਖੋਹ ਲਏਗੀ। ਇਸ ਲਈ ਸਰਕਾਰ ਨੂੰ ਮਜਬੂਰ ਹੋ ਕੇ ਸਰਬਰਾਹ ਤੋਂ ਚਾਬੀਆਂ ਲੈਣੀਆਂ ਪਈਆਂ ਹਨ। ਕੁੰਜੀਆਂ ਗੌਰਮਿੰਟ ਖਜ਼ਾਨੇ ਦੀ ਹਿਫਾਜ਼ਤ ਵਿਚ ਰਖ ਦਿਤੀਆਂ ਗਈਆਂ ਹਨ।

---

[1] ਸਮਿੱਥ ਕਹਿੰਦਾ ਹੈ ਕਿ ਇਹ ਖਬਰ ਖੁਦ ਸ: ਸੁੰਦਰ ਸਿੰਘ ਰਾਮਗੜ੍ਹੀਏ ਨੇ ਡੀ. ਸੀ. ਨੂੰ ਦਿਤੀ ਸੀ। 'ਅਕਾਲੀ' ਦੀ ਰਾਏ ਵਿਚ 36 ਸਰਕਾਰੀ ਮੈਂਬਰਾਂ ਵਿਚੋਂ ਕਿਸੇ ਹੋਰ ਵਫਾਦਾਰ ਨੇ ਪਹੁੰਚਾਈ ਸੀ।

Digitized by Panjab Digital Library | www.panjabdigilib.org

ਅਦਾਲਤ ਵਿਚ 'ਦੋਸਤਾਨਾ ਮੁਕੱਦਮਾ' ਦਾਇਰ ਕੀਤਾ ਜਾਵੇਗਾ ਜਿਸ ਰਾਹੀਂ ਗੁਰਦੁਆਰੇ ਦੇ ਪਰਬੰਧ ਦੀ ਸਕੀਮ ਦਾ ਫੈਸਲਾ ਕੀਤਾ ਜਾਏਗਾ।

ਗੁਰਦੁਆਰਾ ਪਬਲਿਸਟੀ ਕਮੇਟੀ ਨੇ ਗੌਰਮਿੰਟ ਦੇ ਇਸ ਏਲਾਨ ਦੀ ਡੂੰਘੀ ਖੜਕਵੀਂ ਨੁਕਤਾਚੀਨੀ ਕੀਤੀ ਅਤੇ ਗੌਰਮਿੰਟ ਦੇ ਭੁਲੇਖਾ ਪਾਉਣ ਤੇ ਗੁਮਰਾਹ ਕਰਨ ਦੇ ਯਤਨਾਂ ਨੂੰ, ਇੱਕ ਇੱਕ ਨੁਕਤਾ ਲੈ ਕੇ, ਸੁਲਝੇ ਹੋਏ ਤਰੀਕੇ ਨਾਲ ਨੰਗਾ ਕੀਤਾ। ਕਮੇਟੀ ਨੇ ਜਵਾਬੀ ਇਲਾਨ ਵਿਚ ਲਿਖਿਆ :

1. ਦਰਬਾਰ ਸਾਹਿਬ ਦੇ ਕੰਟਰੋਲ ਦਾ ਗੌਰਮਿੰਟ ਪਾਸ ਢੁਚਰ ਇਹ ਹੈ ਕਿ ਉਹ ਲੰਮੇ ਅਰਸੇ ਤੋਂ 'ਸਥਾਪਤ ਅਮਲ ਜਾਂ ਰਿਵਾਜ' ਅਨੁਸਾਰ ਗਰਦੁਆਰੇ ਉਤੇ ਕਬਜ਼ਾ ਕਰੀ ਬੈਠੀ ਹੈ। ਇਸ ਤਰ੍ਹਾਂ ਕੁੰਜੀਆਂ ਲੈਣ ਦੀ ਆਗਿਆ ਨਹੀਂ ਦਿਤੀ ਜਾ ਸਕਦੀ।

2. 36 ਆਦਮੀਆਂ ਦੀ ਕਮੇਟੀ, ਗੌਰਮਿੰਟ ਦੀਆਂ ਨਜ਼ਰਾਂ ਵਿਚ ਸਲਾਹਕਾਰ ਨਹੀਂ ਸੀ। ਪਰ ਇਸ ਕਮੇਟੀ ਦੇ ਕਾਇਮ ਕਰਨ ਦਾ ਮਤਲਬ ਇਕੋ ਹੀ ਹੋ ਸਕਦਾ ਹੈ ਕਿ ਗੌਰਮਿੰਟ ਨੇ ਗੁਰਦੁਆਰੇ ਦੇ ਪਰਬੰਧ ਤੋਂ ਅਲਹਿਦਗੀ ਅਖਤਿਆਰ ਕਰ ਲਈ ਹੈ। ਹੋਰ ਕੁਛ ਨਹੀਂ।

3. ਸ਼੍ਰੋਮਣੀ ਕਮੇਟੀ ਵਿਚ ਇਸ 36—ਆਦਮੀ ਕਮੇਟੀ ਨੂੰ ਸ਼ਾਮਲ ਕਰ ਲਿਆ ਗਿਆ। ਉਸ ਵੇਲੇ ਨਾ ਕਮੇਟੀ ਦੇ ਕਿਸੇ ਮਿੰਬਰ ਨੇ, ਨਾ ਗੌਰਮਿੰਟ ਨੇ, ਕੋਈ ਵਾਵੇਲਾ ਕੀਤਾ। ਅਤੇ ਇਸ ਮਿਲੀ-ਜੁਲੀ ਕਮੇਟੀ ਨੇ ਦਰਬਾਰ ਸਾਹਿਬ ਦਾ ਪਰਬੰਧ ਆਪਣੇ ਹੱਥ ਲੈ ਲਿਆ।

4. ਇਸ ਤੋਂ ਪਿਛੋਂ ਦੇ ਸਰਕਾਰੀ ਅਫਸਰਾਂ ਦੇ ਬਿਆਨ ਸਪਸ਼ਟ ਸ਼ਬਦਾਂ ਵਿਚ ਜ਼ਾਹਰ ਕਰਦੇ ਹਨ ਕਿ ਦਰਬਾਰ ਦੇ ਪਰਬੰਧ ਵਿਚ ਗੌਰਮਿੰਟ ਦਾ ਕੋਈ ਹੱਥ ਨਹੀਂ ਰਿਹਾ।

5. ਪਰਬੰਧਕ ਜਾਂ ਸਰਬਰਾਹ ਉਤੇ ਦਬਾਅ ਪੌਣ ਦੀ ਕੋਈ ਗੱਲ ਹੀ ਨਹੀਂ ਸੀ, ਕਿ ਉਹ ਦਰਬਾਰ ਸਾਹਿਬ ਦੀਆਂ ਚਾਬੀਆਂ ਦਬਾਅ ਥੱਲੇ ਆ ਕੇ ਸ: ਖੜਕ ਸਿੰਘ ਨੂੰ ਦੇ ਦੇਵੇ। ਉਹ ਤਾਂ ਸ਼ੁਰੂ ਤੋਂ ਹੀ ਕਮੇਟੀ ਦੇ ਹੁਕਮ ਥੱਲੇ ਕੰਮ ਕਰ ਰਿਹਾ ਸੀ।

ਗੌਰਮਿੰਟ ਦਾ ਸ਼੍ਰੋਮਣੀ ਕਮੇਟੀ ਨੂੰ ਗੈਰ-ਨੁਮਾਇੰਦਾ ਆਖਣ ਅਤੇ ਕਾਨੂੰਨ ਰਾਹੀਂ ਕਬਜ਼ਾ ਲੈਣ ਦੇ ਦਾਅਵਿਆਂ ਦਾ ਜੋ ਹਸ਼ਰ ਹੋਇਆ, ਉਹ ਅਸੀਂ ਛੇਤੀ ਹੀ ਅਗੇ ਚਲਕੇ ਵੇਖਾਂਗੇ। 13 ਮਹੀਨਿਆਂ ਤੋਂ ਦਰਬਾਰ ਸਾਹਿਬ ਦਾ ਪਰਬੰਧ ਸ਼੍ਰੋਮਣੀ ਕਮੇਟੀ ਕਰਦੀ ਰਹੀ ਅਤੇ ਉਸ ਨੇ ਇਸ ਅਰਸੇ ਵਿਚ ਸੁਧਾਰ ਲਈ ਕਈ ਚੰਗੇ ਕਦਮ ਪੁਟੇ। ਕੁੰਜੀਆਂ ਖੋਹ ਖੜਨਾ ਨੀਲੇ ਅੰਬਰੋਂ ਸਿੱਖ ਪੰਥ ਤੇ ਬਿੱਜ ਵਾਂਗ ਪਿਆ।

ਕੁੰਜੀਆਂ ਖੋਹਣ ਦੀ ਕਾਰਵਾਈ ਉਤੇ ਸਿੱਖ ਪਰੈਸ ਦਾ ਪੜ-ਕਰਮ ਬੜਾ ਤਿੱਖਾ ਤੇ ਜੋਸ਼ੀਲਾ ਸੀ। ਪੰਥ ਸੇਵਕ ਨੇ ਦਰਬਾਰ ਦੀਆਂ ਕੁੰਜੀਆਂ ਲੈਣ ਦੀ ਕਾਰਵਾਈ ਦੀ ਘੋਰ ਨਿੰਦਿਆ ਕੀਤੀ ਅਤੇ ਆਖਿਆ : ਇਕ ਬਦੇਸ਼ੀ ਹਕੂਮਤ ਨੂੰ ਗੁਰਦੁਆਰੇ ਦੇ ਮਾਮਲੇ ਵਿਚ ਦਖਲ ਦੇਣ ਦਾ ਕੀ ਹੱਕ ਹੈ ? ਅਸੀਂ ਵੇਖਾਂਗੇ ਕਿ ਸਾਡੇ ਧਾਰਮਕ ਖਜ਼ਾਨੇ ਉਤੇ ਸਰਕਾਰ ਕਿਵੇਂ ਕਬਜ਼ਾ ਕਰਦੀ ਹੈ (9-16 ਨਵੰਬਰ ਦਾ ਇੱਕਠਾ ਪਰਚਾ)। ਰੋਜ਼ਾਨਾ ਅਕਾਲੀ ਨੇ ਲਿਖਿਆ : ਇਕ ਤਾਂ ਮੰਦਰ ਦੀਆਂ ਚਾਬੀਆਂ ਖੋਹ ਲਈਆਂ ਹਨ, ਦੂਜੇ ਦਫਤਰਸ਼ਾਹੀ ਝੂਠ ਬੋਲਣ ਵਿਚ ਸਭ ਹੱਦਾਂ ਪਾਰ ਕਰ ਗਈ ਹੈ (20 ਨਵੰਬਰ)। ਏਸੇ ਤਰ੍ਹਾਂ ਖਾਲਸਾ ਅਖਬਾਰ, ਲਾਇਲ ਗਜ਼ਟ ਵਗੈਰਾ ਨੇ ਗੌਰਮਿੰਟ ਦੇ ਇਸ ਗੁਨਾਹ ਦੀ ਭਰਪੂਰ ਨਿਖੇਧੀ ਕੀਤੀ।

ਸਿਰਫ ਚੀਫ ਖਾਲਸਾ ਦੀਵਾਨ ਦਾ ਖਾਲਸਾ ਐਡਵੋਕੇਟ ਹੀ ਸੀ ਜਿਹੜਾ ਸਾਮਰਾਜੀ

Digitized by Panjab Digital Library | www.panjabdigilib.org

ਹਾਕਮਾਂ ਵਾਲੀ ਹੀ ਬੋਲੀ ਬੋਲਦਾ ਸੀ। ਉਸ ਨੇ ਲਿਖਿਆ......ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਨੂੰਨੀ ਮਨਜ਼ੂਰੀ ਦੀ ਮੋਹਰ ਹਾਸਲ ਕਰਨ ਲਈ ਕਾਨੂੰਨ ਨੂੰ ਅਮਲ ਵਿਚ ਲਿਆਣ ਵਾਸਤੇ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਸਰਕਾਰ ਕਾਨੂੰਨ ਨੂੰ ਅਮਲ ਵਿਚ ਲਿਆਕੇ ਦਰਬਾਰ ਸਾਹਿਬ ਸਿੱਖਾਂ ਨੂੰ ਦੇਂਦੀ ਹੈ ਤਾਂ ਸਿੱਖਾਂ ਨੂੰ ਮਾਯੂਸੀ ਦਾ ਅਹਿਸਾਸ ਨਹੀਂ ਹੋਣਾ ਚਾਹੀਦਾ (25 ਨਵੰਬਰ, ਅੰਗਰੇਜ਼ੀ ਤੋਂ ਉਲਥਾ)। ਏਹੋ ਬੋਲੀ ਸਰਕਾਰੀ ਅਫਸਰ ਬੋਲ ਰਹੇ ਸਨ। ਬੰਦੇ ਮਾਤਰਮ ਦੀ ਟਿੱਪਣੀ ਬੜੀ ਮਜ਼ੇਦਾਰ ਸੀ। ਇਹ ਉਸ ਤਰ੍ਹਾਂ ਹੀ ਹੈ ਜਿਵੇਂ ਕੋਈ ਅਦਾਲਤ ਨੂੰ ਅਰਜ਼ੀ ਦੇਵੇ ਕਿ ਉਸ ਨੇ ਦੂਜੇ ਆਦਮੀ ਦੀ ਕੁਛ ਜਾਇਦਾਦ ਚੁਰਾ ਲਈ ਹੈ, ਇਸ (ਦੂਜੇ) ਨੂੰ ਹਦਾਇਤ ਕਰੋ ਕਿ ਆਪਣਾ ਮਾਲ ਵਾਪਸ ਲੈ ਲਏ। (26 ਨਵੰਬਰ)

## 1. ਸੀ. ਆਈ. ਡੀ. ਦੀਆਂ ਰਿਪੋਰਟਾਂ

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਸੱਦੇ ਉਤੇ 11 ਨਵੰਬਰ ਨੂੰ ਅਮਰਿਤਸਰ ਅਕਾਲੀ ਜਥੇ ਪਹੁੰਚ ਗਏ। ਇਹਨਾਂ ਦੀ ਗਿਣਤੀ ਦੋ ਤਿੰਨ ਹਜ਼ਾਰ ਦੇ ਵਿਚਕਾਰ ਹੈ। 12 ਨਵੰਬਰ ਦੇ ਲੌਢੇ ਵੇਲੇ ਇਹ ਗਿਣਤੀ ਵਧਕੇ ਪੰਜ ਹਜ਼ਾਰ ਪਹੁੰਚ ਗਈ......ਅਕਾਲੀ ਟਾਕਰਾ ਕਰਨ ਦੀ ਰੌਂਅ ਵਿਚ ਹਨ। ਕੁਛ ਕਿਰਪਾਨਾਂ, ਟਕੂਇਆਂ, ਛਰਿਆਂ ਨਾਲ ਲੈਸ ਹਨ। ਇਹਨਾਂ ਵਿਚੋਂ ਕੁਛ ਜਥਿਆਂ ਵਿਚ ਬਦੇਸ਼ਾਂ ਤੋਂ ਮੁੜੇ (ਗਦਰੀ) ਮੁਸਾਫਰ ਹਨ ਅਤੇ ਬਾਹਲੇ ਨਾਮ-ਕਟੇ ਜਾਂ ਪਿਨਸ਼ਨੀ ਫੌਜੀ ਸਿਪਾਹੀ ਹਨ। 12 ਨਵੰਬਰ ਨੂੰ ਦੁਆਬੇ ਦੇ ਜਥੇ ਨੇ ਦਰਬਾਰ ਸਾਹਿਬ ਵਿਚ ਫੌਜੀ ਕਤਾਰਬੰਦੀ ਮੁਤਾਬਕ ਮਾਰਚ ਕੀਤੀ।......

ਅਕਾਲੀਆਂ ਦੇ ਬਾਗ ਵਿਚ ਪਬਲਕ ਮੀਟਿੰਗ ਕੀਤੀ ਗਈ ਤਾਂ ਜੋ ਆਮ ਲੋਕਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ ਅਤੇ ਡੀ. ਸੀ. ਦੇ ਹੁਕਮ ਨਾਲ ਕੁੰਜੀਆਂ ਲੈ ਜਾਣ ਦੇ ਖਿਲਾਫ ਰੋਸ ਪਰਗਟ ਕੀਤਾ ਜਾਵੇ। ਸ: ਖੜਕ ਸਿੰਘ ਤੇ ਜਸਵੰਤ ਸਿੰਘ ਵਲੋਂ ਬੜੀਆਂ ਤਸ਼ੱਦਦ-ਭਰਪੂਰ ਤਕਰੀਰਾਂ ਕੀਤੀਆਂ ਗਈਆਂ। ਨਾ-ਮਿਲਵਰਤਨੀਆਂ ਤੋਂ ਛੁਟ ਕਿਸੇ ਨੂੰ ਬੋਲਣ ਨਹੀਂ ਦਿਤਾ ਗਿਆ। ਸ: ਮਹਿਤਾਬ ਸਿੰਘ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਕੁੰਜੀਆਂ ਖੋਹ ਕੇ ਗੌਰਮਿੰਟ ਦਰਬਾਰ ਸਾਹਿਬ ਦਾ ਕਬਜ਼ਾ ਵਾਪਸ ਕਰਨ ਦੇ ਬਚਨ ਤੋਂ ਫਿਰ ਗਈ ਹੈ।[1]

ਕੁੰਜੀਆਂ ਖੋਹਣ ਦਾ ਅਸਲੀ ਕਾਰਣ ਖੁਫੀਆ ਰਿਪੋਰਟ ਵਿਚ ਦਰਜ ਹੈ। ਗੌਰਮਿੰਟ ਨੂੰ ਡਰ ਸੀ ਕਿ "ਗਰਮ-ਖਿਆਲ ਸਿੱਖਾਂ ਦਾ ਨਿਸ਼ਾਨਾ ਉਸ ਵਡੇ ਖਜ਼ਾਨੇ ਉਤੇ ਕਬਜ਼ਾ ਕਰਨਾ ਹੈ ਜਿਹੜਾ ਦਰਬਾਰ ਸਾਹਿਬ ਵਿਚ ਜਮ੍ਹਾਂ ਪਿਆ ਹੈ ਅਤੇ ਕਮੇਟੀ ਦਾ, ਸੰਭਵ ਤੌਰ ਤੇ, ਇਰਾਦਾ ਇਹ ਹੈ ਕਿ ਇਸ ਖਜ਼ਾਨੇ ਨੂੰ ਰਾਜਸੀ ਤਹਿਰੀਕ ਉਤੇ ਖਰਚ ਕਰਨ ਲਈ ਵਰਤਿਆ ਜਾਵੇ।"[2]

ਕੁੰਜੀਆਂ ਖੋਹ ਲੈਣ ਦੇ ਬਾਅਦ ਸਿੱਖਾਂ ਵਿਚ ਬੜਾ ਜੋਸ਼ ਤੇ ਗੁੱਸਾ ਪੈਦਾ ਹੋ ਗਿਆ। ਉਨ੍ਹਾਂ ਅੰਦਰ ਇਹ ਖਿਆਲ ਹੋਰ ਮਜ਼ਬੂਤ ਹੋ ਗਿਆ ਕਿ ਅੰਗਰੇਜ਼ ਹਾਕਮ ਆਪਣਾ ਦਖਲ ਗੁਰਦੁਆਰਿਆਂ ਵਿਚ ਕਾਇਮ ਰਖਣਾ ਚਾਹੁੰਦੇ ਹਨ, ਗੁਰਦੁਆਰਿਆਂ ਨੂੰ ਆਪਣੇ ਅਸਰ ਤੋਂ ਆਜ਼ਾਦ ਨਹੀਂ ਹੋਣ ਦੇਣਾ ਚਹੁੰਦੇ। ਕੁੰਜੀਆਂ ਖੋਹ ਲੈਣ ਦਾ ਫੈਸਲਾ ਬੜਾ ਮੂਰਖਤਾ-ਭਰਿਆ ਸੀ। ਇਸ ਨੇ ਸਾਰੇ ਸਿੱਖ

[1] File no. 459—Serial nos, I—17/Home. Political 1921. ਡੀ.ਐਸ.ਪੀ. ਸੰਤ ਸਿੰਘ ਦੀ ਰਿਪੋਰਟ।

[2] Smith's Report—numeral no. 20.

Digitized by Panjab Digital Library | www.panjabdigilib.org

ਪੰਥ ਵਿਚ ਅੰਗਰੇਜ਼ ਰਾਜ ਦੇ ਵਿਰੁਧ ਗੁੱਸੇ ਦੇ ਭਾਂਬੜ ਬਾਲ ਦਿਤੇ। ਇਸ ਭਾਂਬੜ ਨੂੰ ਰੋਜ਼ਾਨਾ ਅਕਾਲੀ ਨੇ, ਆਪਣੇ ਜ਼ੋਰਦਾਰ ਲੇਖਾਂ ਰਾਹੀਂ, ਹੋਰ ਚਮਕਾ ਦਿਤਾ। ਸਾਰੇ ਪੰਜਾਬ ਵਿਚ ਅੰਗਰੇਜ਼ ਰਾਜ ਦੇ ਖਿਲਾਫ ਇਕ-ਸੁਰਵੀਂ ਆਵਾਜ਼ ਗੂੰਜਣ ਲਗ ਪਈ : ਕੁੰਜੀਆਂ ਜਥੇਦਾਰ ਸ: ਖੜਕ ਸਿੰਘ ਨੂੰ ਵਾਪਸ ਦਿਓ, ਕੁੰਜੀਆਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਧਾਨ ਨੂੰ ਵਾਪਸ ਮੋੜੋ। ਐਜੀਟੇਸ਼ਨ ਦਾ ਇਕ ਜ਼ਬਰਦਸਤ ਝੱਖੜ ਸ਼ੁਰੂ ਹੋ ਗਿਆ। ਰਾਜ ਦੇ ਹਾਕਮਾਂ ਦੇ ਇਕ ਤਰ੍ਹਾਂ ਹਵਾਸ ਉਡ ਗਏ। ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਆਪਣੇ ਫੈਲਾਏ ਹੋਏ ਜਾਲ ਵਿਚ ਖੁਦ ਫਸ ਗਏ। ਰਾਜ ਦਾ ਸਤਕਾਰ ਤੇ ਵਕਾਰ ਉਹਨਾਂ ਨੂੰ ਫੜੀ ਬੈਠਾ ਸੀ। ਉਹ ਕੁੰਜੀਆਂ ਵਾਪਸ ਕਰਨ ਤਾਂ ਕਿਹੜੇ ਮੂੰਹ ਨਾਲ। ਉਹਨਾਂ ਨੂੰ ਇਸ ਬੇਵਕੂਫੀ-ਭਰੇ ਕਦਮ ਤੋਂ ਪੱਲਾ ਛੁਡਾਣ ਦਾ ਕੋਈ ਰਾਹ ਨਹੀਂ ਸੀ ਲਭਦਾ।

ਕੁੰਜੀਆਂ ਖੋਹ ਲੈਣ ਨਾਲ ਸਾਮਰਾਜ-ਵਿਰੋਧੀ ਦੇਸ਼ ਭਗਤਾਂ ਦੀ ਥੜੂ ਮਚ ਗਈ। ਸਾਮਰਾਜ-ਪੱਖੀ ਧੜੇ ਦੀ ਸਰਕਾਰ-ਪਰਸਤ ਪਾਲਿਸੀ ਨੂੰ ਜ਼ਬਰਦਸਤ ਸੱਟ ਵਜੀ। ਉਹਨਾਂ ਵਿਚੋਂ ਕਈ ਤੱਤ ਟੁੱਟ ਕੇ ਅੰਗਰੇਜ਼-ਰਾਜ ਵਿਰੋਧੀ ਬਣ ਗਏ। ਸਾਮਰਾਜ ਵਿਰੋਧੀ ਪੱਖ ਦਿਨੋ ਦਿਨ ਤਕੜਾ ਹੋਣ ਲਗ ਪਿਆ। ਇਹਨਾਂ ਨੂੰ ਸਿੱਖਾਂ ਵਲੋਂ ਹੁੰਗਾਰਾ ਦਿਨੋ ਦਿਨ ਵੱਧ, ਹੋਰ ਵੱਧ, ਹੋਰ ਹੋਰ ਵੱਧ ਮਿਲਣ ਲਗ ਪਿਆ ਅਤੇ ਇਹਨਾਂ ਦਾ ਪੱਲੜਾ ਇਕਸਾਰ ਭਾਰਾ ਹੁੰਦਾ ਚਲਾ ਗਿਆ।

## 2. ਗੁਰਦੁਆਰੇ ਪਹਿਲੋਂ ਕਿ ਆਜ਼ਾਦੀ ?

ਇਸ ਵੇਲੇ ਕੁਛ ਰਾਜਸੀ ਹਲਕਿਆਂ ਵਿਚ ਇਹ ਸਵਾਲ ਬੜੇ ਜ਼ੋਰ ਨਾਲ ਉਠਿਆ : ਗੁਰਦੁਆਰਿਆਂ ਦੀ ਆਜ਼ਾਦੀ ਪਹਿਲੋਂ ਕਿ ਦੇਸ਼ ਦੀ ? ਹਿੰਦੂ ਅਤੇ ਸਿੱਖ ਅਖਬਾਰਾਂ ਨੇ ਇਸ ਸਵਾਲ ਸਬੰਧੀ ਆਪਣੇ ਅਪਾਣੇ ਵਿਚਾਰ ਪੇਸ਼ ਕੀਤੇ। ਆਮ ਮੁਹਾਣ ਇਹ ਸੀ : ਜਿੰਨਾ ਚਿਰ ਅਸੀਂ ਗੌਰਮਿੰਟ ਦਾ ਸੁਧਾਰ ਨਹੀਂ ਕਰ ਲੈਂਦੇ, ਓਨਾ ਚਿਰ ਗੁਰਦੁਆਰਿਆਂ ਦਾ ਸੁਧਾਰ ਨਹੀਂ ਹੋ ਸਕਦਾ।[1] ਗੁਰਦੁਆਰਿਆਂ ਉਤੇ ਕਬਜ਼ਾ ਕਰਨ ਦਾ ਇਹ ਮੁਨਾਸਬ ਵਕਤ ਨਹੀਂ। ਸਾਨੂੰ ਹੋਰ ਸਭ ਮਾਮਲੇ ਲਾਂਭੇ ਰਖ ਦੇਣੇ ਚਾਹੀਦੇ ਹਨ ਅਤੇ ਸੁਰਾਜ ਦੇ ਆਸ਼ਕ ਬਣ ਜਾਣਾ ਚਾਹੀਦਾ ਹੈ।[2] ਕੁਛ ਰਾਜਸੀ ਖਿਆਲਾਂ ਦੇ ਸਿੱਖ ਵੀ ਇਹ ਮਹਿਸੂਸ ਕਰਨ ਲਗ ਪਏ ਕਿ ਜਿੰਨਾ ਚਿਰ ਹਿੰਦੁਸਤਾਨ ਆਜ਼ਾਦ ਨਹੀਂ ਹੁੰਦਾ ਓਨਾ ਚਿਰ ਉਹਨਾਂ ਦੀਆਂ ਜ਼ਿੰਦਗੀਆਂ ਤੇ ਜਾਏਦਾਦਾਂ ਖਤਰੇ ਤੋਂ ਆਜ਼ਾਦ ਨਹੀਂ ਹਨ;[3] ਵਗੈਰਾ, ਵਗੈਰਾ।

ਪਰ ਆਜ਼ਾਦੀ ਦੇ ਸੰਗਰਾਮੀਏ ਸਿੱਖ ਇਸ ਸਵਾਲ ਨੂੰ ਇਸ ਤਰ੍ਹਾਂ ਨਹੀਂ ਸਨ ਵੇਖਦੇ। ਉਹਨਾਂ ਦੇ ਖਿਆਲ ਵਿਚ ਕੌਮੀ ਆਜ਼ਾਦੀ ਦਾ ਸਵਾਲ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਦਾ ਸਵਾਲ ਦੋ ਵਖਰੇ ਵਖਰੇ ਸਵਾਲ ਹੁੰਦਿਆਂ ਹੋਇਆਂ ਵੀ ਇਕੱਠੇ ਲਏ ਜਾ ਸਕਦੇ ਸਨ ਕਿਉਂਕਿ ਇਹ ਦੋਂਵੇ ਇੱਕੋ ਦੁਸ਼ਮਣ ਅੰਗਰੇਜ਼ ਰਾਜ ਦੇ ਖਿਲਾਫ ਲੜੇ ਜਾ ਰਹੇ ਸਨ। ਸਾਮਰਾਜ-ਵਿਰੋਧੀ ਸਿੱਖ ਕੌਮੀ ਆਜ਼ਾਦੀ ਲਈ ਕਾਂਗਰਸ ਨਾਲ ਮਿਲ ਕੇ ਲੜ ਸਕਦੇ ਸਨ। ਅਤੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਸ਼੍ਰੋਮਣੀ ਕਮੇਟੀ ਨਾਲ ਮਿਲਕੇ ਲੜ ਸਕਦੇ ਸਨ। ਕਾਂਗਰਸ ਸੁਰਾਜ ਲਈ ਲੜ ਰਹੀ

---

[1] ਖਾਲਸਾ ਅਖਬਾਰ, ਲਾਹੌਰ, 15. 11. 1921.

[2] ਬਾਬਾ ਗੁਰਦਿਤ ਸਿੰਘ ਦਾ ਬਿਆਨ, ਕੇਸਰੀ, 2. 11. 1921.

[3] ਸਵਰਾਜ, 27 ਅਕਤੂਬਰ, 1921.

Digitized by Panjab Digital Library | www.panjabdigilib.org

ਸੀ ਉਹ ਇਸਦੇ ਮੈਂਬਰ ਬਣਕੇ ਦੇਸ਼ ਲਈ ਕੁਰਬਾਨੀਆਂ ਕਰ ਸਕਦੇ ਸਨ, ਅਤੇ ਸ਼੍ਰੋਮਣੀ ਕਮੇਟੀ ਦੇ ਜਾਂ ਅਕਾਲੀ ਦਲ ਦੇ ਮਿੰਬਰ ਬਣਕੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਕੁਰਬਾਨੀਆਂ ਕਰ ਸਕਦੇ ਹਨ। ਇਹ ਦੋਵੇਂ ਲੜਾਈਆਂ ਇਕ ਦੂਜੀ ਨੂੰ ਮਜ਼ਬੂਤ ਕਰਦੀਆਂ ਸਨ ਇਸ ਲਈ ਸਵਾਲ ਦਾ ਇਸ ਤਰ੍ਹਾਂ ਪੇਸ਼ ਕਰਨਾ ਗਲਤ ਸੀ ਕਿ ਪਹਿਲਾਂ ਕੌਮੀ ਆਜ਼ਾਦੀ ਦੀ ਲੜਾਈ ਲੜੀ ਜਾਏ ਅਤੇ ਪਿਛੋਂ ਗੁਰਦੁਆਰਿਆਂ ਦੀ ! ਦੋਵੇਂ ਲੜਾਈਆਂ ਇਕ ਸਾਥ, ਨਾਲੋਂ ਨਾਲ ਹੀ ਲੜੀਆਂ ਜਾਣੀਆਂ ਚਾਹੀਦੀਆਂ ਸਨ।

ਮਹਾਤਮਾ ਗਾਂਧੀ ਨੇ ਵੀ ਆਪਣੇ ਇਕ ਲੇਖ ਦਾ ਸਪਸ਼ਟੀਕਰਣ ਕਰਦਿਆਂ ਲਿਖਿਆ ਸੀ ਕਿ ਉਹਨਾਂ ਗੁਰਦੁਆਰਾ ਸੁਧਾਰ ਦੇ ਸਵਾਲ ਨੂੰ ਛਡ ਦੇਣ ਸਬੰਧੀ ਕਦੇ ਨਹੀਂ ਕੁਛ ਕਿਹਾ। ਇਹ ਲੜਾਈ ਆਪਣੇ ਥਾਂ ਹੈ ਅਤੇ ਆਜ਼ਾਦੀ ਦੀ ਲੜਾਈ ਆਪਣੇ ਥਾਂ। ਇਹ ਲੜਾਈਆਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਇਹ ਇਕ ਦੂਜੀ ਦੇ ਵਿਰੋਧੀ ਨਹੀਂ।

ਹਾਲਾਤ ਬੜੇ ਤੇਜ਼ੀ ਨਾਲ ਬਦਲ ਰਹੇ ਸਨ। ਖੜੋਤ ਦੀ ਬਰਫ ਤੇਜ਼ ਰਫਤਾਰ ਨਾਲ ਪਿਘਲਣ ਲਗ ਪਈ ਸੀ। ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ, ਇਸ ਵਿਚ ਹਾਕਮਾਂ ਦੇ ਹਥ, ਕੁੰਜੀਆਂ ਦੇ ਖੋਹਣ ਅਤੇ ਅੰਨ੍ਹੇਵਾਹ ਗਰਿਫਤਾਰੀਆਂ ਨੇ ਸਿੱਖਾਂ ਨੂੰ ਝੰਜੋੜ ਝੰਜੋੜ ਜਗਾ ਦਿਤਾਂ ਸੀ। ਜਿਉਂ ਜਿਉਂ ਉਹਨਾਂ ਤੇ ਤਸ਼ੱਦਦ ਹੁੰਦਾ ਸੀ ਤਿਉਂ ਤਿਉਂ ਉਹਨਾਂ ਨੂੰ ਗਿਆਨ ਹੁੰਦਾ ਜਾਂਦਾ ਸੀ ਕਿ ਅੰਗਰੇਜ ਰਾਜ ਦੇ, ਗੁਰਦੁਆਰਿਆਂ ਦੀ ਆਜ਼ਾਦੀ ਸਬੰਧੀ, ਇਰਾਦੇ ਕੀ ਹਨ ! ਜੇਲਾਂ, ਧਰਮ ਵਿਚ ਮੁਦਾਖਲਤ, ਗੁਰਦੁਆਰਿਆਂ ਦੀ ਅੰਗਰੇਜ਼ੀ ਰਾਜ ਦੀ ਮਜ਼ਬੂਤੀ ਲਈ 'ਰਾਜਸੀ ਵਰਤੋਂ', ਤੇ ਤਸ਼ੱਦਦ ਨੇ ਉਹਨਾਂ ਦੀ ਸੁੱਤੀ-ਹੋਈ ਸੂਝਦਾਰੀ ਨੂੰ ਜਗਾਣ ਵਿਚ ਬੜੀ ਸਹਾਇਤਾ ਕੀਤੀ।

## 3. ਕੁੰਜੀਆਂ ਖੋਹਣ ਦਾ ਪੜਕਰਮ

ਕੁੰਜੀਆਂ ਖੋਹ ਲੈਣ ਦੇ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਮਿਲਵਰਤਨੀ ਮਿੰਬਰਾਂ ਦਾ ਵੀ, ਚੀਫੀਆਂ ਤੋਂ ਛੁਟ, ਗੌਰਮਿੰਟ ਦੇ ਵਾਅਦਿਆਂ ਤੋਂ ਵਿਸ਼ਵਾਸ਼ ਉਠਨਾ ਸ਼ੁਰੂ ਹੋ ਗਿਆ। ਗੌਰਮਿੰਟ ਅਫਸਰਾਂ ਨੇ ਕਈ ਵਾਰ ਇਹ ਇਹਸਾਨ ਜਿਤਾਇਆ ਸੀ ਕਿ ਗੌਰਮਿੰਟ ਨੇ ਦਰਬਾਰ ਸਾਹਿਬ ਸਿੱਖਾਂ ਦੇ ਹਵਾਲੇ ਕਰ ਦਿਤਾ ਹੈ। ਖੁਦ ਗਵਰਨਰ ਮੈਕਲੈਸਿਨ ਨੇ 13 ਨਵੰਬਰ ਨੂੰ ਕੌਂਸਲ ਦੇ ਮਿੰਬਰਾਂ ਸਾਮ੍ਹਣੇ ਕਿਹਾ ਸੀ ਕਿ ਗੌਰਮਿੰਟ ਨੇ ਦਰਬਾਰ ਸਾਹਿਬ ਦੇ ਕੰਟਰੋਲ ਤੋਂ ਵਾਪਸ ਹੋਣ ਦਾ ਪਰਬੰਧ ਕਰ ਲਿਆ ਏ। 15 ਮਾਰਚ ਨੂੰ ਕੌਂਸਲ ਵਿਚ ਸ: ਮਹਿਤਾਬ ਸਿੰਘ ਦੇ ਸਵਾਲ ਦੇ ਜਵਾਬ ਵਿਚ ਕਿਹਾ ਗਿਆ ਸੀ : ਸਾਡਾ ਹਿਸਾਬ ਕਿਤਾਬ ਨਾਲ ਕੋਈ ਤਅੱਲੁਕ ਨਹੀਂ। ਅਸੀਂ ਸਿਰਫ ਸਰਬਰਾਹ ਨੀਅਤ ਕਰਦੇ ਸਾਂ ਅਤੇ ਅਸਾਂ ਇਹ ਵੀ ਛਡ ਦਿਤਾ ਹੈ। ਏਸੇ ਤਰ੍ਹਾਂ ਕੁਛ ਹੋਰ ਮੌਕਿਆ ਤੇ ਆਮ ਪਰਭਾਵ ਲੋਕਾਂ ਉਤੇ ਏਹੋ ਹੀ ਪਿਆ ਸੀ ਕਿ ਦਰਬਾਰ ਸਾਹਿਬ ਦਾ ਪਰਬੰਧ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿਤਾ ਹੈ। ਸਰਕਾਰ ਦੀ ਨਾਮਜ਼ਦ 36 ਮਿੰਬਰਾਂ ਦੀ ਕਮੇਟੀ ਦੇ ਸ਼੍ਰੋਮਣੀ ਕਮੇਟੀ ਵਿਚ ਲੀਨ ਕਰ ਲੈਣ ਅਤੇ ਉਹਨਾਂ ਦੇ ਪੂਰੀ ਤਰ੍ਹਾਂ ਮਿਲ ਕੇ ਕੰਮ ਕਰਨ ਪਿਛੋਂ ਵੀ ਆਮ ਲੋਕ ਏਹੋ ਹੀ ਸਮਝਦੇ ਸਨ ਕਿ ਸਰਕਾਰ ਨੇ ਗੁਰਦੁਆਰਾ ਦਰਬਾਰ ਸਾਹਿਬ ਦਾ ਪਰਬੰਧ ਕਮੇਟੀ ਨੂੰ ਸੌਂਪ ਦਿਤਾ ਹੈ। ਕੁੰਜੀਆਂ ਖੋਹ ਲੈਣ ਤੋਂ ਲੋਕਾਂ ਵਲੋਂ ਇਹ ਸਿੱਟਾ ਕਢਣਾ ਗਲਤ ਨਹੀਂ ਸੀ ਕਿ ਸਰਕਾਰ ਆਪਣੇ ਵਾਅਦੇ ਤੋਂ ਮੁਕੱਰ ਗਈ ਹੈ ਅਤੇ ਗੁਰਦੁਆਰਿਆਂ ਦੇ ਪਰਬੰਧ ਵਿਚ ਹਰ ਹੀਲੇ, ਆਪਣੀ ਲੱਤ ਅੜਾਈ ਰਖਣਾ ਚਾਹੁੰਦੀ ਹੈ।

Digitized by Panjab Digital Library | www.panjabdigilib.org

ਇਸ ਲਈ ਸ਼੍ਰੋਮਣੀ ਕਮੇਟੀ ਦੇ ਮਿੰਬਰਾਂ ਦੀ ਗਰਮੀ ਦਾ ਪਾਰਾ ਚੜ੍ਹ ਜਾਣਾ ਸਮਝ ਵਿਚ ਆਉਣ ਵਾਲੀ ਗੱਲ ਹੈ। ਉਹਨਾਂ ਨੇ ਇਸ ਸੰਬੰਧ ਵਿਚ ਜਿਹੜਾ ਮਤਾ ਪਾਸ ਕੀਤਾ ਉਸ ਤੋਂ ਜ਼ਾਹਰ ਹੁੰਦਾ ਹੈ ਕਿ ਉਹਨਾਂ ਦੇ ਸਰਕਾਰੀ ਵਾਅਦਿਆਂ ਤੋਂ ਆਪਣੇ ਭਰਮ ਭੁਲੇਖੇ ਕਿੰਨੇ ਜ਼ਿਆਦਾ ਉਠ ਚੁਕੇ ਸਨ। ਮਤੇ ਦਾ ਭਾਵ ਇਹ ਸੀ :—

1) ਵੇਲਜ਼ ਦੇ ਸ਼ਹਿਜਾਦੇ ਦਾ ਬਾਈਕਾਟ ਕੀਤਾ ਜਾਵੇ। ਉਸ ਦੇ ਹਿੰਦੁਸਤਾਨ ਦੀ ਧਰਤੀ ਉਤੇ ਉੱਤਰਨ ਅਤੇ ਅਮਰਿਤਸਰ ਆਉਣ ਦੇ ਦਿਨ ਤੇ ਹੜਤਾਲ ਕੀਤੀ ਜਾਵੇ; ਨਾ ਕਿਸੇ ਗੁਰ-ਦੁਆਰੇ ਵਿਚ ਉਸ ਦਾ ਚੜ੍ਹਾਵਾ ਕਬੂਲ ਕੀਤਾ ਜਾਵੇ, ਨਾ ਉਸ ਨੂੰ ਕੋਈ ਸਰੋਪਾ ਦਿਤਾ ਜਾਵੇ ਅਤੇ ਨਾ ਹੀ ਉਸ ਦਾ ਕਿਤੇ ਅਰਦਾਸਾ ਕੀਤਾ ਜਾਵੇ;

2) ਕੁੰਜੀਆਂ ਦੇ ਵਾਪਸ ਲੈਣ ਲਈ ਗੌਰਮਿੰਟ ਨਾਲ ਕੋਈ ਮੇਲ ਨਾ ਪੈਦਾ ਕੀਤਾ ਜਾਵੇ; ਅਤੇ ਵਾਪਸ ਕਰਨ ਆਉਣ ਦੀ ਸੂਰਤ ਵਿਚ ਕਿਸੇ ਵੀ ਸ਼ਰਤ ਤੇ ਕਬੂਲ ਨਾ ਕੀਤੀਆਂ ਜਾਣ;

3) ਗੁਰੂ ਨਾਨਕ ਜੀ ਦੇ ਜਨਮ ਦਿਹਾੜੇ ਉਤੇ ਜਿਹੜਾ ਕਿ 15 ਨਵੰਬਰ ਨੂੰ ਆ ਰਿਹਾ ਹੈ—ਪਰੋਟੈਸਟ ਵਜੋਂ ਕੋਈ ਜਲ-ਜਲੌਅ ਜਾਂ ਵਿਖਾਲਾ ਨਾ ਕੀਤਾ ਜਾਵੇ;

4) ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪੰਜ ਮਿੰਬਰ ਹਮੇਸ਼ਾਂ ਵਾਰੋ ਵਾਰੀ ਪਹਿਰੇ ਤੇ ਰਹਿਣ; ਅਤੇ

5) ਨਾ-ਮਿਲਵਰਤਨ ਉਤੇ ਅਮਲ ਕੀਤਾ ਜਾਵੇ, ਜੇ ਗੌਰਮਿੰਟ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਆਵੇ ਤਾਂ ਅਕਾਲੀ ਤੇ ਗੁਰਦੁਆਰਿਆਂ ਦੇ ਪਰਬੰਧਕ ਸਤਿਆਗਰਹਿ ਕਰਨ।[1]

ਕੁੰਜੀਆਂ ਖੋਹਣ ਪਿੱਛੇ ਰਾਜਸੀ ਮਕਸਦ ਕੰਮ ਕਰ ਰਿਹਾ ਸੀ। ਗੌਰਮਿੰਟ ਕਾਇਮ ਹੋ ਚੁਕੀ ਸ਼੍ਰੋਮਣੀ ਕਮੇਟੀ ਦੇ ਹੱਥ ਵਿਚ ਚਾਬੀਆਂ ਨਹੀਂ ਸੀ ਆਉਣ ਦੇਣਾ ਚਾਹੁੰਦੀ—ਕਿਉਂਕਿ ਉਸ ਉਤੇ ਨਾ-ਮਿਲਵਰਤਨੀਆਂ ਦਾ ਕਬਜ਼ਾ ਸੀ। ਗੌਰਮਿੰਟ ਨੂੰ ਖਦਸ਼ਾ ਸੀ ਕਿ ਜੇ ਤੋਸ਼ੇਖਾਨੇ ਦੀਆਂ ਚਾਬੀਆਂ ਸ: ਖੜਕ ਸਿੰਘ ਅਤੇ ਉਸ ਦੇ ਹਮ-ਖਿਆਲ ਸਾਥੀਆਂ ਦੇ ਹੱਥ ਆ ਗਈਆਂ ਤਾਂ ਖਜ਼ਾਨੇ ਦਾ ਰੁਪਇਆ ਸਰਕਾਰ ਦੇ ਖਿਲਾਫ ਨਾ-ਮਿਲਵਰਤਨ ਦੀ ਤਹਿਰੀਕ ਨੂੰ ਮਜ਼ਬੂਤ ਕਰਨ ਲਈ ਵਰ-ਤਿਆ ਜਾਵੇਗਾ। ਸਰਕਾਰ ਜਾਣ ਬੁਝਕੇ ਗੁਰਦੁਆਰਿਆਂ ਦੀ ਧਾਰਮਕ ਆਜ਼ਾਦੀ ਲਈ ਵਰਤੇ-ਜਾ ਰਹੇ ਨਾ-ਮਿਲਵਰਤਨ ਦੇ ਹਥਿਆਰ ਨੂੰ ਰਾਜਸੀ ਕਹਿ ਕਹਿ ਕੇ ਬਦਨਾਮ ਕਰਨਾ ਚਾਹੁੰਦੀ ਸੀ ਤਾਂ ਜੋ ਉਹ ਆਮ ਸਿੱਖਾਂ ਦੀਆਂ ਖਾਸ ਕਰ ਅਤੇ ਗੈਰ-ਸਿੱਖਾਂ ਦੀਆਂ ਹਮਦਰਦੀਆਂ ਆਮ ਕਰ, ਆਪਣੇ ਨਾਲ ਜੋੜੀ ਰਖ ਸਕੇ। ਸਰਕਾਰ ਨਾਲੋਂ ਆਮ ਸਿੱਖਾਂ ਦੀਆਂ ਹਮਦਰਦੀਆਂ ਟੁੱਟਦੀਆਂ ਜਾਂਦੀਆਂ ਸਨ। ਕਾਰਣ ਇਹ ਕਿ ਗੁਰਦੁਆਰਿਆਂ ਵਿਚ ਸਰਕਾਰੀ ਦਖਲ ਉਹਨਾਂ ਨੂੰ ਪਰਤਖ ਨਜ਼ਰ ਆਉਂਦਾ ਸੀ ਅਤੇ ਅਦਾਲਤ ਦੇ ਫੈਸਲੇ ਪਿੱਛੋਂ ਚਾਬੀਆਂ ਦੇਣ ਦਾ ਢੁਚਰ ਮਾਮਲੇ ਨੂੰ ਲਮਕਾਣ ਅਤੇ ਸ਼੍ਰੋਮਣੀ ਕਮੇਟੀ ਦੇ ਮੁਖਾਲਫਾਂ ਨੂੰ ਮੈਦਾਨ ਵਿਚ ਲਿਆਉਣ ਲਈ ਪੇਸ਼ ਕੀਤਾ ਗਿਆ ਸੀ। ਚਾਬੀਆਂ ਲੈਣ ਤੋਂ ਅਗਲੇ ਹੀ ਦਿਨ ਡੀ. ਸੀ. ਨੇ ਕੁਛ ਵਫਾਦਾਰਾਂ ਨੂੰ ਸੱਦ ਕੇ ਆਖਿਆ ਸੀ: ਤੁਸੀਂ ਪਰਤੀਨਿਧ ਕਮੇਟੀ ਬਣਾਓ, ਸਰਕਾਰ ਉਸ ਨੂੰ ਚਾਬੀਆਂ ਦੇਣ ਨੂੰ ਤਿਆਰ ਹੈ।

ਸਿੱਖਾਂ ਦੇ ਧਰਮ ਵਿਚ ਦਖਲ ਦੇਣ ਦੀ ਗੱਲ ਕੋਈ ਨਵੀਂ ਜਾਂ ਲੁਕਵੀਂ ਨਹੀਂ ਸੀ। ਦਖਲ ਦਿੱਤਾ ਹੀ ਰਾਜਸੀ ਮਨੋਰਥਾਂ ਨੂੰ, ਅੰਗਰੇਜ਼ ਰਾਜ ਨੂੰ, ਮਜ਼ਬੂਤ ਕਰਨ ਲਈ ਜਾ ਰਿਹਾ ਸੀ। ਜਦ ਇਸ ਰਾਜਸੀ ਦਖਲ ਨੂੰ ਹਟਾਣ ਲਈ ਆਖਿਆ ਜਾਂਦਾ ਸੀ ਤੇ ਇਸ ਦਖਲ ਦੇ ਖਿਲਾਫ ਲੜਾਈ

[1] ਡੀ. ਐਸ. ਪੀ. ਸੰਤ ਸਿੰਘ ਦੀ ਰਿਪੋਰਟ : File no 456-1921

Digitized by Panjab Digital Library | www.panjabdigilib.org

ਕੀਤੀ ਜਾਂਦੀ ਸੀ ਤਾਂ ਸਰਕਾਰੀ ਮਸ਼ੀਨਰੀ ਸ਼ੋਰ ਮਚਾਣ ਲਗ ਪੈਂਦੀ ਸੀ ਕਿ ਇਹ ਸਿੱਖਾਂ ਦੀ ਧਾਰਮਕ ਲਹਿਰ ਨਹੀਂ, ਰਾਜਸੀ ਲਹਿਰ ਹੈ। ਮਾਸਟਰ ਤਾਰਾ ਸਿੰਘ ਨੇ ਕੁਛ ਅਰਸੇ ਪਿੱਛੋਂ ਇਸ ਹਮਲੇ ਦੇ ਜਵਾਬ ਵਿਚ ਦਰੁਸਤ ਲਿਖਿਆ ਸੀ :

"ਅਸਲ ਗੱਲ ਇਹ ਹੈ ਕਿ ਨੌਕਰਸ਼ਾਹੀ ਨੇ ਗੁਰਦੁਆਰੇ ਆਪਣੇ ਪੁਲੀਟੀਕਲ ਮਤਲਬ ਵਾਸਤੇ ਵਰਤਣੇ ਹਨ ਤੇ ਆਪਣੀ ਨੀਅਤ ਅਨੁਸਾਰ ਹੀ ਇਸ ਨੂੰ ਇਹ ਸ਼ਕ ਹੈ ਕਿ ਸਿੱਖ ਭੀ ਇਹਨਾਂ ਨੂੰ ਪੁਲੀਟੀਕਲ ਮਤਲਬ ਲਈ ਵਰਤਣਗੇ। ਇਸ ਵਾਸਤੇ ਨੌਕਰਸ਼ਾਹੀ ਨੂੰ ਗੁਰਦੁਆਰਿਆਂ ਉਤੋਂ ਕਬਜ਼ਾ ਹਟਾਣਾ ਉਤਨਾ ਹੀ ਔਖਾ ਹੋਇਆ ਹੋਇਆ ਹੈ ਜਿਤਨਾ ਹਿੰਦੁਸਤਾਨ ਉਤੋਂ ਰਾਜ ਹਟਾਣਾ।"[1]

## 3. ਹੋਰ ਨਵਾਂ ਸਰਬਰਾਹ

ਸ: ਸੁੰਦਰ ਸਿੰਘ ਰਾਮਗੜ੍ਹੀਏ ਦੀ ਥਾਂ ਸਰਕਾਰ ਨੇ ਇਕ ਹੋਰ ਵਫਾਦਾਰ ਕੈਪਟਨ ਬਹਾਦਰ ਸਿੰਘ ਨੂੰ ਦਰਬਾਰ ਸਾਹਿਬ ਤੇ ਹੋਰ ਸੰਬੰਧਤ ਗੁਰਦੁਆਰਿਆਂ ਦਾ ਸਰਬਰਾਹ ਬਣਾ ਦਿਤਾ। ਸ: ਸੁੰਦਰ ਸਿੰਘ ਦਾ ਕਸੂਰ ਇਹ ਸੀ ਕਿ ਉਹ ਸ਼੍ਰੋਮਣੀ ਕਮੇਟੀ ਨਾਲ ਮਿਲਕੇ ਚਲਦਾ ਸੀ। ਸਰਕਾਰ ਨੂੰ ਏਹੋ ਜੇਹਾ ਸਰਬਰਾਹ ਚਾਹੀਦਾ ਸੀ ਜਿਹੜਾ ਗੁਰਦੁਆਰਾ ਕਮੇਟੀ ਨਾਲ ਨਹੀਂ, ਸਰਕਾਰ ਨਾਲ ਮਿਲਕੇ ਚਲੇ। ਉਹ ਸਰਕਾਰ ਨੇ ਲਭਾ ਸ: ਬਹਾਦਰ ਸਿੰਘ ਘਵਿੰਡ, ਪੈਨਸ਼ਨੀ ਕੈਪਟਨ। ਇਹ ਸਿੱਕਾ ਚਲੇਗਾ ਵੀ ਜਾਂ ਨਹੀਂ—ਸਰਕਾਰ ਇਸ ਪਹਿਲੂ ਤੋਂ ਕੋਰੀ ਸੀ।—ਉਸ ਨੇ ਉਸ ਆਦਮੀ ਨੂੰ ਸਰਬਰਾਹ ਬਣਾਇਆ ਜਿਸ ਨੇ 1915 ਦੇ ਦੇਸ਼ ਭਗਤਾਂ ਨਾਲ ਗਦਾਰੀ ਕਰਕੇ ਦੇਸ਼ਭਗਤ ਰੰਗਾ ਸਿੰਘ ਨੂੰ ਹੋਤੀ ਮਰਦਾਨ ਵਿਚ ਫੜਾਇਆ ਸੀ। ਸਰਕਾਰ ਸਿੱਖਾਂ ਦੀ ਮਨੋਬਿਰਤੀ ਵਿਚ ਆ ਚੁਕੀਆਂ ਤਬਦੀਲੀਆਂ ਤੋਂ ਅਨਜਾਣ ਸੀ ਅਤੇ ਰਾਜ ਦੇ ਡੰਡੇ ਦਾ ਆਸਰਾ ਲੈ ਕੇ ਗਲਤ ਫੈਸਲੇ ਲੈ ਰਹੀ ਸੀ।

ਸ਼੍ਰੋਮਣੀ ਕਮੇਟੀ ਨੇ 12 ਨਵੰਬਰ ਨੂੰ ਆਪਣੀ ਇਕ ਮੀਟਿੰਗ ਵਿਚ ਫੈਸਲਾ ਕੀਤਾ ਕਿ ਸਰਕਾਰ ਦੇ ਨਵੇਂ ਸਰਬਰਾਹ ਨੂੰ ਦਰਬਾਰ ਸਾਹਿਬ ਦੇ ਪਰਬੰਧ ਵਿਚ ਕਿਸੇ ਕਿਸਮ ਦਾ ਦਖਲ ਨਾ ਦੇਣ ਦਿਤਾ ਜਾਏ। ਇਸ ਫੈਸਲੇ ਤੋਂ ਡੀ. ਸੀ. ਨੂੰ ਬਾਕਾਇਦਾ ਜਾਣੂ ਕਰਾ ਦਿਤਾ ਗਿਆ। ਪਰ ਡੀ. ਸੀ. ਨੇ ਆਪਣੇ ਹੁਕਮ ਨਾਲ ਸਰਬਰਾਹ ਨੂੰ ਚਾਬੀਆਂ ਦੇ ਕੇ ਦਰਬਾਰ ਸਾਹਿਬ ਭੇਜ ਦਿਤਾ ਤਾਂ ਜੋ ਉਹ ਗੁਰੂ ਨਾਨਕ ਦੇ ਜਨਮ ਦਿਹਾੜੇ ਉਤੇ ਜਲੌਅ ਵਗੈਰਾ ਦਾ ਪਰਬੰਧ ਕਰ ਸਕੇ। ਪਰ ਸਿੱਖਾਂ ਨੇ ਉਸ ਦੀ, ਸਵਾਲਾਂ ਦੀ ਬੁਛਾੜ ਕਰਕੇ, ਬੜੀ ਲਾਹ ਪਾਹ ਕੀਤੀ। ਕਪਤਾਨ ਸਾਹਿਬ ਨੂੰ ਉਨ੍ਹਾਂ ਸਾਹਮਣੇ ਕੋਈ ਗੱਲ ਨਹੀਂ ਸੀ ਔੜ੍ਹ ਰਹੀ। ਉਹਨੂੰ ਪਸੀਨਾ ਆ ਰਿਹਾ ਸੀ। ਕੋਈ ਚਲਦੀ ਨਾ ਵੇਖਕੇ ਉਹ ਚਾਬੀਆਂ ਲੈ ਕੇ ਵਾਪਸ ਚਲਿਆ ਗਿਆ। ਕੁਛ ਦਿਨਾਂ ਪਿਛੋਂ ਉਹ ਮਾਨਸਕ ਤੇ ਸਰੀਰਕ ਤੌਰ ਤੇ ਬੀਮਾਰ ਹੋ ਗਿਆ ਅਤੇ ਉਸ ਨੇ ਸਰਬਰਾਹੀ ਤੋਂ ਅਸਤੀਫਾ ਦੇ ਦਿਤਾ ਅਤੇ ਸ਼੍ਰੋਮਣੀ ਕਮੇਟੀ ਤੋਂ, ਆਪਣੀ ਗਲਤੀ ਲਈ ਮੁਆਫੀ ਮੰਗ ਲਈ।

ਇਸ ਘਟਨਾ ਦਾ ਜ਼ਿਕਰ ਸਰਕਾਰ ਦੀ ਖੁਫੀਆ ਰਿਪੋਰਟ ਵਿਚ ਵੀ ਆਇਆ ਹੈ ਜਿਸ ਵਿਚ ਲਿਖਿਆ ਹੈ: ਅਕਾਲੀਆਂ ਦਾ ਵਤੀਰਾ ਧਮਕੀਆਂ ਵਾਲਾ ਸੀ। ਉਹਨਾਂ ਨੇ ਸਰਦਾਰ ਬਹਾਦਰ ਨੂੰ ਬੁਰਾ ਭਲਾ ਕਿਹਾ ਤੇ ਬੇਇੱਜ਼ਤ ਕੀਤਾ। ਸ਼੍ਰੋਮਣੀ ਕਮੇਟੀ ਨੇ ਉਸ ਨੂੰ ਜ਼ਾਤੀ ਤੌਰ ਤੇ ਅਕਾਲ ਤਖਤ ਅਗੇ ਹਾਜ਼ਰ ਹੋਣ ਲਈ ਲਿਖਿਆ ਅਤੇ ਗੁਰਦੁਆਰੇ ਦਾ ਪਰਬੰਧ ਪਰਵਾਨ ਕਰਨ ਉਤੇ ਆਪਣੀ ਗਲਤੀ ਮੰਨਣ ਅਤੇ ਮੁਆਫੀ ਮੰਗਣ ਲਈ ਕਿਹਾ, ਨਹੀਂ ਤਾਂ ਉਸ ਨੂੰ ਪੰਥ ਵਿਚੋਂ ਛੇਕ ਦਿਤਾ

[1] ਅਕਾਲੀ ਤੇ ਪ੍ਰਦੇਸੀ, ਐਡੀਟੋਰੀਅਲ : ਸਾਫ ਸਾਫ ਗੱਲਾਂ : 30 ਅਕਤੂਬਰ 1922.

Digitized by Panjab Digital Library | www.panjabdigilib.org

ਜਾਏਗਾ । ਇਹ ਯਕੀਨ ਕੀਤਾ ਜਾਂਦਾ ਏ ਕਿ ਇਹ ਕਦਮ ਇਸ ਖਿਆਲ ਨੂੰ ਮੁਖ ਰਖਕੇ ਉਠਾਇਆ ਗਿਆ ਕਿ ਹੋਰਨਾਂ ਨੂੰ ਮੁਕਾਬਲੇ ਦੀ ਗੁਰਦੁਆਰਾ ਕਮੇਟੀ ਬਣਾਣ ਤੋਂ ਰੋਕਿਆ ਜਾਏ ।[1]

ਮੁਕਾਬਲੇ ਦੀ ਗੁਰਦੁਆਰਾ ਕਮੇਟੀ ਦਾ ਵਿਚਾਰ ਬੜਾ ਅਰਥ-ਭਰਪੂਰ ਹੈ । ਤਹਿਰੀਕਾਂ ਵਿਚ ਫੁਟ ਪਾ ਕੇ ਉਹਨਾਂ ਨੂੰ ਕਿਸੇ ਬੰਨੇ ਨਾ ਲਗਣ ਦੇਣਾ ਅੰਗਰੇਜ਼ ਰਾਜ ਦੀ ਪਾਲਿਸੀ ਸੀ । ਜਿੰਨਾ ਚਿਰ ਗੁਰਦੁਆਰਾ ਤਹਿਰੀਕ ਚਲਦੀ ਰਹੀ ਓਨਾ ਚਿਰ ਮੁਕਾਬਲੇ ਦੀ ਜਥੇਬੰਦੀ ਕਾਇਮ ਕਰਨ ਦੇ ਸਰਕਾਰ ਵਲੋਂ ਯਤਨ ਹੁੰਦੇ ਰਹੇ । ਇਸ ਹਕੀਕਤ ਦੀ ਤਸਦੀਕ ਅਗੇ ਚਲਕੇ ਬਾਰ ਬਾਰ ਹੋਵੇਗੀ । ਪਿੱਛੇ ਅਸੀਂ ਪੜ੍ਹ ਆਏ ਹਾਂ ਕਿ ਡੀ. ਸੀ. ਅਮਰਿਤਸਰ ਕਿਸੇ ਵੀ ਮੁਕਾਬਲੇ ਦੀ ਜਥੇਬੰਦੀ ਨੂੰ ਦਰ-ਬਾਰ ਸਾਹਿਬ ਦੀਆਂ ਚਾਬੀਆਂ ਦੇਣ ਤੇ ਉਸ ਦੀ ਸਰਪਰਸਤੀ ਕਰਨ ਲਈ ਤਿਆਰ ਸੀ । ਪਰ ਉਸ ਵੇਲੇ ਸਰਕਾਰ ਦੀ ਇਹ ਸਾਜ਼ਸ਼ ਸਿਰੇ ਨਾ ਚੜ੍ਹੀ, ਜੰਮਦਿਆਂ ਹੀ ਮਰ ਗਈ । ਉਸ ਵੇਲੇ ਸ਼੍ਰੋਮਣੀ ਕਮੇਟੀ ਤੇ ਪੰਥ ਦੇ ਮਜ਼ਬੂਤ ਏਕੇ ਸਾਮ੍ਹਣੇ ਸਰਕਾਰ ਦੀ ਸਰਪਰਸਤੀ ਦਾ ਢਾਸਣਾ ਲਾ ਕੇ ਵੀ ਕੋਈ ਖਲੋ ਨਹੀਂ ਸੀ ਸਕਦਾ ।

ਕੁੰਜੀਆਂ ਲੈਣ ਪਿੱਛੋਂ ਸਰਕਾਰੀ ਏਲਾਨ ਨੇ ਦਸਿਆ ਕਿ ਗੁਰਦੁਆਰਾ ਕਮੇਟੀ ਨੇ ਦਰ-ਬਾਰ ਸਾਹਿਬ ਦਾ ਕੰਟਰੋਲ ਹਾਸਲ ਕਰਨ ਲਈ ਅਜੇ "ਕਾਨੂੰਨੀ ਅਧਿਕਾਰ" ਪਰਾਪਤ ਨਹੀਂ ਕੀਤਾ । ਇਸ ਲਈ ਉਹ "ਕੁੰਜੀਆਂ ਹਾਸਲ ਕਰਨ ਦੀ ਕਾਨੂੰਨੀ ਤੌਰ ਤੇ, ਹਕਦਾਰ ਨਹੀਂ ।" ਗੌਰਮਿੰਟ ਅਦਾਲਤ ਵਿਚ 'ਦੋਸਤਾਨਾ ਮੁਕੱਦਮਾ' ਕਰੇਗੀ । ਅਦਾਲਤ ਦੂਜੀਆਂ ਪਾਰਟੀਆਂ ਦੇ ਦਾਅਵਿਆਂ ਨੂੰ ਵੀ ਸੁਣਕੇ ਫੈਸਲਾ ਦੇਵੇਗੀ ; ਵਗੈਰਾ । ਪਰ ਇਹ ਸਭ ਮੱਕਾਰੀ ਤੇ ਰਿਆਕਾਰੀ ਦੀਆਂ ਗੱਲਾਂ ਸਨ । ਅਸਲ ਗੱਲ ਇਹ ਸੀ ਕਿ "ਗੌਰਮਿੰਟ, ਕਮੇਟੀ ਦੇ ਰਾਜਸੀ ਰਵੱਈਏ ਨੂੰ ਮੁਖ ਰਖਕੇ," ਅਜੇ ਵੀ ਉਸ ਨੂੰ ਸਿੱਖ ਧਰਮ ਦੀ ਨੁਮਾਇੰਦਾ ਹੋਣ ਦੀ ਮਾਨਤਾ ਦੇਣੋਂ ਇਨਕਾਰ ਕਰ ਰਹੀ ਸੀ ।"[2]

---

[1] Demi-official letter from Col. C. Kaye to S. P. O' Donnell dated 16th Nov. 1921 (File 459—I921—para—6)

[2] File no. 94?/I922—Home. Political—the Sikh Question in the Punjab—para I2.

Digitized by Panjab Digital Library | www.panjabdigilib.org

# ਗਰਿਫਤਾਰੀਆਂ ਦਾ ਦੂਜਾ ਦੌਰ

ਇਕ ਪਾਸੇ ਸਰਕਾਰ ਚਾਬੀਆਂ ਦਾ ਫੈਸਲਾ ਅਦਾਲਤ ਰਾਹੀਂ ਕਰਾਣ ਦੀਆਂ ਗੱਲਾਂ ਕਰ ਰਹੀ ਸੀ, ਦੂਜੇ ਪਾਸੇ ਅਮਰਿਤਸਰ ਦਾ ਡੀ.ਸੀ. ਅਮਰਿਤਸਰ ਦੇ ਅਤੇ ਬਾਕੀ ਦੇ ਡੀ. ਸੀ. ਆਪਣੇ ਅ ਪਣੇ ਸਿਖ ਜਾਗਰਤ ਦੇ ਜ਼ਿਲਿਆਂ ਦੇ ਕਸਬਿਆਂ ਵਿਚ ਜਾ ਕੇ ਗੌਰਮਿੰਟ ਦੀ ਕੁੰਜੀਆਂ ਲੈ ਲੈਣ ਬਾਰੇ ਪੁਜ਼ੀਸ਼ਨ ਦੀ ਵਿਆਖਿਆ ਕਰ ਰਹੇ ਸਨ। ਅਤੇ ਇਸ ਤਰ੍ਹਾਂ ਕੁੰਜੀਆਂ ਖ਼ੋਹ ਲੈਣ ਉਤੇ ਸਿੱਖਾਂ ਵਿਚ ਸਰਕਾਰ-ਵਿਰੋਧੀ ਜਿਹੜਾ ਵਿਸ਼ਾਲ ਉਭਾਰ ਪੈਦਾ ਹੋਇਆ ਸੀ, ਉਸ ਨੂੰ ਠਲ੍ਹਣਾ ਤੇ ਠੰਡਾ ਕਰਨਾ ਚਾਹੁੰਦੇ ਸਨ ਅਤੇ ਕੁੰਜੀਆਂ ਲੈਣ ਦੇ ਨਾਜਾਇਜ਼ ਦਖਲ ਨੂੰ, ਕਾਨੂੰਨ ਦੀ ਆੜ ਲੈ ਕੇ, ਜਾਇਜ਼ ਤੇ ਦਰੁਸਤ ਠਹਿਰਾਣਾ ਚਾਹੁੰਦੇ ਸਨ। ਡੀ. ਸੀ. ਆਪਣੇ ਜ਼ਿਲਿਆਂ ਦੇ ਪਿੰਡਾਂ ਵਿਚ ਦਰਬਾਰ ਲਾਕੇ ਆਪਣੀ ਗੱਲ ਕਰਦੇ ਸਨ, ਪਰ ਕਿਸੇ ਪਬਲਕ ਦੇ ਆਦਮੀ ਨੂੰ ਸਵਾਲ ਕਰਨ ਜਾਂ ਬੋਲਣ ਨਹੀਂ ਸਨ ਦੇਂਦੇ।

ਇਸ ਲਈ ਅਕਾਲੀਆਂ ਨੇ ਫੈਸਲਾ ਕੀਤਾ ਕਿ ਜਿੱਥੇ ਵੀ ਜਾ ਕੇ ਡੀ. ਸੀ. ਬੋਲਣ ਉਥੇ ਹੀ ਧਾਰਮਕ ਜਲਸਾ ਕੀਤਾ ਜਾਵੇ ਅਤੇ ਸ਼੍ਰੋਮਣੀ ਕਮੇਟੀ ਦੀ ਪੁਜ਼ੀਸ਼ਨ ਦੀ ਵਿਆਖਿਆ ਕਰਕੇ ਡੀ. ਸੀ. ਵਲੋਂ ਫੈਲਾਈਆਂ ਗਲਤ ਤੇ ਗੁਮਰਾਹ-ਕਰਨੀਆਂ ਗੱਲਾਂ ਤੇ ਊਜਾਂ ਦਾ ਠੋਕਵਾਂ ਜਵਾਬ ਦਿਤਾ ਜਾਵੇ। ਡੀ. ਸੀ. ਅਮਰਿਤਸਰ ਨੇ ਏਲਾਨ ਕੀਤਾ ਕਿ ਉਹ ਅਜਨਾਲੇ ਵਿਚ 26 ਨਵੰਬਰ ਨੂੰ ਕੁੰਜੀਆਂ ਤੇ ਸਿੱਖ ਸਥਿਤੀ ਬਾਰੇ ਇਕ ਦਰਬਾਰ ਲਾਏਗਾ। ਜ਼ਿਲਾ ਗੁਰਦੁਆਰਾ ਕਮੇਟੀ ਨੇ ਵੀ ਢੰਡੋਰਾ ਫੇਰ ਦਿਤਾ ਕਿ ਕਮੇਟੀ ਵਲੋਂ ਅਜਨਾਲੇ ਵਿਚ ਇਕ ਧਾਰਮਕ ਜਲਸਾ ਕੀਤਾ ਜਾਏਗਾ ਜਿਸ ਵਿਚ ਕੁੰਜੀਆਂ ਖੋਹਣ ਉਤੇ ਖਾਸ ਕਰ ਅਤੇ ਗੁਰਦੁਆਰਾ ਸੁਧਾਰ ਦੇ ਮਸਲਿਆਂ ਉਤੇ ਆਮ ਕਰ ਸਰਦਾਰ ਦਾਨ ਸਿੰਘ ਵਿਛੋਆ ਤੇ ਜਸਵੰਤ ਸਿੰਘ ਝਪਾਲ ਵਗੈਰਾ ਵਲੋਂ ਤਕਰੀਰਾਂ ਰਾਹੀਂ ਚਾਨਣਾ ਪਾਇਆ ਜਾਏਗਾ। ਇਸ ਤਰ੍ਹਾਂ ਇੱਕੋ ਥਾਂ ਉਤੇ ਦੋਹਾਂ ਜਲਸਿਆਂ ਦਾ ਏਲਾਨ ਹੋ ਗਿਆ।

ਡੀ. ਸੀ. ਨੇ ਆਪਣੇ ਜਲਸੇ ਵਿਚ ਦਸਿਆ ਕਿ ਗੌਰਮਿੰਟ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਕਿਉਂ ਲਈਆਂ ਹਨ ਅਤੇ ਸਰਕਾਰ ਦਾ ਅਗੋਂ ਮਨਸ਼ਾ ਕੀ ਹੈ ? ਸਰਕਾਰ ਅਦਾਲਤ ਰਾਹੀਂ ਫੈਸਲਾ ਕਰਾਏਗੀ ਕਿ ਕੁੰਜੀਆਂ ਕਿਵੇਂ ਤੇ ਕਿਸ ਨੂੰ ਦਿੱਤੀਆਂ ਜਾਣ ਅਤੇ ਉਸ ਨੇ ਸਰਕਾਰੀ ਏਲਾਨ ਦੇ ਪ੍ਰੋਪੇਗੰਡੇ ਦੀ ਪੂਰੀ ਵਿਆਖਿਆ ਕੀਤੀ। ਮੀਟਿੰਗ ਵਿਚ ਸ: ਦਾਨ ਸਿੰਘ ਤੇ ਜਸਵੰਤ ਸਿੰਘ ਵੀ ਬੈਠੇ ਸਨ। ਡੀ. ਸੀ. ਦੇ ਬੋਲ ਚੁੱਕਣ ਪਿਛੋਂ ਉਹਨਾਂ ਨੇ ਵੀ ਬੋਲਣ ਦੀ ਖਾਹਸ਼ ਜ਼ਾਹਰ ਕੀਤੀ। ਪਰ ਡੀ. ਸੀ. ਨੇ ਉਹਨਾਂ ਨੂੰ ਬੋਲਣ ਦੀ ਆਗਿਆ ਨਾ ਦਿਤੀ ਜਿਸ ਤੇ ਉਹਨਾਂ ਨੇ ਉਥੇ ਹੀ ਏਲਾਨ ਕਰ ਦਿਤਾ ਕਿ ਉਹ ਵਖਰਾ ਧਾਰਮਕ ਜਲਸਾ ਕਰ ਰਹੇ ਹਨ ਜਿਥੇ ਅਸਲ ਤੇ ਸੱਚੇ ਹਾਲਾਤ ਉਤੇ ਰੌਸ਼ਨੀ ਪਾਈ ਜਾਏਗੀ।

ਵਖਰਾ ਦੀਵਾਨ ਲਗ ਗਿਆ ਅਤੇ ਸਿੱਖਾਂ ਨੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿਤੇ। ਕੁਛ ਚਿਰ ਪਿਛੋਂ ਡੀ. ਸੀ ਅਮਲਾ ਫੈਲਾ ਲੈ ਕੇ ਦੀਵਾਨ ਦੇ ਬਾਹਰ ਆਣ ਖਲੋਤਾ ਅਤੇ ਬੜੇ ਰੋਅਬ ਨਾਲ ਪੁੱਛਣ ਲਗਾ : ਏਥੇ ਕੀ ਹੋ ਰਿਹਾ ਏ ? ਦੋਹਾਂ ਸਰਦਾਰਾਂ ਨੇ ਦੀਵਾਨ ਤੋਂ ਬਾਹਰ ਆਕੇ ਦੱਸਿਆ ਕਿ ਸਿੰਘ ਸ਼ਬਦ ਪੜ੍ਹ ਰਹੇ ਹਨ। ਏਥੇ ਧਾਰਮਕ ਦੀਵਾਨ ਹੋਵੇਗਾ।

—ਏਥੇ ਤਕਰੀਰਾਂ ਵੀ ਹੋਣਗੀਆਂ ?

Digitized by Panjab Digital Library | www.panjabdigilib.org

—ਹਾਂ, ਹੋਣਗੀਆਂ ਪਰ ਸੁਰਾਜ, ਸੁਦੇਸ਼ੀ ਜਾਂ ਕਿਸੇ ਰਾਜਸੀ ਮਸਲੇ ਤੇ ਨਹੀਂ ।

—ਕੁੰਜੀਆਂ ਉਤੇ ਹੋਣਗੀਆਂ ?

—ਹਾਂ, ਹੋਣਗੀਆਂ !

ਬਸ ਇਹ ਜਵਾਬ ਮਿਲਦਿਆਂ ਹੀ ਡੀ. ਸੀ. ਨੇ ਆਅ ਵੇਖਿਆ ਨਾ ਤਾਅ, ਪੁਲਸ ਇਨਸਪੈਕਟਰ ਨੂੰ ਹੁਕਮ ਦਿਤਾ : ਸਾ: ਦਾਨ ਸਿੰਘ, ਸ: ਜਸਵੰਤ ਸਿੰਘ, ਪੰਡਤ ਦੀਨਾ ਨਾਥ, ਸ: ਤੇਜਾ ਸਿੰਘ ਸਮੁੰਦਰੀ ਅਤੇ ਸ: ਹਰਨਾਮ ਸਿੰਘ ਜ਼ੈਲਦਾਰ ਨੂੰ 'ਪਕੜ' ਲਓ । ਇਹਨਾਂ ਨੂੰ ਫੜ ਲਿਆ ਗਿਆ । ਜ਼ੈਲਦਾਰ ਹਰਨਾਮ ਸਿੰਘ ਪਹਿਲਾ ਵਡਾ ਸਰਕਾਰੀ ਕਾਰਿੰਦਾ ਸੀ ਜਿਹੜਾ ਅਕਾਲੀ ਤਹਿਰੀਕ ਵਿਚ ਫੜਿਆ ਗਿਆ ਅਤੇ ਕੈਦ ਹੋਇਆ । ਇਸ ਨੂੰ ਇਸ ਲਈ ਫੜ ਲਿਆ ਗਿਆ ਸੀ ਕਿ ਇਸ ਨੇ ਖੱਦਰ ਦੇ ਕਪੜੇ ਪਾਏ ਹੋਏ ਸਨ । ਇਹ ਡੀ. ਸੀ. ਦੇ ਜਲਸੇ ਵਿਚ ਵੀ ਸ਼ਾਮਲ ਹੋਇਆ ਸੀ ।

ਜਿਸ ਵੇਲੇ ਇਹ ਖਬਰ ਅਮਰਿਤਸਰ ਪਹੁੰਚੀ, ਉਸ ਵੇਲੇ ਅਕਾਲ ਤਖਤ ਉਤੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਹੋ ਰਹੀ ਸੀ । ਮੀਟਿੰਗ ਏਥੋਂ ਮੁਲਤਵੀ ਕਰਕੇ ਅਜਨਾਲੇ ਲੈ ਜਾਣ ਦਾ ਫੈਸਲਾ ਕੀਤਾ ਗਿਆ । ਮਿੰਬਰ ਕਾਰਾਂ ਤੇ ਕੋਈ ਸਾਢੇ ਚਾਰ ਵਜੇ ਸ਼ਾਮ ਅਜਨਾਲੇ ਪੁੱਜ ਗਏ । ਮੀਟਿੰਗ ਅੱਗੇ ਜਾਰੀ ਸੀ । ਮਿੰਬਰਾਂ ਨੇ, ਇਕ ਪਿੱਛੋਂ ਦੂਜੇ, ਬੋਲਣਾ ਸ਼ੁਰੂ ਰਖਿਆ । ਕੋਈ ਉੱਨੀ ਆਗੂ ਬੋਲ ਚੁਕੇ ਸਨ । ਜਦੋਂ ਪੁਲਸ ਦਾ ਸੁਪਰੰਡੰਟ ਆ ਗਿਆ ਅਤੇ ਉਸ ਨੇ ਬੋਲਣ ਵਾਲਿਆਂ ਨੂੰ ਨਾਮ ਲੈ ਲੈ ਗਰਿਫਤਾਰ ਕਰਨਾ ਸ਼ੁਰੂ ਕਰ ਦਿਤਾ । ਉਸ ਨੇ ਸ: ਖੜਕ ਸਿੰਘ ਪਰਧਾਨ ਸ਼੍ਰੋਮਣੀ ਕਮੇਟੀ, ਸਰਦਾਰ ਮਹਿਤਾਬ ਸਿੰਘ ਸੈਕਟਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮੈਨੇਜਰ ਰੋਜ਼ਾਨਾ ਅਕਾਲੀ, ਭਾਗ ਸਿੰਘ ਤੇ ਗੁਰਚਰਨ ਸਿੰਘ ਵਕੀਲ ਅਤੇ ਹਰੀ ਸਿੰਘ ਜਲੰਧਰੀ ਨੂੰ ਫੜਨ ਪਿੱਛੋਂ ਡੀ. ਸੀ. ਦਾ ਏਲਾਨ ਪੜ੍ਹਿਆ ਜਿਹੜਾ ਬਗਾਵਤੀ ਮੀਟਿੰਗਾਂ ਦੇ ਕਾਨੂੰਨ ਦੇ ਅਧੀਨ ਦੀਵਾਨ ਨੂੰ ਖਿਲਾਫ ਕਾਨੂੰਨ ਇੱਕਠ ਕਰਾਰ ਦੇਂਦਾ ਸੀ । ਇਹਨਾਂ ਨੂੰ ਇਸ ਲਈ ਫੜਿਆ ਗਿਆ ਕਿ ਇਹਨਾਂ "ਸਿੱਖ ਨਾ-ਮਿਲਵਰਤਨੀਆਂ ਨੇ ਬਗਾਵਤੀ ਮੀਟਿੰਗਾਂ ਦਾ ਕਾਨੂੰਨ ਤੋੜਿਆ ਸੀ "[1] ਪ੍ਰੋ: ਜੋਧ ਸਿੰਘ ਤੇ ਤਾਰਾ ਸਿੰਘ ਬੀ. ਏ. (ਦੋਵੇਂ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ) ਨੇ ਆਖਿਆ ਕਿ ਇਹ ਧਾਰਮਕ ਦੀਵਾਨ ਹੈ ਅਤੇ ਇਹ ਜਾਰੀ ਰਹੇਗਾ ।[2] ਦੀਵਾਨ ਦੋ ਘੰਟੇ ਹੋਰ ਜਾਰੀ ਰਿਹਾ । ਪਰ ਉਹਨਾਂ ਨੂੰ ਕਿਸੇ ਨਾ ਫੜਿਆ ਕਿਉਂਕਿ ਉਹ ਮਿਲਵਰਤਨੀਏ ਸਨ । ਅੰਗਰੇਜ਼ ਦਾ ਕਾਨੂੰਨ ਵੀ, ਅੰਗਰੇਜ਼ ਹਾਕਮਾਂ ਵਾਂਗ, ਨਾ-ਮਿਲਵਰਤਨੀ ਸਿੱਖਾਂ ਅਤੇ ਮਿਲਵਰਤਨੀ ਸਿੱਖਾਂ ਵਿਚਕਾਰ ਤਮੀਜ਼ ਕਰਦਾ ਅਤੇ ਫਰਕ ਵੇਖਦਾ ਸੀ ।

27 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਬਾਕੀ ਮਿੰਬਰਾਂ ਨੇ ਅਕਾਲ ਤਖਤ ਤੇ ਮੀਟਿੰਗ ਕੀਤੀ । ਉਸ ਵਿਚ ਸ: ਅਮਰ ਸਿੰਘ ਝਪਾਲ ਕਮੇਟੀ ਦਾ ਪਰਧਾਨ ਚੁਣਿਆ ਗਿਆ, ਕਪਤਾਨ ਰਾਮ ਸਿੰਘ ਨੂੰ ਮੀਤ ਪਰਧਾਨ ਅਤੇ ਸ: ਤਾਰਾ ਸਿੰਘ ਨੂੰ ਸਕੱਤਰ ਨਿਯੁਕਤ ਕੀਤਾ ਗਿਆ । ਕਮੇਟੀ ਨੇ ਇਸ ਹਮਲੇ ਦਾ ਜਵਾਬ ਦੇਣ ਲਈ ਮੁੜ ਆਪਣੇ ਆਪ ਨੂੰ ਜਥੇਬੰਦ ਤੇ ਤਿਆਰ ਕਰ ਲਿਆ । ਆਗੂ ਭੈਭੀਤ ਹੋਣਾ ਨਹੀਂ ਸਨ ਜਾਣਦੇ । ਉਹਨਾਂ ਨੇ ਜਿਹੜਾ ਮਤਾ ਪਾਸ ਕੀਤਾ ਉਹ ਇਸ ਸਰਕਾਰੀ ਵਾਰ ਦੇ ਖਿਲਾਫ ਮੁਕਾਬਲੇ ਦੀ ਸਪਿਰਟ ਦਾ ਪਰਗਟਾਅ ਕਰਦਾ ਸੀ । ਮਤਾ ਇਹ ਸੀ :—

[1] Col. C. Kaye D. I. B. 27. II. 1921.

[2] Prof. Teja Singh—Gurdwara Reform Movement: Page 352.

Digitized by Panjab Digital Library | www.panjabdigilib.org

"ਆਪਣੇ ਪਵਿਤਰ ਅਸਥਾਨਾਂ ਦੀ ਰੱਖਿਆ ਕਰਨ ਤੇ ਦਰਬਾਰ ਸਾਹਿਬ ਦੀਆਂ ਕੁੰਜੀਆਂ ਵਾਪਸ ਲੈਣ ਲਈ ਅਤੇ ਨਾਲ ਹੀ ਧਾਰਮਕ ਮੀਟਿੰਗਾਂ ਕਰਨ ਦੀ ਆਜ਼ਾਦੀ ਦਾ ਹੱਕ ਹਾਸਲ ਕਰਨ ਲਈ ਗੁਰਦੁਆਰਾ ਕਮੇਟੀ ਫੈਸਲਾ ਕਰਦੀ ਹੈ :—

(ੳ) ਕਿ ਸਭ ਥਾਵਾਂ ਤੇ, ਖਾਸਕਰ, ਅਮਿਤ੍ਰਸਰ, ਲਾਹੌਰ, ਸ਼ੇਖੂਪੁਰ ਦੇ ਜ਼ਿਲਿਆਂ ਤੇ ਦਿੱਲੀ ਵਿਚ ਕੁੰਜੀਆਂ ਦੇ ਮਾਮਲੇ ਬਾਰੇ ਤੱਥ ਬਿਆਨ ਕਰਨ ਲਈ ਧਾਰਮਕ 'ਦੀਵਾਨ' ਕੀਤੇ ਜਾਣ;

(ਅ) ਕਿ 4 ਦਸੰਬਰ, ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਤੇ ਹਰ ਥਾਂ ਦੀਵਾਨ ਕੀਤੇ ਜਾਣ ਅਤੇ ਪਵਿਤਰ ਬਾਣੀ ਦਾ ਪਾਠ ਕੀਤੇ ਜਾਣ ਪਿੱਛੋਂ ਅਰਦਾਸੇ ਵਿਚ ਇਹ ਹੋਰ ਵਧੀਕ ਸ਼ਬਦ ਆਖੇ ਜਾਣ: "ਹੇ ਵਾਹਿਗੁਰੂ, ਧਰਮ ਤੇ ਜ਼ੁਲਮ ਕਰਨ ਵਾਲਿਆਂ ਦਾ ਖਾਤਮਾ ਕਰ";

(ੲ) ਕਿ ਹਰ ਇਕ ਸਿੱਖ ਉਸ ਦਿਨ ਜਪੁਜੀ ਸਾਹਿਬ ਦੇ ਪੰਜ ਪਾਠ ਕਰੇ ਅਤੇ ਫੇਰ ਉਤਲੇ ਸ਼ਬਦ ਵਧਾਕੇ ਅਰਦਾਸਾ ਕਰੇ; ਅਤੇ

(ਸ) ਸ਼੍ਰੋਮਣੀ ਕਮੇਟੀ ਵਲੋਂ ਜਾਰੀ ਕੀਤਾ ਗੁਰਮੁਖੀ (ਵਿਚ ਲਿਖਿਆ) ਏਲਾਨ ਇਹਨਾਂ ਸਾਰੇ ਦੀਵਾਨਾਂ ਵਿਚ ਪੜ੍ਹਿਆ ਜਾਵੇ ।"

ਅਤੇ ਕੁਛ ਦਿਨ ਪਿੱਛੋਂ ਕਮੇਟੀ ਨੇ ਵੇਲਜ਼ ਦੇ ਸ਼ਹਿਜ਼ਾਦੇ ਦੀ ਆਮਦ ਦਾ ਸਵਾਲ ਹੱਥ ਵਿਚ ਲਿਆ ਅਤੇ ਪਾਸ ਕੀਤਾ ਕਿ ਉਸ ਦੇ ਹਿੰਦੁਸਤਾਨ ਦੀ ਧਰਤੀ ਉਤੇ ਉਤਰਨ ਵਾਲੇ ਦਿਨ ਪੂਰਣ ਹੜਤਾਲ ਕੀਤੀ ਜਾਵੇ, ਕੋਈ ਸਿੱਖ ਉਸ ਨਾਲ ਸੰਬੰਧਤ ਕਾਰਜਾਂ ਵਿਚ ਹਿੱਸਾ ਨਾ ਲਵੇ ਅਤੇ ਉਸ ਦਾ ਥਾਂ ਥਾਂ ਬਾਈਕਾਟ ਕੀਤਾ ਜਾਵੇ । ਅਤੇ 6 ਦਸੰਬਰ ਨੂੰ ਮਤਾ ਪਾਸ ਕੀਤਾ ਕਿ ਕੁੰਜੀਆਂ ਵਾਪਸ ਲੈਣ ਲਈ ਓਨਾ ਚਿਰ ਕੋਈ ਵੀ ਪਰਬੰਧ ਨਾ ਕਬੂਲ ਕੀਤਾ ਜਾਵੇ ਜਿੰਨਾ ਚਿਰ ਕਿ ਕੁੰਜੀਆਂ ਦੇ ਸੰਬੰਧ ਵਿਚ ਸਾਰੇ ਫੜੇ-ਗਏ ਸਿੱਖਾਂ ਨੂੰ ਬਿਲਾ-ਸ਼ਰਤ ਰਿਹਾ ਨਹੀਂ ਕੀਤਾ ਜਾਂਦਾ ।

ਇਸ ਤਰ੍ਹਾਂ ਕੁੰਜੀਆਂ ਦਾ ਮੋਰਚਾ ਲਗਾਤਾਰ ਗਰਮ ਹੁੰਦਾ ਚਲਿਆ ਗਿਆ । ਰੋਜ਼ ਇਕ ਦੀਵਾਨ ਅਕਾਲ ਤਖਤ ਦੇ ਸਾਮ੍ਹਣੇ ਲਗਦਾ, ਦੂਜਾ ਗੁਰੂ ਕੇ ਬਾਗ ਵਿਚ ਲਗਦਾ—ਕੁੰਜੀਆਂ ਦੇ ਖੋਹਣ ਅਤੇ ਅਕਾਲੀਆਂ ਦੀਆਂ ਗਰਿਫਤਾਰੀਆਂ ਸੰਬੰਧੀ ਬੜੀਆਂ ਜੋਸ਼ੀਲੀਆਂ ਤੇ ਨਿਧੜਕ ਤਕਰੀਰਾਂ ਹੁੰਦੀਆਂ । ਪਿੰਡਾਂ ਵਿਚ ਜਥਿਆਂ ਦੇ ਆਗੂ ਨਿਕਲ ਤੁਰੇ ਜਿਨ੍ਹਾਂ ਦੇ ਪਿੱਛੇ ਪਿੱਛੇ ਗਰਿਫਤਾਰੀ ਦੇ ਵਾਰੰਟ ਫਿਰਦੇ ਅਤੇ ਅੱਗੇ ਅੱਗੇ ਉਹ ਪਿੰਡਾਂ ਵਿਚ ਅੰਗਰੇਜ਼ ਰਾਜ ਦੀਆਂ ਧਰਮ ਅਸਥਾਨਾਂ ਉਤੇ ਕਬਜ਼ਾ ਜਮਾਈ ਰਖਣ ਦੀਆਂ ਕੁਟਲ ਚਾਲਾਂ ਦਾ ਪਾਜ ਉਘਾੜਦੇ ਫਿਰਦੇ । ਏਹੋ ਜੇਹੇ ਆਗੂ ਇਕ ਇਕ ਦਿਨ ਵਿਚ ਢੋਲ ਮਾਰ ਮਾਰ, ਤਿੰਨਾ ਤਿੰਨਾਂ, ਚਹੁੰ ਚਹੁੰ ਪਿੰਡਾਂ ਵਿਚ ਤਕਰੀਰਾਂ ਕਰ ਜਾਂਦੇ ਸਨ ।[1] ਸਰਕਾਰ ਵਿਰੋਧੀ ਜਜ਼ਬਾ ਜ਼ੋਰਾਂ ਤੇ ਸੀ । ਵਫਾਦਾਰਾਂ ਨੇ ਸਿਰ ਲੁਕਾ ਲਏ ਸਨ । ਲੋਕ ਹਰ ਥਾਂ ਰਾਜ-ਵਿਰੋਧੀਆਂ ਨੂੰ ਪਨਾਹ ਦੇਂਦੇ ਸਨ । ਚੁਗਲ ਖੋਰਾਂ ਦੀ ਥਾਂ ਥਾਂ ਦੁਰੇ ਦੁਰੇ ਹੁੰਦੀ ਸੀ ।

ਕੁੰਜੀਆਂ ਦੇ ਮੋਰਚੇ ਦੀ ਚੜ੍ਹਤ ਵੇਖ ਕੇ ਰੋਜ਼ਾਨਾ ਅਕਾਲੀ ਨੇ ਲਿਖਿਆ ਕਿ ਜੇਲ ਵਿਚ ਬੈਠੇ ਪੰਥ ਦੇ ਆਗੂ ਓਨਾ ਚਿਰ ਸਰਕਾਰ ਨਾਲ ਕੋਈ ਸਮਝੌਤਾ ਨਹੀਂ ਕਰਨਗੇ ਜਿੰਨਾ ਚਿਰ ਹੇਠ-ਲਿਖੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ :

1. ਸਾਰੇ ਗੁਰਦੁਆਰੇ ਪੰਥ ਦੇ ਪੂਰਣ ਕਬਜ਼ੇ ਵਿਚ ਦਿਤੇ ਜਾਣ;

---

[1] ਲੇਖਕ ਦੇ ਤਹਿਸੀਲ ਅਜਨਾਲਾ ਤੇ ਅਮਰਿਤਸਰ ਦੇ ਲਗ ਭਗ ਹਰ ਥਾਣੇ ਵਿਚੋਂ ਵਾਰੰਟ ਨਿਕਲੇ ਹੋਏ ਸਨ । ਨਗਰ ਜਸੜਾਂ ਵਿਚੋਂ ਠਾਣੇਦਾਰ ਦੇ ਫੜਨ ਦੇ ਯਤਨਾਂ ਦੇ ਬਾਵਜੂਦ ਲੋਕਾਂ ਨੇ ਫੜਨ ਨਹੀਂ ਸੀ ਦਿਤਾ ਅਤੇ ਪਿੰਡ ਨੂੰ ਫੌਜ ਦਾ ਤਸ਼ੱਦਦ ਝੱਲਣਾ ਪਿਆ ਸੀ ।

Digitized by Panjab Digital Library | www.panjabdigilib.org

2. ਕੁੰਜੀਆਂ ਬਿਨਾ-ਸ਼ਰਤ ਵਾਪਸ ਕੀਤੀਆਂ ਜਾਣ, ਇਸ ਮੋਰਚੇ ਵਿਚ ਫੜੇ ਗਏ ਸਭ ਕੈਦੀ ਰਿਹਾ ਕੀਤੇ ਜਾਣ ਅਤੇ ਉਹਨਾਂ ਦੀ ਗਰਿਫਤਾਰੀ ਲਈ ਮੁਆਫੀ ਮੰਗੀ ਜਾਏ;

3. ਗੁਰਦੁਆਰਿਆਂ ਸਬੰਧੀ ਕੈਦ ਹੋਏ ਤਮਾਮ ਕੈਦੀ, (ਸ. ਸਰਦੂਲ ਸਿੰਘ ਕਵੀਸ਼ਰ ਸਮੇਤ) ਛਡੇ ਜਾਣ;

4. ਕਿਰਪਾਨ ਉੱਤੇ ਕੋਈ ਪਾਬੰਦੀ ਨਾ ਲਾਈ ਜਾਏ।

5. ਉਹ ਸ਼ਰਤਾਂ ਵਾਪਸ ਲਈਆਂ ਜਾਣ ਜਿਨ੍ਹਾਂ ਦੇ ਥੱਲੇ ਕੁਛ ਅਕਾਲੀ ਰਿਹਾ ਕੀਤੇ ਗਏ ਸਨ; ਅਤੇ

6. ਅਕਾਲੀ ਦੇ ਖਿਲਾਫ ਹੱਤਕ ਇੱਜ਼ਤ ਦਾ ਦਾਅਵਾ ਵਾਪਸ ਲਿਆ ਜਾਵੇ।[1]

ਸ਼੍ਰੋਮਣੀ ਕਮੇਟੀ ਦਾ ਸਤਕਾਰ ਤੇ ਵਕਾਰ ਸਿਖਰਾਂ ਤੇ ਸੀ। ਉਸ ਦੀ ਮੰਗ ਤੇ ਲੋਕ ਹਰ ਕੁਰਬਾਨੀ ਲਈ ਸਿਰਾਂ ਤੇ ਖੱਫਣ ਬੰਨ੍ਹੀ ਤਿਆਰ ਬੈਠੇ ਸਨ। ਸਰਕਾਰ ਇਕ ਅਕਾਲੀ ਨੌਜਵਾਨ ਫੜਦੀ ਸੀ, ਦਸ ਨੌਜਵਾਨ ਹੋਰ ਗਰਿਫਤਾਰੀ ਦੇਣ ਲਈ ਤਿਆਰ ਹੋ ਜਾਂਦੇ ਸਨ। ਕੁਰਕੀਆਂ, ਕੈਦਾਂ, ਜੇਲਾਂ ਦਾ ਡਰ-ਭਉ ਉਡਪੁਡ ਗਿਆ ਸੀ। ਲੋਕ ਗੱਲਾਂ ਕਰਦੇ: 'ਓ ਜਿਥੇ ਐਡੇ ਐਡੇ ਵਡੇ ਸਰਦਾਰ ਕੈਦ ਹੋ ਗਏ, ਓਥੇ ਸਾਡਾ ਪਿੱਛੇ ਰਹਿਣਾ ਨਗਰ ਨੂੰ, ਸਿਖੀ ਨੂੰ ਕਲੰਕ ਏ। ਪਿਉ ਪੁੱਤਾਂ ਨੂੰ ਜੇਲਾਂ ਜਾਣ ਲਈ ਤੋਰਦੇ ਸਨ ਅਤੇ ਪਤਨੀਆਂ ਤੇ ਭੈਣਾਂ ਆਪਣੇ ਪਤੀਆਂ ਤੇ ਭਰਾਵਾਂ ਨੂੰ ਹਾਰ ਪਾ ਪਾ ਤੋਰਦੀਆਂ ਸਨ ਅਤੇ ਸੁਨੇਹਾ ਦੇਂਦੀਆਂ ਸਨ ਲਾਜ ਲੁਆ ਕੇ ਨਾ ਆਉਣਾ, ਸੁਰਖਰੂਈ ਖੱਟ ਕੇ ਆਉਣਾ।

ਜਿਥੇ ਕੁਰਬਾਨੀ ਲਈ ਇਹ ਜੋਸ਼, ਇਹ ਉਤਸ਼ਾਹ ਤੇ ਉਮਾਹ ਹੋਵੇ ਉਥੇ ਸ਼ਿਕਸਤ ਕਿਵੇਂ ਆਪਣਾ ਕਾਲਾ ਮੂੰਹ ਵਿਖਾ ਸਕਦੀ ਹੈ—ਉਥੇ ਤਾਂ ਫਤੇ ਹੀ ਵਿਜਈ ਸਿਹਰਾ ਪਾਕੇ ਡੰਕੇ ਵਜਾਂਦੀ ਆਵੇਗੀ।

## 1. ਇਸ ਹਮਲੇ ਦਾ ਪਿਛਵਾੜ

ਇਹਨਾਂ ਇਤਿਹਾਸਕ ਦਿਨਾਂ ਵਿਚ ਅਕਾਲੀ ਤਹਿਰੀਕ ਬਾਰੇ ਭਾਂਤ ਭਾਂਤ ਦੀਆਂ ਅਫਵਾਹਾਂ ਤੇ ਹਵਾਈਆਂ ਉਡ ਰਹੀਆਂ ਸਨ ਅਤੇ ਇਹ ਸਭ ਰਿਪੋਰਟਾਂ ਦੀ ਸ਼ਕਲ ਵਿਚ ਸੀ.ਆਈ.ਡੀ. ਦੇ ਕਰਮਚਾਰੀਆਂ ਵਲੋਂ ਦਿੱਲੀ ਦੀ ਸਰਕਾਰ ਨੂੰ ਭੇਜੀਆਂ ਜਾਂਦੀਆਂ ਸਨ। ਕੁਛ ਮਿਸਾਲਾਂ ਵੇਖੋ: ਅਕਾਲੀ ਤੋਸ਼ਾਖਾਨਾ ਦੇ ਜੰਦਰੇ ਤੋੜਨਾ ਚਾਹੁੰਦੇ ਸਨ, ਪਰ ਸ਼੍ਰੋਮਣੀ ਕਮੇਟੀ ਨੇ ਉਹਨਾਂ ਨੂੰ ਮਨ੍ਹਾ ਕਰ ਦਿਤਾ, (12 ਨਵੰਬਰ) ਆਸ ਕੀਤੀ ਜਾਂਦੀ ਏ ਕਿ ਸ਼੍ਰੋਮਣੀ ਕਮੇਟੀ ਨਨਕਾਣੇ ਸਾਹਿਬ ਦੇ ਮੇਲੇ ਤੇ ਇਕ ਮਤਾ ਪਾਸ ਕਰੇਗੀ ਕਿ ਸਿੱਖਾਂ ਲਈ ਫੌਜ ਤੇ ਪੁਲਸ ਦੀ ਨੌਕਰੀ ਕਰਨਾ ਪਾਪ ਹੈ। ਇਸ ਮਤੇ ਦਾ 'ਹੁਕਮਨਾਮੇ' ਦੇ ਤੌਰ ਤੇ ਏਲਾਨ ਕੀਤਾਜ ਾਵੇਗਾ. (16 ਨਵੰਬਰ)। ਇਕ ਰਿਪੋਰਟ ਇਹ ਸੀ ਕਿ ਬਾਬਾ ਗੁਰਦਿਤ ਸਿੰਘ ਕੋਮਾਗਾਟਾ ਮਾਰੂ ਨਨਕਾਣੇ ਵਿਚ, ਖੁਫੀਆ ਵਾਸ ਛਡਕੇ, ਪਰਗਟ ਹੋਵੇਗਾ ਅਤੇ ਉਹ ਹੋਏ, ਪਰ ਨਾਲ ਹੀ ਇਹ ਅਫਵਾਹ ਵੀ ਗਰਮ ਸੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਕਮਾਂਨ ਖੁਦ ਸੰਭਾਲ ਲਏਗਾ। 14 ਨਵੰਬਰ ਦੀ ਇਕ ਰਿਪੋਰਟ ਇਹ ਸੀ ਕਿ ਪਰਬੰਧਕ ਕਮੇਟੀ ਤੇ ਸਿਖ ਲੀਗ ਦੇ ਅਕਾਲੀ ਨਾਮ-ਕਟੇ ਤੇ ਪਿਨਸ਼ਨੀ ਫੌਜੀਆਂ ਨੂੰ ਸ਼ਾਹਜ਼ਾਦਾ ਵੇਲਜ਼ ਦੇ ਜਸ਼ਨਾਂ ਵਿਚ ਜਾਣ ਤੋਂ ਰੋਕਣਗੇ, ਵਗੈਰਾ ਵਗੈਰਾ। **ਹਿੰਦ ਸਰਕਾਰ** ਇੱਕ ਤਾਂ ਕੈਪਟਨ ਬਹਾਦਰ ਸਿੰਘ ਦੀ ਬੇਇਜ਼ਤੀ ਆਪਣੀ ਬੇਇਜ਼ਤੀ ਸਮਝਦੀ ਸੀ ਦੂਜੇ ਉਸ ਨੂੰ ਇਸ ਗੱਲ ਤੋਂ ਬੜਾ

[1] ਰੋਜ਼ਾਨਾ ਅਕਾਲੀ: 16 ਦਸੰਬਰ 1921

Digitized by Panjab Digital Library | www.panjabdigilib.org

ਕਹਿਰ ਚੜ੍ਹਿਆ ਹੋਇਆ ਸੀ ਕਿ ਮਾਸਟਰ ਮੋਤਾ ਸਿੰਘ ਮੇਲੇ ਵਿਚ ਆਇਆ ਅਤੇ ਇਕ ਬੜੀ ਜੋਸ਼ੀਲੀ ਤੇ ਅਤਿਅੰਤ ਗਰਮ ਤਕਰੀਰ ਕਰਕੇ ਅਲੋਪ ਹੋ ਗਿਆ ਅਤੇ ਫੜਿਆ ਨਾ ਗਿਆ। ਤੀਜੇ, ਉਹ ਅਕਾਲੀਆਂ ਦੇ ਕੈਪਾਂ ਦੀ ਬਾਕਾਇਦਗੀ, ਸੀਟੀ ਨਾਲ ਪਰੇਡਾਂ ਤੇ ਪਹਿਰਿਆਂ ਅਤੇ ਫੌਜੀ ਡਿਸਿ-ਪਲਨ ਦੀਆਂ ਰਿਪੋਰਟਾਂ ਨਾਲ ਬੜੀ ਸੜੀ ਬਲੀ ਹੋਈ ਸੀ। ਉਹ ਅਜੇ 1919 ਤੋਂ ਪਹਿਲੋਂ ਦੇ ਆਪਣੇ ਰਾਜ ਦੇ ਵਾਅ ਮੰਡਲ ਵਿਚੋਂ ਨਹੀਂ ਸੀ ਨਿਕਲੀ। ਨਵੇਂ ਸਰਕਾਰ-ਵਿਰੋਧੀ ਹਾਲਾਤ ਨੇ ਉਹਨੂੰ ਸੂਕਣੇ ਪਾਇਆ ਹੋਇਆ ਸੀ। ਪੰਜਾਬ ਸਰਕਾਰ ਦੀ ਪਾਲਿਸੀ ਤੇ ਉਹ ਉੱਕੀ ਹੀ ਸੰਤੁਸ਼ਟ ਨਹੀਂ ਸੀ।

ਅਜਨਾਲੇ ਦੀਆਂ ਗਰਿਫਤਾਰੀਆਂ ਤੋਂ ਪਹਿਲੋਂ ਹੀ ਹਿੰਦ ਸਰਕਾਰ ਪੰਜਾਬ ਦੀਆਂ ਘਟਨਾਵਾਂ ਸੰਬੰਧੀ ਬੜੀ ਚਿੰਤਾਤੁਰ ਤੇ ਫਿਕਰਮੰਦ ਸੀ। ਉਸ ਦੀਆਂ ਖਬਰਾਂ ਅਨੁਸਾਰ 'ਐਜੀਟੇਟਰਾਂ ਨੇ ਆਪਣੀਆਂ ਸਰਗਰਮੀਆਂ ਬੜੀਆਂ ਤੇਜ਼ ਕਰ ਦਿਤੀਆਂ ਸਨ ਅਤੇ ਇਹਨਾਂ ਮੀਟਿੰਗਾਂ ਵਿਚ ਸਿਰਫ ਸ਼ਹਿਰੀ ਹੀ ਨਹੀਂ ਸਨ ਆਉਂਦੇ, ਸਗੋਂ ਪਿੰਡਾਂ ਤੋਂ ਵੀ ਲੋਕ ਆਕੇ ਸ਼ਾਮਲ ਹੁੰਦੇ ਸਨ ਅਤੇ ਕਦੇ ਕਦੇ ਫੌਜੀ ਵੀ—ਮੀਟਿੰਗਾਂ ਰੋਜ਼ ਦਿਹਾੜੇ ਦਾ ਕਿੱਤਾ ਬਣ ਗਈਆ ਸਨ ਅਤੇ ਬੜਾ ਭੜਕਾਊ ਲੱਛਣ ਅਖਤਿਆਰ ਕਰ ਰਹੀਆਂ ਸਨ।[1]'

ਆਈਸਮੋਂਗਰ (ਸੀ. ਆਈ. ਡੀ. ਅਫਸਰ) ਕਹਿੰਦਾ ਹੈ ਕਿ ਇਸ ਵੇਲੇ ਅਕਾਲੀਆਂ ਦੀ ਗਿਣਤੀ ਤੀਹ ਤੇ ਪੰਜਾਹ ਹਜ਼ਾਰ ਦੇ ਵਿਚਕਾਰ ਹੈ। ਉਹ ਜਥਿਆਂ ਦੇ ਦਸ ਹਜ਼ਾਰ ਮਿੰਬਰ ਇਕਠੇ ਕਰਨ ਦੇ ਯੋਗ ਹਨ। ਇਹ ਫੌਜੀ ਤਰਤੀਬ ਮੁਤਾਬਕ ਮਾਰਚ ਕਰਦੇ ਹਨ। ਧਾਰਮਕ ਖਾਸਾ ਹੋਣ ਕਰਕੇ ਇਸ ਲਹਿਰ ਦਾ ਖਤਰਾ ਬਹੁਤ ਵਧ ਗਿਆ ਹੈ। ਇਸ ਨੇ ਅਜੇ ਫੌਜ ਵਿਚ ਅਸਰ ਕਰਨਾ ਸ਼ੁਰੂ ਨਹੀਂ ਕੀਤਾ। ਇਸ ਨੂੰ ਜਾਰੀ ਰਹਿਣ ਦੇਣਾ ਬੇਵਕੂਫੀ ਹੈ... ਜਨਰਲ ਸਟਾਫ ਦਾ ਚੀਫ ਫਿਕਰਮੰਦ ਹੈ ਕਿ ਸਾਧਾਰਨ ਹਾਲਾਤ ਪੈਦਾ ਕਰਨ ਲਈ ਕਦਮ ਉਠਾਏ ਜਾਣੇ ਚਾਹੀਦੇ ਹਨ।[2]

ਇਹਨਾਂ ਉਪਰ-ਦਿਤੇ ਹਾਲਾਤ ਨੂੰ ਮੁਖ ਰਖਕੇ ਕੇਂਦਰੀ ਸਰਕਾਰ ਬਾਰ ਬਾਰ ਪੰਜਾਬ ਸਰਕਾਰ ਨੂੰ ਪੁੱਛਦੀ ਸੀ ਕਿ ਉਹ ਇਹਨਾਂ ਹਾਲਾਤ ਦੇ ਨਿਪਟਨ ਲਈ ਕਰ ਕੀ ਰਹੀ ਹੈ? 'ਅਕਾਲੀਆਂ ਸਬੰਧੀ ਮਜ਼ਬੂਤ ਕਾਰਵਾਈ ਕਰਨੀ ਚਾਹੀਦੀ ਹੈ। ...ਅਕਾਲੀਆਂ ਵਿਚ ਬੜੀ ਹੈਂਕੜ ਤੇ ਫੂੰ-ਫਾਂ ਹੈ ਪਰ ਜੇ ਮਜ਼ਬੂਤੀ ਨਾਲ ਹੱਥ ਪਾਇਆ ਜਾਏ ਤਾਂ ਉਹ ਛੇਤੀ ਹੀ ਠੁੱਸ ਹੋ ਜਾਣਗੇ।' (ਐਸ.ਪੀ. ਓਡੋਨਲ 17-11-21) "ਮੈਨੂੰ ਯਕੀਨ ਹੈ ਕਿ ਜੇ ਸਿੱਖਾਂ ਦੇ ਪੰਜਾਂ ਛਿਆਂ ਆਗੂਆਂ ਉਤੇ ਸਫਲਤਾ ਨਾਲ ਮੁਕੱਦਮੇ ਚਲਾਏ ਜਾਣ—ਖਾਸਕਰ ਦਾਨ ਸਿੰਘ ਤੇ ਜਸਵੰਤ ਸਿੰਘ ਉੱਤੇ... ਤਾਂ ਸਿੱਖਾਂ ਵਿਚ ਨਾ-ਮਿਲਵਰਤਨ ਲਹਿਰ ਨੂੰ ਜ਼ਬਰਦਸਤ ਸੱਟ ਲਗੇਗੀ। (ਐਚ.ਡੀ. ਕਰੇਕ 26-11-21) 'ਅਕਾਲੀ ਤਹਿਰੀਕ ਬਾਰੇ ਪੰਜਾਬ ਸਰਕਾਰ ਦੀ ਪਾਲਿਸੀ ਕੀ ਹੈ? ਹਮੇਸ਼ਾ ਵਾਂਗ ਪੰਜਾਬ ਸਰਕਾਰ ਕੁਛ ਵੀ ਨਾ ਕਰਨ ਦਾ ਫੈਸਲਾ ਕਰੇਗੀ?' ਵਗੈਰ, ਵਗੈਰਾ।

ਇਸ ਤਰ੍ਹਾਂ ਪੰਜਾਬ ਸਰਕਾਰ ਤੇ ਜ਼ੋਰ ਪਾਇਆ ਜਾ ਰਿਹਾ ਸੀ ਕਿ ਉਹ ਅਕਾਲੀਆਂ ਦੇ ਖਿਲਾਫ ਕੋਈ ਸਖਤ ਕਦਮ ਉਠਾਏ ਅਤੇ ਤਹਿਰੀਕ ਨੂੰ ਕੁਚਲੇ। ਹਿੰਦ ਸਰਕਾਰ ਇਹ ਲਹਿਰ

[1] Letter no. 1066, dated 10.11.21—from Secretary S.P.O'Donnell to Govt. of India—to the Chief Secretary Punjab Govt.

[2] W. H. Vincent 5.11.21.

Digitized by Panjab Digital Library | www.panjabdigilib.org

ਪਿੰਡਾਂ ਵਿਚ ਨਹੀਂ ਸੀ ਫੈਲਣ ਦੇਣਾ ਚਹੁੰਦੀ ਕਿਉਂਕਿ ਇਸ ਦੇ ਪਿੰਡਾਂ ਵਿਚ ਫੈਲਣ ਨਾਲ ਇਕ ਤਾਂ ਫੌਜੀ ਭਰਤੀ ਵਿਚ ਵਿਘਨ ਪੈਂਦਾ ਸੀ ਅਤੇ ਦੂਜੇ ਇਸ ਦਾ ਅਸਰ ਫੌਜਾਂ ਵਿਚ ਪਹੁੰਚ ਕੇ ਵਿਗਾੜ ਪੈਦਾ ਕਰਦਾ ਸੀ। ਇਸ ਲਈ ਗੁਰਦੁਆਰਿਆਂ ਦਾ ਜੇ ਕੋਈ ਹਲ ਸਰਕਾਰ ਦੀ ਮਰਜ਼ੀ ਮੁਤਾਬਕ ਲੱਭ ਸਕਦਾ ਹੈ ਤਾਂ ਲੱਭ ਲਿਆ ਜਾਏ, ਨਹੀਂ ਤਾਂ ਰਾਜ ਦੀ ਤਸ਼ੱਦਦੀ ਮਸ਼ੀਨਰੀ ਵਰਤ ਕੇ ਇਸ ਨੂੰ ਕੁਚਲ ਦਿਤਾ ਜਾਏ।

ਇਸ ਤੋਂ ਇਕ ਤਾਂ ਇਹ ਸਪਸ਼ਟ ਹੁੰਦਾ ਹੈ ਕਿ ਕੇਂਦਰੀ ਸਰਕਾਰ ਦੇ ਸਕੱਤਰੇਤ ਦੇ ਮਿੰਬਰ ਪੰਜਾਬ ਸਰਕਾਰ ਬਾਰੇ ਕੋਈ ਚੰਗੀ ਰਾਏ ਨਹੀਂ ਸਨ ਰਖਦੇ। ਉਹ ਇਸ ਨੂੰ ਕਮਜ਼ੋਰ ਤੇ ਮਾੜੀ ਸਰਕਾਰ ਖਿਆਲ ਕਰਦੇ ਸਨ। ਉਹਨਾਂ ਦਿਨਾਂ ਵਿਚ ਗਵਰਨਰ ਮੈਕਲੈਗਨ ਨੂੰ, ਅਫਸਰਾਂ ਦੀ ਨਜ਼ਰ ਵਿਚ, ਕੋਈ ਤਕੜਾ ਗਵਰਨਰ ਨਹੀਂ ਸੀ ਸਮਝਿਆ ਜਾਂਦਾ। ਕੇਂਦਰੀ ਨੋਟਾਂ ਵਿਚ ਪੰਜਾਬ ਸਰਕਾਰ ਸਬੰਧੀ ਅਕਾਅ ਤੇ ਕੁਛ ਘਿਰਣਾ ਦੀ ਝਲਕ ਸਾਫ ਨਜ਼ਰ ਔਂਦੀ ਹੈ।

ਦੂਜੇ, ਇਹਨਾਂ ਬਰਿਟਿਸ਼ ਰਾਜ ਦੇ ਰਖਵਾਲਿਆਂ ਵਲੋਂ ਅਕਾਲੀ ਲਹਿਰ ਦਾ ਮੁੱਲ–ਅੰਗਣ ਤੇ ਲੇਖਾ-ਜੋਖਾ ਵੇਖੋ ! —ਕੁਛ ਆਗੂਆਂ ਦੇ ਫੜ ਲੈਣ ਨਾਲ ਇਹ ਲਹਿਰ ਖਤਮ ਹੋ ਜਾਏਗੀ। ਮਜ਼ਬੂਤੀ ਨਾਲ ਕਦਮ ਉਠਾਏ ਜਾਣ ਤਾਂ ਇਸ ਦੀ 'ਫੂਕ ਨਿਕਲ ਜਾਏਗੀ', ਵਗੈਰਾ। ਇਹ ਬਾਹਰ-ਮੁਖੀ ਹਾਲਾਤ ਦਾ ਮੁੱਲ–ਅੰਗਣ ਤੇ ਨਿਰਣਾ ਨਹੀਂ, ਅੰਦਰ-ਮੁਖੀ ਨਿਰਣਾ ਸੀ ਜਿਹੜਾ ਕਿ ਸੀ. ਆਈ. ਡੀ. ਦੀਆਂ ਰਿਪੋਰਟਾਂ ਦੇ ਅਧਾਰ ਤੇ ਸਕੱਤਰੇਤ ਦੇ ਮਹਿਫੂਜ਼ ਮਹਿਲਾਂ ਵਿਚ ਬੈਠ ਕੇ ਕੀਤਾ ਗਿਆ ਸੀ, ਇਸ ਲਈ ਗਲਤ ਸੀ ਅਤੇ ਗਲਤ ਨਤੀਜੇ ਕਢਦਾ ਸੀ।

ਤੀਜੇ ਇਹ ਕਿ ਇਸ ਨਿਰਣੇ ਦਾ ਅਧਾਰ ਰਾਜ ਦੀ ਵਹਿਸ਼ੀ ਤਾਕਤ ਉਤੇ ਨਿਰਭਰ ਸੀ। ਯਾਨੀ ਗੋਲੀ, ਕੁਰਕੀ, ਪੁਲਸ, ਫੌਜ, ਜੇਲਾਂ ਕੈਦਾਂ ਦੀ ਵਰਤੋਂ ਕਰੋ। ਤਹਿਰੀਕ ਖਤਮ ਹੋ ਜਾਏਗੀ। ਏਹੋ ਜੇਹੇ ਨਿਰਣੇ ਜਾਂ ਮੁੱਲ-ਅੰਗਣ ਅਫਸਰਾਂ ਦੀ ਬਾਹਲੀ ਸੂਝ ਦੇ ਲਖਾਇਕ ਨਹੀਂ ਸਨ। ਅਤੇ ਅਮਲ ਵਿਚ ਇਹ ਅਕਾਲੀ ਤਹਿਰੀਕ ਨੇ ਗਲਤ ਸਿਧ ਕੀਤੇ।

## 2. ਧਾਰਮਕ ਮੀਟਿੰਗਾਂ ਵੀ ਬੰਦ

ਇਹ ਸੀ ਕੇਂਦਰੀ ਦਫਤਰਸ਼ਾਹੀ ਪਿਛਵਾੜ ਜਿਸ ਵਿਚ ਅਜਨਾਲੇ ਵਿਚ ਅਕਾਲੀ ਆਗੂਆਂ ਦੀਆਂ ਗਰਿਫਤਾਰੀਆਂ ਅਮਲ ਵਿਚ ਲਿਆਂਦੀਆਂ ਗਈਆਂ। ਪੰਜਾਬ ਸਰਕਾਰ ਏਥੇ ਆਪਣੀ ਮਜ਼ਬੂਤੀ ਦਾ ਮੁਜ਼ਾਹਰਾ ਕਰਨ ਲਗੀ ਸੀ। ਪਰ ਉਸ ਨੇ ਸ਼ੁਰੂਆਤ ਗਲਤ ਅਧਾਰ ਤੇ ਕੀਤੀ। ਡੀ. ਸੀ. ਡਨਿਟ ਨੇ ਅਜਨਾਲੇ ਵਿਚ ਗਰਿਫਤਾਰੀਆਂ ਡਿਸਟਰਿਕਟ ਕਾਂਗਰਸ ਦਾ ਜਲਸਾ ਸਮਝਕੇ ਕੀਤੀਆਂ, ਕਿਉਂਕਿ ਦੀਵਾਨ ਵਿਚ ਜ਼ਿਲਾ ਕਾਂਗਰਸ ਦਾ ਸਕਤਰ ਪੰਡਤ ਦੀਨਾ ਨਾਥ ਬੈਠਾ ਹੋਇਆ ਸੀ। ਉਸ ਨੂੰ ਸਿਖ ਆਗੂਆਂ ਨੇ ਚੰਗੀ ਤਰ੍ਹਾਂ ਦੱਸ ਵੀ ਦਿਤਾ ਕਿ ਦੀਵਾਨ ਧਾਰਮਕ ਹੈ ਅਤੇ ਜਿਲਾ ਗੁਰਦੁਆਰਾ ਕਮੇਟੀ ਵਲੋਂ ਕੀਤਾ ਜਾ ਰਿਹਾ ਹੈ। ਇਸ ਵਿਚ ਰਾਜਸੀ ਮਸਲਿਆਂ ਤੇ ਨਹੀਂ, ਧਾਰਮਕ ਮਸਲਿਆਂ ਤੇ ਬੋਲਿਆ ਜਾਵੇਗਾ। ਪਰ ਉਸ ਨੇ ਮਜ਼ਬੂਤੀ ਵਿਖਾਣ ਲਈ ਸੁਣੀਆਂ ਅਣਸੁਣੀਆਂ ਕਰ ਛਡੀਆਂ ਅਤੇ ਗਰਿਫਤਾਰੀਆਂ ਦਾ ਅਣ-ਮੁਕਣਾ ਸਿਲਸਿਲਾ ਸ਼ੁਰੂ ਕਰ ਦਿਤਾ।

ਦੂਸਰੇ, ਉਸ ਨੇ ਨਵੀਂ ਮੂਰਖਤਾ ਇਹ ਕੀਤੀ ਕਿ ਉਸਨੇ ਸ਼੍ਰੋਮਣੀ ਕਮੇਟੀ ਨੂੰ ਲਿਖਕੇ ਦੇ ਦਿਤਾ ਕਿ ਬਗਾਵਤੀ ਮੀਟਿੰਗਾਂ ਦੇ ਕਾਨੂੰਨ ਥੱਲੇ ਧਾਰਮਕ ਮੀਟਿੰਗਾਂ ਦਾ ਕਰਨਾ ਮਨ੍ਹਾ ਕੀਤਾ ਗਿਆ ਹੈ। ਇਸ ਵੇਲੇ ਜਾਂ ਤਾਂ ਉਹ ਆਪਣੀ ਗਲਤੀ ਉਤੇ ਪਰਦਾ ਪਾਣ ਲਈ ਝੂਠ ਬੋਲ ਰਿਹਾ ਸੀ, ਜਾਂ ਉਹ 'ਫਰਜ਼ ਦੀ ਕੋਤਾਹੀ' ਦਾ ਕਸੂਰਵਾਰ ਸੀ। 2 ਦਿਨ ਹੀ ਪਹਿਲੋਂ 24 ਨਵੰਬਰ ਨੂੰ ਨਵੇਂ

Digitized by Panjab Digital Library | www.panjabdigilib.org

ਸਿਰਿਓਂ ਬਗਾਵਤੀ ਮੀਟਿੰਗਾਂ ਦਾ ਕਾਨੂੰਨ ਲਾਗੂ ਕੀਤਾ ਗਿਆ ਸੀ ਜਿਸ ਵਿਚ ਧਾਰਮਕ ਮੀਟਿੰਗਾਂ ਕਰਨ ਦੀ ਆਜ਼ਾਦੀ ਬਹਾਲ ਕੀਤੀ ਗਈ ਸੀ। ਅਤੇ ਅਖ਼ਬਾਰਾਂ ਨੇ ਡੀ. ਸੀ. ਡੱਨਿਟ ਦੀ ਇਸ ਗਲਤੀ ਬਾਰੇ ਆਵਾਜ਼ ਵੀ ਉਠਾਈ ਸੀ। ਰੋਜ਼ਾਨਾ ਅਕਾਲੀ ਨੇ ਤਾਂ ਏਥੋਂ ਤਕ ਲਿਖਿਆ ਸੀ ਕਿ ਅਮਰਿਤਸਰ ਦਾ ਡੀ. ਸੀ. ਆਪਣੇ ਜ਼ਿਲੇ ਦਾ ਗਵਰਨਰ ਬਣ ਗਿਆ ਹੈ ਜਿਹੜਾ ਕਹਿੰਦਾ ਹੈ ਕਿ ਧਾਰਮਕ ਮੀਟਿੰਗਾਂ ਵੀ ਐਕਟ ਦੀ ਮਾਰ ਥੱਲੇ ਆਉਂਦੀਆਂ ਹਨ ਜਦੋਂ ਕਿ ਪੰਜਾਬ ਗੌਰਮਿੰਟ ਨੇ ਏਲਾਨ ਕੀਤਾ ਹੈ ਕਿ ਧਾਰਮਕ ਮੀਟਿੰਗਾਂ ਬਗਾਵਤੀ ਮੀਟਿੰਗਾਂ ਦੇ ਕਾਨੂੰਨ ਦੀ ਮਾਰ ਥੱਲੇ ਨਹੀਂ ਆਉਂਦੀਆਂ। (30 ਨਵੰਬਰ)

ਹਿੰਦੂਆਂ, ਮੁਸਲਮਾਨਾਂ ਤੇ ਦੇਸੀ ਈਸਾਈਆਂ ਨੇ ਗੁਰਦੁਆਰਿਆਂ ਦੀ ਆਜ਼ਾਦੀ ਦੇ ਸੰਗਰਾਮ ਦੀ ਬੜੀ ਹਮਾਇਤ ਕੀਤੀ। ਕੁੰਜੀਆਂ ਖੋਹ ਲੈਣ ਤੇ ਉਹਨਾਂ ਨੇ ਰੋਸ ਪਰਗਟ ਕਰਨ ਦੇ ਵਖਰੇ ਵਖਰੇ ਤਰੀਕੇ ਅਖਤਿਆਰ ਕੀਤੇ। ਕਾਂਗਰਸ ਕਮੇਟੀਆਂ ਤੇ ਖਿਲਾਫਤ ਦੀਆਂ ਤਨਜ਼ੀਮਾਂ ਦੇ ਵਰਕਰਾਂ ਨੇ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਤਕਰੀਰਾਂ ਕੀਤੀਆਂ ਅਤੇ ਗੌਰਮਿੰਟ ਦੀ ਮਜ਼ਹਬੀ ਮਦਾਖਲਤ ਨੂੰ ਨੰਗਾ ਕੀਤਾ ਜਿਸ ਤੇ ਗੌਰਮਿੰਟ ਪਾਸ ਰਿਪੋਰਟਾਂ ਗਈਆਂ ਕਿ "ਲਾਹੌਰ, ਅਮਰਿਤਸਰ ਅਤੇ ਹੋਰ ਥਾਵਾਂ ਦੇ ਗੈਰ-ਸਿੱਖ ਐਜੀਟੇਟਰ ਸਿੱਖ ਸਥਿਤੀ ਨੂੰ ਵਿਗਾੜ ਰਹੇ ਹਨ।"

ਕੁੰਜੀਆਂ ਦੇ ਮਾਮਲੇ ਨੇ ਸਿੱਖ ਜਗਤ ਵਿਚ, ਗੌਰਮਿੰਟ ਦੇ ਖਿਲਾਫ ਬੜੀ ਬੇਚੈਨੀ ਤੇ ਹਲ ਚਲ ਪੈਦਾ ਕਰ ਦਿਤੀ ਸੀ। ਇਸ ਲਈ ਗੌਰਮਿੰਟ ਨੂੰ ਸੀ. ਆਈ. ਡੀ. ਦੀਆਂ ਰਿਪੋਰਟਾਂ ਅਨੁਸਾਰ ਫੌਜ ਵਿਚ ਗੜ ਬੜ ਦਾ ਬੜਾ ਖਤਰਾ ਪੈਦਾ ਹੋ ਗਿਆ ਸੀ। ਇਸ ਖਤਰੇ ਨੂੰ ਦੂਰ ਕਰਨ ਲਈ ਗੌਰਮਿੰਟ ਨੇ ਕਈ ਇਕ ਕਦਮ ਚੁਕੇ : ਡਿਪਟੀ ਕਮਿਸ਼ਨਰ ਦਾ ਏਲਾਨ ਪੰਜਾਬੀ ਬੋਲੀ (ਗੁਰਮੁਖੀ ਲਿਪੀ ਵਿਚ ਫੌਜਾਂ ਵਿਚ ਪਰੇਡ ਵੇਲੇ ਗਰੰਥੀਆਂ ਰਾਹੀਂ ਪੜ੍ਹਕੇ ਸੁਨਾਣ ਦਾ ਫੈਸਲਾ ਕੀਤਾ। ਕਮਾਨ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਹ ਫੌਜਾਂ ਵਿਚ ਪਰਬੰਧਕ ਕਮੇਟੀ ਦੇ ਪਰਚਾਰ ਤੋਂ ਖਬਰਦਾਰ ਰਹਿਣ ਅਤੇ ਫੌਜੀਆਂ ਨੂੰ ਗੁਮਰਾਹ ਕਰਕੇ ਸਰਕਾਰੀ ਵਫਾਦਾਰੀ ਤੋਂ ਮੁਨਕਰ ਕਰਨ ਵਾਲਿਆਂ ਵਿਰੁਧ ਸਾਜ਼ਸ਼ ਦੇ ਮੁਕਦਮੇ ਚਲਾਉਣ ਵਗੈਰਾ। (ਐਚ. ਡੀ. ਕਰੇਕ 26. 11. 21—ਮੈਂ ਸਹਿਮਤ ਹਾਂ; ਡਬਲੂ. ਐਚ. ਵਿਨਸੰਟ—26-11-21)

ਅਤੇ ਫੌਜ ਵਿਚ ਗੜ ਬੜ ਪੈਦਾ ਹੋਣ ਦਾ ਖਤਰਾ ਇਸ ਲਈ ਵੀ ਮਹਿਸੂਸ ਕੀਤਾ ਜਾਣ ਲਗਾ ਕਿਉਂਕਿ ਦੋਂਹ ਰੀਟਾਇਰਡ ਫੌਜੀ ਅਫਸਰਾਂ—ਕਪਤਾਨ ਰਾਮ ਸਿੰਘ ਪਟਿਆਲਾ ਅਤੇ ਰਸਾਲਦਾਰ ਸੁੰਦਰ ਸਿੰਘ ਸਿਆਲ ਕੋਟ ਨੇ ਕਮਿਸ਼ਨਰ ਅਮਰਿਤਸਰ ਨੂੰ ਚਿਠੀ ਲਿਖ ਕੇ ਇਤਲਾਹ ਦਿਤੀ ਕਿ ਉਹ ਕੁੰਜੀਆਂ ਦੇ ਮਾਮਲੇ ਬਾਰੇ ਗੁਰੂਕੇ ਬਾਗ (ਦਰਬਾਰ ਸਾਹਿਬ) ਵਿਚ ਬੋਲਣ ਵਾਸਤੇ ਜਾ ਰਹੇ ਹਨ। ਉਹ ਜੇ ਚਾਹੁੰਦਾ ਹੈ ਤਾਂ ਆ ਕੇ ਉਹਨਾਂ ਨੂੰ ਗਰਿਫਤਾਰ ਕਰ ਲਏ।

Digitized by Panjab Digital Library | www.panjabdigilib.org

# ਮੁਕੱਦਮੇ ਤੇ ਸਜ਼ਾਵਾਂ

ਇਸ ਤਹਿਰੀਕ ਦੇ ਸੰਗਰਾਮ ਵਿਚ ਧਿਆਨ-ਯੋਗ ਤੇ ਅਦਭੁਤ ਗੱਲ ਇਹ ਸੀ ਕਿ ਚੋਟੀ ਦੇ ਲੀਡਰ ਆਪਣੇ ਆਪ ਨੂੰ ਗਰਿਫਤਾਰੀਆਂ ਲਈ ਪੇਸ਼ ਕਰ ਰਹੇ ਸਨ ਅਤੇ ਨਵੇਂ ਅਕਾਲੀ ਤੇ ਨੌਜੁਆਨ ਸਿੱਖ ਉਹਨਾਂ ਦੀ ਥਾਂ ਪੂਰ ਕਰੀ ਤੇ ਸੰਭਾਲੀ ਜਾਂਦੇ ਸਨ। ਉਸ ਵੇਲੇ ਦੀ ਪਛੜੀ ਹੋਈ ਹਾਲਤ ਤੇ ਕੁੰਭਕਰਨੀ ਨੀਂਦ ਤੋਂ ਸਿੱਖਾਂ ਨੂੰ ਕਢਣ ਦਾ ਏਹੋ ਹੀ ਤਰੀਕਾ ਦਰੁਸਤ ਸੀ ਅਤੇ ਇਹ ਬੜਾ ਕਾਮਯਾਬ ਰਿਹਾ। ਪਛੜੀ ਹਾਲਤ ਵਿਚ 'ਪਿੰਡਾ ਅਗਾਂਹ ਤੇ ਪੁੱਤਾ ਪਿਛਾਂਹ' ਦੇ ਅਖਾਣ ਉਤੇ ਅਮਲ ਕੀਤਾ ਜਾਂਦਾ ਤਾਂ ਬੜਾ ਨੁਕਸਾਨ ਹੁੰਦਾ। ਲੀਡਰਾਂ ਦੀਆਂ ਗਰਿਫਤਾਰੀਆਂ ਨੇ ਆਮ ਲੋਕਾਂ ਨੂੰ ਮੈਦਾਨ ਵਿਚ ਨਿਤਰਨ ਲਈ ਬੜਾ ਉਤਸ਼ਾਹ ਦਿਤਾ।

ਅਮਰਿਤਸਰ ਦੇ ਦੀਵਾਨਾਂ ਵਿਚੋਂ ਸ: ਅਮਰ ਸਿੰਘ ਝਬਾਲ, ਮਾਸਟਰ ਤਾਰਾ ਸਿੰਘ, ਸ: ਸਰਮੁਖ ਸਿੰਘ ਝਬਾਲ ਪਰਧਾਨ ਸ਼੍ਰੋਮਣੀ ਅਕਾਲੀ ਦਲ ਫੜ ਲਏ ਗਏ। ਪੁਲਸ ਕਈ ਤਰ੍ਹਾਂ ਦੀਆਂ ਭੜਕਾਹਟਾਂ ਪੈਦਾ ਕਰਦੀ ਰਹੀ, ਪਰ ਸਿੱਖ ਉਹਨਾਂ ਦੀਆਂ ਭੜਕਾਹਟਾਂ ਵਿਚ ਨਾ ਆਏ। ਪਰਬੰਧਕਾਂ ਨੇ ਸਗੋਂ ਏਲਾਨ ਕਰ ਦਿਤਾ ਕਿ ਜਿਹੜਾ ਆਦਮੀ ਵੀ ਚਾਹੀਦਾ ਹੋਵੇ, ਉਸ ਦਾ ਨਾਮ ਲਿਖ ਕੇ ਭੇਜ ਦਿਓ, ਉਹ ਖੁਦ ਕੋਤਵਾਲੀ ਜਾ ਕੇ ਗਰਿਫਤਾਰੀ ਦੇ ਦੇਵੇਗਾ। ਜਦੋਂ ਕਿਸੇ ਦੇ ਫੜਨ ਦੀ ਚਿਟ ਆਉਂਦੀ, ਲੋਕ ਉਸ ਨੂੰ ਨਾਲ ਲੈ ਕੇ ਕੋਤਵਾਲੀ ਛਡ ਆਉਂਦੇ। ਲੋਕ ਜਿਵੇਂ ਗਰਿਫਤਾਰ ਹੋ ਕੇ ਸਰਕਾਰ ਦੀਆਂ ਜੇਲਾਂ ਭਰਨ ਲਈ ਉਤਾਵਲੇ ਹੋਏ ਹੋਏ ਸਨ।

29 ਨਵੰਬਰ ਨੂੰ ਅਜਨਾਲੇ ਵਿਚ ਪਹਿਲੋਂ ਫੜੇ ਗਏ ਆਗੂਆਂ ਦਾ ਮਿਸਟਰ ਕਾਨਰ ਦੀ ਅਦਾਲਤ ਵਿਚ ਮੁਕੱਦਮਾ ਪੇਸ਼ ਹੋਇਆ। ਦੋਸ਼ੀਆਂ ਵਲੋਂ ਇਤਰਾਜ਼ ਕੀਤਾ ਗਿਆ ਕਿ ਐਕਟ ਦੇ ਅਧੀਨ ਧਾਰਮਕ ਮੀਟਿੰਗਾਂ ਉਤੇ ਕੋਈ ਪਾਬੰਦੀ ਨਹੀਂ ਲਾਈ ਗਈ, ਇਸ ਲਈ ਉਹਨਾਂ ਦੀਆਂ ਗਰਿਫਤਾਰੀਆਂ ਨਾਜਾਇਜ਼ ਤੇ ਖਿਲਾਫ ਕਾਨੂੰਨ ਹਨ। ਜੇ ਡੀ. ਸੀ. ਜਲਸਾ ਜਾਂ ਦਰਬਾਰ ਕਰ ਸਕਦਾ ਹੈ ਤਾਂ ਲੋਕ ਵੀ ਕਰ ਸਕਦੇ ਹਨ। ਪਰ ਮੈਜਿਸਟਰੇਟ ਨੇ ਇਸ ਦਲੀਲ ਨੂੰ ਕੋਈ ਵਜ਼ਨ ਨਾ ਦਿਤਾ। ਡੀ. ਸੀ. ਨੇ ਅਦਾਲਤ ਵਿਚ ਇਹ ਗੱਲ ਮੰਨੀ ਸੀ ਕਿ ਦੋਸ਼ੀਆਂ ਨੇ ਉਹਨੂੰ ਕਿਹਾ ਸੀ ਕਿ ਉਹ ਧਾਰਮਕ ਦੀਵਾਨ ਕਰ ਰਹੇ ਹਨ, ਰਾਜਸੀ ਜਲਸਾ ਨਹੀਂ। ਜੇ ਇਹ ਧਾਰਮਕ ਇਕੱਤਰਤਾ ਹੁੰਦੀ ਤਾਂ ਮੈਂ ਇਸ ਵਿਚ ਕੋਈ ਦਖਲ ਨਾ ਦੇਂਦਾ, ਪਰ ਗੁਰੂ ਗ੍ਰੰਥ ਸਾਹਿਬ ਦੀ ਆੜ ਲੈ ਕੇ ਇਹ ਕੰਮ ਕੀਤਾ ਗਿਆ ਹੈ। ਮੇਰਾ ਖਿਆਲ ਹੈ ਕਿ ਸ: ਹਰਨਾਮ ਸਿੰਘ ਜਲਸੇ ਦਾ ਪਰਬੰਧਕ ਨਹੀਂ ਸੀ, ਕਾਨੂੰਨ ਵਿਰੁਧ ਇੱਕਠ ਵਿਚ ਸ਼ਾਮਲ ਜ਼ਰੂਰ ਸੀ।' ਇਕ ਸਵਾਲ ਦੇ ਜਵਾਬ ਵਿਚ ਡੀ. ਸੀ. ਨੇ ਮੰਨਿਆ ਸੀ ਕਿ '25 ਨਵੰਬਰ ਦਾ ਨੋਟੀਫੀਕੇਸ਼ਨ ਜਿਸ ਅਨੁਸਾਰ ਧਾਰਮਕ ਜਲਸਿਆਂ ਉਤੇ ਕੋਈ ਪਾਬੰਦੀ ਨਹੀਂ ਸੀ ਲਾਈ ਗਈ, ਮੇਰੀ ਨਜ਼ਰੇ 28 ਨਵੰਬਰ ਨੂੰ ਪਿਆ। ਮੈਨੂੰ ਇਸ ਦੀ ਕੋਈ ਖਬਰ ਨਹੀਂ ਸੀ, ਪਰ ਜੇ ਖਬਰ ਹੁੰਦੀ ਤਦ ਵੀ ਮੈਂ ਗਰਿਫਤਾਰੀਆਂ ਕਰਦਾ।' ਪੰਡਤ ਦੀਨਾ ਨਾਥ ਨੇ ਪੁਛਿਆ : ਚਾਬੀਆਂ ਦਾ ਮਾਮਲਾ ਧਾਰਮਕ ਹੈ ਜਾਂ ਪੁਲੀਟੀਕਲ ? ਡੀ. ਸੀ. ਨੇ ਉਤਰ ਦਿਤਾ, ਗੁਰਦੁਆਰਾ ਕਮੇਟੀ ਦੇ ਕਈ ਮਿੰਬਰ ਅਜੇਹੇ ਹਨ ਜਿਨ੍ਹਾਂ ਦਾ ਗੌਰਮਿੰਟ ਨਾਲ ਝਗੜਾ ਹੈ। ਦੁਬਾਰਾ ਪੁਛਣ ਤੇ ਵੀ ਏਹੋ ਜਵਾਬ ਦਿਤਾ।[1]

---

[1] ਅਕਾਲੀ ਲਹਿਰ ਦਾ ਇਤਿਹਾਸ : ਗਿਆਨੀ ਪਰਤਾਪ ਸਿੰਘ—ਪੰਨਾ 137-38.

Digitized by Panjab Digital Library | www.panjabdigilib.org

ਮੁਲਜ਼ਮਾਂ ਨੇ ਨਾ-ਮਿਲਵਰਤਨ ਕੀਤੀ ਅਤੇ ਕੋਈ ਸਫਾਈ ਦੇ ਗੁਆਹ ਪੇਸ਼ ਨਾ ਕੀਤੇ। ਐਡੀਸ਼ਨਲ ਡਿਸਟਰਿਕਟ ਜਜ ਨੇ ਮੁਲਜ਼ਮਾਂ ਨੂੰ ਸਜ਼ਾ ਦੇਂਦੇ ਹੋਏ ਆਪਣੇ ਫੈਸਲੇ ਵਿਚ ਲਿਖਿਆ : "ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮਰਿਤਸਰ ਜ਼ਿਲੇ ਦੀ ਵਰਤਮਾਨ ਰਾਜਸੀ ਸਥਿਤੀ ਵਿਚ ਦਰਬਾਰ ਸਾਹਿਬ ਦੀਆਂ ਕੁੰਜੀਆਂ ਬਾਰੇ ਕੋਈ ਵੀ ਪਬਲਕ ਚਰਚਾ ਪਬਲਕ ਭੜਕਾਹਟ ਪੈਦਾ ਕਰਨ ਦਾ ਕਾਰਨ ਬਣੇਗੀ ਅਤੇ ਕੋਈ ਵੀ ਜਿਹੜਾ ਇਸ ਵਿਸ਼ੇ ਤੇ ਤਕਰੀਰ ਕਰਨ ਲਈ ਉਠੇਗਾ, ਰਾਜਸੀ ਇਰਾਦੇ ਤੋਂ ਸੁਤੰਤਰ ਨਹੀਂ ਹੋ ਸਕਦਾ ਅਤੇ ਏਹੋ ਜੇਹੀ ਪਬਲਕ ਮੀਟਿੰਗ ਨੂੰ ਖਾਲਿਸ ਧਾਰਮਕ ਮੀਟਿੰਗ ਦੇ ਤੌਰ ਤੇ ਪਰਤਖ ਤੌਰ ਤੇ ਪੇਸ਼ ਨਹੀਂ ਸੀ ਕੀਤਾ ਜਾ ਸਕਦਾ।"[1]

ਮਾਮਲਾ ਬੜਾ ਸਾਫ ਹੈ। ਡੀ. ਸੀ. ਦੀ ਗਲਤੀ ਬੜੀ ਬੁਰੀ ਤਰ੍ਹਾਂ ਨੰਗੀ ਹੋ ਗਈ ਸੀ। ਉਸਨੇ ਨਵਾਂ ਲਾਗੂ ਹੋਇਆ ਜਲਸਿਆਂ ਉਤੇ ਪਾਬੰਦੀ ਦਾ ਕਾਨੂੰਨ ਪੜ੍ਹਿਆ ਹੀ ਨਹੀਂ ਸੀ। ਇਹ, ਘਟਾਅ ਕੇ ਗੱਲ ਆਖਿਆਂ ਵੀ, ਉਸ ਦੇ ਫਰਜ਼ ਦੀ ਕੋਤਾਹੀ ਸੀ। ਜੱਜ ਦਾ ਫੈਸਲਾ ਮੁਹਾਣਕ ਸੀ ਅਤੇ ਡੀ. ਸੀ. ਦੀ ਗਲਤੀ ਤੇ ਪੜਦਾ ਪੌਣ ਦਾ ਯਤਨ ਸੀ। ਕਾਨੂੰਨ ਦੀ ਨਜ਼ਰ ਵਿਚ ਗਲਤ ਹੋਵੇ ਜਾਂ ਦਰੁਸਤ, ਡੀ. ਸੀ. ਨੇ ਹਰ ਸੂਰਤ ਵਿਚ ਨਾ-ਮਿਲਵਰਤਨੀਆਂ ਨੂੰ ਫੜਨਾ ਸੀ ਕਿਉਂਕਿ ਉਹਨੂੰ ਯਕੀਨ ਸੀ ਕਿ ਦਿੱਲੀ ਦੇ ਸਕੱਤਰੇਤ ਨੇ (ਉਹਦੀ) ਪਿੱਠ ਉਤੇ ਹੋ ਖਲੋਣਾ ਹੈ। ਸਕੱਤਰੇਤ ਹੀ ਤਾਂ ਮਜ਼ਬੂਤ ਕਦਮ ਚੁੱਕਣ ਲਈ ਜ਼ੋਰ ਦੇਂਦਾ ਰਿਹਾ ਸੀ। ਇਸ ਲਈ ਉਸ ਦੀ ਇਸ ਗੰਭੀਰ ਗਲਤੀ ਦੀ ਉਤਲੇ ਕੋਈ ਪਰਵਾਹ ਨਹੀਂ ਕਰਨ ਲਗੇ।

ਪਹਿਲੋਂ ਇਕ ਜਥੇ ਦੇ ਆਗੂਆਂ ਨੂੰ ਸਜਾਵਾਂ ਹੋਈਆਂ।[2] ਫੇਰ ਉਸੇ ਜਜ ਪਾਸ ਦੂਜੇ ਜਥੇ ਦਾ ਕੇਸ ਪੇਸ਼ ਹੋਇਆ। ਉਹਨਾਂ ਦੇ ਖਿਲਾਫ ਸਰਕਾਰੀ ਗੁਆਹਾਂ ਦੇ ਭੁਗਤਣ ਤੇ ਉਹਨਾਂ ਦੇ ਧੜਲੇਦਾਰ ਬਿਆਨਾਂ ਪਿਛੋਂ ਉਹਨਾਂ ਨੂੰ ਸਜ਼ਾਵਾਂ ਮਿਲੀਆਂ—ਓਨੀਆਂ ਸਜ਼ਾਵਾ ਜਿੰਨੀਆਂ ਕਿ ਕਾਨੂੰਨ ਵਧ ਤੋਂ ਵਧ ਦੇ ਸਕਦਾ ਸੀ।[3]

ਉਸ ਵੇਲੇ ਦੇ ਧਾਰਮਕ ਤੇ ਰਾਜਸੀ ਵਾਅ-ਮੰਡਲ ਤੇ ਜੋਸ਼ ਦੇ ਸਮਝਣ ਲਈ ਜ਼ਰੂਰੀ ਹੈ ਕਿ ਇਹਨਾਂ ਅਕਾਲੀ ਆਗੂਆਂ ਦੇ ਬਿਆਨਾਂ ਦੀਆਂ ਕੁਛ ਟੁਕੜੀਆਂ ਦਾ ਅਧਿਐਨ ਕੀਤਾ ਜਾਏ। ਇਹ ਵਾਅ ਮੰਡਲ ਹਿੰਦੁਸਤਾਨ ਦੇ ਰਾਜਸੀ ਵਾਅ-ਮੰਡਲ ਦਾ ਹਿੱਸਾ ਸੀ ਅਤੇ ਇਸ ਦੇ ਪੈਦਾ ਕਰਨ ਵਾਲਾ, ਵਧੇਰੇ ਕਰਕੇ, ਮਹਾਤਮਾ ਗਾਂਧੀ ਤੇ ਉਸ ਦੀ ਕੌਮੀ ਆਜ਼ਾਦੀ ਦੀ ਤਹਿਰੀਕ ਸੀ। ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਲਈ ਸ਼ਾਂਤਮਈ ਸਤਿਆਗਰਹਿ ਜਾਂ ਨਾ-ਮਿਲਵਰਤਨ ਦਾ ਹਥਿਆਰ ਵੀ ਮਹਾਤਮਾ ਗਾਂਧੀ ਦੀ ਹੀ ਦੇਣ ਸੀ।

"ਮਿਸਟਰ ਡੰਨਿਟ ਨੇ ਮੇਰੇ ਉਤੇ ਦੂਸ਼ਨ ਲਾਇਆ ਹੈ ਕਿ ਮੈਂ ਬਾਗੀਆਨਾ ਤਕਰੀਰਾਂ

---

[1] Prof. Teja Singh. Gurdwara Reform Movement Page 356.

[2] ਪੰਡਤ ਦੀਨਾ ਨਾਥ, ਸ: ਦਾਨ ਸਿੰਘ, ਸ: ਜਸਵੰਤ ਸਿੰਘ, ਸ: ਤੇਜਾ ਸਿੰਘ ਨੂੰ ਪੰਜ ਪੰਜ ਮਹੀਨੇ ਕੈਦ ਸਖਤ ਅਤੇ ਇੱਕ ਇੱਕ ਹਜ਼ਾਰ ਰੁਪਇਆ ਜੁਰਮਾਨਾ (ਜਾਂ ਛੇ ਹਫਤੇ ਹੋਰ ਕੈਦ ਸਖਤ) ਜ਼ੈਲਦਾਰ ਹਰਨਾਮ ਸਿੰਘ ਨੂੰ ਚਾਰ ਮਹੀਨੇ ਕੈਦ ਸਖਤ ਤੇ ਇਕ ਹਜ਼ਾਰ ਜੁਰਮਾਨਾ (ਜਾਂ ਛੇ ਹਫਤੇ ਹੋਰ ਕੈਦ)।

[3] ਸ: ਖੜਕ ਸਿੰਘ ਪਰਧਾਨ, ਸ: ਮਹਿਤਾਬ ਸਿੰਘ ਸੈਕਟਰੀ, ਭਾਗ ਸਿੰਘ ਵਕੀਲ ਗੁਰਚਰਨ ਸਿੰਘ ਵਕੀਲ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੂੰ ਛੇ ਛੇ ਮਹੀਨੇ ਕੈਦ ਤੇ ਹਜ਼ਾਰ ਹਜ਼ਾਰ ਰੁਪਏ ਜੁਰਮਾਨਾ (ਜਾਂ ਛੇ ਹਫਤੇ ਹੋਰ ਕੈਦ)।

Digitized by Panjab Digital Library | www.panjabdigilib.org

ਕਰਦਾ ਹਾਂ । ਜੇ ਦੇਸ਼ ਦੀ ਸੇਵਾ ਕਰਨਾ ਬਗਾਵਤ ਹੈ ਤਾਂ ਮੈਂ ਵਾਕਈ ਬਾਗੀ ਹਾਂ...ਧਾਰਮਕ ਕੰਮਾਂ ਵਿਚ ਦਖਲ ਦੇ ਕੇ ਹਕੂਮਤ ਗਲਤੀ ਕਰ ਰਹੀ ਹੈ । ਇਸ ਦਾ ਫਲ ਇਸ ਨੂੰ ਭੁਗਤਣਾ ਪਏਗਾ ।" (ਪੰਡਤ ਦੀਨਾ ਨਾਥ) ।

"ਮਿਸਟਰ ਡੰਨਿਟ ਨੇ ਮੇਰੇ ਤੇ ਸ: ਜਸਵੰਤ ਸਿੰਘ ਤੇ ਖਾਸ ਮਿਹਰਬਾਨੀ ਕੀਤੀ ਹੈ । ਉਸ ਨੇ...ਸਾਬਤ ਕੀਤਾ ਹੈ ਕਿ ਅਸੀਂ ਦੋਵੇਂ ਪੁਲਿਟੀਕਲ ਆਦਮੀ ਹਾਂ ਤੇ ਗੁਰਦੁਆਰਾ ਲਹਿਰ ਵਿਚ ਆਪਣਾ ਕੰਮ ਚਲਾਣ ਲਈ ਸ਼ਾਮਲ ਹੋਏ ਹਾਂ । ਇਹ ਠੀਕ ਹੈ ਕਿ ਸ: ਜਸਵੰਤ ਸਿੰਘ ਜ਼ਿਲਾ ਕਾਂਗਰਸ ਕਮੇਟੀ ਦੇ ਸਕੱਤਰ ਹਨ, ਪਰ ਉਹ ਡੰਨਿਟ ਨੂੰ ਸਿਧੇ ਰਾਹ ਪਾਣ ਦੇ ਚਾਹਵਾਨ ਹਨ । ਮਿਸਟਰ ਡੰਨਿਟ ਉਸ ਦਿਨ ਸਖਤ ਖਿੱਚ ਹੋਇਆ ਜਿਸ ਦਿਨ ਉਸ ਨੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਸਾਨੂੰ ਇਕ ਤੋਂ ਵਧੀਕ ਚੀਫ ਖਾਲਸਾ ਦੀਵਾਨ ਦੇ ਮਿੰਬਰਾਂ ਨੂੰ ਕਮੇਟੀ ਦੀ ਐਗਜ਼ੈਕਟਿਵ ਵਿਚ ਸ਼ਾਮਲ ਕਰਨ ਲਈ ਕਿਹਾ ਅਤੇ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਵਿਚ ਉਹਨਾਂ ਨੂੰ ਸ਼ਾਮਲ ਕਰਨ ਲਈ ਕਿਹਾ । ਅਸਾਂ ਸਪਸ਼ਟ ਲਫਜ਼ਾਂ ਵਿਚ ਦਸ ਦਿਤਾ ਕਿ ਅਸੀਂ ਇਹਨਾਂ ਮਾਮ- ਲਿਆਂ ਵਿਚ ਸਰਕਾਰ ਦਾ ਕੋਈ ਹੁਕਮ ਨਹੀਂ ਮੰਨਾਂਗੇ । ...ਮੈਜਿਸਟਰੇਟ ਸਾਹਿਬ, ਸਾਡੀਆਂ ਸਜ਼ਾਵਾਂ ਦਾ ਜੋ ਹੁਕਮ ਆਪ ਅਜ ਤੋਂ ਪਹਿਲਾਂ ਕਲਬ ਘਰ ਵਿਚ ਤਜਵੀਜ਼ ਕਰ ਚੁਕੇ ਹੋ, ਸਾਨੂੰ ਸੁਣਾ ਦਿਓ ।" (ਦਾਨ ਸਿੰਘ)

"ਮੈਂ ਜ਼ਿਲਾ ਕਾਂਗਰਸ ਕਮੇਟੀ ਦਾ ਸਕਤਰ ਹਾਂ ਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਅੰਤਰਿੰਗ ਕਮੇਟੀ ਦਾ ਮਿੰਬਰ ਵੀ ਹਾਂ ਅਤੇ ਸੂਬਾ ਕਾਂਗਰਸ ਕਮੇਟੀ ਦਾ ਵੀ ਮਿੰਬਰ ਹਾਂ । ਮੈਂ ਇਕੋ ਵਕਤ ਗੁਰਦੁਆਰਾ ਕਮੇਟੀ ਤੇ ਕਾਂਗਰਸ ਦਾ ਕੰਮ ਕਰ ਰਿਹਾ ਹਾਂ । ਇਸ ਲਈ ਮਿਸਟਰ ਡੰਨਿਟ ਨੂੰ ਇਹ ਕਹਿਣ ਦਾ ਮੌਕਿਆ ਮਿਲਿਆ ਹੈ ਕਿ ਅਜਨਾਲੇ ਵਾਲਾ ਜਲਸਾ ਕਾਂਗਰਸ ਦਾ ਸੀ । ਅਜਨਾਲੇ ਵਾਲਾ ਦੀਵਾਨ ਜ਼ਿਲਾ ਗੁਰਦੁਆਰਾ ਕਮੇਟੀ ਵਲੋਂ ਸੀ—ਇਹ ਮਿਸਟਰ ਡੰਨਿਟ ਮੰਨ ਚੁਕੇ ਹਨ ।...ਜਿਸ ਹਕੂਮਤ ਨੇ ਚੌਕੀਦਾਰ ਬਨਾਣ ਤਕ ਦਾ ਅਧਿਕਾਰ ਆਪਣੇ ਹੱਥ ਵਿਚ ਰਖਿਆ ਹੈ, ਉਸ ਪਾਸੋਂ ਕਿਸੇ ਤਰ੍ਹਾਂ ਦੇ ਇਨਸਾਫ ਦੀ ਆਸ ਰਖਣਾ ਗਲਤੀ ਹੈ ।" (ਜਸਵੰਤ ਸਿੰਘ)

ਸ: ਮਹਿਤਾਬ ਸਿੰਘ ਨੇ ਜਜ ਨੂੰ ਸੰਬੋਧਨ ਕਰਕੇ ਕਿਹਾ : "ਜ਼ਿਲਾ ਗੁਰਦੁਆਰਾ ਕਮੇਟੀ ਨੇ ਜਿਹੜੇ ਜਲਸੇ ਕੀਤੇ ਹਨ ਮੈਂ ਉਹਨਾਂ ਦਾ ਪੂਰੀ ਤਰ੍ਹਾਂ ਜ਼ਿੰਮੇਵਾਰ ਹਾਂ ।......ਮੈਂ ਹੁਕਮ ਭੇਜੇ ਸਨ ਕਿ ਜਿਥੇ ਮਿਸਟਰ ਡੰਨਿਟ ਜਾਂ ਹਕੂਮਤ ਦਾ ਕੋਈ ਆਦਮੀ ਦਰਬਾਰ ਲਾਵੇ, ਓਥੇ ਓਥੇ ਦੀਵਾਨ ਕਰਕੇ ਹਕੂਮਤ ਜਾਂ ਡੰਨਿਟ ਦੀਆਂ ਫੈਲਾਈਆਂ ਗਲਤ-ਫਹਿਮੀਆਂ ਦੂਰ ਕੀਤੀਆਂ ਜਾਣ......... ਦਰਬਾਰ ਸਾਹਿਬ ਦੀਆਂ ਕੁੰਜੀਆਂ ਖੋਹੇ ਜਾਣ ਨਾਲ ਸਾਰੇ ਸਿੱਖ ਪੰਥ ਦੀ ਨਿਰਾਦਰੀ ਹੋਈ ਹੈ ਅਤੇ ਸਿੱਖਾਂ ਦੇ ਜਜ਼ਬੇ ਭੜਕ ਉਠੇ ਹਨ । ਮੈਂ ਹਕੂਮਤ ਦੀ ਇਸ ਨੀਤੀ ਨੂੰ ਅਤਿਅੰਤ ਮੂਰਖਾਂ ਵਾਲੀ ਸਮਝਦਾ ਹਾਂ...ਮੈਨੂੰ ਨਿਸਚਾ ਹੈ ਕਿ ਡੰਨਿਟ ਦਾ ਸਿਰ ਫਿਰ ਗਿਆ ਹੈ......ਜਦ ਤੀਕ ਸਿੱਖਾਂ ਵਿਚ ਜਾਨ ਹੈ ਅਸੀਂ ਹਕੂਮਤ ਨੂੰ ਆਪਣੇ ਧਾਰਮਕ ਕੰਮਾਂ ਵਿਚ ਦਖਲ ਦੇਣ ਦੀ ਆਗਿਆ ਨਹੀਂ ਦੇਵਾਂਗੇ ।"

ਸਭ ਤੋਂ ਛੋਟਾ ਪਰ ਅੱਗ-ਲਾਊ ਬਿਆਨ ਸ: ਖੜਕ ਸਿੰਘ ਜੀ ਦਾ ਸੀ : "ਇਸ ਮੁਕੱਦਮੇ ਵਿਚ ਗੌਰਮਿੰਟ ਇਕ ਧੜਾ ਹੈ । ਉਸ ਦਾ ਨੌਕਰ ਇਕ ਜੱਜ ਹੈ । ਇਸ ਲਈ ਮੈਂ ਕਿਸੇ ਕਿਸਮ ਦਾ ਬਿਆਨ ਦੇਣ ਤੋਂ ਇਨਕਾਰ ਕਰਦਾ ਹਾਂ । ਮੇਰੀ ਪੁਜੀਸ਼ਨ ਸਿੱਖ ਪੰਥ ਦਾ ਪਰਧਾਨ ਹੋਣ ਦੀ ਹੈਸੀਅਤ ਵਿਚ ਅਮਰੀਕਾ, ਫਰਾਂਸ ਤੇ ਜਰਮਨੀ ਦੇ ਪ੍ਰੈਜ਼ੀਡੰਟ ਵਰਗੀ ਹੈ ।"

"ਸਰਕਾਰ ਦੇ ਪਰਤੀਨਿਧ ਧਾਰਮਕ ਤੇ ਪੁਲਿਟੀਕਲ ਇੱਕਠ ਵਿਚ ਫਰਕ ਸਮਝਣ ਦੀ

Digitized by Panjab Digital Library | www.panjabdigilib.org

ਅਕਲ ਨਹੀਂ ਰਖਦੇ" (ਹਰੀ ਸਿੰਘ ਜਲੰਧਰੀ) "ਕੋਈ ਹਕੂਮਤ ਨਹੀਂ, ਕੋਈ ਅਦਾਲਤ ਨਹੀਂ, ਕੋਈ ਬਿਆਨ ਨਹੀਂ" (ਮਾਸਟਰ ਸੁੰਦਰ ਸਿੰਘ)। "ਮੈਂ ਇਸ ਅਦਾਲਤ ਨੂੰ ਅਦਾਲਤ ਨਹੀਂ ਸਮਝਦਾ ਨਾ ਸਰਕਾਰ ਅੰਗਰੇਜ਼ੀ ਪਾਸੋਂ ਇਨਸਾਫ ਦੀ ਆਸ ਰਖਦਾ ਹਾਂ—ਬਿਆਨ ਦੇਣਾ ਫਜ਼ੂਲ ਹੈ" (ਭਾਗ ਸਿੰਘ ਵਕੀਲ)। "ਇਸ ਗੌਰਮਿੰਟ ਨੇ ਆਪਣੇ ਬਣਾਏ ਹੋਏ ਕਾਨੂੰਨ ਨੂੰ ਤੋੜ ਦਿਤਾ ਹੈ, ਮੈਂ ਅਜੇਹੀ ਸਰਕਾਰ ਦੇ ਮੁਲਾਜ਼ਮਾਂ ਨੂੰ ਕਦੀ ਆਪਣਾ ਜੱਜ ਬਣਾਣਾ ਨਹੀਂ ਚਾਹੁੰਦਾ।" (ਗੁਰਚਰਨ ਸਿੰਘ ਵਕੀਲ)

ਇਹ ਸੀ ਬਗਾਵਤੀ ਸਪਿਰਿਟ ਜਿਹੜੀ ਉਹਨਾਂ ਵਕਤਾਂ ਵਿਚ ਕੰਮ ਕਰ ਰਹੀ ਸੀ। ਸਰਕਾਰੀ ਅਫਸਰਾਂ ਤੇ ਜੱਜਾਂ ਦਾ ਡਰ ਖੌਫ਼ ਲੋਕਾਂ ਵਿਚੋਂ ਉਡ ਗਿਆ ਸੀ। ਸ਼੍ਰੋਮਣੀ ਕਮੇਟੀ ਵਿਚ ਗਲਬਾ ਗਰਮ-ਖਿਆਲ ਨਾ-ਮਿਲਵਰਤਨੀਆਂ ਦਾ ਸੀ। ਸਰਕਾਰੀ ਅਫਸਰਾਂ ਦੀ ਬੜੀ ਖਾਹਸ਼ ਸੀ ਕਿ ਕਮੇਟੀ ਵਿਚ ਚੀਫ ਖਾਲਸਾ ਦੀਵਾਨ ਦੇ ਹਮ-ਖਿਆਲਾਂ ਦੀ ਬਹੁ-ਗਿਣਤੀ ਹੋ ਜਾਏ, ਜੇ ਬਹੁ-ਗਿਣਤੀ ਨਹੀਂ ਤਾਂ, ਘਟੋਘਟ, ਏਨੀ ਪ੍ਰਭਾਵ-ਸ਼ਾਲੀ ਆਵਾਜ਼ ਹੀ ਹੋ ਜਾਵੇ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਕੋਈ ਵੀ ਸਰਕਾਰ-ਵਿਰੋਧੀ ਕਦਮ ਉਠਾਣੋਂ ਰੋਕ-ਥੰਮ ਸਕਣ। ਸਰਕਾਰ ਨੂੰ, ਅਸੀਂ ਅਗੇ ਵੇਖਾਂਗੇ, ਚੀਫ ਖਾਲਸਾ ਦੀਵਾਨ ਦੇ ਮਿਲਵਰਤਨੀ ਰੋਲ ਦੀਆਂ ਸੰਭਾਵਨਾਵਾਂ ਘਟਦੇ ਜਾਣ ਦੇ ਕਾਰਨ ਬੜੀ ਨਿਰਾ-ਸਤਾ ਹੋਈ। ਪਰ ਅਖੀਰੀ ਦਮ ਤਕ ਨਾ ਸਰਕਾਰ ਨੇ ਦੋਂਹ ਤਿੰਨਾਂ ਚੀਫ ਖਾਲਸਾ ਦੀਵਾਨ ਦੇ ਮਿੰਬਰਾਂ ਦਾ ਪੱਲਾ ਛੱਡਿਆ ਅਤੇ ਨਾ ਹੀ ਇਹਨਾਂ ਨੇ ਸਰਕਾਰ ਦਾ ਪੱਲਾ ਛੱਡਿਆ। ਹਰ ਮੁਸ਼ਕਲ ਵੇਲੇ ਸਰਕਾਰੀ ਅਫਸਰਾਂ ਨੂੰ, ਆਵਾਜ਼ ਦੇਣ ਤੇ, ਭਾਈ ਜੋਧ ਸਿੰਘ ਬਹੁੜਦੇ ਸਨ।

Digitized by Panjab Digital Library | www.panjabdigilib.org

# ਵਿਚੋਲਾ[1] ਲੱਭਣ ਦੇ ਯਤਨ

ਇਸ ਵੇਲੇ ਗੌਰਮਿੰਟ ਦੀ ਜਾਨ ਬੜੀ ਕੁੜਿੱਕੀ ਵਿਚ ਫਸੀ ਹੋਈ ਸੀ। ਉਹ ਇਸ ਵਿਚੋਂ ਨਿਕਲਣ ਲਈ ਬੜੇ ਹੱਥ ਪੈਰ ਮਾਰ ਰਹੀ ਸੀ। ਉਹ ਪਟਿਆਲੇ ਦੇ ਦਇਆ ਕਿਸ਼ਨ ਕੌਲ ਰਾਹੀਂ ਤੇਜਾ ਸਿੰਘ ਭੁੱਚਰ ਨੂੰ ਹੱਥ ਵਿਚ ਲੈ ਕੇ 12 ਤੇ 13 ਦਸੰਬਰ ਨੂੰ ਇਕ ਬੜੀ ਵਡੀ ਅਕਾਲੀ ਕਾਨਫਰੰਸ ਕਰਾਣ ਦਾ ਬੰਦੋਬਸਤ ਕਰ ਰਹੀ ਸੀ, ਜਿਸ ਵਿਚ ਪਾਸ ਕੀਤਾ ਜਾਣਾ ਸੀ ਕਿ ਗੁਰਦੁਆਰਾ ਤਹਿਰੀਕ ਨੂੰ ਰਾਜਨੀਤੀ ਤੋਂ ਵਖ ਰਖਿਆ ਜਾਵੇ ਅਤੇ ਇਹ ਲਹਿਰ ਨਾ-ਮਿਲਵਰਤਨੀਆਂ ਤੇ ਗਰਮ-ਖਿਆਲੀਆਂ ਤੋਂ ਪਾਕ ਕੀਤੀ ਜਾਵੇ। ਸਰਕਾਰੀ ਰਿਪੋਰਟ ਤੋਂ ਮਲੂਮ ਹੁੰਦਾ ਹੈ ਕਿ ਤੇਜਾ ਸਿੰਘ ਭੁੱਚਰ ਨੇ ਦਇਆ ਕਿਸ਼ਨ ਕੌਲ ਨੂੰ ਭਰੋਸਾ ਦਿਵਾਇਆ ਸੀ ਕਿ ਉਹ ਇਜੇਹੀ ਕਾਨਫਰੰਸ ਕਰ ਸਕੇਗਾ ਅਤੇ ਉੱਤੇ ਦਿਤੇ ਭਾਵ ਦਾ ਮਤਾ ਪਾਸ ਕਰਵਾ ਸਕੇਗਾ। ਅਤੇ ਤਾਰ ਭਿਜਵਾਏਗਾ ਕਿ ਮਹਾਰਾਜਾ ਪਟਿਆਲਾ ਸਾਲਸ ਬਣਕੇ ਗੌਰਮਿੰਟ ਦਾ ਸਿੱਖਾਂ ਨਾਲ ਸਮਝੌਤਾ ਕਰਾਣ ਅਤੇ ਦਰਬਾਰ ਸਾਹਿਬ ਦਾ ਉਚਿਤ ਪਰਬੰਧ ਹਾਸਲ ਕਰਨ ਦੀ ਜ਼ੁਮੇਵਾਰੀ ਲੈਣ।

ਪੰਜਾਬ ਗੌਰਮਿੰਟ ਨੂੰ ਦਇਆ ਕਿਸ਼ਨ ਕੌਲ ਕੋਲ ਕਿਉਂ ਜਾਣਾ ਪਿਆ? ਇਸ ਲਈ ਕਿ "ਸ: ਸੁੰਦਰ ਸਿੰਘ ਮਜੀਠੀਆ ਤੇ ਹੋਰਨਾਂ ਨੇ ਅਕਾਲੀਆਂ ਨੂੰ ਵੱਸ ਵਿਚ ਰੱਖਣ ਦੀ ਆਪਣੀ ਅਯੋਗਤਾ ਨੂੰ ਕਬੂਲ ਕਰ ਲਿਆ ਸੀ।" ਉਹ ਸਮਝਦੀ ਸੀ ਕਿ ਦਇਆ ਕਿਸ਼ਨ ਆਪਣੀਆਂ ਕੂਟਲਨੀਤੀਆਂ ਨਾਲ ਕੁਛ ਅਕਾਲੀ ਆਗੂਆਂ ਨੂੰ ਆਪਣੇ ਨਾਲ ਗੰਢ ਲਏਗਾ ਅਤੇ ਕੁੰਜੀਆਂ ਮਹਾਰਾਜਾ ਪਟਿਆਲੇ ਦੇ ਹਵਾਲੇ ਕਰਾਣ ਲਈ ਰਾਹ ਪੱਧਰਾ ਕਰ ਦੇਵੇਗਾ ਅਤੇ ਗੌਰਮਿੰਟ ਇਸ ਖਲਜਗਨ ਵਿਚੋਂ ਨਿਕਲ ਜਾਏਗੀ।

ਪਰ ਇਹ ਗੋਂਦ ਇਸ ਤੋਂ ਵੀ ਡੂੰਘੀ ਤੇ ਖਤਰਨਾਕ ਸੀ ਕਿਉਂਕਿ ਇਸ ਦੀ ਤਹਿ ਥਲੇ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਵਿਚ ਇਕ ਇਜੇਹੀ ਨਵੀਂ "ਸੈਂਟਰਲ ਕਮੇਟੀ ਬਣਾਏ ਜਾਣ ਦੀ ਸਾਜ਼ਸ਼ ਸੀ ਜਿਹੜੀ ਕਿ ਸਿੱਖ ਜਾਤੀ ਦੀਆਂ ਸਾਰੀਆਂ ਸੰਪਰਦਾਵਾਂ ਦੀ ਨੁਮਾਇੰਦਾ ਹੋਵੇ!" ਦਰਬਾਰ ਸਾਹਿਬ ਦੀਆਂ ਚਾਬੀਆਂ "ਆਰਜ਼ੀ ਤੌਰ ਤੇ" ਇਸ ਦੇ ਹਵਾਲੇ ਕੀਤੀਆਂ ਜਾਣ। ਇਹ ਸੈਂਟਰਲ ਕਮੇਟੀ ਹੋਰ ਲੋਕਲ ਕਮੇਟੀਆਂ ਨਾਲ ਸਲਾਹ ਮਸ਼ਵਰਾ ਕਰੇਗੀ ਅਤੇ ਗੁਰਦੁਆਰਿਆਂ ਦਾ ਪਰਬੰਧ ਦਰੁਸਤ ਲੀਹਾਂ ਤੇ ਰਖਣ ਲਈ ਮਹਾਰਾਜਾ ਪਟਿਆਲਾ ਦੀ ਸਲਾਹ ਤੇ ਚਲੇਗੀ ਅਤੇ ਸਿਰੀ ਹਜ਼ੂਰ ਗੌਰਮਿੰਟ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਾਂਦੇ ਰਹਿਣਗੇ ਅਤੇ ਕਾਨੂੰਨ ਜ਼ਰੂਰੀ ਹੋਣ ਤੇ ਗੌਰਮਿੰਟ ਨਾਲ ਇਸ ਦਾ ਬੰਦੋਬਸਤ ਕਰਨਗੇ।[1]

ਪਰ ਤੇਜਾ ਸਿੰਘ ਭੁੱਚਰ ਆਪਣਾ ਬਚਨ ਨਾ ਪੂਰਾ ਕਰ ਸਕਿਆ ਅਤੇ ਇਹ ਸਾਜ਼ਸ਼ ਅੱਧਵਾਟੇ ਹੀ ਦਮ ਤੋੜ ਗਈ। ਦਇਆ ਕਿਸ਼ਨ ਕੌਲ ਨੇ ਉਹਨੂੰ "ਕੁਲ ਅਕਾਲੀ ਜਥਿਆਂ ਦਾ ਚੀਫ ਆਗੂ" ਕਰਕੇ ਪੇਸ਼ ਕੀਤਾ ਸੀ। ਮਿਨਚਨ ਦੀਆਂ ਰਿਪੋਰਟਾਂ ਦੇ ਅਧਾਰ ਤੇ ਪੰਜਾਬ ਗੌਰਮਿੰਟ ਦਾ ਕੌਲ ਉਤੇ ਬੜਾ ਭਰੋਸਾ ਸੀ। ਪਰ ਕੇਂਦਰੀ ਸਰਕਾਰ ਉਸ ਦੇ ਦਾਅਵਿਆਂ ਉਤੇ ਕੋਈ ਬਾਹਲਾ ਯਕੀਨ ਨਹੀਂ ਸੀ ਰਖਦੀ। ਅਤੇ ਉਸ ਨੂੰ ਇਕ ਬੜਾ "ਚਲਾਕ" ਮੰਤਰੀ ਸਮਝਦੀ ਸੀ ਜਿਹੜਾ

---

[1] From A. B. Minchin, agent to G. G. (Phulkian States). To Thompson, political & Foreign Secretary—12.12.21

Digitized by Panjab Digital Library | www.panjabdigilib.org

ਆਪਣੀ ਡਾਵਾਂਡੋਲ ਪੁਜ਼ੀਸ਼ਨ ਨੂੰ ਮਜ਼ਬੂਤ ਕਰਨ ਦੇ ਯਤਨ ਕਰ ਰਿਹਾ ਸੀ।

ਇਹ ਸਾਜ਼ਸ਼ ਸਫਲ ਹੋ ਜਾਂਦੀ ਤਾਂ ਇਸ ਨੇ ਤਿੰਨ ਨਿਸ਼ਾਨੇ ਪੂਰੇ ਕਰਨੇ ਸਨ :

(1) ਸ਼੍ਰੋਮਣੀ ਕਮੇਟੀ ਦੀ ਥਾਂ ਨਵੀਂ ਸੈਂਟਰਲ ਕਮੇਟੀ ਕਾਇਮ ਕਰਕੇ ਮਹਾਰਾਜਾ ਪਟਿਆਲਾ ਦੇ ਰਾਹੀਂ ਗੁਰਦੁਆਰਾ ਪਰਬੰਧ ਨੂੰ ਕੰਟਰੋਲ ਕਰਨਾ ਅਤੇ ਆਪਣੀ ਮਰਜ਼ੀ ਦਾ ਸਿੱਖਾਂ ਉਤੇ ਗੁਰਦੁਆਰਾ ਕਾਨੂੰਨ ਠੋਸਣਾ;

(2) ਚੀਫ ਖਾਲਸਾ ਦੀਵਾਨ ਦੀ ਸਿੱਖਾਂ ਉਤੇ ਲੀਡਰਸ਼ਿਪ ਖਤਮ ਹੋਣ ਪਿਛੋਂ ਮਹਾਰਾਜਾ ਪਟਿਆਲਾ ਨੂੰ ਸਿੱਖ ਜਾਤੀ ਦਾ ਲੀਡਰ ਬਣਾਣ ਦੇ ਯਤਨ ਕਰਨਾ ਅਤੇ ਉਹਦੇ ਰਾਹੀਂ ਅਕਾਲੀ ਤਹਿਰੀਕ ਨੂੰ ਨਾਕਾਰਾ ਤੇ ਅਸਫਲ ਕਰਨਾ; ਅਤੇ

(3) ਮਹਾਰਾਜਾ ਨਾਭਾ ਦੀਆਂ "ਸਾਜ਼ਸ਼ੀ ਸਰਗਰਮੀਆਂ" ਨੂੰ ਸਫਲ ਹੋਣੋਂ ਰੋਕਣਾ; ਉਸ ਦੇ ਏਜੰਟਾਂ ਨੂੰ ਬਦਨਾਮ ਕਰਨਾ; ਉਸ ਦੇ ਅਕਾਲੀ ਤਹਿਰੀਕ ਤੇ ਅਸਰ ਨੂੰ ਤੋੜਨਾ ਅਤੇ ਗੁਰਦੁਆਰਾ ਪਰਬੰਧਕ ਕਮੇਟੀ ਜਿਸ ਵਿਚ ਉਹਨੂੰ ਬੜੀ ਨੁਮਾਇੰਦਗੀ ਹਾਸਲ ਹੈ—ਦੀ ਜ਼ਿੰਦਗੀ ਖਤਮ ਕਰਨਾ।[1]

ਗੌਰਮਿੰਟ ਨੂੰ ਸ਼ੱਕ ਸੀ ਕਿ ਮਹਾਰਾਜਾ ਨਾਭਾ ਦੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲ ਗੁਪਤ ਸੰਬੰਧ ਸਨ ਅਤੇ ਉਹ ਕਈ ਪੰਜਾਬੀ ਅਖਬਾਰਾਂ ਨੂੰ ਰੁਪਏ ਪੈਸੇ ਦੀ ਮਦਦ ਕਰ ਰਿਹਾ ਸੀ ਅਤੇ ਉਹ ਪੰਥ ਦਾ ਆਗੂ ਬਣਨਾ ਚਾਹੁੰਦਾ ਸੀ। ਜਦੋਂ ਕਿ ਪਟਿਆਲਾ ਦਰਬਾਰ ਨਾਭੇ ਦੀਆਂ ਗੋਂਦਾਂ ਨੂੰ ਆਮ ਤੌਰ ਤੇ ਕੱਟ ਰਿਹਾ ਸੀ। ਅਤੇ ਉਸ ਨੇ ਕੁਛ "ਗੁਰਮੁਖੀ ਅਖਬਾਰਾਂ" ਨੂੰ ਜਿਹੜੇ ਨਾਭੇ ਦੀ ਤਨਖਾਹ ਤੇ ਸਨ—ਆਪਣੇ ਵਲ ਕਰ ਲਿਆ ਸੀ ਅਤੇ ਉਸ ਦੇ ਕੁਛ ਐਜੀਟੇਟਰ ਵੀ ਆਪਣੇ ਪਾਸੇ ਲੈ ਆਂਦੇ ਸਨ। ਗੌਰਮਿੰਟ ਨਾਭੇ ਦੇ ਵਧ ਰਹੇ ਅਸਰ-ਰਸੂਖ ਨੂੰ ਬਰਿਟਿਸ਼ ਸਰਕਾਰ ਲਈ ਬੜਾ ਖਤਰਨਾਕ ਸਮਝਦੀ ਸੀ। ਕਿਉਂ ?—ਇਹ ਅਸੀਂ ਅਗੇ ਚਲਕੇ ਵੇਖਾਂਗੇ । ਇਸ ਵੇਲੇ ਦੇ ਪਰਕਰਣ ਵਿਚ ਏਹੋ ਕਹਿਣਾ ਕਾਫੀ ਹੈ ਕਿ ਗੌਰਮਿੰਟ ਦੇ ਕੋਈ ਸਰਕਾਰ-ਪੱਖੀ ਵਿਚੋਲਾ ਲਭਕੇ ਕੁੰਜੀਆਂ ਦੇਣ ਤੇ ਆਪਣੇ ਗਲੋਂ ਰਸਾ ਲਾਹੁਣ ਦੇ ਯਤਨ ਕਾਮਯਾਬ ਨਾ ਹੋਏ।

## 1. ਗਲਤੀ ਉਤੇ ਗਲਤੀ

ਇਹ ਹਕੀਕਤ ਭਾਵੇਂ ਸਾਫ ਹੋ ਚੁਕੀ ਸੀ ਕਿ ਬਗਾਵਤੀ ਮੀਟਿੰਗਾਂ ਦੇ ਕਾਨੂੰਨ ਦੇ ਅਧੀਨ ਧਾਰਮਕ ਜਲਸਿਆਂ ਉਤੇ ਕੋਈ ਪਾਬੰਦੀ ਨਹੀਂ ਸੀ ਲਾਈ ਗਈ, ਪਰ ਗਰਿਫਤਾਰੀਆਂ ਬੰਦ ਨਹੀਂ ਸਨ ਹੋਈਆਂ। ਚਾਬੀਆਂ ਵਾਪਸ ਲੈਣ ਬਾਰੇ ਜਿਹੜਾ ਅਕਾਲੀ ਜਾਂ ਅਨ-ਅਕਾਲੀ ਵੀ ਸਰਕਾਰ ਦੇ ਧਰਮ ਵਿਚ ਦਖਲ ਦੇਣ ਦੀ ਵਿਰੋਧਤਾ ਕਰਦਾ ਸੀ, ਫੜਕੇ ਜੇਲ ਵਿਚ ਘੱਲ ਦਿਤਾ ਜਾਂਦਾ ਸੀ। ਬੋਲ ਕੇ ਕੈਦ ਹੋਣ ਲਈ ਜਿਹੜੇ ਨਹੀਂ ਸਨ ਫੜੇ ਜਾਂਦੇ, ਉਹ ਰੋਸ ਪਰਗਟ ਕਰਨ ਲਗ ਪੈਂਦੇ ਸਨ ! ਕੈਦ ਹੋਣ ਵਾਲਿਆਂ ਵਿਚ ਨਾਮ ਦੇਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਸੀ। ਐਉਂ ਜਾਪਦਾ ਸੀ ਜਿਵੇਂ ਅਕਾਲੀਆਂ ਨੇ ਹੀ ਨਹੀਂ, ਤਮਾਮ ਸਿੱਖਾਂ ਨੇ ਹੀ ਕੁੰਜੀਆਂ ਦੇ ਮਾਮਲੇ ਨੂੰ ਸਿਰ ਧੜ ਦੀ ਬਾਜ਼ੀ ਬਣਾ ਲਿਆ ਹੋਵੇ। ਅਤੇ ਜਿਉਂ ਜਿਉਂ ਸਿੱਖ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੇ ਖਿਲਾਫ ਲੜਕੇ ਕੈਦ ਹੁੰਦੇ ਜਾਂਦੇ ਸਨ, ਤਿਉਂ ਤਿਉਂ ਕਾਂਗਰਸੀ ਹਿੰਦੂਆਂ ਤੇ ਖਿਲਾਫਤੀ ਮੁਸਲਮਾਨਾਂ ਦੀਆਂ ਹਮਦਰਦੀਆਂ ਵਧਦੀਆਂ ਜਾਂਦੀਆਂ ਸਨ ਅਤੇ ਪੰਜਾਬ ਦਾ ਬਾਹਲਾ ਪ੍ਰੈਸ ਉਹਨਾਂ ਦੀ ਹਮਾਇਤ ਕਰਨ ਲਗ ਪਿਆ ਸੀ।

---

[1] From A. B. Minchin, agent to G. G. (Phulkian States). To Thompson. political & Foreign Secretary—12.12.21

Digitized by Panjab Digital Library | www.panjabdigilib.org

'ਪਿਛਲੇ ਲਾਗੇ ਦੇ ਇਤਿਹਾਸ ਵਿਚ ਸਾਨੂੰ ਕੋਈ ਅਜੇਹਾ ਵਕਤ ਯਾਦ ਨਹੀਂ ਜਦੋਂ ਕਿ ਸਿੱਖ ਰਾਏ ਦੀ ਇਤਨੀ ਵਡੀ ਬਹੁਤਾਤ ਗੌਰਮਿੰਟ ਦੇ ਖਿਲਾਫ ਸਫ-ਬੰਦ ਹੋ ਗਈ ਹੋਵੇ ਜਿਵੇਂ ਕਿ ਖ਼ਾਸ ਕਰ ਪਿਛਲੇ ਕੁਛ ਇਕ ਮਹੀਨਿਆਂ ਵਿਚ ਹੋ ਗਈ ਹੈ—ਵਿਸ਼ੇਸ਼ ਤੌਰ ਤੇ ਪਿਛਲੇ ਕੁਛ ਦਿਨਾਂ ਵਿਚ। ਸ: ਮਹਿਤਾਬ ਸਿੰਘ ਤੇ ਉਸਦੇ ਸਾਥੀ ਮੁਲਜ਼ਮਾਂ ਨੂੰ ਛੇ ਛੇ ਮਹੀਨੇ ਦੀ ਕੈਦ ਹੋਈ ਹੈ। ਸਾਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਇਹ ਸਜ਼ਾਵਾਂ ਤੇ ਕੈਦਾਂ ਵਰਤਮਾਨ ਸਿਖ ਮਸਲੇ ਦੇ ਹਲ ਵਿਚ ਸਹਾਈ ਨਹੀਂ ਹੋਣ ਲਗੀਆਂ।"........(4 ਦਸੰਬਰ, ਟ੍ਰੀਬਿਯੂਨ)

ਦੂਜੇ ਪਾਸੇ, ਸਰਕਾਰ ਵਾਹੋਦਾਹੀ ਕੋਈ ਵਫਾਦਾਰ ਆਦਮੀ ਲਭ ਰਹੀ ਸੀ ਜਿਹੜਾ ਉਸ ਤੋਂ ਚਾਬੀਆਂ ਲੈ ਕੇ ਉਸ ਦਾ ਖਹਿੜਾ ਛੁਡਾਵੇ। ਕੈਪਟਨ ਬਹਾਦਰ ਸਿੰਘ ਦੇ ਅਸਤੀਫੇ ਪਿੱਛੋਂ ਕੋਈ ਸਰਬਰਾਹੀ ਲੈਣ ਵਾਸਤੇ ਵੀ ਨਹੀਂ ਸੀ ਮਿਲਦਾ। ਸਰਕਾਰ ਚਾਹੁੰਦੀ ਸੀ ਕਿ ਕੋਈ ਨਵੀਂ ਕਮੇਟੀ ਵਜੂਦ ਵਿਚ ਆ ਜਾਵੇ ਜਿਹੜੀ ਉਸ ਤੋਂ ਚਾਬੀਆਂ ਲੈ ਲਏ—ਸ਼ਰੋਮਣੀ ਕਮੇਟੀ ਨੂੰ ਉਹ ਚਾਬੀਆਂ ਦੇਣ ਲਈ ਤਿਆਰ ਨਹੀਂ ਸੀ ਕਿਉਂਕਿ ਇਹ ਉਸਦੇ ਨਿਰਣੇ ਅਨੁਸਾਰ ਸਿੱਖਾਂ ਦੀ ਪੂਰੀ ਤਰ੍ਹਾਂ ਨੁਮਾਇੰਦਾ ਨਹੀਂ ਸੀ। ਸਰਕਾਰ ਦਾ ਸਤਕਾਰ ਤੇ ਵਕਾਰ ਤਕੜੀ ਦੇ ਛਾਬੇ ਵਿਚ ਪਿਆ ਹੋਇਆ ਸੀ। ਬਰਿਟਿਸ਼ ਰਾਜ ਪਾਸ ਜ਼ਬਰਦਸਤ ਹਥਿਆਰਾਂ ਨਾਲ ਲੈਸ ਫੌਜ-ਪੁਲਸ ਦੀ ਤਾਕਤ ਸੀ। ਉਸ ਨੇ ਨਾ ਕਦੇ ਪਹਿਲੋਂ ਖੁਲ੍ਹੇ ਤੌਰ ਤੇ ਗਲਤੀ ਮੰਨੀ ਸੀ, ਨਾ ਇਸ ਵੇਲੇ ਮੰਨਣ ਨੂੰ ਤਿਆਰ ਸੀ।

ਗੌਰਮਿੰਟ ਨੂੰ ਬੜੀ ਆਸ ਸੀ ਕਿ ਕੁੰਜੀਆਂ ਦੇ ਮੁਕੱਦਮੇ ਵਿਚ ਚੀਫ ਖਾਲਸਾ ਦੀਵਾਨ ਇਕ ਪਾਰਟੀ ਬਣਕੇ ਸਾਮ੍ਹਣੇ ਆਵੇਗਾ ਪਰ ਦੀਵਾਨ ਨੂੰ ਇਹ ਜੁਰਅਤ ਨਾ ਪਈ ਜਿਸ ਤੇ ਗੌਰਮਿੰਟ ਨੇ ਆਪਣੀ ਨਿਰਾਸਤਾ ਪਰਗਟ ਕੀਤੀ : ਇਹ ਜ਼ਰੂਰੀ ਸੀ ਕਿ "ਅਦਾਲਤ ਰਾਹੀਂ ਅਜੇਹਾ ਸਮਝੌਤਾ ਕੀਤਾ ਜਾਏ ਜਿਹੜਾ ਕਿ ਨਰਮ-ਖਿਆਲ ਪਾਰਟੀ (ਜਿਸ ਦੀ ਪਰਤੀਨਿਧਤਾ ਚੀਫ ਖਾਲਸਾ ਦੀਵਾਨ ਕਰਦਾ ਹੈ) ਅਤੇ ਪਰਬੰਧਕ ਕਮੇਟੀ ਦੋਹਾਂ ਨੂੰ ਸੰਤੁਸ਼ਟ ਕਰ ਸਕੇ। ਕਿਉਂਕਿ ਦੀਵਾਨ ਨੇ ਨਾ ਹੀ ਅਦਾਲਤ ਵਿਚ ਅਤੇ ਨਾ ਹੀ ਬਾਹਰ ਆਪਣੇ ਦਾਅਵੇ ਪੇਸ਼ ਕਰਨ ਲਈ ਕੁਛ ਕੀਤਾ (ਇਸ ਲਈ) ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਉਹਨਾਂ ਵਲੋਂ ਹੋ ਕੇ ਆਪਣੇ ਆਪ ਨੂੰ ਝਗੜੇ ਵਿਚ ਉਲਝਾਣਾ ਨਾਵਾਜਬ ਹੋਵੇਗਾ।"[1]

ਲੋਕਾਂ ਵਿਚੋਂ, ਹਰ ਪਾਸਿਓਂ, ਆਵਾਜ਼ ਇਹ ਆ ਰਹੀ ਸੀ ਕਿ ਧਾਰਮਕ ਮਾਮਲਿਆਂ ਵਿਚ ਸਿਰਫ ਸ਼੍ਰੋਮਣੀ ਕਮੇਟੀ ਹੀ ਸਿੱਖਾਂ ਦੀ, ਪੂਰਣ ਤੌਰ, ਪਰਤੀਨਿਧ ਹੈ। ਕੁੰਜੀਆਂ ਸ: ਖੜਕ ਸਿੰਘ ਨੂੰ ਦਿਓ—ਓਸੇ ਨੂੰ ਹੀ ਦੇਣੀਆਂ ਪੈਣਗੀਆਂ, ਹੋਰ ਕੋਈ ਸਿੱਖ ਨਹੀਂ ਲਏਗਾ। 6 ਦਸੰਬਰ ਨੂੰ ਖਾਲਸਾ ਕਾਲਜ ਦੇ ਪਰੋਫੈਸਰਾਂ ਤੇ ਟੀਚਰਾਂ ਨੇ ਦੋ ਮਤੇ ਪਾਸ ਕੀਤੇ : ਇਕ ਇਹ ਕਿ ਇਸ ਜਮਾਤ ਦੀ ਰਾਏ ਵਿਚ ਸ਼੍ਰੋਮਣੀ ਕਮੇਟੀ ਯਕੀਨੀ ਤੌਰ ਤੇ ਸਿੱਖ ਪੰਥ ਦੀ ਪਰਤੀਨਿਧਤਾ ਕਰਦੀ ਹੈ ਅਤੇ ਦਰਬਾਰ ਸਾਹਿਬ ਦੀਆਂ ਚਾਬੀਆਂ ਓਸੇ ਨੂੰ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਅਤੇ ਦੂਜਾ ਇਹ ਕਿ ਕੁੰਜੀਆਂ ਬਾਰੇ ਕੀਤੇ ਜਾ ਰਹੇ ਦੀਵਾਨ ਧਾਰਮਕ ਹਨ। ਇਹਨਾਂ ਦੀਵਾਨਾਂ ਉਤੇ ਆਗੂਆਂ ਦੀਆਂ ਗ੍ਰਿਫਤਾਰੀਆਂ ਨਾਲ ਵਫਾਦਾਰ ਸਿੱਖਾਂ ਦੇ ਅਹਿਸਾਸ ਸਰਕਾਰ ਦੇ ਖਿਲਾਫ ਹੋ ਜਾਣਗੇ।

ਅਤੇ ਇਹ ਮਤੇ ਉਹਨਾਂ ਨੇ ਖਾਲਸਾ ਕਾਲਜ ਦੇ ਅੰਗਰੇਜ਼ ਪਰਿੰਸੀਪਲ ਮਿਸਟਰ ਵਾਦਨ

[1] From Joseph to secretary, Govt. of India (Home) dated Lahore 13 th. January 1922—no. 1125.

Digitized by Panjab Digital Library | www.panjabdigilib.org

ਰਾਹੀਂ ਗੌਰਮਿੰਟ ਨੂੰ ਭਿਜਵਾਏ । ਮਿਸਟਰ ਵਾਦਨ ਨੇ ਜਿਹੜਾ ਇਹਨਾਂ ਮਤਿਆਂ ਉਤੇ, ਘਲਣ ਵੇਲੇ, ਨੋਟ ਲਿਖਿਆ ਉਹ ਵਧੇਰੇ ਠੁਕਵਾਂ ਸੀ । ਉਸ ਲਿਖਿਆ : ਤੁਹਾਨੂੰ ਇਹ ਗੱਲ ਦਸਣੀ ਮੇਰਾ ਫ਼ਰਜ਼ ਹੈ ਕਿ ਇਹ ਮੇਰਾ ਈਮਾਨਦਰਾਨਾ ਯਕੀਨ ਹੈ ਕਿ ਰਾਏ ਦੇ ਸਭ ਪੱਖਾਂ ਦੇ ਸਿੱਖਾਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਨੁਮਾਇੰਦਾ ਦੇ ਤੌਰ ਤੇ ਮਾਨਤਾ ਦਿਤੀ ਜਾ ਰਹੀ ਹੈ—ਵਧ ਘਟ ਇਕ ਹਜ਼ਾਰ ਦੀ ਗਿਣਤੀ, ਏਥੋਂ ਤਕ ਕਿ ਚੀਫ ਖਾਲਸਾ ਦੀਵਾਨ ਦੇ ਲੋਕ ਵੀ—ਇਸ ਨਾਲ ਸਹਿਮਤੀ ਪਰਗਟ ਕਰਦੇ ਹਨ ।

ਇਸ ਨੋਟ ਨੇ ਸਰਕਾਰੀ ਅਫਸਰਾਂ ਨੂੰ ਬੜਾ ਪਰੇਸ਼ਾਨ ਕੀਤਾ । ਅਤੇ ਇਸ ਦੇ ਟ੍ਰੀਬਿਯੂਨ ਵਿਚ ਛਪ ਜਾਣ ਦੇ ਕਾਰਣ ਸਰਕਾਰੀ ਵਕਾਰ ਨੂੰ ਇਕ ਤਰ੍ਹਾਂ ਚੋਖੀ ਸੱਟ ਵਜੀ । ਇਕ ਜ਼ਿੰਮੇਵਾਰ ਅੰਗਰੇਜ਼ ਪਰਿੰਸੀਪਲ ਵਲੋਂ ਇਹ ਨਿਰਣਾ ਉਹਨਾਂ ਉਤੇ ਸੁੱਕੇ ਅੰਬਰੋਂ ਬਿੱਜ ਵਾਂਗ ਡਿਗਾ । ਉਹਨਾਂ ਦੇ ਗੁੱਸੇ ਦਾ ਪਾਰਾ ਚੜ੍ਹਨਾ ਕੁਦਰਤੀ ਸੀ । ਮਿਸਟਰ ਐਚ. ਡੀ. ਕਰੇਕ ਨੇ ਲਿਖਿਆ : ਪ੍ਰੈਸ ਨੂੰ ਨੋਟ ਦੇਣਾ "ਅਣ-ਸਿਆਣਪ" ਸੀ । "ਮੈਂ ਉਸ ਦੇ ਇਸ ਖਿਆਲ ਨਾਲ ਸਹਿਮਤ ਨਹੀਂ ਕਿ ਖਾਲਸਾ ਕਾਲਜ ਰਾਏ ਦੇ ਸਾਰੇ ਪੱਖਾਂ ਦਾ ਪਰਤੀਨਿਧ ਹੈ । ਇਹ ਕਹਿਣਾ ਉੱਕਾ ਹੀ ਫਜ਼ੂਲ ਹੈ ਕਿ ਕੇਂਦਰੀ ਗੁਰਦੁਆਰਾ ਕਮੇਟੀ, ਜਿਵੇਂ ਕਿ ਉਹ ਇਸ ਵੇਲੇ ਬਣੀ ਹੋਈ ਹੈ ਇਕ ਪਰਤੀਨਿਧ ਜਥੇਬੰਦੀ ਹੈ ਅਤੇ ਖਾਲਸਾ ਕਾਲਜ ਦੇ ਵਿਦਿਆਰਥੀ ਅਤੇ ਪਰੋਫੈਸਰ ਭਾਂਵੇਂ ਉਹ ਕੁਛ ਕਹਿੰਦੇ ਰਹਿਣ ਮੈਂ ਯਕੀਨ ਰਖਦਾ ਹਾਂ ਕਿ ਸਿਖ ਰਾਏ ਦਾ ਠੋਸ ਮਜਮੂਆ ਮੇਰੇ ਨਾਲ ਇਤਿਫਾਕ ਕਰਦਾ ਹੈ ।" (ਐਚ. ਡੀ. ਕਰੇਕ. 15. 12. 21)

ਪਰਤਖ ਹੈ ਕਿ ਕੇਂਦਰੀ ਸਰਕਾਰ ਦੇ ਅਫਸਰ ਬੁਧੂਆਂ ਦੇ ਬਹਿਸ਼ਤ ਵਿਚ ਰਹਿੰਦੇ ਸਨ । ਉਹਨਾਂ ਦਾ ਬਾਹਰ-ਮੁਖੀ ਤਹਿਰੀਕ ਨਾਲ ਨਾ ਕੋਈ ਵਾਸਤਾ ਸੀ, ਨਾ ਸੰਪਰਕ । ਉਹਨਾਂ ਦੀਆਂ ਅੱਖਾਂ ਤੇ ਕੰਨ ਵੀ ਆਪਣੇ ਨਹੀਂ ਸਨ ।

ਉਹਨਾਂ ਨੂੰ ਵਹਿਮ ਸੀ ਕਿ ਰਾਜ-ਤਾਕਤ ਨਾਲ ਉਹ ਹੋਣੀਆਂ ਨੂੰ ਅਨਹੋਣੀਆਂ ਬਣਾ ਸਕਦੇ ਹਨ ਅਤੇ ਅਣ-ਹੋਣੀਆਂ ਨੂੰ ਹੋਣੀਆਂ । ਸਿੱਖ ਜਗਤ ਉਹਨਾਂ ਨਾਲੋਂ, ਅਮਲੀ ਤੌਰ ਤੇ ਟੁੱਟ ਚੁੱਕਾ ਸੀ, ਪਰ ਉਹ ਅਜੇ ਵੀ ਸਿੱਖ ਰਾਏ ਦਾ ਠੋਸ ਮਜਮੂਆ ਆਪਣੇ ਨਾਲ ਸਮਝੀ ਬੈਠੇ ਸਨ ।

ਗੌਰਮਿੰਟ ਦੇ ਤਸ਼ੱਦਦ ਦੇ ਸਫਲ ਹੋਣ ਦੀ ਸੰਭਾਵਨਾ ਦਿਨੋਂ ਦਿਨ ਭੁਰਦੀ-ਖੁਰਦੀ ਜਾਂਦੀ ਸੀ, ਪਰ ਅਫਸਰ ਪਹਿਲੀ ਲਕੀਰ ਨੂੰ ਹੀ ਪਿੱਟੀ ਜਾ ਰਹੇ ਸਨ । ਉਹਨਾਂ ਨੂੰ ਕੁੰਜੀਆਂ ਲੈਣ ਵਾਲਾ ਕੋਈ ਨਹੀਂ ਸੀ ਲਭਦਾ । ਗੌਰਮਿੰਟ ਬੜੀ ਕੁੜਿੱਕੀ ਵਿਚ ਫਸੀ ਹੋਈ ਸੀ । ਫਾਰਸੀ ਮੁਹਾਵਰੇ ਅਨੁਸਾਰ ਉਸ ਕੋਲ 'ਨਾ ਜਾਣ ਨੂੰ ਥਾਂ ਸੀ ਨਾ ਤੁਰਨ ਨੂੰ ਪੈਰ' ।[1] ਡੀ. ਸੀ. ਨੇ ਟੋਹ-ਟੋਹੀ ਲਈ ਡਿਸਟਰਿਕਟ ਜੱਜ ਨੂੰ ਸ਼੍ਰੋਮਣੀ ਕਮੇਟੀ ਪਾਸ ਭੇਜਿਆ । ਕਮੇਟੀ ਦੇ ਜ਼ਿੰਮੇਵਾਰਾਂ ਨੇ ਸਾਫ ਸ਼ਬਦਾਂ ਵਿਚ ਆਖਿਆ ਕਿ ਕਮੇਟੀ ਆਰਜ਼ੀ ਤੌਰ ਤੇ ਕੁੰਜੀਆਂ ਵਾਪਸ ਨਹੀਂ ਲਏਗੀ । ਪਹਿਲੋਂ ਸਾਰੇ ਕੈਦੀ ਛਡੇ ਜਾਣਗੇ, ਫੇਰ ਕਮੇਟੀ ਦੇ ਪਰਧਾਨ ਸ: ਖੜਕ ਸਿੰਘ ਜੀ ਚਾਬੀਆਂ ਲੈਣਗੇ—ਹੋਰ ਕੋਈ ਨਹੀਂ ਲਵੇਗਾ । ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ (5 ਜਨਵਰੀ) ਉਤੇ ਵੀ, ਜਲੌਅ ਲਈ, ਚਾਬੀਆਂ ਲੈਣ ਤੋਂ ਇਨਕਾਰ ਕਰ ਦਿਤਾ ।

ਇਹਨਾਂ ਹੀ ਦਿਨਾਂ ਵਿਚ ਡੀ. ਸੀ. ਨੇ ਰਿਆਸਤੀ ਮਿੰਬਰਾਂ ਦੀ ਕਮੇਟੀ ਬਣਾ ਕੇ ਕੁੰਜੀਆਂ ਦੇਣ ਦੀ ਸਕੀਮ ਬਣਾਈ, ਪਰ ਇਹ ਸਕੀਮ ਵੀ ਸਿਰੇ ਨਾ ਚੜ੍ਹੀ । ਉਸ ਨੇ ਸਿੱਖਾਂ ਵਿਚ ਫੁਟ

[1] ਨਾ ਜਾਏ ਮਾਂਦਨ ਨ ਪਾਏ ਰਫਤਨ ।

Digitized by Panjab Digital Library | www.panjabdigilib.org

ਪਾਉਣ ਲਈ ਕਈ ਪਾਪੜ ਵੇਲੇ ਪਰ ਉਸ ਦਾ ਕੋਈ ਤੀਰ ਨਿਸ਼ਾਨਾ ਨਾ ਫੁੰਡ ਸਕਿਆ । ਕੋਈ ਵਾਹ ਚਲਦੀ ਨਾ ਵੇਖ ਕੇ ਉਦਾਸੀਆਂ ਕੋਲੋਂ ਅਕਾਲ ਤਖਤ ਤੇ ਹਮਲਾ ਕਰਾਇਆ ਗਿਆ । ਉਦਾਸੀਆਂ ਨੇ ਚਿਮਟਿਆਂ ਤੇ ਤਿਰਸੂਲਾਂ ਆਦਿ ਨਾਲ ਅਕਾਲੀਆਂ ਨੂੰ ਮਾਰਿਆ ਕੁਟਿਆ ਅਤੇ ਜ਼ਖਮੀ ਕੀਤਾ । ਬਾਹਰੋਂ ਮਦਦ ਨੂੰ ਆਦਮੀ ਨਾ ਪਹੁੰਚਦੇ ਤਾਂ ਬੜਾ ਜਾਨੀ ਨੁਕਸਾਨ ਹੋ ਸਕਦਾ ਸੀ । ਸੰਤ ਸਿੰਘ ਡੀ. ਐਸ. ਪੀ. ਕਹਿੰਦਾ ਹੈ ਕਿ ਅਕਾਲੀਆਂ ਨੇ ਇਸ ਦੀ ਪੁਲਸ ਤੋਂ ਪੜਤਾਲ ਕਰਾਣ ਤੋਂ ਇਨਕਾਰ ਕਰ ਦਿਤਾ ਹੈ । ਅਫਵਾਹ ਇਕਸਾਰ ਫੈਲ ਰਹੀ ਹੈ ਕਿ ਕਸੂਰ ਗੌਰਮਿੰਟ ਦਾ ਹੈ ਉਸ ਨੇ ਸਾਧੂਆਂ ਦੇ ਭੇਸ ਵਿਚ ਫਸਾਦ ਕਰਾਣ ਲਈ ਬੰਦੇ ਭੇਜੇ ਸਨ । (7 ਦਸੰਬਰ 1921)

ਪੰਜਾਬ ਗੌਰਮਿੰਟ ਨੇ ਇਕ ਹੋਰ ਵਫਾਦਾਰ ਪਰਦੁਮਨ ਸਿੰਘ ਬੇਦੀ ਨੂੰ ਮੁਲਤਾਨ ਵਿਚੋਂ, ਕੁੰਜੀਆਂ ਦੇ ਮੁਕੱਦਮੇ ਲਈ, ਲਭਾ । ਕੁਛ ਚਿਰ ਲਈ ਚਰਚਾ ਹੋਈ ਕਿ ਉਹ ਸ਼ਾਇਦ ਸਿੱਖਾਂ ਤੇ ਸ਼੍ਰੋਮਣੀ ਕਮੇਟੀ ਦੇ ਖਿਲਾਫ ਬਗਾਵਤ ਕਰਕੇ ਚਾਬੀਆਂ ਲੈ ਲਵੇ । ਬੇਦੀਆਂ ਦੇ ਨੁਮਾਇੰਦੇ ਸ਼੍ਰੋਮਣੀ ਕਮੇਟੀ ਵਿਚ ਪਹਿਲੋਂ ਹੀ ਮੌਜੂਦ ਸਨ । ਬੇਦੀਆਂ ਨੇ ਆਪਣੀ ਮੀਟਿੰਗ ਕੀਤੀ । ਉਹਨਾਂ ਨੇ ਸ਼੍ਰੋਮਣੀ ਕਮੇਟੀ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ । ਬੇਦੀ ਪਰਦੁਮਣ ਸਿੰਘ ਕਾਨਫਰੰਸ ਵਿਚੋਂ ਮੂੰਹ ਵਿੰਗਾ ਕਰਕੇ ਉਠ ਕੇ ਚਲਿਆ ਗਿਆ ।

ਚੀਫ ਸੈਕਟਰੀ ਪੰਜਾਬ ਮਿਸਟਰ ਜੋਸਫ ਨੇ ਆਪਣੀ ਚਿਠੀ ਵਿਚ ਦੋਂਹ ਗੱਲਾਂ ਦਾ ਇਕਬਾਲ ਕੀਤਾ । ਇਕ ਇਹ ਕਿ ਖਜ਼ਾਨੇ ਦੀਆਂ ਕੁੰਜੀਆਂ ਏਨਾ ਜੋਸ਼ ਖਰੋਸ਼ ਪੈਦਾ ਕਰਨਗੀਆਂ—ਇਸ ਦੀ ਆਸ ਨਹੀਂ ਸੀ । ਅਤੇ ਗਰਿਫਤਾਰੀਆਂ ਨੇ ਖਿਆਲ ਦੇ ਹਰ ਪੱਖ ਦੇ ਸਿੱਖਾਂ ਵਿਚ ਇਹਸਾਸ ਤੇ ਜਜ਼ਬੇ ਦੀ ਬੇਮਿਸਾਲ ਹਾਲਤ ਪੈਦਾ ਕਰ ਦਿਤੀ । ਦੂਜੇ ਇਹ ਕਿ ਦਰਬਾਰ ਸਾਹਿਬ ਦੇ ਸਿਵਲ ਕੇਸ ਵਿਚ ਕਿਸੇ ਨੇ ਵੀ ਆ ਕੇ ਸ਼੍ਰੋਮਣੀ ਕਮੇਟੀ ਦੇ ਦਰਬਾਰ ਸਾਹਿਬ ਦੇ ਪਰਬੰਧ ਦੇ ਹੱਕ ਦੇ ਖਿਲਾਫ ਖਲੋਣ ਦੀ ਜੁਰਅਤ ਨਾ ਕੀਤੀ ।[1]

ਏਹੋ ਜੇਹੇ ਇਕਬਾਲ ਸਰਕਾਰੀ ਅਫਸਰ ਖੁਫੀਆ ਮਿਸਲਾਂ ਵਿਚ ਹੀ ਕਰਦੇ ਸਨ । ਬਾਹਰ ਉਹ ਬਾਹਲਾ, ਗਲਤ ਬਿਆਨੀਆਂ ਤੇ ਝੂਠ ਤੋਂ ਕੰਮ ਲੈਂਦੇ ਸਨ । ਜਿਸ ਐਕਟ ਦੇ ਥੱਲੇ ਗਰਿਫਤਾਰੀਆਂ ਹੋ ਰਹੀਆਂ ਸਨ, ਉਸ ਐਕਟ ਵਿਚ ਧਾਰਮਕ ਜਲਸੇ ਬੰਦ ਨਹੀਂ ਸਨ ਕੀਤੇ ਗਏ । ਪਰ ਡੀ. ਸੀ. ਜ਼ਿਦ ਪਿੱਟੀ ਜਾ ਰਿਹਾ ਸੀ ਕਿਉਂਕਿ ਉਹ ਸਮਝਦਾ ਸੀ ਕਿ ਉਹ ਖੁਦ ਹੀ ਜ਼ਿਹ-ਮਾਨ ਕਾਨੂੰਨ ਹੈ ਅਤੇ ਉਹ ਜੋ ਕੁਛ ਕਰ ਰਿਹਾ ਹੈ—ਠੀਕ ਕਰ ਰਿਹਾ ਹੈ । ਹਿੰਦ ਸਰਕਾਰ ਦੇ ਅਫਸਰ ਉਸ ਦੀ ਪਿੱਠ ਤੇ ਹਨ ਅਤੇ ਪੰਜਾਬ ਸਰਕਾਰ ਦੀ ਉਸ ਨੂੰ ਹਮਾਇਤ ਹਾਸਲ ਹੈ । ਇਸ ਲਈ ਉਹ ਜੋ ਹਨੇਰ ਵੀ ਮਚਾਈ ਜਾਏ ਸਭ ਕਾਨੂੰਨ ਹੀ ਕਾਨੂੰਨ ਹੈ ।

ਪਿੰਡਾਂ ਤੇ ਕਸਬਿਆਂ ਤੋਂ ਲੋਕ ਧੜਾ ਧੜ ਗਰਿਫਤਾਰੀਆਂ ਲਈ ਤੁਰੇ ਆਉਂਦੇ ਸਨ । ਤਹਿਰੀਕ ਢਿਲੀ ਨਹੀਂ ਸੀ ਪੈ ਰਹੀ, ਦਿਨੋ ਦਿਨ ਜ਼ੋਰ ਫੜਦੀ ਜਾਂਦੀ ਸੀ । ਸਰਕਾਰੀ ਰਿਪੋਰਟਾਂ ਇਸ ਦੀ ਤਸਦੀਕ ਕਰਦੀਆਂ ਸਨ । 193 ਅਕਾਲੀ ਗਰਿਫਤਾਰ ਹੋ ਚੁਕੇ ਸਨ । ਪਿੰਡਾਂ ਦੇ ਪਿੰਡ ਕਾਲੀਆਂ ਪੱਗਾਂ ਬੰਨ੍ਹ ਬੰਨ੍ਹ ਅਤੇ ਗਲ ਕਿਰਪਾਨਾਂ ਪਹਿਨ ਪਹਿਨ ਅਕਾਲੀ ਸਜਦੇ ਜਾਂਦੇ ਸਨ । ਅਤੇ ਇਸਤਰੀਆਂ ਕਾਲੇ ਦੁੱਪਟੇ ਲੈ ਕੇ, ਗਲੀਂ ਕਿਰਪਾਨਾਂ ਪਾ ਕੇ ਜਥਿਆਂ ਨਾਲ ਮਾਰਚ ਕਰਦੀਆਂ ਸਨ, ਉਹ ਇਸ ਯਗ ਵਿਚ ਅਹੂਤੀ ਦਾ ਹਿੱਸਾ ਪਾਉਣ ਤੋਂ ਪਿਛੇ ਨਹੀਂ ਸਨ ਰਹਿਣਾ ਚਾਹੁੰਦੀਆਂ ।

ਸਰਕਾਰ ਨੇ ਡਿਸਟਰਿਕਟ ਜੱਜ ਦੀ ਅਦਾਲਤ ਵਿਚ ਜਿਹੜਾ ਦਾਅਵਾ ਪੇਸ਼ ਕੀਤਾ

[1]Letter from Joseph to S.P.O' Donnell dated 11th Feb. 1922.

ਉਸ ਤੋਂ ਸਰਕਾਰ ਦੇ ਇਰਾਦੇ ਦਾ ਚੰਗੀ ਤਰ੍ਹਾਂ ਪਤਾ ਲਗਦਾ ਸੀ। ਉਸ ਵਿਚ ਕੈਪਟਨ ਬਹਾਦਰ ਸਿੰਘ, ਚਾਰ ਸ਼੍ਰੋਮਣੀ ਕਮੇਟੀ ਮਿੰਬਰਾਂ ਅਤੇ ਹੋਰ "ਦੂਜੀਆਂ ਪਾਰਟੀਆਂ" ਜਿਨ੍ਹਾਂ ਨੂੰ ਅਦਾਲਤ ਯੋਗ ਸਮਝੇ—ਨੂੰ ਸੱਦ ਕੇ ਆਪਣਾ ਆਪਣਾ ਕੇਸ ਪੇਸ਼ ਕਰਨ ਲਈ ਆਖਿਆ ਗਿਆ ਸੀ ਤਾਂ ਜੋ "ਸਾਰੇ ਹਿਤਾਂ" ਦੀ ਮੁਨਾਸਬ ਪਰਤੀਨਿਧਤਾ ਹੋ ਸਕੇ। ਸ਼ਾਫ ਜ਼ਾਹਰ ਹੈ ਕਿ ਇਹ ਵਿਰੋਧਾਂ ਅਤੇ ਇਖਤਲਾਫਾਂ ਲਈ ਜ਼ਮੀਨ ਸਾਫ ਕਰਕੇ ਦਰਬਾਰ ਸਾਹਿਬ ਨੂੰ ਅਕਾਲੀਆਂ ਦੇ ਹਥੋਂ ਖੋਹਣਾ ਸੀ। ਸ਼੍ਰੋਮਣੀ ਕਮੇਟੀ ਨੇ ਗੌਰਮਿੰਟ ਦੀ ਇਸ ਨਾਪਾਕ ਗੋਂਦ ਨੂੰ ਤਾੜ ਲਿਆ ਸੀ ਅਤੇ ਉਸ ਨੇ ਇਸ ਮੁਕੱਦਮੇ ਦਾ ਬਾਈਕਾਟ ਕਰ ਦਿਤਾ ਸੀ।

ਅਦਾਲਤ ਰਾਹੀਂ ਦਰਬਾਰ ਸਾਹਿਬ ਤੋਂ ਦਸਤਬਰਦਾਰ ਹੋਣ ਦੀ ਪੇਸ਼ਕਸ਼ ਇਕ ਵਡਾ ਧੋਖਾ ਸੀ। ਗੁਰਦੁਆਰਾ ਸਿੱਖਾਂ ਦੇ ਕਬਜ਼ੇ ਵਿਚ ਆ ਚੁਕਾ ਸੀ। ਇਹ ਉਹਨਾਂ ਦੇ ਕਬਜ਼ੇ ਵਿਚ ਰਹਿਣ ਦਿਤਾ ਜਾ ਸਕਦਾ ਸੀ। ਗੌਰਮਿੰਟ ਨੇ ਧਿੰਗੋ-ਜ਼ੋਰੀ, ਸਿੱਖਾਂ ਦੀ ਚਲੀ ਆਉਂਦੀ ਗੁਲਾਮੀ ਤੇ ਗੁੰਗਪੁਣੇ ਦੇ ਕਾਰਣ, ਇਸ ਉਤੇ ਕਬਜ਼ਾ ਕੀਤਾ ਹੋਇਆ ਸੀ। ਗੌਰਮਿੰਟ ਨੇ ਆਪਣੀਆਂ ਰਿਪੋਰਟਾਂ ਵਿਚ ਖੁਦ ਮੰਨਿਆ ਹੋਇਆ ਸੀ ਕਿ ਦਰਬਾਰ ਉਤੇ ਕਬਜ਼ਾ ਜਮਾਈ ਰੱਖਣ ਦਾ ਉਸ ਨੂੰ ਕੋਈ 'ਕਾਨੂੰਨੀ ਅਧਿਕਾਰ' ਨਹੀਂ। ਅਸਲੀ ਗੱਲ ਇਹੋ ਹੈ ਕਿ ਦਰਬਾਰ ਉਤੇ ਕਬਜ਼ਾ ਰੱਖਣ ਨਾਲ ਜਿਹੜੇ ਰਾਜਸੀ ਫਾਇਦੇ ਉਹਨੂੰ ਪਹੁੰਚਦੇ ਸਨ—ਗੌਰਮਿੰਟ ਛਡਣ ਲਈ ਤਿਆਰ ਨਹੀਂ ਸੀ।

ਮੋਰਚਾ ਇਕਸਾਰ ਭਖਦਾ ਜਾ ਰਿਹਾ ਸੀ ਕਿ ਏਕਾ-ਏਕੀ ਸਰ ਜੋਹਨ ਮੇਨਾਰਡ ਨੇ 11 ਜਨਵਰੀ 1922 ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਏਲਾਨ ਕਰ ਦਿਤਾ ਕਿ ਗੌਰਮਿੰਟ ਨੇ ਦਰਬਾਰ ਸਾਹਿਬ ਨਾਲੋਂ ਆਪਣਾ ਤਅੱਲੁਕ ਵਾਪਸ ਲੈਣ ਦਾ ਅਖੀਰੀ ਫੈਸਲਾ ਕਰ ਲਿਆ ਹੈ। ਅਤੇ ਉਹ ਗੁਰਦੁਆਰੇ ਦਾ ਪਰਬੰਧ ਸ਼੍ਰੋਮਣੀ ਕਮੇਟੀ ਦੇ ਹਥਾਂ ਵਿਚ ਛਡ ਰਹੀ ਹੈ ਅਤੇ 16 ਜਨਵਰੀ ਨੂੰ ਇਸ ਸਬੰਧੀ 'ਕਾਨੂੰਨੀ ਕਦਮ' ਉਠਾਏ ਜਾਣਗੇ। ਇਸ ਦੇ ਨਾਲ ਹੀ ਉਸ ਨੇ ਕੁਛ ਸਿੱਖ ਕੈਦੀ ਛਡਣ ਦਾ ਵੀ ਹੁਕਮ ਦੇ ਦਿਤਾ ਹੈ।

ਮੇਨਾਰਡ ਦੇ ਇਸ ਏਲਾਨ ਦਾ ਅਸਲ ਕਾਰਣ ਵਾਈਸਰਾਏ ਦੀ ਨਿਮਨ-ਲਿਖਤ 'ਗਲਤੀ ਸੋਧ ਲੈਣ' ਦੀ ਚਿਠੀ ਸੀ। ਪਰ ਮੇਨਾਰਡ ਨੇ ਆਪਣੀ ਭੱਲ ਖਟੱਣ ਤੇ ਤਾਕਤ ਵਿਖਾਣ ਲਈ 8 ਮਾਰਚ 1923 ਦੀ ਕੌਂਸਲ ਦੀ ਬੈਠਕ ਵਿਚ ਗੁਰੂ ਕੇ ਬਾਗ ਤੇ ਕਿਰਪਾਨ ਦੇ ਕੈਦੀਆਂ ਦੀ ਰਿਹਾਈ ਦੇ ਮਤੇ ਉਤੇ ਬਹਿਸ ਦੇ ਜਵਾਬ ਵਿਚ ਆਖਿਆ: "ਮੈਂ ਹੀ ਉਹ ਆਦਮੀ ਸਾਂ ਜਿਸ ਨੇ ਜਨਵਰੀ 1922 ਨੂੰ ਇਸ ਘਰ ਵਿਚ ਖਲੋਕੇ ਢੇਰ ਗਿਣਤੀ (ਕੁੰਜੀਆਂ ਦੇ) ਕੈਦੀਆਂ ਦੀ ਬਿਲਾ ਸ਼ਰਤ ਰਿਹਾਈ ਦਾ ਏਲਾਨ ਕੀਤਾ ਸੀ।" ਮੇਨਾਰਡ ਸ਼ਰਤਾਂ ਤੋਂ ਬਗੈਰ ਗੁਰੂ ਕੇ ਬਾਗ ਦੇ ਕੈਦੀ ਛੱਡਣ ਲਈ ਤਿਆਰ ਨਹੀਂ ਸੀ ਅਤੇ ਸਚਿਆਈ ਦਬਾਕੇ ਅਤੇ ਝੂਠ ਦਾ ਸੁਝਾਅ ਦੇ ਕੇ ਨਾਮਣਾ ਖਟਣਾ ਚਾਹੁੰਦਾ ਸੀ।

ਸਿੱਖ ਆਗੂ ਛਡ ਦਿਤੇ ਗਏ। ਉਹਨਾਂ ਦਾ ਹਰ ਥਾਂ ਸਟੇਸ਼ਨਾਂ ਤੇ ਬੜਾ ਸ਼ਾਨਦਾਰ ਸੁਆਗਤ ਹੋਇਆ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਅਮਰਿਤਸਰ ਵਿਚ ਮਿਲਕੇ, ਸ਼ਹਿਰ ਨੂੰ ਫੁਲਕਾਰੀਆਂ ਤੇ ਮੋਟੋਆਂ ਨਾਲ, ਦਰਵਾਜ਼ੇ ਸਜਾ ਕੇ, ਸਿਖ ਆਗੂਆਂ ਦਾ ਬੇਮਿਸਾਲ ਸੁਆਗਤ ਕੀਤਾ। ਅਮਰਿਤਸਰ ਦੇ ਇਤਿਹਾਸ ਵਿਚ ਏਹੋ ਜੇਹਾ ਸਾਂਝਾ ਜਲੂਸ ਪਹਿਲੋਂ ਸ਼ਹਿਰ ਵਿਚ ਕਦੇ ਨਹੀਂ ਸੀ ਨਿਕਲਿਆ। ਅਕਾਲ ਤਖਤ ਦੇ ਸਾਮ੍ਹਣੇ ਬੜਾ ਭਾਰਾ ਦੀਵਾਨ ਲਗਾ ਜਿਸ ਵਿਚ ਆਗੂਆਂ ਨੂੰ ਸਿਰੋਪਾ ਦਿਤੇ ਗਏ। ਦੀਵਾਨ ਵਿਚ ਡਿਸਟਰਿਕਟ ਜੱਜ ਆਇਆ ਹੋਇਆ ਸੀ। ਉਸ ਨੇ

Digitized by Panjab Digital Library | www.panjabdigilib.org

ਸ: ਖੜਕ ਸਿੰਘ ਨੂੰ ਦਰਬਾਰ ਸਾਹਿਬ ਦੀਆਂ ਕੁੰਜੀਆਂ ਪੇਸ਼ ਕੀਤੀਆਂ । ਸਰਦਾਰ ਜੀ ਨੇ ਸਜਲ ਨੇਤਰਾਂ ਨਾਲ ਕੁੰਜੀਆਂ ਲੈ ਲੈਣ ਦੀ ਸੰਗਤ ਤੋਂ ਆਗਿਆ ਮੰਗੀ । ਸਤ ਸਿਰੀ ਅਕਾਲ ਦੇ ਜੈਕਾਰਿਆਂ ਨਾਲ ਕੁੰਜੀਆਂ ਹਾਸਲ ਕਰ ਲਈਆਂ ਗਈਆਂ ।

ਇਹ ਬੜੀ ਵਡੀ ਜਿੱਤ ਸੀ । ਇਸ ਜਿਤ ਤੇ ਕਾਂਗਰਸੀਆਂ ਤੇ ਖਿਲਾਫਤੀ ਮੁਸਲਮਾਨਾਂ ਨੇ ਸਿੱਖਾਂ ਨੂੰ ਮੁਬਾਰਕਬਾਦਾਂ ਪੇਸ਼ ਕੀਤੀਆਂ । ਵਧਾਈਆਂ ਦੀਆਂ ਸੈਂਕੜੇ ਚਿਠੀਆਂ ਲੋਕਾਂ ਵਲੋਂ ਆਈਆਂ । ਮਹਾਤਮਾ ਗਾਂਧੀ ਦੀ ਸ: ਖੜਕ ਸਿੰਘ ਪਰਧਾਨ ਨੂੰ ਤਾਰ ਬੜੀ ਅਰਥ-ਭਰਪੂਰ ਸੀ । ਲਿਖਿਆ ਸੀ ;

ਹਿੰਦੁਸਤਾਨ ਦੀ ਆਜ਼ਾਦੀ ਲਈ ਪਹਿਲੀ ਲੜਾਈ ਜਿਤ ਲਈ ਗਈ । ਵਧਾਈਆਂ ਹੋਣ ।

—ਐਮ. ਕੇ. ਗਾਂਧੀ ।

ਗੌਰਮਿੰਟ ਝੁਕ ਗਈ ਹੈ ਕਿਉਂਕਿ ਉਹ ਸਿੱਖਾਂ ਨਾਲ ਵਿਗਾੜਨਾ ਨਹੀਂ ਚਾਹੁੰਦੀ—ਇਹ ਮਿਲਵਰਤਨੀ ਵਫਾਦਾਰਾਂ ਦਾ ਪਤ੍ਰਕਰਮ ਸੀ । ਨਾ-ਮਿਲਵਰਤਨੀਏ ਖੁਸ਼ ਸਨ ਕਿ ਪਹਿਲੀ ਪ੍ਰੀਖਿਆ ਵਿਚ ਸਫਲਤਾ ਪਰਾਪਤ ਹੋਈ ਹੈ । ਇਸ ਨਾਲ ਲੋਕਾਂ ਵਿਚ ਆਪਾ-ਵਿਸ਼ਵਾਸ, ਜਥੇਬੰਦੀ ਤੇ ਏਕਾ ਮਜ਼ਬੂਤ ਹੋਣਗੇ—ਜਿਹੜੇ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਦੇ ਅਗਲੇ ਸੰਗਰਾਮਾਂ ਵਿਚ ਬੜੇ ਸਹਾਈ ਹੋਣਗੇ । ਗਰਮ-ਖਿਆਲ ਆਜ਼ਾਦੀ-ਪਸੰਦ ਅਕਾਲੀ ਸਮਝਦੇ ਸਨ, ਕਿ ਅਗੋਂ ਕੌਮੀ ਆਜ਼ਾਦੀ ਦਾ ਘੋਲ ਹੋਰ ਤੇਜ਼ ਹੋ ਜ਼ਾਏਗਾ ਅਤੇ ਸਿੱਖ ਵਫਾਦਾਰੀ ਦਾ ਸਿੱਖ-ਮਥੇ ਤੇ ਲਗਾ ਕਲੰਕ ਧੋ ਦੇਣਗੇ । ਅਕਾਲੀ ਜਥਿਆਂ ਵਿਚ ਕੁਛ ਆਦਮੀ 'ਰਾਜ ਕਰੇਗਾ ਖਾਲਸਾ'—ਪਹਿਲੋਂ ਨਾਲੋਂ ਵਧੇਰੇ ਜ਼ੋਰ ਨਾਲ ਪੜ੍ਹਨ ਲਗ ਪਏ ਸਨ । ਚੀਫ ਖਾਲਸਾ ਦੀਵਾਨ ਦੇ ਮੁਖੀ ਅਜੇ ਵੀ ਰੋਂਦੇ ਸਨ ਕਿ ਸਿੱਖਾਂ ਨੂੰ ਗਲਤ ਅਗਵਾਈ ਦੇ ਕੇ ਬਰਬਾਦੀ ਦੇ ਮੂੰਹ ਵਿਚ ਸੁਟਿਆ ਜਾ ਰਿਹਾ ਹੈ, ਵਗੈਰਾ ।

ਪਰ ਸਰਕਾਰ ਦੀ ਖੁਫੀਆ ਮਿਸਲ ਕੁਛ ਹੋਰ ਕਹਾਣੀ ਦਸਦੀ ਹੈ । ਕਹਾਣੀ ਇਹ ਹੈ ਕਿ ਵਾਈਸਰਾਏ ਦੇ ਸੈਕਟਰੀ ਮਿਸਟਰ ਹਿਗਨਲ ਨੇ ਮਿਸਟਰ ਓਡੋਨਲ ਨੂੰ ਵਾਈਸਰਾਏ ਦੇ ਕੈਂਪ ਤੋਂ 16 ਦਸੰਬਰ 1921 ਨੂੰ ਇਕ ਚਿਠੀ ਲਿਖੀ । ਉਸ ਵਿਚ ਇਨ ਬਿਨ ਇਹ ਲਿਖਿਆ ਹੋਇਆ ਸੀ :

"ਡਿਪਟੀ ਕਮਿਸ਼ਨਰ ਵਲੋਂ 27 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਪੁਛ ਤੇ ਇਕ ਨਾ-ਦਰੁਸਤ ਜਵਾਬ ਦਿਤਾ ਗਿਆ ਕਿਹਾ ਜਾਂਦਾ ਹੈ, ਸ਼ਿਰੀ ਹਜ਼ੂਰ ਜਾਨਣਾ ਚਾਹੁੰਦੇ ਹਨ ਜੇ ਗਲਤੀ ਪੂਰੀ ਤਰ੍ਹਾਂ ਦਰੁਸਤ ਕੀਤੀ ਜਾ ਚੁਕੀ ਹੈ ।"[1]

19 ਦਸੰਬਰ ਨੂੰ ਦਿੱਲੀ ਸਕੱਤਰੇਤ ਵਲੋਂ ਲਾਹੌਰ ਚੀਫ ਸੈਕਟਰੀ ਨੂੰ ਇਕ ਚਿਠੀ ਲਿਖੀ ਗਈ ਜਿਸ ਵਿਚ ਉਤਲੇ ਸ਼ਬਦ ਦੁਹਰਾਏ ਗਏ ਅਤੇ ਪੁਛਿਆ ਗਿਆ ਕਿ ਡੀ. ਸੀ. ਨੇ "ਗਲਤ ਫਹਿਮੀ" ਵਿਚ ਜਿਹੜਾ ਕਹਿ ਦਿਤਾ ਸੀ ਕਿ ਬਗਾਵਤੀ ਮੀਟਿੰਗਾਂ ਦੇ ਐਕਟ ਥੱਲੇ ਖਾਲਿਸ ਧਾਰਮਕ ਜਲਸਿਆਂ ਦੀ ਵੀ ਆਗਿਆ ਨਹੀਂ—ਉਹ ਗਲਤੀ ਪੂਰੀ ਤਰ੍ਹਾਂ ਦਰੁਸਤ ਕਰ ਲਈ ਗਈ ਹੈ ? 20 ਦਸੰਬਰ ਨੂੰ ਚੀਫ ਸੈਕਟਰੀ ਦਾ ਜਵਾਬ ਆ ਗਿਆ : ਇਹ "ਗ਼ਲਤੀ ਪੂਰੀ ਤਰ੍ਹਾਂ ਦਰੁਸਤ ਕਰ ਲਈ ਗਈ ਹੈ ।" (ਫਾਈਲ ਪਹਿਲੀ ਹੀ)

ਇਸ ਪਿਛਵਾੜ ਦੇ ਸਮਝਿਆਂ ਬਗੈਰ ਹੈਂਕੜਬਾਜ਼ ਡੰਨਿਟ ਦਾ ਖੁਦ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ 6 ਜਨਵਰੀ ਨੂੰ ਤੁਰ ਕੇ ਜਾਣਾ ਸਮਝ ਵਿਚ ਨਹੀਂ ਆ ਸਕਦਾ । ਉਹ ਦਫਤਰ ਵਿਚ ਪੁਛਣ ਲਈ ਆਇਆ ਸੀ ਕਿ ਚਾਬੀਆਂ ਕਿਹੜੀਆਂ ਸ਼ਰਤਾਂ ਤੇ ਵਾਪਸ ਲੈ ਲਓਗੇ । ਚਾਬੀਆਂ ਦੇਣ

[1] File no. 779—1922. Home—Political.

Digitized by Panjab Digital Library | www.panjabdigilib.org

ਲਈ ਉਹਨੂੰ ਕੋਈ ਜ਼ੁਮੇਂਵਾਰ ਸਿੱਖ ਨਹੀਂ ਸੀ ਲਭਦਾ। ਵਾਈਸਰਾਏ ਦੀ ਚਿਠੀ ਨੇ ਦਿੱਲੀ ਤੇ ਲਾਹੌਰ ਦੇ ਸਕਤਰੇਤਾਂ ਵਿਚ ਹਫੜਾ ਦਫੜੀ ਪਾਈ ਹੋਈ ਸੀ।

ਪਰ ਰਿਹਾਈਆਂ ਦਾ ਏਲਾਨ[1] ਤਾਂ 11 ਜਨਵਰੀ ਨੂੰ ਹੋਇਆ। ਇਹ ਗਲਤੀ ਦਰੁਸਤ ਕਰਨ ਲਈ ਇੱਕੀਆਂ ਬਾਈਆਂ ਦਿਨਾਂ ਦਾ ਵਕਫਾ ਕਿਉਂ ਪੈ ਗਿਆ ? ਮਸਲਾ ਇਹ ਸੀ ਕਿ ਇਸ ਖ਼ਿਲਾਫ-ਕਾਨੂੰਨ ਕਾਰਵਾਈ ਵਿਚੋਂ ਨਕ ਰਖਕੇ ਨਿਕਲਿਆ ਕਿਵੇਂ ਜਾਵੇ ? ਇਸ ਲਈ ਇਹ ਦਿਨ ਰਿਹਾਈਆਂ ਦੇ ਮੌਕੇ ਤੇ ਨਿਕਲੇ ਏਲਾਨ ਦੇ ਲਿਖਣ, ਤਰਮੀਮਾਂ ਕਰ ਕਰ ਕੱਟਣ-ਵੱਢਣ ਉਤੇ ਲਗੇ। ਪਬਲਕ ਵਿਚ ਗਲਤੀ ਮੰਨਣ ਨਾਲ ਸਰਕਾਰ ਦੀ ਹੇਠੀ ਹੁੰਦੀ ਸੀ ਇਸ ਲਈ ਗਲਤੀ ਦੇ ਢਕਣ ਲਈ ਰਾਜਸੀ ਰਿਆਕਾਰੀ ਤੇ ਬੇਈਮਾਨੀ ਤੋਂ ਕੰਮ ਲਿਆ ਗਿਆ। ਏਲਾਨ ਵਿਚ ਲਿਖਿਆ ਗਿਆ ਕਿ "ਅਦਾਲਤਾਂ ਨੇ ਫੈਸਲੇ ਦਿਤੇ ਅਤੇ ਸਰਕਾਰ-ਇਹਨਾਂ ਨਾਲ ਸਹਿਮਤ ਹੈ ਕਿ ਮੀਟਿੰਗਾਂ ਐਕਟ ਦੇ ਮਾਤਹਿਤ ਧਾਰਮਕ ਨਹੀਂ ਸਨ।" ਇਸ ਲਈ ਕੁਛ ਸਿੱਖਾਂ ਨੂੰ ਕਾਨੂੰਨ ਤੋੜਨ ਦੇ ਕਾਰਣ ਫੜ ਲਿਆ ਗਿਆ ਸੀ।

ਪਰ ਅਸਲ ਗੱਲ ਇਹ ਸੀ ਕਿ ਗੌਰਮਿੰਟ ਨੇ ਗਲਤ ਪੈਂਤੜਾ ਲੈ ਕੇ ਸਿੱਖਾਂ ਨਾਲ ਸਿੱਧੀ ਲੜਾਈ ਸ਼ੁਰੂ ਕਰ ਦਿਤੀ ਸੀ। ਧਰਮ ਦੇ ਸਵਾਲ ਤੇ ਸਿੱਧੀ ਲੜਾਈ ਨਾਲ ਉਹਨਾਂ ਦੇ ਵਫਾਦਾਰ ਵੀ ਉਹਨਾਂ ਦੇ ਹੱਥੋਂ ਨਿਕਲਦੇ ਜਾਂਦੇ ਸਨ। ਇਸ ਲਈ 70-ਸਾਲਾ ਦੋਸਤੀ ਅਤੇ ਸਿੱਖ ਕਾਨੂੰਨ ਦੇ ਪੱਕੇ ਰਖਿਅਕ ਹਨ—ਦੀਆਂ ਗੱਲਾਂ ਕਰਨ ਦੇ ਬਾਵਜੂਦ ਗੌਰਮਿੰਟ ਕੁਛ ਕਦਮ ਇਸ ਲਈ ਪਿੱਛੇ ਹੱਟੀ ਸੀ ਕਿ ਨਵਾਂ ਰਾਜਸੀ ਤੇ ਕਾਨੂੰਨੀ ਪੈਤੜਾ ਲੈ ਕੇ ਅਕਾਲੀਆਂ ਦੀ ਜਥੇਬੰਦੀ, ਸਾਹਸ ਤੇ ਏਕੇ ਨੂੰ ਤੋੜਿਆ ਜਾਵੇ ਅਤੇ ਅਕਾਲੀ ਤਹਿਰੀਕ ਨੂੰ ਕੁਚਲ ਦਿਤਾ ਜਾਵੇ।

ਇਹ ਏਕੇ ਤੇ ਜਥੇਬੰਦੀ ਦੇ ਸੰਗਰਾਮ ਦੀ ਕਰਾਮਾਤ ਸੀ ਕਿ ਨਾ-ਪਰਤੀਨਿਧ ਸ਼੍ਰੋਮਣੀ ਕਮੇਟੀ ਪਰਤੀਨਿਧ ਕਮੇਟੀ ਬਣ ਗਈ; ਕਾਨੂੰਨੀ ਅਧਿਕਾਰ ਪਰਾਪਤ ਕਰਨ ਦੀ ਗੱਲ ਖਤਮ ਹੋ ਗਈ। 'ਦੂਜੀਆਂ ਪਾਰਟੀਆਂ' ਅਤੇ 'ਦੂਜੇ ਹਿਤਾਂ' ਦੇ ਨਾਅਰੇ ਬੇਕਾਰ ਹੋ ਗਏ ਅਤੇ ਜਿਸ ਸਰਦਾਰ ਖੜਕ ਸਿੰਘ ਦੇ ਹੱਥ ਕੁੰਜੀਆਂ ਨਾ ਜਾਣ ਦੇਣ ਲਈ ਸਰਕਾਰ ਵਲੋਂ ਕੁੰਜੀਆਂ ਖੋਹੀਆਂ ਗਈਆਂ ਸਨ—ਉਸੇ ਸਰਦਾਰ ਖੜਕ ਸਿੰਘ ਦੇ ਹੱਥ ਉਚੇਚਾ ਜੱਜ ਭੇਜ ਕੇ ਕੁੰਜੀਆਂ ਦੇਣੀਆਂ ਪਈਆਂ।

ਇਸ ਏਲਾਨ ਵਿਚ ਗੱਲ ਸਿਰਫ ਦਰਬਾਰ ਸਾਹਿਬ ਦੀਆਂ ਕੁੰਜੀਆਂ ਦੇਣ ਦੀ ਕੀਤੀ ਗਈ ਸੀ, ਬਾਕੀ ਗੁਰਦੁਆਰਿਆਂ ਦੀ ਨਹੀਂ। ਬਾਕੀ ਗੁਰਦੁਆਰਿਆਂ ਉੱਤੇ ਆਪਣਾ ਵਿੰਗਾ ਅਧਿਕਾਰ ਜਮਾਈ ਰਖਣ ਲਈ ਸਰਕਾਰ ਮਹੰਤਾਂ ਦੀ ਪਿੱਠ ਉਤੇ ਖਲੋ ਕੇ, ਨਿਜੀ ਜਾਏਦਾਦ ਦੀ ਰਖਿਆ ਦੇ ਕਾਨੂੰਨ ਦਾ ਆਸਰਾ ਲੈ ਕੇ ਅਕਾਲੀ ਤਹਿਰੀਕ ਨੂੰ ਕੁਚਲਨ ਦਾ ਪੱਕਾ ਪੈਂਤੜਾ ਲੈ ਰਹੀ ਸੀ। ਇਸ ਏਲਾਨ ਦੇ ਗਹੁ ਨਾਲ ਪੜ੍ਹਨ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਗੁਰਦੁਆਰਿਆਂ ਦੀ ਆਜ਼ਾਦੀ ਦਾ ਪੰਧ ਮੁੱਕਾ ਨਹੀਂ ਸੀ, ਸ਼ੁਰੂ ਹੋਇਆ ਸੀ।

---

[1] The Tribune. Lahore 13. 1. 22

Digitized by Panjab Digital Library | www.panjabdigilib.org

## ਖੰਡ ਦੂਜਾ

# ਗੁਰੂ ਕੇ ਬਾਗ ਦਾ ਮੋਰਚਾ

## ਤਸ਼ੱਦਦ ਦਾ ਤੀਜਾ ਦੌਰ

### 1. ਪੰਡਤ ਦੀਨਾ ਨਾਥ ਦੀ ਰਿਹਾਈ

ਜਦੋਂ 'ਜੇਲੋਂ-ਮੁੜੇ ਪੰਛੀ' ਸ: ਖੜਕ ਸਿੰਘ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਵਾਪਸ ਲਈਆਂ, ਉਸ ਵੇਲੇ ਪੰਡਤ ਦੀਨਾ ਨਾਥ ਦੀ ਰਿਹਾਈ ਦਾ ਇਕਰਾਰ ਲੈ ਲਿਆ ਗਿਆ ਸੀ। ਪਰ ਨਾ ਤਾਂ ਉਸ ਨੂੰ ਰਿਹਾ ਕੀਤਾ ਗਿਆ ਅਤੇ ਨਾ ਹੀ, ਵਧ ਜਾਂ ਘਟ, ਚਾਲੀ ਹੋਰ ਆਦਮੀਆਂ ਨੂੰ ਰਿਹਾ ਕੀਤਾ ਗਿਆ। 193 ਕੈਦੀਆਂ ਵਿਚੋਂ, 150 ਰਿਹਾ ਕੀਤੇ ਗਏ ਸਨ, ਬਾਕੀ ਨਹੀਂ। ਗੌਰਮਿੰਟ ਗੁਰਦੁਆਰਿਆਂ ਵਿਚੋਂ ਆਪਣਾ ਕੁਲ ਦਖਲ ਖਤਮ ਕਰ ਦੇਣ ਸਬੰਧੀ ਕੋਈ ਸਮਝੌਤਾ ਨਹੀਂ ਸੀ ਕਰਨਾ ਚਾਹੁੰਦੀ, ਉਹ ਟਿੰਡ ਵਿਚ ਕਾਨਾ ਪਾਈ ਰਖਣਾ ਚਾਹੁੰਦੀ ਸੀ।

ਸ਼੍ਰੋਮਣੀ ਕਮੇਟੀ, ਖਾਸ ਕਰ, ਪਰਧਾਨ ਖੜਕ ਸਿੰਘ ਲਈ ਇਹ ਅਣਖ ਦਾ ਸਵਾਲ ਬਣ ਗਿਆ ਸੀ ਕਿ ਅਕਾਲੀਆਂ ਨਾਲ ਫੜੇ ਗਏ ਪੰਡਤ ਦੀਨਾ ਨਾਥ ਦੀ ਰਿਹਾਈ ਕਰਾਈ ਜਾਏ। ਡੀ. ਸੀ. ਡੰਨਿਟ ਨੂੰ ਦੋ ਤਿੰਨ ਵਾਰ ਇਸ ਬਾਰੇ ਕਿਹਾ ਗਿਆ, ਪਰ ਪਹਿਲੋਂ ਤਾਂ ਉਹ ਚੁਪ ਰਿਹਾ ਪਿਛੋਂ ਕਹਿਣ ਲਗਾ ਕਿ ਉਹ ਰਿਹਾਈ ਲਈ ਦਰਖਾਸਤ ਦੇਵੇ ਤਾਂ 'ਗੌਰ' ਕੀਤਾ ਜਾਵੇਗਾ। ਇਹ, ਜਾਣ ਬੁਝਕੇ, ਇਕੋ ਕਿਸਮ ਦੇ, ਗਲਤੀ ਨਾਲ ਫੜੇ, ਕੈਦੀਆਂ ਵਿਚ ਵਿਤਕਰਾ ਪਾਉਣਾ ਸੀ, ਸ਼੍ਰੋਮਣੀ ਕਮੇਟੀ ਨੂੰ ਇਹ ਵਿਤਕਰਾ ਮਨਜ਼ੂਰ ਨਹੀਂ ਸੀ।

ਇਸ ਲਈ ਕਮੇਟੀ ਦੇ ਹੁਕਮ ਨਾਲ ਪੰਡਤ ਦੀਨਾ ਨਾਥ ਦੀ ਰਿਹਾਈ ਦਾ ਸੰਗਰਾਮ ਸ਼ੁਰੂ ਹੋ ਗਿਆ। ਕਮੇਟੀ ਨੇ ਪੰਡਤ ਦੀ ਰਿਹਾਈ ਤੋਂ ਪਹਿਲੋਂ ਗੌਰਮਿੰਟ ਨਾਲ ਕੋਈ ਵੀ ਗੱਲ ਕਰਨੀ ਬੰਦ ਕਰ ਦਿਤੀ। ਥਾਂ ਥਾਂ ਜਲਸੇ ਤੇ ਦੀਵਾਨ ਹੋਏ ਜਿਨ੍ਹਾਂ ਵਿਚ ਗੌਰਮਿੰਟ ਦੀ ਵਿਤਕਰੇ-ਭਰੀ ਪਾਲਿਸੀ ਦੀ ਜ਼ੋਰਦਾਰ ਨਿੰਦਿਆ ਕੀਤੀ ਗਈ ਅਤੇ ਪੰਡਤ ਦੀ ਰਿਹਾਈ ਦੇ ਮਤੇ ਪਾਸ ਕੀਤੇ ਗਏ। ਥੋੜੇ ਹੀ ਚਿਰ ਵਿਚ ਮੁਹਿੰਮ ਚੰਗਾ ਜ਼ੋਰ ਫੜ ਗਈ ਅਤੇ ਗੌਰਮਿੰਟ ਨੂੰ ਪੰਡਤ ਦੀ ਰਿਹਾਈ ਦੇ ਹੁਕਮ ਦੇਣੇ ਪਏ।

ਕੁੰਜੀਆਂ ਦੀ ਜਿਤ ਤੇ ਪੰਡਤ ਦੀ ਰਿਹਾਈ ਦੇ ਕਾਰਣ ਅਕਾਲੀਆਂ ਦੇ ਹੌਸਲੇ ਹੋਰ ਵਧ ਗਏ ਸਨ। ਦੂਜੇ ਪਾਸੇ ਪਿੰਡਾਂ ਦੇ ਸਰਕਾਰੀ ਕਾਰਿੰਦਿਆਂ ਵਿਚ ਬਦਦਿਲੀ ਤੇ ਸਾਹਸਹੀਣਤਾ ਲਈ ਰਾਹ ਖੁਲ੍ਹ ਗਿਆ। ਆਪਣੇ ਭਰਾਵਾਂ ਨਾਲੋਂ ਟੁੱਟਕੇ ਉਹਨਾਂ ਨੂੰ ਝੋਲੀਚੁਕ ਤੇ ਸਰਕਾਰ-ਪਰਸਤ ਹੋਣ ਦੇ ਰੋਜ਼ ਤਾਅਨੇ-ਮਿਹਣੇ ਸਹਿਣੇ ਪੈਂਦੇ ਸਨ, ਉਹਨਾਂ ਵਿਚੋਂ ਕੁਛ ਕੁਛ ਦੇ ਜੀਅ ਵਿਚ ਭਰਾਵਾਂ ਨਾਲ ਮਿਲਕੇ ਚਲਣ ਦੇ ਰਾਜ-ਵਿਰੋਧੀ ਖਿਆਲ ਉਗਮ ਆਏ ਅਤੇ ਕੁਛ ਇਕ ਹੌਸਲਾ ਕਰਕੇ ਆਪਣੇ ਅਹੁਦਿਆਂ ਤੋਂ ਦਸਤਬਰਦਾਰ ਹੋਣ ਲਈ ਤਿਆਰ ਵੀ ਹੋ ਗਏ। ਜ਼ੈਲਦਾਰ ਹਰਨਾਮ ਸਿੰਘ ਨੂੰ ਫੜੇ ਜਾਣ ਵੇਲੇ ਤੇ ਕੈਦ ਹੋ ਕੇ ਰਿਹਾ ਹੋਣ ਪਿੱਛੋਂ ਪੰਥ ਵਲੋਂ ਜਿਹੜਾ ਮਾਣ ਸਤਕਾਰ ਪਰਾਪਤ ਹੋਇਆ ਸੀ—ਉਸ ਦਾ ਵੀ ਇਹਨਾਂ ਦੇ ਦਿਲ ਦੀ ਇਸ ਤਬਦੀਲੀ ਵਿਚ ਕੁਛ ਹੱਥ ਹੋਣਾ ਏਂ।

Digitized by Panjab Digital Library | www.panjabdigilib.org

## 2. ਸਥਿਤੀ ਵਿਚ ਤਬਦੀਲੀ

ਮੇਜਰ ਫੈਰਰ ਡੀ. ਸੀ. ਲਾਹੌਰ ਪਿੰਡਾਂ ਤੇ ਦਬਾਅ ਪਾਣ ਲਈ ਆਪਣੇ ਨਾਲ ਚਾਰ ਪੰਜ ਸੌ ਹਥਿਆਰ-ਬੰਦ ਪੁਲਸ ਦੇ ਜਵਾਨ ਲੈ ਕੇ ਗਿਆ ਅਤੇ ਕੁਛ ਪਿੰਡਾਂ ਵਿਚ ਜਾ ਕੇ, ਨੰਬਰਦਾਰਾਂ ਨੂੰ ਬੁਲਾਕੇ ਕਹਿਣ ਲਗਾ : ਆਪਣੇ ਪਿੰਡਾਂ ਵਿਚ ਅਕਾਲੀਆਂ ਦੇ ਦੀਵਾਨ ਨਹੀਂ ਹੋਣ ਦਿਓ। ਉਹਨਾਂ ਨੇ ਅਗੋਂ ਜਵਾਬ ਦਿਤਾ : ਅਸੀਂ ਇਸ ਤਹਿਰੀਕ ਨਾਲ ਖੁਦ ਹਮਦਰਦੀ ਰਖਦੇ ਹਾਂ ਅਤੇ ਇਹਨਾਂ ਨੰਬਰਦਾਰੀਆਂ ਦੇ ਅਹੁਦਿਆਂ ਦੀ ਕੋਈ ਪਰਵਾਹ ਨਹੀਂ ਕਰਦੇ।[1]

ਪਿੰਡਾਂ ਦੇ ਗਰੰਥੀ, ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਰੋਜ਼ ਅਰਦਾਸੇ ਕਰਨ ਲਗ ਪਏ ਸਨ: ਇਸ ਜ਼ਾਲਮ ਗੌਰਮਿੰਟ ਨੂੰ, ਹੇ ਵਾਹਿਗੁਰੂ, ਨਾਸ ਕਰ—ਇਹ ਸਾਡੇ ਧਰਮ ਵਿਚ ਦਖਲ ਦੇ ਰਹੀ ਹੈ। ਗੌਰਮਿੰਟ ਇਹਨਾਂ ਅਰਦਾਸਿਆਂ ਨੂੰ ਵੀ ਰਾਜਸੀ ਸਮਝਦੀ ਸੀ ਅਤੇ ਬੰਦ ਕਰਨਾ ਚਾਹੁੰਦੀ ਸੀ।

ਗੁਰੂ ਕੇ ਬਾਗ (ਘੁਕੇਵਾਲੀ) ਦੀ ਮੱਸਿਆ ਤੇ ਆਗੂਆਂ ਦੀਆਂ ਤਕਰੀਰਾਂ ਪਿੱਛੋਂ ਪਹਿਲੋਂ ਜ਼ੈਲਦਾਰ ਈਸ਼ਰ ਸਿੰਘ ਨੇ ਦੀਵਾਨ ਵਿਚ ਉਠਕੇ ਜ਼ੈਲਦਾਰੀ ਤੋਂ ਅਸਤੀਫਾ ਦੇਣ ਦਾ ਏਲਾਨ ਕਰ ਦਿਤਾ ਅਤੇ ਪਿੱਛੋਂ ਆਸਾ ਸਿੰਘ ਲਸ਼ਕਰੀ ਨੰਗਲ ਨੇ ਸੁਫੈਦਪੋਸ਼ੀ ਦਾ ਜੂਲਾ ਲਾਹੁਣ ਦਾ ਏਲਾਨ ਕਰ ਦਿਤਾ। ਕੁਛ ਦਿਨਾਂ ਪਿੱਛੋਂ ਬੱਲ ਕਲਾਂ ਦੇ ਦੋਂਹ ਨੰਬਰਦਾਰਾਂ ਨੇ ਪਿੰਡ ਦੇ ਜਲਸੇ ਪਿੱਛੋਂ ਆਪਣੀਆਂ ਨੰਬਰਦਾਰੀਆਂ ਤਿਆਗ ਦਿਤੀਆਂ।[2] ਪਿੰਡਾਂ ਵਿਚ ਗੌਰਮਿੰਟ ਦੀ ਰਾਜ-ਮਸ਼ੀਨਰੀ ਨੂੰ ਢਾਹ ਲਗਣੀ ਸ਼ੁਰੂ ਹੋ ਗਈ। ਗੌਰਮਿੰਟ ਵਾਸਤੇ ਇਹ ਬੜੀ ਗੰਭੀਰ ਗੱਲ ਸੀ। ਇਸ ਢਾਹ ਨੂੰ ਸਰਕਾਰੀ ਡਿਠ ਵਿਚ ਤਸ਼ਦਦ ਵਰਤਕੇ ਹੀ ਰੋਕਿਆ ਜਾ ਸਕਦਾ ਸੀ। ਇਸ ਲਈ ਅਕਾਲੀ ਤਹਿਰੀਕ ਦੇ ਕੁਚਲਣ ਲਈ ਭਿਆਨਕ ਨਕਸ਼ੇ ਖਿਚੇ ਗਏ ਅਤੇ ਪੇਸ਼ ਕੀਤਾ ਗਿਆ ਕਿ ਜੇ ਹੁਣੇ ਹੀ ਇਸ ਤਹਿਰੀਕ ਨੂੰ ਨਾ ਕੁਚਲਿਆ ਗਿਆ ਤਾਂ "ਹਾਲਤ 1919 ਦੇ ਸ਼ੁਰੂ ਨਾਲੋਂ ਵੀ ਭੈੜੀ ਹੋ ਜਾਣ ਦੇ ਕਾਰਣ, ਕਿਸੇ ਵੇਲੇ ਵੀ ਗੜਬੜ ਵਾਪਰ ਸਕਦੀ ਹੈ।"[3]

## 3. ਗਲਤ ਮੁਲ-ਅੰਗਣ

ਸੀ.ਆਈ.ਡੀ. ਦੀਆਂ ਰਿਪੋਰਟਾਂ ਅੱਤ-ਕਥਨੀ ਤੇ ਵਧੌੜ ਦੀਆਂ ਹੱਦਾਂ ਛੋਹ ਰਹੀਆਂ ਸਨ: "ਸਿੱਖ ਐਜੀਟੇਟਰ, ਅਸਲ ਵਿਚ, ਇਨਕਲਾਬ ਲਈ ਕੰਮ ਕਰ ਰਹੇ ਹਨ ;" "ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਤੇ ਸਿਵਲ ਨਾ ਫਰਮਾਨੀ ਦੇ ਪਿੱਛੇ ਲਗ ਤੁਰੇ ਹਨ, ਪਰ ਉਹ ਬਾਹਲਾ ਚਿਰ ਸ਼ਾਤਮਈ ਨਹੀਂ ਰਹਿਣਗੇ,......ਉਹ ਓਨੇ ਚਿਰ ਤਕ ਦਾ ਹੀ ਇੰਤਜ਼ਾਰ ਕਰ ਰਹੇ ਹਨ ਜਿਨੇ ਚਿਰ ਤਕ ਸਿੱਖ ਜਨਤਾ ਤਿਆਰ ਨਹੀਂ ਹੋ ਜਾਂਦੀ ਅਤੇ ਸਿੱਖ ਤੁਰਪ (ਫੌਜ) ਕਾਫੀ ਪਰਭਾਵਿਤ ਨਹੀਂ ਹੋ ਜਾਂਦੇ। ਅਤੇ ਜਦੋਂ ਉਹ ਪੜਾਅ ਪਹੁੰਚ ਗਿਆ ਤਾਂ ਤਸ਼ੱਦਦ ਖੁਲ੍ਹੇ ਇਨਕਲਾਬ ਦੀ ਸ਼ਕਲ ਵਿਚ ਸ਼ੁਰੂ ਕਰ ਦਿਤਾ ਜਾਏਗਾ।......

---

[1] ਅਕਾਲੀ 12 ਦਸੰਬਰ 1921.

[2] ਉਪਰੋਕਤ ਮੀਟਿੰਗਾਂ ਵਿਚ ਲੇਖਕ ਨੇ ਤਕਰੀਰਾਂ ਕੀਤੀਆਂ ਸਨ। ਇਹਨਾਂ ਅਹੁਦਿਆਂ ਨੂੰ ਛੁੜਾਨ ਤੇ ਲੇਖਕ ਨੂੰ ਦੋ ਮੁਕੱਦਮਿਆਂ ਵਿਚ ਇਕ ਸਾਲ ਕੈਦ (ਸਖਤ) ਤੇ 400 ਰੁਪਇਆ ਜੁਰਮਾਨੇ ਦੀ ਸਜ਼ਾ ਹੋਈ ਸੀ।

[3] W. H. Vincent : 18. 2. 22.
S. P. O' Donnell : 18. 2. 22.

Digitized by Panjab Digital Library | www.panjabdigilib.org

ਅਕਾਲੀ ਦਲ ਇਨਕਲਾਬੀ ਨਿਸ਼ਾਨਿਆਂ ਲਈ ਜਥੇਬੰਦ ਕੀਤਾ ਜਾ ਰਿਹਾ ਹੈ ਅਤੇ ਇਹ ਅਖੀਰ ਨੂੰ ਬਾਕਾਇਦਾ ਫੌਜ ਦੀ ਸ਼ਕਲ ਧਾਰਨ ਕਰ ਲਏਗਾ ਜਿਸ ਨੂੰ ਠੀਕ ਤਰੀਕੇ ਨਾਲ ਬੰਦੂਕਾਂ ਪਿਸਤੌਲਾਂ ਆਦ ਨਾਲ ਲੈਸ ਕੀਤਾ ਜਾਏਗਾ। ਇਹ ਹਥਿਆਰ ਮਾਸਟਰ ਮੋਤਾ ਸਿੰਘ ਉਹਨਾਂ ਨੂੰ ਮੁਹੱਈਆ ਕਰੇਗਾ ਜਿਹੜੇ ਉਸ ਨੇ ਆਪਣੇ ਬਾਲਸ਼ਿਵਿਕ ਦੋਸਤਾਂ ਤੋਂ ਹਾਸਲ ਕੀਤੇ ਹਨ।"[1]

'ਮੇਰੀਆਂ ਰਿਪੋਰਟਾਂ ਦਸਦੀਆਂ ਹਨ ਕਿ ਸਿੱਖ ਐਜੀਟੇਟਰ ਹਿੰਦੁਸਤਾਨੀ ਫੌਜ ਦੇ ਸਿੱਖਾਂ ਵਿਚ ਐਜੀਟੇਸ਼ਨ ਖੜਨ ਵਿਚ ਕਿਸੇ ਹਦ ਤਕ ਸਫਲ ਹੋਏ ਹਨ ਅਤੇ ਸਿੱਖ ਯੂਨਿਟ ਸ਼੍ਰੋਮਣੀ ਕਮੇਟੀ ਅਮਰਿਤਸਰ ਨਾਲ, ਵਿੰਗੇ ਜਾਂ ਸਿੱਧੇ ਤਰੀਕੇ ਰਾਹੀਂ ਇਕਸਾਰ ਸੰਪਰਕ ਰਖ ਰਹੇ ਹਨ ਅਤੇ ਰਜ-ਮਿੰਟਾਂ ਵਿਚ ਜਿਹੜੇ ਵੀ ਮਸਲੇ ਉਠਦੇ ਹਨ ਉਹਨਾਂ ਬਾਰੇ ਕਮੇਟੀ ਤੋਂ ਸਲਾਹ ਮਸ਼ਵਰਾ ਲੈਂਦੇ ਹਨ, ਵਗੈਰਾ। (7 ਮਾਰਚ ਦੀ ਸੰਤ ਸਿੰਘ ਦੀ ਇਕ ਹੋਰ ਰਿਪੋਰਟ)

ਅਸੀਂ ਅਗੇ ਚਲਕੇ ਅੰਗਰੇਜ਼ ਅਫਸਰਾਂ ਦੀਆਂ ਆਪਣੀਆਂ ਲਿਖਤਾਂ ਪੇਸ਼ ਕਰਕੇ ਸਾਬਤ ਕਰਾਂਗੇ ਕਿ ਇਹ ਸਭ ਝੂਠ ਤੇ ਅਫਵਾਹਾਂ ਦੀ ਰੇਤ ਉਤੇ ਮਹਿਲ ਉਸਾਰੇ ਜਾ ਰਹੇ ਸਨ ਅਤੇ 'ਤਸ਼ੱਦਦ ਰਾਹੀਂ ਇਨਕਲਾਬ ਅਤੇ ਫੌਜ ਵਿਚ ਬਗਾਵਤ ਕਰਾਣ ਦੀਆਂ ਇਹਨਾਂ ਮਨਘੜਤ ਕਹਾ-ਣੀਆਂ ਵਿਚ ਰਤੀ ਭਰ ਵੀ ਸਚਿਆਈ ਨਹੀਂ ਸੀ। ਏਥੇ ਅਸੀਂ ਇਹ ਵੇਖਾਂਗੇ, ਇਹਨਾਂ ਰਿਪੋਰਟਾਂ ਦੇ ਅਧਾਰ ਤੇ ਅੰਗਰੇਜ਼ ਹਾਕਮਾਂ ਨੇ, ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਨਿਪਟਨ ਲਈ ਪਾਲਿਸੀ ਕੀ ਬਣਾਈ ਅਤੇ ਉਸ ਦੇ ਸਿੱਟੇ ਕੀ ਨਿਕਲੇ।

ਦਿੱਲੀ ਦੀ ਸਰਕਾਰ ਗੁਰਦੁਆਰਿਆਂ ਦੀ ਆਜ਼ਾਦੀ ਦੀ ਤਹਿਰੀਕ ਦੇ ਕਾਰਨ ਬੜੀ ਚਿੰਤਾਤੁਰ ਤੇ ਪਰੇਸ਼ਾਨ ਸੀ। ਤਸ਼ੱਦਦ ਦੀ ਮਸ਼ੀਨਰੀ ਵਰਤਣ ਦੇ ਬਾਵਜੂਦ ਅਕਾਲੀ ਤਹਿਰੀਕ ਮੱਠੀ ਨਹੀਂ ਸੀ ਪੈ ਰਹੀ ਸਗੋਂ ਪੈਰੋ ਪੈਰ ਤਿੱਖੀ ਹੋ ਰਹੀ ਸੀ। ਅਕਾਲੀ ਦਲ ਦੇ ਮਿੰਬਰ ਬੜੇ ਵਧਦੇ ਜਾਂਦੇ ਸਨ, ਜਥੇਬੰਦੀ ਵਧੇਰੇ ਮਜ਼ਬੂਤ ਹੁੰਦੀ ਜਾਂਦੀ ਸੀ। ਇਸ ਲਈ ਦਿੱਲੀ ਦੀ ਸਰਕਾਰ ਇਸ ਨੂੰ ਤੋੜਨ ਲਈ ਵਿਉਂਤਾਂ ਤੇ ਗੋਂਦਾਂ ਗੁੰਦ ਰਹੀ ਸੀ। ਗੌਰਮਿੰਟ ਨੇ ਨਿਰਣਾ ਕਰ ਲਿਆ ਸੀ ਕਿ "ਸੰਭਵ ਤੌਰ ਤੇ ਕੋਈ ਵੀ ਰਿਆਇਤਾਂ ਦਿਤੀਆਂ ਜਾਣ, ਅਕਾਲੀ ਸੰਤੁਸ਼ਟ ਨਹੀਂ ਹੋਣ ਲਗੇ"।[2]

ਇਹਨਾਂ ਹਾਲਾਤ ਵਿਚ "ਨਰਮ-ਖਿਆਲ ਤੇ ਵਫਾਦਾਰ ਸਿੱਖਾਂ ਨੇ ਅਮਰਿਤਸਰ ਤੋਂ ਦੋ ਅਖਬਾਰ ਕਢਣ ਲਈ ਸਿੰਡੀਕੇਟ ਕਾਇਮ ਕੀਤਾ—ਪੰਜਾਬੀ ਵਿਚ ਰੋਜ਼ਾਨਾ ਖਾਲਸਾ ਅਤੇ ਅੰਗਰੇਜ਼ੀ ਵਿਚ ਹਫਤੇਵਾਰ ਨਿਊ ਈਰਾ (ਨਵਾਂ ਯੁਗ)। ਇਹਨਾਂ ਦੇ ਪਰਬੰਧ ਲਈ ਪਰਿੰਸੀਪਲ ਜੋਧ ਸਿੰਘ ਨੂੰ ਇਨਚਾਰਜ ਬਣਾਇਆ ਗਿਆ ਹੈ। ਇਹਨਾਂ ਨੂੰ ਛੇਤੀ ਹੀ ਸ਼ੁਰੂ ਕੀਤਾ ਜਾਏਗਾ।" (ਸੀ. ਕੇਅ : 20.1.22) ਗੌਰਮਿੰਟ ਦੀ ਦਿਲਚਸਪੀ ਬੜੀ ਅਰਥ-ਭਰਪੂਰ ਹੈ। ਉਹਨਾਂ ਦਿਨਾਂ ਵਿਚ ਆਮ ਚਰਚਾ ਸੀ ਕਿ ਵਫਾਦਾਰੀ ਕਾਇਮ ਰੱਖਣ ਲਈ ਇਸ ਕਾਰਜ ਵਿਚ ਗੌਰਮਿੰਟ ਖੁਲ੍ਹੀ ਮਦਦ ਕਰ ਰਹੀ ਹੈ।

ਸਰਕਾਰ ਨੂੰ ਫਿਕਰ ਇਸ ਲਈ ਵੀ ਸੀ ਕਿ ਇਕ ਤਾਂ ਸ਼ਹਿਜ਼ਾਦਾ ਵੇਲਜ਼ ਫਰਵਰੀ ਦੇ ਚੌਥੇ ਹਫਤੇ ਲਾਹੌਰ ਆ ਰਿਹਾ ਸੀ ਅਤੇ ਦੂਜੇ ਨਾਰਥ ਵੈਸਟਰਨ ਰੇਲਵੇ ਦੀ ਹੜਤਾਲ ਦੀ

[1] ਸੰਤ ਸਿੰਘ ਡੀ. ਐਸ. ਪੀ. ਦੀ ਰਿਪੋਰਟ 7-3-22.

[2] File no. 18-18 Feb. 1922, Home-poll.

Digitized by Panjab Digital Library | www.panjabdigilib.org

ਚਰਚਾ ਹੋ ਰਹੀ ਸੀ । ਸਰਕਾਰ ਚਾਹੁੰਦੀ ਸੀ ਕਿ ਸ਼ਹਿਜ਼ਾਦੇ ਦਾ ਸੁਆਗਤ ਹਰ ਥਾਂ ਸ਼ਾਨਦਾਰ ਤੇ ਬੇਮਿਸਾਲ ਹੋਵੇ ਪਰ ਕਾਂਗਰਸ, ਖਿਲਾਫਤ ਤੇ ਅਕਾਲੀ ਤਹਿਰੀਕ ਇਸ ਨੂੰ ਨਾਕਾਮ ਕਰਨ ਲਈ ਬਾਨ੍ਹਣੂ ਬੰਨ੍ਹ ਰਹੀਆਂ ਸਨ ਅਤੇ ਇਹਨਾਂ ਵਿਚੋਂ ਅਕਾਲੀ ਤਹਿਰੀਕ ਪੰਜਾਬ ਵਿਚ ਵਧੇਰੇ ਬਲਵਾਨ ਹੋਣ ਕਰਕੇ ਸਰਕਾਰ ਦੀ ਸਿਰਦਰਦੀ ਦਾ ਖਾਸ ਕਾਰਣ ਬਣੀ ਹੋਈ ਸੀ ।

ਕੇਂਦਰੀ ਸਰਕਾਰ ਦੀ ਸਕੱਤਰੇਤ ਦੇ ਨੌਕਰਸ਼ਾਹ ਪੰਜਾਬ ਸਰਕਾਰ ਦੇ ਅਫਸਰਾਂ ਦੀ ਅਕਾਲੀਆਂ ਨਾਲ ਨਜਿੱਠਣ ਦੀ ਪਾਲਿਸੀ ਨਾਲ ਸੰਤੁਸ਼ਟ ਨਹੀਂ ਸਨ । ਉਹ ਕੋਈ 'ਹੁਕਮ ਨਹੀਂ ਚਾੜ੍ਹਨਾ' ਚਾਹੁੰਦੇ ਸਨ । ਪਰ ਉਹਨਾਂ ਦੇ ਵਿਚਾਰ ਇਹ ਸਨ ਕਿ "ਪੰਜਾਬ ਸਰਕਾਰ ਕੋਲ ਇਸ ਤੋਂ ਛੁਟ ਕੋਈ ਪਾਲਸੀ ਨਹੀਂ ਕਿ ਫਸਲਾਂ ਤਕ ਮੁਸ਼ਕਲ ਤੇ ਅਬੂਰ ਹਾਸਲ ਕਰ ਲਿਆ ਜਾਵੇ । ਪਰ ਉਸ ਵੇਲੇ ਤਹਿਰੀਕ ਬਹੁਤ ਮਜ਼ਬੂਤ ਹੋਵੇਗੀ ਅਤੇ ਮੌਸਮ ਘਟ ਸੁਖਾਵਾਂ......ਸਿੱਖ ਤਹਿਰੀਕ, ਮੇਰੀ ਜਾਣਕਾਰੀ ਅਨੁਸਾਰ, ਪਹਿਲੋਂ ਹੀ ਰਜਮਿੰਟਾਂ ਵਿਚ ਅਸਰ ਕਰ ਗਈ ਹੈ ਅਤੇ ਮੈਂ ਤਾਂ ਇਸ ਤੋਂ ਛੁਟ ਕੋਈ ਚਾਰਾ ਨਹੀਂ ਵੇਖਦਾ ਕਿ ਅਕਾਲੀ ਦਲ ਨੂੰ ਖਿਲਾਫ ਕਾਨੂੰਨ ਕਰਾਰ ਦਿਤਾ ਜਾਵੇ ਅਤੇ ਮੀਟਿੰਗਾਂ ਨੂੰ, ਤਸ਼ੱਦਦ ਦੀ ਵਰਤੋਂ ਕਰਕੇ, ਛਿੰਨ-ਭਿੰਨ ਕਰ ਦਿਤਾ ਜਾਵੇ ਅਤੇ ਨਾਲ ਹੀ ਸਿੱਖ ਆਗੂਆਂ ਉਤੇ ਮੁਕਦਮੇ ਚਲਾਏ ਜਾਣ । ਤਹਿਰੀਕ ਹੁਣ ਧਾਰਮਕ ਨਹੀਂ ਰਹੀ । ਰਾਜਸੀ ਬਣ ਗਈ ਹੈ ।"[1]

ਗਵਰਨਰ ਅਤੇ ਮੀਆਂ ਮੁਹੰਮਦ ਸ਼ਫੀ ਵੀ ਹਾਲਤ ਤੇ ਵਿਚਾਰ ਕਰਨਾ ਚਾਹੁੰਦੇ ਸਨ । ਕਿਉਂਕਿ ਸਿੱਖ ਜ਼ਿਲਿਆਂ ਵਿਚ ਖਾਸ ਕਰ ਸਥਿਤੀ ਬੜੀ ਗੰਭੀਰ ਹੋ ਗਈ ਸੀ । ਪਰ ਕੇਂਦਰ ਦੇ ਅਫਸਰ ਇਸ "ਸੁਰੰਗ" ਨੂੰ ਛੇਤੀ ਤੋਂ ਛੇਤੀ ਫਟਾ ਦੇਣ ਦੇ ਹਕ ਵਿਚ ਸਨ । ਕਿਉਂਕਿ ਉਹਨਾਂ ਦੀ ਰਾਏ ਵਿਚ ਸਿੱਖ ਰਜਮਿੰਟਾਂ ਵਿਚ 'ਬਗਾਵਤ ਦੀਆਂ ਅਲਾਮਤਾਂ' ਨਜ਼ਰ ਆਉਣ ਲਗ ਪਈਆਂ ਸਨ । "ਇਸ ਲਈ ਮੈਂ ਦੋ ਰਜਮਿੰਟਾਂ ਜਲੰਧਰ ਵਿਚੋਂ ਕਢ ਕੇ ਕਿਤੇ ਹੋਰਥੇ ਘੱਲ ਦਿਤੀਆਂ ਹਨ ।"[2]

## 4. ਤਹਿਰੀਕ ਨੂੰ ਦਬਾਣ ਲਈ ਹਦਾਇਤਾਂ

ਗੌਰਮਿੰਟ ਕੁੰਜੀਆਂ ਦੇ ਫੈਸਲੇ ਪਿਛੋਂ, ਅਕਾਲੀ ਤਹਿਰੀਕ ਨੂੰ ਕੁਚਲਣ ਦੀ ਪਾਲਿਸੀ ਉਤੇ ਵਧੇਰੇ ਦਿਰੜ ਹੋ ਗਈ ਸੀ । ਉਹ ਗੁਰਦੁਆਰਾ ਆਜ਼ਾਦੀ ਦੀ ਤਹਿਰੀਕ ਨੂੰ 'ਰਾਜਸੀ ਲਹਿਰ' ਆਖ ਆਖ ਲਗਾਤਾਰ ਭੰਡ ਰਹੀ ਸੀ । ਇਹ ਪਾਲਿਸੀ ਦੋ-ਰੁਖੀ ਸੀ । ਇੱਕ ਇਹ : ਗੁਰਦੁਆਰਾ ਤਹਿਰੀਕ ਨਾਲ ਮੋਮੋਠਗਣੀਆਂ ਗੱਲਾਂ ਰਾਹੀਂ ਅਤੇ ਨਗੂਣੀਆਂ ਰਿਆਇਤਾਂ ਦੇ ਕੇ ਹਮਦਰਦੀ ਪਰਗਟ ਕੀਤੀ ਜਾਵੇ, ਤੇ ਇਸ ਤਰ੍ਹਾਂ ਵਫਾਦਾਰਾਂ ਤੇ ਬੇਪਖਾਂ ਨੂੰ ਤਹਿਰੀਕ ਵਿਚ ਸ਼ਾਮਲ ਹੋਣੋਂ ਰੋਕਿਆ ਜਾਏ ਅਤੇ ਦੂਜੇ ਇਹ ਕਿ ਇਸ ਤੇ 'ਰਾਜਸੀ ਲਹਿਰ' ਹੋਣ ਦਾ ਇਲਜ਼ਾਮ ਲਾ ਕੇ ਇਸ ਉਤੇ ਭਰਪੂਰ ਤਸ਼ੱਦਦ ਦਾ ਹਮਲਾ ਕੀਤਾ ਜਾਵੇ ।

ਇਸ ਹਮਲੇ ਲਈ ਪਹਿਲੋਂ ਡਿਪਟੀ ਕਮਿਸ਼ਨਰਾਂ ਤੇ ਸਰਕਾਰੀ ਮਸ਼ੀਨਰੀ ਨੂੰ ਚੰਗੀ ਤਰ੍ਹਾਂ ਤਿਆਰ ਕਰਨਾ ਜ਼ਰੂਰੀ ਸੀ ਤਾਂ ਜੋ ਹਮਲਾ ਪੂਰੀ ਤਰ੍ਹਾਂ ਆਪਣੇ ਨਿਸ਼ਾਨਿਆਂ ਵਿਚ ਸਫਲ ਹੋਵੇ ਅਤੇ ਕਿਸੇ ਸਿੱਖ ਬਹੁ-ਗਿਣਤ ਜ਼ਿਲੇ ਵਿਚ ਅਫਸਰ ਕਿਸੇ ਤਰ੍ਹਾਂ ਦੀ ਢਿਲ, ਕੋਤਾਹੀ ਜਾਂ ਹਿਚ-ਕਚਾਹਟ ਨਾ ਵਿਖਾ ਸਕਣ । ਤਹਿਰੀਕ ਨੂੰ ਕੁਚਲਣ ਲਈ ਸਾਰੀ ਸਰਕਾਰੀ ਮਸ਼ੀਨਰੀ ਨੂੰ

[1] W. H. Vincent 18.2.22—S. P. O' Donnell 18.2.22

[2] Rawlinson. 29.2 22.

Digitized by Panjab Digital Library | www.panjabdigilib.org

ਖਬਰਦਾਰ ਤੇ ਹੁਸ਼ਿਆਰ ਕਰਨਾ ਜ਼ਰੂਰੀ ਸੀ । ਇਸ ਮਕਸਦ ਲਈ 23 ਫਰਵਰੀ ਨੂੰ ਡਿਪਟੀ ਕਮਿਸ਼ਨਰਾਂ ਨੂੰ ਬੜੀਆਂ ਸਾਫ ਤੇ ਸਪਸ਼ਟ ਹਦਾਇਤਾਂ ਘਲੀਆਂ ਗਈਆਂ ਜਿਨ੍ਹਾਂ ਦਾ ਸਾਰ ਇਹ ਸੀ :

ਸਿੱਖਾਂ ਦੀਆਂ ਰਿਹਾਈਆਂ ਨੂੰ ਗਲਤ ਸਮਝਿਆ ਗਿਆ ਹੈ । ਕਾਨੂੰਨ ਲਾਗੂ ਕਰਕੇ ਸਿੱਖਾਂ ਦੇ 'ਹੋਸ਼ ਠਿਕਾਣੇ ਨਾ ਲਿਆਂਦੇ ਗਏ, ਤਾਂ ਗੜਬੜ ਦੀ ਸੰਭਾਵਨਾ ਹੈ । ਕੁਛ ਜ਼ਿਲਿਆਂ ਵਿਚ ਹਾਲਾਤ ਦੇ ਮੁਤਾਬਕ ਕਾਨੂੰਨ ਲਾਗੂ ਨਹੀਂ ਕੀਤਾ ਗਿਆ, ਖਾਸ ਕਰ ਹਥਿਆਰਬੰਦ ਜਥਿਆਂ ਨੂੰ ਸੋਧਣ ਬਾਰੇ । ਕੁਛ ਜਿਲਿਆਂ ਵਿਚ ਪੁਲਸ ਨੇ 'ਗੋਲੀ ਚਲਾਣ' ਤੋਂ ਝਿਜਕ ਵਿਖਾਈ ਹੈ । ਨੀਮ-ਫੌਜੀ ਜਥੇ ਦੀ ਮਾਰਚ ਦੇ ਤੋੜਨ ਲਈ ਗੋਲੀ ਚਲਾਣ ਦੀ ਲੋੜ ਪਵੇ ਤਾਂ ਕਾਨੂੰਨ ਦੇ ਲਾਗੂ ਕਰਨ ਲਈ ਚਲਾਣੀ ਚਾਹੀਦੀ ਹੈ । ਜਿਥੇ ਪੁਲਸ ਨਫਰੀ ਇਸ ਮਕਸਦ ਲਈ ਘਟ ਹੋਵੇ, ਉਸ ਦੀ ਤਾਂਬੜ ਤੋੜ ਰਿਪੋਰਟ ਕਰਨੀ ਚਾਹੀਦੀ ਹੈ । ਫੌਜ ਸਿਰਫ ਵਿਖਾਵੇ ਲਈ ਨਹੀਂ ਵਰਤਣੀ ਚਾਹੀਦੀ ਸਗੋਂ ਕਾਨੂੰਨ ਦੇ ਲਾਗੂ ਕਰਨ ਲਈ ਪੁਲਸ ਦੀ ਮਦਦ ਦੇ ਵਸੀਲੇ ਦੇ ਤੌਰ ਤੇ ਵਰਤਨੀ ਚਾਹੀਦੀ ਹੈ । ਇਸ ਪਾਲਿਸੀ ਦਾ ਇਹ ਜ਼ਰੂਰੀ ਨੁਕਤਾ ਹੈ ਕਿ ਹਰ ਕਿਸਮ ਦੀ ਧਮਕੀ ਨੂੰ ਜ਼ੋਰ ਨਾਲ ਦਬਾ ਦਿਤਾਂ ਜਾਵੇ । ਕਿਸੇ ਜਥੇਬੰਦੀ ਨੂੰ ਖਿਲਾਫ ਕਾਨੂੰਨ ਕਰਾਰ ਦੇ ਕੇ ਹੀ ਖਿਲਾਫ ਕਾਨੂੰਨ ਨਹੀਂ ਬਣਾਇਆ ਜਾਂਦਾ । ਜੇ ਉਹ ਤਸ਼ੱਦਦ ਜਾਂ ਧਮਕੀ ਦੀਆਂ ਕਾਰਵਾਈਆਂ ਨੂੰ ਹਲਾਸ਼ੇਰੀ ਦੇਂਦੀ ਹੈ, ਜੇ ਉਸ ਦੇ ਮਿੰਬਰ ਸੁਭਾਵਕ ਤੌਰ ਤੇ ਏਹੋ ਜੇਹੀਆਂ ਕਾਰਵਾਈਆਂ ਕਰਦੇ ਹਨ ਤਾਂ ਉਸਨੂੰ ਖਿਲਾਫ ਕਾਨੂੰਨ ਜਥੇ-ਬੰਦੀ ਵਾਂਗ ਹੀ ਸਮਝਣਾ ਚਾਹੀਦਾ ਹੈ ।

ਅਤੇ ਜਦੋਂ ਕਿਸੇ ਗੁਰਦੁਆਰੇ ਉਤੇ ਤਾਕਤ ਜਾਂ ਧਮਕੀ ਨਾਲ ਕਬਜ਼ਾ ਕਰ ਲਿਆ ਜਾਂਦਾ ਹੈ ਤਾਂ ਇਹ ਕਬਜ਼ਾ ਕਰਨਾ ਜੁਰਮ ਹੈ । ਇਸ ਵਿਚ ਮੁਦੱਈ ਜਾਂ ਗੱਦੀਦਾਰ ਦੀ ਸ਼ਿਕਾਇਤ ਦਾ ਇੰਤ-ਜ਼ਾਰ ਨਹੀਂ ਕਰਨਾ ਚਾਹੀਦਾ, ਮੁਕੱਦਮਾ ਚਲਾਉਣਾ ਚਾਹੀਦਾ ਹੈ । ਕਿਸੇ ਜਲਸੇ ਵਿਚ ਪੁਲਸ ਰਿਪੋਰਟਰਾਂ ਨੂੰ ਨਹੀਂ ਵੜਨ ਦਿਤਾ ਜਾਂਦਾ ਤਾਂ ਏਹੋ ਜੇਹੀਆਂ ਮੀਟਿੰਗਾਂ ਨਾਲ 'ਫਰਜ਼ ਦੀ ਅਦਾਇਗੀ' ਵਿਚ ਰੋੜਾ ਅਟਕਾਣ ਦੇ ਤੌਰ ਤੇ ਸਲੂਕ ਕਰਨਾ ਚਾਹੀਦਾ ਹੈ । ਧਮਕੀ ਜਾਂ ਤਸ਼ੱਦਦ ਦਾ ਇਲਾਜ, ਘਟੋ ਘਟ, 107 ਦਫਾ ਲਾ ਕੇ ਕਰਨਾ ਚਾਹੀਦਾ ਹੈ । ਵਜ਼ਨਦਾਰ ਗੱਲ ਇਹ ਹੈ ਕਿ ਅਫਸਰਾਂ, ਜ਼ੈਲਦਾਰਾਂ ਅਤੇ ਰਾਜ-ਪਰਬੰਧ ਦੇ ਤਮਾਮ ਹਮਾਇਤੀਆਂ ਨੂੰ ਇਹ ਅਹਿਸਾਸ ਕਰਾ ਦੇਣਾ ਚਾਹੀਦਾ ਹੈ ਕਿ ਗੌਰਮਿੰਟ ਤੁਹਾਡੀ ਪਿੱਠ ਉਤੇ ਹੈ ਅਤੇ ਉਹ ਕਾਨੂੰਨ ਵਲੋਂ ਮੁਹੱਈਆ ਕੀਤੇ ਤਮਾਮ ਹਥਿਆਰ ਧਮਕੀ ਤੇ ਤਸ਼ੱਦਦ ਦੇ ਰੋਕਣ ਲਈ ਵਰਤੇਗੀ । ਕਈ ਪਿੰਡਾਂ ਵਿਚ ਤਾਅਜ਼ੀਰੀ ਚੌਕੀਆਂ ਬਿਠਾਣ ਦੀ ਲੋੜ ਪਏਗੀ ਕਿਉਂਕਿ ਉਹਨਾਂ ਵਿਚ ਜਾਂ ਤਾਂ ਵਫਾਦਾਰਾਂ ਨੂੰ ਧਮਕੀਆਂ ਦਿਤੀਆਂ ਜਾਂਦੀਆਂ ਹਨ ਜਾਂ ਬਗਾਵਤੀ ਤੇ ਤਸ਼ੱਦਦ-ਰਲੀਆਂ ਤਕਰੀਰਾਂ ਕੀਤੀਆਂ ਜਾਂਦੀਆਂ ਹਨ । ਮਾਝੇ ਦੇ ਇਕ ਪਿੰਡ ਦੇ ਅਕਾਲੀਆਂ ਨੇ ਇਕ ਫੌਜੀ ਨੂੰ ਧਮਕੀ ਦਿਤੀ ਕਿ ਫੌਜ ਦੀ ਨੌਕਰੀ ਛਡ ਦਿਹ, ਨਹੀਂ ਤਾਂ ਅਸੀਂ ਤੇਰੀ ਇਸਤਰੀ ਨਾਲ ਬੁਰਾ ਸਲੂਕ ਕਰਾਂਗੇ, ਇਹੋ ਜਿਹੇ ਪਿੰਡ ਵਿਚ ਗੌਰਮਿੰਟ ਪੁਲਸ ਚੌਂਕੀ ਬਿਠਾਣ ਲਈ ਸੋਚੇਗੀ ।

ਅਤੇ ਬੇਟਿਕਟੇ ਅਕਾਲੀਆਂ ਨੂੰ ਥਾਂ ਤੇ ਹੀ ਫੜਨਾ ਚਾਹੀਦਾ ਹੈ । ਜੇ ਪੁਲਸ ਘੱਟ ਹੋਵੇ ਤਾਂ ਕਿਸੇ ਅਗਲੇ ਸਟੇਸ਼ਨ ਤੇ ਉਹਨਾਂ ਦੀ ਖਬਰ ਲੈਣੀ ਚਾਹੀਦੀ ਹੈ । ਗਵਰਨਰ ਇਸ ਨੂੰ ਮਹੱਤਤਾ ਦੇਂਦਾ ਹੈ ਕਿ ਰੇਲਵੇ ਸਟੇਸ਼ਨ ਤੇ ਡੱਬੇ ਉਤੇ ਕਬਜ਼ਾ ਕਰਨ ਨਾਲ ਅਕਾਲੀਆਂ ਨੂੰ ਵਕਾਰ ਹਾਸਲ ਹੁੰਦਾ ਹੈ ਅਤੇ ਪੇਂਡੂ ਲੋਕਾਂ ਉਤੇ ਹੁਕਮ ਅਦੂਲੀ ਤੇ ਡਰਾਵੇ ਦਾ ਪਰਭਾਵ ਪੈਂਦਾ ਹੈ । 'ਅਖੀਰ ਵਿਚ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਗੰਭੀਰ ਜੁਰਮ ਬੜਾ ਵਧ ਗਿਆ ਹੈ ।' ਅਤੇ ਨਾਲ ਹੀ ਵੇਖਿਆ ਗਿਆ ਹੈ ਕਿ ਜ਼ਮਾਨਤ ਤੇ ਛੱਡੇ-ਹੋਏ ਬਦਮਾਸ਼ਾਂ ਦੀ ਗਿਣਤੀ ਘਟ ਗਈ ਹੈ । ਰਾਜਸੀ

Digitized by Panjab Digital Library | www.panjabdigilib.org

ਬੇਚੈਨੀ ਨਾਲ ਇਸ ਦਾ ਬੜਾ ਘਣਾ ਸੰਬੰਧ ਹੈ ।.........ਅਕਾਲੀਆਂ ਵਿਚ ਬੜੇ ਆਮ ਮੁਜਰਮ ਹਨ ਅਤੇ ਗੌਰਮਿੰਟ ਡਿਪਟੀ ਕਮਿਸ਼ਨਰਾਂ ਨੂੰ ਜ਼ੋਰ ਨਾਲ ਆਖਣ ਦੀ ਖਾਹਸ਼ ਰਖਦੀ ਹੈ ਕਿ ਦਫਾ 110 ਦੇ ਥੱਲੇ ਬਦਮਾਸ਼ਾਂ ਦੇ ਨਾਮ ਰਜਿਸਟਰ ਨੰਬਰ ਦਸ ਵਿਚ ਦਰਜ ਕਰਨ ਉਤੇ ਜ਼ੋਰ ਦਿਤਾ ਜਾਵੇ ।[1]

6 ਮਾਰਚ ਨੂੰ ਗੌਰਮਿੰਟ ਨੇ 13 ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ "ਅਕਾਲੀ ਰਾਜਸੀ ਤਹਿਰੀਕ" ਦਾ ਖਾਤਮਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ । ਇਹਨਾਂ ਵਿਚ ਲਿਖਿਆ ਕਿ 15 ਅਤੇ 25 ਮਾਰਚ ਵਿਚਕਾਰ ਇਕ ਤਰੀਕ ਮਿਥੀ ਜਾਏਗੀ ਜਿਸ ਤੇ ਗਰਿਫਤਾਰੀਆਂ ਤੇ ਜਥਿਆਂ ਦੇ ਤਿਤਰ-ਬਿਤਰ ਕਰਨ ਦਾ ਕੰਮ ਆਰੰਭਿਆ ਜਾਏਗਾ । ਤਰੀਕ ਪਿੱਛੋਂ ਤਾਰ ਰਾਹੀਂ ਦਸੀ ਜਾਏਗੀ। ਇਹਨਾਂ ਜ਼ਿਲਿਆਂ ਵਿਚ ਆਈ. ਜੀ. ਪੁਲਸ ਘਟੋ ਘਟ ਦੋ ਦੋ ਸੌ ਹੋਰ ਪੁਲਸ ਦੇ ਸਿਪਾਹੀ ਘੱਲੇਗਾ । ਫੌਜ ਭੇਜਣ ਬਾਰੇ ਪਿੱਛੋਂ ਇਤਲਾਹ ਦਿਤੀ ਜਾਵੇਗੀ, ਇਹ ਪਰਬੰਧ ਸਾਰੇ ਜ਼ਿਲਿਆਂ ਵਿਚ ਘਟ ਜਾਂ ਵੱਧ, ਇਕੋ ਵਕਤ ਕੀਤਾ ਜਾਏਗਾ । ਇਹ ਸਮਝਣਾ ਚਾਹੀਦਾ ਹੈ ਕਿ ਅਕਾਲੀ ਜਥੇ ਅਮਨ ਭੰਗ ਕਰਨ ਵਾਲੇ ਹਨ, ਇਸ ਲਈ ਉਹਨਾਂ ਨਾਲ ਇਸ ਮੁਤਾਬਕ ਹੀ ਸਲੂਕ ਕਰਨਾ ਚਾਹੀਦਾ ਹੈ ! ਸਿੱਖ ਰਿਆਸਤਾਂ ਤੇ ਬਿਲਾਸਪੁਰ ਦੀ ਵੀ ਮਿਲਵਰਤਨ ਹਾਸਲ ਕਰ ਲਈ ਗਈ ਹੈ । ਹਰ ਇਕ ਡੀ. ਸੀ. ਕਮਿਸ਼ਨਰ ਨਾਲ ਮਿਲਕੇ ਆਪਣੀ ਆਪਣੀ ਪਲਾਨ ਬਣਾਏਗਾ, ਤਾਂ ਜੋ ਨੀਅਤ ਤਰੀਕ ਤੇ ਮੋਹਰਲੇ ਕਸੂਰਵਾਰਾਂ ਨੂੰ ਫੜਿਆ ਜਾਏ, ਜਥਿਆਂ ਨੂੰ ਖਿੰਡਾਇ ਆ ਜਾਵੇ ਅਤੇ ਵਰਤਮਾਨ ਕਾਨੂੰਨ ਨੂੰ ਲਾਗੂ ਕੀਤਾ ਜਾਵੇ । ਗੁਰਦੁਆਰਿਆਂ ਉਤੇ ਕਬਜ਼ਾ ਕਰਨ ਵਾਲੇ ਅਕਾਲੀਆਂ ਦੇ ਮੁਕੱਦਮੇ ਰੁਕੇ ਹੋਏ ਹੋਣ, ਤਾਂ ਉਹਨਾਂ ਨੂੰ ਵੀ ਫੜ ਲਿਆ ਜਾਵੇ ।

ਹੋਰ ਜਿਨ੍ਹਾਂ ਨੂੰ ਫੜਨਾ ਹੈ—ਉਹ ਇਹ ਹਨ :

## 5. ਗਰਿਫਤਾਰੀਆਂ

ਖਤਰਨਾਕ ਜਥਿਆਂ ਦੇ ਆਗੂ ਤੇ ਜਥੇਬੰਦੀ ਕਰਨ ਵਾਲੇ; ਉਹ ਅਕਾਲੀ ਜਿਹੜੇ ਕਿਸੇ ਵੀ ਕਿਸਮ ਦੀ ਧਮਕੀ ਜਾਂ ਤਸ਼ੱਦਦ ਦੇ ਕਸੂਰਵਾਰ ਹੋਣ; ਉਹ ਆਦਮੀ ਜਿਨ੍ਹਾਂ ਨੇ ਉਹਨਾਂ ਮੀਟਿੰਗਾਂ ਵਿਚ ਉੱਘਾ ਹਿੱਸਾ ਲਿਆ ਹੋਵੇ ਜਿਥੇ ਤਕਰੀਰਾਂ ਕਾਨੂੰਨ ਦੀ ਹਦ ਥੱਲੇ ਆਉਂਦੀਆਂ ਹੋਣ; ਆਮ ਮੁਜਰਮ, ਖਿਲਾਫ ਕਾਨੂੰਨ ਮਜਮਿਆਂ ਦੇ ਮਿੰਬਰ ਜਿਹੜੇ ਹੁਕਮ ਦੇਣ ਤੇ ਖਿੰਡਰੇ ਨਾ ਹੋਣ, ਜੇ ਕਿਸੇ ਦਫਾ ਥੱਲੇ ਨਾ ਆਉਂਦੇ ਹੋਣ ਤਾਂ 107 ਥਲੇ ਹੀ ਫੜ ਲਏ ਜਾਣ ।

ਅਫਸਰਾਂ ਲਈ ਲਾਜ਼ਮੀ ਹੈ ਕਿ ਘੱਟ ਤੋਂ ਘੱਟ ਤਾਕਤ ਵਰਤਕੇ ਉਤਲੇ ਨਿਸ਼ਾਨੇ ਹਾਸਲ ਕਰਨ ।ਪਰ ਗਵਰਨਰ ਸਾਹਿਬ ਜ਼ੋਰ ਦੇਂਦੇ ਹਨ ਕਿ ਨਿਸ਼ਾਨੇ ਹਾਸਲ ਕਰਠ ਲਈ ਜੇ, ਦੁਰਭਾਗ ਨੂੰ, ਖੂਨ ਵਹਾਉਣਾ ਵੀ ਜ਼ਰੂਰੀ ਹੋਵੇ ਤਾਂ ਵਹਾਇਆ ਜਾਵੇ । ਧਾਰਮਕ ਸਥਾਨਾਂ ਦੀ ਬੇਅਦਬੀ ਤੇ ਮਜ਼ਹਬ ਵਿਚ ਦਖਲ ਤੋਂ ਬਚਿਆ ਜਾਵੇ । ਇਕੋ-ਵਕਤ ਕਾਰਵਾਈ ਕਰਨ ਤੋਂ ਪਹਿਲੋਂ ਗੌਰਮਿੰਟ ਉਰਦੂ ਤੇ ਗੁਰਮੁਖੀ (ਲਿਪੀ) ਵਿਚ ਫੌਜਾਂ ਤੇ ਸਿੱਖ-ਵਸਦੇ ਜ਼ਿਲਿਆਂ ਲਈ ਇਕ ਵਿਆਖਿਅਕ ਏਲਾਨ ਕਢੇਗੀ ਜਿਸ ਵਿਚ ਦਸਿਆ ਜਾਏਗਾ ਕਿ ਇਹ ਕਾਰਵਾਈ ਅਕਾਲੀ ਜਥਿਆਂ ਦੀਆਂ ਸਿਰਫ ਰਾਜਸੀ ਸਰਗਰਮੀਆਂ ਦੇ ਖਿਲਾਫ ਕੀਤੀ ਜਾ ਰਹੀ ਹੈ । ਅਤੇ ਗੁਰਦੁਆਰਿਆਂ ਦਾ ਮਸਲਾ ਹਲ ਕਰਨ ਲਈ ਬੜੇ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ । ਗੌਰਮਿੰਟ, ਹਮੇਸ਼ਾਂ ਵਾਂਗ, ਧਾਰਮਕ ਆਜ਼ਾਦੀਆਂ ਦੀ ਰਖਿਅਕ ਹੈ । ਅਕਾਲੀਆਂ ਦੀਆਂ ਰਾਜਸੀ ਸਰਗਰਮੀਆਂ ਦੀ ਕੋਈ ਵੀ ਅਲਾਮਤ ਜ਼ੋਰ ਨਾਲ ਤੇ

---

[1] Lahore 23th Feb. 1922, From Wilson-Johnston Home-Sec. Punjab, to the Secretary tothe Govt. of India— Home.

Digitized by Panjab Digital Library | www.panjabdigilib.org

ਝਟ ਪਟ ਕੁਚਲ ਦਿਤੀ ਜਾਵੇ ਅਤੇ ਐਡੀਸ਼ਨਲ ਪੁਲਸ ਦੀ ਮਦਦ ਨਾਲ ਮੁੜਕੇ ਇਸ ਨੂੰ ਉਗਮਣ ਨਾ ਦਿਤਾ ਜਾਵੇ ।[1]

6 ਮਾਰਚ ਨੂੰ ਹੀ ਦਿਲੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਕ ਚਿਠੀ ਭੇਜੀ ਜਿਸ ਵਿਚ ਅਕਾਲੀ ਤਹਿਰੀਕ ਬਾਰੇ 'ਗੰਭੀਰ ਚਿੰਤਾ' ਪਰਗਟ ਕੀਤੀ ਗਈ ਸੀ ਅਤੇ ਲਿਖਿਆ ਗਿਆ ਸੀ: ਪਿਛਲਿਆਂ ਦੋਂਹ ਪੰਦਰਵਾੜਿਆਂ ਦੀਆਂ ਰਿਪੋਰਟਾਂ ਜ਼ਾਹਰ ਕਰਦੀਆਂ ਹਨ ਕਿ ਅਕਾਲੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਅਤੇ ਅਕਾਲੀ ਜਥੇ ਪਿੰਡਾਂ ਵਿਚ ਏਧਰ ਓਧਰ ਫੌਜੀ-ਕਤਾਰ ਬੰਦੀ ਮੁਤਾਬਕ ਮਾਰਚ ਕਰਦੇ ਫਿਰਦੇ ਹਨ । ਬਾਹਰ ਤੋਂ ਤਲਵਾਰਾਂ ਮੰਗਵਾ ਲਈਆਂ ਗਈਆਂ ਹਨ ਅਤੇ ਚਾਰ ਚੁਫੇਰੇ ਵੰਡੀਆਂ ਜਾ ਰਹੀਆਂ ਹਨ । ਅਣਗਿਣਤ ਪਿੰਡਾਂ ਵਿਚ ਜਲਸੇ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਸਿੱਖਾਂ ਵਲੋਂ ਤਸ਼ੱਦਦ-ਭਰੀਆਂ ਤਕਰੀਰਾਂ ਕੀਤੀਆਂ ਜਾਂਦੀਆਂ ਹਨ। ਅਕਾਲੀ ਜਥੇ ਰੋਅਬ ਨਾਲ ਰੇਲਵੇ ਅਫਸਰਾਂ ਨੂੰ ਭੈਭੀਤ ਕਰ ਰਹੇ ਹਨ, ਅਤੇ ਉਹਨਾਂ ਨੇ ਕਈਆਂ ਗੁਰਦੁਆ-ਰਿਆਂ ਉਤੇ ਕਬਜ਼ਾ ਕਰ ਲਿਆ ਹੈ । ਕੇਂਦਰੀ ਪੰਜਾਬ ਵਿਚ ਹਾਕਮਾਂ ਦੀ ਹੁਕਮ-ਅਦੂਲੀ ਤੇ ਧਮਕੀ ਦੀ ਮੁਹਿੰਮ ਜਾਰੀ ਹੈ ਅਤੇ ਤਹਿਰੀਕ, ਮੁਖ ਤੌਰ ਤੇ ਰਾਜਸੀ ਤਹਿਰੀਕ ਹੈ ਜਿਹੜੀ ਗੌਰਮਿੰਟ ਨੂੰ ਉਲਟਾਣਾ ਚਾਹੁੰਦੀ ਹੈ ਅਤੇ ਸਿੱਖਾਂ ਲਈ ਜਾ-ਨਸ਼ੀਨੀ ਦਾ ਦਾਅਵਾ ਕਰ ਰਹੀ ਹੈ । ਇਹਨਾਂ ਘਟ-ਨਾਵਾਂ ਦੀ ਗੰਭੀਰਤਾ ਸਿੱਖ ਫੌਜਾਂ ਵਿਚ ਅਸਰ ਪਹੁੰਚਣ ਦੇ ਕਾਰਣ ਬਹੁਤ ਵਧ ਗਈ ਹੈ ।

ਕੇਂਦਰੀ ਸਰਕਾਰ ਇਹ ਗਲ ਸਮਝਦੀ ਹੈ ਕਿ ਸ਼ਾਹਜ਼ਾਦੇ ਦੇ ਸੁਆਗਤ ਕਰਕੇ ਪੁਲਸ ਰੁਝੀ ਰਹੀ ਹੈ । ਪਰ ਹੁਣ ਕਾਰਵਾਈ ਵਡੇ ਪੈਮਾਨੇ ਤੇ ਕੀਤੀ ਜਾਣ ਵਾਲੀ ਹੈ । ਉਸ ਨੂੰ ਭਰੋਸਾ ਹੈ ਇਹ ਕਾਰਵਾਈ ਜ਼ੋਰਦਾਰ ਤੇ ਝਟ ਪਟ ਕੀਤੀ ਜਾਏਗੀ । ਅਕਾਲੀ ਤਹਿਰੀਕ ਨੇ ਹਾਲਤ ਬੜੀ ਗੰਭੀਰ ਤੇ ਖਤਰਨਾਕ ਖਸਲਤ ਦੀ ਪੈਦਾ ਕਰ ਦਿਤੀ ਹੈ । ਹੋਰ ਦੇਰ ਕਰਨ ਦੇ ਨਤੀਜੇ ਬੜੇ ਤਬਾਹ-ਕੁਨ ਹੋ ਸਕਦੇ ਹਨ । ਕੇਂਦਰੀ ਸਰਕਾਰ ਨੂੰ ਛੇਤੀ ਤੋਂ ਛੇਤੀ ਇਤਲਾਹ ਦਿਓ ਕਿ ਇਸ ਕਦਮ ਦਾ ਕੀ ਅਸਰ ਪਿਆ ਹੈ ਅਤੇ ਕਿਸ ਹਦ ਤਕ ਜੱਥੇ ਬੇ-ਹਥਿਆਰ ਕੀਤੇ ਗਏ ਹਨ ।

## 6. ਸੀ. ਆਈ. ਡੀ. ਦੀਆਂ ਰਿਪੋਰਟਾਂ

ਪਿੰਡਾਂ ਦਾ ਵਾਅ ਮੰਡਲ ਅਕਾਲੀ ਤਹਿਰੀਕ ਦੇ ਹਕ ਵਿਚ ਹੁੰਦਾ ਜਾਂਦਾ ਸੀ । ਨਾਮ-ਕਟੇ ਫੌਜੀ ਤੇ ਪਿਨਸ਼ਨੀਏ ਜਥਿਆਂ ਵਿਚ ਭਰਤੀ ਹੁੰਦੇ ਜਾਂਦੇ ਸਨ । ਕਿਤੇ ਕਿਤੇ ਪਿਨਸ਼ਨੀ ਫੌਜੀ ਅਫਸਰ ਵੀ ਅਕਾਲੀ ਤਹਿਰੀਕ ਦੀ ਵਡਿਆਈ ਕਰਨ ਲਗ ਪਏ ਸਨ ਅਤੇ ਗੁਰਦੁਆਰਿਆਂ ਨੂੰ ਸਰਕਾਰੀ ਪੰਜੇ ਤੋਂ ਛੁੜਾਨ ਲਈ ਅਕਾਲੀ ਕੁਰਬਾਨੀਆਂ ਨੂੰ ਸਲਾਹੁਣ ਲਗ ਪਏ ਸਨ । ਪਰ ਕਿਤੇ ਕਿਤੇ ਜਿਥੇ ਪਿਨਸ਼ਨੀ ਫੌਜੀ ਅਕਾਲੀ ਤਹਿਰੀਕ ਦੀ ਵਿਰੋਧਤਾ ਕਰਕੇ ਸਰਕਾਰ ਦੀ ਵਫਾਦਾਰੀ ਜਿਤਾਉਂਦੇ ਸਨ ਅਤੇ ਜਿਸ ਪਿੰਡ ਵਿਚ ਅਕਾਲੀ ਤਹਿਰੀਕ ਬੜੀ ਮਜ਼ਬੂਤ ਸੀ, ਓਥੇ ਉਹਨਾਂ ਨਾਲ ਬੋਲਣਾ ਚਾਲਣਾ ਤੇ ਵਰਤੋਂ ਵਿਹਾਰ ਕਰਨਾ ਘਟਾ ਦਿਤਾ, ਜਾਂ ਬੰਦ ਕਰ ਦਿਤਾ ਜਾਂਦਾ ਸੀ । ਸਰਕਾਰ ਨੂੰ ਇਸ ਸਬੰਧੀ ਬੜੀਆਂ ਵਧਾ ਚੜ੍ਹਾਕੇ ਰਿਪੋਰਟਾਂ ਮਿਲੀਆਂ ਸਨ ਜਿਨ੍ਹਾਂ ਵਿਚ ਦਰਜ ਸੀ ਕਿ ਪਿੰਡਾਂ ਵਿਚ ਕਿਸੇ ਇਜ਼ੱਤਦਾਰ ਲਈ ਰਹਿਣਾ ਅਸੰਭਵ ਹੋ ਗਿਆ ਹੈ । ਵਫਾਦਾਰਾਂ ਦੀ ਬੇਇੱਜ਼ਤੀ ਕੀਤੀ ਜਾਂਦੀ ਹੈ, ਖੂਹਾਂ ਉਤੇ ਚੜ੍ਹਨ ਨਹੀਂ ਦਿਤਾ ਜਾਂਦਾ, ਨਾਈਆਂ ਧੋਬੀਆਂ ਨੂੰ ਕੰਮ ਕਰਨੋਂ ਰੋਕਿਆ ਜਾਂਦਾ ਹੈ— ਉਹਨਾਂ ਦਾ, ਇਕ ਤਰ੍ਹਾਂ, ਘੜਾ ਛੇਕ ਦਿਤਾ ਜਾਂਦਾ ਹੈ; ਵਗੈਰਾ । ਪਰ ਸਰਕਾਰੀ ਅਫਸਰ ਇਹਨਾਂ ਦੋਂਹ ਚਹੁੰ ਘਟਨਾਵਾਂ ਨੂੰ, ਸਧਾਰਣੀ ਕਰਣ ਕਰਕੇ, ਹਰ ਥਾਂ ਲਾਗੂ ਕਰ ਦੇਂਦੇ ਸਨ ਅਤੇ ਅਕਾਲੀ ਤਹਿਰੀਕ

[1] Lahore, 6 th march, 1922—From Wilston-Johnstont o Comissi-nors & Deputy Commissioners—Punjab.

Digitized by Panjab Digital Library | www.panjabdigilib.org

ਨੂੰ ਤਸ਼ੱਦਦ ਦੀ ਵਰਤੋਂ ਬਗੈਰ ਖਤਮ ਕਰਨਾ ਅਸੰਭਵ ਸਮਝਦੇ ਸਨ ।

ਅਤੇ ਰਿਪੋਰਟਾਂ ਵਿਚ ਇਹ ਸ਼ਿਕਾਇਤਾਂ ਵੀ ਦਰਜ ਸਨ ਕਿ ਅਕਾਲੀ ਪਿਨਸ਼ਨੀਆਂ ਤੇ ਫੌਜੀਆਂ ਨੂੰ ਸ਼ਹਿਜ਼ਾਦੇ ਦੇ ਜਸ਼ਨ ਵਿਚ ਹਿੱਸਾ ਲੈਣੋ ਰੋਕ ਰਹੇ ਹਨ । ਅਤੇ ਜਿਥੇ ਵੀ ਪਿਨਸ਼ਨੀਏ ਤੇ ਫੌਜੀ ਜਮ੍ਹਾਂ ਹੁੰਦੇ ਹਨ, ਅਕਾਲੀ ਤੇ ਬਦਮਾਸ਼ ਓਥੇ ਹੀ ਪਹੁੰਚ ਜਾਂਦੇ ਹਨ । ਵਰਤਮਾਨ ਕਾਨੂੰਨ ਵਫਾਦਾਰਾਂ ਦੀ ਰਖਿਆ ਕਰਨ ਅਤੇ ਬਦਮਾਸ਼ਾਂ ਨੂੰ ਭੈਭੀਤ ਕਰਨ ਲਈ ਨਾਕਾਫੀ ਹੈ । ਵਫਾਦਾਰਾਂ ਨੂੰ ਵਧੇਰੇ ਹਿਫਾਜ਼ਤ ਅਤੇ ਭੈੜਿਆਂ ਨੂੰ ਤਾਬੜਤੋੜ ਸਜ਼ਾ ਮਿਲਣੀ ਚਾਹੀਦੀ ਹੈ । ਅਤੇ ਜਿਹੜੇ ਫੌਜੀ ਗੈਰ ਵਫਾਦਾਰ ਹਨ ਉਹਨਾਂ ਦੀਆਂ ਪਿਨਸ਼ਨਾਂ ਬੰਦ ਕਰਨੀਆਂ ਚਾਹੀਦੀਆਂ ਹਨ ।

ਇਹਨਾਂ ਰਿਪੋਰਟਾਂ ਦੇ ਨਤੀਜੇ ਵਜੋਂ ਹੇਠ-ਲਿਖੇ ਤਿੰਨ ਕੰਮ ਕਰਨ ਲਈ ਕਢੇ ਗਏ :

(ੳ) ਅਕਾਲੀ ਪੂਰੀ ਤਰ੍ਹਾਂ ਬੇ-ਹਥਿਆਰ ਕੀਤੇ ਜਾਣ, ਯਾਨੀ ਸਫਾਜੰਗ, ਬਰਛੇ, ਸੋਟੇ ਵਗੈਰਾ ਉਹਨਾਂ ਤੋਂ ਖੋਹ ਲਏ ਜਾਣ,

(ਅ) ਕਾਨੂੰਨ ਸਖਤੀ ਨਾਲ ਲਾਗੂ ਕੀਤਾ ਜਾਵੇ: ਯਾਨੀ ਗੁਰਦੁਆਰਿਆਂ ਉਤੇ ਜਬਰੀ ਕਬਜ਼ੇ ਕਰਨ, ਬੇਟਿਕਟੇ ਰੇਲ ਵਿਚ ਸਫਰ ਕਰਨ ਵਗੈਰਾ ਨੂੰ ਸਖਤੀ ਨਾਲ ਬੰਦ ਕੀਤਾ ਜਾਵੇ ।

(ੲ) ਕਿਰਪਾਨ ਦੀ ਲੰਬਾਈ ਦੀ ਹਦ ਮੁਕਰਰ ਕੀਤੀ ਜਾਵੇ ।

## 7. ਕੇਂਦਰੀ ਦਬਾਅ ਦਾ ਅਸਰ

ਆਖਰ ਕੇਂਦਰੀ ਸਰਕਾਰ ਦੇ ਲਗਾਤਾਰ ਦਬਾਅ ਦਾ ਅਸਰ ਹੋਣਾ ਸੀ, ਸੋ ਹੋਇਆ । 20 ਮਾਰਚ 1922 ਨੂੰ 13 ਸਿੱਖ ਜ਼ਿਲਿਆਂ ਉਤੇ ਪੰਜਾਬ ਸਰਕਾਰ ਨੇ ਹੱਲਾ ਬੋਲ ਦਿਤਾ । ਇਹਨਾਂ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਪਾਸ ਢੇਰ ਸਾਰੀ ਹਥਿਆਰ ਬੰਦ ਪੁਲਸ ਮੌਜੂਦ ਸੀ । ਉਹਨਾਂ ਕੋਲ ਪੁਲਸ ਦੀ ਮਦਦ ਲਈ ਤੁਰਪ ਵੀ ਤਿਆਰ ਸਨ । ਉਹਨਾਂ ਨੂੰ ਹੁਕਮ ਦਿਤੇ ਗਏ ਸਨ ਕਿ ਜਥਿਆਂ ਪਾਸ ਕਿਸੇ ਕਿਸਮ ਦੇ ਵੀ ਹਥਿਆਰ ਹੋਣ, ਖੋਹ ਲਏ ਜਾਣ ਅਤੇ ਉਹਨਾਂ ਨੂੰ ਤਿਤਰ ਬਿਤਰ ਕਰ ਦਿਤਾ ਜਾਏ, ਸਿਰਫ ਕਿਰਪਾਨਾਂ ਰਹਿਣ ਦਿਤੀਆਂ ਜਾਣ ਅਤੇ ਉਹਨਾਂ ਆਦਮੀਆਂ ਨੂੰ ਵੀ ਫੜ ਲਿਆ ਜਾਏ ਜਿਹੜੇ ਫੈਸਲਾ ਕੀਤੇ ਹੁਕਮਾਂ ਦੀ ਉਲੰਘਣਾ ਕਰਕੇ ਕਿਰਪਾਨਾਂ ਲਈ ਫਿਰਦੇ ਸਨ, ਅਤੇ ਗਰਿਫਤਾਰੀਆਂ ਸਿਰਫ ਸਿੱਖਾਂ ਤਕ ਹੀ ਸੀਮਿਤ ਨਹੀਂ ਹੋਣਗੀਆਂ ਸਗੋਂ ਸਭ ਬਾਗੀਆਂ ਨੂੰ ਫੜ ਲਿਆ ਜਾਏਗਾ । (ਐਸ. ਪੀ. ਓਡੋਨਲ 22-3-1922)

ਅਕਾਲੀਆਂ ਦੀਆਂ ਫੇਰ ਧੜਾ ਧੜ ਗਰਿਫਤਾਰੀਆਂ ਸ਼ੁਰੂ ਹੋ ਗਈਆਂ । ਦਹਿਸ਼ਤ ਦਾ ਨਵਾਂ ਤੀਜਾ ਦੌਰ ਆਰੰਭ ਹੋ ਗਿਆ । ਬਹੁਤ ਸਾਰੇ ਅਕਾਲੀ ਫੜ ਲਏ ਗਏ । ਕਿਸੇ ਨੇ ਅੱਗੋਂ 'ਹਥਿਆਰ ਬੰਦ ਟਾਕਰਾ' ਨਹੀਂ ਕੀਤਾ । ਸਰਕਾਰੀ ਹਾਕਮਾਂ ਦਾ ਨਿਰਣਾ ਗਲਤ ਨਿਕਲਿਆ ਕਿ ਅਕਾਲੀ ਜਥੇ ਹਥਿਆਰਬੰਦ ਟਾਕਰਾ ਕਰਨਗੇ; ਉਹਨਾਂ ਕੋਲੋਂ ਸੋਟੇ, ਟਕੂਏ, ਕੰਧਾਲੇ ਬਰਛੇ ਵਗੈਰਾ ਖੋਹ ਲਏ ਗਏ । ਕਈਆਂ ਪਾਸੋਂ ਵਡੀਆਂ ਕਿਰਪਾਨਾਂ ਵੀ ਖੋਹ ਲਈਆਂ ਗਈਆਂ ਅਤੇ ਉਹਨਾਂ ਉਤੇ ਮੁਕੱਦਮੇ ਚਲਾ ਦਿਤੇ ਗਏ । ਦਹਿਸ਼ਤ ਦੇ ਨਤੀਜੇ ਵਜੋਂ ਕੁਛ ਡਰਪੋਕ ਆਦਮੀਆਂ ਨੇ ਆਪਣੀਆਂ ਕਾਲੀਆਂ ਪਗਾਂ ਲਾਹ ਦਿਤੀਆਂ ਹੋਣੀਆਂ ਨੇ । ਅਫਸਰਾਂ ਨੇ ਫੇਰ ਆਪਣੇ ਨਿਰਣੇ ਦੀ ਕਚਿਆਈ ਦਾ ਸਬੂਤ ਦਿਤਾ ਅਤੇ ਨਤੀਜਾ ਕਢ ਲਿਆ ਕਿ ਲਹਿਰ ਕਮਜ਼ੋਰ ਹੋ, ਜਾਂ ਮਰ, ਰਹੀ ਹੈ ।

ਸ਼ਾਹਜ਼ਾਦੇ ਦੇ ਲਾਹੌਰ ਆਉਣ ਦੇ ਮੌਕੇ ਤੇ ਢੇਰ ਸਾਰੇ ਫੌਜੀ ਸਿਖ ਸਰਦਾਰ ਇੱਕਠੇ ਹੋਏ ਸਨ । ਉਹਨਾਂ ਨੇ ਲਿਖਕੇ ਬੇਨਤੀ ਪੱਤਰ ਦਿਤਾ ਕਿ ਧਾਰਮਕ ਮਾਮਲਿਆਂ ਵਿਚ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦਾ ਪਰਤੀਨਿਧ ਮੰਨ ਲਿਆ ਜਾਏ ਅਤੇ ਤਮਾਮ ਸਿੱਖ ਗੁਰਦੁਆਰਿਆਂ ਦਾ ਕੰਟਰੋਲ ਉਸ

Digitized by Panjab Digital Library | www.panjabdigilib.org

ਨੂੰ ਦੇ ਦਿਤਾ ਜਾਵੇ ।[1] ਜਿਸ ਦਾ ਮਤਲਬ ਇਹ ਹੈ ਕਿ ਹੁਣ ਸਰਕਾਰ ਦੀਆਂ ਇੰਜ ਕਥਿਤ 'ਬਿਹਤਰ ਜਮਾਤਾਂ' ਵੀ ਸ਼੍ਰੋਮਣੀ ਕਮੇਟੀ ਦੀ ਹਮਾਇਤ ਕਰਨ ਲਗ ਪਈਆਂ ਸਨ । ਪਰ ਸਰਕਾਰ ਨੇ ਇਸ ਤੋਂ ਵੀ ਨਾ ਹਵਾ ਦਾ ਰੁਖ ਵੇਖਿਆ ਅਤੇ ਨਾ ਕੋਈ ਸਬਕ ਕਢਿਆ ।

## 8. ਗਰਿਫਤਾਰੀਆਂ ਦਾ ਜ਼ਿਲੇਵਾਰ ਵੇਰਵਾ

ਗਰਿਫਤਾਰੀਆਂ ਤੇ ਦਹਿਸ਼ਤ ਦਾ ਚੱਕਰ ਜ਼ੋਰਾਂ ਨਾਲ ਚਲ ਰਿਹਾ ਸੀ । ਗੌਰਮਿੰਟ ਦੀ ਆਪਣੀ ਰਿਪੋਰਟ ਅਨੁਸਾਰ 13 ਜ਼ਿਲਿਆਂ ਵਿਚ ਇਸ ਤਸ਼ੱਦਦ ਦਾ ਬਿਓਰਾ ਇਉਂ ਸੀ :

**ਲਾਹੌਰ** : ਵਿਚ ਡਾਕੇ ਅਤੇ ਖਿਲਾਫ ਕਾਨੂੰਨ ਇੱਕਠ ਦੇ ਜੁਰਮਾਂ ਥੱਲੇ 120 ਆਦਮੀ ਫੜੇ ਗਏ । ਇਹ ਕਾਰਵਾਈ ਉਹਨਾਂ ਪਿੰਡਾਂ ਵਿਚ ਕੀਤੀ ਗਈ ਜਿਥੋਂ ਦੀਆਂ ਪੰਚਾਇਤਾਂ ਲੋਕਾਂ ਨੂੰ ਜਬਰ ਥੱਲੇ ਰਖ ਰਹੀਆਂ ਸਨ । ਹੋਰ ਕਾਰਵਾਈ ਕਰਨ ਲਈ ਸੋਚਿਆ ਜਾ ਰਿਹਾ ਹੈ । ਤਾਅਜ਼ੀਰੀ ਚੌਂਕੀਆਂ ਦੇ ਖਰਚੇ ਅਤੇ ਮਾਮਲਿਆਂ ਦੇ ਬਕਾਏ ਵਸੂਲ ਕਰ ਲਏ ਗਏ ਹਨ । ਆਮ ਅਸਰ ਚੰਗਾ ਪਿਆ ਹੈ ।

**ਗੁਰਦਾਸਪੁਰ** ਵਿਚ ਕੋਈ ਗਰਿਫਤਾਰੀ ਨਹੀਂ ਕੀਤੀ ਗਈ । ਇਕ ਪਿੰਡ ਵਿਚ ਤਾਅਜ਼ੀਰੀ ਚੌਂਕੀ ਬਿਠਾਣ ਲਈ ਤਿਆਰੀ ਕੀਤੀ ਜਾ ਰਹੀ ਹੈ । ਪਿੰਡ ਪਹਿਲੋਂ ਹੀ ਪਸਚਾਤਾਪ ਦੀਆਂ ਅਲਾਮਤਾ ਵਿਖਾ ਰਿਹਾ ਹੈ ।

**ਸਿਆਲਕੋਟ** : ਵਿਚ ਕੁਲ 253 ਅਕਾਲੀ ਤੇ ਹੋਰ ਦੂਜੇ ਫੜ ਲਏ ਗਏ ਸਨ, ਇਹਨਾ ਵਿਚੋਂ 103 ਛਡ ਦਿਤੇ ਗਏ ਹਨ । ਬਾਕੀਆਂ ਤੇ ਮੁਕਦਮੇ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚੋਂ 39 ਉਤੇ ਗੁਰਦੁਆਰਿਆਂ ਉਤੇ ਕਬਜ਼ੇ ਕਰਨ ਦੇ ਕਾਰਣ ਡਾਕੇ ਦੇ ਮੁਕੱਦਮੇ ਚਲਾਏ ਜਾਣਗੇ । ਇਸ ਕਾਰਵਾਈ ਦਾ ਅਸਰ ਚੰਗਾ ਪਿਆ ਹੈ ।

**ਗੁਜਰਾਂਵਾਲਾ** : ਵਿਚ ਉਹਨਾਂ ਆਦਮੀਆਂ ਉਤੇ ਮੁਕਦਮੇ ਚਲਾਏ ਜਾ ਰਹੇ ਹਨ ਜਿਹੜੇ ਸ਼ਾਹਜ਼ਾਦੇ ਨੂੰ ਵੇਖਣ ਤੋਂ ਲੋਕਾਂ ਨੂੰ ਡਕਦੇ ਸਨ । ਏਥੇ ਅਕਾਲੀਆਂ ਵਲੋਂ ਕੋਈ ਸਿਰ-ਕੱਢਵੀਂ ਸਰਗਰਮੀ ਨਹੀਂ ਹੋ ਰਹੀ ।

**ਸ਼ੇਖੂਪੁਰਾ** : ਵਿਚ 20 ਆਦਮੀ ਫੜੇ ਗਏ ਹਨ, ਕੁਝ ਹੋਰ ਗਰਿਫਤਾਰ ਕਰਨ ਲਈ ਸੋਚਿਆ ਜਾ ਰਿਹਾ ਹੈ । ਜ਼ਿਲ੍ਹਾ ਚੁਪਚਾਪ ਹੈ । ਅਸਰ ਚੰਗਾ ਪਿਆ ਹੈ ।

**ਹੁਸ਼ਿਆਰਪੁਰ** : 88 ਆਦਮੀ ਫੜੇ ਗਏ ਹਨ ਜਿਨ੍ਹਾਂ ਵਿਚੋਂ 64 ਬਾਕਾਇਦਾ ਅਕਾਲੀ ਹਨ । ਅਸਰ ਨਿਰੋਆ ਪਿਆ ਹੈ ।

**ਜਲੰਧਰ** : ਗਰਿਫਤਾਰੀਆਂ 126, ਜਿਨ੍ਹਾਂ ਵਿਚ 39 ਅਕਾਲੀਆਂ ਦਾ ਇਕ ਜਥਾ ਵੀ ਸ਼ਾਮਲ ਹੈ, ਜਿਹੜਾ ਤਲਵਾਰਾਂ ਸੂਤੀ ਇਕ ਦੀਵਾਨ ਵਿਚ ਪਹੁੰਚਿਆ । ਉਹਨਾ ਨੂੰ ਮੌਕੇ ਤੇ ਹੀ ਮੁਕੱਦਮਾ ਚਲਾ ਕੇ ਸਜ਼ਾਵਾਂ ਦਿਤੀਆਂ ਗਈਆਂ । ਅਸਰ ਬਹੁਤ ਤਸੱਲੀ-ਬਖਸ਼ । ਕਿਰਪਾਨਾਂ ਅਲੋਪ ਹੋ ਰਹੀਆਂ ਹਨ ਅਤੇ ਕਾਲੀਆਂ ਪੱਗਾਂ ਦਾ ਫੈਸ਼ਨ ਹਟਦਾ ਜਾਂਦਾ ਹੈ । ਵਡੇ ਅਕਾਲੀ ਪਿੰਡ ਅਪਰਸੰਨ ਹਨ ।

**ਲੁਧਿਆਣਾ** : 40 ਅਕਾਲੀ ਫੜ ਲਏ ਗਏ ਹਨ । ਤਾਅਜ਼ੀਰੀ ਕਦਮ ਉਠਾਏ ਜਾ ਰਹੇ ਹਨ । ਅਸਰ ਬਹੁਤ ਹੀ ਨਿਰੋਆ ।

**ਅੰਬਾਲਾ** : 20 ਅਕਾਲੀ ਫੜੇ ਗਏ । ਕਿਰਪਾਨ ਫੈਕਟਰੀਆਂ ਲਈ ਪਿੰਡਾਂ ਤੇ ਛਾਪੇ

[1] H. D. Craik 25. 3. 22.

Digitized by Panjab Digital Library | www.panjabdigilib.org

ਮਾਰੇ ਗਏ ਤਾਅਜ਼ੀਰੀ ਪੁਲਸ ਚੌਕੀਆਂ ਬਿਠਾਣ ਲਈ ਉਤੇ ਤਜਵੀਜ਼ਾਂ ਘਲ ਦਿਤੀਆਂ ਗਈਆਂ ਹਨ। ਹਾਲਤ ਸੁਧਰ ਰਹੀ ਹੈ।

**ਫੀਰੋਜ਼ਪੁਰ** : 61 ਅਕਾਲੀ ਤੇ ਹਮਦਰਦ ਫੜੇ ਗਏ। ਹੋਰ ਗਰਿਫਤਾਰੀਆਂ ਲਈ ਸੋਚਿਆ ਜਾ ਰਿਹਾ ਹੈ। ਇਕ ਗੜਬੜ ਵਾਲੇ ਪਿੰਡ ਵਿਚ ਐਡੀਸ਼ਨਲ ਪੁਲਸ ਬਿਠਾ ਦਿਤੀ ਗਈ ਹੈ। ਅਸਰ ਤਸੱਲੀ-ਬਖਸ਼।

**ਮਿੰਟਗੁਨਰੀ** : ਕੋਈ ਕਾਰਵਾਈ ਨਹੀਂ ਕੀਤੀ। ਅਕਾਲੀਆਂ ਵਲੋਂ ਹਮਲਾ-ਕਰੂ ਸਰਗਰਮੀ ਬੰਦ ਹੋ ਗਈ ਹੈ।

**ਅਮਰਿਤਸਰ** : 11 ਗਰਿਫ਼ਤਾਰੀਆਂ ਬਗਾਵਤੀ ਮੀਟਿੰਗਾਂ ਦੇ ਐਕਟ ਅਧੀਨ ਕੀਤੀਆਂ ਗਈਆਂ ਹਨ। ਇਕ ਪਿੰਡ ਦੀ ਪੰਚਾਇਤ ਦੇ 5 ਮਿੰਬਰ ਫੜ ਲਏ ਗਏ ਹਨ। ਅਸਰ ਚੰਗਾ, ਅਕਾਲੀਆਂ ਦੀਆਂ ਸਰਗਰਮੀਆਂ ਤੇ ਅਸਰ ਇਕਸਾਰ ਘਟ ਹੋ ਰਹੇ ਹਨ।

**ਲਾਇਲਪੁਰ** 94 ਗਰਿਫਤਾਰੀਆਂ, 24 ਨੂੰ ਸਜ਼ਾਵਾਂ ਹੋ ਗਈਆਂ। ਕੁਛ ਲਾਇਸੰਸ ਬਿਨਾ ਕਿਰਪਾਨ ਫੈਕਟਰੀਆਂ ਉਤੇ ਛਾਪੇ ਮਾਰੇ ਗਏ। ਕਾਰਵਾਈ ਅਜੇ ਜਾਰੀ ਹੈ। ਰਿਪੋਰਟ ਮੁਤਾਬਕ ਅਸਰ ਚੰਗਾ ਪਿਆ ਹੈ।[1]

ਗੌਰਮਿੰਟ ਕਠੋਰਤਾ ਨਾਲ ਕਾਨੂੰਨ ਲਾਗੂ ਕਰਨ ਦੀ ਪਾਲਿਸੀ ਉਤੇ ਅਮਲ ਕਰ ਰਹੀ ਸੀ। ਉਸ ਦੀ ਰਾਏ ਵਿਚ ਨਤੀਜੇ ਚੰਗੇ ਨਿਕਲ ਰਹੇ ਸਨ। ਗੌਰਮਿੰਟ ਐਡੀਸ਼ਨਲ ਪੁਲਸ ਨੂੰ ਢੇਰ ਵਕਤ ਤਕ ਇਸ ਕਾਰੇ ਲਾਈ ਰਖਣਾ ਚਾਹੁੰਦੀ ਸੀ ਕਿਉਂਕਿ ਉਹਨੂੰ ਖਤਰਾ ਸੀ ਕਿ ਪੁਲਸ ਤੇ ਫੌਜ ਦਿਆਂ ਹਟਾਂਦਿਆਂ ਹੀ ਜਥੇ ਫੇਰ ਆਪਣੀਆਂ ਬਗਾਵਤੀ ਸਰਗਰਮੀਆਂ ਸ਼ੁਰੂ ਕਰ ਦੇਣਗੇ। ਰਿਪੋਰਟਾਂ ਇਹ ਵੀ ਦਸਦੀਆਂ ਸਨ ਕਿ ਛਾਪਿਆਂ ਤੇ ਗਰਿਫਤਾਰੀਆਂ ਦਾ ਅਨ-ਅਕਾਲੀ ਐਜੀਟੇਟਰਾਂ ਤੇ ਅਸਰ ਆਮ ਤੌਰ ਤੇ ਚੰਗਾ ਪਿਆ। ਪਰ ਅਕਾਲੀਆਂ ਨੇ ਮੂੰਹ ਸੁਜਾਏ ਹੋਏ ਸਨ। ਗੌਰਮਿੰਟ ਇਸ ਫੜੋਫੜੀ ਦੀ ਮੁਹਿੰਮ ਨੂੰ ਜ਼ੋਰ ਨਾਲ ਤੇ ਲਗਾਤਾਰ ਜਾਰੀ ਰੱਖਣ ਲਈ ਹਦਾਇਤਾਂ ਦੇ ਰਹੀ ਸੀ।

11 ਅਪਰੈਲ ਦੀ ਹਫਤੇਵਾਰ ਰਿਪੋਰਟ ਦਸਦੀ ਸੀ : ਲਾਹੌਰ ਵਿਚ ਦੋ ਹੋਰ ਪੰਚਾਇਤਾਂ ਦਾ ਮਕੂ ਬੰਨ੍ਹ ਦਿਤਾ ਗਿਆ ਹੈ। ਹੋਰ ਪੰਚਾਇਤਾਂ ਹੁਣ ਠਰੰਮੇ ਤੋਂ ਕੰਮ ਲੈ ਰਹੀਆਂ ਹਨ। ਸਿਆਲਕੋਟ ਵਿਚ ਸ: ਖੜਕ ਸਿੰਘ, ਪਰਧਾਨ ਸ਼੍ਰੋਮਣੀ ਕਮੇਟੀ ਨੂੰ ਕਿਰਪਾਨ ਫੈਕਟਰੀ ਚਲਾਣ ਦੇ ਕਾਰਣ ਇਕ ਸਾਲ ਸਖਤ ਕੈਦ ਦੀ ਸਜ਼ਾ ਦਿਤੀ ਗਈ ਹੈ। 79 ਆਦਮੀਆਂ ਉਤੇ ਮੁਕੱਦਮੇ ਚਲਣ ਵਾਲੇ ਹਨ। ਗੁਜਰਾਂਵਾਲੇ ਵਿਚ ਇਕ ਮੁਕਦਮਾ ਦਫਾ 124 ਏ. (ਬਗਾਵਤ) ਥਲੇ ਚਲਾਇਆ ਗਿਆ ਹੈ। ਸ਼ੇਖੂਪੁਰ ਵਿਚ 3 ਮੁਕਦਮੇ 124 ਏ. ਅਧੀਨ ਚਲਾਣ ਲਈ ਉਤੇ ਘਲੇ ਗਏ ਹਨ। ਹੁਸ਼ਿਆਰਪੁਰ ਵਿਚ ਗਰਿਫਤਾਰੀਆਂ ਦੀ ਗਿਣਤੀ 130 ਹੋ ਗਈ ਹੈ। ਕੁਛ ਆਦਮੀ ਭਗੌੜੇ ਹਨ, ਜਿਹਨਾਂ ਦੇ ਫੜਨ ਲਈ ਯਤਨ ਹੋ ਰਹੇ ਹਨ। ਮੁਕਾਬਲਾ ਕਿਤੇ ਨਹੀਂ ਹੋਇਆ। ਜਲੰਧਰ ਵਿਚ ਸਿਰਫ ਭਗੌੜਿਆਂ ਦੇ ਫੜਨ ਲਈ ਹੀ ਕਾਰਵਾਈ ਹੋ ਰਹੀ ਹੈ। ਇਕ ਭਗੌੜਾ ਹਰੀ ਸਿੰਘ ਪਿੰਡ ਬਿਲੋਵਾ ਘੋੜੇ ਤੇ ਚੜ੍ਹਕੇ ਨੂਰ ਮਹਿਲ ਦੇ ਥਾਣੇ ਵਿਚ, ਇਕ ਵਡੇ ਜਲੂਸ ਨਾਲ ਗਰਿਫਤਾਰੀ ਦੇਣ ਆਇਆ ਸੀ। ਪੁਲਸ ਨੇ ਸਖਤੀ ਵਰਤਕੇ ਜਲੂਸ ਨੂੰ ਖਿੰਡਾ-ਪੁੰਡਾ ਦਿਤਾ ਅਤੇ ਆਦਮੀ ਗ੍ਰਿਫ਼ਤਾਰ ਕਰ ਲਿਆ। ਜੰਡਿਆਲੇ ਵਿਚ ਪੁਲਸ ਦੀ ਤਾਅਜ਼ੀਰੀ ਚੌਂਕੀ ਬਿਠਾਣ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਇਸ ਪਿੰਡ ਵਿਚ ਬਾਹਲੇ ਬਦੇਸ਼ਾਂ ਤੋਂ ਵਾਪਸ ਆਏ ਵਸਦੇ ਹਨ। ਪਿੰਡ ਗੜਬੜ ਪੈਦਾ

[1] Weekly Report : from Home secretary Wilson Johnston to Deputy secretary Mr. C. W. Gwynne—Lahore the 4th April 1922.

Digitized by Panjab Digital Library | www.panjabdigilib.org

ਕਰਨ ਵਲ ਝੁਕਾਅ ਰਖਦਾ ਹੈ, ਲੁਧਿਆਣੇ ਵਿਚ 10 ਹੋਰ ਫੜ ਲਏ ਗਏ ਹਨ । ਜਲਸੇ ਕਰਨਾ ਅਮਲੀ ਤੌਰ ਤੇ ਬੰਦ ਹੋ ਗਿਆ ਹੈ । ਅਸਰ ਬਹੁਤ ਵਧੀਆ ਹੈ । ਫੀਰੋਜ਼ਪੁਰ ਵਿਚ 35 ਅਕਾਲੀਆਂ ਨੂੰ ਮੁਕੱਦਮਿਆਂ ਲਈ ਭੇਜਿਆ ਜਾ ਰਿਹਾ ਹੈ । ਹੋਰ ਕੋਈ ਘਟਨਾ ਨਹੀਂ ਹੋਈ। ਲਾਇਲਪੁਰ ਵਿਚ ਹੋਰ ਜ਼ਿਆਦਾ ਗਰਿਫਤਾਰੀਆਂ ਨਹੀਂ ਕੀਤੀਆਂ ਜਾਣਗੀਆਂ । ਅਸਰ ਚੰਗਾ ਹੈ; ਪਰ ਮੁਕੱਦਮਿਆਂ ਦੇ ਪੇਸ਼ ਹੋਣ ਵੇਲੇ ਜਲੂਸ ਨਿਕਲਦੇ ਹਨ । ਮੁਆਫੀ ਮੰਗਣ ਅਤੇ ਜ਼ਮਾਨਤਾਂ ਦੇਣ ਦਾ ਰੁਝਾਨ ਵਧ ਰਿਹਾ ਹੈ ਪਰ ਕਈ ਮਸ਼ਹੂਰ ਬੰਦੇ ਅੜੀਅਲ ਤੇ ਗੁਸਤਾਖ ਹਨ ।......ਮਿੰਟਗੁਮਰੀ ਵਿਚ 6 ਅਪਰੈਲ ਨੂੰ 22 ਅਕਾਲੀ ਭਾਗੋਵਾਲਾ ਮੁਕਦਮੇ ਵਿਚ ਛੇ ਛੇ ਮਹੀਨੇ ਕੈਦ ਹੋ ਗਏ ਅਤੇ ਦੋਂਹ ਨੂੰ ਇਕ ਇਕ ਦਿਨ ਦੀ ਸਜ਼ਾ ਹੋਈ । ਹਾਲਤ ਪੁਰਅਮਨ ਹੈ । ਅੰਬਾਲੇ ਵਿਚ ਚਾਰ ਅਕਾਲੀ, ਖਿਲਾਫ ਕਾਨੂੰਨ ਕਿਰਪਾਨਾਂ ਬਨਾਉਣ ਦੇ ਦੋਸ਼ ਵਿਚ, ਹਥਿਆਰਾਂ ਦੇ ਕਾਨੂੰਨ ਥੱਲੇ, ਸਜ਼ਾ ਪਾ ਗਏ ਹਨ ।

ਸਿੱਖ ਰਿਆਸਤਾਂ ਤਾਂ ਅੰਗਰੇਜ਼ ਰਾਜ ਦੇ ਬਿਲਕੁਲ ਹੀ ਰਹਿਮ ਉਤੇ ਸਨ । ਉਹ ਅੰਗਰੇਜ਼ ਹਾਕਮਾਂ ਨਾਲੋਂ ਵੀ ਅਕਾਲੀਆਂ ਉੱਤੇ ਜ਼ੁਲਮ ਕਰਨ ਵਿਚ ਚਾਰ ਕਦਮ ਅਗੇ ਜਾਂਦੀਆਂ ਸਨ । ਪੰਜਾਬ ਦੇ 13 ਜ਼ਿਲਿਆਂ ਉਤੇ ਸਖਤੀ ਕਰਨ ਦੇ ਹੁਕਮ ਦੇ ਨਾਲ ਹੀ ਸਿੱਖ ਰਿਆਸਤਾਂ ਦੇ ਰਜ-ਵਾੜਿਆਂ ਨੂੰ ਵੀ ਅਕਾਲੀ ਤਹਿਰੀਕ ਦਬਾਣ ਲਈ ਹੁਕਮ ਘੱਲੇ ਗਏ । ਉਹਨਾਂ ਨੇ ਵੀ ਪੰਜਾਂ ਅਕਾ-ਲੀਆਂ ਦਾ ਮਿਲਕੇ ਚਲਣਾ ਖਿਲਾਫ ਕਾਨੂੰਨ ਇਕੱਠ ਕਰਾਰ ਦੇ ਦਿਤਾ, ਅਕਾਲੀਆਂ ਦੀਆਂ ਅੰਨ੍ਹੇਵਾਹ ਗਰਿਫਤਾਰੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਅਤੇ ਦਿਨਾਂ ਵਿਚ ਹੀ ਸੈਂਕੜੇ ਅਕਾਲੀ ਫੜ ਲਏ । ਸੰਮ ਵਾਲੀਆਂ ਡਾਂਗਾਂ ਤੇ ਸਫਾ ਜੰਗ ਵਗੈਰਾ ਖੋਹਣੇ ਸ਼ੁਰੂ ਕਰ ਦਿਤੇ । ਥਾਂ ਥਾਂ ਫੌਜਾਂ ਦੇ ਦਸਤੇ ਨਿਯੁਕਤ ਕਰ ਦਿਤੇ ਅਤੇ ਹੁਕਮ ਚਾੜ੍ਹ ਦਿਤੇ ਕਿ ਆਗਿਆ ਲਿਆਂ ਬਗੈਰ ਪਿੰਡਾਂ ਵਿਚ ਕੋਈ ਜਲਸਾ ਜਾਂ ਦੀਵਾਨ ਨਹੀਂ ਹੋ ਸਕੇਗਾ ।

ਪਰ ਰਿਆਸਤਾਂ ਦੇ ਸੂਰਬੀਰ ਅਕਾਲੀ ਦਬਣ ਵਾਲੇ ਨਹੀਂ ਸਨ । ਉਹ ਅਕਾਲੀ ਤਹਿ-ਰੀਕ ਦਾ ਅੰਗ ਸਨ ਅਤੇ ਇਸ ਲਹਿਰ ਲਈ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਸਨ ਹਟਣਾ ਚਾਹੁੰਦੇ । ਉਹਨਾਂ ਨੇ ਜਲਾਵਤਨੀਆਂ ਝੱਲੀਆਂ, ਉਜਾੜੇ ਬਰਦਾਸ਼ਤ ਕੀਤੇ ਪਰ ਉਹਨਾਂ ਨੇ ਤਹਿਰੀਕ ਦਾ ਲੜ ਨਾ ਛਡਿਆ ! ਅਕਾਲੀ ਤਹਿਰੀਕ ਉਹਨਾਂ ਲਈ ਰਜਵਾੜਿਆਂ ਤੋਂ ਵਧੇਰੇ ਆਜ਼ਾਦੀਆਂ ਹਾਸਲ ਕਰਨ ਦਾ ਵੀ ਸੰਗਰਾਮ ਸੀ । ਅਤੇ ਉਹਨਾਂ ਨੇ ਪੰਜਾਬੀ ਸਿੱਖਾਂ ਨਾਲੋਂ, ਘੱਟ ਨਹੀਂ, ਵੱਧ ਮਾਰਾਂ ਖਾਧੀਆਂ ਅਤੇ ਜੇਲਾਂ ਦੀਆਂ ਮੁਸੀਬਤਾਂ ਝੱਲੀਆਂ ।

ਉਤਲੀਆਂ ਰਿਪੋਰਟਾਂ ਤੋਂ ਸਾਫ ਸਾਬਤ ਹੁੰਦਾ ਹੈ ਕਿ ਗੌਰਮਿੰਟ ਇਸ ਵਾਰ ਅਕਾਲੀ ਤਹਿਰੀਕ ਦਾ ਖਾਤਮਾ ਕਰਕੇ ਹੀ ਦਮ ਲਏਗੀ । ਉਸ ਨੇ ਸ਼ਰੋਮਣੀ ਕਮੇਟੀ ਦੇ 30 ਮਿੰਬਰ, ਇਕ ਦੂਜੇ ਦੇ ਪਿੱਛੋਂ 4 ਪਰਧਾਨ ਅਤੇ ਤਿੰਨ ਸਕੱਤਰ ਫੜ ਲਏ ਸਨ । ਸ: ਖੜਕ ਸਿੰਘ ਨੂੰ ਸਰਕਾਰ ਨੇ ਪਹਿਲੋਂ ਦਫਾ 107 ਥਲੇ 4 ਅਪਰੈਲ ਨੂੰ ਫੜਿਆ, ਦੋਂਹ ਦਿਨਾਂ ਪਿੱਛੋਂ ਉਹਨਾਂ ਉਤੇ ਹਥਿਆਰਾਂ ਦੇ ਕਾਨੂੰਨ ਦੀ ਧਾਰਾ 5 ਥੱਲੇ ਮੁਕਦਮਾ ਚਲਾ ਦਿਤਾ । ਉਹਨਾਂ ਨੇ ਬਗੈਰ ਲਾਇਸੰਸ ਦੇ ਕਿਰਪਾਨ ਫੈਕਟਰੀ ਲਾਈ ਹੋਈ ਸੀ ਅਤੇ ਇਕ ਸਾਲ ਦੀ ਸਖਤ ਸਜ਼ਾ ਦੇ ਦਿਤੀ । ਫੇਰ ਉਹਨਾਂ ਦੇ ਖਿਲਾਫ ਸਰਕਾਰ ਨੇ ਇਕ ਹੋਰ ਮੁਕੱਦਮਾ ਬਗਾਵਤੀ ਤਕਰੀਰ ਕਰਨ ਦਾ, ਧਾਰਾ 124–ੳ ਥੱਲੇ ਕਰ ਦਿਤਾ, ਤਿੰਨ ਸਾਲ ਸਖਤ ਸਜ਼ਾ ਹੋਰ ਦੇ ਦਿਤੀ । ਅਤੇ ਡੇਰਾ ਗਾਜ਼ੀ ਖਾਂ ਦੀ ਦੁਰੇਡੀ ਜੇਲ ਵਿਚ ਭੇਜ ਦਿਤਾ । ਸ: ਖੜਕ ਸਿੰਘ ਨੂੰ ਸਰਕਾਰ ਆਪਣਾ ਸਭ ਤੋਂ ਵਡਾ ਦੁਸ਼ਮਣ ਸਮਝਣ ਲਗ ਪਈ ਸੀ । ਕਿਉਂਕਿ ਕੁੰਜੀਆਂ ਦੇ ਮੁਕੱਦਮੇ ਵਿਚ ਉਹਨਾ ਇਹ ਆਖਕੇ ਕੋਈ ਵੀ ਬਿਆਨ ਦੇਣੋਂ ਨਾਹ ਕਰ ਦਿਤੀ ਸੀ ਕਿ "ਮੇਰੀ ਹੈਸੀਅਤ ਜਰਮਨੀ ਫਰਾਂਸ ਵਗੈਰਾ ਦੇ ਪਰਧਾਨ ਵਰਗੀ ਹੈ । ਸਰਕਾਰੀ

Digitized by Panjab Digital Library | www.panjabdigilib.org

ਅਫਸਰ ਇਹਨਾਂ ਸ਼ਬਦਾਂ ਤੋਂ ਬੜੇ ਚਿੜੇ ਹੋਏ ਸਨ । ਅਤੇ ਉਹਨਾਂ ਨੂੰ, ਵਾਹ ਲਗਦੀ, ਇਹਨਾਂ ਸ਼ਬਦਾਂ ਦੀ ਸਜ਼ਾ ਦੇ ਤੌਰ ਤੇ ਹਮੇਸ਼ਾਂ ਜੇਲ ਵਿਚ ਹੀ ਰਖਣਾ ਚਾਹੁੰਦੇ ਸਨ ।

ਸਰਕਾਰ ਦੀਆਂ ਹਦਾਇਤਾਂ ਦਾ ਜਾਲ ਏਨਾ ਲੰਮਾ ਚੌੜਾ ਸੀ ਕਿ ਇਸ ਵਿਚੋਂ ਕਿਸੇ ਵੀ ਸਰਗਰਮ ਅਕਾਲੀ ਜਾਂ ਅਕਾਲੀ ਹਮਦਰਦ ਦਾ ਬਚ ਨਿਕਲਣਾ ਮੁਸ਼ਕਲ ਸੀ । 'ਭੈਭੀਤ ਕਰਨ ਤੇ ਨੁਕਸਿ ਅਮਨ ਦੇ ਖਤਰੇ' ਥੱਲੇ (ਯਾਨੀ ਦਫਾ 107 ਤੋਂ 110 ਤਕ) ਵਡੇ ਤੋਂ ਵਡੇ ਆਗੂ ਤੇ ਛੋਟੇ ਤੋਂ ਛੋਟੇ ਵਰਕਰ ਨੂੰ ਵੀ ਫੜਿਆ ਜਾ ਸਕਦਾ ਸੀ । ਇਹਨਾਂ ਦਫਾਵਾਂ ਥਲੇ ਮਾਸਟਰ ਤਾਰਾ ਸਿੰਘ ਤੇ ਸੋਢੀ ਪ੍ਰੀਤਮ ਸਿੰਘ ਅਨੰਦਪੁਰ ਨੂੰ ਵੀ ਫੜ ਲਿਆ ਗਿਆ । ਪੁਲਸ ਨੂੰ ਖੁਲ੍ਹੀ ਛੁਟੀ ਸੀ ਕਿ ਜਿਸ ਨੂੰ ਮਰਜ਼ੀ ਹੈ ਫੜ ਲੈਣ, ਜਿਸ ਨੂੰ ਮਰਜ਼ੀ ਹੈ ਦਸ-ਨੰਬਰੀਏ ਬਦਮਾਸ਼ਾਂ ਦੇ ਰਜਿਸਟਰ ਵਿਚ ਦਰਜ ਕਰ ਲੈਣ । ਕਿਸੇ ਵਾਰੰਟ ਦੀ ਲੋੜ ਨਹੀਂ ਸੀ । ਕਿਸੇ ਦਫਾ ਦੇ ਦਸਣ ਦੀ ਲੋੜ ਨਹੀਂ ਸੀ । ਪੁਲਸ ਅਫਸਰਾਂ ਦਾ ਸ਼ਬਦ ਹੀ ਕਾਨੂੰਨ ਸੀ--ਹਰ ਵਡੇ ਛੋਟੇ ਅਫਸਰ ਦੀ ਜ਼ਬਾਨ ਹੀ ਬਰਿਟਿਸ਼ ਕਾਨੂੰਨ ਬਣ ਗਈ ਸੀ ।

## 9. ਕਾਲੀਆਂ ਪੱਗਾਂ ਦਾ ਹਊਆ

ਕਾਲੀ ਪੱਗ ਦਾ ਪਹਿਨਣਾ ਜੁਰਮ ਬਣ ਗਿਆ ਸੀ । ਅਤੇ ਜਿਉਂ ਜਿਉਂ ਕਾਲੀ ਪੱਗ ਦੇ ਬੰਨ੍ਹਣ ਵਾਲਿਆਂ ਉਤੇ ਸਖਤੀ ਹੁੰਦੀ ਸੀ ਤਿਉਂ ਤਿਉਂ ਪਿੰਡਾਂ ਦੇ ਪਿੰਡ ਕਾਲੀ ਪੱਗ ਬੰਨ੍ਹੀ ਜਾਂਦੇ ਸਨ । ਪਿੰਡਾਂ ਵਿਚ ਪਾਣੀ ਦੇ ਵਡੇ ਵਡੇ ਦੇਗੇ ਤੇ ਕੜਾਹੇ ਕਾਲਾ ਰੰਗ ਪਾ ਕੇ ਅੱਗ ਤੇ ਧਰ ਦਿਤੇ ਜਾਂਦੇ ਅਤੇ ਬੱਚੇ, ਜਵਾਨ, ਬੁਢੇ ਕੁਆਰੀਆਂ ਵਿਆਹੀਆਂ ਤੇ ਬੁਢੀਆਂ ਸਭ ਲਿਆ ਲਿਆ ਆਪਣੇ ਦੁਪਟੇ ਤੇ ਪੱਗਾਂ ਸੁਟੀ ਜਾਂਦੇ । ਕੋਈ ਕੋਈ ਸੁਫੈਦ ਦਾੜ੍ਹੀ ਵਾਲਾ ਬਜ਼ੁਰਗ ਭੋਲੇ ਭਾਅ ਨਾਂਹ ਕਰਕੇ ਆਖਦਾ: ਨਹੀਂ ਭਈ, ਮਜਬੂਰ ਨਾ ਕਰੋ । ਦਿਲ ਕਾਲਾ ਚਾਹੀਦਾ ਹੈ, ਪੱਗ ਕਾਲੀ ਨਾ ਹੋਈ ਤਦ ਕੀ ਏ । ਮੈਂ ਤੁਹਾਡੇ ਨਾਲ ਹਾਂ। ਹਾਸਾ ਮਚ ਜਾਂਦਾ, ਅਤੇ ਨੌਜਵਾਨ ਆਖਦੇ : ਬਾਬਾ ਜੀ ਦਿਲ ਤੁਹਾਡਾ ਚਿੱਟਾ ਹੀ ਚਾਹੀਦਾ ਹੈ—ਤੁਸੀਂ ਕਾਲੀ ਪੱਗ ਕਰਾ ਲਓ । ਅਤੇ ਅੱਖ ਦੇ ਫੋਰ ਵਿਚ ਬਾਬੇ ਦੀ ਪੱਗ ਵੀ ਦੇਗੇ ਵਿਚ ਡੁਬਕਣੀਆਂ ਲੈਂਦੀ ਨਜ਼ਰ ਆਉਂਦੀ ।

ਕਾਲੀ ਪੱਗ ਵਾਲਾ ਕੋਈ ਵੀ ਸਾਊ ਆਪਣੇ ਕਾਰੋਬਾਰ ਲਈ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਲਈ ਕਿਸੇ ਦੂਸਰੇ ਸਟੇਸ਼ਨ ਤੇ ਉਤਰਦਾ—ਭਾਵੇਂ ਉਸ ਨੇ ਗਡੀ ਹੀ ਬਦਲਨੀ ਹੋਵੇ—ਤਾਂ ਫੜ ਲਿਆ ਜਾਂਦਾ ਅਤੇ ਉਸ ਨੂੰ ਪੁਲਸ ਦੇ ਥਾਣੇ ਵਿਚ ਲੈ ਜਾ ਕੇ ਖਜਲ ਖੁਆਰ ਕੀਤਾ ਜਾਂਦਾ । ਉਸ ਤੋਂ, ਬਿਗਾਨੇ ਥਾਂ ਜ਼ਮਾਨਤਾਂ ਮੰਗੀਆਂ ਜਾਂਦੀਆਂ, ਨੇਕ ਚਲਨੀ ਦੇ ਸਬੂਤ ਮੰਗੇ ਜਾਂਦੇ ਅਤੇ ਤਸੱਲੀ ਨਾ ਹੋਣ ਤੇ ਕੋਈ ਦਫਾ ਲਾ ਕੇ ਜੇਲ ਭੇਜ ਦਿਤਾ ਜਾਂਦਾ । ਪੰਜ ਅਪਰੈਲ ਨੂੰ ਭਾਈ ਅਜੀਤ ਸਿੰਘ ਪਾਹਲਾ (ਜਲੰਧਰ) ਸੂਤ ਲੈਣ ਲਈ ਲੁਧਿਆਣੇ ਸ਼ਹਿਰ ਗਿਆ ਅਤੇ ਫੌਜੀਆਂ ਨੇ ਫੜਕੇ ਥਾਣੇ ਪਹੁੰਚਾ ਦਿਤਾ, ਸ਼ਿਨਾਖਤਾਂ ਗੁਆਹੀਆਂ, ਜ਼ਮਾਨਤਾਂ ਦੇ ਕਈ ਖਲਜਗਣਾਂ ਪਿਛੋਂ ਵੀ ਉਸ ਨੂੰ ਰਿਹਾਈ ਪਰਾਪਤ ਨਾ ਹੋਈ, ਉਹ ਜੇਲ ਭੇਜ ਦਿਤਾ ਗਿਆ, ਦੋ ਹੋਰ ਅਕਾਲੀ ਥਾਣੇ ਵਿਚ ਲਿਆਂਦੇ ਗਏ, ਉਹਨਾਂ ਦਾ ਕੋਈ ਵਾਕਫ ਨਹੀਂ ਸੀ, ਉਹ ਵੀ ਜੇਲ ਦੇ ਮਹਿਮਾਨ ਬਣਾ ਦਿਤੇ ਗਏ । ਹਰਬੰਸ ਸਿੰਘ ਸੀਸਤਾਨੀ ਨੂੰ ਜਿਹੜਾ ਮੰਨਿਆ ਦੰਨਿਆ ਸੁਦਾਗਰ ਸੀ -ਉਸ ਨੂੰ ਕਾਲੀ ਪੱਗ ਦੇ ਕਾਰਣ ਦੁਜ਼ਦਾਬ (ਕੋਇਟਾ) ਦੇ ਸਟੇਸ਼ਨ ਤੇ ਰੋਕ ਲਿਆ ਗਿਆ। 15 ਮਈ ਨੂੰ ਇਕ ਸੂਰਮਾ ਸਿੰਘ ਰਾਗੀ ਅਵਤਾਰ ਸਿੰਘ ਨੂੰ ਜਿਹੜਾ ਇਕ ਦੀਵਾਨ ਤੇ ਰਾਗੀ ਜਥਾ ਲੈ ਕੇ ਜਾ ਰਿਹਾ ਸੀ ਮੰਧਰਾ ਸਟੇਸ਼ਨ ਤੇ ਫੜ ਲਿਆ ਗਿਆ ਕਿਉਂਕਿ ਉਸ ਨੇ ਕਿਰਪਾਨ ਆਪਣੇ ਹਥ ਵਿਚ ਫੜੀ ਹੋਈ ਸੀ, ਗਾਤਰਾ ਟੁਟ

Digitized by Panjab Digital Library | www.panjabdigilib.org

ਜਾਣ ਕਰਕੇ, ਗਾਤਰੇ ਨਹੀਂ ਸੀ ਪਾਈ ਹੋਈ । ਸ਼੍ਰੋਮਣੀ ਕਮੇਟੀ ਦੇ ਆਪਣੇ ਇਕ ਡੈਪੂਟੇਸ਼ਨ ਨਾਲ ਵੀ ਜਿਸ ਵਿਚ ਗਿਆਨੀ ਸ਼ੇਰ ਸਿੰਘ, ਸ: ਲਾਭ ਸਿੰਘ ਬੈਰਿਸਟਰ ਅਤੇ ਸ: ਦਲੀਪ ਸਿੰਘ ਬੈਰਿਸਟਰ ਸ਼ਾਮਲ ਸਨ—ਲੁਧਿਆਣੇ ਵਿਚ ਇਕ ਏਸੇ ਤਰ੍ਹਾਂ ਦੀ ਘਟਨਾ ਵਾਪਰੀ । ਉਹ ਸਟੇਸ਼ਨ ਤੋਂ ਟਾਂਗੇ ਵਿਚ ਸ਼ਹਿਰ ਨੂੰ ਜਾ ਰਹੇ ਸਨ ਜਦੋਂ ਕਿ ਉਹਨਾਂ ਦਾ ਟਾਂਗਾ ਖਲਿਹਾਰ ਲਿਆ ਗਿਆ ਅਤੇ ਆਖਿਆ ਗਿਆ ਕਿ ਆਪਣੀਆਂ ਕਿਰਪਾਨਾਂ ਦੇ ਦਿਓ । ਉਹਨਾਂ ਨੇ ਕਿਰਪਾਨਾਂ ਦੇਣ ਤੋਂ ਇਨਕਾਰ ਕਰ ਦਿਤਾ ਅਤੇ ਪੁਲਸ ਦੀ ਕਾਰਵਾਈ ਨੂੰ ਖਿਲਾਫ ਕਾਨੂੰਨ ਠਹਿਰਾਇਆ । ਪੁਲਸ ਵਾਲਿਆਂ ਨੇ ਇਹ ਜਾਣਕੇ ਕਿ ਇਹ ਕਾਨੂੰਨ ਦਾਨ ਹਨ ਅਤੇ ਇਹਨਾਂ ਨੇ ਕਿਰਪਾਨਾਂ ਗੌਰਮਿੰਟ ਦੀਆਂ ਹਦਾਇਤਾਂ ਦੇ ਮੁਤਾਬਕ ਪਹਿਨੀਆਂ ਹੋਈਆਂ ਹਨ, ਇਹਨਾਂ ਨੂੰ ਛਡ ਦਿਤਾ । ਪਰ ਅਜੇ ਉਹ ਥੋੜ੍ਹੀ ਦੂਰ ਹੀ ਗਏ ਸਨ ਕਿ ਉਹਨਾਂ ਨੇ ਇਕ ਸ਼ਬਦ-ਪੜ੍ਹਦੇ ਜਥੇ ਨੂੰ ਪੁਲਸ ਦੇ ਘੇਰੇ ਵਿਚ ਵੇਖਿਆ । ਉਹਨਾਂ ਨੇ ਪੁਲਸ ਨੂੰ ਜਾ ਕੇ ਪੁਛਿਆ ਜਥੇ ਨੂੰ ਕਿਉਂ ਘੇਰਿਆ ਹੋਇਆ ਹੈ ਅਤੇ ਕਿਰਪਾਨਾਂ ਕਿਉਂ ਮੰਗਦੇ ਹੋ ? ਪੁਲਸ ਨੇ ਜਵਾਬ ਦਿਤਾ : ਸਾਨੂੰ ਹੁਕਮ ਹੈ ਕਿ ਦੋ ਤੋਂ ਵਧ ਜਿਥੇ ਵੀ ਅਕਾਲੀ ਹੋਣ, ਉਹਨਾਂ ਨੂੰ ਖਿੰਡਾ ਪੁੰਡਾ ਦਿਓ । ਇਹ ਸੁਣਕੇ ਡੈਪੂਟੇਸ਼ਨ ਦੇ ਮਿੰਬਰਾਂ ਨੇ ਕਿਹਾ : ਚੰਗਾ, ਜੋ ਕਾਰਵਾਈ ਕਰਨੀ ਹੈ ਕਰੋ, ਅਸੀਂ ਵੀ ਇਨ੍ਹਾਂ ਦੇ ਨਾਲ ਸ਼ਾਮਲ ਹੁੰਦੇ ਹਾਂ । ਉਹ ਸਾਰੇ ਓਥੇ ਬੈਠ ਗਏ ਅਤੇ ਸ਼ਬਦ ਪੜ੍ਹਨ ਲਗ ਪਏ । ਪੁਲਸ ਨੇ ਘੇਰਾ ਪਾਈ ਰਖਿਆ । ਮਲੂਮ ਹੁੰਦਾ ਹੈ ਉਹ ਉਤਲੇ ਅਫਸਰਾਂ ਨਾਲ ਮਸ਼-ਵਰਾ ਕਰ ਰਹੇ ਸਨ । ਕੁਛ ਚਿਰ ਪਿਛੋਂ ਇਕ ਪੁਲਸੀਏ ਨੇ ਆਣਕੇ ਆਖਿਆ : ਤੁਸੀਂ ਜਾ ਸਕਦੇ ਹੋ । ਪੁਲਸ ਵਾਲਿਆਂ ਨੂੰ ਉਹ ਹੁਕਮ ਵਿਖਾਣ ਲਈ ਆਖਿਆ ਗਿਆ ਜਿਸ ਦੇ ਅਧੀਨ ਉਹ ਲੋਕਾਂ ਦੀ ਆਜ਼ਾਦੀ ਵਿਚ ਦਖਲ ਦੇ ਰਹੇ ਸਨ । ਪਰ ਉਹਨਾਂ ਪਾਸ ਕੋਈ ਹੁਕਮ ਨਹੀਂ ਸੀ । ਉਹਨਾਂ ਨੇ ਅਗੋਂ ਜਵਾਬ ਦਿਤਾ : ਸਾਡੇ ਲਫਜ਼ ਹੀ ਹੁਕਮ ਹਨ । ਤੁਸੀਂ ਜਾਓ ।

## 10. ਇਸ ਹਮਲੇ ਲਈ ਸਫਾਈ

ਇਸ ਸਰਕਾਰੀ ਹਮਲੇ ਪਿਛੋਂ ਕੋਈ ਸ਼ਕ ਨਹੀਂ ਸੀ ਰਿਹਾ ਕਿ ਸਰਕਾਰ ਗੁਰਦੁਆਰਾ ਸੁਧਾਰ ਤਹਿਰੀਕ ਨੂੰ ਕੁਚਲਨ ਉਤੇ ਤੁੱਲ ਗਈ ਹੈ । ਉਹ ਸਮਝੌਤਾ ਕਰਨ ਤੇ ਗੁਰਦੁਆਰਾ ਬਿਲ ਪੇਸ਼ ਕਰਨ ਦੀਆਂ ਗੱਲਾਂ ਆਮ ਜਨਤਾ ਨੂੰ ਗੁਮਰਾਹ ਕਰਨ ਤੇ ਧੋਖਾ ਦੇਣ ਲਈ ਕਰ ਰਹੀ ਸੀ । ਪਿੰਡਾਂ ਵਿਚ ਜਬਰ ਰਾਹੀਂ ਅਕਾਲੀਆਂ ਦਾ ਸਾਹਸ ਤੋੜਨ ਲਈ ਤਾਅਜ਼ੀਰੀ ਚੌਕੀਆਂ ਬਿਠਾਈਆਂ ਜਾ ਰਹੀਆਂ ਸਨ । ਅਕਾਲੀ-ਪੱਖੀ ਪੰਚਾਇਤਾਂ ਦੇ ਮਿੰਬਰਾਂ ਨੂੰ ਜੇਲ੍ਹਾਂ ਵਿਚ ਠੋਸਿਆ ਜਾ ਰਿਹਾ ਸੀ । ਜਥਿਆਂ ਤੇ, ਤਸ਼ੱਦਦ ਕਰਕੇ, ਤੋੜਿਆ ਤੇ ਤਿੱਤਰ ਬਿੱਤਰ ਕੀਤਾ ਜਾ ਰਿਹਾ ਸੀ । ਇਸ ਹਾਲਤ ਨੂੰ ਮੁਖ ਰਖਕੇ ਸ਼੍ਰੋਮਣੀ ਕਮੇਟੀ ਚੁਪ ਨਹੀਂ ਸੀ ਬੈਠੀ ਰਹਿ ਸਕਦੀ । ਉਸ ਨੇ ਸਥਿਤੀ ਦਾ ਚੰਗੀ ਤਰ੍ਹਾਂ ਅਧਿਅਨ ਕਰ ਲਿਆ ਸੀ ਅਤੇ ਉਸ ਦੀਆਂ ਆਪਣੀਆਂ ਰਿਪੋਰਟਾਂ ਸਰਕਾਰੀ ਰਿਪੋਰਟਾਂ ਨਾਲੋਂ ਵੀ ਵਧੇਰੇ ਜ਼ੁਲਮ ਤੇ ਅਤਿਆਚਾਰ ਦੀ ਤਸਵੀਰ ਪੇਸ਼ ਕਰਦੀਆਂ ਸਨ ।

ਸਿੱਖਾਂ ਨੂੰ ਧੋਖਾ ਦੇਣ ਲਈ ਅਤੇ ਗੈਰ-ਸਿੱਖਾਂ ਦੀਆਂ, ਗੁਮਰਾਹ ਕਰਕੇ, ਹਮਦਰਦੀਆਂ ਜਿੱਤਣ ਲਈ ਸਰਕਾਰੀ ਪ੍ਰੋਪੈਗੰਡੇ ਦੀਆਂ ਸਭ ਏਜੰਸੀਆਂ ਲਗਾਤਾਰ ਰੌਲਾ ਪਾ ਰਹੀਆਂ ਸਨ ਕਿ ਸਰਕਾਰ ਗੁਰਦੁਆਰਾ ਸੁਧਾਰ ਦੇ ਖਿਲਾਫ ਨਹੀਂ । ਉਸ ਦੀਆਂ ਸਾਰੀਆਂ ਸ਼ੁਭ ਕਾਮਨਾਵਾਂ ਗੁਰਦੁਆਰਾ ਸੁਧਾਰ ਦੇ ਨਾਲ ਹਨ । ਗੁਰਦੁਆਰਿਆਂ ਦਾ ਸਵਾਲ ਹੱਲ ਕਰਨ ਲਈ ਉਹ ਛੇਤੀ ਹੀ ਪੰਜਾਬ ਕੌਂਸਲ ਵਿਚ ਬਿਲ ਲਿਆ ਰਹੀ ਹੈ । ਉਸ ਨੇ ਇਹ ਛਾਪੇ ਰਾਜਸੀ ਤਹਿਰੀਕ ਦੇ ਖਿਲਾਫ ਮਾਰੇ ਹਨ । ਗੌਰਮਿੰਟ ਸਿਰਫ ਉਹਨਾਂ ਨੂੰ ਫੜ ਰਹੀ ਹੈ ਜਿਹੜੇ ਕਾਨੂੰਨ ਦੀ ਕੋਈ ਪਰਵਾਹ

Digitized by Panjab Digital Library | www.panjabdigilib.org

ਨਹੀਂ ਕਰਦੇ ਅਤੇ ਕਾਨੂੰਨ ਹੱਥ ਵਿਚ ਲੈ ਕੇ ਦੂਜਿਆਂ ਦੀਆਂ ਜਾਏਦਾਦਾਂ ਤੇ ਕਬਜ਼ੇ ਕਰਦੇ ਹਨ। ਸ਼੍ਰੋਮਣੀ ਕਮੇਟੀ ਸਿਰਫ ਧਾਰਮਕ ਮਾਮਲਿਆਂ ਤਕ ਹੀ ਆਪਣੇ ਆਪ ਨੂੰ ਸੀਮਿਤ ਰਖੇ ਅਤੇ 'ਅਨ-ਚਾਹਵੀਆਂ ਰਾਜਸੀ ਸਰਗਰਮੀਆਂ 'ਬੰਦ ਕਰ ਦੇਵੇ ਤਾਂ ਗੌਰਮਿੰਟ ਗੁਰਦੁਆਰਿਆਂ ਸਬੰਧੀ ਉਹੋ ਜੇਹਾ ਹੀ ਰਵਈਆ ਧਾਰਨ ਕਰਨ ਲਈ ਤਿਆਰ ਹੈ, ਜੇਹੋ ਜਿਹਾ ਉਸ ਨੇ ਕੁੰਜੀਆਂ ਦੇ ਮਾਮਲੇ ਵਿਚ ਧਾਰਨ ਕੀਤਾ ਸੀ।

ਅਤੇ ਇਹ ਦਸੱਣ ਲਈ ਕਿ ਸਰਕਾਰ ਗੁਰਦੁਆਰਿਆਂ ਦਾ ਮਸਲਾ ਹਲ ਕਰਨ ਲਈ ਬੜਾ ਕੁਛ ਕਰ ਰਹੀ ਹੈ। ਉਸ ਨੇ ਹੇਠ-ਉਤੇ ਦੋ ਤਿੰਨ ਏਲਾਨ ਕਢ ਦਿਤੇ। ਇਕ ਏਲਾਨ ਰਾਹੀਂ 20 ਫਰਵਰੀ 1922 ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮਿੰਬਰਾਂ ਦੀ ਮੀਟਿੰਗ ਸੱਦ ਲਈ ਤਾਂ ਜੋ ਉਹ 'ਸਿਖ ਗੁਰਦੁਆਰਿਆਂ ਬਾਰੇ ਆਪਣੀਆਂ ਤਜਵੀਜ਼ਾਂ ਪੇਸ਼ ਕਰਨ। ਦੂਜੇ ਏਲਾਨ ਰਾਹੀਂ ਇਹ ਭਲ ਖੱਟਣ ਦੀ ਕੋਸ਼ਸ਼ ਕੀਤੀ ਕਿ ਲਗ ਭਗ ਪਿਛਲੇ ਅਠਾਂ ਮਹੀਨਿਆਂ ਵਿਚ ਗੌਰਮਿੰਟ ਨੇ ਕਿਸੇ ਅਕਾਲੀ ਨੂੰ ਕਿਰਪਾਨ ਜਾਂ ਤਲਵਾਰ ਪਹਿਨਣ ਕਰਕੇ ਨਹੀਂ ਫੜਿਆ ਅਤੇ ਜੇ ਉਹ ਜ਼ਾਬਤੇ ਮੁਤਾਬਕ ਕਿਰਪਾਨ ਪਹਿਨਣਗੇ ਤਾਂ ਨਹੀਂ ਫੜਿਆ ਜਾਵੇਗਾ। ਪਰ ਨਾਲ ਹੀ ਆਪਣੇ ਹੱਥ ਵਿਚ ਤਾਕਤ ਰਖ ਲਈ ਕਿ ਗੌਰਮਿੰਟ ਇਸ ਦੇ ਉਲਟ ਵੀ ਹੁਕਮ ਦੇ ਸਕਦੀ ਹੈ। ਇਕ ਹੋਰ ਏਲਾਨ ਕਢ ਦਿਤਾ ਤਾਂ ਜੋ ਗੌਰਮਿੰਟ ਸ਼੍ਰੋਮਣੀ ਕਮੇਟੀ ਬਾਰੇ ਆਪਣਾ ਰਵਈਆ ਸਾਫ ਕਰ ਦੇਵੇ।

ਇਸ ਲਈ ਗੌਰਮਿੰਟ, ਇਕ ਪਾਸੇ, ਤਾਂ ਵਾਰ ਉਤੇ ਵਾਰ ਕਰਕੇ, ਕਾਨੂੰਨ ਦਾ ਦੂਚਰ ਡਾਹ ਕੇ ਅਕਾਲੀ ਲਹਿਰ ਨੂੰ ਕੁਚਲ ਰਹੀ ਸੀ ਅਤੇ ਦੂਜੇ ਪਾਸੇ ਗੁਰਦੁਆਰਾ ਸੁਧਾਰ ਦੇ ਹਲ ਲਈ ਸਿਖ ਗੁਰਦੁਆਰਾ ਬਿਲ ਦੇ ਪੇਸ਼ ਕਰਨ ਦੀਆਂ ਗੱਲਾਂ ਕਰ ਰਹੀ ਸੀ। ਇਸ ਪਾਲਿਸੀ ਦੀ ਤਹਿ ਥਲੇ ਰਾਜਸੀ ਮਕਸਦ ਇਹ ਸੀ ਕਿ ਅਕਾਲੀ ਜਥੇਬੰਦੀ ਨੂੰ ਵਧਣ-ਫੁਲਣ ਦੇਣਾ ਰਾਜ ਲਈ ਖਤਰੇ ਦਾ ਸਾਮਾਨ ਪੈਦਾ ਕਰ ਸਕਦਾ ਹੈ ਅਤੇ ਸੁਰਾਜ ਦੀ ਤਹਿਰੀਕ ਲਈ ਸਹਾਇਕ ਹੋ ਸਕਦਾ ਹੈ। ਇਸ ਲਈ ਜਿੰਨੀ ਜਲਦੀ ਇਸ ਨੂੰ ਕੁਚਲ ਦਿਤਾ ਜਾਵੇ—ਓਨਾ ਹੀ ਚੰਗਾ।

ਕੁਦਰਤੀ ਸੀ ਕਿ ਇਸ ਭਰਪੂਰ ਹਮਲੇ ਨਾਲ ਗੁਰਦੁਆਰਾ ਲਹਿਰ ਕੁਛ ਮੱਠੀ ਪੈ ਜਾਏ। ਅਤੇ ਮੁੜ ਕਤਾਰ-ਬੰਦੀ ਲਈ ਕੁਛ ਵਕਤ ਲਗੇ। ਅਤੇ ਗੌਰਮਿੰਟ ਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਸੀ ਕਿ ਪਿੰਡਾਂ ਵਿਚੋਂ ਫੌਜ ਅਤੇ ਪੁਲਸ ਕਢਣ ਦੀ ਦੇਰ ਹੈ ਅਕਾਲੀ ਤਹਿਰੀਕ ਨੇ ਫੇਰ ਸੁਰਤ ਸੰਭਾਲ ਲੈਣੀ ਹੈ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਲਈ ਫੇਰ ਅੱਗੇ ਮਾਰਚ ਕਰਨਾ ਸ਼ੁਰੂ ਕਰ ਦੇਣਾ ਹੈ।

## 11. ਸ਼੍ਰੋਮਣੀ ਕਮੇਟੀ ਦਾ ਫੈਸਲਾ

"ਗੌਰਮਿੰਟ ਗੁਰਦੁਆਰਿਆਂ ਵਿਚ ਪੁਰ ਅਮਨ ਪੂਜਾ ਪਾਠ ਕਰਦੇ ਸਿੱਖਾਂ ਨੂੰ ਫੜ ਰਹੀ ਹੈ ਅਤੇ ਉਹਨਾਂ ਉਤੇ ਮੁਕੱਦਮੇ ਚਲਾ ਰਹੀ ਹੈ।

"ਸੈਂਕੜੇ ਸਿਖ ਬਗੈਰ ਕਿਸੇ ਪਰਤਖ ਕਸੂਰ ਦੇ ਅੰਨ੍ਹੇਵਾਹ ਫੜੇ ਜਾ ਰਹੇ ਹਨ ਅਤੇ ਬੇਰਹਿਮੀ ਨਾਲ ਕੁੱਟੇ ਜਾ ਰਹੇ ਹਨ—ਸਿਰਫ ਇਸ ਲਈ ਕਿ ਉਹਨਾਂ ਨੇ ਕਿਰਪਾਨਾਂ ਤੇ ਕਾਲੀਆਂ ਪੱਗਾਂ ਪਹਿਨੀਆਂ ਹੋਈਆਂ ਹਨ।

"ਏਥੋਂ ਤਕ ਕਿ ਪੁਲਸ ਔਰਤਾਂ ਦੀ ਵੀ ਬੇਪਤੀ ਕਰਨੋਂ ਨਹੀਂ ਟਲੀ; ਸਿੱਖਾਂ ਦੇ ਕੇਸ ਪੁੱਟੇ ਗਏ ਹਨ ਅਤੇ ਸਿੱਖ ਗੁਰੂਆਂ ਲਈ ਸਿੱਖਾਂ ਦੇ ਸਾਹਮਣੇ ਗੰਦੀ ਜ਼ਬਾਨ ਵਰਤੀ ਗਈ ਹੈ।

Digitized by Panjab Digital Library | www.panjabdigilib.org

"ਇਸ ਸਭ ਕੁਛ, ਤੇ ਇਸ ਤੋਂ ਵਧ ਹੋਰ ਬਹੁਤ ਕੁਛ ਨੇ, ਅਤੇ ਇਸ ਤੋਂ ਵੀ ਉਤੇ ਨਨਕਾਣੇ ਸਾਹਿਬ ਦੇ ਕੇਸ ਵਿਚ ਹਾਈ ਕੋਰਟ ਦੇ ਫੈਸਲੇ ਨੇ ਅਤੇ ਹਾਕਮਾਂ ਵਲੋਂ ਉਸ ਪੁਲਸ ਅਫਸਰ ਦੇ ਖਿਲਾਫ ਜਿਸ ਨੇ ਗੁਰੂ ਗਰੰਥ ਸਾਹਿਬ ਤੇ ਬੜਾ ਗੰਦਾ ਤੇ ਅਪਵਿਤਰ ਹਮਲਾ ਕੀਤਾ ਸੀ ਅਤੇ ਦਰਬਾਰ ਸਾਹਿਬ ਦੇ ਲਾਗੇ ਇਕ ਬੁਢੀ ਔਰਤ ਦੀ ਬੇਇਜ਼ਤੀ ਕੀਤੀ ਸੀ—ਕੋਈ ਵੀ ਕਾਰਵਾਈ ਕਰਨ ਦੇ ਅੰਤਮ ਇਨਕਾਰ ਨੇ ਸਿੱਖਾਂ ਦੇ ਗੌਰਮਿੰਟ ਦੇ ਵਾਅਦਿਆਂ ਵਿਚ ਯਕੀਨ ਦੇ, ਭਾਵੇਂ ਉਹ ਕਿੰਨੀ ਵੀ ਸੰਜੀਦਗੀ ਨਾਲ ਕੀਤੇ ਗਏ ਹੋਣ—ਟੁਕੜੇ ਟੁਕੜੇ ਕਰ ਦਿਤੇ ਹਨ।

"ਇਸ ਲਈ ਸ਼੍ਰੋਮਣੀ ਕਮੇਟੀ ਇਹ ਫੈਸਲਾ ਕਰਨ ਲਈ ਮਜਬੂਰ ਹੋ ਗਈ ਮਹਿਸੂਸ ਕਰਦੀ ਹੈ ਕਿ ਸਮਝੌਤੇ ਦੀ ਤਮਾਮ ਗੱਲ-ਕੱਥ ਓਨਾਂ ਚਿਰ ਤਕ ਤੋੜ ਦਿਤੀ ਜਾਏ ਜਿੰਨਾ ਚਿਰ ਤਕ ਕਿ ਗੌਰਮਿੰਟ ਅਕਾਲੀਆਂ ਨੂੰ ਕੁਚਲਨ ਤੇ ਗੁਰਦੁਆਰਾ ਸੁਧਾਰ ਤਹਿਰੀਕ ਨੂੰ ਕਤਲ ਕਰਨ ਦੇ ਅਪਵਿਤਰ ਯਤਨ ਨੂੰ ਛੱਡ ਨਹੀਂ ਦੇਂਦੀ।"

ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦਾ ਮਸਲਾ ਸਰਕਾਰ ਨਾਲ ਸਮਝੌਤੇ ਰਾਹੀਂ ਹਲ ਕਰਨਾ ਚਾਹੁੰਦੀ ਸੀ। ਉਹ, ਵਾਹ ਲਗਦੀ, ਗੌਰਮਿੰਟ ਨਾਲ ਲੜਾਈ ਨਹੀਂ ਸੀ ਸਹੇੜਨਾ ਚਾਹੁੰਦੀ। ਪਰ ਗੌਰਮਿੰਟ ਇਕ ਤਾਂ, ਥੋੜ੍ਹੇ ਕੀਤਿਆਂ, ਗੁਰਦੁਆਰਿਆਂ ਵਿਚੋਂ ਆਪਣਾ, ਸਿੱਧਾ ਜਾਂ ਵਿੰਗਾ, ਦਖਲ ਨਹੀਂ ਸੀ ਛਡਣਾ ਚਾਹੁੰਦੀ, ਦੂਜੇ ਸ਼੍ਰੋਮਣੀ ਕਮੇਟੀ ਨੂੰ, ਨਾ-ਮਿਲਵਰਤਨੀਆਂ ਦਾ ਗਲਬਾ ਹੋਣ ਦੇ ਕਾਰਣ, ਸ਼ੱਕ ਤੇ ਤਅਸਬ ਦੀ ਨਜ਼ਰ ਨਾਲ ਵੇਖਦੀ ਸੀ। ਇਸ ਲਈ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਨਹੀਂ ਸੀ ਕਰਨਾ ਚਾਹੁੰਦੀ। ਉਹ ਸਮਝੌਤਾ ਕਿਸੇ ਉਸ ਕਮੇਟੀ ਨਾਲ ਕਰਨਾ ਚਾਹੁੰਦੀ ਸੀ ਜਿਸ ਵਿਚ ਸਰਕਾਰ ਪਰਸਤਾਂ ਦੀ ਬਹੁ-ਗਿਣਤੀ ਹੋਵੇ ਅਤੇ ਜਿਸ ਉਤੇ ਉਹ ਯਕੀਨ ਕਰ ਸਕੇ ਕਿ ਉਹ ਹਰ ਇਕ ਗੁਰਦੁਆਰੇ ਕੋਲ ਆਉਣ ਵਾਲਾ ਰੁਪਇਆ ਸਿਰਫ ਧਾਰਮਕ ਕੰਮਾਂ ਉਤੇ ਹੀ ਖਰਚ ਕਰੇਗੀ: ਗੌਰਮਿੰਟ, ਰਾਜਸੀ ਕਾਰਣਾਂ ਕਰਕੇ, ਨਹੀਂ ਸੀ ਚਾਹੁੰਦੀ ਕਿ ਸ਼੍ਰੋਮਣੀ ਜਾਂ ਕਿਸੇ ਵੀ ਕੇਂਦਰੀ ਕਮੇਟੀ ਪਾਸ ਸਾਲਾਨਾ ਆਮਦਨ ਬਹੁਤ ਜ਼ਿਆਦਾ ਹੋ ਜਾਏ।

ਗੌਰਮਿੰਟ ਧਰਮ ਅਤੇ ਸਿਆਸਤ ਨੂੰ ਅੱਡ ਅੱਡ ਰਖਣ-ਕਰਨ ਤੇ ਬੜਾ ਜ਼ੋਰ ਦੇ ਰਹੀ ਸੀ। ਸ਼੍ਰੋਮਣੀ ਕਮੇਟੀ ਕਾਇਮ ਹੀ ਇਸ ਕਰਕੇ ਕੀਤੀ ਗਈ ਸੀ ਕਿ ਉਹ ਸਿਰਫ ਗੁਰਦਆਰਿਆਂ ਦੇ ਸੁਧਾਰ ਦਾ ਕੰਮ ਸਿਰੇ ਚਾੜੇ ਅਤੇ ਸਿਆਸਤ ਵਿਚ ਕੋਈ ਦਖਲ ਨਾ ਦੇਵੇ। ਸਿਆਸਤ ਵਿਚ ਦਖਲ ਦੇਣ ਲਈ ਸੰਟਰਲ ਸਿਖ ਲੀਗ ਵਜੂਦ ਵਿਚ ਲਿਆਂਦੀ ਗਈ ਸੀ ਜਿਹੜੀ ਕਿ ਸਿੱਖਾਂ ਦੇ ਰਾਜਸੀ ਹੱਕਾਂ ਲਈ ਲੜਦੀ ਸੀ ਅਤੇ ਕੌਮੀ ਆਜ਼ਾਦੀ ਦੇ ਸੰਗਰਾਮਾਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਮੋਢੇ ਨਾਲ ਮੋਢਾ ਜੋੜਕੇ ਚਲਦੀ ਸੀ। ਸ਼੍ਰੋਮਣੀ ਕਮੇਟੀ ਨੇ ਇਕ ਵਾਰ ਨਹੀਂ ਦਰਜਨਾਂ ਵਾਰ ਏਲਾਨ ਕੀਤੇ ਸਨ ਕਿ ਉਸਦਾ ਨਿਸ਼ਾਨਾ ਗੁਰਦੁਆਰਿਆਂ ਨੂੰ ਸਿੱਖਾ ਦੇ ਕਬਜ਼ੇ ਵਿਚ ਲਿਆਉਣ ਤਕ ਹੀ ਸੀਮਿਤ ਹੈ, ਸਿਆਸਤ ਇਸ ਦੇ ਕਾਰਜ-ਖੇਤਰ ਵਿਚ ਨਹੀਂ ਆਉਂਦੀ। ਪਰ ਗੌਰਮਿੰਟ ਫੇਰ ਵੀ ਏਹੋ ਰਟ ਲਾਈ ਜਾਂਦੀ ਸੀ ਕਿ ਸ਼੍ਰੋਮਣੀ ਕਮੇਟੀ ਧਰਮ ਦੇ ਉਹਲੇ ਸਿਆਸਤ ਦੀ ਖੇਡ ਖੇਡ ਰਹੀ ਸੀ।

ਇਸ ਦੇ ਰਾਜਸੀ ਕਾਰਣ ਸਨ: ਪਹਿਲਾ ਇਹ ਕਿ ਗੌਰਮਿੰਟ ਨੂੰ ਇਸ ਧਾਰਮਕ ਜਥੇਬੰਦੀ ਵਿਚ ਗਰਮ-ਖਿਆਲੀਆਂ ਦਾ ਗਲਬਾ ਚੁਭਦਾ ਸੀ। ਉਹ ਇਹਨਾਂ ਨੂੰ ਹੀ ਪੁਆੜੇ ਦੀ ਜੜ੍ਹ ਸਮਝਦੀ ਸੀ। ਇਸ ਲਈ ਚਾਹੁੰਦੀ ਸੀ ਕਿ ਸ਼੍ਰੋਮਣੀ ਕਮੇਟੀ ਦੀ ਕੰਟਰੋਲ ਨਰਮ-ਖਿਆਲੀਆਂ ਦੇ ਹੱਥ ਵਿਚ ਹੋਵੇ। ਦੂਜੇ ਇਹ, ਕਿ ਉਹ ਆਪਣਾ ਦਖਲ ਕਾਇਮ ਰਖਣ ਲਈ ਨਾ ਤਾਂ ਗੁਰਦੁਆਰੇ ਸਿੱਖਾਂ

Digitized by Panjab Digital Library | www.panjabdigilib.org

ਦੇ ਕਬਜ਼ੇ ਵਿਚ ਆਉਣ-ਲਿਆਉਣ ਦੇਂਦੀ ਸੀ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਮਹੰਤਾਂ ਨਾਲ ਸਮਝੌਤਿਆਂ ਨੂੰ ਹੀ ਸਿਰੇ ਚੜ੍ਹਨ ਦੇਂਦੀ ਸੀ ਜਿਸ ਦਾ ਨਤੀਜਾ ਟੱਕਰ ਵਿਚ ਨਿਕਲਦਾ ਸੀ। ਇਸ ਲਈ ਗੌਰਮਿੰਟ ਜਾਣ ਬੁਝਕੇ ਟੱਕਰਾਂ ਨੂੰ ਸੱਦਾ ਦੇ ਕੇ ਗੁਰਦੁਆਰਾ ਸੁਧਾਰ ਦੀ ਅਕਾਲੀ ਤਹਿਰੀਕ ਨੂੰ ਰਾਜਸੀ ਬਣਾ ਰਹੀ ਸੀ। ਇਹਨਾਂ ਟੱਕਰਾਂ ਤੋਂ ਬਚਣ ਤੇ ਤਹਿਰੀਕ ਨੂੰ ਧਾਰਮਕ ਰਖਣ ਦਾ ਰਾਹ ਇਹ ਸੀ ਕਿ ਗੌਰਮਿੰਟ ਗੁਰਦੁਆਰਿਆਂ ਵਿਚ ਦਖਲ ਦੇਣਾ ਛਡਕੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਹੱਥ ਵਿਚ ਚਲੇ ਜਾਣ ਦੇਂਦੀ ਅਤੇ ਜਾਂ ਆਪਣਾ ਸਤਕਾਰ ਕਾਇਮ ਰਖਣ ਲਈ ਸਿੱਖਾਂ ਦੀ ਰਜ਼ਾਮੰਦੀ ਨਾਲ ਗੁਰਦੁਆਰਾ ਕਾਨੂੰਨ ਬਣਾ ਦੇਂਦੀ। ਇਸ ਨੇ ਨਾ ਪਹਿਲਾ ਰਾਹ ਚੁਣਿਆ ਅਤੇ ਨਾ ਦੂਜਾ। ਰਾਹ ਇਸ ਨੇ ਚੁਣਿਆ : ਤਸ਼ੱਦਦ ਵਰਤਕੇ ਤਹਿਰੀਕ ਨੂੰ ਕੁਚਲਦੇ ਵੀ ਜਾਓ ਅਤੇ ਗੱਲਬਾਤ ਵੀ ਕਰਦੇ ਜਾਓ। ਸ਼੍ਰੋਮਣੀ ਕਮੇਟੀ ਜਿਹੀ ਤਾਕਤਵਾਰ ਜਥੇਬੰਦੀ ਨਾਲ ਇਹ ਦੋ-ਮੂੰਹੀ ਚਾਲ ਕਾਮਯਾਬ ਨਹੀਂ ਸੀ ਹੋ ਸਕਦੀ, ਨਹੀਂ ਹੋਈ। ਸ਼ੁਰੂ ਵਿਚ ਗੁਰਦੁਆਰਾ ਬਿਲ ਬਣਾ ਦਿਤਾ ਜਾਂਦਾ ਤਾਂ ਕਈ ਗੁਰਦੁਆਰੇ ਮਹੰਤਾਂ ਦੇ ਹੱਥਾਂ ਵਿਚ ਰਹਿਣੇ ਸਨ ਅਤੇ ਕਈ ਇਕ ਮਹੰਤਾਂ ਨੂੰ ਬੜੀਆਂ ਜਾਇਦਾਦਾਂ ਹਾਸਲ ਹੋ ਜਾਣੀਆਂ ਸਨ। ਗੁਰਦੁਆਰਿਆਂ ਦਾ ਮਸਲਾ ਹਲ ਹੋ ਜਾਣਾ ਸੀ ਅਤੇ ਗੌਰਮਿੰਟ ਦੇ ਵਿਰੁਧ, ਇਸ ਮਸਲੇ ਤੇ ਲੜਨ ਦਾ ਸਵਾਲ ਹੀ ਨਹੀਂ ਸੀ ਉਠਣਾ ਅਤੇ ਨਾ ਇਸ ਤਹਿਰੀਕ ਦੇ ਰਾਜਸੀ ਤਹਿਰੀਕ ਬਣਨ ਦਾ ਸਵਾਲ ਹੀ ਪੈਦਾ ਹੋਣਾ ਸੀ।

ਅਕਾਲੀ ਤਹਿਰੀਕ ਦੇ ਵਧਣ-ਫੈਲਣ ਦੇ ਚਾਰ ਕਾਰਣ ਸਨ : ਇਕ ਕਾਰਣ ਤਾਂ ਇਹ ਸੀ ਜਿਹੜਾ ਦੂਰ ਪਿੱਛੇ ਤੋਂ ਅੰਗਰੇਜ਼ ਅਫਸਰਾਂ ਦੇ ਦਿਮਾਗ ਵਿਚ ਘਰ ਬਣਾ ਕੇ ਪਾਲਿਸੀ ਦੀ ਹੈਸੀਅਤ ਰਖਣ ਲੱਗ ਪਿਆ ਸੀ ਕਿ ਦਰਬਾਰ ਸਾਹਿਬ ਜੇਹੇ ਵਡੇ ਗੁਰਦੁਆਰੇ ਸਿੱਖਾਂ ਦੇ ਕਬਜੇ ਵਿਚ ਨਹੀਂ ਜਾਣ ਦੇਣੇ ਚਾਹੀਦੇ ਕਿਉਂਕਿ ਇਹ 'ਰਾਜਸੀ ਗੌਂਦਾਂ ਦੇ ਕੇਂਦਰ' ਬਣ ਸਕਦੇ ਹਨ। ਅੰਗਰੇਜ਼ ਸਮਝਦੇ ਸਨ ਕਿ ਸਿੱਖ ਭੁਲਣ ਵਾਲੇ ਨਹੀਂ ਹਨ ਕਿ ਪੰਜਾਹ ਸੱਠ ਸਾਲ ਪਹਿਲਾਂ ਉਹ ਪੰਜਾਬ ਦੇ ਹੁਕਮਰਾਨ ਰਹਿ ਚੁਕੇ ਸਨ। ਇਸ ਲਈ, ਨਵੇਂ ਹਾਲਾਤ ਵਿਚ ਵੀ, ਅੰਗਰੇਜ਼ ਅਫਸਰ ਉਸ ਪਾਲਿਸੀ ਤੋਂ ਪਿੱਛਾ ਛੁਡਾਉਣੋਂ ਅਸਮਰਥ ਸਨ। ਅਤੇ ਬਦਲੇ ਹਾਲਾਤ ਵਿਚ ਨਵੀਂ ਪਾਲਿਸੀ ਬਣਾਣ ਦੇ ਨਾ-ਕਾਬਲ। ਦੂਜੇ, ਉਹਨਾਂ ਦੀ ਕਹਿਣੀ ਤੇ ਕਰਣੀ ਵਿਚ ਬੜਾ ਚੌੜਾ ਪਾੜਾ ਸੀ। ਮੂੰਹੋਂ ਉਹ ਕਹਿੰਦੇ ਸਨ ਕਿ ਅਸੀਂ ਕਾਇਮ ਗੱਦੀਆਂ ਕਾਇਮ ਰਖਣ ਦੇ ਖਿਲਾਫ ਹਾਂ, ਅਸੀਂ ਜਿਉਂ ਦੇ ਤਿਉਂ ਆਸਣਾਂ ਦੇ ਰਾਖੇ ਨਹੀਂ ਹਾਂ, ਅਸੀਂ ਧਾਰਮਕ ਸੁਧਾਰ ਚਾਹੁੰਦੇ ਹਾਂ। ਪਰ ਅਮਲ ਵਿਚ ਉਹ ਕਾਨੂੰਨ ਦੀ ਰਖਵਾਲੀ ਦਾ ਢੁਚਰ ਡਾਹ ਕੇ ਮਹੰਤਾਂ ਦੀ ਪਿੱਠ ਤੇ ਖਲੋਤੇ ਸਨ। ਸਮਝੌਤਾ ਕਰਦੇ ਮਹੰਤਾਂ ਨੂੰ ਰੋਕਦੇ ਸਨ ਅਤੇ ਡਟ ਜਾਣ ਲਈ ਉਤਸ਼ਾਹ ਦੇਂਦੇ ਸਨ। ਤੀਜੇ ਇਹ ਕਿ ਉਹ ਗੁਰਦੁਆਰਿਆਂ ਉਤੇ ਕਬਜ਼ਾ ਜਮਾਈ ਬੈਠੇ ਸਨ, ਗੁਰਦੁਆਰਿਆਂ ਨੂੰ ਆਪਣੇ ਰਾਜਸੀ ਮਕਸਦਾਂ ਲਈ ਵਰਤ ਰਹੇ ਸਨ ਅਤੇ ਬਾਰ ਬਾਰ ਕਹਿ ਰਹੇ ਸਨ ਕਿ ਉਹ ਮਜ਼ਹਬ ਵਿਚ ਦਖਲ ਨਹੀਂ ਦੇ ਰਹੇ—ਉਹਨਾਂ ਨੇ ਕਦੇ ਕਿਸੇ ਮਜ਼ਹਬ ਵਿਚ ਦਖਲ ਨਹੀਂ ਦਿਤਾ। ਇਹ ਝੂਠ ਅਜੇਹਾ ਸੀ ਜਿਸ ਨੂੰ ਮੂਰਖ ਵੀ ਦੇਖ ਸਮਝ ਲੈਂਦੇ ਸਨ। ਅਤੇ ਚੌਥੇ ਇਹ ਕਿ ਅਫਸਰਸ਼ਾਹੀ ਦੇ ਪਾਲਿਸੀ ਸਿਰਜਣ ਵਾਲੇ ਤੇ ਅਮਲ ਵਿਚ ਲਿਆਉਣ ਵਾਲੇ ਅਫਸਰਾਂ ਵਿਚ, ਕਿੰਗ, ਕੱਰੀ ਤੇ ਡੰਨਿਟ ਜੇਹੇ ਮੂਰਖ ਅਫਸਰ ਵੀ ਸਨ ਜਿਨ੍ਹਾਂ ਦੀ ਮੂਰਖਤਾ ਨੇ ਤਹਿਰੀਕ ਨੂੰ ਵਧਣ ਫੈਲਣ ਦੇ ਬੜੇ ਚੰਗੇ ਮੌਕੇ ਮੁਹੱਈਆ ਕੀਤੇ। ਨਨਕਾਣੇ ਸਾਹਿਬ ਦਾ ਹੱਤਿਆ ਕਾਂਡ ਨਾ ਵਾਪਰਦਾ, ਕੁੰਜੀਆਂ ਨਾ ਖੋਹ ਲਈਆਂ ਜਾਂਦੀਆਂ ਤਾਂ ਅਕਾਲੀ ਤਹਿਰੀਕ ਏਨੀ ਵਿਸ਼ਾਲ, ਡੂੰਘੀ ਤੇ ਪਰਭਾਵਸ਼ਾਲੀ ਸ਼ਾਇਦ ਕਦੇ ਨਾ ਹੋ ਸਕਦੀ ਅਤੇ ਅਗਲੇ ਮੋਰਚਿਆਂ ਦੇ ਸਰ ਕਰਨ ਦੀ ਜਥੇਬੰਦਕ

Digitized by Panjab Digital Library | www.panjabdigilib.org

ਤਾਕਤ ਕਦੇ ਨਾ ਹਾਸਲ ਕਰ ਸਕਦੀ।

ਅਮਨ ਤੇ ਕਾਨੂੰਨ ਹਮੇਸ਼ਾਂ ਰਾਜ-ਸਮਾਜ ਦੇ ਸਥਾਪਤ ਹਿਤਾਂ ਨੂੰ ਜਿਉਂ ਦਾ ਤਿਉਂ ਕਾਇਮ ਰਖਣ ਦਾ ਹਥਿਆਰ ਰਿਹਾ ਹੈ। ਰਾਜ-ਸਮਾਜ ਵਿਚ ਜਿਹੜੀ ਵੀ ਤਬਦੀਲੀ ਹੋਈ ਹੈ ਉਹ ਏਕੇ ਤੇ ਜਥੇਬੰਦੀ ਰਾਂਹੀ ਰਾਜ-ਸਮਾਜ ਦੇ ਕਾਨੂੰਨ ਦੇ ਖਿਲਾਫ ਲੜਕੇ ਹੀ ਹੋਈ ਹੈ। ਜੇ ਦੇਸ਼ ਨੂੰ ਅੱਗੇ ਖੜਨ ਵਾਲੇ ਸੰਗਰਾਮੀਏ ਇਹ ਰਾਹ ਨਾ ਅਪਣਾਂਦੇ ਤਾਂ ਨਾ ਹਿੰਦੁਸਤਾਨ ਆਜ਼ਾਦ ਹੋਣਾ ਸੀ ਅਤੇ ਨਾ ਹੀ ਗੁਰਦੁਆਰੇ।

## 12. ਐਗਜ਼ੈਕਟਿਵ ਦਾ ਮਤਾ

ਇਸ ਹਾਲਤ ਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ 30 ਮਾਰਚ ਨੂੰ ਅਮਰਿਤਸਰ ਵਿਚ ਹੋਈ। ਇਸ ਵਿਚ ਸਾਰੇ ਹਾਲਾਤ ਉਤੇ ਵਿਚਾਰ ਕਰਕੇ ਇਹ ਮਤਾ ਪਾਸ ਕੀਤਾ ਗਿਆ :—

"8 ਮਾਰਚ 192' ਨੂੰ ਜਦੋਂ ਗੌਰਮਿੰਟ ਤੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਗੁਰਦੁਆਰਾ ਬਿਲ ਤੇ ਸਮਝੌਤੇ ਲਈ ਪਰਸਪਰ ਵਿਚਾਰ ਕਰ ਰਹੇ ਸਨ, ਉਸ ਵੇਲੇ ਦੋਹਾਂ ਪਾਰਟੀਆਂ ਵਿਚਕਾਰ ਸਹਿਮਤੀ ਹੋ ਗਈ ਸੀ ਕਿ ਲੋੜੀਂਦਾ ਵਾਅ-ਮੰਡਲ ਪੈਦਾ ਕਰਨ ਲਈ ਕਿਸੇ ਪਾਰਟੀ ਵਲੋਂ ਅਜੇਹੀ ਕੋਈ ਗੱਲ ਨਾ ਕੀਤੀ ਜਾਵੇ ਜਿਸ ਨਾਲ ਸੁਲ੍ਹਾ-ਸਫਾਈ ਦੇ ਮੌਕਿਆਂ ਤੇ ਵਿਘਨ ਪੈਂਦਾ ਹੋਵੇ। ਇਸ ਮਕਸਦ ਨੂੰ ਮੁਖ ਰਖਕੇ ਦੋਹਾਂ ਧਿਰਾਂ ਵਲੋਂ ਇੱਕੋ-ਵੇਲੇ ਏਲਾਨ ਕੀਤੇ ਗਏ ਸਨ। ਗੌਰਮਿੰਟ ਨੇ ਏਲਾਨ ਕੀਤਾ ਸੀ ਕਿ ਉਹ ਗੁਰਦੁਆਰਾ ਕਮੇਟੀ ਨੂੰ ਸਿੱਖ ਧਾਰਮਕ ਰਾਏ ਅਤੇ ਕਿਰਪਾਨ ਜਾਂ ਤਲਵਾਰ ਦੀ ਆਜ਼ਾਦੀ ਲਈ ਪਰਤੀਨਿਧ ਪਰਵਾਨ ਕਰਦੀ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਤਮਾਮ ਸਿੱਖਾਂ ਨੂੰ ਮਸ਼ਵਰਾ ਦਿਤਾ ਸੀ ਕਿ ਉਹ ਹਰ ਅਜੇਹੀ ਚੀਜ਼ ਤੋਂ ਪਰਹੇਜ਼ ਕਰਨ ਜਿਸ ਨਾਲ ਸੁਖਾਂਵੇਂ ਵਾਅ–ਮੰਡਲ ਵਿਚ ਵਿਗਾੜ ਪੈਦਾ ਹੁੰਦਾ ਹੋਵੇ।

"ਸ਼੍ਰੋਮਣੀ ਕਮੇਟੀ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਸਿਖ ਦਿਆਨਤਦਾਰੀ ਨਾਲ ਇਸ ਸਮਝੌਤੇ ਉਤੇ ਅਮਲ ਕਰਦੇ ਰਹੇ ਹਨ। ਪਰ ਗੌਰਮਿੰਟ ਨੇ ਆਪਣੀਆਂ ਜ਼ਿਮੇਵਾਰੀਆਂ ਦੀ ਉੱਕੀ ਹੀ ਕੋਈ ਪਰਵਾਹ ਨਾ ਕਰਕੇ, ਕਈ ਕਿਸਮ ਦੇ ਬਹਾਨਿਆਂ ਥੱਲੇ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਂਦੇ ਸਿੱਖਾਂ ਦੇ ਖਿਲਾਫ ਤਿੱਖੇ, ਅੰਧਾ-ਧੁੰਦ ਤੇ ਵਿਸ਼ਾਲ ਜਬਰ ਦੀ ਮੁਹਿੰਮ ਸ਼ੁਰੂ ਕਰ ਦਿਤੀ ਹੈ।

"ਕਿਰਪਾਨ ਸੰਬੰਧੀ ਦਿਤੇ ਬਚਨ ਦੇ ਬਾਵਜੂਦ, ਗੌਰਮਿੰਟ ਕਿਰਪਾਨਾਂ ਬਣਾਂਦੇ ਜਾਂ ਪਹਿਨੀਂ-ਫਿਰਦੇ ਸਿੱਖਾਂ ਨੂੰ ਫੜ ਰਹੀ ਹੈ ਅਤੇ ਫੈਕਟਰੀਆਂ ਵਿਚ ਛਾਪੇ ਮਾਰ ਕੇ ਸੈਂਕੜੇ ਕਿਰਪਾਨਾਂ ਜ਼ਬਤ ਕਰ ਰਹੀ ਹੈ।

"ਬਚਨ ਭੰਗ ਦੇ ਦੋਸ਼ ਨੂੰ ਭੁਲਾ ਕੇ, ਗੌਰਮਿੰਟ ਨੌਨਾਰ ਅਤੇ ਹੋਰਾਂ ਦੇ ਗੁਰਦੁਆਰਿਆਂ ਦੇ ਸਿੱਖਾਂ ਨੂੰ ਬਾਹਰ ਕਢ ਦਿਤਾ ਹੈ ਅਤੇ ਗੁਰਦੁਆਰੇ, ਸੰਗਤਾਂ ਵਲੋਂ ਨਿੰਦਿਤ, ਲੁਟੇਰੇ ਮਹੰਤਾਂ ਦੇ ਹਵਾਲੇ ਕਰ ਦਿਤੇ ਹਨ।

Digitized by Panjab Digital Library | www.panjabdigilib.org

# ਇਸ ਹਮਲੇ ਦਾ ਜਵਾਬ

## 1. ਗੁਰਦੁਆਰਾ ਬਿਲ

ਗੌਰਮਿੰਟ ਨੂੰ ਇਸ ਗੱਲ ਦਾ ਬੜਾ ਅਫਸੋਸ ਸੀ ਕਿ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਤੇ ਕੋਈ ਅਜੇਹੀ ਨਰਮ-ਖਿਆਲ ਪਾਰਟੀ ਨਹੀਂ ਉਭਰ ਰਹੀ ਜਿਸ ਨਾਲ ਗੱਲਬਾਤ ਕਰਕੇ ਉਹ ਆਪਣੀ ਮਰਜੀ ਦਾ ਬਿਲ ਦੇ ਸਕੇ ਅਤੇ ਸਿੱਖਾਂ ਨੂੰ ਪਾੜ ਕੇ ਕੁਛ ਹਿਸਾ ਆਪਣੇ ਨਾਲ ਲੈ ਸਕੇ। ਉਸ ਨੇ ਸਿੱਖਾਂ ਨੂੰ ਪਾੜਨ ਲਈ ਯਤਨ ਬੜੇ ਕੀਤੇ, ਪਰ ਉਹ ਕਿਸੇ ਬੰਨੇ ਨਾ ਲਗੇ। ਗੌਰਮਿੰਟ ਨੂੰ ਬੜਾ ਦੁਖ ਸੀ ਕਿ: "ਗੁਰਦੁਆਰਾ ਸੁਧਾਰ ਤਹਿਰੀਕ ਦੀ ਵਿਰੋਧਤਾ ਜਿਹੜੀ ਸ਼ੁਰੂ ਦੇ ਪੜਾਵਾਂ ਤੇ ਉਠੀ ਸੀ ਉਸ ਦਾ ਜ਼ੋਰ ਜਾਂਦਾ ਰਿਹਾ ਅਤੇ ਉਹ ਮੁੜਕੇ ਸੁਰਜੀਤ ਨਾ ਹੋ ਸਕੀ। ਪੁਰਾਤਨਵਾਦੀ ਸਿੱਖ ਖਾਮੋਸ਼ ਹਨ, ਉਹ ਜਾਂ ਤਾਂ ਅੰਦਰਖਾਨੇ ਲਹਿਰ ਦੀ ਹਮਾਇਤ ਕਰ ਰਹੇ ਹਨ ਜਾਂ (ਨਵੀਆਂ) ਵਾਪਰਨਾਵਾਂ ਦੀ ਉਡੀਕ ਕਰ ਰਹੇ ਹਨ। ਚੀਫ ਖਾਲਸਾ ਦੀਵਾਨ ਜਿਹੜਾ ਪਹਿਲੋਂ ਸਿੱਖਾਂ ਨਾਲ ਸਬੰਧ ਰਖਣ ਵਾਲੇ ਮਾਮਲਿਆਂ ਉਤੇ ਸਰਕਾਰੀ ਸਲਾਹਕਾਰ ਸੀ, ਨੌ-ਸਿਖ ਹਮਲੇ ਦੇ ਮੁਕਾਬਲੇ ਵਿਚ ਆਪਣੀ ਪੁਜ਼ੀਸ਼ਨ ਕਾਇਮ ਨਹੀਂ ਰਖ ਸਕਿਆ ਅਤੇ ਮਰ ਗਿਆ ਜਾਂ ਮਰ ਰਿਹਾ ਹੈ।"[1]

ਗੌਰਮਿੰਟ, ਇਸ ਨਵੇਂ ਅਤਿਆਚਾਰੀ ਹਮਲੇ ਪਿਛੋਂ ਸਮਝਣ ਲਗ ਪਈ ਸੀ ਕਿ ਉਸ ਨੇ ਸ਼੍ਰੋਮਣੀ ਕਮੇਟੀ ਦੀ ਤਾਕਤ ਤੋੜ ਦਿਤੀ ਹੈ, ਹੁਣ ਕਮੇਟੀ ਸਿੱਖ ਪੰਥ ਦੀ ਨੁਮਾਇੰਦਾ ਨਹੀਂ ਰਹੀ। ਇਸ ਲਈ ਵਿਚਾਰੇ ਜਾ ਰਹੇ ਬਿਲ ਵਿਚ ਬਣਨ ਵਾਲੇ ਕਮਿਸ਼ਨ ਵਿਚ ਮਿੰਬਰ ਨਾਮਜ਼ਦ ਕਰਨ ਦਾ ਅਧਿਕਾਰ ਉਸ ਨੂੰ ਨਹੀਂ ਦਿਤਾ ਜਾ ਸਕਦਾ। ਗੌਰਮਿੰਟ ਦੀ ਰਾਏ ਇਹ ਬਣ ਗਈ ਸੀ :

"ਨਵੇਂ (ਗੁਰਦੁਆਰਾ ਬਿਲ ਦੇ) ਡਰਾਫਟ ਅਧੀਨ ਬੋਰਡ ਲਈ ਨਾਮਜ਼ਦਗੀ ਕਰਨ ਵਾਲੀ ਇਕ ਜਮਾਤ ਅਮਰਿਤਸਰ ਦੀ ਪਰਬੰਧਕ ਕਮੇਟੀ ਹੈ। ਇਸ ਜਮਾਤ ਨੂੰ ਹੁਣ ਉਹੋ ਜੇਹਾ ਸਤਕਾਰ ਪਰਾਪਤ ਨਹੀਂ ਜੇਹੋ ਜੇਹਾ ਕੁਛ ਮਹੀਨੇ ਪਹਿਲੋਂ ਸੀ। ਅਤੇ ਇਸ ਦੇ ਬਹੁਤ ਸਾਰੇ ਮਿੰਬਰ ਜਾਂ ਤਾਂ ਜੇਲਾਂ ਵਿਚ ਬੰਦ ਹਨ ਜਾਂ ਉਹਨਾਂ ਉਤੇ ਮੁਕਦਮੇ ਚਲ ਰਹੇ ਹਨ। ਭਾਵੇਂ ਸਰਕਾਰ, ਜਿਥੋਂ ਤਕ ਸੰਭਵ ਹੈ, ਸਿੱਖ (ਕੌਂਸਲ) ਮਿੰਬਰਾਂ ਦੀਆਂ ਇਹਨਾਂ ਖਾਹਸ਼ਾਂ ਨੂੰ ਪੂਰਾ ਕਰਨ ਲਈ ਫਿਕਰਮੰਦ ਹੈ ਕਿ ਤਜਵੀਜ਼ ਕੀਤੇ ਬੋਰਡ ਲਈ ਇਸ ਜਮਾਤ ਨੂੰ ਨਾਮਜ਼ਦ ਕਰਨ ਵਾਲੀ ਇਕ ਜਮਾਤ ਵਜੋਂ ਪਰਵਾਨ ਕਰ ਲਿਆ ਜਾਵੇ। ਪਰ ਇਹ ਅਨੁਭਵ ਕਰਦੀ ਹੈ ਕਿ ਜੇ ਬਿਲ ਦੇ ਪੇਸ਼ ਕਰਨ ਵੇਲੇ ਕਮੇਟੀ ਦੀ ਹਾਲਤ ਸਾਖਿਆਤ ਤੌਰ ਤੇ ਬਦਲ ਗਈ ਤਾਂ ਇਹ ਜ਼ਰੂਰੀ ਹੋ ਸਕਦਾ ਹੈ ਕਿ ਉਹਨਾਂ ਮਦਾਂ ਨੂੰ ਉਥੋਂ ਤਕ ਬਦਲ ਦਿਤਾ ਜਾਵੇ ਜਿਥੋਂ ਤਕ ਕਿ ਉਹ ਕਮੇਟੀ ਦੇ ਜ਼ਿਕਰ ਨਾਲ ਸੰਬੰਧਤ ਹਨ।"[2]

---

[1] V. W. Smith Supdt. of Police (C. I. D.) para no. 23.

[2] From N. Hancock Prenter, Sec. to Govt. Punjab legislative Dept. to the secretary to Govt. of India. legislative Dept. 11 th Sept 1922.

Digitized by Panjab Digital Library | www.panjabdigilib.org

ਇਸ ਉਦਾਹਰਣ ਤੋਂ ਸਾਫ ਪਰਗਟ ਹੈ ਕਿ ਕਮੇਟੀ ਦੀ ਕੁਛ ਚਿਰ ਦੀ ਖਾਮੋਸ਼ੀ ਤੇ ਮੁੜ ਕਤਾਰਬੰਦੀ ਤੋਂ ਗੌਰਮਿੰਟ ਨੇ ਨਿਰਣਾ ਇਹ ਕਰ ਲਿਆ ਜਾਪਦਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਤਾਕਤ ਤੋੜ ਦਿਤੀ ਗਈ ਹੈ। ਹੁਣ ਇਹ ਕੁਛ ਕਰਨ ਜੋਗੀ ਨਹੀਂ ਰਹੀ ਇਸ ਲਈ ਇਸ ਨਾਲ ਗੁਰਦੁਆਰਾ ਬਿਲ ਦੇ ਬਣਾਣ ਵਿਚ ਨਾਂ ਤਾਂ ਸਲਾਹ ਮਸ਼ਵਰੇ ਦੀ ਲੋੜ ਰਹੀ ਹੈ ਅਤੇ ਨਾ ਹੀ ਇਸ ਨੂੰ ਬੋਰਡ ਵਿਚ ਇਕ ਮਿੰਬਰ ਨਾਮਜ਼ਦ ਕਰਕੇ ਦੇਣ ਦਾ ਹੱਕ ਰਿਹਾ ਹੈ। ਡੰਨਿਟ ਦੀ ਅਗਲੀ ਮੂਰ-ਖਤਾ ਨੇ ਛੇਤੀ ਹੀ ਜ਼ਾਹਰ ਕਰ ਦਿਤਾ ਕਿ ਗੌਰਮਿੰਟ ਅਫਸਰਾਂ ਦਾ ਅਕਾਲੀ ਲਹਿਰ ਬਾਰੇ ਇਹ ਲੇਖਾ-ਜੋਖਾ ਵੀ ਕਿਤਨਾ ਬਚਪਣੀ ਤੇ ਮੂਰਖੱਈ ਸੀ।

ਗੁਰਦੁਆਰਾ ਬਿਲ ਦੇ ਵਿਰੋਧੀ ਵਾਈਸਰਾਏ ਦੀ ਕੌਂਸਲ ਵਿਚ ਸਨ ਅਤੇ ਪੰਜਾਬ ਗਵਰਨਰ ਦੀ ਕੌਂਸਲ ਵਿਚ ਵੀ। ਵਾਈਸਰਾਏ ਦੀ ਕੌਂਸਲ ਵਿਚ ਬਿਲ ਦਾ ਸਭ ਤੋਂ ਵਡਾ ਵਿਰੋਧੀ ਤੇਜ ਬਹਾਦਰ ਸਪਰੂ ਸੀ ਜਿਹੜਾ ਕੁਛ ਇਵੇਂ ਆਖਦਾ ਸੀ ਕਿ ਹਿੰਦੁਸਤਾਨੀ ਵਿਧਾਨਕਾਰੀ ਦੇ ਇਤਿਹਾਸ ਵਿਚ ਇਹ ਬਿਲ ਨਾ ਕੋਈ ਉਦਾਹਰਣ ਰਖਦਾ ਹੈ, ਨਾ ਕੋਈ ਆਪਣੀ ਮਿਸਾਲ। ਉਸ ਦੇ ਖਿਆਲ ਵਿਚ ਪੰਜਾਬ ਗੌਰਮਿੰਟ ਇਹ ਬਿਲ ਜਾਂ ਤਾਂ ਕਿਸੇ ਸਮਝੌਤੇ ਦੇ ਨਤੀਜੇ ਵਜੋਂ ਲਿਆ ਰਹੀ ਹੈ ਜਾਂ ਅਕਾਲੀਆਂ ਨਾਲ ਸੁਲ੍ਹਾ ਸਫਾਈ ਕਰਨਾ ਚਾਹੁੰਦੀ ਹੈ। ਕੁਛ ਵੀ ਹੋਵੇ। "ਮੇਰੀ ਰਾਇ ਵਿਚ ਇਹ ਬੜੀ ਖਤਰਨਾਕ ਮਿਸਾਲ ਕਾਇਮ ਕਰਨਾ ਹੈ। ਫਿਰਕੂ ਨੁਮਾਇੰਦਗੀ ਦੀ ਹੋਰ ਗੱਲ ਹੈ ਪਰ ਫਿਰਕੂ ਜਜਾਂ ਲਈ ਮੰਗ ਪਰਵਾਨ ਕਰਨ ਤੋਂ ਪਹਿਲੋਂ ਬੜੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਜਜਾਂ ਦਾ ਮੁਕਰਰ ਕਰਨਾ ਤਾਜ (ਸ਼ਾਹਨਸ਼ਾਹ) ਜਾਂ ਐਗਜ਼ੈਕਟਿਵ ਗੌਰਮਿੰਟ ਦਾ ਹਕ ਹੈ। ਏਹੋ ਜੇਹੇ (ਵਕਫ) ਬਾਰੇ ਝਗੜੇ ਮੁਸਲਮਾਨਾਂ ਵਿਚ ਵੀ ਉਠ ਸਕਦੇ ਹਨ ਅਤੇ ਹਿੰਦੂਆਂ ਦੇ ਮੰਦਰਾਂ ਦੀਆਂ ਜਾਇਦਾਦਾਂ ਬਾਰੇ ਵੀ। ਜੋ ਕੁਛ ਅਸੀਂ ਸਿੱਖਾਂ ਲਈ ਮਨਜ਼ੂਰ ਕਰ ਰਹੇ ਹਾਂ, ਕੀ ਅਸੀਂ ਹਿੰਦੂਆਂ ਅਤੇ ਮੁਸਲਮਾਨਾਂ ਲਈ ਮਨਜ਼ੂਰ ਕਰਨ ਲਈ ਤਿਆਰ ਹਾਂ? ਮੈਂ ਇਸ ਨਾਲ ਨਾਂ ਵਕੀਲ ਦੇ ਤੌਰ ਤੇ ਅਤੇ ਨਾ ਹੀ ਸਿਆਸਤਦਾਨ ਦੇ ਤੌਰ ਸਹਿਮਤ ਹੋ ਸਕਦਾ ਹਾਂ।"[1]

ਇਸ ਤੇ ਗੌਰਮਿੰਟ ਅਫਸਰਾਂ ਦੀਆਂ ਟਿਪਣੀਆਂ ਤੇ ਰਾਵਾਂ ਵੀ ਮਜ਼ੇਦਾਰ ਸਨ। ਇਹ (ਪੰਜਾਬ) ਕੌਂਸਲ ਦੇ ਹਿੰਦੂ ਤੇ ਮੁਸਲਿਮ ਮਿੰਬਰਾਂ ਦੀ ਦੁਸ਼ਮਣੀ ਨੂੰ ਉਤੇਜਿੱਤ ਕਰੇਗਾ—ਸੀ. ਡਬਲੂ. ਗਵਿਨ (15. 6. 22)। ਮੈਨੂੰ ਟ੍ਰੀਬਿਊਨਲ (ਬੋਰਡ) ਦਾ ਵਿਚਾਰ ਪਸੰਦ ਨਹੀਂ, ਖਾਸ ਕਰ ਜਿਸ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ—ਡਬਲੂ. ਈ. ਵਿਨਸੰਟ (15. 6. 22) ਗੁਰਦੁਆਰੇ ਬਿਲ ਦੀ ਕੁਛ ਵਿਰੋਧਤਾ ਹੋਈ ਹੈ। ਕਾਰਣ ਇਹ ਕਿ ਸਿੱਖਾਂ ਦੀ ਸੁਧਾਰਕ ਪਾਰਟੀ ਨੂੰ ਇਹ ਬਹੁਤ ਵਧੇਰੇ ਅਧਿਕਾਰ ਦੇਂਦਾ ਹੈ (ਵਿਲਸਨ ਜੋਹਨ) ਸਟਨ, ਚੀਫ ਸੈਕਟਰੀ ਪੰਜਾਬ (31 ਮਈ 1922) ਬਰਿਟਿਸ਼ ਰਾਜ ਦੇ ਅੰਗਰੇਜ਼ ਤੇ ਹਿੰਦੁਸਤਾਨੀ ਥੰਮ ਜਿਵੇਂ ਦਾ ਤਿਵੇਂ ਰਾਜ-ਸਮਾਜ ਰਖਣ ਦੇ ਹਾਮੀ ਸਨ। ਤਬਦੀਲੀ ਉਹ, ਉਹ ਪਰਵਾਨ ਕਰਦੇ ਸਨ ਜਿਹੜੀ ਬਰਿਟਿਸ਼ ਵਿਧਾਨ ਤੇ ਉਸ ਵਿਧਾਨ ਮੁਤਾਬਕ ਉਦਾਹਰਣਾਂ ਦੇ ਅਨੁਕੂਲ ਬਰਿਟਿਸ਼ ਸਾਮਰਾਜ ਤੁੱਠ ਕੇ ਕਰੇ। ਸਪਰੂਆਂ ਤੇ ਹਰਕਿਸ਼ਨ ਲਾਲਾਂ ਨੇ ਨਾ ਕਦੇ ਕੋਈ ਜਨਤਕ ਸੰਗਰਾਮ ਲੜੇ ਸਨ ਅਤੇ ਨਾ ਹੀ ਉਹਨਾਂ ਨੂੰ ਜਨਤਾ ਦੀ ਜਥੇਬੰਦ ਸੰਗਰਾਮੀ ਸ਼ਕਤੀ ਉਤੇ ਕੋਈ ਵਿਸ਼ਵਾਸ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦੇ ਵ੍ਕਫਾਂ ਨੂੰ ਵੀ ਬਰਬਾਦ ਕੀਤਾ ਜਾ ਰਿਹਾ ਸੀ। ਪਰ ਉਹ ਕੁਰਬਾਨੀ ਦਾ ਏਨਾ ਮੁਲ ਤਾਰਨ ਨੂੰ ਤਿਆਰ ਨਹੀਂ ਸਨ ਜਿੰਨਾ ਅਕਾਲੀ ਤਾਰ ਰਹੇ ਸਨ। ਉਹਨਾਂ ਦੇ ਨਿਰਣੇ, ਅਕਾਲੀਆਂ ਦੇ ਖਿਲਾਫ, ਹਿੰਦੂਆਂ ਅਤੇ ਮੁਸਲਮਾਨਾਂ

[1] General observations on the Bill, File no. 944.

Digitized by Panjab Digital Library | www.panjabdigilib.org

ਨੂੰ ਚੁਕਣ ਦੀ ਸੰਭਾਵਨਾ ਤਾਂ ਰਖਦੇ ਸਨ, ਮਸਲੇ ਦੇ ਹਲ ਕਰਨ ਵਲ ਕਦਮ ਨਹੀਂ ਸਨ ਪੁਟਦੇ ।

ਪਹਿਲਾਂ 1921 ਵਾਲਾ ਗੁਰਦੁਆਰਾ ਬਿਲ ਗੌਰਮਿੰਟ ਨੇ ਪੰਜਾਬ ਕੌਂਸਲ ਦੇ ਸਿੱਖ ਮਿੰਬਰਾਂ ਦੇ ਸਲਾਹ ਮਸ਼ਵਰੇ ਨਾਲ ਬਣਾਇਆ ਸੀ । ਪਰ ਜਦੋਂ ਉਹ ਪੰਜਾਬ ਕੌਂਸਲ ਵਿਚ ਪੇਸ਼ ਹੋ ਕੇ ਅਤੇ ਸੀਲੈਕਟ ਕਮੇਟੀ ਵਿਚੋਂ ਤਰਮੀਮਾਂ ਹੋ ਕੇ ਫੇਰ ਸਾਮ੍ਹਣੇ ਆਇਆ ਤਾਂ ਕੁੰਜੀਆਂ ਖੋਹਣ ਦੀ ਘਟਨਾ ਹੋ ਚੁਕੀ ਸੀ ਜਿਸ ਨੇ ਪਹਿਲੇ ਹਾਲਾਤ ਬਦਲ ਦਿਤੇ ਸਨ । ਇਸ ਲਈ ਮਿੰਬਰਾਂ ਨੇ ਉਸ ਬਿਲ ਨੂੰ ਦਿਤੀ ਹਮਾਇਤ ਵਾਪਸ ਲੈ ਲਈ ਸੀ । ਇਹ ਨਵਾਂ ਬਿਲ ਉਨ੍ਹਾਂ ਲੀਹਾਂ ਤੇ ਹੀ ਬਣਾਇਆ ਗਿਆ ਸੀ । ਪਰ ਉਸ ਵਿਚ ਦੋ ਤਬਦੀਲੀਆਂ ਕੀਤੀਆਂ ਗਈਆਂ ਸਨ :—

1) ਬੋਰਡ ਦੇ ਕਮਿਸ਼ਨਰਾਂ ਵਿਚ ਸਾਰੇ ਕਮਿਸ਼ਨਰ ਸਿੱਖ ਰਖੇ ਗਏ ਸਨ, ਗੈਰ ਸਿੱਖ ਕੋਈ ਨਹੀਂ ਸੀ ਰਖਿਆ ਗਿਆ;

2) ਕਮਿਸ਼ਨਰਾਂ ਦੀ ਤਨਖਾਹ ਗੌਰਮਿੰਟ ਫੰਡ ਵਿਚੋਂ ਦਿਤੀ ਜਾਣੀ ਸੀ । ਅਤੇ ਉਹਨਾਂ ਗੁਰਦੁਆਰਿਆਂ ਦਾ ਬਿਓਰਾ ਬਣਾਇਆ ਜਾਣਾ ਸੀ ਜਿਨ੍ਹਾਂ ਉਤੇ ਇਹ ਕਾਨੂੰਨ ਲਾਗੂ ਹੋਣਾ ਸੀ ।

ਪੰਜਾਬ ਗੌਰਮਿੰਟ ਇਸ ਬਿਲ ਨਾਲ ਉਕਾ ਹੀ ਸੰਤੁਸ਼ਟ ਨਹੀਂ ਸੀ । ਉਸ ਦਾ ਖਿਆਲ ਸੀ ਕਿ ਹਿੰਦੂ ਇਸ ਦੀ ਵਿਰੋਧਤਾ ਕਰਨਗੇ । ਗੌਰਮਿੰਟ ਸੀਲੈਕਟ ਕਮੇਟੀ ਵਿਚ ਕੀਤੀਆਂ ਜਾਣ ਵਾਲੀਆਂ ਯੋਗ ਤਰਮੀਮਾਂ ਤੇ ਵਿਚਾਰ ਕਰਨ ਲਈ ਤਿਆਰ ਸੀ ।

ਏਹੋ ਬਿਲ ਸੀ ਜਿਸ ਵਿਚ ਗੌਰਮਿੰਟ ਸ਼੍ਰੋਮਣੀ ਕਮੇਟੀ ਤੋਂ ਕਮਿਸ਼ਨਰਾਂ ਦੀ ਨਾਮਜ਼ਦਗੀ ਦਾ ਹੱਕ ਖੋਹ ਰਹੀ ਸੀ । ਅਤੇ ਸ਼੍ਰੋਮਣੀ ਕਮੇਟੀ ਦੇ, ਕਠੋਰ ਸਰਕਾਰੀ ਹਮਲੇ ਪਿੱਛੋਂ, ਗੈਰ-ਨੁਮਾਇੰਦਾ ਹੋ ਜਾਣ ਦੇ ਦਾਅਵੇ ਬੰਨ੍ਹਣ ਲਗ ਪਈ ਸੀ । ਇਹਨਾਂ ਦਾਅਵਿਆਂ ਦਾ ਕੀ ਹਸ਼ਰ ਹੋਇਆ, ਉਹ ਅਸੀਂ ਗੁਰੂ ਕੇ ਬਾਗ ਦੇ ਮੋਰਚੇ ਤੋਂ ਪਿੱਛੋਂ ਵੇਖਾਂਗੇ ।

Digitized by Panjab Digital Library | www.panjabdigilib.org

## 1. ਗੁਰੂ ਕੇ ਬਾਗ ਦਾ ਮੋਰਚਾ

ਗੌਰਮਿੰਟ ਦੀਆਂ ਨਜ਼ਰਾਂ ਵਿਚ ਤਸ਼ੱਦਦ ਤੇ ਗਰਿਫਤਾਰੀਆਂ ਦੀ ਪਾਲਿਸੀ ਸਫਲ ਹੋ ਰਹੀ ਸੀ ਅਤੇ ਉਹ ਇਸ ਪਾਲਿਸੀ ਨੂੰ ਹੋਰ ਜ਼ੋਰ ਨਾਲ ਲਾਗੂ ਕਰ ਰਹੀ ਸੀ। ਉਹ ਪਿੰਡਾਂ ਵਿਚ ਸਿਰ-ਕਢਵੇਂ ਵਰਕਰਾਂ ਨੂੰ ਫੜੀ ਜਾਂਦੀ ਸੀ ਅਤੇ ਹਾਲਾਤ ਏਹੋ ਜੇਹੇ ਪੈਦਾ ਕਰਨਾ ਚਾਹੁੰਦੀ ਸੀ ਕਿ ਅਕਾਲੀ ਤਹਿਰੀਕ ਅਗੋਂ ਕਿਤੇ ਵੀ ਸਿਰ ਨਾ ਉਠਾ ਸਕੇ—ਇਸ ਨੂੰ ਬਿਲਕੁਲ ਹੀ ਕੁਚਲਕੇ ਰਖ ਦਿਤਾ ਜਾਏ। ਕਿਉਂਕਿ ਇਸ ਨੇ ਬਰਿਟਿਸ਼ ਗੌਰਮਿੰਟ ਦੇ ਸਤਕਾਰ ਤੇ ਵਕਾਰ ਨੂੰ, ਗੌਰਮਿੰਟ ਨਾਲ ਆਢਾ ਲੈ ਕੇ, ਲੋਕਾਂ ਦੇ ਦਿਲਾਂ ਵਿਚੋਂ ਬੜਾ ਡੇਗ ਦਿਤਾ ਸੀ। ਇਸ ਤਹਿਰੀਕ ਦਾ ਵਜੂਦ ਬਰਿ-ਟਿਸ਼ ਰਾਜ ਲਈ ਬੜਾ ਖਤਰਨਾਕ ਸੀ।

ਇਹਨਾਂ ਗਰਿਫਤਾਰੀਆਂ ਵਿਚ ਪਿੱਛੇ ਨਾਲੋਂ ਫਰਕ ਇਹ ਸੀ ਕਿ ਇਸ ਵਾਰ ਗੌਰਮਿੰਟ ਅਕਾਲੀ ਜਥੇਬੰਦੀ ਨੂੰ ਤੋੜਨ ਲਈ ਪਿੱਛੇਂ ਨਾਲੋਂ ਵਧੇਰੇ ਤਿੱਖੇ ਤੇ ਬੇਕਿਰਕ ਤਸ਼ੱਦਦ ਦੀ ਵਰਤੋਂ ਕਰਨ ਦਾ ਫੈਸਲਾ ਕਰ ਚੁਕੀ ਜਾਪਦੀ ਸੀ। ਹਰ ਉਹ ਅਕਾਲੀ ਫੜ ਲਿਆ ਜਾਂਦਾ ਸੀ ਜਿਹੜਾ ਅਕਾਲੀ ਜਥੇ ਦੀ ਭਰਤੀ ਕਰਦਾ ਹੋਵੇ ਜਾਂ ਪਬਲਕ ਵਿਚ ਬੋਲ ਸਕਦਾ ਹੋਵੇ। ਕੋਈ ਦਰਜਨਾਂ ਪਿੰਡਾਂ ਵਿਚ ਪੁਲਸ ਦੀਆਂ ਤਾਅਜ਼ੀਰੀ ਚੌਕੀਆਂ ਬਿਠਾ ਦਿਤੀਆਂ ਗਈਆਂ ਸਨ ਅਤੇ ਦਰਜਨਾਂ ਪੰਚਾਇਤਾਂ ਦੇ ਅਕਾਲੀ-ਪੱਖੀ ਪੰਚ ਫੜਕੇ ਜੇਲਾਂ ਅੰਦਰ ਬੰਦ ਕਰ ਦਿਤੇ ਸਨ : ਚੌਂਕੀਆਂ ਦੇ ਜੁਰਮਾਨੇ, ਮਾਲ ਡੰਗਰ, ਭਾਂਡੇ ਟੀਡੇ ਕੁਰਕ ਕਰ ਕਰ ਵਸੂਲੇ ਜਾ ਰਹੇ ਸਨ। ਕੁਛ ਇਕ ਏਹੋ ਜੇਹੇ ਬੰਦਿਆਂ ਤੋਂ ਵੀ ਅਦਾਲਤੀ ਜੁਰਮਾਨੇ ਵਸੂਲ ਕੀਤੇ ਗਏ ਜਿਹੜੇ ਕਦੇ ਨਾ ਫੜੇ ਗਏ ਸਨ, ਨਾ ਕਿਸੇ ਅਦਾਲਤ ਵਿਚੋਂ ਜੁਰਮਾਨੇ ਸਹਿਤ ਕੈਦ ਹੋਏ ਸਨ। ਥੋੜ੍ਹੇ ਵਿਚ, ਬਰਿਟਿਸ਼ ਦਹਿਸ਼ਤ ਨੇ ਆਪਣੇ ਸਭ ਕਾਨੂੰਨ ਛਿਕੇ ਤੇ ਟੰਗ ਦਿਤੇ ਸਨ, ਪੁਲਸ ਤੇ ਫੌਜ ਪਿੰਡਾਂ ਵਿਚ ਹਰਲ ਹਰਲ ਕਰਦੀ ਫਿਰਦੀ ਸੀ ਅਤੇ ਉਹਨਾਂ ਨੂੰ ਬੇਝਿਜਕ ਗੋਲੀ ਚਲਾਣ, ਡੰਡਾ ਲਾਠੀ ਵਰਤਣ ਦੀ ਖੁਲ੍ਹੀ ਛੁਟੀ ਮਿਲ ਚੁਕੀ ਹੋਈ ਸੀ।

ਪਹਿਲੀਆਂ ਗਰਿਫਤਾਰੀਆਂ ਵੇਲੇ ਸਰਕਾਰ ਨੇ ਕੁਛ ਗੁਰਦੁਆਰੇ ਜਿਹੜੇ ਅਕਾਲੀਆਂ ਦੇ ਕਬਜ਼ੇ ਵਿਚ ਆ ਗਏ ਸਨ, ਮੁੜ ਮਹੰਤਾਂ ਦੇ ਹੱਥ ਫੜਾ ਦਿਤੇ ਸਨ। ਗੌਰਮਿੰਟ ਨੂੰ ਅਕਾਲੀਆਂ ਤੇ ਮਹੰਤਾਂ ਵਿਚਕਾਰ ਕੁਛ ਗੁਰਦੁਆਰਿਆਂ ਸਬੰਧੀ ਹੋਏ ਸਮਝੌਤੇ ਵੀ ਚੰਗੇ ਨਹੀਂ ਸਨ ਲਗੇ। ਗੌਰਮਿੰਟ ਮਹੰਤਾਂ ਨੂੰ ਇਸ ਤਹਿਰੀਕ ਦੇ ਖਿਲਾਫ ਇਕ ਧਿਰ ਬਣਾ ਰਹੀ ਸੀ। ਇਸ ਲਈ ਏਹੋ ਜੇਹੇ ਸਮਝੌਤੇ ਉਸਦੀ ਪਾਲਿਸੀ ਦੇ ਕਾਮਯਾਬ ਹੋਣ ਵਿਚ ਵਿਘਨ ਪਾਉਂਦੇ ਸਨ। ਸਰਕਾਰ ਨੂੰ ਅਕਾਲੀ ਤਹਿਰੀਕ ਉਤੇ ਬੰਦੂਕ ਚਲਾਣ ਲਈ ਮਹੰਤਾਂ ਦੇ ਮੋਢੇ ਦੀ ਲੋੜ ਸੀ। ਏਹੋ ਕਾਰਣ ਸੀ ਕਿ ਮਿਸਟਰ ਡੰਨਿਟ ਨੇ ਗੁਰੂ ਕੇ ਬਾਗ ਦੇ ਮਹੰਤ ਨੂੰ—ਜਿਸ ਦਾ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲ ਸਮਝੌਤਾ ਹੋ ਚੁਕਾ ਸੀ—ਹਲਾਸ਼ੇਰੀ ਦੇ ਕੇ ਆਪਣੇ ਹੱਥਾਂ ਵਿਚ ਲੈ ਲਿਆ ਅਤੇ ਗੁਰੂ ਕੇ ਬਾਗ ਦਾ ਮੋਰਚਾ ਲਵਾਣ ਦੇ ਹਾਲਾਤ ਪੈਦਾ ਕੀਤੇ। ਮਕਸਦ ਉਸ ਦਾ ਅਕਾਲੀ ਤਹਿਰੀਕ ਦੇ ਤੋੜਨ ਦੇ ਨਿਸ਼ਾਨੇ ਵਲ ਅਗੇ ਵਧਣਾ ਸੀ।

ਮਹੰਤ ਗੌਰਮਿੰਟ ਦੀ ਨਬਜ਼ ਵੇਖਕੇ ਚਲਦੇ ਸਨ। ਜੇ ਵੇਖਦੇ ਸਨ ਕਿ ਗੌਰਮਿੰਟ ਗੁਰਦੁ-ਆਰਾ ਬਿਲ ਬਣਾ ਕੇ ਅਕਾਲੀਆਂ ਦੀਆਂ ਮੰਗਾਂ ਪਰਵਾਨ ਕਰਨ ਵਲ ਜਾ ਰਹੀ ਹੈ, ਤਾਂ ਅਕਾਲੀਆਂ ਨੂੰ ਅਗੋਂ ਹੋ ਕੇ ਸਮਝੌਤਾ ਕਰਨ ਲਈ ਮਿਲਦੇ ਸਨ ਜਾਂ ਵਿਚੋਲੇ ਲਭਦੇ ਸਨ ਜਿਹੜੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨਾਲ ਸਮਝੌਤਾ ਕਰਾ ਦੇਣ, ਅਤੇ ਜੇ ਵੇਖਦੇ ਸਨ ਕਿ ਗੌਰਮਿੰਟ ਦੀਆਂ ਅੱਖਾਂ ਬਦਲ ਗਈਆਂ ਹਨ ਅਤੇ ਉਸ ਨੇ ਅਕਾਲੀ ਲਹਿਰ ਨੂੰ ਕੁਚਲਨ ਲਈ ਹੱਲਾ ਬੋਲ ਦਿਤਾ ਹੈ

Digitized by Panjab Digital Library | www.panjabdigilib.org

ਤਾਂ ਉਹ ਕੀਤੇ ਸਮਝੌਤਿਆਂ ਨੂੰ ਤੋੜ ਦੇਂਦੇ ਸਨ ਅਤੇ ਗੌਰਮਿੰਟ ਦੀ ਜਾ ਸ਼ਰਨ ਲੈਂਦੇ ਸਨ। ਖ਼ੁਦ ਸ਼੍ਰੋਮਣੀ ਕਮੇਟੀ ਨੇ ਮਹੰਤਾਂ ਦੀ ਇਸ ਗਿਰਗਿਟੀ ਮੌਕਿਆ-ਬਾਜ਼ੀ ਸੰਬੰਧੀ ਇਹ ਲਿਖਿਆ ਸੀ :—

ਨਨਕਾਣੇ ਸਾਹਿਬ ਦੀ ਦੁਰਘਟਨਾ ਪਿੱਛੋਂ ਸਰਕਾਰ ਨੇ ਸਿੱਖਾਂ ਉਤੇ ਸਖਤੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਕੁਝ ਮਹੰਤ ਜਿਨ੍ਹਾਂ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਕੰਮ ਕਰਨਾ ਪਰਵਾਨ ਕਰ ਲਿਆ ਸੀ, ਆਪਣੇ ਇਕਰਾਰਾਂ ਤੋਂ ਫਿਰ ਗਏ। 1921 ਵਿਚ ਸੈਂਕੜੇ ਸਿੱਖ ਜੇਲ੍ਹਾਂ ਵਿਚ ਪਾਏ ਗਏ ਅਤੇ ਮਹੰਤਾਂ ਨੂੰ ਬਹਾਲ ਕਰਕੇ ਉਨ੍ਹਾਂ ਦੀ ਸਹਾਇਤਾ ਕੀਤੀ ਗਈ......ਮਹੰਤ ਸੁੰਦਰ ਦਾਸ (ਗੁਰੂ ਕਾ ਬਾਗ) ਵੀ ਦੂਸਰੇ ਮਹੰਤਾਂ ਵਾਂਗ ਇਕਰਾਰ ਤੋਂ ਫਿਰ ਗਿਆ ਅਤੇ ਉਸ ਨੇ ਫੇਰ ਓਹੋ ਹੀ ਪਹਿਲੇ ਵਾਲੀ ਕਾਰਵਾਈ ਕਰਨੀ ਸ਼ੁਰੂ ਕਰ ਦਿਤੀ। ਮਹੰਤ ਨੇ ਸਥਾਨੀ ਕਮੇਟੀ ਦੇ ਸਕਤਰ ਨੂੰ...ਦਫਤਰ ਵਿਚੋਂ ਬਾਹਰ ਕਢ ਦਿਤਾ ਅਤੇ ਉਸ ਦੇ ਕਾਗਜ਼ ਪੱਤਰ ਸਾੜ ਦਿਤੇ। ਲਾਚਾਰ ਹੋ ਕੇ 23 ਅਗਸਤ 1621 ਨੂੰ ਸ਼੍ਰੋਮਣੀ ਕਮੇਟੀ ਨੇ ਦਫਤਰ ਦਾ ਪਰਬੰਧ ਆਪਣੇ ਹੱਥ ਵਿਚ ਲੈ ਲਿਆ ਅਤੇ ਮਹੰਤ ਨੂੰ ਬਾਹਰ ਕਢ ਦਿਤਾ।[1]

ਮਹੰਤ ਚੁਪ ਨਹੀਂ ਸੀ ਬੈਠਾ ਰਿਹਾ। ਉਹ ਅੰਗਰੇਜ਼ ਅਫਸਰਾਂ ਪਾਸ ਗਿਆ ਅਤੇ ਕਈ ਗੱਲਾਂ ਬਣਾ ਕੇ ਉਹਨਾਂ ਤੋਂ ਮੁੜ ਬਹਾਲੀ ਲਈ ਸਹਾਇਤਾ ਮੰਗੀ। ਮਿਸਟਰ ਮੈਕਫਰਸਨ ਜਿਸ ਵੇਲੇ ਪੁਲਸ ਦਾ ਇਕ ਦਸਤਾ ਲੈ ਕੇ ਗੁਰੂ ਕੇ ਬਾਗ ਪੁਜਾ ਉਸ ਵੇਲੇ ਸ: ਦਾਨ ਸਿੰਘ ਜੀ ਓਥੇ ਮੌਜੂਦ ਸਨ। ਉਨ੍ਹਾਂ ਨੇ ਪੁਲਸ ਕਪਤਾਨ ਨੂੰ ਉਹ ਅਖਬਾਰਾਂ ਵਿਖਾਈਆਂ ਜਿਨ੍ਹਾਂ ਵਿਚ ਮਹੰਤ ਨਾਲ ਸਮਝੌਤੇ ਦੀ ਕਾਰਵਾਈ ਛਪੀ ਸੀ, ਪੁਲਸ ਕਪਤਾਨ ਕਾਰਵਾਈ ਵੇਖ-ਪੜ੍ਹਕੇ ਠੰਢਾ ਹੋ ਗਿਆ ਅਤੇ ਉਸ ਨੇ ਇਸ ਮਾਮਲੇ ਵਿਚ ਕੋਈ ਦਖਲ ਨਾ ਦਿਤਾ, ਇਸ ਲਈ ਸਿੱਖਾਂ ਦੇ ਕਬਜ਼ੇ ਦੀ, ਇਕ ਤਰ੍ਹਾਂ, ਹੋਰ ਤਸਦੀਕ ਹੋ ਗਈ। ਉਹ ਅਕਾਲੀਆਂ ਦੀ ਰਾਖੀ ਲਈ ਪੁਲਸ ਦਾ ਦਸਤਾ ਗੁਰੂ ਕੇ ਬਾਗ ਵਿਚ ਛਡ ਗਏ। ਕੁਛ ਚਿਰ ਪਿੱਛੋਂ ਉਹਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਕਿ ਮੈਂ ਪੁਲਸ ਦਾ ਦਸਤਾ ਹਟਾ ਲੈਣਾ ਚਾਹੁੰਦਾ ਹਾਂ। ਜੇ ਤੁਸਾਂ ਰਖਣਾ ਹੈ ਤਾਂ ਇਸ ਦਾ ਖਰਚ ਕਮੇਟੀ ਨੂੰ ਅਦਾ ਕਰਨਾ ਪਏਗਾ। ਕਮੇਟੀ ਨੇ ਜਵਾਬ ਦਿਤਾ : ਬੇਸ਼ਕ ਹਟਾ ਲਓ, ਇਸ ਦੀ ਏਥੇ ਕੋਈ ਲੋੜ ਨਹੀਂ।

ਮਹੰਤ ਸੁੰਦਰ ਦਾਸ ਦਾ ਚਾਲ ਚਲਨ ਵਿਭਚਾਰੀ ਸੀ। ਗੈਰ ਔਰਤਾਂ ਨਾਲ ਉਹਦੇ ਸਬੰਧ ਸਨ।[2] ਇਲਾਕੇ ਦੇ ਸਿੱਖ ਇਸ ਦੇ ਸਖਤ ਖਿਲਾਫ ਸਨ ਅਤੇ ਇਸ ਨੂੰ ਗੁਰਦੁਆਰੇ ਵਿਚੋਂ ਕਢਣਾ

[1] ਗੁਰੂ ਕੇ ਬਾਗ ਦਾ ਝਗੜਾ ਜਿਸ ਤਰ੍ਹਾਂ ਸ਼ੁਰੂ ਹੋਇਆ: ਵਲੋਂ ਸ਼੍ਰੋਮਣੀ ਕਮੇਟੀ—ਅਕਾਲੀ ਤੇ ਪ੍ਰਦੇਸੀ ਅਖਬਾਰ, 11 ਨਵੰਬਰ 1922.

[2] ਈਸਰੀ ਪਿੰਡ ਰੋਖੇ ਦੀ ਹੈ। ਇਹ ਪਿੰਡ ਮੇਰੀ ਜ਼ੈਲ (ਸਧਾਰ, ਅਮਰਿਤਸਰ) ਵਿਚ ਹੈ।......ਜਦ ਈਸਰੀ ਜਵਾਨ ਹੋਈ ਤਾਂ ਇਹ ਮਹੰਤ ਸੁੰਦਰ ਦਾਸ ਦੇ ਘਰ ਬਿਨਾ ਵਿਆਹ ਕੀਤੇ ਹੀ ਵੜ ਗਈ। ਲਾਗੇ ਦੇ ਸਾਰੇ ਪਿੰਡਾਂ ਵਾਲੇ ਸੁੰਦਰ ਦਾਸ ਨੂੰ ਕਈ ਚਿਰਾਂ ਤੋਂ ਬਦਮਾਸ਼ ਸਮਝਦੇ ਹਨ। ਇਕ ਹੋਰ ਜ਼ਨਾਨੀ ਜਿਸ ਦਾ ਨਾਮ ਜਗਦੇਈ ਹੈ ਨਾਲ ਵੀ ਮਹੰਤ ਦਾ ਬੁਰਾ ਤਅਲਕ ਸੀ।......ਮਹੰਤ ਨੇ 8 ਅਗਸਤ 1922 ਵਾਲੇ ਦਿਨ ਇਕ ਦਰਖਾਸਤ ਮੇਰੇ ਸਾਮ੍ਹਣੇ ਡਿਪਟੀ ਸੁਪਰਡੰਟ ਸ਼ਾਮ ਸਿੰਘ ਨੂੰ ਦਿਤੀ ਸੀ ਕਿ ਮੈਂ ਅਕਾਲੀਆਂ ਤੇ ਮੁਕੱਦਮਾ ਨਹੀਂ ਚਲਾਵਾਂਗਾ (ਬਾਕੀ ਦੇ ਗੁਆਹਾਂ ਨੇ ਵੀ ਏਹੋ ਕੁਛ ਕਿਹਾ।) ਹਰਨਾਮ ਸਿੰਘ ਜ਼ੈਲਦਾਰ ਦੀ ਗਵਾਹੀ (ਸਿੱਖ ਲੀਡਰਾਂ ਦੇ ਮੁਕੱਦਮੇ ਵਿਚ) ਅਕਾਲੀ ਤੇ ਪ੍ਰਦੇਸੀ : 30 ਅਕਤੂਬਰ 1922.

Digitized by Panjab Digital Library | www.panjabdigilib.org

ਚਾਹੁੰਦੇ ਸਨ । 31 ਜਨਵਰੀ 1921 ਨੂੰ ਸ: ਦਾਨ ਸਿੰਘ ਵਛੋਆ ਕਮੇਟੀ ਦੀ ਆਗਿਆ ਨਾਲ ਸਿੰਘਾਂ ਦਾ ਇਕ ਜਥਾ ਲੈ ਕੇ ਓਥੇ ਪਹੁੰਚੇ ਤਾਂ ਜੋ ਉਸ ਨੂੰ ਸਿੱਧੇ ਰਸਤੇ ਤੇ ਲਿਆਂਦਾ ਜਾਏ । ਉਸ ਵੇਲੇ ਉਸ ਮਹੰਤੀ ਕਾਇਮ ਰਖਣ ਲਈ ਸਿੰਘਾਂ ਦੀਆਂ ਸ਼ਰਤਾਂ ਪਰਵਾਨ ਕਰ ਲਈਆਂ ਅਤੇ ਮੰਨ ਲਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਅਧੀਨ ਹੋ ਕੇ ਚਲੇਗਾ ਅਤੇ ਜਿਸ ਇਸਤਰੀ ਨਾਲ ਉਸ ਦੇ ਨਾਜਾਇਜ਼ ਤਅੱਲਕ ਹਨ ਉਸ ਨਾਲ ਉਹ ਸ਼ਾਦੀ ਕਰ ਲਏਗਾ । ਉਸਨੇ ਇਹ ਸਮਝੌਤਾ ਮੰਨਕੇ ਇਲਾਕੇ ਦੇ ਲੋਕਾਂ ਸਾਮ੍ਹਣੇ ਦਸਖਤ ਕਰ ਦਿਤੇ ਅਤੇ ਕੁਛ ਚਿਰ ਪਿੱਛੋਂ ਉਸ ਨੇ ਸਿੱਖੀ ਮਰਿਆਦਾ ਅਨੁਸਾਰ ਅਕਾਲ ਤਖਤ ਪਹੁੰਚ ਕੇ ਆਪਣੀ ਦਾਸ਼ਤਾ ਨਾਲ ਸ਼ਾਦੀ ਕਰ ਲਈ ।

ਫਰਵਰੀ 1922 ਨੂੰ ਮਹੰਤ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਗੁਜ਼ਾਰਾ ਮੁਕਰਰ ਕਰਨ ਲਈ ਲਿਖਿਆ । ਕਮੇਟੀ ਤੇ ਮਹੰਤ ਦੋਹਾਂ ਦੀ ਰਜ਼ਾਮੰਦੀ ਨਾਲ ਤਿੰਨ ਸਾਲਸ ਨਿਯੁਕਤ ਕੀਤੇ ਗਏ ਜਿਨ੍ਹਾਂ ਨੇ ਮਹੰਤ ਨੂੰ 120 ਰੁਪਏ ਮਾਹਵਾਰ ਗੁਜ਼ਾਰੇ ਲਈ ਅਤੇ ਅਮਰਿਤਸਰ ਸ਼ਹਿਰ ਵਿਚ ਇਕ ਰਿਹਾਇਸ਼ੀ ਮਕਾਨ ਦਿਤੇ । ਮਹੰਤ ਨੇ ਇਹ ਸਾਲਸੀ ਫੈਸਲਾ ਪਰਵਾਨ ਕਰ ਲਿਆ । ਮਾਰਚ ਅਪਰੈਲ ਦੀਆਂ ਗਰਿਫਤਾਰੀਆਂ ਪਿਛੋਂ ਉਸ ਦਾ ਮਨ ਫੇਰ ਬੇਈਮਾਨ ਹੋ ਗਿਆ ਅਤੇ ਕਮੇਟੀ ਅਗੇ ਵਿੱਹਰ ਖਲੋਤਾ ਜਿਸ ਤੇ ਉਸ ਨੂੰ, ਜਿਵੇਂ ਉਤੇ ਅਸਾਂ ਲਿਖਿਆ ਹੈ, ਪਰਬੰਧ ਨਾਲੋਂ ਅਡ ਕਰ ਦਿਤਾ ਗਿਆ ।

ਇਸ ਗੁਰਦੁਆਰੇ ਦੇ ਲਾਗੇ ਢੇਰ ਸਾਰੀ ਬੰਜਰ ਜ਼ਮੀਨ ਸੀ, ਜਿਸ ਵਿਚ ਕਿੱਕਰਾਂ ਉੱਗੀਆਂ ਹੋਈਆਂ ਸਨ । ਏਥੋਂ ਗੁਰੂ ਕੇ ਲੰਗਰ ਲਈ ਬਾਲਣ ਵਢਿਆ ਜਾਂਦਾ ਸੀ । ਜਦੋਂ ਤੋਂ ਕਮੇਟੀ ਦਾ ਪਰਬੰਧ ਚਾਲੂ ਹੋਇਆ ਉਦੋਂ ਤੋਂ ਬਾਕਾਇਦਾ ਲੰਗਰ ਚਲਦਾ-ਪਕਦਾ ਸੀ ਅਤੇ ਆਏ-ਗਏ ਮੁਸਾਫਰਾਂ ਤੇ ਗੁਰਦੁਆਰੇ ਦੇ ਸੇਵਾਦਾਰਾਂ ਦੀ ਉਦਰ-ਪੂਰਤੀ ਕਰਦਾ ਸੀ। ਬਾਲਣ ਲਈ ਲਕੜਾਂ ਏਥੋਂ ਵਢੀਆਂ ਜਾਂਦੀਆਂ ਸਨ । ਇਹ ਜ਼ਮੀਨ ਸਹਿੰਸਰੇ ਦੇ ਲੋਕਾਂ ਨੇ ਗੁਰਦੁਆਰੇ ਦੇ ਨਾਮ ਲਵਾਈ ਸੀ ਅਤੇ ਮਹੰਤ ਦੇ ਨਾਮ ਨਹੀਂ ਸੀ । ਡੰਨਿਟ ਨੇ ਧਕੋ ਜ਼ੋਰੀ ਇਸ ਨੂੰ ਓਵੇਂ ਹੀ ਮਹੰਤ ਦੀ ਜਾਇਦਾਦ ਬਣਾ ਕੇ ਗਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਸਨ, ਜਿਵੇਂ ਉਸ ਨੇ ਬਗਾਵਤੀ ਮੀਟਿੰਗਾਂ ਦੇ ਕਾਨੂੰਨ ਹੇਠ 'ਧਾਰਮਕ ਦੀਵਾਨ ਨਹੀਂ ਹੋ ਸਕਦੇ' ਕਹਿਕੇ ਅਜਨਾਲੇ ਵਿਚ ਗਰਿਫਤਾਰੀਆਂ ਸ਼ੁਰੂ ਕਰ ਦਿਤੀਆਂ ਸਨ ।

ਲਕੜਾਂ ਵੱਢਣ ਦੀ ਇਤਲਾਹ ਜ਼ੈਲਦਾਰ ਬੇਦੀ ਬਰਿਜ ਲਾਲ ਪਿੰਡ ਮਹਿਲਾਂ ਵਾਲਾ ਨੇ ਡੀ. ਸੀ. ਨੂੰ ਭੇਜੀ ਸੀ । ਇਹ ਜ਼ੈਲਦਾਰ ਇਲਾਕੇ ਵਿਚ ਬਦਨਾਮ, 'ਝੋਲੀਚੁਕ' ਦੇ ਤੌਰ ਤੇ ਜਾਣਿਆਂ ਜਾਂਦਾ ਸੀ । ਉਹ ਜਾਣਦਾ ਸੀ ਕਿ ਸਰਕਾਰ ਉਸ ਦੀ ਪਿੱਠ ਉੱਤੇ ਹੈ ਅਤੇ ਅਕਾਲੀ ਲਹਿਰ ਨੂੰ ਕੁਚਲਨਾ ਚਹੁੰਦੀ ਹੈ । ਉਹ ਵੀ ਅਕਾਲੀ ਤਹਿਰੀਕ ਦੇ ਕੁਚਲਨ ਦੀ ਸਰਕਾਰੀ ਮੁਹਿੰਮ ਵਿਚ ਸਰਗਰਮੀ ਨਾਲ ਹਿੱਸਾ ਲੈ ਰਿਹਾ ਸੀ । ਅਤੇ ਇਲਾਕੇ ਦੇ ਸਿਰ ਕੱਢ ਅਕਾਲੀਆਂ ਨੂੰ ਫੜਾਨ ਵਿਚ ਪੁਲਸ ਦੇ ਨਾਲ ਰਹਿੰਦਾ ਸੀ ।

ਗੁਰਦੁਆਰੇ ਦੇ ਪੰਜ ਸੇਵਾਦਾਰਾਂ ਨੇ ਲੰਗਰ ਲਈ 8 ਅਗਸਤ ਨੂੰ ਕੁਛ ਬਾਲਣ ਵਢਕੇ ਲਿਆਂਦਾ, 9 ਅਗਸਤ ਨੂੰ ਉਹਨਾਂ ਨੂੰ ਫੜ ਲਿਆ ਗਿਆ ਅਤੇ ਅਦਾਲਤ ਵਿਚ ਪੇਸ਼ ਹੋਣ ਤੇ ਉਹਨਾਂ ਨੂੰ ਚੋਰੀ ਦੇ ਜੁਰਮ ਵਿਚ 50 ਰੁਪਏ ਜੁਰਮਾਨਾਂ ਤੇ ਛੇ ਛੇ ਮਹੀਨੇ ਕੈਦ ਹੋ ਗਈ ਅਤੇ ਉਹ

Digitized by Panjab Digital Library | www.panjabdigilib.org

ਜੇਲ ਚਲੇ ਗਏ ।[1] ਇਹਨਾਂ ਨੂੰ ਮਿਸਟਰ ਡੰਨਿਟ ਦੇ ਹੁਕਮ ਨਾਲ ਫੜਿਆ ਗਿਆ ਸੀ । ਡੰਨਿਟ ਅਸਲ ਵਿਚ ਕੋਈ ਬਹਾਨਾ ਲਭਦਾ ਸੀ ਜਿਸ ਨੂੰ ਵਰਤ ਕੇ ਉਹ ਗੁਰਦੁਆਰੇ ਦਾ ਪਰਬੰਧ ਅਕਾਲੀਆਂ ਤੋਂ ਖੋਹ ਕੇ ਮਹੰਤ ਸੁੰਦਰ ਦਾਸ ਦੇ ਹਵਾਲੇ ਕਰ ਦੇਵੇ । ਲਕੜੀਆਂ ਵਢਣ ਦਾ ਉਹਨੂੰ ਬਹਾਨਾ ਮਿਲ ਗਿਆ । ਅਤੇ ਉਸ ਨੇ ਗੁਰਦੁਆਰੇ ਵਿਚੋਂ ਅਕਾਲੀਆਂ ਨੂੰ ਫੜ ਫੜ, ਕੁਟ ਕੁਟ ਕਢਣਾ ਸ਼ੁਰੂ ਕਰ ਦਿਤਾ ।

ਇਹ ਅਕਾਲੀ ਤਹਿਰੀਕ ਲਈ ਨਵਾਂ ਚੈਲੰਜ ਸੀ । ਗੁਰਦੁਆਰੇ ਦੇ ਲੰਗਰ ਲਈ ਗੁਰਦੁਆਰੇ ਦੀ ਜ਼ਮੀਨ ਵਿਚੋਂ ਬਾਲਣ ਲੈਣਾ ਸੇਵਾਦਾਰਾਂ ਦਾ ਹੱਕ ਸੀ । ਗੌਰਮਿੰਟ ਦੇ ਇਸ ਅਫਸਰ—ਡੀ. ਸੀ. ਡੰਨਿਟ—ਨੇ ਇਕ ਮੂਰਖਤਾ ਕੁੰਜੀਆਂ ਖੋਹਣ ਵੇਲੇ ਕੀਤੀ ਸੀ, ਦੂਜੀ ਮੂਰਖਤਾ ਉਸ ਨੇ ਸੇਵਾਦਾਰਾਂ ਨੂੰ ਫੜਕੇ ਕਰ ਦਿਤੀ । ਖਾਹਸ਼ ਉਸ ਦੀ ਅਕਾਲੀ ਤਹਿਰੀਕ ਨੂੰ ਕੁਚਲਨ ਦੀ ਸੀ ਪਰ ਇਹ ਜ਼ਰੂਰੀ ਨਹੀਂ ਸੀ ਕਿ ਨਤੀਜੇ ਉਸ ਦੀ ਖਾਹਸ਼ ਦੇ ਮੁਤਾਬਕ ਨਿਕਲਣ ।

ਸ਼੍ਰੋਮਣੀ ਕਮੇਟੀ ਵਲੋਂ ਇਸ ਧੱਕੇ ਦੇ ਖਿਲਾਫ ਰੋਸ ਵਜੋਂ ਪੰਜ ਪੰਜ ਅਕਾਲੀਆਂ ਦੇ ਜਥੇ ਜਾਣੇ ਸ਼ੁਰੂ ਹੋ ਗਏ ਅਤੇ ਗੁਰਦੁਆਰੇ ਦੇ ਲੰਗਰ ਲਈ ਬਾਲਣ ਕੱਟਣ ਦਾ ਹੱਕ ਬਹਾਲ ਕਰਨ ਦਾ ਯਤਨ ਕਰਦੇ ਰਹੇ । ਪੁਲਸ ਉਹਨਾਂ ਨੂੰ ਫੜ ਲੈਂਦੀ ਰਹੀ ਅਤੇ ਇਹ ਪੁਛਕੇ ਛਡ ਦੇਂਦੀ ਰਹੀ ਕਿ ਉਹਨਾਂ ਨੂੰ ਕੌਣ ਘੱਲ ਰਿਹਾ ਹੈ । ਇਹ ਸਿਲਸਿਲਾ ਕੁਛ ਚਿਰ ਜਾਰੀ ਰਿਹਾ । 22 ਅਗਸਤ ਨੂੰ ਫੇਰ ਧੜਾ ਧੜ ਗਰਿਫ਼ਤਾਰੀਆਂ ਸ਼ੁਰੂ ਹੋ ਗਈਆਂ । 24 ਅਗਸਤ ਤਕ 180 ਅਕਾਲੀ ਫੜੇ ਗਏ । ਹੁਣ ਅਕਾਲੀ ਜਥੇ ਦੇ ਮਿੰਬਰਾਂ ਦੀ ਗਿਣਤੀ ਵਧਣ ਲਗ ਪਈ । 25 ਨੂੰ ਗਰਿਫਤਾਰ ਅਕਾਲੀਆਂ ਦੀ ਗਿਣਤੀ 210 ਹੋ ਗਈ ।

ਡਿਪਟੀ ਕਮਿਸ਼ਨਰ ਉਤਲੇ ਅਫਸਰਾਂ ਨੂੰ ਹਾਲਾਤ ਤੋਂ ਜਾਣੂ ਕਰਾਣ ਲਈ ਸਿਮਲੇ ਗਿਆ ਹੋਇਆ ਸੀ । ਉਸ ਦੇ ਵਾਪਸ ਆਉਂਦਿਆਂ ਹੀ ਗਰਿਫਤਾਰੀਆਂ ਬੰਦ ਹੋ ਗਈਆਂ ਅਤੇ ਜਥਿਆਂ ਦੀ ਮਾਰ ਕੁਟਾਈ ਸ਼ੁਰੂ ਹੋ ਗਈ । ਪਹਿਲੇ ਦਿਨ ਹੀ 100 ਅਕਾਲੀਆਂ ਨੂੰ ਮੁੱਕੀਆਂ, ਘਸੁੰਨਾਂ, ਸੋਟਿਆਂ ਅਤੇ ਬੰਦੂਕਾਂ ਦੇ ਸਿਰਿਆਂ ਨਾਲ ਕੁਟਿਆ ਤੇ ਫੇਹਿਆ ਗਿਆ । ਅਗਲੇ ਦਿਨ ਗੁਰੂ ਕੇ ਬਾਗ ਵਿਚ ਗੁਰੂ ਗਰੰਥ ਸਾਹਿਬ ਦੀ ਸੇਵਾ ਵਿਚ ਰਹਿ ਗਏ 40 ਸਿੱਖਾਂ ਨੂੰ ਲਾਠੀਆਂ ਨਾਲ ਕੁਟਿਆ ਮਾਰਿਆ ਅਤੇ ਕੇਸਾਂ ਤੋਂ ਫੜ ਫੜ ਧੂਹਿਆ ਗਿਆ । ਗੁਰਦੁਆਰਾ ਸੁਧਾਰ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਸ਼ੁਰੂ ਹੋ ਗਿਆ ।

ਡੰਨਿਟ ਓਡਵਾਇਰ-ਸ਼ਾਹੀ ਵੇਲੇ ਦਾ ਅਫਸਰ ਸੀ । ਜ਼ੁਲਮ ਤੇ ਤਸ਼ੱਦਦ ਕਰਨ ਵਿਚ ਉਹ ਓਡਵਾਇਰ ਦੀਆਂ ਲੀਹਾਂ ਤੇ ਚਲਣ ਵਾਲਾ ਅੱਤਵਾਦੀ ਹਾਕਮ ਸੀ । ਅਤੇ ਉਸ ਨੂੰ ਉਤਲੀ ਅਫਸਰਸ਼ਾਹੀ ਦੀ ਪੂਰੀ ਪੂਰੀ ਹਮਾਇਤ ਹਾਸਲ ਸੀ । ਪਾਲਿਸੀ ਗੌਰਮਿੰਟ ਦੀ ਸੀ ਅਤੇ ਉਸ ਪਾਲਿਸੀ ਨੂੰ ਸਿਰੇ ਚੜ੍ਹਾਉਣ ਦਾ ਕੰਮ ਉਹਦੇ ਜ਼ੁਮੇ ਆ ਪਿਆ ਸੀ । ਅਤੇ ਉਹ ਬੇਕਿਰਕੀ, ਬੇਤਰਸੀ ਤੇ ਪਸ਼ੂ ਬਲ ਵਰਤਕੇ ਅਕਾਲੀਆਂ ਨੂੰ ਉਹ ਸਬਕ ਸਿਖਾਣਾ ਚਾਹੁੰਦਾ ਸੀ ਜਿਹੜਾ ਉਹ ਕਦੇ ਵੀ ਨਾ ਭੁਲ ਸਕਣ ।

---

[1] ਕੈਦ ਹੋਣ ਵਾਲਿਆਂ ਦੇ ਨਾਮ: ਭਾਈ ਸੰਤੋਖ ਸਿੰਘ ਲਸ਼ਕਰੀ ਨੰਗਲ, ਭਾਈ ਲਾਭ ਸਿੰਘ ਰਾਜਾ ਸਾਂਸੀ, ਭਾਈ ਲਾਭ ਸਿੰਘ ਮਤੇ ਨੰਗਲ, ਭਾਈ ਸੰਤਾ ਸਿੰਘ ਮੇਸਾ ਨਕੋਦਰ ਤੇ ਇਕ ਹੋਰ ਅਕਾਲੀ ।

Digitized by Panjab Digital Library | www.panjabdigilib.org

## 2. ਸਰਕਾਰੀ ਬੰਦੋਬਸਤ, ਅਖਤਿਆਰ ਤੇ ਨਿਰਣਾ

ਇਸ ਮੋਰਚੇ ਨਾਲ ਨਜਿਠਣ ਲਈ ਜਥੇਬੰਦਕ ਕਾਰਵਾਈਆਂ ਸ਼ੁਰੂ ਹੋ ਗਈਆਂ । ਪੁਲਿਸ ਦੀਆਂ ਪਿਕਟਾਂ ਗੁਰੂ ਕੇ ਬਾਗ ਨੂੰ ਜਾਣ ਵਾਲੇ ਸਭ ਰਾਹਾਂ ਤੇ ਸੜਕਾਂ ਉਤੇ ਲਾ ਦਿਤੀਆਂ ਗਈਆਂ । ਗੁਰਦੁਆਰੇ ਲਈ ਅਮਰਿਤਸਰੋਂ ਤੇ ਪਿੰਡਾਂ ਵਿਚੋਂ ਔਉਣ ਵਾਲੀ ਰਸਦ ਬੰਦ ਕਰ ਦਿਤੀ ਗਈ ਅਤੇ ਆਉਂਦੀ ਰਸਦ ਪੁਲਸ ਵਾਲਿਆਂ ਨੇ ਲੁੱਟਣੀ ਸ਼ੁਰੂ ਕਰ ਦਿਤੀ, ਤਾਂ ਜੁ ਗੁਰਦੁਆਰੇ ਦੇ ਅੰਦਰ ਬੈਠੇ ਸੇਵਾਦਾਰਾਂ ਨੂੰ ਭੁਖਾ ਮਾਰਿਆ ਜਾਵੇ । ਅਮਰਿਤਸਰ ਵਿਚ, 'ਇਹਤਿਆਤ ਦੇ ਤੌਰ ਤੇ,' ਘੋੜਸਵਾਰਾਂ ਦਾ ਇਕ ਸਕੁਆਡਰਨ 29 ਅਗਸਤ ਨੂੰ ਪਹੁੰਚ ਗਿਆ । ਦੋ ਸੌ ਹਥਿਆਰ-ਬੰਦ ਸਿਪਾਹੀ ਹੋਰ ਘੱਲ ਦਿਤੇ ਗਏ । ਅਤੇ ਫੌਜੀ ਅਫਸਰਾਂ ਨੇ ਹਥਿਆਰਾਂ ਨਾਲ ਲੈਸ ਦੋ ਕਾਰਾਂ ਭੇਜ ਦਿਤੀਆਂ । ਲਾਗੇ ਦੇ ਜ਼ਿਲਿਆਂ ਨੂੰ ਤਾਰਾਂ ਭੇਜ ਦਿਤੀਆਂ ਗਈਆਂ ਕਿ ਡਿਪਟੀ ਕਮਿਸ਼ਨਰ ਕਿਸੇ ਜਥੇ ਨੂੰ ਗੁਰੂ ਕੇ ਬਾਗ ਵੱਲ ਨਾ ਜਾਣ ਦੇਣ, ਜੇ ਜਿਦ ਕਰਨ ਤਾਂ ਤਾਕਤ ਵਰਤਕੇ ਖਿੰਡਾ ਦਿਤੇ ਜਾਣ । ਪੰਜਾਬ ਸਰਕਾਰ ਇਹਨਾਂ ਨਿਹੱਥੇ ਤੇ ਸ਼ਾਂਤਮਈ ਅਕਾਲੀਆਂ ਨਾਲ ਲੜਾਈ ਕਰਨ ਲਈ ਤਿਆਰੀਆਂ ਕਰ ਰਹੀ ਸੀ ।

ਕਿਸੇ ਆਦਮੀ ਨੂੰ ਗੁਰੂ ਕੇ ਬਾਗ ਜਾਣ ਵਾਲੇ ਪਾਸੇ ਜਾਣ ਦੀ ਆਗਿਆ ਨਹੀਂ ਸੀ । ਜਿਹੜੇ ਲੋਕ ਸ਼ਹਿਰੋਂ ਜਾਂ ਪਿੰਡਾਂ ਤੋਂ ਉਸ ਪਾਸੇ ਜਾਂਦੇ ਸਨ । ਉਹਨਾ ਨੂੰ ਮੁੜਦੇ ਪੈਰੀਂ ਵਾਪਸ ਮੋੜਿਆ ਜਾਂਦਾ ਸੀ । ਪ੍ਰੋਫੈਸਰ ਰੁਚੀ ਰਾਮ ਸਾਹਨੀ ਤੇ ਰਾਣਾ ਫੀਰੋਜ਼ ਦੀਨ ਅਮਰਿਤਸਰੋਂ ਗੁਰੂ ਕੇ ਬਾਗ ਦੇ ਹਾਲਾਤ ਖੁਦ ਅੱਖੀਂ ਵੇਖਣ ਲਈ ਗਏ ਸਨ, ਉਹਨਾਂ ਨੂੰ ਖਰਵੇ ਵਰਤਾਅ ਪਿੱਛੋਂ ਵਾਪਸ ਸ਼ਹਿਰ ਨੂੰ ਮੋੜ ਦਿਤਾ ਗਿਆ । ਹਰ ਪਾਸੇ ਦਹਿਸ਼ਤ, ਮਾਰ-ਕੁਟਾਈ ਅਤੇ ਬੇਇਜ਼ਤੀ ਦਾ ਦੌਰ ਦੌਰਾ ਸ਼ੁਰੂ ਹੋ ਗਿਆ ।

ਡੰਨਿਟ ਨੂੰ, ਲੜਾਈ ਖੇਤਰ ਵਿਚੋਂ ਅਕਾਲੀ ਭਜਾਣ ਲਈ, ਪੂਰੇ ਡਿਕਟੇਟਰੀ ਅਖਤਿਆਰ ਮਿਲ ਚੁਕੇ ਸਨ । "ਹਾਲਤ ਜਿੰਤਾਜਨਕ ਹੈ, ਪਰ ਸ਼ਿਰੀ ਮਾਨ ਗਵਰਨਰ ਨੂੰ ਡੰਨਿਟ ਡਿਪਟੀ ਕਮਿਸ਼ਨਰ ਉਤੇ ਜਿਸ ਪਾਸ ਬੜਾ ਵਧੀਆਂ ਮੈਕਫਰਸਨ ਕਪਤਾਨ ਪੁਲਸ ਹੈ—ਪੂਰਣ ਭਰੋਸਾ ਹੈ ।"[1]

26 ਅਗਸਤ ਨੂੰ ਡੀ. ਸੀ. ਨੇ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵੇਲੇ, ਕਮੇਟੀ ਦੇ ਅੱਠ ਆਗੂ[2] ਫੜ ਲਏ । ਗਵਰਨਰ ਨੂੰ ਡੰਨਿਟ ਦੇ ਫੈਸਲੇ ਤੇ ਭਰੋਸਾ ਤੇ ਵਿਸ਼ਵਾਸ ਸੀ ਕਿ ਡੰਨਿਟ ਆਗੂਆਂ ਨੂੰ ਓਨਾ ਚਿਰ ਨਹੀਂ ਫੜੇਗਾ, ਜਦੋਂ ਤਕ ਕਿ ਉਹਨਾਂ ਨੂੰ ਮੁਕੱਦਮੇ ਵਿਚ ਸਜ਼ਾ ਨਾ ਦੁਆ ਸਕੇ । ਡੰਨਿਟ ਨੂੰ ਗੌਰਮਿੰਟ ਦੀ ਆਮ ਪਾਲਿਸੀ ਦਾ ਵੀ ਪਤਾ ਸੀ ਕਿ ਆਮ ਲੋਕਾਂ ਦੀਆਂ ਗੈਰ ਜ਼ਰੂਰੀ ਗਰਿਫਤਾਰੀਆਂ ਨਾ ਕੀਤੀਆਂ ਜਾਣ ਅਤੇ ਵੱਡੇ ਇੱਕਠਾਂ ਨੂੰ 'ਓਨੀ ਤਾਕਤ ਵਰਤ ਕੇ ਖਿੰਡਾ ਦਿਤਾ ਜਾਵੇ ਜਿਨੀ ਜ਼ਰੂਰੀ ਹੋਵੇ ।'

ਇਹ ਖੋਤੇ-ਚੜ੍ਹੀ ਹਕੀਕਤ ਸੀ ਕਿ ਅਕਾਲੀ ਤਹਿਰੀਕ ਨੂੰ ਚਲਾਣ ਦੀ ਵਾਂਗ ਡੋਰ ਸ਼੍ਰੋਮਣੀ ਕਮੇਟੀ ਦੇ ਹੱਥ ਵਿਚ ਸੀ ਅਤੇ ਉਸ ਦੇ ਸੱਦੇ ਉਤੇ ਬੇਸ਼ੁਮਾਰ ਅਕਾਲੀ ਹਰ ਵੇਲੇ ਜਾਨਾ

[1] Official Letter—From H. D. Craik to mr. S. P. O' Donnel Dated 26 th Sept. 1922.

[2] ਸ: ਮਹਿਤਾਬ ਸਿੰਘ ਪਰਧਾਨ, ਭਗਤ ਜਸਵੰਤ ਸਿੰਘ ਜਨਰਲ ਸਕਤਰ, ਸ: ਨਰਾਇਣ ਸਿੰਘ ਬੈਰਿਸਟਰ ਸਕੱਤਰ, ਪ੍ਰੋ: ਸਾਹਿਬ ਸਿੰਘ ਮੀਤ ਸਕਤਰ, ਸ: ਸਰਮੁਖ ਸਿੰਘ ਪਰਧਾਨ ਸ਼੍ਰੋਮਣੀ ਅਕਾਲੀ ਦਲ, ਮਾਸਟਰ ਤਾਰਾ ਸਿੰਘ, ਸ: ਰਵੇਲ ਸਿੰਘ, ਬਾਬਾ ਕੇਹਰ ਸਿੰਘ ਪੱਟੀ ।

Digitized by Panjab Digital Library | www.panjabdigilib.org

ਹੂਲਣ ਜੂਝਣ ਲਈ ਤਿਆਰ ਸਨ । ਡੰਨਿਟ ਨੂੰ ਇਹ ਭੁਲੇਖਾ ਸੀ ਕਿ ਇਹਨਾਂ ਆਗੂਆਂ ਦੇ ਫੜ ਲੈਣ ਨਾਲ ਲਹਿਰ ਦਾ ਦਮ ਖੁਸ਼ਕ ਹੋ ਜਾਏਗਾ ਅਤੇ ਇਹ ਦਮ ਤੋੜ ਜਾਏਗੀ ।

## 3. ਹਾਲਤ ਦਾ ਗਲਤ ਮੁੱਲ-ਅੰਗਣ

ਅਤੇ ਇਹ ਭੁਲੇਖਾ ਡੰਨਿਟ ਨੂੰ ਹੀ ਨਹੀਂ ਸੀ, ਉਤਲੇ ਅਫਸਰਾਂ ਨੂੰ ਵੀ ਸੀ । ਮਿਸਾਲ ਵਜੋਂ ਕਮਿਸ਼ਨਰ ਦਾ ਇਹ ਖਿਆਲ ਸੀ ਕਿ ਹਾਲਤ ਵਧੇਰੇ ਭੈੜੀ ਨਹੀਂ ਹੋਵੇਗੀ । ਸ਼੍ਰੋਮਣੀ ਕਮੇਟੀ ਦਾ ਭੁਕਾਨਾ "ਫਟ ਗਿਆ" ਹੈ । ਬਾਕੀ ਦੇ ਮਿੰਬਰ ਹੁਣ ਫੜੇ-ਹੋਏ ਮਿੰਬਰਾਂ ਨਾਲ ਮੁਲਾਕਾਤਾਂ ਦੀਆਂ ਦਰਖਾਸਤਾਂ ਦੇ ਰਹੇ ਹਨ । ਕਮਿਸ਼ਨਰ ਦਾ ਜ਼ਾਤੀ ਖਿਆਲ ਇਹ ਵੀ ਸੀ ਕਿ ਗੁਰੂ ਕੇ ਬਾਗ ਵਿਚ ਵਰਤਮਾਨ ਹਾਲਤ ਕੋਈ ਦੋ ਜਾਂ ਤਿੰਨ ਹਫਤੇ ਰਹੇਗੀ । ਸਾਡਾ ਇਸ ਵਿਚ ਕੋਈ ਹਰਜ ਨਹੀਂ ਹੋਣ ਲੱਗਾ । ਕੁਛ ਵਕਤ ਪਾ ਕੇ ਅਕਾਲੀ ਥੱਕ ਜਾਣਗੇ ਅਤੇ ਹੌਲੀ ਹੌਲੀ ਖੁਰ ਭੁਰ ਜਾਣਗੇ ।[1]

ਕਮਿਸ਼ਨਰ ਤੇ ਡੀ. ਸੀ. ਦੋਵੇਂ ਹੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫਤਰ ਬੰਦ ਕਰਨ ਅਤੇ ਉਹਨਾਂ ਦੀ ਤਲਾਸ਼ੀ ਲੈਣ ਦੇ ਪਹਿਲਾਂ ਖਿਲਾਫ ਸਨ । ਦੋਹਾਂ ਦਾ ਖਿਆਲ ਸੀ ਕਿ ਰਹਿੰਦੀ ਕਮੇਟੀ 'ਟੁੱਟ' ਤੇ 'ਖਿੰਡਰ ਪੁੰਡਰ' ਗਈ ਹੈ । ਸ਼ਹਿਰ ਵਿਚ ਬਿਲਕੁਲ ਚੁਪਚਾਨ ਹੈ ਅਤੇ ਉਸ ਨੇ ਗਰਿਫਤਾਰੀਆਂ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ । ਤਲਾਸ਼ੀ ਵਿਚੋਂ ਮੁਕਦਮੇ ਲਈ ਕੁਛ ਨਹੀਂ ਨਿਕਲਣ ਲਗਾ । ਤਲਾਸ਼ੀ ਲੈਣ ਵੇਲੇ ਲੋਕ ਇੱਕਠੇ ਹੋ ਜਾਣਗੇ ਅਤੇ ਜੋਸ਼ ਵਿਚ ਆ ਕੇ ਸ਼੍ਰੋਮਣੀ ਕਮੇਟੀ ਦੀ ਹਮਾਇਤ ਕਰਨ ਲਗ ਪੈਣਗੇ । ਪਰ ਜੇ ਹੁਕਮ ਮਿਲੇਗਾ ਤਾਂ ਤਲਾਸ਼ੀ ਕੀਤੀ ਜਾਏਗੀ ।

ਇਹ ਸੀ ਲੇਖਾ-ਜੋਖਾ ਜਿਹੜਾ ਅਫਸਰਾਂ ਨੇ ਉਸ ਵੇਲੇ ਦੇ ਹਾਲਾਤ ਦਾ ਕੀਤਾ । ਇਹ ਜਾਇਜ਼ਾ ਥੱਲੇ ਦੀਆਂ ਖੁਫੀਆਂ ਰਿਪੋਰਟਾਂ ਉਤੇ ਅਧਾਰਤ ਸੀ ਅਤੇ ਤਹਿਰੀਕ ਦੀ ਮਜ਼ਬੂਤੀ ਤੇ ਇੱਕਤਾ ਨੂੰ ਬਹੁਤ ਘਟਾ ਕੇ ਵੇਖਦਾ ਸੀ । ਇਹਨਾਂ ਅਫਸਰਾਂ ਦਾ ਵਾਹ ਪਹਿਲੋਂ ਕੁੰਜੀਆਂ ਦੇ ਮੋਰਚੇ ਨਾਲ ਵੀ ਪੈ ਚੁਕਾ ਸੀ । ਪਰ ਮਲੂਮ ਹੁੰਦਾ ਹੈ ਕਿ ਇਹ ਅਕਾਲੀ ਲਹਿਰ ਦੇ ਉਭਾਰ, ਜੋਸ਼ ਤੇ ਕੁਰਬਾਨੀ ਲਈ ਉਤਸ਼ਾਹ ਦਾ ਪੂਰਾ ਪੂਰਾ ਤੋਲ-ਮਾਪ ਕਰਨ ਵਿਚ ਬਿਲਕੁਲ ਅਸਫਲ ਰਹੇ, ਨਹੀਂ ਤਾਂ ਏਹੋ ਜੇਹੇ ਗਲਤ ਨਤੀਜੇ ਨਾ ਕਢਦੇ ।

31 ਅਗਸਤ ਨੂੰ ਲਗ ਭਗ 200[2] ਅਕਾਲੀਆਂ ਦਾ ਜਥਾ ਅਮਰਿਤਸਰ ਤੋਂ ਗੁਰੂ ਕੇ ਬਾਗ ਨੂੰ ਤੁਰਿਆ । ਤੁਰਨ ਤੋਂ ਪਹਿਲੋਂ ਇਹਨਾਂ ਨੂੰ, ਬਚਨ ਤੇ ਕਰਮ ਕਰਕੇ, ਪੂਰਣ ਸ਼ਾਂਤਮਈ ਰਹਿਣ ਤੇ ਜ਼ੁਲਮ ਸਹਿਣ ਦੀ ਅਕਾਲ ਤਖਤ ਦੇ ਸਾਮ੍ਹਣੇ ਸੁਗੰਦ੍ਹ ਚੁਕਾਈ ਗਈ ਸੀ । ਡੀ. ਸੀ. ਨੇ ਪਹਿਲੋਂ ਹੀ ਸੋਚ ਵਿਚਾਰ ਰਖਿਆ ਸੀ ਕਿ ਇਹਨਾਂ ਨੂੰ ਗੁਰੂ ਕੇ ਬਾਗ ਨਹੀਂ ਪਹੁੰਚਣ ਦੇਣਾ ਅਤੇ ਰਾਹ ਵਿਚੋਂ ਹੀ ਤਾਕਤ ਦੀ ਵਰਤੋਂ ਕਰਕੇ ਕੁੱਟ ਕੁੱਟ ਭਜਾ ਦੇਣਾ ਹੈ । ਇਸ ਜਥੇ ਨੂੰ ਗੁਮਟਾਲੇ ਦੇ ਪੁਲ ਤੇ ਬੜਾ ਮਾਰਿਆ ਕੁਟਿਆ ਗਿਆ, ਪਰ ਪੁਲਸ ਦਾ ਤਸ਼ੱਦਦ ਕਿਸੇ ਅਕਾਲੀ ਨੂੰ ਮੈਦਾਨੋਂ ਨਾ


---

[1] Roprt form H. S. Cr aik. 29. 8. 22.

[2] Report from H. S. Craik : 31. 8. 22.

ਅਕਾਲੀ ਲਹਿਰ ਦੇ ਇਤਿਹਾਸ ਵਿਚ ਗੜਗੱਜ ਅਕਾਲੀ ਜਥੇ ਦੀ ਗਿਣਤੀ 130 ਲਿਖੀ ਗਈ ਹੈ ।

Digitized by Panjab Digital Library | www.panjabdigilib.org



ਗੁ: ਗੁਰੂ ਕਾ ਬਾਗ

ਪੰਥਕ ਪਰਬੰਧ ਹੇਠ ਲਿਆਉਣ ਲਈ ਪੰਥ ਵਲੋਂ ਕੀਤੀਆਂ ਕੁਰਬਾਨੀਆਂ ਦਾ ਇਕ ਦ੍ਰਿਸ਼ । ਏਥੇ ਅੰਗਰੇਜ਼ੀ ਸਰਕਾਰ ਵਲੋਂ ਸ਼ਾਂਤਮਈ ਜਥੇ ਨੂੰ ਡਾਂਗਾਂ ਮਾਰਕੇ ਤੇ ਘੋੜੇ ਦੁੜਾ ਦੁੜਾ ਕੋਹਿਆ ਜਾਂਦਾ ਰਿਹਾ । (ਸ਼੍ਰੋ: ਗੁ: ਪ੍ਰ: ਕਮੇਟੀ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਭਜਾ ਸਕਿਆ । ਕੁਛ ਇਸ ਕੁਟ ਮਾਰ ਨਾਲ ਬੇਹੋਸ਼ ਹੋ ਗਏ । ਕੁਛ ਦੇ ਸਿਰ ਪਾਟ ਗਏ, ਕੁਛ ਨੂੰ ਜਿਸਮਾਂ ਤੇ ਜ਼ਖਮ ਹੋ ਗਏ, ਪਰ ਉਹ ਓਥੇ ਹੀ ਮਾਰ ਖਾਂਦੇ ਰਹੇ ਅਤੇ ਡਿਗਦੇ ਤੇ ਬੇਹੋਸ਼ ਹੁੰਦੇ ਰਹੇ । ਖੁਫੀਆ ਰਿਪੋਰਟ ਅਨੁਸਾਰ 18 ਅਕਾਲੀ ਫੱਟੜ ਤੇ ਜ਼ਖਮੀ ਹੋਏ ਪਰ ਕੋਈ ਵੀ ਗੰਭੀਰ ਕੇਸ ਨਹੀਂ ਸੀ।[1]

ਇਸ ਦਿਨ ਤੋਂ ਪਿਛੋਂ ਗੁਰੂ ਕੇ ਬਾਗ ਵਿਚ ਅਤੇ ਗੁਰੂ ਕੇ ਬਾਗ ਨੂੰ ਜਾਣ ਵਾਲੀਆਂ ਸੜਕਾਂ ਦੇ ਰਾਹਾਂ ਵਿਚ ਅਕਾਲੀਆਂ ਤੇ ਆਮ ਰਾਹੀਆਂ ਅਤੇ ਦਰਸ਼ਕਾਂ ਦੀ ਬੇਕਿਰਕ ਹਡ-ਭੰਨਵੀਂ ਪਿਟਾਈ-ਕੁਟਾਈ ਸ਼ੁਰੂ ਹੋਈ । ਅਜੇਹੀ ਬੇਕਿਰਕ ਮਾਰ-ਕੁਟ ਜਿਹੜੀ ਅੰਗਰੇਜ਼ ਹਾਕਮਾਂ ਦੇ ਸਭ ਜ਼ੁਲਮਾਂ ਨੂੰ ਸ਼ਰਮਿੰਦੇ ਕਰਨ ਵਾਲੀ ਸੀ ਅਤੇ ਜਿਹੜੀ ਭਾਰਤ ਦੇ ਇਤਿਹਾਸ ਨੇ ਅਜ ਤਕ ਕਿਤੇ ਨਹੀਂ ਸੀ ਵੇਖੀ । ਅਤੇ ਇਹ ਮਾਰ-ਕੁਟ ਅਕਾਲੀਆਂ, ਰਾਹੀਆਂ ਤੇ ਦਰਸ਼ਕਾਂ ਤਕ ਹੀ ਸੀਮਿਤ ਨਹੀਂ ਸੀ, ਖੇਤਾਂ ਵਿਚ ਕੰਮ ਕਰਨ ਵਾਲੇ ਅਤੇ ਲਾਗਦੇ ਪਿੰਡਾਂ ਦੇ ਲੋਕ ਵੀ ਇਸ ਜ਼ੁਲਮ ਤੋਂ ਨਹੀਂ ਸਨ ਬਚ ਸਕੇ । ਉਹਨਾਂ ਨੂੰ ਵੀ ਇਸ ਤਹਿਰੀਕ ਵਿਚ ਖੇਤਾਂ ਦੇ ਉਜਾੜੇ ਅਤੇ ਮੌਤਾਂ ਰਾਹੀਂ ਹਿਸੇਦਾਰ ਬਣਨਾ ਪਿਆ ।

## 4. ਜ਼ੁਲਮ, ਤਸ਼ੱਦਦ ਤੇ ਮੌਤਾਂ

ਸਹਿੰਸਰਾਂ, ਘੁਕੇਵਾਲੀ, ਲਸ਼ਕਰੀ ਨੰਗਲ, ਜਗਦੇਅ ਕਲਾਂ ਆਦਿ ਪਿੰਡ ਗੁਰੂ ਕੇ ਬਾਗ ਦੇ ਚਾਰ ਚੁਫੇਰੇ ਆਬਾਦ ਹਨ । ਇਹ ਪਿੰਡ ਚੋਰੀ-ਛਿਪੀਂ ਗੁਰੂ ਕੇ ਬਾਗ ਰਸਦ ਪਹੁੰਚਾਂਦੇ ਸਨ । ਇਸ ਲਈ ਇਹਨਾਂ ਪਿੰਡਾਂ ਨੂੰ ਸਖਤੀਆਂ ਦਾ ਖਾਸ ਸ਼ਿਕਾਰ ਹੋਣਾ ਪਿਆ । ਇਹਨਾਂ ਦਿਨਾਂ ਵਿਚ ਇਸ ਇਲਾਕੇ ਵਿਚ ਇਕ 'ਡੁਰਲੀ ਜਥਾ' ਕਾਇਮ ਹੋ ਗਿਆ ਸੀ, ਜਿਹੜਾ ਵਗਦੀ ਲਾਹੌਰ ਬਰਾਂਚ ਨਹਿਰ ਲੰਘਕੇ, ਘੁਸਾਈ ਮਾਰਕੇ ਜਾਂ ਪੁਲਸ ਦਾ ਟਾਕਰਾ ਕਰਕੇ ਗੁਰਦੁਆਰੇ ਦੇ ਅੰਦਰ ਰਸਦ ਪਹੁੰਚਾਂਦਾ ਸੀ । ਇਹਨਾਂ ਪਿੰਡਾਂ ਵਿਚ ਪੁਲਸ ਮਾਰਕੁਟ ਵੀ ਕਰਦੀ ਸੀ । ਪਰ ਇਹ ਪੁਲਸ ਦੀ ਬਾਹਲੀ ਪਰਵਾਹ ਨਹੀਂ ਸਨ ਕਰਦੇ । ਇਹ ਡੁਰਲੀ ਜਥਾ ਨਾ ਬਬਰਾਂ ਵਾਂਗ ਖੁਲ੍ਹੇ ਤਸ਼ੱਦਦ ਦਾ ਹਾਮੀ ਸੀ ਨਾ ਅਕਾਲੀਆਂ ਵਾਂਗ ਸ਼ਾਤਮਈ ਦਾ । ਇਹ ਇਕ ਤਰ੍ਹਾਂ ਦੇ ਆਜ਼ਾਦ ਸਿੱਖ ਵਾਲੰਟੀਅਰ ਸਨ ਜਿਨ੍ਹਾਂ ਦਾ ਕੰਮ ਗੁਰਦੁਆਰੇ ਨੂੰ ਰਸਦ ਅਤੇ ਅਕਾਲੀਆਂ ਨੂੰ ਹੋਰ ਲੋੜੀਂਦੀ ਮਦਦ ਪਹੁੰਚਾਣ ਤਕ ਮਹਿਦੂਦ ਸੀ ।

ਸਹਿੰਸਰੇ ਵਿਚ ਪੁਲਸ ਨੇ ਛਾਪੇ ਮਾਰਕੇ ਕਈ ਵਾਰ ਇਸਤਰੀਆਂ ਤੇ ਮਰਦਾਂ ਨੂੰ ਡਰਾ-ਇਆ ਧਮਕਾਇਆ ਅਤੇ ਬੁਰਾ ਭਲਾ ਆਖਿਆ । ਸਹਿੰਸਰੇ ਕਲਾਂ ਦੇ ਇਕ ਆਦਮੀ ਦੀ ਪਿੱਠ ਤੇ 24 ਉਭਰਵੇਂ ਨਿਸ਼ਾਨ ਲਾਠੀਆਂ ਦੇ ਸਨ ਅਤੇ ਕੁਛ ਨਿਸ਼ਾਨ ਮੱਧਮ, 14 ਨਿਸ਼ਾਨ ਉਸਦੇ ਗੁਪਤ ਅੰਗਾਂ ਤੇ ਸਨ । ਇਕ ਹੋਰ ਆਦਮੀ ਨੇ 18 ਨਿਸਾਨ ਵਿਖਾਏ ਸਨ ਅਤੇ ਤੀਜੇ ਨੇ 21 ਨਿਸ਼ਾਨ । ਏਸੇ ਤਰ੍ਹਾਂ ਹੋਰ ਪਿੰਡਾਂ ਵਿਚ ਵੀ ਪੁਲਸ ਜ਼ੁਲਮ ਢਾਹ ਰਹੀ ਸੀ ਅਤੇ ਅੰਗਰੇਜ਼ੀ ਕਾਨੂੰਨ ਦੀ ਮਿਟੀ ਪਲੀਤ ਕਰ ਰਹੀ ਸੀ । ਲਾਗੇ ਚਾਗੇ ਦੇ ਤੇ ਅਕਾਲੀ ਪਿੰਡਾਂ ਵਿਚ ਕਾਨੂੰਨ ਦਾ ਰਾਜ ਨਹੀਂ ਸੀ, ਦਹਿਸ਼ਤ ਤੇ ਬੇਕਾਨੂੰਨੀ ਦਾ ਰਾਜ ਸੀ ।

ਪਰ ਸਭ ਤੋਂ ਵਧ ਜ਼ੁਲਮ ਪੁਲਸ ਨੇ ਪਿੰਡ ਤੇੜਾ ਖੁਰਦ ਦੇ ਇਕ ਕਿਸਾਨ ਟੱਬਰ ਤੇ ਕੀਤਾ । ਇਸ ਪਿੰਡ ਦੇ ਸ: ਭਗਤ ਸਿੰਘ ਅਤੇ ਉਸ ਦੇ ਦੋ ਪੁੱਤਰ, ਤਾਰਾ ਸਿੰਘ ਤੇ ਆਸਾ ਸਿੰਘ

[1] P. Wood-Ccllins, Senior Asst. Secretary, Punjab Govt. 1st sept. 1922.

Digitized by Panjab Digital Library | www.panjabdigilib.org

ਆਪਣੇ ਖੇਤ ਵਿਚ ਮਕੱਈ ਦੀ ਗੋਡੀ ਕਰ ਰਹੇ ਸਨ । ਖੇਤ ਦੇ ਲਾਗਿਓਂ ਦੀ ਇਕ ਘੁਮਿਆਰ ਆਪਣੇ ਖੋਤਿਆਂ ਉਤੇ ਗੁਰਦੁਆਰੇ ਲਈ ਰਸਦ ਲੈ ਕੇ ਲੰਘਿਆ । ਕਿਸਾਨ ਆਪਣੇ ਕੰਮ ਵਿਚ ਲਗੇ ਹੋਏ ਸਨ । ਪੁਲਸ ਨੂੰ ਸ਼ੱਕ ਪੈ ਗਿਆ ਕਿ ਰਸਦ ਘੱਲਣ ਵਿਚ ਇਹਨਾਂ ਦਾ ਵੀ ਹੱਥ ਹੈ । ਪੁਲਸ ਨੇ ਭਗਤ ਸਿੰਘ ਜੀ ਨੂੰ ਪੁਛਿਆ : ਇਹ ਖੋਤੇ ਰਸਦ ਲੈ ਕੇ ਕਿਥੋਂ ਆਏ ਸਨ ? ਉਹਨਾ ਜਵਾਬ ਵਿਚ ਆਖਿਆ : ਅਸੀਂ ਆਪਣੇ ਕੰਮ ਵਿਚ ਲਗੇ ਹੋਏ ਸਾਂ; ਸਾਨੂੰ ਨਹੀਂ ਪਤਾ ਇਹ ਕਿਥੋਂ ਆਏ ਸਨ ।

ਬਸ ਇਹ ਜਵਾਬ ਸੁਣਕੇ ਪੁਲਸ ਨੇ ਨਾ ਆਅ ਵੇਖਿਆ ਨਾ ਤਾਅ ਇਹਨਾਂ ਤਿੰਨਾਂ ਨੂੰ ਬੇਤੁਹਾਸ਼ਾ ਅੰਨ੍ਹੇਵਾਹ ਕੁਟਣਾ ਸ਼ੁਰੂ ਕਰ ਦਿਤਾ । ਅਤੇ ਏਨਾ ਬੇ-ਕਿਰਕੀ ਨਾਲ ਲਾਠੀਆਂ ਦੀਆਂ ਹੁੱਝਾਂ ਤੇ ਬੰਦੂਕਾਂ ਦੇ ਕੁੰਦੇ ਅਤੇ ਬੂਟਾਂ ਦੇ ਠੁਡ ਮਾਰ ਮਾਰ ਕੁਟਿਆ ਕਿ ਭਗਤ ਸਿੰਘ ਅਗਲੇ ਦਿਨ 4 ਸਤੰਬਰ ਨੂੰ ਸ਼ਹੀਦ ਹੋ ਗਿਆ ਅਤੇ ਚੌਥੇ ਦਿਨ ਉਸ ਦਾ ਵਡਾ ਲੜਕਾ ਤਾਰਾ ਸਿੰਘ ਵੀ ਚਲਾਣਾ ਕਰ ਗਿਆ । ਉਸ ਦੀ ਲਾਸ਼ ਉਸ ਦੇ ਚਾਚੇ ਨੇ ਲਾਰੀ ਵਿਚ ਪਾ ਕੇ ਅਮਰਿਤਸਰ ਅਕਾਲੀਆਂ ਦੇ ਬਾਗ ਵਿਚ ਖੜੀ । ਜਿਸ ਦੇ ਜ਼ਖਮ ਵੇਖ ਕੇ ਲੋਕ ਤ੍ਰਾਹ ਤ੍ਰਾਹ ਕਰ ਉਠੇ, ਅਤੇ ਇਹ ਕੁਦਰਤੀ ਸੀ ਕਿ ਲੋਕਾਂ ਦੇ ਤਰਸਵਾਨ ਜਜ਼ਬੇ ਅੰਗਰੇਜ਼ ਸਰਕਾਰ ਦੇ ਇਸ ਜਬਰ ਦੇ ਖਿਲਾਫ ਹੋਰ ਭਖ ਪੈਣ । ਆਸਾ ਸਿੰਘ ਪਿੰਡ ਜ਼ਖਮੀ ਪਿਆ ਸੀ । ਉਸ ਨੂੰ ਕਾਰ ਵਿਚ ਰਖ ਕੇ ਅਮਿਰਤਸਰ ਲਿਆਂਦਾ ਗਿਆ । 17 ਸਤੰਬਰ ਨੂੰ ਤਾਰਾ ਸਿੰਘ ਸ਼ਹੀਦ ਦੀ ਅਰਥੀ ਦਾ ਜਲੂਸ ਨਿਕਲਿਆ । ਜਿਸ ਨੇ ਗੁਰੂ ਕੇ ਬਾਗ ਦੇ ਮੋਰਚੇ ਨੂੰ ਹੋਰ ਦਿਰੜ ਤੇ ਮਜ਼ਬੂਤ ਕੀਤਾ । ਇਹਨਾਂ ਕਿਸਾਨਾਂ ਦੀ ਸ਼ਹੀਦੀ ਨੇ ਕਈ ਨਵੇਂ ਅਕਾਲੀ ਤੇ ਵਰਕਰ ਪੈਦਾ ਕੀਤੇ ।

## 5. ਹਰ ਪਾਸੇ ਦੀ ਨਾਕੇਬੰਦੀ

ਸਟੇਸ਼ਨਾਂ ਤੇ ਪੁਲਸ ਦੇ ਸਖਤ ਪਹਿਰੇ ਲਗੇ ਹੋਏ ਸਨ । ਬਾਹਰੋਂ ਆਉਣ ਵਾਲਿਆਂ ਦੀ ਨਿਗਰਾਨੀ ਕੀਤੀ ਜਾਂਦੀ ਸੀ । ਲਾਹੌਰ, ਜਲੰਧਰ, ਲੁਧਿਆਣੇ ਵਗੈਰਾ ਤੋਂ ਅਮਰਿਤਸਰ ਆਉਣ ਵਾਲੇ ਅਕਾਲੀ ਜਥਿਆਂ ਨੂੰ ਰੋਕਿਆ ਜਾਂਦਾ ਸੀ । ਪਰ ਅਕਾਲੀ ਫੇਰ ਵੀ ਹਰ ਪਾਸਿਓਂ, ਪੈਦਲ, ਵਿੰਗੇ ਟੇਢੇ ਰਸਤੇ ਤੈ ਕਰਕੇ ਅਤੇ ਪੁਲਸ ਨੂੰ ਧੱਤਾ ਬਣਾਕੇ ਅਮਰਿਤਸਰ ਤੇ ਗੁਰੂ ਕੇ ਬਾਗ ਧੜਾ ਧੜ ਆ ਰਹੇ ਸਨ । ਸਰਕਾਰੀ ਜਥੇਬੰਦਕ ਮਸ਼ੀਨਰੀ ਉਹਨਾਂ ਨੂੰ ਰੋਕਣ ਵਿਚ ਅਸਮਰਥ ਸੀ । ਅਤੇ ਅਮਰਿਤਸਰ ਵਿਚ ਕਈ ਅਕਾਲੀ ਪਰਬੰਧਕਾਂ ਪਾਸ ਇਕ-ਸਾਰਵਾਂ ਰੋਸ ਪਰਗਟ ਕਰ ਰਹੇ ਸਨ ਕਿ ਉਹਨਾਂ ਨੂੰ ਜਥਿਆਂ ਵਿਚ ਪਾ ਕੇ ਕਿਉਂ ਨਹੀਂ ਘੱਲਿਆ ਜਾ ਰਿਹਾ ਹਰ ਵਾਰ ਪਿੱਛੇ ਕਿਉਂ ਛਡਿਆ ਜਾਂਦਾ ਹੈ । ਉਹਨਾਂ ਨੂੰ ਦਸਿਆ ਜਾਏ ਕਿ ਉਹਨਾਂ ਦੀ ਵਾਰੀ ਕਦੋਂ ਆਏਗੀ ?

ਅਕਾਲ ਤਖਤ ਅਤੇ ਗੁਰੂ ਕੇ ਬਾਗ (ਅਮਰਿਤਸਰ) ਵਿਚ, ਸਵੇਰੇ ਸ਼ਾਮ, ਹਰ ਰੋਜ਼ ਦੋ ਜਲਸੇ ਹੁੰਦੇ ਸਨ ਜਿਨ੍ਹਾਂ ਵਿਚ ਗੌਰਮਿੰਟ ਦੇ ਜਬਰ ਜ਼ੁਲਮ ਅਤੇ ਜਥੇ ਦੀ ਸ਼ਾਂਤਮਈ ਸੂਰਮਤਾ ਦੇ ਹਾਲਾਤ ਦੱਸੇ ਜਾਂਦੇ ਸਨ । ਗੌਰਮਿੰਟ ਹੁਣ ਅਕਾਲੀਆਂ ਨੂੰ ਗੁਰੂ ਕੇ ਬਾਗ ਪਹੁੰਚਣ ਹੀ ਨਹੀਂ ਸੀ ਦੇਂਦੀ, ਕਦੇ ਗੁਮਟਾਲੇ ਪੁਲ ਤੇ ਕੁਟਣ-ਮਾਰਨ ਲਗ ਪੈਂਦੀ ਸੀ, ਕਦੇ ਰਾਜਾਸਾਂਸੀ ਕੋਲ ਅਤੇ ਕਦੇ ਛੀਨਿਆਂ ਦੇ ਪੁਲ ਕੋਲ । ਮਾਰ ਕੁੱਟਣ ਵੇਲੇ ਜੰਗਲ ਦਾ ਕਾਨੂੰਨ ਲਾਗੂ ਹੋ ਜਾਂਦਾ ਸੀ । ਕੋਈ ਥਾਂ-ਕੁ-ਥਾਂ ਨਹੀਂ ਸੀ ਵੇਖਿਆ ਜਾਂਦਾ । ਲਾਠੀ ਚਲਾਣ ਵਾਲੇ ਮੈਕਫਰਸਨ ਦਾ ਲਾਠੀ ਚਲਾਣ ਦਾ ਕੋਰਸ[1]

---

[1] The Lathi and How to use it by macpherson & Ilford Derriek Appendix III. the Guru-ka-Bagh Congress Enquiry Committee. P. 57.

Digitized by Panjab Digital Library | www.panjabdigilib.org

ਪੜ੍ਹਾਕੇ ਅਤੇ ਲਾਠੀ ਚਲਾਣ ਦਾ ਅਭਿਆਸ ਕਰਾਕੇ ਲਿਆਂਦੇ ਗਏ ਸਨ। ਡੀ. ਐਸ. ਪੀ. ਬੀਟੀ ਉਹਨਾਂ ਦਾ ਇਨਚਾਰਜ ਸੀ। ਉਹ ਸਰਕਾਰੀ ਮਸ਼ੀਨਰੀ ਦੇ ਅਜੇਹੇ ਬੇਹਿਸ ਤੇ ਬੇਕਿਰਕ ਪੁਰਜ਼ੇ ਬਣ ਚੁਕੇ ਸਨ ਕਿ ਮਨੁਖਤਾ ਦੇ ਸਾਰੇ ਚੰਗੇ ਗੁਣ ਉਹਨਾਂ ਦੇ ਦਿਲਾਂ ਵਿਚੋਂ ਅਲੋਪ ਹੋ, ਜਾਂ ਮਰ ਚੁਕੇ ਸਨ ਅਤੇ ਉਹ ਉਹਨਾਂ ਥਾਵਾਂ ਤੇ ਸੱਟਾਂ ਮਾਰਨ ਵਿਚ ਖਾਸ ਖੁਸ਼ੀ ਹਾਸਲ ਕਰਦੇ ਸਨ ਜਿਥੇ ਸਭ ਸੱਟਾਂ ਸਭ ਤੋਂ ਦੁਖਦਾਈ, ਤੜਪਾਵੀਆਂ ਅਤੇ ਸਹਿਨ-ਸ਼ਕਤੀ ਤੋਂ ਬਾਹਰ ਹੋ ਜਾਂਦੀਆਂ ਹਨ।

26 ਅਗਸਤ ਤੋਂ ਗੌਰਮਿੰਟ ਨੇ ਅਕਾਲੀ ਜਥਿਆਂ ਨੂੰ ਤੋੜਨ ਲਈ ਮਾਰ-ਕੁਟਾਈ ਦੀ ਨਵੀਂ ਪਾਲਿਸੀ ਅਪਣਾ ਲਈ। ਆਮ ਲੋਕਾਂ ਨੂੰ ਧੋਖਾ ਦੇਣ ਲਈ ਅਖਬਾਰਾਂ ਵਿਚ ਤੇ ਸਰਕਾਰੀ ਏਲਾਨਾਂ ਵਿਚ 'ਘਟੋ ਘਟ ਜ਼ਰੂਰੀ ਤਾਕਤ' ਵਰਤਣ ਲਈ ਹਦਾਇਤ ਕੀਤੀ ਗਈ ਦਸਿਆ ਜਾਂਦਾ ਸੀ ਪਰ ਅਸਲ ਵਿਚ 'ਘਟੋ ਘਟ ਜ਼ਰੂਰੀ ਤਾਕਤ' ਦੇ ਅਰਥ ਸਨ 'ਵਧ ਤੋਂ ਵਧ ਜ਼ਰੂਰੀ ਤਾਕਤ' ਜਿਹੜੀ ਓਸੇ ਦਿਨ ਮੌਤ ਨਾ ਕਰ ਸਕੇ, ਪਿੱਛੋਂ ਹੋ ਜਾਏ, ਕੋਈ ਪਰਵਾਹ ਨਹੀਂ। ਬੀ ਟੀ ਨੂੰ ਡੀ. ਸੀ. ਡੰਨਿਟ ਦੀਆਂ ਇਹ ਹਦਾਇਤਾਂ ਮਿਲੀਆਂ ਹੋਈਆਂ ਸਨ ਅਤੇ ਉਹ ਬੇਰਹਿਮੀ ਤੇ ਪਸ਼ੂ-ਬਲ ਵਰਤਣ ਵਿਚ ਕੋਈ ਕਸਰ ਛਡਣ ਵਾਲਾ ਅਫਸਰ ਨਹੀਂ ਸੀ। 31 ਅਗਸਤ ਤੋਂ ਪਿੱਛੋਂ ਇਹ ਮਾਰ-ਕੁਟਾਈ ਹੋਰ ਵੀ ਸਖਤ ਤੇ ਹਡ-ਗੋਡੇ ਭੰਨਣ ਤੇ ਸਿਰ ਪਾੜਨ ਵਾਲੀ ਹੋ ਗਈ ਸੀ।

ਹਰ ਰੋਜ਼ ਅਮਰਿਤਸਰ ਤੋਂ, ਵੱਧ ਜਾਂ ਘਟ, 100 ਅਕਾਲੀਆਂ ਦਾ ਜਥਾ ਸ਼ਾਂਤਮਈ ਰਹਿਣ ਦੀ ਸਹੁੰ ਚੁਕਕੇ, ਗੁਰੂ ਕੇ ਬਾਗ ਨੂੰ ਤੁਰਦਾ ਸੀ; ਹਰ ਰੋਜ਼ ਗੁਰੂ ਕੇ ਬਾਗ ਦੇ ਰਾਹ ਵਿਚ ਬੀਟੀ ਦੀ ਪੁਲਸ ਉਹਨਾਂ ਨੂੰ ਘੇਰ ਲੈਂਦੀ ਸੀ ਅਤੇ ਮਾਰ-ਮਾਰ ਕੁੱਟ-ਕੁੱਟ ਜ਼ਮੀਨ ਤੇ ਵਿਛਾ ਦੇਂਦੀ ਸੀ। ਜਿਹੜਾ ਬੀਰ ਉੱਠਦਾ ਸੀ, ਉਸ ਨੂੰ ਫੇਰ ਦਹੁਗੜ ਤੇ ਤੌਣੀ ਲਗਣੀ ਸ਼ੁਰੂ ਹੋ ਜਾਂਦੀ ਸੀ ਅਤੇ ਜਿੰਨਾ ਚਿਰ ਤਕ ਉਹ ਉੱਠਣ ਜੋਗਾ ਰਹਿੰਦਾ ਸੀ, ਬਿਲਕੁਲ ਬੇਹੋਸ਼ ਨਹੀਂ ਸੀ ਹੋ ਜਾਂਦਾ, ਉਹਨੂੰ ਛੱਲੀਆਂ ਵਾਂਗ ਕੁੱਟਿਆ ਜਾਂਦਾ ਸੀ ਤੇ ਫੇਰ ਲੱਤਾਂ ਜਾਂ ਕੇਸਾਂ ਤੋਂ ਧੂਹ-ਧੂਹ ਕੇ ਉਹਨਾਂ ਨੂੰ ਛਪੜ ਜਾਂ ਨਹਿਰ ਵਿਚ ਗੋਤੇ ਦਿਤੇ ਜਾਂਦੇ ਸਨ।

## 6. ਡਰਾਵੇ ਤੇ ਧਮਕੀਆਂ

ਪਹਿਲੇ ਦਿਨ ਹੀ ਇਕ ਅੰਗਰੇਜ਼ ਅਫਸਰ ਨੇ ਜਥੇ ਵਾਲਿਆਂ ਨੂੰ ਡਰਾਣ ਲਈ ਆਖਿਆ ਸੀ : ਇਕ ਇਕ ਕਰਕੇ ਵਾਪਸ ਮੁੜ ਜਾਓ, ਨਹੀਂ ਤਾਂ ਮਾਰੇ ਜਾਓਗੇ। ਪਰ ਉਹ ਮਾਰੇ ਜਾਣ ਲਈ ਹੀ ਆਏ ਸਨ, ਵਾਪਸ ਨਹੀਂ ਸਨ ਮੁੜਨ ਲਈ ਆਏ। ਕੋਈ ਇਕ ਵੀ ਉਹਨਾਂ ਵਿਚੋਂ ਵਾਪਸ ਮੁੜਨ ਲਈ ਤਿਆਰ ਨਹੀਂ ਸੀ ਹੋਇਆ। ਅਤੇ ਜਦ ਉਹ ਅਧ-ਮੋਏ ਹੋ ਜਾਂਦੇ ਸਨ, ਬੇਹਰਕਤ ਤੇ ਬੇਹੋਸ਼ ਹੋ ਜਾਂਦੇ ਸਨ, ਓਦੋਂ, ਪੁਲਸ ਦੇ ਕਹਿਣ ਤੇ, ਉਹਨਾਂ ਨੂੰ ਹਸਪਤਾਲ ਖੜਨ ਲਈ ਚੁਕ ਚੁਕ ਕੇ ਲਾਰੀਆਂ ਵਿਚ ਰਖਿਆ ਜਾਂਦਾ ਸੀ ਅਤੇ ਅਗਲੇ ਦਿਨ ਸੰਮ ਵਾਲੀਆਂ ਡਾਂਗਾਂ ਨਾਲ ਹੱਡ-ਪਸਲੀਆਂ ਭਨਾਣ, ਸਿਰ ਪੜਵਾਣ ਅਤੇ ਗੁਪਤ ਥਾਵਾਂ ਤੇ ਹੁੱਝਾਂ ਤੇ ਬੂਟਾਂ ਦੇ ਠੁਡੇ ਖਾਣ ਲਈ ਇਕ ਹੋਰ ਜਥਾ ਆ ਜਾਂਦਾ ਸੀ।

ਡਾਕਟਰਾਂ ਦੀਆਂ ਰਿਪੋਰਟਾਂ ਅਨੁਸਾਰ ਇਹ ਘੱਟ-ਕਥਨੀ ਤਾਂ ਹੋ ਸਕਦੀ ਹੈ, ਅੱਤ-ਕਥਨੀ ਨਹੀਂ, ਜਿਵੇਂ ਕਿ ਅਸੀਂ ਅਗੇ ਚਲਕੇ ਵੇਖਾਂਗੇ: ਅਤੇ ਉਸ ਵੇਲੇ ਮੌਕੇ ਤੇ ਲਏ ਗਏ ਫੋਟੋ ਇਸ ਕਸਾਈਪੁਣੇ ਦੀ ਸ਼ਾਹਦੀ ਭਰਦੇ ਹਨ।

ਇਕ ਪਾਸੇ, ਗੌਰਮਿੰਟ ਏਲਾਨ ਉਤੇ ਏਲਾਨ ਕਢ ਰਹੀ ਸੀ ਕਿ 'ਕਾਨੂੰਨ ਤੋੜਨੋਂ ਰੋਕਣਾ ਤੇ ਕਸੂਰਵਾਰਾਂ ਨੂੰ ਸਜ਼ਾ ਦੇਣਾ' ਗੌਰਮਿੰਟ ਲਈ ਜ਼ਰੂਰੀ ਹੈ। ਅਕਾਲੀ ਕਾਨੂੰਨ ਤੋੜ ਰਹੇ ਹਨ।

Digitized by Panjab Digital Library | www.panjabdigilib.org

ਉਹਨਾਂ ਨੇ ਮਹੰਤ ਦੀ ਜ਼ਮੀਨ ਵਿਚੋਂ ਲਕੜੀਆਂ ਵਢਕੇ ਚੋਰੀ ਕੀਤੀ ਹੈ । ਇਸ ਲਈ ਉਹਨਾਂ ਨੂੰ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ । ਗੌਰਮਿੰਟ ਖਿਲਾਫ ਕਾਨੂੰਨ ਇਕੱਠਾਂ ਨੂੰ ਤੋੜਨ ਲਈ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਕਰਦੀ ਹੈ । ਜਥੇ ਗੌਰਮਿੰਟ ਨੂੰ ਅਤੇ ਪਬਲਿਕ ਨੂੰ ਪਰੇਸ਼ਾਨ ਕਰਦੇ ਹਨ, ਇਸ ਲਈ ਇਹਨਾਂ ਨੂੰ ਤਿਤਰ ਬਿਤਰ ਕਰਨਾ ਗੌਰਮਿੰਟ ਦਾ ਕੰਮ ਹੈ । ਗੌਰਮਿੰਟ ਨਿਜੀ ਜਾਇਦਾਦ ਦੀ ਰਖਿਆ ਹਰ ਸੂਰਤ ਵਿਚ ਕਰੇਗੀ, ਵਗੈਰਾ ।

ਦੂਜੇ ਪਾਸੇ ਸ਼ਰੋਮਣੀ ਕਮੇਟੀ ਲੰਗਰ ਲਈ ਲਕੜਾਂ ਕਟਣ ਦਾ ਹੱਕ ਬਹਾਲ ਰਖਣ ਉੱਤੇ ਜ਼ੋਰ ਦੇ ਰਹੀ ਸੀ । ਨਿਜੀ ਜਾਇਦਾਦ ਦੀ ਰਖਿਆ ਦੀ ਗੱਲ ਤਾਂ ਇਕ ਢੁੱਚਰ ਸੀ । ਜਿਸ ਜ਼ਮੀਨ ਵਿਚੋਂ ਲਕੜਾਂ ਵਢੀਆਂ ਜਾ ਰਹੀਆਂ ਸਨ, ਉਹ ਨੰਬਰ ਇਕ, ਗੁਰਦੁਆਰੇ ਦੇ ਨਾਮ ਸੀ ਅਤੇ ਨੰਬਰ ਦੋ, ਗੁਰਦੁਆਰੇ ਦਾ ਮਹੰਤ ਸਮਝੌਤੇ ਰਾਹੀਂ, ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਚੁਕਾ ਸੀ । ਇਸ ਲਈ ਗੌਰਮਿੰਟ ਜਾਣ ਬੁਝਕੇ ਗੁਰਦੁਆਰਾ ਸੁਧਾਰ ਦੀ ਲਹਿਰ ਤੋੜਨ ਲਈ ਅਮਨ ਕਾਨੂੰਨ ਦਾ ਢੁਚਰ ਡਾਹ ਰਹੀ ਸੀ ।

ਅਕਾਲੀ ਲੀਡਰਾਂ ਦੇ ਫੜੇ ਜਾਣ ਨਾਲ ਅਕਾਲੀ ਤਹਿਰੀਕ ਕਮਜ਼ੋਰ ਨਹੀਂ ਹੋਈ, ਇਹ ਦਿਨੋ ਦਿਨ ਮਜ਼ਬੂਤ ਹੁੰਦੀ ਗਈ । ਫੜੇ ਗਏ ਆਗੂਆਂ ਨੇ ਜੇਲ ਜਾਂਦਿਆਂ ਹੋਇਆ ਸਿੱਖ ਪੰਥ ਨੂੰ ਆਪਣੇ ਦਸਖਤਾਂ ਥੱਲੇ ਇਕ ਸੰਦੇਸ਼ ਘੱਲਿਆ ਜਿਸ ਵਿਚ ਉਹਨਾਂ ਲਿਖਿਆ : ਅਸੀਂ ਆਪਣਾ ਫਰਜ਼ ਨਿਬਾਹ ਚਲੇ ਹਾਂ, ਤੁਸੀਂ ਹੁਣ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਝੰਡੇ ਨੂੰ ਸ਼ਾਨ ਨਾਲ ਉੱਚਾ ਰਖੋ । ''ਸ਼੍ਰੋਮਣੀ ਕਮੇਟੀ ਹੀ ਇਕਲੀ ਸਿੱਖ-ਕੌਮੀ ਇੱਜ਼ਤ ਦਾ ਨਿਸ਼ਾਨ ਹੈ । ਹਰ ਇਕ ਸਿੱਖ ਮਰਦ ਤੇ ਔਰਤ ਇਸ਼ ਦੀਆਂ ਹਦਾਇਤਾਂ ਉਤੇ ਮਜ਼ਬੂਤੀ ਨਾਲ ਖੜਾ ਤੇ ਕਾਰਬੰਦ ਰਹੇ ।'' ਇਸ ਸੰਦੇਸ਼ ਨਾਲ ਤਹਿਰੀਕ ਹੋਰ ਵਿਸ਼ਾਲ ਹੋ ਕੇ ਜ਼ੋਰ ਫੜ ਗਈ । ਅੰਗਰੇਜ਼ ਹਾਕਮਾਂ ਦਾ ਅੰਦਾਜ਼ਾ ਗਲਤ ਨਿਕਲਿਆ ਕਿ ਪਰਮੁਖ ਆਗੂਆਂ ਦੇ ਫੜ ਲੈਣ ਨਾਲ ਤਹਿਰੀਕ ਠੁਸ ਹੋ ਜਾਏਗੀ ।

ਕੁੱਟ ਕੁਟਾਈ ਦੇ ਦੂਜੇ ਦਿਨ ਪਿੱਛੋਂ ਸ਼੍ਰੋਮਣੀ ਕਮੇਟੀ ਦੇ ਪਰਧਾਨ ਨੇ ਪਰੈਸ ਨੂੰ ਇਕ ਬਿਆਨ ਦਿਤਾ ਜਿਸ ਦਾ ਹਿੰਦੁਸਤਾਨ ਦੇ ਕੌਮੀ ਪਰੈਸ ਉਤੇ ਡੂੰਘਾ ਅਸਰ ਹੋਇਆ ਅਤੇ ਹਿੰਦੁਸਤਾਨ ਭਰ ਦੇ ਵੱਡੇ ਅਖਬਾਰਾਂ ਦੇ ਨੁਮਾਇੰਦੇ ਅਮਰਿਤਸਰ ਵਿਚ ਆਣ ਜਮ੍ਹਾਂ ਹੋਏ ਅਤੇ ਉਹਨਾਂ ਨੇ ਗੌਰਮਿੰਟ ਦੇ ਬੇਕਾਨੂੰਨੇ ਜਬਰ ਦੀ ਲੋਕਾਂ ਸਾਮ੍ਹਣੇ ਸਹੀ ਤਸਵੀਰ ਰਖਣੀ ਸ਼ੁਰੂ ਕਰ ਦਿਤੀ । ਕਮੇਟੀ ਦੀ ਅਪੀਲ ਵਿਚ ਆਖਿਆ ਗਿਆ ਸੀ :

''ਇਸ ਅਜ਼ਮੈਸ਼ ਦੇ ਵੇਲੇ ਅਸੀਂ ਤੁਹਾਡੇ ਕੋਲ ਇਸ ਤੋਂ ਵਧ ਹੋਰ ਮੰਗ ਨਹੀਂ ਕਰਦੇ ਕਿ ਤੁਸੀਂ ਆਓ ਅਤੇ ਗੁਰੂ ਕੇ ਬਾਗ ਵਿਚ ਚਲ ਰਹੇ ਆਦਰਸ਼ਕ ਸ਼ਾਂਤਮਈ, ਰੂਹਾਨੀ ਸੰਗਰਾਮ ਨੂੰ ਆਪਣੀਆਂ ਅੱਖਾਂ ਨਾਲ ਵੇਖੋ ਤਾਂ ਜੋ ਚਾਲਾਕ ਨੌਕਰਸ਼ਾਹੀ ਦੇ ਹੱਥੋਂ ਗਲਤ-ਫਹਿਮੀਆਂ ਦੀ ਸੰਭਾਵਨਾ ਤੋਂ ਬਚਿਆ ਜਾ ਸਕੇ । (ਏਲਾਨ ਨੰਬਰ 27 ਤਰੀਕ 28-8-22) ।

ਸਰਕਾਰੀ ਤਸ਼ੱਦਦ ਦੀਆਂ ਸਹੀ ਰਿਪੋਰਟਾਂ ਛਪਣ ਦੀ ਦੇਰ ਸੀ ਕਿ ਗੁਰੂ ਕਾ ਬਾਗ ਹਿੰਦੁਸਤਾਨ ਭਰ ਦੇ ਨਕਸ਼ੇ ਉਤੇ ਉਭਰਕੇ ਆ ਗਿਆ ਅਤੇ ਹਿੰਦੁਸਤਾਨ ਦੇ ਦੇਸ਼ ਭਗਤਾਂ ਦੀਆਂ ਨਜ਼ਰਾਂ ਗੁਰੂ ਕੇ ਬਾਗ ਉਤੇ ਲਗ ਗਈਆਂ । ਕਾਂਗਰਸ ਅਤੇ ਖਿਲਾਫਤ ਦੇ ਕਈ ਉੱਘੇ ਆਗੂ ਅਮ-ਰਿਤਸਰ ਪਹੁੰਚ ਗਏ ਅਤੇ ਉਹਨਾਂ ਨੇ ਸਰਕਾਰ ਦੀ ਤਸ਼ੱਦਦੀ ਅਤੇ ਅਤਿਆਚਾਰੀ ਪਾਲਿਸੀ ਨੂੰ ਬੀਟੀ ਅਤੇ ਉਸਦੇ ਸਿਪਾਹੀ ਅਮਲੇ ਵਲੋਂ ਅਮਲ ਵਿਚ ਲਿਆਂਦਿਆਂ ਵੇਖਿਆ ਅਤੇ ਉਹਨਾਂ ਵਿਚੋਂ ਬਥੇਰਿਆਂ ਨੂੰ ਦਰਸ਼ਕਾਂ ਦੀ ਹੈਸੀਅਤ ਵਿਚ ਖ਼ੁਦ ਵੀ ਉਸ ਪਾਲਿਸੀ ਦਾ ਕੁਛ ਸੁਆਦ ਚਖਣਾ

Digitized by Panjab Digital Library | www.panjabdigilib.org

ਪਿਆ ।

ਜਥੇ ਬਾਕਾਇਦਾ ਗੁਰਦੁਆਰੇ ਨੂੰ ਜਾਂਦੇ ਅਤੇ ਪੂਰਣ ਸ਼ਾਂਤੀ ਤੇ ਅਹਿੰਸਾ ਨਾਲ ਮਾਰ-ਕੁਟ ਖਾਂਦੇ ਸਨ । ਮਾਰ-ਕੁਟ ਏਨੀ ਵਹਿਸ਼ੀਆਨਾ ਤੇ ਬੇਰਹਿਮਾਨਾਂ ਸੀ ਕਿ ਇਨਸਾਨ ਦੀ ਕਲਪਨਾ ਵੀ ਉਸ ਬੇਰਹਿਮੀ ਦਾ ਦਰਿਸ਼ ਨਹੀਂ ਉਲੀਕ ਸਕਦੀ । ਇਸ ਬੇਰਹਿਮੀ ਦਾ ਅਸਰ ਹੋਰ ਤੇ ਹੋਰ, ਸਿਪਾਹੀਆਂ ਤੇ ਵੀ ਹੋਇਆ ।

## 7. ਗੋਰਖਿਆਂ ਦਾ ਮਾਰਨ ਤੋਂ ਇਨਕਾਰ

ਇਸ ਅੰਨ੍ਹੇਵਾਹ ਮਾਰ-ਕੁਟ ਦੇ ਦੌਰਾਨ ਇਕ ਬੜੀ ਅਰਥ-ਭਰਪੂਰ ਘਟਨਾ ਵਾਪਰੀ । ਗੋਰਖੇ ਸਿਪਾਹੀਆਂ ਨੇ ਨਿਹੱਥੇ ਤੇ ਸ਼ਾਂਤਮਈ ਅਕਾਲੀਆਂ ਨੂੰ ਮਾਰਨ-ਕੁੱਟਣ ਤੋਂ ਇਨਕਾਰ ਕਰ ਦਿਤਾ । ਉਹਨਾਂ ਆਖਿਆ : ਅਸੀਂ ਜੰਗ ਵਿਚ ਸਿੱਖਾਂ ਨਾਲ ਇਕੱਠੇ ਮਿਲਕੇ ਲੜੇ ਹਾਂ । ਉਹ ਬੜੇ ਬਹਾਦਰ ਆਦਮੀ ਹਨ । ਉਹ ਅਗੋਂ ਲੜਨ ਫੇਰ ਤਾਂ ਅਸੀਂ ਉਹਨਾਂ ਨਾਲ ਲੜੀਏ । ਉਹ ਤਾਂ ਅੱਗੋਂ ਹੱਥ ਵੀ ਨਹੀਂ ਚੁਕਦੇ, ਮਾਰ ਖਾਈ ਜਾਂਦੇ ਹਨ । ਇਕ ਸਿਪਾਹੀ ਨੂੰ ਸੋਭਦਾ ਨਹੀਂ ਕਿ ਉਹ ਨਿਹਥੇ ਨੂੰ ਕੁੱਟਣ ਲਗ ਪਏ । ਉਹਨਾਂ ਨੂੰ ਲਾਠੀਆਂ ਮਾਰਨ ਤੇ ਸਾਨੂੰ ਸ਼ਰਮ ਆਉਂਦੀ ਏ ।

ਇਹ ਗੋਰਖੇ ਸਿਪਾਹੀ ਅਕਾਲੀਆਂ ਉਤੇ ਗੋਬਿੰਦ ਗੜ੍ਹ (ਅਮਰਿਤਸਰ) ਵਿਚ ਲਾਏ ਗਏ ਸਨ । ਉਹਨਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਅਕਾਲੀਆਂ ਨੂੰ ਮਾਰਨ-ਕੁੱਟਣ ਅਤੇ ਤੰਗ ਕਰਨ । ਪਰ ਉਹ ਅਕਾਲੀਆਂ ਨੂੰ ਨਾਜਾਇਜ਼ ਤੌਰ ਤੇ ਮਾਰਨਾ ਕੁੱਟਣਾ ਨਹੀਂ ਸਨ ਚਾਹੁੰਦੇ । ਉਹਨਾਂ ਉਤੇ ਇਲਜ਼ਾਮ ਲਾਇਆ ਗਿਆ ਕਿ ਉਹ ਹੁਕਮ ਅਦੂਲੀ ਕਰਦੇ ਹਨ । ਇਸ ਲਈ ਉਨ੍ਹਾਂ ਨੂੰ ਕੋਰਟ ਗਾਰਡ ਦੇ ਹਵਾਲੇ ਕੀਤਾ ਗਿਆ ਅਤੇ ਦੋਂਹ ਹਵਾਲਦਾਰਾਂ ਤੋਂ ਛੁੱਟ ਪਿੱਛੋਂ ਬਾਕੀਆਂ ਨੂੰ ਛੱਡ ਦਿਤਾ ਅਤੇ ਉਹਨਾਂ ਨੂੰ ਕਰਾਇਆ ਤਕ ਨਾ ਦਿਤਾ ਗਿਆ । (ਅਕਾਲੀ ਤੇ ਪ੍ਰਦੇਸੀ, 12 ਅਕਤੂਬਰ 1922)

ਉਹ ਸ਼੍ਰੋਮਣੀ ਕਮੇਟੀ ਪਾਸ ਬਰਖਾਸਤ ਹੋ ਕੇ ਆਏ । ਉਹਨਾਂ ਵਿਚੋਂ ਕੁਛ ਨੂੰ ਸ: ਤੇਜਾ ਸਿੰਘ ਸਮੁੰਦਰੀ ਨੇ ਚੌਕੀਦਾਰਾਂ ਦੇ ਤੌਰ ਤੇ ਹਿੰਦੂ ਕਾਰਖਾਨੇਦਾਰਾਂ ਤੇ ਸ਼ਾਹੂਕਾਰਾਂ ਦੇ ਪਾਸ ਨੌਕਰ ਕਰਾ ਦਿਤਾ । ਕੁਛ ਮੁੜਕੇ ਪੁਲਸ ਵਿਚ ਲੈ ਲਏ ਗਏ । ਪਰ ਇਸ ਘਟਨਾ ਨੇ ਗੋਰਖੇ ਸਿਪਾਹੀਆਂ ਦੀ ਇਨਸਾਨੀ ਹਮਦਰਦੀ ਤੇ ਬੀਰਤਾ ਨੂੰ ਉਜਾਗਰ ਕਰ ਦਿਤਾ ।[1]

## 8. ਰਾਜਾਸਾਂਸੀ ਵਿਚ ਦਹਿਸ਼ਤ

ਅਮਨ ਕਾਨੂੰਨ ਦੇ ਪੁਲਸੀ ਰਾਖਿਆਂ ਨੇ ਸਾਰੇ ਇਲਾਕੇ ਵਿਚ ਦਹਿਸ਼ਤ ਫੈਲਾਈ ਹੋਈ ਸੀ । ਪੁਲਸੀ ਧਾੜ ਕਿਸੇ ਦੀ ਵੀ ਪਤ ਤੇ ਪੱਗ ਲਾਹ ਸਕਦੀ ਸੀ । ਉਸ ਨੂੰ ਕਾਨੂੰਨ ਦੇ ਖਿਲਾਫ ਮਾਰ-ਕੁਟ ਸਕਦੀ ਸੀ, ਉਹਨਾਂ ਦੀ ਕਿਸੇ ਅਫਸਰ ਵਲੋਂ ਪੁੱਛ-ਗਿੱਛ ਨਹੀਂ ਸੀ ਹੁੰਦੀ—ਐਉਂ ਜਾਪਦਾ ਸੀ ਜਿਵੇਂ ਅਫਸਰਾਂ ਨੇ ਹੀ ਉਹਨਾ ਨੂੰ ਆਪ-ਹੁਦਰੀਆਂ ਤੇ ਮੰਨ-ਮੰਨੀਆਂ ਕਰਨ ਦੀਆਂ ਖੁਲ੍ਹਾਂ ਦਿਤੀਆਂ ਹੋਈਆਂ ਸਨ । ਕਾਨੂੰਨ ਬਹਾਲ ਕਰਨ-ਰਖਣ ਦੇ ਢੂੰਚਰ ਡਾਹੁਣ ਵਾਲੇ ਹਾਕਮ ਖੁਦ ਕਾਨੂੰਨ ਦੀ ਮਿੱਟੀ ਪੁੱਟ ਰਹੇ ਸਨ ।

ਰਾਜੇਸਾਂਸੀ ਦੇ ਅੱਡੇ ਤੇ ਆਮ ਸਵਾਰੀਆਂ ਟਾਂਗਿਆਂ ਵਿਚੋਂ ਲਹਿੰਦੀਆਂ ਤੇ ਚੜ੍ਹਨ ਲਈ ਆਉਂਦੀਆਂ ਸਨ । ਭਾਈ ਚੰਚਲ ਸਿੰਘ ਕਪੜਾ ਸੁਦਾਗਰ ਆਪਣੇ ਭਾਈ ਅਤੇ ਇਕ ਟਬੱਰ ਦੀ

[1] See, Ruchi Ram Sahni : Struggle for Reform in Sikh Shrines—P. 109 (Footnote)

Digitized by Panjab Digital Library | www.panjabdigilib.org

ਇਸਤਰੀ ਨਾਲ, ਗੁਰੂ ਕੇ ਬਾਗ ਜਾਣ ਲਈ, ਅੱਡੇ ਤੇ ਉਤਰੇ, ਪੁਲਸ ਨੇ ਉਸਨੂੰ ਗਾਲਾਂ ਕਢੀਆਂ ਅਤੇ ਤਾਜ਼ਾ-ਵਢੇ ਸੋਟੇ ਨਾਲ ਮਾਰਿਆ। ਉਸ ਦਾ ਭਾਈ ਟਾਂਗੇ ਵਿਚ ਬੈਠਾ ਤਾਂ ਉਸ ਨੂੰ ਬੈਂਤਾਂ ਨਾਲ ਕੁਟਿਆ ਗਿਆ। ਉਸ ਨੂੰ ਤੇ ਉਸ ਦੇ ਭਾਈ ਨੂੰ ਥੱਪੜ ਮਾਰੇ ਗਏ। ਅਤੇ ਜਦੋਂ ਉਸ ਦਾ ਭਾਈ ਆਪਣਾ ਸਾਈਕਲ ਲੈਣ ਲਈ ਗਿਆ ਤਾਂ ਫੇਰ ਦੁਬਾਰਾ ਉਸ ਨੂੰ ਕੁੱਟਿਆ ਗਿਆ। ਉਹਨਾਂ ਨੇ ਪੜਤਾਲੀਆ ਕਮੇਟੀ ਸਾਮ੍ਹਣੇ ਗੁਆਹੀ ਦਿਤੀ ਅਤੇ ਮੈਡੀਕਲ ਸਰਟੀਫੀਕੇਟ ਪੇਸ਼ ਕੀਤਾ। ਭਾਈ ਚੇਤ ਸਿੰਘ ਰਾਜਾਸਾਂਸੀ ਨੇ ਬਿਆਨ ਦਿਤਾ ਕਿ ਉਹਨਾਂ ਦੀ ਦੁਕਾਨ ਉਤੇ (ਕਪੜੇ ਲਈ) ਜਿਹੜੇ ਵੀ ਅਕਾਲੀ ਬੈਠੇ ਸਨ, ਉਹਨਾਂ ਨੂੰ ਇਸ ਲਈ ਕੁਟਿਆ ਗਿਆ ਕਿ ਉਹਨਾਂ ਨੇ ਸਿਰਾਂ ਤੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਉਸ ਨੇ ਇਹ ਵੀ ਦਸਿਆ ਕਿ ਮਿਸਟਰ ਬੀਟੀ ਤੇ ਸਰਕਲ ਇਨਸਪੈਕਟਰ ਅਕਰਮ ਅਲੀ ਖਾਨ ਨੇ ਸਿੰਘ ਸਭਾ ਦੇ ਸਕੱਤਰ ਹਰਨਾਮ ਸਿੰਘ ਨੂੰ ਫੜ ਲਿਆ, ਚਾਰ ਹੋਰ ਫੜ ਲਏ। ਉਹਨਾਂ ਨੂੰ ਅਡੇ ਦੇ ਰਾਹ ਵਿਚ ਕੁਟਿਆ ਅਤੇ ਫੇਰ ਚਾਬਕ ਨਾਲ ਅੱਡੇ ਉਤੇ ਕੁਟਿਆ—ਏਨਾ ਮਾਰਿਆ ਕਿ ਪੰਜੇ ਹੀ ਬੇਹਾਲ ਹੋਕੇ ਜ਼ਮੀਨ ਉਤੇ ਡਿਗ ਪਏ।[1]

## 9. ਦਰਸ਼ਕਾਂ ਦਾ ਕੁਟਾਪਾ

ਸਿਰਫ ਅਕਾਲੀ ਜਥਿਆਂ ਨੂੰ ਹੀ ਬੇਤਹਾਸ਼ਾ ਤੇ ਅੰਨ੍ਹੇਵਾਹ ਕੁਟਾਪਾ ਨਹੀਂ ਸੀ ਚਾੜ੍ਹਿਆ ਜਾਂਦਾ। ਦਰਸ਼ਕਾਂ ਨੂੰ ਵੀ ਮਾਰਿਆ ਕੁੱਟਿਆ ਜਾਂਦਾ ਸੀ। ਉਹਨਾਂ ਦੇ ਪਿੱਛੇ ਭੱਜਕੇ ਫੜਿਆ ਜਾਂਦਾ ਸੀ ਅਤੇ ਉਹਨਾਂ ਨੂੰ, ਤਲਾਸ਼ੀ ਲੈ ਕੇ ਕੁੱਟਿਆ ਜਾਂਦਾ ਸੀ। ਉਤਲੇ ਕਥਨ ਦੀ ਭਰਪੂਰ ਤਸਦੀਕ ਕੇਂਦਰ ਦੇ ਸੀ.ਆਈ.ਡੀ. ਅਫਸਰ ਭਗਵਾਨ ਦਾਸ ਵਲੋਂ ਹੁੰਦੀ ਹੈ। ਅਤੇ ਦਰਸ਼ਕਾਂ ਦੀ ਇਸ.ਮਾਰ-ਕੁੱਟ ਤੇ ਲੁੱਟ ਵਿਚ ਕਿਸੇ ਵਡੇ ਛੋਟੇ ਦਾ, ਗਰੀਬ ਤੇ ਅਮੀਰ ਦਾ, ਸਰਕਾਰੀ ਪਰਮਿਟ ਤੇ ਨਾ-ਪਰਮਿਟ ਵਾਲੇ ਦਾ ਕੋਈ ਲਿਹਾਜ਼ ਨਹੀਂ ਸੀ ਕੀਤਾ ਜਾਂਦਾ। ਰਿਪੋਰਟ ਬਹੁਤ ਵਡੀ ਹੈ, ਅਸੀਂ ਕੁਛ ਘਟਨਾਵਾਂ ਉਤੇ ਪਾਠਕਾਂ ਦੀ ਸਿਰਫ ਝਾਤ ਹੀ ਪੁਆਂਦੇ ਹਾਂ।

4 ਸਤੰਬਰ ਨੂੰ ਸਵੇਰੇ ਚੀਫ ਖਾਲਸਾ ਦੀਵਾਨ ਦੀ ਮੁਲਤਵੀ-ਹੋਈ ਮੀਟਿੰਗ ਹੋਣੀ ਸੀ। ਸ: ਜੋਗਿੰਦਰ ਸਿੰਘ ਦੀ ਸ਼ਿਮਲਿਓਂ ਆਉਣ ਦੀ ਉਡੀਕ ਸੀ। ਉਹਨਾਂ ਦੇ ਆਉਣ ਤੇ ਫੈਸਲਾ ਕੀਤਾ ਗਿਆ ਕਿ ਮੌਕੇ ਤੇ ਜਾ ਕੇ ਸਾਰੇ ਹਾਲਾਤ ਵੇਖੇ ਜਾਣ। ਰਾਜਾਸਾਂਸੀ ਤੋਂ ਕੁਛ ਦੂਰ ਰਾਜਾਸਾਂਸੀ ਤੇ ਅਮਰਿਤਸਰ ਤੋਂ ਆਏ ਦਰਸ਼ਕ ਜਥੇ ਦੀ ਮਾਰ ਕੁਟਾਈ ਤੇ ਖਿੰਡਾਈ ਵੇਖਣ ਲਈ ਖੜੇ ਹੋ ਗਏ। ਪੁਲਸ ਨੇ ਇਹਨਾਂ ਦਰਸ਼ਕਾਂ ਨੂੰ ਵੀ ਖਿੰਡਾਣ ਦਾ ਫੈਸਲਾ ਕਰ ਲਿਆ। ਇਹਨਾਂ ਵਿਚ ਹੀ ਚੀਫ ਖਾਲਸਾ ਦੀਵਾਨ ਦੇ ਮਿੰਬਰ ਖੜੇ ਸਨ। ਉਹਨਾਂ ਨੂੰ ਵੀ ਪਿੱਛੇ ਹਟ ਜਾਣ ਲਈ ਆਖਿਆ ਗਿਆ। ਪੁਲਸ ਨੇ ਇਹ ਹੁਕਮ ਤਾਕਤ ਵਰਤਕੇ ਲਾਗੂ ਕੀਤਾ ਅਤੇ ਉਹ ਕਈ ਗਰੁਪਾਂ ਤੇ ਵਿਅਕ-ਤੀਆਂ ਦੇ ਪਿੱਛੇ ਦੌੜੇ, ਸੋਟੀਆਂ ਵਰਤੀਆਂ ਅਤੇ ਕੁਛ ਨੂੰ ਬੁਰਾ ਭਲਾ ਕਿਹਾ। ...ਆਮ ਸ਼ਿਕਾਇਤ ਸੀ ਕਿ ਇਹ ਸਭ ਕੁਛ ਬੇ-ਇਰਾਦਾ ਨਹੀਂ ਹੋਇਆ। ਇਸ ਮੌਕੇ ਤੇ ਲੁੱਟਣ ਦੇ ਵੀ ਇਲਜ਼ਾਮ ਲਾਏ ਗਏ ਹਨ। ਇਹਨਾਂ ਵਿਚੋਂ ਕੁਛ ਇਹ ਹਨ:

ਮਾਸਟਰ ਤਾਰਾ ਸਿੰਘ ਹੈਡਮਾਸਟਰ ਖਾਲਸਾ ਕਾਲਜੀਏਟ ਸਕੂਲ ਨੂੰ ਇਕ ਝੋਨੇ ਦੇ ਖੇਤ ਵਿਚ ਸੁਟ ਦਿਤਾ, ਉਸ ਦੇ ਕਪੜੇ ਖਰਾਬ ਹੋ ਗਏ। ਉਹਦੀ ਸੋਨੇ ਦੇ ਫਰੇਮ ਵਾਲੀ ਐਨਕ ਖੋਹ

[1] ਉੱਤਲੇ ਸਭ ਤੱਥ ਕਾਂਗਰਸ ਦੀ ਪੜਤਾਲੀਆ ਕਮੇਟੀ ਦੀ ਰਿਪੋਰਟ ਵਿਚੋਂ ਲਏ ਗਏ ਹਨ। —ਲੇਖਕ

Digitized by Panjab Digital Library | www.panjabdigilib.org

ਲਈ, ਇਕ ਰੁਮਾਲ ਤੇ ਛੇ ਸਤ ਰੁਪਏ ਕਢ ਲਏ । ਇਕ ਹਿੰਦੂ ਦੇ ਕੰਨਾਂ ਦੀਆਂ ਮੁਰਕੀਆਂ ਖਿੱਚ ਲਈਆਂ ਜਿਹਨਾਂ ਵਿਚੋਂ ਲਹੂ ਵਗਣ ਲਗ ਪਿਆ । ਇਕ ਹੋਰ ਆਦਮੀ ਦੇ ਸੋਨੇ ਦੇ ਬਟਨ ਕੁੜਤਾ ਪਾੜ ਕੇ ਲਾਹ ਲਏ । ਇਕ ਮੁਸਲਮਾਨ ਦੀ ਅੱਧੀ ਕੁੜਤੀ ਹੀ ਪਾੜ ਕੇ ਲੈ ਗਏ ਜਿਸ ਵਿਚ ਇਕ ਘੜੀ ਸੀ ਤੇ ਨਕਦੀ । ਇਕ ਆਦਮੀ ਦੀ ਵਾਸਣੀ ਹੀ ਖੋਹ ਕੇ ਲੈ ਗਏ ਜਿਸ ਵਿਚ ਢਾਈ ਤਿੰਨ ਸੌ ਰੁਪਇਆ ਸੀ । ਇਹ ਖਬਰਾਂ ਮੈਨੂੰ ਉਹਨਾਂ ਦੋਹਾਂ ਆਦਮੀਆਂ ਨੇ ਦਿਤੀਆਂ ਹਨ ਜਿਹੜੇ ਸਰਕਾਰ ਦੇ ਵਫਾਦਾਰ ਤੇ ਕਾਨੂੰਨ ਅੰਦਰ ਚਲਣ ਵਾਲੇ ਹਨ । ਮੈਨੂੰ ਉਹਨਾਂ ਦੀ ਸਚਿਆਈ ਤੇ ਕੋਈ ਸ਼ਕ ਨਹੀਂ । ਉਹ ਇਹ ਵੀ ਕਹਿੰਦੇ ਹਨ ਕਿ ਉਹਨਾਂ ਨੇ ਪੁਲਸ ਵਾਲਿਆਂ ਨੂੰ ਇਜ਼ਤਦਾਰ ਆਦਮੀਆਂ ਪਿੱਛੇ ਭਜਦਿਆਂ ਅਤੇ ਉਹਨਾਂ ਨੂੰ ਲੁਟਦਿਆਂ ਆਪਣੀ ਅੱਖੀਂ ਵੇਖਿਆ ਹੈ । ਪੁਲਸ ਦਾ ਰਵੱਈਆ ਗੈਰ ਜ਼ਰੂਰੀ ਤੌਰ ਤੇ ਜਾਣ ਬੁਝ ਕੇ ਖਰ੍ਹਵਾ ਤੇ ਬੇਕਿਰਕ ਸੀ ।

ਇਹਨਾਂ ਦੇ ਨਾਮ ਕੁਛ ਅਖਬਾਰਾਂ ਵਾਲਿਆਂ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਹਾਸਲ ਕਰ ਲਏ ਸਨ ਤਾਂ ਜੋ ਅਖਬਾਰਾਂ ਨੂੰ ਦਿਤੇ ਜਾਣ । ਡੀ.ਐਸ.ਪੀ. ਬੀਟੀ ਪਾਸ ਵੀ ਇਸ ਲੁਟ ਦੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਸਨ ਜਿਸ ਨੂੰ ਤਲਾਸ਼ੀ ਕਰਨ ਲਈ ਆਖਿਆ ਗਿਆ ਸੀ । ਪਰ ਉਸ ਨੇ ਸ਼ਕਾਇਤ ਕਰਨ ਵਾਲਿਆਂ ਦੇ ਸਾਮ੍ਹਣੇ ਤਲਾਸ਼ੀ ਲੈਣ ਤੋਂ ਇਨਕਾਰ ਕਰ ਦਿਤਾ । ਇਹ ਵੀ ਕਿਹਾ ਜਾਂਦਾ ਏ ਕਿ ਬੀਟੀ ਸ: ਜੁਗਿੰਦਰ ਸਿੰਘ ਨਾਲ ਬੜਾ ਖਰ੍ਹਵਾ ਬੋਲਿਆ ਅਤੇ ਉਸ ਨੇ ਸਰਦਾਰ ਜੀ ਨੂੰ ਹੁਕਮ ਦਿਤਾ ਕਿ ਜਿਥੇ ਉਹ ਖਲੋਤਾ ਏ ਓਥੋਂ ਦੂਰ ਪਿੱਛੇ ਚਲਿਆ ਜਾਵੇ । ਇਹਨਾਂ ਘਟਨਾਵਾਂ ਦੀ ਸੂਚਨਾ ਸ਼੍ਰੋਮਣੀ ਕਮੇਟੀ ਖੁਲ੍ਹੇ ਤੌਰ ਤੇ ਅਖਬਾਰਾਂ ਨੂੰ ਦੇ ਰਹੀ ਹੈ "ਪਰ ਸ: ਜੁਗਿੰਦਰ ਸਿੰਘ ਹੋਰੀਂ ਅਖਬਾਰਾਂ ਨੂੰ ਕੁਛ ਨਹੀਂ ਲਿਖ ਰਹੇ ।"

ਇਸ ਦੇ ਪਿਛੋਂ ਚੀਫ ਖਾਲਸਾ ਦੀਵਾਨ ਪਾਰਟੀ ਤੇ ਸ: ਜੁਗਿੰਦਰ ਸਿੰਘ ਜੀ ਗੁਰੂ ਕੇ ਬਾਗ ਗਏ ਅਤੇ ਉਹਨਾਂ ਨੇ ਪੁਲਸ ਅਤੇ ਪੰਜ ਪੰਜ ਦੇ ਪੰਜ ਅਕਾਲੀ ਜਥਿਆਂ ਵਿਚਕਾਰ ਸੰਘਰਸ਼ ਵੇਖਿਆ । ਇਕ ਆਦਮੀ ਤਾਕਤ ਦੀ ਵਰਤੋਂ ਨੂੰ ਵਹਿਸ਼ੀ ਦੱਸ ਰਿਹਾ ਸੀ, ਹੋਰ ਕਹਿ ਰਹੇ ਸਨ ਕਿ ਵਰਤੀ-ਗਈ ਤਾਕਤ ਅੱਤ-ਅਧਿਕ ਨਹੀਂ । ਦੋਵੇਂ ਇਸ ਤੇ ਸਹਿਮਤ ਸਨ ਕਿ ਅਕਾਲੀਆਂ ਦੇ ਗੁਪਤ ਥਾਵਾਂ ਤੇ ਕੁਛ ਲਾਠੀ-ਹੁੱਝਾਂ ਮਾਰੀਆਂ ਗਈਆਂ ਸਨ । ਅਤੇ ਇਹ ਬੜੀ ਤਾਕਤ ਤੇ ਇਰਾਦੇ ਨਾਲ ਮਾਰੀਆਂ ਗਈਆਂ ਸਨ ਅਤੇ ਉਹਨਾਂ ਦੇ ਕੇਸ ਵੀ ਪੁੱਟੇ ਗਏ ਸਨ ।

ਚੀਫ ਖਾਲਸਾ ਦੀਵਾਨ ਦੀ ਪਾਰਟੀ ਜਦੋਂ ਗੁਰੂ ਕੇ ਬਾਗ ਵਿਚ ਸੀ ਤਾਂ ਉਹਨਾਂ ਪਾਸ ਸਹਿੰਸਰਾ ਖੁਰਦ (ਗੁਰੂ ਕੇ ਬਾਗੋਂ ਇਕ ਮੀਲੋਂ ਘੱਟ ਦੀ ਵਿੱਥ ਤੇ) ਦੇ ਵਸਨੀਕਾਂ ਨੇ ਆਪਣੇ ਸਰੀਰਾਂ ਤੇ ਲਾਠੀਆਂ ਦੇ ਨਿਸ਼ਾਨ ਵਿਖਾਏ । ਉਹਨਾਂ ਨੇ ਦੱਸਿਆ ਕਿ ਪਟਰੋਲ (ਗਸ਼ਤ) ਪਾਰਟੀ ਉਹਨਾਂ ਦੇ ਪਿੰਡ ਵਿਚ ਜਾ ਵੜੀ, ਉਸ ਨੇ ਇਹਨਾਂ ਨੂੰ ਮਾਰਿਆ, ਪਿੰਡ ਵਾਲਿਆਂ ਨੂੰ ਅਤੇ ਉਹਨਾਂ ਦੀਆਂ ਔਰਤਾਂ ਨੂੰ ਇਹ ਕਹਿਕੇ ਬੁਰਾ-ਭਲਾ ਆਖਿਆ ਕਿ ਤੁਸੀਂ ਸਭ ਅਕਾਲੀਆਂ ਨਾਲ ਹਮਦਰਦੀ ਰਖਦੇ ਹੋ ਅਤੇ ਉਹਨਾਂ ਨੂੰ ਖਾਣਾ ਪਹੁੰਚਾਂਦੇ ਹੋ । ਪਰ ਪਾਰਟੀ ਨੇ ਇਕ ਕੰਨੋ ਸੁਣ ਕੇ ਦੂਜੇ ਕੰਨ ਕਢ ਦਿਤੀ ।

ਉਸ ਦਿਨ 101 ਅਕਾਲੀਆਂ ਦਾ ਗੁਰਦਾਸਪੁਰ ਦਾ ਜਥਾ ਭਾਈ ਖੜਕ ਸਿੰਘ ਦੀ ਜਥੇਦਾਰੀ ਥਲੇ ਪਹੁੰਚਾ । ਜਥੇ ਨੂੰ ਫੈਸਲਾ ਕੀਤੀ ਗਈ ਜਗ੍ਹਾ ਤੇ ਖੜਾ ਕਰ ਲਿਆ ਗਿਆ । ਚੀਫ ਖਾਲਸਾ ਦੀਵਾਨ ਦੀ ਪਾਰਟੀ ਵੀ ਉਥੇ ਪਹੁੰਚ ਗਈ । ਪੰਡਿਤ ਮਦਨ ਮੋਹਨ ਮਾਲਵੀਆ ਜੀ ਵੀ ਉਸ ਦਿਨ ਆਗਿਆ-ਪੱਤਰ ਲੈ ਕੇ ਆਏ ਹੋਏ ਸਨ । ਉਹ ਵੀ ਗੁਰੂ ਕੇ ਬਾਗੋਂ ਵਾਪਸ ਜਥੇ ਵਾਲੀ

Digitized by Panjab Digital Library | www.panjabdigilib.org

ਥਾਂ ਉਤੇ ਪਹੁੰਚ ਗਏ। ਉਹਨਾਂ ਨਾਲ ਪ੍ਰੋਫੈਸਰ ਰੁਚੀ ਰਾਮ ਸਾਹਨੀ ਅਤੇ ਗੁਰਬਖਸ਼ ਸਿੰਘ ਢਿੱਲੀ ਸਨ। ਪੰਡਿਤ ਜੀ ਕਹਿੰਦੇ ਸਨ ਕਿ ਮਿਸਟਰ ਬੀਟੀ ਨੇ ਵਾਅਦਾ ਕੀਤਾ ਹੈ ਕਿ ਉਹ ਉਸ ਦਿਨ ਤਾਕਤ ਦੀ ਵਰਤੋਂ ਨਹੀਂ ਕਰੇਗਾ, ਅਤੇ ਅਕਾਲੀਆਂ ਨੂੰ ਅਮਰਿਤਸਰ ਵਾਪਸ ਮੁੜ ਜਾਣ ਦੀ ਪਰੇਰਨਾ ਕਰੇਗਾ। ਉਸ ਨੇ ਪੰਡਤ ਜੀ ਤੇ ਉਹਨਾਂ ਦੇ ਸਾਥੀਆਂ ਨੂੰ ਵਾਪਸ ਚਲੇ ਜਾਣ ਲਈ ਆਖਿਆ। ਪਿਛੋਂ ਦੇ ਹਾਲਾਤ ਇਹ ਹਨ ਕਿ ਅਕਾਲੀਆਂ ਨੂੰ, ਵਾਪਸ ਜਾਣੋਂ ਇਨਕਾਰ ਤੇ, ਬੜੀ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਇਸ ਦੇ ਪਿੱਛੋਂ ਉਹ ਮੋਟਰ ਲਾਰੀਆਂ ਵਿਚ ਲੱਦ ਕੇ ਅਮਿਰਤਸਰ ਲਿਆਂਦੇ ਗਏ। ਪੁਲਸ ਦੇ ਦਾਅ-ਪੇਚ ਵਿਚ ਇਹ ਤਬਦੀਲੀ ਇਸ ਸਾਜ਼ਸ਼ ਦੇ ਅਧਾਰ ਤੇ ਕੀਤੀ ਗਈ ਸੀ ਕਿ ਨਾ ਤਾਂ ਕੋਈ ਤਮਾਸ਼ਬੀਨ ਮਾਰ-ਕੁੱਟ ਪੈਂਦੀ ਵੇਖ ਸਕੇ ਅਤੇ ਨਾ ਹੀ ਕੋਈ ਫੋਟੋਗਰਾਫਰ ਇਸ ਘਟਨਾ ਦੇ ਫੋਟੋ ਲੈ ਸਕੇ। ਅਤੇ ਅਕਾਲੀਆਂ ਨੂੰ ਲਾਰੀਆਂ ਵਿਚ ਪਾਕੇ ਓਦੋਂ ਲਿਆਂਦਾ ਜਾਏ ਜਦੋਂ ਲੋਕ ਘਰਾਂ ਨੂੰ ਚਲੇ ਗਏ ਹੋਣ।[1]

ਏਸੇ ਰਿਪੋਰਟ ਵਿਚ ਚੀਫ ਖਾਲਸਾ ਦੀਵਾਨ ਦੇ ਆਗੂਆਂ ਦੀ ਬਰਿਟਿਸ਼ ਵਫਾਦਾਰੀ ਦੀ ਹੋਰ ਬਹੁਤ ਸਾਰੀ ਸਮੱਗਰੀ ਹੈ। ਇਹ ਸ਼ਿਰੀ ਮਾਨ 4 ਤੇ 5 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਨੂੰ 'ਅੱਤ-ਅਧਿਕ ਤੇ ਕਾਨੂੰਨ-ਹੀਣ ਦਾਅ ਪੇਚਾਂ' ਤੋਂ ਵਰਜਣ ਲਈ ਗਏ। ਅਤੇ ਹੇਠੀ-ਭਰਿਆ ਸਮਝੋਤਾ ਕਰਨ ਦੀਆਂ ਗੱਲਾਂ ਕਰਦੇ ਰਹੇ। ਕਮੇਟੀ ਦੇ ਆਗੂਆਂ ਨੇ ਸਾਫ ਸਾਫ ਸ਼ਬਦਾਂ ਵਿਚ ਕਹਿ ਦਿਤਾ ਕਿ ਉਹਨਾਂ ਨੂੰ ਇਹਨਾਂ ਉਤੇ 'ਉਕਾ ਹੀ ਕੋਈ ਵਿਸ਼ਵਾਸ' ਨਹੀਂ। ਕਿਉਂਕਿ ਇਹ ਕਮੇਟੀ ਤੇ ਗੌਰਮਿੰਟ ਵਾਲੇ ਹੀ ਇਲਜ਼ਾਮ ਲਾ ਰਹੇ ਸਨ ਅਤੇ ਕਹਿੰਦੇ ਸਨ ਕਿ ਤੁਸੀਂ ਕਾਂਗਰਸੀ ਨੀਤੀਵਾਨਾਂ ਦੇ ਹਥਾਂ ਵਿਚ ਖੇਡ ਰਹੇ ਹੋ।

ਮਾਲਵੀਆ ਜੀ, ਉਦਾਰਵਾਦੀ ਹੁੰਦਿਆਂ ਹੋਇਆਂ ਵੀ, ਅਕਾਲੀ ਤਹਿਰੀਕ ਦੀ ਮਦਦ ਪੂਰੀ ਵਾਹ ਲਾ ਕੇ ਕਰ ਰਹੇ ਸਨ। ਉਹਨਾਂ ਨੇ ਖੁਦ ਸ: ਜੁਗਿੰਦਰ ਸਿੰਘ ਨਾਲ ਇਹ ਗੱਲ ਕੀਤੀ ਸੀ ਕਿ ਉਹ ਜਾ ਕੇ ਵਾਇਸਰਾਏ ਨੂੰ ਕਹਿਣ ਕਿ ਅਕਾਲੀਆਂ ਉਤੇ ਕੀਤਾ ਜਾ ਰਿਹਾ ਹਰ ਇਕ ਲਾਠੀ-ਵਾਰ ਹਿੰਦੁਸਤਾਨ ਵਿਚ ਬਰਿਟਿਸ਼ ਰਾਜ ਦੀਆਂ ਜੜ੍ਹਾਂ ਉਤੇ ਲਾਠੀਵਾਰ ਹੈ। ਇਹ ਦੀਵਾਨ ਵਾਲੇ ਤਾਂ ਏਨੇ ਅਣਖ-ਹੀਣ ਹੋ ਚੁਕੇ ਸਨ ਕਿ ਆਪਣੇ ਮਿੰਬਰਾਂ ਦੀ ਹੋ ਚੁਕੀ ਬੇਇਜ਼ਤੀ ਬਾਰੇ ਵੀ ਜ਼ਬਾਨ ਖੋਲ੍ਹਣ ਲਈ ਤਿਆਰ ਨਹੀਂ ਸਨ। ਜਿਉਂ ਜਿਉਂ ਇਹਨਾਂ ਦੀ ਸਰਦਾਰੀ ਦੀ ਦੁਨੀਆਂ ਮਰ ਰਹੀ ਸੀ ਤਿਉਂ ਤਿਉਂ ਇਹਨਾਂ ਦੀ ਤਾਬਿਆਦਾਰੀ ਤੇ ਵਫਾਦਾਰੀ ਦੀ ਆਵਾਜ਼ ਉਚੀ ਹੁੰਦੀ ਜਾਂਦੀ ਸੀ। ਖੁਦ ਸ਼ਕਤੀਸ਼ਾਲੀ ਅੰਗਰੇਜ਼ ਗੌਰਮਿੰਟ ਦੇ ਪੈਰ ਥਿੜਕਣ ਲਗ ਪਏ ਸਨ। ਪਰ ਇਹ ਆਪਣੇ ਨਿਜੀ ਸ਼੍ਰੇਣੀ ਸੁਆਰਥਾਂ ਵਿਚ ਅੰਨ੍ਹੇ ਹੋਏ, ਬਦਲੇ ਹੋਏ ਹਾਲਾਤ ਤੋਂ ਅੱਖੀਂ ਮੀਟੀ ਬੈਠੇ ਸਨ।

## 10. ਗੌਰਮਿੰਟ ਅੰਦਰ ਘਬਰਾਹਟ

ਹਿੰਦੁਸਤਾਨੀ ਅਖਬਾਰਾਂ ਨੇ ਪੁਲਸ ਦੇ ਤਸ਼ੱਦਦ, ਜਬਰ ਤੇ ਅੱਤਿਆਚਾਰ ਦੇ ਸੱਚੇ ਸੱਚੇ ਹਾਲਾਤ ਦੇ ਕੇ ਬਰਿਟਿਸ਼ ਰਾਜ ਦੇ ਖਿਲਾਫ ਗੁੱਸੇ ਅਤੇ ਨਫਰਤ ਦਾ ਜਵਾਰ ਪੈਦਾ ਕਰ ਦਿਤਾ। ਸਾਰੇ ਹਿੰਦੁਸਤਾਨ ਦੇ ਸੂਝਦਾਰ ਇਨਸਾਫ-ਪਸੰਦ ਤੇ ਰਾਜਸੀ-ਸੂਝ-ਵਾਲੇ ਲੋਕਾਂ ਵਿਚ ਅਕਾਲੀ ਤਹਿਰੀਕ ਲਈ ਅਪਾਰ ਹਮਦਰਦੀ ਪੈਦਾ ਹੋ ਗਈ। ਅਤੇ ਹਰ ਪਾਸੇ ਅਕਾਲੀਆਂ ਦੀ ਬਹਾਦਰੀ ਤੇ ਸੂਰਮਗਤੀ ਦੀ ਚਰਚਾ ਹੋਣ ਲਗ ਪਈ। ਇਸ ਵੇਲੇ ਸਿਰਫ ਏਹੋ ਹੀ ਤਹਿਰੀਕ, ਬਰਿਟਿਸ਼ ਸਾਮਰਾਜ ਨਾਲ

[1] (Notes in the Intelligence Bureau)-(Home) Report by D. S. Bhagwan Dass dated 7 th sept. 1922 re. Guru Ka Bagh affair.

Digitized by Panjab Digital Library | www.panjabdigilib.org

ਲੋਹਾ ਲੈ ਰਹੀ ਸੀ। ਕਾਂਗਰਸ ਤੇ ਖ਼ਿਲਾਫਤ ਦੇ ਆਗੂ ਇਸ ਦੀ ਹਮਦਰਦੀ ਤੇ ਬਰਿਟਿਸ਼ ਰਾਜ ਦੇ ਜ਼ੁਲਮਾਂ ਦੀ ਨਿਖੇਧੀ ਦੇ ਮਤੇ ਪਾਸ ਕਰ ਰਹੇ ਸਨ। ਅਕਾਲੀਆਂ ਦੀ ਸ਼ਾਂਤ-ਮਈ ਅਹਿੰਸਾਵਾਦੀ ਲੜਾਈ ਨੇ ਸਤਿਆਗਰਹਿ ਦੀ ਅਥਾਹ ਸ਼ਕਤੀ ਦਾ ਇਜ਼ਹਾਰ ਕਰ ਦਿਤਾ ਸੀ। ਸ਼ਾਂਤ-ਮਈ ਅਕਾਲੀ ਸੰਗਰਾਮ ਨੇ ਅੰਗਰੇਜ਼ ਰਾਜ ਨਾਲ ਜ਼ਬਰਦਸਤ ਆਢਾ ਲੈ ਕੇ, ਸਿੱਖਾਂ ਦੇ ਅੰਗਰੇਜ਼ਾਂ ਦਾ ਹਥਿਆਰ-ਬੰਦ ਬਾਜ਼ੂ ਤੇ ਜੀ-ਹਜ਼ੂਰੀਆ ਹੋਣ ਦੇ ਰਹਿੰਦੇ ਖੂੰਹਦੇ ਕਾਲੇ ਧੱਬੇ ਨੂੰ ਵੀ ਧੋ ਦਿਤਾ ਸੀ ਅਤੇ ਅਕਾਲੀ ਤਹਿਰੀਕ, ਆਪਣਿਆਂ ਦੀ ਨਜ਼ਰ ਵਿਚ ਹੀ ਨਹੀਂ, ਦੁਸ਼ਮਣਾਂ, ਖਾਸ ਕਰ ਉੱਚਤਮ ਅਫਸਰਾਂ ਦੀ ਨਜ਼ਰ ਵਿਚ ਹੀ ਚੜ੍ਹਦੀਆਂ ਕਲਾਂ ਵਿਚ ਜਾ ਰਹੀ ਸੀ। ਆਓ, ਹੁਣ ਸਰਕਾਰੀ ਮਿਸਲਾਂ ਵਿਚੋਂ ਵਾਈਸਰਾਏ, ਗਵਰਨਰ ਤੇ ਅਫਸਰਾਂ ਦੀ ਹਫੜਾ ਦਫੜੀ ਅਤੇ ਉਹਨਾਂ ਦੇ ਫੈਸਲਿਆਂ ਦੇ ਢਹਿ ਢੇਰੀ ਹੋਣ ਦਾ ਮੁਤਾਲਿਆ ਕਰੀਏ :

2 ਸਤੰਬਰ ਤਕ ਗੌਰਮਿੰਟ ਸਮਝਦੀ ਸੀ ਕਿ ਉਹ ਮਾਰਕੁਟ ਵਿਚ ਸਫਲਤਾ ਪ੍ਰਾਪਤ ਕਰ ਰਹੀ ਹੈ ਅਤੇ ਅਕਾਲੀ ਤਹਿਰੀਕ ਦੇ ਕੁਚਲੇ ਜਾਣ ਵਿਚ ਬਾਹਲੇ ਦਿਨ ਨਹੀਂ ਲਗਣ ਲਗੇ। ਇਸ ਤਰੀਕ ਨੂੰ ਵਾਈਸਰੀਗਲ ਲੌਜ ਵਿਚ ਇਕ ਉੱਚ-ਪੱਧਰੀ ਕਾਨਫਰੰਸ ਹੋਈ, ਜਿਸ ਦੀ ਪਰ-ਧਾਨਗੀ ਵਾਈਸਰਾਏ ਨੇ ਕੀਤੀ। ਇਸ ਵਿਚ ਗਵਰਨਰ ਮੈਕਲੇਗਨ, ਸਰ ਜੌਹਨ ਮੇਨਾਰਡ, ਸ: ਸੁੰਦਰ ਸਿੰਘ ਮਜੀਠੀਆ, ਮੀਆਂ ਫਜ਼ਲ ਹੁਸੈਨ, ਸ਼ਿਰੀ ਹਰਕਿਸ਼ਨ ਲਾਲ, ਮਿਸਟਰ ਕਰੇਕ, ਸਰ ਮੈਲਕਮ ਹੇਲੀ, ਡਾਕਟਰ ਸਪਰੂ ਅਤੇ ਮੈਂ (ਯਾਨੀ ਵਿਨਸੰਟ) ਨੇ ਹਿੱਸਾ ਲਿਆ। ਇਕੱਲਾ ਫੈਸਲਾ ਜਿਸ ਤੇ ਪਹੁੰਚੇ ਇਹ ਸੀ ਕਿ ਅਕਾਲੀਆਂ ਨੂੰ ਦੂਜਿਆਂ ਦੀ ਜਾਏਦਾਦ ਉਤੇ ਜਬਰੀ ਕਬਜ਼ਾ ਕਰਨੋਂ ਰੋਕਿਆ ਜਾਵੇ ਅਤੇ ਕਾਨੂੰਨ ਬਣਾਉਣ ਲਈ ਜਲਦੀ ਕੀਤੀ ਜਾਵੇ।[1] ਇਹ ਅਕਾਲੀ ਜਥਿਆਂ ਨੂੰ ਮਾਰ-ਕੁਟਾਈ ਕਰਕੇ ਬਖੇਰਨ ਦੀ ਪਾਲਿਸੀ ਦੀ ਤਸਦੀਕ ਕਰਨੀ ਸੀ। ਸ: ਸੁੰਦਰ ਸਿੰਘ ਜੀ ਇਸ ਪਾਲਿਸੀ ਦੇ ਸੌ ਫੀ ਸਦੀ ਨਾਲ ਸਨ।

5 ਸਤੰਬਰ ਨੂੰ ਮਿਸਟਰ ਕਰੇਕ ਨੇ ਮਿਸਟਰ ਡੰਨਿਟ ਡੀ. ਸੀ. ਨੂੰ ਇਕ ਚਿਠੀ ਲਿਖੀ ਜਿਸ ਵਿਚ ਕਿਹਾ : ਮੈਂ ਗਵਰਨਰ ਨਾਲ ਮਸ਼ਵਰਾ ਕੀਤਾ ਹੈ। ਉਸ ਦਾ ਖਿਆਲ ਹੈ ਸ਼੍ਰੋਮਣੀ ਕਮੇਟੀ ਨਾਲ ਸਮਝੌਤੇ ਦੀ ਗੱਲਬਾਤ ਦੇ ਦੌਰਾਨ ਫੈਸਲੇ ਲਈ ਖਾਸ ਸ਼ਰਤਾਂ ਬਾਰੇ ਜ਼ਿਕਰ ਕਰਨਾ ਅਨ-ਲੋੜੀਂਦਾ ਹੈ। ਅਤੇ ਇਸ ਗੱਲਬਾਤ ਬਾਰੇ ਕੁਛ ਵੀ ਏਥੇ ਜਾਂ ਲੰਡਨ ਵਿਚ ਜ਼ਾਹਰ ਕਰਨਾ ਵਕਤ ਤੋਂ ਪਹਿਲੋਂ ਹੈ।[2] ਮਤਲਬ ਇਹ ਕਿ ਸਰਕਾਰ ਇਸ ਵੇਲੇ ਕਰੜੀ ਤੇ ਮਜ਼ਬੂਤੀ ਦੀ ਪੁਜ਼ੀਸ਼ਨ ਲੈ ਰਹੀ ਸੀ।

## 11. ਅੱਤ ਦਾ ਤਸ਼ੱਦਦ

5 ਸਤੰਬਰ ਨੂੰ ਲਾਇਲਪੁਰ ਦੇ ਇਕ ਸੌ ਸਿੰਘਾਂ ਦਾ ਜਥਾ ਗੁਰੂ ਕੇ ਬਾਗ ਨੂੰ ਜਾ ਰਿਹਾ ਸੀ। ਇਸ ਜਥੇ ਦੀ ਅਗਵਾਈ ਜਥੇਦਾਰ ਪਿਰਥੀਪਾਲ ਸਿੰਘ ਜੀ ਕਰ ਰਹੇ ਸਨ। ਇਹਨਾਂ ਨੂੰ ਪੁਲਸ ਨੇ ਛੀਨਿਆਂ ਦੇ ਪੁਲ ਤੇ ਘੇਰ ਲਿਆ ਤੇ ਕੁਟਾਪਾ ਸ਼ੁਰੂ ਕਰ ਦਿਤਾ। ਇਸ ਜਥੇ ਵਿਚ ਬਾਹਲੇ ਸਿਖ ਪਿਨਸ਼ਨੀਆਂ, ਇਨਾਮਾਂ ਤੇ ਮੁਰੱਬੇ ਵਾਲਿਆਂ ਦੇ ਪੁੱਤਰ ਤੇ ਰਿਸ਼ਤੇਦਾਰ ਸਨ। ਜਥੇਦਾਰ ਖ਼ੁਦ ਸੂਬੇਦਾਰ ਨਿਹਾਲ ਸਿੰਘ ਦਾ ਪੁਤਰ ਸੀ ਅਤੇ ਮੀਤ ਜਥੇਦਾਰ ਨਾਦਰ ਸਿੰਘ ਸੂਬੇਦਾਰ ਈਸ਼ਰ

[1] W. H. Vincent 4. 9. 22.

[2] Demi-Official Letter from H. D. Craik to Dunnet 5th Sept. 1922.

Digitized by Panjab Digital Library | www.panjabdigilib.org

ਸਿੰਘ ਦਾ। ਇਸ ਜਥੇ ਦੀ ਮਾਰ-ਕੁਟ ਦੀ ਅਗਵਾਈ ਇਕ ਅੰਗਰੇਜ਼ ਅਫਸਰ ਨੇ ਕੀਤੀ। ਉਹ ਖੁਦ ਆਪਣੇ ਹੱਥ ਨਾਲ ਜਥੇ ਉਤੇ ਡਾਂਗਾਂ ਵਰ੍ਹਾ ਰਿਹਾ ਸੀ ਅਤੇ ਪੁਲਸ ਵਾਲਿਆਂ ਨੂੰ ਵੰਗਾਰ ਵੰਗਾਰ ਕੁੱਟਣ ਲਈ ਜ਼ੋਰ ਦੇ ਰਿਹਾ ਸੀ। ਜਥੇਦਾਰ ਪਿਰਥੀਪਾਲ ਸਿੰਘ ਨੂੰ ਜਿਸ ਬੇਦਰਦੀ ਤੇ ਬੇਰਹਿਮੀ ਨਾਲ ਕੁਟਿਆ ਗਿਆ ਉਸ ਦੇ ਜ਼ਖਮਾਂ ਦੀ ਕਹਾਣੀ ਡਾਕਟਰਾਂ ਦੀ ਜ਼ਬਾਨੀ ਸੁਣੋ:

ਜਥੇਦਾਰ ਬੜਾ ਜਵਾਨ ਸੀ। ਉਸ ਨੂੰ ਢਾਹਕੇ ਛੇ ਸੱਤ ਪੁਲਸੀਆਂ ਨੇ ਉਸ ਦੀ ਛਾਤੀ ਤੇ ਚੜ੍ਹਕੇ ਕੁਟਾਪਾ ਚਾੜ੍ਹਿਆ। ਉਹ ਸੱਤ ਵਾਰ ਉਠਿਆ ਤੇ ਹਰ ਦਫਾ ਉਸ ਨੂੰ ਪੁਲਸੀ ਲਠਿਆਲਾਂ ਨੇ ਕੁੱਟ ਕੁੱਟ ਕੇ ਮਰਨ ਕਿਨਾਰੇ ਕਰ ਦਿਤਾ। ਜਿਸ ਵੇਲੇ ਉਹ ਬੇਹੋਸ਼ ਹੋ ਗਿਆ ਅਤੇ ਉੱਕਾ ਹੀ ਹਿਲਣ ਜੁਲਣ ਜੋਗਾ ਨਾ ਰਿਹਾ, ਉਹ ਹੋਰਨਾਂ ਜ਼ਖਮੀਆਂ ਨਾਲ ਐਮਬਿਊਲੈਂਸ ਗਡੀ ਵਿਚ ਪਾਕੇ ਅਮਰਿਤਸਰ ਲਿਆਂਦਾ ਗਿਆ। ਉਹ ਅਕਾਲੀਆਂ ਦੇ ਬਾਗ ਵਿਚ ਕਈ ਦਿਨ ਮੂਰਛਿਤ ਪਿਆ ਰਿਹਾ। ਡਾਕਟਰਾਂ ਦੇ ਮੁਆਇਨੇ ਵਿਚ ਇਸ ਦੇ ਜ਼ਖਮਾਂ ਦਾ ਵੇਰਵਾ ਇਉਂ ਦਿਤਾ ਹੈ:

ਮੱਥੇ ਤੇ ਲਾਠੀ ਦੀ ਸੱਟ ਦਾ ਤਿੰਨ ਇੰਚ ਲੰਮਾ, ਦੋ ਇੰਚ ਚੋੜਾ ਨਿਸ਼ਾਨ, ਚੂਲੇ ਦੇ ਹੇਠ ਲਹੂ ਵਗਦਾ ਦੋ ਇੰਚ ਲੰਮਾ ਚੁਥਾਈ ਇੰਚ ਚੌੜਾ, ਚੁਥਾਈ ਇੰਚ ਡੂੰਘਾ ਜ਼ਖਮ; ਠੋਡੀ ਤੇ ਦੋ ਇੰਚ ਲੰਮਾ, ਇਕ ਇੰਚ ਚੌੜਾ, ਅੱਧਾ ਇੰਚ ਡੂੰਘਾ ਫਟ, ਗਰਦਨ ਦੇ ਪਿਛਲੇ ਪਾਸੇ ਡਾਢੀ ਸੱਟ; ਏਹੋ ਜੇਹੀ ਇਕ ਸਖਤ ਚੋਟ ਸੱਜੇ ਕੰਨ ਹੇਠ ਜਿਸ ਦੇ ਕਾਰਣ ਦੋ ਇੰਚ ਲੰਮੀ, ਡੇਢ ਇੰਚ ਚੌੜੀ ਸੋਜ ਹੋ ਗਈ। ਸੱਜੇ ਤੇ ਖੱਬੇ ਮੋਢੇ ਉਤੇ ਲਾਠੀਆਂ ਦੀਆਂ ਸੱਟਾਂ, ਲਾਠੀ ਦੀ ਸੱਟ ਦੇ ਤਿੰਨ ਇੰਚ ਲੰਮੇ, ਦੋ ਇੰਚ ਚੌੜੇ ਨਿਸ਼ਾਨ ਖੱਬੀ ਬਾਂਹ ਉਤੇ; ਲਾਠੀ ਦਾ ਨਿਸ਼ਾਨ ਸੱਜੀ ਬਾਂਹ ਤੇ; ਡਾਢੀ ਸਖਤ ਚੋਟ ਚੀਚੀ ਦੇ ਨਾਲ ਦੀ ਉਂਗਲ ਅਤੇ ਵਿਚਕਾਰਲੀ ਉਂਗਲ ਤੇ— ਦੋਵੇਂ ਉਂਗਲਾਂ ਉਤਰ ਗਈਆਂ; ਮੋਢੇ ਦੀ ਪਿਛਲੀ ਤਰਫ ਸਖਤ ਸੱਟ, ਛੇ ਇੰਚ ਲੰਮੀ, ਚਾਰ ਇੰਚ ਚੌੜੀ; ਸੱਜੇ ਚੂਲ੍ਹੇ ਉਤੇ ਛੇ ਇੰਚ ਲੰਮਾ ਚਾਰ ਇੰਚ ਚੌੜਾ ਅਤੇ ਚਾਰ ਇੰਚ ਡੂੰਘਾ ਫੱਟ ਅਤੇ ਖੱਬੇ ਚੂਲੇ ਤੇ ਛੇ ਇੰਚ ਲੰਮੀ ਅਤੇ ਪੰਜ ਇੰਚ ਚੌੜੀ ਸਖਤ ਸੱਟ, ਸੱਜੇ ਪੱਟ ਤੇ ਛੇ ਇੰਚ ਲੰਮੀ ਚਾਰ ਇੰਚ ਚੌੜੀ ਸਖਤ ਸੱਟ; ਖੱਬੇ ਪਟ ਤੇ ਪੰਜ ਇੰਚ ਲੰਮੀ ਤਿੰਨ ਇੰਚ ਚੌੜੀ ਸਖਤ ਸੱਟ; ਦੋਹਾਂ ਲੱਤਾਂ ਤੇ ਅੱਗੇ ਤੇ ਪਿਛੇ ਚਾਰ ਇੰਚ ਲੰਮੀਆਂ ਤੇ ਤਿੰਨ ਇੰਚ ਚੌੜੀਆਂ ਸੱਟਾਂ; ਖੱਬੇ ਪੈਰ ਦੀ ਛੱਤ ਤੇ ਸਖਤ ਸੱਟ (ਜ਼ਰਬ ਸ਼ਦੀਦ)[1]

ਪਿਰਥੀਪਾਲ ਸਿੰਘ ਦੇ ਜ਼ਖਮ ਬੜੇ ਗੁੱਝੇ, ਡੂੰਘੇ ਤੇ ਖਤਰਨਾਕ ਸਨ। ਉਹ ਕਦੇ ਰਾਜ਼ੀ ਹੋ ਜਾਂਦਾ ਰਿਹਾ, ਕਦੇ ਫੇਰ ਬਿਮਾਰ ਹੋ ਜਾਂਦਾ ਰਿਹਾ। ਅਖੀਰ ਉਹ 2 ਅਪਰੈਲ 1924 ਨੂੰ ਗੁਰੂ ਰਾਮਦਾਸ ਹਸਪਤਾਲ ਵਿਚ ਚਲਾਣਾ ਕਰ ਗਿਆ। ਅਤੇ ਅੰਗਰੇਜ਼ ਰਾਜ ਦੇ ਸਾਊਪੁਣੇ ਨੂੰ ਹਮੇਸ਼ਾਂ ਲਈ ਧਿਕਾਰ ਗਿਆ।

7 ਸਤੰਬਰ ਨੂੰ ਭਗਵਾਨ ਦਾਸ ਨੇ ਰਿਪੋਰਟ ਕੀਤੀ ਕਿ ਮਾਰ-ਕੁੱਟ ਬੇ-ਅਸਰ ਸਾਬਤ ਹੋਈ ਹੈ। ਅਤੇ ਫੈਸਲਾ ਕੀਤਾ ਗਿਆ ਹੈ ਕਿ ਇਹ ਬੰਦ ਕੀਤੀ ਜਾਵੇ। ਮਿਸਟਰ ਟੋਲਿਨਟਨ ਅਜ ਅਮਰਿਤਸਰ ਜਾ ਰਿਹਾ ਹੈ ਤਾਂ ਜੋ ਹਾਲਤ ਨਾਲ ਨਜਿਠਣ ਲਈ ਹੋਰ ਵਸੀਲੇ ਖੋਜੇ ਜਾਣ।[2] ਪਰ ਇਹ ਫੈਸਲਾ ਮਾਰ ਕੁਟਾਈ ਉਕੀ ਹੀ ਜਾਂ ਬਿਲਕੁਲ ਹੀ ਬੰਦ ਕਰਨ ਦਾ ਨਹੀਂ ਸੀ। ਇਹ ਹਕੀਕਤ ਅਮਰਿਤਸਰ ਦੇ ਡੀ. ਸੀ. ਡੰਨਿਟ ਦੇ ਪਰੈਸ ਬਿਆਨ ਨੇ ਬਿਲਕੁਲ ਸਪੱਸ਼ਟ ਕਰ ਦਿਤੀ। 'ਪੰਜਾਬ ਸਰਕਾਰ ਨਾਲ ਮਸ਼ਵਰੇ ਪਿੱਛੋਂ ਫੈਸਲਾ ਕੀਤਾ ਗਿਆ ਹੈ ਕਿ ਅਮਰਿਤਸਰ–ਅਜਨਾਲਾ ਸੜਕ ਤੇ

---

[1] ਅਕਾਲੀ ਤੇ ਪ੍ਰਦੇਸੀ 4 ਨਵੰਬਰ 1922

[2] H. V. B. Hare : Secretariat : 9. 9. 1922.

Digitized by Panjab Digital Library | www.panjabdigilib.org

ਗੁਰੂ ਕੇ ਬਾਗ ਨੂੰ ਜਾਣ ਵਾਲੇ ਅਕਾਲੀ ਜਥਿਆਂ ਨੂੰ ਖੜੇ ਕਰਨ ਤੇ ਤਾਕਤ ਦੀ ਵਰਤੋਂ ਨਾਲ ਖਿੰਡਾਣ ਦੇ ਅਮਲੀ ਕੰਮ ਨੂੰ ਬੰਦ ਕਰ ਦਿਤਾ ਜਾਏ। ਪਰ ਗੌਰਮਿੰਟ ਨੇ ਮਹੰਤ ਦੀ ਰਖਿਆ ਦੀ ਪਾਲਿਸੀ ਨਹੀਂ ਛਡੀ। ਅਮਨ ਤੇ ਕਾਨੂੰਨ ਦੀ ਰਖਿਆ ਕਰਨ ਲਈ ਸਾਡੇ ਪਾਸ ਕਾਫੀ (ਪੁਲਸ ਤੇ ਫੌਜ ਦੀਆਂ) ਤਾਕਤਾਂ ਹਨ।'[1]

ਇਸ ਲਈ ਇਹ ਮਾਰਕੁਟਾਈ ਗੁਰੂ ਕੇ ਬਾਗ ਵਿਚ ਤੇ ਹੋਰ ਰਸਤਿਆਂ ਉਤੇ ਜਾਰੀ ਰਹੀ। ਇਹ ਕਦਮ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਗੌਰਮਿੰਟ ਦੇ ਜਬਰ ਦੇ ਖਿਲਾਫ ਅਸਰਦਾਰ ਪ੍ਰੋਪੇਗੰਡੇ ਤੇ ਪਰਚਾਰ ਨੂੰ ਰੋਕਣ ਲਈ ਚੁਕਿਆ।

## 12. ਪਾਦਰੀ ਐਂਡਰੂਜ਼ ਦਾ ਪ੍ਰੋਟੈਸਟ

12 ਸਤੰਬਰ ਨੂੰ ਪਾਦਰੀ ਸੀ. ਐਫ. ਐਂਡਰੂਜ਼ ਗੁਰੂ ਕੇ ਬਾਗ ਪਹੁੰਚਾ ਤਾਂ ਜੁ ਉਹ ਆਪਣੀਆਂ ਅੱਖਾਂ ਨਾਲ ਮਾਰਕੁਟ ਪੈਂਦੀ ਵੇਖ ਸਕੇ। ਉਸ ਨੇ ਮਾਰਕੁਟ ਦੀਆਂ ਦਰਦਨਾਕ ਘਟਨਾਵਾਂ ਬਾਰੇ ਅਖਬਾਰਾਂ ਨੂੰ ਦੋ ਲੇਖ ਘੱਲੇ। ਇਹ ਲੇਖ ਬੜੇ ਭਾਵ-ਉਛਾਲਕ ਤੇ ਕਰੁਣਾ ਮਈ ਸਨ ਅਤੇ ਐਂਡਰੂਜ਼ ਦੇ ਦਰਦੀ ਦਿਲ ਦੀਆਂ ਡੂੰਘਾਣਾਂ ਵਿਚੋਂ ਨਿਕਲੇ ਸਨ ਅਤੇ ਮਾਰ-ਕੁਟ ਦੀ ਸਹੀ ਤਸਵੀਰ ਪੇਸ਼ ਕਰਦੇ ਸਨ। ਪਾਦਰੀ ਸਾਹਿਬ ਲਿਖਦੇ ਹਨ :

"ਇਹ ਉਹ ਨਜ਼ਾਰਾ ਸੀ ਜਿਹੜਾ ਮੈਂ ਫੇਰ ਕਦੇ ਨਹੀਂ ਵੇਖਣਾ ਚਾਹਵਾਂਗਾ— ਨਾਜ਼ਾਰਾ ਜਿਹੜਾ ਕਿਸੇ ਅੰਗਰੇਜ਼ ਦੇ ਵਿਸ਼ਵਾਸ ਕਰਨ ਦੇ ਕਾਬਲ ਨਹੀਂ। ਕਾਲੀਆਂ ਪਗੜੀਆਂ ਵਾਲੇ ਚਾਰ ਅਕਾਲੀ ਸਿੱਖ ਇਕ ਦਰਜਨ ਪੁਲਸੀਆਂ, ਦੋ ਅੰਗਰੇਜ਼ ਅਫਸਰਾਂ ਸਮੇਤ, ਦੇ ਸਾਮ੍ਹਣੇ ਖਲੋਤੇ ਸਨ।......ਉਹ ਪੂਰਣ ਤੌਰ ਤੇ ਅਹਿਲ ਸਨ ਅਤੇ ਆਪਣੇ ਥਾਂ ਤੇ ਚੁਪਚਾਪ ਖਲੋਤੇ ਸਨ। ਉਹਨਾਂ ਦੇ ਹੱਥ ਪਰਾਰਥਨਾ ਵਿਚ ਜੁੜੇ ਹੋਏ ਸਨ। ਤਦ ਉਹਨਾਂ ਵਲੋਂ ਰਤੀ ਭਰ ਵੀ ਭੜਕਾਹਟ ਤੋਂ ਬਗੈਰ ਇਕ ਅੰਗਰੇਜ਼ ਨੇ ਪਿੱਤਲ ਦੀ ਸੰਮ ਵਾਲੀ ਲਾਠੀ ਦਾ ਸਿਰਾ ਪੂਰੇ ਜ਼ੋਰ ਨਾਲ ਮਾਰਿਆ। ਉਸ ਨੇ ਇਹ ਸਿਰਾ ਇਸ ਤਰੀਕੇ ਨਾਲ ਜ਼ੋਰ ਨਾਲ ਮਾਰਿਆ ਕਿ ਉਸ ਦੀ ਮੁੱਠ ਜਿਸ ਨੇ ਲਾਠੀ ਫੜੀ ਹੋਈ ਸੀ, ਅਕਾਲੀ ਸਿੱਖ ਨੂੰ ਜਿਹੜਾ ਪਰਾਰਥਨਾ ਕਰ ਰਿਹਾ ਸੀ ਬੜੇ ਜ਼ੋਰ ਨਾਲ ਠੀਕ ਗਲ ਦੀ ਹੱਸੀ ਤੇ ਵੱਜੀ ਸੀ। ਇਹ ਅਤਿਅੰਤ ਕਾਇਰਾਨਾ ਸੱਟ ਵਿਖਾਈ ਦੇਂਦੀ ਸੀ। ਜਿਵੇਂ ਮੈਂ ਇਹ ਵਜਦੀ ਵੇਖੀ ਅਤੇ ਮੈਨੂੰ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਲਈ ਅੱਤ-ਅਧਿਕ ਮੁਸ਼ਕਲ ਪੇਸ਼ ਆਈ।... ਬਾਕੀ ਦੇ ਸਿਖ ਬੜੀ ਛੇਤੀ ਡਾਗਾਂ ਮਾਰ ਮਾਰ ਜ਼ਮੀਨ ਤੇ ਵਿਛਾ ਦਿਤੇ ਗਏ।"

ਐਂਡਰੂਜ਼ ਇਸ ਤੋਂ ਅਗੇ ਲਿਖਦਾ ਹੈ: "ਇਸ ਤੇ ਇਸ ਦੇ ਪਿੱਛੋਂ ਦੇ ਮੌਕਿਆਂ ਤੇ ਪੁਲਸ ਨੇ ਕੁਛ ਅਜੇਹੀਆਂ ਕਾਰਵਾਈਆਂ ਸਰਜ਼ੱਦ ਕੀਤੀਆਂ ਜਿਹੜੀਆਂ ਕਿ ਅਤਿਅੰਤ ਵਹਿਸ਼ੀਆਨਾ ਸਨ। ਮੈਂ ਆਪਣੀਆਂ ਅੱਖਾਂ ਨਾਲ ਇਹਨਾਂ ਪੁਲਸੀਆਂ ਵਿਚੋਂ ਇਕ ਨੂੰ ਇਕ ਸਿੱਖ ਦੇ ਢਿਡ ਵਿਚ ਠੁਡਾ ਮਾਰਦੇ ਵੇਖਿਆ ਜਿਹੜਾ ਨਿਆਸਰਾ ਉਸ ਦੇ ਅਗੇ ਖੜਾ ਸੀ। ਇਹ ਠੁਡਾ ਇਤਨਾ ਨਿਯਮ-ਹੀਨ (ਫਾਊਲ) ਸੀ ਕਿ ਮੈਂ ਆਪਣੇ ਆਪ ਨੂੰ ਉੱਚੀ ਚਿੱਲੋਣੋਂ ਅਤੇ ਅਗਾਂਹ ਭਜ ਕੇ ਜਾਣ ਤੋਂ ਰੋਕ ਨਾ ਸਕਿਆ। ਪਰ ਕੁਛ ਚਿਰ ਪਿੱਛੋਂ ਮੈਂ ਇਕ ਹੋਰ ਐਕਟ ਵੇਖਿਆ ਜਿਹੜਾ ਪਹਿਲੇ ਨਾਲੋਂ ਵੀ ਵਧੇਰੇ 'ਫਾਊਲ' ਸੀ। ਜਦੋਂ ਉਹਨਾਂ ਇਕ ਅਕਾਲੀ ਸਿੱਖ ਨੂੰ ਚੁਕਕੇ ਜ਼ਮੀਨ ਉਤੇ ਧੜੈਂਅ ਮਾਰਿਆ ਅਤੇ ਉਹ ਮੂਧਾ ਪਿਆ ਹੋਇਆ ਸੀ, ਪੁਲਸ ਸਿਪਾਹੀ ਨੇ ਆਪਣਾ ਪੂਰਾ ਭਾਰ ਪਾ ਕੇ ਉਸਨੂੰ ਲਿਤਾੜਨਾ ਸ਼ੁਰੂ ਕੀਤਾ। ਪੁਲਸੀਆ ਮੂਧੇ ਪਏ ਆਦਮੀ ਦੇ ਗਲ ਤੇ ਮੋਢਿਆਂ ਵਿਚਕਾਰ ਹੁਝਾਂ ਮਾਰ ਰਿਹਾ ਸੀ। ਤੀਜੀ

[1] H. D, Craik : 10th Sept. 1922

Digitized by Panjab Digital Library | www.panjabdigilib.org

ਹੁੱਝ, ਲਗਭਗ ਇਕੋ ਜੇਹੀ ਹੀ ਫਾਊਲ ਇਕ ਅਕਾਲੀ ਨੂੰ ਜਿਹੜਾ ਆਪਣੇ ਡਿਗੇ ਹੋਏ ਸਾਥੀ ਦੇ ਕੋਲ ਖਲੋਤਾ ਸੀ—ਮਾਰੀ ਗਈ। ਇਸ ਹੁੱਝ ਨੇ ਉਸ ਨੂੰ ਆਪਣੇ ਡਿਗੇ-ਹੋਏ ਸਾਥੀ ਦੇ ਜਿਹੜਾ ਬੇਹੋਸ਼ ਪਿਆ ਸੀ—ਉਸ ਵੇਲੇ ਆਰ ਪਾਰ ਸੁਟ ਦਿਤਾ ਜਦੋਂ ਕਿ ਉਹ ਦੋਂਹ ਵਰਕਰਾਂ ਵਲੋਂ ਚੁਕ ਕੇ ਐਮਬਿਊਲੈਂਸ ਗੱਡੀ ਵਿਚ ਰਖਿਆ ਜਾ ਰਿਹਾ ਸੀ। ਏਹੋ ਜੇਹੀ ਹੁੱਝ ਦਾ ਇਰਾਦਾ ਏਨਾ ਵਹਿਸ਼ੀਆਨਾ ਬਰਬਰੀ ਤੇ ਢੀਠਾਂ ਵਾਲਾ ਸੀ ਕਿ ਮੈਂ ਕਮਾਨ ਵਾਲੇ ਅੰਗਰੇਜ਼ ਵਲ ਵੇਖਦਾ ਰਿਹਾ ਕਿ ਉਹ ਇਸ ਤੇ ਹੋਰ ਕੇਸਾਂ ਦੀ ਹਾਲਤ ਵਿਚ ਪੁਲਸ ਸਿਪਾਹੀ ਨੂੰ ਜਿਸ ਨੇ ਇਹ ਕਾਰਾ ਕੀਤਾ ਸੀ, ਤਾੜਨਾ ਕਰੇਗਾ, ਪਰ ਜਿਥੋਂ ਤਕ ਮੈਂ ਵੇਖ ਸਕਿਆ ਉਸ ਨੇ ਆਦਮੀਆਂ ਨੂੰ ਰੋਕਣ ਲਈ ਜਾਂ ਤਾੜਨਾ ਕਰਨ ਲਈ ਕੁਛ ਨਾ ਕੀਤਾ। ਮੈਂ ਜੋ ਕੁਛ ਵੇਖਿਆ ਸੀ ਉਹ ਗਵਰਨਰ ਨੂੰ ਅਤੇ ਹਰ ਇਕ ਅਫਸਰ ਨੂੰ ਜਿਸ ਨੂੰ ਮੈਂ ਅਗਲੇ ਦਿਨ ਮਿਲਿਆ—ਦਸ ਦਿਤਾ ਸੀ।"[1]

ਇਸ ਨੇਕ ਪਾਦਰੀ ਦੀ ਜ਼ਬਾਨ ਵਿਚ ਬੜਾ ਰਸ ਸੀ। ਅਤੇ ਇਹ ਸੱਚੀ ਗੱਲ ਕਰਨੋਂ ਨਹੀਂ ਸੀ ਝਿਜਕਦਾ। ਉਸ ਨੇ, ਉਹਨਾਂ ਫੌਜੀਆਂ ਦੇ ਅੰਕੜੇ ਲਏ ਸਨ ਜਿਹੜੇ ਜਥਿਆਂ ਵਿਚ ਸ਼ਾਮਲ ਹੁੰਦੇ ਸਨ ਅਤੇ ਪਿਛਲੇ ਜਗਤ ਯੁਧ ਵਿਚ ਹਿੱਸਾ ਲੈ ਚੁਕੇ ਸਨ। ਉਸ ਦੇ ਹਿਸਾਬ ਮੁਤਾਬਕ ਤਿੰਨਾਂ ਅਕਾਲੀਆਂ ਪਿਛੇ ਇਕ ਫੌਜੀ ਸਿੱਖ ਮੋਰਚੇ ਵਿਚ ਜਾਂਦਾ ਸੀ।

ਮਾਰ-ਕੁਟ ਦੇ ਬੰਦ ਕਰਾਣ ਵਿਚ ਗਵਰਨਰ ਨਾਲ ਪਾਦਰੀ ਐਂਡਰੂਜ਼[2] ਦੀ ਗੱਲਬਾਤ ਨੇ ਵੀ ਹਿਸਾ ਪਾਇਆ ਸੀ। ਉਸ ਦੇ ਲੇਖਾਂ ਦਾ ਲੋਕਾਂ ਉਤੇ ਇਹ ਪਰਭਾਵ ਪਿਆ ਸੀ ਕਿ ਸਾਰੇ ਅੰਗਰੇਜ਼, ਹੁਕਮਰਾਨ ਅੰਗਰੇਜ਼ਾਂ ਵਰਗੇ ਨਹੀਂ ਸਨ, ਗੈਰ ਹਾਕਮਾਂ ਵਿਚ ਚੰਗੇ ਅੰਗਰੇਜ਼ ਵੀ ਹਨ।

## 13. ਮਾਰ-ਕੁਟ ਬੰਦ : ਨਵਾਂ ਫੈਸਲਾ

ਜਥਿਆਂ ਦਾ ਕੁਟਾਪਾ ਜਾਰੀ ਸੀ। 13 ਸਤੰਬਰ ਨੂੰ ਗਵਰਨਰ ਤੇ ਉਸ ਦੀ ਐਗ-ਜ਼ੇਕਟਿਵ ਕੌਂਸਲ ਦੇ ਮਿੰਬਰ ਅਮਰਿਤਸਰ ਪਹੁੰਚੇ ਅਤੇ ਫੇਰ ਗੁਰੂ ਕੇ ਬਾਗ ਗਏ। ਉਸੇ ਦਿਨ ਵਾਪਸ ਮੁੜਨ ਤੇ ਗੌਰਮਿੰਟ ਦੇ ਮਿੰਬਰਾਂ ਤੇ ਮਕਾਮੀ ਅਫਸਰਾਂ ਵਿਚਕਾਰ ਇਕ ਕਾਨਫਰੰਸ ਹੋਈ। ਜਿਸ ਵਿਚ ਫੈਸਲਾ ਕੀਤਾ ਗਿਆ ਕਿ ਮਾਰਕੁਟ ਬੰਦ ਕੀਤੀ ਜਾਵੇ ਅਤੇ ਘੁਸਣ ਵਾਲਿਆਂ ਨੂੰ ਤਾਕਤ ਦੀ ਵਰਤੋਂ ਕਰਕੇ ਪਰ੍ਹਾਂ ਨਾ ਹਟਾਇਆ ਜਾਵੇ। ਬਾਗ ਦਾ ਰਾਹ ਕੰਡੇਦਾਰ ਤਾਰ ਦਾ ਦਰਵਾਜ਼ਾ ਲਾਕੇ ਬੰਦ ਕੀਤਾ ਜਾਵੇ। ਜੇ ਅਕਾਲੀ ਅੰਦਰ ਘੁਸਣ ਤਾਂ ਉਹਨਾਂ ਨੂੰ ਫੜ ਲਿਆ ਜਾਵੇ!

ਇਹ ਵੀ ਫੈਸਲਾ ਕੀਤਾ ਗਿਆ ਕਿ ਗੁਰਦੁਆਰਾ ਬਿਲ ਛਾਪ ਦਿਤਾ ਜਾਵੇ। ਇਹ ਮਾਰ ਕੁਟਾਈ ਕਿਉਂ ਬੰਦ ਕੀਤੀ ਗਈ? ਇਸ ਸਵਾਲ ਦਾ ਜਵਾਬ ਵੀ ਗੌਰਮਿੰਟ ਦੀ ਕਾਰਵਾਈ ਦੀਆਂ ਮਿਸਲਾਂ ਵਿਚ ਦਰਜ ਹੈ।

---

[1] Struggle for Reform in Sikh Shrines—by Prof. Ruchi Ram Sahni, Pages 176 to 183.

[2] ਸੀ. ਐਫ. ਐਂਡਰੂਜ਼ 12 ਫਰਵਰੀ 1871 ਨੂੰ ਨਿਊਕਾਸਲ-ਔਨ-ਟਾਈਨ ਵਿਚ ਪੈਦਾ ਹੋਇਆ ਅਤੇ ਕਲਕਤੇ ਵਿਚ 1940 ਵਿਚ ਗੁਜ਼ਰ ਗਿਆ। ਉਹ ਏਥੇ ਪਾਦਰੀ ਬਣਕੇ ਆਇਆ ਸੀ ਪਰ ਹਿੰਦੁਸਤਾਨੀ ਸਭਿਆਚਾਰ ਤੋਂ ਪਰਭਾਵਿਤ ਹੋ ਕੇ ਏਥੋਂ ਦਾ ਹੀ ਬਣ ਗਿਆ। ਗਰੀਬ ਹਿੰਦੁਸਤਾਨੀਆਂ ਨਾਲ ਪਿਆਰ ਕਰਨ ਕਰਕੇ ਲੋਕ ਉਸ ਨੂੰ ਦੀਨਾ ਬੰਧੂ ਕਹਿਣ ਲਗ ਪਏ ਸਨ। ਉਸ ਨੇ ਹਿੰਦੁਸਤਾਨ ਦੀ ਆਜ਼ਾਦੀ ਵਿਚ ਹਿਸਾ ਪਾਇਆ ਸੀ ਅਤੇ ਮਹਾਤਮਾ ਗਾਂਧੀ ਤੇ ਪੰਡਤ ਜਵਾਹਰ ਲਾਲ ਨੇ ਉਸ ਦੇ ਨਿਸ਼ਕਾਮ ਕੰਮ ਦੀ ਬੜੀ ਸ਼ਲਾਘਾ ਕੀਤੀ ਸੀ।

Digitized by Panjab Digital Library | www.panjabdigilib.org

"ਇਸ ਵਿਚ ਕੋਈ ਸ਼ਕ ਨਹੀਂ ਕਿ ਹਾਲਤ ਉਹਨਾਂ ਫੱਟਾਂ ਤੇ ਜ਼ਖਮਾਂ ਨਾਲ ਧੁਆਂਖੀ ਗਈ ਹੈ ਜਿਹੜੇ ਪੁਲ਼ਸ ਨੇ ਅਕਾਲੀਆਂ ਨੂੰ ਖਿੰਡਾਣ ਲਈ ਵਾਸਤਵਿਕ ਤੌਰ ਤੇ ਲਾਏ ਸਨ। ...ਇਸ ਵਿਚ ਸ਼ੱਕ ਨਹੀਂ ਕਿ ਇਹਨਾਂ (ਮਾਰ-ਕੁਟਾਈ ਦੀਆਂ) ਕਹਾਣੀਆਂ ਅਤੇ ਫੱਟਾਂ ਦੀ ਤੱਕਣੀ ਨੇ ਵਫ਼ਾਦਾਰ ਤੇ ਨਰਮ-ਖਿਆਲ ਸਿੱਖਾਂ ਅਤੇ ਹੋਰ ਲੋਕਾਂ ਦੇ ਦਿਲਾਂ ਵਿਚ ਜਿਹੜੇ ਕਿ ਆਮ ਤੌਰ ਤੇ ਅਕਾਲੀ ਤਹਿਰੀਕ ਨਾਲ ਹਮਦਰਦੀ ਨਹੀਂ ਸਨ ਰਖਦੇ, ਅਕਾਲੀਆਂ ਦੀ ਹਮਦਰਦੀ ਦਾ ਵਡੀ ਮਿਕਦਾਰ ਵਿਚ ਜੋਸ਼ ਭਰ ਦਿਤਾ।

ਇਹ ਸਿਰਫ ਦਾਅ-ਪੇਚ ਵਿਚ ਤਬਦੀਲੀ ਦਾ ਫੈਸਲਾ ਸੀ, ਵੱਧ ਕੁਛ ਨਹੀਂ ਸੀ। ਕਾਰਣ: "ਅਣਗਿਣਤ ਕਾਂਗਰਸੀ ਅਤੇ ਖਿਲਾਫਤੀ ਆਗੂ ਤੇ ਪੱਤਰਕਾਰ ਅਮਰਿਤਸਰ ਵਿਚ ਆਣ ਜਮ੍ਹਾ ਹੋਏ ਸਨ। ਇਹਨਾਂ ਨੇ ਜਬਰੀ ਖਿੰਡਾਣ-ਪੁੰਡਾਣ ਵਿਚ ਗੌਰਮਿੰਟ ਉਤੇ ਜ਼ਰਬ ਪਹੁੰਚਾਣ ਵਾਲੇ ਹਮਲੇ ਕਰਨ ਦਾ ਚੰਗਾ ਮੌਕਿਆ ਤਾੜ ਲਿਆ ਸੀ ਅਤੇ ਇਸ ਮੌਕੇ ਨੂੰ ਵਧ ਤੋਂ ਵਧ ਵਰਤਿਆ। ...ਬਿਲਾਸ਼ਕ ਹਿੰਦੁਸਤਾਨੀ ਫੌਜ ਦੀਆਂ ਸਿਖ ਇਕਾਈਆਂ ਵਿਚ ਜੋਸ਼ ਪੈਦਾ ਕਰਨ ਦੇ ਕੁਛ ਯਤਨ ਕੀਤੇ ਗਏ ਹਨ...ਇਹ ਗੱਲ ਵੀ ਵੇਖਣ ਵਿਚ ਆਈ ਹੈ ਕਿ ਗੁਰੂ ਕੇ ਬਾਗ ਵਿਚ ਜਾਣ ਵਾਲੇ ਜਥਿਆਂ ਵਿਚ ਰਹਿ-ਚੁਕੇ ਫੌਜੀਆਂ ਦੀ ਚੰਗੀ ਗਿਣਤੀ ਹੈ।"[1]

ਇਹ ਸਨ ਕਾਰਣ ਜਿਨ੍ਹਾਂ ਕਰਕੇ ਗੌਰਮਿੰਟ ਨੇ ਮਾਰ-ਕੁਟਾਈ ਬੰਦ ਕੀਤੀ। ਗੌਰਮਿੰਟ ਦੇ ਆਪਣੇ ਵਫ਼ਾਦਾਰ ਉਸ ਨੂੰ ਛਡੀ ਜਾਣ ਲ਼ਗ ਪਏ ਸਨ। ਗੌਰਮਿੰਟ ਦੇ ਲੋਕ ਵਿਰੋਧੀ ਕਾਨੂੰਨ ਦਾ ਜਬਰ ਨੰਗਾ ਹੋਣ ਲਗ ਪਿਆ। ਜਥਿਆਂ ਵਿਚ ਬੜੇ ਬੜੇ ਸਾਮਰਾਜੀ ਮੋਰਚਿਆਂ ਵਿਚ ਲੜ, ਤੇ ਬਹਾਦਰੀ ਖਟ, ਚੁਕੇ ਫੌਜੀ ਜਾਣ ਲ਼ਗ ਪਏ ਸਨ। ਬਗੈਰ ਕਮੇਟੀ ਦੇ ਜਤਨਾਂ ਦੇ ਗੁਰੂ ਕੇ ਬਾਗ ਦੇ ਜ਼ੁਲਮਾਂ ਦਾ ਅਸਰ ਕੁਛ ਫੌਜੀਆਂ ਉਤੇ ਹੋਣ ਦੀ ਸੰਭਾਵਨਾ ਪੈਦਾ ਹੋ ਗਈ ਸੀ। ਇਸ ਲਈ ਬਰਿਟਿਸ਼ ਰਾਜ ਦੇ ਉੱਚਤਮ ਅਫਸਰ ਤੇ ਹੁਕਮਰਾਨ ਮਾਰ-ਕੁਟਾਈ ਬੰਦ ਕਰਨ, ਆਪਣੇ ਕੀਤੇ ਫੈਸਲੇ ਅਧਵਾਟੇ ਹੀ ਛੱਡਣ ਲਈ ਮਜਬੂਰ ਹੋਏ ਸਨ। ਅਕਾਲੀ ਤਹਿਰੀਕ ਨੇ ਉਹਨਾਂ ਦੇ ਜਬ੍ਹੇ ਨੂੰ ਪੈਰਾਂ ਥੱਲੇ ਰੋਲ ਦਿਤਾ ਸੀ।

ਪਰ ਇਸ ਦਾ ਇਹ ਮਤਲਬ ਨਹੀਂ ਸਮਝਣਾ ਚਾਹੀਦਾ ਕਿ ਗੌਰਮਿੰਟ ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਅਨੁਸਾਰ ਬਿਲ ਬਣਾ ਕੇ ਸਮਝੌਤਾ ਕਰਨ ਲਈ ਤਿਆਰ ਹੋ ਰਹੀ ਸੀ। ਨਹੀਂ, ਉਹ ਹੋਰ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਸੀ ਜਿਸ ਵੇਲੇ ਕਮੇਟੀ ਦੇ ਬਾਕੀ ਦੇ ਲੀਡਰਾਂ ਨੂੰ ਵੀ ਫੜਕੇ ਜੇਲ ਵਿਚ ਸੁਟ ਦਿਤਾ ਜਾਵੇ ਅਤੇ ਲਹਿਰ ਨੂੰ ਖਤਮ ਕੀਤਾ ਜਾਵੇ।

ਗੌਰਮਿੰਟ ਨੇ ਇਸ ਵੇਲੇ ਪੈਂਤੜਾ ਹੀ ਬਦਲਿਆ ਸੀ, ਅਕਾਲੀ ਤਹਿਰੀਕ ਨੂੰ ਕੁਚਲਣ ਦੀ ਪਾਲਿਸੀ ਨਹੀਂ ਸੀ ਬਦਲੀ। ਸਾਰੇ ਕੇਂਦਰੀ ਪੰਜਾਬ ਵਿਚ ਬਾਰਸ਼ ਬੜੀ ਚੰਗੀ ਹੋ ਗਈ ਸੀ। ਗੌਰਮਿੰਟ ਨੂੰ ਆਸ ਸੀ ਕਿ ਸਿੱਖ ਕਿਸਾਨ ਆਪਣੇ ਖੇਤਾਂ ਤੋਂ ਬਾਹਲਾ ਚਿਰ ਗੈਰ-ਹਾਜ਼ਰ ਨਹੀਂ, ਰਹਿ ਸਕਦਾ। ਏਹੋ ਹੀ ਨਹੀਂ, ਸਰਕਾਰੀ ਰਿਪੋਰਟਾਂ ਇਹ ਵੀ ਦਸਦੀਆਂ ਸਨ ਕਿ ਅਕਾਲੀ ਗੁਰੂ ਕੇ ਬਾਗ ਦੇ ਧੰਦੇ ਤੋਂ ਅੱਕ-ਥੱਕ ਰਹੇ ਹਨ।......ਅਤੇ ਉਪਰੰਤ ਸ਼ੋਮਣੀ ਕਮੇਟੀ ਦੇ ਪਰਬੰਧਕ ਅਮਰਿਤਸਰ ਵਿਚ ਇੱਕਠੇ-ਹੋਏ ਹਜ਼ਾਰਾਂ ਸਿੱਖਾਂ ਨੂੰ ਖਾਣਾ ਦੇਣ ਵਿਚ ਮੁਸ਼ਕਲ ਮਹਿਸੂਸ ਕਰ ਰਹੇ ਹਨ। ਮਾਰ-ਕੁਟ ਦੇ ਬੰਦ ਹੋਣ ਕਰਕੇ ਉਹ ਲੋਕ ਜਿਹੜੇ ਸਰਕਾਰ ਨੂੰ ਨੁਕਸਾਨ ਪਹੁੰਚਾਣ ਲਈ

---

[1] Demi-official letter from H. D. Craik to O' Donnell : 20th Sept. I922.

Digitized by Panjab Digital Library | www.panjabdigilib.org

ਅਕਾਲੀਆਂ ਦੇ ਧਾਰਮਕ ਜ਼ੋਸ਼ ਨੂੰ ਵਰਤ ਰਹੇ ਸਨ, ਅਗੋਂ ਭਾਂਬੜਾਂ ਉਤੇ ਸੁਟਣ ਲਈ ਨਵਾਂ ਬਾਲਣ ਨਹੀਂ ਲਭ ਸਕਣਗੇ ।"

ਇਹ ਸੀ ਹਾਸੋਹੀਣਾ ਲੇਖਾ-ਜੋਖਾ ਉਤਲੀ ਅਫਸਰ ਸ਼ਾਹੀ ਦਾ । ਹੁਣ ਉਹ ਅਕਾਲੀ ਲਹਿਰ ਦੇ ਟੁੱਟਣ ਦਾ ਭਰੋਸਾ, ਬਾਰਸ਼ ਕਰਕੇ ਅਕਾਲੀਆਂ ਦੇ ਘਰਾਂ ਨੂੰ ਭੱਜਣ, ਥੱਕ-ਟੁੱਟ ਕੇ ਹਾਰ-ਹੁਟ ਜਾਣ ਅਤੇ ਲੰਗਰ ਨਾ ਮਿਲਣ ਕਰਕੇ ਸ਼ਹਿਰ ਛਡ ਜਾਣ ਉਤੇ ਰਖ ਰਹੀ ਸੀ । ਅਤੇ ਆਪਣੇ ਵਿਸ਼ਲੇਸ਼ਣ-ਆਤਮਕ ਦੀਵਾਲੀਏਪਨ ਦਾ ਪਰਗਟ੍ਾਵਾ ਕਰ ਰਹੀ ਸੀ ।

Digitized by Panjab Digital Library | www.panjabdigilib.org

# ਕਾਂਗਰਸ ਦੀ ਮਾਰ-ਕੁਟ ਬਾਰੇ ਰਿਪੋਰਟ

ਕਾਂਗਰਸ ਪੜਤਾਲੀਆ ਕਮੇਟੀ ਦੀ ਰਿਪੋਰਟ ਗੁਰੂ ਕੇ ਬਾਗ ਦੇ ਅਦੁਤੀ ਸ਼ਾਂਤਮਈ ਮੋਰਚੇ[1] ਦਾ ਅਦੁਤੀ ਇਤਿਹਾਸ ਹੈ। ਇਸ ਨੇ ਇਸ ਮੋਰਚੇ ਦੀਆਂ ਘਾਲਣਾਂ ਨੂੰ ਹਮੇਸ਼ਾਂ ਲਈ ਅਮਰ ਕਰ ਦਿਤਾ ਹੈ। ਕਮੇਟੀ ਸਾਮ੍ਹਣੇ 110 ਗੁਆਹ ਭੁਗਤੇ ਜਿਨ੍ਹਾਂ ਨੇ ਸਤਿਆਗਰਿਹੀ ਅਕਾਲੀਆਂ ਉਤੇ ਹੁੰਦੇ ਜ਼ੁਲਮਾਂ, ਉਪੱਦਰਾਂ, ਤੇ ਜਬਰਾਂ ਨੂੰ ਆਪਣੇ ਅੱਖੀਂ ਵੇਖਿਆ। ਇਹਨਾਂ ਵਿਚ ਕਾਂਗਰਸੀ ਸਨ, ਖਿਲਾਫਤੀ ਸਨ, ਨਰਮ-ਖਿਆਲੀਏ ਤੇ ਗਰਮ-ਖਿਆਲੀਏ ਸਨ। ਇਹਨਾਂ ਵਿਚੋਂ ਕਈਆਂ ਦੀ ਪੁਲਸ ਹੱਥੋਂ ਬੇਇਜ਼ਤੀ ਤੇ ਮਾਰ-ਕੁਟਾਈ ਵੀ ਹੋਈ ਸੀ।

ਉਹਨਾਂ ਦੇ ਬਿਆਨਾਂ ਵਿਚੋਂ ਕਈ ਇਕ ਗੱਲਾਂ ਬੜੀਆਂ ਉਭਰਕੇ ਸਾਮ੍ਹਣੇ ਆਉਂਦੀਆਂ ਹਨ। ਮਿਸਾਲਾਂ ਵਜੋਂ ਕੁਛ ਇਕ ਗੱਲਾਂ ਪੇਸ਼ ਕਰਕੇ ਇਹ ਦੁਖਦਾਈ ਕਾਂਡ ਖਤਮ ਕਰਾਂਗੇ। ਪਹਿਲੋਂ ਦੋ ਤਿੰਨ ਪਤਰਕਾਰਾਂ ਦੇ ਬਿਆਨਾਂ ਦੇ ਕੁਛ ਹਿਸੇ ਲਓ, ਇਹਨਾਂ ਨੇ ਕਈ ਜਥਿਆਂ ਨੂੰ ਮਾਰ-ਕੁਟ ਪੈਂਦੀ ਵੇਖੀ ਸੀ :

## 1. ਪੱਤਰਕਾਰਾਂ ਦੇ ਬਿਆਨ

'ਪੁਲਸ ਨੇ ਸਿੰਘਾਂ ਦੇ ਸਿਰ, ਪੇਟ, ਛਾਤੀ ਅਤੇ ਪਿੱਠ ਉਤੇ ਲਾਠੀਆਂ ਮਾਰੀਆਂ। ਮਿਸਟਰ ਬੀਟੀ ਨੇ ਤਿੰਨਾਂ ਆਦਮੀਆਂ ਨੂੰ ਠੁਡੇ ਮਾਰੇ। ਸਖਤ ਮਾਰ ਦੇ ਕਾਰਨ ਜਥੇ ਦੇ ਕਈ ਸਿੰਘ ਬੇਹੋਸ਼ ਹੋ ਗਏ। ਜਿਹੜਾ ਆਦਮੀ ਵੀ ਦੁਬਾਰਾ ਉਠਿਆ, ਉਸ ਨੂੰ ਫੇਰ ਮਾਰਿਆ-ਕੁਟਿਆ ਗਿਆ......ਘੋੜ ਸਵਾਰ ਸਿਪਾਹੀ ਜਥੇ ਦੇ ਉਤੋਂ ਦੀ ਲੰਘੇ। ਪੁਲਸ ਵਾਲਿਆਂ ਨੇ ਜ਼ਖਮੀ ਸਿੰਘਾਂ ਨੂੰ ਧੂਹ ਕੇ ਸੜਕ ਦੇ ਦੋਹੀਂ ਪਾਸੀਂ ਸੁਟ ਦਿਤਾ......ਕੁਛ ਆਦਮੀਆਂ ਨੂੰ ਹੋਸ਼ ਆ ਗਈ। ਉਹਨਾਂ ਨੂੰ ਫੇਰ ਕੁੱਟ ਕੁੱਟ ਜ਼ਮੀਨ ਤੇ ਵਿਛਾ ਦਿਤਾ। ਪੁਲਸ ਨਾਲ ਇਕ ਆਦਮੀ ਢੋਲ ਵਜਾਂਦਾ ਸੀ। ਉਹ ਵੀ ਢੋਲ ਸੁੱਟਕੇ ਮਾਰਕੁਟਾਈ ਵਿਚ ਸ਼ਾਮਲ ਹੋ ਗਿਆ। ਕਈਆਂ ਦੇ ਜ਼ਖਮਾਂ ਵਿਚੋਂ ਖੂਨ ਚਲ ਰਿਹਾ ਸੀ। ਪੰਡਤ ਮਾਲਵੀਆ ਜੀ ਓਥੇ ਪਹੁੰਚ ਗਏ। ਉਹਨਾਂ ਦੀਆਂ ਅੱਖਾਂ ਵਿਚ, ਇਹ ਜ਼ੁਲਮ ਵੇਖਕੇ, ਅਥਰੂ ਆ ਗਏ। ਉਹਨਾਂ ਦੇ ਮੂੰਹੋਂ ਸ਼ਬਦ ਨਿਕਲੇ, 'ਯਹਾਂ ਸ਼ੈਤਾਨ ਕਾਮ ਕਰ ਰਹੇ ਹੈਂ।' ਮਾਰ ਕੁਟਾਈ ਤੋਂ ਪਿੱਛੋਂ ਪੁਲਸ ਸਿਪਾਹੀ ਹੱਸ ਰਹੇ ਸਨ।......ਇਸ ਦੌਰਾਨ ਮੈਂ ਬੀਟੀ ਨੂੰ ਮਿਲਿਆ। ਉਹ ਮੈਨੂੰ ਕਹਿਣ ਲਗਾ : ਇਹ ਲਹਿਰ ਹਿੰਦੂਆਂ ਦੇ ਵਿਰੁਧ ਹੈ, ਇਸ ਲਈ ਕਿਸੇ ਹਿੰਦੂ ਨੂੰ ਇਸ ਨਾਲ ਹਮਦਰਦੀ ਨਹੀਂ ਕਰਨੀ ਚਾਹੀਦੀ......ਮੈਂ ਬੀਟੀ ਦਾ ਧਿਆਨ ਦਰਦਾਂ ਨਾਲ ਕਰਾਹ ਰਹੇ ਇਕ ਬੁਢੇ ਵਲ ਖਿਚਿਆ। ਬੀਟੀ ਨੇ ਮੈਨੂੰ ਗਾਲ ਕਢਕੇ ਆਖਿਆ : 'ਹਮ ਕੁਛ ਪਰਵਾਹ ਨਹੀਂ ਕਰੇਗਾ। ਤੁਮ ਐਡੀਟਰ ਹੋ ਜਾਂ

---

[1] ਗੁਰੂ ਕਾ ਬਾਗ ਕਾਂਗਰਸ ਪੜਤਾਲੀਆ ਕਮੇਟੀ, ਕੁਲ ਹਿੰਦ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ 27 ਸਤੰਬਰ 1922 ਦੇ ਮਤੇ ਅਨੁਸਾਰ ਥਾਪੀ ਗਈ ਸੀ। ਇਸ ਦੇ ਮਿੰਬਰ ਸਨ ਕਾਂਗਰਸ ਦੇ ਆਗੂ ਤੇ ਕਾਨੂੰਨ ਦੇ ਮਾਹਰ, 1. ਐਸ. ਸਿਰੀ ਨਿਵਾਸ ਆਇੰਗਾਰ, ਐਕਸ-ਐਡਵੋਕੇਟ ਜਨਰਲ, ਮਦਰਾਸ (ਪਰਧਾਨ), 2. ਜੇ. ਐਮ. ਸੈਨਗੁਪਤਾ, ਬੈਰਿਸਟਰ, ਕਲਕਤਾ; 3. ਐਸ. ਈ. ਸਟੋਕਸ, ਕੋਟਗੜ੍ਹ ਸ਼ਿਮਲਾ; 4. ਮੁਹੰਮਦ ਤਕੀ, ਵਕੀਲ ਹਾਈਕੋਰਟ, ਦਿਲੀ; 5. ਐਮ. ਵੀ. ਅਭਿਅੰਕਰ, ਬੈਰਿਸਟਰ, ਨਾਗਪੁਰ ਅਤੇ ਪ੍ਰੋ: ਰੁਚੀ ਰਾਮ ਸਾਹਨੀ ਕਮੇਟੀ ਦੇ ਸੈਕਟਰੀ।

Digitized by Panjab Digital Library | www.panjabdigilib.org

ਕੌਣ ? ਮੈਂ ਤੈਨੂੰ ਵੀ ਚਿੱਕੜ ਵਿਚ ਸੁਟ ਦਿਆਂਗਾ (ਗਿਆਨ ਚੰਦ ਰਾਮ ਪਾਲ ਸੰਪਾਦਕ ਬੰਦੇ ਮਾਤਰਮ, ਲਾਹੌਰ)

......ਮਾਰ ਕੁਟਾਈ ਬਹੁਤ ਜ਼ਾਲਮਾਨਾ ਸੀ । ਪੁਲਸ ਅਕਾਲੀਆਂ ਨੂੰ ਸੜਕ ਤੋਂ ਫੜਕੇ ਧੂਹਕੇ ਰੜ ਵਿਚ ਸੁਟਦੀ ਸੀ । ਜਿਥੇ ਰੋੜ ਤੇ ਕੱਚ ਦੇ ਟੁਕੜੇ ਪਏ ਹੋਏ ਸਨ......ਸਿੱਖ ਕੇਸਾਂ ਨੂੰ ਬੜਾ ਪਵਿਤਰ ਸਮਝਦੇ ਹਨ । ਜੇ ਕਿਸੇ ਸਿੱਖ ਨੂੰ ਕੇਸਾਂ ਤੋਂ ਫੜਕੇ ਧੂਹਿਆ ਜਾਵੇ ਤਾਂ ਉਹ ਬੜੀ ਨਿਰਾਦਰੀ ਸਮਝਦਾ ਹੈ । ਮੇਰੀ ਠੋਸ ਰਾਏ ਹੈ ਕਿ ਅਕਾਲੀਆਂ ਦਾ ਵਤੀਰਾ ਅਮਨ ਭੰਗ ਕਰਨ ਵਾਲਾ ਨਹੀਂ ਸੀ, ਪੁਲਸ ਦਾ ਵਤੀਰਾ ਭੜਕਾਊ ਤੇ ਅਮਨ ਭੰਗ ਕਰਨ ਵਾਲਾ ਸੀ ।......ਮੈਂ ਪੁਲਸ ਨੂੰ ਗੁਪਤ ਅੰਗਾਂ ਤੇ ਲਾਠੀਆਂ ਮਾਰਦਿਆਂ ਵੇਖਿਆ ਸੀ । (ਜੀ. ਏ. ਸੁੰਦਰਮ, ਸਹਾਇਕ ਐਡੀ-ਟਰ ਇੰਡੀਪੈਡੰਟ, ਅਲਾਹਾਬਾਦ)

......ਕਈ ਬੈਠੇ ਹੋਏ ਅਕਾਲੀਆਂ ਨੂੰ ਏਨੀ ਮਾਰ ਕੁਟਾਈ ਕੀਤੀ ਗਈ ਕਿ ਉਹ ਬੇਹੋਸ਼ ਹੋ ਗਏ । ਮਿਸਟਰ ਲਾਬ ਕੁੱਤੇ ਸਮੇਤ ਓਥੇ ਆਇਆ । ਉਸ ਦਾ ਕੁੱਤਾ ਵੀ ਅਕਾਲੀਆਂ ਨੂੰ ਪੈ ਗਿਆ ।...ਬੀਟੀ ਖੁਦ ਮਾਰ-ਕੁੱਟ ਵਿਚ ਹਿੱਸਾ ਲੈਂਦਾ ਰਿਹਾ । ਐਸੋਸੀਏਟਿਡ ਪਰੈਸ ਦਾ ਪਰਤੀਨਿਧ ਮਿਸਟਰ ਮਲੱਨ ਓਥੇ ਉਸ ਵੇਲੇ ਮੌਜੂਦ ਸੀ । ਉਸ ਨੇ ਕਈ ਫੋਟੋ ਲਏ । ਉਹ ਫੋਟੋ ਮੈਂ ਆਪ ਵੇਖੇ ਹਨ......ਮਿਸਟਰ ਬੀਟੀ ਦੇ ਚਿਹਰੇ ਤੋਂ ਗੁੱਸਾ ਪਰਗਟ ਹੁੰਦਾ ਸੀ । ਉਹ ਹਮੇਸ਼ਾਂ ਪੰਜਾਬੀ ਵਿਚ ਭੈੜੇ ਸ਼ਬਦ ਵਰਤਦਾ ਸੀ । ਪੁਲਸ ਦੇ ਚਿਹਰਿਆਂ ਤੋਂ ਜਾਪਦਾ ਸੀ ਕਿ ਉਹ ਬੜੇ ਜੋਸ਼ ਨਾਲ ਭਰੇ ਹੋਏ ਹਨ—ਮਿਸਟਰ ਬੀਟੀ ਤੇ ਪੁਲਸੀਏ ਕਈ ਵਾਰ ਅਕਾਲੀਆਂ ਦੇ ਗੁਪਤ ਅੰਗਾਂ ਤੇ ਸੱਟਾਂ ਮਾਰਦੇ ਸਨ—ਲਾਠੀਆਂ ਦੋਹਾਂ ਹੱਥਾਂ ਨਾਲ ਮਾਰਦੇ ਸਨ, ਕਈਆਂ ਨੂੰ ਠੁਡੇ ਮਾਰਦੇ ਸਨ । ਕਈਆਂ ਨੂੰ ਕੇਸਾਂ ਤੋਂ ਫੜਕੇ ਧੂੰਹਦੇ ਸਨ । (ਆਨੰਦ ਨਰਾਇਣ, ਸਹਾਇਕ ਐਡੀਟਰ, ਟਰੀਬਿਊਨ, ਲਾਹੌਰ)

......10 ਸਤੰਬਰ ਨੂੰ ਅਕਾਲੀ ਗੁਰੂ ਕੇ ਬਾਗ ਵਿਚ ਦੀਵਾਨ ਲਾ ਰਹੇ ਸਨ । ਇਕ ਸਿੱਖ ਤਕਰੀਰ ਕਰ ਰਿਹਾ ਸੀ । ਮਿਸਟਰ ਬੀਟੀ ਓਥੇ ਆਇਆ । ਉਸ ਦੇ ਹੱਥ ਵਿਚ ਡਾਂਗ ਸੀ । ਬੰਦੂਕਾਂ ਵਾਲੇ ਪੁਲਸੀਆਂ ਨੇ ਓਥੇ ਵਿਖਾਵਾ ਵੀ ਕੀਤਾ । ਉਸ ਮੌਕੇ ਤੇ ਦਸ ਮੈਜਿਸਟਰੇਟ ਮੌਜੂਦ ਸਨ । ਬੀਟੀ ਨੇ ਲੈਕਚਰ ਦੇਣ ਵਾਲੇ ਦੇ ਮੂੰਹ ਤੇ ਥਪੜ ਮਾਰਿਆ ਤੇ ਉਸ ਨੂੰ ਭੁੰਜੇ ਸੁੱਟ ਦਿਤਾ । ਪੁਲਸ ਨੇ ਲੋਕਾਂ ਨੂੰ ਮਾਰਨਾ ਸ਼ੁਰੂ ਕੀਤਾ । ਤਕਰੀਰ ਕਰਨ ਵਾਲੇ ਦਾ ਨਾਮ ਗੰਗਾ ਸਿੰਘ ਸੀ । ਉਸ ਨੂੰ ਪੁਲਸ ਬਾਹਰ ਲੈ ਗਈ ਅਤੇ ਉਸ ਨੂੰ ਸਖਤ ਮਾਰ-ਕੁਟਾਈ ਕੀਤੀ ਗਈ । ਉਸ ਦੇ ਸਾਰੇ ਅੰਗਾਂ ਤੇ ਸੱਟਾਂ ਮਾਰੀਆਂ ਗਈਆਂ । ਉਸ ਨੂੰ ਧੂਹਕੇ ਇਕ ਟੋਏ ਵਿਚ ਸੁਟਿਆ ਗਿਆ ਤੇ ਫੇਰ ਕੈਂਪ ਵਿਚ ਲੈ ਗਏ......ਦੋ ਵੇਰ ਪੁਲਸੀਏ ਅਕਾਲੀਆਂ ਦੇ ਸਰੀਰ ਉਤੇ ਚੜ੍ਹਕੇ ਨਚਦੇ ਵੇਖੇ ਸਨ । ਇਕ ਨੇ ਅਕਾਲੀ ਦੀ ਧੌਣ ਤੇ ਲੱਤ ਰਖੀ ਸੀ । ਇਕ ਹੋਰ ਪੁਲਸੀਏ ਨੂੰ ਮੈਂ ਇਕ ਅਕਾਲੀ ਦੀ ਧੌਣ ਮਰੋੜਦੇ ਵੇਖਿਆ । ਮਿਸਟਰ ਬੀਟੀ ਅੱਖਾਂ ਦੇ ਲਾਗੇ ਵੀ ਡਾਂਗਾਂ ਮਾਰਦਾ ਸੀ । (ਮਹਾਸ਼ਾ ਕ੍ਰਿਸ਼ਨ, ਐਡੀਟਰ ਪਰਤਾਪ, ਲਾਹੌਰ)

ਮੈਂ ਗੁਰੂ ਕੇ ਬਾਗ ਦੀ ਜ਼ਮੀਨ ਸੰਬੰਧੀ ਸਰਕਾਰੀ ਕਾਗਜ਼ ਵੇਖੇ ਹਨ । ਉਹਨਾਂ ਤੋਂ ਜ਼ਾਹਰ ਹੁੰਦਾ ਹੈ ਕਿ ਇਹ ਜ਼ਮੀਨ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਵਿਚ ਹੈ । ਲਕੜਾਂ ਕੱਟਣ ਵਾਲੀ ਥਾਂ ਮਹੰਤ ਦੇ ਕਬਜ਼ੇ ਵਿਚ ਨਹੀਂ......ਅਮਨ ਭੰਗ ਹੋਣ ਦਾ ਕੋਈ ਖਤਰਾ ਨਹੀਂ ਸੀ । ਪੁਲਸ ਤੋਂ ਬਿਨਾ ਕੋਈ ਵਿਰੋਧੀ ਪਾਰਟੀ ਅਕਾਲੀਆਂ ਨੂੰ ਰੋਕ-ਰੁਕਾਵਟ ਨਹੀਂ ਪਾ ਰਹੀ ।......ਸਰਕਾਰ ਅਕਾਲੀ ਲਹਿਰ ਨੂੰ ਮਹੰਤਾਂ ਦੀ ਆੜ ਵਿਚ ਦਬਾਣਾ ਚਾਹੁੰਦੀ ਹੈ । ਕਿਉਂਕਿ ਉਹ ਇਸ ਨੂੰ ਅੱਧੀ ਰਾਜਨੀਤਕ

Digitized by Panjab Digital Library | www.panjabdigilib.org

ਲਹਿਰ ਸਮਝਦੀ ਹੈ। ਇਹ ਗੱਲ ਸਰਕਾਰੀ ਬਿਆਨਾਂ ਤੇ ਅਫਸਰਾਂ ਤੇ ਕੌਂਸਲ ਦੇ ਮਿੰਬਰਾਂ ਨਾਲ ਗੱਲਬਾਤ ਤੋਂ ਜ਼ਾਹਰ ਹੁੰਦੀ ਹੈ।......ਮੈਂ ਟਮਟਮ ਵਿਚ ਬੈਠਾ ਸਾਂ ਕਿ ਇਕ ਪੁਲਸੀਏ ਨੇ ਮੇਰੀ ਪਿੱਠ ਵਿਚ ਮੁਕਾ ਮਾਰਿਆ।

—ਤੁਹਾਨੂੰ ਕਿਉਂ ਮੁੱਕਾ ਮਾਰਿਆ ਗਿਆ?

—ਮੇਰਾ ਖਿਆਲ ਹੈ ਕਿ ਪੁਲਸੀਏ ਲੋਕਾਂ ਨੂੰ ਲੁੱਟਣਾ ਚਾਹੁੰਦੇ ਸਨ, ਇਸ ਲਈ ਸਖਤੀ ਕਰਦੇ ਸਨ।

—ਤੁਸੀਂ ਦੱਸ ਸਕਦੇ ਹੋ ਕਿ ਪੁਲਸ ਨੇ ਦਰਸ਼ਕਾਂ ਨੂੰ ਕੀ ਗਾਲਾਂ ਕਢੀਆਂ?

—(1) ਚਲੇ ਜਾਓ, ਤੁਮਾਰੀ ਮਾਂ ਕੀ...... । (2) ਖੜੇ ਰਹੋ ਮਾਦਰ......(3) ਜਾਈਂ ਨਾ ਮਾਂ......ਸੂਰਾ। ਮੇਰੀ ਰਾਏ ਹੈ ਕਿ ਅਕਾਲੀ ਅਮਨ ਨੂੰ ਕਾਇਮ ਰਖਦੇ ਸਨ ਤੇ ਪੁਲਸ ਬਦ-ਅਮਨੀ ਕਰਦੀ ਹੈ। (ਅਮਰ ਸਿੰਘ ਐਡੀਟਰ ਲਾਇਲ ਗਜ਼ਟ, ਲਾਹੌਰ)

ਹੋਰ ਕੁਛ ਅਖਬਾਰਾਂ ਦੇ ਐਡੀਟਰਾਂ ਨੇ ਵੀ ਬਿਆਨ ਦਿਤੇ ਹਨ ਜਿਹੜੇ ਪੁਲਸ ਅਫਸਰ ਬੀਟੀ ਤੇ ਉਸ ਦੀ ਪੁਲਸ ਜੁੰਡਲੀ ਤੇ ਵਹਿਸ਼ੀਆਨਾ ਜ਼ੁਲਮ ਤੇ ਤਸ਼ੱਦਦ ਦੀ ਤਸਦੀਕ ਕਰਦੇ ਹਨ ਅਤੇ ਅਕਾਲੀਆਂ ਦੇ ਸ਼ਾਂਤਮਈ ਸਤਿਆਗਰਹਿ ਦੀ ਸ਼ਲਾਘਾ ਕਰਦੇ ਨਹੀਂ ਥਕਦੇ। ਕਾਂਡ ਦੇ ਲੰਮਾ ਹੋਣ ਦੇ ਡਰ ਤੋਂ ਮੈਂ ਇਹਨਾਂ ਦੇ ਬਿਆਨਾਂ ਵਿਚੋਂ ਟੋਟੇ ਦੇਣੇ ਬੰਦ ਕਰਦਾ ਹਾਂ। ਅਤੇ ਕੁਛ ਇਕ ਟੋਟੇ ਆਮ ਨਾਗਰਿਕਾਂ ਦੇ ਬਿਆਨਾਂ ਵਿਚੋਂ ਦੇ ਕੇ ਖਤਮ ਕਰਦਾ ਹਾਂ:

ਸਿੱਖਾਂ ਨੂੰ ਕੇਸਾਂ ਤੋਂ ਫੜਕੇ ਧੂਹਿਆ ਜਾਂਦਾ ਸੀ ਤੇ ਪੈਰਾਂ ਥਲੇ ਰੋਲਿਆ ਜਾਂਦਾ ਸੀ। ਕਈਆਂ ਦੀ ਦਾੜ੍ਹੀ ਪੁਟੀ ਜਾਂਦੀ ਸੀ।......ਵਾਪਸ ਆਕੇ ਇਕ ਜ਼ਖਮੀ ਸਿੱਖ ਨੂੰ ਵੇਖਿਆ ਉਸ ਦੇ ਸਰੀਰ ਤੇ ਡਾਗਾਂ ਦੇ 35 ਨਿਸ਼ਾਨ ਸਨ। ਉਹ ਨਿਸ਼ਾਨ ਪੰਡਤ ਮਦਨ ਮੋਹਨ ਮਾਲਵੀਆ, ਪ੍ਰੋ: ਰੁਚੀ ਰਾਮ ਸਾਹਨੀ ਅਤੇ ਸੁਜਾਨ ਸਿੰਘ ਵਕੀਲ ਨੇ ਵੀ ਵੇਖੇ (ਹਜ਼ੂਰਾ ਸਿੰਘ ਠੇਕੇਦਾਰ); ਪੁਲਸ ਅਕਾਲੀਆਂ ਦੇ ਸਾਰੇ ਸਰੀਰ ਤੇ ਲਾਠੀਆਂ ਮਾਰਦੀ ਸੀ—ਜਿਵੇਂ ਕੁਤਿਆਂ ਨੂੰ ਮਾਰੀਦਾ ਹੈ।......ਮੈਂ ਜ਼ਖਮੀਆਂ ਨੂੰ ਵੇਖਣ ਦਾ ਯਤਨ ਕੀਤਾ, ਪਰ ਬੀਟੀ ਨੇ ਮੈਨੂੰ ਰੋਕ ਕੇ ਆਖਿਆ: 'ਨਤੀਜੇ ਦਾ ਜ਼ਿੰਮੇਂਵਾਰ ਤੂੰ ਹੋਵੇਗਾ। ਮੈਂ ਅਕਾਲੀ ਬਾਗ ਵਿਚ ਇਕ ਇਸਤਰੀ ਨੂੰ ਜ਼ਖਮੀ ਵੇਖਿਆ। ਉਹ ਦੋ ਸਤੰਬਰ ਨੂੰ ਮਾਰ ਕੁਟਾਈ ਵਿਚ ਜ਼ਖਮੀ ਹੋਈ।......ਉਹ ਜ਼ਖਮੀਆਂ ਨੂੰ ਦੁਧ ਪਹੁੰਚਾਂਦੀ ਸੀ। ਉਸ ਦੇ ਪੇਟ ਤੇ ਸਰੀਰ ਦੇ ਕਈ ਥਾਈਂ ਜ਼ਖਮ ਸਨ। (ਲਾ: ਦੁਨੀ ਚੰਦ ਬੈਰਿਸਟਰ, ਲਾਹੌਰ)

## 2. ਪੁਲਸ ਦੀ ਲੁੱਟ-ਖੋਹ

ਭਾਈ ਮੋਹਨ ਸਿੰਘ ਵੈਦ ਤਰਨ ਤਾਰਨ ਨੇ ਆਪਣੇ ਬਿਆਨ ਵਿਚ ਪੁਲਸ ਤੇ ਓਹੋ ਇਲ-ਜ਼ਾਮ ਲਾਏ ਸਨ ਜਿਹੜੇ ਭਗਵਾਨ ਦਾਸ ਸੀ. ਆਈ. ਡੀ. ਅਫਸਰ ਦੀ ਰਿਪੋਰਟ ਵਿਚ ਦਰਜ ਕੀਤੇ ਗਏ ਹਨ। ਉਹਨਾਂ ਦੇ ਬਿਆਨ ਅਨੁਸਾਰ ਪੁਲਸੀਆਂ ਨੇ ਸ: ਤਾਰਾ ਸਿੰਘ ਨੂੰ ਖੇਤਾਂ ਵਲ ਧਕ ਦਿਤਾ। ਸਾਡੇ ਵਿਚੋਂ ਚਾਰ ਪੰਜ ਆਦਮੀਆਂ ਨੇ ਵੇਖਿਆ ਕਿ ਦੋ ਸਿਪਾਹੀਆਂ ਨੇ ਉਸ ਨੂੰ ਧੌਣ ਤੋਂ ਫੜਕੇ ਥੱਲੇ ਸੁੱਟ ਦਿਤਾ। ਇਕ ਸਿਪਾਹੀ ਨੇ ਛਾਤੀ ਤੇ ਪੈਰ ਰਖ ਦਿਤਾ ਤੇ ਉਸ ਦੇ ਕੋਲੋਂ ਕੁਝ ਚੀਜ਼ਾਂ ਖੋਹ ਲਈਆਂ। ਪੁਲਸ ਦੇ ਆਦਮੀ ਬੜੀ ਬੇਤਰਸੀ ਨਾਲ ਮਾਰ ਰਹੇ ਸਨ। ਪਿਛੋ ਇਕ ਹੋਰ ਆਦਮੀ ਆ ਰਿਹਾ ਸੀ, ਪੁਲਸੀਆਂ ਨੇ ਉਸ ਦੀ ਜੇਬ ਵਿਚੋਂ ਵੀ ਕੁਝ ਕਢ ਲਿਆ ਅਤੇ ਇਕ ਪੁਲਸੀਏ ਨੇ ਦੋ ਚਾਰ ਲਾਠੀਆਂ ਮਾਰਕੇ ਉਸ ਨੂੰ ਪਰ੍ਹਾਂ ਸੁਟ ਦਿਤਾ। ਮਹੰਤ ਦੀ ਜਾਏਦਾਦ ਦੇ ਰਾਖੇ ਦਿਨ ਦਿਹਾੜੇ ਲੋਕਾਂ ਦੀਆਂ ਜੇਬਾਂ ਉਤੇ ਡਾਕੇ ਮਾਰ ਰਹੇ ਸਨ ਅਤੇ ਬੀਟੀ ਸ: ਜੁਗਿੰਦਰ ਸਿੰਘ ਦੇ ਕਹਿਣ ਤੇ ਵੀ ਉਹਨਾਂ ਦੀ ਤਲਾਸ਼ੀ ਲੈਣ ਲਈ ਤਿਆਰ ਨਹੀਂ ਸੀ।

Digitized by Panjab Digital Library | www.panjabdigilib.org

ਮਿਸਟਰ ਲਾਬ ਤੇ ਦੋ ਤਿੰਨ ਸਿਪਾਹੀ ਸਾਡੇ ਪਾਸ ਆ ਕੇ ਕਹਿਣ ਲਗੇ; ਛੇਤੀ ਪਿੱਛੇ ਹਟ ਜਾਓ। ਸਾਡੇ ਵਿਚੋਂ ਸ: ਬਖਤਾਵਰ ਸਿੰਘ ਨੇ ਕਿਹਾ: "ਮੈਂ ਪੰਜਾਬ ਕੌਂਸਲ ਦਾ ਮਿੰਬਰ ਹਾਂ।" ਮਿਸਟਰ ਲਾਬ ਨੇ ਉੱਤਰ ਦਿਤਾ: "ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਤੁਸੀਂ ਕੌਂਸਲ ਦੇ ਮਿੰਬਰ ਹੋ।" (ਮੋਹਨ ਸਿੰਘ)

ਅਕਾਲੀਆਂ ਨੂੰ ਇਸ ਤਰ੍ਹਾਂ ਮਾਰਿਆ ਜਾਂਦਾ ਸੀ ਜਿਵੇਂ ਹਲਕਾਏ ਕੁੱਤੇ ਨੂੰ ਮਾਰਿਆ ਜਾਂਦਾ ਹੈ। ਮੈਂ ਉਸ ਵੇਲੇ ਮਹਾਤਮਾ ਗਾਂਧੀ ਦੀ ਸ਼ਲਾਘਾ ਕਰਦਾ ਸਾਂ ਪਰ ਮੇਰਾ ਦਿਲ ਉਸ ਨਜ਼ਾਰੇ ਦੇ ਵਿਰੁਧ ਬਗਾਵਤ ਕਰਦਾ ਸੀ। ਮੇਰੀ ਧਰਮ ਪਤਨੀ ਉਸ ਮਾਰ ਦੇ ਦਰਿਸ਼ ਨੂੰ ਵੇਖ ਨਹੀਂ ਸਕੀ—ਉਹ ਉਸ ਥਾਂ ਨੂੰ ਛੜਕੇ ਲਾਂਭੇ ਜਾ ਖਲੋਤੀ ਸੀ। (ਰਾਏਜ਼ਾਦਾ ਹੰਸਰਾਜ, ਬੈਰਿਸਟਰ)

ਮੈਨੂੰ ਪਤਾ ਹੈ ਕਿ ਜ਼ਿਲਾ ਜਲੰਧਰ ਦੇ ਜ਼ੈਲਦਾਰਾਂ ਤੇ ਨੰਬਰਦਾਰਾਂ ਨੂੰ ਹੁਕਮ ਕੀਤਾ ਗਿਆ ਸੀ ਕਿ ਪਿੰਡਾਂ ਵਿਚੋਂ ਕੋਈ ਆਦਮੀ ਅਮਰਿਤਸਰ ਨਾ ਜਾਣ ਦਿਤਾ ਜਾਵੇ। ਮੈਨੂੰ ਪਤਾ ਹੈ ਕਿ ਜ਼ਿਲਾ ਹੁਸ਼ਿਆਰਪੁਰ ਦੇ ਅਕਾਲੀਆਂ ਨੂੰ ਅਮਰਿਤਸਰ ਆਣ ਤੇ ਰੋਕਿਆ ਗਿਆ ਹੈ।......ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਛੇ ਸਤੰਬਰ ਦੀ ਮਾਰ-ਕੁਟਾਈ ਗੋਲੀ ਮਾਰਨ ਨਾਲੋਂ ਵੀ ਸਖਤ ਸੀ। ਅਕਾਲੀਆਂ ਨਾਲ ਪਸ਼ੂਪੁਣੇ ਦਾ ਵਰਤਾਰਾ ਕੀਤਾ ਗਿਆ। (ਪੰਡਤ ਅਮਰ ਸਿੰਘ ਵਕੀਲ)

ਮੈਂ ਇਕ ਜ਼ਖਮੀ ਇਸਤਰੀ ਨੂੰ ਵੀ ਵੇਖਿਆ। ਉਹ ਬੜੀ ਕਮਜ਼ੋਰ ਅਵਾਜ਼ ਨਾਲ ਗੱਲ ਕਰਦੀ ਸੀ। ਜਿਸ ਤਰ੍ਹਾਂ ਸਰਕਾਰ ਨੇ ਗੁਰੂ ਕੇ ਬਾਗ ਦੇ ਮਾਮਲੇ ਨੂੰ ਨਜਿਠਣ ਦਾ ਯਤਨ ਕੀਤਾ ਹੈ, ਇਹ ਤਰੀਕਾ ਠੀਕ ਨਹੀਂ। ਕਿਸੇ ਨਿਜੀ ਜਾਇਦਾਦ ਨੂੰ ਬਚਾਣ ਲਈ ਸਰਕਾਰ ਲਈ ਇਹ ਢੰਗ ਵਰਤਣਾ ਠੀਕ ਨਹੀਂ ਸੀ......ਅਕਾਲੀਆਂ ਨੂੰ ਗੁਰੂ ਕੇ ਬਾਗ ਵਿਚ ਰੋਕਿਆ ਜਾ ਸਕਦਾ ਸੀ, ਪਰ ਰਸਤੇ ਵਿਚ ਰੋਕਣ ਦੀ ਕੋਈ ਲੋੜ ਨਹੀਂ ਸੀ। (ਰਾਜਾ ਨਰਿੰਦਰਾ ਨਾਥ)

## 3. ਡਾਕਟਰਾਂ ਦੀਆਂ ਰਿਪੋਰਟਾਂ

ਮੈਂ 25 ਜ਼ਖਮੀਆਂ ਦੀ ਹਾਲਤ ਵੇਖੀ ਸੀ। ਕੇਸ ਨੰਬਰ। ਮੂਲਾ ਸਿੰਘ ਸਖਤ ਜ਼ਖਮੀ ਸੀ। ਉਸ ਦੀ ਜ਼ਿੰਦਗੀ ਖਤਰੇ ਵਿਚ ਸੀ। ਕੇਸ ਨੰਬਰ 3, ਤਾਰਾ ਸਿੰਘ ਨੂੰ ਬਾਰਾਂ ਜ਼ਖਮ ਸਨ। ਕੇਸ ਨੰਬਰ ਚਾਰ, ਮੋਹਨ ਸਿੰਘ ਸਖਤ ਜ਼ਖਮੀ ਸੀ। ਨੰਬਰ ਛੇ, ਨਾਨਕ ਸਿੰਘ ਦੇ ਪੇਟ, ਛਾਤੀ ਸਿਰ ਦੇ ਪਿਛਲੇ ਪਾਸੇ ਜ਼ਖਮ ਸਨ। ਜਥੇਦਾਰ ਨੂੰ ਦੂਜਿਆਂ ਦੀ ਨਿਸਬਤ ਸਖਤ ਮਾਰ ਪੈਂਦੀ ਸੀ। ਨੰਬਰ 7, ਸ਼ਿਵ ਸਿੰਘ ਨੂੰ ਬਹੁਤ ਸਖਤ ਜ਼ਖਮ ਸਨ। ਨੰਬਰ 9, ਸੋਹਨ ਸਿੰਘ ਨੂੰ 15 ਸੱਟਾਂ ਲਗੀਆਂ ਸਨ। ਕਾਬਲ ਸਿੰਘ ਨੰਬਰ 10 ਨੂੰ 14 ਸੱਟਾਂ ਤੇ ਨੰਬਰ 13, ਉੱਤਮ ਸਿੰਘ ਨੂੰ ਪਿੰਜਰ ਤੇ ਨਕ ਤੇ ਜ਼ਖਮ ਸਨ ਅਤੇ ਹਜ਼ਾਰਾ ਸਿੰਘ (19) ਸਖਤ ਜ਼ਖਮੀ ਸੀ। ਇਕ ਹਜ਼ਾਰ ਤੋਂ ਵਧੀਕ ਅਕਾਲੀਆਂ ਨੂੰ ਪੁਲਸ ਨੇ ਮਾਰਿਆ—ਜਿਨ੍ਹਾਂ ਨੂੰ ਮੈਂ ਹਸਪਤਾਲ ਵਿਚ ਵੇਖਿਆ। ਮੈਂ ਇਸ ਸੰਬੰਧੀ ਖਿਲਾਫਤ ਕਮੇਟੀ ਨੂੰ ਰਿਪੋਰਟ ਭੇਜੀ ਸੀ। ਖਿਲਾਫਤ ਕਮੇਟੀ ਦਾ ਸ਼੍ਰੋਮਣੀ ਕਮੇਟੀ ਨਾਲ ਕੋਈ ਸੰਬੰਧ ਨਹੀਂ। ਜੇ ਸਰਕਾਰ ਜ਼ਖਮੀਆਂ ਦੀ ਸੰਭਾਲ ਰਖਦੀ ਤਾਂ ਸ਼ਾਇਦ ਮੈਨੂੰ ਖਿਲਾਫਤ ਕਮੇਟੀ ਇਸ ਕੰਮ ਤੇ ਨਾ ਲਾਉਂਦੀ। (ਮਿਰਜ਼ਾ ਯਾਕੂਬ ਬੇਗ, ਐਲ. ਐਮ. ਐਸ. ਲਾਹੌਰ)[1]

---

[1] ਉਤਲਾ ਸੰਖੇਪ ਕੁਛ 'ਅਕਾਲੀ ਲਹਿਰ ਦੇ ਇਤਿਹਾਸ' ਤੇ ਕੁਛ 'ਕਾਂਗਰਸ ਰਿਪੋਰਟ' ਵਿਚੋਂ ਲਿਆ ਗਿਆ ਹੈ।

Digitized by Panjab Digital Library | www.panjabdigilib.org

ਕੁਲ ਜ਼ਖਮੀਆਂ ਦੀ ਸਹੀ ਗਿਣਤੀ[1] ਨਹੀਂ ਮਿਲ ਸਕੀ। ਸ਼੍ਰੋਮਣੀ ਕਮੇਟੀ ਨੇ 829 ਜ਼ਖਮੀਆਂ ਦੀ, ਜ਼ਖਮਾਂ ਸਹਿਤ, ਫਹਿਰਿਸਤ ਛਾਪੀ ਸੀ। ਡਾਕਟਰ ਯਾਕੂਬ ਦੇ ਉਤਲੇ ਬਿਆਨ ਅਨੁਸਾਰ ਇਕ ਹਜ਼ਾਰ ਤੋਂ ਵੱਧ ਅਕਾਲੀਆਂ ਨੂੰ ਪੁਲਸ ਨੇ ਕੁਟਿਆ। ਇਹ ਗਿਣਤੀ ਵੀ ਬੜੀ ਘੱਟ ਜਾਪਦੀ ਹੈ। ਗੌਰਮਿੰਟ ਨੇ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਮਿਸਟਰ ਗਣਪਤ ਰਾਏ (ਲਾਹੌਰ) ਦੇ ਸਵਾਲ ਦੇ ਪਹਿਲੇ ਹਿੱਸੇ ਦੇ ਜਵਾਬ ਵਿਚ ਕਿਹਾ ਸੀ : "ਸਹੀ ਗਿਣਤੀ ਅਸੰਭਵ ਹੈ। ਪਰ ਮੁਕਾਮੀ ਅਫਸਰਾਂ ਦਾ ਅੰਦਾਜ਼ਾ 1650 ਦਾ ਹੈ।"[2] ਏਹੋ ਜੇਹੇ ਮਾਮਲਿਆਂ ਵਿਚ ਅਫਸਰ ਸਚਿ-ਆਈ ਤੋਂ ਕੰਮ ਨਹੀਂ ਸਨ ਲੈਂਦੇ। ਮੇਰਾ ਖਿਆਲ ਹੈ ਜ਼ਖਮੀਆਂ ਦੀ ਗਿਣਤੀ ਦੋ ਹਜ਼ਾਰ ਤੋਂ ਘੱਟ ਨਹੀਂ ਹੋਣ ਲਗੀ ਵੱਧ ਭਾਵੇਂ ਹੋਵੇ। ਜਥਿਆਂ ਦੇ ਬਾਹਰ ਦੇ ਲੋਕ ਮਾਰਕੁੱਟ ਖਾ ਲੈਂਦੇ ਸਨ, ਪਰ ਕਿਸੇ ਗਿਣਤੀ ਵਿਚ ਨਹੀਂ ਸਨ ਆਉਂਦੇ। ਦੂਜੇ ਹਿਸੇ ਦੇ ਜਵਾਬ ਵਿਚ ਕਿਹਾ ਗਿਆ ਸੀ ਕਿ ਮਾਰ ਕੁੱਟ ਨਾਲ ਮੌਤ ਨਹੀਂ ਸੀ ਹੋਈ। ਇਕ ਆਦਮੀ ਦੀਆਂ ਦੋ ਪਸਲੀਆਂ ਟੁੱਟੀਆਂ ਸਨ। ਇਸ ਜਵਾਬ ਤੋਂ ਪਾਠਕ ਅੰਗ੍ਰੇਜ਼ ਅਫਸਰਾਂ ਦੀ ਈਮਾਨਦਾਰੀ ਦਾ ਅੰਦਾਜ਼ਾ ਲਾ ਸਕਦੇ ਹਨ। ਜ਼ਖਮੀਆਂ ਦੇ ਹੱਡ ਪਸਲੀਆਂ ਟੁੱਟਣ ਦੀ ਤਾਂ ਗੱਲ ਛਡੋ। ਤਿੰਨ ਚਾਰ ਮੌਤਾਂ ਦੀਆਂ ਖਬਰਾਂ ਤਾਂ ਅਖਬਾਰਾਂ ਵਿਚ ਨਿਕਲ ਚੁਕੀਆਂ ਸਨ।

ਇਹ ਵਹਿਸ਼ੀ ਹਿੰਸਾ ਤੇ ਸ਼ਾਂਤਮਈ ਅਹਿੰਸਾ ਦਾ ਜ਼ਬਰਦਸਤ ਸੰਘਰਸ਼ ਸੀ। ਇਸ ਸੰਘ-ਰਸ਼ ਵਿਚ ਸ਼ਾਂਤਮਈ ਅਕਾਲੀ ਸਤਿਆ ਗਰਿਹੀਆਂ ਦਾ ਮੂੰਹ ਉਜਲਾ ਹੋਇਆ ਅਤੇ ਅੰਗਰੇਜ਼ ਰਾਜ ਦੀ ਹਿੰਸਾ-ਮਈ ਪਾਲਿਸੀ ਦਾ ਮੂੰਹ ਕਾਲਾ। ਸਾਮਰਾਜ ਦੀਆਂ ਕੁਟਲ ਨੀਤੀਆਂ ਦੇ ਨੰਗਾ ਕਰਨ ਵਿਚ ਇਸ ਸੰਘਰਸ਼ ਦਾ ਰੋਲ ਨੰਬਰ ਇਕ ਸੀ।

---

[1] ਗੌਰਮਿੰਟ ਨੇ ਇਕ ਅੰਗਰੇਜ਼ ਅਫਸਰ ਕੋਲੋਂ ਵੀ ਇਹਨਾਂ ਦਰਦਨਾਕ ਘਟਨਾਵਾਂ ਦੀ ਪੜਤਾਲ ਕਰਾਈ ਸੀ। ਇਸ ਵਿਚ ਮਿਸਟਰ ਮੈਕਫਰਸਨ ਸੁਪਰਡੈਂਟ ਪੁਲਸ ਨੇ ਬੜੀ ਮੁਹਤਾਤ ਗੁਆਹੀ ਦਿਤੀ, ਉਸ ਆਖਿਆ: "ਇਹ ਬਿਲਕੁਲ ਸੰਭਵ ਹੈ ਕਿ ਕੁਛ ਸੱਟਾਂ ਹੱਡੀਆਂ ਟੁੱਟਣ ਦੀਆਂ ਲਗੀਆਂ ਹੋਣ। ਜਥੇ ਨੇ, ਬਿਲਕੁਲ ਸ਼ਾਂਤ-ਮਈ ਹੋਣ ਦੇ ਕਾਰਣ, ਕਿਸੇ ਵੇਲੇ ਵੀ ਪੁਲਸ ਦੀ (ਮਾਰਕੁਟ ਦੀ) ਰੋਕ ਥੰਮ ਨਹੀਂ ਕੀਤੀ। ਇਹ ਸੰਭਵ ਹੈ ਕਿ ਕੁਛ ਸੱਟਾਂ-ਖਾਧੇ (ਅਕਾਲੀ) ਬੇਹੋਸ਼ ਹੋ ਗਏ ਹੋਣ। ਸੱਟਾਂ ਦੇ 953 ਕੇਸਾਂ ਦੀ ਫਹਿਰਿਸਤ ਬਣਾਈ ਗਈ ਸੀ ਜਿਨ੍ਹਾਂ ਵਿਚੋਂ 269 ਛਾਤੀ ਤੋਂ ਉਤੇ ਸਨ, 300 ਛਾਤੀ ਉੱਤੇ, 79 ਦਿਮਾਗ ਉੱਤੇ, 60 ਇੰਦਰੀ ਤੇ ਇੰਦਰੀ ਦੇ ਥੱਲੇ, 19 ਇੰਦਰੀ ਤੇ ਗੁਦਾ ਵਿਚਕਾਰ, 7 ਦੰਦਾਂ ਉੱਤੇ ਅਤੇ 158 ਫੇਹ ਦਿਤੇ ਅੰਗ ਸਨ। ਉਪਰੰਤ, 8 ਵਢੇ ਹੋਏ ਜ਼ਖਮ, ਦੋ ਡੂੰਘੇ ਜ਼ਖਮ, 4 ਪੇਸ਼ਾਬ ਦੀ ਤਕਲੀਫ ਦੇ, 9 ਹੱਡੀਆਂ ਟੁੱਟਣ ਦੇ ਅਤੇ ਦੋ ਅੰਗਾਂ ਦੇ ਉਤਰ ਜਾਣ ਦੇ ਕੇਸ ਸਨ।[1]

[1] History of the Indian National Congress vol. I. P. 265 by B. p. Sitaramayya.

[2] ਸਵਾਲ ਨੰਬਰ 1907 (ਪੰਜਾਬ ਲੈਜਿਸਲੇਟਿਵ ਕੌਂਸਲ ਦੀ ਕਾਰਵਾਈ—ਜੁਲਾਈ 1922 ਤੋਂ ਮਾਰਚ 1923 ਤਕ-ਜਿਲਦ ਚੌਥੀ-ਪੰਨਾ 468)

Digitized by Panjab Digital Library | www.panjabdigilib.org

# 4. ਕਾਨੂੰਨੀ ਨੁਕਤੇ ਤੇ ਨਤੀਜੇ

ਕਾਂਗਰਸ ਦੇ ਉਘੇ ਆਗੂਆਂ ਤੇ ਪਰਸਿਧ ਵਕੀਲਾਂ ਦੀ ਇਸ ਪੜਤਾਲੀਆ ਕਮੇਟੀ ਨੇ ਪੜਤਾਲ ਪਿਛੋਂ ਦੋ ਮੁਖ ਨੁਕਤੇ ਆਪਣੀ ਵਿਚਾਰ ਲਈ ਕਢੇ ਸਨ :

(1) ਕੀ ਪੁਲਸ ਨੂੰ ਗੁਰੂ ਕੇ ਬਾਗ ਵਿਚਲੇ ਅਤੇ ਗੁਰੂ ਕੇ ਬਾਗ ਨੂੰ ਜਾਂਦੇ ਅਕਾਲੀ ਜਥਿਆਂ ਨੂੰ ਤਾਕਤ ਦੀ ਵਰਤੋਂ ਕਰਕੇ ਖਿੰਡਾਣ ਦਾ ਹਕ ਸੀ ?

(2) ਕੀ ਤਾਕਤ ਜਿਹੜੀ ਕਿ ਪਰਵਾਣਤ ਤੌਰ ਤੇ ਵਰਤੀ ਗਈ, ਲੋੜੀਂਦੀ ਘੱਟ ਤੋਂ ਘੱਟ ਤਾਕਤ ਸੀ ਜਾਂ ਇਸ ਤੋਂ ਵੱਧ ਸੀ ?

ਪਹਿਲੇ ਸਵਾਲ ਦੀ ਘੋਖ ਕਰਦਿਆਂ ਕਮੇਟੀ ਨੇ ਲਿਖਿਆ ਕਿ ਗੌਰਮਿੰਟ ਦੀ ਪੁਜ਼ੀਸ਼ਨ ਇਹ ਹੈ ਕਿ ਉਹਨਾਂ ਲਈ ਕਾਨੂੰਨ-ਸ਼ਿਕਨੀਆਂ ਬੰਦ ਕਰਨਾ ਅਤੇ ਕਸੂਰਵਾਰਾਂ ਨੂੰ ਸਜ਼ਾ ਦੇਣਾ ਜ਼ਰੂਰੀ ਸੀ। ਸ਼ੁਰੂ ਵਿਚ ਹੀ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਮਹੰਤ ਵਲੋਂ ਹਿੰਦ ਦੰਡਾ-ਵਲੀ ਦੀਆਂ ਧਾਰਾਵਾਂ 145 ਜਾਂ 147 ਥੱਲੇ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ ਜਿਹੜੀ ਕਰਨਾ ਦਰੁਸਤ ਗੱਲ ਸੀ। ਇਹ ਝਗੜਾ ਕਿ ਜ਼ਮੀਨ ਮਹੰਤ ਦੀ ਹੈ ਜਾਂ ਅਕਾਲੀਆਂ ਨੂੰ ਲੰਗਰ ਲਈ ਕਿਕਰਾਂ ਵੱਢਣ ਦਾ ਹਕ ਹੈ, ਇਸ ਤਰ੍ਹਾਂ ਮੁਕ ਸਕਦਾ ਸੀ। ਗੌਰਮਿੰਟ ਲਈ ਇਹ ਗੱਲ ਵੀ ਬੜੀ ਆਸਾਨ ਸੀ ਕਿ ਉਹ ਹਿੰਦ ਦੰਡਾਵਲੀ ਦੇ ਕਾਂਡ 7 ਥਲੇ ਜ਼ਮੀਨ ਕਬਜ਼ੇ ਵਿਚ ਲੈ ਲੈਂਦੀ। ਪਰ ਇਹਨਾਂ ਤੋਂ ਵੀ ਵੱਧ ਮਹੱਤਵ-ਪੂਰਣ ਗੱਲ ਇਹ ਹੈ ਕਿ ਧਾਰਾ 144 ਦੇ ਮਾਤਹਿਤ ਅਕਾਲੀਆਂ ਨੂੰ ਅਮਰਿਤਸਰ ਤੋਂ ਗੁਰੂ ਕੇ ਬਾਗ ਜਾਣੋ ਰੋਕਣ ਲਈ ਜਾਂ ਗੁਰੂ ਕੇ ਬਾਗ ਦੀ ਜ਼ਮੀਨ ਵਿਚੋਂ ਰੁਖ ਵਢਣੋਂ ਰੋਕਣ ਲਈ ਕੋਈ ਹੁਕਮ ਨਹੀਂ ਸੀ ਜਾਰੀ ਕੀਤਾ ਗਿਆ। ਇਸ ਲਈ ਗੌਰਮਿੰਟ ਦਾ ਇਹ ਤਕਾਜ਼ਾ ਕਿ ਉਹ ਇਹ (ਮਾਰ-ਕੁਟਾਈ ਦਾ) ਕਦਮ ਉਠਾਣ ਲਈ ਮਜਬੂਰ ਹੋ ਗਈ ਸੀ, ਕਮੇਟੀ ਦੀ ਨਜ਼ਰ ਵਿਚ ਬਹੁਤ ਹੀ ਅਨੋਖਾ ਅਤੇ ਮਿਸਾਲ-ਹੀਣ ਸੀ...ਗੌਰਮਿੰਟ ਲਈ ਹੋਰ ਅਤੇ ਆਮ ਰਾਹ ਵੀ ਖੁਲ੍ਹੇ ਸਨ ਜਿਹੜੇ ਕਿ ਜ਼ਿਆਦਾ ਅਸਰਦਾਰ ਹੋ ਸਕਦੇ ਸਨ...ਗੌਰਮਿੰਟ ਨੇ ਜਿਹੜੀਆਂ ਦਲੀਲਾਂ ਮਹੰਤ ਦੀ ਜਾਇਦਾਦ ਦੀ ਰੱਖਿਆ ਦੀਆਂ ਦਿਤੀਆਂ ਹਨ—ਦਰੁਸਤ ਨਹੀਂ ਹੋ ਸਕਦੀਆਂ। ਅਤੇ ਨਾ ਹੀ ਕੋਈ ਕਾਰਣ ਸੀ ਕਿ ਜਥਿਆਂ ਨੂੰ ਗੁਰੂ ਕੇ ਬਾਗ ਜਾਣੋਂ ਰੋਕਿਆ ਜਾਂਦਾ ਜਾਂ ਲਕੜਾਂ ਵੱਢਣ ਵਿਚ ਦਖਲ ਦਿਤਾ ਜਾਂਦਾ। ਕਮੇਟੀ ਦੀ ਰਾਏ ਵਿਚ 'ਗੌਰਮਿੰਟ ਰਾਜਸੀ ਕਾਰਣਾਂ ਕਰਕੇ ਅਕਾਲੀ ਐਜੀਟੇਸ਼ਨ ਨੂੰ ਕੁਚਲਣ ਦੀ ਖਾਹਸ਼ਮੰਦ ਸੀ। ਗੌਰਮਿੰਟ ਦੀ ਦਲੀਲ ਦਾ ਸਿਰਫ ਏਹੋ ਹੀ ਕਾਫੀ ਜਵਾਬ ਹੈ।'

ਕਮੇਟੀ ਨੇ ਆਪਣੀ ਰਿਪੋਰਟ ਵਿਚ ਗੌਰਮਿੰਟ ਦੇ ਇਸ ਦੂਸ਼ਨ ਤੇ ਵੀ ਵਿਚਾਰ ਕੀਤੀ ਕਿ ਅਕਾਲੀ ਜਾਣ-ਬੁਝਕੇ ਇਸ਼ਤਿਆਲ ਦੁਆਂਦੇ ਸਨ। ਕਮੇਟੀ ਨੇ ਇਹ ਦੂਸ਼ਨ ਝੁਠਲਾਇਆ, ਕਿਹਾ ਕਿ ਜਥੇ ਦਾ ਹਰ ਇਕ ਮਿੰਬਰ ਅਕਾਲ ਤਖਤ ਤੋਂ, ਹਰ ਹਾਲਤ ਵਿਚ, ਸ਼ਾਂਤਮਈ ਰਹਿਣ ਦੀ ਸਹੁੰ ਚੁਕ ਕੇ ਤੁਰਦਾ ਸੀ ਅਤੇ ਸਭ ਗੁਆਹ ਇਸ ਤੇ ਸਹਿਮਤ ਹਨ ਕਿ ਕੋਈ ਵੀ ਜਥੇ ਦਾ ਮਿੰਬਰ ਕੋਈ ਏਜੇਹੀ ਗੱਲ ਨਹੀਂ ਸੀ ਕਰਦਾ ਜਿਸ ਤੋਂ ਪੁਲਸ ਨੂੰ ਭੜਕਾਹਟ ਜਾਂ ਇਸ਼ਤਿਆਲ ਦਾ ਮੌਕਿਆ ਮਿਲੇ। ਇਸ ਦੇ ਉਲਟ, ਪੁਲਸ ਵਲੋਂ ਭੜਕਾਹਟ ਦਿਤੇ ਜਾਣ ਦੇ ਬਾਵਜੂਦ, ਅਕਾਲੀ ਪੂਰਣ ਤੌਰ ਤੇ ਸ਼ਾਂਤ-ਮਈ ਤੇ ਪੁਰ ਅਮਨ ਰਹੇ। ਕਈ ਗੁਆਹਾਂ ਦੀ ਸ਼ਹਾਦਤ ਮੌਜੂਦ ਹੈ ਕਿ ਜ਼ਖਮੀ ਹੋਏ ਤੇ ਬੇਹੋਸ-ਪਏ ਅਕਾਲੀਆਂ ਨੂੰ ਕੇਸਾਂ ਤੇ ਦਾੜ੍ਹੀਆਂ ਤੋਂ ਫੜ ਫੜ ਘਸੀਟਿਆ ਗਿਆ। ਸਿੱਖਾਂ ਜੇਹੀ ਲੜਾਕੂ ਕੌਮ ਲਈ ਇਹ ਇਕ ਬੜੇ ਇਸ਼ਤਿਆਲ ਦਾ ਮੌਕਿਆ ਸੀ। ਪਰ ਉਹਨਾਂ ਨੇ ਕੋਈ ਹੱਥ

Digitized by Panjab Digital Library | www.panjabdigilib.org

ਨਾ ਚੁਕਿਆ, ਸਗੋਂ ਉਹ ਆਪਣਾ ਧਾਰਮਕ ਫਰਜ਼ ਸਮਝਕੇ ਮਾਰ-ਕੁੱਟ ਖਾਂਦੇ ਰਹੇ । ਸਰਬ-ਸੰਮਿਤ ਗੁਆਹੀ ਸਾਬਤ ਕਰਦੀ ਹੈ ਕਿ ਅਕਾਲੀਆਂ ਵਲੋਂ ਇਸ਼ਤਿਆਲ ਦਿਵਾਣ ਦੀ ਉਜ਼ ਬਿਲਕੁਲ ਝੂਠੀ ਸੀ । ਅਕਾਲੀਆਂ ਪਾਸ ਕਿਰਪਾਨ ਤੋਂ ਛੁਟ ਹੋਰ ਕੋਈ ਹਥਿਆਰ ਨਹੀਂ ਸਨ ਅਤੇ ਕਿਸੇ ਗੁਆਹ ਨੇ ਇਹ ਸੁਝਾਅ ਨਹੀਂ ਦਿਤਾ ਕਿ ਉਹਨਾਂ ਵਿਚੋਂ ਕਿਸੇ ਨੇ ਮਿਆਨ ਨੂੰ ਹੱਥ ਵੀ ਖੜਿਆ ਹੋਵੇ ।

ਅਤੇ ਨਾ ਹੀ ਇਹ ਇਲਜ਼ਾਮ ਦਰੁਸਤ ਸੀ ਕਿ ਅਕਾਲੀਆਂ ਤੋਂ ਅਮਨ ਭੰਗ ਹੋ ਜਾਣ ਦਾ ਖਤਰਾ ਸੀ । ਉਹਨਾਂ ਦੇ ਪੁਰ-ਅਮਨ ਰਹਿਣ ਦੀ ਸਹੁੰ, ਬੰਧੇਜ, ਲਗਨ ਤੇ ਕੁਰਬਾਨੀ, ਸ਼ਾਂਤਤਾ ਤੇ ਅਮਨ ਦੀ ਜ਼ਾਮਨ ਸੀ । ਗੌਰਮਿੰਟ ਦੇ ਅਫਸਰ ਇਹ ਗੱਲ ਜਾਣਦੇ ਸਨ । ਮਾਰ-ਕੁਟਾਈ ਇਕ ਦਿਨ ਨਹੀਂ ਸੀ ਹੋਈ, ਲਗਾਤਾਰ ਵੀਹਾਂ ਦਿਨਾਂ ਤੋਂ ਵੀ ਵੱਧ ਹੋਈ ਸੀ । ਇਸ ਅਰਸੇ ਵਿਚ ਇਕ ਦਿਨ ਵੀ, ਪੁਲਸ ਦੀ ਭੜਕਾਹਟ ਦੇ ਬਾਵਜੂਦ, ਕਿਤੇ ਵੀ ਅਮਨ ਜਾਂ ਸ਼ਾਤਤਾ ਭੰਗ ਨਹੀਂ ਹੋਈ । ਖੁਦ ਕਪਤਾਨ ਪੁਲਸ ਮਿਸਟਰ ਮੈਕਫਰਸਨ ਨੇ ਸ: ਮਹਿਤਾਬ ਸਿੰਘ ਅਤੇ ਹੋਰਨਾਂ ਦੇ ਮੁਕੱਦਮੇ ਵਿਚ ਗੁਆਹੀ ਦੇਂਦਿਆਂ ਆਖਿਆ : 'ਜਥਿਆਂ ਦੇ ਸ਼ਾਂਤਮਈ ਲੱਛਣ ਨੂੰ ਵੇਖਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ । ਮੈਂ ਏਹੋ ਆਸ ਰਖਦਾ ਸਾਂ । ਮੈਂ ਇਹ ਮੰਨਦਾ ਹਾਂ ਕਿ ਸਿੱਖਾਂ ਦੀ ਅਹਿੰਸਾ ਦਾ ਲੱਛਣ ਪੁਲਸ ਜਬਰ ਦੇ ਵਿਖਾਲੇ ਦੇ ਨਤੀਜੇ ਵਜੋਂ ਨਹੀਂ ਸੀ ਸਗੋਂ ਉਸ ਸਹੁੰ ਕਰਕੇ ਸੀ ਜਿਹੜੀ ਉਹਨਾਂ ਨੇ ਸ਼ਾਂਤਮਈ ਰਹਿਣ ਦੀ ਲਈ ਹੋਈ ਸੀ । ਅਹਿੰਸਾ ਅਕਾਲੀਆਂ ਦੀ ਰੋਜ਼ਾਨਾ ਸਹੁੰ ਦਾ ਅੰਗ ਸੀ ।' ਇਹ ਉਸ ਅਫਸਰ ਦਾ ਸਪਸ਼ਟ ਇਕਬਾਲ ਹੈ ਜਿਹੜਾ ਅਕਾਲੀਆਂ ਨੂੰ ਖਿੰਡਾਣ ਦਾ ਵਡਾ ਇਨਚਾਰਜ ਸੀ । ਇਸ ਤੋਂ ਸਰਕਾਰ ਦਾ ਢੁੱਚਰ ਰਤੀ ਭਰ ਕਾਇਮ ਨਹੀਂ ਰਹਿੰਦਾ ਕਿ ਅਕਾਲੀਆਂ ਵਲੋਂ ਪਬਲਕ ਅਮਨ ਤੋੜਨ ਦੀ ਕੋਈ ਸੰਭਾਵਨਾ ਸੀ ।

ਹੁਣ ਲਓ ਦੂਜਾ ਸਵਾਲ: ਸਰਕਾਰ ਕਹਿੰਦੀ ਸੀ ਕਿ 'ਸਿਰਫ ਘੱਟ ਤੋਂ ਘੱਟ ਤਾਕਤ' ਦੀ ਵਰਤੋਂ ਕੀਤੀ ਗਈ ਸੀ ! ਇਸ ਤੇ ਪੜਤਾਲੀਆ ਕਮੇਟੀ ਆਪਣਾ ਦੋ ਟੂਕ ਫੈਸਲਾ ਦੇਂਦੀ ਹੈ : ਅਸੀਂ ਸਾਰੇ ਸਾਫ ਤੌਰ ਤੇ ਅਤੇ ਜ਼ੋਰ ਨਾਲ ਇਸ ਰਾਏ ਦੇ ਹਾਂ ਕਿ ਵਰਤੀ-ਗਈ ਤਾਕਤ ਸਾਰੇ ਮੌਕਿਆਂ ਤੇ ਅੱਤ-ਅਧਿਕ ਅਤੇ ਕੁਛ ਮੌਕਿਆਂ ਤੇ ਬੇਰਹਿਮੀ ਨਾਲ ਵਰਤੀ ਗਈ ਅੱਤ-ਅਧਿਕ ਸੀ । ਹਾਲਤ ਦੀਆਂ ਜ਼ਰੂਰਤਾਂ ਲਈ ਇਸ ਦੀ ਯਕੀਨੀ ਤੌਰ ਤੇ ਕੋਈ ਲੋੜ ਨਹੀਂ ਸੀ । ਪੁਲਸ ਪਹਿਲੋਂ ਅਕਾਲੀਆਂ ਨੂੰ ਫੜਦੀ ਅਤੇ ਉਹਨਾਂ ਉਤੇ ਮੁਕਦਮੇ ਚਲਾਉਂਦੀ ਸੀ, ਫੇਰ ਉਹਨਾਂ ਨੇ ਜਬਰੀ ਖਿੰਡਾਣ ਦਾ ਕੰਮ ਫੜ ਲਿਆ । ਅਤੇ ਜਦੋਂ ਇਹ ਕੰਮ ਬੰਦ ਕੀਤਾ ਤਾਂ ਫੇਰ ਫੜਨਾ ਤੇ ਮੁਕਦਮੇ ਚਲਾਣੇ ਸ਼ੁਰੂ ਕਰ ਦਿਤੇ !......ਪੁਲਸ ਜਦੋਂ ਜਥਿਆਂ ਨੂੰ ਰੋਕਦੀ ਸੀ ਤਾਂ ਉਹ ਬੈਠ ਜਾਂਦੇ ਸਨ ਅਤੇ ਸ਼ਬਦ ਪੜ੍ਹਨ ਲਗ ਜਾਂਦੇ ਸਨ । ਇਸ ਤੋਂ ਸਿਧ ਹੁੰਦਾ ਹੈ ਕਿ ਪੁਲਸ ਵਲੋਂ ਉਹਨਾਂ ਨੂੰ ਕਹਿਣ ਦੀ ਹੀ ਲੋੜ ਸੀ ਕਿ ਤੁਸੀਂ ਗਰਿਫਤਾਰ ਹੋ । ਉਹ ਖੁਸ਼ੀ ਨਾਲ ਜੇਲ ਵਿਚ ਜਾਣ ਲਈ ਤਿਆਰ ਸਨ । ਬਹੁਤ ਸਾਰੇ ਗੁਆਹਾਂ ਦੀ ਮਿਲਵੀਂ ਗੁਆਹੀ ਸਾਨੂੰ ਇਸ ਸਿੱਟੇ ਤੇ ਪਹੁੰਚਾਂਦੀ ਹੈ ਕਿ ਗੌਰਮਿੰਟ ਦਾ ਮਕਸਦ ਖਿੰਡਾਣਾ ਨਹੀਂ ਸੀ ।......ਸਭ ਰਾਜਸੀ ਤਅੱਸਬ ਨੂੰ ਲਾਂਭੇ ਰਖਕੇ ਅਸੀਂ ਖਿਆਲ ਕਰਦੇ ਹਾਂ ਕਿ ਕੀਤੀਆਂ ਗਈਆਂ ਅੱਤ-ਅਧਿਕ ਵਧੀਕੀਆਂ ਪੰਜਾਬ ਗੌਰਮਿੰਟ ਉਤੇ ਸਭ ਤੋਂ ਵਡੀ ਬੇਹਯਾਈ ਦਾ ਪਰਗਟਾਅ ਕਰਦੀਆਂ ਹਨ ਅਤੇ ਕਿਸੇ ਵੀ ਸਾਊ ਸਰਕਾਰ ਲਈ ਕਲੰਕ ਤੇ ਬੇਇੱਜ਼ਤੀ ਹਨ । ਅਕਾਲੀਆਂ ਨੇ ਕਿਸੇ ਵੇਲੇ ਵੀ ਕੋਈ ਇਸ਼ਤਿਆਲ ਨਹੀਂ ਦਿਤਾ, ਨਾ ਮਾਰ-ਪਿੱਟ ਤੋਂ ਪਹਿਲੋਂ, ਨਾ ਮਾਰ-ਪਿੱਟ ਖਾਣ ਦੇ ਦੌਰਾਨ । ਅਖੌਤੀ ਘੱਟ ਤੋਂ ਘੱਟ ਤਾਕਤ ਦੀ ਵਰਤੋਂ ਅਗਾਉਂ ਤੇ ਬੇਕਿਰਕੀ ਨਾਲ ਵਿਉਂਤ-ਬੰਦ ਕੀਤੀ ਗਈ । ਅਸੀਂ ਬਹੁਤ ਸਾਰੇ ਗੁਆਹਾਂ, ਖਾਸ ਕਰ, ਡਾਕਟਰਾਂ ਦੀਆਂ ਗੁਆਹੀਆਂ ਨਾਲ ਇਤਫਾਕ ਕਰਦੇ ਹਾਂ ਕਿ ਵਰਤੀ ਗਈ ਤਾਕਤ ਬੜੀ ਅੱਤ-ਅਧਿਕ ਸੀ ।

Digitized by Panjab Digital Library | www.panjabdigilib.org

ਇਹ ਦਰਦਨਾਕ ਗਾਥਾ ਬਹੁਤ ਲੰਮੀ ਹੈ—ਮੈਂ ਦੇਗ ਵਿਚੋਂ ਕੁਛ ਇਕ ਦਾਣੇ ਦੇ ਰਿਹਾ ਹਾਂ। ਸ਼ਾਇਦ ਇਸ ਨੂੰ ਏਥੇ ਹੋਰ ਵੀ ਛੋਟੀ ਕੀਤਾ ਜਾ ਸਕਦਾ ਸੀ, ਪਰ ਬਾਹਲੀ ਛੋਟੀ ਕਰਨ ਨਾਲ ਪਾਠਕਾਂ ਦੇ ਸਾਮ੍ਹਣੇ ਅੰਗਰੇਜ਼ ਸਾਮਰਾਜ ਦੇ ਚਿਹਰੇ ਦੀ ਉਹ ਕੋਝੀ, ਲਹੂ-ਲਿਬੜੀ ਤੇ ਮਾਹਣੂ-ਖਾਣੀ ਤਸਵੀਰ ਮੂਰਤੀਮਾਨ ਨਹੀਂ ਸੀ ਹੋ ਸਕਦੀ ਜਿਹੜੀ ਕਿ ਉਸ ਵੇਲੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖੀ। ਪਰ ਅੰਗਰੇਜ਼ ਸਾਮਰਾਜ ਅਜੇ ਇਸ ਕੰਬਾਵੀਂ ਤੇ ਭਿਆਨਕ ਅਜ਼ਮੈਸ਼ ਨਾਲ ਵੀ ਸੰਤੁਸ਼ਟ ਨਹੀਂ ਸੀ ਹੋਇਆ। ਉਹ ਅਜੇ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡਣ ਦੇ ਬਾਨ੍ਹਣੂੰ ਬੰਨ੍ਹ ਰਿਹਾ ਸੀ।

Digitized by Panjab Digital Library | www.panjabdigilib.org

# ਗੌਰਮਿੰਟ ਦੀ ਨਵੀਂ ਪਾਲਿਸੀ

ਨਵੀਂ ਪਾਲਿਸੀ ਮੁੜ ਗਰਿਫਤਾਰ ਕਰਨ ਦੀ ਸੀ । ਅਕਾਲੀ ਸਭ ਤੋਂ ਸਖਤ ਪ੍ਰੀਖਿਆ ਵਿਚੋਂ—ਜਿਸ ਵਿਚ ਉਹਨਾਂ ਨੂੰ ਅਧਮੋਇਆ, ਲੰਗੜਾ-ਲੂਲਾ ਕਰਕੇ, ਸਿਰ ਪਾੜਕੇ ਅਤੇ ਗੁਪਤ ਥਾਵਾਂ ਤੇ ਹੁਝਾਂ ਮਾਰ ਮਾਰ ਕੇ ਬੇਹਾਲ ਕੀਤਾ ਜਾਂਦਾ ਸੀ—ਸੋਲਾਂ ਆਨੇ ਸ਼ਾਨ ਨਾਲ ਪਾਸ ਹੋ ਕੇ ਨਿਕਲੇ ਸਨ । ਗਰਿਫਤਾਰ ਹੋ ਕੇ ਜੇਲ ਜਾਣਾ ਉਹਨਾਂ ਲਈ ਇਕ ਤਮਾਸ਼ੇ ਤੋਂ ਵੱਧ ਨਹੀਂ ਸੀ । ਇਸ ਲਈ ਕੁਦਰਤੀ ਸੀ ਕਿ ਗਰਿਫਤਾਰ ਹੋਣ ਲਈ ਜਾਣ ਦੀਆਂ ਵਾਰੀਆਂ ਤੋਂ ਵਧੇਰੇ ਝਗੜੇ ਹੋਣ ਅਤੇ ਕਮੇਟੀ ਨੂੰ ਵਿਅਕਤੀਆਂ ਤੇ ਗਰੁਪਾਂ ਵਲੋਂ ਸ਼ਕਾਇਤਾਂ ਪਹੁੰਚਣ ਕਿ ਉਹਨਾਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ । ਉਹਨਾਂ ਨੂੰ ਗੁਰੂ ਕੇ ਬਾਗ ਦੇ ਜਥਿਆਂ ਵਿਚ ਨਹੀਂ ਪਾਇਆ ਜਾ ਰਿਹਾ ।

ਇਕ ਪਾਸੇ ਗਰਿਫਤਾਰ ਹੋਣ ਵਾਲੇ ਅਕਾਲੀਆਂ ਦੀ ਗਿਣਤੀ ਦਾ ਜਾਣ ਵਾਲੇ ਜਥਿਆਂ ਵਿਚ ਲਗਾਤਾਰ ਵਾਧਾ ਹੁੰਦਾ ਜਾਂਦਾ ਸੀ—24-25 ਸਤੰਬਰ ਨੂੰ, ਗੌਰਮਿੰਟ ਰਿਪੋਰਟ ਅਨੁਸਾਰ, ਗਰਿਫਤਾਰ ਹੋਣ ਵਾਲਿਆਂ ਦੀ ਗਿਣਤੀ ਅੱਸੀ ਹੋ ਗਈ ਸੀ—ਦੂਜੇ ਪਾਸੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਲੰਡਨ ਨੂੰ ਤਾਰ ਭੇਜੀ ਜਾ ਰਹੀ ਸੀ ਕਿ ਪਿਛਲੇ ਇਕ ਦੋ ਦਿਨ ਤੋਂ ਸੰਕੇਤ ਮਿਲਦੇ ਹਨ ਕਿ ਸ਼੍ਰੋਮਣੀ ਕਮੇਟੀ ਨੂੰ ਗਰਿਫਤਾਰੀਆਂ ਦੇ ਰੋਜ਼ਾਨਾ ਕੋਟਾ ਹਾਸਲ ਕਰਨ ਵਿਚ ਮੁਸ਼ਕਲ ਪੇਸ਼ ਆ ਰਹੀ ਹੈ ਅਤੇ ਇਹ ਸ਼ਾਇਦ ਇਸ ਲਈ ਹੈ ਕਿ ਕਮੇਟੀ ਨੇ ਅਕਾਲੀਆਂ ਦੀ ਭਾਰੀ ਗਿਣਤੀ ਪਿੰਡਾਂ ਵਿਚੋਂ ਨਵੇਂ ਰੰਗਰੂਟ ਲਭਣ ਲਈ ਘੱਲੀ ਹੋਈ ਹੈ । ਇਹ ਵੀ ਸੰਕੇਤ ਮਿਲਦੇ ਹਨ ਕਿ ਸ਼੍ਰੋਮਣੀ ਕਮੇਟੀ ਸਥਾਨਕ ਸਥਿਤੀ ਬਾਰੇ ਸਮਝੌਤੇ ਲਈ ਵਿਚਾਰ ਕਰ ਰਹੀ ਹੈ । ਪਰ ਇਹ ਅਸੰਭਵ ਹੈ ਕਿ ਜਿਹੜੀਆਂ ਸ਼ਰਤਾਂ ਕਮੇਟੀ ਪੇਸ਼ ਕਰੇਗੀ, ਉਹ ਗੌਰਮਿੰਟ ਨੂੰ ਮਨਜ਼ੂਰ ਹੋ ਸਕਣਗੀਆਂ ।[1]

ਮੰਗਲਵਾਰ ਤਿੰਨ ਅਕਤੂਬਰ 1922 ਨੂੰ ਗੌਰਮਿੰਟ ਦੀ, ਅਕਾਲੀ ਸਥਿਤੀ ਬਾਰੇ ਇਕ ਹੋਰ ਉੱਚਤਮ-ਪਧਰੀ ਕਾਨਫਰੰਸ ਹੋਈ । ਇਸ ਵਿਚ ਹਾਜ਼ਰ ਸਨ; ਵਾਈਸਰਾਏ, ਗਵਰਨਰ, ਵਿਨਸੰਟ, ਹੋਮ ਮਿੰਬਰ, ਸਰ ਮੈਲਕਮ ਹੇਲੀ ਵਿੱਤ ਮਿੰਬਰ, ਡਾ: ਸਪਰੂ ਕਾਨੂੰਨ ਮਿੰਬਰ, ਸਰ ਜੌਹਨ ਮੇਨਾਰਡ ਵਿੱਤ ਮਿੰਬਰ ਪੰਜਾਬ, ਸ. ਸੁੰਦਰ ਸਿੰਘ ਮਾਲੀਆ ਮਿੰਬਰ, ਮੀਆਂ ਫਜ਼ਲ ਹੁਸੈਨ, ਵਿਦਿਆ ਮੰਤਰੀ, ਲਾਲਾ ਹਰਕਿਸ਼ਨ ਲਾਲ ਖੇਤੀ-ਬਾੜੀ ਮੰਤਰੀ ਅਤੇ ਪੰਜਾਬ ਦਾ ਚੀਫ ਸਕੱਤਰ, ਐਚ. ਡੀ. ਕਰੇਕ । ਵਿਚਾਰ ਗੋਚਰਾ ਮਸਲਾ ਇਹ ਸੀ ਕਿ ਇਸ ਵੇਲੇ ਪੰਜਾਬ ਗੌਰਮਿੰਟ ਦੀ ਗੁਰੂ ਕੇ ਬਾਗ ਬਾਰੇ ਪਾਲਿਸੀ ਤੇ ਅਕਾਲੀ ਤਹਿਰੀਕ ਨਾਲ ਨਿਬੜਨ ਲਈ ਤਜਵੀਜ਼ਾਂ ਕੀ ਸਨ । ਗੌਰਮਿੰਟ ਪਾਸ ਆਈਆਂ ਰਿਪੋਰਟਾਂ ਪਰਸਪਰ ਵਿਰੋਧੀ ਸਨ । ਕੁਛ ਕਹਿੰਦੀਆਂ ਸਨ ਕਿ ਸ਼੍ਰੋਮਣੀ ਕਮੇਟੀ ਲੰਮੇਂ ਅਰਸੇ ਤਕ ਗਰਿਫਤਾਰੀਆਂ ਲਈ ਆਦਮੀ ਭੇਜਦੀ ਰਹੇਗੀ । ਕੁਛ ਕਹਿੰਦੀਆਂ ਸਨ ਕਿ ਕਮੇਟੀ ਨੂੰ ਵਾਲੰਟੀਅਰ ਲੱਭਣ ਵਿਚ ਹੁਣੇ ਹੀ ਮੁਸ਼ਕਲ ਪੇਸ਼ ਆ ਰਹੀ ਹੈ । ਸਰਕਾਰੀ ਅੰਕੜਿਆਂ ਅਨੁਸਾਰ ਗਰਿਫਤਾਰ ਅਕਾਲੀਆਂ ਦੀ ਗਿਣਤੀ 800 ਹੋ ਗਈ ਸੀ ਅਤੇ ਸਰਕਾਰ ਪਾਸ 900 ਹੋਰ ਅਕਾ-ਲੀਆਂ ਲਈ ਜੇਲਾਂ ਵਿਚ ਥਾਂ ਸੀ । ਅਤੇ ਉਹ ਬੜੇ ਵਡੇ ਪੈਮਾਨੇ ਤੇ ਜੇਲਾਂ ਵਿਚ ਅਕਾਲੀਆਂ ਦੀ

---

[1] Telegram to H. M.'s Secretary of State, D. 8046, 25th Sept. 22.

Digitized by Panjab Digital Library | www.panjabdigilib.org

ਸਮਾਈ ਦੀਆਂ ਸਕੀਮਾਂ ਬਣਾ ਰਹੀ ਸੀ। ਨਾਲ ਹੀ ਉਹ ਕਈ ਢੰਗਾਂ ਨਾਲ ਰੋਜ਼ਾਨਾ ਗਰਿਫਤਾਰੀਆਂ ਘੱਟ ਤੋਂ ਘੱਟ ਕਰਨ ਦੇ ਯਤਨ ਕਰ ਰਹੀ ਸੀ।

ਗਵਰਨਰ ਨੇ ਆਪਣੀ ਰਾਏ ਪੇਸ਼ ਕਰਦਿਆਂ ਕਿਹਾ : ਸਮਝੌਤੇ ਤੇ ਸਾਲਸੀ ਦੇ ਯਤਨ ਫੇਲ ਹੋ ਗਏ ਹਨ। ਅਕਾਲੀ ਪਾਰਟੀ ਸਮਝੌਤਾ ਕਰਨ ਲਈ ਰਜ਼ਾਮੰਦ ਤਾਂ ਹੈ ਪਰ ਉਹਨਾਂ ਸ਼ਰਤਾਂ ਤੇ ਜਿਹੜੀਆਂ ਸਰਕਾਰ ਨੂੰ ਮਨਜ਼ੂਰ ਨਹੀਂ। ਮਹੰਤ ਸਮਝੌਤੇ ਦੇ ਸੁਝਾਅ ਦੀ ਲਗਾਤਾਰ ਵਿਰੋਧਤਾ ਕਰ ਰਿਹਾ ਹੈ ਅਤੇ ਗੌਰਮਿੰਟ ਮਹਿਸੂਸ ਕਰਦੀ ਹੈ ਕਿ ਉਸ ਨੂੰ ਸਮਝੌਤੇ ਲਈ ਮਜਬੂਰ ਕਰਨਾ ਦਰੁਸਤ ਨਹੀਂ। ਕਮਿਸ਼ਨਰ ਨੂੰ ਆਖਿਆ ਗਿਆ ਹੈ ਕਿ ਉਹ ਕਿਸੇ ਸਿੱਖ ਤੋਂ ਇਹ ਫੈਸਲਾ ਲੈਣ ਲਈ ਮੁਕੱਦਮਾ ਦਾਇਰ ਕਰਵਾਏ ਕਿ ਜਿਨ੍ਹਾਂ ਦੇ ਹੱਥ ਵਿਚ ਗੁਰਦੁਆਰਾ ਹੈ, ਉਹਨਾਂ ਨੂੰ ਲਕੜਾਂ ਕੱਟਣ ਦਾ ਹਕ ਹੈ।

## 1. ਚੀਫ ਖਾਲਸਾ ਦੀਵਾਨ ਦਾ ਬਿਲ

ਇਸ ਤੋਂ ਪਿੱਛੋਂ ਚੀਫ ਖਾਲਸਾ ਦੀਵਾਨ ਦੇ ਬਿਲ ਤੇ ਵਿਚਾਰ ਹੋਈ। ਸ: ਸੁੰਦਰ ਸਿੰਘ ਨੇ ਇਸ ਬਿਲ ਦੀ ਰੂਪ-ਰੇਖਾ ਬਿਆਨ ਕਰਦਿਆਂ ਕਿਹਾ ਕਿ ਇਹ ਬਿਲ ਮਸਲੇ ਦਾ ਸਦੀਵੀ ਹੱਲ ਹੈ। ਇਸ ਬਿਲ ਅਨੁਸਾਰ ਮਹੰਤ ਕੁਛ ਸ਼ਰਤਾਂ ਉਤੇ ਆਪਣੀਆਂ ਪੁਜ਼ੀਸ਼ਨਾਂ ਉਤੇ ਕਾਇਮ ਰਹਿਣਗੇ। ਸ਼ਰਤਾਂ ਇਹ ਸਨ :—

(ੳ) ਉਹ ਗੁਰਦੁਆਰੇ ਦੀ ਜਾਇਦਾਦ ਉਤੇ ਆਪਣੀ ਨਿਜੀ ਜਾਇਦਾਦ ਹੋਣ ਦਾ ਦਾਅਵਾ ਨਹੀਂ ਕਰਨਗੇ;

(ਅ) ਉਹ ਧਾਰਮਕ ਸੇਵਾ-ਕਾਰਜ ਗੁਰੂ ਗਰੰਥ ਸਾਹਿਬ ਦੇ ਅਨੁਸਾਰ ਚਲਾਣਗੇ;

(ੲ) ਉਹਨਾਂ ਨੂੰ ਹਿਸਾਬ ਕਿਤਾਬ ਰਖਣਾ ਤੇ ਛਾਪਣਾ ਪਏਗਾ। ਅਤੇ

(ਸ) ਮਹੰਤ ਤਿੰਨਾਂ ਆਦਮੀਆਂ ਦੀ ਸਥਾਨਕ ਕਮੇਟੀ ਦਾ ਮਿੰਬਰ ਤੇ ਸਕੱਤਰ ਹੋਵੇਗਾ, ਦੂਜੇ ਦੋ ਮਿੰਬਰਾਂ ਵਿਚੋਂ ਇਕ ਸ਼੍ਰੋਮਣੀ ਕਮੇਟੀ ਚੁਣੇਗੀ ਅਤੇ ਦੂਜਾ ਇਲਾਕੇ ਦੇ ਸਿੱਖ ਕੌਂਸਲ ਦੇ ਚੋਣਕਾਰਾਂ ਵਲੋਂ ਚੁਣਿਆ ਜਾਏਗਾ। ਇਹਨਾਂ ਦੋਹਾਂ ਵਿਚੋਂ ਕਮੇਟੀ ਦਾ ਇਕ ਪਰਧਾਨ ਹੋਵੇਗਾ। ਮਹੰਤ ਨੂੰ ਓਨਾ ਚਿਰ ਗੱਦੀਓਂ ਨਹੀਂ ਲਾਹਿਆ ਜਾਏਗਾ ਜਿੰਨਾ ਚਿਰ ਤਕ ਉਸ ਦਾ ਭੈੜਾ ਚਲਨ ਉਸ ਟਰੀਬਿਊਨਲ ਵਿਚ ਸਾਬਤ ਨਹੀਂ ਹੋ ਜਾਂਦਾ ਜਿਹੜਾ ਇਸ ਬਿਲ ਰਾਹੀਂ ਕਾਇਮ ਕੀਤਾ ਜਾਏਗਾ।

ਵਾਈਸਰਾਏ ਨੇ ਪੁਛਿਆ ਕਿ ਇਸ ਬਿਲ ਨੂੰ ਹਮਾਇਤ ਮਿਲਨ ਦੀ ਕੀ ਸੰਭਾਵਨਾ ਹੈ ? ਸ: ਸੁੰਦਰ ਸਿੰਘ ਨੇ ਦਸਿਆ ਕਿ ਬਿਲ ਦੇ ਮੁਖ ਅਸੂਲ ਪਰਬੰਧਕ ਕਮੇਟੀ ਦੇ ਕੁਛ ਮਿੰਬਰਾਂ ਨੂੰ ਪਸੰਦ ਹਨ ਪਰ ਇਹ ਮਿੰਬਰ ਆਪਣੀ ਰਜ਼ਾਮੰਦੀ ਲਿਖ ਕੇ ਦੇਣ ਨੂੰ ਤਿਆਰ ਨਹੀਂ ਹਨ। ਬਿਲ ਅਜੇ ਤਿਆਰ ਨਹੀਂ ਸੀ, ਲਿਖਿਆ ਜਾ ਰਿਹਾ ਸੀ। ਇਸ ਦਾ ਬੁਨਿਆਦੀ ਨੁਕਤਾ ਇਹ ਸੀ ਕਿ ਵਰਤਮਾਨ ਹੱਕਾਂ ਨੂੰ ਘੱਟ ਤੋਂ ਘੱਟ ਹਿਲਾਇਆ ਜਾਏ। ਮਹੰਤਾਂ ਵਲੋਂ ਬਿਲਾ ਸ਼ੁਬ੍ਹਾ ਇਸ ਦੀ ਵਿਰੋਧਤਾ ਹੋਵੇਗੀ। ਜਿਥੇ ਜਾਇਦਾਦ ਮਹੰਤ ਦੇ ਨਾਮ ਲਿਖੀ ਹੈ, ਓਥੇ ਮਹੰਤ ਦੇ ਓਨਾ ਚਿਰ ਨਾਮ ਹੀ ਰਹੇਗੀ, ਜਿੰਨਾ ਚਿਰ ਕਿ ਸਿੱਖ ਟਰੀਬਿਊਨਲ ਇਸ ਦੇ ਖਿਲਾਫ ਨਹੀਂ ਫੈਸਲਾ ਕਰ ਦੇਂਦਾ ਅਤੇ ਟਰੀਬਿਊਨਲ ਦੇ ਫੈਸਲੇ ਦੇ ਖਿਲਾਫ ਹਾਈਕੋਰਟ ਵਿਚ ਅਪੀਲ ਹੋ ਸਕੇਗੀ। ਮਹੰਤਾਂ ਵਿਚ ਚੇਲਿਆਂ ਦੇ ਵਾਰਸ ਬਣਨ ਦੇ ਵਰਤਮਾਨ ਨਿਯਮ ਕਾਇਮ ਰਹਿਣਗੇ। ਪਰ ਹਰ ਇਕ ਵਾਰਸ ਨੂੰ ਇਹ ਸ਼ਰਤਾਂ ਪਰਵਾਨ ਕਰਨੀਆਂ ਪੈਣਗੀਆਂ।

Digitized by Panjab Digital Library | www.panjabdigilib.org

ਉਪਰੰਤ ਇਸ ਬਿਲ ਤੇ ਵਿਚਾਰ ਵਟਾਂਦਰਾ ਹੋਇਆ। ਵਿਨਸੰਟ ਨੂੰ ਇਸ ਬਿਲ ਤੋਂ ਮਸਲੇ ਦੇ ਸਦੀਵੀ ਹਲ ਹੋ ਜਾਣ ਦੀ ਆਸ ਸੀ। ਪਰ ਉਸ ਪੁਛਿਆ ਕਿ ਜੇ ਇਹ ਬਿਲ ਪਾਸ ਕਰ ਦਿਤਾ ਜਾਏ ਤਾਂ ਕੀ ਅਕਾਲੀ ਮਹੰਤਾਂ ਦੇ ਨਾਮ ਦਰਜ ਹੋਈ ਜ਼ਮੀਨ ਤੇ ਕਬਜ਼ਾ ਤਾਂ ਨਹੀਂ ਕਰਨਗੇ ? ਉਸ ਦੀ ਰਾਏ ਵਿਚ ਮੁਖ ਗੁਰਦੁਆਰਾ ਸਵਾਲ ਦਾ ਫੈਸਲਾ ਹੋਣਾ ਬਹੁਤ ਜ਼ਰੂਰੀ ਸੀ। ਨਾ-ਮਿਲਵਰਤਨੀਆਂ ਨੇ ਆਪਣੇ ਤਮਾਮ ਵਸੀਲੇ ਅਕਾਲੀਆਂ ਦੇ ਹਵਾਲੇ ਕਰ ਦਿਤੇ ਹਨ ਅਤੇ ਤਹਿਰੀਕ ਹੁਣ ਕੁਲ-ਹਿੰਦ ਸ਼ਕਲ ਧਾਰਨ ਕਰ ਗਈ ਹੈ। ਅਤੇ ਗੌਰਮਿੰਟ ਪਾਸ ਇਸ ਗੱਲ ਦੀ ਇਤਲਾਹ ਹੈ ਕਿ ਇਹ ਤਹਿਰੀਕ ਸਿੱਖ ਰਜਮੰਟਾਂ ਵਿਚ ਅਸਰ ਕਰ ਰਹੀ ਹੈ। ਵਧੇਰੇ ਵਧਣ ਨਾਲ ਹਾਲਤ ਨੂੰ ਹੋਰ ਵਿਗਾੜ ਸਕਦੀ ਹੈ।

ਵਾਈਸਰਾਏ ਇਸ ਐਜੀਟੇਸ਼ਨ ਦਾ ਇਲਾਜ ਚਾਹੁੰਦਾ ਸੀ। ਕਿਉਂਕਿ ਇਸ ਦੇ ਕਾਰਣ ਕਿਸੇ ਹਦ ਤਕ ਪੰਜਾਬ ਗੌਰਮਿੰਟ ਤੇ ਹਿੰਦੁਸਤਾਨੀ ਗੌਰਮਿੰਟ ਦੋਵੇਂ ਹੀ ਬਦਨਾਮ ਹੋ ਰਹੀਆਂ ਸਨ। ਪਰ ਗਵਰਨਰ ਏਹੋ ਜੇਹਾ ਕੋਈ ਕਦਮ ਕਾਹਲੀ ਵਿਚ ਨਹੀਂ ਸੀ ਚੁਕਣਾ ਚਾਹੁੰਦਾ ਜਿਸ ਤੋਂ ਇਹ ਜ਼ਾਹਰ ਹੋਵੇ ਕਿ ਗੌਰਮਿੰਟ ਭਾਜੜ ਪੈ ਜਾਣ ਕਰਕੇ ਛੇਤੀ ਕਾਨੂੰਨ ਪਾਸ ਕਰ ਰਹੀ ਹੈ।

ਆਮ ਸਹਿਮਤੀ ਇਸ ਗੱਲ ਤੇ ਸੀ ਕਿ ਮਹੰਤਾਂ ਦੇ ਉਹਨਾਂ ਹਕਾਂ ਦੀ ਰਾਖੀ ਕੀਤੀ ਜਾਵੇ ਜਿਨ੍ਹਾਂ ਦੇ ਉਹ ਕਾਨੂੰਨੀ ਹਕਦਾਰ ਹਨ। ਵਾਈਸਰਾਏ ਚੀਫ ਖਾਲਸਾ ਦੀਵਾਨੀ ਬਿਲ ਪੇਸ਼ ਕਰਨ ਦੇ ਹਕ ਵਿਚ ਸੀ ਪਰ ਗਵਰਨਰ ਨੇ ਕਿਹਾ ਕਿ ਜੇ ਉਹ ਅਕਤੂਬਰ ਅਖੀਰ ਤਕ ਤਿਆਰ ਹੋ ਕੇ ਮਿਲ ਗਿਆ ਤਦ ਤਾਂ ਉਹ ਪੇਸ਼ ਹੋ ਸਕੇਗਾ ਨਹੀਂ ਤਾਂ ਗੌਰਮਿੰਟ ਦਾ ਆਰਜ਼ੀ ਬਿਲ ਹੀ ਪੇਸ਼ ਕਰ ਦਿਤਾ ਜਾਏਗਾ।[1]

## 2. ਆਰਜ਼ੀ ਬਿਲ ਕਿ ਚਿਰੰਜੀਵੀ ?

ਜਿਉਂ ਜਿਉਂ ਸਰਕਾਰ ਅਕਾਲੀ ਲਹਿਰ ਨੂੰ ਤਸ਼ੱਦਦ ਤੇ ਹਿੰਸਾ ਵਰਤਕੇ ਕੁਚਲਨ ਦੇ ਹੀਲੇ ਕਰਦੀ ਸੀ, ਤਿਉਂ ਤਿਉਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਰਵੱਈਆ ਸਖਤ ਹੁੰਦਾ ਜਾਂਦਾ ਸੀ। ਇਹ ਗੱਲ ਨਹੀਂ ਕਿ ਸ਼ੋਮਣੀ ਕਮੇਟੀ ਸਰਕਾਰ ਨਾਲ ਕੋਈ ਸਮਝੌਤਾ ਹੀ ਨਹੀਂ ਸੀ ਕਰਨਾ ਚਾਹੁੰਦੀ। ਉਹ ਸਮਝੌਤੇ ਲਈ ਬੜੀ ਉਤਾਵਲੀ ਸੀ। ਪਰ ਸਰਕਾਰ ਮੋਹਰੇ ਪਹਿਲਾ ਨਿਸ਼ਾਨਾ ਇਸ ਤਹਿਰੀਕ ਨੂੰ ਕੁਚਲਨਾ ਸੀ ਅਤੇ ਜੇ ਕੁਚਲੀ ਨਾ ਜਾਏ ਤਾਂ ਇਸ ਨੂੰ ਸੰਤੁਸ਼ਟ ਕਰਨਾ ਨਹੀਂ ਸੀ, ਸਗੋਂ, ਹਿੰਦੂਆਂ ਤੇ ਮਹੰਤਾਂ ਨੂੰ ਚੁਕਣਾ ਦੇ ਕੇ ਇਜੇਹਾ ਕਾਨੂੰਨ ਇਹਨਾਂ ਦੇ ਸਿਰ ਮੜ੍ਹਨਾ ਸੀ ਜਿਸ ਰਾਹੀਂ ਗੁਰਦੁਆਰੇ ਕੇਂਦਰੀ ਕਮੇਟੀ ਦੇ ਕੰਟਰੋਲ ਵਿਚ ਨਾ ਰਹਿ ਸਕਣ ਅਤੇ ਸਰਕਾਰ, ਸਿੱਧੇ ਨਹੀਂ ਤਾਂ ਅਸਿੱਧੇ ਤਰੀਕੇ ਨਾਲ ਹੀ ਇਹਨਾਂ ਵਿਚ ਆਪਣਾ ਕੁਛ ਨਾ ਕੁਛ ਦਖਲ ਰਖ ਸਕੇ।

ਇਸ ਵੇਲੇ ਸਰਕਾਰੀ ਅਫਸਰਾਂ ਵਿਚਕਾਰ ਦੋਂਹ ਬਿਲਾਂ ਉਤੇ ਵਿਚਾਰ ਹੋ ਰਹੀ ਸੀ। ਇਕ ਉਹ ਜਿਹੜਾ ਪਿੱਛੋਂ ਚਲਿਆ ਆਉਂਦਾ ਸੀ ਅਤੇ ਸ਼੍ਰੋਮਣੀ ਕਮੇਟੀ ਨੇ ਅਪਰਵਾਨ ਕਰ ਦਿਤਾ ਸੀ। ਇਸ ਵਿਚ ਕੁਛ ਤਬਦੀਲੀਆਂ ਕਰਕੇ ਸਰਕਾਰ ਇਸ ਨੂੰ ਛੇਤੀ ਤੋਂ ਛੇਤੀ ਪਾਸ ਕਰਨਾ ਚਾਹੁੰਦੀ ਸੀ।—ਸ਼੍ਰੋਮਣੀ ਕਮੇਟੀ ਇਸ ਨੂੰ ਪਰਵਾਨ ਕਰੇ ਜਾਂ ਨਾ—ਇਸ ਦੀ ਸਰਕਾਰ ਨੂੰ ਕੋਈ ਪਰਵਾਹ ਨਹੀਂ ਸੀ। ਇਹ ਬਿਲ ਪਾਸ ਕਰਕੇ ਉਹ ਦੋ ਮਤਲਬ ਹਾਸਲ ਕਰਨਾ ਚਾਹੁੰਦੀ ਸੀ। ਇਕ ਇਹ

---

[1] From H. D. Craik to W. Vincent no. 4859 (Judl) dated 5th Oct. 1922.

Digitized by Panjab Digital Library | www.panjabdigilib.org

ਕਿ ਬਿਲ ਪਾਸ ਕਰਕੇ ਉਹ ਸਿੱਖ ਰਜਮਿੰਟਾਂ ਵਿਚ ਪ੍ਰੋਪੈਗੰਡਾ ਕਰ ਸਕੇ ਕਿ ਉਹ ਸਿੱਖਾਂ ਨੂੰ ਗੁਰ-ਦੁਆਰੇ ਦੇਣਾ ਚਾਹੁੰਦੀ ਹੈ, ਪਰ ਸ਼੍ਰੋਮਣੀ ਕਮੇਟੀ ਕੋਈ ਵੀ ਤਜਵੀਜ਼ ਨਹੀਂ ਮੰਨਦੀ, ਹਰ ਗੱਲ ਤੇ ਬੇਦਲੀਲ ਅੜੀ ਕਰਦੀ ਹੈ । ਤਾਂ ਜੁ ਸਿੱਖ ਰਜਮਿੰਟਾਂ ਨੂੰ ਇਸ ਪ੍ਰੋਪੈਗੰਡੇ ਰਾਹੀਂ, ਗੁਮਰਾਹ ਕਰਕੇ ਸੰਤੁਸ਼ਟ ਕੀਤਾ ਜਾਏ ।

ਦੂਜੇ ਇਹ ਕਿ ਉਹ ਵਫਾਦਾਰਾਂ ਤੇ ਨਰਮ-ਖਿਆਲ ਲੋਕਾਂ ਨੂੰ ਬਾਹਰ ਦਸ ਸਕੇ ਕਿ ਸ਼੍ਰੋਮਣੀ ਕਮੇਟੀ ਅਸੰਭਵ ਸ਼ਰਤਾਂ ਪੇਸ਼ ਕਰਕੇ ਕੋਈ ਸਮਝੌਤਾ ਨਹੀਂ ਸੀ ਕਰਨਾ ਚਾਹੁੰਦੀ । ਇਹ ਜਾਣ ਬੁਝਕੇ ਭੋਲੇ ਭਾਲੇ ਤੇ ਸਿੱਧੇ-ਸਾਦੇ ਸਿੱਖਾਂ ਨੂੰ ਕ਼ਾਨੂੰਨ ਤੋੜਨ ਲਈ ਉਕਸਾ ਕੇ ਮਰਵਾ ਰਹੀ ਹੈ ਅਤੇ ਸਰਕਾਰ ਤੇ ਸਿੱਖਾਂ ਵਿਚਕਾਰ ਸਦੀਵੀ ਪਾੜ ਤੇ ਦੁਸ਼ਮਣੀ ਪੈਦਾ ਕਰ ਰਹੀ ਹੈ, ਤਾਂ ਜੁ ਉਹ ਟੁਟ ਰਹੇ ਇਹਨਾਂ ਲੋਕਾਂ ਨੂੰ ਆਪਣੇ ਨਾਲ ਜੋੜੀ ਰਖ ਸਕੇ ।

ਦੂਜਾ ਸ: ਸੁੰਦਰ ਸਿੰਘ ਮਜੀਠੀਏ ਦਾ ਬਿਲ ਸੀ ਜਿਹੜਾ, ਸਰਦਾਰ ਜੀ ਦੇ ਕਥਨ ਅਨੁਸਾਰ, ਗੁਰਦੁਆਰਾ ਸੁਧਾਰ ਦਾ ਸਦੀਵੀ ਹਲ ਪੇਸ਼ ਕਰਦਾ ਸੀ । ਇਸ ਦੀ ਰੂਪ-ਰੇਖਾ ਸਰਦਾਰ ਜੀ ਨੇ—ਜਿਵੇਂ ਕਿ ਅਸੀਂ ਪਿੱਛੇ ਦਸ ਆਏ ਹਾਂ—ਉੱਚ-ਤਮ ਪੱਧਰੀ ਸਰਕਾਰੀ ਕਾਨਫਰੰਸ ਵਿਚ ਬੜੇ ਵਿਸਥਾਰ ਨਾਲ ਰਖੀ ਸੀ । ਅਤੇ ਗੌਰਮਿੰਟ ਦੇ ਉਤਲੇ ਅਫਸਰਾਂ ਨੇ ਇਸ ਦਾ ਬੜਾ ਸੁਆਗਤ ਕੀਤਾ ਸੀ । ਇਹ ਬਿਲ ਅਜੇ ਪੂਰੀ ਤਰ੍ਹਾਂ ਕਾਨੂੰਨੀ ਸ਼ਬਦਾਵਾਲੀ ਦਾ ਜਾਮਾ ਨਹੀਂ ਸੀ ਪਹਿਨ ਸਕਿਆ । ਕਾਨਫਰੰਸ ਦੇ ਕੁਛ ਮਿੰਬਰ ਬੜੇ ਉਤਾਵਲੇ ਸਨ ਕਿ ਇਸ ਨੂੰ ਤਾਬੜ ਤੋੜ ਮੁਕੰਮਲ ਕਰਕੇ ਦਿਤਾ ਜਾਵੇ । ਪਰ ਪਹਿਲੇ ਸੁਆਗਤ ਪਿੱਛੋਂ ਗੌਰਮਿੰਟ ਨੇ ਇਸ ਸੰਬੰਧੀ ਆਪਣਾ ਰਵੱਈਆ ਬਦਲ ਲਿਆ ਸੀ ।

ਰਵੱਈਏ ਵਿਚ ਤਬਦੀਲੀ ਐਗਜ਼ੈਕਟਿਵ ਕੌਂਸਲ ਦੀ 3 ਨਵੰਬਰ 1922 ਦੀ ਮੀਟਿੰਗ ਵਿਚ ਲਿਆਂਦੀ ਗਈ । ਇਸ ਮੀਟਿੰਗ ਵਿਚ ਬਹੁਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਵਿੱਦਿਆ ਮੰਤਰੀ ਮੀਆਂ ਫਜ਼ਲ ਹੁਸੈਨ ਵਾਲਾ 'ਸਿੱਖ ਗੁਰਦੁਆਰਾ ਤੇ ਮੰਦਰ (ਪੜਤਾਲ) ਬਿਲ' ਹੀ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਪੇਸ਼ ਕੀਤਾ ਜਾਵੇ । ਸਰਦਾਰ ਜੀ ਨੇ ਇਸ ਫੈਸਲੇ ਨਾਲ ਇਖਤਲਾਫ ਪਰਗਟ ਕੀਤਾ ਅਤੇ ਆਪਣੇ ਵਲੋਂ ਇਕ ਲੰਮਾ ਇਖਤਲਾਫੀ ਨੋਟ ਲਿਖ ਕੇ ਗੌਰਮਿੰਟ ਨੂੰ ਦਿਤਾ ਜਿਸ ਵਿਚ ਉਹਨਾਂ ਨੇ ਆਪਣੇ ਵਲੋਂ ਸਰਕਾਰ ਦੀਆਂ ਕੀਤੀਆਂ ਖਿਦਮਤਾਂ ਦਾ ਸਵਿਸਥਾਰ ਜ਼ਿਕਰ ਕੀਤਾ ਸੀ ।

ਸਰਦਾਰ ਸੁਦਰ ਸਿੰਘ ਜੀ ਨੇ ਚੀਫ ਖਾਲਸਾ ਦੀਵਾਨ ਦਾ ਬਿਲ ਕੌਂਸਲ ਵਿਚ ਪੇਸ਼ ਕਰਾਣ ਲਈ ਬੜਾ ਜ਼ੋਰ ਲਾਇਆ । ਪਰ ਉਹਨਾਂ ਦੀ ਕੋਈ ਦਲੀਲ ਜਾਂ ਅਰਜ਼ ਵੀ ਨਾ ਮੰਨੀ ਗਈ । ਉਹਨਾਂ ਨੇ ਕਿਹਾ : 'ਮੈਂ ਬੜੇ ਜ਼ੋਰ ਨਾਲ ਮਹਿਸੂਸ ਕਰਦਾ ਹਾਂ ਕਿ ਉਸ ਬਿਲ ਨੂੰ ਛਡ ਦੇਣਾ ਅਤੇ ਮੀਆਂ ਫਜ਼ਲ ਹੁਸੈਨ ਦੇ ਛਪੇ-ਹੋਏ ਬਿਲ ਨੂੰ ਪੇਸ਼ ਕਰਨਾ......ਬੜੀ ਗੰਭੀਰ ਗਲਤੀ ਹੋਵੇਗੀ । ਚੀਫ ਖਾਲਸਾ ਦੀਵਾਨ ਦਾ ਬਿਲ ਜਾਇਜ਼ ਸ਼ਿਕਾਇਤਾਂ ਦੇ ਕਾਰਣਾਂ ਨੂੰ ਦੂਰ ਕਰਦਾ ਹੈ ਅਤੇ ਇਸ ਤਰ੍ਹਾਂ ਐਜੀਟੇਸ਼ਨ ਨੂੰ ਕਮਜ਼ੋਰ ਕਰਦਾ ਹੈ ਅਤੇ ਫਲ-ਸਰੂਪ ਹਾਲਤ ਨੂੰ ਸ਼ਾਂਤ ਕਰਦਾ ਹੈ । ਮੀਆਂ ਜੀ ਦਾ ਬਿਲ ਇਹ ਕੁਛ ਨਹੀਂ ਕਰ ਸਕੇਗਾ ।......ਮੇਰੀ ਰਾਏ ਵਿਚ, ਦੀਵਾਨ ਦਾ (ਖਰੜਾ) ਬਿਲ ਉਹ ਕਦਮ ਹੈ ਜਿਹੜਾ ਸਿਖ ਗੁਰਦੁਆਰਿਆਂ ਤੇ ਮੰਦਰਾਂ ਦੇ ਸੰਬੰਧ ਵਿਚ, ਜਿਥੋਂ ਤਕ ਸੰਭਵ ਹੈ, ਸਿਖ ਪੰਥ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਦਾ ਹੈ ।'[1]

[1] From Hancock Prenter : sect. Govt Punjab. Legislatvie Dept. to the Sec to Govt. of India, Legislature Dept. Lahore 11th Nov. 1922.

Digitized by Panjab Digital Library | www.panjabdigilib.org

ਸਰਦਾਰ ਜੀ ਚਾਹੁੰਦੇ ਸਨ ਕਿ ਸਿੱਖਾਂ ਦੀ ਗੁਰਦੁਆਰਾ ਸੁਧਾਰ ਲਈ 'ਜਾਇਜ਼ ਖਾਹਸ਼' ਪੂਰੀ ਕੀਤੀ ਜਾਏ ਅਤੇ ਇਸ ਤਰ੍ਹਾਂ ਉਹਨਾਂ ਨੂੰ ਉਸ ਗਲਤ ਰਹਿਨੁਮਾਈ ਦੇ ਤਬਾਹ-ਕੁਨ ਨਤੀਜਿਆਂ ਤੋਂ ਬਚਾਇਆ ਜਾਵੇ ਜਿਹੜੀ ਉਹਨਾਂ ਨੂੰ ਦਿਤੀ ਜਾ ਰਹੀ ਸੀ। ਸਰਦਾਰ ਜੀ ਨੇ ਸਿੱਖਾਂ ਦੀ ਪਿਛਲੀ ਵਫਾਦਾਰੀ ਦੀ ਵੀ ਅਪੀਲ ਕੀਤੀ। ਕਿਹਾ: ਸਿਖ ਹਰ ਅਭੀ-ਨਭੀ ਵਿਚ ਗੌਰਮਿੰਟ ਦਾ ਸਾਥ ਦੇਂਦੇ ਰਹੇ ਹਨ। ਗੌਰਮਿੰਟ ਉਹਨਾਂ ਨੂੰ ਰਾਜ਼ੀ ਕਰਨ ਦੇ ਯਤਨ ਕਰੇ। ਪਰ ਸਰਕਾਰ ਨੇ ਆਪਣੇ ਇਸ ਵਫਾਦਾਰ ਦੀ ਵੀ ਕੋਈ ਗੱਲ ਨਾ ਸੁਣੀ, ਭਾਵੇਂ ਉਸ ਨੇ ਇਹ ਵੀ ਬੇਨਤੀ ਕੀਤੀ ਕਿ ਸਿੱਖਾਂ ਦੀ 'ਵਫਾਦਾਰ ਭਗਤੀ' ਨੂੰ ਦੂਰ ਨਾ ਹੋਣ ਦਿਓ, ਨਾ ਹੀ ਇਸ ਭਗਤੀ ਨੂੰ ਉਹਨਾਂ ਦੇ ਕਬਜ਼ੇ ਵਿਚ ਜਾਣ ਦਿਓ ਜਿਹੜੇ ਇਸ ਨੂੰ ਅਸਰਦਾਰ ਤਰੀਕੇ ਨਾਲ ਵਰਤਣੋਂ ਨਹੀਂ ਝਿਜਕਣਗੇ। ਉਹਨਾਂ ਨੇ ਆਪਣੇ ਨੋਟ ਵਿਚ ਇਹ ਵੀ ਲਿਖਿਆ ਕਿ ਸ਼੍ਰੋਮਣੀ ਕਮੇਟੀ ਦੀ ਪੈਦਾਇਸ਼ ਤੋਂ ਹੀ ਚੀਫ ਖਾਲਸਾ ਦੀਵਾਨ ਨੇ ਗੁਰਦੁਆਰਾ ਸੁਧਾਰ ਵਿਚ ਕੋਈ ਹਿਸਾ ਨਹੀਂ ਲਿਆ ਕਿਉਂਕਿ ਇਹ ਗੁਰਦੁਆਰਾ ਕਮੇਟੀ ਦੀਆਂ ਲੀਹਾਂ ਤੇ ਕੰਮ ਨਹੀਂ ਸੀ ਕਰ ਸਕਦਾ। ਪਰ ਉਹਨਾਂ ਦੀਆਂ ਸਭ ਅਪੀਲਾਂ ਅਣ-ਸੁਣੀਆਂ ਕਰ ਦਿਤੀਆਂ ਗਈਆਂ।

ਅਤੇ ਇਹ ਚੀਫ-ਖਾਲਸਾ-ਦੀਵਾਨੀ ਬਿਲ ਸਿਖਾਂ ਨੂੰ ਕੇਹੋ ਜੇਹਾ ਗੁਰਦੁਆਰਾ ਪਰਬੰਧ ਦੇਂਦਾ ਸੀ—ਖੁਦ ਸ: ਸੁੰਦਰ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚ ਪੜ੍ਹੋ: "(ਗੁਰਦੁਆਰਾ) ਕੰਟਰੋਲ ਦੀ ਕਮੇਟੀ ਦੇ ਕੁਲ ਪੰਜ ਮਿੰਬਰਾਂ ਵਿਚ ਇਹ (ਬਿਲ) ਸ਼੍ਰੋਮਣੀ ਪਰਬੰਧਕ ਕਮੇਟੀ ਦਾ ਇਕ ਮਿੰਬਰ ਸ਼ਾਮਲ ਕਰਨ ਦਾ ਪਰਬੰਧ ਕਰਦਾ ਹੈ। ਇਹ ਉਚਿਤ ਨਹੀਂ ਹੋਵੇਗਾ ਕਿ ਉਹਨਾਂ ਦਾ ਟਕਰਾਅ ਘਟਾਣ ਨੂੰ ਮੁਖ ਰਖਕੇ ਇਸ ਛੋਟੀ ਪਰਤੀਨਿਧਤਾ ਤੋਂ ਵੀ ਬਚਿਆ ਜਾਵੇ ਅਤੇ ਬਿਲ ਦੀਆਂ ਮਦਾਂ ਦੇ ਗਲਤ ਸਮਝੇ ਜਾਣ ਦੇ ਮੌਕੇ ਦਿਤੇ ਜਾਣ। ਇਹ ਖਿਆਲ ਰਖਣਾ ਚਾਹੀਦਾ ਹੈ ਕਿ ਗੁਰਦੁਆਰਾ ਕਮੇਟੀ ਤਮਾਮ ਸਿੱਖ ਗੁਰਦੁਆਰਿਆਂ ਤੇ ਮੰਦਰਾਂ ਉਤੇ ਕਬਜ਼ਾ ਕਰਨ ਦਾ ਦਾਅਵਾ ਕਰਦੀ ਹੈ ਅਤੇ ਜੇ ਅਸੀਂ ਕੰਟਰੋਲ ਦੀ ਕਮੇਟੀ ਤੋਂ ਉਹਨਾਂ ਦੀ ਪਰਤੀਨਿਧਤਾ ਉੱਕੀ ਹੀ ਬਾਹਰ ਕਢ ਦੇਈਏ ਤਾਂ ਅਸੀਂ ਉਸ ਜਥੇਬੰਦੀ ਦੀਆਂ ਮੰਗਾਂ ਨੂੰ ਸੰਤੁਸ਼ਟ ਨਹੀਂ ਕਰ ਸਕਦੇ ਜਿਸ ਦੀ ਪਿਠ ਤੇ ਇਸ ਵਰਤ-ਮਾਨ ਸਮੇਂ ਬਿਲਾ ਸ਼ੁਬਹ ਪੰਥ ਖਲੋਤਾ ਹੈ। ਬਹੁ-ਗਿਣਤੀ, ਸਭ ਕੁਝ ਕਹਿਣ ਸੁਣਨ ਪਿੱਛੋਂ, ਸਥਾ-ਨਕ ਆਦਮੀ ਦੇ ਹੱਥ ਵਿਚ ਹੁੰਦੀ ਹੈ ਅਤੇ ਜੇ ਮਹੰਤ ਜਿਹੜਾ ਖੁਦ ਆਪ ਕਮੇਟੀ ਦਾ ਸਕੱਤਰ ਹੋਵੇਗਾ, ਆਪਣੇ ਨਾਲ ਗੁਰਦੁਆਰੇ ਦੇ ਪਰਬੰਧ ਵਿਚ ਤਿੰਨ ਮੁਕਾਮੀ ਆਦਮੀਆਂ ਨੂੰ ਨਹੀਂ ਲੈ ਸਕਦਾ ਤਾਂ ਪਰਤਖ ਤੌਰ ਤੇ ਉਹ ਆਪਣੀ ਜ਼ਿੰਮੇਂਵਾਰੀ ਦੀ ਪੁਜ਼ੀਸ਼ਨ ਵਿਚ ਰਹਿਣ ਦੇ ਕਾਬਲ ਨਹੀਂ।"[1]

ਇਹ ਹੈ ਸ: ਸੁੰਦਰ ਸਿੰਘ ਜੀ ਦੇ ਚੀਫ ਖਾਲਸਾ ਦੀਵਾਨ ਦੇ ਬਿਲ ਦੀ ਨੰਗੀ ਅਸਲੀ ਤਸਵੀਰ, ਇਹ ਬਿਲ ਸਭ ਗੁਰਦੁਆਰਾ ਪਰਬੰਧ ਮਹੰਤਾਂ ਦੇ, ਚੰਗੇ ਚੁਸਤ ਮਹੰਤਾਂ ਦੇ ਹਵਾਲੇ, ਕਰਨ ਦਾ ਪਰਬੰਧ ਕਰਦਾ ਸੀ। ਇਹ ਬਿਲ ਵੀ ਉਹ ਨਹੀਂ ਸੀ ਜਿਹੜਾ ਸ਼ੁਰੂ ਵਿਚ ਪੇਸ਼ ਕੀਤਾ ਗਿਆ। ਇਸ ਵਿਚ ਗੌਰਮਿੰਟ ਨੇ ਢੇਰ ਸਾਰੀਆਂ ਤਬਦੀਲੀਆਂ ਕੀਤੀਆਂ ਸਨ ਅਤੇ ਇਸ ਦੇ ਕੁਛ ਤਫਸੀਲੀ ਨੁਕਤੇ ਪੇਸ਼ ਹੋਣ ਵਾਲੇ ਬਿਲ ਵਿਚ ਸ਼ਾਮਲ ਕਰ ਲਏ ਸਨ। ਉਤਲੇ ਹਵਾਲੇ ਤੋਂ ਸਾਫ ਜ਼ਾਹਰ ਹੈ ਕਿ ਗੌਰਮਿੰਟ ਗੁਰਦੁਆਰਿਆਂ ਦਾ ਪਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਨੂੰ ਤਿਆਰ ਨਹੀਂ ਸੀ। ਉਹ ਨਕਲੀ ਜਾਅਲੀ ਸਿੱਕਾ ਅਸਲੀ ਸੁੱਚੇ ਖਰੇ ਸਿੱਕੇ ਵਜੋਂ ਸਿੱਖਾਂ ਦੇ ਗਲ ਮੜ੍ਹਨਾ ਚਾਹੁੰਦੀ

---

[1] ਇਖਤਲਾਫੀ ਨੋਟ।

Digitized by Panjab Digital Library | www.panjabdigilib.org

ਸੀ । ਪਰ ਸ਼੍ਰੋਮਣੀ ਕਮੇਟੀ ਨੇ ਬਰਿਟਿਸ਼ ਸਾਮਰਾਜ ਦੀਆਂ ਚਲਾਕੀਆਂ ਤੋਂ ਬਚਣ ਦਾ ਬੜਾ ਤਜਰਬਾ ਹਾਸਲ ਕਰ ਲਿਆ ਸੀ ।

ਅਕਾਲੀ ਤਹਿਰੀਕ ਦੇ ਹਰ ਉਠਾਅ ਤੇ ਉਭਾਰ ਵੇਲੇ ਗੌਰਮਿੰਟ ਨੇ ਗੁਰਦੁਆਰਾ ਬਿਲ ਬਨਾਣ ਤੇ ਇਸ ਮਸਲੇ ਦੇ ਹਲ ਕਰਨ ਦੀਆਂ ਗੱਲਾਂ ਕੀਤੀਆਂ । ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਗੁਰਦੁਆਰਾ ਬਿਲ ਬਣਾਣ ਦੀਆਂ ਗੱਲਾਂ ਹੋਈਆਂ । ਕੁੰਜੀਆਂ ਦੇ ਮੋਰਚੇ ਵੇਲੇ ਬਿਲ ਬਣਾਣ ਦੀ ਚਰਚਾ ਹੋਈ । ਗੁਰੂ ਕੇ ਬਾਗ ਦੇ ਮੋਰਚੇ ਵੇਲੇ ਤੇ ਪਿੱਛੋਂ ਫੇਰ ਗੁਰਦੁਆਰਾ ਬਿਲ ਮੋਹਰੇ ਆਣ ਖਲੋਤਾ । ਪਰ ਸਰਕਾਰ ਦੀਆਂ ਇੰਞਾਣਿਆਂ ਨੂੰ ਵਿਰਚਾਣ ਵਾਲੀਆਂ ਇਹ ਗੱਲਾਂ ਉਸ ਵੇਲੇ ਕੀਤੀਆਂ ਜਾ ਰਹੀਆਂ ਸਨ ਜਦੋਂ ਕਿ ਲੋਕ ਕਿਤੇ ਦੇ ਕਿਤੇ ਪਹੁੰਚ ਗਏ ਸਨ ਅਤੇ ਸਰਕਾਰ ਆਪਣੇ ਰੋਅਬਦਾਬ ਦੇ ਨਸ਼ੇ ਵਿਚ ਅਜੇ ਓਸੇ ਪਹਿਲੀ ਥਾਂ ਖਲੋਤੀ 'ਦੂਜਿਆਂ ਦੇ ਹਿਤਾਂ' ਤੇ 'ਮਹੰਤਾਂ ਦੇ ਹੱਕਾਂ' ਦੀ ਮੁਹਾਰਨੀ ਰਟੀ ਜਾ ਰਹੀ ਸੀ ।

ਪਹਿਲੇ ਬਿਲ ਕੁਛ ਏਹੋ ਜੇਹੇ ਬਹਾਨੇ ਕਰਕੇ ਪੇਸ਼ ਨਾ ਕੀਤੇ ਗਏ ਕਿ ਇਹਨਾਂ ਦੇ ਪੇਸ਼ ਹੋਣ ਨਾਲ ਹਿੰਦੂਆਂ ਤੇ ਮੁਸਲਮਾਨਾਂ ਦੀ ਦੁਸ਼ਮਣੀ ਦੇ ਜਜ਼ਬੇ ਉਭਰਨਗੇ; ਜਾਂ ਇਹ ਅਕਾਲੀ ਤਹਿ-ਰੀਕ ਦੇ ਹਾਮੀਆਂ ਨੂੰ ਬਹੁਤ ਜ਼ਿਆਦਾ ਅਧਿਕਾਰ ਦੇਂਦੇ ਹਨ; ਜਾਂ ਇਹੋ ਜੇਹਾ ਬਿਲ ਪਾਸ ਹੋ ਗਿਆ ਤਾਂ ਹਿੰਦੂ ਤੇ ਮੁਸਲਮਾਨ ਵੀ ਆਪਣੀਆਂ ਵਕਫ ਜਾਇਦਾਦਾਂ ਲਈ ਨਵੇਂ ਕਾਨੂੰਨਾਂ ਦੀ ਮੰਗ ਕਰ-ਨਗੇ । ਅਤੇ ਸ: ਸੁੰਦਰ ਸਿੰਘ ਜੀ ਦੇ ਲਹਿਰ-ਵਿਰੋਧੀ ਬਿਲ ਦੀ ਅਪਰਵਾਨਗੀ ਲਈ ਇਹ ਢੁੱਚਰ ਘੜਿਆ ਗਿਆ ਕਿ ਇਹ "ਦੂਜੀ ਪਾਰਟੀ ਦੇ ਹਕਾਂ ਤੇ ਬੜਾ ਵਡਾ ਛਾਪਾ ਮਾਰਦਾ ਹੈ ।" ਪਰ ਇਹ ਸਭ ਮਨ ਹਰਾਮੀ ਹੁੱਜਤਾਂ ਢੇਰ ਵਾਲੀਆਂ ਗੱਲਾਂ ਸਨ ।

ਚੀਫ ਖਾਲਸਾ ਦੀਵਾਨ ਆਪਣਾ ਬਿਲ ਪਾਸ ਕਰਾਕੇ ਬੜੀ ਨੇਕ-ਨਾਮੀ ਤੇ ਭੱਲ ਖਟਣਾ ਚਾਹੁੰਦਾ ਸੀ । ਪਰ ਭੱਲ ਉਸ ਨੂੰ ਨਾ ਸਰਕਾਰੋਂ ਮਿਲੀ ਨਾਂ ਸਿੱਖਾਂ ਵਲੋਂ । ਸਰਕਾਰ ਨਾਲ ਦੀਵਾਨ ਨੇ ਸਾਰੀ ਉਮਰ ਵਫਾਦਾਰ ਰਹਿਕੇ ਗੁਜ਼ਾਰੀ ਸੀ, ਉਸ ਨੇ ਵੀ ਇਸ ਨੂੰ ਠੁਕਰਾ ਦਿਤਾ । ਅਤੇ ਸਿੱਖਾਂ ਨੇ ਵੀ ਇਸ ਬਿਲ ਨੂੰ ਠੁਕਰਾ ਦਿਤਾ । ਇਹ ਬਿਲ ਮਸਲੇ ਨੂੰ ਉਲਝਾਂਦਾ ਸੀ ਸੁਲਝਾਂਦਾ ਨਹੀਂ ਸੀ । ਇਹ ਗੁਰਦੁਆਰਿਆਂ ਦੇ ਪਰਬੰਧ ਦਾ ਅਵਕੇਂਦਰੀ ਕਰਣ ਕਰਦਾ ਸੀ, ਕੇਂਦਰੀ ਕਰਣ ਨਹੀਂ । ਇਸ ਦੇ ਪਿੱਛੇ ਸ਼ਾਇਦ ਚੀਫ ਖਾਲਸਾ ਦੀਵਾਨ ਦੇ 'ਕੁਦਰਤੀ' ਆਗੂਆਂ ਦੀ ਮੁੜਕੇ ਕਦੇ ਸਿੱਖਾਂ ਦੇ ਆਗੂ ਬਣਨ ਦੀ ਆਸ ਤੇ ਖਾਹਸ਼ ਛੁਪੀ ਹੋਈ ਸੀ ।

ਪਹਿਲੋਂ ਇਸ ਬਿਲ ਨੂੰ ਬੜਾ ਖੁਫੀਆ ਰਖਿਆ ਗਿਆ । ਜਿਸ ਵੇਲੇ ਇਸ ਦਾ ਪਤਾ ਲਗਾ ਤਾਂ ਥਾਂ ਥਾਂ ਤੋਂ ਇਸ ਦੇ ਵਿਰੁਧ ਮਤੇ ਪਾਸ ਹੋਣ ਲਗ ਪਏ । ਇਸ ਬਿਲ ਵਿਚ "ਪੰਥ ਦਾ ਸਾਂਝਾ ਗੁਰਦੁਆਰਾ ਤਾਂ ਕੋਈ ਮੰਨਿਆ ਹੀ ਨਹੀਂ ਸੀ ਗਿਆ । ਹਰ ਇਕ ਗੁਰਦੁਆਰਾ ਉਸ ਇਲਾਕੇ ਜਾਂ ਤਹਿਸੀਲ ਦਾ ਮੰਨਕੇ ਇਸ ਕਿਸਮ ਦੀਆਂ ਲੋਕਲ ਕਮੇਟੀਆਂ ਬਣਾਣ ਦਾ ਯਤਨ ਕੀਤਾ ਗਿਆ ਸੀ ਜਿਸ ਨਾਲ ਲੋਕਲ ਅਫਸਰਾਂ ਦਾ ਹੀ ਗੁਰਦੁਆਰਿਆਂ ਵਿਚ ਹੁਕਮ ਚਲੇ । ਜਦ ਤਕ ਕੋਈ ਸੰਟਰਲ ਪਰਬੰਧ ਨਹੀਂ ਹੋਵੇਗਾ ਕਦੇ ਕੋਈ ਪਰਬੰਧ ਕਾਇਮ ਹੀ ਨਹੀਂ ਰਹਿ ਸਕਦਾ । ਲੋਕਲ ਕਮੇਟੀਆਂ ਜੇ ਰਹੀਆਂ ਤਾਂ ਤਹਿਸੀਲਦਾਰਾਂ ਨੂੰ ਮੌਜਾਂ ਤੇ ਜੇ ਟੁੱਟ ਗਈਆਂ ਤਾਂ ਓਸੇ ਤਰ੍ਹਾਂ ਮਹੰਤ ਮੌਜਾਂ ਲੈਣਗੇ । ਏਹੋ ਜੇਹੀਆਂ ਲੋਕਲ ਕਮੇਟੀਆਂ ਕਦੇ ਕਾਇਮ ਹੀ ਨਹੀਂ ਰਹਿ ਸਕਦੀਆਂ । ਗੁਰਦੁਆਰਿਆਂ ਦੇ ਸਦੀਵੀ ਪਰਬੰਧ ਦਾ ਫਿਕਰ ਹੋਣਾ ਚਾਹੀਦਾ ਹੈ ।[1]

[1] ਅਕਾਲੀ ਤੇ ਪ੍ਰਦੇਸੀ : ਸਾਫ ਸਾਫ ਗੱਲਾਂ, 30 ਅਕਤੂਬਰ 1922

Digitized by Panjab Digital Library | www.panjabdigilib.org

ਗੌਰਮਿੰਟ ਅਸਲ ਵਿਚ ਕੁੜਿੱਕੀ ਵਿਚ ਫਸ ਗਈ ਸੀ। ਇਹ ਇਸ ਵਿਚੋਂ ਨਿਕਲਣ ਲਈ ਕੋਈ ਰਾਹ ਲਭ ਰਹੀ ਸੀ। ਪਰ ਇਸ ਨੂੰ ਨਿਕਲਣ ਦਾ ਕੋਈ ਰਾਹ ਨਹੀਂ ਸੀ ਨਜ਼ਰ ਆਉਂਦਾ। ਦੁਚਿਤੀ ਵਿਚ ਕਦੇ ਸੋਚਦੀ ਕਿ ਗੁਰੂ ਕੇ ਬਾਗ ਦੇ ਝਗੜੇ ਦਾ ਕਿਸੇ ਸਾਲਸ ਰਾਹੀਂ ਫੈਸਲਾ ਕਰਾ ਲਿਆ ਜਾਵੇ; ਫੇਰ ਸੋਚਦੀ ਕਿ ਸ਼੍ਰੋਮਣੀ ਕਮੇਟੀ ਸਾਲਸ ਦੀ ਤਜਵੀਜ਼ ਹੀ ਪਰਵਾਨ ਨਹੀਂ ਕਰਨ ਲਗੀ। ਫੇਰ ਸੋਚਦੀ ਕਿ ਫਰਮਾਨ ਜਾਰੀ ਕਰਕੇ ਗੁਰਦੁਆਰੇ ਗੌਰਮਿੰਟ ਦੇ ਕਬਜ਼ੇ ਵਿਚ ਕਰ ਲਏ ਜਾਣ ਅਤੇ ਇਸ ਦੇ ਮਾਤਹਿਤ ਕਮਿਸ਼ਨਰ ਨਿਯੁਕਤ ਕਰਕੇ ਪੰਜਾਬ ਸਰਕਾਰ ਦੀ ਮੁਸ਼ਕਲ ਹਲ ਕੀਤੀ ਜਾਵੇ। ਪਰ ਇਸ ਤੇ ਇਤਰਾਜ ਹੋਣ ਤੇ ਇਹ ਵਿਚਾਰ ਵੀ ਛਡ ਦਿਤੀ ਜਾਂਦੀ। ਫੇਰ ਚੀਫ ਖਾਲਸਾ ਦੀਵਾਨੀ ਬਿਲ ਵਿਚ ਮਸਲੇ ਦਾ ਹਲ ਨਜ਼ਰ ਆਉਂਦਾ, ਪਰ ਉਹ ਤਿਆਰ ਨਹੀਂ ਸੀ। ਦੋਂਹ ਗੱਲਾਂ ਉਤੇ ਅਫਸਰਾਂ ਦੀ ਪੂਰੀ ਸਹਿਮਤੀ ਸੀ। ਇਕ ਇਹ ਕਿ ਸਾਰੀਆਂ ਪਾਰਟੀਆਂ ਨੂੰ ਸੰਤੁ-ਸ਼ਟ ਕਰਨਾ ਅਸੰਭਵ ਹੈ ਅਤੇ ਦੂਜੇ ਇਹ ਕਿ ਅਤੀ-ਗਰਮ ਖਿਆਲ ਅਕਾਲੀ ਕਿਸੇ ਵੀ ਬਿਲ ਨਾਲ ਸੰਤੁਸ਼ਟ ਨਹੀਂ ਹੋਣ ਲਗੇ।

ਲਾਲਾ ਹਰਕਿਸ਼ਨ ਲਾਲ ਦੀ ਸੋਚੀ ਸਮਝੀ ਰਾਏ ਇਹ ਸੀ ਕਿ ਸ਼੍ਰੋਮਣੀ ਕਮੇਟੀ ਕੋਈ ਵੀ ਅਜੇਹਾ ਬਿਲ ਨਹੀਂ ਪਰਵਾਨ ਕਰੇਗੀ ਜਿਹੜਾ ਉਸ ਨੂੰ ਗੁਰਦੁਆਰਿਆਂ ਤੇ ਉਸ ਦੀ ਜਾਇਦਾਦ ਦਾ ਪੂਰਾ ਕੰਟਰੋਲ ਨਾ ਦੇਂਦਾ ਹੋਵੇ। ਵਾਰੋ ਵਾਰ ਜਿਹੜਾ ਬਿਲ ਵੀ ਤਜਵੀਜ਼ ਕੀਤਾ ਗਿਆ ਉਹ ਪਹਿਲੇ ਨਾਲੋਂ ਵਧੇਰੇ ਕੁਛ ਦੇਂਦਾ ਸੀ। ਅਤੇ ਕਮੇਟੀ ਗਾਲਬਨ ਇਹ ਸੋਚਦੀ ਹੋਵੇਗੀ ਕਿ ਉਹਨਾਂ ਦਾ ਵਧੀਆ ਪੈਂਤੜਾ ਇਹੋ ਹੈ ਕਿ ਉਹ ਇਸ ਆਸ ਤੇ ਕੋਈ ਬਿਲ ਵੀ ਮਨਜ਼ੂਰ ਨਾ ਕਰਨ ਕਿਉਂਕਿ ਇਸ ਤਰ੍ਹਾਂ ਅਖੀਰ ਵਿਚ ਉਹਨਾਂ ਨੂੰ ਪੂਰਾ ਕੰਟਰੋਲ ਮਿਲ ਜਾਏਗਾ। ਉਸ ਦੀ ਰਾਏ ਵਿਚ ਸਰਕਾਰ ਨੂੰ ਜਿੰਨੀ ਛੇਤੀ ਹੋ ਸਕੇ ਕਮੇਟੀ ਨਾਲ ਸ਼ਰਤਾਂ ਤੈਅ ਕਰ ਲੈਣੀਆਂ ਚਾਹੀਦੀਆਂ ਹਨ ਅਤੇ ਕਮੇਟੀ ਨੂੰ ਪੁਛਣਾ ਚਾਹੀਦਾ ਹੈ ਕਿ ਆਖਰ ਉਹ ਚਾਹੁੰਦੀ ਕੀ ਹੈ। ਲਾਲਾ ਜੀ ਕਮੇਟੀ ਦੇ ਹੱਥਾਂ ਵਿਚ ਤਾਕਤ ਕੇਂਦਰਿਤ ਹੋਣ ਦੇ ਬੜੇ ਖਿਲਾਫ ਸਨ।

## 3. ਠੁਕਰਾਇਆ ਬਿਲ ਪਾਸ

ਗਰਿਫਤਾਰੀਆਂ ਦਾ ਮੋਰਚਾ ਦਿਨੋ ਦਿਨ ਗਰਮ ਤੋਂ ਹੋਰ ਗਰਮ ਹੁੰਦਾ ਜਾਂਦਾ ਸੀ। ਇਸ ਹਾਲਤ ਦੇ ਨਜਿੱਠਣ ਲਈ ਗੌਰਮਿੰਟ ਨੇ ਦੋ ਰਾਹ ਅਪਣਾਏ: ਇਕ ਇਹ ਕਿ ਪਹਿਲਾ ਬਿਲ ਹੀ ਪੰਜਾਬ ਕੌਂਸਲ ਵਿਚ ਪੇਸ਼ ਕਰ ਦਿਤਾ ਜਾਵੇ ਤਾਂ ਜੋ ਗੌਰਮਿੰਟ ਸਿੱਖ ਰਜਮੰਟਾਂ ਵਿਚ ਆਖਣ ਜੋਗੀ ਹੋ ਜਾਵੇ ਕਿ ਉਹ ਗੁਰਦੁਆਰਿਆਂ ਦਾ ਸਵਾਲ ਹਲ ਕਰਨ ਲਈ ਕੌਂਸਲ ਵਿਚ ਬਿਲ ਪੇਸ਼ ਕਰ ਰਹੀ ਹੈ, ਉਹ ਗੁਰਦੁਆਰਾ ਸੁਧਾਰ ਵਿਚ ਹਰ ਤਰ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ ਪਰ ਕਮੇਟੀ ਦੇ ਆਗੂ ਰਾਜ-ਨੀਤੀ ਦਾ ਰਾਹ ਅਪਣਾ ਰਹੇ ਹਨ, ਗੁਰਦੁਆਰਾ ਸੁਧਾਰ ਦਾ ਨਹੀਂ। ਅਤੇ ਇਸ ਤਰ੍ਹਾਂ ਸਿੱਖ ਫੌਜੀਆਂ ਨੂੰ ਗੁਮਰਾਹ ਹੋਣ ਤੋਂ ਬਚਾਇਆ ਜਾਵੇ। ਨਾਲ ਹੀ ਨਰਮ-ਖਿਆਲ ਤੇ ਵਫਾ-ਦਾਰ ਸਿੱਖਾਂ ਦੇ ਗੌਰਮਿੰਟ ਨਾਲੋਂ ਟੁੱਟਣ ਦੇ ਰੁਝਾਨ ਨੂੰ ਇਹ ਦਸ ਕੇ ਠੱਲ੍ਹ ਪਾਈ ਜਾਏ ਕਿ ਗੌਰਮਿੰਟ ਤਾਂ ਕਾਨੂੰਨ ਰਾਹੀਂ ਗੁਰਦੁਆਰਿਆਂ ਦਾ ਸਵਾਲ ਹਲ ਕਰਨ ਲਈ ਬੜੀ ਉਤਾਵਲੀ ਹੈ।

ਦੂਜਾ ਇਹ ਕਿ ਜਾਂ ਤਾਂ ਕੋਈ ਸਿੱਖ ਲਭਿਆ ਜਾਵੇ ਜਿਹੜਾ ਅਦਾਲਤ ਵਿਚ ਦਾਅਵਾ ਕਰਕੇ ਇਹ ਫੈਸਲਾ ਲਵੇ ਕਿ ਜਿਸ ਪਾਸ ਗੁਰਦੁਆਰੇ ਦਾ ਕਬਜ਼ਾ ਹੋਵੇ ਉਸ ਨੂੰ ਲੰਗਰ ਲਈ ਬਾਲਣ ਕੱਟਣ ਦਾ ਹਕ ਹੁੰਦਾ ਹੈ; ਜਾਂ ਮਹੰਤ ਨੂੰ ਕਮੇਟੀ ਨਾਲ ਸਮਝੌਤਾ ਕਰ ਲੈਣ ਲਈ ਇਹ ਕਹਿਕੇ ਪਰੇਰਿਆ ਜਾਵੇ ਕਿ ਜੇ ਬਿਲ ਪਾਸ ਹੋ ਗਿਆ ਤਾਂ ਦੋਂਹ ਸਾਲਾਂ ਲਈ ਗੁਰਦੁਆਰਿਆਂ ਦੀਆਂ ਜਾਇ-

Digitized by Panjab Digital Library | www.panjabdigilib.org

ਦਾਦਾਂ ਲੈ ਕੇ ਕਮਿਸ਼ਨ ਦੇ ਹਵਾਲੇ ਕਰ ਦੇਣੀਆਂ ਹਨ ।—ਸਮਝੌਤਾ ਕਰਨਾ ਲਾਹੇਵੰਦਾ ਰਹੇਗਾ ਅਤੇ ਜੇ ਇਹ ਵੀ ਗੱਲ ਸਿਰੇ ਨਾ ਚੜ੍ਹੇ ਤਾਂ ਕੋਈ ਹੋਰ ਰਾਹ ਲਭਿਆ ਜਾਵੇ ਜਿਸ ਰਾਹੀਂ ਗਲ਼ ਵਿਚੋਂ ਗੁਰੂ ਕੇ ਬਾਗ ਦੇ ਮੋਰਚੇ ਦਾ ਫਾਹ ਕਢਿਆ ਜਾਵੇ ।

ਅੰਦਰ ਖਾਨੇ ਸਰਕਾਰ ਬੜੀ ਪਰੇਸ਼ਾਨ ਸੀ ਕਿਉਂਕਿ ਉਸ ਦੀਆਂ ਸਭ ਤਦਬੀਰਾਂ ਨਾਕਾਰਾ ਹੁੰਦੀਆਂ ਜਾਂਦੀਆਂ ਸਨ ਪਰ ਬਾਹਰ ਲੋਕਾਂ ਵਿਚ ਰੋਅਬ-ਦਾਬ ਕਾਇਮ ਰਖਣ ਲਈ ਉਹ ਏਲਾਨ ਕਰਕੇ ਦਮਗਜੇ ਮਾਰ ਰਹੀ ਸੀ ਕਿ ਜੇਲਾਂ ਦੇ ਇਨਸਪੈਕਟਰ ਜਨਰਲ ਨੂੰ ਹੁਕਮ ਦਿਤਾ ਗਿਆ ਹੈ ਕਿ ਉਹ "ਪੰਜ ਜਾਂ ਦਸ ਹਜ਼ਾਰ ਹੋਰ ਕੈਦੀਆਂ ਦੇ ਲੈਣ ਦਾ ਪਰਬੰਧ ਕਰੇ ।......ਸਾਨੂੰ ਇਹ ਦਬਕੇ ਪ੍ਰਕੇ ਸਰਕਾਰੀ ਕਮਜ਼ੋਰੀ ਨਜ਼ਰ ਪੈਣ ਨਾਲ ਬੜੀ ਖੁਸ਼ੀ ਹੋਈ ਹੈ । ਹੁਣ ਸਰਕਾਰ ਆਪਣੀ ਗੰਭੀ-ਰਤਾ ਦੀ ਥਾਂ (ਜੋ ਹਰ ਇਕ ਤਕੜੇ ਦੀ ਥਾਂ ਹੁੰਦੀ ਹੈ) ਤੋਂ ਡਿਗਕੇ ਹੇਠਾਂ ਆ ਗਈ ਹੈ......ਇਹ ਸਾਡੀ ਜਿਤ ਹੋਣ ਦੀਆਂ ਨਿਸ਼ਾਨੀਆਂ ਹਨ । ਯਾਦ ਰਖੋ ਜਿਸ ਕੰਮ ਦੀ ਪਿੱਠ ਉਤੇ ਇਖਲਾਕੀ ਤਾਕਤ ਨਹੀਂ, ਉਹ ਕਦੇ ਠਹਿਰ ਨਹੀਂ ਸਕਦੀ ।......ਹੁਣ ਇਹਨਾਂ ਗਰਿਫਤਾਰੀਆਂ ਵਿਚ ਇਹ ਅਗਲੀ ਮਾਰ ਕੁਟਾਈ ਨਾਲੋਂ ਭੀ ਜ਼ਿਆਦਾ ਅੜੇਗੀ ਤੇ ਇਸ ਸ਼ਾਂਤਮਈ ਜੰਗ ਵਿਚ ਹੀ ਇਸ ਨੌਕਰ-ਸ਼ਾਹੀ ਢੰਗ ਦੀ ਹਕੂਮਤ ਦਾ ਖਾਤਮਾ ਹੋ ਜਾਏ ਤਾਂ ਕੋਈ ਵਡੀ ਗੱਲ ਨਹੀਂ ਹੈ ।......ਜਿਤਨਾ ਜ਼ਿਆਦਾ ਚਿਰ ਇਹ ਨੌਕਰਸ਼ਾਹੀ ਅੜੇਗੀ ਉਤਨੀ ਹੀ ਜ਼ਿਆਦਾ ਹਾਰ ਇਸਨੂੰ ਖਾਣੀ ਪਏਗੀ ।"[1]

19 ਅਕਤੂਬਰ ਨੂੰ ਗਰਿਫਤਾਰੀਆਂ ਦੀ ਗਿਣਤੀ 2457 ਹੋ ਗਈ ਸੀ[2] ਅਤੇ ਇਹ ਦਿਨੋ ਦਿਨ ਛਾਲਾਂ ਮਾਰ ਮਾਰ ਵਧ ਰਹੀ ਸੀ । ਹਰ ਇਕ ਜਥੇ ਵਿਚੋਂ ਕਈ ਅਕਾਲੀ ਛਡ ਦੇਣ ਲਈ ਬੀਟੀ ਕਈ ਚਾਲਾਂ ਖੇਡਦਾਂ । ਕਈਆਂ ਨੂੰ ਕਹਿੰਦਾ ਕਿਰਪਾਨਾਂ ਉਤਾਰ ਦਿਓ, ਉਹ ਇਨਕਾਰ ਕਰ ਦੇਂਦੇ । ਉਹਨਾਂ ਨੂੰ ਉਹਨਾਂ ਦੀਆਂ ਜੁਤੀਆਂ ਨਾਲ ਹੀ ਮਾਰਿਆ ਕੁਟਿਆ ਜਾਂਦਾ, ਉਹਨਾਂ ਦੇ ਮੂੰਹਾਂ ਤੇ ਛਿੱਤਰ ਮਾਰੇ ਜਾਂਦੇ ਅਤੇ ਉਹਨਾਂ ਨੂੰ ਮੁਆਫੀ ਮੰਗਣ ਲਈ ਆਖਿਆ ਜਾਂਦਾ । ਪਰ ਅਕਾਲੀ ਸਭ ਕੁਛ ਸ਼ਾਂਤ–ਚਿਤ ਬਰਦਾਸ਼ਤ ਕਰੀ ਜਾਂਦੇ ਅਤੇ ਮਜ਼ਬੂਤੀ ਨਾਲ ਡਟੇ ਰਹਿੰਦੇ । ਅਠਾਰਾਂ ਅਠਾਰਾਂ ਸਾਲਾਂ ਦੇ ਜਵਾਨਾਂ ਨੂੰ ਨਬਾਲਗ ਆਖਕੇ ਛਡ ਦੇਂਦੇ; ਚਾਲ੍ਹੀਆਂ ਪੰਜਾਹਾਂ ਸਾਲਾਂ ਦੇ ਜਵਾਨਾਂ ਨੂੰ ਬੁਢੇ ਆਖਕੇ ਕਹਿੰਦੇ, ਜਾਓ, ਤੁਹਾਡੀ ਨਹੀਂ ਲੋੜ, ਮੁੜਕੇ ਨਾ ਜਥੇ ਵਿਚ ਆਇਓ । ਉਹਨਾਂ ਨੂੰ ਬੜੀ ਨਿਰਾਸਤਾ ਹੁੰਦੀ ਅਤੇ ਉਹਨਾਂ ਵਿਚੋਂ ਢੇਰ ਜ਼ਿਦ ਕਰਕੇ ਮੁੜ ਜਥੇ ਵਿਚ ਪੈ ਕੇ ਚਲੇ ਜਾਂਦੇ ।

## 4. ਪਿਨਸ਼ਨਰਾਂ ਦੇ ਫੌਜੀ ਜਥੇ

22 ਅਕਤੂਬਰ ਨੂੰ ਪਿਨਸ਼ਨਰ ਫੌਜੀਆਂ ਦਾ ਇਕ ਸੌ ਇਕ ਦਾ ਜਥਾ ਸ: ਅਮਰ ਸਿੰਘ ਸੂਬੇਦਾਰ ਮੇਜਰ ਦੀ ਪਰਧਾਨਗੀ ਵਿਚ ਗੁਰੂ ਕੇ ਬਾਗ ਨੂੰ ਤੁਰਿਆ । ਅਕਾਲੀ ਤੇ ਪ੍ਰਦੇਸੀ ਨੇ 25 ਅਕਤੂਬਰ ਦੇ ਪਰਚੇ ਵਿਚ ਉਸ ਇਕੱਠ, ਜੋਸ਼ ਖਰੋਸ਼ ਤੇ ਉਤਸਾਹ ਦਾ ਬਿਆਨ ਕੀਤਾ ਹੈ ਜਿਸ ਦਾ ਨਜ਼ਾਰਾ ਦਰਸ਼ਕਾਂ ਨੇ ਵੇਖਿਆ । ਇਹਨਾਂ ਦੇ ਗਲ਼ਾਂ ਵਿਚ ਹਾਰ, ਸਿਰਾਂ ਤੇ ਸਿਹਰੇ ਸੋਂਹਦੇ ਸਨ । ਹਰ ਇਕ ਦੀ ਬਰਦੀ ਇਕੋ ਜੇਹੀ ਸੀ : ਲੰਮਾ ਕਾਲਾ ਜਿਹਾ ਕੁੜਤਾ, ਕਾਲੀ ਦਸਤਾਰ, ਖੱਟਾ ਕਮਰ-ਕੱਸਾ ਅਤੇ ਖੱਟੇ ਗਾਤਰੇ ਵਾਲੀ ਕਿਰਪਾਨ । ਅਤੇ ਗੌਰਮਿੰਟ ਨੂੰ ਸਾੜਨ ਵਾਲੀ ਇਕ ਹੋਰ ਗੱਲ, ਇਹ ਜਥਾ ਫੌਜੀ ਡਿਸਿਪਲਨ ਵਿਚ ਮਾਰਚ ਕਰਦਾ ਜਾ ਰਿਹਾ ਸੀ । ਇਸ ਜਥੇ ਵਿਚ ਉਹ ਬਹਾਦਰ ਸਿੰਘ ਸਨ, ਜਿਨ੍ਹਾਂ ਨੇ ਬਰਿਟਿਸ਼ ਸਾਮਰਾਜ ਦੀ ਰਖਿਆ ਤੇ ਪਸਾਰ ਲਈ ਅਣਗਿਣਤ ਤੰਗੀਆਂ ਸਹਿਕੇ ਯੂਰਪ ਤੇ

[1] ਅਕਾਲੀ ਤੇ ਪ੍ਰਦੇਸੀ : ਐਡੀਟੋਰੀਅਲ, 25 ਅਕਤੂਬਰ 1912

[2] ਸ਼੍ਰੋਮਣੀ ਕਮੇਟੀ : ਏਲਾਨ ਨੰਬਰ 183

Digitized by Panjab Digital Library | www.panjabdigilib.org

ਹੋਰ ਬਦੇਸ਼ਾਂ ਵਿਚ ਸਾਮਰਾਜੀ ਜੰਗਾਂ ਲੜੀਆਂ ਸਨ। ਉਸ ਦਿਨ ਉਹ ਬਰਿਟਿਸ਼ ਸਾਮਰਾਜ ਦੇ ਖ਼ਿਲਾਫ ਆਪਣੇ ਧਰਮ ਦੀ ਰਖਿਆ ਤੇ ਗੁਰਦੁਆਰਾ ਸੁਧਾਰ ਲਈ ਲੜਨ ਵਾਸਤੇ ਜਾ ਰਹੇ ਸਨ। ਰਸਤੇ ਵਿਚ ਕਚਹਿਰੀ ਦੇ ਲਾਗੇ ਤਿੰਨ ਅੰਗਰੇਜ਼ ਇਹਨਾਂ ਦੇ ਫੋਟੋ ਲੈਂਦੇ ਵੇਖੇ ਗਏ।

ਕਚਹਿਰੀ ਤੋਂ ਕੁਛ ਅਗੇ ਡੀ. ਸੀ. ਡੰਨਿਟ ਤੇ ਦੋ ਤਿੰਨ ਅੰਗਰੇਜ਼ ਉਹਨਾਂ ਨੂੰ ਖਲਿਹਾਰ ਕੇ ਮਿਲੇ। ਡੰਨਿਟ ਨੇ ਲੋਲੋ ਪੋਪੋ ਗੱਲਾਂ ਕਰਕੇ ਉਹਨਾਂ ਨੂੰ ਭਰਮਾਣਾ ਚਾਹਿਆ : ਗੁਰਦੁਆਰਾ ਸੁਧਾਰ ਲਈ ਸਰਕਾਰ ਤਿਆਰ ਹੈ, ਫੈਸਲਾ ਹੋ ਜਾਏਗਾ, ਬਿਲ ਬਣ ਜਾਏਗਾ। ਤਿੰਨਾਂ ਸਿੱਖਾਂ ਦੀ ਇਕ ਪੰਚਾਇਤ ਬਣਾਈ ਜਾਏਗੀ ਜਿਹੜਾ ਗੁਰਦੁਆਰਿਆਂ ਦਾ ਫੈਸਲਾ ਕਰੇਗੀ। ਜ਼ਬਰਦਸਤੀ ਕਰਨ ਨਾਲ ਫੌਜੀ ਕੋਈ ਅਕਲ ਦੀ ਗੱਲ ਨਹੀਂ ਕਰ ਰਹੇ।

ਜਥੇਦਾਰ ਅਮਰ ਸਿੰਘ ਨੇ ਡਟਕੇ ਜਵਾਬ ਦਿਤਾ : ਅਸੀਂ ਗੁਰਦੁਆਰੇ ਦੀ ਜਾਇਦਾਦ ਵਿਚੋਂ ਲੱਕੜਾਂ ਵੱਢਣ ਜਾ ਰਹੇ ਹਾਂ, ਕੋਈ ਜ਼ਬਰਦਸਤੀ ਨਹੀਂ ਕਰ ਰਹੇ। ਅਸੀਂ ਕਿਸੇ ਨੂੰ ਡਾਂਗਾਂ ਨਹੀਂ ਮਾਰਦੇ। ਅਸੀਂ ਚਾਰ ਭਾਈ ਤੁਹਾਡੀ ਇਜ਼ਤ ਬਚਾਣ ਲਈ ਜੰਗ ਵਿਚ ਲੜਦੇ ਰਹੇ। ਵਡਾ ਭ਼ਾਈ ਕਪਤਾਨ ਸੀ, ਛੋਟਾ ਲੈਸ ਨੈਕ ਅਤੇ ਮੈਂ ਸੂਬੇਦਾਰ ਮੇਜਰ। ਪੰਜਾਬ ਦੇ ਕਈ ਜਵਾਨਾਂ ਨੇ ਜੰਗ ਵਿਚ ਆਪਣੇ ਸਿਰ ਦਿਤੇ। ਅਸੀਂ ਅੰਗਰੇਜ਼ਾਂ ਦੇ ਗਿਰਜੇ ਵਿਚ ਨਹੀਂ ਜਾਂਦੇ, ਆਪਣੇ ਗੁਰਦੁ• ਵਿਚ ਜਾਂਦੇ ਹਾਂ। ਜੇਕਰ ਤੁਹਾਡੇ ਗਿਰਜਿਆਂ ਵਿਚ ਕੋਈ ਸਿੱਖ ਜਾਂ ਮੁਸਲਮਾਨ ਦਖਲ ਨਹੀਂ ਦੇਂਦਾ ਤਾਂ ਤੁਸੀਂ ਕਿਉਂ ਗੁਰਦੁਆਰਿਆਂ ਵਿਚ ਦਖਲ ਦੇਂਦੇ ਹੋ ?

ਡੰਨਿਟ ਨੇ ਪਹਿਲੋਂ ਸੱਤਰ ਸਾਲਾਂ ਦੀ ਦੋਸਤੀ ਦੀਆਂ ਗੱਲਾਂ ਕੀਤੀਆਂ, ਫੇਰ ਕਿਹਾ, ਗੁਰਦੁਆਰੇ ਜਾਓ ਪਰ ਲੱਕੜਾਂ ਵੱਢਣ ਨਹੀਂ ਜਾਓ। ਜਦੋਂ ਉਹਨਾਂ ਨੇ ਕਿਹਾ ਕਿ ਲਕੜਾਂ ਵਢਣ ਜ਼ਰੂਰ ਜਾਵਾਂਗੇ ਤਾਂ ਡੰਨਿਟ ਨੇ ਧਮਕੀ ਦੇ ਕੇ ਕਿਹਾ : ਇਹ ਗਰੀਬ ਮਾਰੇ ਜਾਣਗੇ। ਪਰ ਜਥੇਦਾਰ ਦੇ ਡਟੇ ਰਹਿਣ ਤੇ ਡੰਨਿਟ ਗੁੱਸੇ ਵਿਚ ਆ ਕੇ ਕਹਿਣ ਲਗਾ : ਇਹ ਮਜਮਾ ਨਾਜਾਇਜ਼ .ਹੈ, ਮੁੰਤਸ਼ਰ ਹੋ ਜਾਓ। ਜਥੇ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ। ਡੰਨਿਟ ਇਹ ਆਖਕੇ ਚਲਿਆ ਗਿਆ ਅਤੇ ਜਥਾ ਗੁਰੂ ਕੇ ਬਾਗ ਨੂੰ ਮਾਰਚ ਕਰਦਾ ਅਗੇ ਵਧਦਾ ਗਿਆ।

ਓਸੇ ਦਿਨ ਇਸ ਫੌਜੀ ਜਥੇ ਨੂੰ ਫੜ ਲਿਆ ਗਿਆ। ਉਹਨਾਂ ਦੀ ਝਟ ਪਟ ਹੀ ਤਲਾਸ਼ੀ ਲਈ ਗਈ। ਕਛਹਿਰਿਆਂ ਤੋਂ ਸਿਵਾ ਉਹਨਾਂ ਦੇ ਸਭ ਕਪੜੇ ਲਾਹ ਲਏ ਗਏ ਅਤੇ ਨੰਗਾ ਕੀਤਾ ਗਿਆ। ਉਹਨਾਂ ਨੇ ਖੁਸ਼ੀ ਨਾਲ ਇਸ ਹਤਕ ਨੂੰ ਸਹਾਰਿਆ।"[1]

27 ਅਕਤੂਬਰ ਨੂੰ ਇਹਨਾਂ ਦਾ ਮੁਕੱਦਮਾ ਲਾਲਾ ਅਮਰਨਾਥ ਵਜੀਫਾਖਾਰ ਦੀ ਅਦਾਲਤ ਵਿਚ ਪੇਸ਼ ਹੋਇਆ। ਉਹਨਾਂ ਨੇ ਜਿਹੜਾ ਲਿਖਤੀ ਬਿਆਨ ਅਦਾਲਤ ਵਿਚ ਦਿਤਾ ਉਹ ਬੜਾ ਮਹੱਤਵ-ਪੂਰਣ ਹੈ। ਉਸ ਦੇ ਕੁਛ ਹਿੱਸੇ ਅਸੀਂ ਥੱਲੇ ਦੇ ਰਹੇ ਹਾਂ :

ਅਸੀਂ ਗੌਰਮਿੰਟ ਨੂੰ ਇਹ ਗੱਲ ਸਾਫ ਕਰਨ ਲਈ ਇਸ ਮੌਕੇ ਨੂੰ ਵਰਤਦੇ ਹਾਂ ਕਿ ਸਿੱਖ ਦਾ ਮਨ ਗੁਰਦੁਆਰਾ ਸੁਧਾਰ ਲਈ, ਆਮ ਕਰ, ਅਤੇ ਗੁਰੂ ਕੇ ਬਾਗ ਦੇ ਮਾਮਲੇ ਬਾਰੇ, ਖਾਸ ਕਰ, ਕਿਵੇਂ ਮਹਿਸੂਸ ਕਰਦਾ ਹੈ......ਅਸੀਂ ਤੀਰਾਹ, ਚਿਤਰਾਲ, ਅਫਗਾਨਿਸਤਾਨ, ਬਰਮਾ, ਚੀਨ, ਉਤਰੀ ਅਫਰੀਕਾ, ਸੁਡਾਨ, ਮਿਸਰ, ਈਰਾਨ ਮੈਸੋਪੋਟਮੀਆ, ਇਸਰਾਈਲ, ਗੈਲੀ ਪੋਲੀ, ਰੂਸ, ਫਰਾਂਸ ਅਤੇ ਹੋਰ ਕਈ ਘੱਟ ਅਹਿਮ ਖੇਤਰਾਂ ਤੇ (ਬਰਿਟਿਸ਼ ਸਾਮਰਾਜ ਦੀ ਖਾਤਰ) ਲੜਾਈਆਂ ਵਿਚ ਸ਼ਾਮਲ ਹੋਏ। ਇਹ ਸਰਵਿਸ ਅਸਾਂ ਹੱਦ ਦੀ ਸਰਦੀ-ਗਰਮੀ ਦੇ ਵਾਤਾਵਰਣ ਵਿਚ ਕੀਤੀ। ਫਰਾਂਸ

[1] ਸ਼੍ਰੋਮਣੀ ਕਮੇਟੀ ਦਾ ਏਲਾਨ ਨੰਬਰ 205

Digitized by Panjab Digital Library | www.panjabdigilib.org

ਵਿਚ ਹਜ਼ਾਰਾਂ ਸਿੱਖ ਫੌਜੀ ਕਈ ਦਿਨਾਂ ਤਕ ਬਰਫ-ਪਾਣੀ ਨਾਲ ਭਰੀਆਂ ਖੰਦਕਾਂ ਵਿਚ ਖੜੇ ਰਹੇ। ਉਹਨਾਂ ਨੇ ਰੁਮਾਦੀ ਮੈਸੋਪੋਟੇਮੀਆ ਵਿਚ ਜਿਥੇ 135 ਡਿਗਰੀ ਫਾਰਨਹੇਟ ਦੀ ਗਰਮੀ ਸੀ ਅਤੇ ਜਿਥੇ ਤੇਹ ਨਾਲ ਇਨ੍ਹਾਂ ਦਿਨਾਂ ਵਿਚ ਵੀ 190 ਤੋਂ ਘੱਟ ਮੌਤਾਂ ਨਹੀਂ ਸਨ ਹੋਈਆਂ—ਵੀ ਜੰਗੀ ਸਰਵਿਸ ਕੀਤੀ। ਨਵੇਂ ਸ਼ੈਪਲ ਅਤੇ ਸਾਈਪ੍ਰਸ ਵਿਚ ਜੇ ਸਿੱਖ ਹਥੋਪਾਈ ਹੋ ਕੇ ਸੰਗੀਨਾਂ ਨਾਲ ਕਾਮਯਾਬ ਜਰਮਨ ਲਸ਼ਕਰ ਦੇ ਹੜ੍ਹ ਨੂੰ ਨਾ ਰੋਕਦੇ, ਤਾਂ ਦੁਨੀਆਂ ਸ਼ੱਕ ਕਰਦੀ ਹੈ ਕਿ ਉਹ ਰੋਕਿਆਂ ਜਾ ਸਕਦਾ। ਕੋਤਲ ਅਮਾਰਾਂ ਵਿਚ ਅਸੀਂ ਉਸ ਵੇਲੇ ਡਟੇ ਰਹੇ, ਜਦੋਂ ਕਿ ਕਿਤੋਂ ਵੀ ਮਦਦ ਪਹੁੰਚਣ ਦੀ ਆਸ ਟੁੱਟ ਗਈ ਸੀ, ਖਬਰਸਾਰ ਦੇ ਵਸੀਲੇ ਤੋੜ ਦਿਤੇ ਗਏ ਸਨ ਅਤੇ ਸਾਡੇ ਪਾਸ ਘੋੜਿਆਂ ਤੇ ਖੱਚਰਾਂ ਦੇ ਮਾਸ ਖਾਣ ਤੋਂ ਛੁਟ ਹੋਰ ਕੁਛ ਨਹੀਂ ਸੀ। ਸਾਡੇ ਵਿਚੋਂ 24 ਫੌਜੀ ਲੜਾਈ ਵਿਚ ਸਖਤ ਜ਼ਖਮੀ ਹੋ ਗਏ ਸਨ ਅਤੇ ਨੌਕਰੀ ਕਰਨ ਦੇ ਨਾਕਾਬਲ ਜਿਸ ਕਰਕੇ ਉਹਨਾਂ ਨੂੰ ਪਿਨਸ਼ਨਾਂ ਦੇ ਕੇ ਘਰੀਂ ਘੱਲਣਾ ਪਿਆ ਸੀ—ਇਕ ਦੀ ਲੱਤ ਕੱਟਣੀ ਪਈ ਸੀ ਅਤੇ ਦੋਂਹ ਦੀਆਂ ਗੈਸ ਨਾਲ ਅੱਖਾਂ ਖਰਾਬ ਹੋ ਗਈਆਂ ਸਨ।......ਅਸਾਂ ਗਦਰ ਦੇ ਅਣ-ਸੁਖਾਵੇਂ ਦਿਨਾਂ ਵਿਚ ਟੁਟੂੰ ਟੁਟੂੰ ਹੁੰਦੇ ਅੰਗਰੇਜ਼ੀ ਝੰਡੇ ਨੂੰ ਖੜਾ ਰਖਿਆ। ਸਾਡੇ ਲਗ ਭਗ ਹਰ ਫੌਜੀ ਪਾਸ ਇਕ ਜਾਂ ਦੂਜੇ ਇਮਤਿਆਜ਼ ਦਾ ਤਕਮਾ ਹੈ।... ਪਰ ਜਦੋਂ ਤੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਹੈ ਓਦੋਂ ਤੋਂ ਬਰਿਟਿਸ਼ ਅਫਸਰਾਂ ਦੇ ਰਵ-ਈਏ ਨੇ ਸਾਡੇ ਦਿਲਾਂ ਵਿਕ ਕਈ ਦੁਖ-ਭਰੇ ਸ਼ੰਕੇ ਪੈਦਾ ਕਰ ਦਿਤੇ ਹਨ, ਜਿਹੜੇ ਵਕਤ ਦੇ ਗੁਜ਼ਰਨ ਨਾਲ ਸਾਡੇ ਇਹਸਾਸਾਂ ਤੇ ਸਖਤ ਸੱਟ ਮਾਰ ਰਹੇ ਹਨ। ਅਸਾਂ ਨਨਕਾਣਾ ਸਾਹਿਬ ਦਾ ਕਤਲਾਮ ਵੇਖਿਆ ਅਤੇ ਜ਼ਾਲਮ ਪਾਰਟੀ ਨਾਲ ਅਫਸਰਾਂ ਦੀ ਹਮਦਰਦੀ ਵੇਖੀ। ਅਸਾਂ ਕਿਰਪਾਨਾਂ, ਕਾਲੀ ਪਗੜੀ ਤੇ ਦਰਬਾਰ ਸਾਹਿਬ ਦੀਆਂ ਕੁੰਜੀਆਂ ਦੇ ਮਾਮਲਿਆਂ ਵਿਚ ਆਪਣੀ ਰਿਆਇਆ ਦੀਆਂ ਧਾਰਮਕ ਆਜ਼ਾਦੀਆਂ ਵਿਚ ਦਖਲ ਨਾ ਦੇਣ ਦੇ ਗੰਭੀਰ ਬਚਨਾਂ ਨੂੰ ਵੇਖਿਆ। ਦੂਜਿਆਂ ਦੀ ਈਮਾਨ-ਦਾਰੀ ਵਿਚ ਅੰਨ੍ਹਾ ਵਿਸ਼ਵਾਸ ਕਰਨ ਬਾਰੇ ਸਾਡੇ ਭਰਮ ਬੁਰੀ ਤਰ੍ਹਾਂ ਟੁੱਟੇ ਹਨ। ਅਤੇ ਹੁਣ ਉਹਨਾਂ ਤੋਂ ਪਿੱਛੋਂ ਇਹ ਗੁਰੂ ਕਾ ਬਾਗ ਹੈ। ਪਿਛਲੇ ਵੱਧ ਜਾਂ ਘੱਟ ਦੋਂਹ ਮਹੀਨਿਆਂ ਤੋਂ ਜਦੋਂ ਤੋਂ ਸੰਗ-ਰਾਮ ਸ਼ੁਰੂ ਹੋਇਆ ਹੈ ਅਸਾਂ ਆਪਣੇ ਭਰਾਵਾਂ ਨੂੰ ਬੇਰਹਿਮੀ ਨਾਲ ਤੇ ਕਾਨੂੰਨ ਵਿਰੁਧ ਕੁਟਾਪਾ ਚੜ੍ਹਦਾ ਵੇਖਿਆ ਹੈ, ਅਸਾਂ ਉਹਨਾਂ ਦੇ ਕੇਸ ਤੇ ਦਾਹੜੇ ਅਪਵਿਤਰ ਹੱਥਾਂ ਨਾਲ ਪੁਟੀ ਦੇ ਵੇਖੇ ਹਨ, ਆਪਣੇ ਗੁਰੂਆਂ ਬਾਰੇ ਹਤੱਕ-ਭਰੇ ਤੇ ਭੜਕਾਹਟ ਪੈਦਾ ਕਰਨ ਵਾਲੇ ਸ਼ਬਦ ਵਰਤੇ ਗਏ ਅਸਾਂ ਸੁਣੇ ਹਨ। ਪੁਲਸ ਨੇ ਕਾਨੂੰਨ ਦੇ ਨਾਮ ਥੱਲੇ ਬੇਕਾਨੂੰਨੀ ਕਰਮ ਕੀਤੇ ਹਨ ਜਦੋਂ ਕਿ ਇਸ ਅਮਨ ਕਾਨੂੰਨ ਦੀ ਖਾਹਸ਼-ਭਰੀ ਚਿੰਤਾ ਲਈ ਕੋਈ ਅਧਾਰ ਨਹੀਂ ਸੀ। ਸਾਡੇ ਸਬਰ ਦੀ ਅਜ਼ਮਾਇਸ਼ ਅਖੀਰ ਤੇ ਪੁਜ ਗਈ ਸੀ। ਅਸੀਂ ਆਪਣੀ ਸ਼ਰਧਾ ਗੁਰੂ ਤੇ ਪੰਥ ਲਈ ਸਾਬਤ ਕਰਨ ਆਏ ਹਾਂ। ਪੁਲਸ ਨੇ ਸਾਨੂੰ ਵੀ ਉਸ ਜ਼ਲਾਲਤ ਦਾ ਸਵਾਦ ਚਖਾਇਆ ਜਿਸ ਨਾਲ ਸਾਡੇ ਭਰਾਵਾਂ ਨਾਲ ਸਲੂਕ ਕੀਤਾ ਜਾਂਦਾ ਸੀ। ਸਾਡੀ ਪਹਿਲੋਂ ਜ਼ਲੀਲ ਤੋਂ ਜ਼ਲੀਲ ਮੁਜਰਮ ਵਾਂਗ ਤਲਾਸ਼ੀ ਲਈ ਗਈ ਅਤੇ ਫੇਰ ਸਾਨੂੰ ਅਜੇਹੀ ਅੱਖੜ ਤੇ ਚੁਸਤ ਗਾਰਦ ਥੱਲੇ ਰਖਿਆ ਗਿਆ ਜਿਸ ਨੇ ਨਾ ਸਾਨੂੰ 11 ਵਜੇ ਰਾਤ ਤੋਂ 6 ਵਜੇ ਸ਼ਾਮ ਤਕ ਟੱਟੀ ਜਾਣ ਦਿਤਾ ਅਤੇ ਨਾ ਹੀ ਪਿਸ਼ਾਬ। ਹੁਣ ਅਗਲੇ ਦਿਨ ਅਸੀਂ ਉਹਨਾਂ ਵਲੋਂ ਆਪਣੇ ਹੱਥਾਂ ਨੂੰ ਹਥਕੜੀਆਂ ਲਗਦੇ ਵੇਖਾਂਗੇ ਜਿਨ੍ਹਾਂ ਦੀ ਸੇਵਾ ਕਰਦਿਆਂ ਅਸਾਂ ਆਪਣੇ ਹਿਤਾਂ ਵਲ ਕਦੇ ਘੱਟ ਹੀ ਵੇਖਿਆ ਸੀ।

ਅਜ ਆਪਣੇ ਧਾਰਮਕ ਗੁਰਦੁਆਰਿਆਂ ਦੀ ਆਜ਼ਾਦੀ ਖਾਤਰ ਜੇਲ ਜਾਂਦਿਆਂ ਅਸੀਂ ਆਪਣੇ ਆਪ ਨੂੰ ਸੁਭਾਗੇ ਸਮਝਦੇ ਹਾਂ।

Digitized by Panjab Digital Library | www.panjabdigilib.org

ਪਰ ਬਰਿਟਿਸ਼ ਰਾਜ ਏਹੋ ਜੇਹੀਆਂ ਸੇਵਾਵਾਂ ਦੀ ਕਖ ਪਰਵਾਹ ਨਹੀਂ ਸੀ ਕਰਦਾ। ਵਜ਼ੀਰਾਬਾਦ ਮੈਜਸਟਰੇਟ ਅਮਰਨਾਥ ਨੇ 26 ਬਿਰਧ ਫੌਜੀਆਂ ਨੂੰ ਦੋ ਦੋ ਮਹੀਨੇ ਕੈਦ ਤੇ ਸੌ ਸੌ ਰੁਪਏ ਜੁਰਮਾਨਾ ਕੀਤਾ। ਜੁਰਮਾਨਾ ਨਾ ਦੇਣ ਤਾਂ ਤਿੰਨ ਮਹੀਨੇ ਹੋਰ ਕੈਦ ਅਤੇ 74 ਸਿੰਘਾਂ ਨੂੰ ਦੋ ਦੋ ਸਾਲ਼ ਕੈਦ ਅਤੇ ਸੌ ਸੌ ਰੁਪਏ ਜੁਰਮਾਨਾ ਨਾਂ ਦੇਣ ਤਾਂ ਛੇ ਛੇ ਮਹੀਨੇ ਹੋਰ ਕੈਦ। ਪੁਲਸ ਫੌਜੀਆਂ ਨੂੰ ਭਾਰੀਆਂ ਹਥਕੜੀਆਂ ਨਾਲ ਲੈਸ ਕਰਕੇ ਸੀਖਾਂ ਪਿੱਛੇ ਲੈ ਗਈ।

## 5. ਦੂਜੇ ਫੌਜੀ ਜਥੇ ਦੀ ਗਰਿਫਤਾਰੀ

12 ਨਵੰਬਰ ਨੂੰ ਫੌਜੀਆਂ ਦਾ ਦੂਜਾ ਜਥਾ ਗਰਿਫਤਾਰੀ ਦੇਣ ਲਈ ਅਮਰਤਸਰੋਂ ਤੁਰਿਆ। ਇਸ ਦੇ ਜਥੇਦਾਰ ਰਸਾਲਦਾਰ ਰਣਜੋਧ ਸਿੰਘ (ਜ਼ਿਲਾ ਗੁਰਦਾਸਪੁਰ) ਸਨ। ਫਰਾਂਸ ਦੇ ਮੋਰਚੇ ਵਿਚ ਇਹਨਾ ਦੀ ਇਕ ਅੱਖ ਗੋਲੀ ਲਗਣ ਨਾਲ ਨਿਕਲ ਗਈ ਸੀ। ਇਹ ਅੰਗਰੇਜ਼ ਰਾਜ ਦੇ ਵਿਸਥਾਰ ਲਈ ਕਈ ਮੋਰਚਿਆਂ ਤੇ ਲੜੇ ਸਨ। ਇਹਨਾਂ ਦੇ 103 ਦੇ ਜਥੇ ਵਿਚ ਤਿੰਨ ਕਮਿਸ਼ਨਡ ਅਫਸਰ, ਕਈ ਹੌਲਦਾਰ ਤੇ ਬਾਕੀ ਰੀਟਾਇਰਡ ਫੌਜੀ ਸਿਪਾਹੀ ਸਨ। ਦੋਂਹ ਫੌਜੀਆਂ ਦੀ ਸਿਰਫ ਇਕ ਇਕ ਲੱਤ ਸੀ। ਤੁਰਨ ਤੋਂ ਪਹਿਲੋਂ ਜਥੇਦਾਰ ਨੇ ਆਪਣੀ ਤਕਰੀਰ ਵਿਚ ਆਖਿਆ: ਅਸੀਂ ਅੰਗਰੇਜ਼ ਰਾਜ ਲਈ ਦੂਰ ਦੂਰ ਜਾ ਕੇ ਲੜੇ, ਅਤੇ ਇਹਨਾਂ ਲਈ ਕੁਰਬਾਨੀਆਂ ਦਿਤੀਆਂ ਪਰ ਇਹਨਾਂ ਦਾ ਬਦਲਾ ਸਾਨੂੰ ਮਿਲਿਆ ਗੁਰਦੁਆਰਿਆਂ ਵਿਚ ਦਖਲ ਤੇ ਬੇਅਦਬੀ। ਭਾਵੇਂ ਸਾਡੀਆ ਪਿਨਸ਼ਨਾਂ ਜ਼ਬਤ ਹੋ ਜਾਣ, ਭਾਵੇਂ ਸਾਨੂੰ ਵੱਧ ਤੋਂ ਵੱਧ ਸਜ਼ਾਵਾਂ ਮਿਲਣ ਅਸੀਂ ਪੰਥ ਦਾ ਸਾਥ ਜ਼ਰੂਰ ਦੇਵਾਂਗੇ। ਇਸ ਦੀਵਾਨ ਵਿਚ ਰਸਾਲਦਾਰ ਅਨੂਪ ਸਿੰਘ ਨੇ ਵੀ ਇਲਾਨ ਕੀਤਾ ਕਿ ਸਰਕਾਰ ਦੇ ਜ਼ੁਲਮਾਂ ਅਤੇ ਇਸ ਦੇ ਧਾਰਮਕ ਕੰਮਾਂ ਵਿਚ ਦਖਲ ਨੇ ਮੈਨੂੰ ਮਜਬੂਰ ਕੀਤਾ ਹੈ ਕਿ ਮੈਂ ਵੀ ਜਥਾ ਲੈ ਕੇ ਗੁਰੂ ਕੇ ਬਾਗ ਪੁੱਜਾਂ।

ਦੂਜੇ ਫੌਜੀ ਜਥੇ ਨੇ ਅਦਾਲਤ ਵਿਚ ਇਕ ਲੰਮੇ, ਸਾਂਝੇ ਬਿਆਨ ਵਿਚ ਕਿਹਾ:

"......ਜਦ ਸਬਰ ਦਾ ਪਿਆਲਾ ਨਕੋ ਨਕ ਭਰ ਗਿਆ, ਨਹੀਂ, ਨਹੀਂ, ਜਦ ਕੌਮ ਨੂੰ ਗੌਰਮਿੰਟ ਦੀ ਹਮਦਰਦੀ, ਦਿਆਨਤਦਾਰੀ ਤੋਂ ਇਤਬਾਰ ਉਠ ਗਿਆ ਤਾਂ ਅਸਾਂ ਮੁਸੀਬਤਾਂ ਬਰਦਾਸ਼ਤ ਕਰਨ ਦਾ ਰਸਤਾ ਅਖਤਿਆਰ ਕੀਤਾ।......ਗੁਰਦੁਆਰਾ ਸੁਧਾਰ ਸੰਬੰਧੀ ਗੌਰਮਿੰਟ ਦੀ ਪਾਲਿਸੀ ਨੇ ਇਸ ਤੋਂ ਉਹ ਚੀਜ਼ ਖੋਹ ਲਈ ਹੈ ਜਿਹੜੀ ਹਰ ਇਕ ਗੌਰਮਿੰਟ ਨੂੰ ਪਿਆਰੀ ਹੁੰਦੀ ਹੈ—ਮਤਲਬ ਇਹ ਕਿ ਹੁਣ ਇਸ ਦੀ ਦਿਆਨਤਦਾਰੀ ਉਤੇ ਇਤਬਾਰ ਨਹੀਂ ਰਿਹਾ।

ਪਿਨਸ਼ਨੀ ਫੌਜੀਆਂ ਵਿਚ ਬੜਾ ਉਤਸ਼ਾਹ ਸੀ ਤੇ ਉਹ ਹੋਰ ਫੌਜੀ ਜਥੇ ਮੋਰਚੇ ਵਿਚ ਭੇਜਣ ਲਈ ਤਿਆਰ ਕਰ ਰਹੇ ਸਨ।

ਇਸ ਜਥੇ ਦੇ ਜਾਣ ਤੋਂ ਪਹਿਲੋਂ ਗੌਰਮਿੰਟ ਦੇ ਦਲਾਲਾਂ ਵਲੋਂ ਅਫਵਾਹਾਂ ਉਡਾਈਆਂ ਜਾ ਰਹੀਆਂ ਸਨ ਕਿ ਸ਼੍ਰੋਮਣੀ ਕਮੇਟੀ ਨੂੰ ਗਰਿਫਤਾਰੀਆਂ ਦੇਣ ਲਈ ਆਦਮੀ ਨਹੀਂ ਮਿਲਦੇ। ਪਰ ਇਹ ਅਸਲ ਵਿਚ ਖਾਹਸ਼ਾਂ-ਭਰਪੂਰ ਅਫਵਾਹਾਂ ਸਨ। ਗਰਿਫਤਾਰੀਆਂ ਦੇਣ ਲਈ ਆਦਮੀਆਂ ਦੀ ਕੋਈ ਕਮੀ ਨਹੀਂ ਸੀ। ਕੁਝ ਚਿਰ ਹੋਰ ਮੋਰਚਾ ਚਲਦਾ ਰਹਿੰਦਾ ਤਾਂ ਸ਼ਾਇਦ ਪਲਟਣੀਆਂ ਦੇ ਜਥੇ ਜਾਣੇ ਸ਼ੁਰੂ ਹੋ ਜਾਂਦੇ।

ਪਿਨਸ਼ਨਰੀ ਜਥੇ ਦੇ ਮੋਰਚੇ ਵਿਚ ਜਾਣ ਤੇ ਕੈਦ ਹੋਣ ਨਾਲ ਸਿੱਖਾਂ ਵਿਚ ਜੋਸ਼ ਤੇ ਉਤਸ਼ਾਹ ਹੋਰ ਵੀ ਵਧ ਗਿਆ। ਅਕਾਲੀ ਤੇ ਪ੍ਰਦੇਸੀ ਆਪਣੇ ਮੁਖ ਲੇਖਾਂ ਵਿਚ ਬੜੀਆਂ ਉਭਾਰਵੀਆਂ ਅਪੀਲਾਂ ਕਰ ਕਰ ਸਿੱਖਾਂ ਨੂੰ ਵੰਗਾਰ ਰਿਹਾ ਸੀ ਕਿ ਕੈਦ ਹੋ ਹੋ ਨੌਕਰਸ਼ਾਹੀ ਦਾ ਢਿਡ ਭਰ ਦਿਓ। ਉਹ ਖਾਲਸਾ ਕਾਲਜ ਦੇ ਗਰੈਜੂਏਟਾਂ ਤੇ ਵਿਦਿਆਰਥੀਆਂ ਨੂੰ ਸੌ ਸੌ ਦੇ ਜਥੇ ਘੱਲਣ ਲਈ ਜ਼ੋਰ ਦੇ ਰਿਹਾ

Digitized by Panjab Digital Library | www.panjabdigilib.org

ਸੀ, ਮਾਝੇ ਮਾਲਵੇ ਤੇ ਦੁਆਬੇ ਦੇ ਅਕਾਲੀਆਂ ਨੂੰ ਇਕ ਸਾਰ ਜਥੇ ਭੇਜਣ ਲਈ ਪਰਚਾਰ ਕਰ ਰਿਹਾ ਸੀ । ਉਸ ਨੇ ਇਹ ਵੀ ਅਪੀਲ ਕੀਤੀ ਸੀ ਕਿ ਇਕ ਇਕ ਪਿੰਡ ਵਿਚੋਂ ਸੌ ਸੌ ਦਾ ਜੱਥਾ ਭੇਜਣ ਦੀ ਤਿਆਰੀ ਕੀਤੀ ਜਾਵੇ । ਹੋਰ ਤਾਂ ਹੋਰ, ਸੂਰਮੇ ਸਿੰਘ ਆਪਣਾ ਜ਼ੱਥਾ ਅਡ ਭੇਜਣ ਦੀਆਂ ਤਿਆ-ਰੀਆਂ ਕਰਨ ਵਿਚ ਲਗੇ ਹੋਏ ਸਨ ।

## 6. ਭੱਜਣ ਦਾ ਰਾਹ ਲਭ ਪਿਆ

ਦੂਜੇ ਪਾਸੇ ਸਰਕਾਰੀ ਅਫਸਰ ਇਸ ਆਹਰ ਵਿਚ ਲਗੇ ਹੋਏ ਸਨ ਕਿ ਨਕ ਨਮੂਜ ਵੀ ਰਹਿ ਜਾਏ ਅਤੇ ਛੁਟਕਾਰਾ ਵੀ ਹਾਸਲ ਹੋ ਜਾਏ । ਦੋਹਾਂ ਗੱਲਾਂ ਦਾ ਇਕ ਸਾਥ ਹੋਣਾ ਅਸੰਭਵ ਸੀ । ਸਰਕਾਰੀ ਅਫਸਰਾਂ ਵਲੋਂ ਛੁਟਕਾਰਾ ਹਾਸਲ ਕਰਨ ਲਈ ਕਿਸੇ ਵਿਚੋਲੇ ਦਾ ਲਭਣਾ ਹੀ ਕਮਜ਼ੋਰੀ ਦੀ ਨਿਸ਼ਾਨੀ ਸੀ । ਆਖਰ ਸਰ ਗੰਗਾ ਰਾਮ[1] ਲਾਹੌਰ ਉਹਨਾਂ ਦੀ ਬਾਂਹ ਫੜਨ ਲਈ ਬਹੁੜ ਪਿਆ । ਉਸ ਨੇ ਸੁਝਾਅ ਦਿਤਾ ਕਿ ਉਹ ਮਹੰਤ ਦੀ ਜ਼ਮੀਨ ਇਕ ਸਾਲ ਲਈ ਪਟੇ ਤੇ ਲੈ ਲਏਗਾ ਅਤੇ ਜ਼ਿਲਾ ਮੈਜਿਸਟਰੇਟ (ਡੰਨਿਟ) ਨੂੰ ਬੇਨਤੀ ਕਰੇਗਾ ਕਿ ਪੁਲਸ ਦੀ ਲੋੜ ਨਹੀਂ, ਇਸ ਲਈ ਪੁਲਸ ਵਾਪਸ ਬੁਲਾ ਲਈ ਜਾਵੇ ।

ਇਸ ਫਸ-ਫਸਾਅ ਵਿਚੋਂ ਨਿਕਲਣ ਲਈ ਇਹ ਤਜਵੀਜ਼ ਚੰਗੀ ਸੀ, ਪਰ ਮਹੰਤ ਨੂੰ ਇਸ ਤੇ ਸਹਿਮਤ ਕਰਨਾ ਜ਼ਰੂਰੀ ਸੀ । ਬਗੈਰ ਮਹੰਤ ਦੀ ਰਜ਼ਾਮੰਦੀ ਦੇ ਇਹ ਸਿਰੇ ਨਹੀਂ ਸੀ ਚੜ੍ਹ ਸਕਦੀ । ਅਤੇ ਮਹੰਤ ਦਾ ਮਨਾਣਾ ਆਸਾਨ ਨਹੀਂ ਸੀ ਕਿਉਂਕਿ ਉਹ ਹੁਣ ਨਾ ਘਰ ਦਾ ਰਹਿੰਦਾ ਸੀ ਨਾ ਘਾਟ ਦਾ । ਪਰ ਅਫਸਰਾਂ ਨੇ ਉਸ ਦੇ ਗਲ ਵਿਚ ਅੰਗੂਠਾ ਦੇ ਕੇ ਗੰਗਾਰਾਮ ਨੂੰ ਜ਼ਮੀਨ

---

[1] ਸਰ ਗੰਗਾ ਰਾਮ ਨੇ ਆਪਣੀ ਇਕ ਚਿੱਠੀ ਵਿਚ ਮੰਨਿਆ ਸੀ ਕਿ (1) ਕਿੱਕਰਾਂ ਦੀ ਝੰਗੀ ਉਸ ਜ਼ਮੀਨ ਵਿਚ ਹੈ ਜੋ ਮਾਲ ਦੇ ਕਾਗਜ਼ਾਂ ਵਿਚ ਗੁਰਦੁਆਰੇ ਦੇ ਨਾਮ ਦਰਜ਼ ਹੈ । ਅਤੇ (2) 31 ਜਨਵਰੀ 1921 ਨੂੰ ਮਹੰਤ ਤੇ ਸ਼੍ਰੋਮਣੀ ਕਮੇਟੀ ਦਾ ਆਪੋ ਵਿਚ ਫੈਸਲਾ ਹੋ ਗਿਆ ਸੀ ।[2] ਪਰ ਉਹਨਾਂ ਦੀ ਇਹ ਗੱਲ ਮੰਨਣ ਦੇ ਯੋਗ ਨਹੀਂ ਕਿ ਸਥਾਨਕ ਅਫਸਰਾਂ ਨੇ ਸਰਕਾਰ ਨੂੰ ਗਲਤ ਫਹਿਮੀ ਵਿਚ ਰਖਿਆ । ਨਾ ਹੀ ਇਹ ਗੱਲਾਂ ਮੰਨੀਆਂ ਜਾ ਸਕਦੀਆਂ ਹਨ ਕਿ ਸਰਕਾਰ ਨੂੰ ਗੁਰੂ ਕੇ ਬਾਗ ਦੇ ਇਤਿਹਾਸ ਬਾਰੇ ਗਲਤ ਖਬਰ ਦਿਤੀ ਗਈ ਸੀ ਅਤੇ ਇਹ ਵੀ ਦਸਿਆ ਗਿਆ ਸੀ ਕਿ ਸਾਰਾ ਪੰਥ ਸ਼੍ਰੋਮਣੀ ਕਮੇਟੀ ਦੀ ਪਿੱਠ ਉਤੇ ਨਹੀਂ ਹੈ । ਇਹ ਦੋਵੇਂ ਗੱਲਾਂ ਝੂਠੀਆਂ ਹਨ ਜਿਹੜੀਆਂ ਸਰ ਗੰਗਾ ਰਾਮ ਨੇ ਅਫਸਰਾਂ ਦੇ ਮੂੰਹੋਂ ਸੁਣਕੇ ਕਹਿ ਦਿਤੀਆਂ । ਏਹੋ ਜੇਹੀਆਂ ਗਲਾਂ ਕੁੰਜੀਆਂ ਦੇ ਮਾਮਲੇ ਵੇਲੇ ਵੀ ਹੋਈਆਂ ਸਨ । ਅੰਗਰੇਜ਼ ਸਾਮਰਾਜ ਦੀਆਂ ਕੁਟਲ ਨੀਤੀਆਂ ਨੂੰ ਸਮਝਣ ਵਾਲਾ ਹਰ ਸੂਝਦਾਰ ਸੱਜਣ ਜਾਣਦਾ ਹੈ ਕਿ ਸਥਾਨਕ ਅਫਸਰ ਹਰ ਇਕ ਗੱਲ ਦੀ ਖਬਰ ਉਤੇ ਪਹੁੰਚਾਂਦੇ ਸਨ ਅਤੇ ਉਤਲੀ ਪਾਲਿਸੀ ਨੂੰ ਅਮਲ ਵਿਚ ਲਿਆਣ ਵਿਚ ਰਤੀਮਾਸਾ ਏਧਰ ਓਧਰ ਨਹੀਂ ਸਨ ਹੋ ਸਕਦੇ । ਏਹੋ ਕਾਰਣ ਸੀ ਕਿ ਗੌਰਮਿੰਟ ਦੇ ਏਨੀ ਬਦਨਾਮ ਤੇ ਦੁਰੇ ਦੁਰੇ ਹੋ ਜਾਣ ਦੇ ਬਾਵਜੂਦ, ਕਿਸੇ ਮੁਕਾਮੀ ਅਫਸਰ ਦੇ ਖਿਲਾਫ ਇਸ ਵਿਗਾੜ ਤੇ ਅਸਫਲਤਾ ਦੇ ਕਾਰਣ ਮਮੂਲੀ ਨੁਕਤਾਚੀਨੀ ਤਕ ਵੀ ਨਹੀਂ ਕੀਤੀ ਗਈ, ਅਹੁਦੇ ਤੋਂ ਥੱਲੇ ਲਾਹੁਣ ਦੀ ਸਜ਼ਾ ਦੇਣਾ ਤਾਂ ਵੱਡੀ ਗੱਲ ਹੀ ਸਹੀ । ਆਗੂਆਂ ਦੇ ਮੁਕੱਦਮੇ ਵਿਚ ਸਰਕਾਰ ਦੇ ਆਪਣੇ ਬੰਦੇ ਪਰਵਾਨ ਕਰ ਰਹੇ ਸਨ ਕਿ ਕਿੱਕਰਾਂ ਵਾਲੀ ਥਾਂ ਮਹੰਤ ਦੇ ਨਾਮ ਦੇ ਖਾਨੇ ਵਿਚ ਦਰਜ ਨਹੀਂ ।

[2] ਅਕਾਲੀ ਤੇ ਪ੍ਰਦੇਸੀ : 29 ਨਵੰਬਰ 1922.

Digitized by Panjab Digital Library | www.panjabdigilib.org

ਪਟੇ ਤੇ ਦੇਣ ਲਈ ਮਨਾ ਲਿਆ ਅਤੇ ਇਹਨਾਂ ਦੋਹਾਂ ਨੇ ਹੀ ਜ਼ਿਲਾ ਮੈਜਿਸਟਰੇਟ ਨੂੰ ਲਿਖ ਕੇ ਦੇ ਦਿਤਾ ਕਿ ਉਹਨਾਂ ਨੂੰ ਪੁਲਸ ਦੀ ਰਖਿਆ ਦੀ ਲੋੜ ਨਹੀਂ। ਇਸ ਦਰਖਾਸਤ ਤੇ ਪੁਲਸ 18 ਨਵੰਬਰ 1922 ਨੂੰ ਵਾਪਸ ਬੁਲਾ ਲਈ ਗਈ।

ਇਸ ਸਫਲਤਾ ਤੇ ਜਿਹੜੀ ਅਫਸਰਾਂ ਨੂੰ ਖੁਸ਼ੀ ਹੋਈ ਉਹ ਸਰਕਾਰੀ ਮਿਸਲਾਂ ਦੀ ਜ਼ਬਾਨੀ ਸੁਣੋ : 'ਮੈਂ ਇਹ ਵੀ ਲਿਖਦਾ ਹਾਂ ਕਿ ਗਵਰਨਰ-ਇਨ-ਕੌਂਸਲ ਇਸ ਬੰਦੋਬਸਤ ਬਾਰੇ ਹਿੰਦੁਸਤਾਨ ਦੀ ਗੌਰਮਿੰਟ ਨੂੰ ਦਸਣ ਦੇ ਯੋਗ ਹੋ ਕੇ ਬੜਾ ਖੁਸ਼ ਹੋਵੇਗਾ। ਇਸ ਦੇ ਅਰਥ, ਆਸ ਕੀਤੀ ਜਾਂਦੀ ਏ, ਗੁਰੂ ਕੇ ਬਾਗ ਵਿਚ ਰੋਜ਼ਾਨਾ ਗਰਿਫਤਾਰੀਆਂ ਦਾ ਖਾਤਮਾ ਹੋਣਗੇ। ਪਰਬੰਧਕ ਕਮੇਟੀ ਗਾਲਬਨ ਬੜੀ ਹਦ ਤਕ ਹੈਰਾਨ ਹੋ ਜਾਏਗੀ ਪਰ ਉਹਨਾਂ ਨੂੰ ਸਮਾਪਤ ਹੋ ਚੁਕੇ ਕਾਰਜ ਨਾਲ ਨਜਿਠਣਾ ਪਏਗਾ ਜਿਸ ਨੂੰ ਉਹ ਸਰਕਾਰ ਦੀ ਸ਼ਿਕਸਤ ਪੇਸ਼ ਕਰਨ ਵਿਚ ਮੁਸ਼ਕਲ ਮਹਿਸੂਸ ਕਰਨਗੇ ਕਿਉਂਕਿ ਮਹੰਤ ਤੇ ਪਟੇਦਾਰ ਵਿਚਕਾਰ ਸਮਝੌਤਾ ਦੋਂਹ ਪਰਾਈਵੇਟ ਆਦਮੀਆਂ ਵਿਚਕਾਰ ਸਮਝੌਤਾ ਹੈ। ਪਟੇ ਤੇ ਜ਼ਮੀਨ-ਲੈਣ ਦਾ ਵਿਚਾਰ ਸਰ ਗੰਗਾ ਰਾਮ ਦੀ ਤਰਫੋਂ ਆਇਆ, ਪਰ ਗਲਬਾਤ ਵੇਲੇ ਉਸ ਨੂੰ ਅਫਸਰਾਂ ਵਲੋਂ ਸਹਾਇਤਾ ਦਿਤੀ ਗਈ। ਇਸ ਵੇਲੇ ਇਹ ਕਹਿਣਾ ਮੁਸ਼ਕਲ ਹੈ ਕਿ ਪਰਬੰਧਕ ਕਮੇਟੀ ਦਾ ਅਗਲਾ ਕਦਮ ਕੀ ਹੋਵੇਗਾ। ਪਰ ਇਹ ਯਕੀਨਨ ਸੰਭਵ ਹੈ ਕਿ ਉਹ ਏਹੋ ਜੇਹੀ ਐਜੀ-ਟੇਸ਼ਨ ਕਿਸੇ ਹੋਰ ਗੁਰਦੁਆਰੇ ਵਿਚ ਖੜੀ ਕਰਨ ਦਾ ਯਤਨ ਕਰਨ।"[1]

ਪੰਜਾਬ ਗੌਰਮਿੰਟ ਨੂੰ ਅਨੁਭਵ ਹੋ ਗਿਆ ਸੀ ਕਿ ਅਕਾਲੀਆਂ ਨੂੰ ਗਰਿਫਤਾਰ ਕਰ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਝੁਕਾਇਆ ਨਹੀਂ ਜਾ ਸਕਦਾ। ਲਗ ਭਗ ਸਾਢੇ ਪੰਜ ਹਜ਼ਾਰ ਅਕਾਲੀ ਫੜੇ ਜਾ ਚੁੱਕੇ ਸਨ ਅਤੇ ਕਈ ਹਜ਼ਾਰ ਹੋਰ ਗਰਿਫਤਾਰੀ ਦੇਣ ਲਈ ਤਿਆਰ ਹੋ ਰਹੇ ਤੇ ਹੁੰਦੇ ਜਾਂਦੇ ਸਨ। ਏਹੋ ਨਤੀਜਾ ਕਢੱਣ ਪਿਛੋਂ ਹੀ, ਜਾਪਦਾ ਹੈ, ਗਵਰਨਰ ਪੰਜਾਬ ਨੇ ਵਾਇਸਰਾਏ ਨੂੰ ਇਕ ਪਰਾਈਵੇਟ ਤੇ ਨਿੱਜੀ ਤਾਰ ਵਿਚ ਲਿਖਿਆ ਸੀ : "ਪਰ ਸਾਡਾ ਵਰਤਮਾਨ ਰਵੱਈਆ ਇਹ ਹੈ ਕਿ ਅਸੀਂ ਗਰਿਫਤਾਰੀਆਂ ਝਬਦੇ ਹੀ ਬੰਦ ਕਰਨ ਨੂੰ ਬੜੀ ਮਹੱਤਤਾ ਦੇਂਦੇ ਹਾਂ। ...ਅਸੀਂ ਯਕੀਨ ਕਰਦੇ ਹਾਂ ਕਿ ਕਾਨੂੰਨ ਸਿਰਜਣ ਨਾਲ ਆਪਣੇ ਆਪ ਵਿਚ, ਕਿਸੇ ਸ਼ਕਲ ਵਿਚ ਵੀ, ਕੋਈ ਸਿੱਟਾ ਨਹੀਂ ਨਿਕਲੇਗਾ, ਕਿਉਂਕਿ ਪਰਬੰਧਕ ਕਮੇਟੀ ਜਿਹੜੀ ਗਰਿਫਤਾਰੀਆਂ ਨੂੰ ਜਥੇਬੰਦ ਕਰ ਰਹੀ ਹੈ, ਕਾਨੂੰਨ ਸਿਰਜਣਾ ਦੇ ਬਾਵਜੂਦ, ਆਪਣੇ ਰਵੱਈਏ ਵਿਚ ਕੋਈ ਤਬਦੀਲੀ ਨਹੀਂ ਲਿਆਏਗੀ। ...ਅਸੀਂ ਮਹਿਸੂਸ ਕਰਦੇ ਹਾਂ ਕਿ ਸਮਝੌਤਾ ਕਰਾਣ ਦੀ ਹੌਸਲਾ ਵਧਾਈ ਵਿਚ ਅਸੀਂ ਠੀਕ ਗਲ ਕਰ ਰਹੇ ਹੋਵਾਂਗੇ।"[2]

ਅਤੇ ਸ਼੍ਰੋਮਣੀ ਕਮੇਟੀ ਨੂੰ ਪਹਿਲੋਂ ਹੀ ਸੂਹ ਮਿਲ ਗਈ ਸੀ ਕਿ ਸਰਕਾਰ ਕੋਈ ਵਿਚੋਲਾ ਲਿਆ ਕੇ ਮੋਰਚੇ ਵਿਚੋਂ ਆਪਣਾ ਸਿਰ ਕਢਣ ਦਾ ਆਹਰ-ਪਾਹਰ ਕਰ ਰਹੀ ਹੈ। ਅਕਾਲੀ ਤੇ ਪ੍ਰਦੇਸੀ ਨੇ ਆਪਣੇ ਮੁਖ ਲੇਖ ਵਿਚ ਲਿਖਿਆ ਸੀ : "ਗੁਰਦੁਆਰਾ ਕਮੇਟੀ ਨੇ ਇਕ ਇਲਾਨ (ਨੰਬਰ 250) ਕਢਿਆ ਹੈ ਕਿ ਸਰਕਾਰ ਕਿਸੇ ਆਦਮੀ ਦੇ ਰਾਹੀਂ ਗੁਰੂ ਕੇ ਬਾਗ ਦੀ ਜ਼ਮੀਨ ਠੇਕੇ ਤੇ ਲੈ ਕੇ ਗਰਿਫਤਾਰੀਆਂ ਬੰਦ ਕਰਨਾ ਚਾਹੁੰਦੀ ਹੈ ਤੇ ਇਹ ਵਡਾ ਖਤਰਾ ਸਾਮ੍ਹਣੇ ਆ ਰਿਹਾ ਹੈ। ਮੀਆਂ ਸਾਹਿਬ (ਸਰ ਫਜ਼ਲਿ ਹੁਸੈਨ) ਕਹਿੰਦੇ ਹਨ ਕਿ ਜੇ ਕੋਈ ਭਲਾ ਮਾਣਸ ਆਦਮੀ ਇਸ ਤਰ੍ਹਾਂ ਨਾਲ ਗਰਿਫਤਾਰੀਆਂ ਬੰਦ ਕਰਾ ਦੇਵੇ ਤਾਂ ਇਸ ਵਿਚ ਗੁਰਦੁਆਰਾ ਕਮੇਟੀ ਨੂੰ ਕੀ ਡਰ

---

[1] Demi-Official Letter from H. D. Craik Dated Lahore 17th Nov. 1922 to Mr. S. P. O' Donnell.

[2] Telegram P.no. 1314 5th Nov. 1922 (File no. 914)

Digitized by Panjab Digital Library | www.panjabdigilib.org

ਹੈ।'' (16 ਨਵੰਬਰ 1922)। ਅਕਾਲੀ ਤੇ ਪ੍ਰਦੇਸੀ ਦੀ ਰਾਏ ਵਿਚ ਅਸਲ ਕਾਰਨ ਇਹ ਸੀ ਕਿ 'ਸਰਕਾਰ ਇਸ ਝਗੜੇ ਵਿਚੋਂ ਝੂਠੀ ਹੋਣ ਕਰਕੇ ਤੇ ਦੂਜੇ, ਮਾਰ ਕੁਟਾਈ ਕਰਨ ਨਾਲ ਫਿਟਕਾਰੀ ਜਾਣ ਕਰਕੇ ਨਿਕਲਣਾ ਚਹੁੰਦੀ ਹੈ। ਪਰ ਇਸ ਦੇ ਨਿਕਲਣ ਦਾ ਭਾਵ ਫੈਸਲਾ ਕਰ ਲੈਣਾ ਨਹੀਂ। ਇਸ ਦਾ ਭਾਵ ਇਹ ਹੈ ਕਿ ਏਥੋਂ ਨਿਕਲਕੇ ਹੋਰ ਚੰਗੀ ਜੇਹੀ ਥਾਂ ਸਿੰਘਾਂ ਦਾ ਟਾਕਰਾ ਕਰੇ।' ਇਸ ਵੇਲੇ ਨਾ ਤਾਂ ਗੌਰਮਿੰਟ ਅਕਾਲੀਆਂ ਨੂੰ ਰਿਹਾ ਕਰਨ ਦੀ ਰੌਂਅ ਵਿਚ ਸੀ ਅਤੇ ਨਾ ਹੀ ਗੁਰਦੁਆਰਾ ਸਵਾਲ ਦਾ ਹਲ ਕਰਨਾ ਚਹੁੰਦੀ ਸੀ। ਉਸ ਦਾ ਨਿਸ਼ਾਨਾ ਇਸ ਵੇਲੇ ਕੇਵਲ ਮੋਰਚੇ ਵਿਚੋਂ ਆਪਣਾ ਸਿਰ ਕਢਣਾ ਸੀ।

ਅਤੇ ਇਹ ਅਕਾਲੀਆਂ ਦੇ ਏਕੇ, ਜਥੇਬੰਦੀ ਤੇ ਕੁਰਬਾਨੀ ਦੀ ਇਕ ਹੋਰ ਜਿੱਤ ਸੀ। ਰਾਏ ਬਹਾਦਰ ਗੰਗਾ ਰਾਮ ਨੇ 16 ਨਵੰਬਰ ਨੂੰ ਡੀ. ਸੀ. ਦੀ ਕੋਠੀ ਉਤੇ ਮਹੰਤ ਸੁੰਦਰ ਦਾਸ ਤੋਂ ਜ਼ਮੀਨ ਦਾ 2000 ਰੁਪਏ ਸਾਲ ਉਤੇ ਠੇਕਾ ਲੈ ਲਿਆ। ਇਸ ਠੇਕੇ ਦੇ ਕਾਗਜ਼ ਦਾ ਲਿਖਣ ਵਾਲਾ ਤਹਿਸੀਲਦਾਰ ਸੀ ਤੇ ਇਕ ਗਵਾਹ ਸਰਕਾਰੀ ਵਕੀਲ ਦਾ ਮੁਣਸ਼ੀ ਸੀ। ਸਾਫ ਜ਼ਾਹਰ ਹੈ ਕਿ ਇਸ ਸਾਰੀ ਕਾਰਵਾਈ ਪਿੱਛੇ ਸਰਕਾਰੀ ਹਾਕਮ ਕੰਮ ਕਰ ਰਹੇ ਸਨ। ਇਹ ਦੋਹਾਂ ਵਿਅਕਤੀਆਂ ਵਿਚਕਾਰ ਨਿਜੀ ਸਮਝੌਤਾ ਨਹੀਂ ਸੀ। ਲੋਕਾਂ ਵਲੋਂ ਇਸ ਮੋਰਚੇ ਵਿਚ ਇਹ ਸਿੱਟਾ ਕਢਣਾ ਸੁਭਾਵਕ ਸੀ ਕਿ ਗੌਰਮਿੰਟ ਫੇਰ ਹਾਰ ਗਈ ਹੈ ਅਤੇ ਇਹ ਵੀ ਕੁਦਰਤੀ ਸੀ, ਸ਼੍ਰੋਮਣੀ ਕਮੇਟੀ ਦੇ ਸਿਰ ਥਾਂ-ਥਾਂ ਹਿੰਦੁਸਤਾਨ ਵਿਚ ਕੇਸਰ ਪਵੇ।

ਗੁਰੂ ਕੇ ਬਾਗ ਦੀ ਜਿੱਤ ਦਾ ਸਿਹਰਾ ਹਿੰਦੁਸਤਾਨ ਦੇ ਹਿੰਦੂ, ਮੁਸਲਮਾਨ ਤੇ ਈਸਾਈ ਲੋਕਾਂ ਤੇ ਆਗੂਆਂ ਦੀ ਅਮਲੀ ਮਦਦ ਤੇ ਲਾਮਬੰਦੀ ਦੇ ਸਿਰ ਵੀ ਘੱਟ ਨਹੀਂ। ਅੰਗਰੇਜ਼ ਹਾਕਮਾਂ ਨੇ ਅੱਤ ਦਾ ਤਸ਼ੱਦਦ ਤੇ ਅੱਤਿਆਚਾਰ ਵਰਤਕੇ ਗੁਰਦੁਆਰਾ ਤਹਿਰੀਕ ਨੂੰ ਤੋੜਨ ਦਾ ਤਹੱਈਆ ਕੀਤਾ ਹੋਇਆ ਸੀ। ਸਭ ਤੋਂ ਵੱਧ ਕਾਂਗਰਸ ਤੇ ਖਿਲਾਫਤ ਕਮੇਟੀ ਨੇ ਤਹਿਰੀਕ ਦੀ ਹਰ ਤਰ੍ਹਾਂ ਮਦਦ ਕੀਤੀ। ਉਹਨਾਂ ਨੇ ਆਪਣੇ ਆਪਣੇ ਖਰਚ ਤੇ ਡਾਕਟਰ ਭੇਜੇ, ਹਾਲਾਤ ਦਾ ਮੌਕੇ ਤੇ ਜਾ ਕੇ ਅਧਿਅਨ ਕਰਨ ਲਈ ਆਗੂ ਭੇਜੇ ਅਤੇ ਅੰਗਰੇਜ਼-ਰਾਜ ਦੇ ਜ਼ੁਲਮਾਂ ਦਾ ਭਾਂਡਾ ਭੰਨਣ ਲਈ ਆਪਣੇ ਅਖਬਾਰਾਂ ਦੇ ਕਾਲਮਾਂ ਦੇ ਕਾਲਮ ਗੁਰੂ ਕੇ ਬਾਗ ਦੇ ਸੰਗਰਾਮ ਦੇ ਅਰਪਨ ਕਰ ਦਿਤੇ ਅਤੇ ਆਪਣੀਆਂ ਜਥੇਬੰਦੀਆਂ ਵਿਚ ਅਕਾਲੀਆਂ ਦੀ ਬਹਾਦਰੀ ਦੇ ਅਤੇ ਹਕੂਮਤ ਦੇ ਤਸ਼ੱਦਦ ਦੀ ਨਿਖੇਧੀ ਦੇ ਮਤੇ ਪਾਸ ਕੀਤੇ। ਇਹ ਹਿੰਦੁਸਤਾਨ ਦੀ ਮਿਲਵੀਂ ਤੇ ਇਕ-ਜੁਟੱਵੀਂ ਆਵਾਜ਼ ਸੀ ਜਿਸ ਨੇ ਹੈਂਕੜਖਾਨ ਅੰਗਰੇਜ਼ ਹਾਕਮਾਂ ਨੂੰ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼੍ਰੋਮਣੀ ਕਮੇਟੀ ਸਾਮ੍ਹਣੇ ਹਥਿਆਰ ਸੁੱਟਣ ਤੇ ਮਜਬੂਰ ਕੀਤਾ।

## 7. ਸ਼੍ਰੋਮਣੀ ਲੀਡਰਾਂ ਦੀ ਰਿਹਾਈ

ਗੁਰੂ ਕੇ ਬਾਗ ਦੇ ਪਰਸੰਗ ਵਿਚ 14 ਸਤੰਬਰ 1922 ਨੂੰ ਫੜੇ ਗਏ ਅਕਾਲੀ ਆਗੂਆਂ ਦਾ ਅਮਰਿਤਸਰ ਕੇਸ ਬੜਾ ਲੰਮਾ ਹੋ ਗਿਆ ਸੀ। ਇਹਨਾਂ ਨੇ ਆਮ ਅਕਾਲੀਆਂ ਵਾਂਗ ਅਦਾਲਤ ਨਾਲ ਨਾ-ਮਿਲਵਰਤਨ ਨਹੀਂ ਸੀ ਕੀਤੀ, ਸਗੋਂ ਸਫਾਈ ਦੇ ਗੁਆਹ ਭੁਗਤਾਏ ਸਨ। ਇਸ ਕੇਸ ਵਿਚ ਘੱਟੋ ਘੱਟ ਦੋ ਗੱਲਾਂ ਸਾਬਤ ਹੋ ਗਈਆਂ ਸਨ। ਇਕ ਇਹ ਕਿ ਮਹੰਤ ਸੁੰਦਰ ਦਾਸ ਬਦਚਲਨ ਸੀ ਅਤੇ ਪਰਾਈਆਂ ਔਰਤਾਂ ਨਾਲ ਨਾਜਾਇਜ਼ ਸੰਬੰਧ ਰਖਦਾ ਸੀ; ਦੂਜੇ ਇਹ ਕਿ ਜਿਸ ਜ਼ਮੀਨ ਤੋਂ ਲਕੜੀਆਂ ਕੱਟਣ ਦੇ ਕਾਰਣ ਸਰਕਾਰ ਅਕਾਲੀ ਤਹਿਰੀਕ ਤੇ ਤਸ਼ੱਦਦ ਤੇ ਗਰਿਫ-ਤਾਰੀਆਂ ਕਰ ਰਹੀ ਸੀ, ਉਹ ਮਹੰਤ ਦੀ ਨਿੱਜੀ ਜਾਇਦਾਦ ਨਹੀਂ ਸੀ, ਸਗੋਂ ਗੁਰਦੁਆਰੇ ਦੇ ਨਾਮ

Digitized by Panjab Digital Library | www.panjabdigilib.org

ਦਰਜ ਸੀ—ਜਿਸ ਤੇ ਸ਼੍ਰੋਮਣੀ ਕਮੇਟੀ ਦਾ ਕਬਜ਼ਾ ਸੀ। ਇਹ ਗੱਲ ਨਾ ਸਿਰਫ ਸਰਕਾਰ ਦੇ ਮੁਲਾਜ਼ਮ ਅਫਸਰਾਂ ਨੇ ਹੀ ਆਪਣੀਆਂ ਗੁਆਹੀਆਂ ਵਿਚ, ਮਾਲ ਦੇ ਰਿਕਾਰਡ ਪੇਸ਼ ਕਰਕੇ ਮੰਨੀ, ਸਗੋਂ ਸਹਿੰਸਰੇ ਦੇ ਲੋਕਾਂ ਨੇ ਵੀ ਗੁਆਹੀ ਦਿਤੀ ਕਿ ਇਹ ਜ਼ਮੀਨ ਉਹਨਾਂ ਨੇ ਗੁਰਦੁਆਰੇ ਨੂੰ ਦਿਤੀ ਸੀ ਮਹੰਤ ਨੂੰ ਨਹੀਂ। ਇਸ ਲਈ ਗੌਰਮਿੰਟ ਦਾ ਕੇਸ ਖੋਖਲਾ ਹੋ ਚੁਕਾ ਸੀ।

ਜੱਜ ਨੇ ਇਸ ਕੇਸ ਦਾ ਫੈਸਲਾ 14 ਮਾਰਚ 1923 ਨੂੰ ਦਿਤਾ। ਉਸ ਨੇ ਇਕ ਆਗੂ ਤੋਂ ਛੁੱਟ ਬਾਕੀ ਸਾਰਿਆਂ ਨੂੰ ਹੀ ਕਸੂਰ ਵਾਰ ਠਹਿਰਾਇਆ ਅਤੇ ਕੇਸ ਦੀ ਲੰਬਾਈ ਦਾ ਖਿਆਲ ਰਖਕੇ ਲੀਡਰਾਂ ਨੂੰ ਉਸੇ ਦਿਨ ਰਿਹਾ ਕਰ ਦਿਤਾ। ਗੌਰਮਿੰਟ ਨੂੰ ਪਤਾ ਸੀ ਕਿ ਇਹ ਕੇਸ ਬਿਲਾ ਵਜ੍ਹਾ ਹੀ—ਸਿਰਫ ਆਗੂਆਂ ਨੂੰ ਅਕਾਲੀ ਤਹਿਰੀਕ ਤੋਂ ਅਲਗ ਕਰਨ ਲਈ—ਕੀਤਾ ਗਿਆ ਸੀ! ਉਹ ਇਸ ਦੀ ਕਾਮਯਾਬੀ ਲਈ ਬੜੀ ਫਿਕਰਮੰਦ ਸੀ। ਉਸ ਨੇ ਸ਼ੁਕਰ ਕੀਤਾ ਜਦੋਂ ਅਕਾਲੀ ਕਸੂਰਵਾਰ ਕਰਾਰ ਦਿਤੇ ਗਏ। ਗੌਰਮਿੰਟ ਨੂੰ ਕੇਸ ਦੀ ਕਾਮਯਾਬੀ ਦੀ ਆਸ ਨਹੀਂ ਸੀ।

ਆਗੂਆਂ ਨੇ ਡਟ ਕੇ ਤਹਿਰੀਕ ਦੀ ਜ਼ਿਮੇਂਵਾਰੀ ਆਪਣੇ ਸਿਰ ਲਈ, ਭਗਤ ਜਸਵੰਤ ਸਿੰਘ ਜਨਰਲ ਸਕਤਰ ਨੇ ਆਖਿਆ : ਸਰਕਾਰ ਸਾਡੇ ਧਰਮ ਵਿਚ ਨਾਜਾਇਜ਼ ਦਖਲ ਦੇ ਰਹੀ ਹੈ...ਮੈਂ ਕਮੇਟੀ ਦਾ ਜਨਰਲ ਸਕਤਰ ਹੋਣ ਦੀ ਹੈਸੀਅਤ ਵਿਚ ਜਥੇ ਲੱਕੜਾਂ ਕੱਟਣ ਲਈ ਘੱਲਦਾ ਰਿਹਾ ਹਾਂ ਮੈਂ ਇਸ ਦੀ ਜੁਮੇਂਵਾਰੀ ਲੈਂਦਾ ਹਾਂ—ਕਮੇਟੀ ਦੇ ਪਰਧਾਨ ਸ: ਮਹਿਤਾਬ ਸਿੰਘ ਨੇ ਆਪਣੇ ਬਿਆਨ ਵਿਚ ਆਖਿਆ : ਗੁਰੂ ਕੇ ਬਾਗ ਉਤੇ 31 ਜਨਵਰੀ (1921) ਤੋਂ ਸ਼੍ਰੋਮਣੀ ਦਾ ਕਬਜ਼ਾ ਹੈ। ਇਸ ਲਈ ਗੁਰਦੁਆਰੇ ਦੀ ਜ਼ਮੀਨ ਵਿਚੋਂ ਬਾਲਣ ਕੱਟਣਾ ਕੋਈ ਜੁ ਮ ਨਹੀਂ।[1]

## 8. ਹੇਲੀ ਵਲੋਂ ਹਾਲਤ ਦਾ ਨਿਰਣਾ

ਇਹਨਾਂ ਦਿਨਾਂ ਵਿਚ ਹੇਲੀ ਖੁਦ ਲਾਹੌਰ ਗਿਆ ਅਤੇ ਉਸਨੇ ਸਥਾਨਕ ਅਫ਼ਸਰਾਂ ਨਾਲ ਵਿਚਾਰ-ਵਟਾਂਦਰਾ ਕਰਨ ਪਿਛੋਂ ਘਰੇਲੂ ਵਜ਼ਾਰਤ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਤਦਵੀਂ ਹਾਲਤ ਦਾ ਮੁਲਅੰਗਣ ਕੀਤਾ। ਚਿੱਠੀ ਅਫਸਰਾਂ ਦੀ ਮਨੋਬਿਰਤੀ ਉਤੇ ਖਿੜਕੀ ਖੋਲ੍ਹਦੀ ਹੈ ਅਤੇ ਕੁਛ ਇਕ ਭੇਦ ਵਿਅਕਤ ਕਰਦੀ ਹੈ। ਉਹ ਲਿਖਦਾ ਹੈ :

"ਇਕ ਸਾਲ ਪਹਿਲੋਂ, ਪਰਬੰਧਕ ਕਮੇਟੀ ਭਾਵੇਂ ਕੁਝ ਅਸਰ ਰੱਖਦੀ ਸੀ—ਪਰ ਸਿੱਖਾਂ ਦੇ ਸਿਰਫ ਇਕ ਹਿੱਸੇ ਦੀ ਪਰਤੀਨਿਧਤਾ ਕਰਦੀ ਸੀ। ਇਹ ਕਾਂਗਰਸ ਦੇ ਹੱਥਾਂ ਵਿਚ ਨਹੀਂ ਸੀ ਗਈ ਅਤੇ ਕਿਸੇ ਕਿਸੇ ਵੇਲੇ ਗੌਰਮਿੰਟ ਨਾਲ ਮਿਲਵਰਤਨ ਕਰਦੀ ਸੀ, ਜਿਵੇਂ ਕਿ ਕਿਰਪਾਨ ਦੀ ਲੰਬਾਈ ਦਾ ਫੈਸਲਾ ਕਰਨ ਵੇਲੇ। ਲੈਜਿਸਲੇਟਿਵ ਕੌਂਸਲ ਦੇ ਮੈਂਬਰ ਭਾਵੇਂ ਇਸ ਨਾਲ ਹਮਦਰਦੀ ਪਰਗਟ ਕਰਦੇ ਸਨ ਪਰ ਪੂਰਣ ਤੌਰ ਤੇ ਇਸ ਦੇ ਅਸਰ ਥੱਲੇ ਨਹੀਂ ਸਨ। ਗਾਲਬਨ ਇਕ ਸਾਲ ਪਹਿਲੋਂ ਕਾਨੂੰਨ ਪਾਸ ਕਰਾਇਆ ਜਾ ਸਕਦਾ ਸੀ ਪਰ ਇਹ ਕਾਰਵਾਈ ਨਾ ਕੀਤੀ ਗਈ ਕਿਉਂਕਿ ਵੱਖਰੀ ਵੱਖਰੀ ਅਫਸਰ ਸ਼ਾਹੀ ਵਿਚਕਾਰ ਪੂਰਣ ਇਕ-ਮੱਤ ਹਾਸਲ ਨਾ ਕੀਤਾ ਜਾ ਸਕਿਆ।

---

[1] ਇਸ ਅਮਰਿਤਸਰ ਕੇਸ ਦੇ ਅਕਾਲੀ ਲੀਡਰ : ਸ. ਮਹਿਤਾਬ ਸਿੰਘ ਪਰਧਾਨ, ਭਗਤ ਜਸਵੰਤ ਸਿੰਘ ਜਨਰਲ ਸਕਤਰ, ਸ: ਨਰਾਇਣ ਸਿੰਘ ਬੈਰਿਸਟਰ ਸ: ਸਰਮੁਖ ਸਿੰਘ ਝਪਾਲ—ਪਰਧਾਨ ਸ਼੍ਰੋਮਣੀ ਅਕਾਲੀ ਦਲ, ਪਰੋਫੈਸਰ ਸਾਹਿਬ ਸਿੰਘ, ਮਾਸਟਰ ਤਾਰਾ ਸਿੰਘ, ਸ: ਰਵੇਲ ਸਿੰਘ, ਤੇਜਾ ਸਿੰਘ ਚੂਹੜਕਾਣਾ ਅਤੇ ਬਾਬਾ ਕੇਹਰ ਸਿੰਘ ਪੱਟੀ ਕਰਿਮੀਨਲ ਕੇਸ ਨੰ: 75/1922, ਅਮਰਿਤਸਰ।

Digitized by Panjab Digital Library | www.panjabdigilib.org

"ਗੁਰੂ ਕੇ ਬਾਗ ਦੀ ਘਟਨਾ ਨੇ ਪਰਬੰਧਕ ਕਮੇਟੀ ਨੂੰ ਨਵੀਂ ਪੁਜ਼ੀਸ਼ਨ ਤੇ ਜ਼ਿੰਦਗੀ ਦੇ ਦਿੱਤੀ। ਕੁੱਟ ਮਾਰ ਨੇ ਅਕਾਲੀ ਧੜੇ ਨਾਲ ਉਹਨਾਂ ਲੋਕਾਂ ਵਿਚਕਾਰ ਵੀ ਹਮਦਰਦੀ ਜਗਾ ਦਿੱਤੀ ਜਿਹੜੇ ਆਮ ਤੌਰ ਤੇ ਅਮਨ ਤੇ ਕਾਨੂੰਨ ਦੇ ਹੱਕ ਵਿਚ ਮਜ਼ਬੂਤ ਸਨ। ਇਸ ਕੁੱਟ ਮਾਰ ਨੇ ਹੋਰ 'ਵਧੇਰੇ ਖਤਰਨਾਕ' ਹਲਕੇ ਵਿਚ ਵੀ ਹਮਦਰਦੀ ਜਗਾ ਦਿੱਤੀ, ਯਾਨੀ ਕਾਂਗਰਸ ਪਾਰਟੀ ਵਿਚ ਜਿਸ ਨੇ ਪਰਬੰਧਕ ਕਮੇਟੀ ਨੂੰ ਫੰਡ ਤੇ ਜਥੇਬੰਦੀ ਮੁਹੱਈਆ ਕਰ ਦਿੱਤੇ। ਯਕੀਨੀ ਤੌਰ ਤੇ ਪੰਡਤ ਮਦਨ ਮੋਹਨ ਮਾਲਵੀਆ ਤੇ ਹੋਰਨਾਂ ਦੇ ਅਮਰਿਤਸਰ ਆਉਣ ਨੇ ਮਸਲੇ ਨੂੰ ਨਵਾਂ ਰੁਖ ਦੇ ਦਿੱਤਾ। ਭਾਵੇਂ ਮਾਰ ਕੁੱਟ ਕਾਫੀ ਛੇਤੀ ਹੀ ਖਤਮ ਕਰ ਦਿਤੀ ਗਈ ਪਰ ਫੇਰ ਵੀ ਇਸ ਦਾ ਜਜ਼ਬਾਤੀ ਅਸਰ ਬਾਕੀ ਰਹਿੰਦਾ ਹੈ ਅਤੇ ਗਰਿਫਤਾਰੀਆਂ ਦੇ ਜਾਰੀ ਰਹਿਣ ਨਾਲ ਅਹਿਸਾਸ ਜ਼ੀਉਂਦਾ ਰਖਿਆ ਜਾ ਰਿਹਾ ਹੈ। ਹਰ ਇਕ ਮਹਿਸੂਸ ਕਰਦਾ ਹੈ ਕਿ ਇਹ ਗਰਿਫਤਾਰੀਆਂ ਇਕ ਪੁਆੜਾ ਹਨ ਜਾਂ ਇਸ ਤੋਂ ਵੀ ਭੈੜੀ ਗੱਲ। ਅਤੇ ਪੰਜਾਬ ਸਰਕਾਰ ਇਹਨਾਂ ਨੂੰ ਖਤਮ ਕਰਕੇ ਖੁਸ਼ ਹੋਵੇਗੀ, ਪਰ ਜੇ ਉਹ ਬੜੀ ਖੁਲ੍ਹੀ ਰਿਆਇਤ ਤੋਂ ਬਗੈਰ ਖਤਮ ਕਰ ਸਕੇ।"

ਹੇਲੀ ਨੇ ਅਕਾਲੀਆਂ ਦੇ ਪੁਰ-ਅਮਨ ਸਤਿਆਗਰਹਿ ਦੀ ਵੀ ਇਕ ਤਰ੍ਹਾਂ ਸਲਾਹੁਤਾ ਕੀਤੀ। ਕਿਉਂਕਿ ਉਸ ਨੇ ਲਿਖਿਆ ਕਿ ਭਾਵੇਂ ਗਰਿਫਤਾਰੀਆਂ ਹੋ ਰਹੀਆਂ ਹਨ ਪਰ ਸੂਬੇ ਵਿਚ ਕੋਈ ਗੰਭੀਰ ਗੜਬੜ ਨਹੀਂ ਜਿਵੇਂ ਕਿ 1907 ਵਿਚ ਜਾਂ ਰੋਲਟ ਐਕਟ ਦੇ ਪਾਸ ਹੋਣ ਪਿਛੋਂ ਹੋਈ ਸੀ। ਏਥੋਂ ਤਕ ਕਿ ਜਥਿਆਂ ਦੇ ਆਉਣ ਵੇਲੇ ਅਮਰਿਤਸਰ ਸ਼ਹਿਰ ਵਿਚ ਵੀ ਕੋਈ ਖਾਸ ਜੋਸ਼ ਖਰੋਸ਼ ਨਹੀਂ ਹੁੰਦਾ। ਹਾਂ, ਫੌਜੀ ਜਥਿਆਂ ਦੇ ਆਉਣ ਵੇਲੇ ਬੜੇ ਮੁਜ਼ਾਹਰੇ ਹੋਏ।

ਅੰਗਰੇਜ਼ ਅਫਸਰ ਆਪਣੀਆਂ ਖੁਫ਼ੀਆ ਚਿੱਠੀਆਂ ਵਿਚ ਤਾਂ ਸ਼੍ਰੋਮਣੀ ਕਮੇਟੀ ਨੂੰ ਪੰਥ ਦਾ ਪਰਤੀਨਿਧ ਮੰਨਦੇ ਸਨ, ਪਰ ਖੁਲ੍ਹੇ ਤੌਰ ਤੇ ਨਹੀਂ। ਖੁਦ ਹੇਲੀ ਮੰਨਦਾ ਹੈ ਕਿ ਪਰਬੰਧਕ ਕਮੇਟੀ ਨੇ ਹੁਣ ਉਹ ਪੁਜ਼ੀਸ਼ਨ ਹਾਸਲ ਕਰ ਲਈ ਹੈ ਜਿਹੜੀ ਉਸ ਨੂੰ ਇਹ ਦਾਅਵਾ ਕਰਨ ਵਿਚ ਦਰੁਸਤ ਠਹਿਰਾਉਂਦੀ ਹੈ ਕਿ ਉਹ ਹਕੀਕੀ ਅਰਥਾਂ ਵਿਚ ਪੰਥ ਦੀ ਪਰਤੀਨਿਧਤਾ ਕਰਦੀ ਹੈ। ਕੌਂਸਲ ਦੇ ਮਿੰਬਰਾਂ ਦੇ ਜ਼ਾਤੀ ਸੁਆਰਥ, ਹੇਲੀ ਦੀ ਰਾਏ ਵਿਚ, ਅਕਾਲੀ ਤਹਿਰੀਕ ਦੇ ਵਿਰੁਧ ਸਨ। ਪਰ ਉਹ ਕਿਸੇ ਅਜੇਹੀ ਤਜਵੀਜ਼ ਲਈ ਵੋਟ ਦੇਣ ਨੂੰ ਤਿਆਰ ਨਹੀਂ ਸਨ ਜਿਸ ਨੂੰ ਪਰਬੰਧਕ ਕਮੇਟੀ ਮਨਜ਼ੂਰ ਨਹੀਂ ਸੀ ਕਰਦੀ। ਉਸ ਦੀ ਇਹ ਵੀ ਰਾਏ ਸੀ ਕਿ ਫੌਜ ਦੇ ਸਿਖ ਅਫਸਰ, ਭਾਵੇਂ ਖੁਲ੍ਹੇ ਤੌਰ ਤੇ ਸਰਕਾਰ ਦੀ ਵਿਰੋਧਤਾ ਕਰਨ ਦੇ ਖਿਲਾਫ ਸਨ ਅਤੇ ਕੋਈ ਗੜਬੜ ਨਹੀਂ ਸਨ ਚਾਹੁੰਦੇ—ਫੇਰ ਵੀ ਪਰਬੰਧਕ ਕਮੇਟੀ ਨੂੰ ਬਹੁ-ਮਤ ਸਿੱਖਾਂ ਦੇ ਧਾਰਮਕ ਖਿਆਲਾਂ ਦੀ ਪਰਤੀਨਿਧ ਸਮਝਦੇ ਸਨ।

ਹੇਲੀ ਚੀਫ ਖਾਲਸਾ ਦੀਵਾਨ ਦੇ ਬਿਲ ਨੂੰ, ਇਸ ਦੀ ਸਦੀਵੀ ਖਸਲਤ ਦੇ ਕਾਰਣ, ਚੰਗਾ ਬਿਲ ਸਮਝਦਾ ਸੀ। ਪਰ ਇਸ ਦੀਆਂ ਕੁਝ ਮਦਾਂ ਉਤੇ ਗੌਰਮਿੰਟ ਵਲੋਂ ਇਤਰਾਜ਼ ਕੀਤੇ ਗਏ। ਇਸ ਲਈ ਇਹ ਛੱਡ ਦਿੱਤਾ ਗਿਆ ਅਤੇ ਸ: ਸੁੰਦਰ ਸਿੰਘ ਜੀ ਨੇ ਇਸ ਵਿਚ ਦਿਲਚਸਪੀ ਲੈਣੀ ਛੱਡ ਦਿੱਤੀ। ਗੌਰਮਿੰਟ ਨੇ ਛਪਿਆ ਹੋਇਆ ਹੀ ਆਰਜ਼ੀ ਬਿਲ ਕੌਂਸਲ ਵਿਚ ਪੇਸ਼ ਕਰ ਦਿੱਤਾ। ਇਸ ਦਾ ਕਮਜ਼ੋਰ ਨੁਕਤਾ, ਹੇਲੀ ਦੀ ਨਜ਼ਰ ਵਿਚ, ਬਿਲ ਦਾ ਆਰਜ਼ੀ ਹੋਣਾ ਅਤੇ ਮਸਲੇ ਨੂੰ ਸਦਾ ਲਈ ਹੱਲ ਨਾ ਕਰ ਸਕਣਾ ਸੀ। ਦੂਜੇ ਇਸ ਦੇ ਥੱਲੇ ਇਕ ਕੇਂਦਰੀ ਕਮੇਟੀ ਬਣਾਈ ਜਾਣੀ ਸੀ ਅਤੇ ਪਰਬੰਧਕ ਕਮੇਟੀ ਜਾਂ ਲੋਕਲ ਕੌਂਸਲ ਦੇ ਮਿੰਬਰਾਂ ਵਲੋਂ ਨਾਮਜ਼ਦਗੀਆਂ ਕਰਨੋਂ ਇਨਕਾਰ ਕਰਨ ਉਤੇ ਇਹ ਕਮੀ ਗੌਰਮਿੰਟ ਨੂੰ ਪੂਰੀ ਕਰਨੀ ਪੈਣੀ ਸੀ। ਕੌਂਸਲ ਦੇ ਸਿੱਖ

Digitized by Panjab Digital Library | www.panjabdigilib.org

ਮਿੰਬਰਾਂ ਨੇ ਵੀ ਇਸ ਬਿਲ ਦਾ ਬਾਈਕਾਟ ਕਰ ਦਿੱਤਾ ਸੀ। ਏਥੋਂ ਤਕ ਕਿ ਉਹਨਾਂ ਨੇ ਸੀਲੈਕਟ ਕਮੇਟੀ ਵਿਚ ਵੀ ਮਿਲਵਰਤਨ ਦੇਣੋਂ ਨਾਂਹ ਕਰ ਦਿੱਤੀ ਸੀ।

ਹੇਲੀ ਦੇ ਸ਼ਬਦਾਂ ਵਿਚ ਅਫਸਰ ਦੋਂਹ ਰਾਵਾਂ ਵਿਚ ਵੰਡੇ ਹੋਏ ਸਨ। ਇਕ ਰਾਏ ਇਸ ਗੱਲ ਨਾਲ ਸੰਤੁਸ਼ਟ ਸੀ ਕਿ ਗੌਰਮਿੰਟ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਹੈ ਅਤੇ ਫੌਜ ਦੇ ਸਾਹਮਣੇ ਰੱਖਣ ਲਈ ਪ੍ਰੋਪੇਗੰਡੇ ਦੀ ਚੰਗੀ ਮੱਦ ਹਾਸਲ ਕਰ ਲਈ ਹੈ। ਇਹ ਬਿਲ ਸਰਕਾਰ ਨੂੰ ਇਹ ਦਾਅਵਾ ਕਰਨ ਦੇ ਯੋਗ ਬਣਾ ਦੇਵੇਗਾ ਕਿ ਉਹਨਾਂ ਨੇ, ਰੂਹਾਨੀ ਮਨੋਰਥਾਂ ਲਈ ਵਸੀਲੇ ਹਾਸਲ ਕਰਨ ਦਾ ਸਸਤਾ ਤੇ ਝਟਪਟਵਾਂ ਤਰੀਕਾ ਸਿੱਖਾਂ ਦੀ ਪਹੁੰਚ ਵਿਚ ਲਿਆ ਦਿੱਤਾ ਹੈ। ਦੂਜੀ ਰਾਏ ਦਾ ਦਾਅਵਾ ਇਹ ਸੀ ਕਿ ਕਾਨੂੰਨ ਕੋਈ ਯੋਗ ਹਲ ਨਹੀਂ ਪੇਸ਼ ਕਰੇਗਾ, ਨਾ ਕਰ ਹੀ ਸਕਦਾ ਹੈ। ਇਸ ਲਈ ਉਹ ਬਿਲ ਦੇ ਪਾਸ ਹੋ ਜਾਣ ਪਿਛੋਂ ਕੁਛ ਥੋੜ੍ਹੇ ਵਕਤ ਲਈ ਇੰਤਜ਼ਾਰ ਕਰਨ ਦੇ ਹੱਕ ਵਿਚ ਸੀ ਅਤੇ ਫੇਰ ਕਮੇਟੀ ਦੇ ਰਹਿੰਦੇ ਮਿੰਬਰਾਂ ਉਤੇ ਵੀ ਮੁਕਦਮੇ ਚਲਾਣ ਦੀ ਮੁਹਿੰਮ ਜਾਰੀ ਕਰਨ ਵਾਲੀ ਸੀ।[1]

ਇਹ ਆਰਜ਼ੀ ਬਿਲ, ਸਾਫ਼ ਜ਼ਾਹਰ ਕਰਦਾ ਹੈ ਕਿ ਸਰਕਾਰ ਨੇ ਆਪਣੀਆਂ ਮੁਸ਼ਕਲਾਂ ਹੱਲ ਕਰਨ ਲਈ ਪੇਸ਼ ਕੀਤਾ ਸੀ। ਇਸ ਦਾ ਮਕਸਦ ਗੁਰਦੁਆਰਾ ਸੁਧਾਰ ਦਾ ਮਸਲਾ ਹੱਲ ਕਰਨਾ ਨਹੀਂ ਸੀ। ਕਿਉਂਕਿ ਸ਼੍ਰੋਮਣੀ ਕਮੇਟੀ, ਕੌਂਸਲ ਦੇ ਸਿੱਖ ਮਿੰਬਰ, ਤਮਾਮ ਸਿੱਖ ਸੰਸਥਾਵਾਂ ਇਸ ਬਿਲ ਦੇ ਖ਼ਿਲਾਫ਼ ਸਨ। ਇਸ ਦਾ ਮਕਸਦ ਇਕ ਤਾਂ ਸਿੱਖ ਰਜਮਿੰਟਾਂ ਵਿਚ ਸਰਕਾਰੀ ਪੁਜ਼ੀਸ਼ਨ ਦਰੁਸਤ ਸਾਬਤ ਕਰਨ ਲਈ ਯੋਗ ਹਥਿਆਰ ਘੜਨਾ ਸੀ। ਦੂਜੇ ਗੁਰੂ ਕੇ ਬਾਗ ਦੇ ਮੋਰਚੇ ਵਿਚੋਂ ਭੱਜਣ ਲਈ ਗੌਰਮਿੰਟ ਦੋ ਰਾਹ ਅਪਣਾ ਰਹੀ ਸੀ। ਇਕ, ਮਹੰਤ ਨੂੰ ਜ਼ਮੀਨ ਪਟੇ ਉਤੇ ਦੇਣ ਲਈ ਤਿਆਰ ਕਰਨ ਅਤੇ ਪਟੇਦਾਰ ਤੋਂ ਅਖਵਾ ਕੇ ਪੁਲਸ ਨੂੰ ਗੁਰੂ ਦੇ ਬਾਗ ਵਿਚੋਂ ਕੱਢ ਲੈਣ ਦਾ ; ਦੂਜੇ, ਬਿਲ ਪਾਸ ਕਰਾ ਕੇ, ਟਰੀਬਿਊਨਲ ਦੇ ਮਿੰਬਰ ਨਾਮਜ਼ਦ ਕਰਕੇ, ਉਹਨਾਂ ਦਾ ਜ਼ਮੀਨ ਤੇ ਕਬਜ਼ਾ ਕਰਵਾ ਕੇ ਪੁਲਸ ਹਟਾ ਲੈਣ ਦਾ। 16 ਨਵੰਬਰ ਨੂੰ ਬਿਲ ਵੀ ਪਾਸ ਹੋ ਗਿਆ ਤੇ ਪਟੇਦਾਰ ਵੀ ਮਿਲ ਗਿਆ। ਬਿਲ ਪਾਸ ਹੋਣ ਪਿਛੋਂ ਟਰੀਬਿਊਨਲ ਬਣਾਉਣ ਵਿਚ ਅਜੇ ਢੇਰ ਵਕਤ ਲਗਣਾ ਸੀ। ਪਟੇਦਾਰ ਦੇ ਮਿਲ ਜਾਣ ਕਰਕੇ ਗੌਰਮਿੰਟ ਨੇ ਗੁਰੂ ਕੇ ਬਾਗ ਦੀਆਂ ਕਿੱਕਰਾਂ ਵਿਚੋਂ ਆਪਣੇ ਫਸੇ ਹੋਏ ਸਿੰਗ ਪਹਿਲੋਂ ਹੀ ਛੁੜਾ ਲਏ।

ਇਸ ਬਿਲ ਦੇ ਪਾਸ ਕਰਨ ਲਈ ਕੌਂਸਲ ਮਿੰਬਰਾਂ ਵਲੋਂ ਪਾਈਆਂ ਗਈਆਂ ਵੋਟਾਂ ਦਾ ਅਧਿਐਨ ਕਰੋ। ਕੁਲ ਸਿੱਖ ਅਤੇ ਹਿੰਦੂ ਮਿੰਬਰਾਂ ਅਤੇ ਤਿੰਨ ਮੁਸਲਮਾਨ ਮਿੰਬਰਾਂ ਨੇ ਇਸ ਦੀ ਵਿਰੋਧਤਾ ਵਿਚ ਵੋਟ ਪਾਏ। ਪਹਿਲੋਂ ਗੌਰਮਿੰਟ ਸਾਹਮਣੇ ਇਹ ਤਜਵੀਜ਼ ਵੀ ਰਖੀ ਗਈ ਸੀ ਕਿ ਇਸ ਬਿਲ ਉਤੇ ਮੁੜ ਵਿਚਾਰ ਕਰਨੀ ਇਕ ਮਹੀਨੇ ਲਈ ਮੁਲਤਵੀ ਕੀਤੀ ਜਾਵੇ, ਪਰ ਸਰਕਾਰੀ ਬਹੁ-ਗਿਣਤੀ ਨੇ ਇਹ ਤਜਵੀਜ਼ ਰੱਦ ਕਰ ਦਿੱਤੀ ਸੀ। ਸਰ ਜੌਹਨ ਮੇਨਾਰਡ ਇਸ ਨੂੰ ਛੇਤੀ ਤੋਂ ਛੇਤੀ ਪਾਸ ਕਰਾਉਣ ਲਈ ਜ਼ੋਰ ਲਾ ਰਿਹਾ ਸੀ ਅਤੇ ਸਰਕਾਰ ਦੀ ਪਾਲਿਸੀ ਨੂੰ ਦਰੁਸਤ ਕਰਾਰ ਦੇ ਰਿਹਾ ਸੀ। ਬਿਲ ਦੇ ਵਿਰੁਧ 33 ਅਤੇ ਹੱਕ ਵਿਚ 41 ਵੋਟਾਂ ਪਈਆਂ। ਬਿਲ ਦੇ ਪਾਸ ਕਰਾਉਣ ਵਿਚ ਵੋਟਾਂ ਦੇਣ ਵਾਲੇ ਤਿੰਨਾਂ ਤੋਂ ਛੁੱਟ ਬਾਕੀ ਸਭ ਮੁਸਲਿਮ ਮਿੰਬਰ ਸਨ, ਅਤੇ ਦੋਂਹ ਤੋਂ ਛੁਟ ਸਭ ਦੇ ਸਭ ਸਰਕਾਰੀ।

---

[1] W. M. Hailey's Demi-Official letter to W. Vincen dated 15th Nov. 1922.

ਇਸ ਬਿਲ ਦਾ ਪੰਥ ਵਿਚ ਉਸੇ ਦਿਨ ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ। 19 ਨਵੰਬਰ ਨੂੰ ਅਕਾਲ ਤਖਤ ਸਾਹਮਣੇ ਇਕ ਵਡਾ ਭਾਰਾ ਦੀਵਾਨ ਹੋਇਆ ਜਿਸ ਵਿਚ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਸਰਕਾਰ ਨੇ ਇਹ ਬਿਲ ਪਾਸ ਕਰਕੇ ਸਿੱਖ ਪੰਥ ਦੀ ਹੱਤਕ ਕੀਤੀ ਹੈ। ਇਸ ਬਿਲ ਦੇ ਬੋਰਡ ਵਿਚ ਕੋਈ ਸਿੱਖ ਕਮਿਸ਼ਨਰ ਨਾ ਬਣੇ। ਜਿਹੜਾ ਬਣੇਗਾ ਉਹ ਪੰਥ ਧਰੋਹੀ ਹੋਵੇਗਾ। ਖਾਲਸਾ ਪੰਥ ਗੁਰਧਾਮਾਂ ਦਾ ਸੁਧਾਰ ਕਰਕੇ ਹੀ ਰਹੇਗਾ, ਅਤੇ ਇਹ ਵੀ ਪਾਸ ਕੀਤਾ ਗਿਆ ਕਿ ਜਦ ਤਕ ਗਰਿਫਤਾਰ ਹੋਏ ਵੀਰ ਰਿਹਾ ਨਾ ਕੀਤੇ ਜਾਣ ਤਦ ਤਕ ਸ਼੍ਰੋਮਣੀ ਕਮੇਟੀ ਸਮਝੌਤੇ ਸਬੰਧੀ ਸਰਕਾਰ ਨਾਲ ਕੋਈ ਗੱਲ ਬਾਤ ਨਾ ਕਰੇ।

ਅਕਾਲੀ ਤੇ ਪ੍ਰਦੇਸੀ ਦਾ ਇਸ ਬਿਲ ਬਾਰੇ ਪੜ-ਕਰਮ ਇਹ ਸੀ ਕਿ 'ਅਸੀਂ ਤਾਂ ਸਾਰੇ ਗੁਰਦੁਆਰੇ ਪੰਥ ਦੇ ਪਰਬੰਧ ਹੇਠਾਂ ਲਿਆਉਣਾ ਚਾਹੁੰਦੇ ਹਾਂ ਤੇ ਸਰਕਾਰ ਨੇ ਉਹਨਾਂ ਨੂੰ ਆਪਣੇ ਪਰਬੰਧ ਵਿਚ ਲਿਆਉਣ ਲਈ ਕਾਨੂੰਨ ਬਣਾ ਲਿਆ ਹੈ। ਏਸੇ ਕਰਕੇ ਸਿੱਖ ਮਿੰਬਰਾਂ ਨੇ ਇਸ ਦੀ ਸਖਤ ਵਿਰੋਧਤਾ ਕੀਤੀ ਹੈ। (22 ਨਵੰਬਰ) ਗੌਰਮਿੰਟ ਨੇ ਮੀਆਂ ਫਜ਼ਲ ਹੁਸੈਨ ਵਿਦਿਆ ਮੰਤਰੀ ਨੂੰ ਸਭ ਗੁਰਦੁਆਰਿਆਂ ਦਾ 'ਸਿਰੀ ਮਹੰਤ' ਬਣਾ ਦਿੱਤਾ ਹੈ।

## 9. ਵਫ਼ਾਦਾਰਾਂ ਦੇ ਤਰਲੇ

ਇਸ ਮੋਰਚੇ ਦੇ ਦੌਰਾਨ ਅੰਗਰੇਜ ਰਾਜ ਦੇ ਵਫਾਦਾਰਾਂ ਤੇ ਜੀਅ-ਹਜ਼ੂਰੀਆਂ ਦੀ ਹਾਲਤ ਬੜੀ ਡਾਵਾਂ ਡੋਲ ਹੋ ਗਈ ਸੀ। ਉਹਨਾਂ ਦੀ ਪੁੱਛ ਨਾ ਆਮ ਸਿਖਾਂ ਦੇ ਘਰ ਰਹੀ ਸੀ, ਨਾ ਅੰਗਰੇਜ਼ ਅਫਸਰਾਂ ਦੇ ਘਰ। ਉਹ ਦੋ-ਚਿਤੀ ਵਿਚ ਫਸੇ ਹੋਏ ਸਨ। ਹਮਦਰਦੀਆਂ ਉਹਨਾਂ ਦੀਆਂ ਅਕਾਲੀ ਤਹਿਰੀਕ ਨਾਲ ਵਧਦੀਆਂ ਜਾਂਦੀਆਂ ਸਨ, ਪਰ ਅੰਗਰੇਜ ਰਾਜ ਨਾਲੋਂ ਉਹ ਟੁੱਟਣਾ ਨਹੀਂ ਸਨ ਚਹੁੰਦੇ। ਇਸ ਲਈ ਉਹ ਲੱਕ ਵਿਚੋਂ ਫਾਹੇ ਆਏ ਹੋਏ ਸਨ।

ਸ: ਅਮਰ ਸਿੰਘ ਵਕੀਲ (ਕਸੂਰ) ਨੇ ਵਾਇਸਰਾਏ ਨੂੰ ਦੋ ਚਿੱਠੀਆਂ ਲਿਖੀਆਂ : ਇਕ ਦੋ ਸਤੰਬਰ 1922 ਨੂੰ ਅਤੇ ਦੂਜੀ ਪਹਿਲੀ ਨਵੰਬਰ 1922 ਨੂੰ। ਇਹਨਾਂ ਵਿਚ ਉਸ ਨੇ ਆਪਣੇ ਆਪ ਨੂੰ 'ਬਰਿਟਿਸ਼ ਰਾਜ ਦਾ ਨਿਰਮਾਣ ਸ਼ੁਭ-ਚਿੰਤਕ' ਦੱਸਿਆ। ਉਹ 'ਹਰ ਕੀਮਤ ਤੇ ਅਮਨ ਤੇ ਕਾਨੂੰਨ ਦੇ ਕਾਇਮ ਰੱਖਣ' ਦਾ ਹਾਮੀ ਸੀ ਅਤੇ ਕੁੰਜੀਆਂ ਦੇ ਮੁਕੱਦਮੇ ਵਿਚ ਸਰਕਾਰੀ ਵਕੀਲ ਸੀ। ਇਸ ਨੂੰ ਗੌਰਮਿੰਟ ਦੇ ਈਮਾਨਦਾਰ ਇਰਾਦਿਆਂ ਉੱਤੇ ਕਦੇ ਸ਼ਕ ਨਹੀਂ ਸੀ ਹੋਇਆ। ਅਤੇ ਅਤੇ ਇਹ ਚਾਹੁੰਦਾ ਸੀ ਕਿ ਗੌਰਮਿੰਟ ਜੋ ਵੀ ਕਰੇ ਆਪਣਾ 'ਸਤਕਾਰ ਤੇ ਰੋਅਬ ਦਾਬ ਰਖਕੇ' ਕਰੇ।

ਉਸ ਦੀ ਇਹ ਵੀ ਬੜੀ ਖ਼ਾਹਸ਼ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਵਾਇਸਰਾਏ ਗੁਰਦੁਆਰਿਆਂ ਤੇ ਕਿਰਪਾਨ ਦੇ ਮਸਲੇ ਹਲ ਕਰ ਦੇਵੇ ਤਾਂ ਜੋ ਸਿੱਖਾਂ ਤੇ ਅੰਗਰੇਜ਼ਾਂ ਦੀ ਦੋਸਤੀ ਕਾਇਮ ਰਹੇ। ਉਸ ਨੇ ਆਪਣੀ ਵਫਾਦਾਰੀ ਦੇ ਲੋਰ ਵਿਚ ਏਥੋਂ ਤਕ ਲਿਖ ਮਾਰਿਆ ਸੀ ਕਿ "ਜੇ ਸਿਰੀ ਹਜ਼ੂਰ ਇਹ ਦੋਵੇਂ ਮਸਲੇ ਹਲ ਕਰ ਦੇਣ ਤਾਂ ਸਿੱਖਾਂ ਦੇ ਨਾਲ ਹੁੰਦਿਆਂ ਭਾਰਤ ਵਿਚ ਦੂਜਾ ਕੋਈ ਫਿਰਕਾ ਗੌਰਮਿੰਟ ਨੂੰ ਕੋਈ ਖਾਸ ਨੁਕਸਾਨ ਨਹੀਂ ਪਹੁੰਚਾ ਸਕਦਾ।" ਉਹ ਚਾਹੁੰਦਾ ਸੀ ਕਿ ਕਾਨੂੰਨੀ ਤੇ ਅਦਾਲਤੀ ਅਮਲਾਂ ਦੀ ਥਾਂ ਤਦੱਬਰ ਤੋਂ ਕੰਮ ਲਿਆ ਜਾਵੇ।

ਉਸ ਨੇ ਉਸ ਵੇਲੇ ਦੀ ਅਕਾਲੀ ਤਹਿਰੀਕ ਦਾ ਜਿਹੜਾ ਲੇਖਾ ਜੋਖਾ ਕੀਤਾ, ਉਹ ਬੜੀ ਹਦ ਤਕ ਦਰੁਸਤ ਸੀ। ਇਕ ਗੱਲ ਉਸ ਨੇ ਇਹ ਆਖੀ ਕਿ ਇਸ ਸੰਗਰਾਮ ਵਿਚ ਭਾਂਵੇਂ ਅਕਾਲੀ ਅਗਵਾਈ ਤੇ ਕੁਰਬਾਨੀਆਂ ਕਰ ਰਹੇ ਹਨ ਪਰ ਬੜਾ ਵਿਸ਼ਾਲ ਬਹੁ-ਮਤ, ਧਾਰਮਕ ਮਾਮਲਿਆਂ ਵਿਚ, ਉਹਨਾਂ ਨਾਲ ਸਹਿਮਤ ਹੈ। ਦੂਜੀ ਗੱਲ ਇਹ ਆਖੀ ਕਿ ਪਿਛਲੇ ਦੋਂਹ ਮਹੀਨਿਆਂ ਵਿਚ ਹਾਲਤ

Digitized by Panjab Digital Library | www.panjabdigilib.org

ਬਿਹਤਰ ਹੋਣ ਦੀ ਥਾਂ ਬਹੁਤ ਵਿਗੜ ਗਈ ਹੈ ਅਤੇ ਇਸ ਨੂੰ ਵਿਗਾੜਨ ਵਿਚ 30 ਅਕਤੂਬਰ ਦੇ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਦੇ ਸਾਕੇ ਨੇ ਬੜਾ ਹਿੱਸਾ ਪਾਇਆ ਹੈ। ਤੀਜੀ ਗੱਲ ਉਸ ਨੇ ਇਹ ਲਿਖੀ ਕਿ ਉਤਲੇ ਅਫਸਰਾਂ ਨੂੰ ਮਾਤਹਿਤਾਂ ਦੀਆਂ ਰਿਪੋਰਟਾਂ ਪੜ੍ਹਕੇ ਸਿੱਖਾਂ ਦੀ ਉੱਕੀ ਹੀ ਨਿਰੋਲ ਧਾਰਮਕ ਜਥੇਬੰਦੀ ਵਿਚੋਂ ਗਲਤ ਤੌਰ ਤੇ ਸਿਆਸਤ ਦੀ ਗੰਧ ਆਉਂਦੀ ਹੈ। ਕੁਛ ਵਿਅਕਤੀ ਨਿਜੀ ਤੌਰ ਤੇ ਰਾਜਸੀ ਵਿਚਾਰ ਰਖਦੇ ਹਨ—ਪਰ ਉਹਨਾਂ ਸਾਰਿਆਂ ਨੇ ਬਾਰ ਬਾਰ ਇਲਾਨ ਕੀਤੇ ਹਨ ਕਿ ਉਹਨਾਂ ਦੀ ਜਥੇਬੰਦੀ ਅਤੇ ਇਸ ਦੀਆਂ ਸਰਗਰਮੀਆਂ ਬਿਲਕੁਲ ਧਾਰਮਕ ਹਨ। ਅਤੇ ਇਹ, ਉੱਕੀ ਹੀ, ਰਤੀ ਭਰ ਦੀ ਰਾਜਨੀਤੀ ਤਕ ਤੋਂ ਪਾਕ ਹੈ। ਵਰਤਮਾਨ ਝਗੜੇ ਦਾ ਅਸਲੀ ਕਾਰਣ ਏਹੋ ਹੈ। ਅਤੇ ਉਸ ਨੇ ਸਿਰੀ ਹਜ਼ੂਰ ਨੂੰ ਯਕੀਨ ਦਿਵਾਇਆ ਕਿ ਜਥੇਬੰਦੀ ਦੇ ਤੌਰ ਤੇ ਇਸ ਦਾ ਰਾਜਨੀਤੀ ਨਾਲ ਕੋਈ ਵਾਸਤਾ ਨਹੀਂ ਹੈ।

ਇਕ ਮਹੱਤਵ-ਪੂਰਣ ਗੱਲ ਉਸ ਨੇ ਇਹ ਲਿਖੀ ਕਿ ਅਕਾਲੀ ਆਪਣੀ ਜਾਨ ਦੀ ਬਾਜ਼ੀ ਲਾਈ ਬੈਠੇ ਹਨ। ਉਹ ਇਹ ਸੰਗਰਾਮ ਕੌੜੇ ਅਖੀਰ ਤਕ ਲੜਨ ਲਈ ਤਿਆਰ ਹਨ। ਏਥੋਂ ਤਕ ਕਿ ਵਫਾਦਾਰ-ਸਿੱਖਾਂ-ਯਾਨੀ ਫੌਜੀ ਪਿਨਸ਼ਨੀਆਂ, ਤਕ ਸੰਗਰਾਮ ਵਿਚ ਕੁੱਦ ਪਏ ਹਨ। ਪਿਨਸ਼ਨੀਆਂ ਦਾ ਬਿਆਨ ਤੁਹਾਨੂੰ ਇਹਨਾਂ ਦੇ ਧਾਰਮਕ ਮਨਾਂ, ਧਾਰਮਕ ਜੋਸ਼ ਤੇ ਸਦਾਕਤ ਦਾ ਨਕਸ਼ਾ ਪੇਸ਼ ਕਰੇਗਾ। "ਸਿਰੀ ਮਾਨ ਜੀ, ਮੈਂ ਬਰਿਟਿਸ਼ ਗੌਰਮਿੰਟ ਦੀ ਸ਼ਕਤੀ ਨੂੰ ਜਾਣਦਾ ਹਾਂ। ਪਰ ਮੈਂ, ਇਤਿਹਾਸ ਵਿਚ ਆਪਣੇ ਪੰਥ ਦੀ ਕੁਰਬਾਨੀ-ਪੁੰਜ ਸਪਿਰਟ ਨੂੰ ਵੀ ਪੜ੍ਹਿਆ ਤੇ ਵੇਖਿਆ ਹੈ। ਏਸੇ ਲਈ ਮੈਂ ਦੂਜੀ ਵਾਰ ਤੁਹਾਡਾ ਵਕਤ ਲਿਆ ਹੈ। ਸਿਰੀ ਮਾਨ ਜੀ ਮੈਂ ਬੜੀ ਅਧੀਨਗੀ ਨਾਲ ਬੇਨਤੀ ਕਰਦਾ ਹਾਂ ਕਿ ਜਿਹੜਾ ਰੋਲ ਲਾਰਡ ਹਾਰਡਿੰਗ ਨੇ ਕਾਨ੍ਹਪੁਰ ਦੀ ਮਸਜਿਦ ਦੇ ਕੇਸ ਵਿਚ ਅਦਾ ਕੀਤਾ ਸੀ ਤੁਸੀਂ ਓਹੋ ਜਿਹਾ ਰੋਲ ਸਿੱਖਾਂ ਦੇ ਫੱਟਾਂ ਤੇ ਮਲ੍ਹਮ ਲਾਣ ਲਈ ਅਦਾ ਕਰੋ।"

ਸ: ਅਮਰ ਸਿੰਘ ਨੇ ਕਾਨੂੰਨੀ ਨੁਕਤਿਆਂ ਤੇ ਵੀ ਅਫਸਰਾਂ ਦੀ ਪੁਜੀਸ਼ਨ ਨੂੰ ਚੈਲੰਜ ਕੀਤਾ ਤੇ ਆਖਿਆ ਕਿ ਜਿਸ ਜ਼ਮੀਨ ਵਿਚੋਂ ਲਕੜਾਂ ਵੱਢੀਆਂ ਜਾ ਰਹੀਆਂ ਹਨ, ਉਹ ਮਹੰਤ ਦੇ ਨਾਮ ਦਰਜ ਨਹੀਂ, ਗੁਰਦੁਆਰੇ ਦੇ ਨਾਮ ਦਰਜ ਹੈ ਅਤੇ ਇਕ ਸਾਲ ਤੋਂ ਵਧ ਅਰਸੇ ਲਈ ਅਕਾਲੀਆਂ ਦੇ ਕਬਜ਼ੇ ਵਿਚ ਰਹੀ ਹੈ ਅਤੇ ਮੈਂ ਡੀ. ਸੀ. ਅਮਰਿਤਸਰ ਨਾਲ ਇਖਤਲਾਫ ਕਰਦਾ ਹਾਂ ਕਿ ਗੁਰੂ ਕੇ ਲੰਗਰ ਲਈ ਉਸ ਜ਼ਮੀਨ ਵਿਚੋਂ ਲਕੜੀਆਂ ਕੱਟਣਾ ਜ਼ੁਰਮ ਹੈ ਜਿਹੜੀ ਗੁਰਦੁਆਰੇ ਨੂੰ ਦਾਨ ਕਰ ਦਿੱਤੀ ਗਈ ਹੋਵੇ। ਵਗੈਰਾ।

ਪਰ ਵਕੀਲ ਸਾਹਿਬ ਦੀਆਂ ਇਹ ਸਭ ਧਾਰਮਕ ਜਾਂ ਕਾਨੂੰਨੀ ਦਲੀਲਾਂ ਸਿਰਫ ਵਾਅ ਵਿਚ ਤਲਵਾਰਾਂ ਮਾਰਨ ਵਾਂਗ ਸਨ। ਲਾਰਡ ਰੈਡਿੰਗ ਹੁਣ ਕੁੰਜੀਆਂ ਦੇ ਮਾਮਲੇ ਵਾਲਾ ਵਾਇਸਰਾਏ ਨਹੀਂ ਸੀ ਰਿਹਾ, ਜੋ ਪੰਜਾਬ ਦੇ ਅੰਗਰੇਜ਼ ਅਫਸਰਾਂ ਦੀਆਂ ਗਲਤ ਤੇ ਬੇਕਾਨੂੰਨੀ ਕਾਰਵਾਈਆਂ ਦੇ ਸੋਧਣ ਲਈ ਹਦਾਇਤਾਂ ਕਰਦਾ। ਉਸ ਨੂੰ ਸਕਤਰੇਤ ਦੇ ਅਫਸਰਾਂ ਨੇ ਹੁਣ ਨੱਥ ਲਿਆ ਸੀ। ਉਸ ਨੇ ਸ਼ਾਇਦ ਅਨੁਭਵ ਕਰ ਲਿਆ ਸੀ ਕਿ ਬਰਿਟਿਸ਼ ਰਾਜ ਦੇ ਵਿਰੋਧੀਆਂ ਨੂੰ ਕੁਚਲਨ ਲਈ ਜੋ ਵੀ ਉਪੱਦਰ ਕੀਤਾ ਜਾਵੇ ਸਭ ਕਾਨੂੰਨ ਹੈ। ਇਸ ਲਈ ਉਸ ਨੇ ਸ: ਅਮਰ ਸਿੰਘ ਦੀਆਂ ਸਭ ਅਪੀਲਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਸੀ ਅਤੇ ਪੰਜਾਬ ਦੇ ਮਾਮਲੇ ਵਿਚ ਕੋਈ ਵੀ ਦਖਲ ਦੇਣੋਂ, ਇਹ ਧਾਰ ਕੇ ਇਨਕਾਰ ਕਰ ਦਿੱਤਾ ਸੀ ਕਿ ਪੰਜਾਬ ਦੀ ਸਰਕਾਰ ਪੰਜਾਬ ਦੀ ਹਾਲਤ ਤੋਂ ਵਧੇਰੇ ਜਾਣੂ ਹੈ। ਇਸ ਲਈ ਇਸ ਦੇ ਨਜਿੱਠਣ ਲਈ ਉਹ ਆਜ਼ਾਦ ਹੈ।

ਗੁਰੂ ਕੇ ਬਾਗ ਦਾ ਮਾਮਲਾ ਨਜਿੱਠਣ ਦੇ ਤਰਲੇ ਸ: ਸੁੰਦਰ ਸਿੰਘ ਮਜੀਠੀਆ ਨੇ ਵੀ ਕੀਤੇ ਸਨ ਅਤੇ ਗੌਰਮਿੰਟ ਨੂੰ ਰਾਏ ਦਿੱਤੀ ਸੀ ਕਿ 'ਸਿੱਖਾਂ ਦੀ ਜਾਇਜ਼ ਖਾਹਸ਼' ਪੂਰੀ ਕਰਨੀ

Digitized by Panjab Digital Library | www.panjabdigilib.org

ਚਾਹੀਦੀ ਹੈ ਅਤੇ ਨਿਰਣਾ ਉਸ ਦਾ ਵੀ ਏਹੋ ਸੀ ਕਿ ਅਕਾਲੀ 'ਲਹਿਰ ਏਥੋਂ ਤਕ ਫੈਲ ਗਈ ਹੈ ਕਿ ਹਰ ਇਕ ਸਿੱਖ ਭਾਵੇਂ ਉਹ ਸ਼ਹਿਰੀ ਹੋਵੇ ਜਾਂ ਪੇਂਡੂ ਇਸ ਵਿਚ ਦਿਲਚਸਪੀ ਲੈਣ ਲਗ ਪਿਆ ਹੈ।—ਪਰ ਉਹ ਸਰਕਾਰ ਨਾਲ ਏਨਾ ਵਧੀਕ ਜੁੜ ਚੁਕਾ ਹੋਇਆ ਸੀ ਕਿ ਉਸ ਦੀ ਰਾਏ ਦਾ ਕੌਡੀ ਮੁੱਲ ਨਹੀਂ ਸੀ ਰਿਹਾ।

ਇਹ ਤਰਲੇ ਅਸਲ ਵਿਚ ਅੰਗਰੇਜ਼ ਰਾਜ ਦਾ ਤੇ ਸਿੱਖਾਂ ਦਾ ਪੁਰਾਣਾ ਰਿਸ਼ਤਾ ਜੋੜੀ ਰਖਣ ਲਈ ਸਨ ਅਤੇ ਮਰ ਰਹੇ ਹਾਲਾਤ ਦੇ ਕਾਇਮ ਰਖਣ ਲਈ ਮਰਦਿਆਂ ਦੇ ਤਰਲੇ ਸਨ।

Digitized by Panjab Digital Library | www.panjabdigilib.org

# ਕੌਮਾਂਤਰੀ ਪਿੜ ਵਿਚ

## 1. ਫੌਜਾਂ ਵਿਚ ਤਸਵੀਰਾਂ

ਗੁਰੂ ਕੇ ਬਾਗ ਦੀ ਮਾਰ ਕੁੱਟ ਦੀਆਂ ਤਸਵੀਰਾਂ ਦੀ, ਅਕਾਲੀ ਲਹਿਰ ਦੀ ਹੋਰ ਸਾਮਗਰੀ ਵਾਂਗ, ਫੌਜਾਂ ਵਿਚ ਜਾਣ-ਭੇਜਣ ਤੇ ਪਾਬੰਦੀ ਲਾਈ ਗਈ ਸੀ ! ਇਹਨਾਂ ਤਸਵੀਰਾਂ ਨੂੰ ਫੌਜੀ ਅਫਸਰ "ਅਕਾਲੀ-ਪ੍ਰੋਪੇਗੰਡਾ ਤਸਵੀਰਾਂ' ਦਾ ਨਾਮ ਦੇ ਕੇ ਰੋਕਦੇ ਸਨ । ਅਮਰਿਤਸਰ ਦੇ ਫੋਟੋ ਖਿੱਚਣ ਵਾਲੇ 'ਮਾਸਟਰ ਬਰਾਦਰਜ਼' ਨੇ ਕੈਨਾਨੋਰ ਦੀ 3-11ਵੀਂ ਸਿੱਖ ਰਜਮਿੰਟ ਦੇ ਲਾਂਗਰੀ ਨੂੰ ਡਾਕ ਰਾਹੀਂ ਕੁਛ ਇਕ ਫੋਟੋਆਂ ਭੇਜੀਆਂ । ਹਰ ਇਕ ਸਿੱਖ ਫੌਜੀ ਦੀ ਡਾਕ ਖਾਸ ਕਰ, ਅਤੇ ਆਮ ਫੌਜੀਆਂ ਦੀ, ਆਮ ਕਰ, ਸੈਂਸਰ ਹੁੰਦੀ ਸੀ । ਇਹ ਮਾਰ ਕੁੱਟ ਦੀਆਂ ਤਸਵੀਰਾਂ ਰੋਕ-ਫੜ ਲਈਆਂ ਗਈਆਂ ਅਤੇ ਫੌਜੀ ਅਫਸਰਾਂ ਨੇ ਆਪਣੇ ਹੈਡ ਕਵਾਟਰ ਨੂੰ ਲਿਖਿਆ ਕਿ ਇਹਨਾਂ ਤਸਵੀਰਾਂ ਦਾ ਵੰਡਣਾ ਭੇਜਣਾ ਬੰਦ ਕੀਤਾ ਜਾਵੇ ਅਤੇ ਮਾਸਟਰ ਬਰਾਦਰਜ਼ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।[1] ਫੌਜਾਂ ਵਿਚ ਅਕਾਲੀ ਲਹਿਰ ਬਾਰੇ ਗੌਰਮਿੰਟ ਕੋਈ ਖਬਰ ਨਹੀਂ ਸੀ ਜਾਣ ਦੇਣਾ ਚਾਹੁੰਦੀ ।

## 2. ਗੁਰੂ ਕਾ ਬਾਗ ਇੰਗਲੈਂਡ ਵਿਚ

ਮਾਰ ਕੁੱਟ ਦੇ ਦੌਰਾਨ ਪੰਜਾਬ ਵਿਚ ਮਾਨਚੈਸਟਰ ਗਾਰਡੀਅਨ, ਲੰਡਨ ਟਾਈਮਜ਼, ਨੈਸ਼ਨਲ ਹੈਰਾਲਡ ਵਗੈਰਾ ਦੇ ਪੱਤਰਕਾਰ ਵੀ ਮੌਜੂਦ ਸਨ । ਉਹਨਾਂ ਦਾ ਮੁਖ ਮਕਸਦ ਗੌਰਮਿੰਟ ਦੀ ਬਸਤੀਵਾਦੀ ਪਾਲਿਸੀ ਨੂੰ ਦਰੁਸਤ ਕਰਾਰ ਦੇਣਾ ਸੀ । ਪਰ ਕਈ ਸੱਚੀਆਂ ਗੱਲਾਂ ਨੂੰ ਉਹ ਵੀ ਨਹੀਂ ਸਨ ਛੁਪਾ ਸਕੇ । ਗਾਰਡੀਅਨ ਦੇ ਪੱਤਰਕਾਰ ਨੇ, ਮਿਸਾਲ ਵਜੋਂ, ਆਪਣੇ ਅਖਬਾਰ ਨੂੰ ਜਿਹੜਾ ਪੈਗਾਮ ਭੇਜਿਆ ਉਸ ਵਿਚ ਲਿਖਿਆ ਸੀ :—

"ਪਰ ਭਾਵੇਂ ਇਸ ਮਾਮਲੇ ਵਿਚ ਜ਼ਿਲੇ ਦੇ ਹਾਕਮਾਂ ਉਤੇ ਕੋਈ ਇਲਜ਼ਾਮ ਲਾਉਣਾ ਕਠਨ ਹੈ ਪਰ ਇਸ ਗੱਲ ਨੇ ਮੇਰੇ ਦਿਲ ਦਿਮਾਗ ਤੇ ਪੂਰਾ ਅਸਰ ਕਰ ਲਿਆ ਹੈ ਕਿ ਇਸ ਵਾਕਿਆ ਨੂੰ ਨਾਮਿਲਵਰਤਨ ਤਹਿਰੀਕ ਦੀ ਅਦੁਤੀ ਜਿੱਤ ਗਿਣਿਆ ਜਾਵੇਗਾ । ਮੈਨੂੰ ਸ਼ੋਕ ਨਾਲ ਇਸ ਨਤੀਜੇ ਤੇ ਪੁੱਜਣਾ ਪਿਆ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਸਾਡੇ ਲਈ ਜੋ ਬਚੀ-ਖੁਚੀ ਇੱਜ਼ਤ ਦਾ ਲਿਹਾਜ਼ ਸੀ ਉਹ ਵੀ ਹੌਲੀ ਹੌਲੀ ਹਟ ਰਿਹਾ ਹੈ । ਦੁਨੀਆਂ ਵਿਚ ਕੋਈ ਐਸੀ ਕੌਮ ਨਹੀਂ ਹੈ ਜੋ ਕਿ ਆਪਣੇ ਵਤਨੀਆਂ ਨੂੰ ਰੋਜ਼ਾਨਾ ਇਕ ਗੈਰ-ਮੁਲਕੀ ਸਰਕਾਰ ਦੇ ਕਾਰਿੰਦਿਆਂ ਪਾਸੋਂ ਮਾਰ ਖਾਂਦੀ ਵੇਖਦੀ ਰਹੇ ਅਤੇ ਫੇਰ ਵੀ ਚੁਪ ਚਾਪ ਮਾਰਨ ਵਾਲੇ ਨੂੰ ਅਸੀਸਾਂ ਦੇਂਦੀ ਰਹੇ ।"

"......ਇਸ ਮਾਮਲੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਿੱਖਾਂ ਨਾਲ ਪੂਰੀ ਹਮਦਰਦੀ ਹੈ ।......ਸਿੱਖ ਆਪਣੀ ਦ੍ਰਿੜ੍ਹਤਾ ਤੇ ਬਹਾਦਰੀ ਦਾ ਮਾਣ ਕਰਦੇ ਹਨ ਅਤੇ ਉਹਨਾਂ ਨੂੰ ਪੂਰਾ ਨਿਸਚਾ ਹੈ ਕਿ ਇਸ ਖਿਚਮ ਖਿੱਚੀ ਦਾ ਅੰਤ ਕੀ ਹੋਵੇਗਾ । ਜਦ ਮੈਂ ਪਹਿਲੇ ਪਹਿਲ ਅਮਰਿਤਸਰ ਆਇਆ ਤਾਂ ਪੜ੍ਹੇ ਲਿਖੇ ਲੋਕਾਂ ਦਾ ਖਿਆਲ ਸੀ ਕਿ ਜਲਦੀ ਜਾਂ ਦੇਰ ਨਾਲ ਸ਼ਹਿਰ ਵਿਚ ਬਲਵਾ ਹੋ ਜਾਵੇਗਾ, ਪਰ ਸਿੱਖਾਂ ਦਾ ਜ਼ਬਤ ਅਤੇ ਸ਼ਾਂਤੀ ਅਦੁੱਤੀ ਹਨ ਅਤੇ ਫਸਾਦ ਦਾ ਡਰ ਬਿਲਕੁਲ ਗਲਤ ਸਾਬਤ ਹੋ ਚੁੱਕਾ ਹੈ ।"

---

[1] ਫਾਈਲ ਨੰਬਰ 17-1924-ਹੋਮ, ਪੁਲਿਟੀਕਲ

Digitized by Panjab Digital Library | www.panjabdigilib.org

"ਮੁਸੀਬਤ ਇਹ ਹੈ ਕਿ ਹਾਕਮਾਂ ਨੇ ਆਪਣੇ ਸੰਬੰਧੀ ਬੇਇਤਬਾਰੀ ਪੈਦਾ ਕਰ ਲਈ ਹੈ। ਅਤੇ ਇਹ ਵਾਕਿਆ ਦਸਦਾ ਹੈ ਕਿ ਆਮ ਬੇਇਤਬਾਰੀ ਦੀ ਹਾਲਤ ਵਿਚ ਹਕੂਮਤ ਕਰਨੀ ਕਿੰਨੀ ਕਠਨ ਹੋ ਜਾਂਦੀ ਹੈ। ਲੋਕ ਹਾਕਮਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ। ਅਤੇ ਉਹ ਹਾਕਮਾਂ ਦੀਆਂ ਨਸੀਹਤਾਂ ਸੁਣਦੇ ਤਕ ਨਹੀਂ।"[1]

ਨੈਸ਼ਨਲ ਹੈਰਾਲਡ ਦੇ ਵਿਚਾਰ ਵਿਚ "ਸਾਰੇ ਸਚਿਆਈ ਨਾਲ ਪਿਆਰ ਕਰਨ ਵਾਲੇ ਲੋਕ ਮੁਢ ਤੋਂ ਹੀ ਏਹੋ ਰਾਏ ਦੇ ਰਹੇ ਹਨ ਕਿ ਇਹ ਮਾਮਲਾ ਫੈਸਲੇ ਲਈ ਅਦਾਲਤ ਵਿਚ ਨਹੀਂ ਸੀ ਜਾਣਾ ਚਾਹੀਦਾ। ਪਰੰਤੂ ਸਰਕਾਰ ਖਾਹ-ਮਖਾਹ ਇਕ ਧਿਰ ਦੀ ਹਮਾਇਤ ਕਰਕੇ ਆਪਣੇ ਵਾਸਤੇ ਵੱਡੀਆਂ ਪੇਚੀਦਗੀਆਂ ਪੈਦਾ ਕਰ ਰਹੀ ਹੈ। ਨਤੀਜਾ ਇਹ ਹੈ ਜਿਥੇ ਸਾਰੇ ਭਾਰਤ ਵਰਸ਼ ਵਿਚ ਹਕੂਮਤ ਦੇ ਵਿਰੁਧ ਨਾਰਾਜ਼ਗੀ ਪੈਦਾ ਹੋ ਰਹੀ ਹੈ ਉਥੇ ਅਕਾਲੀਆਂ ਲਈ ਹਿੰਦ-ਵਾਸੀਆਂ ਦੇ ਦਿਲਾਂ ਵਿਚ ਹਮਦਰਦੀ ਪੈਦਾ ਹੋ ਰਹੀ ਹੈ।"[2]

ਪਰ ਮਲੂਮ ਹੁੰਦਾ ਹੈ ਕਿ ਰੋਜ਼ਾਨਾ ਹੈਰਾਲਡ ਨੇ ਪੰਜਾਬ ਤੇ ਹਿੰਦ ਗੌਰਮਿੰਟਾਂ ਦੀ ਪਾਲਿਸੀ ਦੀ ਇਸ ਤੋਂ ਵਧੇਰੇ ਸਖਤ ਨੁਕਤਾ ਚੀਨੀ ਕੀਤੀ ਸੀ। ਕਿਉਂਕਿ ਰਸ਼ਬਰੁਕ ਵਿਲੀਅਮਜ਼ ਨੂੰ ਉਸ ਦੇ ਜਵਾਬ ਵਿਚ ਇੰਗਲੈਂਡ ਇਕ ਉਚੇਚੀ ਤਾਰ ਭੇਜਣੀ ਪਈ ਸੀ ਜਿਸ ਵਿਚ ਉਸ ਨੇ ਹੈਰਾਲਡ ਦੇ 'ਪੰਜਾਬ ਦੇ ਪੱਤਰਕਾਰ' ਦੇ ਪੈਗਾਮ ਨੂੰ "ਗੁਮਰਾਹ-ਕੁਨ ਤੇ ਸਨਸਨੀ-ਖੇਜ ਗੁਰੂ ਕੇ ਬਾਗੀ ਘਟਨਾਵਾਂ" ਗਰਦਾਨਿਆ ਸੀ ਅਤੇ ਇੰਡੀਆ ਆਫਿਸ ਨੂੰ ਤਾਕੀਦ ਕੀਤੀ ਸੀ ਕਿ ਇਹ ਤਾਰ ਇੰਗਲੈਂਡ ਦੇ ਅਖਬਾਰਾਂ ਵਿਚ ਛਪਵਾ ਦਿੱਤੀ ਜਾਵੇ। ਇਸ ਵਿਚ ਲਿਖਿਆ ਸੀ ਕਿ ਅਕਾਲੀ ਝਗੜੇ ਵਾਲੀ ਜ਼ਮੀਨ ਤੇ 'ਜਬਰਦਸਤੀ ਕਬਜ਼ਾ ਕਰਨ ਲਈ ਧਾਵਾ' ਬੋਲ ਰਹੇ ਹਨ ਅਤੇ ਉਹਨਾਂ ਨੂੰ ਪੁਲਸ ਬੈਟਨ (3) ਵਰਤ ਕੇ ਬਗੈਰ ਫ਼ੌਜ ਤੇ ਗੋਲੀ ਚਲਾਉਣ ਦੇ ਭਜਾਇਆ ਜਾ ਰਿਹਾ ਹੈ।

ਲੰਡਨ ਦੇ ਆਜ਼ਾਦੀ ਪੱਖੀ ਹਿੰਦੁਸਤਾਨੀਆਂ ਦੇ ਅਖਬਾਰ 'ਹਿੰਦ' ਨੇ 27 ਅਕਤੂਬਰ ਦੇ ਪਰਚੇ ਵਿਚ ਲਿਖਿਆ: ਸਜ਼ਾ-ਹੋ-ਚੁਕੇ ਅਕਾਲੀਆਂ ਦੀ ਗਿਣਤੀ ਦਾ ਹਿਸਾਬ ਲਾਉਣਾ ਔਖਾ ਹੈ ਕਿਉਂਕਿ ਇਕੋ ਹੀ ਆਦਮੀ ਇਕੋ ਹੀ ਜੁਰਮ ਵਿਚ ਦੋ ਦੋ ਵਾਰ ਕੈਦ ਕੀਤੇ ਜਾਂਦੇ ਹਨ ਅਤੇ ਜਿਹੜੇ ਇਸ ਨਾਜਾਇਜ਼ ਕਾਰਵਾਈ ਦੇ ਵਿਰੁਧ ਆਵਾਜ਼ ਉਠਾਂਦੇ ਹਨ ਉਹ ਅਦਾਲਤ ਦੀ ਹੱਤਕ ਕਰਨ ਦੇ ਜੁਰਮ ਵਿਚ (ਤੀਜੀ ਵਾਰ) ਹੋਰ ਕੈਦ ਦੇ ਭਾਗੀ ਬਣ ਜਾਂਦੇ ਹਨ।......ਕਈ ਵਾਰ ਬੇਹੋਸ਼ ਪਏ ਸਿੰਘਾਂ ਉਤੋਂ ਦੀ ਘੋੜੇ ਲੰਘਾਏ ਜਾਂਦੇ ਹਨ। ਇਹ ਬਾਦਸ਼ਾਹ ਸ਼ਾਹਨ ਸ਼ਾਹ ਦੀ ਹਿੰਦੀ-ਰਿਆਇਆ ਤੇ ਪੰਜਾਬ ਵਿਚ ਅੰਗਰੇਜ਼ੀ ਕਾਨੂੰਨ ਤੇ ਅਮਨ ਦੀ ਵਰਤੋਂ ਹੈ।...... ਇਸ ਤੋਂ ਪਤਾ ਲਗ ਜਾਏਗਾ ਕਿ ਹਿੰਦ ਵਿਚ ਭੇਜਿਆ ਹੋਇਆ ਵਾਇਸਰਾਇ ਅਰਲ ਰੈਡਿੰਗ ਕਿਸ ਤਰ੍ਹਾਂ ਕਾਨੂੰਨ ਦੀ ਮਿੱਟੀ ਪੁੱਟ ਰਿਹਾ ਹੈ।......ਕੀ ਇਹ ਰੈਡਿੰਗ ਲਈ ਕਾਫੀ ਹੈ ਕਿ ਉਹ ਆਪਣੇ ਸਕੱਤਰਾਂ ਤੇ ਹੋਰ ਏਹੋ ਜੇਹੇ ਅਫਸਰਾਂ ਕੋਲੋਂ ਇਹ ਹਾਲ ਸੁਣਦਾ ਰਹੇ ਜਦੋਂ ਕਿ ਡੰਨਿਟ ਅਤੇ ਬੀਟੀ ਓਡਵਾਇਰ ਤੇ ਡਾਇਰ ਨੂੰ ਵੀ ਮਾਤ ਕਰ ਰਹੇ ਹੋਣ? ਉਹ ਹਿੰਦ ਵਿਚ ਕਿਸ ਲਈ ਹੈ—ਕੀ ਉਹ ਖੁਦ ਨਹੀਂ ਜਾ ਕੇ ਇਹ ਸਭ ਕੁਛ ਵੇਖ ਸਕਦਾ?

[1] ਅਕਾਲੀ ਤੇ ਪਰਦੇਸੀ : 2 ਨਵੰਬਰ 1922.
[2] ,, ,, : 19 ਨਵੰਬਰ 1922.
[3] ਟੈਲੀਗ੍ਰਾਮ ਨੰਬਰ 1459—ਤਰੀਕ 11 ਸਤੰਬਰ 1922
ਵਾਈਸਰਾਇ ਵਲੋਂ ਸੈਕਟਰੀ ਆਫ਼ ਸਟੇਟ ਨੂੰ।

Digitized by Panjab Digital Library | www.panjabdigilib.org

## 3. ਗੁਰੂ ਕਾ ਬਾਗ ਅਮਰੀਕਾ ਵਿਚ

ਗੁਰੂ ਕੇ ਬਾਗ ਦੇ ਬਰਿਟਿਸ਼ ਜ਼ੁਲਮ ਦੀਆਂ ਖਬਰਾਂ ਅਮਰੀਕਾ ਵਿਚ ਵੀ ਪਹੁੰਚ ਗਈਆਂ ਸਨ। ਮਾਰ-ਕੁੱਟ ਦੇ ਦਿਨਾਂ ਵਿਚ ਅਮਰਿਤਸਰ ਵਿਚ ਕੈਪਟਨ ਏ. ਐਲ. ਵਰਘੀਜ਼ ਆਇਆ ਸੀ। ਉਸ ਨੇ ਉਸ ਵੇਲੇ ਦੀ ਵਹਿਸ਼ੀ ਮਾਰ-ਕੁੱਟ ਦੀ ਫਿਲਮ ਲਈ ਸੀ ਅਤੇ ਅਮਰੀਕਾ ਵਿਚ ਅਮਰੀਕੀ ਲੋਕਾਂ ਨੂੰ ਵਿਖਾਣੀ ਸ਼ੁਰੂ ਕੀਤੀ ਹੋਈ ਸੀ। ਉਸ ਦਾ ਇਸ਼ਤਿਹਾਰ ਬੜਾ ਦਿਲਚਸਪ ਸੀ: ਹਿੰਦੁਸਤਾਨੀ ਸ਼ਹਾਦਤ ਦੀਆਂ ਇਕ-ਮਾਤਰ ਤਸਵੀਰਾਂ। ਇਕ ਸੰਘਰਸ਼, ਮਨੁਖੀ ਇਤਿਹਾਸ ਵਿਚ ਬੇਮਿਸਾਲ। ਅਜ ਛਾਇਆਵਾਦੀ ਭਾਰਤ ਵਿਚ ਚਲਾਇਆ ਜਾ ਰਿਹਾ ਹੈ। ਜਿੱਥੇ ਲੱਖਾਂ ਦੇਸ਼ ਵਾਸੀ ਬਰਿਟਿਸ਼ ਹਾਕਮਾਂ ਦੇ ਖ਼ਿਲਾਫ਼ ਪੁਰਅਮਨ ਬਗ਼ਾਵਤ ਕਰਨ ਵਿਚ ਲੱਗੇ ਹੋਏ ਹਨ। ਉਹਨਾਂ ਨੇ ਪੂਰਣ ਨਾਂ-ਟਕਰਾਅ ਦੀਆਂ ਵਿਸ਼ੇਸ਼ ਸਹੁੰਆਂ ਚੁਕੀਆਂ ਹੋਈਆਂ ਹਨ। ਉਹਨਾਂ ਪਾਸ ਕੱਟੜ ਧਰਮ ਤੋਂ ਛੁਟ ਹੋਰ ਕੋਈ ਹਥਿਆਰ ਨਹੀਂ। ਪੂਰਬ ਗੋਰੇ ਲੋਕਾਂ ਦੇ ਮਾਪ-ਗਜ਼ਾਂ ਨੂੰ ਉਲਟਾਉਣ ਦੇ ਯਤਨ ਕਰ ਰਿਹਾ ਹੈ; ਵਗੈਰਾ, ਵਗੈਰਾ।

ਇਹ ਤਸਵੀਰਾਂ ਬਰਿਟਿਸ਼ ਹਾਕਮਾਂ ਦੀ ਵਹਿਸ਼ੀ ਮਾਰ-ਕੁੱਟ ਨੂੰ ਇਨ ਬਿਨ ਦਿਹ-ਮਾਨ ਕਰਦੀਆਂ ਸਨ ਅਤੇ ਜਿਥੇ ਵੀ ਵਿਖਾਈਆਂ ਜਾਂਦੀਆਂ ਸਨ ਉਥੇ ਹੀ ਅਮਰੀਕੀ ਲੋਕ ਬਰਿਟਿਸ਼ ਰਾਜ, ਇਸ ਦੇ ਹਾਕਮਾਂ ਅਤੇ ਅਤਿਆਚਾਰੀ ਢੰਗਾਂ ਦਾ ਮੂੰਹ ਕਾਲਾ ਕਰਦੇ ਸਨ। ਇਹਨਾਂ ਫਿਲਮੀ ਤਸਵੀਰਾਂ ਨੇ ਹਿੰਦੁਸਤਾਨੀ ਲੋਕਾਂ ਲਈ ਆਮ ਕਰ, ਅਤੇ ਸਿੱਖਾਂ ਲਈ; ਖਾਸ ਕਰ, ਉਥੇ ਬੜੀ ਹਮਦਰਦੀ ਤੇ ਸਹਾਨੁਭੂਤੀ ਪੈਦਾ ਕੀਤੀ ਜਿਸ ਤੇ ਹਿੰਦੁਸਤਾਨ ਦੇ ਅੰਗਰੇਜ਼ ਹਾਕਮ ਸੜ ਬਲ ਕੇ ਕੋਲਾ ਹੋ ਗਏ ਅਤੇ ਉਹਨਾਂ ਨੇ ਇਹ ਪ੍ਰੋਪੇਗੰਡਾ ਬੰਦ ਕਰਾਉਣ ਲਈ ਹੀਲੇ ਕਰਨੇ ਆਰੰਭ ਦਿੱਤੇ। ਬਰਤਾਨੀਆ ਸਰਕਾਰ ਰਾਹੀਂ ਅਮਰੀਕੀ ਸਰਕਾਰ ਤੇ ਜ਼ੋਰ ਪਾ ਕੇ ਉਹ ਇਹ ਫਿਲਮਾਂ ਅੱਵਲ ਤਾਂ ਬੰਦ ਕਰਨਾ ਚਾਹੁੰਦੇ ਸਨ, ਜੇ ਬੰਦ ਨਾ ਕੀਤੀਆਂ ਜਾਣ ਤਾਂ ਇਹਨਾਂ ਦੇ ਇਤਰਾਜ਼ ਯੋਗ ਹਿੱਸੇ ਕਟਵਾਉਣਾ ਚਾਹੁੰਦੇ ਸਨ।

ਏਥੋਂ ਦੇ ਹਾਕਮਾਂ ਨੂੰ ਫਿਲਮਾਂ ਦੇ ਸਿਰਲੇਖ ਵੀ ਪਸੰਦ ਨਹੀਂ ਸਨ, ਉਹ ਇਹ ਬਦਲਾਉਣਾ ਚਾਹੁੰਦੇ ਸਨ ਅਤੇ ਫਿਲਮਾਂ ਵਿਚ ਦੋ ਹਿੱਸੇ ਕਟਵਾਉਣ ਉਤੇ ਜ਼ੋਰ ਦੇ ਰਹੇ ਸਨ। (1) ਇਕ ਸੀਨ ਦਾ ਉਹ ਹਿੱਸਾ ਜਿਸ ਵਿਚ ਇਕ ਅੰਗਰੇਜ਼ ਪੁਲਸ ਅਫਸਰ ਅਕਾਲੀ ਨੂੰ ਕੁੱਟਣ ਲਈ ਲਾਠੀ ਵਰਤ ਰਿਹਾ ਹੈ। (2) ਦੂਜੇ ਸੀਨ ਦਾ ਉਹ ਹਿੱਸਾ ਜਿਸ ਵਿਚ ਇਕ ਅਕਾਲੀ ਹੌਲੀ ਹੌਲੀ ਧਰਤੀ ਤੋਂ ਉਠ ਰਿਹਾ ਹੈ ਅਤੇ ਜਿਸ ਨੂੰ ਪੁਲਸ ਸਿਪਾਹੀ ਫੜ ਲੈਂਦਾ ਹੈ ਅਤੇ ਉਸ ਨੂੰ ਕੁੱਟ ਕੁੱਟ ਕੇ ਫ਼ੇਰ ਜ਼ਮੀਨ ਉਤੇ ਸੁੱਟ ਦਿੰਦਾ ਹੈ।[1]

ਏਥੇ ਮੂੰਹ ਕਾਲਾ ਕਰਨ ਦੇ ਕਾਰੇ ਅਤੇ ਬਾਹਰ ਮੂੰਹ ਉਜਲਾ ਰੱਖਣ ਦੇ ਹੀਲੇ। ਇਹ ਸੀ ਬਰਿਟਿਸ਼ ਰਾਜ ਦੀ ਪਾਲਿਸੀ ਅੰਦਰ ਅਤੇ ਉਹ ਸੀ ਇਸ ਦੀ ਪਾਲਿਸੀ ਬਾਹਰ।

[1] ਫਾਈਲ ਨੰਬਰ 71—1923, ਸ਼ਿਮਲਾ ਰਿਕਾਰਡ, ਹੋਮ, ਪੁਲਿਟੀਕਲ।

Digitized by Panjab Digital Library | www.panjabdigilib.org

# ਉਗਲਵੀ ਦਾ ਮਿਸ਼ਨ

ਗੁਰੂ ਕੇ ਬਾਗ ਦੀ ਮਾਰਕੁੱਟ ਨੇ ਸਿੱਖ ਰਜਮਿੰਟਾਂ ਦੇ ਸੂਝ ਵਾਲੇ ਸਿਪਾਹੀਆਂ ਉਤੇ ਅਸਰ ਕੀਤਾ—ਜਿਵੇਂ ਕਿ ਅਸੀਂ ਉਤੇ ਵੇਖ ਆਏ ਹਾਂ । ਢੇਰ ਸਾਰੇ ਫੌਜੀ ਸਿਪਾਹੀਆਂ ਨੇ ਅਕਾਲੀ ਲਹਿਰ ਨਾਲ ਹਮਦਰਦੀ ਵਜੋਂ ਕਾਲੀਆਂ ਪੱਗਾਂ ਤੇ ਕਿਰਪਾਨਾਂ ਪਹਿਨੀਆਂ ਅਤੇ ਫੌਜੀ ਡਿਸਿਪਲਨ ਤੋੜਨ ਦੇ ਦੋਸ਼ ਵਿਚ ਸਖਤ ਸਜ਼ਾਵਾਂ ਖਾਧੀਆਂ । ਸਿਖ ਫੌਜਾਂ ਵਿਚ ਵਧ ਰਹੇ ਅਕਾਲੀ ਅਸਰ ਨੂੰ ਰੋਕਣ ਲਈ ਗਵਰਨਰ ਨੇ 6 ਨਵੰਬਰ 1922 ਨੂੰ ਫੌਜਾਂ ਵਿਚ ਦੌਰਾ ਕਰਨ ਲਈ ਮਿਸਟਰ ਉਗਲਵੀ ਮੁਕਰਰ ਕੀਤਾ । ਇਸ ਅਫਸਰ ਨੇ ਇਕ ਮਹੀਨਾ ਤੇ ਵੀਹ ਦਿਨ (7 ਨਵੰਬਰ ਤੋਂ 26 ਦਸੰਬਰ ਤਕ) ਫੌਜਾਂ ਵਿਚ ਸਰਕਾਰੀ ਦਰਿਸ਼ਟੀ-ਕੋਣ ਦਾ ਪਰਚਾਰ ਕੀਤਾ ਅਤੇ ਆਪਣੇ ਦੌਰੇ ਦੀ ਰਿਪੋਰਟ ਪੇਸ਼ ਕੀਤੀ ।

ਉਗਲਵੀ ਜ਼ਿਲਾ ਸ਼ਾਹਪੁਰ (ਹੁਣ ਪਾਕਿਸਤਾਨ ਵਿਚ) ਦਾ ਕਾਇਮ-ਮੁਕਾਮ ਡਿਪਟੀ ਕਮਿਸ਼ਨਰ ਸੀ ਅਤੇ 1915 ਤੋਂ ਪੰਜਾਬ ਵਿਚ, ਕਦੇ ਕਿਤੇ ਅਤੇ ਕਦੇ ਕਿਤੇ ਅਫਸਰ ਲਗਾ ਹੋਇਆ ਸੀ । ਉਹ ਬੜੀ ਠੇਠ, ਮੁਹਾਵਰੇਦਾਰ ਪੇਂਡੂ ਪੰਜਾਬੀ ਬੋਲੀ ਦਾ ਮਾਹਰ ਗਿਣਿਆ ਜਾਂਦਾ ਸੀ । ਉਸ ਦਾ ਖਿਆਲ ਸੀ ਕਿ ਸਿਖ ਬੜੀ ਮੋਟੀ ਅਕਲ ਦੇ ਲੋਕ ਹੁੰਦੇ ਹਨ । ਉਹਨਾਂ ਸਾਮ੍ਹਣੇ ਸਿਧਾਂਤ ਘੋਟੋਗੇ ਤਾਂ ਉਹ ਸਿਰ ਖੁਰਕਣ ਲਗ ਪੈਣਗੇ, ਪਰ ਜੇ ਹਰ ਗਲ ਉਦਾਹਰਣ ਦੇ ਕੇ ਸਮਝਾਉਗੇ ਤਾਂ ਵਾਹ ਵਾਹ ਕਰ ਉਠਣਗੇ ।'

ਸਰਕਾਰੀ ਰਿਪੋਰਟਾਂ ਅਨੁਸਾਰ ਇਸ ਨੂੰ ਜਟ ਸਿਖ ਪਿੰਡਾਂ ਦਾ ਬੜਾ ਤਜਰਬਾ ਸੀ ਅਤੇ ਜਟਾਂ ਤੋਂ ਹਰ ਥਾਂ ਉਸ ਨੇ ਭੱਲ ਖੱਟੀ ਸੀ । ਉਹ ਤਕਰੀਰ ਕਰਨ ਵਿਚ ਬੜਾ ਚੰਗਾ ਸੀ ਅਤੇ ਜਟਾਂ ਦੇ ਮੁਹਾਵਰਿਆਂ ਵਿਚ ਗੱਲਾਂ ਕਰਕੇ ਉਹਨਾਂ ਨੂੰ ਮੋਹ ਲੈਂਦਾ ਸੀ । ਏਸੇ ਲਈ ਉਸ ਨੂੰ ਇਸ ਮਹੱਤਵ-ਪੂਰਣ ਮਿਸ਼ਨ ਲਈ ਚੁਣਿਆ ਗਿਆ । ਪਹਿਲੋਂ ਫੌਜੀ ਹੈਡ ਕੁਆਟਰ ਵਲੋਂ ਕੁਛ ਸਪੀਕਰ ਘਲੇ ਗਏ ਸਨ ਪਰ ਉਹ ਕੋਈ ਬਾਹਲਾ ਸਫਲ ਨਹੀਂ ਸਨ ਹੋਏ ।

ਉਹ ਫੌਜੀ ਸਿਪਾਹੀਆਂ ਵਿਚ ਜਾ ਕੇ ਕੀ ਕਹਿੰਦਾ ਸੀ—ਉਸ ਨੇ ਆਪਣੀ ਇਕ ਰਿਪੋਰਟ ਵਿਚ ਇਹ ਗਲ ਦਰਜ ਕੀਤੀ ਹੈ । ਰਿਪੋਰਟ ਮੂੰਹੋਂ ਬੋਲ ਕੇ ਆਖਦੀ ਹੈ ਕਿ ਇਹ ਬੰਦਾ ਬੜਾ ਚਲਾਕ ਸੀ ਅਤੇ ਸਾਧਾਰਨ ਆਦਮੀਆਂ ਨੂੰ ਗੁਮਰਾਹ ਕਰਨ ਦਾ ਮਾਹਰ । ਇਕ ਮਿਸਾਲ ਲਓ : ਮੈਂ "ਮਾਰ ਕੁਟ" ਨੂੰ ਉਕਾ ਹੀ ਨਹੀਂ ਛੇੜਾਂਗਾ । ਇਹ ਸਾਰਿਆਂ ਉਤੇ ਅਸਰ ਕਰਦੀ ਹੈ ਅਤੇ ਸਭ ਤੋਂ ਵਧੀਆ (ਯਾਨੀ ਵਫਾਦਾਰ ਸਿਪਾਹੀਆਂ) ਨੂੰ ਬਹੁਤ ਨੇੜਿਓਂ । ਚੰਗੀ ਗਲ ਇਹ ਹੈ ਕਿ ਇਸ ਨੂੰ ਸਾਮ੍ਹਣੇ ਹੀ ਨਾ ਲਿਆਂਦਾ ਜਾਏ । ਇਸ ਵਿਵਾਦੀ ਮਾਮਲੇ ਤੇ ਉਹਨਾਂ ਲਈ ਰਾਹ ਨਹੀਂ ਖੋਲ੍ਹ ਦੇਣਾ ਚਾਹੀਦਾ ਨਹੀਂ ਤਾਂ ਉਹ ਏਸੇ ਨੂੰ ਚੰਬੜ ਜਾਣਗੇ ਅਤੇ ਬਾਕੀ ਸਭ ਕੁਛ ਨਜ਼ਰੋਂ ਉਹਲੇ ਕਰ ਦੇਣਗੇ ।'[1]

ਉਗਲਵੀ ਨੇ ਪਹਿਲੋਂ ਹੀ ਤੈਅ ਕਰ ਲਿਆ ਸੀ ਕਿ ਸਿੱਖ ਰਜਮਿੰਟਾਂ ਵਿਚ ਜਾ ਕੇ ਸਿਪਾਹੀਆਂ ਨਾਲ ਮੁਖ ਗਲਾਂ ਕੀ ਕਰਨੀਆਂ ਹਨ । ਅਤੇ ਉਹਨਾਂ ਨੂੰ ਕੀ ਦਲੀਲਾਂ ਦੇ ਕੇ ਕਾਇਲ

---

[1] 4 ਨਵੰਬਰ, 1922 ਸੀ.ਐਮ.ਜੀ. ਉਗਲਵੀ ।

Digitized by Panjab Digital Library | www.panjabdigilib.org

ਕਰਨਾ ਹੈ । ਉਸ ਨੇ ਮਿੱਠੀਆਂ ਤੇ ਮੌਮੋਠਗਣੀਆਂ ਗਲਾਂ ਕਰਕੇ ਸਿਖ ਸਿਪਾਹੀਆਂ ਨੂੰ ਕਿਵੇਂ ਸ਼ਾਂਤ ਕੀਤਾ ਹੋਵੇਗਾ—ਉਸ ਦੇ ਬੋਲਣ ਦੇ ਢੰਗ ਤੋਂ ਚੰਗੀ ਤਰ੍ਹਾਂ ਪਤਾ ਲਗ ਸਕਦਾ ਹੈ । ਭੈੜੇ ਤੋਂ ਭੈੜੇ ਕੇਸ ਨੂੰ ਵੀ ਉਹ ਚੰਗਾ ਬਣਾ ਕੇ ਰਖਣਾ ਜਾਣਦਾ ਸੀ । ਜਿਵੇਂ :

(1) ਜੇ ਸਰਕਾਰ ਖਾਲਸੇ ਦੀ ਦੋਸਤ ਨਹੀਂ ਤਾਂ ਉਹ ਰਜਮਿੰਟਾਂ ਵਿਚ ਕਿਉਂ ਜ਼ੋਰ ਨਾਲ ਸਿੱਖ ਧਰਮ ਲਾਗੂ ਕਰਦੀ ਹੈ ? ਮਾਝੇ ਦੇ ਪਿੰਡਾਂ ਵਿਚ ਜਵਾਨ ਆਪਣੇ ਸਿਰ ਮੁਨਾ ਲੈਂਦੇ ਹਨ, ਜੇ ਉਹ ਪਲਟਣ ਵਿਚ ਮੁਨਾਣ ਤਾਂ ਤੁਹਾਨੂੰ ਪਤਾ ਹੈ ਕਿ ਉਹਨਾਂ ਨਾਲ ਕੀ ਵਾਪਰਦੀ ਹੈ ?

(2) ਜੇ ਸਰਕਾਰ ਤੁਹਾਡੀ ਵਿਰੋਧੀ ਹੈ ਤਾਂ ਉਸ ਨੇ ਤੁਹਾਨੂੰ ਗੈਰ-ਸਿਖ ਜ਼ਿਲਿਆਂ-ਲਾਇਲਪੁਰ, ਸ਼ਾਹਪੁਰ, ਮਿੰਟਗੁਮਰੀ, ਖਾਨਗਾਹ ਡੋਗਰਾਂ (ਹੁਣ ਸਭ ਪਾਕਿਸਤਾਨ ਵਿਚ) ਵਗੈਰਾ—ਵਿਚ ਜ਼ਮੀਨਾਂ ਕਿਉਂ ਦਿਤੀਆਂ ਹਨ ? ਇਸ ਨੇ ਤੁਹਾਡੀ ਆਬਾਦੀ ਤੇ ਦੌਲਤ ਵਧਾਣ ਦੇ ਯਤਨ ਕੀਤੇ ਹਨ ।

(3) ਵਰਤਮਾਨ ਅਕਾਲੀ ਲਹਿਰ ਬਿਲਕੁਲ ਨਵੀਂ ਨਿਕੋਰ ਹੈ । ਸਰਕਾਰ ਕਿਵੇਂ ਜਾਣ ਸਕਦੀ ਹੈ ਕਿ ਅਗਲੇ ਕੁਛ ਸਾਲਾਂ ਵਿਚ ਕੂਕੇ ਵਧ ਤਾਕਤ ਨਹੀਂ ਫੜ ਜਾਣਗੇ ਅਤੇ ਕਹਿਣਗੇ ਕਿ ਤੁਸਾਂ ਸਾਡੀ 'ਸਾਂਝੀ ਜਾਇਦਾਦ', ਸਾਰੇ ਸਿੱਖਾਂ ਦੀ ਸਾਂਝੀ ਜਾਇਦਾਦ-ਕਿਵੇਂ ਅਕਾ-ਲੀਆਂ ਦੇ ਹਵਾਲੇ ਕਰ ਦਿਤੀ ? ਸਰਕਾਰ "ਲਾ ਜਵਾਬ" ਹੋ ਜਾਏਗੀ ।

(4) ਜੇ ਸਰਕਾਰ ਕਬਜ਼ੇ ਵਾਲੇ, ਯਾਨੀ ਮਹੰਤ, ਦੀ ਉਨਾ ਚਿਰ ਰਖਿਆ ਨਹੀਂ ਕਰਦੀ ਜਿਨਾ ਚਿਰ ਉਹ ਕਾਨੂੰਨ ਦੇ ਅਮਲ (ਅਦਾਲਤਾਂ) ਰਾਹੀਂ ਹਟਾਇਆ ਨਹੀਂ ਜਾਂਦਾ ਤਾਂ ਇਸ ਗਲ ਦੀ ਕੀ ਗਰੰਟੀ ਹੈ ਕਿ ਮਹੰਤ ਆਪਣੀ ਰੱਖਿਆ ਆਪ ਨਹੀਂ ਕਰੇਗਾ । ਅਰਥਾਤ ਦੂਜਾ ਨਨਕਾਣਾ ਹੋਰਥੇ ਨਹੀਂ ਬਣ ਜਾਏਗਾ ? ਜੇ ਸਰਕਾਰ, ਜਿਵੇਂ ਤੁਸੀਂ ਕਹਿੰਦੇ ਹੋ—ਨਨਕਾਣੇ ਪੁਲਸ ਨਾ ਘੱਲਣ ਕਰਕੇ ਗਲਤ ਸੀ ਤਾਂ ਉਹ ਗੁਰੂ ਕੇ ਬਾਗ ਉਹਨਾਂ ਨੂੰ ਘੱਲਣ ਵਿਚ ਦਰੁਸਤ ਸੀ ।

(5) ਸਰਕਾਰ ਆਪਣਾ ਪੈਂਤੜਾ ਕਾਨੂੰਨ ਅਨੁਸਾਰ ਹੀ ਲੈ ਸਕਦੀ ਹੈ । ਜੇ 500 ਆਦਮੀ ਆਉਣ ਅਤੇ ਤੁਹਾਨੂੰ ਕਹਿਣ : ਤੂੰ ਰੂਪ ਸਿੰਘ ਕਾਤਲ ਸੈਂ ਅਤੇ ਤੈਨੂੰ ਹੁਣੇ ਹੀ ਫਾਂਸੀ ਲਗਣੀ ਚਾਹੀਦੀ ਹੈ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ? ਮੈਨੂੰ ਕਹਿਣਾ ਚਾਹੀਦਾ ਹੈ । 'ਆਪਣੀ ਸ਼ਹਾਦਤ ਪੇਸ਼ ਕਰੋ ।' ਉਹ ਕਿਉਂਕਿ ਅਕਾਲੀ ਹਨ ਕਹਿਣਗੇ : 'ਨਹੀਂ', ਅਸੀਂ ਸ਼ਹਾਦਤ ਨਹੀਂ ਪੇਸ਼ ਕਰਾਂਗੇ ।' ਅਸੀਂ ਜਾਣਦੇ ਹਾਂ, ਉਹ ਕਾਤਲ ਹੈ—ਸਾਰੀ ਦੁਨੀਆਂ ਇਹ ਗੱਲ ਜਾਣਦੀ ਹੈ ਅਤੇ ਉਸ ਨੂੰ ਫਾਂਸੀ ਦਿਤੀ ਜਾਣੀ ਚਾਹੀਦੀ ਹੈ । ਪਰ ਮੈਂ ਰੂਪ ਸਿੰਘ, ਤੈਨੂੰ ਓਨਾ ਚਿਰ ਫਾਹੇ ਨਹੀਂ ਲਾਵਾਂਗਾ ਜਿੰਨਾ ਚਿਰ (ਤੂੰ ਕਾਤਲ) ਸਾਬਤ ਨਹੀਂ ਹੋ ਜਾਂਦਾ ।[1]

ਉਸ ਨੇ ਸਰਕਾਰ ਨੂੰ ਸਲਾਹ ਦਿਤੀ ਸੀ ਕਿ 'ਸਰਕਾਰੀ ਇਲਾਨ, ਦੇ ਸਿਰਲੇਖ ਥਲੇ ਕੋਈ ਇਲਾਨ ਨਹੀਂ ਕਰਨਾ ਚਾਹੀਦਾ । ਕਿਉਂਕਿ ਇਸ ਨੂੰ ਕੋਈ ਨਹੀਂ ਪੜ੍ਹਦਾ । ਸਰਕਾਰ ਨੂੰ ਆਪਣਾ ਪ੍ਰੋਪੇਗੰਡਾ ਦਿਲ-ਖਿਚਵੇਂ ਸਿਰ-ਲੇਖਾਂ ਹੇਠ ਕਰਨਾ ਚਾਹੀਦਾ ਹੈ । ਜਿਵੇਂ 'ਸਰਕਾਰ ਬੜੀ ਔਖੀ ਹੈ ।' ਅਤੇ ਉਸ ਨੇ ਸਰਕਾਰ ਨੂੰ ਇਕ ਪ੍ਰੋਪੇਗੰਡਾ ਪੈਂਫਲਟ ਵੀ ਏਸੇ ਸਿਰਲੇਖ ਹੇਠ ਲਿਖਕੇ ਦਿਤਾ ਜਿਹੜਾ ਹਜ਼ਾਰਾਂ ਦੀ ਗਿਣਤੀ ਵਿਚ ਵੰਡਿਆ ਗਿਆ ਅਤੇ ਜਿਸ ਵਿਚ ਹੋਰ ਝੂਠੀਆਂ ਗੱਲਾਂ ਤੋਂ ਛੁਟ ਇਹ ਤੂਫਾਨ ਵੀ ਤੋਲਿਆ ਗਿਆ ਸੀ ਕਿ "ਪੁਲਸ ਗੁਰੂ ਕੇ ਬਾਗ ਵਿਚ ਇਸ ਲਈ ਘੱਲੀ ਗਈ ਹੈ ਕਿ ਮਹੰਤ ਸਿੰਘਾਂ ਉਤੇ ਕੋਈ ਵਾਰ ਨਾ ਕਰ ਦੇਵੇ ।"

ਇਹ ਸੀ ਉਗਲਵੀ ਦੇ ਠੱਗਣ ਤੇ ਗੁਮਰਾਹ ਕਰਨ ਦਾ ਢੰਗ । ਬਰਿਟਿਸ਼ ਸਾਮਰਾਜ ਦੀ

[1] 4 ਨਵੰਬਰ, 1922 ਸੀ. ਐਸ. ਜੀ. ਉਗਲਵੀ ।

Digitized by Panjab Digital Library | www.panjabdigilib.org

ਰਖਿਆ ਤੇ ਮਜ਼ਬੂਤੀ ਲਈ ਬਾਹਲੇ ਅੰਗਰੇਜ਼ ਕੋਈ ਵੀ ਪਾਪ ਤੇ ਉਪੱਦਰ ਕਰ ਅਤੇ ਝੂਠ ਬੋਲ ਸਕਦੇ ਸਨ ।

ਉਗਲਵੀ ਨੇ ਜਲੰਧਰ, ਅੰਬਾਲਾ, ਫੀਰੋਜ਼ਪੁਰ ਅਤੇ ਲਾਹੌਰ ਦਾ ਦੌਰਾ ਕੀਤਾ ਉਹ 52ਵੀਂ ਸਿੱਖ, 23-ਵੀਂ ਸਿੱਖ ਪਾਇਓਨੀਅਰਜ਼, 21-ਵੀਂ ਪੈਦਲ ਗਰੁਪ, 28 ਵੀਂ ਪੰਜਾਬੀ, ਤੀਜੀ ਸਕਿਨਰਜ਼ ਹੌਰਸ, ਹੋਡਸਨ ਹੌਰਸ ਅਤੇ 89-ਵੀਂ ਪੰਜਾਬੀ ਵਿਚ ਗਿਆ ਅਤੇ ਉਸ ਨੇ ਹਿੰਦੁ-ਸਤਾਨੀ ਤੇ ਬਰਿਟਿਸ਼ ਅਫਸਰਾਂ ਨਾਲ ਕਿੰਨਾ ਕਿੰਨਾ ਚਿਰ ਗੱਲਾਂ ਕੀਤੀਆਂ । ਕਈ ਅਫਸਰਾਂ ਨੂੰ, ਉਸ ਦੇ ਪਤੇ ਵਿਚ, ਇਸ ਵਿਸ਼ੇ ਬਾਰੇ ਅਧੂਰੀ ਤੇ ਅਪੂਰਣ ਵਾਕਫੀ ਸੀ ਅਤੇ ਕੁਛ ਈਮਾਨਦਾਰੀ ਨਾਲ ਸਮਝਦੇ ਸਨ ਕਿ ਗੌਰਮਿੰਟ ਅਕਾਰਣ ਹੀ ਸਿੱਖਾਂ ਉਤੇ ਸਖਤੀ ਕਰ ਰਹੀ ਹੈ । ਉਸ ਦੀ ਰਾਏ ਵਿਚ ਸਾਰੇ ਹੀ ਸਿੱਖ ਗੁਰਦੁਆਰਾ ਸੁਧਾਰ ਨਾਲ ਹਮਦਰਦੀ ਰਖਦੇ ਸਨ, ਕੁਛ ਥੋੜੇ ਜੇਹੇ ਜੋਸ਼ ਵਿਚ ਸਨ ਅਤੇ ਦੂਜੇ ਜੋ ਕੁਛ ਹੋ ਰਿਹਾ ਸੀ ਉਸ ਤੇ ਚਿੰਤਾਤੁਰ ਸਨ ।

ਉਗਲਵੀ ਦੀ ਰਿਪੋਰਟ ਅਨੁਸਾਰ ਸਿੱਖ ਫੌਜੀਆਂ ਤੇ ਅਫਸਰਾਂ ਨੇ ਸਾਫ ਸਾਫ ਗਲਾਂ ਕੀਤੀਆਂ, ਜੋ ਕੁਛ ਉਹਨਾਂ ਦੇ ਮਨ ਵਿਚ ਸੀ, ਉਹਨਾਂ ਆਖਿਆ, ਪਰ ਉਗਲਵੀ ਇਸ ਨਤੀਜੇ ਤੇ ਪਹੁੰਚਾ ਕਿ ਉਹ "ਬਿਲਕੁਲ ਵਫਾਦਾਰ" ਸਨ ਅਤੇ ਇਹ ਯਕੀਨ ਕਰਕੇ ਈਮਾਨਦਾਰੀ ਨਾਲ ਖੁਸ਼ ਸਨ ਕਿ ਗੌਰਮਿੰਟ ਉਹਨਾਂ ਨੂੰ 'ਥੱਲੇ ਨਹੀਂ ਸੁਟਣਾ' ਚਾਹੁੰਦੀ । ਅਤੇ ਉਹ ਇਹ ਆਖਣੋਂ ਵੀ ਨਹੀਂ ਸਨ ਸੰਗੇ ਕਿ ਸ਼੍ਰੋਮਣੀ ਕਮੇਟੀ ਅਕਾਰਣਤਾ ਤੋਂ ਕੰਮ ਲੈ ਰਹੀ ਹੈ । ਉਸ ਦੇ ਦੌਰੇ ਦਾ ਸਭ ਤੋਂ ਵੱਡਾ ਸਿੱਟਾ ਇਹ ਸੀ: **ਮੈਂ ਯਕੀਨ ਨਹੀਂ ਕਰਦਾ ਕਿ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਫੌਜ ਨੂੰ ਵਰਗਲਾਣ ਦਾ ਕੋਈ ਵੀ ਯਤਨ ਕੀਤਾ ਹੈ ।** (ਜ਼ੋਰ ਮੇਰਾ)

ਇਸ ਲਈ ਅੰਗਰੇਜ਼ ਅਫਸਰਾਂ ਵਲੋਂ ਜਿਹੜਾ ਇਕ ਸਾਰ ਪ੍ਰੋਪੈਗੰਡਾ ਕੀਤਾ ਜਾ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਫੌਜਾਂ ਵਿਚ ਸਿਖ ਸਿਪਾਹੀਆਂ ਨੂੰ ਵਰਗਲਾ ਕੇ ਗੈਰ ਵਫਾਦਾਰ ਬਣਾ ਰਹੀ ਹੈ— ਗਲਤ ਨਿਕਲਿਆ । ਕਮੇਟੀ ਦਾ ਫੌਜਾਂ ਵਿਚ ਦਖਲ ਦੇਣ ਦਾ ਕਦੇ ਵੀ ਇਰਾਦਾ ਨਹੀਂ ਸੀ ਹੋਇਆ । ਇਸ ਦੀ ਤਸਦੀਕ ਪਿੱਛੋਂ ਸੀ. ਆਈ. ਡੀ. ਦੇ ਅਫਸਰਾਂ ਦੀਆਂ ਰਿਪੋਰਟਾ ਤੋਂ ਵੀ ਹੋ ਗਈ ।

ਪਰ ਉਸ ਨੇ ਆਪਣੀ ਰਿਪੋਰਟ ਵਿਚ ਕੁਛ ਹੋਰ ਗੱਲਾਂ ਵੀ ਲਿਖੀਆਂ ਜਿਹੜੀਆਂ ਬਾਹਰਲੇ ਪਰਭਾਵਾਂ ਤੇ ਖਿਆਲਾਂ ਨੂੰ ਪਰਤੀਬਿੰਬਤ ਕਰਦੀਆਂ ਸਨ । ਜਿਵੇਂ :

ਉਹ ਮਾਰਕੁੱਟ ਤੇ ਬੜੇ ਦੁਖੀ ਸਨ ਅਤੇ ਬੀਟੀ ਨੂੰ ਬੁਰਾ ਭਲਾ ਕਹਿੰਦੇ ਸਨ ਕਿਉਂਕਿ ਉਸ ਨੇ ਗੁਰੂ ਗੋਬਿੰਦ ਸਿੰਘ ਲਈ ਕੁਸ਼ਬਦ ਵਰਤੇ ਸਨ । ਮਹੰਤ ਨਰੈਣ ਦਾਸ ਦੀ ਮੌਤ ਦੀ ਸਜ਼ਾ ਤੋੜਨ ਦਾ ਉਹ ਬਾਰ ਬਾਰ ਜ਼ਿਕਰ ਕਰਦੇ ਸਨ ਅਤੇ ਕਹਿੰਦੇ ਸਨ ਕਿ ਉਹ ਅਫਸਰਾਂ ਨੂੰ ਵਢੀਆਂ ਦੇ ਕੇ ਜੇਲ ਵਿਚ ਵੀ ਮਜ਼ੇ ਲੁਟ ਰਿਹਾ ਹੈ । ਸਾਰੇ ਹੀ ਪੁਲਸ ਤੇ ਥਲੇ ਦੇ ਅਫਸਰਾਂ ਦੇ ਸਖਤ ਵਿਰੋਧੀ ਸਨ । ਇਕ ਪੁਰਾਣੇ ਅਫਸਰ ਨੇ, ਜਿਹੜਾ ਮੈਨੂੰ ਯਕੀਨ ਏ ਪੂਰਣ ਤੌਰ ਤੇ ਵਫਾਦਾਰ ਸੀ, ਸਾਰਿਆਂ ਦੇ ਸਾਮ੍ਹਣੇ ਆਖਿਆ : ਨਿਰੀ ਮਾਰਕੁੱਟ, ਗੁਰੂ ਕਾ ਬਾਗ ਜਾਂ ਹੋਰ ਕੋਈ ਘਟਨਾ ਹੀ ਸਾਡੇ ਉਤੇ ਅਸਰ ਨਹੀਂ ਕਰ ਰਹੀ—ਅਸੀਂ ਗੌਰਮਿੰਟ ਦੇ ਸਮੁਚੇ ਸਿਸਟਮ—ਵਕੀਲ, ਕਾਨੂੰਨ, ਅਦਾਲਤਾਂ ਤੋਂ ਫੈਸਲਾ ਲੈਣ ਦੀਆਂ ਮੁਸ਼ਕਲਾਂ ਅਤੇ ਥੱਲੇ ਦੇ ਨੌਕਰਾਂ ਦੀ ਵੱਢੀ-ਖੋਰੀ, ਸਭ ਕੁਛ—ਤੋਂ ਅੱਕੇ ਸੜੇ ਹੋਏ ਹਾਂ। ਉਸ ਨੂੰ ਪਹਿਲੋਂ ਹੀ ਓਹੋ ਤਜਰਬਾ ਹਾਸਲ ਸੀ ਜਿਹੜਾ ਸ਼੍ਰੋਮਣੀ ਕਮੇਟੀ ਦੇ ਮਿੰਬਰਾਂ ਨੂੰ ਗੌਰਮਿੰਟ ਦੇ ਖਿਲਾਫ ਗੁਰਦੁਆਰਾ ਸੰਗਰਾਮਾਂ ਦੇ ਦੌਰਾਨ, ਮਾਰਾਂ ਖਾ ਖਾ ਹੋਇਆ ਸੀ ।

## 1. ਫੌਜ ਵਿਚ ਕਾਲੀ ਪੱਗ ਤੇ ਕਿਰਪਾਨ

ਅੰਗਰੇਜ਼ ਹਾਕਮ ਕਾਲੀ ਪੱਗ ਨੂੰ ਲਾਕਾਨੂੰਨੀ ਤੇ ਬਗਾਵਤ ਦਾ ਨਿਸ਼ਾਨ ਸਮਝਣ ਲਗ

Digitized by Panjab Digital Library | www.panjabdigilib.org

ਪਏ ਸਨ । ਉਹ ਕਿਸੇ ਮਨੁੱਖ ਦੇ ਸਿਰ ਤੇ ਕਾਲੀ ਪੱਗ ਬੱਝੀ ਵੇਖ ਕੇ ਆਪੇ ਤੋਂ ਬਾਹਰ ਹੋ ਜਾਂਦੇ ਸਨ । ਸਰਕਾਰੀ ਦਫਤਰਾਂ ਤੇ ਅਦਾਲਤਾਂ ਵਿਚ ਕੋਈ ਆਦਮੀ ਨੌਕਰੀ ਤੋਂ ਹੱਥ ਧੋਣ ਲਈ ਤਿਆਰ ਹੋ ਕੇ ਹੀ ਕਾਲੀ ਪੱਗ ਬੰਨ੍ਹ ਕੇ ਜਾ ਸਕਦਾ ਸੀ । ਜੱਜਾਂ ਦੀ ਨਾਰਾਜ਼ਗੀ ਤੋਂ ਡਰਦਿਆਂ ਵਕੀਲ ਵੀ ਕਾਲੀ ਪੱਗ ਬੰਨ੍ਹ ਕੇ ਜਾਣ ਤੋਂ ਭੈ ਖਾਂਦੇ ਸਨ । ਫੌਜ ਵਿਚ ਤਾਂ ਕਈ ਸਿੱਖ ਫੌਜੀਆਂ ਨੂੰ ਕਾਲੀ ਪੱਗ ਬੰਨ੍ਹਣ ਤੇ ਕਿਰਪਾਨ ਪਾਉਣ ਤੇ ਲੰਮੀਆਂ ਜੇਲਾਂ ਕੱਟਣੀਆਂ ਪਈਆਂ ।

ਫੌਜਾਂ ਦੇ ਜਵਾਨ ਲੋਕਾਂ ਦੇ ਬੱਚੇ ਹੁੰਦੇ ਹਨ । ਉਹਨਾਂ ਉਤੇ ਜਨਤਾ ਵਲੋਂ ਆਪਣੀਆਂ ਮਗਾਂ ਉਮੰਗਾਂ ਲਈ ਕੀਤੇ ਸੰਗਰਾਮ ਅਸਰ ਕਰਨੋ - ਪਾਉਣੋਂ ਨਹੀਂ ਰਹਿੰਦੇ । ਜਵਾਨ ਛੁੱਟੀਆਂ ਆਉਂਦੇ ਹਨ, ਆਪਣੇ ਰਿਸ਼ਤੇਦਾਰਾਂ ਨੂੰ ਮਿਲਦੇ ਹਨ, ਸੰਗਰਾਮ ਦੇ ਵਾਅ-ਮੰਡਲ ਵਿਚ ਰਹਿੰਦਿਆਂ ਉਹਨਾਂ ਉਤੇ ਉਸ ਵਾਅ-ਮੰਡਲ ਦਾ, ਵਧ ਜਾਂ ਘਟ, ਅਸਰ ਪੈਣਾ ਕੁਦਰਤੀ ਗੱਲ ਹੈ । ਬਾਹਰ ਦੇ ਹਾਲਾਤ ਤੋਂ ਫੌਜ ਨੂੰ ਉਕਾ ਹੀ ਵਾਂਝਿਆ ਜਾਂ ਅਨਜਾਣ ਰਖਣਾ, ਖਬਰਾਂ ਪਹੁੰਚਾਈ ਦੇ ਵਸੀਲਿਆਂ ਦੀ ਤਰੱਕੀ ਦੇ ਕਾਰਣ, ਲਗ ਭਗ ਅਸੰਭਵ ਹੋ ਗਿਆ ਹੈ । ਬਾਹਰਲੀਆਂ ਜਨਤਕ ਘਟਨਾਵਾਂ ਅਤੇ ਫੌਜੀ ਜਵਾਨਾਂ ਵਿਚਕਾਰ ਖਬਰਾਂ ਰੋਕਣ ਲਈ ਕੋਈ ਚੀਨੀ ਕੰਧ ਵੀ ਅਜ ਤਕ ਸਫਲ ਨਹੀਂ ਹੋਈ ।

ਸ਼੍ਰੋਮਣੀ ਕਮੇਟੀ ਦੇ ਫੌਜਾਂ ਵਿਚ ਦਖਲ ਨਾ ਦੇਣ ਦੀ ਪਾਲਿਸੀ ਦੇ ਬਾਵਜੂਦ ਗੁਰਦੁਆਰਾ ਤਹਿਰੀਕ ਦਾ ਅਸਰ ਸਿੱਖ ਫੌਜੀ ਰਜਮਿੰਟਾਂ ਉਤੇ ਵੀ ਹੋਇਆ । ਫੌਜੀ ਸਿਪਾਹੀ ਲੋਕਾਂ ਦੇ ਹੀ ਬੱਚੇ ਜਾਂ ਭਰਾ-ਭਾਈ ਹੁੰਦੇ ਹਨ । ਉਹ ਬਾਹਰ ਦੇ ਧਾਰਮਕ ਜਾਂ ਰਾਜਸੀ ਅਸਰ ਤੋਂ ਬਚ ਨਹੀਂ ਸਕਦੇ । ਬਰਿਟਿਸ਼ ਸਾਮਰਾਜ ਦੀ ਪਾਲਿਸੀ ਇਹ ਸੀ ਕਿ ਫੌਜੀ ਸਿਪਾਹੀਆਂ ਨੂੰ ਹਰ ਕਿਸਮ ਦੀਆਂ ਤਹਿਰੀਕਾਂ ਤੋਂ ਬਿਲਕੁਲ ਅੱਡ ਤੇ ਅਲਹਿਦਾ ਰਖਿਆ ਜਾਵੇ, ਉਹਨਾਂ ਨੂੰ ਬਾਹਰ ਦੀ ਕਿਸੇ ਤਰ੍ਹਾਂ ਦੀ ਹਵਾ ਨਾ ਲੱਗਣ ਦਿੱਤੀ ਜਾਵੇ—ਪਰ ਇਹ ਇਕ ਅਨਹੋਣੀ ਤੇ ਅਸੰਭਵ ਗੱਲ ਸੀ ।

ਨਨਕਾਣਾ ਸਾਹਿਬ ਦੇ ਸਾਕੇ, ਅਕਾਲੀਆਂ ਦੀਆਂ ਬਾਰ ਬਾਰ ਗਰਿਫਤਾਰੀਆਂ, ਜੇਲਾਂ ਦੇ ਤਸ਼ੱਦਦ, ਕੁੰਜੀਆਂ ਖੋਹਣ ਦੇ ਮਾਮਲੇ ਤੇ ਗੁਰੂ ਕੇ ਬਾਗ ਦੇ ਪੁਲਸ ਅਤਿਆਚਾਰ ਨੇ ਉਹਨਾਂ ਵਿਚ ਢੇਰ ਸਾਰੀ ਬੇਚੈਨੀ ਪੈਦਾ ਕੀਤੀ । ਉਹਨਾਂ ਵਿਚੋਂ ਛੁਟੀਆਂ ਉਤੇ ਆ ਕੇ ਕਈਆਂ ਨੇ ਗੁਰੂ ਕੇ ਬਾਗ ਦੀ ਵਹਿਸ਼ੀਆਨਾ ਮਾਰ-ਕੁੱਟ ਦੀਆਂ ਤਸਵੀਰਾਂ ਵੇਖੀਆਂ, ਆਪਣੇ ਪਿੰਡ ਤੇ ਇਲਾਕੇ ਵਿਚ ਅੰਗਰੇਜ਼ ਰਾਜ ਦੇ ਸਿੱਖਾਂ ਉਤੇ ਜ਼ੁਲਮਾਂ ਦੀਆਂ ਕਹਾਣੀਆਂ ਸੁਣੀਆਂ, ਅਕਾਲੀਆਂ ਦੀ ਬਹਾਦਰੀ ਦੇ ਕਾਰਨਾਮੇ ਸੁਣੇ ਅਤੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਕੀਤੇ ਜਾ ਰਹੇ ਸੰਗਰਾਮਾਂ ਦੀਆਂ ਵਾਰਾਂ ਸੁਣੀਆਂ । ਇਹਨਾਂ ਦਾ ਉਹਨਾਂ ਦੇ ਮਨਾਂ ਉਤੇ ਅਸਰ ਹੋਇਆ ਅਤੇ ਉਹਨਾਂ ਵਿਚੋਂ ਕੁਛ ਦੇ ਦਿਲਾਂ ਵਿਚ ਖ਼ਿਆਲ ਆਇਆ ਕਿ ਜਦ ਲੋਕ ਦੇਸ਼ ਤੇ ਧਰਮ ਲਈ ਕੁਰਬਾਨੀਆਂ ਦੇ ਰਹੇ ਹਨ, ਸ਼ਹੀਦ ਹੋ ਰਹੇ ਹਨ, ਆਪਣੇ ਮਾਲ ਡੰਗਰ ਜੁਰਮਾਨਿਆਂ ਵਿਚ ਕੁਰਕ ਕਰਵਾ ਰਹੇ ਹਨ ਤਾਂ ਉਹਨਾਂ ਦਾ ਵੀ ਆਪਣੇ ਦੇਸ਼ ਤੇ ਧਰਮ ਲਈ ਕੁਛ ਫਰਜ਼ ਬਣਦਾ ਹੈ । ਇਸ ਲਈ ਉਹਨਾਂ ਨੇ ਕਾਲੀਆਂ ਪੱਗਾਂ ਬੰਨ੍ਹ ਲਈਆਂ, ਕੁਛ ਇਕ ਨੇ ਕਿਰਪਾਨਾਂ ਪਹਿਨ ਲਈਆਂ ਅਤੇ ਆਪਣੀਆਂ ਫੌਜਾਂ ਵਿਚ ਜਾ ਕੇ ਬਾਹਰਲੀ ਹਵਾ ਬਾਰੇ ਚਰਚਾ ਕੀਤੀ ।

ਫੌਜੀ ਅਫਸਰਾਂ ਨੇ ਜਵਾਨਾਂ ਦੇ ਸਿਰ ਤੇ ਕਾਲੀਆਂ ਪੱਗਾਂ ਬੱਧੀਆਂ ਵੇਖੀਆਂ ਤਾਂ ਉਹ ਸੜ ਬਲ ਕੇ ਕੋਲੇ ਹੋ ਗਏ । ਕਾਲੀ ਪੱਗ ਬਾਹਰ ਅੰਗਰੇਜ਼ ਰਾਜ ਦੇ ਖਿਲਾਫ ਅਵੱਗਿਆ ਦਾ ਚਿੰਨ੍ਹ ਬਣ ਗਿਆ ਸੀ—ਹਾਕਮ ਇਸ ਨੂੰ ਬਗਾਵਤ ਦਾ ਤਕਮਾ ਸਮਝਣ ਲਗ ਪਏ ਸਨ । ਉਹ ਕਾਲੀ ਪਗੜੀ ਬੰਨ੍ਹਣ ਨੂੰ ਫੌਜੀ ਡਿਸਿਪਲਨ ਦੇ ਖਿਲਾਫ ਇਕ ਬਹੁਤ ਵੱਡਾ ਜੁਰਮ ਸਮਝਦੇ ਸਨ । ਇਸ

Digitized by Panjab Digital Library | www.panjabdigilib.org

ਲਈ ਕਾਲੀਆਂ ਪੱਗਾਂ ਤੇ ਕਿਰਪਾਨਾਂ ਪਹਿਨਣ ਵਾਲੇ ਸਿੱਖ ਜਵਾਨਾਂ ਨੂੰ ਉਹਨਾਂ ਨੇ ਬੜੀਆਂ ਸਖਤ ਸਜਾਵਾਂ ਦਿੱਤੀਆਂ।—ਸਿਰਫ ਪੰਜਾਬ ਵਿਚ ਹੀ ਨਹੀਂ—ਸਗੋਂ ਬਾਹਰਲੇ ਸੂਬਿਆਂ ਵਿਚ ਵੀ।[1]

ਇਹਨਾਂ ਜਵਾਨਾਂ ਵਿਚੋਂ ਕਈ ਡਿਸਮਿਸ ਕੀਤੇ ਗਏ। ਕਈਆਂ ਨੇ ਨਾਮ ਕਟਵਾਉਣ ਦੇ ਯਤਨ ਕੀਤੇ ਅਤੇ ਕਈ ਰਜਮਿੰਟਾਂ ਛਡ ਕੇ ਭੱਜ ਗਏ। ਇਹਨਾਂ ਦੀ ਗਿਣਤੀ ਹਾਸਲ ਕਰਨਾ ਅਸੰਭਵ ਹੈ। "ਚੌਦਵੀਂ ਸਿੱਖ (ਕਿੰਗ ਜਾਰਜ ਦੀ ਆਪਣੀ) ਦੇ ਕੁਲ ਅੱਠ ਆਦਮੀਆਂ ਉਤੇ ਕੋਰਟ ਮਾਰਸ਼ਲ ਰਾਹੀਂ ਮੁਕੱਦਮਾ ਚਲਾਇਆ ਗਿਆ। ਇਲਜ਼ਾਮ ਹਰ ਮੁਕੱਦਮੇ ਵਿਚ ਹੁਕਮ-ਅਦੂਲੀ ਸੀ। ਸੱਤਾਂ ਦੋਸ਼ਾਂ ਵਿਚ ਯੂਨੀਫਾਰਮ (ਵਰਦੀ) ਨਾਲ ਕਾਲੀ ਪੱਗ ਬੰਨ੍ਹਣਾ ਅਤੇ ਹੁਕਮ ਦੇਣ ਤੇ ਨਾ ਲਾਹੁਣਾ। ਅੱਠਵੇਂ ਦੋਸ਼ ਵਿਚ, ਅਫਸਰ ਨੂੰ ਕਾਇਦੇ ਮੁਤਾਬਕ ਸਲੂਟ ਨਾ ਕਰਨਾ, ਸਗੋਂ ਪੰਜਾਬੀ ਸਲੂਟ (ਹੱਥ ਜੋੜ ਕੇ) ਕਰਨਾ।

"ਪੰਜਾਂ ਆਦਮੀਆਂ ਨੂੰ ਦੋ ਦੋ ਸਾਲ ਕੈਦ ਸਖਤ ਦੀ ਸਜ਼ਾ ਦਿੱਤੀ ਗਈ, ਇਕ ਨੂੰ ਡੇਢ੍ਹ ਸਾਲ ਅਤੇ ਦੋਹਾਂ ਨੂੰ ਇਕ ਇਕ ਸਾਲ ਸਖਤ ਦੀ। ਅਖੀਰੀ ਦੋ ਨਵੇਂ ਰੰਗਰੂਟ ਸਨ। ਮੈਂ ਉਹਨਾਂ ਦੀ ਛੇ ਛੇ ਮਹੀਨੇ ਸਜ਼ਾ ਘਟਾ ਦਿੱਤੀ।"

"ਏਸੇ ਰਜਮਿੰਟ ਦੇ ਸੂਬੇਦਾਰ ਮੇਜਰ ਨੇ ਮੁਕਦਮੇ ਮੁਲਤਵੀ ਕਰਨ ਲਈ ਆਖਿਆ। ਮੈਂ (ਫੌਜੀ ਅਫਸਰ ਨੇ) ਉਹਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਫੌਜ ਵਿਚ ਰੰਜ ਪੈਦਾ ਹੋਣ ਦੀ ਗੱਲ ਕੀਤੀ। ਮੈਂ ਉਹਨੂੰ ਕਹਿ ਦਿੱਤਾ ਕਿ ਨਿੱਕੇ ਜਿਹੇ ਰੰਜ ਦੇ ਇਸ਼ਾਰੇ ਤੇ ਹੀ ਮੈਂ ਉਹਨਾਂ ਨੂੰ ਬੇ-ਹਥਿਆਰ ਕਰ ਦਿਆਂਗਾ।......ਮੈਂ ਮਹਿਸੂਸ ਕੀਤਾ, ਖਤਰਾ ਮੁਲ ਨਹੀਂ ਲੈਣਾ ਚਾਹੀਦਾ। ਮੈਂ ਯੂਨਿਟ ਦੇ ਕੁਆਟਰ ਗਾਰਡ ਲਈ ਸਿਰਫ 100 ਰੌਂਦ ਰਹਿਣ ਦਿੱਤੇ, ਬਾਕੀ ਦਾ ਬਾਰੂਦ ਸਿੱਕਾ ਉਥੋਂ ਕਢ ਲਿਆ।"

"ਜਲੰਧਰ ਜੇਲ ਦੇ ਸੁਪਰੰਡੈਂਟ ਨੇ ਮੈਨੂੰ ਮਿਲ ਕੇ ਆਖਿਆ ; ਇਹ ਜੇਲ੍ਹ ਸ਼ਹਿਰ ਵਿਚ ਬੜੀ ਨੰਗੀ-ਖੁਲ੍ਹੀ ਥਾਂ ਉਤੇ ਹੈ। ਇਸ ਲਈ ਇਸ ਜੇਲ ਵਿਚ ਸਿਖ ਫੌਜੀ ਕੈਦੀ ਨਾ ਘਲੋ। ਉਸ ਨੂੰ ਖਤਰਾ ਸੀ ਕਿ ਅਕਾਲੀ ਜੇ ਜੇਲ੍ਹ ਨੂੰ ਤੋੜਨ ਦਾ ਯਤਨ ਨਹੀਂ ਕਰਨਗੇ ਤਾਂ ਮੁਜ਼ਾਹਰਾ ਜ਼ਰੂਰ ਕਰਨਗੇ। ਕਮਿਸ਼ਨਰ ਨਾਲ ਸਲਾਹ ਮਸ਼ਵਰਾ ਕਰਨ ਪਿੱਛੋਂ ਕੈਦੀਆਂ ਨੂੰ ਲਾਹੌਰ ਭੇਜ ਦਿੱਤਾ। ਇਸ ਅਰਸੇ ਵਿਚ 20 ਆਦਮੀ ਭਗੌੜੇ ਹੋ ਗਏ। ਅਜੇ ਦਸ ਬਾਰਾਂ ਆਦਮੀ ਹੋਰ ਸਨ ਜਿਨ੍ਹਾਂ ਉਤੇ ਗੜਬੜ ਪੈਦਾ ਕਰਨ ਦਾ ਸ਼ਕ ਸੀ।"[2]

ਅਤੇ ਇਹ ਸਿਰਫ ਇਕ ਯੂਨਿਟ ਦੀ ਕਹਾਣੀ ਹੈ। ਬਾਕੀ ਸਿੱਖ ਯੂਨਿਟਾਂ ਵਿਚ ਵੀ, ਵੱਧ ਜਾਂ ਘੱਟ, ਏਹੋ ਜੇਹੀ ਹਾਲਤ ਸੀ। ਅਤੇ ਉਤਲੀਆਂ ਵਾਪਰਨਾਵਾਂ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਅੰਗਰੇਜ਼ ਹਾਕਮ ਤੇ ਫੌਜੀ ਅਫਸਰ ਅਕਾਲੀ ਤਹਿਰੀਕ ਤੋਂ ਕਿੰਨੇ ਪਰੇਸ਼ਾਨ ਤੇ ਭੈਭੀਤ ਸਨ। ਇਕ ਹੋਰ ਸਾਧਾਰਨ ਕੇਸ ਲਓ : 13-16ਵੇਂ ਰਸਾਲੇ ਦਾ ਇਕ ਸਿੱਖ ਲੁਧਿਆਣਿਉਂ ਆਪਣੀ ਛੁੱਟੀ ਪਿਛੋਂ ਕੁਹਾਟ ਪਹੁੰਚਾ। ਉਸ ਨੇ ਕਿਰਪਾਨ ਪਾਈ ਹੋਈ ਸੀ ਅਤੇ ਕਾਲੀ ਪੱਗੜੀ ਬੱਧੀ ਹੋਈ ਸੀ। ਅਫਸਰਾਂ ਨੇ ਉਸ ਨੂੰ ਖਬਰਦਾਰ ਕੀਤਾ। ਇਸ ਅਰਸੇ ਵਿਚ ਉਸ ਨੇ ਇਕ ਫੌਜੀ ਜੁਰਮ ਕੀਤਾ ਜਿਸ ਤੇ ਉਸ ਨੂੰ 28 ਦਿਨ ਕੈਦ ਦੀ ਸਜ਼ਾ ਦੇ ਕੇ ਡਿਸਚਾਰਜ ਕਰ ਦਿਤਾ ਗਿਆ।

---

[1] ਵੇਖੋ ਅੰਤਕਾ ਨੰਬਰ : ਛੇ ਤੇ ਸਤ।

[2] Appendix to notes—Page 29—File No. 459. II series Nos.1—10.

Digitized by Panjab Digital Library | www.panjabdigilib.org

ਫੌਜੀ ਜੁਰਮ ਘੜ ਲਿਆ ਗਿਆਂ ਜਾਪਦਾ ਸੀ। ਮਕਸਦ ਉਸ ਨੂੰ ਫੌਜ ਵਿਚੋਂ ਕਢ ਦੇਣਾ ਜਾਪਦਾ ਸੀ ਤਾਂ ਜੁ ਹੋਰ ਸਿਪਾਹੀ ਪਰਭਾਵਿਤ ਨਾ ਹੋ ਜਾਂਦੇ ਹੋਣ।

14ਵੀਂ ਸਿੱਖ ਦੇ ਚਾਰ ਆਦਮੀ ਭਗੌੜੇ ਹੋ ਗਏ ਹਨ, ਕੁਛ ਹੋਰ ਦੇ ਭਗੌੜੇ ਹੋਣ ਦੀ ਸੰਭਵਤਾ ਹੈ। ਕਲ ਐਤਵਾਰ ਹੀ ਮੈਂ ਦੋਂਹ ਤੇ ਕੋਰਟ ਮਾਰਸ਼ਲ ਕਰਕੇ ਸਜ਼ਾ ਦੇ ਰਿਹਾ ਹਾਂ ਅਤੇ ਸਿਵਲ ਜੇਲ੍ਹ ਵਿਚ ਭੇਜ ਰਿਹਾ ਹਾਂ। ਅਫਸਰ ਕਹਿੰਦੇ ਹਨ ਕਿ ਫੌਜੀਆਂ ਦੇ ਡਿਸਿਪਲਨ ਉਤੇ ਇਹ ਮਾੜਾ ਅਸਰ ਸਿੱਖ ਕੈਦੀਆਂ ਦੇ ਜੇਲ੍ਹਾਂ ਵਿਚੋਂ ਹੁਣੇ ਜਿਹੇ ਛਡਣ ਕਰਕੇ ਪਿਆ ਹੈ।

19ਵੀਂ ਪੰਜਾਬੀ ਦੇ ਅਫਸਰਾਂ ਦਾ ਵੀ ਏਹੋ ਖਿਆਲ ਹੈ। ਪਰ ਕਿਰਪਾਨ ਦੇ ਸਵਾਲ ਤੇ ਉਹ ਕੋਰਟ ਮਾਰਸ਼ਲ ਨਹੀਂ ਚਾਹੁੰਦੇ। ਮੈਂ ਕਰਨੈਲ ਹੇਅ ਨੂੰ ਅਧਿਕਾਰ ਦੇ ਰਿਹਾ ਹਾਂ ਕਿ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਕਰਕੇ ਸੰਤਾ ਸਿੰਘ ਨੂੰ 28 ਦਿਨਾਂ ਦੀ ਕੈਦ ਕਰੇ। ਮੈਂ ਕੈਦ ਮੁਕਣ ਤੇ ਉਸ ਦਾ ਨਾਮ ਕੱਟ ਰਿਹਾ ਹਾਂ।[1]"

ਸਿੱਖ ਫੌਜਾਂ ਉਤੇ ਏਨਾ ਸ਼ੱਕ ਹੋ ਗਿਆ ਸੀ ਕਿ ਗੜ੍ਹ ਸ਼ੰਕਰ ਨੂੰ ਕੰਪਨੀ ਘੱਲਣ ਦੇ ਹੁਕਮ ਮਿਲਣ ਉਤੇ ਡੋਗਰੇ ਭੇਜੇ ਗਏ, ਸਿੱਖ ਕੋਈ ਨਹੀਂ। 14-ਵੀਂ ਸਿੱਖ ਤੇ 19-ਵੀਂ ਪੰਜਾਬੀ ਨੂੰ ਹਿੰਦੁਸਤਾਨ ਤੋਂ ਬਾਹਰ ਭੇਜਣ ਦੇ ਹੁਕਮ ਮਿਲੇ ਹੋਏ ਸਨ। ਸ਼ਾਇਦ ਕੁਛ ਦੇ ਭਗੌੜੇ ਹੋ ਜਾਣ ਦਾ ਵੀ ਸ਼ੱਕ ਹੋਵੇ।

ਏਸੇ ਤਰ੍ਹਾਂ ਹੋਰ ਕੰਪਨੀਆਂ ਦੇ ਕੁਛ ਫੌਜੀ ਸਿਪਾਹੀਆਂ ਨੂੰ ਵੀ ਹੁਕਮ-ਅਦੂਲੀ ਦੇ ਅਧੀਨ ਸਜ਼ਾਵਾਂ ਮਿਲੀਆਂ ਉਹਨਾਂ ਦਾ ਕਸੂਰ ਵੀ ਕਾਲੀਆਂ ਪਗਾਂ ਤੇ ਕਿਰਪਾਨਾਂ ਪਹਿਨਣਾ ਸੀ। ਰਜਮਿੰਟ ਨੰ: 45 ਦੇ ਦੋ ਸਿੱਖਾਂ ਨੂੰ ਕਾਲੀਆਂ ਪਗਾਂ ਬੰਨ੍ਹਣ ਤੇ 18 ਤੇ ਸਾਢੇ 8 ਸਾਲਾਂ ਦੀਆਂ ਵਹਿਸ਼ੀਆਨਾਂ ਸਜ਼ਾਵਾਂ ਦਿਤੀਆਂ ਗਈਆਂ। 57ਵੀਂ ਰਾਈਫਲਜ਼ ਦੇ ਪੰਦਰਾਂ ਸਿੱਖਾਂ ਨੂੰ ਕਿਰਪਾਨ ਪਾਈ ਰਖਣ ਦੀ ਜ਼ਿਦ ਕਰਨ ਤੇ ਦਸਾਂ ਤੋਂ ਚਾਰ ਸਾਲਾਂ ਤਕ ਕੈਦ ਸਖਤ ਦੇ ਕੇ ਜੇਲਾਂ ਵਿਚ ਭੇਜ ਦਿਤਾ ਗਿਆ। ਇਸ ਤਰ੍ਹਾਂ ਦੀਆ ਹੋਰ ਸਜ਼ਾਵਾਂ ਦੀਆਂ ਰਿਪੋਰਟਾਂ ਮੈਸੋਪੋਟਾਮੀਆਂ ਤੋਂ ਵੀ ਸ਼੍ਰੋਮਣੀ ਕਮੇਟੀ ਨੂੰ ਮਿਲੀਆਂ। ਕਈਆਂ ਦੇ ਫੌਜ ਵਿਚੋਂ ਨਾਮ ਕਟ ਦਿਤੇ ਗਏ। ਮੁਕਦੀ ਗੱਲ, ਨਿਕੀ ਨਿਕੀ ਗੱਲ ਪਿੱਛੇ ਡਿਸਿਪਲਨ ਦੇ ਨਾਮ ਥਲੇ, ਸਿੱਖ ਫੌਜੀਆਂ ਨੂੰ ਕਾਲੀਆਂ ਪੱਗਾਂ ਤੇ ਕਿਰਪਾਨਾਂ ਪਹਿਨਣ ਕਰਕੇ ਬੜੀਆਂ ਸਖਤ ਸਜ਼ਾਵਾਂ ਦੇ ਕੇ ਸੀਖਾਂ ਪਿੱਛੇ ਭੇਜਿਆ ਗਿਆ।

## 2. ਸ਼੍ਰੋਮਣੀ ਕਮੇਟੀ ਦਾ ਵਕਾਰ

ਇਸ ਵੇਲੇ ਸ਼੍ਰੋਮਣੀ ਕਮੇਟੀ ਦਾ ਸਤਕਾਰ ਤੇ ਵਕਾਰ ਬੜਾ ਵਿਸ਼ਾਲ ਤੇ ਡੂੰਘਾ ਹੋ ਗਿਆ ਸੀ। ਮਾਰ-ਕੁਟਾਈ ਦੀ ਅਗਨ-ਪ੍ਰੀਖਿਆ ਵਿਚੋਂ ਜਿਤ ਪਰਾਪਤ ਕਰਨ ਪਿੱਛੋਂ ਕਮੇਟੀ ਦੀ ਅਗਵਾਈ ਦਾ ਧੱਵਾਂ ਬੈਠ ਗਿਆ ਸੀ। ਕਮੇਟੀ ਦੀ ਪ੍ਰੋਪੇਗੰਡਾ ਮਸ਼ੀਨ ਦੀ ਬੜੀ ਧਨ ਧਨ ਹੋ ਰਹੀ ਸੀ। ਅਫਸਰਾਂ ਵਿਚ ਕਮੇਟੀ ਵਲੋਂ ਫੌਜਾਂ ਵਿਚ ਪ੍ਰੋਪੇਗੰਡਾ ਰੋਕਣ ਦਾ ਛੇਤੀ ਤੋਂ ਛੇਤੀ ਬੰਦੋਬਸਤ ਕਰਨ ਦੇ ਬੜੇ ਮਸ਼ਵਰੇ ਹੋ ਰਹੇ ਸਨ। ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧ ਵਿਚ, ਫੌਜਾਂ ਵਿਚ ਕੁਛ ਨਹੀਂ ਸੀ ਹੋ ਰਿਹਾ।—ਜਿਵੇਂ ਕਿ ਅਸੀਂ ਪਿਛੇ ਹੀ ਵੇਖ ਆਏ ਹਾਂ ਪਰ ਬਦੇਸ਼ੀ ਰਾਜ ਨੂੰ ਹਰ ਪਾਸੇ, ਦੇਸ ਦੇ ਲੋਕਾਂ ਤੋਂ, ਖਤਰਾ ਹੀ ਖਤਰਾ ਨਜ਼ਰ ਆਉਂਦਾ ਸੀ। ਅਕਾਲੀ, ਫੌਜੀ ਡਿਸਿਪਲਨ ਦੇ ਪਾਬੰਦ ਹੋਣ ਕਰਕੇ, ਅੰਗਰੇਜ਼ ਹਾਕਮਾਂ ਨੂੰ ਆਪਣੇ ਰਾਜ ਲਈ ਸਭ ਤੋਂ ਵਧੀਕ ਖਤਰਾ ਬਣੇ ਹੋਏ ਨਜ਼ਰ ਆਉਂਦੇ ਸਨ।

[1] Appendix to notes— Page 29—File no. 459 II series. Home-pol.

Digitized by Panjab Digital Library | www.panjabdigilib.org

'ਛੁੱਟੀ ਕੱਟ ਕੇ ਮੇਰਠ ਰਜਮਿੰਟ ਵਿਚ ਆ ਰਹੇ ਸਿਪਾਹੀ ਪਰਬੰਧਕ ਕਮੇਟੀ ਦੇ ਪਰਚਾਰ ਦੀਆਂ ਬੜੀਆਂ ਸਿਫਤਾਂ ਕਰਦੇ ਸਨ। ਉਹਨਾਂ ਦੇ ਟਬੱਰਾਂ ਉਤੇ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਨੌਕਰੀ ਛਡ ਦੇਣ। ਅਤੇ ਹੋ ਸਕਦਾ ਹੈ ਕਿ ਕਈ ਆਦਮੀ ਅਸਤੀਫੇ ਦੇ ਦੇਣ।......ਲਾਹੌਰ ਵਿਚ ਮੁਕੀਮ ਇਕ ਰਜਮਿੰਟ ਦੇ ਕਮਾਨ ਅਫਸਰ ਦੀ ਰਾਏ ਹੈ ਕਿ ਜੇ ਪਰਬੰਧਕ ਕਮੇਟੀ ਹੁਕਮ ਦੇ ਦੇਵੇ ਕਿ "ਹਥਿਆਰ ਸੁੱਟ ਦਿਓ ਤਾਂ ਉਸਦੀ ਕਮਾਨ ਥਲਵਾਂ ਸਕੁਆਡਰਨ ਹਥਿਆਰ ਸੁੱਟ ਦੇਵੇਗਾ—ਇਸ ਲਈ ਨਹੀਂ ਕਿ ਉਹ ਬਰਿਟਿਸ਼ ਅਫਸਰਾਂ ਦੇ ਵਿਰੋਧੀ ਹਨ, ਇਹਨਾਂ ਨਾਲ ਉਹਨਾਂ ਦੇ ਰਿਸ਼ਤੇ ਬੜੇ ਦੋਸਤਾਨਾ ਹਨ ਅਤੇ ਨਾ ਹੀ ਤਸ਼ੱਦਦ ਦੀ ਨੀਅਤ ਨਾਲ, ਸਗੋਂ ਚੁਪਚਾਪ ਤੇ ਅਫਸੋਸ-ਭਰੇ ਦਿਲ ਨਾਲ।—ਸਿਰਫ ਇਸ ਲਈ ਕਿ ਸ਼੍ਰੋਮਣੀ ਕਮੇਟੀ ਉਹਨਾਂ ਨੂੰ ਇੰਜ ਕਰਨ ਦੀ ਸਲਾਹ ਦੇਂਦੀ ਹੈ। ਸਿੱਖ ਫੌਜੀ ਨੂੰ ਸ਼੍ਰੋਮਣੀ ਕਮੇਟੀ ਵਿਚ ਬੜਾ ਭਰੋਸਾ ਸੀ ਅਤੇ ਉਸ ਦਾ ਖਿਆਲ ਹੈ ਕਿ ਕਮੇਟੀ ਉਸ ਲਈ ਸਿੱਖ ਗੁਰਦੁਆਰੇ ਹਾਸਲ ਕਰ ਰਹੀ ਹੈ।[1]

ਇਸ ਕਮਾਨ ਅਫਸਰ ਦੀ ਰਾਏ ਵਿਚ ਜੇ ਸਾਰੀ ਦੀ ਸਾਰੀ ਪਰਬੰਧਕ ਕਮੇਟੀ ਫੜ ਲਈ ਜਾਵੇ ਤਾਂ ਇਸ ਸਕੁਆਡਰਨ ਦੇ ਆਦਮੀ ਕੁਛ ਨਹੀਂ ਕਰਨਗੇ। ਭਾਵੇਂ ਉਹ ਇਸ ਕਦਮ ਤੇ ਖੁਸ਼ ਨਹੀਂ ਹੋਣਗੇ। ਉਹਨਾਂ ਦਾ ਯਕੀਨਨ, ਕਮੇਟੀ ਵਿਚ ਬੜਾ ਭਰੋਸਾ ਹੈ।

ਕੁਛ ਅਫਸਰਾਂ ਦਾ ਖਿਆਲ ਸੀ ਕਿ ਕੁੰਜੀਆਂ ਦੇ ਮਾਮਲੇ ਵਿਚ ਅਕਾਲੀਆਂ ਦੀਆਂ ਆਮ ਰਿਹਾਈਆਂ ਫੌਜ ਵਿਚ ਡਿਸਿਪਲਨ ਢਿਲਾ ਕਰਨ ਦਾ ਕਾਰਣ ਬਣੀਆਂ ਹਨ। ਯਾਨੀ ਉਹ ਸਖਤ ਤੇ ਮਜ਼ਬੂਤ ਪਾਲਿਸੀ ਅਖਤਿਆਰ ਕਰਨ ਦੇ ਹੱਕ ਵਿਚ ਸਨ। ਕੁਛ ਫੌਜੀ ਅਫਸਰਾਂ ਨੂੰ ਫੌਜੀ ਸਿੱਖਾਂ ਦੀ ਵਫਾਦਾਰੀ ਸ਼ੱਕੀ ਨਜ਼ਰ ਆਉਣ ਲਗ ਪਈ ਸੀ। ਉਹ ਉਹਨਾਂ ਨੂੰ ਬਾਹਰ ਗੜਬੜ ਦਬਾਣ ਲਈ ਸਿਵਲ ਹਕੂਮਤ ਦੀ ਮਦਦ ਉਤੇ ਭੇਜਣ ਤੋਂ ਝਿਜਕਦੇ ਸਨ। ਕੁਛ ਇਕ ਸਿੱਖ ਫੌਜੀ ਰਜਮਿੰਟਾਂ ਨੂੰ, ਸ਼ੱਕ ਦੇ ਕਾਰਣ, ਬਾਹਰ ਹੋਰ ਸੂਬਿਆਂ ਤੇ ਬਦੇਸ਼ਾਂ ਵਿਚ ਭੇਜ ਦੇਣ ਦੀਆਂ ਤਿਆਰੀਆਂ ਸ਼ੁਰੂ ਸ਼ਨ। ਫੌਜੀ ਅਫਸਰਾਂ ਦੀਆਂ ਰਿਪੋਰਟਾਂ ਬੜੀਆਂ ਭੈ-ਭੀਤਕ ਤੇ ਘਬਰਾਹਟ-ਭਰੀਆਂ ਸਨ। ਉਹ ਖੰਭ ਦੀਆਂ ਡਾਰਾਂ ਬਣਾ ਬਣਾ ਵਾਯ-ਮੰਡਲ ਵਿਚ ਉਡਾ ਰਹੇ ਸਨ। ਉਹਨਾਂ ਨੇ ਫੌਜੀ ਇਤਿਹਾਸ ਵਿਚ ਕਾਲੀਆਂ ਪੱਗਾਂ ਜਾਂ ਕਿਰਪਾਨਾਂ ਪਹਿਨਣ ਲਈ ਹੁਕਮ ਅਦੂਲੀ ਕਰਨ ਦੀਆਂ ਗੱਲਾਂ ਪਹਿਲੋਂ ਕਦੇ ਨਹੀਂ ਸਨ ਵੇਖੀਆਂ। ਉਹਨਾਂ ਨੂੰ ਇਸ ਹੁਕਮ-ਅਦੂਲੀ ਵਿਚ ਬਰਿਟਿਸ਼ ਰਾਜ ਲਈ ਬੜਾ ਖਤਰਾ ਨਜ਼ਰ ਆਉਂਦਾ ਸੀ। ਏਸੇ ਕਾਰਣ ਉਹਨਾਂ ਨੇ ਸਿੱਖ ਸਿਪਾਹੀਆਂ ਨੂੰ ਬੜੀਆਂ ਸਖਤ ਸਜ਼ਾਵਾਂ ਦਿਤੀਆਂ।

## 3. ਪਿੰਡਾਂ ਵਿਚ ਫੌਜੀ ਗਸ਼ਤਾਂ

ਪਿੰਡਾਂ ਵਿਚ, ਗੜਬੜ ਰੋਕਣ ਤੇ ਉਹਨਾਂ ਨੂੰ ਦਬਾਕੇ ਰਖਣ ਲਈ ਫੌਜੀ ਗਸ਼ਤੀ ਦਸਤੇ ਭੇਜੇ ਜਾਂਦੇ ਸਨ। ਦੂਜੀ–ਇਕਤਾਲਵੀਂ ਡੋਗਰਾ ਕੰਪਨੀ ਨੇ 12 ਜਨਵਰੀ ਤੋਂ 17 ਜਨਵਰੀ 1922 ਤਕ ਫਿਲੌਰ ਤਹਿਸੀਲ ਵਿਚ ਗਸ਼ਤ ਕੀਤੀ। ਉਸ ਦੀ ਰਿਪੋਰਟ ਤੋਂ ਪਿੰਡਾਂ ਦੀ ਤਦਵੀਂ ਸਥਿਤੀ ਦਾ ਚੰਗਾ ਪਤਾ ਲਗਦਾ ਹੈ। ਕੰਪਨੀ ਦੀ ਨਜ਼ਰ ਵਿਚ ਛੋਟੇ ਪਿੰਡਾਂ ਦੀ ਹਾਲਤ ਚੰਗੀ ਹੈ ਪਰ ਵਡੇ ਪਿੰਡ ਜਮਸ਼ੇਰ, ਕੰਗਣੀਵਾਲਾ ਅਤੇ ਜੰਡਿਆਲਾ ਸੋਚ ਸਮਝਕੇ, ਜਾਣ ਬੁਝਕੇ ਗੁਸਤਾਖ ਹਨ...... ਗੌਰਮਿੰਟ ਦੀ ਮਦਦ ਕਰਨ ਵਾਲੇ ਲੋਕਾਂ ਨੂੰ ਡਰਾਇਆ ਧਮਕਾਇਆ ਜਾਂਦਾ ਹੈ ਅਤੇ ਉਹਨਾਂ ਦਾ

[1] Demi official Letter frcm C. W. Gwynne to mr. S. P. O' Donnell Dated the 31th October, 1922.

Digitized by Panjab Digital Library | www.panjabdigilib.org

ਸਮਾਜਕ ਬਾਈਕਾਟ ਕੀਤਾ ਜਾਂਦਾ ਹੈ। ਸਮਰਾਏ ਤੇ ਬੁੰਡਾਲੇ ਦੇ ਗੁਆਂਢੀ ਪਿੰਡਾਂ ਵਿਚ ਬਾਹਰੋਂ ਆਏ (ਗਦਰੀ) ਸਿੱਖ ਬਹੁਤ ਹਨ......ਪੁਰਾਣੇ ਸਿਪਾਹੀ ਕਿਸੇ ਕੰਮ ਦੇ ਨਹੀਂ; ਕੋਈ ਮਦਦ ਨਹੀਂ ਕਰਦੇ। ਕਈ ਨਾ-ਮਿਲਵਰਤਨ ਨਾਲ ਦੂਸ਼ਤ ਹਨ ਕਿਉਂਕਿ ਉਹ ਸਮਝਦੇ ਹਨ ਕਿ ਵਡੀ ਜੰਗ ਵਿਚ ਹਿੱਸਾ ਲੈਣ ਲਈ ਉਹਨਾ ਨੂੰ ਕੁਛ ਨਹੀਂ ਦਿਤਾ ਗਿਆ। ਫੌਜਾਂ ਦੀ ਵਫਾਦਾਰੀ ਵਿਚ ਭੰਗ ਪਾਣ ਲਈ ਕੋਈ ਬਦਮਾਸ਼ (ਅਕਾਲੀ ਜਾਂ ਰਾਜਸੀ ਜਵਾਨ) ਨਹੀਂ ਭਰਤੀ ਕਰਾਏ ਜਾ ਰਹੇ। ਨੂਰ ਮਹਿਲ ਵਿਚ ਵਫਾਦਾਰਾਂ ਨੇ ਚੰਗਾ ਸਵਾਗਤ ਕੀਤਾ ਅਤੇ ਸ਼ਹਿਜ਼ਾਦੇ ਦੇ ਸੁਆਗਤ ਲਈ ਫੰਡ ਦਿਤਾ ਪਰ ਇਹ ਗੱਲ ਖੁਫੀਆ ਰਖੀ ਜਾਵੇ ਕਿਉਂਕਿ ਬਾਈਕਾਟ ਦਾ ਡਰ ਹੈ।......

ਪਲਟਨ ਬਿਲਗੇ ਨਗਰ ਵਿਚ ਮਾਰਚ ਕਰਕੇ ਗਈ। ਬਾਈਕਾਟ ਤੇ ਡਰਾਅ-ਧਮਕਾਅ ਦੀ ਉਸ ਨੇ ਵੀ ਖਬਰ ਦਿੱਤੀ। ਉਸ ਦਸਿਆ ਕਿ ਸਿੱਖਾਂ ਦੀ ਬਹੁ-ਗਿਣਤੀ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਈ ਹੈ। ਹੁਣਵੀਂ ਬੇਚੈਨੀ ਅਫਸਰਾਂ ਵਲੋਂ ਲੋਕਾਂ ਨਾਲ ਤਾਲ-ਮੇਲ ਨਾ ਰਖਣ ਦੇ ਕਾਰਣ ਹੈ। ਤਿੰਨ ਪਲਟਣਾਂ ਪਿੰਡ ਰੁੜਕਾ-ਕਲਾਂ ਗਈਆਂ। ਆਉਭਗਤ ਬੜੀ ਮਾੜੀ ਹੋਈ। ਸਰਦਾਰ ਬਹਾਦਰ ਸ਼ਿਵਨਰੈਣ ਸਿੰਘ (ਸਰਕਾਰ ਪਰਸਤ) ਨੇ ਆਖਿਆ: ਇਹਨਾਂ ਉਤੇ ਕੋਈ ਤਰਸ ਨਾ ਖਾਓ, ਵਫਾਦਾਰਾਂ ਨੂੰ ਧਮਕੀਆਂ ਦੇਣ ਵਾਲੇ ਜ਼ੋਰ ਨਾਲ ਦਬਾ ਦਿਓ। ਪੁਲਸ ਨੇ ਰੁੜਕਾ ਕਲਾਂ ਦੇ ਇਕ ਖਤਰਨਾਕ ਆਦਮੀ ਨੂੰ ਗਰਿਫਤਾਰ ਕੀਤਾ। ਇਹ ਨਾ-ਮਿਲਵਰਤਨ ਕਰਨ ਵਾਲਾ ਪਹਿਲਾ ਪਿੰਡ ਏ। ਇਸ ਦਾ ਅਜੇ ਵੀ ਆਪਣਾ 'ਬਾਦਸ਼ਾਹ' ਹੈ। ਝਬਦੇ ਪਿਛੇ ਤਕ ਇਸ ਦੀ ਆਪਣੀ ਕਾਨੂੰਨੀ ਅਦਾਲਤ ਸੀ......ਇਹ ਸਿਵਲ ਹਾਕਮਾਂ ਨੂੰ ਬੜੀ ਤਕਲੀਫ ਦੇਂਦਾ ਰਿਹਾ ਹੈ......ਅਤੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕੰਪਨੀ ਦੇ ਲਾਗੇ ਕੋਈ ਇਕ ਪਿਨਸ਼ਨੀਆਂ ਅਫਸਰ ਵੀ ਨਹੀਂ ਢੁੱਕਾ। ਸਿਰਫ ਇਕ ਪਿਨਸ਼ਨੀ ਹੌਲਦਾਰ ਆਇਆ ਸੀ।"[1]

ਵੱਧ ਜਾਂ ਘੱਟ, ਇਹੋ ਸਥਿਤੀ ਉਸ ਵੇਲੇ ਸਿੱਖ-ਬਹੁ-ਗਿਣਤ ਇਲਾਕਿਆਂ ਤੇ ਜ਼ਿਲ੍ਹਿਆਂ ਦੀ ਸੀ। ਦੇਸ਼ ਤੇ ਗੁਰਦੁਆਰਿਆਂ ਦੀ ਆਜ਼ਾਦੀ ਲਈ ਪੰਜਾਬੀ ਹਰ ਥਾਂ ਵਿਹਰ ਖਲੋਤੇ ਸਨ। ਅਤੇ ਫੌਜ ਦੇ ਜਨਰਲ ਸਟਾਫ ਦੀ ਡਿਠ ਤੋਂ ਪੰਜਾਬ ਦੀ ਹਾਲਤ ਬੜੀ ਗੰਭੀਰ ਹੋ ਗਈ ਸੀ। ਉਹਨਾਂ ਦੀਆਂ ਨਜ਼ਰਾਂ ਵਿਚ ਅਕਾਲੀ ਹੱਥਾਂ ਵਿਚੋਂ ਨਿਕਲਦੇ ਜਾ ਰਹੇ ਤੇ ਬਾਗੀ ਹੁੰਦੇ ਜਾਂਦੇ ਸਨ। ਉਹਨਾਂ ਨੂੰ ਅਕਾਲੀ ਫੌਜ ਦੇ ਵਜੂਦ ਵਿਚ, ਅਕਾਲੀਆਂ ਦੀ ਡਿਸਿਪਲਨ ਤੇ ਅਕਾਲੀ ਦਲ ਦੀ ਜਥੇਬੰਦੀ ਵਿਚ, ਸ਼ਿਕਾਰ ਵਾਲੀਆਂ ਬੰਦੂਕਾਂ, ਕਿਰਪਾਨਾਂ ਤੇ ਟਕੂਆਂ ਦੀ ਹੋਂਦ ਵਿਚ ਅਤੇ ਹਰ ਇਕ ਘਰ ਤੋਂ ਫੰਡ ਦੀ ਉਗਰਾਹੀ ਦੇ ਏਲਾਨ ਵਿਚ—ਮੁਕਦੀ ਗੱਲ, ਅਕਾਲੀ ਤਹਿਰੀਕ ਦੀ ਹਰ ਸਰਗਰਮੀ ਵਿਚ ਬਗਾਵਤ ਕਰਨ ਦੀ ਤਿਆਰੀ ਨਜ਼ਰ ਆ ਰਹੀ ਸੀ। ਜਦੋਂ ਸਭ ਤੋਂ ਉਤਲੇ ਫੌਜੀ ਜਰਨੈਲਾਂ ਦੀ ਮਨੋਅਵਸਥਾ ਇਹ ਹੋਵੇ ਤਾਂ ਉਹ ਕਿਹੋ ਜੇਹੇ ਸਿਟਿਆਂ ਤੇ ਪਹੁੰਚਣਗੇ— ਸਮਝਣਾ ਮੁਸ਼ਕਲ ਨਹੀਂ।

ਇਹਨਾਂ ਕਮਾਨ ਅਫਸਰਾਂ ਦੀ ਰਾਏ ਵਿਚ, 'ਸਿੱਖ ਅਹਿਸਾਸ' ਕੋਮਾਗਾਟਾ ਮਾਰੂ ਦੀ ਘਟਨਾ ਤੋਂ ਵੀ ਪਹਿਲੋਂ ਤੋਂ ਬਰਿਟਿਸ਼ ਗੌਰਮਿੰਟ ਦੇ ਵਿਰੁਧ ਰਿਹਾ ਹੈ। ਐਜੀਟੇਟਰਾਂ ਨੇ ਇਸ ਨੂੰ ਭਖਾਈ ਰਖਿਆ ਹੈ ਅਤੇ ਪਿਛਲੇ ਅਠਾਰਾਂ ਮਹੀਨਿਆਂ ਵਿਚ ਇਹ ਬਹੁਤ ਵਧ ਗਿਆ ਹੈ। ਇਸ ਵਿਚ ਹੁਣ ਕੋਈ ਸ਼ੁਬ੍ਹਾ ਨਹੀਂ ਰਿਹਾ ਕਿ ਐਜੀਟੇਟਰਾਂ ਦੇ ਲੀਡਰਾਂ ਦਾ ਅਖੀਰੀ ਨਿਸ਼ਾਨਾ ਪੰਜਾਬ ਦੀ ਬਾਦਸ਼ਾਹਤ ਮੁੜ ਬਹਾਲ ਕਰਨਾ ਹੈ—ਜਿਹੜੀ, ਉਹ ਦਾਅਵਾ ਕਰਦੇ ਹਨ, ਅੰਗਰੇਜ਼ਾਂ ਨੇ

[1] From the general officer Commading-in-chief, northern command: dated 14th Feb. 1922 to the chief of the general staff.

Digitized by Panjab Digital Library | www.panjabdigilib.org

ਦਲੀਪ ਸਿੰਘ ਤੋਂ ਖੋਹ ਲਈ ਸੀ। ਇਹ ਲੜਾਕੂ ਨਿਸ਼ਾਨਾ ਉਹਨਾਂ ਨੇ ਧਰਮ ਦੇ ਜਾਮੇ ਥੱਲੇ ਲੁਕਾ ਰੱਖਿਆ ਹੈ ਤਾਂ ਜੁ ਕਿਸਾਨੀ ਦੀ ਹਮਾਇਤ ਆਪਣੇ ਨਾਲ ਜੋੜੀ ਰੱਖੀ ਜਾਏ—ਜਿਹੜੀ ਕਿ ਜੇ ਉਸ ਨੂੰ ਆਪਣੇ ਆਪ ਉਤੇ ਰਹਿਣ ਦਿੱਤਾ ਜਾਵੇ, ਤਾਂ ਕਾਨੂੰਨ-ਪਾਬੰਦ ਹੈ। ਇਹ ਧਾਰਮਕ ਜਾਮਾ ਉਸ ਨੂੰ ਸ਼੍ਰੋਮਣੀ ਕਮੇਟੀ ਅਤੇ ਉਸ ਦੇ ਗੁਰਦੁਆਰਿਆਂ ਉਤੇ ਕਬਜ਼ਿਆਂ ਦੇ ਪ੍ਰੋਗਰਾਮ ਨੇ ਮੁਹੱਈਆ ਕੀਤਾ ਹੈ।[1]

ਇਹ ਹਨ ਬਦੇਸ਼ੀ ਅੰਗਰੇਜ਼ ਸਾਮਰਾਜ ਦੇ ਫੌਜੀ ਅਫਸਰਾਂ ਦੇ ਅੰਦਰ-ਮੁਖੀ ਤੇ ਅੱਤ-ਕਥਿਤ ਵਿਚਾਰ। ਬਦੇਸ਼ੀ ਅਫਸਰਾਂ ਨੂੰ ਦੇਸੀ ਵਸਨੀਕਾਂ ਦੀ ਬਗਾਵਤ ਦੇ ਡਰ ਦਾ ਕਾਂਬਾ ਹਰ ਵਕਤ ਛਿੜਿਆ ਰਹਿੰਦਾ ਹੈ। ਮਾਮੂਲੀ ਜਮਹੂਰੀ ਜਾਂ ਸ਼ਹਿਰੀ ਹੱਕਾਂ ਦੀ ਪਰਾਪਤੀ ਦੀ ਤਹਿਰੀਕ ਨੂੰ ਵੀ ਉਹ ਬਗਾਵਤੀ ਤਹਿਰੀਕ ਸਮਝਣ ਲਗ ਪੈਂਦੇ ਹਨ ਅਤੇ ਰਾਜ ਮਸ਼ੀਨਰੀ ਦੇ ਜਬਰ ਤੇ ਅਤਿਆਚਾਰ ਦੀਆਂ ਤੋਪਾਂ ਉਸ ਦੇ ਵਿਰੁਧ ਬੀੜ ਦੇਂਦੇ ਹਨ। ਅਕਾਲੀ ਤਹਿਰੀਕ ਜਿਸ ਨੂੰ ਸ਼੍ਰੋਮਣੀ ਕਮੇਟੀ ਚਲਾ ਰਹੀ ਸੀ, ਨਿਰੋਲ ਧਾਰਮਕ ਤੇ ਦੁਰਾਚਾਰੀ ਮਹੰਤਾਂ ਤੋਂ ਗੁਰਦੁਆਰੇ ਲੈ ਕੇ ਪੰਥ ਦੇ ਹਥੀਂ ਦੇਣ ਦੀ ਤਹਿਰੀਕ ਸੀ। ਇਸ ਤੋਂ ਵੱਧ ਕੁਛ ਨਹੀਂ ਸੀ । ਪਰ ਹਾਕਮਾਂ ਨੂੰ ਇਹ ਵੀ ਪਰਵਾਨ ਨਹੀਂ ਸੀ ਕਿਉਂਕਿ ਭਵਿਖ ਵਿਚ, ਉਹ ਇਸ ਵਿਚ ਸਿੱਖਾਂ ਦੀ ਮਜ਼ਬੂਤੀ, ਇਕੱਤਾ ਤੇ ਸ਼ਕਤੀ ਦੇਖਦੇ ਸਨ ਅਤੇ ਅੰਗਰੇਜ਼ ਰਾਜ ਲਈ ਭਿਆਨਕ ਖਤਰਾ।

ਇਸ ਵੇਲੇ ਖਿਲਾਫਤ ਤਹਿਰੀਕ ਮਧੱਮ ਪੈ ਚੁਕੀ ਸੀ ਅਤੇ ਸਤਿਆਗਰਹਿ ਦੀ ਤਹਿਰੀਕ, ਚੌਰੀ ਚੌਰਾ ਦੀ ਵਾਪਰਨਾ ਦੇ ਕਾਰਣ, ਵਾਪਸ ਲੈ ਲਈ ਗਈ ਸੀ। ਸਿਰਫ ਅਕਾਲੀ ਤਹਿਰੀਕ ਹੀ ਜ਼ੋਰਾਂ ਨਾਲ ਚਲ ਰਹੀ ਸੀ । ਸਿੱਖਾਂ ਦੀ ਖਾਹਸ਼ ਏਹੋ ਹੋ ਸਕਦੀ ਸੀ ਕਿ ਇਹ ਤਹਿਰੀਕਾਂ ਵੀ ਜ਼ੋਰ ਨਾਲ ਚਲਦੀਆਂ ਰਹਿੰਦੀਆਂ—ਪਰ ਇਹ ਖਾਹਸ਼ ਦੇ ਵਸ ਦੀ ਗਲ ਨਹੀਂ ਸੀ। ਬਾਹਰ-ਮੁਖੀ ਠੋਸ ਹਕੀਕਤਾਂ ਦੇ ਵਸ ਦੀ ਗੱਲ ਸੀ । ਸੁਰਾਜ ਹਾਸਲ ਕਰਨ ਦੀ ਤਹਿਰੀਕ ਸਾਂਝੀ ਹਿੰਦੂ-ਸਿੱਖ-ਮੁਸਲਿਮ ਏਕੇ ਦੀ ਤਹਿਰੀਕ ਸੀ ਜਿਹੜੀ ਕਿ ਇਸ ਵੇਲੇ ਸੰਕਟ ਦਾ ਸਾਮ੍ਹਣਾ ਕਰ ਰਹੀ ਸੀ।

ਅੰਗਰੇਜ਼ ਹਾਕਮਾਂ ਨੇ ਅਕਾਲੀ ਤਹਿਰੀਕ ਨੂੰ ਕੁਚੱਲਣ ਲਈ ਬਾਰ ਬਾਰ ਹਮਲੇ ਕੀਤੇ ਸਨ ਪਰ ਇਹ ਕੁਚਲੀ ਨਹੀਂ ਸੀ ਗਈ । ਮਹਾਤਮਾ ਗਾਂਧੀ ਦਾ ਸ਼ਾਂਤਮਈ ਸਤਿਆਗਰਹਿ ਦਾ ਹਥਿਆਰ ਸ਼੍ਰੋਮਣੀ ਕਮੇਟੀ ਨੂੰ ਬੜਾ ਸੂਤ ਬੈਠਾ ਸੀ। ਇਸ ਦਾ ਸਦਕਾ ਹੀ ਕਮੇਟੀ ਨੇ ਗੁਰੂ ਕੇ ਬਾਗ ਵਿਚ ਵਡੀ ਭਾਰੀ ਸਫਲਤਾ ਪਰਾਪਤ ਕੀਤੀ ਸੀ ਅਤੇ ਅੰਗਰੇਜ਼ਾਂ ਦੇ ਬਾਰ ਬਾਰ ਨਿਰਣੇ ਦੇ ਬਾਵਜੂਦ ਕਿ ਸਿੱਖਾਂ ਨੇ ਹੁਣੇ ਹਿੰਸਾ ਅਖਤਿਆਰ ਕੀਤੀ ਕਿ ਕੀਤੀ—ਹੁਣੇ ਹੀ ਸ਼ਾਂਤਮਈ ਦਾ ਰਾਹ ਤਿਆਗਿਆ ਕਿ ਤਿਆਗਿਆ—ਕਮੇਟੀ ਨੇ ਇਸ ਸ਼ਾਂਤਮਈ ਰਾਹ ਨੂੰ ਮਜ਼ਬੂਤੀ ਨਾਲ ਫੜੀ ਰਖਿਆ। ਅਤੇ ਉਹ ਸਫਲਤਾ ਪਰਾਪਤ ਕਰਦੀ ਗਈ। ਅਸਲ ਵਿਚ ਅੰਗਰੇਜ਼ ਅਫਸਰ ਬਹਾਨੇ ਲਭ ਰਹੇ ਸਨ ਤਾਂ ਜੋ ਉਹਨਾਂ ਬਹਾਨਿਆਂ ਦਾ ਓਹਲਾ ਲੈ ਕੇ ਉਹ ਇਸ ਲਹਿਰ ਨੂੰ ਕੁਚਲ ਸਕਣ। ਇਹਨਾਂ ਵਿਚੋਂ ਸਭ ਤੋਂ ਵਡਾ ਬਹਾਨਾ ਅਫਸਰਾਂ ਨੇ ਸਿੱਖਾਂ ਦੇ ਖਿਲਾਫ 'ਪੰਜਾਬ ਦੀ ਬਾਦਸ਼ਾਹਤ ਵਾਪਸ ਲੈਣ ਦਾ' ਲਭਾ। ਜਿਹੜਾ ਕਿ ਓਦੋਂ ਵੀ ਹਾਸੋ ਹੀਣਾ ਸੀ ਅਤੇ ਅੱਜ ਵੀ ਹਾਸੋਹੀਣਾ ਹੈ।

ਅਤੇ ਇਸ 'ਸਿਧਾਂਤ' ਨੂੰ ਸਾਬਤ ਕਰਨ ਲਈ ਫੌਜੀ ਅਫਸਰਾਂ ਨੇ ਕੁਛ ਇਸ ਤਰ੍ਹਾਂ ਦੀਆਂ

---

[1] G.S.M. Shea Lt. General, C.G,S. (Officiating) 1.3.22.

Digitized by Panjab Digital Library | www.panjabdigilib.org

ਬੇਤੁੱਕੀਆਂ ਦਲੀਲਾਂ ਦਿਤੀਆਂ : ਯੂ. ਪੀ. ਵਿਚ ਜਿਵੇਂ ਬਿਰਗੇਡ ਬਣਨ ਦੀਆਂ ਖਬਰਾਂ ਆਈਆਂ ਹਨ, ਤਿਵੇਂ ਘੱਟ ਤੋਂ ਘੱਟ ਪੰਜਾਬ ਵਿਚ ਬਟਾਲੀਅਨ ਬਣ ਜਾਣ ਦੇ ਕਾਰਣ ਮੌਜੂਦ ਹਨ। ਸ਼ਹਾਦਤ ਦੀ ਕਮੀ ਨਹੀਂ ਕਿ ਮਾਲਾਬਾਰ (ਮੋਪਲਿਆਂ ਦੀ ਬਗਾਵਤ) ਜੇਹੀ ਜਥੇਬੰਦੀ ਪੰਜਾਬ ਵਿਚ ਵੀ ਬਣ ਗਈ ਹੈ। ਅਤੇ ਇਸ ਦੀ ਵੀ ਗੁਆਹੀ ਮੌਜੂਦ ਹੈ ਕਿ ਇਕ ਮਜਬੂਤ ਸਟਾਫ-ਜਥੇਬੰਦੀ ਕਾਇਮ ਹੈ। ਦਸ ਹਜ਼ਾਰ ਦੀ ਨਫਰੀ ਦੀ ਅਕਾਲੀ ਫੌਜ ਵਧ ਕੇ ਬਹੁਤ ਵੱਡੀ ਹੋ ਗਈ ਹੈ ਅਤੇ ਨਿਸ਼ਾਨਾ ਤੀਹ ਹਜ਼ਾਰ ਦੀ ਭਰਤੀ ਦਾ ਹੈ। ਚੰਦੇ ਤੇ ਹਥਿਆਰ ਇਕੱਠੇ ਕੀਤੇ ਜਾ ਰਹੇ ਹਨ। ਸੁਰਾਜ ਦੇ ਵਧ ਜਾਂ ਘੱਟ ਸਾਂਝੇ ਨਿਸ਼ਾਨੇ ਤੇ ਮੁਸਲਮਾਨਾਂ ਨਾਲ ਇਕਮੁੱਠ ਹੋਣਾ ਗਰਮ-ਖਿਆਲ ਸਿੱਖਾਂ ਦਾ ਅੱਜਵਾਂ ਜੰਗੀ ਨਾਅਰਾ ਹੈ[1]। ਫੌਜੀ ਸਿਪਾਹੀਆਂ ਦੀ ਵਫਾਦਾਰੀ ਦੇ ਖਿਲਾਫ ਬਹੁਤ ਯਤਨ ਹੋਏ ਹਨ—ਵਗੈਰਾ, ਵਗੈਰਾ। ਨਿਰਣਾ ਏਹੋ ਇਸ ਤੋਂ ਹੋ ਸਕਦਾ ਹੈ : ਸਭ ਜੰਗੀ ਸਾਮਗਰੀ ਤਿਆਰ ਹੈ, ਸਿਰਫ "ਬਗਾਵਤ ਸ਼ੁਰੂ ਕਰੋ" ਦਾ ਹੁਕਮ ਬਾਕੀ ਹੈ।

ਐਜੀਟੇਸ਼ਨ ਵਿਚ ਸਿੱਖ ਸ਼ਹਿਜ਼ਾਦਾ ਦਲੀਪ ਸਿੰਘ ਨਾਲ ਅੰਗਰੇਜ਼ ਹਾਕਮਾਂ ਦੇ ਧੋਖੇ ਤੇ ਬੇਈਮਾਨੀ ਦੀਆਂ ਗੱਲਾਂ ਕਰਦੇ ਸਨ। ਅਕਾਲੀ ਜਥੇ 'ਰਾਜ ਕਰੇਗਾ ਖਾਲਸਾ' ਹਰ ਅਰਦਾਸੇ ਪਿਛੋਂ ਪੜ੍ਹਦੇ ਸਨ। ਪਰ ਮੁਖ ਸਿੱਖ ਲੀਡਰਸ਼ਿਪ ਇਸ ਫਿਰਕੂ ਨਾਅਰੇ ਦੀ ਹੌਸਲਾ-ਵਧਾਈ ਨਹੀਂ ਸੀ ਕਰਦੀ ਕਿਉਂਕਿ ਇਹ ਨਾਅਰਾ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਹਮਦਰਦੀਆਂ ਸਿੱਖਾਂ ਨਾਲੋਂ ਤੋੜਦਾ ਸੀ। ਮੁਢ ਤੋਂ ਹੀ ਕਾਂਗਰਸ ਤੇ ਖਿਲਾਫਤ ਦੇ ਆਗੂਆਂ ਨੇ ਅਕਾਲੀ ਤਹਿਰੀਕ ਦੀ ਅਮਲੀ ਮਦਦ ਕੀਤੀ ਸੀ ਅਤੇ ਸਰਕਾਰ ਦੀਆਂ ਸਿੱਖਾਂ ਨਾਲੋਂ ਹਿੰਦੂਆਂ ਤੇ ਮੁਸਲਮਾਨਾਂ ਨੂੰ ਪਾੜਨ-ਨਿਖੇੜਨ ਦੀਆਂ ਚਾਲਾਂ ਨੂੰ ਬੁਰੀ ਤਰ੍ਹਾਂ ਨਾਕਾਮ ਕੀਤਾ ਸੀ। ਅਕਾਲੀ ਆਗੂ ਹਿੰਦੂਆਂ ਤੇ ਮੁਸਲਮਾਨਾਂ ਦੀ ਅਮਲੀ ਹਮਦਰਦੀ ਤੇ ਸਹਾਇਤਾ ਦੀ ਕਦਰ-ਕੀਮਤ ਜਾਣਦੇ ਸਨ ਅਤੇ ਉਹ ਇਸ ਅਮੂਲ ਵਸਤੂ ਨੂੰ ਹਰ ਤਰ੍ਹਾਂ ਅਪਣਾਈ ਰਖਣਾ ਚਾਹੁੰਦੇ ਸਨ।

ਫੌਜੀ ਅਫਸਰਾਂ ਦੇ ਇਸ ਲੇਖੇ-ਜੋਖੇ ਦਾ ਅਸਲ ਮਕਸਦ ਇਹ ਸਾਬਤ ਕਰਨਾ ਸੀ ਕਿ ਗੁਰਦੁਆਰਾ ਤਹਿਰੀਕ ਧਾਰਮਕ ਲਹਿਰ ਨਹੀਂ, ਇਹ ਰਾਜਸੀ ਲਹਿਰ ਹੈ ਅਤੇ ਇਸ ਦਾ ਰਾਜਸੀ ਨਿਸ਼ਾਨਾ 'ਸਿੱਖ ਬਾਦਸ਼ਾਹਤ' ਕਾਇਮ ਕਰਨਾ ਹੈ। ਅਸਲ ਵਿਚ ਧਰਮ ਦੀ ਆੜ ਲੈ ਕੇ ਸਿੱਖ ਰਾਜਸੀ ਨਿਸ਼ਾਨੇ ਲਈ ਕੰਮ ਕਰ ਰਹੇ ਹਨ। ਇਸ ਲਈ ਹੁਣ ਇਸ ਤੋਂ ਛੁੱਟ ਹੋਰ ਕੋਈ ਇਲਾਜ ਨਹੀਂ ਰਹਿ ਗਿਆ ਵਿਖਾਈ ਦੇਂਦਾ ਕਿ ਸ਼੍ਰੋਮਣੀ ਕਮੇਟੀ ਦੇ ਗਰਮ ਖਿਆਲ ਆਗੂਆਂ (ਜ਼ੋਰ ਮੇਰਾ) ਦੇ ਖਿਲਾਫ ਸਖਤ ਕਦਮ ਉਠਾਏ ਜਾਣ, ਅਕਾਲੀ ਫੌਜ ਤੇ ਅਕਾਲੀ ਦਲ ਦੇ ਆਗੂਆਂ ਨਾਲ ਸਿਝਿਆ ਜਾਏ ਅਤੇ ਕਿਰਪਾਨ ਦੀ ਲੰਬਾਈ ਨੌਂ ਇੰਚ ਤੇ ਪਾਬੰਦ ਕੀਤੀ ਜਾਵੇ ਅਤੇ ਇਸ ਹੁਕਮ ਨੂੰ ਜ਼ੋਰ ਨਾਲ ਲਾਗੂ ਕੀਤਾ ਜਾਵੇ।

ਇਸ ਲੇਖੇ-ਜੋਖੇ ਦੇ ਸਾਫ ਅਰਥ ਇਹ ਸਨ ਕਿ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਦੀਆ ਮੁਸੀਬਤਾਂ ਅਜੇ ਖਤਮ ਨਹੀਂ ਸਨ ਹੋਈਆਂ—ਅਜੇ ਬਾਕੀ ਸਨ ਅਤੇ ਸਿੱਖਾਂ ਨੂੰ ਅਜੇ ਹੋਰ ਅਗਨ-ਪ੍ਰੀਖਿਆਵਾਂ ਵਿਚੋਂ ਦੀ ਲੰਘਣਾ ਪੈਣਾ ਸੀ।

ਪਰ ਕੀ ਗੁਰਦੁਆਰਾ ਤਹਿਰੀਕ ਰਾਜਸੀ ਸੀ ? ਨਹੀਂ, ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਚਲ ਰਹੀ ਗੁਰਦੁਆਰਾ ਤਹਿਰੀਕ ਰਾਜਸੀ ਲਹਿਰ ਨਹੀਂ ਸੀ। ਕਮੇਟੀ ਦੇ ਮਿੰਬਰਾਂ ਵਿਚ ਰਾਜਸੀ-ਧਾਰਮਕ ਖਿਆਲਾਂ ਦੇ ਬੰਦੇ ਵੀ ਸਨ ਅਤੇ ਗੈਰ-ਰਾਜਸੀ-ਧਾਰਮਕ ਖਿਆਲਾਂ ਦੇ ਵੀ। ਦੋਵੇਂ ਮੁਹਾਣ ਗੁਰਦੁਆਰਿਆਂ ਦੇ ਸਵਾਲ ਉਤੇ ਇਕਮੁੱਠ ਸਨ। ਅਤੇ ਕਮੇਟੀ ਅੰਦਰ ਇਸ

[1] ਉਪਰੋਕਤ ਹਵਾਲਾ ਹੀ।

Digitized by Panjab Digital Library | www.panjabdigilib.org

ਸਬੰਧੀ ਲਗਭਗ ਸਰਬ-ਸੰਮੱਤ ਸਨ । ਰਾਜਸੀ ਮੁਹਾਣ ਦੇ ਬੰਦੇ ਆਪਣੇ ਰਾਜਸੀ ਵਿਚਾਰ ਕਾਂਗਰਸ ਵਿਚ ਜਾਂ ਸਿੱਖ ਲੀਗ ਵਿਚ ਰਖਦੇ ਸਨ ਅਤੇ ਧਾਰਮਕ ਵਿਚਾਰ ਸ਼੍ਰੋਮਣੀ ਕਮੇਟੀ ਵਿਚ ! ਸ਼੍ਰੋਮਣੀ ਕਮੇਟੀ ਦਾ ਰਾਜਨੀਤੀ ਨਾਲ ਕੋਈ ਵਾਸਤਾ ਨਹੀਂ ਸੀ । ਇਸ ਵਿਚ ਸਿਰਫ ਧਾਰਮਕ ਤੇ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਹੀ ਸਵਾਲ ਉਠਾਏ ਜਾ ਸਕਦੇ ਸਨ, ਰਾਜਸੀ ਨਹੀਂ ।

ਫੇਰ ਸ਼੍ਰੋਮਣੀ ਕਮੇਟੀ ਉੱਤੇ ਰਾਜਸੀ ਹੋਣ ਦੀਆਂ ਊਜਾਂ ਕਿਉਂ ਲਾਈਆਂ ਗਈਆਂ ? ਪਹਿਲੀ ਗੱਲ ਇਹ ਕਿ ਅੰਗਰੇਜ਼ ਸਰਕਾਰ ਨਿਜੀ ਰਾਜਸੀ ਮਕਸਦ ਲਈ, ਗੁਰਦੁਆਰਿਆਂ ਦੀ ਆਜ਼ਾਦੀ ਦੇਣਾ ਨਹੀਂ ਸੀ ਚਾਹੁੰਦੀ, ਗੁਰਦੁਆਰਾ ਤਹਿਰੀਕ ਨੂੰ ਕੁਚਲਣਾ ਚਹੁੰਦੀ ਸੀ—ਪਰ ਉਹ ਜੇਲ੍ਹਾਂ, ਕੁਰਕੀਆਂ, ਤਸ਼ੱਦਦ ਫੁਟ ਦੇ ਬਾਵਜੂਦ ਕੁਚਲੀ ਨਾ ਗਈ ਇਸ ਲਈ ਅੰਗਰੇਜ਼ ਅਫਸਰਾਂ ਨੇ ਇਸ ਨੂੰ ਬਦਨਾਮ ਕਰਕੇ ਕੁਚਲਣ ਲਈ ਧਰਮ ਦੇ ਕਪੜਿਆਂ ਥੱਲੇ ਰਾਜਸੀ ਲਹਿਰ ਕਹਿਣਾ ਸ਼ੁਰੂ ਕਰ ਦਿੱਤਾ ।

ਦੂਜੀ ਗਲ ਇਹ ਕਿ ਸਰਕਾਰ ਦਾ ਇਸ ਤਹਿਰੀਕ ਤੇ ਹਰ ਵਾਰ ਰਾਜਸੀ ਸੀ ਕਿਉਂਕਿ ਇਸ ਦਾ ਮਕਸਦ ਧਾਰਮਕ ਸੰਘਰਸ਼ ਨੂੰ ਤੋੜਨਾ ਅਤੇ ਆਪਣੀ ਸਾਮਰਾਜੀ ਡਿਕਟੇਟਰਸ਼ਿਪ ਕਾਇਮ ਤੇ ਮਜ਼ਬੂਤ ਰਖਣਾ ਸੀ । ਬਹਾਨਾ ਭਾਵੇਂ ਦੁਜੇ ਹਿਤਾਂ ਦੀ ਰਖਿਆ, ਅਮਨ ਕਾਨੂੰਨ ਦੀ ਕਾਇਮੀ ਬਦਅਮਨੀ ਰੋਕਣ ਜਾਂ ਜਾਨ ਮਾਲ ਦੀ ਹਿਫਾਜ਼ਤ ਦਾ ਹੋਵੇ—ਅਸਲ ਮਕਸਦ ਅੰਗਰੇਜ਼ ਰਾਜ ਦਾ ਰਾਜ ਨੂੰ ਬਹਾਲ ਤੇ ਕਾਇਮ ਰਖਣਾ ਸੀ—ਇਸ ਲਈ ਕਿਸੇ ਵੀ ਕਿਸਮ ਦੀ ਤਹਿਰੀਕ ਨੂੰ ਤੋੜਨਾ ਰਾਜਸੀ ਸਵਾਲ ਬਣ ਜਾਂਦਾ ਸੀ ।

ਤੀਜੀ ਗੱਲ ਇਹ ਕਿ ਰਾਜ ਦੇ ਹਰ ਹਮਲੇ ਦਾ ਸਫਲ ਜਵਾਬ ਰਾਜਸੀ ਖਸਲਤ ਅਖਤਿਆਰ ਕਰ ਲੈਂਦਾ ਹੈ ਭਾਵੇਂ ਉਹ ਧਾਰਮਕ ਜਥੇਬੰਦੀ ਵਜੋਂ ਹੀ ਹੋਵੇ । ਇਸ ਲਈ ਸਰਕਾਰ ਸ਼੍ਰੋਮਣੀ ਕਮੇਟੀ ਦੀਆਂ ਧਾਰਮਕ ਮੰਗਾਂ ਨਾ ਮੰਨ ਕੇ ਅਤੇ ਉਸ ਨੂੰ ਤੋੜਨ ਲਈ ਵਾਰ ਕਰਕੇ ਜਾਣ ਬੁਝ ਕੇ ਤਹਿਰੀਕ ਨੂੰ ਖੁਦ ਰਾਜਸੀ ਬਣਾ ਰਹੀ ਸੀ—ਭਾਵੇਂ ਗੁਰਦੁਆਰਾ ਤਹਿਰੀਕ ਧਾਰਮਕ ਹੀ ਸੀ ।

ਪਰ ਫੇਰ ਸ਼੍ਰੋਮਣੀ ਕਮੇਟੀ ਉਤੇ ਇਹ ਰਾਜਸੀ ਊਜ ਕਿਉਂ ਸਰਕਾਰ ਵਲੋਂ ਲਾਈ ਗਈ ਕਿ ਕਮੇਟੀ ਰਾਜਸੀ ਮਕਸਦ ਲਈ—ਸਿੱਖ ਰਾਜ ਹਾਸਲ ਕਰਨ ਲਈ—ਲੜ ਰਹੀ ਹੈ ?

ਪਹਿਲੀ ਗੱਲ ਇਹ ਸੀ ਕਿ ਸਰਕਾਰ ਤਾਕਤਵਰ-ਹੋ-ਰਹੀ ਗੁਰਦੁਆਰਾ ਤਹਿਰੀਕ ਨੂੰ ਕੁਚਲਣ ਦਾ ਫੈਸਲਾ ਕਰੀ ਬੈਠੀ ਸੀ—ਗੁਰਦੁਆਰਿਆਂ ਦੀ ਆਜ਼ਾਦੀ ਦੇਣਾ ਨਹੀਂ ਸੀ ਚਾਹੁੰਦੀ । ਇਸ ਲਈ ਇਸ ਨੂੰ ਬਦਨਾਮ ਕਰਨ ਲਈ ਇਸ ਉਤੇ ਸਿਆਸੀ ਨਿਸ਼ਾਨਾ ਰੱਖਣ ਦੀ ਊਜ ਲਾ ਰਹੀ ਸੀ । ਜੇਲ੍ਹਾਂ, ਕੁਰਕੀਆਂ, ਮਾਰਾਂ-ਕੁੱਟਾਂ, ਫੁੱਟ ਪਾਣ ਦੀਆਂ ਚਾਲਾਂ ਤੇ ਤਸ਼ੱਦਦ ਦੇ ਬਾਵਜੂਦ ਉਹ ਕੁਚਲੀ ਨਹੀਂ ਸੀ ਗਈ ਸਗੋਂ ਕਾਮਯਾਬੀ ਹਾਸਲ ਕਰੀ ਜਾਂਦੀ ਸੀ ਅਤੇ ਦੂਜੀਆਂ ਰਾਜਸੀ ਪਾਰਟੀਆਂ ਲਈ ਇਹ ਆਪਣੇ ਅੰਦਰ ਬੜਾ ਅਸਰ ਤੇ ਸਿਖਿਆ ਲਈ ਬੈਠੀ ਸੀ । ਇਸ ਲਈ ਇਹ ਅਫਸਰਾਂ ਦੀ ਨਜ਼ਰ ਵਿਚ ਬਰਿਟਿਸ਼ ਰਾਜ ਲਈ ਖਤਰੇ ਦਾ ਕਾਰਣ ਬਣ ਰਹੀ ਸੀ ।

ਦੂਜੀ ਗੱਲ : ਅੰਗਰੇਜ਼ ਰਾਜ ਦਾ ਅਕਾਲੀ ਤਹਿਰੀਕ ਉਤੇ ਹਰ ਵਾਰ ਰਾਜਸੀ ਸੀ ਜਿਸ ਦਾ ਮਕਸਦ ਸਾਮਰਾਜੀ ਡਿਕਟੇਟਰਸ਼ਿਪ ਨੂੰ ਮਜ਼ਬੂਤ ਰਖਣ ਲਈ ਹਰ ਟੱਕਰ ਤੇ ਟਕਰਾਅ ਨੂੰ ਕੁਚਲਣਾ ਸੀ । ਹਰ ਟੱਕਰ ਜਾਂ ਟਕਰਾਅ ਭਾਵੇਂ ਉਹ ਕਿਸੇ ਖਸਲਤ ਦੀ ਪਾਰਟੀ ਵਲੋਂ ਹੋਵੇ ਰਾਜਸੀ ਲੱਛਣ ਅਖਤਿਆਰ ਕਰ ਲੈਂਦਾ ਹੈ ਕਿਉਂਕਿ ਉਹ ਰਾਜ ਨੂੰ ਚੈਲੰਜ ਕਰਦਾ ਹੈ ਅਤੇ ਉਸ ਟੱਕਰ ਦੀ ਕਾਮਯਾਬੀ ਜਾਂ ਨਾਕਾਮਯਾਬੀ ਰਾਜ ਦੀ ਜਕੜ ਨੂੰ, ਕੁਛ ਹੱਦ ਤਕ, ਢਿੱਲਾ ਜਾਂ ਹੋਰ

Digitized by Panjab Digital Library | www.panjabdigilib.org

ਮਜ਼ਬੂਤ ਕਰਦੀ ਹੈ। ਇਸ ਊਜ ਦਾ ਜਵਾਬ ਇਕੋ ਹੀ ਸੀ ਕਿ ਰਾਜ ਸਰਕਾਰ ਗੁਰਦੁਆਰਿਆਂ ਵਿਚ ਦਖਲ ਦੇ ਕੇ ਅਤੇ ਲਹਿਰ ਉਤੇ ਹਮਲੇ ਕਰਕੇ ਇਸ ਨੂੰ ਰਾਜਸੀ ਬਣਾ ਰਹੀ ਹੈ—ਦਰਅਸਲ ਇਹ ਰਾਜਸੀ ਨਹੀਂ।

ਤੀਜੀ ਗੱਲ : ਹਰ ਜਥੇਬੰਦੀ--ਭਾਵੇਂ ਉਹ ਧਾਰਮਕ ਹੀ ਹੋਵੇ--ਜਿਹੜੀ ਰਾਜ ਨੂੰ ਚੈਲੰਜ ਕਰਦੀ ਹੈ, ਉਹ ਰਾਜ ਸਰਕਾਰ ਦੀਆਂ ਨਜ਼ਰਾਂ ਵਿਚ ਰਾਜਸੀ ਹੈ ਅਤੇ ਉਹ ਉਸ ਨੂੰ ਅਮਨ ਕਾਨੂੰਨ ਦੀ ਬਹਾਲੀ, ਦੂਜੇ ਹਿੱਤਾਂ ਦੀ ਰਖਿਆ, ਬਦਅਮਨੀ ਰੋਕਣ ਜਾਂ ਜਾਨ ਮਾਲ ਦੀ ਹਿਫਾਜ਼ਤ ਦੇ ਢੁੱਚਰ ਖੜੇ ਕਰਕੇ ਤੋੜਦੀ ਹੈ। ਹਮਲੇ ਦਾ ਪੁਰਅਮਨ ਜਵਾਬ ਵੀ ਉਸ ਦੀਆਂ ਨਜ਼ਰਾਂ ਵਿਚ ਰਾਜਸੀ ਬਣ ਜਾਂਦਾ ਹੈ।

Digitized by Panjab Digital Library | www.panjabdigilib.org

# ਮੋਰਚੇ ਦੀ ਫਤ੍ਹੇ ਦਾ ਅਸਰ

ਉਗਲਵੀ ਦਰੁਸਤ ਸਿੱਟੇ ਤੇ ਪੁੱਜ ਗਿਆ ਸੀ ਕਿ ਗੁਰੂ ਕੇ ਬਾਗ ਦੇ ਮੋਰਚੇ ਵਿਚ ਅਕਾਲੀਆਂ ਦੀ ਜਿੱਤ ਹੋਈ ਹੈ। ਆਮ ਅਸਰ ਲੋਕਾਂ ਉਤੇ ਏਹੋ ਹੀ ਸੀ। ਪਰ ਹੇਲੀ ਦੀ ਰਾਏ ਵਿਚ ਇਹ 'ਅੱਤ-ਕਥਿੱਤ ਤੇ ਪੱਖਬਾਜ਼' ਸਿੱਟਾ ਸੀ। ਉਸ ਨੂੰ ਸ਼ੱਕ ਸੀ ਕਿ ਇਸ ਨੂੰ ਸਹੀ ਅਰਥਾਂ ਵਿਚ "ਗੌਰਮਿੰਟ ਦੀ ਸ਼ਿਕਸਤ" ਕਿਹਾ ਜਾ ਸਕਦਾ ਹੈ। ਪਰ ਉਸ ਦੇ ਮਨ ਨੂੰ ਇਸ ਗੱਲ ਨਾਲ ਤਸੱਲੀ ਹੋਈ ਜਾਪਦੀ ਸੀ ਕਿ ਮੁਕਾਮੀ ਗੌਰਮਿੰਟ ਨੂੰ "ਸਾਹ ਲੈਣ ਲਈ ਕੁਛ ਵਕਤ" ਮਿਲ ਗਿਆ ਹੈ। ਉਹਦੇ ਖਿਆਲ ਵਿਚ ਸ਼੍ਰੋਮਣੀ ਕਮੇਟੀ ਲਈ ਨਵੇਂ ਮੋਰਚੇ ਲਈ ਨਵੇਂ ਰੰਗਰੂਟ ਭਰਤੀ ਕਰਨੇ ਆਸਾਨ ਗਲ ਨਹੀਂ ਹੋਣ ਲਗੀ। ਓਹ ਇਸ ਰਾਏ ਨਾਲ ਸਹਿਮਤ ਸੀ ਕਿ ਜੇ ਕਮੇਟੀ ਨੇ ਗੁਰਦੁਆਰਿਆਂ ਉਤੇ ਨਵੇਂ ਹਮਲੇ ਕੀਤੇ ਤਾਂ ਮੁਕਾਮੀ ਸਰਕਾਰ ਨੂੰ ਆਪਣੀਆਂ ਕਮੇਟੀਆਂ ਬਣਾ ਕੇ ਗੁਰਦੁਆਰਿਆਂ ਉਤੇ ਕਬਜ਼ਾ ਕਰਨਾ ਪਏਗਾ।[1]

ਸ਼੍ਰੋਮਣੀ ਕਮੇਟੀ ਗੁਰਦੁਆਰਾ ਬਿਲ ਦੀ ਭਰਪੂਰ ਵਿਰੋਧਤਾ ਕਰ ਰਹੀ ਸੀ। ਅਤੇ ਸਿੱਖ ਪੰਥ ਨੂੰ ਬੜੇ ਅਧਿਕਾਰਾਂ ਨਾਲ ਆਖ ਰਹੀ ਸੀ ਕਿ ਕੋਈ ਸਿੱਖ ਗੌਰਮਿੰਟ ਦੇ ਝਾਂਸੇ ਵਿਚ ਆ ਕੇ ਬਿਲ ਦੇ ਮਾਤਹਿਤ ਕਮਿਸ਼ਨਰ ਨਾ ਬਣੇ, ਬਿਲ ਦਾ ਪੂਰਣ ਬਾਈਕਾਟ ਕੀਤਾ ਜਾਵੇ। ਪਹਿਲੀ ਗੱਲ ਗੁਰੂ ਕੇ ਬਾਗ ਦੇ 'ਬੇਗੁਨਾਹ ਕੈਦੀਆਂ' ਨੂੰ ਰਿਹਾ ਕਰਾਉਣਾ ਹੈ। ਬਿਲ ਦੀ ਗੱਲ ਪਿਛੋਂ ਵੇਖੀ ਜਾਏਗੀ। ਪੰਥ ਵਿਚ ਫੁੱਟ ਪਾਉਣ ਦੇ ਹੀਲੇ ਅਫਸਰ ਕਰਨਗੇ। ਇਹਨਾਂ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ ਹਰ ਇਕ ਸਿੱਖ ਦਾ ਫਰਜ਼ ਹੈ।

'ਅਕਾਲੀ ਤੇ ਪ੍ਰਦੇਸੀ' ਅਕਾਲੀਆਂ ਨੂੰ ਨਵੇਂ ਮੋਰਚੇ ਦੀਆਂ ਤਿਆਰੀਆਂ ਲਈ ਵੰਗਾਰ ਰਿਹਾ ਸੀ। ਅਤੇ 'ਨੌਕਰਸ਼ਾਹੀ ਝੂਠਾਂ ਦੀ ਲੜੀ' ਦਾ ਭਾਂਡਾ ਭੰਨ ਭੰਨ ਸਿੱਖਾਂ ਨੂੰ ਖ਼ਬਰਦਾਰ ਕਰ ਰਿਹਾ ਸੀ। ਗੌਰਮਿੰਟ ਖੁਦ ਏਲਾਨ ਤੇ ਇਸ਼ਤਿਹਾਰ ਕਢ ਰਹੀ ਸੀ ਅਤੇ ਕਿਤਾਬੜੀਆਂ ਛਾਪ ਛਾਪ ਵੰਡ ਰਹੀ ਸੀ। ਉਹ ਸ਼ਹੀਦ ਗੰਜ, ਲਾਹੌਰ ਦਾ ਮਸਲਾ ਉਠਾ ਕੇ ਮੁਸਲਮਾਨਾਂ ਨਾਲ ਸਿੱਖਾਂ ਨੂੰ ਲੜਾਉਣਾ ਚਾਹੁੰਦੀ ਸੀ। ਗੁਰਦੁਆਰਿਆਂ ਨੂੰ ਬਾਹਲੀ ਜਾਇਦਾਦ ਹਿੰਦੂਆਂ ਨੇ ਦਾਨ ਕੀਤੀ ਹੈ—ਕਹਿ ਕਹਿ ਹਿੰਦੂਆਂ ਨੂੰ ਉਲਝਾਉਣਾ ਚਾਹੁੰਦੀ ਸੀ। "ਨੌਕਰਸ਼ਾਹੀ ਹੁਣ......ਇਸ ਯਤਨ ਵਿਚ ਹੈ ਕਿ ਕਿਸੇ ਤਰ੍ਹਾਂ ਸਿੰਘਾਂ ਦਾ ਕਿਸੇ ਹੋਰ ਨਾਲ ਝਗੜਾ ਛਿੜਵਾ ਦਿੱਤਾ ਜਾਵੇ ਤਾਂ ਜੋ ਉਹ ਆਪੋ ਵਿਚ ਲੜ ਪੈਣ ਅਤੇ ਇਹ ਬੰਦਰ ਵਾਲਾ ਇਨਸਾਫ ਕਰਨ ਲਈ ਵਿਚ ਬਹਿ ਜਾਵੇ" (6 ਦਸੰਬਰ 1922)

ਇਕ ਪਾਸੇ ਬਿਲ ਦੀ ਨਿਖੇਧੀ ਦੇ ਥਾਂ ਥਾਂ ਮਤੇ ਪਾਸ ਕੀਤੇ ਜਾ ਰਹੇ ਸਨ ਅਤੇ ਜ਼ੋਰ ਦਿੱਤਾ ਜਾ ਰਿਹਾ ਸੀ ਕਿ ਪਹਿਲੋਂ ਸਾਰੇ 'ਬੇਗੁਨਾਹ ਕੈਦੀ" ਰਿਹਾ ਕੀਤੇ ਜਾਣ ਅਤੇ ਫੇਰ ਸਿੱਖਾਂ ਦੀ ਮਰਜ਼ੀ ਦੇ ਮੁਤਾਬਿਕ ਬਿਲ ਬਣਾਇਆ ਜਾਵੇ ਜਿਸ ਰਾਹੀਂ ਗੁਰਦੁਆਰੇ ਸਿੱਖ ਪੰਥ ਦੇ ਹਵਾਲੇ ਹੋ ਜਾਣ। ਦੂਜੇ ਪਾਸੇ, ਹੁਣ ਇਸ ਮੋਰਚੇ ਦੀ ਜਿੱਤ ਤੇ ਬਿਲ ਦੇ ਬਨਣ ਪਿਛੋਂ ਮਹੰਤਾਂ ਦੇ ਗੱਦੀਦਾਰਾਂ ਨੂੰ ਸਮਝ ਪੈ ਗਈ ਸੀ ਕਿ ਉਹ ਗੁਰਦੁਆਰਿਆਂ ਤੇ ਇਹਨਾਂ ਦੀ ਜ਼ਮੀਨੀ ਜਾਇਦਾਦ

---

[1] ਐਮ. ਹੇਲੀ—5. 12. 22.

Digitized by Panjab Digital Library | www.panjabdigilib.org

ਦੇ ਮਾਲਕ ਨਹੀਂ ਰਹਿਣ ਲੱਗੇ--ਗੌਰਮਿੰਟ ਅਕਾਲੀਆਂ ਦੇ ਅੱਗੇ ਲੱਗ ਤੁਰੀ ਹੈ। ਅਤੇ ਗੁਰਦੁਆਰਿਆਂ ਉਤੇ ਉਹਨਾਂ ਦੇ ਕਬਜ਼ੇ ਕਰਾਉਣ ਵਲ ਤੁਰ ਪਈ ਹੈ। ਇਸ ਲਈ ਇਹ ਲਾਹੇਵੰਦਾ ਰਹੇਗਾ ਕਿ ਕਮੇਟੀ ਨਾਲ ਸਿੱਧੀ ਗਲਬਾਤ ਕਰਕੇ ਸਮਝੌਤੇ ਕੀਤੇ ਜਾਣ।

ਗੌਰਮਿੰਟ ਨੇ ਖੁਦ ਇਹ ਹਕੀਕਤ ਆਪਣੀ ਇਕ ਖੁਫੀਆ ਫਿਰਵੀਂ ਚਿੱਠੀ ਵਿਚ ਮੰਨੀ ਹੈ ਕਿ ਇਹ ਤੱਥ ਕਿ ਬਿਲ ਪਾਸ ਕਰ ਦਿੱਤਾ ਗਿਆ ਹੈ, ਮਹੰਤਾਂ ਉਤੇ ਬੜਾ ਅਸਰ ਕਰ ਗਿਆ ਹੈ। ਮਹੰਤ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰਨ ਲਈ ਤਿਆਰ ਹੋ ਗਏ ਹਨ। ਉਹਨਾਂ ਨੇ ਮਹਿਸੂਸ ਕਰ ਲਿਆ ਹੈ ਕਿ ਬਿਲ ਉਹਨਾਂ ਨੂੰ ਗੁਰਦੁਆਰਿਆਂ ਵਿਚੋਂ ਕੱਢ ਸਕਦਾ ਹੈ। ਅਤੇ ਦੋਂਹ ਸਾਲਾਂ ਲਈ ਉਹ ਕੋਈ ਕਾਨੂੰਨੀ ਚਾਰਾ ਵੀ ਨਹੀਂ ਕਰ ਸਕਣਗੇ। ਇਸ ਲਈ ਇਹ ਗੱਲ ਉਹਨਾਂ ਦੇ ਭਲੇ ਵਿਚ ਹੈ ਕਿ ਉਹ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲੈਣ। ਪਿਛਲੇ ਕੁਛ ਦਿਨਾਂ ਵਿਚ ਕਈ ਮਹੰਤਾਂ ਨੇ ਇਹ ਰਾਹ ਅਪਣਾ ਲਿਆ ਹੈ।

ਏਹੋ ਗੱਲ ਅਕਾਲੀ ਤੇ ਪਰਦੇਸੀ ਨੇ—'ਮਹੰਤਾਂ ਨੂੰ ਸਮਝ ਆ ਗਈ ਹੈ'—ਦੇ ਸਿਰਲੇਖ ਥੱਲੇ ਲਿਖੀ ਸੀ : ਜੋ ਕੁਝ ਨੌਕਰਸ਼ਾਹੀ ਕਰ ਰਹੀ ਹੈ—ਇਹ ਕੋਈ ਉਹਨਾਂ ਦੇ ਭਲੇ ਲਈ ਨਹੀਂ ਕਰ ਰਹੀ, ਸਗੋਂ ਇਹ ਆਪਣਾ ਹੀ ਮਤਲਬ ਸਾਧਣਾ ਚਾਹੁੰਦੀ ਹੈ। ਦੂਜੇ, ਜਿਹੜਾ ਗੁਰਦੁਆਰਾ ਬਿਲ ਬਣਿਆ ਹੈ, ਉਹ ਭਾਵੇਂ ਕਿਤਨਾ ਵੀ ਮਾੜਾ ਹੋਵੇ, ਮਹੰਤਾਂ ਨੂੰ ਤਾਂ ਬੇਦਖਲ ਕਰ ਹੀ ਦੇਂਦਾ ਹੈ। ਇਸ ਲਈ ਮਹੰਤਾਂ ਨੂੰ ਇਹ ਨਿਸਚਾ ਹੋ ਗਿਆ ਹੈ......ਕਿ ਉਹ ਗੁਰਦੁਆਰਿਆਂ ਤੇ ਉਹਨਾਂ ਦੀ ਜਾਇਦਾਦ ਦੇ ਮਾਲਕ ਨਹੀਂ ਬਣੇ ਰਹਿ ਸਕਦੇ। ਇਸ ਲਈ ਮਹੰਤ ਹੁਣ ਝਗੜੇ ਛਡ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਨਾਲ ਧੜਾ ਧੜ ਸਮਝੌਤੇ ਕਰ ਰਹੇ ਹਨ। ਹੁਣ ਇਹਨਾਂ ਦਿਨਾਂ ਵਿਚ ਰਮਦਾਸ, ਨੈਣਾ ਕੋਟ, ਮਹਿਲ ਸਾਹਿਬ, ਨੌਰੰਗਾ ਬਾਦ, ਬਬੇਕ ਸਰ ਤੇ ਬਟਾਲਾ ਦੇ ਗੁਰਦੁਆਰਿਆਂ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਸਪੁਰਦ ਹੋ ਚੁੱਕੀ ਹੈ ਤੇ ਹੋਰ ਕਈ ਮਹੰਤ ਆਏ ਬੈਠੇ ਹਨ, ਤੇ ਆ ਰਹੇ ਹਨ; ਕਿਉਂਕਿ ਉਹਨਾਂ ਨੂੰ ਨਿਸਚਾ ਹੋ ਗਿਆ ਹੈ ਕਿ ਜਿਸ ਖੁਲ੍ਹੇ ਦਿਲ ਨਾਲ ਸ਼੍ਰੋਮਣੀ ਕਮੇਟੀ ਸਮਝੌਤੇ ਕਰ ਰਹੀ ਹੈ, ਉਹ ਕਦੇ ਵੀ ਕਿਸੇ ਬਿਲ ਤੋਂ ਉਮੇਦ ਨਹੀਂ ਕਰ ਸਕਦੇ। (ਚਾਰ ਦਸੰਬਰ)

ਇਸ ਵੇਲੇ ਸ਼੍ਰੋਮਣੀ ਕਮੇਟੀ ਦਾ ਸਤਿਕਾਰ ਤੇ ਵਕਾਰ ਸਿਖਰਾਂ ਛੋਂਹਦਾ ਸੀ। ਉਸ ਦਾ ਹੁਕਮ ਸਿੱਖਾਂ ਵਾਸਤੇ ਫਤਵੇ ਦਾ ਦਰਜਾ ਰਖਦਾ ਸੀ। ਜਿਸ ਨੂੰ ਉਹ ਧਿਰਕਾਰ ਦੇਂਦੀ ਸੀ ਉਹ ਸਮਾਜ ਵਿਚੋਂ ਧਿਰਕਾਰਿਆ ਜਾਂਦਾ ਸੀ। ਕੋਈ ਸਿੱਖ ਜੁਰੱਅਤ ਨਹੀਂ ਸੀ ਕਰ ਸਕਦਾ ਕਿ ਕਮੇਟੀ ਦੀ ਹੁਕਮ ਅਦੂਲੀ ਕਰ ਕੇ ਗੁਰਦੁਆਰਾ ਬਿਲ ਦਾ ਕਮਿਸ਼ਨਰ ਬਣਨ ਲਈ ਆਪਣਾ ਨਾਮ ਗੌਰਮਿੰਟ ਨੂੰ ਦੇਵੇ।

## 1. ਗੁਰਦੁਆਰਾ ਖਡੂਰ ਸਾਹਿਬ

ਖਡੂਰ ਸਾਹਿਬ ਦੇ ਬਾਵੇ ਬੜੇ ਘੁਮੰਡੀ ਤੇ ਆਕੜ ਖੋਰ ਸਨ। ਇਹਨਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਤੋਂ ਨਾ ਤਾਂ ਕੋਈ ਸਿਖਿਆ ਲਈ ਅਤੇ ਨਾ ਆਪਣੇ ਸਿਰਾਂ ਤੇ ਬਿਲ ਦੀ ਲਟਕਦੀ ਤਲਵਾਰ ਤੋਂ ਕੁਛ ਹਾਸਲ ਕੀਤਾ। ਇਹਨਾਂ ਨੇ ਗੁਰੂ ਅੰਗਦ ਸਾਹਿਬ ਦੇ ਇਸ ਗੁਰਦੁਆਰੇ ਨੂੰ ਸਮਾਧ ਦਾ ਨਾਮ ਦੇ ਕੇ ਹਥਿਆਣਾ ਚਾਹਿਆ ਅਤੇ ਆਪਣੀ ਤੇ ਗੁਰਦੁਆਰੇ ਦੀ ਰੱਖਿਆ ਲਈ ਪੁਲਸ ਦੀ ਤਕੜੀ ਧਾੜ ਮੰਗਵਾ ਲਈ ਜਿਸ ਵਿਚ ਲਗ ਭਗ ਚਾਲੀ ਸਿਪਾਹੀ, ਇਕ ਇਨਸਪੈਕਟਰ, ਇਕ ਥਾਨੇਦਾਰ ਅਤੇ ਇਕ ਅੰਗਰੇਜ਼ ਅਫਸਰ ਸਨ। ਮੋਰਚਾ ਲੱਗਣ ਲਈ

Digitized by Panjab Digital Library | www.panjabdigilib.org

ਬੱਦਲ ਫੇਰ ਇਕੱਠੇ ਹੋਣੇ ਸ਼ੁਰੂ ਹੋ ਗਏ ।

ਇਹਨਾਂ ਸਥਾਨਕ ਬਾਵਿਆਂ ਦਾ ਆਗੂ ਇਕ ਬਾਵਾ ਪਰਦੁਮਣ ਸਿੰਘ ਵਕੀਲ ਸੀ ਜਿਹੜਾ ਮੁਲਤਾਨ ਵਿਚ ਵਕਾਲਤ ਕਰਦਾ ਸੀ । ਇਹ ਦਰਬਾਰ ਸਾਹਿਬ ਦੇ ਕੁੰਜੀਆਂ ਦੇ ਮੋਰਚੇ ਵੇਲੇ ਵੀ ਅਮਰਿਤਸਰ ਕੁੰਜੀਆਂ ਹਥਿਆਉਣ ਲਈ ਆਇਆ ਸੀ ਪਰ ਗੁਰੂ ਅੰਸ ਕਾਨਫਰੰਸ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਪਰਤੀਨਿਧ ਮੰਨ ਲਿਆ ਸੀ ਅਤੇ ਇਸ ਦੀ ਕੋਈ ਚਲਾਕੀ ਨਹੀਂ ਸੀ ਚੱਲਣ ਦਿੱਤੀ । ਸਗੋਂ ਇਕ ਮਖੌਲੀਏ ਨੇ ਇਸ ਨੂੰ ਕੁੰਜੀਆਂ ਦਾ ਇਕ ਗੁੱਛਾ ਪੇਸ਼ ਕਰਦਿਆਂ ਇਹ ਆਖ ਕੇ ਬੇਇਜ਼ਤ ਕੀਤਾ ਸੀ ਕਿ ਦਰਬਾਰ ਸਾਹਿਬ ਦੀਆਂ ਚਾਬੀਆਂ ਤਾਂ ਤੈਨੂੰ ਕਿਸੇ ਨੇ ਦੇਣੀਆਂ ਨਹੀਂ—ਇਹ ਗੁੱਛਾ ਲੈ ਕੇ ਹੀ ਆਪਣਾ ਸ਼ੌਕ ਪੂਰਾ ਕਰ ਲੈ । ਹੁਣ ਇਹ ਫੇਰ ਨਵੀਂ ਕਲ੍ਹਾ ਛੇੜਨ ਲਈ ਏਥੇ ਆ ਗਿਆ ਸੀ ।

ਸ਼੍ਰੋਮਣੀ ਕਮੇਟੀ ਪਾਸ ਇਹ ਗੁਰਦੁਆਰਾ 1921 ਵਿਚ ਆ ਚੁਕਾ ਸੀ । ਇਸ ਲਈ ਕਮੇਟੀ ਨੇ ਵੀ ਡੀ. ਸੀ. ਡੰਨਿਟ ਨੂੰ ਲਿਖਿਆ ਕਿ ਖਡੂਰ ਸਾਹਿਬ 'ਬਾਕਾਇਦਾ ਤੌਰ ਤੇ ਕਮੇਟੀ ਨਾਲ ਸੰਬੰਧਤ ਹੈ ।' ਪੁਲਸ ਨੂੰ ਇਥੇ ਬਿਠਾਣਾ ਕਮੇਟੀ ਦੇ ਹੱਕਾਂ ਤੇ ਛਾਪਾ ਮਾਰਨਾ ਹੈ । ਪੁਲਸ ਨੂੰ ਏਥੋਂ ਕਢ ਲਓ । ਇਹ ਡਿਉੜੀ ਵਿਚ ਹੁੱਕੇ ਪੀ ਪੀ ਇਸ ਨੂੰ ਅਪਵਿੱਤਰ ਕਰ ਰਹੀ ਹੈ । ਸਿੱਖਾਂ ਦਾ ਇਸ 'ਕੁਕਰਮ' ਤੇ ਤਿੱਖਾ ਪੜ-ਕਰਮ ਹੋ ਰਿਹਾ ਹੈ । (ਏਲਾਨ 323) ਗੁਰਦੁਆਰੇ ਵਿਚ ਸਿੱਖਾਂ ਦਾ ਜਾਣਾ ਬੰਦ ਕਰ ਦਿੱਤਾ ਗਿਆ ਹੋਇਆ ਸੀ ।

9 ਦਸੰਬਰ 1922 ਨੂੰ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਡੀ. ਸੀ. ਨੂੰ ਹੋਏ ਸਮਝੌਤੇ ਦੀ ਨਕਲ ਵੀ ਭੇਜ ਦਿੱਤੀ । ਸਮਝੌਤੇ ਵਿਚ ਸ਼੍ਰੋਮਣੀ ਕਮੇਟੀ ਦੇ ਹੁਕਮਾਂ ਅਨੁਸਾਰ ਚਲਣ ਦਾ ਇਕਰਾਰ ਕੀਤਾ ਹੋਇਆ ਸੀ ਅਤੇ ਇਸ ਉਤੇ ਅੱਠਾਂ ਬਾਵਿਆਂ ਦੇ ਹੱਥੀਂ ਲਿਖੇ ਨਾਮ ਦਰਜ ਸਨ । ਇਹਨਾਂ ਅੱਠਾਂ ਵਿਚ ਬਾਵਾ ਪਰਦੁਮਨ ਸਿੰਘ ਦੇ ਵੀ ਦਸਖਤ ਮੌਜੂਦ ਸਨ । ਇਸ ਲਿਖਤ ਦਾ ਡੀ. ਸੀ. ਨੂੰ ਪਹਿਲੋਂ ਪਤਾ ਨਹੀਂ ਸੀ ।

ਡੀ. ਸੀ. ਅਤੇ ਗੌਰਮਿੰਟ ਨੇ ਅਜੇ ਇਕ ਮੋਰਚੇ ਵਿਚੋਂ ਬੜੀਆਂ ਮੁਸ਼ਕਲਾਂ ਨਾਲ ਛੁਟਕਾਰਾ ਹਾਸਲ ਕੀਤਾ ਸੀ । ਦੂਜੇ ਉਹੋ ਜੇਹੇ ਮੋਰਚੇ ਵਿਚ ਹੀ ਫਸ ਜਾਣਾ ਉਹਨਾਂ ਲਈ ਆਸਾਨ ਕੰਮ ਨਹੀਂ ਸੀ । ਉਸ ਨੇ ਇਸ ਹਾਲਤ ਦੇ ਨਿਪਟਣ ਲਈ ਉਤੇ ਹੁਕਮ ਲੈਣ ਲਈ ਲਿਖਿਆ ਅਤੇ ਆਪਣੀ ਰਾਏ ਦਿੱਤੀ ਕਿ "ਲਿਖਤ ਸੱਚੀ ਹੈ", ਇਸ ਦੇ ਹੁੰਦਿਆਂ 149 ਦਫਾ ਥੱਲੇ ਲੋਕਾਂ ਦੇ ਗੁਰਦੁਆਰੇ ਵਿਚ ਦਾਖਲ ਹੋਣ ਦੇ ਖ਼ਿਲਾਫ਼ ਪੁਲਸੀ ਕਾਰਵਾਈ ਕਰਨ ਦਾ ਬਾਵਿਆਂ ਦਾ ਦਾਅਵਾ ਬੜਾ ਕਮਜ਼ੋਰ ਹੋ ਜਾਂਦਾ ਹੈ । ਇਹ ਰਾਏ ਉਸ ਨੇ ਬਾਵਿਆਂ ਨਾਲ ਵਿਚਾਰ-ਵਟਾਂਦਰਾ ਕਰਨ ਪਿਛੋਂ ਬਣਾਈ ।

ਗੌਰਮਿੰਟ ਨੇ ਡੀ. ਸੀ. ਨੂੰ ਲਿਖਿਆ ਕਿ ਇਹਨਾਂ ਹਾਲਾਤ ਵਿਚ ਪੁਲਸ ਸਿਰਫ ਬਾਵਿਆਂ ਦੀ ਜਾਨ ਤੇ ਜਾਇਦਾਦ ਦੀ ਹੀ ਰੱਖਿਆ ਕਰੇ । ਲੋਕਾਂ ਨੂੰ ਗੁਰਦੁਆਰੇ ਅੰਦਰ ਜਾਣੋਂ ਨਾ ਰੋਕੇ । 11 ਦਸੰਬਰ ਨੂੰ ਇਸ ਹੁਕਮ ਦੇ ਤਹਿਤ ਸੰਤਰੀ ਗੁਰਦੁਆਰੇ ਦੇ ਬੂਹੇ ਅਗੋਂ ਹਟਾ ਲਏ ਗਏ । ਉਸ ਦਿਨ ਖਡੂਰ ਸਾਹਿਬ ਵਿਚ ਦੀਵਾਨ ਹੋ ਰਿਹਾ ਸੀ ਅਤੇ ਅਕਾਲੀ ਬੜੀ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ । ਬਾਵਿਆਂ ਨੂੰ ਸਿੱਧੇ ਰਸਤੇ ਤੇ ਲਿਆਉਣ ਲਈ ਸ਼੍ਰੋਮਣੀ ਕਮੇਟੀ ਦੇ ਪਰਤੀਨਿਧ ਗੱਲ-ਕੱਥ ਕਰ ਰਹੇ ਸਨ । ਗੌਰਮਿੰਟ ਨੇ ਅਮਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਹੁਕਮ ਘਲ ਦਿੱਤੇ ਸਨ ਕਿ ਜਿਥੋਂ ਤਕ ਸੰਭਵ ਹੋਵੇ, ਕੋਈ ਅਜੇਹੀ ਘਟਨਾ ਨਾ ਹੋਣ ਦਿੱਤੀ ਜਾਵੇ ਜਿਹੜੀ ਸਮਝੌਤੇ ਦੀ ਗੱਲ ਕੱਥ ਵਿਚ ਵਿਘਨ ਪਾਉਣ ਵਾਲੀ ਹੋਵੇ ।

Digitized by Panjab Digital Library | www.panjabdigilib.org

9 ਤੇ 10 ਜਨਵਰੀ 1923 ਨੂੰ ਸ਼੍ਰੋਮਣੀ ਕਮੇਟੀ ਨੇ ਕੁਛ ਮਤੇ ਪਾਸ ਕੀਤੇ । ਪਹਿਲੇ ਮਤੇ ਵਿਚ ਅਕਾਲੀ ਦਲ, ਅਮਰਿਤਸਰ ਸ਼ਹਿਰਾਂ ਦੇ ਲੋਕਾਂ, ਕਾਂਗਰਸ ਅਤੇ ਖਿਲਾਫਤ ਕਮੇਟੀਆਂ ਦਾ ਧੰਨਵਾਦ ਕੀਤਾ ਗਿਆ । ਇਹਨਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਬੜੀ ਮਦਦ ਕੀਤੀ ਸੀ। ਕਾਂਗਰਸ ਦੀ ਮਦਦ ਖਾਸ ਜ਼ਿਕਰ ਯੋਗ ਹੈ । ਕਾਂਗਰਸ ਦੇ ਸੇਵਾਦਾਰ ਬੜੇ ਪਿਆਰ ਨਾਲ ਜ਼ਖਮੀਆਂ ਨੂੰ ਚੁਕ ਕੇ ਲਿਆਂਦੇ ਸਨ, ਉਹਨਾਂ ਨੇ ਜ਼ਖਮੀਆਂ ਦੇ ਇਲਾਜ ਲਈ ਡਾਕਟਰ ਘਲੇ ਸਨ । ਕਈ ਕਾਂਗਰਸੀਆਂ ਨੇ ਆਪਣੇ ਘਰ ਖਾਲੀ ਕਰ ਕੇ ਜ਼ਖਮੀਆਂ ਦੇ ਰਖਣ ਲਈ ਦਿਤੇ ਸਨ । ਉਹਨਾਂ ਨੇ ਰੁਪਏ-ਪੈਸੇ ਦੀ ਵੀ ਮਦਦ ਕੀਤੀ ਸੀ ਅਤੇ ਸਭ ਤੋਂ ਵਡੀ ਗੱਲ ਇਹ ਕਿ ਉਹਨਾਂ ਨੇ ਬਰਿ-ਟਿਸ਼ ਰਾਜ ਦੇ ਸਿੱਖਾਂ ਉਤੇ ਜ਼ੁਲਮਾਂ ਦੀ ਅਖਬਾਰਾਂ ਰਾਹੀਂ ਦੁਹਾਈ ਫੇਰ ਦਿੱਤੀ ਸੀ ਅਤੇ ਏਸੇ ਕਿਸਮ ਦੀ ਕੁਛ ਘਟ ਜਾਂ ਬਰਾਬਰ ਮਦਦ ਖਿਲਾਫਤ ਦੇ ਵਰਕਰਾਂ ਅਤੇ ਡਾਕਟਰਾਂ ਨੇ ਦਿਤੀ ਸੀ । ਕਮੇਟੀ ਨੇ ਇਹਨਾਂ ਦਾ ਉਚੇਚਾ ਧਨਵਾਦ ਕੀਤਾ ਸੀ ।

ਕੌਂਸਲ ਦੇ ਸਿੱਖ-ਮਿੰਬਰਾਂ ਨੇ ਮੋਰਚੇ ਦੇ ਦਿਨਾਂ ਵਿਚ ਅਤੇ ਪਿੱਛੋਂ ਕੌਂਸਲ ਵਿਚ ਸਵਾਲ ਉਠਾ ਉਠਾ ਕੇ ਲਹਿਰ ਦੀ ਚੰਗੀ ਸੇਵਾ ਕੀਤੀ ਸੀ ਅਤੇ ਗੁਰਦਆਰਾ ਬਿਲ ਦੇ ਦੌਰਾਨ ਡਟਕੇ ਬਿਲ ਦੀ ਵਿਰੋਧਤਾ ਕੀਤੀ, ਇਸ ਲਈ, ਦੂਜੇ ਮਤੇ ਰਾਹੀਂ, ਉਹਨਾਂ ਵਿਰੁਧ ਸਮਾਜੀ ਬਾਈਕਾਟ ਦਾ ਪਹਿਲੋਂ ਪਾਸ ਕੀਤਾ ਮਤਾ ਵਾਪਸ ਲੈ ਲਿਆ ਗਿਆ । ਅਤੇ ਭਾਈ ਅਰਜਨ ਸਿੰਘ ਬਾਗੜੀਆਂ ਦੇ ਸਮਾਜੀ ਬਾਈਕਾਟ ਉਤੇ ਵਿਚਾਰ ਕਰਨ ਲਈ ਇਕ ਕਮੇਟੀ ਬਣਾ ਦਿੱਤੀ ਗਈ ।

ਗੁਰੂ ਕੇ ਬਾਗ ਦੇ ਮੋਰਚੇ ਦਾ ਹਿਸਾਬ ਵੀ ਕਮੇਟੀ ਸਾਮ੍ਹਣੇ ਪੇਸ਼ ਹੋਇਆ । ਮੋਰਚੇ ਦੇ ਦਿਨਾਂ ਵਿਚ ਹਜ਼ਾਰਾਂ ਰੁਪਇਆਂ ਦਾ ਰੋਜ਼ਾਨਾ ਖਰਚ ਸੀ । ਕੁਲ ਆਮਦਨ ਇਕ ਲੱਖ ਛੱਤੀ ਹਜ਼ਾਰ ਹੋਈ ਦਸੀ ਗਈ । ਖਰਚ ਕੁਲ ਤੇਤੀ ਹਜ਼ਾਰ ਹੋਇਆ । ਤੀਹ ਹਜ਼ਾਰ ਤੋਂ ਲੈ ਕੇ ਪੰਜਾਹ ਹਜ਼ਾਰ ਰੁਪਏ ਦੇ ਦਰਮਿਆਨ ਰਕਮ ਗੌਰਮਿੰਟ ਨੇ ਮੋਰਚੇ ਨੂੰ ਫੇਲ੍ਹ ਕਰਨ ਵਾਸਤੇ ਰੋਕ ਲਈ ਸੀ । ਇਹ ਵੀ ਆਮਦਨ ਵਿਚ ਗਿਣੀ ਗਈ ਸੀ । ਗੌਰਮਿੰਟ ਆਪਣੀਆਂ ਖੁਫੀਆ ਰਿਪੋਰਟਾਂ ਵਿਚ ਲਿਖ ਰਹੀ ਸੀ ਕਿ ਸ਼੍ਰੋਮਣੀ ਕਮੇਟੀ ਨੂੰ ਖਰਚ ਲਈ ਰੁਪਏ ਮਿਲਣੇ ਮੁਸ਼ਕਲ ਹੋ ਰਹੇ ਹਨ ਜਦੋਂ ਕਿ ਲੋਕ ਮੋਰਚੇ ਲਈ ਧੜਾ ਧੜ ਰੁਪਏ ਦੇ ਰਹੇ ਸਨ । ਕਈ ਗੱਲਾਂ ਸਰਕਾਰ ਦੀਆਂ ਰਿਪੋਰਟਾਂ ਵਿਚ ਬਚਪਣੀ ਤੇ ਫਜ਼ੂਲ ਹੁੰਦੀਆਂ ਸਨ । ਮਿਸਾਲ ਦੇ ਤੌਰ ਤੇ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਨੂੰ ਅਖਤਿਆਰ ਦਿੱਤੇ ਗਏ ਕਿ ਉਹ ਆਪਣੇ ਫੰਡ ਵਿਚੋਂ ਗਰੀਬ ਅਕਾਲੀਆਂ ਦੀ ਮਦਦ ਕਰੇ । ਇਸ ਬਾਰੇ ਸਰਕਾਰੀ ਟਿਪਣੀ ਇਹ ਸੀ ਕਿ "ਇਹ ਸੰਭਵਤਾ ਤੌਰ ਤੇ ਕਿਸੇ ਨੂੰ ਵੀ ਕੁਛ ਨਹੀਂ ਦੇਵੇਗੀ ।"

ਏਸੇ ਮੀਟਿੰਗ ਵਿਚ ਇਕ ਮਤਾ ਇਹ ਵੀ ਪਾਸ ਕੀਤਾ ਗਿਆ ਕਿ ਚੀਫ ਖਾਲਸਾ ਦੀਵਾਨ ਨੂੰ ਗੁਰਦੁਆਰਾ ਬਿਲ ਲਿਆਉਣ ਦਾ ਕੋਈ ਹੱਕ ਨਹੀਂ ।

## 2. ਰਿਹਾਈਆਂ ਦਾ ਸਵਾਲ

1923 ਦੇ ਸ਼ੁਰੂ ਵਿਚ ਕੈਦੀਆਂ ਦੀ ਰਿਹਾਈ ਦਾ ਸਵਾਲ ਮੁਖ ਸਵਾਲ ਸੀ । ਗੌਰਮਿੰਟ ਨੇ ਗੁਰਦੁਆਰਾ ਬਿਲ ਪਾਸ ਤਾਂ ਕਰ ਦਿੱਤਾ ਸੀ ਪਰ ਇਸ ਨੂੰ ਕੋਈ ਮੂੰਹ ਨਹੀਂ ਸੀ ਲਾਉਂਦਾ—ਥਾਂ ਥਾਂ ਇਸ ਦੀ ਨਿਖੇਧੀ ਹੋ ਰਹੀ ਸੀ । ਅਫਸਰ ਪਿੰਡਾਂ ਵਿਚੋਂ ਬਿਲ ਲਈ ਹਮਾਇਤ ਹਾਸਲ ਕਰਨ ਦੇ ਜਤਨ ਕਰ ਰਹੇ ਸਨ ਪਰ ਲੋਕਾਂ ਨੇ ਇਕੋ ਹੀ ਜਵਾਬ ਰੱਟ ਲਿਆ ਸੀ ; 'ਜਿਹੜਾ ਬਿਲ ਸ਼੍ਰੋਮਣੀ ਕਮੇਟੀ ਨੂੰ ਮਨਜ਼ੂਰ ਨਹੀਂ, ਸਾਨੂੰ ਮਨਜ਼ੂਰ ਨਹੀਂ । ਬਿਲ ਬਾਰੇ ਕਮੇਟੀ ਨਾਲ ਜਾ ਕੇ

Digitized by Panjab Digital Library | www.panjabdigilib.org

ਗਲਬਾਤ ਕਰੋ ।' ਇਸ ਲਈ ਬਿਲ ਖੱਟਿਆਈ ਵਿਚ ਪਿਆ ਹੋਇਆ ਸੀ—ਕਿਸੇ ਬੰਨ੍ਹੇ ਨਹੀਂ ਸੀ ਲਗ ਰਿਹਾ ।

ਰਿਹਾਈਆਂ ਦੇ ਸਵਾਲ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮਿੰਬਰਾਂ ਨੇ ਆਪਣੇ ਹੱਥ ਵਿਚ ਲਿਆ ਅਤੇ ਉਹਨਾਂ ਨੇ ਅੱਠ ਮਾਰਚ ਦੇ ਦਿਨ ਇਹ ਗੈਰ-ਸਰਕਾਰੀ ਮਤਾ ਪੇਸ਼ ਕੀਤਾ :

> "ਇਹ ਕੌਂਸਲ ਗੌਰਮਿੰਟ ਨੂੰ ਸਿਫਾਰਸ਼ ਕਰਦੀ ਹੈ ਕਿ ਗੁਰੂ ਕੇ ਬਾਗ ਦੇ ਮਾਮਲੇ, ਕਿਰਪਾਨ ਦੇ ਮੁਕਦਮਿਆਂ ਅਤੇ ਗੁਰਦੁਆਰਾ ਲਹਿਰ ਵਿਚ ਫੜੇ ਹੋਏ ਲੋਕ ਤਾਬੜ ਤੋੜ ਰਿਹਾ ਕਰ ਦਿੱਤੇ ਜਾਣ ।"

ਗੁਰੂ ਕੇ ਬਾਗ ਦੀ ਮਾਰ-ਕੁੱਟ ਨੇ ਕੌਂਸਲ ਦੇ ਮਿੰਬਰਾਂ ਵਿਚ ਅਕਾਲੀਆਂ ਲਈ ਬੜੀ ਹਮਦਰਦੀ ਪੈਦਾ ਕਰ ਦਿੱਤੀ ਸੀ । ਗੌਰਮਿੰਟ ਦੇ ਅਫਸਰ ਜਾਣਦੇ ਸਨ ਕਿ ਇਹ ਮਤਾ ਬੜੀ ਭਾਰੀ ਬਹੁ-ਸੰਮਤੀ ਨਾਲ ਪਾਸ ਹੋ ਜਾਣਾ ਹੈ । ਇਸ ਲਈ ਉਹਨਾਂ ਨੇ ਪਰਸਪਰ ਸਲਾਹ-ਮਸ਼ਵਰੇ ਪਿਛੋਂ ਆਪਣੇ ਸਰਕਾਰੀ ਮਿੰਬਰਾਂ ਨੂੰ ਮਤੇ ਵਿਚ ਇਹ ਤਰਮੀਮ ਪੇਸ਼ ਕਰਨ ਦੀ ਹਦਾਇਤ ਦਿੱਤੀ :—

> "ਬਸ਼ਰਤੇ ਕਿ ਉਹ ਭਵਿਖ ਵਿਚ ਉਹੋ ਜੇਹੇ ਜੁਰਮ ਕਰਨ ਤੋਂ ਪਰਹੇਜ਼ ਕਰਨ ਜਿਨ੍ਹਾਂ ਕਰ ਕੇ ਉਹ ਫੜ ਲਏ ਗਏ ਸਨ ।"

ਇਸ ਤਰਮੀਮ ਦੀ ਬਾਹਲੇ ਮਿੰਬਰਾਂ ਨੇ ਵਿਰੋਧਤਾ ਕੀਤੀ । ਸਰਕਾਰੀ ਮਿੰਬਰਾਂ ਨੇ ਅਮਨ ਕਾਨੂੰਨ ਤੇ ਨਿੱਜੀ ਜਾਇਦਾਦ ਦੀ ਰਖਿਆ ਦੀਆਂ ਗੱਲਾਂ ਕੀਤੀਆਂ । ਪਰ ਇਹਨਾਂ ਦਾ ਗੈਰ-ਸਰਕਾਰੀ ਮਿੰਬਰਾਂ ਉਤੇ ਕੋਈ ਖਾਸ ਅਸਰ ਨਹੀਂ ਹੋਇਆ । ਗੌਰਮਿੰਟ ਦੀ ਤਰਮੀਮ ਨੂੰ 26 ਵੋਟਾਂ ਪਈਆਂ ਅਤੇ ਇਸ ਦੇ ਵਿਰੁਧ 38, ਗੌਰਮਿੰਟ ਦੀ ਤਰਮੀਮ ਡਿਗ ਜਾਣ ਨਾਲ ਰਿਹਾਈ ਦਾ ਮਤਾ ਆਪਣੀ ਪਹਿਲੀ ਸ਼ਕਲ ਵਿਚ ਹੀ ਪਾਸ ਹੋ ਗਿਆ ।

ਪਾਸ ਹੋਏ ਗੈਰ-ਸਰਕਾਰੀ ਮਤਿਆਂ ਉਤੇ ਅਮਲ ਕਰਨਾ ਸਰਕਾਰ ਲਈ ਜਰੂਰੀ ਨਹੀਂ ਸੀ । ਕਿਉਂਕਿ ਉਹ ਸਰਬ ਸ਼ਕਤੀਮਾਨ ਸੀ, ਕੌਂਸਲ ਮੋਹਰੇ ਜਵਾਬਦਿਹ ਨਹੀਂ ਸੀ—ਕੌਂਸਲ ਤਾਂ ਖਿਡਾਉਣਾ ਸੀ । ਭਾਰਤ ਸਰਕਾਰ ਨੂੰ ਸਗੋਂ ਇਸ ਗੱਲ ਦਾ ਅਫਸੋਸ ਹੋਇਆ ਕਿ ਇਸ ਮਾਮਲੇ ਵਿਚ ਪਹਿਲ ਪੰਜਾਬ ਕੌਂਸਲ ਦੇ ਹੱਥੀਂ ਕਿਉਂ ਜਾਣ ਦਿੱਤੀ ਗਈ । ਯਾਨੀ ਮੁਕਾਮੀ ਗੌਰਮਿੰਟ ਨੂੰ ਰਿਹਾਈਆਂ ਬਾਰੇ ਖੁਦ ਕੋਈ ਕਦਮ ਉਠਾਉਣਾ ਚਾਹੀਦਾ ਸੀ । ਗਵਰਨਰ ਨੇ 17 ਮਾਰਚ ਨੂੰ ਇਸ ਬਾਰੇ ਫੈਸਲਾ ਕੀਤਾ ਕਿ ਕੌਂਸਲ ਦਾ ਰਿਹਾਈਆਂ ਦਾ ਜਿਵੇਂ ਦਾ ਤਿਵੇਂ ਮਤਾ ਮਨਜ਼ੂਰ ਕਰਨਾ ਰੱਖਿਆ ਦੇ ਹਿਤਾਂ ਵਿਚ ਨਹੀਂ । ਪਰ ਉਸ ਨੇ ਕੈਦੀਆਂ ਨੂੰ ਆਮ ਨਿਯਮਾਂ ਦੇ ਅਧੀਨ ਫਾਇਦਾ ਦੇਣ ਦਾ ਫੈਸਲਾ ਕੀਤਾ ਜਿਨ੍ਹਾਂ ਥੱਲੇ ਸੂਬੇ ਭਰ ਵਿਚ ਦੋ-ਤਿਹਾਈ ਕੈਦ ਪੂਰੀ ਕਰ ਚੁਕੇ ਕੈਦੀ ਰਿਹਾ ਕੀਤੇ ਜਾ ਰਹੇ ਸਨ । ਅੰਦਾਜ਼ਾ ਕੀਤਾ ਗਿਆ ਕਿ (ਅਗਲੇ ਜਾਂ ਅਗਲੇਰੇ ਮਹੀਨੇ ਤਕ) ਇਸ ਤਰ੍ਹਾਂ ਲਗ ਭਗ 2400 ਸਿੱਖ ਕੈਦੀ ਰਿਹਾ ਕੀਤੇ ਜਾ ਚੁਕਣਗੇ ।

## 3. ਫਿਰਕੂ ਫਸਾਦ ਤੇ ਅਕਾਲੀ

ਕੁਛ ਚਿਰ ਤੋਂ ਪੰਜਾਬ ਦੇ ਵਾਅ-ਮੰਡਲ ਵਿਚ ਫਿਰਕੂ ਜ਼ਹਿਰ ਘੁਲ ਗਿਆ ਸੀ । ਇਸ ਦਾ ਅਮਰਿਤਸਰ ਸ਼ਹਿਰ ਉਤੇ ਵੀ ਅਸਰ ਹੋਇਆ । 13 ਅਪਰੈਲ 1923 ਦੀ ਵਿਸਾਖੀ ਤੋਂ ਦੋ ਦਿਨ ਪਹਿਲੋਂ ਏਕਾ ਏਕੀ ਹਿੰਦੂ-ਮੁਸਲਿਮ ਫਸਾਦ ਸ਼ੁਰੂ ਹੋ ਗਿਆ । ਕੋਈ ਕਹਿੰਦਾ ਸੀ ਕਿ

Digitized by Panjab Digital Library | www.panjabdigilib.org

ਇਸ ਫਸਾਦ ਦੀ ਤਹਿ ਥੱਲੇ ਪੰਜਾਬ ਕੌਂਸਲ ਦੀਆਂ ਆਉਣ ਵਾਲੀਆਂ ਚੋਣਾਂ ਹਨ, ਕੋਈ ਕਹਿੰਦਾ ਸੀ ਕਿ ਹਿੰਦੂ ਲੜਕੀ ਨੂੰ ਕਿਸੇ ਮੁਸਲਮਾਨ ਗੁੰਡੇ ਨੇ ਛੇੜਿਆ ਸੀ ਜਿਸ ਦੇ ਕਾਰਣ ਨੌਬਤ ਫਸਾਦਾਂ ਤਕ ਪਹੁੰਚੀ। ਇਕ ਅਫਵਾਹ ਇਹ ਕਹਿੰਦੀ ਸੀ ਕਿ ਦੋਹਾਂ ਫਿਰਕਿਆਂ ਦੇ ਦੋ ਮੁੰਡੇ ਲੜ ਪਏ ਜਿਸ ਦੇ ਕਾਰਣ ਹਿੰਦੂ-ਮੁਸਲਿਮ ਫਸਾਦ ਸ਼ੁਰੂ ਹੋ ਗਿਆ। ਏਹੋ ਜੇਹੇ ਮੌਕਿਆਂ ਤੇ ਜਿੰਨੇ ਮੂੰਹ ਓਨੀਆਂ ਹੀ ਗਲਾਂ ਵਾਲਾ ਮੁਹਾਵਰਾ ਕੰਮ ਕਰਦਾ ਹੈ।

ਇਸ ਏਕੇ ਦੇ ਸ਼ਹਿਰ ਵਿਚ—ਜਿਥੇ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਹਿੰਦੂ-ਮੁਸਲਿਮ ਏਕੇ ਨੇ ਅੰਗਰੇਜ਼ ਹਾਕਮਾਂ ਨੂੰ ਹੱਕਾ-ਬੱਕਾ ਕੀਤਾ ਹੋਇਆ ਸੀ—ਫਿਰਕੂ ਫਸਾਦ ਅਕਾਲੀ ਲਹਿਰ ਦੀ ਇੱਤਹਾਦੀ ਸਪਿਰਟ ਦੇ ਖਿਲਾਫ ਸੀ। ਅਤੇ ਗੁਰਦੁਆਰਾ ਲਹਿਰ ਦਾ ਨਿਸ਼ਾਨਾ ਅਜੇ ਮੰਝਧਾਰ ਵਿਚ ਖਲੋਤਾ ਸੀ। ਅਗਲੇ ਸੰਗਰਾਮਾਂ ਲਈ ਦੋਹਾਂ ਹਿੰਦੂਆਂ ਤੇ ਮੁਸਲਮਾਨਾਂ ਦੀ ਇਮਦਾਦ ਦੀ ਲੋੜ ਸੀ। ਇਸ ਲਈ ਅਕਾਲੀ ਆਗੂਆਂ ਨੇ ਮੌਕੇ ਦੀ ਨਜ਼ਾਕਤ ਨੂੰ ਤਾੜ ਲਿਆ ਅਤੇ ਉਹਨਾਂ ਦੇ ਵਾਲੰਟੀਅਰ ਪਹਿਲ ਕਰਕੇ ਦੋਹਾਂ ਦੇ ਵਿਚਕਾਰ ਜਾ ਖਲੋਤੇ। ਜ਼ਿਲ੍ਹੇ ਦੇ ਹਾਕਮ ਅਜੇ ਅਵੇਸਲੇ ਬੈਠੇ ਸਨ।

ਅਮਨ ਲਈ ਵਾਲੰਟੀਅਰ ਭੇਜਣ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਡੀ. ਸੀ. ਡੰਨਿਟ ਨੂੰ ਲਿਖਿਆ : ਕਿ ਉਹ ਅਮਨ ਕਾਇਮ ਰੱਖਣ ਲਈ ਦੋ ਸੌ ਅਕਾਲੀ ਵਾਲੰਟੀਅਰ ਦੇਣਾ ਚਾਹੁੰਦੀ ਹੈ। ਡਿਸਟਰਿਕਟ ਮੈਜਿਸਟਰੇਟ ਜਿਵੇਂ ਚਾਹੇ ਉਹਨਾਂ ਦੀ ਸੇਵਾ ਲੈ ਸਕਦਾ ਹੈ। ਉਸ ਵੇਲੇ ਨਾ ਤਾਂ ਸ਼ਹਿਰ ਵਿਚ ਪੁਲਸ ਕਾਫੀ ਸੀ, ਨਾ ਹੀ ਫੌਜ। ਇਸ ਲਈ ਡੰਨਿਟ ਨੇ ਇਸ ਪੇਸ਼ਕਸ਼ ਨੂੰ ਜੀਅ ਆਇਆਂ ਆਖਿਆ ਅਤੇ ਅਕਾਲੀ ਵਾਲੰਟੀਅਰਾਂ ਨੂੰ ਫਸਾਦ ਰੋਕਣ ਦੇ ਕੰਮ ਤੇ ਲਾ ਦਿਤਾ। ਅਗਲੇ ਦਿਨ ਵੀ ਡੀ. ਸੀ. ਨੇ ਕਮੇਟੀ ਨੂੰ ਇਕ ਨੋਟ ਭੇਜਿਆ ਕਿ ਉਹ 'ਨਿਮਕ ਮੰਡੀ ਤੇ ਕਟੜਾ ਕਰਮ ਸਿੰਘ ਵਿਚ ਕਮੇਟੀ ਦੀ ਮਦਦ ਲੈ ਕੇ ਖੁਸ਼ ਹੋਵੇਗਾ।"

11 ਅਪਰੈਲ ਨੂੰ ਡਿਪਟੀ ਕਮਿਸ਼ਨਰ, ਉਸ ਦੇ ਆਪਣੇ ਕਥਨ ਅਨੁਸਾਰ, ਇਕੱਲਾ ਹੀ ਸ਼ਹਿਰ ਵਿਚ ਫਿਰ ਰਿਹਾ ਸੀ ਜਦੋਂ ਕਿ ਫਸਾਦ ਸ਼ੁਰੂ ਹੋ ਗਏ। ਉਸ ਨੇ ਲੜਨ ਵਾਲਿਆਂ ਨੂੰ ਅੱਡ ਅੱਡ ਕਰਨ ਦਾ ਯਤਨ ਕੀਤਾ। ਪਰ ਨਾ ਕਰ ਸਕਿਆ। ਉਸ ਵੇਲੇ ਇਕ ਅਕਾਲੀ ਜੱਥਾ ਲਾਗੋਂ ਦੀ ਲੰਘ ਰਿਹਾ ਸੀ, ਉਸ ਨੇ ਉਹਨਾਂ ਨੂੰ ਲੜਾਈ ਹਟਾਣ ਵਿਚ ਮਦਦ ਕਰਨ ਲਈ ਆਖਿਆ। ਉਹ ਜੱਥਾ ਵਾਲੰਟੀਅਰਾਂ ਦਾ ਹੀ ਸੀ। ਉਹਨਾਂ ਨੇ ਵਿਚ ਖਲੋਕੇ, ਹਥ ਜੋੜ ਕੇ ਉਹਨਾ ਨੂੰ ਲੜਨੋਂ ਹਟਾ ਦਿਤਾ। ਸ਼੍ਰੋਮਣੀ ਕਮੇਟੀ ਨੇ ਖਾਲਸਾ ਕਾਲਜ ਵਿਚੋਂ ਵੀ 200 ਵਿਦਿਆਰਥੀ ਤੇ ਟੀਚਰ ਫਸਾਦ ਰੋਕਣ ਲਈ ਮੰਗਵਾਏ ਸਨ।

ਕੋਤਵਾਲੀ ਵਿਚ ਸ: ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਵੀ ਡੀ. ਸੀ. ਨੂੰ ਮਿਲੇ ਸਨ। ਉਹ ਅਮਨ ਕਾਇਮ ਰਖਣ ਲਈ ਗੌਰਮਿੰਟ ਦਾ ਹੱਥ ਵਟਾਣ ਨੂੰ ਤਿਆਰ ਸਨ। ਡੀ.ਸੀ. ਨੂੰ ਵਹਿਮ ਸੀ ਕਿ ਕਮੇਟੀ ਦੀ ਇਮਦਾਦ ਨੂੰ ਮੁਸਲਮਾਨ ਸੱਜਣ ਕਿਤੇ ਹਿੰਦੂਆਂ ਦੀ ਮਦਦ ਨਾ ਸਮਝ ਲੈਣ। ਪਰ ਅਕਾਲੀਆਂ ਉਤੇ ਦੋਹਾਂ ਧਿਰਾਂ ਦਾ ਭਰੋਸਾ ਸੀ ਕਿ ਉਹ ਨਿਰਪੱਖ ਹਨ। ਉਹਨਾਂ ਵਲੋਂ ਹੱਥ ਉਠਾਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ—ਉਹ ਤਾਂ ਹੱਥ ਜੋੜਨ ਤੇ ਭਰਾਵਾਂ ਨੂੰ ਲੜਨੋਂ ਹਟਾਣ ਲਈ ਜਾ ਰਹੇ ਸਨ।

ਫਸਾਦ ਹਟਾਣ ਵਿਚ ਵਾਲੰਟੀਅਰਾਂ ਨੇ ਸ਼ਲਾਘਾ ਯੋਗ ਕੰਮ ਕੀਤਾ—ਰਾਤ ਘੋੜਿਆਂ ਤੇ ਚੜ੍ਹਕੇ ਕੁਛ ਅਕਾਲੀ ਬਾਜ਼ਾਰਾਂ ਵਿਚ ਸ਼ਾਂਤੀ ਕਾਇਮ ਰਖਣ ਲਈ ਹੱਥ ਜੋੜਦੇ ਰਹੇ। ਜ਼ਖਮੀਆਂ ਨੂੰ

Digitized by Panjab Digital Library | www.panjabdigilib.org

ਉਠਾ ਉਠਾ ਉਹ ਬਗੈਰ ਕਿਸੇ ਭਿੰਨ ਭੇਦ ਦੇ ਗੁਰੂ ਰਾਮਦਾਸ ਹਸਪਤਾਲ ਵਿਚ ਲਿਆਂਦੇ ਤੇ ਸੇਵਾ ਕਰਦੇ ਰਹੇ। ਇਸ ਹਿੰਮਤ ਤੇ ਪਹਿਲ ਦਾ ਨਤੀਜਾ ਇਹ ਹੋਇਆ ਕਿ ਮੌਤ ਕੋਈ ਨਾ ਹੋਈ, ਫਸਾਦ ਰੁਕ ਗਿਆ ਅਤੇ ਮੁਕੱਦਮਾ ਕਿਸੇ ਉਤੇ ਨਾ ਚਲਿਆ।

ਡੀ. ਸੀ. ਨੂੰ ਉਤੋਂ ਗੌਰਮਿੰਟ ਦਾ ਹੁਕਮ ਆ ਗਿਆ ਕਿ ਅਕਾਲੀ ਵਾਲੰਟੀਅਰਾਂ ਦੀਆਂ ਸੇਵਾਵਾਂ ਨੂੰ ਹਟਾ ਦਿਤਾ ਜਾਵੇ। ਉਸ ਨੇ 100 ਘੋੜ ਸਵਾਰ ਫੌਜੀਆਂ ਦੇ ਆਉਣ ਤੋਂ ਦਸ ਮਿੰਟ ਪਹਿਲੋਂ ਅਕਾਲੀ ਵਾਲੰਟੀਅਰਾਂ ਨੂੰ ਹਟਾ ਕੇ ਵਾਪਸ ਭੇਜ ਦਿਤਾ। 'ਪੁਲਸ ਦੀ ਥਾਂ ਵਾਲੰਟੀਅਰ ਅਮਨ-ਸ਼ਾਂਤੀ ਦੀ ਰਖਿਆ ਕਰਨ ਤਾਂ ਗੌਰਮਿੰਟ ਉਤੇ ਇਲਜ਼ਾਮ ਆਉਂਦਾ ਹੈ ਕਿ ਜੇ ਉਹ ਲੋਕਾਂ ਦੇ ਮਾਲ ਜਾਨ ਦੀ ਹਿਫਾਜ਼ਤ ਵੀ ਨਹੀਂ ਕਰ ਸਕਦੀ ਤਾਂ ਰਖੀ ਹੋਈ ਕਿਸ ਲਈ ਹੈ?' ਏਹੋ ਹੀ ਨਹੀਂ, ਗੌਰਮਿੰਟ ਨੂੰ 1921-22 ਦੀ ਨਾ-ਮਿਲਵਰਤਨ ਦੇ ਦਿਨਾਂ ਦੇ ਖਿਲਾਫ-ਕਾਨੂੰਨ ਕੀਤੇ ਵਾਲੰਟੀਅਰ ਜਥੇ ਵੀ ਹਊਆ ਬਣ ਕੇ ਡਰਾ ਰਹੇ ਸਨ।

ਇਸ ਡੀ. ਸੀ. ਦੇ ਉਤਲੇ ਅਫਸਰਾਂ ਨਾਲ ਰਿਸ਼ਤੇ ਬੜੇ ਗੂੜ੍ਹੇ ਸਨ। ਉਸ ਦੀ ਰਿਪੋਰਟ ਮਨਜ਼ੂਰ ਕਰ ਲਈ ਗਈ ਜਿਸ ਵਿਚ ਡੀ. ਸੀ. ਦੇ ਅਕਾਲੀਆਂ ਦੀ ਮਦਦ ਲੈਣ ਨੂੰ 'ਨਿਰੋਆ' ਤੇ 'ਸਿੱਖਾਂ ਨੂੰ ਗੜਬੜ ਦੇ ਬਾਹਰ ਰਖਣ' ਵਾਲਾ 'ਕਦਮ' ਕਰਾਰ ਦਿਤਾ ਗਿਆ। ਉਸ ਦੀ ਆਪਣੀ ਰਿਪੋਰਟ ਵਿਚ ਸਿੱਖਾਂ ਦੀ ਇਸ ਸਹਾਇਤਾ ਦੀ ਸਿਫਤ ਕੀਤੀ ਗਈ ਸੀ।[1]

## 4. ਰਿਹਾਈਆਂ ਦੇ ਰਾਹ ਦੀ ਖੋਜ

2 ਤੇ ਤਿੰਨ ਅਪਰੈਲ ਨੂੰ ਸ਼੍ਰੋਮਣੀ ਕਮੇਟੀ ਦੀ ਆਮ ਮੀਟਿੰਗ ਹੋਈ। ਵਿਚਾਰ ਗੋਚਰੇ ਮਸਲੇ ਸਨ ਤਦਵੀਂ ਸਥਿਤੀ, ਜੇਲਾਂ ਤੇ ਕੁਟਾਪੇ ਅਤੇ ਰਿਹਾਈਆਂ ਦੇ ਮਸਲੇ। ਗੁਰੂ ਕੇ ਬਾਗ ਦੇ ਕੈਦੀਆਂ ਦੀ ਰਿਹਾਈ ਦਾ ਮਤਾ, ਪੰਜਾਬ ਕੌਂਸਲ ਵਿਚ, ਗੌਰਮਿੰਟ ਦੀ ਵਿਰੋਧਤਾ ਦੇ ਬਾਵਜੂਦ ਪਾਸ ਹੋਇਆ ਸੀ। ਗੌਰਮਿੰਟ ਢੇਰ ਸਾਰੇ ਕੈਦੀਆਂ ਨੂੰ ਛਡਣਾ ਚਾਹੁੰਦੀ ਸੀ ਕਿਉਂਕਿ ਇਕ ਤਾਂ ਜੇਲ੍ਹਾਂ ਵਿਚ ਬੜਾ 'ਭੀੜ-ਭੜੱਕਾ ਹੋ ਗਿਆ ਸੀ[2] ਅਤੇ ਦੂਜੇ 'ਖਰਚ' ਦਾ ਬੋਝ ਬੜਾ ਵਧ ਗਿਆ ਸੀ। ਪਰ ਛੱਡੇ ਕਿਵੇਂ? ਅਕਾਲੀ ਤਾਂ ਫੇਰ ਜਿਤ ਦੇ ਨਰਸਿੰਗੇ ਵਜਾਣ ਲਗ ਪੈਣਗੇ।

ਇਸ ਲਈ ਗੌਰਮਿੰਟ ਨੇ ਅਸਿਧੇ ਤੌਰ ਤੇ ਸ਼੍ਰੋਮਣੀ ਕਮੇਟੀ ਨੂੰ ਇਹ ਤਜਵੀਜ਼ ਭੇਜੀ ਕਿ 'ਗੌਰਮਿੰਟ ਗੁਰੂ ਕੇ ਬਾਗ ਦੇ ਕੈਦੀਆਂ ਨੂੰ—ਹਿੰਸਾ ਤੇ ਜੁਰਮ ਵਾਲੇ ਕੈਦੀਆਂ ਤੋਂ ਛੁਟ—ਇਸ ਸ਼ਰਤ ਤੇ ਛੱਡਣ ਲਈ ਤਿਆਰ ਹੈ ਕਿ ਸ੍ਰੋਮਣੀ ਕਮੇਟੀ ਏਲਾਨ ਕਰੇ ਕਿ ਉਹ ਕਿਸੇ ਉਸ ਕਾਰਵਾਈ ਨੂੰ ਨਾ-ਪਸੰਦ ਕਰੇਗੀ ਜਿਹੜੀ ਗੁਰਦੁਆਰਿਆਂ ਦੇ ਸਬੰਧ ਵਿਚ ਬਿਲਕੁਲ ਹੀ ਕਾਨੂੰਨ ਮੁਤਾਬਕ ਨਹੀਂ ਹੋਵੇਗੀ।' ਕਮੇਟੀ ਨੇ ਇਸ ਦੇ ਜਵਾਬ ਵਿਚ ਆਖਿਆ: 'ਕਮੇਟੀ ਇਹ ਬਚਨ ਦੇਣ ਨੂੰ ਤਿਆਰ ਹੈ ਕਿ ਕੈਦੀਆਂ ਦੀਆਂ ਰਿਹਾਈਆਂ ਦੇ ਵਕਤ ਤੋਂ ਲੈ ਕੇ ਨਵੇਂ ਗੁਰਦੁਆਰਾ ਬਿਲ ਦੇ ਨਿਸਚਤ ਸਮੇਂ ਵਿਚ ਪਾਸ ਹੋਣ ਤਕ ਉਹ ਕਿਸੇ ਗੁਰਦੁਆਰੇ ਉਤੇ, ਮਹੰਤਾਂ ਨਾਲ, ਪਰਸਪਰ ਸਮਝੌਤੇ ਤੋਂ ਬਿਨਾ, ਕਬਜ਼ਾ ਨਹੀਂ ਕਰੇਗੀ।[3]

ਕਮੇਟੀ ਦਾ ਇਹ ਜਵਾਬ ਦਰੁਸਤ ਸੀ ਅਤੇ ਆਪਣੀ ਤਾਕਤ ਦੇ ਭਰੋਸੇ ਉਤੇ ਦਿਤਾ ਗਿਆ ਸੀ। ਕਮੇਟੀ ਜਿੰਨਾ ਚਿਰ ਬਿਲ ਅਖੀਰੀ ਸ਼ਕਲ ਵਿਚ ਪਾਸ ਹੋਇਆ ਵੇਖਕੇ ਜਜ ਨਾ ਕਰ

---

[1] File No. I25/I923

[2] E. D. maclagan 16 march I923.

[3] File No 25. 1923 April.

Digitized by Panjab Digital Library | www.panjabdigilib.org

ਲੈਂਦੀ ਕਿ ਗੁਰਦੁਆਰਾ ਬਿਲ ਉਹਨਾਂ ਦੀ ਮਰਜ਼ੀ ਦੇ ਮੁਤਾਬਕ ਹੈ ਜਾਂ ਨਹੀਂ, ਓਨਾ ਚਿਰ ਆਪਣੇ ਹੱਥ ਬੰਨ੍ਹਣ ਨੂੰ ਤਿਆਰ ਨਹੀਂ ਸੀ। ਗੌਰਮਿੰਟ ਨੇ ਇਸ ਸ਼ਰਤ ਨੂੰ 'ਧੁੰਦਲੀ' ਆਖਕੇ ਗਲਬਾਤ ਬੰਦ ਕਰ ਦਿਤੀ।

ਜੇਲ੍ਹਾਂ ਵਿਚ ਏਨੇ ਕੈਦੀ ਰਖਣ ਦੀ ਗੁੰਜਾਇਸ਼ ਬਿਲਕੁਲ ਨਹੀਂ ਸੀ। ਗੌਰਮਿੰਟ ਨੇ ਤੰਬੂ ਲਾ ਲਾ ਕੇ ਤੇ ਕੰਡੇਦਾਰ ਤਾਰਾਂ ਵਲ ਵਲ ਕੈਦੀਆਂ ਨੂੰ ਰਖਿਆ ਹੋਇਆ ਸੀ। ਇਕ ਇਕ ਜੇਲ੍ਹ ਵਿਚ ਜੇਲ੍ਹ ਦੀ ਗੁੰਜਾਇਸ਼ ਨਾਲੋਂ ਡਿਓੜੇ ਡਿਓੜੇ, ਦੁਗਣੇ ਦੁਗਣੇ ਕੈਦੀ ਭਰੇ ਹੋਏ ਸਨ। ਕੈਦੀਆਂ ਦੇ ਦੇਣ ਲਈ ਗੌਰਮਿੰਟ ਪਾਸ ਕੈਦੀਆਂ ਦੀ ਗਿਣਤੀ ਮੁਤਾਬਕ ਕੁੜਤੇ, ਪਜਾਮੇ ਕੰਬਲ ਵਗੈਰਾ ਵੀ ਨਹੀਂ ਸਨ। ਬਜਟਡ ਰਕਮ ਨਾਲੋਂ ਖਰਚ ਕਿਤੇ ਜ਼ਿਆਦਾ ਹੋ ਰਿਹਾ ਸੀ ਅਤੇ ਗੌਰਮਿੰਟ ਕੋਈ ਰਾਹ ਲਭ ਰਹੀ ਸੀ ਜਿਸ ਨੂੰ ਬਹਾਨਾ ਬਣਾ ਕੇ ਢੇਰ ਸਾਰੇ ਕੈਦੀਆਂ ਨੂੰ ਛਡਿਆ ਜਾਵੇ। ਉਸ ਨੂੰ ਬਹਾਨਾ ਲਭਾ: ਅਕਾਲੀਆਂ ਵਲੋਂ ਫਿਰਕੂ ਫਸਾਦਾਂ ਵਿਚ ਸਰਕਾਰ ਨੂੰ ਮਦਦ ਦੇਣ ਦਾ।

"...ਇਸ ਲਈ ਗਵਰਨਰ-ਇਨ-ਕੌਂਸਲ ਨੇ ਫੈਸਲਾ ਕੀਤਾ ਹੈ ਕਿ ਉਸ ਮੌਕੇ ਤੇ ਅਕਾ-ਲੀਆਂ ਦੇ ਚੰਗੇ ਚਲਨ ਦੀ ਮਾਨਤਾ ਵਿਚ—ਉਹਨਾਂ ਤੋਂ ਛੁਟ ਜਿਨ੍ਹਾਂ ਨੇ ਜੇਲ੍ਹ ਦੇ ਗੰਭੀਰ ਜੁਰਮਾਂ ਵਿਚ ਹਿੱਸਾ ਲਿਆ ਹੈ—ਗੁਰੂ ਕੇ ਬਾਗ ਦੇ ਸਭ ਕੈਦੀਆਂ ਨੂੰ ਫੌਰਨ ਰਿਹਾ ਕਰ ਦਿਤਾ ਜਾਵੇ।... ਅਮਰਿਤਸਰ ਦੀ ਇਹ ਘਟਨਾ ਇਹਨਾਂ ਕੈਦੀਆਂ ਤੋਂ ਛੁਟਕਾਰਾ ਹਾਸਲ ਕਰਨ ਲਈ ਬੜਾ ਚੰਗਾ ਮੌਕਿਆ ਮੁਹੱਈਆ ਕਰਦੀ ਹੈ।" ਕੇਂਦਰੀ ਸਰਕਾਰ ਨੇ ਇਸ ਤਜਵੀਜ਼ ਦੀ ਮਨਜ਼ੂਰੀ ਦੇਂਦਿਆਂ ਉਤਲੇ ਸ਼ਬਦ ਦੁਹਰਾਏ ਤੇ ਲਿਖਿਆ:

"ਇਹ ਸਾਫ ਤੌਰਤੇ ਉਹਨਾਂ ਬਹੁ-ਗਿਣਤ ਕੈਦੀਆਂ ਤੋਂ ਛੁਟਕਾਰਾ ਹਾਸਲ ਕਰਨ ਦਾ ਚੰਗਾ ਮੌਕਿਆ ਹੈ ਜਿਨ੍ਹਾਂ ਦਾ ਪਬਲਕ ਹਿਤਾਂ ਵਿਚ ਵਧੇਰੇ ਅਰਸੇ ਲਈ ਬੰਦ ਰਖਣਾ ਗੈਰ ਜ਼ਰੂਰੀ ਹੈ ਅਤੇ ਨਾਲ ਲਗਦਾ ਇਸ ਤੋਂ ਛੁਟ ਫਾਇਦਾ ਵੀ ਉਠਾਣਾ ਚਾਹੀਦਾ ਹੈ। ਇਸ ਮਤਲਬ ਦਾ ਲੋਕਾਂ ਵਿਚ ਏਲਾਨ ਕਰਨਾ ਜ਼ਰੂਰੀ ਹੈ।"[1]

ਗੌਰਮਿੰਟ ਨੇ ਬਹਾਨਾ ਲੱਭ ਕੇ ਕੈਦੀ ਤਾਂ ਢੇਰ ਸਾਰੇ ਛਡ ਦਿਤੇ ਪਰ ਛਡੇ ਰੱਖਣੇ ਰੱਖ ਕੇ। ਇਕ ਤਾਂ ਜੇਲ੍ਹਾਂ ਦੇ ਅਖੌਤੀ ਗੰਭੀਰ ਜੁਰਮਾ ਵਾਲੇ ਕੈਦੀਆਂ ਨੂੰ ਰਿਹਾ ਨਾ ਕੀਤਾ। ਇਸ ਸ਼੍ਰੇਣੀ ਵਿਚ ਭਿੰਨ ਭਿੰਨ ਜੇਲ੍ਹਾਂ ਦੇ ਕਈ ਕੈਦੀ ਆਉਂਦੇ ਸਨ—ਜਿਨ੍ਹਾਂ ਵਿਚੋਂ ਸ: ਖੜਕ ਸਿੰਘ ਪਰਧਾਨ ਸ਼੍ਰੋਮਣੀ ਕਮੇਟੀ ਦਾ ਨਾਮ ਖਾਸ ਜ਼ਿਕਰ-ਯੋਗ ਹੈ। ਦੂਜੇ ਉਹਨਾਂ ਕੈਦੀਆਂ ਨੂੰ ਰਿਹਾ ਨਾ ਕੀਤਾ ਜਿਹੜੇ ਕਿਰਪਾਨ ਬਣਾਣ, ਤਲਵਾਰਾਂ (ਕਿਰਪਾਨਾ) ਲਾਇਸੰਸ ਬਗੈਰ ਪਹਿਨਣ ਜਾਂ ਗੁਰਦੁਆਰਿਆਂ ਉਤੇ ਜਬਰੀ ਕਬਜ਼ਾ ਕਰਨ ਦੇ ਵਖਰੇ ਵਖਰੇ ਜੁਰਮਾਂ ਵਿਚ ਕੈਦ ਕੀਤੇ ਗਏ ਸਨ। ਨਾ ਹੀ ਗੌਰਮਿੰਟ ਮਾਰਚ-ਅਪਰੈਲ 1922 ਦੀਆਂ ਆਮ ਗਰਿਫਤਾਰੀਆਂ ਵਿਚ ਬਗਾਵਤੀ ਤਕਰੀਰਾਂ ਕਰਨ ਦੇ ਜੁਰਮਾਂ ਵਿਚ ਫੜੇ ਗਏ ਅਕਾਲੀਆਂ ਨੂੰ ਛਡਣਾ ਚਾਹੁੰਦੀ ਸੀ। ਗਵਰਨਰ ਨੇ ਇਹਨਾਂ ਕੈਦੀਆਂ ਦੀ ਰਿਹਾਈ, ਅਦਾਲਤੀ ਫੈਸਲਿਆਂ ਦੇ ਅਧਿਅਨ ਪਿਛੋਂ, ਕਰਨ ਦਾ ਅਧਿਕਾਰ ਆਪਣੇ ਹੱਥ ਵਿਚ ਲੈ ਲਿਆ ਸੀ।

ਰਿਹਾ ਕੀਤੇ ਗਏ ਕੈਦੀਆਂ ਨੇ, ਸਜ਼ਾਵਾਂ ਦੀ ਮਿਆਦ ਖਤਮ ਹੋ ਜਾਣ ਦੇ ਕਾਰਣ, ਅਗਲੇ ਦੋਂਹ ਜਾਂ ਤਿੰਨਾਂ ਮਹੀਨਿਆਂ ਵਿਚ ਉਂਜ ਹੀ ਰਿਹਾ ਹੋ ਜਾਣਾ ਸੀ। ਇਹਨਾਂ ਵਿਚੋਂ ਕਈ

[1] ਫਾਈਲ ਨੰਬਰ 125—1923 ਹੋਮ ਪੁਲਿਟੀਕਲ।

[1] ਫਾਈਲ ਨੰਬਰ: 112/II—1923—ਹੋਮ, ਪੁਲਿਟੀਕਲ

Digitized by Panjab Digital Library | www.panjabdigilib.org

ਅਕਾਲੀ ਇੱਕੋ ਹੀ ਜੁਰਮ ਵਿਚ ਦੋ ਦੋ ਸਾਲ ਕੈਦ ਹੋਏ ਸਨ, ਕਈਆਂ ਨੂੰ ਇਸ ਤੋਂ ਅੱਧੀਆਂ ਜਾਂ ਅੱਧ ਤੋਂ ਵੀ ਘੱਟ ਸਜ਼ਾਵਾਂ ਹੋਈਆਂ ਸਨ। ਜੁਰਮ ਇਕੋ ਹੀ ਸੀ ਪਰ ਸਜ਼ਾਵਾਂ ਕਿਤੇ ਵੱਧ ਕਿਤੇ ਘੱਟ ਸਨ। ਇਹ ਕਾਣੀ-ਵੰਡਾ ਇਨਸਾਫ ਗਵਰਨਰ ਨੂੰ ਵੀ ਨਜ਼ਰ ਆਉਂਦਾ ਸੀ। ਇਸ ਲਈ ਗਵਰਨਰ ਦੀ ਰਾਏ ਵਿਚ ਇਹ ਚੰਗੀ ਗੱਲ ਨਹੀਂ ਸੀ ਕਿ ਉਹਨਾਂ ਆਦਮੀਆਂ ਨੂੰ ਸਾਰੀ ਕੈਦ ਕਟਾਈ ਜਾਏ ਜਿਨ੍ਹਾਂ ਨੂੰ ਦੋ ਦੋ ਸਾਲ ਦੀ ਸਜ਼ਾ ਹੋਈ ਸੀ। ਜਦੋਂ ਕਿ ਬਹੁ-ਗਿਣਤੀ ਨੂੰ ਉਸੇ ਹੀ ਜੁਰਮ ਵਿਚ ਥੋੜ੍ਹੀਆਂ ਸਜ਼ਾਵਾਂ ਮਿਲਣ ਕਰਕੇ ਰਿਹਾ ਕਰ ਦਿਤਾ ਜ਼ਾਵੇ।

ਵਧ ਜਾਂ ਘਟ, ਸਵਾ ਕੁ ਹਜ਼ਾਰ ਕੈਦੀ ਰਿਹਾ ਕਰ ਦਿਤੇ ਗਏ। ਪਰ ਢੇਰ ਸਾਰੇ ਲੀਡਰ ਅਜੇ ਜੇਲ੍ਹਾਂ ਵਿਚ ਤਰੱਕ ਰਹੇ ਸਨ। ਗੌਰਮਿੰਟ ਨੂੰ ਪਤਾ ਸੀ ਕਿ ਨਾ ਤਾਂ ਇਸ ਤਰ੍ਹਾਂ ਦੀਆਂ ਰਿਹਾਈਆਂ ਨਾਲ ਗਰਮ-ਖਿਆਲੀਆਂ ਦਾ ਘਰ ਪੂਰਾ ਹੋਣਾ ਹੈ ਅਤੇ ਨਾ ਹੀ ਪੰਜਾਬ ਕੌਂਸਲ ਦੇ ਪਾਸ ਹੋਏ ਮਤੇ ਦੀ ਮਨਸ਼ਾ ਪੂਰੀ ਹੋਣੀ ਹੈ। ਪਰ ਗੌਰਮਿੰਟ ਆਮ ਰਿਹਾਈਆਂ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਇਹਨਾ ਰਿਹਾਈਆਂ ਦੇ ਹੋਣ ਨਾਲ ਖੁਸ਼ੀ ਅਧੂਰੀ ਰਹੀ। ਪਰ ਗੌਰਮਿੰਟ ਦੇ ਇਸ ਕਦਮ ਨਾਲ ਬਾਕੀ ਕੈਦੀ ਅਕਾਲੀਆਂ ਤੇ ਆਗੂਆਂ ਦੀ ਰਿਹਾਈ ਦੀ ਮੁਹਿੰਮ ਹੋਰ ਤੇਜ਼ ਹੋ ਗਈ।

## 5. ਰਿਹਾਈਆਂ ਕਰਕੇ ਕੁਟਾਪਾ

ਅਸਲ ਵਿਚ ਗੌਰਮਿੰਟ ਦੇ ਹਾਕਮ ਅਕਾਲੀ ਤਹਿਰੀਕ ਦੇ ਨਾ ਕੁਚਲੇ ਜਾ ਸਕਣ ਦੇ ਕਾਰਣ ਬੜੇ ਛਿੱਥੇ ਪੈ ਗਏ ਸਨ। ਇਸ ਤਹਿਰੀਕ ਦੇ ਪਹਿਲੋਂ ਉਹਨਾਂ ਦੇ ਹਰ ਫੈਸਲੇ ਦਾ ਸਿੱਕਾ ਚਲਦਾ ਸੀ। ਨਵੀਂ ਸਥਿਤੀ ਦੇ ਪੈਦਾ ਹੋ ਜਾਣ ਦੇ ਕਾਰਣ ਉਨ੍ਹਾਂ ਦੇ ਫੈਸਲੇ ਮੰਨੇ ਨਹੀਂ ਸਨ ਜਾ ਰਹੇ। ਇਸ ਲਈ ਉਹ ਅੱਜ ਸੱਤ ਕੇ ਆਪਣਾ ਗੁੱਸਾ ਅਕਾਲੀਆਂ ਨੂੰ ਬੇਜਾ ਤੇ ਕਾਨੂੰਨ-ਵਿਰੁਧ ਮਾਰ ਕੁਟ ਕੇ ਕਢਦੇ ਸਨ। ਉਨ੍ਹਾਂ ਦੀ ਛੁਟੱਪਣੀ ਮਨੋ ਅਵਸਥਾ ਤੇ ਨੀਚਤਾ ਦੀਆਂ ਦੋ ਮਿਸਾਲਾਂ ਦਾ ਮੁਤਾਲਿਆ ਕਰੋ।

28 ਅਪਰੈਲ 1923 ਨੂੰ ਰਾਵਲ ਪਿੰਡੀ ਜੇਲ੍ਹ ਵਿਚੋਂ ਲਗ ਭਗ 170 ਕੈਦੀ ਛਡੇ ਗਏ। ਗੌਰਮਿੰਟ ਦਾ ਬਿਆਨ ਇਹ ਹੈ ਕਿ ਉਹਨਾਂ ਨੂੰ ਆਖਿਆ ਗਿਆ ਸੀ ਕਿ ਉਹ ਛਾਉਣੀ ਦੇ ਵਿਚੋਂ ਦੀ ਨਾ ਲੰਘਣ। ਪਰ ਉਨ੍ਹਾਂ ਨੂੰ ਸਟੇਸ਼ਨ ਦਾ ਰਾਹ ਦਸਣ ਵਾਲਾ ਕੋਈ ਆਦਮੀ ਨਾਲ ਨਾ ਘਲਿਆ ਗਿਆ। ਅਕਾਲੀ ਆਪਣੀ ਜਥੇਬੰਦੀ ਦੇ ਬੰਧੇਜ ਅਨੁਸਾਰ ਚਾਰ ਚਾਰ ਦੀਆਂ ਲਾਈਨਾ ਬਣਾਕੇ ਛਾਉਣੀ ਵਿਚੋਂ ਦੀ ਮਾਰਚ ਕਰਦੇ ਸਟੇਸ਼ਨ ਵਲ ਨੂੰ ਤੁਰ ਪਏ। ਫੌਜੀ ਤਰਤੀਬ ਵਿਚ ਮਾਰਚ ਕਰਦਿਆਂ ਨੂੰ ਵੇਖ ਕੇ ਅੰਗਰੇਜ਼ ਹਾਕਮਾਂ ਦਾ ਪਾਰਾ ਨਾਰਮਲ ਤੋਂ ਬਹੁਤ ਉੱਚਾ ਚੜ੍ਹ ਗਿਆ। ਝੱਟ ਪੱਟ ਪੁਲਸ ਅਫਸਰਾਂ ਤੇ ਸਿਪਾਹੀਆਂ ਨੇ ਆਣ ਕੇ ਉਨ੍ਹਾਂ ਨੂੰ ਘੇਰ ਲਿਆ ਅਤੇ ਦਹਿਬੜ ਦਹਿਬੜ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦਿਤਾ। ਕਈ ਅਕਾਲੀ ਫਟੱੜ ਹੋ ਕੇ ਚੁਫਾੜ ਧਰਤੀ ਤੇ ਡਿਗ ਪਏ। ਕਈਆਂ ਦੀਆਂ ਹੱਡ-ਪਸਲੀਆਂ ਨੂੰ ਜ਼ਰਬਾਂ ਆਈਆਂ, ਕੁਛ ਦੇ ਲਹੂ ਵਗਣ ਲਗ ਪਏ।

ਪਰ ਗੌਰਮਿੰਟ ਰਿਪੋਰਟ ਵਿਚ, ਬੜੀ ਢੀਠਤਾਈ ਨਾਲ, ਲਿਖਿਆ ਗਿਆ ਕਿ "ਪੁਲਸ ਨੂੰ ਤਾਕਤ ਦੀ ਵਰਤੋਂ ਕਰਨੀ ਪਈ ਅਤੇ ਉਹ ਬਗੈਰ ਕਿਸੇ ਮੁਸ਼ਕਲ ਦੇ ਅਕਾਲੀਆਂ ਨੂੰ ਗੌਰਮਿੰਟ ਵਲੋਂ ਮਨਜ਼ੂਰ ਕੀਤੇ ਰਾਹ ਥਾਣੀ ਘਲਣ ਦੇ ਆਪਣੇ ਮਕਸਦ ਵਿਚ ਕਾਮਯਾਬ ਹੋ ਗਈ। ਥੋੜ੍ਹੇ ਜਿੰਨੇ ਅਕਾਲੀਆਂ ਨੂੰ ਲੰਮੇ ਪਾ ਲਿਆ ਗਿਆ, ਪਰ ਚੋਟ ਕਿਸੇ ਨੂੰ ਨਹੀਂ ਲੱਗੀ"।[1]

[1] File No. 25/1923, month May,

Digitized by Panjab Digital Library | www.panjabdigilib.org

ਦੂਜੀ ਘਟਨਾ ਇਸ ਤੋਂ ਵੀ ਵਧੇਰੇ ਗੰਭੀਰ ਸੀ । 29 ਅਪਰੈਲ ਨੂੰ ਕੈਂਬਲਪੁਰ ਜੇਲ੍ਹ ਵਿਚੋਂ 450 ਅਕਾਲੀ ਰਿਹਾ ਕੀਤੇ ਗਏ । ਉਹਨਾਂ ਨੂੰ ਸਿੱਧੀਆਂ ਅਮਰਿਤਸਰ ਦੀਆਂ ਟਿਕਟਾਂ ਦਿਤੀਆਂ ਗਈਆਂ । ਹਸਨ ਅਬਦਾਲ ਦਾ ਸਟੇਸ਼ਨ ਆਉਣ ਤੋਂ ਕੁਛ ਚਿਰਾਂ ਪਹਿਲਾਂ ਉਨ੍ਹਾਂ ਨੂੰ ਖਿਆਲ ਆਇਆ ਕਿ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਦਾ ਮੌਕਿਆ ਨਾ ਖੁੰਝਾਇਆ ਜਾਵੇ । ਗੌਰਮਿੰਟ ਦੇ ਬਿਆਨ ਅਨੁਸਾਰ ਅਕਾਲੀਆਂ ਨੇ ਗਡੀ ਦੀ ਜੰਜੀਰ ਖਿਚ ਕੇ, ਖਲਿਆਰ ਲਈ ਅਤੇ ਉੱਤਰ ਗਏ । ਟਿਕਟਾਂ ਉਨ੍ਹਾਂ ਨੇ ਸਟੇਸ਼ਨ ਦੇ ਸਟਾਫ ਨੂੰ ਨਾ ਦਿਤੀਆਂ । ਸਫਰ ਅਧਵਾਟੇ ਹੀ ਛਡਣ ਕਰਕੇ ਟਿਕਟਾਂ ਉਨ੍ਹਾਂ ਦੀਆਂ ਰੱਦੀ ਹੋ ਗਈਆਂ ।

ਸਟੇਸ਼ਨ ਮਾਸਟਰ ਨੇ ਗੁਰਦੁਆਰੇ ਦੇ ਪਰਬੰਧਕਾਂ ਨੂੰ ਲਿਖ ਕੇ ਘਲਿਆ ਕਿ ਅਕਾਲੀਆਂ ਤੋਂ ਟਿਕਟਾਂ ਲੈ ਕੇ ਦਿਵਾ ਦਿੱਤੀਆਂ ਜਾਣ, ਪਰ ਟਿਕਟਾਂ ਵਾਪਸ ਨਾ ਮੋੜੀਆਂ ਗਈਆਂ । ਅਗਲੇ ਦਿਨ 400 ਅਕਾਲੀਆਂ ਨੇ ਹਸਨ ਅਬਦਾਲ ਤੋਂ ਰਾਵਲਪਿੰਡੀ ਤਕ ਦੀਆਂ ਨਵੀਆਂ ਟਿਕਟਾਂ ਖਰੀਦ ਲਈਆਂ, 55 ਅਕਾਲੀਆਂ ਨੇ ਟਿਕਟਾਂ ਨਾ ਲਈਆਂ । ਗੌਰਮਿੰਟ ਨੇ ਪੁਲਸ ਪਹਿਲੋਂ ਹੀ ਪਿੰਡੀ ਸਟੇਸ਼ਨ ਤੇ ਬੁਲਾਕੇ ਖੜੀ ਕੀਤੀ ਹੋਈ ਸੀ । ਉਨ੍ਹਾਂ ਨੇ ਅਕਾਲੀਆਂ ਨੂੰ ਸਟੇਸ਼ਨ ਤੇ, ਧੂਹ-ਧੂਹ ਕੇ, ਉਤਾਰ ਲਿਆ ਅਤੇ ਪਲੇਟ ਫਾਰਮ ਤੋਂ ਪਸ਼ੂਆਂ ਵਾਂਗ, ਡਾਂਗਾਂ ਸੋਟਿਆਂ ਨਾਲ ਹਿਕ ਬਾਹਰ ਕੱਢ ਦਿੱਤਾ । ਉਹ ਸਟੇਸਨ ਦੀ ਹਦੂਦ ਵਿਚ ਬੈਠ ਕੇ ਸ਼ਬਦ ਪੜ੍ਹਨ ਲੱਗ ਪਏ ।

ਪਰ ਅਫਸਰਾਂ ਨੂੰ ਇਹ ਕਿਵੇਂ ਗੁਆਰਾ ਹੋ ਸਕਦਾ ਸੀ । ਉਨ੍ਹਾਂ ਨੇ ਬਹਾਨਾ ਘੜ ਲਿਆ ਕਿ ਅਕਾਲੀਆਂ ਨੇ ਸਟੇਸ਼ਨ ਦੇ ਰਾਹ ਬੰਦ ਕਰ ਦਿੱਤੇ ਹਨ । ਪਹਿਲੋਂ ਪੁਲਸ ਨੇ ਵਾਹ ਲੱਗਦੀ, ਤਾਕਤ ਦੀ ਵਰਤੋਂ ਕੀਤੀ ਅਤੇ ਫ਼ੇਰ ਬਰਿਟਿਸ਼ ਪੈਦਲ ਫੌਜ ਦੀ ਇਕ ਕੰਪਨੀ ਸਦ ਲਈ ਗਈ । ਇਨ੍ਹਾਂ ਦੋਹਾਂ ਨੇ ਮਾਰ ਮਾਰ, ਕੁਟ ਕੁਟ, ਅਕਾਲੀਆਂ ਨੂੰ ਸਟੇਸ਼ਨ ਦੀਆਂ ਹੱਦਾਂ ਤੋਂ ਬਾਹਰ ਕੱਢ ਦਿੱਤਾ । ਅਤੇ ਬੇਸ਼ਰਮੀ ਨਾਲ, ਪਿਛੋਂ ਏਲਾਨ ਕੀਤੇ ਕਿ "ਪੁਲਸ ਤੇ ਫੌਜ ਨੇ, ਸਿਵਲ ਅਧਿਕਾਰੀਆਂ ਦੀ ਹਾਜ਼ਰੀ ਵਿਚ, ਕੋਈ ਅਜੇਹੀ ਤਾਕਤ ਨਹੀਂ ਵਰਤੀ ਜਿਸ ਨੂੰ ਉੱਕਾ ਹੀ ਦਰੁਸਤ ਨਾ ਕਰਾਰ ਦਿੱਤਾ ਜਾ ਸਕੇ" ।[1]

ਸ਼੍ਰੋਮਣੀ ਕਮੇਟੀ ਨੇ ਆਪਣੇ ਏਲਾਨਾ ਵਿਚ ਗੌਰਮਿੰਟ ਦੀ ਬਰਬਰੀ ਤੇ ਜੰਗਲੀ ਤਾਕਤ ਦੀ ਵਰਤੋਂ ਦੀ ਨਿਖੇਧੀ ਕੀਤੀ । 450 ਅਕਾਲੀਆਂ ਵਿਚੋਂ 428 ਅਕਾਲੀ ਸਖਤ ਜ਼ਖਮੀ ਹੋ ਗਏ । ਬਾਕੀਆਂ ਨੂੰ ਕੁਛ ਘੱਟ ਸੱਟਾਂ ਲੱਗੀਆਂ । ਇਸ ਹਾਲਤ ਵਿਚ ਉਹਨਾਂ ਨੂੰ ਲਗ ਭਗ ਇਕ ਹਫਤਾ ਓਥੇ ਹੀ ਰੁਕਣਾ ਪਿਆ । ਗੌਰਮਿੰਟ ਨੇ ਬਿਆਨ ਕੱਢਿਆ ਕਿ ਕਿਸੇ ਵੀ ਅਕਾਲੀ ਦੀ ਹੱਡੀ ਪਸੱਲੀ ਨਹੀਂ ਟੁੱਟੀ

ਰਾਵਲਪਿੰਡੀ ਦੀ ਸਿੰਘ ਸਭਾ ਨੇ ਇਨ੍ਹਾਂ ਦੀ ਬੜੀ ਸੇਵਾ ਕੀਤੀ ਅਤੇ ਜਿਨ੍ਹਾਂ ਪਾਸ ਟਿਕਟ ਜੋਗੇ ਪੈਸੇ ਨਹੀਂ ਸਨ ਉਨ੍ਹਾਂ ਨੂੰ ਟਿਕਟਾਂ ਵੀ ਪਾਸੋਂ ਦੇ ਕੇ ਅਮਰਿਤਸਰ ਪਹੁੰਚਾਇਆ ।

## 6. ਗੁਰਦੁਆਰਾ ਮੁਕਤਸਰ

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਸਿੱਧੀ ਕਾਰਵਾਈ ਕਰ ਕੇ ਬਹੁਤ ਸਾਰੇ ਗੁਰਦੁਆਰਿਆਂ ਤੇ ਕਬਜ਼ਾ ਕਰ ਲਿਆ ਸੀ । ਗੁਰੂ ਕੇ ਬਾਗ ਦੀ ਜਿੱਤ ਨੇ ਪੁਜਾਰੀਆਂ ਦੇ ਹੋਸ਼ ਕੁਛ ਕੁਛ ਠਿਕਾਣੇ ਲੈ ਆਂਦੇ ਸਨ । ਮਾਰਚ 1923 ਦੀ ਗੌਰਮਿੰਟ ਦੀ ਇਕ ਆਪਣੀ ਰਿਪੋਰਟ

[1] File No. 25/1923. May.

Digitized by Panjab Digital Library | www.panjabdigilib.org

ਕਹਿੰਦੀ ਸੀ ਕਿ "ਸ਼੍ਰੋਮਣੀ ਕਮੇਟੀ ਨੇ ਪਹਿਲੋਂ ਹੀ 125 ਗੁਰਦੁਆਰੇ ਆਪਣੇ ਕਬਜ਼ੇ ਵਿਚ ਕਰ ਲਏ ਹਨ।"[1] ਪਰ ਅਜੇ, ਕੁਛ ਇਕ ਹੋਰ ਗੁਰਦੁਆਰਿਆਂ ਤੋਂ ਛੁੱਟ, ਦੋ ਵਡੇ ਇਤਿਹਾਸਕ ਗੁਰਦੁਆਰੇ, ਮੁਕਤਸਰ ਅਤੇ ਆਨੰਦਪੁਰ ਸਾਹਿਬ ਸ਼੍ਰੋਮਣੀ ਕਮੇਟੀ ਨਹੀਂ ਸੀ ਹਾਸਲ ਕਰ ਸਕੀ।

ਗੌਰਮਿੰਟ, ਵਾਹ ਲਗਦੀ, ਇਹਨਾਂ ਦੋਂਹ ਇਤਿਹਾਸਕ ਗੁਰਦੁਆਰਿਆਂ ਉਤੇ ਕਮੇਟੀ ਦਾ ਕਬਜ਼ਾ ਨਹੀਂ ਸੀ ਹੋਣ ਦੇਣਾ ਚਾਹੁੰਦੀ। ਮਾਘੀ ਦੇ ਮੇਲੇ (ਜਨਵਰੀ 1923) ਉਤੇ ਸਿੰਘਾਂ ਵਲੋਂ ਗੁਰਦੁਆਰਾ ਮੁਕਤਸਰ ਉਤੇ ਕਬਜ਼ਾ ਕਰ ਲੈਣ ਦੀਆਂ ਬੜੀਆਂ ਅਫਵਾਹਾਂ ਸਨ। ਕਮੇਟੀ ਪੁਜਾਰੀਆਂ ਤੋਂ ਸੁਲ੍ਹਾ-ਸਫਾਈ ਨਾਲ ਕਬਜ਼ਾ ਲੈਣਾ ਚਾਹੰਦੀ ਸੀ ਪਰ ਮੇਲੇ ਉਤੇ ਗੌਰਮਿੰਟ ਨੇ ਪੁਲਸ ਦਾ ਉਚੇਚਾ ਬੰਦੋਬਸਤ ਕਰਕੇ ਪੁਜਾਰੀਆਂ ਨੂੰ ਡੱਟੇ ਰਹਿਣ ਦੀ ਸ਼ਹਿ ਤੇ ਹੱਲਾ ਸ਼ੇਰੀ ਦਿੱਤੀ ਹੋਈ ਸੀ। ਇਸ ਲਈ ਪੁਜਾਰੀ ਕਿਸੇ ਵੀ ਠੁੱਕ ਨਾ ਬੈਠੇ।

ਕਮੇਟੀ ਨੇ ਪੁਜਾਰੀਆਂ ਨੂੰ ਗੁਰਦੁਆਰਾ ਸੌਂਪ ਦੇਣ ਲਈ ਚੰਗੀਆਂ ਲਾਹੇਵੰਦ ਸ਼ਰਤਾਂ ਪੇਸ਼ ਕੀਤੀਆਂ ਸਨ ਪਰ ਉਹਨਾ ਨੇ ਮਨਜ਼ੂਰ ਨਾ ਕੀਤੀਆਂ। 17 ਫਰਵਰੀ ਨੂੰ ਕਮੇਟੀ ਵਲੋਂ ਇਕ ਵੱਡੀ ਭਾਰੀ ਕਾਨਫਰੰਸ ਮੁਕਤਸਰ ਵਿਚ ਰਖੀ ਗਈ। ਇਸ ਵਿਚ ਕਮੇਟੀ ਦੀ ਐਗਜ਼ੈਕਟਿਵ ਤੇ ਵਰਕਿੰਗ ਕਮੇਟੀ ਦੇ ਉੱਚਤਮ ਆਗੂ ਸ਼ਾਮਲ ਹੋਏ। ਇਲਾਕਾ ਹੁਮ ਹੁਮਾ ਕੇ ਆਇਆ। ਸੰਗਤਾਂ ਦੇ ਵਧ ਰਹੇ ਦਬਾਅ ਤੇ ਆਗੂਆਂ ਦੀ ਸਿਆਣਪ ਨੇ ਮੈਦਾਨ ਮਾਰ ਲਿਆ। 19 ਫਰਵਰੀ ਨੂੰ ਬੁੰਗਿਆਂ ਤੇ ਲੰਗਰ ਤੇ ਕਬਜ਼ਾ ਕਰ ਲਿਆ ਗਿਆ ਅਤੇ ਨਾਲ ਹੀ ਗੁਰਦੁਆਰੇ ਦੇ ਤਾਲੇ ਤੋੜ ਕੇ ਕਮੇਟੀ ਨੇ ਗੁਰਦੁਆਰੇ ਉਤੇ ਪੂਰਾ ਕਬਜ਼ਾ ਕਰ ਲਿਆ। ਗੌਰਮਿੰਟ ਦੇ ਸ਼ਬਦਾਂ ਵਿਚ ਕਮੇਟੀ ਨੇ ਪੁਜਾਰੀਆਂ ਨੂੰ "ਦਾਅ-ਪੇਚਾਂ ਵਿਚ ਮਾਤ ਕਰ ਦਿੱਤਾ"-ਅਤੇ ਕਬਜ਼ਾ ਕਰ ਲਿਆ।

"ਮੁਕਤਸਰ ਵਿਚ ਅਸਾਂ ਅਕਾਲੀਆਂ ਨਾਲ ਟੱਕਰ ਲੈਣ ਤੋਂ ਬਚਾਅ ਕਰ ਲਿਆ ਹੈ—ਕਿਉਂਕਿ ਮੰਦਰ ਦੇ ਪੁਜਾਰੀਆਂ ਨੇ ਅਕਾਲੀਆਂ ਦੇ ਖਿਲਾਫ ਨਾਲਸ਼ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਅਸੀਂ, ਹਕੀਕਤ ਵਿਚ, ਉਹਨਾਂ ਅਕਾਲੀਆਂ ਦੀ ਸ਼ਨਾਖਤ ਨਹੀਂ ਕਰ ਸਕੇ ਜਿਨ੍ਹਾਂ ਨੇ ਜੰਦਰੇ ਤੋੜ ਲਏ ਸਨ।"[2] ਯਾਨੀ ਜੇ ਪੁਜਾਰੀ ਨਾਲਸ਼ ਕਰਦੇ ਤਾਂ ਗੌਰਮਿੰਟ ਦਖਲ ਦੇਣੋਂ ਨਾ ਝਿਜਕਦੀ।

ਇਸ ਤਰ੍ਹਾਂ ਕਮੇਟੀ ਨੇ ਮੁਕਤਸਰ ਦਾ ਕਬਜ਼ਾ ਕਿਸੇ ਸ਼ੋਰ ਸ਼ਰਾਬੇ ਬਗੈਰ, ਕਰ ਲਿਆ ਅਤੇ ਰਾਏ ਸਿੰਘ (ਸਕੱਤਰ ਕੋਮਾਗਾਟਾ ਮਾਰੂ) ਨੂੰ ਗੁਰਦੁਆਰੇ ਦਾ ਪਹਿਲਾ ਮੈਨੇਜਰ ਥਾਪ ਦਿੱਤਾ।

## 7. ਆਨੰਦਪੁਰ ਸਾਹਿਬ

ਇਹਨਾ ਹੀ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਨੇ ਆਨੰਦਪੁਰ ਸਾਹਿਬ ਇਕ ਡੈਪੂਟੇਸ਼ਨ ਭੇਜਿਆ ਤਾਂ ਜੋ ਪੁਜਾਰੀਆਂ ਨਾਲ ਗਲਬਾਤ ਰਾਹੀਂ ਗੁਰਦੁਆਰੇ ਦਾ ਪਰਬੰਧ ਹਾਸਲ ਕੀਤਾ ਜਾਏ। ਪੁਜਾਰੀ ਗੁਰੂ ਕੇ ਬਾਗ ਦੇ ਮੋਰਚੇ ਦੀ ਜਿੱਤ ਤੋਂ ਪਹਿਲੋਂ ਵਾਅ ਨੂੰ ਤਲਵਾਰਾਂ ਮਾਰਦੇ ਸਨ, ਕਮੇਟੀ ਦੀ ਕੋਈ ਗੱਲ ਹੀ ਨਹੀਂ ਸਨ ਸੁਣਦੇ। ਅਨੰਦਪੁਰ ਦੇ ਮੋਤੀ ਸਿੰਘ ਸੋਢੀ ਦੇ ਖਾਨਦਾਨ ਨੇ ਡਟ ਕੇ ਅਕਾਲੀ ਤਹਿਰੀਕ ਦੀ ਹਮਾਇਤ ਕੀਤੀ ਸੀ ਅਤੇ ਇਸ ਹਮਾਇਤ ਬਦਲੇ ਗੌਰਮਿੰਟ ਨੇ ਉਹਨਾਂ

[1] File 25/1923—March.

[2] 16 ਮਾਰਚ 1923—E. D. maclagan.

Digitized by Panjab Digital Library | www.panjabdigilib.org

ਤੇ ਬੜੇ ਜ਼ੁਲਮ ਕੀਤੇ । ਸੋਢੀ ਪ੍ਰੀਤਮ ਸਿੰਘ ਅਕਾਲੀ ਆਗੂਆਂ ਦੇ ਪਹਿਲੇ ਜੱਥੇ ਵਿਚ ਗਰਿਫਤਾਰ ਹੋ ਕੇ ਲਗ ਭਗ ਢਾਈ ਸਾਲ ਜੇਲ੍ਹ ਵਿਚ ਰਹੇ ਸਨ ।

ਇਸ ਵੇਲੇ ਗੌਰਮਿੰਟ ਵੀ ਕੁਛ ਢਿੱਲੀ ਹੋਈ ਹੋਈ ਸੀ । ਉਸ ਨੇ ਇਕ ਰਿਪੋਰਟ ਵਿਚ ਲਿਖਿਆ ਸੀ : "ਪੁਰ ਅਮਨ ਸਮਝੌਤੇ ਦੀ ਆਸ ਕੀਤੀ ਜਾ ਰਹੀ ਹੈ ।" ਅਸਲੀ ਅੜਿੱਕਾ ਤਾਂ ਗੌਰਮਿੰਟ ਦਾ ਹੀ ਸੀ । ਇਹ ਅੜਿੱਕਾ ਨਿਕਲ ਜਾਣ ਨਾਲ ਪੁਜਾਰੀਆਂ ਸਾਮ੍ਹਣੇ ਹਥਿਆਰ ਸੁੱਟਣ ਤੋਂ ਛੁੱਟ ਹੋਰ ਕੋਈ ਰਾਹ ਨਹੀਂ ਸੀ । ਕਿਉਂਕਿ ਜਿਸ ਕਿੱਲੇ ਦੇ ਸਿਰ ਤੇ ਪੁਜਾਰੀ ਤਾਂਘੜਦੇ ਸਨ ਉਹ ਤਾਂ ਲਗ ਭਗ ਪੁਟਿਆ ਗਿਆ ਸੀ । ਪੁਜਾਰੀ ਆਖਰ ਗੁਰਦੁਆਰਾ ਕਮੇਟੀ ਦੇ ਹਵਾਲੇ ਕਰਨ ਲਈ ਰਜ਼ਾਮੰਦ ਕਰ ਲਏ ਗਏ ਅਤੇ ਆਨੰਦਪੁਰ ਵੀ ਕਮੇਟੀ ਦੇ ਕਬਜ਼ੇ ਥੱਲੇ ਆ ਗਿਆ ।

Digitized by Panjab Digital Library | www.panjabdigilib.org

# ਜੇਲ੍ਹਾਂ ਵਿਚ ਤਸ਼ੱਦਦ

## 1. ਕੈਦੀਆਂ ਦਾ ਸਟੇਸ਼ਨਾਂ ਤੇ ਸਵਾਗਤ

ਗੁਰੂ ਕੇ ਬਾਗ ਦੇ ਕੈਦੀ ਜਿਸ ਪਾਸੇ ਵੀ ਜੇਲ੍ਹਾਂ ਵਿਚ ਭੇਜੇ ਜਾਂਦੇ ਸਨ—ਉਸੇ ਪਾਸੇ ਹੀ ਉਹਨਾਂ ਦਾ ਸਟੇਸ਼ਨਾਂ ਤੇ ਸਵਾਗਤ ਹੁੰਦਾ ਸੀ। ਗੱਡੀ ਦੇ ਸਟੇਸ਼ਨਾਂ ਤੋਂ ਲੰਘਣ ਤੋਂ ਪਹਿਲੋਂ ਲੋਕ ਦੋ ਦੋ ਤਿੰਨ ਤਿੰਨ ਘੰਟੇ ਪਹਿਲੋਂ ਹਾਰ, ਮਠਿਆਈ, ਫਲ, ਪਰੌਂਠੇ, ਪਰਸਾਦੇ ਭਾਜੀਆਂ ਵਗੈਰਾ ਲੈ ਕੇ ਸਟੇਸ਼ਨਾਂ ਤੇ ਪਹੁੰਚੇ ਹੁੰਦੇ ਸਨ ਅਤੇ ਉਹਨਾਂ ਦੀ ਸੇਵਾ ਕੀਤਿਆਂ ਬਗੈਰ ਜਾਣ ਨਹੀਂ ਸਨ ਦੇਂਦੇ। ਕੈਦੀਆਂ ਦੇ ਜਾਣ ਦੀਆਂ ਖਬਰਾਂ ਲਾਈਨ ਦੇ ਸਭ ਸਟੇਸ਼ਨਾਂ ਤੇ ਪਹਿਲੋਂ ਹੀ ਪਹੁੰਚ ਜਾਂਦੀਆਂ ਸਨ।

ਕਈ ਸਟੇਸ਼ਨਾਂ ਤੇ ਕੈਦੀਆਂ ਦੇ ਇਨਚਾਰਜ ਅਫਸਰ ਕੈਦੀਆਂ ਨੂੰ ਖਾਣਾ ਪਹੁੰਚਾਉਣ ਦੀ ਆਗਿਆ ਦੇ ਦੇਂਦੇ ਸਨ ਅਤੇ ਸੁਨੇਹੇ-ਪਤੇ ਵੀ ਲਏ-ਦਿੱਤੇ ਜਾ ਸਕਦੇ ਸਨ, ਪਰ ਕਈ ਅਫਸਰ ਬੜੇ ਕੁਲੱਕੜ ਤੇ ਅੜਬ ਹੁੰਦੇ ਸਨ, ਉਹ ਪੁਲਸ ਦੇ ਆਲੇ ਦੁਆਲੇ ਪਹਿਰੇ ਲਾ ਦੇਂਦੇ ਸਨ ਅਤੇ ਕਿਸੇ ਬਾਹਰਲੇ ਅਕਾਲੀ ਨੂੰ ਕੈਦੀਆਂ ਦੇ ਨੇੜੇ ਨਹੀਂ ਸਨ ਢੁੱਕਣ ਦੇਂਦੇ। ਪਰ ਸਖਤੀਆਂ ਦੇ ਬਾਵਜੂਦ ਗੱਲਾਂ ਬਾਤਾਂ ਕਰਨੋ ਰੋਕਣਾ ਅਸੰਭਵ ਹੁੰਦਾ ਸੀ—ਭਾਵੇਂ ਕਈ ਥਾਈਂ ਕੈਦੀਆਂ ਨੂੰ ਖਾਣ ਦਾ ਸਾਮਾਨ ਵੀ ਨਹੀਂ ਸੀ ਲੈਣ ਦਿੱਤਾ ਜਾਂਦਾ। ਉਤਲੇ ਅਫਸਰ ਇਨਚਾਰਜ ਅਫਸਰਾਂ ਨੂੰ ਹਦਾਇਤਾਂ ਕਰ ਕੇ ਘਲਦੇ ਸਨ ਕਿ ਕਿਸੇ ਗੈਰ-ਆਦਮੀ ਨੂੰ ਅਕਾਲੀ ਕੈਦੀਆਂ ਦੇ ਲਾਗੇ ਨਾ ਜਾਣ ਦਿੱਤਾ ਜਾਵੇ। ਕੁਛ ਅਫਸਰਾਂ ਦੀ ਪੁੱਛ-ਗਿੱਛ ਵੀ ਹੋਈ ਸੀ ਕਿ ਉਹਨਾਂ ਨੇ ਸਟੇਸ਼ਨਾਂ ਤੇ ਕੈਦੀਆਂ ਨਾਲ ਮੁਲਾਕਾਤਾਂ ਦੀ ਆਗਿਆ ਕਿਉਂ ਦਿੱਤੀ।

ਪਰ ਗੁਰੂ ਕੇ ਬਾਗ ਦੇ ਕੈਦੀ, ਬਾਹਲਾ ਕਰ ਕੇ, ਅਟਕ ਤੇ ਕੈਂਬਲ ਪੁਰ ਦੀਆਂ ਜੇਲ੍ਹਾਂ ਵਿਚ ਭੇਜੇ ਜਾਂਦੇ ਸਨ। ਇਹਨਾਂ ਜੇਲ੍ਹਾਂ ਵਿਚ ਅਫਸਰ ਉਹ ਲਾਏ ਗਏ ਸਨ ਜਿਹੜੇ ਕਸਾਈਆਂ ਦੀਆਂ ਖਸਲਤਾਂ ਰਖਦੇ ਸਨ ਅਤੇ ਨਿੱਕੀ ਨਿੱਕੀ ਗੱਲ ਤੇ ਜੇਲ੍ਹ ਸੁਪਰੰਡੈਂਟ ਦੇ ਪੇਸ਼ੀਆਂ ਕਰਾ ਕੇ ਸਖਤ ਤੋਂ ਸਖਤ ਸਜ਼ਾਵਾਂ ਦੁਆਉਂਦੇ ਸਨ। ਜਿਵੇਂ ਕਿ ਅਸੀਂ ਅਗੇ ਹੁਣੇ ਹੀ ਵੇਖਾਂਗੇ—ਇਹਨਾਂ ਜੇਲ੍ਹਾਂ ਵਿਚ ਅਕਾਲੀਆਂ ਨੂੰ ਬੜੇ ਕਠੋਰ ਤੋਂ ਕਠੋਰ ਇਮਤਿਹਾਨਾਂ ਵਿਚੋਂ ਦੀ ਲੰਘਣਾ ਪਿਆ। ਪਰ ਉਹਨਾਂ ਨੇ ਦਿਲ ਨਾ ਹਾਰਿਆ ਅਤੇ ਸਭ ਮੁਸੀਬਤਾਂ ਬਹਾਦਰਾਂ ਵਾਂਗ ਬਰਦਾਸ਼ਤ ਕੀਤੀਆਂ।

ਪੋਠੋਹਾਰ ਦਾ ਇਲਾਕਾ ਚੰਗੀ ਜਾਗਰਤੀ ਵਿਚ ਸੀ ਅਤੇ ਜਿਹਲਮ ਰਾਵਲਪਿੰਡੀ ਦੇ ਜ਼ਿਲ੍ਹਿਆਂ ਦੇ ਅਕਾਲੀ ਸਿੱਖ ਅਕਾਲੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਸ ਲਈ ਕੈਦੀਆਂ ਦੇ ਸਵਾਗਤ ਵਿਚ ਉਹ ਬਾਕੀ ਪੰਜਾਬ ਦੇ ਹਿੱਸਿਆਂ ਨਾਲੋਂ ਪਿੱਛੇ ਨਹੀਂ ਸਨ, ਰਤਾ ਮਾਸਾ ਅੱਗੇ ਹੀ ਹੋਣਗੇ। ਉਹ ਬੜੇ ਉਤਸਾਹ ਨਾਲ ਸਟੇਸ਼ਨਾਂ ਉਤੋਂ ਦੀ ਲੰਘਦੇ ਅਕਾਲੀ ਕੈਦੀਆਂ ਦੀ ਸੇਵਾ ਕਰਦੇ ਸਨ। ਪਰ ਪਤਾ ਲਗ ਜਾਏ ਸਹੀ ਕਿ ਫਲਾਣੇ ਵਕਤ ਗੱਡੀ ਅਕਾਲੀ ਕੈਦੀਆਂ ਨੂੰ ਲੈ ਕੇ ਲੰਘਣ ਵਾਲੀ ਹੈ।

## 2. ਪੰਜਾ ਸਾਹਿਬ ਦੇ ਸ਼ਹੀਦ

ਇਕ ਦਿਨ ਉਹਨਾਂ ਨੂੰ ਪਤਾ ਲੱਗਾ ਕਿ ਗੱਡੀ ਪੰਜਾ ਸਾਹਿਬ (ਹਸਨ ਅਬਦਾਲ) ਸਟੇਸ਼ਨ

Digitized by Panjab Digital Library | www.panjabdigilib.org

ਰਾਹੀਂ ਅਕਾਲੀ ਕੈਦੀਆਂ ਨੂੰ ਲੈ ਕੇ ਲਗ ਭਗ ਅੱਠ ਵਜੇ ਸਵੇਰੇ ਗੁਜ਼ਰੇਗੀ। ਸਿੰਘਾਂ ਨੇ ਫੈਸਲਾ ਕੀਤਾ ਕਿ ਅਕਾਲੀ ਕੈਦੀਆਂ ਨੂੰ ਪਰਸਾਦੇ ਛਕਾਏ ਜਾਣ। ਉਹਨਾਂ ਮੂੰਹ ਹਨੇਰੇ ਹੀ ਪੰਜਾ ਸਾਹਿਬ ਦੇ ਗੁਰਦੁਆਰੇ ਵਿਚ ਲੰਗਰ ਤਿਆਰ ਕੀਤਾ ਅਤੇ ਅਠ ਵਜੇ ਤੋਂ ਪਹਿਲੋਂ ਸਟੇਸ਼ਨ ਤੇ ਪਹੁੰਚ ਗਏ। ਢੇਰ ਸਾਰੇ ਅਕਾਲੀ ਉਸ ਵਕਤ ਗੁਰਦੁਆਰੇ ਵਿਚ ਜਮਾਂ ਸਨ। ਖਬਰ ਮਿਲਣ ਤੇ ਕੁਛ ਬਾਹਰੋਂ ਆ ਗਏ। ਕੋਈ ਦੋ ਢਾਈ ਸੌ ਦੇ ਕਰੀਬ ਸਿੰਘ ਸਟੇਸ਼ਨ ਤੇ ਇਕੱਠੇ ਹੋ ਗਏ।

ਪਰ ਸਟੇਸ਼ਨ ਮਾਸਟਰ ਨੂੰ ਪੁੱਛਣ ਤੇ ਪਤਾ ਲੱਗਾ ਕਿ ਗੱਡੀ ਸਿੱਧੀ ਲੰਘ ਰਹੀ ਹੈ ਸਟੇਸ਼ਨ ਤੇ ਨਹੀਂ ਰੁਕੇਗੀ। ਸਿੰਘਾਂ ਨੂੰ ਬੜੀ ਨਿਰਾਸਤਾ ਹੋਈ। ਪਰ ਭਾਈ ਪਰਤਾਪ ਸਿੰਘ ਹੋਰਾਂ ਕਿਹਾ ਕਿ ਸਾਨੂੰ ਸਿੰਘਾਂ ਨੂੰ ਪਰਸਾਦ ਜ਼ਰੂਰ ਛਕਾਣਾ ਚਾਹੀਦਾ ਹੈ। ਉਹਨਾਂ ਨੂੰ ਭੁਖੇ ਨਹੀਂ ਜਾਣ ਦੇਣਾ ਚਾਹੀਦਾ। ਇਸ ਲਈ ਗੱਡੀ ਰੋਕਣ ਦਾ ਪਰਬੰਧ ਕੀਤਾ ਜਾਵੇ। ਸਾਰੇ ਸਿੰਘਾਂ ਨੇ ਇਕ ਆਵਾਜ਼ ਹੋ ਕੇ ਕਿਹਾ, ਠੀਕ ਹੈ, ਗੱਡੀ ਰੋਕੀ ਜਾਏ। ਫੈਸਲਾ ਇਹ ਹੋਇਆ ਕਿ ਗੱਡੀ ਦੀ ਲਾਈਨ ਤੇ ਬੈਠ ਕਰ ਧਰਨਾ ਲਾਇਆ ਜਾਏ ਅਤੇ ਗੱਡੀ ਹਰ ਕੁਰਬਾਨੀ ਦੇ ਕੇ ਰੋਕੀ ਜਾਵੇ।

ਕੁਛ ਸਿੰਘ ਸਟੇਸ਼ਨ ਤੋਂ ਅਗੇ ਗੱਡੀ ਆਉਣ ਵਾਲੇ ਪਾਸੇ ਲਾਈਨ ਤੇ ਬੈਠ ਗਏ। ਉਹਨਾਂ ਦੇ ਨਾਲ ਹੀ ਕੁਛ ਇਸਤਰੀਆਂ ਥੋੜ੍ਹੀ ਥੋੜ੍ਹੀ ਵਿੱਥ ਤੇ ਬੈਠ ਗਈਆਂ। ਕੁਛ ਨੌਜਵਾਨ ਅਕਾਲੀ ਸਿਗਨਲ ਦੇ ਲਾਗੇ ਜਾ ਕੇ ਬੈਠ ਗਏ। ਇਹਨਾਂ ਵਿਚ ਭਾਈ ਪਰਤਾਪ ਸਿੰਘ ਤੇ ਕਰਮ ਸਿੰਘ ਅਤੇ ਕੁਛ ਹੋਰ ਜਵਾਨ ਸਨ। ਗੱਡੀ ਸੀਟੀਆਂ ਮਾਰਦੀ ਬੜੀ ਤੇਜ਼ੀ ਨਾਲ ਆ ਰਹੀ ਸੀ ਪਰ ਸਿੰਘ ਲਾਈਨਾਂ ਉਤੇ ਡਟੇ ਹੋਏ ਸਨ। ਉਹ ਮੌਤ ਤੋਂ ਬੇਪਰਵਾਹ ਸਨ। ਗੱਡੀ ਕੁਛ ਨੂੰ ਕਟਦੀ ਅਤੇ ਕੁਛ ਨੂੰ ਛੱਜੇ ਨਾਲ ਬਾਹਰ ਸੁੱਟਦੀ ਥੋੜ੍ਹਾ ਅੱਗੇ ਜਾ ਕੇ ਖਲੋ ਗਈ।

ਸਿੰਘਾਂ ਨੇ ਅਕਾਲੀ ਕੈਦੀਆਂ ਨੂੰ ਪਰਸਾਦ ਛਕਾਉਣ ਦਾ ਪਰਣ ਪੂਰਾ ਕੀਤਾ, ਬੀਰਾਂ ਦੀ ਸਾਰ ਲਈ। ਪਰਤਾਪ ਸਿੰਘ ਤੇ ਕਰਮ ਸਿੰਘ ਬੁਰੀ ਤਰ੍ਹਾਂ ਕੱਟੇ ਵੱਢੇ ਗਏ ਸਨ। ਕਰਮ ਸਿੰਘ ਪਹਿਲੋਂ ਅਤੇ ਪਰਤਾਪ ਸਿੰਘ ਪਿੱਛੋਂ ਸ਼ਹੀਦ ਹੋ ਗਿਆ, ਕੋਈ ਅੱਧੀ ਦਰਜਨ ਹੋਰ ਸਿੰਘਾਂ ਦੇ ਅੰਗ ਕੱਟੇ ਗਏ, ਕਿਸੇ ਦੀਆਂ ਲੱਤਾਂ, ਕਿਸੇ ਦੀਆਂ ਬਾਹਾਂ। ਉਹ ਅੰਗ-ਹੀਣੇ ਹੋ ਗਏ ਪਰ ਜਾਨਾਂ ਤੋਂ ਬਚ ਗਏ।

ਇਹ ਸੀ ਸਪਿਰਿਟ ਜਿਹੜੀ ਉਹਨਾਂ ਦਿਨਾਂ ਵਿਚ ਅਕਾਲੀਆਂ ਵਿਚ ਕੰਮ ਕਰ ਰਹੀ ਸੀ।

## 3. ਜੇਲ੍ਹਾਂ ਵਿਚ ਡਿਸਿਪਲਨ

ਗੁਰੂ ਕੇ ਬਾਗ ਦੀ ਤਸ਼ਦਦ ਦੀ ਪਾਲਿਸੀ ਜੇਲ੍ਹਾਂ ਵਿਚ ਵੀ ਪੂਰੇ ਜ਼ੋਰ ਨਾਲ ਲਾਗੂ ਕੀਤੀ ਗਈ। ਮਕਸਦ ਇਸ ਦਾ ਵੀ ਅਕਾਲੀ ਤਹਿਰੀਕ ਨੂੰ ਕੁਚਲਨਾ ਸੀ। ਬਾਹਰ ਮਾਰ ਕੁੱਟ ਤੇ ਜ਼ੁਲਮ ਨੰਗੇ ਹੋ ਜਾਂਦੇ ਸਨ ਅਤੇ ਅਖਬਾਰਾਂ ਵਿਚ ਚਰਚਾ ਦਾ ਕਾਰਣ ਬਣਦੇ ਸਨ, ਅੰਦਰ ਕੀਤੇ ਤਸ਼ੱਦਦ ਦੀ ਚਰਚਾ ਦੀ ਸੰਭਾਵਨਾ ਬੜੀ ਘੱਟ ਸੀ। ਕਿਉਂਕੇ ਜਿਨਾ ਚਿਰ ਕੋਈ ਆਦਮੀ ਰਿਹਾ ਹੋ ਕੇ ਬਾਹਰ ਜਾਏ ਨਾ ਅਤੇ ਜਾ ਕੇ ਸ਼੍ਰੋਮਣੀ ਕਮੇਟੀ ਨੂੰ ਦੱਸੇ ਨਾ—ਤਸ਼ੱਦਦ ਦੀ ਕੋਈ ਉੱਘ ਸੁੱਘ ਨਹੀਂ ਸੀ ਨਿਕਲ ਸਕਦੀ।

ਅਤੇ ਇਸ ਤਸ਼ੱਦਦ ਦਾ ਨਿਸ਼ਾਨਾ ਸੀ ਅਕਾਲੀਆਂ ਤੋਂ ਮੁਆਫੀਆਂ ਮੰਗਵਾਣਾ ਅਤੇ ਆਪਣੇ ਲਈ ਤਰੱਕੀ ਜਾਂ ਖਿਤਾਬ ਹਾਸਲ ਕਰਨਾ। ਮੁਆਫੀਆਂ ਤੇ ਤਰੱਕੀਆਂ ਇਕ ਦੂਜੀ ਨਾਲ ਜੁੜੀਆਂ ਹੋਈਆਂ ਸਨ। ਇਸ ਤੋਂ ਅਨੁਭਵ ਕੀਤਾ ਜਾ ਸਕਦਾ ਹੈ ਕਿ ਜੇਲ੍ਹਾਂ ਵਿਚ ਅਫ਼ਸਰਾਂ ਵਲੋਂ ਅਕਾਲੀਆਂ ਉਤੇ ਤਸ਼ਦੱਦ ਕਿਤਨਾ ਸਖਤ ਕੀਤਾ ਗਿਆ ਹੋਵੇਗਾ। ਮੇਰਾ ਵਿਚਾਰ ਹੈ ਕਿ ਤਸ਼ੱਦਦ

Digitized by Panjab Digital Library | www.panjabdigilib.org

ਦੇ ਉਹਨਾਂ ਪਰਕਾਰਾਂ ਦੀ ਉਡਾਰੀ ਤੁਹਾਡੀ ਕਲਪਨਾ ਵੀ ਨਹੀਂ ਮਾਰ ਸਕਦੀ ਜਿਹੜੇ ਜੇਲ੍ਹ ਦੇ ਅਫਸਰਾਂ ਨੇ ਅਕਾਲੀਆਂ ਉਤੇ, ਬਦ-ਦਿਲ ਕਰਕੇ, ਮੁਆਫੀਆਂ ਮੰਗਾ ਕੇ ਘਰਾਂ ਨੂੰ ਘਲਣ ਲਈ ਢਾਹੇ ।

ਜੇਲ੍ਹਾਂ 'ਬੇਦਾਦ ਨਗਰੀਆਂ' ਸਨ ਜਿਨ੍ਹਾਂ ਵਿਚ ਇਕ-ਮਨੁਖੀ ਲਾਮਹਿਦੂਦ ਡਿਕਟੇਟਰਸ਼ਿਪ ਦਾ ਰਾਜ ਸੀ । ਉਹ ਜੋ ਚਾਹੇ ਅੰਧੇਰ ਮਚਾ ਸਕਦੀ ਸੀ, ਕੋਈ ਉਸ ਨੂੰ ਪੁੱਛਣ ਵਾਲਾ ਨਹੀਂ ਸੀ । ਜੇਲ੍ਹਾਂ ਵਿਚ ਡਿਸਿਪਲਨ ਦਾ ਉਹਲਾ ਲੈ ਕੇ ਕੋਈ ਵੀ ਉੱਪਦਰ ਕੀਤੇ ਜਾ ਸਕਦੇ ਸਨ । ਨਾ-ਮਿਲਵਰਤਨ ਦੇ ਰਾਜਸੀ ਤੇ ਗੁਰਦੁਆਰਾ ਸੁਧਾਰ ਦੇ ਅਕਾਲੀ ਕੈਦੀਆਂ ਲਈ ਜੇਲ੍ਹਾਂ ਦਾ ਵਾਤਾਵਰਣ ਬਰਦਾਸ਼ਤ ਤੋਂ ਬਾਹਰ ਸੀ । ਇਹਨਾਂ ਵਿਚ ਇਖਲਾਕੀ ਜੁਰਮਾਂ ਦੇ ਕੈਦੀਆਂ ਅਤੇ ਨਾ-ਮਿਲਵਰਤਨੀਆਂ ਤੇ ਅਕਾਲੀਆਂ ਵਿਚਕਾਰ ਕੋਈ ਫਰਕ ਨਹੀਂ ਸੀ ਅਕਾਲੀ ਤੇ ਨਾ-ਮਿਲਵਰਤਨੀ ਕੈਦੀ, ਸ਼ੁਰੂ ਸ਼ੁਰੂ ਵਿਚ, ਇਖਲਾਕੀ ਜੁਰਮਾਂ ਦੇ ਕੈਦੀਆਂ ਨਾਲੋਂ ਵਧੇਰੇ ਬੁਰੇ ਤੇ ਮੁਜਰਮ ਸਮਝੇ ਜਾਂਦੇ ਸਨ । ਪਰ ਉਹਨਾਂ ਦੇ ਜੇਲ੍ਹਾਂ ਅੰਦਰ ਸੰਗਰਾਮਾਂ ਨੇ ਜਿਨ੍ਹਾਂ ਵਿਚ ਉਹਨਾਂ ਨੇ ਅਸਹਿ ਮੁਸੀਬਤਾਂ ਉਠਾਈਆਂ—ਹਾਲਾਤ ਵਿਚ ਕੁਛ ਤਬਦੀਲੀਆਂ ਲਿਆਂਦੀਆਂ ।

ਇਹਨਾਂ ਤੋਂ ਪਹਿਲੋਂ ਗਦਰੀ ਸੂਰਬੀਰਾਂ ਨੇ ਬੜੀਆਂ ਘਾਲਣਾ ਘਾਲਕੇ ਕੜਿਆਂ, ਕੱਛਿਆਂ ਅਤੇ ਪਗੜੀਆਂ ਵਗੈਰਾ ਦੀਆਂ ਸਹੂਲਤਾਂ ਹਾਸਲ ਕੀਤੀਆਂ ਸਨ । ਜਦੋਂ ਜੇਲ੍ਹਾਂ ਵਿਚ ਅਕਾਲੀ ਗਏ, ਓਦੋਂ ਗਲਾਂ ਵਿਚ ਲੋਹੇ ਦੀ ਸੀਖ ਵਿਚ ਕੈਦ ਦੀ ਫੱਟੀ ਪਾ ਕੇ ਲਟਕਾਈ ਜਾਂਦੀ ਸੀ, ਖੁਰਾਕ ਤੇ ਬਿਮਾਰਾ ਲਈ ਹਸਪਤਾਲਾਂ ਦੀ ਹਾਲਤ ਬੜੀ ਭੈੜੀ ਸੀ । ਕੈਦੀਆਂ ਨੂੰ ਇਕ ਕਾਟ ਲਿਖਣ ਲਈ ਤਿਨਾਂ ਮਹੀਨਿਆਂ ਪਿਛੋਂ ਮਿਲਦਾ ਸੀ । ਮੁਲਾਕਾਤ ਕਿਸੇ ਦੀ ਹੋਣ ਦੇਵੇ ਜਾ ਨਾਂ ਜੇਲਰ ਦੀ ਮਰਜ਼ੀ ਤੇ ਸੀ । ਹੋਰ ਪੁਸਤਕਾਂ ਦੀ ਤਾਂ ਗਲ ਛਡੋ, ਪਾਠ ਦੇ ਗੁਟਕੇ ਤੇ ਗੁਰੂ ਗਰੰਥ ਸਾਹਿਬ ਪਾਸ ਰੱਖਣ ਦੀ ਵੀ ਆਗਿਆ ਨਹੀਂ ਸੀ ਦਿਤੀ ਜਾਂਦੀ । ਮੁਕਦੀ ਗੱਲ ਇਹ ਕਿ ਬਾਹਰਲੀ ਗੁਲਾਮੀ ਵਿਚੋਂ ਜੇਲ੍ਹ ਗਏ ਆਦਮੀ ਦਾ ਦਮ ਵਧੇਰੇ ਘੁਟਿਆ ਜਾਣ ਲਗ ਪੈਂਦਾ ਸੀ ।

ਰਾਜਸੀ ਤੇ ਅਕਾਲੀ ਕੈਦੀਆਂ ਉਤੇ ਹੋ-ਰਹੇ ਜ਼ੁਲਮਾਂ ਨੇ ਪੰਜਾਬ ਕੌਂਸਲ ਤੇ ਅਸੰਬਲੀ ਦੇ ਮਿੰਬਰਾਂ ਨੂੰ ਵੀ ਝੰਜੋੜਿਆ ਅਤੇ ਉਹਨਾਂ ਨੇ ਇਸ ਹਾਲਤ ਦੇ ਬਦਲਨ ਲਈ ਅਸੰਬਲੀ ਤੇ ਕੌਂਸਲ ਵਿਚ ਕਈ ਸਵਾਲ ਕੀਤੇ । ਪੰਜਾਬ ਕੌਂਸਲ ਵਿਚ ਰਾਜਸੀ ਕੈਦੀਆਂ ਨਾਲ ਜੇਲ੍ਹਾਂ ਵਿਚ ਬਿਹਤਰ ਸਲੂਕ ਕਰਨ ਬਾਰੇ ਇਕ ਮਤਾ ਵੀ ਪੇਸ਼ ਕੀਤਾ ਗਿਆ ਅਤੇ ਤਕਰੀਰਾਂ ਵਿਚ ਇਹਨਾਂ ਨੂੰ 'ਜੰਗੀ ਕੈਦੀਆਂ ਜਾਂ ਯੂਰਪੀਨ ਕੈਦੀਆਂ' ਜੇਹਾ ਦਰਜਾ ਦੇਣ ਉਤੇ ਜ਼ੋਰ ਦਿਤਾ ਗਿਆ । ਇਸ ਤੋਂ ਪਹਿਲੋਂ ਏਸੇ ਭਾਂਤ ਦੇ ਮਤੇ ਬਿਹਾਰ ਤੇ ਯੂ. ਪੀ. ਦੀਆਂ ਕੌਂਸਲਾਂ ਨੇ ਵੀ ਕੀਤੇ ਸਨ । ਇਹਨਾਂ ਵਿਚ ਖੁਰਾਕ, ਮੁਲਕਾਤਾਂ, ਮੁਸ਼ੱਕਤ ਤੇ ਜੇਲ੍ਹੀ ਸਜ਼ਾਵਾਂ ਵਿਚ ਸੁਧਾਰ ਕਰਨ ਦੇ ਸੁਝਾਅ ਪੇਸ਼ ਕੀਤੇ ਗਏ । ਚੱਕੀ, ਖੂਹ ਕੋਹਲੂ ਗੇੜਨ ਤੇ ਮੁੰਜ ਕੁਟਣ ਦੀ ਮੁਸ਼ਕਤ ਦੇਣ ਦੀ ਵਿਰੋਧਤਾ ਕੀਤੀ ਗਈ । ਪਰ ਸਰਕਾਰ ਨੇ ਇਸ ਮਤੇ ਦੀ ਮੁਖਾਲਫਤ ਕੀਤੀ, ਆਖਿਆ: 'ਰਾਜਸੀ ਕੈਦੀ' ਦੀ ਤੁਲਵੀਂ ਵਿਆਖਿਆ ਨਹੀਂ ਹੋ ਸਕਦੀ ।[1]

ਉਹਨਾਂ ਦਿਨਾਂ ਵਿਚ ਲਗ ਭਗ ਸਾਰੀਆਂ ਵਡੀਆਂ ਜੇਲ੍ਹਾਂ ਦੇ ਸੁਪਰਡੰਟ ਅੰਗਰੇਜ਼ ਹੁੰਦੇ ਸਨ ਜਿਹੜੇ ਕਿ ਅਕਾਲੀ ਤਹਿਰੀਕ ਦੇ ਕੁਚਲਨ ਲਈ ਹਰ ਤਰ੍ਹਾਂ ਦੇ ਤਸ਼ੱਦਦ ਕਰਨ ਲਈ ਤਿਆਰ ਰਹਿੰਦੇ ਸਨ । ਹਰ ਇਕ ਜੇਲ੍ਹ ਵਿਚ, ਕਿਤੇ ਕੁਛ ਵਧ ਕਿਤੇ ਕੁਛ ਘਟ, ਤਸ਼ੱਦਦ ਦੀ ਵਰਤੋਂ ਕੀਤੀ

[1] Punjab Legislative Council Debates : Lala Thakar Dass Resolution Vol III—10th January 1922.

Digitized by Panjab Digital Library | www.panjabdigilib.org



ਸਾਕਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ

ਅਕਾਲੀ ਸੂਰਬੀਰਾਂ ਦੀ ਸ਼ਹੀਦੀ ਦਾ ਇਕ ਦ੍ਰਿਸ਼।

(ਸ਼੍ਰੋ: ਗੁ: ਪ੍ਰ: ਕਮੇਟੀ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਗਈ । ਅਤੇ ਹਰ ਇਕ ਜੇਲ੍ਹ ਵਿਚ ਵਧ ਜਾਂ ਘਟ ਮਹੀਨੇ ਤਕ ਬੇੜੀਆਂ, ਡੰਡਾ ਬੇੜੀਆਂ, ਹਥਕੜੀਆਂ ਤਪੜ ਦੇ ਕਪੜੇ (ਯਾਨੀ ਟਾਟਵਰਦੀ), ਚੱਕੀ, ਕੋਹਲੂ, ਖੂਹ ਜਾਂ ਖਰਾਸ, ਹੱਥਾਂ ਨੂੰ ਹਥਕੜੀਆਂ ਲਾ ਕੇ ਉਤਾਹ ਟੰਗਣ ਵਗੈਰਾ ਦੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ । ਮਹੀਨੇ ਜਾਂ 15 ਦਿਨਾਂ ਲਈ ਚੱਕੀ ਬੰਦ ਕਰਕੇ ਅਠਾਰਾਂ ਸੇਰ ਪੱਕੇ ਦਾਣੇ ਪੀਹਣ ਨੂੰ ਦੇਣ ਦਾ ਤਾਂ ਆਮ ਕਾਇਦਾ ਸੀ ।

ਇਹ ਸਭ ਸਜ਼ਾਵਾਂ ਅਫਸਰ ਜੇਲ੍ਹ ਦੇ ਜ਼ੁਰਮ ਦੀ ਵਧ ਜਾਂ ਘਟ ਗੰਭੀਰਤਾ ਦੇ ਅਨੁਸਾਰ ਦੇਂਦੇ ਸਨ । ਵਾਣ ਵੱਟਣਾ, ਚਰਖਾ ਕਤਣਾ, ਨਿਵਾਰ ਉਣਨਾ ਨਰਮ ਸਜ਼ਾਵਾਂ ਸਨ ਬਾਕੀ ਦੀਆਂ ਸਖਤ । ਅਰਦਾਸੇ ਪਿੱਛੋਂ ਜੈਕਾਰਾ ਗਜਾਣਾ, ਜਾਂ ਉੱਚੀ ਸ਼ਬਦ ਪੜ੍ਹਨਾ ਜੇਲ੍ਹ ਦਾ ਡਿਸਿਪਲਨ ਤੋੜਨਾ ਸੀ ਅਤੇ ਇਹ ਸਜ਼ਾ ਦਾ ਭਾਗੀ ਬਣਾਉਂਦਾ ਸੀ । ਪਰ ਇਹਨਾਂ ਨਾਲੋਂ ਵੀ ਸਖਤ ਸਜਾਵਾਂ ਬੈਂਤਾਂ ਦੀ ਸਜ਼ਾ ਦੇਣਾ, ਜੇਲ੍ਹ ਦੇ ਨੰਬਰਦਾਰਾਂ ਤੇ ਵਾਰਡਰਾਂ ਕੋਲੋਂ ਕੁਟਵਾਣਾ ਅਤੇ ਸਭ ਤੋਂ ਵਡਾ ਜ਼ੁਲਮ, ਅਲਾ-ਰਮ ਕਰਕੇ ਬਾਹਰੋਂ ਆਮ ਪੁਲਸ ਮੰਗਵਾਕੇ ਤਮਾਮ ਅਕਾਲੀਆਂ ਨੂੰ ਕੁਟਾਪਾ ਚਾੜ੍ਹਕੇ ਅਧਮੋਇਆ ਕਰਨਾ ਸੀ ।

ਅਕਾਲੀ ਜੈਕਾਰੇ ਬੁਲਾਣਾ ਆਪਣਾ ਧਾਰਮਕ ਫਰਜ਼ ਸਮਝਦੇ ਸਨ ਅਤੇ ਅਰਦਾਸੇ ਪਿੱਛੋਂ ਕਿਤੇ ਹੌਲੀ, ਕਿਤੇ ਉੱਚੀ ਜ਼ਰੂਰ ਜੈਕਾਰਾ ਛਡਦੇ ਸਨ । ਜੇਲ੍ਹ ਦੇ ਅਫਸਰਾਂ ਨੂੰ ਜੈਕਾਰੇ ਵਿਚੋਂ ਹੁਕਮ-ਅਦੂਲੀ, ਬਗਾਵਤ ਤੇ ਅਵਗਿਆਕਾਰੀ ਦੀ ਬੋਅ ਆਉਂਦੀ ਸੀ । ਉਹ ਕੈਦੀਆਂ ਨੂੰ ਜੁਤੀ ਜਾਂ ਡੰਡੇ ਥੱਲੇ ਰਖਣ ਦੇ ਆਦੀ ਸਨ । ਏਹੋ ਜੇਹੀਆਂ ਵਿਹਰਵੀਆਂ ਗੱਲਾਂ ਨਾਲ ਉਨ੍ਹਾਂ ਦਾ ਪਹਿਲੋਂ ਕਦੇ ਵਾਹ ਨਹੀਂ ਸੀ ਪਿਆ । ਡਿਸਿਪਲਨ ਉਹਨਾਂ ਦਾ ਸਭ ਤੋਂ ਵਡਾ ਪੂਜਾ ਦਾ ਬੁਤ ਸੀ ਅਤੇ ਇਸ ਵੇਲੇ ਤਾਂ ਸਰਕਾਰ ਦੀ ਪਾਲਿਸੀ ਵੀ ਅਕਾਲੀਆਂ ਨੂੰ ਚੰਗੀ ਤਰ੍ਹਾਂ ਰਗੜਨ ਦੀ ਸੀ—ਨਾਲੇ ਇਹਨਾਂ ਨੂੰ ਰਗ-ੜਨ ਨਾਲ ਨਿਜੀ ਤਰਕੀ ਦਾ ਰਾਹ ਛੇਤੀ ਖੁਲ੍ਹਦਾ ਸੀ । ਇਸ ਲਈ ਥਾਂ ਥਾਂ ਜੇਲ੍ਹਾਂ ਵਿਚ ਅਕਾਲੀਆਂ ਦੇ ਹੱਡ ਸੇਕੇ ਗਏ ।

ਲਾਇਲਪੁਰ ਜੇਲ੍ਹ ਵਿਚ ਗਲ ਵਿਚ ਲੋਹੇ ਦੀ, ਹੱਸੀ ਪਾਉਣ ਦੇ ਖਿਲਾਫ ਸੰਗਰਾਮ ਸ਼ੁਰੂ ਹੋ ਗਿਆ । ਅਕਾਲੀ ਕੈਦੀ ਇਸ ਨੂੰ ਲਾਅਨਤ ਦਾ ਤੌਕ ਕਹਿੰਦੇ ਹਨ । ਸੁਪਰਡੈਂਟ ਦੀ ਪਰੇਡ ਵੇਲੇ ਖਲੋਣਾ ਬੰਦ ਕਰ ਦਿਤਾ ਗਿਆ । ਇਕੋ ਮੰਗ ਸੀ : ਹੱਸੀ ਨਹੀਂ ਪਾਉਣੀ, ਜੋ ਮਰਜ਼ੀ ਹੈ ਸਜ਼ਾਵਾ ਦਿਓ । ਬੈਤਾਂ ਤੋਂ ਥਲੇ ਸਭ ਸਜ਼ਾਵਾਂ—ਕੋਠੀ ਬੰਦ, ਖੜੀਆਂ ਹਥਕੜੀਆਂ ਬੇੜੀਆਂ ਤੇ ਡੰਡਾ ਬੇੜੀਆਂ ਵਗੈਰਾ, ਦਿਤੀਆਂ ਗਈਆਂ । ਏਹੋ ਜੇਹੀਆ ਸਜ਼ਾਵਾਂ ਦੀ ਅਕਾਲੀ ਕੱਖ ਪਰਵਾਹ ਨਹੀਂ ਸਨ ਕਰਦੇ । ਸੰਗਰਾਮ ਭੱਖ ਗਿਆ—ਅਕਾਲੀ ਡਟੇ ਰਹੇ । ਭੁਖ ਹੜਤਾਲ ਤਕ ਨੌਬਤ ਪਹੁੰਚੀ । ਹੱਸੀ ਦੇ ਖਿਲਾਫ ਹੋਰਨਾਂ ਜੇਲ੍ਹਾਂ ਵਿਚ ਵੀ ਸੰਗਰਾਮ ਹੋ ਰਹੇ ਸਨ—ਗੌਰਮਿੰਟ ਝੁਕ ਗਈ ਅਤੇ ਹਸੀ ਹਮੇਸ਼ਾਂ ਲਈ ਕੈਦੀਆਂ ਦੇ ਗੱਲੋਂ ਲਥ ਗਈ ।[1]

ਜੇਲ੍ਹਾਂ ਦੇ ਅਫਸਰ ਆਪਣੀ ਜੇਲ੍ਹ ਦੇ 'ਸ਼ਰਾਰਤੀ ਆਗੂਆਂ' ਨੂੰ ਦੂਜੀਆਂ ਜੇਲ੍ਹਾਂ ਵਿਚ ਬਦਲ ਦੇਂਦੇ ਸਨ । ਉਹ ਆਪਣੀਆਂ ਜੇਲ੍ਹਾਂ ਦੇ ਸੰਗਰਾਮਾਂ ਦੀਆਂ ਕਹਾਣੀਆਂ ਨਵੀਆਂ ਜੇਲ੍ਹਾਂ ਵਿਚ ਜਾ ਦਸਦੇ ਸਨ । ਓਥੇ ਪਹਿਲੋਂ ਹੀ ਕਈ ਸੰਗਰਾਮ ਚਲ ਰਹੇ ਹੁੰਦੇ ਸਨ ਜਾਂ ਇਹਨਾਂ ਦੇ ਜਾਣ ਨਾਲ ਸ਼ੁਰੂ ਹੋ ਜਾਂਦੇ ਸਨ । ਅਕਾਲੀ ਜਾਇਜ਼ ਤੇ ਵਾਜਬ ਡਿਸਿਪਲਨ ਮੰਨਣ ਦੇ ਹਾਮੀ ਸਨ ਪਰ

---

[1] ਲਾਇਲਪੁਰ ਜੇਲ੍ਹ ਵਿਚ ਲੇਖਕ ਇਸ ਸੰਗਰਾਮ ਦਾ ਇਕ ਆਗੂ ਸੀ ਅਤੇ ਉਸ ਦੇ ਹਿਸਟਰੀ ਟਿਕਟ ਤੇ ਤਿੰਨ ਵਾਰ ਸ਼ਰਾਰਤੀ ਆਗੂ (Ring Leader) ਲਿਖਿਆ ਗਿਆ ਸੀ, ਤੇ ਸਖਤ ਸਜ਼ਾਵਾਂ ਮਿਲੀਆਂ ਸਨ।

Digitized by Panjab Digital Library | www.panjabdigilib.org

ਇਨਸਾਨੀ ਸਪਿਰਿਟ ਦੇ ਕੁਚਲਨ ਵਾਲੀ ਡਿਸਿਪਲਨ ਨੂੰ ਪਰਵਾਨ ਨਹੀਂ ਸਨ ਕਰਦੇ । ਲਾਇਲਪੁਰ ਜੇਲ੍ਹ ਦੇ 'ਸ਼ਰਾਰਤੀ ਆਗੂ' ਕੈਂਪ ਜੇਲ੍ਹ ਮਿੰਟਗੁਮਰੀ ਵਿਚ ਤਬਦੀਲ ਕਰ ਦਿਤੇ ਗਏ ।

ਇਹ ਕਿਸੇ ਵੇਲੇ ਫੌਜੀਆਂ ਦਾ ਕੈਂਪ ਸੀ ਜਿਹੜਾ ਕੰਡੇਦਾਰ ਤਾਰਾਂ ਚਾਰ ਚੁਫੇਰੇ ਵਲ ਕੇ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ । ਏਥੋਂ ਦੀ ਹਾਲਤ ਬਹੁਤ ਭੈੜੀ ਸੀ । ਖਾਣੇ ਦਾ ਪਰਬੰਧ ਨਖਿਧ, ਹਸਪਤਾਲ ਦਾ ਇੰਤਜ਼ਾਮ ਰੱਦੀ-ਜ਼ਰੂਰੀ ਦਵਾਈਆਂ ਨਦਾਰਦ । ਬਾਰਕਾਂ ਬਹੁਤ ਪੁਰਾਣੀਆਂ ਤੇ ਬਾਰਸ਼ ਪੈਣ ਤੇ ਚੋਂਦੀਆਂ । ਬਾਹਲੇ ਕੈਦੀ ਤੰਬੂਆਂ ਵਿਚ ਜਿਥੇ ਅਠੂਹੇ ਫਿਰਦੇ ਤੇ ਸੱਪ ਬਾਹਰੋਂ ਆ ਵੜਦੇ । ਵਾਅ ਵਗਣ ਨਾਲ ਬਾਹਰਲੀ ਮਿੱਟੀ ਨਾਲ ਭਰ ਜਾਂਦੇ । ਨਹਾਣ ਤੇ ਟੱਟੀਆਂ ਦਾ ਪਰਬੰਧ ਨਾਕਸ—ਏਥੇ ਬਾਹਲੇ ਅਕਾਲੀ ਲੀਡਰ ਸਨ । ਹਾਲਾਤ ਨਾ ਸੁਧਾਰਨ ਕਰਕੇ, ਪਰੋਟੈਸਟ ਵਜੋਂ ਇਕ ਵੇਲੇ ਦੀ ਰੋਟੀ ਦਾ ਬਾਈਕਾਟ । ਗੌਰਮਿੰਟ ਨੂੰ ਕੈਂਪ ਜੇਲ੍ਹ ਤੋੜਨੀ ਪਈ ਅਤੇ ਏਥੋਂ ਦੇ ਕੈਦੀ ਜ਼ਿਲਾ ਮੁਲਤਾਨ ਜੇਲ੍ਹ ਵਿਚ ਤਬਦੀਲ ਕਰਨੇ ਪਏ ।

ਇਸ ਜੇਲ੍ਹ ਵਿਚ ਵੀ ਜੈਕਾਰਿਆਂ ਤੋਂ ਡੰਡਾ ਬੇੜੀਆਂ[1] ਲਗੀਆਂ ਅਤੇ ਕਈ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਹੋਰ ਸਜ਼ਾਵਾਂ ਦਿਤੀਆਂ ਗਈਆਂ । ਇਸ ਵਿਚ ਹਫਤੇ ਦੇ ਹਫਤੇ ਕਵੀ ਦਰਬਾਰ ਤੇ ਲੈਕਚਰ ਹੁੰਦੇ ਸਨ ਜਿਨ੍ਹਾਂ ਦੇ ਕਾਰਨ ਅਕਾਲੀਆਂ ਦੀ ਸੂਝ ਵਿਚ ਢੇਰ ਸਾਰੀ ਉੱਨਤੀ ਹੋਈ । ਇਹ ਸਹੂਲਤ ਹੋਰ ਕਿਸੇ ਜੇਲ੍ਹ ਵਿਚ ਨਹੀਂ ਸੀ । ਉਂਜ ਜੇਲ੍ਹਾਂ ਦੀ ਮਾਰਕੁਟ, ਅਫਸਰਾਂ ਦੇ ਜ਼ਾਲਮਾਨਾਂ ਰਵਈਏ ਨੇ ਅਕਾਲੀਆਂ ਨੂੰ ਬਹੁਤ ਕੁਛ ਸਿਖਾਇਆ । ਜੇਲ੍ਹਾਂ ਵਿਚ ਆ ਕੇ ਅਕਾਲੀਆਂ ਨੇ ਬਰਿਟਿਸ਼ ਸਾਮਰਾਜ ਦਾ ਅਸਲੀ ਖੂੰਖਾਰ ਚਿਹਰਾ ਵੇਖਿਆ ਜਿਸ ਨਾਲ ਉਹਨਾਂ ਦੀ ਨਫ਼ਰਤ ਹੋਰ ਤੇਜ਼ ਹੋ ਗਈ ।

ਸਭ ਤੋਂ ਜ਼ਿਆਦਾ ਸਖਤੀ ਤਿੰਨਾਂ ਜੇਲ੍ਹਾਂ ਵਿਚ ਕੀਤੀ ਗਈ : ਕੈਂਬਲਪੁਰ ਜੇਲ੍ਹ, ਕਿਲ੍ਹਾ ਅਟਕ ਜੇਲ੍ਹ ਅਤੇ ਡਿਸਟਰਿਕਟ ਮੁਲਤਾਨ ਜੇਲ੍ਹ । ਗੁਰੂ ਕੇ ਬਾਗ ਦੇ ਬਾਹਲੇ ਕੈਦੀ ਇਹਨਾਂ ਜੇਲ੍ਹਾਂ ਵਿਚ ਹੀ ਬੰਦ ਸਨ । ਪਹਿਲੀਆਂ ਦੋਵੇਂ ਜੇਲ੍ਹਾਂ ਡੀ. ਸੀ. ਕਾਵਨ ਦੇ ਅਧਿਕਾਰ ਥੱਲੇ ਸਨ । ਇਹ ਡੀ. ਸੀ. ਓਸੇ ਡਾਇਰ ਤੇ ਓਡਵਾਇਰ ਵਾਲੀ ਪੀੜੀ ਵਿਚੋਂ ਸੀ ਜਿਹੜੀ ਤਾਕਤ ਦੇ ਡੰਡੇ ਨਾਲ ਹਿੰਦੁਸਤਾਨੀਆਂ ਨੂੰ ਸਿੱਧਾ ਕਰਨ ਦਾ ਗੁਰ ਸਿਖੀ ਹੋਈ ਸੀ । ਇਸ ਨੇ ਕੈਂਬਲਪੁਰ ਤੇ ਅਟਕ ਜੇਲ੍ਹ—ਦੋਹਾਂ ਵਿਚ ਕੁਛ ਅਕਾਲੀ ਕੈਦੀਆਂ ਨੂੰ ਬੈਂਤ ਮਾਰਨ ਦੀ ਸਜ਼ਾ ਦਿਤੀ ਤੇ ਬੈਂਤ ਮਾਰੇ । ਅਤੇ ਆਮ ਕੈਦੀਆਂ ਨੂੰ ਬਾਹਰੋਂ ਪੁਲਸ ਮੰਗਵਾਕੇ ਕੁਟਾਪਾ ਚਾੜ੍ਹਿਆ । ਗੱਲ ਇਉਂ ਹੋਈ :—

ਗੌਰਮਿੰਟ ਗੁਰੂ ਕੇ ਬਾਗ ਵਿਚ ਫੜੀ ਤਾਂ ਅਕਾਲੀਆਂ ਨੂੰ ਜਾ ਰਹੀ ਸੀ ਪਰ ਉਹਨਾਂ ਦੇ ਰਖਣ ਲਈ ਇਸ ਪਾਸ ਕੋਈ ਜਗ੍ਹਾ ਨਹੀਂ ਸੀ—ਜੇਲ੍ਹਾਂ ਅਕਾਲੀਆਂ ਨਾਲ ਪਹਿਲੋਂ ਹੀ ਅਟਾ-ਅਟ ਭਰ ਚੁਕੀਆਂ ਸਨ । ਹੁਣ ਇਹ ਤੰਬੂ ਗਡ ਗਡ, ਜੇਲ੍ਹਾਂ, ਕਿਲ੍ਹਿਆਂ ਜਾਂ ਫੌਜੀ ਬਾਰਕਾਂ ਵਿਚ

[1] ਅਕਾਲੀ ਤੇ ਪਰਦੇਸੀ ਨੇ ਉਹਨਾਂ ਦੇ ਨਾਮ ਇਸ ਤਰਤੀਬ ਨਾਲ ਦਿਤੇ : ਸੋਹਨ ਸਿੰਘ ਜੋਸ਼ (ਚੇਤਨਪੁਰੀ) ਸਰਦਾਰ ਪਰਤਾਪ ਸਿੰਘ ਜਥੇਦਾਰ ਹੁਸ਼ਿਆਰਪੁਰ, ਸ: ਕਰਤਾਰ ਸਿੰਘ ਸਰਲੀ, ਸ: ਨਿਰੰਜਨ ਸਿੰਘ ਕੰਦੋਵਾਲੀ, ਸ: ਵਰਿਆਮ ਸਿੰਘ ਜਥੇਦਾਰ ਲਾਹੌਰ, ਸ: ਕਰਨੈਲ ਸਿੰਘ ਲਾਹੌਰ, ਸ: ਨੰਦ ਸਿੰਘ ਲਾਹੌਰ, ਸ: ਬਲਵੰਤ ਸਿੰਘ ਸਕਤਰ ਗੁ: ਪਰ: ਕਮੇਟੀ ਲਾਹੌਰ । ਬਾਬਾ ਸੰਤਾ ਸਿੰਘ ਬੋਰੀਆਂ ਵਾਲਾ, ਸ: ਵਧਾਵਾ ਸਿੰਘ ਜਲੰਧਰੀ, ਸ: ਚੰਚਲ ਸਿੰਘ ਲਾਹੌਰ । ਡੰਡੇ ਆਮ ਤੌਰ ਤੇ 16 ਇੰਚ ਲੰਮੇ ਹੁੰਦੇ ਹਨ, ਪਰ ਇਹ 20 ਇੰਚ ਲੰਮੇ ਹਨ । (ਮਿਸਟਰ ਘੋਜ਼ ਦਾ ਰਾਜ—ਡੰਡਾ ਬੇੜੀਆਂ : ਅਕਾਲੀ ਤੇ ਪਰਦੇਸੀ 16 ਨਵੰਬਰ 1922)

Digitized by Panjab Digital Library | www.panjabdigilib.org

ਉਹਨਾਂ ਨੂੰ ਡਕ ਰਹੀ ਸੀ। ਕੈਦੀਆਂ ਲਈ ਜ਼ਰੂਰੀ ਸਾਮਾਨ ਵੀ ਇਹਨੀ ਥਾਈਂ ਮੌਜੂਦ ਨਹੀਂ ਸੀ। ਇਸ ਲਈ ਗੌਰਮਿੰਟ ਦੇ ਅਫਸਰ ਗੁਰੂ ਕੇ ਬਾਗ ਦੀ ਸ਼ਿਕਸਤ ਦਾ ਬਦਲਾ ਜੇਲ੍ਹਾਂ ਵਿਚ ਕੁਟਾਪਾ ਚਾੜ੍ਹਕੇ ਲੈਣਾ ਚਾਹੁੰਦੇ ਸਨ ਅਤੇ ਆਪਣੀ ਨ-ਅਹਿਲੀਅਤ ਨੂੰ ਅਕਾਲੀਆਂ ਉਤੇ ਗੁੱਸਾ ਕਢਕੇ ਢਕਣਾ ਚਾਹੁੰਦੇ ਸਨ।

## 4. ਬੈਂਤਾਂ ਦੀਆਂ ਸਜ਼ਾਵਾਂ

ਕੈਂਬਲਪੁਰ ਜੇਲ੍ਹ ਵਿਚ ਕੁਛ ਦਿਨਾਂ ਦੇ ਫਰਕ ਨਾਲ ਹੀ 2700 ਕੈਦੀ ਭੇਜ ਦਿਤੇ ਗਏ। ਸਾਮਾਨ ਪੂਰਾ ਕੈਦੀਆਂ ਲਈ ਜੇਲ੍ਹ ਵਿਚ ਨਹੀਂ ਸੀ। ਇਸ ਲਈ ਜੇਲ੍ਹ ਸਟਾਫ ਦੇ ਖਿਲਾਫ ਪਰੋਟੈਸਟ ਵਜੋਂ ਉਹਨਾਂ ਨੇ ਨਾਅਰੇ ਲਾਏ ਅਤੇ ਜੈਕਾਰੇ ਛਡੇ। ਉਹਨਾਂ ਨੇ ਪਹਿਲੋਂ ਸੁਪਰਡੰਟ ਜੇਲ੍ਹ ਮਿਸਟਰ ਘੋਸ਼ ਪਾਸੋਂ ਜੈਕਾਰੇ ਛਡਣ ਦੀ ਆਗਿਆ ਵੀ ਲੈ ਲਈ ਹੋਈ ਸੀ ਅਤੇ ਉਸ ਨੇ ਸਵੇਰੇ ਤੇ ਸੰਧਿਆ ਵੇਲੇ ਦੀ ਅਰਦਾਸ ਪਿੱਛੋਂ ਜੈਕਾਰੇ ਛਡਣ ਦੀ ਆਗਿਆ ਦੇ ਦਿਤੀ ਹੋਈ ਸੀ।

21 ਅਕਤੂਬਰ ਨੂੰ ਲੌਢੇ ਵੇਲੇ, ਡੀ. ਸੀ. ਕਾਵਨ ਦੀ ਲਿਖਤ ਅਨੁਸਾਰ, ਕੈਦੀਆਂ ਨੇ ਜੇਲਰ ਦੀ ਹੁਕਮ-ਅਦੂਲੀ ਕੀਤੀ ਅਤੇ ਨਾਅਰੇ ਲਾਏ। ਇਹ ਡੀ. ਸੀ. ਵੀ ਮੌਕੇ ਤੇ ਪਹੁੰਚਿਆ ਹੋਇਆ ਸੀ। ਉਸ ਵੇਲੇ ਜੇਲ੍ਹ ਦੇ ਅਲਾਰਮ ਵਾਲਾ ਘੰਟਾ ਖੜਕਨ ਲਗ ਪਿਆ। ਸੀਟੀਆਂ ਵਜਣ ਲਗ ਪਈਆਂ, ਵਾਰਡਰ ਤੇ ਨੰਬਰਦਾਰ ਇੱਕਠੇ ਹੋ ਗਏ ਅਤੇ ਬਾਹਰੋਂ ਮਿਸਟਰ ਬੈਨਟ ਪੁਲਸ ਅਫ-ਸਰ ਦੀ ਕਮਾਨ ਹੇਠ ਲਾਠੀਆਂ ਤੇ ਬੰਦੂਕਾਂ ਨਾਲ ਲੈਸ ਹੋ ਕੇ ਪੁਲਸ ਦੀ ਧਾੜ ਅੰਦਰ ਆ ਗਈ ਅਤੇ ਅਕਾਲੀਆਂ ਉਤੇ ਦਹਿੰਬੜ ਦਹਿੰਬੜ, ਛਲੀਆਂ ਦੀ ਕੁਟਾਈ ਵਾਂਗ, ਲਾਠੀਆਂ ਚਲਨੀਆਂ ਸ਼ੁਰੂ ਹੋ ਗਈਆਂ।

ਕਾਵਨ ਦੀਆਂ ਨਜ਼ਰਾਂ ਵਿਚ ਹਾਲਤ 'ਹੱਲੇ- ਗੁੱਲੇ ਵਾਲੀ' ਹੋ ਗਈ ਸੀ। 'ਖਤਰਾ ਇਹ ਪੈਦਾ ਹੋ ਗਿਆ ਕਿ ਕਿਤੇ ਇਕੱਠਾ ਹਲਾ ਮਾਰਕੇ, ਕੰਡੇਦਾਰ ਤਾਰਾਂ ਦੇ ਘੇਰੇ ਤੋੜ ਕੇ ਬਾਹਰ ਹੀ ਨਾ ਨਿਕਲ ਆਉਣ।' ਬੈਨਿਟ ਤੇ ਕਾਵਨ ਬੜੇ ਫਿਕਰਮੰਦ ਸਨ ਕਿ ਕਿਤੇ ਗੋਲੀ ਨਾ ਚਲਾਣੀ ਪਏ। ਉਹ ਤੰਬੂਆਂ ਵਿਚ ਗਏ ਤਾਂ ਜੋ ਉਹ ਪੁਆੜੇ-ਹੱਥੇ ਕੈਦੀਆ ਨੂੰ ਅੱਡ ਕਰ ਸਕਣ। "ਅਸਾਂ ਏਹੋ ਜੇਹੀ ਤਾਕਤ ਵਰਤੀ ਜਿਹੜੀ ਬਾਕੀਆਂ ਉਤੇ ਅਸਰ ਪਾਣ ਲਈ ਜ਼ਰੂਰੀ ਸੀ।" ਇਹ ਚੁਣੇ ਹੋਏ ਆਦਮੀ ਜੇਲ੍ਹ ਦੇ ਸੰਟਰ ਵਿਚ ਲਿਆਂਦੇ ਗਏ ਅਤੇ ਉਹਨਾਂ ਵਿਚੋਂ ਚਹੁੰ ਨੂੰ ਸਾਰਿਆਂ ਦੇ ਸਾਮ੍ਹਣੇ ਕਰੜੀ ਤਰ੍ਹਾਂ ਬੈਂਤ ਮਾਰੇ ਗਏ। ਅਜੇ ਹੋਰਨਾਂ ਨੂੰ ਵੀ ਬੈਂਤ ਮਾਰਨੇ ਸਨ ਪਰ ਹਨੇਰਾ ਤੇ ਸ਼ਾਂਤੀ ਹੋ ਜਾਣ ਕਰਕੇ ਉਹਨਾਂ ਨੂੰ ਅੰਦਰ ਬੰਦ ਕਰ ਦਿਤਾ ਗਿਆ। ਤਾਂ ਜੋ ਅਗਲੇ ਭਲਕ ਇਹਨਾਂ ਨਾਲ ਮੇਜਰ ਪੁਰੀ ਸਾਹਿਬ ਨਜਿਠ ਲੈਣ।

ਅਤੇ ਕਾਵਨ ਨੇ, ਨਿਹੱਥੇ ਕੈਦੀਆਂ ਦੇ ਹਡ ਗੋਡੇ ਭੰਨਕੇ, ਬੜੀ ਬੇਸ਼ਰਮੀ ਨਾਲ ਲਿਖਿਆ ਕਿ 'ਜੇਲ੍ਹਰ ਨੇ ਦਖਲ ਦੇ ਕੇ ਖਾਹਸ਼ ਕੀਤੀ ਕਿ ਕੈਦੀਆਂ ਨੂੰ ਇਕ ਹੋਰ ਮੌਕਿਆ ਦਿੱਤਾ ਜਾਵੇ ਪਰ ਮੈਂ ਜਵਾਬ ਦਿਤਾ ਇਹ ਗਲ ਨਹੀਂ ਮੰਨੀ ਜਾ ਸਕਦੀ। ਉਸ ਦੇ ਖਿਆਲ ਵਿਚ ਅਕਾਲੀਆਂ ਵਿਚ ਬਹੁਤ ਸਾਰੇ ਆਦਮੀ ਮੁਜਰਮਾਨਾ ਕਿਸਮ ਦੇ ਅਸਰ ਥੱਲੇ ਹਨ। ਅਤੇ ਕਿਸੇ ਸਮਝੌਤੇ ਦੇ ਮੌਕੇ ਤੇ ਇਹਨਾਂ ਨੂੰ ਅੰਨ੍ਹੇਵਾਹ ਛਡਣਾ ਗੈਰ ਵਾਜਬ ਹੋਵੇਗਾ। ਸੁਪਰਡੰਟ ਚੰਗੇ ਬੁਰੇ ਦੀ ਪਛਾਣ ਦਸ ਸਕਦੇ ਹਨ। ਇਹ ਉਸ ਦਾ ਗੌਰਮਿੰਟ ਨੂੰ ਮਸ਼ਵਰਾ ਸੀ।[1]

[1]File No. 106/II 1922 Home, Political

Digitized by Panjab Digital Library | www.panjabdigilib.org

ਉਪਰ ਜੋ ਕੁਛ ਦਿੱਤਾ ਗਿਆ ਹੈ ਕਾਵਨ ਦੀ ਆਪਣੀ ਲਿਖਤ ਦੇ ਆਧਾਰ ਤੇ ਦਿਤਾ ਗਿਆ ਹੈ। ਅਕਾਲੀ ਅਜੇ ਜੇਲ੍ਹ ਵਿਚ ਗਏ ਹੀ ਸਨ — ਉਹਨਾਂ ਨੂੰ ਜੇਲ੍ਹ ਦੇ ਕਾਨੂੰਨਾਂ ਦੀ ਪੂਰੀ ਵਾਕਫੀ ਵੀ ਨਹੀਂ ਸੀ। ਜੇਲ੍ਹਾਂ ਵਿਚ ਦਰਜਨਾਂ ਸਜ਼ਾਵਾਂ—ਕੋਠੀ ਬੰਦੀ. ਮੁੰਜ-ਕੁਟਾਈ, ਚੱਕੀ-ਵਗੈਰਾ—ਵਿਚੋਂ ਕੋਈ ਵੀ ਦਿਤੀ ਜਾ ਸਕਦੀ ਹੈ। ਪਰ ਬੈਤਾਂ ਦੀ ਇੰਤਹਾਈ ਸਜ਼ਾ ਦੇਣਾ ਅਰਥਾਂ ਤੋਂ ਖਾਲੀ ਨਹੀਂ। ਇਸ ਨੂੰ ਹੀ ਗਹੁ ਨਾਲ ਪੜ੍ਹਿਆ ਜਾਏ ਤਾਂ ਇਸ ਵਿਚੋਂ ਅਕਾਲੀ ਕੈਦੀਆਂ ਨੂੰ ਕੁੱਟਣ ਤੇ ਉਹਨਾਂ ਦੀ ਸਪਿਰਟ ਕੁਚਲ ਕੇ ਰੱਖਣ ਦੀ ਸਾਜਸ਼ ਸਾਫ ਨਜ਼ਰ ਆਉਂਦੀ ਹੈ। ਜੇਲਰ ਬੈਂਤਾਂ ਦੀ ਸਜ਼ਾ ਦੇਣ ਦੇ ਹਕ ਵਿਚ ਨਹੀਂ ਸੀ। ਉਸ ਨੇ ਸਵੇਰੇ ਸ਼ਾਮ ਜੈਕਾਰੇ ਗਜਾਉਣ ਦੀ ਆਗਿਆ ਦਿਤੀ ਹੋਈ ਸੀ। ਉਹ ਅਲਾਰਮ ਦਾ ਘੰਟਾ ਖੜਕਾਨ ਦੇ ਅਰਥ ਡੀ' ਸੀ. ਨਾਲੋਂ ਵਧੇਰੇ ਸਮਝਦਾ ਸੀ। ਇਸ ਲਈ ਉਹ ਇਸ ਕੰਮ ਦੀ ਹਮਾਇਤ ਇਕ ਮਾਤਹਿਤ ਦੀ ਹੈਸੀਅਤ ਵਿਚ ਹੀ ਮਜ਼ਬੂਰ ਹੋ ਕੇ ਕਰ ਸਕਦਾ ਸੀ—ਉਸ ਨੂੰ ਨੌਕਰੀ ਦਾ ਖਤਰਾ ਨਾ ਹੁੰਦਾ ਤਾਂ ਸ਼ਾਇਦ ਉਹ ਅਲਾਰਮ ਕਰਨ ਦੀ ਹਮਾਇਤ ਕਦੇ ਨਾ ਕਰਦਾ। ਇਹ ਅਸਲ ਵਿਚ ਕਾਵਨ ਅਤੇ ਬੈਨੱਟ ਦੋਹਾਂ ਦੀ ਅਕਾਲੀਆਂ ਨੂੰ ਕੁੱਟਣ ਦੀ ਗੋਂਦ ਜਾਪਦੀ ਸੀ। ਇਸ ਮਾਰ-ਕੁਟਾਈ ਦੀ ਬਾਹਲੀ ਉੱਘ ਸੁੱਘ ਬਾਹਰ ਨਹੀਂ ਨਿਕਲੀ।

ਅਟਕ ਜੇਲ੍ਹ ਵਿਚ ਤਾਂ ਅਕਾਲੀਆਂ ਨਾਲ ਕਸਾਈਆਂ ਵਾਲਾ ਸਲੂਕ ਕੀਤਾ ਜਾ ਰਿਹਾ ਸੀ। ਤਾਲਾ ਬੰਦ ਹੋਣ ਪਿਛੋਂ, ਸੁਪਰੰਡੈਂਟ ਦੇ ਕਥਨ ਅਨੁਸਾਰ, ਚਾਰ ਲੜਕੇ ਸ਼ਬਦ ਪੜ੍ਹ ਰਹੇ ਸਨ। ਉਹਨਾਂ ਨੂੰ ਡੰਡਾ ਬੇੜੀ ਦੀ ਸਜ਼ਾ ਦਿੱਤੀ ਗਈ। ਜਿਸ ਵੇਲੇ ਡੰਡਾ ਬੇੜੀ ਉਹਨਾਂ ਦੇ ਗਿਟਿਆਂ ਨੂੰ ਲਾਈ ਜਾ ਰਹੀ ਸੀ, ਉਹਨਾਂ ਨੇ ਸਤ ਸਿਰੀ ਅਕਾਲ ਦੇ ਜੈਕਾਰੇ ਲਾਏ। ਉਹਨਾਂ ਦੇ ਨਾਲ ਹੀ ਸਾਰੇ ਦਾ ਸਾਰਾ 1400 ਕੈਦੀਆਂ ਦਾ ਕੈਂਪ ਨਾਅਰੇ ਲਾਉਣ ਲਗ ਪਿਆ। ਕੈਦੀ ਆਪਣੇ ਤੰਬੂਆਂ ਤੋਂ ਬਾਹਰ ਨਿਕਲ ਆਏ। ਸੁਪਰੰਡੈਂਟ ਨੇ ਉਹਨਾਂ ਨੂੰ ਆਪਣੇ ਆਪਣੇ ਤੰਬੂ ਵਿਚ ਚਲੇ ਜਾਣ ਦਾ ਹੁਕਮ ਦਿੱਤਾ। ਉਹਨਾਂ ਵਿਚੋਂ 20 ਅਕਾਲੀ ਚੁਣ ਕੇ ਕੱਢ ਲਏ ਗਏ ਅਤੇ ਇਹਨਾਂ ਨੂੰ ਖੜੀਆਂ ਹਥਕੜੀਆਂ ਦੀ ਸਜ਼ਾ ਦਿੱਤੀ ਗਈ।

"ਇਹਨਾਂ ਨੂੰ ਭੁੱਖੇ ਨਹੀਂ ਰਖਿਆ ਗਿਆ, ਇਹਨਾਂ ਨੇ ਭੁਖ ਹੜਤਾਲ ਕਰ ਦਿੱਤੀ ਸੀ। ਨੱਲ ਖਰਾਬ ਹੋਣ ਦੇ ਕਾਰਣ ਇਹਨਾਂ ਨੂੰ ਦਰਿਆ ਤੋਂ ਪਾਣੀ ਲਿਆਉਣ ਲਈ ਹੁਕਮ ਦਿੱਤਾ ਗਿਆ ਸੀ, ਪਰ ਇਹਨਾਂ ਨੇ ਪਾਣੀ ਲਿਆਉਣੋਂ ਇਨਕਾਰ ਕਰ ਦਿੱਤਾ। ਇਸ ਲਈ ਇਹਨਾਂ ਨੂੰ ਦੋ ਦਿਨ ਪਾਣੀ ਨਹੀਂ ਮਿਲਿਆ।"

ਇਹ ਕਹਾਣੀ ਸੀ ਜਿਹੜੀ ਅੰਗਰੇਜ਼ ਸੁਪਰੰਡੈਂਟ ਨੇ ਦੱਸੀ। ਉਸ ਨੇ ਆਪਣੀ ਮਾਰ-ਕੁਟਾਈ ਦੀ ਕਰਤੂਤ ਤੇ ਪੜਦਾ ਪਾਣਾ ਚਾਹਿਆ। ਉਸ ਨੇ ਕੋਈ ਜ਼ਿਕਰ ਨਾ ਕੀਤਾ ਕਿ ਜੇਲ੍ਹ ਵਿਚ ਅਲਾਰਮ ਕੀਤਾ ਗਿਆ ਸੀ। ਬਾਹਰੋਂ ਪੁਲਸ ਤੇ ਅੰਦਰੋਂ ਵਾਰਡਰਾਂ ਤੇ ਨੰਬਰਦਾਰਾਂ ਨੇ ਮਿਲ ਕੇ ਅਕਾਲੀਆਂ ਨੂੰ ਕੁਟਾਪਾ ਚਾੜ੍ਹਿਆ ਸੀ। ਪਰ ਬਾਹਰ ਲੋਕਾਂ ਤੇ ਅਖਬਾਰਾਂ ਵਿਚ ਇਸ ਜ਼ੁਲਮ ਦੀ ਬੜੀ ਚਰਚਾ ਹੋਈ ਸੀ ਅਤੇ ਥਾਂ ਥਾਂ ਜਲਸੇ ਕਰ ਕੇ ਇਸ ਅਤਿਆਚਾਰ ਦੀ ਨਿਖੇਧੀ ਕੀਤੀ ਗਈ ਸੀ। ਐਜੀਟੇਸ਼ਨ ਏਨੀ ਵੱਡੀ ਹੋਈ ਕਿ ਗੌਰਮਿੰਟ ਨੂੰ ਮਜਬੂਰ ਹੋ ਕੇ ਕੌਂਸਲ ਦੇ ਦੋ ਮਿੰਬਰ ਪੜਤਾਲ ਲਈ ਘਲਣੇ ਪਏ ਸਨ।

## 5. ਪੜਤਾਲ ਦੀ ਰੀਪੋਰਟ

ਇਹ ਦੋ ਮਿੰਬਰ ਸਰਕਾਰ ਪਰਸਤ ਤੇ ਖਿਤਾਬਾਂ ਨਾਲ ਲੈਸ ਸਨ—ਇਕ ਸੀ ਦੀਵਾਨ ਬਹਾਦਰ ਰਾਜਾ ਨਰਿੰਦਰਾ ਨਾਥ ਅਤੇ ਦੂਜਾ ਸੀ ਰਾਏ ਬਹਾਦਰ ਲਾਲਾ ਸੇਵਕ ਰਾਮ! ਗੌਰਮਿੰਟ ਨੇ

Digitized by Panjab Digital Library | www.panjabdigilib.org

ਇਹਨਾਂ ਨੂੰ ਜੇਲ੍ਹ ਦੇ ਜ਼ੁਲਮਾਂ ਤੇ ਪੜਦਾ ਪਾਉਣ ਲਈ ਚੁਣਿਆ ਸੀ, ਪਰ ਇਹ ਵੀ ਹਕੀਕਤ ਤੇ ਪੜਦਾ ਕਿਸੇ ਹੱਦ ਤਕ ਹੀ ਪਾ ਸਕਦੇ ਸਨ—ਸਮੁਚੀ ਹਕੀਕਤ ਤੇ ਨਹੀਂ ਸਨ ਪਾ ਸਕਦੇ।

ਉਤਲੀ ਘਟਨਾ 15 ਨਵੰਬਰ 1922 ਨੂੰ ਹੋਈ ਸੀ। ਦੋਵੇਂ ਪੜਤਾਲੀਆ ਮਿੰਬਰ ਅਟਕ ਜੇਲ੍ਹ ਵਿਚ ਦੋ ਦਸੰਬਰ ਨੂੰ ਪਹੁੰਚੇ। ਉਹਨਾਂ ਨੇ ਜਾ ਕੇ ਜੇਲ੍ਹ ਦੇ ਹਾਲਾਤ ਤੇ ਇਸ ਘਟਨਾ ਦੀ ਪੜਤਾਲ ਕੀਤੀ। ਜੇਲ੍ਹ ਅਫਸਰਾਂ ਦਾ ਕੇਸ ਉਤੇ ਬਿਆਨ ਕਰ ਦਿੱਤਾ ਗਿਆ ਹੈ। ਉਹਨਾਂ ਨੇ ਸੁਪਰੰਡੈਂਟ ਦੀ ਆਗਿਆ ਨਾਲ, ਪਿਛੋਂ ਤਿੰਨ ਕੈਦੀਆਂ ਦੇ ਅੱਡ ਅੱਡ ਕਰ ਕੇ, ਬਿਆਨ ਲਏ। ਉਹਨਾਂ ਨੇ ਦਸਿਆ ਕਿ ਉਹਨਾਂ ਨੂੰ ਪੁਲਸ ਤੇ ਵਾਰਡਰਾਂ ਨੇ ਕੁਟਾਪਾ ਚਾੜ੍ਹਿਆ ਅਤੇ ਗਿਣ ਮਿੱਥ ਕੇ 54 ਘੰਟਿਆਂ ਲਈ ਭੁਖੇ ਰਖਿਆ ਅਤੇ ਉਹਨਾਂ ਦੇ ਤੰਬੂਆਂ ਵਿਚੋਂ ਪਾਣੀ ਦੀਆਂ ਘੜੀਆਂ ਵੀ ਚੁਕਵਾ ਕੇ ਲੈ ਗਏ।

ਜਾਪਦਾ ਹੈ ਕਿ ਸੁਪਰੰਡੈਂਟ ਨੂੰ ਮਿੰਬਰਾਂ ਦੀ ਕੈਦੀਆਂ ਨੂੰ ਵਖਰੇ ਕਰ ਕੇ ਇਸ ਤਰ੍ਹਾਂ ਬਿਆਨ ਲੈਣ ਦੀ ਗੱਲ ਚੰਗੀ ਨਹੀਂ ਸੀ ਲੱਗੀ। ਉਹ ਉਥੋਂ ਚਲਿਆ ਗਿਆ। ਉਪਰੰਤ ਮਿੰਬਰ, ਦਰੋਗੇ ਤੇ ਜੇਲ੍ਹ ਸਟਾਫ ਨੂੰ ਨਾਲ ਲੈ ਕੇ, ਹਰ ਇਕ ਵਲੇ ਹੋਏ ਇਹਾਤੇ ਵਿਚ ਗਏ ਅਤੇ ਹਰ ਇਕ ਤੰਬੂ ਦੇ ਕੈਦੀਆਂ ਨੂੰ ਸਵਾਲ ਕੀਤੇ। ਸਾਰਿਆਂ ਦੇ ਬਿਆਨ ਇਕ ਦੂਜੇ ਦੀ ਤਸਦੀਕ ਕਰਦੇ ਸਨ। ਕੋਈ ਤੀਹਾਂ ਅਕਾਲੀ ਕੈਦੀਆਂ ਨੇ ਏਹੋ ਬਿਆਨ ਦਿੱਤੇ।

ਦੋਹਾਂ ਮਿੰਬਰਾਂ ਨੇ ਪਿਛੋਂ ਜੇਲ੍ਹ ਅਫਸਰਾਂ ਨੂੰ ਆਖਿਆ ਕਿ ਉਹ ਆਪਣੇ ਬਿਆਨ ਦੇ ਸਬੂਤ ਵਿਚ ਕੋਈ ਅਕਾਲੀ—ਇਕ ਹੀ ਸਹੀ—ਲਿਆਉਣ। ਉਹ ਕੋਈ ਅਕਾਲੀ ਨਾ ਪੇਸ਼ ਕਰ ਸਕੇ। ਉਹਨਾਂ ਨੇ ਪਿਛੋਂ ਜੇਲ੍ਹ ਦਾ ਰੋਜ਼ਨਾਮਚਾ ਵੇਖਿਆ। ਉਸ ਵਿਚ ਦਰਜ ਸੀ: "ਤਦ ਮੈਂ ਆਪਣੇ ਸਟਾਫ ਨੂੰ ਹੁਕਮ ਕੀਤਾ ਕਿ ਉਹ ਉਹਨਾਂ ਆਦਮੀਆਂ ਨੂੰ ਫੜ ਲੈਣ ਜਿਹੜੇ ਸ਼ਰਾਰਤੀ ਆਗੂ ਮਲੂਮ ਹੁੰਦੇ ਨੇ ਅਤੇ ਬਾਕੀਆਂ ਨੂੰ ਪਿਛੇ ਧੱਕ ਦੇਣ। ਮੇਰੇ ਸਟਾਫ ਵਲੋਂ ਇਹ ਯਤਨ ਹੋਣ ਤੇ ਉਹਨਾਂ ਨੂੰ ਮੁਜ਼ਾਹਮਤ ਦਾ ਸਾਮ੍ਹਣਾ ਕਰਨਾ ਪਿਆ। ਅਤੇ ਆਮ ਗੁਥੱਮ-ਗੁੱਥੀ ਸ਼ੁਰੂ ਹੋ ਗਈ। ਇਹ ਗੁਥੱਮ-ਗੁੱਥੀ ਹੈ ਜਿਸ ਨੂੰ ਕੈਦੀ ਮਾਰ-ਕੁੱਟ ਦੇ ਤੌਰ ਤੇ ਬਿਆਨ ਕਰਦੇ ਹਨ।"

ਅਸੀਂ ਇਸ ਤੋਂ ਇਹ ਨਤੀਜਾ ਕੱਢਣ ਲਈ ਮਾਇਲ ਹਾਂ ਕਿ ਜਦੋਂ ਲੀਡਰ ਫੜ ਲਏ ਗਏ ਸਨ ਅਤੇ ਭੀੜ ਨੂੰ ਪਿੱਛੇ ਧੱਕਿਆਜਾ ਰਿਹਾ ਸੀ। ਉਸ ਵੇਲੇ ਜੇਲ੍ਹ ਅਫਸਰਾਂ, ਵਾਰਡਰਾਂ ਅਤੇ ਪੁਲਸ ਵਲੋਂ ਕੈਂਪ ਵਿਚ ਆਮ ਮਾਰ ਕੁਟਾਈ ਹੋਈ। ਨਲ ਦਾ ਖਰਾਬ ਹੋਣਾ ਤੇ ਉਸੇ ਵੇਲੇ ਕੈਦੀਆਂ ਨੂੰ ਖਾਣਾ ਨਾ ਮਿਲਣਾ ਤਕੜਾ ਸ਼ੱਕ ਪੈਦਾ ਕਰਦਾ ਹੈ ਕਿ ਇਹ ਸਖਤ ਸਲੂਕ ਗਿਣਵਾਂ ਮਿੱਥਵਾਂ ਸੀ।

ਸਾਡੀ ਰਾਏ ਇਹ ਹੈ ਕਿ ਚਹੁੰ ਲੜਕਿਆਂ ਦੇ ਜੈਕਾਰਾ ਬੁਲਾਣ ਦੇ ਦੂਰ-ਵਤੀਰੇ ਦਾ ਬੜਾ ਗੰਭੀਰ ਨੋਟਿਸ ਲਿਆ ਗਿਆ। ਉਹਨਾਂ ਨੂੰ ਇੰਤਹਾਈ ਸਜ਼ਾ ਡੰਡਾ ਬੇੜੀ ਦਿੱਤੀ ਗਈ। ਇਸ ਮਾਮਲੇ ਨੂੰ ਬੜੇ ਚੰਗੇ ਢੰਗ ਨਾਲ ਨਜਿੱਠਣਾ ਚਾਹੀਦਾ ਸੀ, ਵਗੈਰਾ। ਉਹਨਾ ਨੇ ਇਹ ਵੀ ਰਾਏ ਦਰਜ ਕੀਤੀ ਕਿ ਅੱਧ-ਸਰਦੀ ਦੇ ਮੌਸਮ ਵਿਚ, ਦਰਿਆਂ ਦੇ ਕੰਢੇ ਉਤੇ ਇਹ ਜੇਲ੍ਹ ਕੈਦੀਆਂ ਨੂੰ ਤੰਬੂਆਂ ਵਿਚ ਰੱਖਣ ਲਈ ਕੋਈ ਚੰਗੀ ਥਾਂ ਨਹੀਂ। ਆਮ ਇਖਲਾਕੀ ਕੈਦੀਆਂ ਨਾਲੋਂ ਇਹਨਾਂ ਨਾਲ ਕੁਛ ਵਖਰਾ ਸਲੂਕ ਹੋਣਾ ਚਾਹੀਦਾ ਹੈ ਅਤੇ ਇਕ ਕੰਬਲ ਵੱਧ ਦੇਣਾ ਚਾਹੀਦਾ ਹੈ (ਇਸ ਜੇਲ੍ਹ ਵਿਚ ਸਰਦੀ ਲੱਗਣ ਨਾਲ ਇਕ ਸੱਠ-ਸਾਲਾ ਬਿਰਧ ਜਵਾਲਾ ਸਿੰਘ ਪਹਿਲੋਂ ਮਰ ਚੁੱਕਾ ਸੀ।)

ਮਿੰਬਰਾਂ ਨੇ ਬਾਹਰ ਆ ਕੇ, ਅਖਬਾਰਾਂ ਵਾਲਿਆਂ ਦੇ ਜ਼ੋਰ ਦੇਣ ਤੇ, ਅਟਕ ਜੇਲ੍ਹ ਦੀ ਇਸ ਸਥਿਤੀ ਬਾਰੇ ਇਕ ਬਿਆਨ ਦੇ ਦਿੱਤਾ ਅਤੇ ਗੌਰਮਿੰਟ ਨੂੰ ਆਪਣੀ ਲਿਖਤੀ ਰਿਪੋਰਟ ਪੇਸ਼

Digitized by Panjab Digital Library | www.panjabdigilib.org

ਕਰ ਦਿੱਤੀ। ਗੌਰਮਿੰਟ ਨੂੰ ਏਹੋ ਜੇਹੇ ਬਿਆਨ ਦੀ ਮਿੰਬਰਾਂ ਤੋਂ ਆਸ ਨਹੀਂ ਸੀ ਓਧਰ ਇਸ ਜ਼ੁਲਮ ਦੇ ਖ਼ਿਲਾਫ਼ ਐਜੀਟੇਸ਼ਨ ਸ਼ੁਰੂ ਹੋ ਗਈ। ਕੌਂਸਲ ਤੇ ਅਸੰਬਲੀ ਵਿਚ ਇਸ ਘਟਨਾ ਬਾਰੇ ਸਵਾਲ ਕੀਤੇ ਗਏ ਅਤੇ ਮੰਗ ਕੀਤੀ ਗਈ ਕਿ ਮਿੰਬਰਾਂ ਦੀ ਰਿਪੋਰਟ ਮੇਜ਼ ਉਤੇ ਰਖੀ ਜਾਏ। ਗੌਰ-ਮਿੰਟ ਕੁੜਿੱਕੀ ਵਿਚ ਫਸੀ ਹੋਈ ਸੀ। 'ਅਕਾਲੀ ਤੇ ਪ੍ਰਦੇਸੀ' ਇਸ ਸਵਾਲ ਨੂੰ ਚੌਖਟੇ ਵਿਚ ਲਾ ਕੇ ਪੇਸ਼ ਕਰ ਰਿਹਾ ਸੀ। ਆਖਰ ਗੌਰਮਿੰਟ ਨੂੰ ਮਜਬੂਰ ਹੋ ਕੇ ਇਹ ਰਿਪੋਰਟ ਕੌਂਸਲ ਦੀ ਮੇਜ਼ ਤੇ ਰੱਖਣੀ ਪਈ।[1]

ਪਰ ਗੌਰਮਿੰਟ ਨੇ ਇਹਨਾਂ ਸਰਕਾਰ-ਪਰਸਤ ਮਿੰਬਰਾਂ ਦੀ ਇਹ ਰਿਪੋਰਟ ਰੱਦ ਕਰ ਦਿੱਤੀ ਅਤੇ ਜੇਲ੍ਹ ਅਫਸਰਾਂ ਦੇ ਬਿਆਨ ਨੂੰ ਦਰੁਸਤ ਕਰਾਰ ਦਿੱਤਾ। ਇਸ ਤੇ ਅਕਾਲੀ ਤੇ ਪ੍ਰਦੇਸੀ ਨੇ ਆਪਣੇ ਛੇ ਜੂਨ ਦੇ ਅਖਬਾਰ ਵਿਚ ਇਹ ਟਿਪਣੀ ਕੀਤੀ : ਗੌਰਮਿੰਟ ਨੇ ਦੋ ਸਤਿਕਾਰ ਯੋਗ ਸ਼ਰੀਫ ਆਦਮੀਆਂ ਨੂੰ ਉਥੇ ਘਲਿਆ ਅਤੇ ਫੇਰ ਉਹਨਾਂ ਦੀ ਬੇਇਜ਼ਤੀ ਕੀਤੀ। ਇਹਨਾਂ ਦੀ ਪੜਤਾਲ ਦਾ ਨਤੀਜਾ ਇਹ ਨਿਕਲਿਆ ਹੈ ਕਿ ਅਟਕ ਜੇਲ੍ਹ ਵਿਚ ਸਖਤੀ ਅਗੇ ਨਾਲੋਂ ਜ਼ਿਆਦਾ ਹੋਣ ਲਗ ਪਈ ਹੈ ਅਤੇ ਅਫਸਰ ਸਿੱਖਾਂ ਉਤੇ ਬਦਲਾ ਲੈਣ ਦੀਆਂ ਕਾਰਵਾਈਆਂ ਕਰ ਰਹੇ ਹਨ। ਅਖਬਾਰ ਨੇ ਸੱਚ ਝੂਠ ਨਿਤਾਰਨ ਲਈ ਇਕ 'ਖੁਲ੍ਹੇ ਨਿਰਪੱਖ ਕਮਿਸ਼ਨ' ਦੀ ਮੰਗ ਕੀਤੀ।

## 6. ਬੈਂਤਾ ਦੀ ਸਜ਼ਾ

ਇਸ ਰਿਪੋਰਟ ਦੇ ਜ਼ਾਹਰ ਹੋਣ ਪਿੱਛੋਂ ਡੀ. ਸੀ. ਕਾਵਨ ਦੇ ਸੱਤੀ ਕਪੜੀਂ ਅੱਗ ਲਗ ਗਈ। ਪਹਿਲੋਂ ਹੀ ਉਸ ਨੇ ਗੌਰਮਿੰਟ ਨੂੰ ਚਿਠੀ ਲਿਖੀ ਹੋਈ ਸੀ ਕਿ ਸੁਪਰਡੰਟ ਤੋਂ 'ਬੈਂਤਿਆਣ' ਦਾ ਹੱਕ ਨਹੀਂ ਖੋਹਣਾ ਚਾਹੀਦਾ। ਉਸ ਨੂੰ ਇਸ ਚਿਠੀ ਦਾ ਗੌਰਮਿੰਟ ਵਲੋਂ ਕੋਈ ਜਵਾਬ ਨਹੀਂ ਸੀ ਆਇਆ। ਪਰ ਉਸ ਨੂੰ ਕੈਦੀਆਂ ਨੂੰ ਬੈਂਤ ਮਾਰਨ ਦੀ ਖੁਰਕ ਬੜਾ ਤੰਗ ਕਰ ਰਹੀ ਸੀ। ਉਸ ਨੇ ਗੌਰਮਿੰਟ ਦੇ ਹੁਕਮ ਦੀ ਕੋਈ ਉਡੀਕ ਨਾ ਕੀਤੀ। 4 ਜਨਵਰੀ 18 3 ਨੂੰ ਉਹ, ਪੁਲਸ ਦੇ ਸੁਪਰਡੰਟ ਨੂੰ ਨਾਲ ਲੈਕੇ, ਅਟਕ ਜੇਲ੍ਹ ਵਿਚ ਗਿਆ। ਵੇਖਿਆ ਕਿ 'ਹੁਕਮਾਂ ਦੀ ਖੁਲ੍ਹੀ ਨਾਫਰਮਾਨੀ, ਦੋਂਹ ਹਫਤਿਆਂ ਤੋਂ ਹੋ ਰਹੀ ਹੈ। ਸਮਝਾਣਾ-ਬੁਝਾਣਾ ਤੇ ਹੋਰ ਸਜ਼ਾਵਾਂ ਨਕਾਰਾ ਹੋ ਚੁਕੇ ਹਥਿਆਰ ਸਨ। ਸਥਿਤੀ 'ਗਦਰ-ਜੇਹੀ' ਹੋ ਗਈ ਸੀ। ਇਸ ਲਈ ਨੌ ਕੈਦੀਆਂ ਨੂੰ ਬੈਂਤ ਮਾਰਨ ਦੀ ਸਜ਼ਾ ਦਿਤੀ ਗਈ।"

ਬੈਂਤ ਖਾਣ ਵਾਲੇ ਸੂਰਬੀਰਾਂ ਦੇ ਨਾਮ ਇਹ ਹਨ :

1. ਸ: ਪ੍ਰੇਮ ਸਿੰਘ ਨੰਬਰਦਾਰ ਮਾੜੀ ਮੇਘਾ, ਲਾਹੌਰ
2. ਸ: ਲਾਭ ਸਿੰਘ ਚਠਿਆਂ ਵਾਲਾ ਮਾੜੀ ਮੇਘਾ, ਲਾਹੌਰ
3. ਸ: ਪੂਰਨ ਸਿੰਘ ਘਰਿੰਡੀ—ਜ਼ਿਲਾ ਅਮਰਿਤਸਰ
4. ਸ: ਮਘਰ ਸਿੰਘ ਕਸੇਲ
5. ਸ: ਜਗਤ ਸਿੰਘ ਗੁਜਰਾਂਵਾਲਾ ਜ਼ਿਲਾ
6. ਸ: ਸਮਸ਼ੇਰ ਸਿੰਘ ਜ਼ਿਲਾ ਸਿਆਲਕੋਟ

ਤਿੰਨਾਂ ਸਿੱਖਾਂ ਦੇ ਨਾਮ ਨਹੀਂ ਮਿਲੇ। ਇਕ ਤਕੀਪੁਰ ਛਾਪਾ ਜ਼ਿਲਾ ਲਾਹੌਰ ਅਤੇ ਇਕ ਜਿਹਲਮ ਦੇ ਜ਼ਿਲੇ ਦਾ ਸੀ। ਇਕ ਦਾ ਥਹੁ-ਪਤਾ ਨਹੀਂ। (ਅਕਾਲੀ ਲਹਿਰ ਦੇ ਇਤਿਹਾਸ ਵਿਚੋਂ)

---

[1] Punjab Legislative Debates—July 1922 to March 1923.
ਸਫਾ : 988—89

Digitized by Panjab Digital Library | www.panjabdigilib.org

ਇਹ ਦੂਜੀ ਦਫਾ ਸੀ ਜਦੋਂ ਅਟਕ ਜੇਲ੍ਹ ਵਿਚ ਅਕਾਲੀਆਂ ਕੈਦੀਆਂ ਦੀ ਬੜੀ ਬੇਰਹਿਮੀ ਨਾਲ ਪਿਟਾਈ-ਕੁਟਾਈ ਕੀਤੀ ਗਈ। ਇਸ ਖਬਰ ਦੀ ਤਾਰ ਸਿੰਘ ਸਭਾ ਰਾਵਲਪਿੰਡੀ ਨੇ ਵਾਈਸ-ਰਾਏ ਨੂੰ 5 ਜਨਵਰੀ ਨੂੰ ਕਲਕਤੇ ਦਿਤੀ ਜਿਸ ਵਿਚ ਲਿਖਿਆ ਸੀ :

"ਭਰੋਸੇ ਯੋਗ ਵਸੀਲੇ ਤੋਂ ਖਬਰ ਮਿਲੀ ਹੈ, ਅਟਕ ਕਿਲ੍ਹਾ ਜੇਲ੍ਹ ਦੇ 265 ਅਕਾਲੀਆਂ ਦੇ ਜ਼ਬਰਦਸਤੀ ਸਭ ਕਪੜੇ—ਕਛਿਆਂ ਸਮੇਤ ਉਤਾਰ ਲਏ ਗਏ ਹਨ। ਕੋਈ ਇਕ ਹਜ਼ਾਰ ਨੇ ਹਮਦਰਦੀ ਕਰਕੇ ਆਪਣੇ ਕਪੜੇ ਉਤਾਰ ਦਿਤੇ ਹਨ। ਲੋਹੜੇ ਦੀ ਸਰਦੀ। ਜਾਨਾਂ ਖਤਰੇ ਵਿਚ ਹਨ। ਬੜੀ ਨਰਾਜ਼ਗੀ ਪਰਗਟ ਕੀਤੀ ਜਾ ਰਹੀ ਹੈ। ਨੁਕਸਾਨ ਦੀ ਜ਼ੁਮੇਂਵਾਰ ਗੌਰਮਿੰਟ ਹੋਵੇਗੀ।

ਅਤੇ ਬੈਂਤ ਇਕ ਇਕ ਅਕਾਲੀ ਨੂੰ ਤੀਹ ਤੀਹ ਮਾਰੇ ਗਏ ਸਨ—ਕਈਆਂ ਦੇ ਬਦਨ ਵਿਚੋਂ ਲਹੂ ਦੇ ਫੁਹਾਰੇ ਛੁਟ ਪਏ ਸਨ, ਕੁਛ ਟਿਕਟਿਕੀ ਤੇ ਹੀ ਬੇਹੋਸ਼ ਹੋ ਗਏ ਸਨ। ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਨੰਬਰ 374 ਤੇ 379 ਏਲਾਨ ਕਢੇ ਸਨ ਅਤੇ ਅਕਾਲੀ ਤੇ ਪਰਦੇਸੀ ਨੇ ਜਨਵਰੀ ਵਿਚ ਕਈ ਵਾਰ ਇਸ ਉਤੇ ਗੌਰਮਿੰਟ ਦੀ ਸਖਤ ਨੁਕਤਾਚੀਨੀ ਕੀਤੀ ਸੀ।

ਅਤੇ ਕਾਵਨ ਨੇ ਚਾਰ ਜਨਵਰੀ ਦੇ ਰੋਜ਼ਨਾਮਚੇ ਵਿਚ ਲਿਖਿਆ : ਮੈਂ ਗੌਰਮਿੰਟ ਨੂੰ, ਮਹੀਨੇ ਤੋਂ ਵਧ ਅਰਸਾ ਹੋਇਆ, ਲਿਖਿਆ ਸੀ ਕਿ ਮੈਂ ਜੇਲ੍ਹਾਂ ਦੇ ਸੁਪਰੰਡੈਂਟ ਨੂੰ ਬੈਂਤਾਂ ਦੀ ਸਜ਼ਾ ਬੰਦ ਕਰਨ ਦਾ ਘੱਲਿਆ ਹੁਕਮ ਗੈਰ-ਕਾਨੂੰਨੀ ਖਿਆਲ ਕਰਦਾ ਹਾਂ। ਮੈਨੂੰ ਉਸ ਦਾ ਕੋਈ ਜਵਾਬ ਨਹੀਂ ਮਿਲਿਆ। ਮੈਂ ਇਸ ਲਈ ਮੇਜਰ ਟਰੂਟਰ ਨੂੰ ਕਹਿ ਦਿੱਤਾ ਹੈ ਕਿ ਉਸ ਨੂੰ ਜੇਲ੍ਹ ਮੈਨੂਅਲ ਅਨੁਸਾਰ ਬੈਤਾਂ ਦੀ ਸਜ਼ਾ ਦੇਣ ਦਾ ਹੱਕ ਹੈ। ਡਿਸਿਪਲਨ ਦਾ ਪਤਨ, ਪਰਤਖ ਤੌਰ ਤੇ ਦੋ ਗੈਰ-ਸਰਕਾਰੀ ਸਰਵੇਖਕਾਂ ਦੇ ਆਉਣ ਦੀ ਤਰੀਕ ਤੋਂ ਸ਼ੁਰੂ ਹੋਇਆ। ਉਹਨਾਂ ਨੂੰ ਡਿਸਿਪਲਨ ਦੀ ਕੋਈ ਸੂਝ ਨਹੀਂ ਸੀ ਪਰ ਉਹਨਾਂ ਨੇ ਇਸ ਵਿਚ ਦਖਲ ਦਿਤਾ।

ਅਤੇ ਸੁਪਰਡੈਂਟ ਜੇਲ੍ਹ ਨੇ ਇਸ ਦੀ ਪਰੋੜਤਾ ਵਿਚ ਹੋਰ ਮਸਾਲਾ ਲਾ ਕੇ ਗੌਰਮਿੰਟ ਨੂੰ ਲਿਖਿਆ : ਦੋਹਾਂ ਸਰਵੇਖਕਾਂ ਦੇ 'ਰਵਈਏ ਤੇ ਤੌਰ-ਤਰੀਕਿਆਂ' ਨੇ ਆਪਣੇ ਪਿੱਛੇ ਅਸਰ ਇਹ ਛਡਿਆ ਕਿ ਅਕਾਲੀ ਕੈਦੀ 'ਹੀਰੋ ਤੇ ਸ਼ਹੀਦ' ਹਨ—ਜੇਲ੍ਹ ਦੇ ਨਿਯਮਾਂ ਤੇ ਡਿਸਿਪਲਨ ਤੋਂ ਉਤੇ। ਉਹਨਾਂ ਨੂੰ ਜੇਲ੍ਹ ਵਿਚ ਆਪਣੀ ਮਰਜ਼ੀ ਕਰਨ ਦੀ ਆਜ਼ਾਦੀ ਹੈ। ਇਸ ਜੇਲ੍ਹ ਵਿਚ ਦੂਜੀਆਂ ਜੇਲ੍ਹਾਂ ਵਾਲੀਆਂ ਸਜ਼ਾਵਾਂ—ਜਿਵੇਂ ਕਿ ਤਨਹਾਈ ਕੋਠੀ-ਬੰਦੀ, ਸਜ਼ਾਵਾਲੀ ਖੁਰਾਕ ਵਗੈਰਾ, ਜਾਂ ਖੂਹ ਗੇੜਨਾ ਆਟਾ ਪੀਹਣਾ ਵਗੈਰਾ—ਇਹਨਾਂ ਨਿਕੰਮੇ, ਢਿਡ-ਭਰੇ ਲੜਾਕੇ ਕੈਦੀਆਂ ਲਈ ਮੁਹੱਈਆ ਨਹੀਂ ਹਨ। 'ਗਦਰੀ ਚਲਨ' ਨੂੰ ਰੋਕਣ ਲਈ ਬੈਤਾਂ ਦੀ ਸਜ਼ਾ ਹੀ ਇਕ ਜ਼ੁਰਮ-ਰੋਕਵਾਂ ਹਥਿਆਰ ਹੈ ਜਿਹੜਾ ਕਿ ਸੁਪਰਡੰਟ ਕੋਲੋਂ ਹੁਕਮਨ ਖੋਹ ਲਿਆ ਗਿਆ ਹੈ।

ਹਿੰਦ ਗੌਰਮਿੰਟ ਨੇ ਮਾਰਚ 1922 ਵਿਚ ਇਕ ਹੁਕਮ ਜਾਰੀ ਕੀਤਾ ਸੀ ਜਿਸ ਰਾਹੀਂ ਹਦਾਇਤ ਕੀਤੀ ਗਈ ਸੀ ਕਿ ਮੁਕਾਮੀ ਸਰਕਾਰ ਤੋਂ ਪਹਿਲੋਂ ਆਗਿਆ ਲਏ ਬਗੈਰ ਜੇਲ੍ਹਾਂ ਦੇ ਆਈ. ਜੀ. ਅਤੇ ਡਿਸਟਰਿਕਟ ਮੈਜਿਸਟਰੇਟ ਬੈਤਾਂ ਦੀ ਸਜ਼ਾ ਦੀ ਵਰਤੋਂ ਨਾ ਕਰਨ। ਕਾਵਨ ਨੇ ਇਹ ਹੁਕਮ 'ਗੈਰ-ਕਾਨੂੰਨੀ' ਆਖਕੇ ਤੋੜਿਆ[1] ਸੀ—ਇਕ ਵਾਰ ਨਹੀਂ ਦੋ ਵਾਰ। ਅਤੇ ਕੇਂਦਰੀ

[1] Demi-Official Letter 10 8398—Political Dated 3rd March 1922.

Digitized by Panjab Digital Library | www.panjabdigilib.org

ਸਰਕਾਰ ਦੇ ਸਕਤਰੇਤ ਦੀ ਇਸ ਤੇ ਟਿਪਣੀ ਇਹ ਸੀ : ਸੰਭਵ ਹੈ ਕਿ ਅਕਾਲੀ ਕੈਦੀਆਂ ਨੂੰ ਬੈਤਾਂ ਦੀ ਇਹ ਸਜ਼ਾ ਵਡੀ ਚਰਚਾ ਨੂੰ ਜਨਮ ਦੇਵੇ । ਹੇਲੀ ਦੀ ਰਾਏ ਸੀ ਕਿ 'ਜਿਥੋਂ ਤਕ ਸੰਭਵ ਹੋਵੇ, ਬੈਂਤ ਵਰਤਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ । ਜੇਲ੍ਹ ਡਿਸਿਪਲਨ ਨਾਲੋਂ ਹੋਰ ਵਧੇਰੇ ਮਹੱਤਵ-ਪੂਰਣ ਚੀਜ਼ਾਂ ਹਨ ।' ਗਵਿਨ ਦਾ ਕਹਿਣਾ ਸੀ ਕਿ ਡੀ. ਸੀ. ਵਧੇਰੇ ਸੂਝ ਤੋਂ ਕੰਮ ਲੈਂਦਾ ਜੇ ਉਹ ਗੌਰਮਿੰਟ ਪੰਜਾਬ ਦੀ ਕਾਨੂੰਨੀ ਪੁਜ਼ੀਸ਼ਨ ਉਤੇ ਕਿੰਤੂ ਕਰਨ ਦੀ ਥਾਂ ਕੁਛ ਕੈਦੀਆਂ ਨੂੰ ਬੈਂਤ ਮਾਰਨ ਦੀ ਆਗਿਆ ਮੰਗ ਲੈਂਦਾ । ਅਤੇ ਹੋਮ ਸੱਕਤਰ ਕਾਰੀਗਾਰ ਨੇ ਉਸ ਨੂੰ 'ਬੇਕਾਇਦਗੀ ਦਾ ਕਸੂਰਵਾਰ' ਠਹਿਰਾਇਆ ਅਤੇ ਵਰਤਮਾਨ ਹਾਲਾਤ ਦੀ ਦਲੀਲ ਲਿਆ ਕੇ ਬੇਕਾਇਦਗੀ ਦੇ ਮੁਆਫ ਕਰ ਦੇਣ ਦੀ ਰਾਏ ਦਿਤੀ । ਡੀ. ਸੀ. ਨੂੰ ਕੋਈ ਸਜ਼ਾ ਨਾ ਦਿਤੀ ਗਈ । ਸਕੱਤਰੇਤ ਦੇ ਅਫਸਰ ਥਲੇ ਦੇ ਹਾਕਮਾਂ ਦੀਆਂ ਹੁਕਮ ਅਦੂਲੀਆਂ ਉਤੇ ਮੰਡਾ ਮੰਡਾ ਪਾਉਣ ਦੇ ਬੜੇ ਮਾਹਰ ਸਨ । ਅਤੇ ਗਵਰਨਰ ਨੇ ਇਹ ਵੀ ਫੈਸਲਾ ਕੀਤਾ ਸੀ ਕਿ ਇਹ ਚਿਠੀ ਕੌਂਸਲ ਵਿਚ ਪੇਸ਼ ਨਾ ਕੀਤੀ ਜਾਵੇ ।[1]

ਡੀ. ਸੀ. ਤੇ ਜੇਲ੍ਹ ਸੁਪਰਡੰਟ ਦੇ ਇਸ ਅਕਾਲੀ-ਦੁਸ਼ਮਣ ਰਵੱਈਏ ਤੋਂ ਸਮਝਿਆ ਜਾ ਸਕਦਾ ਹੈ ਕਿ ਅਕਾਲੀ ਕੈਦੀਆਂ ਨਾਲ ਅਟਕ ਜੇਲ੍ਹ ਵਿਚ ਕੀ ਬੀਤੀ ਵਰਤੀ ਹੋਵੇਗੀ । ਇਸ ਅੰਨ੍ਹੇ ਤੇ ਬੇਰਹਿਮ ਕੁਟਾਪੇ ਦਾ ਮਕਸਦ ਇਹੋ ਹੋ ਸਕਦਾ ਸੀ ਕਿ ਅਕਾਲੀ ਕੈਦੀਆਂ ਨੂੰ ਸਪੱਸ਼ਟ ਕੀਤਾ ਜਾਵੇ ਕਿ ਉਹਨਾਂ ਦੀਆਂ ਜਾਨਾਂ ਇਹਨਾਂ ਦੇ ਹੱਥ ਵਿਚ ਸਨ । ਇਹ ਉਹਨਾਂ ਦੀਆਂ ਜ਼ਿੰਦਗੀਆਂ ਨਾਲ ਜਿਵੇਂ ਚਾਹੁਣ ਖੇਡ ਸਕਦੇ ਸਨ, ਵਿਜ਼ਿਟਰ ਭਾਵੇਂ ਬਾਹਰ ਜਾ ਕੇ ਏਥੋਂ ਦੀ ਹਾਲਤ ਬਾਰੇ ਕੋਈ ਰਿਪੋਰਟਾਂ ਕਰਦੇ ਫਿਰਨ ਇਹਨਾਂ ਦਾ ਕੁਛ ਨਹੀਂ ਵਿਗਾੜ ਸਕਦੇ । ਬਚਣ ਦਾ ਇਕੋ ਰਾਹ ਮੁਆਫੀ ਹੈ ।

ਬੜਾ ਸਖਤ ਤੇ ਕਠਨ ਇਮਤਿਹਾਨ ਸੀ ਪਰ ਅਕਾਲੀ ਕੈਦੀ ਡਟੇ ਰਹੇ ਅਤੇ ਬਰਿਟਿਸ਼ ਹਾਕਮਾਂ ਦੇ ਸਾਰੇ ਖੂੰਖਾਰ ਵਾਰ ਸਿਰ ਤੇ ਝਲਦੇ ਰਹੇ । ਮੁਆਫੀਆਂ ਮੰਗਵਾਣ ਦੀ ਪਾਲਿਸੀ ਕਾਮਯਾਬ ਨਾ ਹੋ ਸਕੀ ।

ਤੀਜੀ ਮੁਲਤਾਨ ਜੇਲ੍ਹ (ਜ਼ਿਲਾ) ਸੀ ਜਿਥੇ ਅਕਾਲੀਆਂ ਦੀ ਚੰਗੀ ਤਰ੍ਹਾਂ ਛਿੱਲ ਲਾਹੀ ਗਈ । ਇਸ ਜੇਲ੍ਹ ਵਿਚ ਮਿੰਟਗੁਮਰੀ ਕੈਂਪ ਜੇਲ੍ਹ ਦੇ (ਟੁਟ ਜਾਣ ਤੇ) ਸਭ ਕੈਦੀ ਤਬਦੀਲ ਹੋਕੇ ਆ ਗਏ ਸਨ । ਅੱਟਕ ਜੇਲ ਦਾ ਦਰੋਗਾ ਗੋਕਲ ਚੰਦ ਉਚੇਚੇ ਤੌਰ ਤੇ ਏਥੇ ਘਲਿਆ ਗਿਆ ਸੀ ਤਾਂ ਜੁ ਉਹ ਅਟਕ ਜੇਲ੍ਹ ਵਾਂਗ ਏਥੇ ਵੀ ਅਕਾਲੀ ਕੈਦੀਆਂ ਦੀ ਚੰਗੀ ਤਰ੍ਹਾਂ ਖੱਲ ਲਾਹੇ । ਇਹ ਬੜਾ ਜ਼ਾਲਮ ਦਰੋਗਾ ਸੀ; ਮੁੱਛਾਂ ਨੂੰ ਤਾਅ ਦੇ ਕੇ ਰਖਦਾ ਸੀ ਅਤੇ ਬਾਂਹ ਵਿਚ ਖੂੰਡੀ ਪਾਕੇ ਅੰਦਰ ਜਾਂਦਾ ਸੀ । ਅਕਾਲੀਆਂ ਦੀ ਚਮੜੀ ਉਧੇੜਣ ਦੇ ਇਨਾਮ ਵਜੋਂ ਉਹਨੂੰ 'ਰਾਇ ਸਾਹਿਬ' ਦਾ ਖਿਤਾਬ ਮਿਲ ਗਿਆ ਸੀ ।

## 7. ਮੁਲਤਾਨ ਜੇਲ੍ਹ ਦਾ ਕੁਟਾਪਾ

11 ਜਨਵਰੀ 1923 ਨੂੰ ਕੈਂਪ ਜੇਲ੍ਹ ਮਿੰਟਗੁਮਰੀ ਤੋੜ ਦਿਤੀ ਗਈ ਕਿਉ ਕਿ ਇਸ ਜੇਲ੍ਹ ਦੀ ਹਾਲਤ ਬੜੀ ਭੈੜੀ ਸੀ । ਵੱਧ ਜਾਂ ਘੱਟ, 5 ਸੌ ਅਕਾਲੀ ਏਥੇ ਤਾਰਾਂ ਦੇ ਵੱਲਗਣ ਵਿਚ ਡੱਕ ਕੇ ਰਖੇ ਹੋਏ ਸਨ । ਖਾਣਾ ਭੈੜਾ, ਹਸਪਤਾਲ ਦਾ ਪ੍ਰਬੰਧ ਨਾਕਸ, ਬਾਰਸ਼ਾਂ ਵਿਚ

[1] Some notes from a Copy of a Letter No. 11 dated 4th Jan. 1923.

Digitized by Panjab Digital Library | www.panjabdigilib.org

ਤੰਬੂਆਂ ਅੰਦਰ ਪਾਣੀ ਆ ਜਾਂਦਾ ਸੀ, ਬੈਰਕਾਂ ਚੋਂਦੀਆਂ ਸਨ, ਸੱਪ ਤੇ ਅਠੂਹੇ[1] ਕੈਂਪਾਂ ਵਿਚ ਆਣ ਵੜਦੇ ਸਨ। ਹਨੇਰੀ ਚਲਣ ਨਾਲ ਬਿਸਤਰੇ ਮਿੱਟੀ ਨਾਲ ਭਰ ਜਾਂਦੇ ਸਨ। ਸੁਧਾਰ ਲਈ ਬੜੀ ਐਜੀਟੇਸ਼ਨ ਹੋਈ। ਇਕ ਵੇਲੇ ਦਾ ਖਾਣਾ ਖਾਣਾ ਵੀ, ਪਰੋਟੈਸਟ ਵਜੋਂ, ਬੰਦ ਕੀਤਾ ਗਿਆ, ਪਰ ਇਲਾਜ ਦੀ ਥਾਂ ਗੌਰਮਿੰਟ ਨੇ ਜੇਲ ਤੋੜ ਦਿਤੀ ਅਤੇ ਸਪੈਸ਼ਲ ਗੱਡੀ ਰਾਹੀਂ ਸਾਰੇ ਕੈਦੀ ਮੁਲਤਾਨ ਜ਼ਿਲਾ ਜੇਲ ਨੂੰ ਤੋਰ ਦਿਤੇ।

ਮਿੰਟਗੁਮਰੀ ਕੈਂਪ ਜੇਲ ਦੇ ਕੈਦੀਆਂ ਨੂੰ ਲਿਆਉਣ ਵਾਲੀ ਸਪੈਸ਼ਲ ਟਰੇਨ ਦੇ ਚੁਣੇ ਗਏ ਡਿਕਟੇਟਰ ਸਨ : ਈਸ਼ਰ ਸਿੰਘ ਮਰਹਾਣਾ, ਵਧਾਵਾ ਸਿੰਘ ਭੇਤੀ ਅਤੇ ਭਾਗ ਸਿੰਘ ਸਿਆਲਕੋਟ। ਗੱਡੀ ਦੇ ਮੁਲਤਾਨ ਸਟੇਸ਼ਨ ਤੇ ਪਹੁੰਚਦਿਆਂ ਹੀ ਪੁਲਸ ਅਫਸਰ ਤਿੰਨਾਂ ਨੂੰ ਹੀ ਉਤਾਰ ਕੇ ਕਿਤੇ ਲੈ ਗਏ। ਉਹ ਜਾਂਦੇ ਹੋਏ ਸੋਹਨ ਸਿੰਘ ਜੋਸ਼ ਨੂੰ ਡਿਕਟੇਟਰ ਥਾਪ ਗਏ। ਸਟੇਸ਼ਨ ਤੇ ਉਤਰਦਿਆਂ ਹੀ ਰੱਫੜ ਪੈ ਗਿਆ। ਮੰਗ ਇਹ ਸੀ ਕਿ ਪਹਿਲੋਂ ਟਰੇਨ ਦੇ ਡਿਕਟੇਟਰਾਂ ਨੂੰ ਵਿਖਾਇਆ ਜਾਵੇ—ਸਾਰੇ ਕੈਦੀ ਫੇਰ ਏਥੋਂ ਜੇਲ੍ਹ ਜਾਣਗੇ ਨਹੀਂ ਤਾਂ ਨਹੀਂ। ਬੜਾ ਝਗੜਾ ਹੋਇਆ। ਆਖਰ ਅਫਸਰਾਂ ਨੂੰ ਝੁਕਣਾ ਪਿਆ। ਕੈਦੀਆਂ ਦੇ ਨੁਮਾਇੰਦੇ ਉਹਨਾਂ ਨੂੰ ਵੇਖਕੇ ਆਏ, ਫੇਰ ਜੇਲ ਜਾਣ ਦੀ ਗੱਲ ਸ਼ੁਰੂ ਹੋਈ।

ਹੁਣ ਝਗੜਾ ਪੈਦਲ ਤੁਰ ਕੇ ਜਾਣ ਦਾ ਚਲ ਪਿਆ। ਜੇਲ੍ਹ ਸਟੇਸ਼ਨ ਤੋਂ, ਵੱਧ ਜਾਂ ਘੱਟ, ਦੋ ਮੀਲ ਹੈ। ਪੈਰੀਂ ਬੇੜੀਆਂ, ਕੋਲ ਰਸਤੇ ਦਾ ਸਾਮਾਨ—ਫੈਸਲਾ ਟਾਂਗਿਆਂ ਵਿਚ ਜਾਣ ਦਾ ਕੀਤਾ ਗਿਆ—ਤੁਰ ਕੇ ਜਾਣਾ ਮੁਸ਼ਕਲ ਸੀ। ਪੁਲਸ ਵਾਲਿਆਂ ਨੂੰ ਟਾਂਗੇ ਤੇ ਰੇੜ੍ਹੇ ਲਿਆਉਣੇ ਪਏ। ਤਿਰ-ਕਾਲਾਂ ਕੁ ਵੇਲੇ ਸਾਰੇ ਕੈਦੀ ਜੇਲ੍ਹ ਨੇ ਹੜਪ ਲਏ, ਪਰ ਪੁਲਸ ਅਫਸਰਾਂ ਨੇ ਆਪਣੀ ਹੁਕਮ-ਅਦੂਲੀ ਦੀ ਗੱਲ ਆਪਣੇ ਦਿਲਾਂ ਵਿਚ ਰਖੀ ਅਤੇ ਜੇਲ੍ਹ ਵਾਲਿਆਂ ਨਾਲ ਮਿਲਕੇ ਮੌਕੇ ਦੀ ਤਾੜ ਵਿਚ ਰਹੇ।

ਇਹ ਮੌਕਿਆ ਉਹਨਾਂ ਨੂੰ ਛੇਤੀ ਹੀ ਮਿਲ ਗਿਆ। ਜੇਲ ਵਿਚ ਅਲਾਰਮ ਹੋਣ ਤੇ ਉਹ ਅੰਦਰ ਆ ਗਏ ਅਤੇ ਉਹਨਾਂ ਨੇ ਆਗੂਆਂ ਨੂੰ ਕੁਟਣ ਵਲ ਖਾਸ ਧਿਆਨ ਦਿਤਾ। ਅਤੇ ਇਹਨਾਂ ਨੂੰ ਫੜ ਫੜ, ਘਸੀਟ ਘਸੀਟ, ਸੈਲਾਂ ਵਿਚ ਵਗਾਹ ਮਾਰਿਆ ਅਤੇ ਤਾਲੇ ਬੰਦ ਕਰਕੇ ਚਲੇ ਗਏ। ਬਾਕੀਆਂ ਦੀ ਵੀ ਏਸੇ ਤਰ੍ਹਾਂ ਖੂਬ ਗਤ ਬਣਾਈ ਗਈ। ਝਗੜਾ ਜੈਕਾਰੇ ਛਡਣ ਤੇ ਤੰਬੂਆਂ ਵਿਚ ਰਹਿਣ ਤੋਂ ਹੋਇਆ ਸੀ।

ਇਸ ਬਾਰੇ ਸਰਕਾਰੀ ਰਿਪੋਰਟ ਵਿਚ ਦਰਜ ਹੈ : "ਮੁਲਤਾਨ ਜ਼ਿਲਾ ਜੇਲ ਵਿਚ ਅਕਾਲੀ ਕੈਦੀ ਬੜਾ ਦੁਖ ਦੇ ਰਹੇ ਸਨ। ਨੇੜਲੇ ਮੌਕੇ ਤੇ ਹੀ 50 ਅਕਾਲੀਆਂ ਨੂੰ ਇਕ ਕੈਂਪ ਵਿਚੋਂ ਦੂਜੇ ਕੈਂਪ ਵਿਚ ਤਬਦੀਲ ਕਰਨਾ ਜ਼ਰੂਰੀ ਸੀ। ਉਹਨਾਂ ਨੇ ਜਾਣ ਤੋਂ ਇਨਕਾਰ ਕਰ ਦਿਤਾ ਅਤੇ ਉਹਨਾਂ ਨੂੰ ਜਿਸਮਾਨੀ ਤੌਰ ਤੇ ਚੁੱਕ ਚੁੱਕ ਕੇ ਖੜਨਾ ਪਿਆ। ਲੜਾਈ ਰੋਕਣ ਲਈ ਪੁਲਸ ਦੀ ਪਾਰਟੀ ਨੂੰ ਤਿਆਰ ਬਰ ਤਿਆਰ ਰਖਿਆ ਗਿਆ।"[2] ਜਿਸ ਦੇ ਅਰਥ ਇਹ ਹਨ ਕਿ

[1] "ਗਰਮੀਆਂ ਦੇ ਦਿਨ ਸਨ। ਅਚਾਨਕ ਹੀ ਤੰਬੂ ਦੀ ਉਪਰਲੀ ਚੋਬ ਤੋਂ ਸ: ਸੋਹਨ ਸਿੰਘ ਜੋਸ਼ ਦੀ ਛਾਤੀ ਉਤੇ ਤਕੜਾ ਲੰਮਾ ਸੱਪ ਡਿਗ ਪਿਆ। ਅਸੀਂ ਸਾਰੇ ਏਧਰ ਓਧਰ ਦੌੜਨ ਲਗ ਪਏ। ਸੱਪ ਕੰਬਲ ਵਿਚ ਵੜ ਗਿਆ......ਛੇਤੀ ਹੀ ਮਾਰ ਦਿਤਾ ਗਿਆ।" ਅਰਜਨ ਸਿੰਘ ਗੜਗਜ: 'ਮੇਰਾ ਆਪਣਾ ਆਪ' ਸਫਾ 45

[2] File no. 25, Political 1923, month February.

Digitized by Panjab Digital Library | www.panjabdigilib.org

ਪੁਲਸ ਵਲੋਂ ਅਕਾਲੀਆਂ ਨੂੰ ਧੂਹ ਧੂਹ, ਕੁੱਟ ਕੁੱਟ, ਘਸੀਟ ਘਸੀਟ ਚੱਕੀਆਂ ਵਿਚ ਬਾਹਰੋਂ, ਹੁਲਾਰਾ ਦੇ ਕੇ, ਵਗਾਹ ਮਾਰਿਆ ਗਿਆ ਅਤੇ ਸੈਲਾਂ ਵਿਚ ਬੰਦ ਕੀਤਾ ਗਿਆ।

ਅਕਾਲੀ ਜੈਕਾਰੇ ਗਜਾਣੋਂ ਨਹੀ ਸਨ ਹਟਦੇ ਤੇ ਜੇਲ੍ਹ ਵਾਲੇ ਕੁੱਟਣੋਂ ਨਹੀਂ ਸਨ ਹਟਦੇ। ਏਥੇ ਦੋ ਤਰੀਕੇ ਤਸੀਹੇ ਦੇਣ ਦੇ ਵਰਤੇ ਜਾਂਦੇ ਸਨ। ਇਕ: ਕਾਲੀ ਤੇ ਖੱਟੀ ਵਰਦੀ ਵਾਲੇ ਨੰਬਰਦਾਰਾਂ ਦੀ ਹੇੜ੍ਹ ਸੈਲ ਵਿਚ ਆ ਵੜਦੀ ਸੀ ਅਤੇ ਹੱਥ ਵਿਚ ਚੱਕੀ ਦਾ ਹੱਥਾ ਫੜਾ ਕੇ ਅਠਾਰਾਂ ਅਠਾਰਾਂ ਸੇਰ ਪੱਕੇ ਦਾਣੇ ਪੀਹਣ ਲਈ ਮਜਬੂਰ ਕਰਦੀ ਸੀ। ਅਠਾਰਾਂ ਸੇਰ ਦਾਣੇ ਕਿਸੇ ਕੋਲੋਂ ਨਹੀਂ ਸਨ ਪੀਸਦੇ, ਇਸ ਲਈ ਰੋਜ਼ ਇਹਨਾਂ ਦੇ ਘਸੁੰਨ, ਮੁੱਕੇ, ਠੁੱਡੇ ਜੇਲ੍ਹ ਦਾ ਸੁਆਦ ਚਖਾ ਜਾਂਦੇ ਸਨ। ਦੂਜੇ: ਜੈਕਾਰੇ ਬੰਦ ਕਰਾਉਣ ਲਈ ਉਹਨਾਂ ਨੇ ਸੈਲਾਂ ਵਿਚੋਂ ਕਢ ਕੇ, ਮਾਰ-ਕੁੱਟ ਕੇ ਬਾਰਕਾਂ ਦੇ ਇਕੱਠੇ ਹੋਏ ਗੰਦੇ ਪਾਣੀ ਦੇ ਟੋਏ ਵਿਚ ਲੱਤਾਂ ਤੋਂ ਫੜ ਕੇ ਸਿਰ ਡੋਬ ਦੇਂਦੇ ਅਤੇ ਜਦੋਂ ਕੈਦੀ ਬੇਹੋਸ਼ ਹੋ ਜਾਂਦਾ ਤਾਂ ਵਾਪਸ ਲਿਆ ਕੇ, ਸੈਲ ਵਿਚ ਬੰਦ ਕਰ ਕੇ, ਦੂਜੇ ਕੈਦੀ ਨਾਲ ਇਹੋ ਹਾਲ ਕਰਦੇ। ਕੈਦੀ ਹੋਸ਼ ਵਿਚ ਆ ਕੇ ਅਰਦਾਸ ਪਿਛੋਂ ਫੇਰ ਜੈਕਾਰੇ ਲਾਉਣ ਲਗ ਪੈਂਦੇ। ਤਸੀਹੇ ਦੇਣ ਦਾ ਇਹ ਬੜਾ ਜ਼ਾਲਮਾਨਾ ਤਰੀਕਾ ਸੀ।

ਬੇੜੀਆਂ, ਡੰਡਾ-ਬੇੜੀਆਂ, ਖੜੀਆਂ ਹਥਕੜੀਆਂ ਤਾਂ ਮਾਮੂਲੀ ਗੱਲਾਂ ਸਨ ਜਿਹੜੀਆਂ ਮੁੰਜ ਕੁੱਟਣ ਜਾਂ ਦਾਣੇ ਪੀਹਣ ਦੀ ਮੁਸ਼ੱਕਤ ਪੂਰੀ ਨਾ ਹੋਣ ਦੇ ਕਾਰਣ ਲੱਗਦੀਆਂ ਹੀ ਰਹਿੰਦੀਆਂ ਸਨ। ਸਭ ਤੋਂ ਔਖਾ ਨੰਬਰਦਾਰਾਂ ਦਾ ਕੁਟਾਪਾ ਸੀ: ਪਰ ਇਸ ਤੋਂ ਵੀ ਦੁਖਦਾਈ ਗੰਦੇ ਪਾਣੀ ਵਿਚ ਡੋਬ ਡੋਬ ਬੇਹੋਸ਼ ਕਰਨਾ ਸੀ। ਉਪਰੰਤ ਹਰ ਦੂਜੇ ਦਿਨ ਗੋਕਲ ਚੰਦ ਖੁੰਡੀ ਭੜਕਾਈ ਆ ਜਾਂਦਾ ਤੇ ਪੁੱਛਦਾ ਸੀ: ਸੁਣਾਓ; ਜੋਸ਼ ਅਜੇ ਠੰਡਾ ਹੋਇਆ ਏ ਕਿ ਨਹੀਂ? ਫਿਕਰ ਦੀ ਗੱਲ ਨਹੀਂ ਠੰਡਾ ਠਾਰ ਕਰ ਕੇ ਘੱਲਾਂਗਾ।

ਇਸ ਜ਼ੁਲਮ ਦੀ ਬਾਹਰ ਹਾਲ-ਦੁਹਾਈ ਮਚ ਗਈ। ਸ: ਸੰਗਤ ਸਿੰਘ ਨੇ ਕੌਂਸਲ ਵਿਚ ਕੈਦੀਆਂ ਦੇ ਗੰਦੇ ਪਾਣੀ ਵਿਚ ਡੋਬਣ ਬਾਰੇ ਕਈ ਸਵਾਲ ਕੀਤੇ। ਉਸ ਦੇ ਸਵਾਲਾਂ ਵਿਚ ਗਿਆਨੀ ਜੈ ਸਿੰਘ, ਸ: ਗੱਜਾ ਸਿੰਘ ਵਗੈਰਾ ਦੇ ਨਾਮਾਂ ਦਾ ਜ਼ਿਕਰ ਸੀ।[1] ਇਹਨਾਂ ਤੋਂ ਛੁਟ ਕਈ ਹੋਰ ਏਸੇ ਤਰ੍ਹਾਂ ਡੋਬੇ ਗਏ ਸਨ। ਜਿਨ੍ਹਾਂ ਵਿਚ ਹਰਦਿਤ ਸਿੰਘ ਭੱਠਲ (ਉਸ ਵੇਲੇ ਦਾ ਧਰਤੀ ਧਕੇਲ ਸਿੰਘ) ਤੇ ਦੋ ਤਿੰਨ ਹੋਰ ਸਨ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਵਲੋਂ ਇਸ ਜ਼ੁਲਮ ਦੇ ਖਿਲਾਫ ਮੁਲਤਾਨ ਵਿਚ ਬਹੁਤ ਵਡੀ ਕਾਨਫਰੰਸ ਕੀਤੀ ਗਈ ਸੀ ਅਤੇ ਜ਼ੁਲਮਾਂ ਨੂੰ ਨੰਗਾ ਕਰਨ ਪਿਛੋਂ ਜੇਲ ਦੇ ਜ਼ੁਲਮਾਂ ਦੀ ਪੜਤਾਲ ਦੀ ਮੰਗ ਕੀਤੀ ਸੀ। ਪਰ ਗੌਰਮਿੰਟ ਨੇ ਪੜਤਾਲ ਕਰਾਣ ਤੋਂ ਇਹ ਆਖ ਕੇ ਸਾਫ ਇਨਕਾਰ ਕਰ ਦਿਤਾ ਸੀ ਕਿ "ਉਚੇਚੇ ਕਾਰਣਾਂ ਦੀ ਅਣਹੋਂਦ" ਦੇ ਕਾਰਣ ਗੌਰਮਿੰਟ ਪੜਤਾਲ ਕਰਾਣ ਲਈ ਤਿਆਰ ਨਹੀਂ।[1] ਗੌਰਮਿੰਟ ਨੇ ਅਟਕ ਜੇਲ ਦੀ ਪੜਤਾਲ ਪਿਛੋਂ ਸਬਕ ਸਿੱਖ ਲਿਆ ਸੀ। ਇਸ ਵੇਲੇ ਮਾਰ ਕੁਟ ਉਸ ਦੀ ਪਾਲਿਸੀ ਨੂੰ ਅਮਲ ਵਿਚ ਲਿਆਉਣ ਲਈ ਕੀਤੀ ਜਾ ਰਹੀ ਸੀ। ਇਸ ਲਈ ਗੌਰਮਿੰਟ ਆਪਣੇ ਗੁਨਾਹਾਂ ਦੀ ਪੜਤਾਲ ਕਰਾਕੇ ਹੋਰ ਨਸ਼ਰ ਨਹੀਂ ਸੀ ਹੋਣਾ ਚਾਹੁੰਦੀ।

---

[1] ਪੰਜਾਬ ਲੈਜਿਸਲੇਟਿਵ ਕੌਂਸਲ ਡੀਬੇਟਸ: 20 ਅਕਤੂਬਰ 1923, ਸੰਗਤ ਸਿੰਘ ਦੇ ਸਵਾਲ ਤੇ ਜੌਹਨ ਮੇਨਾਰਡ ਦਾ ਜਵਾਬ।

Digitized by Panjab Digital Library | www.panjabdigilib.org

## 7. ਸ: ਖੜਕ ਸਿੰਘ ਉਤੇ ਕਰੋਪੀ

ਗੌਰਮਿੰਟ ਨੇ ਤਾੜ ਲਿਆ ਸੀ ਕਿ ਬਰਿਟਿਸ਼ ਰਾਜ ਦਾ ਸਭ ਤੋਂ ਵਡਾ ਦੁਸ਼ਮਣ ਸ. ਖੜਕ ਸਿੰਘ ਹੈ। ਅਤੇ ਇਹ ਦਿਨੋ ਦਿਨ ਸਿਖਾਂ ਦਾ ਸਭ ਤੋਂ ਸਿਰ-ਕਢਵਾਂ ਆਗੂ ਬਣਦਾ ਜਾਂਦਾ ਹੈ। ਬਰਿਟਿਸ਼ ਰਾਜ ਨੂੰ, ਆਉਣ ਵਾਲੇ ਦਿਨਾਂ ਵਿਚ, ਇਸ ਦੀ ਹਰਮਨ-ਪਿਆਰਤਾ ਤੋਂ ਸਖਤ ਖਤਰਾ ਪੈਦਾ ਹੋ ਸਕਦਾ ਹੈ। ਉਸ ਵੇਲੇ ਹੀ ਉਸ ਨੇ ਚਾਬੀਆਂ ਦਰਬਾਰ ਸਾਹਿਬ ਦੇ ਅੰਦਰ ਆ ਕੇ ਦੇਣ ਦੀ ਜ਼ਿਦ ਕਰਕੇ ਗੌਰਮਿੰਟ ਦੀ ਸਾਖ ਨੂੰ ਸੱਟ ਮਾਰੀ ਸੀ ਅਤੇ ਪੰਡਤ ਦੀਨਾ ਨਾਥ ਨੂੰ ਛੁਡਾਣ ਲਈ ਧਮਕੀਆਂ ਦਿਤੀਆਂ ਸਨ। ਜੇ ਇਸ ਨੂੰ ਲਾਂਭੇ ਨਾ ਕੀਤਾ ਗਿਆ ਤਾਂ ਹਾਲਾਤ ਹੋਰ ਵਿਗੜ ਜਾਣ ਦਾ ਖਦਸ਼ਾ ਹੈ।

ਅਫਸਰਸ਼ਾਹੀ ਦੇ ਸਰਦਾਰ ਜੀ ਦੇ ਸਖਤ ਖਿਲਾਫ ਹੋਣ ਦੇ ਤਿੰਨ ਮੁਖ ਕਾਰਣ ਸਨ: ਇਕ, ਉਹਨਾਂ ਦਾ ਅਦਾਲਤ ਸਾਮ੍ਹਣੇ ਇਹ ਬਿਆਨ ਕਿ "ਮੇਰੀ ਪੁਜ਼ੀਸ਼ਨ, ਸਿੱਖ ਪੰਥ ਦਾ ਪਰਧਾਨ ਹੋਣ ਦੀ ਹੈਸੀਅਤ ਵਿਚ ਅਮਰੀਕਾ, ਫਰਾਂਸ ਤੇ ਜਰਮਨੀ ਦੇ ਪ੍ਰੈਜ਼ੀਡੈਂਟ ਵਰਗੀ ਹੈ।" ਜੇ ਉਹ ਇਹ ਕਹਿਕੇ—"ਇਸ ਮੁਕੱਦਮੇ ਵਿਚ ਗੌਰਮਿੰਟ ਇਕ ਧੜਾ ਹੈ, ਜੱਜ ਉਸ ਦਾ ਇਕ ਨੌਕਰ ਹੈ। ਇਸ ਲਈ ਮੈਂ ਕਿਸੇ ਕਿਸਮ ਦਾ ਬਿਆਨ ਦੇਣੋਂ ਇਨਕਾਰ ਕਰਦਾ ਹਾਂ"—ਹੀ ਬਸ ਕਰ ਦੇਂਦੇ, ਤਾਂ ਗੌਰਮਿੰਟ ਨੇ ਸਰਦਾਰ ਜੀ ਦੇ ਬਾਹਲਾ ਸਿਰ ਨਹੀਂ ਸੀ ਹੋਣਾ ਕਿਉਂਕਿ ਉਸ ਵੇਲੇ ਦੇ ਵਾਤਾਵਰਣ ਵਿਚ ਏਹੋ ਜੇਹੇ ਸ਼ਬਦ ਅਦਾਲਤਾਂ ਵਿਚ ਆਮ ਵਰਤੇ ਜਾਂਦੇ ਸਨ। ਪਰ ਸਿੱਖ ਪੰਥ ਦੇ ਜਾਂ ਕਾਂਗਰਸ ਦੇ ਪਰਧਾਨ ਦੀ ਹੈਸੀਅਤ ਨੂੰ ਆਜ਼ਾਦ ਦੇਸ਼ਾਂ ਦੇ ਪ੍ਰੈਜ਼ੀਡੈਂਟਾਂ ਨਾਲ ਤੁਲਨਾ ਦੇਣਾ ਅਣ-ਜੁਖਵੀਂ ਤੇ ਵਧੋਤਕ ਗੱਲ ਸੀ ਜਿਹੜੀ ਉਸ ਵੇਲੇ ਬਾਹਰ ਜਾਂ ਅਦਾਲਤ ਵਿਚ ਕਹਿਣੀ ਉਹਨਾਂ ਦੀ ਜੁਰਅਤ ਦੀ ਲਖਾਇਕ ਸੀ। ਪਹਿਲੋਂ ਹੀ ਸ਼ੱਕੀ ਗੌਰਮਿੰਟ ਨੇ ਜੇ ਇਸ ਦੇ ਅਰਥ, 'ਸਿੱਖ ਰਾਜ' ਦੇ ਕਢ ਲਏ ਹੋਣ ਤਾਂ ਕੋਈ ਅਚੰਭੇ ਦੀ ਗੱਲ ਨਹੀਂ।

ਦੂਜੇ, ਸਿੱਖਾਂ ਨੇ ਆਪਣੀ ਸ਼ਰਧਾ ਤੋਂ ਉਹਨਾਂ ਦੀ ਪਰਸਿਧੀ ਦੇ ਪ੍ਰਗਟਾਅ ਲਈ ਉਹਨਾਂ ਦੇ ਨਾਮ ਨਾਲ "ਬੇਤਾਜ-ਬਾਦਸ਼ਾਹ" ਦਾ ਗੈਰ ਜਮਹੂਰੀ ਤੇ ਜਾਗੀਰੂ ਗੰਧ ਵਾਲਾ ਲਕਬ ਜੋੜ ਦਿਤਾ। ਅੰਗਰੇਜ਼ ਹਾਕਮ ਆਪਣੇ ਤਾਜਦਾਰ ਦੇ ਮੁਕਾਬਲੇ ਵਿਚ ਕਿਸੇ ਬੇ-ਤਾਜ ਬਾਦਸ਼ਾਹ ਦਾ ਨਾਂ ਸੁਣ ਕੇ ਕਪੜਿਆਂ ਤੋਂ ਬਾਹਰ ਹੋ ਜਾਣ ਤਾਂ ਸਮਝ ਵਿਚ ਆਉਣ ਵਾਲੀ ਗੱਲ ਸੀ। ਉਹਨਾਂ ਨੂੰ ਇਸ ਗੁਰਦੁਆਰਾ ਤਹਿਰੀਕ ਤੋਂ ਸਿੱਖ ਰਾਜ ਦੀ ਤਹਿਰੀਕ ਦੀ ਬੋਅ ਆਉਣ ਲਗ ਪਈ ਸੀ। ਇਸ ਲਈ ਸ: ਖੜਕ ਸਿੰਘ ਉਹਨਾਂ ਦੀਆਂ ਅੱਖਾਂ ਵਿਚ ਸਭ ਤੋਂ ਵਧੀਕ ਰੜਕਣ-ਖਟਕਣ ਲਗ ਪਿਆ ਸੀ।

ਤੀਜੇ, "ਰਾਜ ਕਰੇਗਾ ਖਾਲਸਾ" ਦਾ ਜੈਕਾਰਾ ਪਹਿਲਾਂ ਤੋਂ ਹੀ ਛਡਿਆ ਜਾ ਰਿਹਾ ਸੀ। ਇਸ ਨਾਲ ਸ਼ੱਕੀ ਅੰਗਰੇਜ਼ ਸਾਮਰਾਜੀ ਹਾਕਮਾਂ ਦੇ ਸਾਮ੍ਹਣੇ ਭਵਿਖ ਦੀ ਤਸਵੀਰ ਇਹ ਬਣਦੀ ਸੀ: ਸ: ਖੜਕ ਸਿੰਘ ਦੀ ਹੈਸੀਅਤ ਆਜ਼ਾਦ ਅਮਰੀਕਾ ਦੇ ਪ੍ਰੈਜ਼ੀਡੈਂਟ ਜਾਂ ਸਾਮਰਾਜੀ ਬਰਤਾਨੀਆ ਦੇ ਸ਼ਾਹਨਸ਼ਾਹ ਜੇਹੀ, ਇਸ ਵੇਲੇ ਉਹ ਬੇਤਾਜ ਬਾਦਸ਼ਾਹ, ਅਤੇ ਅਗੋਂ ਰਾਜ ਕਰੇਗਾ ਖਾਲਸਾ। ਕੁਛ ਏਹੋ ਜੇਹੀ ਤਸਵੀਰ ਬਣਾਕੇ ਹੀ ਅੰਗਰੇਜ਼ ਹਾਕਮ ਸਰਦਾਰ ਖੜਕ ਸਿੰਘ ਜੀ ਦੇ ਖੂਨ ਦੇ ਪਿਆਸੇ ਬਣ ਗਏ ਸਨ ਅਤੇ ਉਹਨਾਂ ਨੂੰ ਜੇਲ ਵਿਚ ਸੁਟਕੇ ਲਗਦੀ ਵਾਹੇ ਮੁੜਕੇ ਬਾਹਰ ਨਹੀਂ ਸਨ ਆਉਣ ਦੇਣਾ ਚਾਹੁੰਦੇ।

ਸ: ਖੜਕ ਸਿੰਘ ਜੀ ਨੇ ਕਿਰਪਾਨਾਂ ਬਨਾਣ ਦਾ ਕਾਰਖਾਨਾ ਖੋਲ੍ਹਿਆ ਹੋਇਆ ਸੀ।

Digitized by Panjab Digital Library | www.panjabdigilib.org

ਪੁਲਸ ਨੇ ਪਹਿਲਾ ਛਾਪਾ ਕਾਰਖਾਨੇ ਉਤੇ 21 ਨਵੰਬਰ 1921 ਨੂੰ ਮਾਰਿਆ ਅਤੇ 179 ਕਿਰਪਾਨਾਂ ਫੜਕੇ ਲੈ ਗਈ। ਦੂਜਾ ਛਾਪਾ 22 ਮਾਰਚ 1922 ਨੂੰ ਵਜਾ ਅਤੇ 158 ਕਿਰਪਾਨਾਂ—ਵਡੀਆਂ ਛੋਟੀਆਂ—ਜ਼ਬਤ ਕਰ ਲਈਆਂ ਗਈਆਂ। ਸਰਦਾਰ ਜੀ ਨੇ ਆਖਿਆ ਕਿ ਕਿਰਪਾਨਾਂ ਪਹਿਨਣਾ ਤੇ ਬਣਾਣਾ ਸਾਡਾ ਹੱਕ ਹੈ—ਅਸੀਂ ਬਗੈਰ ਕਿਸੇ ਲਾਇਸੰਸ ਦੇ ਲਿਆਂ ਕਿਰਪਾਨਾਂ ਬਣਾਵਾਂਗੇ ਕਿਉਂਕਿ ਇਹਨਾਂ ਦਾ ਬਣਾਣਾ ਕਿਸੇ ਕਾਨੂੰਨ ਦੀ ਮਾਰ ਥੱਲੇ ਨਹੀਂ ਆਉਂਦਾ।

ਗੌਰਮਿੰਟ ਦਾ ਮੁਕੱਦਮਾ ਇਹ ਸੀ ਕਿ ਸਿੱਖ ਕਿਰਪਾਨ ਪਹਿਨ ਸਕਦੇ ਹਨ, ਆਪਣੇ ਕਬਜ਼ੇ ਵਿਚ ਰਖ ਸਕਦੇ ਹਨ। ਪਰ ਹੋਰਨਾਂ ਲਈ, ਲਾਇਸੰਸ ਲਿਆਂ ਬਗੈਰ ਬਣਾ ਨਹੀਂ ਸਕਦੇ। ਡਿਸ-ਟਰਿਕਟ ਮੈਜਿਸਟਰੇਟ ਫਾਈਸਨ ਸਿਆਲਕੋਟ ਨੇ 5 ਅਪਰੈਲ 1922 ਨੂੰ ਉਤਲੇ ਦੋਹਾਂ ਮੁਕੱਦਮਿਆਂ ਦਾ ਫੈਸਲਾ ਕਰਦਿਆਂ ਲਿਖਿਆ: ਇਸ ਕੇਸ ਦਾ ਫੈਸਲਾ ਕਰਦਿਆਂ ਮੇਰੇ ਪਾਸ ਅਗਵਾਈ ਲਈ ਕੋਈ ਕੇਸ ਨਹੀਂ। ਮੁਲਜ਼ਮ ਕਿਸੇ ਵਕਤ ਵੀ ਲਾਇਸੰਸ ਲੈਣ ਦਾ ਇਰਾਦਾ ਨਹੀਂ ਰਖਦਾ। ਮੈਂ ਉਸ ਨੂੰ ਇਕ ਸਾਲ ਦੀ ਸਖਤ ਸਜ਼ਾ ਦੇਂਦਾ ਹਾਂ।" ਇਹ ਸਰਦਾਰ ਜੀ ਨੂੰ ਕੁੰਜੀਆਂ ਦੀ ਸਜ਼ਾ ਤੋਂ ਪਿੱਛੋਂ ਦੂਜੀ ਸਜ਼ਾ ਮਿਲੀ ਸੀ।

ਉਤਲੇ ਹੀ ਮੈਜਿਸਟਰੇਟ ਦੀ ਅਦਾਲਤ ਵਿਚ ਸਰਦਾਰ ਜੀ ਉਤੇ ਇਕ ਹੋਰ ਮੁਕੱਦਮਾ ਇਕ ਪਬਲਕ ਸਪੀਚ ਕਰਨ ਉਤੇ ਚਲਾਇਆ ਗਿਆ। ਇਹ ਤਕਰੀਰ ਉਹਨਾਂ ਨੇ ਕਾਂਗਰਸ ਦੇ ਪਰਧਾਨ ਦੀ ਹੈਸੀਅਤ ਵਿਚ 6 ਮਾਰਚ 1922 ਨੂੰ ਆਦਮਕੇ (ਪੁਲਸ ਥਾਣਾ ਡਸਕਾ, ਸਿਆਲਕੋਟ) ਵਿਚ ਕੀਤੀ ਸੀ। ਤਕਰੀਰ ਬੜੀ ਸਾਧਾਰਨ ਸੀ। ਸਰਦਾਰ ਜੀ ਨੇ ਕਿਹਾ ਸੀ: "ਇਹਨਾਂ ਅੰਗਰੇਜ਼ਾਂ ਨੂੰ ਹੁਣ ਹਿੰਦੁਸਤਾਨ ਵਿਚ ਨਹੀਂ ਰਹਿਣਾ ਚਾਹੀਦਾ। ਜੇ ਉਹਨਾਂ ਨੇ ਏਥੇ ਰਹਿਣਾ ਹੈ ਤਾਂ 'ਬਰਦਿਆਂ' (ਆਦਮੀਆਂ) ਵਾਂਗ ਰਹਿਣਾ ਚਾਹੀਦਾ ਹੈ।" ਬਰਦਿਆਂ ਦੇ ਅਰਥ 'ਗੁਲਾਮ' ਕਰਕੇ ਉਹਨਾਂ ਨੂੰ 12 ਅਪਰੈਲ 1922 ਨੂੰ ਤਿੰਨ ਸਾਲ ਸਖਤ ਦੀ ਸਜ਼ਾ ਦਿਤੀ ਗਈ। ਸਰਦਾਰ ਜੀ ਨੇ ਦੋਹਾਂ ਕੇਸਾਂ ਵਿਚ ਨਾ-ਮਿਲਵਰਤਨ ਕੀਤੀ ਸੀ ਅਤੇ ਸਫਾਈ ਕੋਈ ਨਹੀਂ ਸੀ ਦਿਤੀ।

ਕਿਰਪਾਨ ਦੇ ਕੇਸ ਬਾਰੇ ਤਾਂ ਗੌਰਮਿੰਟ ਦੇ ਹੋਮ ਸੈਕਟਰੀ ਨੇ ਖੁਦ ਇਕ ਨੋਟ ਵਿਚ ਲਿਖਿਆ ਸੀ: "ਇਸ ਕੇਸ ਵਿਚ ਕੁਛ ਨਾ-ਤਸੱਲੀ-ਬਖਸ਼ ਤੱਤ ਬਾਹਲਾ ਇਸ ਤਥ ਕਰਕੇ ਆ ਗਏ ਹਨ ਕਿ ਮੁਲਜ਼ਮ ਨੇ ਆਪਣੀ ਸਫਾਈ ਦੇਣ ਤੋਂ ਇਨਕਾਰ ਕਰ ਦਿਤਾ ਸੀ। ਉਹ ਬਦਨਾਮ ਕਿਸਮ ਦੀਆਂ ਅੱਤਵਾਦੀ ਵਿਚਾਰਾਂ ਦਾ ਅਕਾਲੀ ਹੈ।[1]

ਕਿਰਪਾਨਾਂ ਬਣਾਣ ਦੇ ਕਾਰਖਾਨੇ ਦੇ ਸੰਬੰਧ ਵਿਚ ਇਕ ਕੇਸ ਸ: ਖਜ਼ਾਨ ਸਿੰਘ ਆਨਰੇਰੀ ਮੈਜਿਸਟਰੇਟ, ਸਿਆਲਕੋਟ ਉਤੇ ਵੀ ਬਣਾਇਆ ਗਿਆ ਸੀ। ਪਰ ਉਸ ਨੇ ਧਮਕੀ ਦਿਤੀ ਸੀ ਕਿ ਉਹ ਗੌਰਮਿੰਟ ਉਤੇ ਹਰਜਾਨੇ ਦਾ ਦਾਅਵਾ ਕਰੇਗਾ ਕਿਉਂਕਿ ਹਥਿਆਰਾਂ ਦਾ ਕਾਨੂੰਨ ਕਿਰਪਾਨਾਂ ਬਣਾਣ ਦੀ ਕੋਈ ਮਨਾਹੀ ਨਹੀਂ ਕਰਦਾ। ਉਸ ਤੇ ਮੁਕੱਦਮਾ ਹੀ ਨਹੀਂ ਸੀ ਚਲਾਇਆ ਗਿਆ। ਅੰਗਰੇਜ਼ਾਂ ਦਾ ਕਾਨੂੰਨ ਬੜਾ ਸਿਆਣਾ ਸੀ। ਉਹ ਜਾਣਦਾ ਸੀ ਕਿ ਨਾ-ਮਿਲਵਰਤਨੀਆਂ ਨੂੰ ਫਾਹੁਣਾ ਹੈ, ਮਿਲਵਰਤਨੀਆਂ ਨੂੰ ਨਹੀਂ।

---

[1] ਜ਼ੇ ਕਰੀਰਾਰ, 29-4-24. ਉਤਲੇ ਮੁਕੱਦਮਿਆਂ ਦੀਆਂ ਤਰੀਕਾਂ ਤੇ ਫੈਸਲੇ ਫਾਈਲ ਨੰ: 144, ਹਿਸਾ ਦੋ, 1924 ਵਿਚੋਂ ਲਏ ਗਏ ਹਨ।

Digitized by Panjab Digital Library | www.panjabdigilib.org

## 8. ਜੇਲ ਵਿਚ ਮੁਕੱਦਮੇ

ਸ: ਖੜਕ ਸਿੰਘ ਜੀ ਡੇਰਾ ਗਾਜ਼ੀ ਖਾਂ ਜੇਲ ਵਿਚ ਭੇਜੇ ਗਏ । ਇਹ ਜੇਲ੍ਹ ਸਪੈਸ਼ਲ ਕਲਾਸ ਕੈਦੀਆਂ ਲਈ ਮਖਸੂਸ ਕੀਤੀ ਗਈ ਸੀ । ਅਰਥਾਤ ਇਸ ਜੇਲ੍ਹ ਵਿਚ ਐਫ. ਏ. ਪਾਸ ਤੇ ਇਸ ਤੋਂ ਉਤੇ ਦੇ ਪੜ੍ਹੇ-ਲਿਖੇ ਕੈਦੀ ਘੱਲੇ ਜਾਂਦੇ ਸਨ, ਜਾਂ ਉਹ ਘੱਲੇ ਜਾਂਦੇ ਸਨ ਜਿਹੜੇ ਚੋਖਾ ਇਨਕਮ ਟੈਕਸ ਅਦਾ ਕਰਦੇ ਸਨ । ਇਹਨਾਂ ਨੂੰ ਆਪਣੇ ਕਪੜੇ ਪਹਿਨਣ, ਛੇਤੀ ਮੁਲਾਕਾਤਾਂ ਕਰਨ, ਵਧੇਰੇ ਚਿਠੀਆਂ ਲਿਖਣ ਅਤੇ ਪੁਸਤਕਾਂ ਮੰਗਵਾਣ ਦੀਆਂ ਰਿਆਇਤਾਂ ਮਿਲੀਆਂ ਹੋਈਆਂ ਸਨ । ਇਹਨਾਂ ਨੂੰ ਆਮ ਕੈਦੀਆਂ ਨਾਲੋਂ ਹੋਰ ਕਈ ਇਕ ਸਹੂਲਤਾਂ ਪਰਾਪਤ ਸਨ; ਇਹ ਆਪਣੀ ਮਰਜ਼ੀ ਦਾ ਖਾਣਾ ਬਣਵਾਉਂਦੇ, ਕਪੜੇ ਧੋਬੀਆਂ ਤੋਂ ਧੁਆਉਂਦੇ ਸਨ ਅਤੇ ਚਾਰਪਾਈਆਂ ਤੇ ਸੌਂਦੇ ਸਨ । ਅਤੇ ਮੁਸ਼ੱਕਤਾਂ ਇਹਨਾਂ ਦੀਆਂ ਨਾਮ ਮਾਤਰ ਹੀ ਹੁੰਦੀਆਂ ਸਨ ।

ਇਸ ਜੇਲ੍ਹ ਵਿਚ ਸਰਦਾਰ ਜੀ ਨਾਲ ਹੋਰ ਚਾਲੀ ਕੁ ਕੈਦੀ ਸਨ ਜਿਹੜੇ ਅਕਾਲੀ ਜਾਂ ਖਿਲਾਫਤ ਜਾਂ ਕਾਂਗਰਸ ਦੀ ਤਹਿਰੀਕ ਵਿਚ ਕੈਦ ਹੋ ਕੇ ਆਏ ਸਨ । ਇਹਨਾਂ ਵਿਚੋਂ ਸ: ਜਸਵੰਤ ਸਿੰਘ ਝਬਾਲ, ਮੌਲਵੀ ਮੁਹੰਮਦ ਇਸਮਾਈਲ ਖਾਨ, ਅਬਦੁਲ ਗਫ਼ਾਰ ਖਾਂ, ਸੰਤੋਖ ਸਿੰਘ ਵਿਦਿਆਆਰਥੀ ਵਗੈਰਾ ਦੇ ਨਾਮ ਖਾਸ ਜ਼ਿਕਰ ਜੋਗ ਹਨ, ਇਹਨਾਂ ਵਿਚੋਂ ਤਿੰਨ ਚਾਰ ਕੈਦੀ ਇਸ ਜੇਲ੍ਹ ਵਿਚ ਕੀਤੇ ਗਏ ਤਸ਼ੱਦਦ ਨਾਲ ਖਾਸ ਸੰਬੰਧ ਰਖਦੇ ਹਨ ।

ਸਰਦਾਰ ਜੀ ਨੇ ਜੇਲ੍ਹ ਵਿਚ ਜਾ ਕੇ ਸਪੈਸ਼ਲ ਕਲਾਸ ਛਡ ਦਿਤੀ । ਕਾਰਣ ਉਹਨਾਂ ਨੇ ਇਹ ਦਿਤਾ ਕਿ ਕਲਾਸਾਂ ਬਣਾ ਕੇ ਗੌਰਮਿੰਟ ਕੈਦੀਆਂ ਵਿਚ ਫੁਟ ਪਾਉਣਾ ਚਾਹੁੰਦੀ ਹੈ । ਇਸ ਲਈ ਉਹ ਜੇਲ੍ਹ ਦੀ ਸਪੈਸ਼ਲ ਕਲਾਸ ਦੀਆਂ ਰਿਆਇਤਾਂ ਤੇ ਸਹੂਲਤਾਂ ਤੋਂ ਫਾਇਦਾ ਨਹੀਂ ਉਠਾਣਗੇ ਅਤੇ ਆਮ ਕੈਦੀਆਂ ਦੀ ਜ਼ਿੰਦਗੀ ਗੁਜ਼ਾਰਨਗੇ। ਸੁਭਾਵਿਕ ਸੀ ਕਿ ਇਸ ਤਿਆਗ ਦਾ ਅਸਰ ਆਮ ਰਾਜਸੀ ਤੇ ਧਾਰਮਕ ਕੈਦੀਆਂ ਉਤੇ ਬੜਾ ਨਰੋਆ ਪੈਂਦਾ । ਸਰਦਾਰ ਜੀ ਦੀ ਇਜ਼ਤ ਇਸ ਕਦਮ ਨਾਲ ਅੰਦਰ ਤੇ ਬਾਹਰ ਹੋਰ ਵਧੇਰੇ ਚਮਕ ਪਈ ।

ਜੇਲ ਦੇ ਕੁਛ ਮਹੀਨੇ ਬਗੈਰ ਕਿਸੇ ਘਟਨਾ ਤੋਂ ਲੰਘ ਗਏ—ਕੋਈ ਖਾਸ ਝਗੜਾ ਨਹੀਂ ਹੋਇਆ । ਦਸੰਬਰ 1922 ਵਿਚ ਜੇਲ੍ਹ ਦੇ ਹਾਕਮਾਂ ਵਲੋਂ ਇਕ ਨਵਾਂ ਹੁਕਮ ਜਾਰੀ ਕੀਤਾ ਗਿਆ ਕਿ ਕੋਈ ਕੈਦੀ ਉਹ ਚੀਜ਼ ਨਹੀਂ ਪਹਿਨ ਸਕਦਾ ਜਿਸਦਾ ਸਬੰਧ ਕੌਮੀ ਪੁਸ਼ਾਕ ਨਾਲ ਹੋਵੇ । ਯਾਨੀ ਅਗੋਂ ਤੋਂ ਸਪੈਸ਼ਲ ਕਲਾਸ ਦੇ ਜਾਂ ਡੇਰਾ ਗਾਜ਼ੀ ਖਾਂ ਜੇਲ ਦੇ ਕੈਦੀ ਨਾ ਕਾਲੀਆਂ ਪਗੜੀਆਂ ਪਹਿਨ ਸਕਣਗੇ ਅਤੇ ਨਾ ਹੀ ਗਾਂਧੀ ਟੋਪੀ । ਇਹ ਇਕ ਪਾਸੇ ਕੈਦੀਆਂ ਦੀ ਅਣਖ ਨੂੰ ਚੈਲੰਜ ਸੀ ਅਤੇ ਦੂਜੇ ਪਾਸੇ ਬਰਿਟਿਸ਼ ਹਾਕਮਾਂ ਦੀ ਰਾਜਸੀ ਮਨੋ-ਅਵਸਥਾ ਦੇ ਨਿਘਾਰ ਦੀ ਹੱਦ ਸੀ ।

ਕੁਛ ਚਿਰ ਪਹਿਲੋਂ ਹੀ ਮੇਜਰ ਗੇਲ ਜੇਲ੍ਹ ਦਾ ਨਵਾਂ ਸੁਪਰਡੰਟ ਬਣਕੇ ਆਇਆ ਸੀ। ਉਸ ਨੇ ਇਹ ਹੁਕਮ ਲਾਗੂ ਕਰਨ ਦੇ ਯਤਨ ਕੀਤੇ ; ਪਰ ਸ: ਖੜਕ ਸਿੰਘ ਦੀ ਅਗਵਾਈ ਵਿਚ ਕੈਦੀਆਂ ਨੇ ਕਾਲੀਆਂ ਪੱਗਾਂ ਤੇ ਗਾਂਧੀ ਟੋਪੀਆਂ ਲਾਹੁਣ ਤੋਂ ਇਨਕਾਰ ਕਰ ਦਿਤਾ । ਥੋੜ੍ਹੇ ਹੀ ਦਿਨਾਂ ਪਿੱਛੋਂ ਜੇਲ੍ਹਾਂ ਦੇ ਜਨਰਲ ਇਨਸਪੈਕਟਰ ਨੇ ਜੇਲ੍ਹ ਦਾ ਦੌਰਾ ਕੀਤਾ ਅਤੇ ਉਸ ਨੇ ਹੁਕਮ ਦਿਤਾ ਕਿ ਜੇਲ੍ਹ ਵਿਚ ਕਾਲੀ ਪਗੜੀ ਤੇ ਗਾਂਧੀ ਟੋਪੀ ਦਾ ਪਹਿਨਣਾ ਬਰਦਾਸ਼ਤ ਨਹੀਂ ਕੀਤਾ ਜਾਏਗਾ—ਇਹ ਉਤਾਰਨੀਆਂ ਪੈਣਗੀਆਂ ।

ਇਸ ਲਈ ਸਰਕਾਰ ਨੇ ਉਹਨਾਂ ਉਤੇ ਜੇਲ੍ਹ ਵਿਚ ਹੀ ਮੁਕੱਦਮੇ ਉਤੇ ਮੁਕੱਦਮਾ ਚਲਾਣਾ ਸ਼ੁਰੂ ਕਰ ਦਿਤਾ ਅਤੇ ਹਰ ਨਵੀਂ ਕੈਦ ਪੁਰਾਣੀ ਸਾਰੀ ਕੈਦ ਦੇ ਭੁਗਤ ਲੈਣ ਦੇ ਪਿੱਛੋਂ ਭੁਗਤਣ

Digitized by Panjab Digital Library | www.panjabdigilib.org

ਦੇ ਫੈਸਲੇ ਦਿਤੇ । ਅਤੇ ਹਰ ਕੈਦ ਦੀ ਸਜ਼ਾ ਵਿਚ ਬਦਲਾ ਲੈਣ, ਖਹੁਰ ਕਢਣ ਦੀ ਸਪਿਰਿਟ ਕੰਮ ਕਰ ਰਹੀ ਸੀ । ਸਿੱਖ ਪੰਥ ਦੇ ਜਥੇਦਾਰ ਦੀ ਅਣਖ ਨੂੰ ਕੁਚਲਣ ਦੇ ਗੌਰਮਿੰਟ ਯਤਨ ਕਰ ਰਹੀ ਸੀ । ਪਰ ਉਹ ਜਬਰ ਅਗੇ ਝੁਕਣਾ ਨਹੀਂ ਸੀ ਸਿਖਿਆ ਹੋਇਆ । ਬਾਕੀ ਸਾਥੀਆਂ ਦੇ ਕਪੜੇ ਪਾ ਲੈਣ ਦੇ ਬਾਵਜੂਦ ਉਹ ਜੇਲ੍ਹ ਦੇ ਕੈਦੀਆਂ ਦੇ ਸਰਬ-ਸੰਮਤੀ ਨਾਲ ਪਾਸ ਹੋਏ ਮਤੇ ਤੇ ਡਟਿਆ ਰਿਹਾ ।

ਉਹਨਾਂ ਦੇ ਇਕੱਲੇ ਰਹਿ ਜਾਣ ਨੇ ਗੌਰਮਿੰਟ ਦੀ ਤਸ਼ੱਦਦ ਦੀ ਪਾਲਿਸੀ ਨੂੰ ਹੋਰ ਹਲਾਸ਼ੇਰੀ ਦਿਤੀ । ਜੇਲ੍ਹ ਵਿਚ ਨਿੱਕੀ ਨਿੱਕੀ ਗੱਲ ਤੇ ਡਿਸਿਪਲਨ ਭੰਗ ਹੋ ਜਾਂਦੀ ਸੀ । ਜੇਲ੍ਹ ਮੈਨੂਅਲ ਦੇ ਦਕਿਆਨੂਸੀ ਨਿਯਮਾਂ ਉਤੇ ਕੋਈ ਕੈਦੀ, ਪੂਰਾ ਬੰਧੇਜ-ਬੱਧ ਹੋਣ ਦੇ ਬਾਵਜੂਦ, ਪੂਰਾ ਨਹੀਂ ਸੀ ਉਤਰ ਸਕਦਾ । ਇਸ ਲਈ ਜੇ ਕਿਸੇ ਕੈਦੀ ਨੂੰ ਗੌਰਮਿੰਟ ਅੰਦਰ ਰਖਣਾ ਚਾਹੇ ਤਾਂ ਜੇਲ੍ਹ ਦੇ ਕਾਨੂੰਨ ਤੋੜਨ ਤੇ ਹੀ ਉਮਰ ਭਰ ਰਖ ਸਕਦੀ ਸੀ, ਸਿਰਫ ਉਤਲੇ ਹਾਕਮਾਂ ਦੇ ਇਸ਼ਾਰੇ ਦੀ ਲੋੜ ਸੀ ।

ਜੇਲ੍ਹ ਦੇ ਹਾਕਮਾਂ ਨੇ ਕੁਛ ਚਿਰ ਪਿੱਛੋਂ ਪਹਿਲੇ ਹੁਕਮ ਵਿਚ ਕੁਛ ਤਬਦੀਲੀ ਕਰ ਦਿਤੀ; ਕਾਲੀ ਪਗੜੀ ਨੂੰ 'ਕੌਮੀ ਲਿਬਾਸ' ਵਿਚੋਂ ਕਢ ਦਿਤਾ । ਜੇਲ੍ਹ ਦੇ ਦਰੋਗੇ ਨੇ ਗੌਰਮਿੰਟ ਦਾ ਨਵਾਂ ਹੁਕਮ ਵਿਖਾ ਕੇ ਬਾਬਾ ਜੀ ਨੂੰ ਆਖਿਆ : ਹੁਣ ਤੁਹਾਨੂੰ ਕਾਲੀ ਪਗੜੀ ਬੰਨ੍ਹਣ ਦਾ ਹੱਕ ਮਿਲ ਗਿਆ ਹੈ । ਕਾਲੀ ਪਗੜੀ ਬੰਨ੍ਹ ਲਓ ਅਤੇ ਹੋਰ ਕਪੜੇ ਪਾ ਲਓ । ਪਰ ਬਾਬਾ ਜੀ ਨੇ ਕੋਈ ਕਪੜਾ ਨਾ ਪਹਿਨਿਆ । ਆਖਿਆ : ਜਦ ਤਕ ਗਾਂਧੀ ਟੋਪੀ ਦੇ ਪਹਿਨਣ ਦੀ ਆਗਿਆ ਨਹੀਂ ਮਿਲਦੀ, ਮੈਂ ਕੋਈ ਕਪੜਾ ਨਹੀਂ ਪਾਵਾਂਗਾ, ਮੈਂ ਕਾਂਗਰਸ ਦਾ ਪਰਧਾਨ ਸਾਂ । ਮੈਂ ਕਾਂਗਰਸ ਦੇ ਸਤਕਾਰ ਨੂੰ ਨੀਵਾਂ ਨਹੀਂ ਕਰਨਾ ਚਾਹੁੰਦਾ ।

ਗਾਂਧੀ ਟੋਪੀ ਦੀ ਐਜੀਟੇਸ਼ਨ ਨਾ ਛਡਣ ਤੇ ਉਹਨਾਂ ਦੇ ਖਿਲਾਫ ਇਕ ਹੋਰ 'ਡਿਸਿਪਲਨ ਭੰਗ ਕਰਨ' ਦਾ ਮੁਕੱਦਮਾ ਚਲਾਇਆ ਗਿਆ ਅਤੇ 6 ਮਹੀਨੇ ਹੋਰ ਸਜ਼ਾ ਦਿਤੀ ਗਈ । ਫੇਰ ਇਕ ਹੋਰ ਸਜ਼ਾ ਜੇਲ੍ਹ ਦਾ ਓਹੋ ਕਾਨੂੰਨ ਤੋੜਨ ਤੇ ਛੇ ਮਹੀਨੇ ਦੀ ਦਿਤੀ ਗਈ । ਅਤੇ ਇਕ ਵਾਰ ਫੇਰ 5 ਮਹੀਨੇ ਦੀ ਹੋਰ ਸਜ਼ਾ ਦਿਤੀ ਗਈ । ਪਰ ਬਾਬਾ ਜੀ ਦੇ ਫੌਲਾਦੀ ਇਰਾਦੇ ਨੂੰ ਕੋਈ ਉਪੱਦਰ ਵੀ ਨਾ ਲਿਫਾ ਸਕਿਆ । ਉਹਨਾਂ ਨੇ ਨਾ ਜੇਲ੍ਹ ਦੇ ਕਿਸੇ ਕਾਨੂੰਨ ਦੀ ਪਰਵਾਹ ਕੀਤੀ ਅਤੇ ਨਾ ਹੀ ਉਹ ਕਿਸੇ ਜੇਲ੍ਹ ਦੇ ਜਾਂ ਬਾਹਰ ਦੇ ਅਫਸਰ ਦੇ ਆਉਣ ਜਾਣ ਤੇ ਖੜੇ ਹੁੰਦੇ ਰਹੇ ।[1]

## 9. ਬਾਬਾ ਜੀ ਦੀ ਸ਼ੁਹਰਤ

ਜੇਲ੍ਹ ਦੀ ਅਣਖੀਲੀ ਜ਼ਿੰਦਗੀ ਨੇ ਬਾਬਾ ਜੀ ਦੀ ਸ਼ੁਹਰਤ ਨੂੰ ਚਾਰ ਚੰਨ ਲਾ ਦਿਤੇ । ਪੰਜਾਬ ਦੀਆਂ ਹਿੰਦੂ, ਮੁਸਲਮਾਨ, ਸਿੱਖ ਅਖਬਾਰਾਂ ਨੇ ਉਹਨਾਂ ਦੀ ਕੁਰਬਾਨੀ ਬਾਰੇ ਕਾਲਮਾਂ ਦੇ ਕਾਲਮ ਲਿਖੇ । ਆਮ ਚਰਚਾ ਹੋਣ ਲਗ ਪਈ, ਲੀਡਰ ਹੋਵੇ ਤਾਂ ਏਹੋ ਜੇਹਾ ਹੋਵੇ । ਆਮ ਅਕਾਲੀ, ਕਾਂਗਰਸ ਤੇ ਖਿਲਾਫਤ ਵਰਕਰ ਬਾਬਾ ਜੀ ਦੇ ਹੌਂਸਲੇ ਦਲੇਰੀ ਤੇ ਜੁਰਅਤ ਤੇ ਅਸ਼ ਅਸ਼ ਕਰਦੇ ਸਨ ।

ਬਾਬਾ ਜੀ ਦੀ ਰਿਹਾਈ ਲਈ ਸੈਂਟਰਲ ਅਸੰਬਲੀ ਅਤੇ ਪੰਜਾਬ ਕੌਂਸਲ ਵਿਚ ਸਵਾਲਾਂ ਉਤੇ ਸਵਾਲ ਹੋਏ ਅਤੇ ਮਤੇ ਪੇਸ਼ ਹੋ ਕੇ ਪਾਸ ਹੋਏ । ਉਹਨਾਂ ਦਿਨਾਂ ਵਿਚ ਕੈਦੀਆਂ ਦੀ ਰਿਹਾਈ ਦੇ ਮਤੇ ਪਾਸ ਕਰਵਾ ਲੈਣਾ ਆਸਾਨ ਗੱਲ ਨਹੀਂ ਸੀ । ਪਹਿਲੋਂ ਤਾਂ ਅੰਗਰੇਜ਼ ਮਿੰਬਰ, ਕੋਈ ਨਾ

---

[1] ਉੱਤਲੇ ਸਾਰੇ ਤੱਥ ਬਾਬਾ ਜੀ ਦੇ 'ਅਭਿਨੰਦਨ ਗ੍ਰੰਥ' ਵਿਚੋਂ ਲਏ ਗਏ ਹਨ । ਸੰਤੋਖ ਸਿੰਘ ਵਿਦਿਆਰਥੀ ਦਾ ਲੇਖ ਜਿਹੜਾ ਉਹਨਾਂ ਨਾਲ ਜੇਲ੍ਹ ਵਿਚ ਸੀ ।

Digitized by Panjab Digital Library | www.panjabdigilib.org

ਕੋਈ ਕਾਨੂੰਨੀ ਜਾਂ ਟੈਕਨੀਕੀ ਨੁਕਸ ਕਢ ਕੇ, ਮਤੇ ਹੀ ਪੇਸ਼ ਨਹੀਂ ਸਨ ਹੋਣ ਦਿੰਦੇ ਅਤੇ ਜੇ ਪੇਸ਼ ਹੋਣ ਦੀ ਆਗਿਆ ਮਿਲ ਜਾਏ ਤਾਂ ਗੈਰ-ਸਰਕਾਰੀ ਮਿੰਬਰਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਕੇ ਪਾਸ ਨਹੀਂ ਸਨ ਹੋਣ ਦਿੰਦੇ। ਪਾਸ ਮਤਾ ਓਹੋ ਹੀ ਹੋ ਸਕਦਾ ਸੀ ਜਿਸ ਪਿੱਛੇ ਆਮ ਲੋਕਾਂ ਦੀ ਜ਼ਬਰਦਸਤ ਆਵਾਜ਼ ਲਾਮ-ਬੰਦ ਹੋ ਚੁਕੀ ਹੋਵੇ ਅਤੇ ਗੈਰ-ਸਰਕਾਰੀ ਮਿੰਬਰਾਂ ਲਈ ਮਤੇ ਦੇ ਖਿਲਾਫ ਵੋਟ ਦੇਣਾ ਅਤੀ ਮੁਸ਼ਕਲ ਹੋ ਚੁਕਾ ਹੋਵੇ। ਮਤਾ ਪਾਸ ਵੀ ਹੋ ਜਾਏ ਤਾਂ ਉਸ ਤੇ ਅਮਲ ਕਰਨਾ ਜਾਂ ਨਾ ਕਰਨਾ ਸਰਕਾਰ ਦੀ ਮਰਜ਼ੀ ਤੇ ਨਿਰਭਰ ਸੀ। ਕੌਂਸਲਾਂ ਤੇ ਅਸੰਬਲੀ ਉਹਨਾਂ ਦਿਨਾਂ ਵਿਚ ਲੋਕਾਂ ਨੂੰ ਬੁਧੂ ਬਣਾਣ ਦੀਆਂ ਸੰਸਥਾਵਾਂ ਸਨ ਅਤੇ ਹਿੰਦੁਸਤਾਨੀ ਵਜ਼ੀਰ ਲੋਕਾਂ ਨੂੰ ਬੁਧੂ ਬਣਾਣ ਵਿਚ ਅੰਗਰੇਜ਼ ਰਾਜ ਦੀ ਸਹਾਇਤਾ ਕਰਦੇ ਸਨ।

8 ਮਾਰਚ 1923 ਨੂੰ ਸ: ਰਣਧੀਰ ਸਿੰਘ ਕਲਾਸ ਵਾਲਾ (ਸਿੱਖ, ਦਿਹਾਤੀ ਹਲਕਾ ਸਿਆਲਕੋਟ ਗੁਰਦਾਸਪੁਰ) ਨੇ ਪੰਜਾਬ ਕਾਨੂੰਨ-ਘੜਨੀ ਕੌਂਸਲ ਵਿਚ ਸਾਰੇ ਕੈਦੀਆਂ ਦੀ ਫੌਰੀ ਰਿਹਾਈ ਦਾ ਮਤਾ ਪੇਸ਼ ਕੀਤਾ ਸੀ। ਗੁਰੂ ਕੇ ਬਾਗ ਦੀਆਂ ਕੁਰਬਾਨੀਆਂ ਦੇ ਅਸਰ ਤੇ ਉਭਾਰ ਦੇ ਕਾਰਣ ਇਹ ਮਤਾ ਪਾਸ ਹੋ ਗਿਆ। ਚੀਫ ਸੈਕਟਰੀ ਮਿਸਟਰ ਕਰੇਕ ਨੇ ਮਤੇ ਦੀ ਤਰਮੀਮ ਕੀਤੀ ਸੀ। ਜਿਸ ਦਾ ਮਕਸਦ ਇਹ ਸੀ ਕਿ "ਉਹਨਾਂ ਨੂੰ ਛਡਿਆ ਇਹ ਸ਼ਰਤ ਦੇਣ ਤੇ ਜਾਵੇ ਕਿ ਉਹ ਅਗੋਂ ਤੋਂ ਉਹਨਾਂ ਜੁਰਮਾਂ ਤੋਂ ਪਰਹੇਜ਼ ਕਰਨਗੇ ਜਿਨ੍ਹਾਂ ਕਰਕੇ ਉਹ ਕੈਦ ਹੋਏ ਸਨ।" ਇਹ ਤਰਮੀਮ 38 ਵੋਟਾਂ ਦੇ ਮੁਕਾਬਲੇ ਤੇ 26 ਵੋਟਾਂ ਪੈਣ ਦੇ ਕਾਰਣ ਰੱਦ ਹੋ ਗਈ। ਅਸਲ ਮਤਾ ਪਾਸ ਹੋ ਗਿਆ। ਪਰ ਰਿਹਾ ਕੈਦੀਆਂ ਨੂੰ ਫੇਰ ਵੀ ਨਾ ਕੀਤਾ ਗਿਆ।[1]

ਸਰਦਾਰ ਖੜਕ ਸਿੰਘ ਜੀ ਦੀ ਰਿਹਾਈ ਲਈ ਸ: ਕਰਤਾਰ ਸਿੰਘ ਤੇ ਸ: ਗੁਲਾਬ ਸਿੰਘ ਨੇ ਸੈਂਟਰਲ ਅਸੰਬਲੀ ਵਿਚ ਮਤਾ ਪੇਸ਼ ਕੀਤਾ: ਬਾਬਾ ਜੀ ਨੂੰ ਬਿਲਾਸ਼ਰਤ ਤੇ ਤਾਬੜਤੋੜ ਰਿਹਾ ਕਰ ਦਿਤਾ ਜਾਵੇ। ਇਸ ਤੋਂ ਪਹਿਲੋਂ ਸੈਂਟਰਲ ਅਸੰਬਲੀ ਬਾਬਾ ਜੀ ਦੀ ਰਿਹਾਈ ਬਾਰੇ ਇਕ ਮਤਾ 26 ਫਰਵਰੀ 1924 ਨੂੰ ਪਾਸ ਕਰ ਚੁਕੀ ਸੀ। ਹੋਮ ਮਿੰਬਰ ਹੇਲੀ ਨੇ ਸਿਰਫ ਏਨਾ ਬਚਨ ਹੀ ਦਿਤਾ ਸੀ ਕਿ ਉਹ ਪੰਜਾਬ ਗੌਰਮਿੰਟ ਦਾ ਇਸ ਤੇ ਮਸ਼ਵਰਾ ਲਏਗਾ—ਬਸ! ਗਵਰਨਰ-ਇਨ-ਕੌਂਸਲ ਨੇ ਸਾਫ ਜਵਾਬ ਦੇ ਦਿਤਾ ਸੀ ਕਿ 'ਇਸ ਵੇਲੇ ਉਹ ਕੈਦ ਵਿਚ ਕੋਈ ਵੀ ਰਿਆਇਤ ਦੇਣ ਨੂੰ ਤਿਆਰ ਨਹੀਂ,'[2] ਏਹੋ ਹਸ਼ਰ ਇਸ ਨਵੇਂ ਮਤੇ ਦਾ ਹੋਇਆ। ਆਪਣੀ ਪਾਲਿਸੀ ਦੇ ਖਿਲਾਫ ਅਸੰਬਲੀ ਤੇ ਕੌਂਸਲ ਵਿਚ ਪਾਸ ਹੋਏ ਮਤਿਆਂ ਨੂੰ ਗੌਰਮਿੰਟ ਰੱਦੀ ਦੀ ਟੋਕਰੀ ਵਿਚ ਸੁੱਟ ਦੇਂਦੀ ਸੀ। ਉਹਨਾਂ ਦਿਨਾਂ ਵਿਚ ਇਹਨਾਂ ਚੁਣੀਆਂ ਹੋਈਆਂ ਸੰਸਥਾਵਾਂ ਦੀ ਏਨੀ ਕੁ ਹੀ ਕੀਮਤ ਸੀ।

---

[1] 8th March 1923 : P. L. C. D.

[2] H. D. Craik. 10 April 1924. Lahore to the Deputy Sec.Govt. of India. File no. 144/1924.

Digitized by Panjab Digital Library | www.panjabdigilib.org

# ਅਕਾਲੀ ਮੋਰਚੇ ਤੇ ਕਿਰਪਾਨ

ਕਿਰਪਾਨ ਪਹਿਨਣ ਦੀ ਆਜ਼ਾਦੀ ਹਾਸਲ ਕਰਨ ਦੇ ਸੰਗਰਾਮਾਂ ਦਾ ਬੜਾ ਲੰਮਾ ਇਤਿਹਾਸ ਹੈ । ਇਹਨਾਂ ਸੰਗਰਾਮਾਂ ਵਿਚ ਅਕਾਲੀਆਂ ਨੇ ਬੜੀਆਂ ਕੁਰਬਾਨੀਆਂ ਦਿਤੀਆਂ ਸਨ । ਅੰਗਰੇਜ਼ ਰਾਜ ਦੇ ਸਾਰੇ ਸਮੇਂ ਵਿਚ ਇਹ ਸੰਗਰਾਮ, ਕਦੇ ਤਿੱਖੇ, ਕਦੇ ਢਿੱਲੇ, ਜਾਰੀ ਰਹੇ । ਅੰਗਰੇਜ਼ ਹਾਕਮ ਇਕ ਹਥ ਨਾਲ ਲਿਖ ਕੇ ਕਿਰਪਾਨ ਦੀ ਆਜ਼ਾਦੀ ਦੇ ਏਲਾਨ ਕਰਦੇ ਸਨ ਅਤੇ ਦੂਜੇ ਹੱਥ ਨਾਲ ਲਿਖ ਕੇ ਕਿਰਪਾਨ-ਧਾਰੀਆਂ ਉਤੇ ਮੁਕੱਦਮੇ ਚਲਾਉਂਦੇ ਸਨ ਅਤੇ ਅੰਗਰੇਜ਼ ਜੱਜ ਰੱਜ ਰੱਜ ਕੇ ਉਹਨਾਂ ਨੂੰ ਸਜ਼ਾਵਾ ਦੇ ਕੇ ਜੇਲਾਂ ਵਿਚ ਭੇਜਦੇ ਸਨ ।

ਅੰਗਰੇਜ਼ ਸਾਮਰਾਜੀਆਂ ਤੋਂ ਹਾਰ ਖਾ ਜਾਣ ਪਿਛੋਂ ਸਿੱਖਾਂ ਤੋਂ ਕਿਰਪਾਨ ਖੋਹ ਲਈ ਗਈ ਸੀ । ਇਸ ਦਾ ਰਖਣਾ ਤੇ ਪਹਿਨਣਾ ਜੁਰਮ ਕਰਾਰ ਦੇ ਦਿਤਾ ਗਿਆ ਸੀ ਅਤੇ ਕਿਰਪਾਨ ਓਸੇ ਹੀ ਮੱਦ ਵਿਚ ਸ਼ਾਮਲ ਕਰ ਲਈ ਗਈ ਸੀ ਜਿਸ ਵਿਚ ਬੰਦੂਕ ਪਿਸਤੌਲ ਵਗੈਰਾ ਸਨ । ਪਰ ਸਿੱਖਾਂ ਲਈ ਇਕ ਧਾਰਮਕ ਚਿਨ੍ਹ ਦੇ ਤੌਰ ਤੇ, ਇਸ ਦਾ ਪਹਿਨਣਾ ਲਾਜ਼ਮੀ ਸੀ । ਇਸ ਲਈ ਸ਼ੁਰੂ ਵਿਚ, ਕਾਨੂੰਨ ਤੋਂ ਬਚਣ ਲਈ ਇਹ, ਚਾਕੂ ਨਾਲੋਂ ਵੀ ਛੋਟੀ, ਇੰਚਾਂ ਵਿਚ ਬਣਨ ਤੇ ਪਹਿਨੀ ਜਾਣ ਲਗ ਪਈ । ਅੰਗਰੇਜ਼ ਦੀ ਵਫਾਦਾਰੀ ਨੇ ਹੋਰ ਚੰਦ ਚਾੜ੍ਹਿਆ, ਕਿਰਪਾਨ ਇੰਚਾਂ ਤੋਂ ਵੀ ਛੋਟੀ ਹੋਕੇ, ਅਧੇ ਇੰਚ ਤੋਂ ਵੀ ਘਟਕੇ, ਕੰਘੇ ਦੇ ਅੰਦਰ ਜਾ ਵੜੀ । ਵੀਹਵੀਂ ਸਦੀ ਦੇ ਵਿਹਾਕੇ ਦੇ ਮੁਕਣ ਤਕ ਕਿਰਪਾਨ ਨੇ, ਆਮ ਤੌਰ ਤੇ ਸਿੱਖਾਂ ਦੇ ਕੰਘਿਆਂ ਅੰਦਰ ਗੁਪਤ ਵਾਸ ਕਰ ਲਿਆ ਸੀ—ਸਿਰਫ ਅੰਮਰਿਤ ਛਕਾਉਣ ਲਈ, ਵੱਧ ਜਾਂ ਘੱਟ, ਨੌ ਨੌ ਇੰਚ ਕਿਰਪਾਨਾਂ ਗੁਰਦੁਆਰਿਆਂ ਵਿਚ ਰਹਿ ਗਈਆਂ ਸਨ ।

ਉਹਨਾਂ ਦਿਨਾਂ ਵਿਚ ਚੀਫ ਖਾਲਸਾ ਦੀਵਾਨ ਸਿੱਖਾਂ ਦਾ 'ਕੁਦਰਤੀ' ਆਗੂ ਸੀ । ਜਿੰਨੀ ਕੁ ਦਿਲਚਸਪੀ ਇਸ ਦੀ ਗੁਰਦੁਆਰਿਆਂ ਦੀ ਆਜ਼ਾਦੀ ਦੀ ਲਹਿਰ ਨਾਲ ਸੀ, ਓਨੀ ਕੁ ਹੀ ਕਿਰਪਾਨ ਦੀ ਆਜ਼ਾਦੀ ਨਾਲ ਸੀ ।—ਬੇਨਤੀਆਂ ਤੇ ਅਰਜੋਈਆਂ ਕਰਨ ਨਾਲ ਕੁਛ ਮਿਲ ਜਾਏ, ਤਾਂ ਵਾਹ ਭਲਾ, ਨਹੀਂ ਤਾਂ ਚੁੱਪ ! ਚੀਫ ਖਾਲਸਾ ਦੀਵਾਨ ਕੋਈ ਇਹੋ ਜਿਹਾ ਕਦਮ ਉਠਾਣ ਲਈ ਤਿਆਰ ਨਹੀਂ ਸੀ, ਜਿਸ ਨਾਲ ਅੰਗਰੇਜ਼ ਹਾਕਮਾਂ ਦੀਆਂ ਭਵਾਂ ਤੇ ਰਤਾ ਮਾਸਾ ਵੀ ਵੱਟ ਉਭਰੇ । ਅਕਾਲੀ ਲਹਿਰ ਨੇ ਇਸ ਸਵਾਲ ਨੂੰ ਹੱਥ ਵਿਚ ਲਿਆ ਅਤੇ ਨਿਧੜਕ ਹੋ ਕੇ, ਕੈਦਾਂ ਮੁਕੱਦਮਿਆਂ ਦੀ ਕੋਈ ਪਰਵਾਹ ਨਾ ਕਰਕੇ ਪੂਰੀ ਕਿਰਪਾਨ (—ਤਲਵਾਰ) ਪਹਿਨਣੀ ਸ਼ੁਰੂ ਕਰ ਦਿਤੀ ਅਤੇ ਨਤੀਜੇ ਭੁਗਤਣ ਲਈ ਡਟਕੇ ਹਿੱਕ ਡਾਹ ਦਿਤੀ ।

ਅਕਾਲੀ ਲਹਿਰ ਤੋਂ ਪਹਿਲੋਂ ਕਿਰਪਾਨ ਪਹਿਨਣ ਕਰਕੇ ਢੇਰ ਸਾਰੇ ਸੂਰਬੀਰ ਸਿੱਖ ਵਿਅਕਤੀਆਂ ਨੂੰ ਲੰਮੀਆਂ ਲੰਮੀਆਂ ਸਜ਼ਾਵਾਂ ਹੋਈਆਂ ਸਨ । ਪੰਜਾਬ ਤੋਂ ਬਾਹਰ, ਉਤਰ ਪ੍ਰਦੇਸ਼, ਬੰਗਾਲ ਅਤੇ ਬਰਮਾਂ ਵਗੈਰਾ ਵਿਚ ਵੀ ਕਿਰਪਾਨ ਪਹਿਨਣ ਵਾਲੇ ਸਿੱਖ ਫੜ ਲਏ ਜਾਂਦੇ ਸਨ ਪਰ ਸਭ ਤੋਂ ਵਧ ਮੁਸੀਬਤਾਂ ਦਾ ਸ਼ਿਕਾਰ ਫੌਜੀ ਸਿੱਖਾਂ ਨੂੰ ਹੋਣਾ ਪਿਆ । ਉਹਨਾਂ ਵਿਚੋਂ ਕੁਛ ਨੂੰ ਸਖਤ ਬੰਧੇਜ-ਬੱਧ ਫੌਜੀ ਕਮਾਨ ਅਫਸਰਾਂ ਨੇ, ਘੱਟ ਜਾਂ ਵੱਧ, ਚੌਦਾਂ ਚੌਦਾਂ ਸਾਲਾਂ ਦੀਆਂ ਸਖਤ ਸਜ਼ਾਵਾਂ ਦੇ ਦੇ ਜੇਲ੍ਹੀਂ ਭੇਜਿਆ । ਇਸ ਤੇ ਵਾਵੇਲਾ ਮਚਿਆ । ਕੁਛ ਮਿੰਬਰਾਂ ਨੇ ਪੰਜਾਬ ਕੌਂਸਲ ਤੇ ਕੇਂਦਰੀ

Digitized by Panjab Digital Library | www.panjabdigilib.org

ਅਸੰਬਲੀ ਵਿਚ ਇਸ ਸੰਬੰਧੀ ਸਵਾਲ ਪੁਛੇ । ਕੁਛ ਅਖਬਾਰਾਂ ਨੇ ਹਾਲ ਦੁਹਾਈ ਪਾਈ । ਗੌਰਮਿੰਟ ਨੇ ਇਕ ਏਲਾਨ 25 ਜੂਨ 1914 ਨੂੰ ਕਢਿਆ ਜਿਸ ਰਾਹੀਂ ਕਿਰਪਾਨ ਨੂੰ ਹਿੰਦੀ ਹਥਿਆਰਾਂ ਦੇ ਨਿਯਮਾਂ ਵਿਚੋਂ ਬਾਹਰ ਕਢ ਦਿਤਾ ਗਿਆ ਅਤੇ ਸਿੱਖਾਂ ਉਤੇ ਕਿਰਪਾਨ ਪਹਿਨਣ ਦੀ ਪਾਬੰਦੀ ਦੂਰ ਹੋ ਗਈ ।

ਪਰ ਦੂਰ ਹੋਈ ਅੱਖਾਂ ਪੂੰਝਣ ਨੂੰ ਹੀ—ਹਕੀਕਤ ਵਿਚ ਗੱਲ ਓਥੇ ਦੀ ਓਥੇ ਹੀ ਰਹੀ । ਕਿਰਪਾਨ ਦੇ ਪਹਿਨਣ ਤੇ ਗਰਿਫਤਾਰੀਆਂ ਹੁੰਦੀਆਂ ਰਹੀਆਂ—ਪੰਜਾਬ ਵਿਚ ਵੀ ਤੇ ਪੰਜਾਬੋਂ ਬਾਹਰ ਵੀ । ਕਦੇ ਢੁਚਰ ਇਹ ਹੁੰਦਾ ਕਿ ਇਹ ਕਿਰਪਾਨ ਨਹੀਂ, ਤਲਵਾਰ ਹੈ—ਕਿਰਪਾਨ ਦੇ ਪਹਿਨਣ ਦੀ ਆਗਿਆ ਹੈ, ਤਲਵਾਰ ਦੀ ਨਹੀਂ । ਕਦੇ ਗਰਿਫਤਾਰੀਆਂ ਦਾ ਬਹਾਨਾ ਇਹ ਹੁੰਦਾ ਕਿ 9 ਇੰਚ ਕਿਰਪਾਨ ਪਹਿਨਣ ਦੀ ਇਜਾਜ਼ਤ ਹੈ, ਇਸ ਤੋਂ ਵੱਧ ਦੀ ਨਹੀਂ । ਮੁਕਦੀ ਗੱਲ ਇਹ ਕਿ ਕਿਰਪਾਨ ਦਾ ਮਸਲਾ ਓਵੇਂ ਦਾ ਓਵੇਂ ਖੜਾ ਰਿਹਾ, ਹਲ ਨਹੀਂ ਹੋਇਆ । ਪਰ ਆਵਾਜ਼ ਵੀ ਮਸਲੇ ਦੇ ਹਲ ਕਰਨ ਲਈ ਬੰਦ ਨਹੀਂ ਹੋਈ—ਉਹ ਵੀ ਉਠਦੀ ਰਹੀ ।

19 ਮਈ 1917 ਨੂੰ ਸਰਕਾਰ ਨੇ ਇਕ ਹੋਰ ਏਲਾਨ ਜਾਰੀ ਕੀਤਾ ਜਿਸ ਰਾਹੀਂ ਕਿਰ-ਪਾਨ ਦੇ ਪਹਿਨਣ ਦੀ ਆਗਿਆ ਹਿੰਦੁਸਤਾਨ ਭਰ ਵਿਚ ਦੇ ਦਿਤੀ ਗਈ । ਪਰ ਨਾ ਕਿਰਪਾਨ ਦੀ ਲੰਬਾਈ ਦਾ ਕੋਈ ਫੈਸਲਾ ਕੀਤਾ ਗਿਆ ਅਤੇ ਨਾ ਹੀ ਕਿਰਪਾਨ ਤੇ ਤਲਵਾਰ ਨੂੰ ਦੋ-ਟੁਕ ਇਕੋ ਚੀਜ਼ ਆਖਿਆ ਗਿਆ । ਇਸ ਲਈ ਇਸ ਏਲਾਨ ਵਿਚੋਂ ਨਿਕਲਣ ਦੀ ਗੁੰਜਾਇਸ਼ ਤੇ ਗੁੰਝਲ ਫੇਰ ਰਖ ਲਈ ਗਈ ਜਿਸ ਦੇ ਕਾਰਣ ਪੁਲਸ ਅਫਸਰਾਂ ਤੇ ਜ਼ਿਲਾ ਮੈਜਿਸਟਰੇਟਾਂ ਨੇ ਇਹਨਾਂ ਨਿਯਮਾਂ ਦੀ ਆਪਣੀ ਆਪਣੀ ਵਿਆਖਿਆ ਕਰਕੇ ਗਰਿਫਤਾਰੀਆਂ ਤੇ ਸਜ਼ਾਵਾਂ ਦਾ ਕੰਮ ਜਾਂ ਰਿੜਕਣਾ ਜਾਰੀ ਰਖਿਆ । ਏਹੋ ਹੀ ਨਹੀਂ, ਫੌਜਾਂ ਵਿਚ ਸਿੱਖ ਜੇ ਅਜੇ ਵੀ ਕਿਰਪਾਨ ਪਹਿਨਦੇ ਸਨ ਤਾਂ ਉਹਨਾਂ ਦੇ ਸਿਰ ਕੋਰਟ ਮਾਰਸ਼ਲ ਦੀ ਤਲਵਾਰ ਦੀ ਮਾਰ ਥੱਲੇ ਆ ਜਾਂਦੇ ਸਨ । ਅਤੇ ਗੌਰਮਿੰਟ ਨੇ, ਉਪਰੰਤ, ਇਕ ਹੋਰ ਨਵਾਂ ਹਮਲਾ ਕਿਰਪਾਨ ਬਣਾਣ ਵਾਲਿਆਂ ਉਤੇ ਕਰਨਾ ਸ਼ੁਰੂ ਕਰ ਦਿਤਾ ਸੀ ।

ਜੰਗ ਦੇ ਖਤਮ ਹੋਣ ਪਿੱਛੋਂ, ਸਿੱਖਾਂ ਦੀ ਜੰਗੀ ਸੇਵਾ ਵਜੋਂ, ਇਕ ਦੋ ਸਿਖ ਤਿਉਹਾਰਾਂ ਦੇ ਦਿਨ ਆਮ ਛੁੱਟੀ ਦੇ ਦਿਨ ਕਰਾਰ ਦੇ ਦਿਤੇ ਅਤੇ ਫੌਜਾਂ ਵਿਚ ਕਿਰਪਾਨਾਂ ਪਹਿਨਣ ਦੀ ਖੁਲ੍ਹ ਦੇ ਦਿਤੀ ।[1] ਪਰ ਇਹ ਖੁਲ੍ਹ ਵੀ ਬਾਹਲਾ ਚਿਰ ਕਾਇਮ ਨਾ ਰਹੀ । ਅਕਾਲੀ ਲਹਿਰ ਤੇ ਮੋਰਚਿਆਂ ਦੇ ਭਖ ਪੈਣ ਨਾਲ ਕਾਲੀ ਪਗੜੀ ਤੇ ਕਿਰਪਾਨ ਅੰਗਰੇਜ਼ ਅਫਸਰਾਂ ਲਈ ਭਿਆਨਕ ਹਊਆ ਬਣ ਗਈਆਂ । ਅਤੇ ਇਹਨਾਂ ਵਿਚੋਂ ਉਹਨਾਂ ਨੂੰ ਬਗਾਵਤ ਦੀ ਗੰਧ ਆਉਣ ਲਗ ਪਈ । ਇਸ ਲਈ ਕਿਰਪਾਨ ਪਹਿਨਣ ਦੀ ਆਜ਼ਾਦੀ ਦਾ ਏਲਾਨ ਧਰਿਆ ਦਾ ਧਰਿਆ ਹੀ ਰਹਿ ਗਿਆ ।

ਨਨਕਾਣੇ ਸਾਹਿਬ ਦੇ ਕਤਲਾਮ ਪਿੱਛੋਂ, ਪਹਿਲੀ ਵਾਰ, ਅਤੇ ਮਾਰਚ-ਅਪਰੈਲ 1922 ਵਿਚ ਦੂਜੀ ਵਾਰ, ਅਕਾਲੀ ਲਹਿਰ ਦੇ ਕੁਚਲਨ ਲਈ ਅੰਗਰੇਜ਼ ਹਾਕਮਾਂ ਨੇ, ਪੂਰਣ ਮਨਸੂਬਾ-ਬੰਦੀ ਨਾਲ, ਭਰਪੂਰ ਹਮਲੇ ਕੀਤੇ । ਇਹਨਾਂ ਹਮਲਿਆਂ ਵਿਚ ਕਿਰਪਾਨ-ਧਾਰੀ ਅਕਾਲੀ ਅੰਗਰੇਜ਼ ਰਾਜ ਦਾ ਦੁਸ਼ਮਣ ਨੰਬਰ ਇਕ ਸਮਝਿਆ ਜਾਣ ਲਗ ਪਿਆ । ਅਤੇ ਕਿਰਪਾਨਾਂ ਤਾਂ ਕੀ, ਸਿੱਖਾਂ ਪਾਸੋਂ ਟਕੂਏ, ਨੇਜੇ, ਡਾਂਗਾਂ,ਡੰਡੇ ਵਗੈਰਾ ਵੀ ਖੋਹ ਲਏ ਗਏ । ਅਤੇ ਨੌਂ ਇੰਚ ਤੋਂ ਵਡੀਆਂ ਕਿਰ-ਪਾਨਾਂ ਰੱਖਣ ਵਾਲਿਆਂ ਨੂੰ ਫੜ ਫੜ ਅਦਾਲਤਾਂ ਦੇ ਹਵਾਲੇ ਕਰ ਦਿਤਾ ਗਿਆ—ਜਿਨ੍ਹਾਂ ਨੇ ਅਕਾ-

[1] Letter from J. P. Thompson Chief Secretary to the Secretary Govt. of India. no. 6221. Simla, 9tho October 1920.

Digitized by Panjab Digital Library | www.panjabdigilib.org

ਲੀਆਂ ਨੂੰ ਕਾਨੂੰਨ ਵਿਚ ਲਿਖੀਆਂ ਅੰਤਲੀਆਂ ਸਜ਼ਾਵਾਂ ਦਿਤੀਆਂ। ਇਹਨਾਂ ਸਜ਼ਾ ਪਾਣ ਵਾਲੇ ਅਕਾਲੀਆਂ ਨੂੰ ਸਿੱਖਾਂ ਤੇ ਅਕਾਲੀ ਦੀਵਾਨਾਂ ਨੇ 'ਕਿਰਪਾਨ ਬਹਾਦਰ' ਦੇ ਖਿਤਾਬ ਦਿਤੇ। ਕਿਰਪਾਨ ਪਹਿਨਣਾ ਤੇ ਅਦਾਲਤਾਂ ਵਿਚ ਇਸ ਦੇ ਪਹਿਨਣ ਦੇ ਧਾਰਮਕ ਹੱਕ ਲਈ ਲੜਨਾ ਅਕਾਲੀਆਂ ਲਈ ਸਤਕਾਰ ਤੇ ਵਕਾਰ ਦਾ ਸਵਾਲ ਬਣ ਗਿਆ। ਭਾਈ ਸੇਵਾ ਸਿੰਘ 'ਕਿਰਪਾਨ ਬਹਾਦਰ' ਨੇ ਕਿਰ-ਪਾਨ ਬਹਾਦਰ ਨਾਮ ਦਾ ਇਕ ਹਫਤਾਵਾਰ ਅਖਬਾਰ ਅਮਰਿਤਸਰ ਤੋਂ ਜਾਰੀ ਕਰ ਦਿਤਾ ਜਿਸ ਨੇ ਰਿਆਸਤਾਂ ਦੀ ਅਕਾਲੀ ਲਹਿਰ, ਕਿਰਪਾਨ ਦੀ ਲੜਾਈ ਤੇ ਰਿਆਸਤੀ ਪਰਜਾ ਮੰਡਲ ਦੀ ਤਹਿਰੀਕ ਲਈ ਬੜਾ ਕੰਮ ਕੀਤਾ ਅਤੇ ਜਿਸ ਦੇ ਐਡੀਟਰਾਂ ਤੇ ਛਾਪਕਾਂ ਵਗੈਰਾ ਨੇ ਬੜੀਆਂ ਕੈਦਾਂ ਕੱਟੀਆਂ ਅਤੇ ਜੁਰਮਾਨੇ ਭਰੇ।

## 1. ਪਾੜੋ ਤੇ ਰਾਜ ਕਰੋ

"ਸਿੱਖਾਂ ਦੇ ਧਾਰਮਕ ਚਿੰਨ੍ਹ ਕਿਰਪਾਨ ਦਾ ਪਹਿਲੋਂ ਜ਼ਿਕਰ ਆ ਚੁਕਾ ਹੈ। ਪਿਛਲੇ ਦੋਂਹ ਚਹੁੰ ਸਾਲਾਂ ਵਿਚ, ਅਕਾਲੀ ਐਜੀਟੇਸ਼ਨ ਦੇ ਦੌਰਾਨ ਇਸ ਦੀ ਬੜੀ ਖੁਲ੍ਹੀ ਡੁਲ੍ਹੀ ਚਰਚਾ ਹੋਈ ਹੈ। ਇਸ ਹਥਿਆਰ ਦੀ ਘਾਤਕ ਖਸਲਤ ਨੇ—ਜਿਹੜਾ ਕਿ ਲੰਬਾਈ ਵਿਚ ਵਧਦਾ ਚਲਿਆ ਗਿਆ ਹੈ, ਏਥੋਂ ਤਕ ਕਿ ਇਸ ਦਾ ਹੁਣ ਤਲਵਾਰ ਨਾਲੋਂ ਵਖਰੇਵਾਂ ਕਰਨਾ ਔਖਾ ਹੋ ਗਿਆ ਹੈ—ਦੂਜੇ ਫਿਰ-ਕਿਆਂ ਦੇ ਦਿਲਾਂ ਵਿਚ ਜਿਨ੍ਹਾਂ ਨੂੰ ਆਪਣੇ ਕੋਲ ਹਮਲੇ ਦਾ ਤੇਜ਼ ਹਥਿਆਰ ਰਖਣ ਦਾ ਹੱਕ ਪਰਾਪਤ ਨਹੀਂ ਹੋਇਆ, ਬੜੇ ਸ਼ੱਕ ਪੈਦਾ ਕਰਨ ਦੇ ਮੌਕੇ ਮੁਹੱਈਆ ਕੀਤੇ ਹਨ। ਕਿਰਪਾਨਾਂ ਆਮ ਤੌਰ ਤੇ ਖੁਫੀਆਂ ਥਾਵਾਂ ਵਿਚ ਬਣਾਈਆਂ ਜਾਂਦੀਆਂ ਹਨ ਕਿਉਂਕਿ ਯਕੀਨ ਇਹ ਕੀਤਾ ਜਾਂਦਾ ਹੈ ਕਿ ਇਹਨਾਂ ਦਾ ਬਣਾਣਾ, ਪਾਸ ਰੱਖਣ ਨਾਲੋਂ ਵਖਰਾ ਕਰਕੇ, ਹਥਿਆਰਾਂ ਦੇ ਕਾਨੂੰਨ ਅਧੀਨ ਜੁਰਮ ਹੈ ਅਤੇ ਇਸ ਦੇ ਹਾਸਲ ਕਰਨ ਦਾ ਸੋਮਾ ਲਭਣਾ ਹਮੇਸ਼ਾਂ ਹੀ ਮੁਸ਼ਕਲ ਰਿਹਾ ਹੈ। ਇਕ ਸਭ ਤੋਂ ਵਡੀ ਕਿਰਪਾਨ ਫੈਕਟਰੀ ਉਤੇ ਜਿਸ ਦਾ ਮਾਲਕ ਸ: ਖੜਕ ਸਿੰਘ ਸਿਆਲਕੋਟ ਸੀ—ਬੜਾ ਸਫਲ ਛਾਪਾ ਨਵੰਬਰ 1921 ਵਿਚ ਮਾਰਿਆ ਗਿਆ ਸੀ ਅਤੇ 179 ਕਿਰਪਾਨਾਂ ਜਿਹਨਾਂ ਦੀ ਲੰਬਾਈ ਨੌਂ ਇੰਚ ਨਾਲੋਂ ਵੱਧ ਸੀ, ਪੁਲਸ ਨੇ ਆਪਣੇ ਕਬਜ਼ੇ ਵਿਚ ਕਰ ਲਈਆਂ ਸਨ।"[1]

ਉਤਲੇ ਪੈਰੇ ਨੂੰ ਚੰਗੀ ਤਰ੍ਹਾਂ ਗੰਭੀਰ ਧਿਆਨ ਦੇ ਕੇ ਪੜ੍ਹੋ ਅਤੇ ਇਸ ਦੀ ਲਿਖਣ-ਸ਼ੈਲੀ ਦੀ ਚਾਲਾਕੀ ਵੇਖੋ। ਇਕ ਤਾਂ ਇਸ ਵਿਚ ਗੈਰ-ਸਿੱਖ ਫਿਰਕਿਆਂ ਨੂੰ ਕਿਰਪਾਨ ਦੇ ਮਾਮਲੇ ਵਿਚ, ਸਿੱਖਾਂ ਦੇ ਵਿਰੁਧ ਚੁਕਣ ਅਤੇ ਉਹਨਾਂ ਨੂੰ ਗੌਰਮਿੰਟ ਪਿੱਛੇ ਲਾਮਬੰਦ ਕਰਨ ਦਾ ਜਤਨ ਕੀਤਾ ਗਿਆ ਹੈ। ਦੂਜੇ ਕਿਰਪਾਨ ਬਣਾਣਾ ਹਥਿਆਰ ਦੇ ਕਾਨੂੰਨ ਅਧੀਨ—'ਯਕੀਨ ਕੀਤਾ ਜਾਂਦਾ ਹੈ'—ਆਖਕੇ ਜੁਰਮ ਬਣਾ ਦਿਤਾ ਗਿਆ ਹੈ। ਅਸਲਾਹ (ਹਥਿਆਰ) ਐਕਟ ਵਿਚ ਕਿਰਪਾਨ ਬਣਾਣ ਉਤੇ ਕੋਈ ਪਾਬੰਦੀ ਨਹੀਂ—ਕਿਸੇ ਵੀ ਪਾਬੰਦੀ ਦਾ ਧੁੰਦਲਾ ਜਿਹਾ ਵੀ ਇਸ਼ਾਰਾ ਨਹੀਂ—ਜਿਵੇਂ ਕਿ ਅਸੀਂ ਹੁਣੇ ਹੀ ਵੇਖਾਂਗੇ। ਤੀਜੇ, ਇਸ ਕਾਨੂੰਨ ਵਿਚ ਕਿਰਪਾਨ ਦੀ ਕੋਈ ਲੰਬਾਈ ਮੁਕਰਰ ਨਹੀਂ ਕੀਤੀ ਗਈ ਸੀ ਪਰ ਚਾਲਾਕੀ ਨਾਲ ਕਿਰਪਾਨ ਦੀ ਲੰਬਾਈ ਨੌਂ ਇੰਚ ਤਕ ਸੀਮਤ ਕਰਨ ਦਾ ਕੋਝਾ ਯਤਨ ਕੀਤਾ ਗਿਆ ਹੈ ਜਦੋਂ ਕਿ ਕਿਰਪਾਨ ਅਤੇ ਤਲਵਾਰ ਵਿਚ ਕੋਈ ਫਰਕ ਨਹੀਂ ਸੀ ਕੀਤਾ ਤੇ ਸਮਝਿਆ ਜਾਂਦਾ। ਚੌਥਾ, ਕਿਰਪਾਨਾਂ ਖੁਲ੍ਹੀਆਂ, ਲੋਕਾਂ ਤੇ ਗੌਰਮਿੰਟ ਦੇ ਅਫਸਰਾਂ ਦੀਆਂ ਅੱਖਾਂ ਦੇ ਸਾਮ੍ਹਣੇ ਕਈ ਸ਼ਹਿਰਾਂ ਵਿਚ ਬਣਦੀਆਂ ਸਨ—ਕਿਤੇ ਵੀ ਗੁਪਤ ਘੁਰਨਿਆਂ ਵਿਚ ਨਹੀਂ ਸਨ

[1] Mr. Smith, Supdt. C. I D.'s report (Confidential) on the Akali Dal and the S. G. P. C. 1921—1922.

Digitized by Panjab Digital Library | www.panjabdigilib.org

ਬਣਦੀਆਂ ।

ਹੁਣ ਲਓ ਸ: ਖੜਕ ਸਿੰਘ ਦੇ ਕਿਰਪਾਨ-ਕਾਰਖਾਨੇ ਉਤੇ ਛਾਪਾ ਮਾਰਨ ਦੀ ਗੱਲ । ਏਥੇ ਵੀ 'ਸਚਿਆਈ ਛੁਪਾਓ ਅਤੇ ਝੂਠ ਸੁਝਾਓ' ਦੇ ਪੁਰਾਣੇ ਲਾਤੀਨੀ ਅਖਾਣ ਉਤੇ ਅਮਲ ਕੀਤਾ ਗਿਆ ਹੈ । ਸਚਿਆਈ ਇਹ ਹੈ ਕਿ ਸਿਆਲਕੋਟ ਵਿਚ ਛਾਪਾ ਇਕ ਥਾਂ ਨਹੀਂ, ਦੋਂਹ ਥਾਈਂ ਮਾਰਿਆ ਗਿਆ ਸੀ । ਇਕ, ਸ: ਖੜਕ ਸਿੰਘ ਦੇ ਕਾਰਖਾਨੇ ਉਤੇ ਅਤੇ ਦੂਜੇ,ਸ: ਖਜ਼ਾਨ ਸਿੰਘ ਈ. ਏ. ਸੀ. ਦੇ ਕਾਰਖਾਨੇ ਉੱਤੇ ਅਤੇ ਇਹਨਾਂ ਦੋਹਾਂ ਪਰਸਿਧ ਹਸਤੀਆਂ ਨੂੰ ਹੀ ਫੜ ਲਿਆ ਗਿਆ ਸੀ । ਸ: ਖੜਕ ਸਿੰਘ ਜੀ ਪੂਰਣ ਨਾ-ਮਿਲਵਰਤਨੀਏ ਸਨ ਪਰ ਸ: ਖਜ਼ਾਨ ਸਿੰਘ ਜੀ ਐਕਸਟਰਾ ਅਸਿਸਟੈਂਟ ਕਮਿਸ਼ਨਰ ਰਹਿ ਚੁਕੇ ਸਨ ਅਤੇ ਪੂਰਣ ਮਿਲ-ਵਰਤਨੀਏ । ਉਹਨਾਂ ਨੇ ਗੌਰਮਿੰਟ ਨੂੰ ਨੋਟਿਸ ਦਿਤਾ ਕਿ ਉਹਨਾਂ ਨੂੰ ਫੌਰਨ ਰਿਹਾ ਕੀਤਾ ਜਾਵੇ ਨਹੀਂ ਤਾਂ ਉਹ ਸਰਕਾਰ ਉਤੇ ਹੱਤਕ ਇਜ਼ਤ ਦਾ ਦਾਅਵਾ ਕਰਨਗੇ । ਉਹਨਾਂ ਦਾ ਮੁਕੱਦਮਾ ਵਾਪਸ ਲੈ ਲਿਆ ਗਿਆ ਪਰ ਸ: ਖੜਕ ਸਿੰਘ ਜੀ ਨੂੰ ਅਸਲਾਹ ਐਕਟ ਥੱਲੇ ਨੌਂ ਮਹੀਨੇ ਦੀ ਸਖਤ ਕੈਦ ਦੇ ਦਿਤੀ ਗਈ । ਇਹ ਸੀ ਸਰਕਾਰ ਦਾ ਕਾਨੂੰਨ ਅਤੇ ਉਸ ਦੀਆਂ ਅਦਾਲਤਾਂ ਦਾ ਇਨਸਾਫ ।

ਕੈਪਟਨ ਗੋਪਾਲ ਸਿੰਘ ਨੇ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਇਸ ਕੇਸ ਬਾਰੇ ਸਵਾਲ ਕੀਤਾ ਸੀ ਕਿ ਸ: ਖਜ਼ਾਨ ਸਿੰਘ ਪਿਨਸ਼ਨਰ ਈ. ਏ. ਸੀ. ਦੇ ਕਿਰਪਾਨ ਬਨਾਣ ਵਾਲੇ ਕਾਰਖਾਨੇ ਦੇ ਕੇਸ ਦਾ ਕੀ ਬਣਿਆ ? ਸਰ ਜੌਹਨ ਮੇਨਾਰਡ ਨੇ ਜਵਾਬ ਦਿੱਤਾ ਸੀ ਕਿ ਕੇਸ 'ਡਿਸਚਾਰਜ' ਕਰ ਦਿੱਤਾ ਗਿਆ ਸੀ ਅਤੇ 'ਇਸ ਦੇ ਪਿਛੋਂ ਗੌਰਮਿੰਟ ਨੇ ਇਸ ਕੇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ' ।[1]

ਕਿਰਪਾਨਾਂ ਪਹਿਨਣ ਤੇ ਬਣਾਣ ਦੀ ਮੱਦ ਸ: ਸੁੰਦਰ ਸਿੰਘ ਮਜੀਠੀਏ ਦੇ ਮਹਿਕਮੇ ਦਾ ਅੰਗ ਸੀ । ਸਵਾਲਾਂ ਦਾ ਜਵਾਬ ਜੋ ਕੁਛ ਸਕੱਤਰੇਤ ਦੇ ਵਿਧਾਨਕ ਇਨਚਾਰਜ ਲਿਖ ਦੇਂਦੇ ਸਨ, ਇਹ ਸ਼ਿਰੀ ਮਾਨ ਜੀ ਪੜ੍ਹ ਦੇਂਦੇ ਸਨ । ਬਾਹਲੇ ਜਵਾਬ ਟਾਲਵੇਂ ਹੁੰਦੇ ਸਨ । ਸਿੱਧਾ ਸਾਫ ਜਵਾਬ ਦੇਣਾ "ਪਬਲਕ ਹਿਤਾਂ" ਦੇ ਖਿਲਾਫ ਬਣ ਜਾਂਦਾ ਸੀ । ਕਈ ਵਾਰ ਕਿਰਪਾਨ ਜਾਂ ਹੋਰ ਮਸਲਿਆਂ ਉਤੇ ਸਰਕਾਰ ਵਲੋਂ ਕੌਂਸਲ ਵਿਚ ਏਹੋ ਜੇਹੇ ਸਵਾਲ ਕਰਾਏ ਜਾਂਦੇ ਸਨ ਜਿਹੜੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਸਰਕਾਰ ਦੀ ਪਾਲਿਸੀ ਦੀ ਹਮਾਇਤ ਕਰਦੇ ਹੋਣ ।

ਮਿਸਾਲ ਵਜੋਂ, ਇਕ ਸਰਕਾਰ-ਪਰੱਸਤ ਖਾਨ ਬਹਾਦਰ ਸੱਯਦ ਮਹਿਦੀਸ਼ਾਹ ਨੇ ਇਕ ਸਵਾਲ ਪੁੱਛਿਆ : ਪਿਛਲੇ ਸਾਲ ਦੇ ਦੌਰਾਨ ਕਿਰਪਾਨ ਦੀ ਦੁਰਵਰਤੋਂ ਨਾਲ ਕਿਤਨੇ ਕਤਲ ਹੋਏ ? ਕੀ ਸਰਕਾਰ ਇਸ ਮਾਮਲੇ ਤੇ ਮੁੜ ਵਿਚਾਰ ਕਰੇਗੀ ? ਇਸ ਦੇ ਖਿਲਾਫ ਗੌਰਮਿੰਟ ਇਲਾਜ ਕੀ ਕਰ ਰਹੀ ਹੈ ? ਜਵਾਬ ਵਿਚ ਜੌਹਨ ਮੇਨਾਰਡ ਨੇ ਆਖਿਆ : 2 ਕਤਲ ਹੋਏ, ਦੋਂਹ ਕਤਲਾਂ ਦੇ ਯਤਨ ਹੋਏ । ਸ਼੍ਰੋਮਣੀ ਕਮੇਟੀ ਨੇ ਇਸ ਧਾਰਮਕ ਚਿੰਨ੍ਹ, ਕਿਰਪਾਨ ਦੇ ਪਹਿਨਣ ਬਾਰੇ ਕੁਛ ਹਦਾਇਤਾਂ ਜਾਰੀ ਕੀਤੀਆਂ ਨੇ । ਹੋਰ ਕੋਈ ਹੁਕਮ ਜਾਰੀ ਕਰਨ ਦੀ ਲੋੜ ਨਹੀਂ ਸਮਝੀ ਗਈ ।......ਕੁਹਾੜੀਆਂ ਤੇ ਸੋਟਿਆਂ ਨਾਲ ਕੀਤੀਆਂ ਗਈਆਂ ਹਿੰਸਾ ਦੀਆਂ ਕਾਰਵਾਈਆਂ ਕਿਰਪਾਨ ਨਾਲੋਂ ਅੱਤ-ਅਧਿਕ ਜ਼ਿਆਦਾ ਹਨ ।[2]

ਇਹ ਦੋ ਕਤਲ ਵੀ—ਜੇ ਇਹ ਹੋਏ ਤਾਂ—ਕਿਸੇ ਗੁੰਡੇ ਜਾ ਬਦਮਾਸ਼ ਨੇ ਹੀ ਕੀਤੇ

[1] Punjab Legislative Council Debates : question no. 1784.

[2] ਉਪਰੋਕਤ ਹੀ (ਜਿਲਦ ਜੁਲਾਈ 1922 ਤੋਂ ਮਾਰਚ 1923 ਤਕ) ਪੰਨਾ 370

Digitized by Panjab Digital Library | www.panjabdigilib.org

ਹੋਣਗੇ ਜਿਸ ਦਾ ਅਕਾਲੀ ਤਹਿਰੀਕ ਨਾਲ ਦੂਰ ਦਾ ਵੀ ਵਾਸਤਾ ਨਾ ਹੋਵੇ। ਪਰ ਸਵਾਲ ਦਾ ਮਕਸਦ ਅਕਾਲੀਆਂ ਤੇ ਕਿਰਪਾਨ ਦੇ ਖਿਲਾਫ਼ ਵਿਰੋਧ ਜਾਂ ਤੁਅੱਸਬ ਪੈਦਾ ਕਰਨਾ ਸੀ ਹੋਰ ਕੁਛ ਨਹੀਂ।

ਜੂਨ 1922 ਦੇ ਸ਼ੁਰੂ ਵਿਚ ਗੌਰਮਿੰਟ ਨੇ ਗਰਿਫਤਾਰ ਕੀਤੇ ਕਿਰਪਾਨ-ਧਾਰੀ ਅਕਾਲੀਆਂ ਦੇ ਅੰਕੜੇ ਇਕੱਠੇ ਕੀਤੇ ਸਨ। ਇਹਨਾਂ ਅੰਕੜਿਆਂ ਅਨੁਸਾਰ ਕੁਲ 68 ਕਿਰਪਾਨ-ਧਾਰੀ ਗਰਿਫਤਾਰ ਕੀਤੇ ਗਏ ਸਨ। ਇਹਨਾਂ ਵਿਚੋਂ 66 ਉੱਤੇ ਮੁਕੱਦਮੇ ਚਲਾਏ ਗਏ ਸਨ ਜਿਨ੍ਹਾਂ ਵਿਚੋਂ 40 ਨੂੰ ਪਿਛਲੇ ਬਾਰ੍ਹਾਂ ਮਹੀਨਿਆਂ ਵਿਚ ਕਿਰਪਾਨਾਂ ਰੱਖਣ, ਵੇਚਣ ਅਤੇ ਬਣਾਣ ਦੇ ਕਾਰਣ ਸਜ਼ਾਵਾਂ ਦਿੱਤੀਆਂ ਗਈਆਂ। 18 ਅਕਾਲੀਆਂ ਉਤੇ ਅਜੇ ਮੁਕੱਦਮੇ ਚਲ ਰਹੇ ਹਨ।[1] ਪਰ ਇਹ ਅੰਕੜੇ ਬੜੇ ਅਧੂਰੇ ਅਤੇ ਘੱਟ ਅੰਦਾਜ਼ੇ ਉਤੇ ਅਧਾਰਿਤ ਜਾਪਦੇ ਹਨ।

## 2. ਹਨੇਰ ਖਾਤਾ

ਏਥੋਂ ਤਕ ਹਨੇਰ ਮੱਚਿਆ ਹੋਇਆ ਸੀ ਕਿ ਮੈਜਿਸਟਰੇਟ ਗੁਆਹਾਂ ਨੂੰ ਮਜਬੂਰ ਕਰਦੇ ਸਨ ਕਿ ਪਹਿਲੋਂ ਕਿਰਪਾਨ ਉਤਾਰੋ ਫੇਰ ਗੁਆਹੀ ਦਰਜ ਕੀਤੀ ਜਾਏਗੀ। ਇਸ ਤੇ ਕੌਂਸਲ ਵਿਚ ਸਵਾਲ ਪੁੱਛੇ ਜਾਣ ਤੇ ਸ: ਸੁੰਦਰ ਸਿੰਘ ਮਜੀਠੀਏ ਨੇ ਜਵਾਬ ਦਿੱਤਾ ਸੀ ਕਿ ਅਦਾਲਤ ਵਿਚ ਮੁਕੱਦਮਾ ਸੁਣ ਰਹੇ ਮੈਜਿਸਟਰੇਟ ਨੂੰ ਹੱਕ ਹਾਸਲ ਹੈ ਕਿ ਉਹ "ਹਿੰਸਕ ਖਸਲਤ ਦੇ ਮੁਜਰਮਾਨਾ ਰੁਚੀਆਂ ਰੱਖਣ ਵਾਲੇ ਆਦਮੀਆਂ" ਦੀਆਂ ਕਿਰਪਾਨਾਂ ਲੁਹਾ ਲੈਣ। (ਸਵਾਲ ਨੰਬਰ 1795 ਤੇ ਉਸ ਦਾ ਜਵਾਬ) ਅਤੇ ਉਹਨਾਂ ਦਿਨਾਂ ਵਿਚ ਗੌਰਮਿੰਟ ਹਰ ਇਕ ਕਿਰਪਾਨ-ਧਾਰੀ ਸਿੱਖ ਨੂੰ 'ਮੁਜਰਮ' ਸਮਝਦੀ ਸੀ।

ਅਤੇ ਏਹੋ ਹੀ ਨਹੀਂ, ਇਕ ਅੰਗਰੇਜ਼ ਅਫਸਰ ਨੇ ਇਕ ਕਿਰਪਾਨ-ਧਾਰੀ ਵਿਦਿਆਰਥੀ ਨੂੰ ਕਲਾਸ ਵਿਚ ਕਿਰਪਾਨ ਉਤਾਰ ਕੇ ਆਉਣ ਲਈ ਹੁਕਮ ਦਿੱਤਾ ਅਤੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਜੇ ਪਰਿੰਸੀਪਲ ਨੇ ਮੇਰੀ ਕਲਾਸ ਵਿਚ ਕਿਰਪਾਨ ਪਹਿਨੀ ਰੱਖਣ ਦੀ ਆਗਿਆ ਦੇ ਦਿੱਤੀ ਤਾਂ ਇਹ ਮੇਰੀ ਮਰਜ਼ੀ ਹੋਵੇਗੀ ਕਿ ਮੈਂ ਤੈਨੂੰ ਕਲਾਸ ਵਿਚ ਬੈਠਣ ਦਿਆਂ ਜਾਂ ਨਾ। ਏਸੇ ਤਰ੍ਹਾਂ ਇਕ ਵਿਦਿਆਰਥੀ ਹੱਥ ਵਿਚ ਕਿਰਪਾਨ ਫੜੀ ਸਕੂਲੇ ਜਾ ਰਿਹਾ ਸੀ ਕਿ ਉਸ ਨੂੰ ਫੜ ਲਿਆ ਗਿਆ ਅਤੇ ਅਦਾਲਤ ਵਲੋਂ ਉਸ ਤੇ ਜੁਰਮਾਨਾ ਕੀਤਾ ਗਿਆ। ਮੇਨਾਰਡ ਦਾ ਜਵਾਬ ਇਹ ਸੀ ਕਿ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਏਗੀ।

ਖੁਦ ਮਜੀਠੀਆ ਨੇ ਇਕ ਸਵਾਲ ਦੇ ਜਵਾਬ ਵਿਚ ਇਕਬਾਲ ਕੀਤਾ ਸੀ ਕਿ ਕਿਰਪਾਨ ਦੀ ਲੰਬਾਈ ਮੁਕੱਰਰ ਨਹੀਂ ਕੀਤੀ ਗਈ। ਪਰ ਉਸ ਦਾ ਇਹ ਜਵਾਬ ਬੜਾ ਹਾਸੋ-ਹੀਣਾ ਸੀ ਕਿ ਸਿੱਖਾਂ ਨੂੰ ਕਿਰਪਾਨ ਪਹਿਨਣ ਕਰਕੇ ਨਹੀਂ ਫੜਿਆ ਜਾ ਰਿਹਾ, ਤਲਵਾਰ ਪਹਿਨਣ ਕਰਕੇ ਫੜਿਆ ਜਾ ਰਿਹਾ ਹੈ ਕਿਉਂਕਿ ਤਲਵਾਰ ਹਥਿਆਰਾਂ ਦੇ ਕਾਨੂੰਨ ਤੋਂ ਮੁਕਤ ਨਹੀਂ।[2]

ਅਤੇ ਕਾਨੂੰਨ ਅਸਲਾਹ, ਅਫਸਰਸ਼ਾਹੀ ਲਈ, ਇਕ ਹੱਥਲਾ ਡੰਡਾ ਬਣ ਗਿਆ ਸੀ ਜਿਸ ਨਾਲ ਕੋਈ ਵੀ ਕਿਰਪਾਨ-ਧਾਰੀ ਕੁੱਟਿਆ ਜਾ ਸਕਦਾ ਸੀ। ਅਫਸਰ ਤੇ ਜੱਜ ਇਸ ਦੀ ਵਿਆਖਿਆ ਆਪੋ ਆਪਣੀ ਕਰਦੇ ਸਨ। ਜੇ ਸਖਤੀ ਦਾ ਦੌਰ ਚਲ ਰਿਹਾ ਹੈ ਤਾਂ ਜਿਸ ਨੂੰ

---

[1] ਲਾਲਾ ਠਾਕਰ ਦਾਸ ਦਾ ਸਵਾਲ ਨੰਬਰ 1467 ਤੇ ਉਸ ਦਾ ਜਵਾਬ।

[2] ਕੈਪਟਨ ਗੋਪਾਲ ਸਿੰਘ ਦੇ 1794 ਨੰਬਰ ਸਵਾਲ ਦਾ ਜਵਾਬ।

Digitized by Panjab Digital Library | www.panjabdigilib.org

ਮਰਜ਼ੀ ਹੈ ਫੜੋ ਅਤੇ ਜੇਲ੍ਹ ਵਿਚ ਧਕੋ, ਜੇ ਕੁਛ ਨਰਮੀ ਦਾ ਦੌਰ ਹੈ ਤਾਂ ਕੁਛ ਨਰਮਾਈ ਤੋਂ ਕੰਮ ਲਓ ! ਅਕਾਲੀ-ਵਿਰੋਧੀ ਤੁਅੱਸਬ, ਅਫਸਰਸ਼ਾਹੀ ਅੰਦਰ, ਨਿਰੰਤਰ ਕੰਮ ਕਰ ਰਿਹਾ ਸੀ ।

ਕਿਰਪਾਨ ਬਾਰੇ ਇਕ ਦੋ ਫੈਸਲਿਆਂ ਦਾ ਅਧਿਅਨ ਕਰੋ । ਸ: ਮਹਿਤਾਬ ਸਿੰਘ ਨੇ ਕੌਂਸਲ ਵਿਚ ਇਸ ਬਾਰੇ ਇਕ ਸਵਾਲ ਪੁੱਛਕੇ ਸਰਕਾਰੀ ਪਾਲਿਸੀ ਦਾ ਸਪਸ਼ਟੀਕਰਣ ਕਰਾਣਾ ਚਾਹਿਆ ਸੀ । ਸ: ਸੁੰਦਰ ਸਿੰਘ ਨੇ ਜਵਾਬ ਦਿੱਤਾ : ਕਿਰਪਾਨ ਸਭ ਬੰਦਸ਼ਾਂ ਤੋਂ ਮੁਕਤ ਹੈ । ਇਹ ਰਿਆਇਤ ਸਿੱਖਾਂ ਨੂੰ 1914 ਵਿਚ ਦਿੱਤੀ ਗਈ ਸੀ । ਗੌਰਮਿੰਟ ਨੂੰ ਕਾਨੂੰਨੀ ਮਸ਼ਵਰਾ ਇਹ ਦਿੱਤਾ ਗਿਆ ਹੈ ਕਿ ਲਾਇਸੰਸ ਦੇ ਬਗੈਰ ਕਿਰਪਾਨਾਂ ਬਣਾਣਾ ਗੈਰ-ਕਾਨੂੰਨੀ ਹੈ । ਇਹ ਠੀਕ ਹੈ ਕਿ ਲਾਹੌਰ ਦੇ ਅਸਿਸਟੈਂਟ ਕਮਿਸ਼ਨਰ ਨੇ ਕਿਰਪਾਨਾਂ ਬਣਾਣ ਦੀ ਲਾਇਸੰਸ ਹਾਸਲ ਕਰਨ ਲਈ ਇਕ ਦਰਖਾਸਤ ਕਰਨ ਵਾਲੇ ਨੂੰ ਆਖਿਆ ਸੀ ਕਿ ਜੇ ਕਿਰਪਾਨਾਂ ਸਿੱਖਾਂ ਕੋਲ ਹੀ ਵੇਚੀਆਂ ਜਾਣੀਆਂ ਹਨ ਤਾਂ ਲਸੰਸ ਦੀ ਕੋਈ ਲੋੜ ਨਹੀਂ । ਪਰ ਜ਼ਿਲਾ ਮੈਜਿਸਟਰੇਟ ਨੇ ਇਹ ਗਲਤੀ ਛੇਤੀ ਹੀ ਦਰੁਸਤ ਕਰ ਲਈ ਸੀ । ਉਸ ਨੇ ਕਿਰਪਾਨਾਂ ਬਣਾਣ ਵਾਲੇ ਦੋ ਮੁਸਲਮਾਨਾਂ ਤੇ ਇਕ ਸਿੱਖ ਦੇ ਵਿਰੁਧ ਮੁਕਦਮੇ ਦਾਇਰ ਕਰ ਦਿੱਤੇ ਸਨ । ਹੁਣ ਤਕ ਲਾਇਸੰਸ ਲੈਣ ਦੀ ਕੋਈ ਜ਼ਰੂਰਤ ਨਹੀਂ ਸੀ ਕਿਉਂਕਿ ਕਿਰਪਾਨ ਦੋ ਤਿੰਨ ਇੰਚ ਲੰਮੀ ਹੀ ਬਣਾਈ ਜਾਂਦੀ ਸੀ । ਪਰ ਵਧੇਰੇ ਲੰਬਾਈ ਲਈ ਲਾਇਸੰਸ ਲੈਣ ਦੀ ਲੋੜ ਹੈ ।[1]

ਪਰ ਇਹ ਇਕ ਜ਼ਿਲਾ ਮੈਜਿਸਟਰੇਟ ਦਾ ਫੈਸਲਾ ਸੀ ਕਿਸੇ ਸੈਸ਼ਨ ਜੱਜ ਜਾਂ ਸੂਬੇ ਦੀ ਉੱਚਤਮ ਅਦਾਲਤ ਹਾਈ ਕੋਰਟ ਦਾ ਨਹੀਂ ਸੀ । ਇਸ ਲਈ ਅਸਲਾਹ ਐਕਟ ਦੀ ਵਿਆਖਿਆ ਦੀ ਅਨਾਰਕੀ ਜਾਰੀ ਰਹੀ ਅਤੇ ਕਿਰਪਾਨ-ਧਾਰੀ ਸਿੱਖ ਇਸ ਅਨਾਰਕੀ ਦਾ ਸ਼ਿਕਾਰ ਹੁੰਦੇ ਰਹੇ । ਅੰਬਾਲੇ ਦੇ ਸੈਸ਼ਨ ਜੱਜ ਨੇ ਇਕ ਮੁਕੱਦਮੇ ਵਿਚ ਆਪਣਾ ਫੈਸਲਾ ਦਿਤਾ : ਜਿਥੋਂ ਤਕ ਸਿੱਖਾਂ ਦਾ ਸੰਬੰਧ ਹੈ ਕਿਰਪਾਨ, ਇਸ ਦੇ ਬਣਾਣ ਸਮੇਤ, ਸਭ ਬੰਦਸ਼ਾਂ ਤੋਂ ਮੁਕਤ ਹੈ ।

ਇਸ ਮਸਲੇ ਉੱਤੇ ਇਕ ਸਵਾਲ ਬਾਰੇ ਮੇਨਾਰਡ ਨੇ ਜਵਾਬ ਦਿਤਾ : ਇਹ ਮਾਮਲਾ ਹਾਈਕੋਰਟ ਦੇ ਸਾਮ੍ਹਣੇ ਲਿਆਂਦਾ ਜਾ ਰਿਹਾ ਹੈ ਤਾਂ ਜੋ ਕਾਨੂੰਨ ਦੇ ਇਸ ਨੁਕਤੇ ਉਤੇ ਬੰਨ੍ਹਵਾਂ ਫੈਸਲਾ ਲਿਆ ਜਾ ਸਕੇ । ਜਦੋਂ ਤਕ ਫੈਸਲਾ ਨਹੀਂ ਹੋ ਜਾਂਦਾ, ਓਦੋਂ ਤਕ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਲਾਇਸੰਸ ਬਗੈਰ ਕਿਰਪਾਨਾਂ ਬਣਾਈ ਜਾਣ ਤੇ ਕੋਈ ਮੁਕੱਦਮੇ ਨਾ ਚਲਾਣ ।[2]

ਕਿਰਪਾਨਾਂ ਬਣਾਣ ਦੀ ਖੁਲ੍ਹ ਦੇ ਖਿਲਾਫ ਗੌਰਮਿੰਟ ਨੇ ਹਾਈਕੋਰਟ ਵਿਚ ਅਪੀਲ ਕੀਤੀ ਸੀ । ਅਪੀਲ ਦਾ ਫੈਸਲਾ ਹਾਈ ਕੋਰਟ ਨੇ ਇਹ ਦਿਤਾ ਸੀ ਕਿ ਸਿੱਖਾਂ ਨੂੰ ਕਿਰਪਾਨ ਰਖਣ ਤੇ ਪਹਿਨਣ ਦਾ ਹੱਕ ਪਰਾਪਤ ਹੈ ਪਰ ਲਾਇਸੰਸ ਲਿਆਂ ਬਗੈਰ ਬਣਾਣ ਦਾ ਹੱਕ ਨਹੀਂ । ਕਾਨੂੰਨ ਵਿਚ ਸ਼ੱਕ ਦੀ ਗੁੰਜਾਇਸ਼ ਸੀ ਜਿਸ ਕਰਕੇ ਕਿਰਪਾਨਾਂ ਬਣਾਣ ਵਾਲੇ ਇਕ ਸਿੱਖ ਬਸਤਾ ਸਿੰਘ ਨੂੰ ਥੋੜ੍ਹੀ ਸਜ਼ਾ ਦਿਤੀ ਗਈ । ਰੋਜ਼ਾਨਾ ਅਕਾਲੀ ਤੇ ਪ੍ਰਦੇਸੀ ਦੀ ਇਸ ਤੇ ਟਿਪਣੀ ਇਹ ਸੀ ਕਿ ਜਦ ਜੱਜ ਦੀ ਆਪਣੀ ਰਾਏ ਵਿਚ ਹੀ ਕਾਨੂੰਨ ਵਿਚ ਸ਼ੱਕ ਦੀ ਗੁੰਜਾਇਸ਼ ਸੀ ਤਾਂ ਸ਼ੱਕ ਦਾ ਫਾਇਦਾ ਮੁਲਜ਼ਮ

[1] ਪੰਜਾਬ ਕੌਂਸਲ ਦੀ ਕਾਰਵਾਈ, ਜਿਲਦ ਇਕ 1921, ਸਵਾਲ 103 ਤੇ ਉਸ ਦਾ ਜਵਾਬ

[2] ਪੰਜਾਬ ਕੌਂਸਲ ਦੀ ਕਾਰਵਾਈ ਜਿਲਦ ਚਾਰ ਜੁਲਾਈ 1922 ਤੋਂ ਮਾਰਚ 1923 ਤਕ—ਸ: ਸੰਗਤ ਸਿੰਘ ਦਾ ਸਵਾਲ ਨੰਬਰ 1693.

Digitized by Panjab Digital Library | www.panjabdigilib.org

ਨੂੰ ਮਿਲਣਾ ਚਾਹੀਦਾ ਸੀ ਅਤੇ ਉਸ ਨੂੰ ਕੋਈ ਸਜ਼ਾ ਨਹੀਂ ਸੀ ਦਿਤੀ ਜਾਣੀ ਚਾਹੀਦੀ। (ਯਾਰਾਂ ਜਨਵਰੀ 1923)

ਗੁਰੂ ਕੇ ਬਾਗ ਦੇ ਮੋਰਚੇ ਦੀ ਸਫਲਤਾ ਪਿੱਛੋਂ ਹੇਲੀ ਨੇ ਕੇਂਦਰੀ ਸਰਕਾਰ ਨੂੰ ਇਕ ਚਿਠੀ ਵਿਚ ਲਿਖਿਆ ਸੀ : ਇਕ ਸਾਲ ਪਹਿਲੋਂ......'ਸ਼੍ਰੋਮਣੀ ਕਮੇਟੀ, ਕਈ ਮੌਕਿਆਂ ਤੇ ਗੌਰਮਿੰਟ ਨਾਲ ਮਿਲਵਰਤਨ ਕਰਦੀ ਸੀ—ਜਿਵੇਂ ਮਿਸਾਲ ਦੇ ਤੌਰ ਤੇ, ਕਿਰਪਾਨ ਦੀ ਲੰਬਾਈ ਦਾ ਫੈਸਲਾ ਕਰਾਣ ਦੇ ਮਾਮਲੇ ਵਿਚ......' ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੌਰਮਿੰਟ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਵੀ ਕਿਰਪਾਨ ਦਾ ਮਾਮਲਾ ਨਜਿਠਣ ਵਿਚ ਗਲਬਾਤ ਹੋਈ ਸੀ ਅਤੇ ਦੋਹਾਂ ਧਿਰਾਂ ਵਲੋਂ ਇਸ ਤੇ ਅੱਡ ਅੱਡ ਐਲਾਨ ਕੀਤੇ ਗਏ ਸਨ। ਕਮੇਟੀ ਦਾ ਐਲਾਨ ਇਹ ਸੀ :

## 3. ਅਖੌਤੀ ਸਮਝੌਤਾ

(1) ਕਿਰਪਾਨ ਇਕ ਧਾਰਮਕ ਚਿੰਨ੍ਹ ਹੈ ਜਿਹੜਾ ਕਿ ਅੰਮਰਿਤਧਾਰੀ ਸਿੱਖਾਂ ਨੂੰ ਆਪਣੇ ਇਕ ਪਾਸੇ ਪਹਿਨਣਾ ਚਾਹੀਦਾ ਹੈ। ਇਹ ਮਿਆਨ ਵਿਚੋਂ ਅਰਦਾਸੇ ਵੇਲੇ, ਗੁਰੂ ਗਰੰਥ ਸਾਹਿਬ ਦੀ ਸਵਾਰੀ ਦੀ ਪੰਜਾਂ ਪਿਆਰਿਆਂ ਵਲੋਂ ਅਗਵਾਈ ਵੇਲੇ ਬਾਹਰ ਕਢਣੀ ਚਾਹੀਦੀ ਹੈ। ਨੰਗੀਆਂ ਕਿਰਪਾਨਾਂ ਹਵਾ ਵਿਚ ਨਹੀਂ ਘੁਮਾਉਣੀਆਂ ਚਾਹੀਦੀਆਂ—ਨਾ ਹੀ ਇਹਨਾਂ ਨਾਲ ਤਾਕਤ ਦਾ ਵਿਖਾਵਾ ਕਰਨਾ ਚਾਹੀਦਾ ਹੈ। ਉਤਲੇ ਤਿੰਨਾਂ ਮੌਕਿਆਂ ਤੋਂ ਛੁੱਟ ਕਿਰਪਾਨ ਮਿਆਨ ਵਿਚੋਂ ਨਹੀਂ ਕਢਣੀ ਚਾਹੀਦੀ। ਸ਼੍ਰੋਮਣੀ ਕਮੇਟੀ ਉਤਲੀਆਂ ਹਦਾਇਤਾਂ ਦੇ ਵਿਰੁਧ ਕਿਰਪਾਨ ਦੀ ਵਰਤੋਂ ਨੂੰ ਨਾ-ਪਸੰਦ ਕਰਦੀ ਹੈ।

(2) ਸ਼੍ਰੋਮਣੀ ਕਮੇਟੀ ਮੁੜ ਓਹੋ ਕੁਛ ਦੁਹਰਾਂਦੀ ਹੈ ਜਿਹੜਾ ਇਹ ਕਈ ਵਾਰ ਪਹਿਲੋਂ ਕਹਿ ਚੁਕੀ ਹੈ ਕਿ ਇਹ ਇਕ ਖਾਲਸ ਧਾਰਮਕ ਜਥੇਬੰਦੀ ਹੈ ਅਤੇ ਰਹੀ ਹੈ। ਇਸ ਵੇਲੇ ਸਿੱਖਾਂ ਤੇ ਗੌਰਮਿੰਟ ਵਿਚਕਾਰ ਸਿੱਖ ਪੰਥ ਦੀਆਂ ਧਾਰਮਕ ਸ਼ਿਕਾਇਤਾਂ ਦੂਰ ਕਰਨ ਲਈ ਵਿਚਾਰਾਂ ਹੋ ਰਹੀਆਂ ਹਨ। ਸ਼੍ਰੋਮਣੀ ਕਮੇਟੀ ਆਪਣੇ ਮਿੰਬਰਾਂ ਨੂੰ ਸੱਦਾ ਦੇਂਦੀ ਹੈ ਕਿ ਉਹ ਕੋਈ ਅਜੇਹੀ ਗੱਲ ਨਾ ਕਰਨ ਜਿਹੜੀ ਗੌਰਮਿੰਟ ਜਾਂ ਸ਼੍ਰੋਮਣੀ ਕਮੇਟੀ ਨੂੰ ਪਰੇਸ਼ਾਨ ਕਰਨ ਵਾਲੀ ਹੋਵੇ ਅਤੇ ਮਸਲੇ ਦੇ ਹਲ ਕਰਨ ਦੇ ਮੌਕਿਆਂ ਉਤੇ ਬੁਰਾ ਅਸਰ ਪਾਉਂਦੀ ਹੋਵੇ।

ਗੌਰਮਿੰਟ ਨੇ ਇਸ ਗੱਲਬਾਤ ਪਿੱਛੋਂ "ਪੁਲਸ ਅਤੇ ਮੁਕੱਦਮਾ ਚਲਾਣ ਵਾਲੀਆਂ ਏਜੰਸੀਆਂ ਦੀ ਅਗਵਾਈ ਲਈ" ਇਹ ਹਦਾਇਤਾਂ ਜਾਰੀ ਕੀਤੀਆਂ ਸਨ :

ਹਾਈਕੋਰਟ ਦੇ ਨੇੜਲੇ ਹੁਕਮ ਥੱਲੇ ਜਦੋਂ ਕੋਈ ਹਥਿਆਰ ਚਿਹਰੇ-ਮੋਹਰੇ ਤੋਂ ਤਲਵਾਰ ਹੋਵੇ—ਇਹ ਸਾਬਤ ਕਰਨਾ ਮੁਲਜ਼ਮ ਦਾ ਫਰਜ਼ ਹੈ ਕਿ ਇਹ ਤਲਵਾਰ ਨਹੀਂ, ਕਿਰਪਾਨ ਹੈ...... ਜੇ ਕੋਈ ਸਿੱਖ ਇਹ ਚੁੱਕੀ ਫਿਰਦਾ ਹੋਵੇ ਤਾਂ ਐਗਜ਼ੈਕਟਿਵ ਮਾਮਲਿਆਂ ਲਈ ਇਹ ਫਰਜ਼ ਕਰ ਲੈਣਾ ਚਾਹੀਦਾ ਹੈ ਕਿ ਇਹ ਤਲਵਾਰ ਹੈ ਜੇ :

(ੳ) ਪਹਿਨਣ ਜਾਂ ਚੁੱਕਣ ਵਾਲਾ ਆਦਮੀ ਇਸ ਨੂੰ ਆਪਣੇ ਇਕ ਪਾਸੇ ਨਹੀਂ ਪਹਿਨ ਜਾਂ ਚੁੱਕ ਰਿਹਾ; ਜਾਂ

(ਅ) ਉਹ ਆਦਮੀ ਪਹਿਨ ਜਾਂ ਚੁਕ ਰਿਹਾ ਹੈ ਜਿਹੜਾ ਪੰਜਾਂ ਦੀ ਪਾਰਟੀ ਵਿਚੋਂ ਇਕ ਹੈ ਜਿਹੜੀ ਫੌਜੀ ਤਰਤੀਬ ਨਾਲ ਮਾਰਚ ਕਰ ਰਹੀ ਹੈ, ਜਾਂ

(ੲ) ਇਹ ਤਾਕਤ ਦੇ ਵਿਖਾਵੇ ਦੇ ਤਰੀਕੇ ਤੇ ਪਹਿਨੀ ਜਾਂ ਚੁਕੀ ਜਾ ਰਹੀ ਹੈ; ਜਾਂ

Digitized by Panjab Digital Library | www.panjabdigilib.org

(ਸ) ਇਹ ਮਿਆਨੋਂ ਬਾਹਰ ਕਢੀ ਹੋਈ ਹੈ (ਖਾਲਸ ਧਾਰਮਕ ਰਸਮਾਂ ਤੋਂ ਬਿਨਾ ਜੇ ਇਹ ਕਿਰਪਾਨ ਆਖੀ ਜਾਂਦੀ ਹੈ ਅਤੇ ਉੱਤੇ-ਦੱਸੇ-ਗਏ ਤਰੀਕਿਆਂ ਵਿਚੋਂ ਕਿਸੇ ਅਨੁਸਾਰ ਨਹੀਂ ਢੁੱਕੀ ਜਾਂ ਪਹਿਨੀ ਜਾ ਰਹੀ––ਤਾਂ ਇਸ ਨੂੰ ਐਗਜ਼ੈਕਟਿਵ ਲਈ ਤਲਵਾਰ ਫਰਜ਼ ਕਰ ਲੈਣਾ ਚਾਹੀਦਾ ਹੈ ।[1]

ਕਿਰਪਾਨ ਦਾ ਮਸਲਾ ਇਹ ਗਲਬਾਤ ਵੀ ਹਲ ਨਾ ਕਰ ਸਕੀ । ਕਿਉਂਕਿ ਸਰਕਾਰ ਤਾਂ ਹਰ ਕਿਰਪਾਨ ਨੂੰ ਤਲਵਾਰ ਗਰਦਾਨਦੀ ਸੀ । ਇਹ ਪਹਿਨਣ ਵਾਲੇ ਦੀ ਜ਼ੁਮੇਂਵਾਰੀ ਸੀ ਕਿ ਉਹ ਸਾਬਤ ਕਰੇ ਕਿ ਉਹ ਕਿਰਪਾਨ ਪਹਿਨ ਰਿਹਾ ਹੈ, ਤਲਵਾਰ ਨਹੀਂ । ਹੱਥ ਵਿਚ ਫੜਿਆਂ ਇਹ ਤਲਵਾਰ ਬਣ ਜਾਂਦੀ ਸੀ, ਮੋਢਿਆਂ ਤੇ ਰੱਖਿਆਂ ਇਹ ਕਿਰਪਾਨ ਨਹੀਂ ਸੀ ਰਹਿੰਦੀ ਕਿਉਂਕਿ ਇਹ ਕਾਨੂੰਨ ਦੀ ਗਰਿਫਤ (ਪਕੜ) ਵਿਚ ਆ ਜਾਂਦੀ ਸੀ । ਹਰ ਕਿਰਪਾਨ-ਧਾਰੀ ਨੂੰ ਪੁਲਸ ਇਹ ਆਖਕੇ ਫੜ ਸਕਦੀ ਸੀ ਕਿ ਉਸ ਨੇ ਕਿਰਪਾਨ ਮਿਆਨੋਂ ਕਢੀ ਹੋਈ ਸੀ, ਜਾਂ ਮਿਆਨੋਂ ਕਢਕੇ ਪੈਂਤੜੇ ਲੈਂਦਾ ਸੀ ਜਾਂ, ਪੰਜਾਂ ਦੇ ਜਾਂ ਵੱਡੇ ਜਲੂਸ ਵਿਚ ਕਿਰਪਾਨ ਨੰਗੀ ਚੁਕੀ ਫਿਰਦਾ ਸੀ ।

ਇਸ ਲਈ ਕਿਰਪਾਨ ਪਹਿਨਣ ਤੇ ਗਰਿਫਤਾਰੀਆਂ ਹੁੰਦੀਆਂ ਰਹੀਆਂ, ਕੈਦਾਂ ਹੁੰਦੀਆਂ ਰਹੀਆਂ । ਅੰਗਰੇਜ਼ ਰਾਜ ਵਿਚ ਇਹ ਮਸਲਾ ਪੂਰੀ ਤਰ੍ਹਾਂ ਕਦੇ ਵੀ ਹਲ ਨਹੀਂ ਸੀ ਹੋਇਆ । ਸਿੱਖਾਂ ਨੇ ਕਦੇ ਇਸ ਗੱਲ ਦਾ ਵਿਰੋਧ ਨਹੀਂ ਸੀ ਕੀਤਾ ਕਿ ਗੈਰ-ਸਿੱਖਾਂ ਨੂੰ ਤਲਵਾਰ ਰਖਣ ਦਾ ਹੱਕ ਨਾ ਦਿਤਾ ਜਾਵੇ । ਗੌਰਮਿੰਟ ਸਗੋਂ ਗੈਰ-ਸਿੱਖਾਂ ਨੂੰ ਸਿੱਖਾਂ ਦੀ ਕਿਰਪਾਨ ਦੇ ਖਿਲਾਫ ਭੁਲੇਖੇ ਪਾਉਣ ਤੇ ਚੁੱਕਣ ਲਈ ਲਗਾਤਾਰ ਹੀਲੇ-ਉਪਰਾਲੇ ਕਰਦੀ ਰਹੀ । ਅੰਗਰੇਜ਼ ਰਾਜ ਦੀ ਕੂਟਲ-ਨੀਤੀ ਦਾ ਇਹ ਇਕ ਬੜਾ ਅਹਿਮ ਅੰਗ ਸੀ ।

---

[1] ਨੰਬਰ 7874 (ਹੋਮ-ਜਨਰਲ) ਲਾਹੌਰ, 15 ਮਾਰਚ 1922.

Digitized by Panjab Digital Library | www.panjabdigilib.org

## ਖੰਡ ਤੀਜਾ

# ਨਾਭੇ ਦੀ ਗੱਦੀ ਦਾ ਮਸਲਾ

ਗੁਰੂ ਕੇ ਬਾਗ ਦੇ ਢੇਰ ਸਾਰੇ ਕੈਦੀ ਰਿਹਾ ਹੋਣ ਪਿੱਛੋਂ ਮੁੜ ਕੁਛ ਆਸ ਬਝ ਗਈ ਸੀ ਕਿ ਗੁਰਦੁਆਰਿਆਂ ਦਾ ਮਸਲਾ ਸ਼ਾਇਦ ਹਲ ਹੋ ਜਾਏਗਾ। ਗੌਰਮਿੰਟ ਆਪਣੇ ਪਾਸ ਕੀਤੇ ਗੁਰ-ਦੁਆਰਾ ਬਿਲ ਨੂੰ ਲਾਗੂ ਕਰਨ ਵਿਚ ਸਫਲ ਨਹੀਂ ਸੀ ਹੋ ਸਕੀ। ਉਸ ਨੇ ਕਈ ਇਕ ਸਿੱਖ ਵਕੀਲਾਂ ਨੂੰ ਕਮਿਸ਼ਨ ਦੇ ਮਿੰਬਰ ਬਣਾਣ ਲਈ ਟੋਹਿਆ ਸੀ, ਪਰ ਕਿਸੇ ਨੇ ਹਾਂ ਤਕ ਨਹੀਂ ਸੀ ਕੀਤੀ—ਏਥੋਂ ਤਕ ਕਿ ਅਮਰ ਸਿੰਘ ਵਕੀਲ ਨੇ ਜਿਸ ਦਾ ਜ਼ਿਕਰ ਅਸੀਂ ਪਿੱਛੇ ਕਰ ਚੁਕੇ ਹਾਂ, ਜੌਹਨ ਮੇਨਾਰਡ ਨੂੰ ਸਾਫ ਸ਼ਬਦਾਂ ਵਿਚ ਕਹਿ ਦਿਤਾ ਸੀ ਕਿ ਉਹ ਕਮਿਸ਼ਨਰ ਬਣਕੇ ਆਪਣਾ ਮੂੰਹ ਕਾਲਾ ਨਹੀਂ ਕਰਾਉਣਾ ਚਾਹੁੰਦਾ। ਵੱਧ ਜਾਂ ਘੱਟ ਏਹੋ ਜੇਹੇ ਜਵਾਬ ਹੀ ਸਿੱਖ ਵਕੀਲਾਂ ਤੇ ਹੋਰ ਵਿਦਵਾਨਾਂ ਨੇ ਸਰਕਾਰ ਨੂੰ ਦਿਤੇ ਸਨ।

ਇਸ ਲਈ ਗੌਰਮਿੰਟ ਪਾਸ ਗੁਰਦੁਆਰਾ ਬਿਲ ਸਬੰਧੀ ਸ਼੍ਰੋਮਣੀ ਕਮੇਟੀ ਨਾਲ ਗਲਬਾਤ ਚਲਾਣ ਤੋਂ ਛੁਟ ਹੋਰ ਕੋਈ ਚਾਰਾ ਨਹੀਂ ਸੀ। ਖਿਚਾਅ ਪਹਿਲੋਂ ਨਾਲੋਂ ਬਹੁਤ ਘਟ ਗਿਆ ਸੀ। ਸ਼੍ਰੋਮਣੀ ਕਮੇਟੀ ਬਾਕੀ ਦੇ ਰਹਿੰਦੇ ਕੈਦੀਆਂ ਦੇ ਰਿਹਾ ਕਰਾਣ ਲਈ ਜ਼ੋਰ ਦੇ ਰਹੀ ਸੀ। ਪੰਜਾਬ ਲੈਜਿਸਲੇਟਿਵ ਕੌਂਸਲ ਨੇ 8 ਮਾਰਚ 1923 ਨੂੰ ਤਮਾਮ ਕੈਦੀਆਂ ਦੀ ਰਿਹਾਈ ਦਾ ਮਤਾ ਪਾਸ ਕਰ ਦਿਤਾ ਸੀ। ਪਰ ਗੌਰਮਿੰਟ ਨੇ ਜੱਜਾਂ ਦੇ ਫੈਸਲਿਆਂ ਦੀ ਪੜਤਾਲ ਕਰਨ ਦੇ ਬਹਾਨੇ ਦੋ ਢਾਈ ਸੌ ਅਕਾਲੀ ਤੇ ਅਕਾਲੀ ਲੀਡਰ ਰਿਹਾ ਨਹੀਂ ਸਨ ਕੀਤੇ।[1] ਇਹਨਾਂ ਰਿਹਾ ਨਾ ਕੀਤੇ ਜਾਣ ਵਾਲਿਆਂ ਵਿਚ ਡੇਰਾ ਗਾਜ਼ੀ ਖਾਂ ਜੇਲ੍ਹ ਦੇ ਸਰਦਾਰ ਖੜਕ ਸਿੰਘ ਤੇ ਜਸਵੰਤ ਸਿੰਘ ਝਪਾਲ ਤੇ ਕੁਛ ਜੇਲ੍ਹਾਂ ਦੇ ਹੋਰ ਕਈ ਕੈਦੀ ਸਨ। ਸਰਦਾਰ ਖੜਕ ਸਿੰਘ ਨੂੰ ਸਰਕਾਰ ਕਿਸੇ ਹਾਲਤ ਵਿਚ ਛਡਣ ਲਈ ਤਿਆਰ ਨਹੀਂ ਸੀ। ਕਿਉਂਕਿ ਉਹ ਸਰਦਾਰ ਜੀ ਨੂੰ ਆਪਣਾ ਕੱਟੜ ਦੁਸ਼ਮਣ ਸਮਝਦੀ ਸੀ।

### 1. ਕਾਰ ਸੇਵਾ

ਇਹਨਾਂ ਦਿਨਾਂ ਵਿਚ ਦਰਬਾਰ ਸਾਹਿਬ ਦੀ ਕਾਰ ਸੇਵਾ ਹੋ ਰਹੀ ਸੀ। ਇਹਨਾਂ ਦਿਨਾਂ ਵਿਚ ਹੀ ਆਮ ਅਫਵਾਹ ਉਡ ਰਹੀ ਸੀ ਕਿ ਮਹਾਰਾਜਾ ਨਾਭਾ ਨੂੰ ਸਰਕਾਰ ਗਦੀਓਂ ਲਾਹ ਰਹੀ ਹੈ। ਇਹਨਾਂ ਦਿਨਾਂ ਵਿਚ ਹੀ ਜਲ੍ਹਿਆਂ ਵਾਲਾ ਬਾਗ ਵਿਚ ਸੰਟਰਲ ਸਿਖ ਲੀਗ ਦਾ ਅਜਲਾਸ ਹੋਇਆ ਜਿਸ ਵਿਚ ਮਹਾਰਾਜਾ ਨਾਭਾ ਦੇ ਗਦੀਓਂ ਲਾਹੇ ਜਾਣ ਦੀ ਆਮ ਚਰਚਾ ਸ਼ੁਰੂ ਹੋ ਗਈ। ਅਤੇ 9 ਜੁਲਾਈ 1923 ਨੂੰ ਮਹਾਰਾਜਾ ਨਾਭਾ ਦੇ ਗਦੀਓਂ ਲਾਹੇ ਜਾਣ ਦੀ ਅਖਬਾਰਾਂ ਨੇ ਤਸਦੀਕ ਕਰ ਦਿਤੀ। ਗੌਰਮਿੰਟ ਦੇ ਇਸ ਫੈਸਲੇ ਨੇ ਹਾਲਾਤ ਬਿਲਕੁਲ ਬਦਲ ਦਿਤੇ ਅਤੇ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਮੁੜ ਗਦੀ ਤੇ ਬਹਾਣ ਦੀ ਤਹਿਰੀਕ ਹੱਥ ਵਿਚ ਲੈਣ ਲਈ ਸ਼੍ਰੋਮਣੀ ਕਮੇਟੀ ਉਤੇ ਜ਼ੋਰ ਪਾਇਆ ਜਾਣ ਲਗ ਪਿਆ।

---

[1] 15 ਅਪਰੈਲ 1921 ਤੋਂ 15 ਅਪਰੈਲ 1922 ਤਕ 2646 ਆਦਮੀ ਫੜੇ ਗਏ ਸਨ 30 ਸਤੰਬਰ 1923 ਨੂੰ (ਰਿਹਾਈਆਂ ਪਿੱਛੋਂ) 224 ਰਹਿ ਗਏ ਸਨ। (ਆਰ. ਏ. ਮਾਂਟ ਦੀ ਪੰਜਾਬ ਕੌਂਸਲ ਵਿਚ ਸਪੀਚ—ਸਫਾ 154-55—ਜਿਲਦ 5ਵੀਂ 1923-ਅਕਤੂਬਰ)

Digitized by Panjab Digital Library | www.panjabdigilib.org

ਕਾਰ ਸੇਵਾ ਦੇ ਸ਼ੁਰੂ ਵਿਚ ਕੁਛ ਬੇ-ਰਸੀ ਹੋ ਗਈ । ਗੜਗੱਜ ਅਕਾਲੀ ਦੀਵਾਨ ਨੇ ਇਤ-ਰਾਜ਼ ਉਠਾਇਆ ਸੀ ਕਿ ਕਾਰ ਸੇਵਾ ਦਾ ਕੰਮ-ਅਰੰਭ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟਿਆਂ ਨਾਲ ਨਹੀਂ ਹੋਣਾ ਚਾਹੀਦਾ, ਲੋਹੇ ਦੀਆਂ ਕਹੀਆਂ ਅਤੇ ਬਾਟਿਆਂ ਨਾਲ ਹੋਣਾ ਚਾਹੀਦਾ ਹੈ । ਸੋਨੇ ਚਾਂਦੀ ਨਾਲੋਂ ਸਿੱਖ ਮਤ ਵਿਚ ਲੋਹਾ ਵਧੇਰੇ ਮਹੱਤਤਾ ਰਖਦਾ ਹੈ। ਉਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚੋਂ ਬਹੁਤ ਸਾਰੇ ਪਰਮਾਣ ਦੇ ਕੇ ਸਿੱਧ ਕਰਦੇ ਸਨ ਕਿ ਸਿੱਖ ਮਤ ਵਿਚ ਲੋਹੇ ਦਾ ਬਹੁਤ ਉੱਚਾ ਦਰਜਾ ਹੈ ਅਤੇ ਕਾਰ ਸੇਵਾ ਲਈ ਸੋਨੇ ਚਾਂਦੀ ਦੀ ਵਰਤੋਂ ਕਰਨੀ ਮਨਮਤ ਹੈ ।

ਸ਼੍ਰੋਮਣੀ ਕਮੇਟੀ ਅਸੂਲੀ ਮਤ-ਭੇਦਾਂ ਦੇ ਹੋਣ ਨੂੰ ਬੁਰਾ ਨਹੀਂ ਸੀ ਸਮਝਦੀ ਉਸ ਦੀ ਨਜ਼ਰ ਵਿਚ "ਅਸੂਲ ਕਰਕੇ ਪੈਦਾ ਹੋਇਆ ਮਤਭੇਦ ਜੀਂਵਦੀਆਂ ਜਾਗਦੀਆਂ ਕੌਮਾਂ ਲਈ ਮਾੜੀ ਗੱਲ ਨਹੀਂ ਹੁੰਦੀ ।" ਇਸ ਲਈ ਉਹ "ਪੰਥ ਵਿਚ ਸੰਮਤੀ ਅਸੰਮਤੀ ਨੂੰ ਪਰਸੰਨਤਾ ਦੀ ਨਜ਼ਰ ਨਾਲ ਵੇਖਦੀ ਹੈ ।"[1] ਪਰ ਉਸ ਨੂੰ ਇਹ ਪਸੰਦ ਨਹੀਂ ਸੀ ਕਿ ਰਾਏ ਦੇ ਮਤਭੇਦ ਦੀ ਆੜ ਵਿਚ "ਜਥੇ-ਬੰਦੀ ਤੋੜੂ ਅਤੇ ਆਪ-ਹੁਦਰੀਆਂ ਕਾਰਵਾਈਆਂ" ਕੀਤੀਆਂ ਜਾਣ । ਅਤੇ ਪੰਥ ਵਿਚ ਫੁਟ ਦਾ ਮੁਜ਼ਾ-ਹਰਾ ਕਰਕੇ ਗੌਰਮਿੰਟ ਨੂੰ ਕੱਛਾਂ ਮਾਰਨ ਦਾ ਮੌਕਿਆ ਦਿਤਾ ਜਾਵੇ ।

## 2. ਗੜਗੱਜ ਦੀਵਾਨ ਦਾ ਆਪਹੁਦਰਾਪਨ

ਗੜਗੱਜ ਦੀਵਾਨ ਨੇ ਕਾਰ ਸੇਵਾ ਦਾ ਪਹਿਲਾ ਟੱਕ ਲਾਣ ਵਾਲੇ ਪੰਜਾਂ ਸਿੰਘਾਂ ਨੂੰ 'ਪੰਜ ਪਿਆਰੇ' ਆਖਣ ਤੇ ਵੀ ਇਤਰਾਜ਼ ਕੀਤਾ । ਇਹ ਇਤਰਾਜ਼ ਸ਼੍ਰੋਮਣੀ ਕਮੇਟੀ ਨੇ ਪਰਵਾਨ ਕਰ ਲਿਆ ਸੀ। 29 ਤੇ 30 ਮਈ ਦੇ ਗੁਰਮਤੇ ਵਿਚ ਕਮੇਟੀ ਨੇ ਪਰਵਾਨ ਕੀਤਾ ਸੀ ਕਿ "ਜਿਹੜਾ ਗੁਰਮਤਾ ਕਾਰ ਸੇਵਾ ਅਰੰਭ ਸੰਬੰਧੀ ਪਾਸ ਹੋਇਆ ਹੈ, ਉਸ ਵਿਚ ਸ਼ਬਦ 'ਪੰਜ ਪਿਆਰੇ' ਦੀ ਥਾਂ 'ਪੰਜ ਸਿੰਘ' ਰਖੇ ਜਾਣ । ਜਿਸ ਦੇ ਸਾਫ ਅਰਥ ਇਹ ਹਨ ਕਿ ਉਹਨਾਂ ਦੇ ਇਤਰਾਜ਼ ਵਿਚ ਢੇਰ ਸਾਰਾ ਵਜ਼ਨ ਸੀ ।

ਪਰ ਗੜਗੱਜ ਦੀਵਾਨ ਦੇ ਆਗੂਆਂ ਨੇ ਸ਼੍ਰੋਮਣੀ ਕਮੇਟੀ ਨਾਲ ਗੱਲਬਾਤ ਕਰਕੇ ਬਚਨ ਦੇ ਦਿਤਾ ਸੀ ਕਿ ਉਹ ਕਾਰ ਸੇਵਾ ਦੀ ਆਰੰਭਣੀ ਵਿਚ ਕੋਈ ਵਿਘਨ ਜਾਂ ਭਸੂੜੀ ਨਹੀਂ ਪਾਉਣਗੇ। ਉਹਨਾਂ ਨੇ ਇਹ ਬਚਨ ਭੰਗ ਕਰਕੇ ਆਪਹੁਦਰੇਪਨ ਤੇ ਬੰਧੇਜ ਤੋੜਨ ਦਾ ਵਿਖਾਲਾ ਕੀਤਾ ਅਤੇ ਡੀ. ਸੀ. ਤੇ ਪੁਲਸ ਦੀ ਧਾੜ ਨੂੰ ਮੌਕੇ ਉਤੇ ਬਾਹਰ ਆਉਣ ਦਾ ਮੌਕਿਆ ਮੁਹੱਈਆ ਕੀਤਾ ਅਤੇ ਇਸ ਤਰ੍ਹਾਂ ਇਕ ਗੰਭੀਰ ਕਾਰਜ ਨੂੰ ਹਾਸੋ-ਹੀਣਾ ਬਣਾਉਣ ਦਾ ਯਤਨ ਕੀਤਾ । ਬਚਨ ਭੰਗ ਕਰਨਾ ਅਤੇ ਪਹਿਲੋਂ ਜਾ ਕੇ ਲੋਹੇ ਦੀਆਂ ਕਹੀਆਂ ਨਾਲ ਟੱਕ ਲਾਉਣਾ ਦੀਵਾਨ ਦੇ ਆਗੂਆਂ ਦੀ ਸਖਤ ਗਲਤੀ ਸੀ ।

ਉਹਨਾਂ ਨੂੰ ਸਿਰਫ ਪਰੋਟੈਸਟ ਕਰਨ ਤਕ ਹੀ ਸੀਮਿਤ ਰਹਿਣਾ ਚਾਹੀਦਾ ਸੀ । ਉਹਨਾਂ ਨੂੰ ਹੱਕ ਹਾਸਲ ਸੀ ਕਿ ਕੁਛ ਆਪਣਾ ਇਖਤਲਾਫ ਸ਼੍ਰੋਮਣੀ ਕਮੇਟੀ ਨੂੰ ਲਿਖ ਕੇ ਦੇ ਦਿੰਦੇ ਅਤੇ ਕਾਰ ਸੇਵਾ ਵਿਚ ਮਿਲ ਕੇ ਹਿੱਸਾ ਲੈਂਦੇ ਤਾਂ ਉਹਨਾਂ ਦੀ ਪੁਜ਼ੀਸ਼ਨ ਚੰਗੀ ਰਹਿਣੀ ਸੀ । ਅਤੇ ਨਾ ਉਹਨਾਂ ਨੂੰ ਤਨਖਾਹੀਏ ਕਰਾਰ ਦਿੱਤੇ ਜਾਣ ਤਕ ਨੌਬਤ ਪਹੁੰਚਣੀ ਸੀ ਅਤੇ ਨਾ ਹੀ ਉਹਨਾਂ ਦੇ ਮਿੰਬਰ ਸ਼੍ਰੋਮਣੀ ਕਮੇਟੀ ਵਿਚੋਂ ਖਾਰਜ ਕੀਤੇ ਜਾਣੇ ਸਨ ।

---

[1] ਵੇਖੋ ਇਹਨਾਂ ਦਾ ਸਮੁੱਚਾ ਕੇਸ, ਅਕਾਲੀ ਪ੍ਰਦੇਸੀ 2–3 ਅਗਸਤ 1925.

Digitized by Panjab Digital Library | www.panjabdigilib.org

## 3. ਪਟਿਆਲੇ ਦੀ ਰਾਜਸੀ ਚਾਲਬਾਜ਼ੀ

ਪਰ ਕਾਰ ਸੇਵਾ ਵੇਲੇ ਆ ਕੇ, ਅਮਰਿਤ ਛਕਕੇ ਭੁੱਲਾਂ ਬਖਸ਼ਵਾ ਕੇ ਅਤੇ ਮਹਾਰਾਜਾ ਪਟਿਆਲਾ ਦੇ 40 ਹਜ਼ਾਰ ਰੁਪਇਆ ਦੇ ਕੇ ਕਾਰ ਸੇਵਾ ਵਿਚ ਹਿੱਸਾ ਲੈਣ ਤੇ ਦੋ ਰਾਵਾਂ ਹੋ ਸਕ-ਦੀਆਂ ਹਨ। ਇਹ ਫਿਤਰਤੀ ਵੈਲੀ ਤੇ 'ਹਰ ਐਬ ਸ਼ਰੱਈ' ਰਾਜਾ ਸੀ। ਇਸ ਦਾ ਭੁੱਲਾਂ ਬਖਸ਼ਾਉਣ ਦਾ ਮਕਸਦ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਸੀ। ਇਸ ਦਾ ਅਮਰਿਤ ਛਕਣਾ ਇਕ ਰਾਜਸੀ ਚਾਲ ਸੀ। ਇਹ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੁਣ ਦੀ ਹਕੂਮਤ ਦੀ ਸਾਜ਼ਬਾਜ਼ ਵਿਚ ਸ਼ਾਮਲ ਸੀ ਅਤੇ ਆਪਣਾ ਰੋਲ ਅਦਾ ਕਰਕੇ ਆਇਆ ਸੀ। ਇਸ ਨੇ ਉਸ ਤੇ ਮੁਕੱਦਮਾ ਕੀਤਾ ਹੋਇਆ ਸੀ। ਅਤੇ ਇਸ ਨੂੰ ਮਹਾਰਾਜਾ ਨਾਭੇ ਦੇ ਗੱਦੀਓਂ ਲਾਹੇ ਜਾਣ ਦੇ ਫੈਸਲੇ ਦਾ ਇਲਮ ਸੀ। ਆਮ ਸਿੱਖਾਂ ਦੇ ਗੁੱਸੇ ਤੋਂ ਬਚਣ ਲਈ ਇਸ ਨੇ ਕਾਰ ਸੇਵਾ ਵਿਚ ਹਿਸਾ ਲਿਆ ਸੀ ਅਤੇ ਸਿੱਖਾਂ ਤੋਂ ਵਾਹ-ਵਾਹ ਖੱਟੀ। ਕੋਈ ਅਜਬ ਗੱਲ ਨਹੀਂ ਕਿ ਇਹ ਬਰਤਾਨੀਆ ਦਾ 'ਫਰਜ਼ੰਦਿ ਅਰਜ਼ਮੰਦ' ਸਰਕਾਰ ਅੰਗਰੇਜ਼ੀ ਦੀ ਮਰਜ਼ੀ ਨਾਲ ਸਿੱਖਾਂ ਦਾ ਵਾਹਦ ਲੀਡਰ ਬਣਨ ਦੇ ਆਸ਼ੇ ਨਾਲ ਆਇਆ ਹੋਵੇ। ਉਸਨੂੰ ਕਾਰ ਸੇਵਾ ਵਿਚ ਟੋਕਰੀਆਂ ਚੁਕ ਕੇ ਗਾਰ ਕੱਢਣ ਦਾ ਇਹ ਲਾਭ ਪਹੁੰਚਿਆ ਕਿ ਉਸਦੀ ਭਰਾ-ਧ੍ਰੋਹੀ ਤੇ ਢੇਰ ਚਿਰ ਤਕ ਪੜਦਾ ਪਿਆ ਰਿਹਾ।

ਭੁੱਲਾਂ ਬਖਸ਼ਵਾ ਕੇ ਜਾਂਦਿਆਂ ਹੀ ਇਸ ਨੇ ਰਿਆਸਤ ਦੇ ਅਕਾਲੀ ਆਗੂਆਂ ਉਤੇ, ਅੰਗਰੇਜ਼ ਹਾਕਮਾਂ ਨਾਲੋਂ ਵੀ ਕੁਛ ਵੱਧ ਜ਼ੁਲਮ ਢਾਹੇ! ਜੇਲ੍ਹਾਂ ਵਿਚ ਤਸੀਹੇ ਦਿਤੇ। ਨਾਭੇ ਵਿਚ ਫੌਜ ਭੇਜੀ ਅਤੇ ਵਿਲਸਨ ਨਾਲ ਭਾਈਵਾਲ ਹੋ ਕੇ ਤਸ਼ੱਦਦ ਕਰਦਾ ਰਿਹਾ! ਇਹ ਆਪਣੀ ਐਸ਼-ਪਰਸਤੀ ਤੋਂ ਸਭ ਕੁਛ ਕੁਰਬਾਨ ਕਰ ਸਕਦਾ ਸੀ ਅਤੇ ਅੰਗਰੇਜ਼ ਹਾਕਮਾਂ ਦੇ ਨਚਾਇਆਂ ਨਚਦਾ ਸੀ। ਅੰਗਰੇਜ ਹਾਕਮਾਂ ਵਾਂਗ ਇਸ ਦਾ ਵੀ ਕੋਈ ਧਰਮ ਇਖਲਾਕ ਜਾਂ ਅਸੂਲ ਨਹੀਂ ਸੀ।

ਜਿਥੋਂ ਤਕ ਵਿਭਚਾਰ ਤੇ ਭਰਸ਼ਟਾਚਾਰ ਦਾ ਸੰਬੰਧ ਹੈ ਕੋਈ ਮਹਾਰਾਜਾ ਵੀ ਇਹਨਾਂ ਲਾਅਨਤਾਂ ਤੋਂ ਬਚਿਆ ਹੋਇਆ ਨਹੀਂ ਸੀ—ਨਾਭੇ ਦਾ ਮਹਾਰਾਜਾ ਰਿਪੁਦਮਨ ਸਿੰਘ ਵੀ ਨਹੀਂ। ਇਹ ਪਰਾਈਆਂ ਲੜਕੀਆਂ ਨੂੰ ਆਪਣੇ ਹਿਰਸ ਦੇ ਜਾਲ ਵਿਚ ਫਸਾਣ ਲਈ ਅਨਕਲਪਿਤ ਖੇਖਨ ਕਰਦਾ ਸੀ।[1] ਪਰ ਮਹਾਰਾਜਾ ਪਟਿਆਲਾ ਦੇ ਵਿਭਚਾਰ ਦੇ ਤਰੀਕਿਆਂ ਦੇ ਇਹ ਸੌਵੇਂ ਹਿੱਸੇ ਨੂੰ ਵੀ ਨਹੀਂ ਸੀ ਪਹੁੰਚ ਸਕਦਾ। ਭੂਪਿੰਦਰ ਸਿੰਘ ਨੇ ਤਾਂ ਤੰਤਰਵਾਦ ਦੀ ਅੱਤ ਘਿਰਣਤ ਸ਼ਕਲ ਵਜੂਦ ਵਿਚ ਲਿਆ ਕੇ ਵਿਭਚਾਰ ਨੂੰ ਧਰਮ ਦਾ ਚੋਲਾ ਪੁਆਕੇ, ਆਪਣੇ ਮਹਿਲ ਵਿਚ ਇਕ ਪੂਜਨੀਕ ਅਸਥਾਨ ਤੇ ਬਿਠਾ ਦਿਤਾ ਸੀ।[2]

## 4. ਨਾਭੇ ਦੀ ਆਜ਼ਾਦ ਖਿਆਲੀ

ਮਹਾਰਾਜਾ ਨਾਭਾ ਨੂੰ ਗੱਦੀਓਂ ਕਿਉਂ ਲਾਇਆ ਗਿਆ? ਇਸ ਦੇ ਕਾਰਣ ਰਾਜਸੀ ਸਨ। ਪਟਿਆਲੇ ਅਤੇ ਨਾਭੇ ਦਾ ਪਰਸਪਰ ਝਗੜਾ ਤਾਂ ਇਕ ਬਹਾਨੇ ਵਜੋਂ ਵਰਤਿਆ ਗਿਆ। ਅਸਲ ਕਾਰਣ ਇਹ ਸੀ ਕਿ ਰਿਪੁਦਮਨ ਸਿੰਘ ਇਕ ਆਜ਼ਾਦ ਤੇ ਸਿਰੜੀ ਬੰਦਾ ਸੀ। ਉਹ, ਮਹਾਰਾਜਾ ਪਟਿਆਲੇ ਵਾਂਗ, ਹਰ ਗੱਲੇ ਬਰਿਟਿਸ਼ ਸਰਕਾਰ ਦਾ 'ਜੀ ਹਜ਼ੂਰੀਆ' ਨਹੀਂ ਸੀ। ਗੁਰਦੁਆਰਾ

---

[1] ਮਹਾਰਾਜਾ: ਦੀਵਾਨ ਜਰਮਨੀਦਾਸ—ਅੰਕ 46-47 ਸਫ਼ਾ 213 ਤੋਂ 216.

[2] ਮਹਾਰਾਜਾ : ਦੀਵਾਨ ਜਰਮਨੀਦਾਸ—ਅੰਕ 6 ਸਫ਼ਾ 31 ਤੋਂ 42 ਤਕ

Digitized by Panjab Digital Library | www.panjabdigilib.org

ਸੁਧਾਰ ਤਹਿਰੀਕ ਦੇ ਸ਼ੁਰੂ ਹੋਣ ਵੇਲੇ ਤੋਂ ਉਹ ਇਸ ਦੀ ਇਖਲਾਕੀ ਹਮਾਇਤ ਕਰਦਾ ਸੀ ਅਤੇ ਉਸ ਨੇ ਆਪਣੇ ਰਾਜ ਦੇ ਸਿੱਖਾਂ ਨੂੰ ਗੁਰਦੁਆਰਾ ਸੁਧਾਰ ਲਈ ਕੰਮ ਕਰਨ ਦੀ ਖੁਲ੍ਹੀ ਛੁੱਟੀ ਦਿੱਤੀ ਹੋਈ ਸੀ। ਉਹ ਖੁਦ ਵੀ ਸ਼੍ਰੋਮਣੀ ਕਮੇਟੀ ਦੀ ਕਈ ਤਰੀਕਿਆਂ ਨਾਲ ਮਦਦ ਕਰਦਾ ਸੀ। ਅਕਾਲੀਆਂ ਦੀਆਂ ਮਾਰਚ, ਅਪਰੈਲ ਦੀਆਂ ਆਮ ਗਰਿਫਤਾਰੀਆਂ ਵੇਲੇ ਉਸ ਨੇ ਸਰਕਾਰੀ ਹੁਕਮਾਂ ਦੀ ਪਰਵਾਹ ਨਹੀਂ ਸੀ ਕੀਤੀ ਅਤੇ ਅਕਾਲੀਆਂ ਨੂੰ ਨਹੀਂ ਸੀ ਫੜਿਆ। ਨਨਕਾਣੇ ਦੇ ਸੋਗੀ ਸਾਕੇ ਪਿਛੋਂ ਇਹ ਇਕੋ ਸਿੱਖ ਰਿਆਸਤ ਸੀ ਜਿਸ ਵਿਚ ਸਿੱਖਾਂ ਨੇ ਨਨਕਾਣੇ ਸਾਹਿਬ ਦੇ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਸੀ ! ਅਤੇ ਇਹ ਇਕੋ ਰਿਆਸਤ ਸੀ ਜਿਥੇ ਸਿੱਖ ਕਿਰਪਾਨ ਪਾ ਕੇ ਅਤੇ ਕਾਲੀ ਪਗੜੀ ਬੰਨ੍ਹਕੇ ਆਜ਼ਾਦੀ ਨਾਲ ਚਲ ਫਿਰ ਸਕਦੇ ਸਨ। ਇਹ ਖੁਲ੍ਹਾਂ ਨਾ ਪਟਿਆਲੇ ਦੀ ਰਿਆਸਤ ਵਿਚ ਸਨ, ਨਾ ਹੋਰ ਕਿਸੇ ਰਿਆਸਤ ਵਿਚ। ਪਟਿਆਲਾ ਤਾਂ ਬਰਿਟਿਸ਼ ਰਾਜ ਦਾ ਬਗਲ-ਬਚਾ ਜਾਂ 'ਫਰਜ਼ੰਦਿ ਅਰਜ਼ਮੰਦ' ਬਣਿਆ ਹੋਇਆ ਸੀ। ਇਖਲਾਕ ਦਾ ਕੋਈ ਪਹਿਲੂ ਨਹੀਂ ਸੀ ਜਿਹੜਾ ਉਸ ਪਾਸ ਗੁਆਣ ਲਈ ਰਹਿ ਗਿਆ ਹੋਵੇ।

ਰਿਪੁਦਮਨ ਸਿੰਘ ਮੁੱਢ ਤੋਂ ਹੀ ਅਦਭੁਤ ਤੇ ਅਜ਼ਾਦ ਖਿਆਲ ਸ਼ਖਸੀਅਤ ਦਾ ਬੰਦਾ ਸੀ। ਉਹ ਹਰ ਸਮਾਜੀ, ਰਾਜਸੀ ਤੇ ਸਭਿਆਚਾਰਕ ਤਹਿਰੀਕ ਵਿਚ ਦਿਲਚਸਪੀ ਰਖਦਾ ਸੀ ਅਤੇ ਤਰੱਕੀ-ਪਸੰਦ ਬੰਦਿਆਂ ਨਾਲ ਉੱਠਣ-ਬੈਠਣ ਰਖਣ ਵਿਚ ਖੁਸ਼ੀ ਮਹਿਸੂਸ ਕਰਦਾ ਸੀ। ਮੰਨਟੇਗੂ-ਚੈਮਸਫੋਰਡ ਸੁਧਾਰ ਸਕੀਮ ਤੋਂ ਪਹਿਲੋਂ ਉਹ ਵਾਈਸਰਾਏ ਦੀ ਕੌਂਸਲ ਦਾ ਮਿੰਬਰ ਸੀ ਅਤੇ ਉਸ ਅਰਸੇ ਵਿਚ ਉਹ ਲਗ ਭਗ ਹਰ ਮੌਕੇ ਤੇ ਤਰਕੀ ਪਸੰਦਾਂ ਦਾ ਸਾਥ ਦੇਂਦਾ ਸੀ। ਬਗਾਵਤੀ ਜਲਸਿਆਂ ਦੇ ਬਿਲ ਉਤੇ ਬਹਿਸ ਵੇਲੇ ਉਸ ਨੇ ਗੌਰਮਿੰਟ ਦੀ ਵਿਰੋਧਤਾ ਕੀਤੀ ਸੀ ਅਤੇ ਲਾਹੌਰ ਦੇ ਗੋਲੀ-ਕਾਂਡ ਦੇ ਵਕਤ ਜਿਸ ਵੇਲੇ ਕੁਛ ਯੂਰਪੀ ਬੰਦਿਆਂ ਨੇ ਇਕ ਹਿੰਦੂ ਔਰਤ ਦੀ ਪਤ ਲੁੱਟੀ ਸੀ ਅਤੇ ਇਕ ਹਿੰਦੁਸਤਾਨੀ ਮੁਲਾਜ਼ਮ ਨੂੰ ਗੋਲੀ ਨਾਲ ਮਾਰ ਦਿਤਾ ਸੀ ਉਸ ਨੇ ਅਫਸਰਸ਼ਾਹੀ ਦੀ ਨਿਖੇਧੀ ਕੀਤੀ ਸੀ। ਏਸੇ ਤਰ੍ਹਾਂ ਉਸ ਨੇ ਰਾਵਲ ਪਿੰਡੀ ਦੇ ਨਾਰੀ-ਬੇਪਤੀ ਕਾਂਡ ਵੇਲੇ ਜੁਰਅਤ ਤੋਂ ਕੰਮ ਲਿਆ ਸੀ।

ਅਤੇ ਉਸ ਦੀ ਆਜ਼ਾਦ-ਖਿਆਲੀ ਦਾ ਕੁਛ ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੱਦੀ ਉਤੇ ਬੈਠਣ ਵੇਲੇ ਦੀ ਰਸਮ ਉਸਨੇ ਬਰਿਟਿਸ਼ ਏਜੰਟ ਤੋਂ ਕਰਾਣੋਂ ਇਨ-ਕਾਰ ਕਰ ਦਿਤਾ ਅਤੇ ਇਹ ਰਸਮ ਸੰਗਤ ਦੀ ਆਗਿਆ ਨਾਲ ਅਦਾ ਕੀਤੀ ਗਈ। ਪੰਜਾਬ ਦੇ ਲੈਫਟੀਨੈਂਟ ਗਵਰਨਰ ਸ. ਲੂਇਸ ਡੇਨ ਨੇ ਉਸ ਦੀ ਨਿਰਾਦਰੀ ਕੀਤੀ ਸੀ ਜਿਸ ਦਾ ਜਵਾਬ ਉਸ ਨੇ ਨਿਰਾਦਰੀ-ਭਰੇ ਸ਼ਬਦਾਂ ਵਿਚ ਦਿੱਤਾ ਸੀ। ਏਹੋ ਜੇਹੇ ਆਜ਼ਾਦ-ਖਿਆਲ ਰਿਆਸਤ ਦੇ ਮਾਲਕ ਨੂੰ ਸਰ ਮਾਈਕਲ ਓਡਵਾਇਰ ਤੇ ਉਤਲੇ ਹਾਕਮ ਕਿਵੇਂ ਗੱਦੀ ਉਤੇ ਬਾਹਲਾ ਚਿਰ ਬਰਦਾਸ਼ਤ ਕਰ ਸਕਦੇ ਸਨ ।[1]

ਇਸ ਲਈ ਮਹਾਰਾਜਾ ਨਾਭਾ ਬੜੇ ਚਿਰਾਂ ਤੋਂ ਗੌਰਮਿੰਟ ਦੀਆਂ ਅੱਖਾਂ ਵਿਚ ਕੰਡੇ ਵਾਂਗ ਚੁੱਭਦਾ ਸੀ ਅਤੇ ਅਫਸਰ ਉਸ ਦੇ ਗੱਦੀ ਤੋਂ ਲਾਹੁਣ ਲਈ ਚਿਰਾਂ ਤੋਂ ਘੁਸਰ ਮੁਸਰ ਕਰ ਰਹੇ

---

[1] The Indian Annual Register 1923 (Calcutta) Vol. II page 232 b.

Digitized by Panjab Digital Library | www.panjabdigilib.org

ਸਨ । ਉਸ ਦੀ ਆਜ਼ਾਦ-ਖਿਆਲੀ ਦਾ ਬੀਜ ਹੋਰ ਰਿਆਸਤਾਂ ਦੀ ਜ਼ਮੀਨ ਵਿਚ ਪੈਕੇ ਗੌਰਮਿੰਟ ਲਈ ਖਤਰਾ ਬਣ ਸਕਦਾ ਸੀ । ਉਸ ਦੀ ਸਿੱਖਾਂ ਵਿਚ ਸਾਖ ਤੇ ਇਜ਼ਤ ਹਕੂਮਤ ਲਈ ਖਤਰਨਾਕ ਬਣਨ ਦੀ ਸੰਭਾਵਨਾ ਰਖਦੀਆਂ ਸਨ । ਕੁਛ ਏਹੋ ਜੇਹੇ ਹਾਲਾਤ ਦੇ ਵਾਪਰਨ ਦਾ ਖਤਰਾ ਬਰਿਟਸ਼ ਅਫਸਰ ਹਮੇਸ਼ਾ ਹੀ ਮਹਿਸੂਸ ਕਰਦੇ ਰਹਿੰਦੇ ਸਨ । ਇਸ ਲਈ ਉਹ ਮਹਾਰਾਜ ਨਾਭੇ ਨੂੰ ਹਥ ਪਾਣ ਦ ਮੌਕਾ ਢੂੰਡ ਰਹੇ ਸਨ ।

ਇਹ ਮੌਕਿਆ ਪਟਿਆਲਾ ਤੇ ਨਾਭਾ ਦੇ ਪਰਸਪਰ ਝਗੜੇ ਨੇ ਗੌਰਮਿੰਟ ਨੂੰ ਮੁੱਹਈਆ ਕਰ ਦਿੱਤਾ । ਝਗੜਾ ਇਹਨਾਂ ਦੋਂਹ ਸਿੱਖ ਮਹਾਰਾਜਿਆਂ ਵਿਚਕਾਰ ਇਕ ਸੁਨੱਖੀ ਕੁੜੀ ਰਚਨੀ[1] ਤੋਂ ਸ਼ੁਰੂ ਹੋਇਆ ਸੀ ਜਿਹੜੀ ਮਹਾਰਾਜ ਪਟਿਆਲਾ ਨਾਭੇ ਦੀ ਰਿਆਸਤ ਵਿਚੋਂ ਉਠਵਾਕੇ ਲੈ ਗਿਆ ਸੀ, ਇਸ ਲਈ ਵਧੀਕੀ ਵੀ ਪਹਿਲੋਂ ਪਟਿਆਲੇ ਵਲੋਂ ਹੀ ਹੋਈ ਸੀ । ਇਹ ਦੋਵੇਂ ਇੱਕੇ ਫੂਲਕੀਆਂ ਖਾਨਦਾਨ ਵਿਚੋਂ ਰਿਸ਼ਤੇਦਾਰ ਸਨ । ਪਰ ਇੱਕ ਦੂਜੇ ਦੇ ਵੈਰੀ ਬਣੇ ਹੋਏ ਸਨ । ਸ਼੍ਰੋਮਣੀ ਕਮੇਟੀ ਦਾ ਇਹ ਬਿਆਨ ਗਲਤ ਸੀ ਕਿ ਮਹਾਰਾਜ ਪਟਿਆਲੇ ਦਾ ਮਹਾਰਾਜਾ ਨਾਭੇ ਦੇ ਗਦੀਓਂ ਲਾਹੁਣ ਵਿਚ ਕੋਈ ਹੱਥ ਨਹੀਂ ਸੀ ।

ਪਟਿਆਲੇ ਵੱਲੋਂ ਕਈ ਇਲਜ਼ਾਮ ਨਾਭੇ ਦੇ ਵਿਰੁਧ ਲਾਏ ਗਏ ਸਨ : ਨਾਭਾ ਦਰਬਾਰ ਨੇ ਪਟਿਆਲੇ ਦੀ ਖੁਦ-ਮੁਖਤਿਆਰੀ ਨੂੰ ਭੰਗ ਕੀਤਾ ਹੈ ; ਇਸ ਨੇ ਪਟਿਆਲੇ ਦੀ ਰਿਆਇਆ ਦੇ ਕਈ ਬੰਦੇ ਨਾਜਾਇਜ਼ ਤੌਰ ਤੇ ਜੇਲਾਂ ਵਿਚ ਬੰਦ ਕਰ ਰਖੇ ਹਨ; ਇਸ ਨੇ ਕਈ ਹੋਰ ਗੈਰ-ਦੋਸਤਾਨਾ ਕਾਰੇ ਕੀਤੇ ਹਨ; ਵਗੈਰਾ । ਇਸ ਵੇਲੇ ਮਹਾ: ਨਾਭਾ ਨੇ ਇਹ ਮਾਮਲਾ ਸੁਲਝਾਨ ਲਈ ਇਕ ਕਦਮ ਉਠਾਇਆ ਜਿਹੜਾ ਕਿ ਉਲਟਾ ਪੈ ਗਿਆ । ਉਸ ਨੇ ਦਸੰਬਰ 1922 ਨੂੰ ਪਟਨੇ ਦੇ ਸਰ ਅਲੀ ਇਮਾਮ ਨੂੰ ਜਿਹੜਾ ਕਿ ਮਸ਼ਹੂਰ ਕਾਨੂੰਨਦਾਨ ਸੀ ਸੱਦਕੇ ਆਪਣਾ ਕੇਸ ਪੜਤਾਲ ਲਈ ਦੇ ਦਿਤਾ । ਉਸ ਨੇ ਪੜਤਾਲ ਕਰਨ ਪਿੱਛੋਂ ਫੈਸਲਾ ਦਿਤਾ ਕਿ ਨਾ ਸਿਰਫ ਪਟਿਆਲੇ ਦੇ ਸਾਰੇ ਖਿਲਾਫ ਕਾਨੂੰਨ ਫੜੇ-ਗਏ ਕੈਦੀ ਛਡਣਾ ਹੀ ਜ਼ਰੂਰੀ ਹੈ, ਸਗੋਂ ਪਟਿਆਲੇ ਤੋਂ ਮੁਆਫੀ ਮੰਗਣਾ ਅਤੇ ਉਸਨੂੰ ਹਰ-ਜਾਨਾ ਦੇਣਾ ਵੀ ਜਰੂਰੀ ਹੈ ।[2]

ਇਸ ਫੈਸਲੇ ਨੇ ਗੌਰਮਿੰਟ ਦੇ ਹੱਥ ਮਜ਼ਬੂਤ ਕਰ ਦਿਤੇ ਅਤੇ ਸਰਕਾਰ ਨੇ ਸਮਝੌਤੇ ਦੇ ਯਤਨਾਂ ਦੀ ਕੋਈ ਪਰਵਾਹ ਨਾ ਕਰਦਿਆਂ ਮਿਸਟਰ ਸਟੂਅਰਟ ਜੱਜ ਅਲਹਾਬਾਦ ਹਾਈਕੋਰਟ ਨੂੰ ਅੰਬਾਲੇ ਵਿਚ ਨਾਭਾ-ਪਟਿਆਲੇ ਝਗੜੇ ਦੀ ਪੜਤਾਲ ਕਰਨ ਲਈ ਲਾ ਦਿਤਾ । ਇਹ ਪੜਤਾਲ 4 ਜਨਵਰੀ 1923 ਨੂੰ ਸ਼ੁਰੂ ਹੋਈ । ਮਹਾਰਾਜਾ ਪਟਿਆਲਾ ਨੇ ਨਾਭੇ ਦੇ ਖਿਲਾਫ ਅੱਠ ਇਲਜ਼ਾਮ ਲਾਏ ਸਨ । ਪੜਤਾਲ ਜਨਵਰੀ, ਫਰਵਰੀ, ਮਾਰਚ ਤੇ ਅਪਰੈਲ 1923 ਵਿਚ ਹੋਈ, ਨਾਭੇ ਦੇ ਖਿਲ਼ਾਫ ਛੇ ਇਲਜ਼ਾਮ ਸਾਬਤ ਹੋਏ—ਦੋ ਸਾਬਤ ਨਾ ਹੋ ਸਕੇ ।

## 5. ਗੱਦੀ ਖੋਹ ਲਈ

ਜਜ ਦੇ ਫੈਸਲੇ ਅਨੁਸਾਰ ਮਹਾਰਾਜਾ ਨਾਭਾ ਨੇ ਤਿੰਨ ਇਕਰਾਰਨਾਮੇ ਤੋੜੇ :

(1) ਉਸ ਨੇ ਆਪਣੇ ਲੋਕਾਂ ਦੀ ਖੁਸ਼ਹਾਲੀ ਲਈ ਕੁਛ ਨਹੀਂ ਕੀਤਾ ।

(2) ਉਸ ਨੇ ਮਜ਼ਲੂਮ ਤੇ ਦੁਖੀ ਲੋਕਾਂ ਦੀਆਂ ਸ਼ਿਕਾਇਤਾਂ ਮੁਨਾਸਬ ਤਰੀਕੇ ਨਾਲ ਦੂਰ ਨਹੀਂ ਕੀਤੀਆਂ ।

(3) ਉਹ ਆਪਣੇ ਆਪ ਨੂੰ ਬਰਿਟਸ਼ ਤਾਜ ਤੇ ਹਿੰਦੁਸਤਾਨ ਵਿਚ ਬਰਿਟਿਸ਼

[1] Maharaja : page 172.

[2] The Indian Annual Register—1923. Vol II page 232 b.

Digitized by Panjab Digital Library | www.panjabdigilib.org

ਗੌਰਮਿੰਟ ਦੀ ਤਾਬਿਆਦਾਰੀ ਤੇ ਵਫਾਦਾਰੀ ਨਾਲ ਨਹੀਂ ਬੰਨ੍ਹ ਸਕਿਆ:,[1] ਵਗੈਰਾ । ਪਟਿਆਲੇ ਦੇ ਇਲਾਕਾਈ ਹਕਾਂ ਦੀ ਜ਼ਬਰਦਸਤੀ ਉਲੰਘਣਾ ਨੂੰ ਤਾਜ ਦੀ ਵਫਾਦਾਰੀ ਨੂੰ ਤੋੜਨਾ ਦਸਿਆ ਗਿਆ ਤੇ ਦਰਬਾਰ ਦੇ ਝਗੜੇ ਨੂੰ ਪਰਸਿਧ ਅਸੂਲ ਦਾ ਤੋੜ ਦੇਣਾ ਦਸਿਆ ਗਿਆ ਜਿਸ ਅਨੁਸਾਰ ਰਿਆਸਤਾਂ ਵਿਚਕਾਰ ਦੁਸ਼ਮਣੀ ਬੰਦ ਕੀਤੀ ਹੋਈ ਹੈ ।[2]

ਪਰ ਅਸਲ ਗੱਲ ਬਰਿਟਿਸ਼ ਰਾਜ ਦੀ ਵਫਾਦਾਰੀ ਦੀ ਸੀ। ਮਹਾਰਾਜਾ ਪਟਿਆਲਾ ਅੰਗਰੇਜ਼ ਹਾਕਮਾਂ ਦੇ ਨਚਾਇਆਂ ਨਚਦਾ ਸੀ। ਮਹਾਰਾਜਾ ਨਾਭਾ ਨਹੀਂ ਸੀ ਨੱਚਦਾ! ਨਾਭੇ ਦੀ ਆਜ਼ਾਦ-ਖਿਆਲੀ ਤੇ ਅਮਲ ਹੀ ਉਸਦੇ ਗੱਦੀਓਂ ਲਾਹੇ ਜਾਣ ਦਾ ਕਾਰਣ ਬਣੇ। ਉਸ ਦਾ ਗੱਦੀ ਉਤੇ ਬੈਠਣ ਵੇਲੇ ਤੋਂ ਲੈ ਕੇ ਅਕਾਲੀ ਲਹਿਰ ਨਾਲ ਹਮਦਰਦੀ ਤਕ ਦਾ ਇਤਿਹਾਸ ਅੰਗਰੇਜ਼ ਹਾਕਮਾਂ ਦੀ ਹੈਂਕੜ-ਬਾਜ਼ੀ ਤੇ ਧੱਕੜ-ਸ਼ਾਹੀ ਦੇ ਵਿਰੁਧ ਸੀ। ਗੌਰਮਿੰਟ ਖਿਆਲ ਕਰਨ ਲਗ ਪਈ ਸੀ ਕਿ ਮਹਾਰਾਜਾ ਨਾਭਾ ਸਿੱਖਾਂ ਦਾ ਲੀਡਰ ਬਣਨ ਲਈ ਹੱਥ ਪੈਰ ਮਾਰ ਰਿਹਾ ਹੈ।

ਅਤੇ ਇਸ ਦੇ ਸਬੂਤ ਲਈ ਸੀ. ਆਈ. ਡੀ. ਦੀਆਂ ਰਿਪੋਰਟਾਂ ਇਲਜ਼ਾਮ ਲਾਉਂਦੀਆਂ ਸਨ ਕਿ ਮਹਾਰਾਜਾ ਨਾਭਾ 'ਪੰਥ ਸੇਵਕ' ਤੇ ਉਸ ਦੇ ਐਡੀਟਰ ਚੰਦਾ ਸਿੰਘ ਨੂੰ ਮਾਲੀ ਇਮਦਾਦ ਦੇਂਦਾ ਹੈ। ਉਹ ਸਰਦੂਲ ਸਿੰਘ ਕਵੀਸ਼ਰ ਨੂੰ ਰੁਪਏ ਪੈਸੇ ਦੀ ਮਦਦ ਕਰਦਾ ਹੈ, ਉਸ ਦੇ ਗੁਰਦੁਆਰਾ ਪਰਬੰਧਕ ਕਮੇਟੀ ਨਾਲ ਤਅਲੁੱਕ ਹਨ, ਉਹ ਰਾਜਸੀ ਕੈਦੀਆਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਦੀ ਮਾਲੀ ਸਹਾਇਤਾ ਲਈ ਫੰਡ ਮੁਹੱਈਆ ਕਰਦਾ ਹੈ ਅਤੇ ਉਸਦੇ ਨਾਨਕ ਸਿੰਘ ਅਤੇ ਬਖਸ਼ੀਸ਼ ਸਿੰਘ ਨਾਲ ਪਟਿਆਲੇ ਜੇਲ੍ਹ ਵਿਚ ਸਬੰਧ ਹਨ ।[3]

ਗੌਰਮਿੰਟ ਮਹਾਰਾਜਾ ਨਾਭਾ ਦੀ ਥਾਂ ਸਿੱਖਾਂ ਦਾ ਲੀਡਰ ਮਹਾਰਾਜਾ ਪਟਿਆਲਾ ਨੂੰ ਬਨਾਣਾ ਚਾਹੁੰਦੀ ਸੀ—ਪਰ ਵਾਗਾਂ ਆਪਣੇ ਹਥ ਵਿਚ ਰਖਕੇ। ਗੌਰਮਿੰਟ ਦੇ ਵਿਚਾਰ ਵਿਚ "ਇਹ ਗੱਲ ਕਈ ਕਾਰਣਾਂ ਕਰਕੇ ਬੜੀ ਅਣ-ਸਿਆਣੀ ਹੋਵੇਗੀ ਕਿ ਉਸ (ਪਟਿਆਲੇ) ਨੂੰ ਬਰਿਟਿਸ਼ ਹਿੰਦੁਸਤਾਨ ਦੀ ਰਿਆਇਆ ਅਤੇ ਗੌਰਮਿੰਟ ਵਿਚਕਾਰ ਸਾਲਸੀ ਲਈ ਲਿਆਂਦਾ ਜਾਵੇ। ਕਈ ਵਕਤਾਂ ਵੇਲੇ ਉਸ ਦਾ ਅਸਰ ਰਸੂਖ ਚੰਗਾ ਸਾਬਤ ਹੋ ਸਕਦਾ ਹੈ ਕਈ ਵੇਲੇ ਮਾੜਾ ਅਤੇ ਅਸੀਂ ਬਾਹਲੀ ਵਾਰ, ਮਹਾਰਾਜਾ ਨਾਭਾ ਦੀ ਕਾਰਵਾਈ ਵਾਂਗ ਉਸ ਤੇ ਵੀ ਸ਼ੱਕ ਕਰਦੇ ਹਾਂ।"[4] ਅਤੇ ਇਹ ਸ਼ੱਕ ਪਿਛੋਂ ਤੋਂ ਚਲਿਆ ਆ ਰਿਹਾ ਸੀ ਕਿਉਂਕਿ ਸਿੱਖਾਂ ਦਾ ਰਾਜ ਖੁੱਸਿਆ ਅਜੇ ਬਾਹਲਾ ਚਿਰ ਨਹੀਂ ਸੀ ਹੋਇਆ ਅਤੇ ਅੰਗਰੇਜ਼ ਹਾਕਮਾਂ ਨੂੰ ਸਿੱਖਾਂ ਉਤੇ ਮੁੜ ਰਾਜ ਹਾਸਲ ਕਰਨ ਦੀਆਂ ਸਾਜ਼ਸ਼ਾਂ ਦਾ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਸੀ।

## ੬. ਗੌਰਮਿੰਟ ਦਾ ਦਾਅਵਾ

ਗੌਰਮਿੰਟ ਦਾ ਦਾਅਵਾ ਇਹ ਸੀ ਕਿ ਮਹਾਰਾਜਾ ਨਾਭਾ ਆਪਣੀ ਮਰਜ਼ੀ ਨਾਲ ਗੱਦੀ ਤੋਂ ਦਸਤਬਰਦਾਰ ਹੋਇਆ। ਜਜ ਸਟੂਅਰਟ ਦੇ ਫੈਸਲੇ ਪਿਛੋਂ ਗੌਰਮਿੰਟ ਅਜੇ ਸੋਚ ਹੀ ਰਹੀ ਸੀ ਕਿ ਨਾਭੇ ਦੇ ਖਿਲਾਫ ਕੀ ਕਾਰਵਾਈ ਕੀਤੀ ਜਾਵੇ ਕਿ ਮਹਾਰਾਜਾ ਖੁਦ ਗਵਰਨਰ ਜਨਰਲ ਦੇ

---

1 File 148/II—1923—Home-pol.

2 W. H. Vincent's draft-approved by H. E. 1I. 1.22

3 W. H. Vincent's draft—approved by H. E. 11-1-22.

4 ਉਪਰੋਕਤ ਹੀ।

Digitized by Panjab Digital Library | www.panjabdigilib.org

ਏਜੰਟ ਮਿਨਚਨ ਪਾਸ ਕਸੌਲੀ ਗਿਆ ਅਤੇ ਆਪਣੇ ਆਪ ਗੱਦੀ ਤੋਂ ਅੱਡ ਹੋਣ ਦੀ ਖ਼ਾਹਸ਼ ਜ਼ਾਹਰ ਕੀਤੀ। ਗੌਰਮਿੰਟ ਨੇ ਕੁਛ ਸ਼ਰਤਾਂ ਨਾਲ ਉਸ ਦੀ ਪੇਸ਼ਕਸ਼ ਮਨਜ਼ੂਰ ਕਰ ਲਈ। ਸ਼ਰਤਾਂ ਇਹ ਸਨ:

(1) ਨਾਭੇ ਦਾ ਰਾਜ-ਪਰਬੰਧ ਹਿੰਦੁਸਤਾਨ ਦੀ ਸਰਕਾਰ ਦੇ ਹਵਾਲੇ ਕਰ ਦਿਤਾ ਜਾਵੇਗਾ ਅਤੇ ਮਹਾਰਾਜਾ ਰਿਆਸਤ ਦੇ ਮਾਮਲਿਆਂ ਵਿਚ ਦਖਲ ਦੇਣੋਂ ਹਟ ਜਾਏਗਾ;

(2) ਜਦੋਂ ਮਹਾਰਾਜਾ ਦਾ ਸ਼ਾਹਜ਼ਾਦਾ ਬਾਲਗ ਹੋ ਜਾਏਗਾ ਤਾਂ ਉਹ ਬਾਕਾਇਦਾ ਤੌਰ ਤੇ ਗੱਦੀ ਤਿਆਗ ਦੇਵੇਗਾ।

(3) ਮਹਾਰਾਜਾ ਅੱਗੇ ਤੋਂ ਰਿਆਸਤ ਤੋਂ ਬਾਹਰ ਨਿਵਾਸ ਰਖੇਗਾ ਅਤੇ ਉਸ ਦੀ ਰਿਹਾਇਸ਼ ਲਈ ਰਿਆਸਤ ਦਾ ਇਕ ਬੰਗਲਾ ਡੇਹਰਾਦੂਨ ਵਿਚ ਅਤੇ ਦੂਜਾ ਮਸੂਰੀ ਵਿਚ ਉਸ ਦੇ ਹਵਾਲੇ ਕੀਤਾ ਜਾਏਗਾ।

(4) ਮਹਾਰਾਜਾ ਧਾਰਮਕ ਰਸਮਾਂ ਦੇ ਮਕਸਦਾਂ ਤੋਂ ਛੁੱਟ ਨਾਭਾ ਰਿਆਸਤ ਵਿਚ ਨਹੀਂ ਆ ਜਾ ਸਕੇਗਾ—ਅਤੇ ਉਸ ਵੇਲੇ ਵੀ ਗੌਰਮਿੰਟ ਦੀ ਅਗਾਊਂ ਆਗਿਆ ਨਾਲ।

(5) ਗੌਰਮਿੰਟ ਹਿੰਦ ਦੀ ਆਗਿਆ ਬਿਨਾ ਮਹਾਰਾਜਾ ਪੰਜਾਬ, ਯੂਰਪ ਜਾਂ ਅਮਰੀਕਾ ਵਿਚ ਨਹੀਂ ਜਾ ਸਕੇਗਾ।

(6) ਗੱਦੀ ਦੇ ਹਕਦਾਰ ਸ਼ਾਹਜ਼ਾਦੇ ਦੀ ਵਿੱਦਿਆ ਦੀ ਜ਼ੁਮੇਂਵਾਰੀ ਗੌਰਮਿੰਟ ਦੇ ਸਿਰ ਤੇ ਹੋਵੇਗੀ।

(7) ਪਟਿਆਲਾ ਦਰਬਾਰ ਨੂੰ ਮੁਆਵਜ਼ੇ ਵਜੋਂ ਓਨੀ ਰਕਮ ਅਦਾ ਕੀਤੀ ਜਾਵੇਗੀ ਜਿਹੜੀ ਹਿੰਦ ਸਰਕਾਰ ਮੁਕਰਰ ਕਰੇਗੀ—ਇਹ ਰਕਮ ਪੰਜਾਹ ਲਖ ਤੋਂ ਵੱਧ ਨਹੀਂ ਹੋਵੇਗੀ।

(8) ਮਹਾਰਾਜਾ ਬਰਿਟਿਸ਼ ਤਾਜ ਤੇ ਹਿੰਦ ਸਰਕਾਰ ਦੀ ਤਾਬਿਆਦਾਰੀ ਤੇ ਵਫ਼ਾਦਾਰੀ ਦੇ ਅਧੀਨ ਰਹੇਗਾ।

(9) ਮਹਾਰਾਜਾ ਦੇ ਰਿਵਾਜੀ ਅਧਿਕਾਰ ਤੇ ਸਲੂਟ ਦੇ ਹੱਕ ਕਾਇਮ ਰਹਿਣਗੇ ਅਤੇ ਉਸ ਨੂੰ ਰਿਆਸਤ ਦੇ ਮਾਲੀਏ ਵਿਚੋਂ ਤਿੰਨ ਲੱਖ ਰੁਪਏ ਸਾਲਾਨਾ ਦਿਤੇ ਜਾਣਗੇ।

(10) ਜੇ ਮਹਾਰਾਜਾ ਇਹਨਾਂ ਵਿਚੋਂ ਇਕਰਾਰਨਾਮੇ ਦੀਆਂ ਕੋਈ ਵੀ ਸ਼ਰਤਾਂ ਜਿਨ੍ਹਾਂ ਦੀ ਪਾਬੰਦੀ ਉਸ ਉਤੇ ਲਾਈ ਗਈ ਹੈ—ਪੂਰੀਆਂ ਕਰਨ ਵਿਚ ਅਸਫਲ ਰਹੇਗਾ ਤਾਂ ਗੌਰਮਿੰਟ ਉਤਲੀਆਂ ਸ਼ਰਤਾਂ ਨੂੰ ਤਬਦੀਲ ਜਾਂ ਮਨਸੂਖ ਕਰਨ ਲਈ ਆਜ਼ਾਦ ਹੋਵੇਗੀ।[1]

ਉਤਲੀਆਂ ਸ਼ਰਤਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਮਹਾਰਾਜਾ ਦੇ ਹਥ ਪੈਰ ਬੰਨ੍ਹ ਦਿੱਤੇ ਗਏ ਸਨ, ਉਸ ਦੀਆਂ ਸਭ ਆਜ਼ਾਦੀਆਂ ਖੋਹ ਲਈਆਂ ਗਈਆਂ ਸਨ, ਉਹ ਡੇਹਰਾਦੂਨ ਤੇ ਕਸੌਲੀ ਦੇ ਦੋਂਹ ਬੰਗਲਿਆਂ ਤੋਂ ਛੁੱਟ ਕਿਤੇ ਆ ਜਾ ਨਹੀਂ ਸੀ ਸਕਦਾ। ਹੋਰ ਤਾਂ ਹੋਰ, ਉਸ ਦੇ ਹੱਥੋਂ ਉਸ ਦੇ ਬੱਚੇ ਦੀ ਵਿੱਦਿਆ ਦਾ ਹੱਕ ਵੀ ਖੋਹ ਲਿਆ ਗਿਆ ਸੀ। ਉਸ ਨੂੰ, ਅਖੀਰੀ ਨਿਰਣੇ ਵਿਚ, ਇਕ ਤਰ੍ਹਾਂ ਕੈਦ ਕਰ ਲਿਆ ਗਿਆ ਸੀ ਅਤੇ ਗੱਦੀ ਤੋਂ ਅੱਡ ਕਰ ਦਿੱਤਾ ਗਿਆ ਸੀ।

ਕੁਦਰਤੀ ਗੱਲ ਸੀ ਕਿ ਗੌਰਮਿੰਟ ਦੇ ਇਸ ਫੈਸਲੇ ਦੀ ਬੇਇਨਸਾਫੀ ਉੱਤੇ ਨਾਭੇ ਦੀ ਰਿਆਸਤ ਤੇ ਅੰਦਰ ਅਤੇ ਆਮ ਸਿੱਖਾਂ ਵਿਚ ਨਰਾਜ਼ਗੀ ਤੇ ਗੁੱਸੇ ਦਾ ਪਰਗਟਾਵਾ ਹੋਵੇ,

---

[1] G. D. Ogilvie, Political Secretary Govt. of India. File 148/II—1923—Home,

Digitized by Panjab Digital Library | www.panjabdigilib.org

ਥਾਂ ਥਾਂ ਆਪ ਮੁਹਾਰੇ ਜਲਸੇ ਹੋਣ ਲਗ ਪਏ ਜਿਨ੍ਹਾਂ ਵਿਚ ਮੰਗ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਇਹ ਮਾਮਲਾ ਆਪਣੇ ਹੱਥ ਵਿਚ ਲਵੇ; ਕਿਉਂਕਿ ਮਹਾਰਾਜੇ ਨੂੰ ਗੱਦੀਓਂ ਇਸ ਲਈ ਲਾਹਿਆ ਗਿਆ ਹੈ ਕਿ ਉਹ ਗੁਰਦੁਆਰਾ ਤਹਿਰੀਕ ਦੀ ਹਮਾਇਤ ਕਰਦਾ ਰਿਹਾ ਸੀ—ਇਹ ਅਸਲ ਵਿਚ ਗੁਰਦੁਆਰਾ ਤਹਿਰੀਕ ਉੱਤੇ ਵਾਰ ਸੀ ਜਿਸ ਦਾ ਯਥਾ ਯੋਗ ਜਵਾਬ ਦੇਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਸੀ। ਗੁਰੂ ਕੇ ਬਾਗ ਦੀ ਜਿੱਤ ਨੇ ਸਿੱਖਾਂ ਵਿਚ ਵਿਸ਼ਵਾਸ ਤੇ ਭਰੋਸਾ ਪੈਦਾ ਕਰ ਦਿੱਤਾ ਸੀ ਕਿ ਉਹ ਇਸ ਬੇਇਨਸਾਫੀ ਨੂੰ ਦੂਰ ਕਰਾਣ ਦੀ ਹਿੰਮਤ ਤੇ ਤਾਕਤ ਰਖਦੇ ਹਨ।

Digitized by Panjab Digital Library | www.panjabdigilib.org

# ਕੀ ਗੱਦੀ ਸੁਇੱਛਾ ਨਾਲ ਛੱਡੀ ਗਈ?

ਗੌਰਮਿੰਟ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗ ਰਿਹਾ ਸੀ ਕਿ ਮਹਾਰਾਜਾ ਨੇ ਗੱਦੀ ਆਪਣੀ ਸੁਇੱਛਾ ਨਾਲ ਛੱਡੀ ਹੈ। ਪਰ ਇਹ ਹਕੀਕਤ ਨਹੀਂ ਸੀ, ਹਕੀਕਤ ਇਹ ਸੀ ਕਿ ਮਹਾਰਾਜੇ ਨੂੰ ਡਰਾ ਧਮਕਾ ਕੇ ਗੱਦੀ ਛੁਡਵਾਈ ਗਈ ਸੀ। ਇਸ ਅਸਲੀਅਤ ਨੂੰ 'ਅਕਾਲੀ ਤੇ ਪ੍ਰਦੇਸੀ' ਨੇ ਚੰਗੀ ਤਰ੍ਹਾਂ ਨੰਗਾ ਕਰ ਦਿੱਤਾ ਸੀ। ਮਾਸਟਰ ਤਾਰਾ ਸਿੰਘ ਜੀ ਖੁਦ ਮਹਾਰਾਜਾ ਨੂੰ ਮਿਲਕੇ ਇਸ ਅਸਲੀਅਤ ਦੀ ਤਸਦੀਕ ਕਰ ਚੁੱਕੇ ਸਨ। ਮਾਸਟਰ ਜੀ ਨੇ 'ਅਕਾਲੀ ਲੀਡਰਾਂ ਦੇ ਸਾਜ਼ਸ਼ ਮੁਕੱਦਮੇਂ ਵਿਚ ਬਿਆਨ ਦੇਂਦਿਆਂ ਕਿਹਾ ਸੀ :

"ਮਹਾਰਾਜੇ ਨੇ ਕਿਹਾ ਉਸ ਨੂੰ ਕਈ ਕਿਸਮ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਮੈਨੂੰ ਪਤਾ ਸੀ ਕਿ ਉਹਨਾਂ ਵਿਰੁੱਧ ਪਰਿੰਸ ਆਫ ਵੇਲਜ਼ ਉੱਤੇ ਬੰਬ ਸੁੱਟਣ ਦੀ ਘੜੀ-ਗਈ ਸਾਜ਼ਸ਼ ਵੱਲ ਇਹ ਇਸ਼ਾਰਾ ਹੈ। ਸ਼੍ਰੋਮਣੀ ਕਮੇਟੀ ਨੂੰ ਵੀ ਇਸ ਸਾਜ਼ਸ਼ ਵਿਚ ਲਪੇਟਣ ਦੀ ਕੋਸ਼ਸ਼ ਕੀਤੀ ਗਈ ਸੀ। ਪਰ ਇਕ ਗੁਆਹ ਨੇ ਇਸ ਸਾਜ਼ਸ਼ ਨੂੰ ਨੰਗਾ ਕਰ ਦਿੱਤਾ। ਉਸ ਨੇ ਆਪਣੀ ਰੋਜ਼ਾਨਾ ਡਾਇਰੀ ਸ਼੍ਰੋਮਣੀ ਕਮੇਟੀ ਨੂੰ ਦੇ ਦਿੱਤੀ ਅਤੇ ਕਮੇਟੀ ਨੇ ਇਹ ਪੁਲਸ ਦੇ ਹਵਾਲੇ ਕਰ ਦਿੱਤੀ। ਇਸ ਤਰ੍ਹਾਂ ਇਸ ਸਾਜ਼ਸ਼ ਦਾ ਭਾਂਡਾ ਭੱਜ ਗਿਆ।"[1] ਇਹ ਭਿਆਨਕ ਇਲਜ਼ਾਮ ਉਤਲੇ ਇਲਜ਼ਾਮਾਂ ਤੋਂ ਵੱਖਰਾ ਸੀ। ਇਸ ਲਈ ਜਿਵੇਂ ਕਿ ਅਸੀਂ ਉੱਤੇ ਲਿਖ ਆਏ ਹਾਂ, "ਨਾਭੇ ਦਾ ਗੱਦੀਓਂ ਉਤਰਨ ਦਾ ਪਰਤੱਖ ਕਾਰਣ ਨਾਭੇ ਪਟਿਆਲੇ ਦਾ ਜ਼ਾਤੀ ਝਗੜਾ"[2] ਨਹੀਂ ਸੀ, ਸਗੋਂ ਇਸ ਦਾ ਕਾਰਣ ਉਸ ਦਾ ਪੰਥ ਤੇ ਦੇਸ਼ ਨਾਲ ਪਿਆਰ ਰੱਖਣਾ ਸੀ।

ਗੱਦੀ ਛੱਡਣ ਦੀ ਖਬਰ ਸੁਣਦਿਆਂ ਹੀ ਸ਼੍ਰੋਮਣੀ ਕਮੇਟੀ ਵਲੋਂ ਇਕ ਬਿਆਨ ਨਸ਼ਰ ਕੀਤਾ ਗਿਆ ਸੀ ਜਿਸ ਵਿਚ ਗੌਰਮਿੰਟ ਦੇ ਇਸ ਫੈਸਲੇ ਨੂੰ "ਅਨਿਆਂ ਪੂਰਣ" ਆਖਿਆ ਗਿਆ ਸੀ। ਅਤੇ ਦੱਸਿਆ ਗਿਆ ਕਿ ਮਹਾਰਾਜੇ ਨੂੰ "ਬੜੀ ਹੀਣਤਾ ਤੇ ਬੇਇੱਜ਼ਤੀ ਨਾਲ ਰਿਆਸਤ ਛੱਡਣ ਲਈ ਮਜਬੂਰ ਕੀਤਾ ਗਿਆ" ਅਤੇ "ਫੌਜੀ ਤਾਕਤ ਦਾ ਵਿਖਾਵਾ ਕੀਤਾ ਗਿਆ"। ਇਸ ਬਿਆਨ ਵਿਚ ਕਮੇਟੀ ਨੇ ਰਾਜਸੀ ਏਜੰਟ ਕਰਨੈਲ ਮਿਨਚਨ ਦੇ ਖਿਲਾਫ "ਸੀਨਾ-ਜ਼ੋਰੀ ਤੇ ਧੱਕਾ-ਸ਼ਾਹੀ ਵਤੀਰੇ ਦੇ ਗੰਭੀਰ ਇਲਜ਼ਾਮ" ਲਾਏ ਸਨ।

"ਅਕਾਲੀ ਤੇ ਪ੍ਰਦੇਸੀ" ਨੇ ਲਿਖਿਆ :

(1) ਸਰਕਾਰ ਨੇ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹ ਕੇ ਬੇਇਨਸਾਫੀ ਕੀਤੀ ਹੈ।

(2) ਮਹਾਰਾਜਾ ਸੁਤੰਤਰ ਰਾਜਾ ਸੀ। ਇਸ ਲਈ ਜਿਸ ਤਰ੍ਹਾਂ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਮੁਕੱਦਮਾ ਨਹੀਂ ਚਲ ਸਕਦਾ—ਸਰਕਾਰ ਨਾਭੇ ਵਿਰੁਧ ਮੁਕੱਦਮਾ ਨਹੀਂ ਸੀ ਚਲਾ ਸਕਦੀ।

(3) ਅੰਗਰੇਜ਼ ਤੇ ਫੂਲਕੀਆਂ ਰਿਆਸਤਾਂ ਵਿਚਕਾਰ ਹੋਏ ਸੰਧੀ-ਪੱਤਰਾਂ ਨੂੰ ਮੁਖ ਰਖਕੇ ਸਰਕਾਰ ਮਹਾਰਾਜੇ ਨੂੰ ਗੱਦੀਓਂ ਨਹੀਂ ਲਾਹ ਸਕਦੀ।

---

[1] ਅਕਾਲੀ ਤੇ ਪਰਦੇਸੀ : 2 ਨਵੰਬਰ 1924

[2] ਅਕਾਲੀ ਲਹਿਰ ਦਾ ਇਤਿਹਾਸ :—ਗਿਆਨੀ ਪ੍ਰਤਾਪ ਸਿੰਘ ਪੰਨਾ 302 ਦਾ ਸ਼ੁਰੂ।

Digitized by Panjab Digital Library | www.panjabdigilib.org

(4) ਮਹਾਰਾਜਾ ਨਾਭਾ ਚੰਗਾ ਸਿੱਖ ਹੈ, ਰਾਜਨੀਤਕ ਮਤਭੇਦਾਂ ਦੇ ਕਾਰਣ ਉਸ ਨੂੰ ਗੱਦੀਓਂ ਲਾਹਿਆ ਗਿਆ ਹੈ। ਅਹਿਲਕਾਰਾਂ ਨੇ ਉਸ ਨਾਲ ਧ੍ਰੋਹ ਕੀਤਾ ਹੈ।[1]

ਮਹਾਰਾਜਾ ਨਾਭਾ ਦੇ ਅਹਿਲਕਾਰ ਬੜੇ ਅਵਸਰ-ਬਾਜ਼ ਤੇ ਬੇ-ਅਸੂਲੇ ਨਿਕਲੇ। ਮਹਾਰਾਜਾ ਤੇ ਮੁਕੱਦਮਾ ਚੱਲਦਿਆਂ ਹੀ ਉਹ ਦੂਜੀ ਧਿਰ ਨਾਲ ਜਾ ਮਿਲੇ ਅਤੇ ਉਹਨਾਂ ਨੇ ਸਭ ਖੁਫੀਆ ਕਾਗਜ਼ ਪੱਤਰ ਦੁਸ਼ਮਣਾਂ ਦੇ ਹਵਾਲੇ ਕਰ ਦਿੱਤੇ। "ਮਹਾਰਾਜਾ ਦਾ ਆਪਣਾ ਸਾਬਕ ਏ. ਡੀ. ਸੀ. ਆਸਾ ਸਿੰਘ ਬਹੁਤ ਸਾਰਾ ਮਸਾਲਾ ਲੈ ਕੇ ਪਟਿਆਲੇ ਨਾਲ ਜਾ ਮਿਲਿਆ।" "ਭਾਈ ਕਾਹਨ ਸਿੰਘ ਦੇ ਭਤੀਜੇ ਪਰਦੁੱਮਨ ਸਿੰਘ ਨੂੰ ਫਾਈਲਾਂ ਲਿਆਉਣ ਤੇ ਮਸਾਲਾ ਇਕੱਠਾ ਕਰਨ ਦੇ ਕੰਮ ਉਤੇ ਲਾਇਆ ਗਿਆ।"[2] ਇਹ ਮਸਾਲਾ ਮਹਾਰਾਜਾ ਨਾਭਾ ਦੇ ਖਿਲਾਫ ਮੁਕੱਦਮੇ ਵਿਚ ਵਰਤਿਆ ਗਿਆ।

## 1. ਸ਼੍ਰੋਮਣੀ ਕਮੇਟੀ ਦਾ ਕੇਸ

2 ਅਗਸਤ ਨੂੰ ਸ਼੍ਰੋਮਣੀ ਕਮੇਟੀ ਵਲੋਂ ਵਾਈਸਰਾਏ ਨੂੰ ਇਸ ਭਾਵ ਦੀ ਤਾਰ ਦਿੱਤੀ ਗਈ ਕਿ ਮਹਾਰਾਜਾ ਨਾਭਾ ਨੂੰ ਗੌਰਮਿੰਟ ਅਫਸਰਾਂ ਨੇ ਡਰਾ-ਧਮਕਾ ਕੇ ਜ਼ਬਰਦਸਤੀ ਗੱਦੀਓਂ ਉਤਾਰਿਆ ਹੈ। ਇਸ ਸੰਬੰਧੀ ਇਕ ਨਿਰਖੱਖ ਪੜਤਾਲੀਆ ਕਮੇਟੀ ਕਾਇਮ ਕੀਤੀ ਜਾਵੇ ਜਿਹੜੀ ਦਸ ਸਕੇ ਕਿ ਮਹਾਰਾਜਾ ਆਪਣੀ ਇੱਛਾ ਨਾਲ ਗੱਦੀਓਂ ਉਤਰਿਆ ਹੈ ਜਾਂ ਉਸ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ ਗਿਆ ਹੈ। ਪਰ ਇਸ ਦਾ ਵਾਈਸਰਾਏ ਵਲੋਂ ਕੋਈ ਜਵਾਬ ਨਾ ਆਇਆ। ਵਾਈਸਰਾਏ ਨੂੰ ਇਹ ਮਾਮਲਾ ਯਾਦ ਕਰਾਣ ਲਈ ਇਕ ਹੋਰ ਤਾਰ ਦਿੱਤੀ ਗਈ। ਪਰ ਜਵਾਬ ਇਸ ਦਾ ਵੀ ਕੋਈ ਨਾ ਬਹੁੜਿਆ। ਸਗੋਂ ਸਰਕਾਰੀ ਏਜੰਸੀ ਵਲੋਂ ਖਬਰ ਇਹ ਛਾਪੀ ਗਈ ਕਿ ਵਾਈਸਰਾਏ ਨਾਭਾ ਰਿਆਸਤ ਲਈ ਕੌਂਸਲ ਆਫ ਰੀਜੰਸੀ ਦੀ ਨਿਯੁਕਤੀ ਬਾਰੇ ਸੋਚ ਰਿਹਾ ਹੈ। ਜਿਸ ਤੇ ਕਮੇਟੀ ਨੇ ਮੁਖੀ ਸਿੱਖਾਂ ਨੂੰ ਮਸ਼ਵਰਾ ਦਿੱਤਾ ਕਿ ਉਹ ਇਸ ਕੌਂਸਲ ਦੇ ਮਿੰਬਰ ਨਾ ਬਣਨ।[3]

ਇਹਨਾਂ ਹਾਲਾਤ ਵਿਚ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਧੱਕੇ ਦੇ ਖਿਲਾਫ ਆਪਣੇ ਗੁੱਸੇ ਦਾ ਪਰਗਟਾਅ ਕਰਨ ਵਾਸਤੇ 9 ਸਤੰਬਰ ਨੂੰ ਨੰਗੇ ਪੈਰੀਂ ਜਲੂਸ ਕੱਢਣ, ਸ਼ਹਿਰਾਂ ਦੇ ਮੁੱਖ-ਬਾਜ਼ਾਰਾਂ ਵਿਚੋਂ ਕੀਰਤਨ ਕਰਦੇ ਹੋਏ ਕਿਸੇ ਗੁਰਦੁਆਰੇ ਵਿਚ ਪਹੁੰਚਣ ਜਿਥੇ ਮਹਾਰਾਜਾ ਨਾਭਾ ਦੀ ਗੱਦੀ ਉਤੇ ਮੁੜ-ਬਹਾਲੀ ਲਈ ਪਰਾਰਥਨਾ ਕਰਨ ਅਤੇ ਸਰਕਾਰ ਦੀ ਇਸ ਕਾਰਵਾਈ ਦੀ, ਮਤੇ ਪਾਸ ਕਰਕੇ, ਨਿਖੇਧੀ ਕਰਨ।

5-6 ਅਗਸਤ 1923 ਦੀ ਸ਼੍ਰੋਮਣੀ ਕਮੇਟੀ ਦੀ ਬਾਕਾਇਦਾ ਜਨਰਲ ਮੀਟਿੰਗ ਵਿਚ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੂੰ ਅਖਤਿਆਰ ਦਿੱਤੇ ਗਏ ਸਨ ਕਿ "ਉਹ ਮਹਾਰਾਜਾ ਨਾਭਾ ਤੇ ਪੰਥ ਨਾਲ ਕੀਤੀ ਗਈ ਇਸ ਬੇਇਨਸਾਫੀ ਨੂੰ ਸਾਰੇ ਸ਼ਾਂਤਮਈ ਤੇ ਜਾਇਜ਼ ਤਰੀਕਿਆਂ ਰਾਹੀਂ ਦੂਰ ਕਰਾਣ।" ਇਸ ਮਤੇ ਵਿਚ ਜ਼ੋਰ "ਸ਼ਾਂਤਮਈ ਤੇ ਜਾਇਜ਼ ਢੰਗ" ਵਰਤਣ ਉਤੇ ਦਿੱਤਾ ਗਿਆ ਸੀ ਅਤੇ ਮਹਾਰਾਜਾ ਨਾਭੇ ਨੂੰ ਗੱਦੀ ਉਤੇ ਬਿਠਾਣ ਲਈ, ਮੁੱਖ ਤੌਰ ਤੇ, ਐਜੀਟੇਸ਼ਨ ਤੇ

---

1 9 ਸਤੰਬਰ 1923.

2 ਤਸੱਦੁਕ ਹੁਸੈਨ, ਸੀ. ਆਈ. ਡੀ. ਅਫਸਰ—22.11.23.

3 ਕਮੇਟੀ ਦਾ ਇਲਾਨ ਨੰਬਰ 9—17 ਅਗਸਤ 1923.

Digitized by Panjab Digital Library | www.panjabdigilib.org

ਪ੍ਰੋਪੇਗੰਡਾ ਕਰਨ ਦਾ ਪਰੋਗਰਾਮ ਸੀ । ਪਰ ਗੌਰਮਿੰਟ ਤਾਂ ਸ਼੍ਰੋਮਣੀ ਕਮੇਟੀ ਦੀ ਗੁਰਦੁਆਰਿਆਂ ਦੀ ਆਜ਼ਾਦੀ ਦੀ ਧਾਰਮਕ ਤਹਿਰੀਕ ਨੂੰ ਵੀ ਰਾਜਸੀ ਤਹਿਰੀਕ ਸਮਝਦੀ ਸੀ । ਮਹਾਰਾਜ ਨਾਭਾ ਦੀ ਗੱਦੀ ਦੀ ਬਹਾਲੀ ਦੇ ਸਵਾਲ ਨੂੰ ਤਾਂ ਸਰਕਾਰੀ ਹਾਕਮਾਂ ਨੇ ਕਮੇਟੀ ਉਤੇ ਖੁਲ੍ਹਮ-ਖੁੱਲ੍ਹਾ ਰਾਜਸੀ ਸਵਾਲ ਹੱਥ ਵਿਚ ਲੈਣ ਦਾ ਇਲਜ਼ਾਮ ਲਾਇਆ ਅਤੇ ਅਕਾਲੀ ਤਹਿਰੀਕ ਤੇ ਸਖਤੀ ਦਾ ਨਵਾਂ ਦੌਰ ਸ਼ੁਰੂ ਹੋ ਗਿਆ ।

ਕਮੇਟੀ ਦੀ ਇਸ ਜਨਰਲ ਮੀਟਿੰਗ ਵਿਚ ਵੀ ਭਾਈ ਜੋਧ ਸਿੰਘ ਨੇ ਮਹਾਰਾਜਾ ਨਾਭਾ ਦੇ ਇਸ ਸਵਾਲ ਦੇ ਲੈਣ ਦੀ ਸਖਤ ਵਿਰੋਧਤਾ ਕੀਤੀ ਸੀ ।[1] ਇਹ ਕੋਈ ਨਵੀਂ ਗੱਲ ਨਹੀਂ ਸੀ । ਉਹ ਸਰਕਾਰ ਦੇ ਖਿਲਾਫ ਕੋਈ ਵੀ ਟੱਕਰ ਲੈਣ ਦੇ ਖਿਲਾਫ ਸਨ । ਕਿਉਂਕਿ ਉਹਨਾਂ ਦੀ ਜ਼ਿੰਦਗੀ ਦਾ ਮੁਖ ਮੰਤਵ ਸਿੱਖਾਂ ਤੇ ਸਰਕਾਰ ਵਿਚਕਾਰ 'ਮਿੱਤਰਤਾ' ਕਾਇਮ ਰਖਣਾ ਸੀ । ਉਹ ਹਰ ਇਕ ਮੁੱਖ ਸਵਾਲ ਤੇ ਸਰਕਾਰ ਦਾ ਪੱਖ ਲੈਂਦੇ ਸਨ ਅਤੇ ਉਹਨਾਂ ਨੂੰ ਕਮੇਟੀ ਅੰਦਰ ਕੁਛ ਇਕ ਪ੍ਰੋੜ੍ਹਤਾ ਕਰਨ ਵਾਲੇ ਆਦਮੀ ਮਿਲ ਜਾਂਦੇ ਸਨ । ਭਾਰਾ ਬਹੁ-ਗਿਣਤ ਮੁਹਾਣ ਉਹਨਾਂ ਦੀ ਸਾਮਰਾਜ ਪੱਖੀ ਪਾਲਿਸੀ ਦੇ ਸਖਤ ਵਿਰੁਧ ਹੁੰਦਾ ਸੀ ।

ਸ਼੍ਰੋਮਣੀ ਕਮੇਟੀ ਦਾ ਵਾਈਸਰਾਏ ਨੂੰ ਤਾਰਾਂ ਦੇਣ ਦਾ ਮਕਸਦ ਇਹ ਸੀ ਕਿ ਜੇ ਇਹ ਗੱਲ ਸਾਬਤ ਕਰ ਦਿੱਤੀ ਜਾਏ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ ਤਾਂ ਇਹ ਸਵਾਲ ਛੱਡ ਦਿੱਤਾ ਜ਼ਾਵੇਗਾ; ਪਰ ਗੌਰਮਿੰਟ ਦਾ ਖਾਮੋਸ਼ ਰਹਿਣਾ ਅਤੇ ਕੋਈ ਜਵਾਬ ਨਾ ਦੇਣਾ ਸਾਬਤ ਕਰਦਾ ਸੀ ਕਿ ਮਹਾਰਾਜਾ ਨਾਭਾ ਨਾਲ ਧੱਕਾ ਕੀਤਾ ਗਿਆ ਹੈ ਅਤੇ ਉਸ ਤੋਂ ਜ਼ਬਰਦਸਤੀ ਗੱਦੀ ਛੁਡਾਈ ਗਈ ਹੈ । ਗੌਰਮਿੰਟ ਦਾ ਵਤੀਰਾ ਇਹ ਸੀ ਕਿ ਸ਼੍ਰੋਮਣੀ ਕਮੇਟੀ ਦੀ ਹਸਤੀ ਹੀ ਕੀ ਹੈ ਕਿ ਗੌਰਮਿੰਟ ਦੇ ਫੈਸਲਿਆਂ ਤੇ ਕਿੰਤੂ ਕਰੇ ?

## 2. ਅਫਸਰਾਂ ਦੀਆਂ ਹਮਦਰਦੀਆਂ

ਉਹਨਾਂ ਦਿਨਾਂ ਵਿਚ ਅਕਾਲੀ ਤਹਿਰੀਕ ਬੜੀ ਚੜ੍ਹਤ ਵਿਚ ਸੀ ਅਤੇ ਢੇਰ ਅਫਸਰਾਂ —ਖਾਸ ਕਰ ਸਿੱਖ ਅਫਸਰਾਂ ਵਿਚੋਂ ਕੁਛ ਦੀਆਂ ਹਮਦਰਦੀਆਂ ਅਕਾਲੀ ਤਹਿਰੀਕ ਨਾਲ ਬੜੀਆਂ ਵਧ ਚੁੱਕੀਆਂ ਸਨ । ਕਈ ਇਕ ਅਫਸਰਾਂ ਦੇ ਸ਼੍ਰੋਮਣੀ ਕਮੇਟੀ ਨਾਲ ਗੁੱਝੇ ਜਾਂ ਖੁਫੀਆ ਤਾਲਮੇਲ ਵੀ ਸਨ । ਉਹ ਗੌਰਮਿੰਟ ਦੀਆਂ ਖੁਫੀਆ ਕਾਰਵਾਈਆਂ ਦੇ ਫੈਸਲੇ ਸ਼੍ਰੋਮਣੀ ਕਮੇਟੀ ਨੂੰ ਦਸਦੇ ਰਹਿੰਦੇ ਸਨ । ਏਥੋਂ ਤਕ ਕਿ ਗੌਰਮਿੰਟ ਦੇ ਫੈਸਲਿਆਂ ਦੀਆਂ ਫਾਈਲਾਂ ਤੱਕ ਵੀ ਸ਼੍ਰੋਮਣੀ ਕਮੇਟੀ ਨੂੰ ਪਹੁੰਚ ਜਾਂਦੀਆਂ ਸਨ । ਜਿਨ੍ਹਾਂ ਵਿਚੋਂ ਜ਼ਰੂਰੀ ਫੈਸਲੇ ਨਕਲ ਕਰਕੇ ਫਾਈਲਾਂ ਵਾਪਸ ਕਰ ਦਿੱਤੀਆਂ ਜਾਂਦੀਆਂ ਸਨ । ਪ੍ਰੋਫੈਸਰ ਤੇਜਾ ਸਿੰਘ ਜੀ ਇਸ ਬਾਰੇ ਆਪਣੀ ਪੁਸਤਕ "ਆਰਸੀ" ਵਿਚ ਲਿਖਦੇ ਹਨ :—

"ਉਸ ਵਕਤ ਅਕਾਲੀ ਲਹਿਰ ਦੀ ਸ਼ੋਭਾ ਹਰ ਪਾਸੇ ਖਿੱਲਰ ਚੁੱਕੀ ਸੀ, ਨਾ ਕੇਵਲ ਆਮ ਜਨਤਾ ਸਾਡੇ ਨਾਲ ਸੀ ਸਗੋਂ ਅੰਗਰੇਜ਼ਾਂ ਤੋਂ ਛੁੱਟ, ਸਰਕਾਰੀ ਅਫਸਰ ਵੀ (ਸਾਡੀ) ਹਰ

[1] ਇਸ ਮੀਟਿੰਗ ਵਿਚ ਲੇਖਕ ਉਹਨਾਂ ਦੇ ਕੋਲ ਹੀ ਅਕਾਲ ਤਖਤ ਤੇ ਬੈਠਾ ਸੀ ਅਤੇ ਮੈਂ ਉਸ ਵੇਲੇ ਕਿਹਾ ਸੀ : ਅਸੀਂ ਤਾਂ ਗੌਰਮਿੰਟ ਦੇ ਖਿਲਾਫ ਹਰ ਸਵਾਲ ਤੇ ਲੜਨ ਲਈ ਤਿਆਰ ਹਾਂ । ਇਹੋ ਗੱਲ ਉਹਨਾਂ ਨੇ ਮੀਟਿੰਗ ਵਿਚ ਨਾਭਾ ਸਵਾਲ ਦੀ ਵਿਰੋਧਤਾ ਵਿਚ ਦਲੀਲਾਂ ਦੇਂਦਿਆਂ, ਇਕ ਹੋਰ ਦਲੀਲ ਵਜੋਂ ਕਹੀ ਸੀ ।

Digitized by Panjab Digital Library | www.panjabdigilib.org

ਤਰ੍ਹਾਂ ਦੀ ਮਦਦ ਕਰਦੇ ਸਨ । ਕਈ ਗੁਪਤ ਤੋਂ ਗੁਪਤ ਸਰਕਾਰੀ ਫਾਈਲਾਂ ਹਿੰਦੂ, ਸਿੱਖ ਤੇ ਮੁਸਲਮਾਨ ਅਫਸਰ ਸ਼ਿਮਲੇ ਤੋਂ ਲਿਆਕੇ ਦੱਸਦੇ ਅਤੇ ਅਸੀਂ ਵਰਤ ਕੇ ਮੋੜ ਦੇਂਦੇ।"

"ਇਹਨਾਂ ਹੀ ਫਾਈਲਾਂ ਦੀ ਮਦਦ ਨਾਲ ਜੈਤੋ ਦੇ ਮੋਰਚੇ ਵੇਲੇ "Truth about Nabha" ਲਿਖਿਆ ਗਿਆ। ਜਿਹੜੀ ਗੁਪਤ ਕੋਡ ਵਾਲੀ ਤਾਰ ਮਹਾਰਾਜ ਨਾਭਾ ਨੂੰ ਗੱਦੀਓਂ ਲਾਹੁਣ ਸੰਬੰਧੀ ਭੇਜੀ ਗਈ, ਉਹ ਵੀ ਸਾਡੇ ਪਾਸ ਪੁਜ ਗਈ ਸੀ। ਜਦ ਅਸੀਂ ਇਹ ਗੱਲ ਨਸ਼ਰ ਕਰ ਦਿੱਤੀ ਕਿ ਸਰਕਾਰ ਨੇ ਧਿੰਗੋਜ਼ੋਰੀ ਮਹਾਰਾਜੇ ਨੂੰ ਗੱਦੀਓਂ ਲਾਹਿਆ ਹੈ ਤਾਂ ਸਰਕਾਰ ਨੇ ਕਰਨਲ ਮਿੰਚਨ ਨੂੰ ਡੇਹਰਾਦੂਨ ਭੇਜਿਆ ਕਿ ਮਹਾਰਾਜੇ ਪਾਸੋਂ ਲਿਖਵਾਕੇ ਲਿਆਵੇ ਕਿ ਉਸ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ । ਕਰਨਲ ਮਿੰਚਨ ਬਾਹਰ ਗੋਲ ਕਮਰੇ ਵਿਚ ਬੈਠਾ ਸੀ ਤੇ ਮਹਾਰਾਜਾ ਆਪਣੀ ਰਾਣੀ ਸਮੇਤ ਨਾਲ ਦੇ ਕਮਰੇ ਵਿਚ ਸੀ ਜਿਸ ਵਿਚ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਸੀ। ਓਥੇ ਗੁਰੂ ਸਾਹਿਬ ਦੇ ਹਜ਼ੂਰ ਮਹਾਰਾਜੇ ਪਾਸੋਂ ਪ੍ਰਣ ਲਿਆ ਗਿਆ ਕਿ ਉਹ ਪੁੱਛੇ ਬਿਨਾਂ ਕੋਈ ਲਿਖਤ ਨਹੀਂ ਕਰੇਗਾ। ਜਿਹੜਾ ਕਾਗਜ਼ ਵੀ ਮਿੰਚਨ ਮਹਾਰਾਜੇ ਸਾਮ੍ਹਣੇ ਰਖੇ ਉਹ ਮਹਾਰਾਣੀ ਵਾਲੇ ਕਮਰੇ ਵਿਚ ਲਿਆ ਕੇ ਵਿਖਾਇਆ ਜਾਏਗਾ । ਮਿੰਚਨ ਨੇ ਇਕ ਦਸਤਾਵੇਜ਼ ਪੇਸ਼ ਕੀਤੀ ਜੋ ਟਾਈਪ ਕੀਤੀ ਹੋਈ ਸੀ ਅਤੇ ਜਿਸ ਵਿਚ ਮਹਾਰਾਜੇ ਵਲੋਂ ਏਲਾਨ ਸੀ ਕਿ ਮੈਂ ਆਪਣੀ ਮਰਜ਼ੀ ਨਾਲ ਤਖਤ ਛੱਡਿਆ ਹੈ । ਜਦ ਉਹ ਦਸਤਾਵੇਜ਼ ਮਹਾਰਾਜਾ ਅੰਦਰ ਲਿਆਇਆ, ਤਾਂ ਉਸ ਨੂੰ ਕਿਹਾ ਗਿਆ ਕਿ ਜਾ ਕੇ ਮਿੰਚਨ ਨੂੰ ਕਹੋ ਕਿ ਮੈਂ ਇਸ ਉਤੇ ਦਸਖਤ ਨਹੀਂ ਕਰਾਂਗਾ ਜਦ ਤੋੜੀ ਮੈਨੂੰ ਲਿਖ ਕੇ ਨਹੀਂ ਦਿਉਗੇ ਕਿ ਵਾਈਸਰਾਏ ਵਲੋਂ ਇਹ ਹੁਕਮ ਹੈ। ਸੋ ਮਿੰਚਨ ਨੇ ਆਪਣੇ ਹੱਥੀਂ ਉਸ ਟਾਈਪ ਕੀਤੇ ਕਾਗਜ਼ ਉੱਤੇ ਲਿਖ ਦਿੱਤਾ ਕਿ ਵਾਈਸਰਾਏ ਦਾ ਹੁਕਮ ਹੈ ਕਿ ਇਸ ਉਤੇ ਦਸਖਤ ਕਰ ਦਿਓ।"

"ਜਦ ਮਹਾਰਾਜਾ ਉਹ ਕਾਗਜ਼ ਅੰਦਰ ਲੈ ਆਇਆ ਤਾਂ ਉਸ ਨੂੰ ਕਿਹਾ ਗਿਆ ਕਿ ਜਾਓ ਇਹ ਕਾਗਜ਼ ਅਸੀਂ ਨਹੀਂ ਦੇਂਦੇ । ਤੁਸੀਂ ਮਿੰਚਨ ਨੂੰ ਕਹਿ ਦਿਓ ਕਿ ਮਹਾਰਾਣੀ ਨੇ ਕਾਗਜ਼ ਰੱਖ ਲਿਆ ਹੈ ਤੇ ਉਹ ਨਹੀਂ ਦਿੰਦੀ । ਮਹਾਰਾਜਾ ਬਹੁਤ ਤਿਲਮਲਾਇਆ, ਮੱਥੇ ਤੇ ਮੁੱਕੇ ਮਾਰੇ ਪਰ ਉਸ ਨੂੰ ਕਾਗਜ਼ ਨਾ ਹੀ ਦਿੱਤਾ ਗਿਆ।"[1]

ਪ੍ਰੋ: ਤੇਜਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੀ ਪਬਲਿਸਟੀ ਕਮੇਟੀ ਦੇ ਇਨਚਾਰਜਾਂ ਵਿਚ ਇਕ ਮੁਖੀ ਸਨ। 'ਨਾਭੇ ਬਾਰੇ ਸਚਿਆਈ' ਦੀ ਪੁਸਤਕ ਲਿਖਣ ਵਿਚ ਉਹਨਾਂ ਦਾ ਬੜਾ ਹੱਥ ਸੀ । ਉਪਰੋਕਤ ਹਵਾਲੇ ਤੋਂ ਸਾਫ ਪਰਗਟ ਹੁੰਦਾ ਹੈ ਕਿ ਮਹਾਰਾਜਾ ਨਾਭਾ ਨੇ ਗੱਦੀ ਆਪਣੀ ਮਰਜ਼ੀ ਨਾਲ ਨਹੀਂ ਸੀ ਛੱਡੀ, ਸਗੋਂ ਉਸ ਉੱਤੇ ਦਬਾਅ ਤੇ ਜ਼ੋਰ ਪਾ ਕੇ ਛੁਡਵਾਈ ਗਈ ਸੀ। ਸਰਕਾਰੀ ਬਿਆਨ ਤੇ ਏਲਾਨ ਝੂਠ ਤੇ ਬਦ-ਦਿਆਨਤੀ ਤੇ ਅਧਾਰਤ ਸਨ, ਸਚਿਆਈ ਤੇ ਨਹੀਂ ।

## 3. ਫਾਈਲਾਂ ਦੀ ਚੋਰੀ

ਗੌਰਮਿੰਟ ਦੀਆਂ ਆਪਣੀਆਂ ਖੁਫੀਆ ਰਿਪੋਰਟਾਂ ਵਿਚੋਂ ਜ਼ਾਹਰ ਤੇ ਸਾਬਤ ਹੁੰਦਾ ਹੈ ਕਿ ਸ਼ਿਮਲੇ ਦੇ ਰਾਜਸੀ ਤੇ ਬਦੇਸ਼ੀ ਮਾਮਲਿਆਂ ਦੇ ਦਫਤਰ ਵਿਚੋਂ ਕੁਛ ਫਾਈਲਾਂ ਗੁੰਮ ਹੋ ਗਈਆਂ ਸਨ। ਇਹਨਾਂ ਫਾਈਲਾਂ ਦਾ ਸੰਬੰਧ ਨਾਭੇ ਦੇ ਕੇਸ ਨਾਲ ਸੀ ! ਅਤੇ ਇਹਨਾਂ ਫਾਈਲਾਂ ਦੇ ਛਾਪੇ ਮਾਰ ਕੇ ਫੜਨ ਦੇ ਹੀਲੇ ਵੀ ਕੀਤੇ ਗਏ ਸਨ । ਖੁਦ ਸ਼੍ਰੋਮਣੀ ਕਮੇਟੀ ਦੇ ਦਫਤਰ ਨਾਲ ਸੰਬੰਧ ਰਖਣ ਵਾਲਾ ਇਕ ਬੰਦਾ ਵੀ ਇਹਨਾਂ ਫਾਈਲਾਂ ਦੇ ਸੁਰਖਿੱਅਤ ਥਾਂ–ਟਿਕਾਣੇ ਸੰਬੰਧੀ

1 ਆਰਸੀ : ਪ੍ਰੋ: ਤੇਜਾ ਸਿੰਘ—ਸਫ਼ਾ 64—65.

Digitized by Panjab Digital Library | www.panjabdigilib.org

ਗੌਰਮਿੰਟ ਨੂੰ ਖਬਰਾਂ ਪਹੁੰਚਾਂਦਾ ਸੀ । ਅਤੇ ਗੌਰਮਿੰਟ ਤੋਂ ਇਨਾਮ ਵਜੋਂ ਇਕ ਵੱਡੀ ਰਕਮ ਵਸੂਲ ਕਰਨਾ ਚਾਹੁੰਦਾ ਸੀ । ਪਰ ਇਹ ਮਨਸੂਬਾ ਸਿਰੇ ਨਾ ਚੜ੍ਹ ਸਕਿਆ ।

24 ਦਸੰਬਰ 1923 ਨੂੰ ਵਾਈਸਰਾਏ ਦੇ ਪਰਾਈਵੇਟ ਸੈਕਟਰੀ ਨੇ ਮੈਲਕਮ ਹੇਲੀ ਗਵਰਨਰ ਨੂੰ ਇਕ ਚਿੱਠੀ ਰਾਹੀਂ ਮਨਜ਼ੂਰੀ ਦੇ ਦਿਤੀ ਸੀ ਕਿ ਨਾਭੇ ਨਾਲ ਸੰਬੰਧ ਰਖਣ ਵਾਲੇ ਕਾਗਜ਼ਾਂ ਦੇ ਨੰਗੇ ਹੋ ਜਾਣ ਜਾਂ ਭੇਦ ਖੁਲ੍ਹ ਜਾਣ ਦੀ ਪੜਤਾਲ ਕੀਤੀ ਜਾਵੇ ਅਤੇ ਪੜਤਾਲ ਦੇ ਨਤੀਜੇ ਜਿਨ੍ਹਾਂ ਦੇ ਖਿਲਾਫ ਜਾਣ ਉਹਨਾਂ ਨੂੰ ਸਜ਼ਾ ਦਿਤੀ ਜਾਵੇ ।[1] ਇਸ ਪੜਤਾਲ ਵਿਚ, ਕਲਰਕਾਂ ਤੋਂ ਛੁੱਟ ਦਫਤਰ ਦਾ ਇਨਚਾਰਜ ਇਕ ਅੰਗਰੇਜ਼ ਅਫਸਰ ਮਿਸਟਰ ਲਾਰੰਸ ਵੀ ਫਸਿਆ ਸੀ । ਉਸ ਦੀ ਛਿਆਂ ਮਹੀਨਿਆਂ ਦੀ ਛੁੱਟੀ 12 ਜਨਵਰੀ ਨੂੰ ਖਤਮ ਹੋਣ ਉਤੇ ਉਸ ਨੂੰ ਪਿਨਸ਼ਨ ਦੇ ਕੇ ਜਬਰੀ ਸਰਵਿਸ ਵਿਚੋਂ ਅੱਡ ਕਰ ਦਿਤਾ ਗਿਆ ਸੀ । ਉਸ ਦੀ ਅੰਗਰੇਜ਼ ਸ਼ਿਰੀ ਮਤੀ ਨੇ ਉਤਲੇ ਅਫਸਰਾਂ ਦੇ ਦਫਤਰਾਂ ਦੀਆਂ ਬੜੀਆਂ ਪਰਕਰਮਾਂ ਕੀਤੀਆਂ, ਅਤੇ ਲਿਲ੍ਹੜੀਆਂ ਕਢੀਆਂ—ਪਰ ਉਸ ਦੀ ਵੀ ਕੋਈ ਗੱਲ ਨਾ ਸੁਣੀ ਗਈ ।

ਇਸ ਕੇਸ ਦੀ ਪੜਤਾਲ ਲਈ ਮਿਸਟਰ ਡਬਲਿਊ. ਟੀ. ਐਲ ਰਾਈਟ ਅਤੇ ਸੀ. ਡਬਲਿਊ ਗਵਿਨ ਨਿਯੁਕਤ ਕੀਤੇ ਗਏ ਸਨ । ਉਹਨਾਂ ਨੇ ਲਿਖਿਆ ਸੀ ਕਿ, 'ਪਰਦੁਮਨ ਸਿੰਘ ਨੇ ਗੁਲਜ਼ਾਰ ਮੁਹੰਮਦ ਨਾਲ ਕੁਛ ਮੁਲਕਾਤਾਂ ਕੀਤੀਆਂ ਸਨ । ਪਰ ਉਸ ਨੂੰ ਇਕ ਹਫਤੇ ਤਕ ਕੁਛ ਨਹੀਂ ਸੀ ਮਿਲਿਆ । ਦਸੰਬਰ ਦੇ ਪਹਿਲੇ ਹਫਤੇ ਉਹ ਇਕ ਨੀਲੀ ਝੰਡੀ ਵਾਲੀ ਫਾਈਲ ਲਿਆਇਆ । ਇਸ ਫਾਈਲ ਦਾ ਸੰਬੰਧ ਮਹਾਰਾਜਾ ਪਟਿਆਲਾ ਰਾਹੀਂ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਵਿਚਕਾਰ ਵਿਚੋਲਗੀ ਕਰਨ ਦੀ ਸੰਭਾਵਨਾ ਅਤੇ ਮਿਸਟਰ ਭਗਵਾਨ ਦਾਸ (ਸੀ. ਆਈ. ਡੀ. ਅਫਸਰ) ਨੂੰ ਮਹਾਰਾਜਾ ਨਾਭਾ ਦੀਆਂ ਰਾਜਸੀ ਸਰਗਰਮੀਆਂ ਬਾਰੇ ਪੜਤਾਲ ਕਰਨ ਦੇ ਫੈਸਲੇ ਨਾਲ ਸੀ ।"[2]

ਗੁਲਜ਼ਾਰ ਮੁਹੰਮਦ ਨੂੰ ਪਹਿਲੋਂ ਨੌਕਰੀ ਤੋਂ ਮੁਅੱਤਲ ਕੀਤਾ ਗਿਆ ਸੀ ਅਤੇ ਫੈਸਲੇ ਪਿੱਛੋਂ ਮੁਅੱਤਲੀ ਦੇ ਦਿਨ ਤੋਂ ਹੀ ਨੌਕਰੀ ਵਿਚੋਂ ਕਢ ਦਿਤਾ ਗਿਆ ਸੀ ਅਤੇ ਦਫਤਰ ਦੇ ਸੁਪੰਰਡੰਟ ਨੂੰ ਅਖਤਿਆਰ ਦਿਤਾ ਗਿਆ ਸੀ ਕਿ ਉਹ ਬਾਕੀ ਸੰਬੰਧਤ ਕਲਰਕਾਂ ਬਾਰੇ ਜੋ ਕਾਰਵਾਈ ਜ਼ਰੂਰੀ ਸਮਝੇ, ਕਰੇ। ਇਸ ਮੁਕਦਮੇ ਵਿਚ ਇਕ ਵਿਚੋਲਾ ਮਜ਼ਹਰ ਅਲੀ ਮਿਰਜ਼ਾ ਸੀ। ਉਸ ਬਾਰੇ ਹੁਕਮ ਦਿਤਾ ਗਿਆ ਸੀ ਕਿ ਅੱਗੇ ਤੋਂ ਉਸਨੂੰ ਸਕੱਤਰੇਤ ਦੇ ਦਫਤਰਾਂ ਵਿਚ ਵੜਨ ਦੀ ਉੱਕੀ ਹੀ ਮਨਾਹੀ ਕਰ ਦਿਤੀ ਜਾਵੇ ।

ਸ: ਗੁਰਦਿਆਲ ਸਿੰਘ ਦਾ ਕਹਿਣਾ ਸੀ ਕਿ ਦੇਸੀ ਰਿਆਸਤਾਂ ਦੇ ਖੁਫੀਆਂ ਕਾਗਜ਼ਾਂ ਦੇ ਚੁਰਾਣ ਦੀ ਬਾਕਾਇਦਾ ਤਜਾਰਤ ਚਲਦੀ ਹੈ । ਇਸ ਗੱਲ ਦਾ ਕਰਨਲ ਮਿੰਚਨ ਨੂੰ ਵੀ ਪਤਾ ਸੀ ਪਰ ਉਸ ਦੀ ਰਾਏ ਵਿਚ ਫਾਈਲਾਂ ਦੀ ਇਸ ਚੋਰੀ ਦਾ ਰੋਕਣਾ ਮੁਸ਼ਕਲ ਸੀ ਕਿਉਂਕਿ ਰਿਆਸਤਾਂ ਦੇ ਮਹਾਰਾਜੇ ਕਲਰਕਾਂ ਨੂੰ ਖੁਫੀਆ ਫਾਈਲਾਂ ਚੁਰਾਕੇ ਲਿਆਣ ਲਈ ਏਨੀਆਂ ਵੱਡੀਆਂ ਰਕਮਾਂ ਦੇਂਦੇ ਸਨ ਕਿ ਚੋਰਾਂ ਨੂੰ ਇਸ ਗੱਲ ਦੀ ਪਰਵਾਹ ਹੀ ਨਹੀਂ ਸੀ ਕਿ ਨੌਕਰੀ ਵਿਚੋਂ ਕਢ ਦਿਤੇ ਜਾਣਗੇ ਜਾਂ ਮੁਕੱਦਮਿਆਂ ਵਿਚ ਫਸਾਏ ਜਾਣਗੇ ।[3]

---

[1] File no. 254—1924—ਹੋਮ.

[2] ਫੈਸਲਾ 28. 11. 23 ਨੂੰ ਹੋਇਆ ।

[3] Letter to O' gilvie by Col. minchin : 20th July 1923.

Digitized by Panjab Digital Library | www.panjabdigilib.org

ਗੌਰਮਿੰਟ ਜਿਹੜੇ ਆਦਮੀ ਰਾਜਸੀ ਜਾਂ ਧਾਰਮਕ ਵਗੈਰਾ ਜਥੇਬੰਦੀਆਂ ਵਿਚ ਆਪਣੇ ਏਜੰਟ ਦੇ ਤੌਰ ਤੇ ਘਲਦੀ ਸੀ ਉਹਨਾਂ ਦਾ ਫਾਈਲਾਂ ਵਿਚ ਨਾਮ ਐਂਵੇ ਕਦੇ-ਕਦਾਈਂ ਹੀ ਕੋਈ ਮਿਲ ਜਾਏ ਤਾਂ ਮਿਲ ਜਾਏ, ਨਹੀਂ ਤਾਂ ਉਹਨਾਂ ਦੇ ਨਾਮ ਨਹੀਂ ਮਿਲਦੇ। 'ਸ਼੍ਰੋਮਣੀ ਕਮੇਟੀ ਦੇ ਆਪਣੇ ਭਰੋਸੇ ਵਿਚ ਲਈ ਹੋਈ' ਵੀ ਇਕ ਕਾਲੀ ਭੇਡ ਸੀ। ਜਿਸ ਦੇ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਐਚ. ਡੀ. ਕਰੇਕ ਨਾਲ ਸਿੱਧੇ ਤਅੱਲਕ ਸਨ। ਉਹ ਉਸ ਨੂੰ ਨਾਭੇ ਬਾਰੇ ਖੁਫੀਆ ਫਾਈਲਾਂ ਫੜਾਨ ਦੀ ਪੇਸ਼ਕਸ਼ ਕਰਦਾ ਸੀ। ਉਹ ਕਹਿੰਦਾ ਸੀ ਕਿ ਉਹ, ਉਹ ਫਾਈਲਾਂ ਫੜਾਨ ਨੂੰ ਤਿਆਰ ਹੈ, ਜਿਨ੍ਹਾਂ ਤੇ ਅਕਾਲੀ ਸਾਜ਼ਸ਼ ਕੇਸ ਦੇ ਆਗੂ ਦਾਅਵਾ ਕਰਦੇ ਹਨ ਕਿ ਉਹ ਮੁਕੱਦਮੇ ਵਿਚ ਸਾਬਤ ਕਰਨਗੇ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਨਹੀਂ ਛੱਡੀ।[1]

ਮਿਸਟਰ ਕਰੇਕ ਨੇ ਉਸੇ ਚਿਠੀ ਵਿਚ ਲਿਖਿਆ ਸੀ ਕਿ 'ਜੇ ਸੰਬੰਧਤ ਦਸਤਾਵੇਜ਼ਾਂ ਉਸ ਆਦਮੀ ਦੇ ਰਾਹੀਂ ਹਾਸਲ ਹੋ ਜਾਣ ਤਾਂ ਉਹ ਗਾਲਬਨ ਇਸ ਦਾ ਮੁਲ ਮੰਗੇਗਾ। ਮੈਂ ਉਸ ਨੂੰ ਹਾਲਾਂ ਤਕ ਕੋਈ ਹਾਂ ਜਾਂ ਨਾਂਹ ਨਹੀਂ ਕੀਤੀ।' ਉਸ ਵਲੋਂ ਨਾਮ-ਲਈਆਂ ਗਈਆਂ ਦਸਤਾਵੇਜ਼ਾਂ ਕੋਈ ਖਾਸ ਵਜ਼ਨਦਾਰ ਨਹੀਂ ਸਨ ਜਾਪੀਆਂ। ਪਰ ਉਸ ਅਕਾਲੀ ਏਜੰਟ ਦੀ ਗੱਲ ਬਾਤ ਤੋਂ ਜਾਪਦਾ ਸੀ ਕਿ ਉਸ ਨੂੰ ਫਾਈਲਾਂ ਦੇ ਕਦੇ ਕਿਤੇ ਤੇ ਕਦੇ ਕਿਤੇ ਰਖਣ ਦੇ ਥਾਂ-ਟਿਕਾਣਿਆਂ ਦਾ ਪਤਾ ਸੀ। ਗੌਰਮਿੰਟ ਦਰਬਾਰ ਸਾਹਿਬ ਅੰਦਰ ਲਗਦੀ ਵਾਹੇ, ਛਾਪਾ ਮਾਰਨ ਦੇ ਖਿਲਾਫ ਸੀ ਕਿਉਂਕਿ "ਏਹੋ ਜੇਹੀ ਕੋਈ ਵੀ ਘਟਨਾ ਬੜੀ ਭੜਕਾਹਟ ਦਾ ਕਾਰਣ" ਬਣ ਸਕਦੀ ਸੀ।

ਚਿੱਠੀ ਪੱਤਰ ਕਰਨ ਪਿਛੋਂ ਗੌਰਮਿੰਟ ਦੇ ਸੈਕਟਰੀਆਂ ਨੂੰ ਇੰਜ ਜਾਪਿਆ ਕਿ ਜਿਨ੍ਹਾਂ ਦਸਤਾਵੇਜ਼ਾਂ ਦੀ ਅਕਾਲੀ ਏਜੰਟ ਗਲ ਕਰਦਾ ਹੈ—ਉਹ ਨਹੀਂ ਹਨ ਜਿਹੜੀਆਂ ਚੋਰੀ ਕੀਤੀਆਂ ਗਈਆਂ ਦੱਸੀਆਂ ਜਾਂਦੀਆਂ ਹਨ। ਹਾਂ ਸ਼੍ਰੋਮਣੀ ਕਮੇਟੀ ਪਾਸ ਉਹਨਾਂ ਦੇ ਫੋਟੋ ਹੋ ਸਕਦੇ ਹਨ। ਸਟੂਅਰਟ ਦਾ ਫੈਸਲਾ ਮਹਿਫੂਜ਼ ਹੈ। ਚੋਰੀ ਕੀਤੀਆਂ ਦਸਤਾਵੇਜ਼ਾਂ ਦੇ ਮੁਕੱਦਮੇ ਵਿਚ ਪੇਸ਼ ਕਰਨ ਦੀ ਕਾਨੂੰਨ ਆਗਿਆ ਨਹੀਂ ਦੇਂਦਾ।

ਇਹਨਾਂ ਲਿਖਤਾਂ ਦੇ ਹਾਸਲ ਕਰਨ ਲਈ ਗੌਰਮਿੰਟ ਵਲੋਂ ਛਾਪੇ ਮਾਰਨ ਦੀ ਖਬਰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਬਾਹਰਲੇ ਆਗੂਆਂ ਨੂੰ ਵੀ ਮਿਲ ਗਈ ਸੀ। ਇਹ ਇਤਲਾਹ ਬੇਅੰਤ ਸਿੰਘ ਤਹਿਸੀਲਦਾਰ ਨੇ ਪਹੁੰਚਾਈ ਸੀ।[2] ਕਮੇਟੀ ਦੇ ਆਗੂ ਖਬਰਦਾਰ ਤੇ ਚੌਕੰਨੇ ਹੋ ਗਏ ਸਨ। ਗੌਰਮਿੰਟ ਨੂੰ ਕਮੇਟੀ ਤੇ ਅਕਾਲੀ ਦਲ ਦੇ ਦਫਤਰਾਂ ਦੇ ਛਾਪਿਆਂ ਵਿਚੋਂ ਕੁਛ ਨਹੀਂ ਸੀ ਮਿਲਿਆ।

ਨਾ ਹੀ ਉਸ ਅਕਾਲੀ 'ਕਾਲੀ ਭੇਡ' ਨੂੰ ਕੁਛ ਮਿਲਿਆ ਜਿਹੜਾ ਆਪਣਾ ਈਮਾਨ ਚੰਦ ਟਕਿਆਂ ਦੀ ਖਾਤਰ ਵੇਚਣ ਲਈ ਤਿਆਰ ਹੋਇਆ ਸੀ।

---

[1] Letter from H. D. Craik to Crerer : Home Sec. Lahore 5th Jan. 1925

[2] ਨਿਰੰਜਨ ਸਿੰਘ ਕੰਦੋਵਾਲੀ (ਅਮਰਿਤਸਰ) ਦਾ ਬਿਆਨ।

Digitized by Panjab Digital Library | www.panjabdigilib.org

# ਜੈਤੋ ਦਾ ਮੋਰਚਾ

ਮਹਾਰਾਜਾ ਨਾਭਾ ਦੇ ਗੱਦੀ ਤੋਂ ਲਾਹੁਣ ਦੇ ਸਰਕਾਰੀ ਏਲਾਨ ਵੇਲੇ ਤੋਂ ਹੀ ਸਰਕਾਰ ਵਿਰੁਧ ਐਜੀਟੇਸ਼ਨ ਸ਼ੁਰੂ ਹੋ ਗਈ ਸੀ। ਇਹ ਮਹਾਰਾਜਾ-ਪੱਖੀ ਉਭਾਰ ਆਪ-ਮੁਹਾਰਾ ਸੀ। ਸ਼੍ਰੋਮਣੀ ਕਮੇਟੀ ਨੇ ਇਸ ਉਭਾਰ ਨੂੰ ਜਥੇਬੰਦ ਕੁਛ ਚਿਰ ਪਿਛੋਂ ਕੀਤਾ ਸੀ। ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਨਾਭੇ ਦੇ ਲੋਕਾਂ ਦੀ ਪੰਡਤ ਮੋਤੀ ਲਾਲ ਨਹਿਰੂ ਨਾਲ ਨਾਭਾ ਸਟੇਸ਼ਨ ਤੇ ਹੋਈ ਗੱਲਬਾਤ ਬਿਆਨ ਕੀਤੀ ਹੈ, ਜਿਸ ਤੋਂ ਲੋਕਾਂ ਦੇ ਖਿਆਲਾਂ ਦਾ ਕੁਛ ਅਨੁਮਾਨ ਲੱਗ ਸਕਦਾ ਹੈ।

ਪੰਡਤ ਜੀ ਨੇ ਸਵਾਲ ਕੀਤਾ : ਕੀ ਤੁਸੀਂ ਉਹਨਾਂ ਮਾੜੀਆਂ ਗੱਲਾਂ ਵਿਚ ਯਕੀਨ ਕਰਦੇ ਹੋ ਜਿਹੜੀਆਂ ਮਹਾਰਾਜੇ ਦੇ ਚਾਲ ਚਲਨ ਬਾਰੇ ਕਹੀਆਂ ਜਾ ਰਹੀਆਂ ਹਨ ? ਉਹਨਾਂ ਨੇ ਜਵਾਬ ਦਿਤਾ : ਬਦਨਾਮੀ ਦੀ ਮੁਹਿੰਮ ਦਾ ਕੰਮ ਸਿਰਫ ਕੁਛ ਇਕ ਗੱਦਾਰਾਂ ਤੇ ਖੁਦ-ਗਰਜ਼ਾਂ ਵਲੋਂ ਹੀ ਕੀਤਾ ਜਾ ਰਿਹਾ ਹੈ। ਹੋਰ ਕਿਸੇ ਵਲੋਂ ਨਹੀਂ।

ਪੰਡਤ ਜੀ ਨੇ ਦੂਜਾ ਸਵਾਲ ਪੁਛਿਆ : ਕੀ ਤੁਸੀਂ ਮਹਾਰਾਜਾ ਨਾਭਾ ਨੂੰ ਮੁੜ ਗੱਦੀ ਤੇ ਲਿਆਣਾ ਚਾਹੁੰਦੇ ਹੋ ? ਉਹਨਾਂ ਨੇ ਇਕ ਜ਼ਬਾਨ ਹੋ ਕੇ ਇਕ ਆਵਾਜ਼ ਵਿਚ ਜਵਾਬ ਦਿਤਾ— ਉਹ ਆਪਣੇ ਦਿਲ ਤੇ ਰੂਹ ਨਾਲ ਉਹਨਾਂ ਦੀ ਵਾਪਸੀ ਨੂੰ ਚਾਹੁੰਦੇ ਹਨ।[1] ਇਸ ਤੋਂ ਪਤਾ ਚਲਦਾ ਹੈ ਕਿ ਉਹ ਲੋਕਾਂ ਵਿਚ ਕਿੰਨਾ ਰਸੂਖ ਰਖਦਾ ਸੀ। ਕੁਛ ਕੁ ਖੁਦਗਰਜ਼ ਅਫਸਰਾਂ ਤੋਂ ਛੁਟ ਆਮ ਜਨਤਾ ਉਸ ਦੇ ਨਾਲ ਸੀ। ਸ਼ੁਰੂ ਸ਼ੁਰੂ ਵਿਚ ਨਾਭੇ ਦੇ ਲੋਕਾਂ ਵਲੋਂ ਪਰੋਟੈਸਟ ਵਜੋਂ ਕੀਤੇ ਜਾ ਰਹੇ ਗੁਰਦੁਆਰਾ ਗੰਗਸਰ ਵਿਚ ਦੀਵਾਨ ਹੀ ਦਸਦੇ ਸਨ ਕਿ ਮਹਾਰਾਜਾ ਨੂੰ ਲੋਕਾਂ ਦੀਆਂ ਖਾਹਸ਼ਾਂ ਦੇ ਉਲਟ ਗੱਦੀ ਤੋਂ ਲਾਹਿਆ ਗਿਆ ਸੀ। ਗੌਰਮਿੰਟ ਦਾ ਪ੍ਰੋਪੈਗੰਡਾ ਝੂਠਾ ਸੀ ਕਿ ਆਮ ਲੋਕ ਮਹਾਰਾਜੇ ਦੇ ਵਿਰੁਧ ਸਨ।

ਉਹਨਾਂ ਦਿਨਾਂ ਵਿਚ ਖਬਰਾਂ ਪਹੁੰਚਾਊ ਸਾਰੀਆਂ ਏਜੰਸੀਆਂ ਗੌਰਮਿੰਟ ਦੇ ਰਹਿਮ ਤੇ ਕਰਮ ਉਤੇ ਨਿਰਭਰ ਰਖਦੀਆਂ ਸਨ। ਸਿਵਲ ਮਿਲਟਰੀ ਗੱਜ਼ਟ ਲਾਹੌਰ, ਸਟੇਟਸਮੈਨ ਦਿੱਲੀ, ਪਾਇਓਨੀਅਰ ਅਲਾਹਾਬਾਦ ਤੇ ਹੋਰ ਕਈ ਅੰਗਰੇਜ਼ੀ ਦੇ ਰੋਜ਼ਾਨਾ ਅਖਬਾਰ ਅੰਗਰੇਜ਼ ਰਾਜ ਦਾ ਪੱਖ ਪੂਰੀ ਤਰ੍ਹਾਂ ਇੰਨ ਬਿੰਨ ਪੇਸ਼ ਕਰਦੇ ਸਨ। ਪਾਇਓਨੀਅਰ ਨੇ ਇਹ ਖਬਰ ਛਾਪੀ ਕਿ 'ਅਕਾ-ਲੀਆਂ ਨੇ ਜੈਤੋ ਵਿਚ ਗੁਰਦੁਆਰਾ ਗੰਗਸਰ ਉਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਹੈ।' ਏਹੋ ਜੇਹੇ ਝੂਠਾਂ ਦੀ ਵਰਤੋਂ ਕਰਨੀ ਅੰਗਰੇਜ਼ ਹਾਕਮਾਂ ਲਈ ਕੋਈ ਨਵੀਂ ਗੱਲ ਨਹੀਂ ਸੀ। ਬਦਨਾਮ ਕਰਨ ਲਈ ਝੂਠ ਦਾ ਹਥਿਆਰ ਵਰਤਕੇ ਉਹ ਤਸ਼ੱਦਦ ਕਰਨ ਲਈ ਰਾਹ ਸਾਫ ਕਰਦੇ ਰਹਿੰਦੇ ਸਨ।

ਪਹਿਲੀ ਸਤੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਜੈਤੋ ਨੂੰ ਇਕ ਜਥਾ ਤੋਰਿਆ ਸੀ। ਮਕਸਦ ਇਹ ਸੀ ਕਿ ਗੁਰਦੁਆਰਾ ਗੰਗਸਰ ਵਿਚ ਧਾਰਮਕ ਦੀਵਾਨ ਕਰਨ ਦੀ ਅਜ਼ਾਦੀ ਦਾ ਹੱਕ ਬਹਾਲ ਕੀਤਾ ਜਾਵੇ। ਰਿਆਸਤ ਵਿਚ ਨਵੇਂ ਐਡਮਨਿਸਟਰੇਟਰ (ਪਰਮੁਖ ਪਰਬੰਧਕ) ਨੇ ਰਿਆਸਤ

[1] Prof. Ruchi Ram Sahni : Struggle for Reform in Sikh Shrines page 215.

Digitized by Panjab Digital Library | www.panjabdigilib.org

ਵਿਚ ਇਕ ਤਰ੍ਹਾਂ ਦਾ ਮਾਰਸ਼ਲ ਲਾਅ ਲਾਇਆ ਹੋਇਆ ਸੀ। ਉਸ ਦੀਆਂ ਨਜ਼ਰਾਂ ਵਿਚ ਤਰਨ-ਤਾਰਨ ਤੇ ਨਨਕਾਣੇ ਦੇ ਗੁਰਦੁਆਰਿਆਂ ਵਿਚ ਹੋਏ ਸ਼ਹੀਦਾਂ ਦਾ, ਜਾਂ ਨਾਭੇ ਦੀ ਬਹਾਲੀ ਦਾ, ਅਰਦਾਸ ਵਿਚ ਜ਼ਿਕਰ ਕਰਨਾ ਧਾਰਮਕ ਨਹੀਂ ਸੀ, ਪੁਲਿਟੀਕਲ ਸੀ। ਇਸ ਲਈ ਸਭ ਜਲਸੇ ਜਲੂਸ ਰਿਆਸਤ ਵਿਚ ਬੰਦ ਸਨ। ਨਾਭੇ ਦੀ ਬਹਾਲੀ ਦੀਆਂ ਤਕਰੀਰਾਂ ਦੀ ਤਾਂ ਗੱਲ ਛਡੋ, ਉਸ ਦਾ ਅਰਦਾਸੇ ਵਿਚ ਵੀ ਜ਼ਿਕਰ ਕਰਨਾ ਇਕ ਵਡਾ ਜੁਰਮ ਬਣਾ ਦਿਤਾ ਗਿਆ ਸੀ।

ਕੁਛ ਕੁ ਦਿਨਾਂ ਤਕ ਪੰਝੀ ਪੰਝੀ ਅਕਾਲੀਆਂ ਦੇ ਜਥੇ ਜਾਂਦੇ ਰਹੇ। ਰਿਆਸਤ ਦੇ ਹਾਕਮ ਉਹਨਾਂ ਨੂੰ ਫੜ ਲੈਂਦੇ ਰਹੇ ਅਤੇ ਦੂਰ ਲਿਜਾ ਕੇ ਰਿਆਸਤੋਂ ਬਾਹਰ ਛਡ ਆਉਂਦੇ ਰਹੇ। ਉਹ ਮੁੜ ਫੇਰ ਧੱਕੇ ਖਾਂਦੇ ਨਾਭੇ ਮੁੜ ਆਉਂਦੇ ਰਹੇ ਤਾਂ ਜੋ ਧਾਰਮਕ ਆਜ਼ਾਦੀ ਦੀ ਲੜਾਈ, ਹਰ ਕੁਰਬਾਨੀ ਦੇ ਕੇ, ਕਾਇਮ ਤੇ ਬਹਾਲ ਰੱਖੀ ਜਾਵੇ। 4 ਸਤੰਬਰ ਦੀ ਸ਼੍ਰੋਮਣੀ ਕਮੇਟੀ ਦੀ ਐਗ-ਜ਼ੈਕਟਿਵ ਕਮੇਟੀ ਨੇ ਜੈਤੋ ਦੇ ਮੋਰਚੇ ਦੇ ਮਾਮਲੇ ਨੂੰ ਹੱਥ ਵਿਚ ਲੈ ਲਿਆ ਅਤੇ 9 ਸਤੰਬਰ ਨੂੰ ਨਾਭੇ ਦੀ ਬਹਾਲੀ ਲਈ ਪਹਿਲੋਂ ਬੜੇ ਧੜਲੇਦਾਰ ਜਲੂਸ ਨਿਕਲੇ ਅਤੇ ਪਿਛੋਂ ਵਡੇ ਭਾਰੇ ਜਲਸੇ ਕੀਤੇ ਗਏ।

## 1. ਅਖੰਡ ਪਾਠ ਦਾ ਖੰਡਤ ਕਰਨਾ

11 ਸਤੰਬਰ ਨੂੰ 110 ਸਿੰਘਾਂ ਦਾ ਜ਼ਥਾ ਸ਼ਾਂਤਮਈ ਰਹਿਣ ਦਾ ਪਰਣ ਲੈ ਕੇ, ਮੁਕਤਸਰੋਂ ਹੋ ਕੇ, ਜੈਤੋ ਜਾਣ ਲਈ ਤੁਰਿਆ। 14 ਨੂੰ ਫੇਰ ਇਕ ਜਥਾ ਜਿਸ ਵਿਚ 102 ਸਿੰਘ ਸ਼ਾਮਲ ਹੋਏ—ਓਸੇ ਰਸਤੇ ਜੈਤੋ ਪਹੁੰਚਿਆ। ਉਹਨਾਂ ਨੇ ਗੁਰਦੁਆਰਾ ਗੰਗਸਰ ਵਿਚ ਦੀਵਾਨ ਕਰਕੇ ਮਹਾਰਾਜੇ ਦੀ ਬਹਾਲੀ ਲਈ ਤਕਰੀਰਾਂ ਕੀਤੀਆਂ ਅਤੇ ਅਖੰਡ ਪਾਠ ਰਖਿਆ। ਗੁਰਦੁਆਰੇ ਤੋਂ ਬਾਹਰ ਦੀਵਾਨ ਲਗਦੇ ਸਨ ਅਤੇ ਅੰਦਰ ਅਖੰਡ ਪਾਠ ਜਾਰੀ ਸੀ। ਰਿਆਸਤ ਦੀ ਬਾਵਰਦੀ ਹਥਿਆਰਬੰਦ ਪੁਲਸੀ ਧਾੜ, ਅਫਸਰਾਂ ਦੀ ਕਮਾਨ ਥੱਲੇ ਆਈ। ਉਹਨਾਂ ਨੇ 30 ਚੁਣਵੇਂ ਅਕਾਲੀ ਆਗੂ ਬਾਹਰੋਂ ਫੜ ਲਏ ਅਤੇ 30, ਪਾਠੀ ਸਮੇਤ, ਗੁਰਦੁਆਰੇ ਦੇ ਅੰਦਰੋਂ ਫੜ ਲਏ। ਧਰਮ ਵਿਚ ਦਖਲ ਦੇਣ ਦੀ ਜਿਹੜੀ ਬੇਵਕੂਫੀ ਮਿ: ਡੰਨਿਟ ਨੇ ਅਮਰਿਤਸਰ ਵਿਚ ਦੋ ਵਾਰ ਕੀਤੀ ਸੀ। ਏਥੇ ਓਹੋ ਬੇਵਕੂਫੀ ਨਾਭੇ ਦੇ ਹਾਕਮਾਂ ਨੇ ਕੀਤੀ। ਪਾਠੀ ਸਿੰਘ ਦੇ ਫੜ ਕੇ ਧੂਹ ਖੜਨ ਨਾਲ ਅਖੰਡ ਪਾਠ ਖੰਡਤ ਹੋ ਗਿਆ ਅਤੇ ਸ਼੍ਰੋਮਣੀ ਕਮੇਟੀ ਲਈ ਮੋਰਚੇ ਦੇ ਗਰਮ ਤੋਂ ਗਰਮ ਕਰਨ ਦਾ ਰਾਹ ਵਧੇਰੇ ਸਾਫ ਤੇ ਸਪਸ਼ਟ ਹੋ ਗਿਆ।

15 ਸਤੰਬਰ ਤੋਂ ਪਿਛੋਂ 25 ਸਿੰਘਾਂ ਦਾ ਜਥਾ ਹਰ ਰੋਜ਼ ਅਕਾਲ ਤਖਤ ਤੋਂ ਜਾਣਾ ਸ਼ੁਰੂ ਹੋ ਗਿਆ ਤਾਂ ਜੋ ਖੰਡਤ ਪਾਠ ਦਾ ਪਰਾਸਚਿਤ ਕੀਤਾ ਜਾਏ ਅਤੇ ਪਾਠ ਸੰਪੂਰਣ ਕੀਤਾ ਜਾਵੇ। ਇਹ ਸਿਲਸਿਲਾ ਕੋਈ ਸੱਤ ਮਹੀਨੇ ਤਕ ਜਾਰੀ ਰਿਹਾ। ਰਿਆਸਤੀ ਹਾਕਮ ਜਥਿਆਂ ਨੂੰ ਫੜਦੇ ਅਤੇ ਉਹਨਾਂ ਨੂੰ ਟਰੱਕਾਂ ਲਾਰੀਆਂ ਵਿਚ ਸੁਟ ਸੁਟ, ਸੌ ਸੌ, ਡੇਢ ਡੇਢ ਸੌ ਮੀਲ ਦੀ ਵਾਟ, ਬੇ-ਆਬਾਦ ਜੰਗਲੀ ਇਲਾਕਿਆਂ ਵਿਚ ਛਡ ਆਉਂਦੇ, ਉਹ ਭੁਖਣ ਭਾਣੇ, ਬਗੈਰ ਪੈਸੇ ਟਕੇ ਦੇ, ਮੁਸੀਬਤਾਂ ਝਾਗਦੇ, ਡਿਗਦੇ ਢਹਿੰਦੇ ਮੁੜ ਵਾਪਸ ਆਉਂਦੇ। ਨਾਭਾ ਦੇ ਹਾਕਮ, ਲਗਦੀ ਵਾਹੇ, ਉਹਨਾਂ ਨੂੰ ਜੇਲਾਂ ਵਿਚ ਡੱਕਣ ਦੇ ਖਿਲਾਫ ਸਨ ਕਿਉਂਕਿ ਰਿਆਸਤ ਵਿਚ ਉਹਨਾਂ ਦੇ ਰਖਣ-ਡੱਕਣ ਦੀ ਸਮੱਰਥਾ ਨਹੀਂ ਸੀ।

## 2. ਕਾਂਗਰਸੀ ਆਗੂਆਂ ਦੀ ਗਰਿਫਤਾਰੀ

ਮਹਾਰਾਜਾ ਨਾਭਾ ਦਾ ਗੱਦੀਓਂ ਲਹਿਣਾ ਸਾਰੇ ਹਿੰਦੁਸਤਾਨ ਦੀ ਦਿਲਚਸਪੀ ਦਾ

Digitized by Panjab Digital Library | www.panjabdigilib.org

ਮਸਲਾ ਬਣ ਗਿਆ ਸੀ । ਕਾਂਗਰਸ ਦੇ ਆਗੂ ਅਕਾਲੀ ਲਹਿਰ ਨਾਲ ਮੁਢ ਤੋਂ ਹੀ ਹਮਦਰਦੀ ਰਖਦੇ ਸਨ ਅਤੇ ਵੇਲੇ ਕੁਵੇਲੇ ਇਸ ਦੀ ਮਦਦ ਨੂੰ ਪਹੁੰਚ ਜਾਂਦੇ ਸਨ । ਕਾਂਗਰਸ ਦੀ ਲਗ ਭਗ ਹਰ ਬੈਠਕ ਵਿਚ ਇਸ ਲਹਿਰ ਨਾਲ ਹਮਦਰਦੀ ਦੇ ਮਤੇ ਪਾਸ ਕੀਤੇ ਗਏ ਅਤੇ ਗੁਰੂ ਕੇ ਬਾਗ ਦੇ ਸ਼ਾਂਤ ਮਈ ਸੰਗਰਾਮ ਦੀ ਬੜੀ ਸ਼ਲਾਘਾ ਕੀਤੀ ਗਈ । ਜਿਹੜੇ ਲੋਕ ਅੰਗਰੇਜ਼ ਹਾਕਮਾਂ ਦੇ ਪਰਚਾਰ ਥੱਲੇ ਕਦੇ ਮੰਨਣ ਨੂੰ ਤਿਆਰ ਹੀ ਨਹੀਂ ਸਨ ਕਿ ਸਿੱਖਾਂ ਵਰਗੀ ਲੜਾਕੂ ਜਾਤੀ ਭੜਕਾਹਟ ਦੇ ਬਾਵਜੂਦ ਸ਼ਾਂਤ-ਮਈ ਸਤਿਆਗਰਹਿ ਦੇ ਅਸੂਲਾਂ ਨੂੰ ਕਾਇਮ ਰੱਖ ਸਕੇਗੀ—ਉਹ ਵੀ ਗੁਰੂ ਕੇ ਬਾਗ ਦੇ ਸ਼ਾਂਤਮਈ ਮੋਰਚੇ ਨੂੰ ਵੇਖ ਕੇ ਆਪਣੇ ਖਿਆਲ ਬਦਲਨ ਲਈ ਮਜਬੂਰ ਹੋ ਗਏ ।

ਦਿੱਲੀ ਵਿਚ ਕਾਂਗਰਸ ਦੀ ਉਚੇਚੀ ਬੈਠਕ 1923 ਵਿਚ ਹੋਈ । ਇਸ ਨੇ ਅਕਾਲੀ ਤਹਿਰੀਕ ਦਾ ਹਰ ਤਰੀਕੇ ਨਾਲ ਇਮਦਾਦ ਕਰਨ ਦਾ ਫੈਸਲਾ ਕੀਤਾ । ਡਾਕਟਰ ਸੈਫਉਦੀਨ ਕਿਚਲੂ[1] ਨੇ ਇਸ ਤਹਿਰੀਕ ਬਾਰੇ ਰਿਪੋਰਟ ਪੇਸ਼ ਕੀਤੀ ਅਤੇ ਅਕਾਲੀਆਂ ਦੇ ਸ਼ਾਨਦਾਰ ਸੰਗਰਾਮਾ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਿਆਨ ਕੀਤਾ । ਆਗੂ ਇਸ ਰਿਪੋਰਟ ਤੋਂ ਬੜੇ ਪਰਭਾਵਤ ਹੋਏ ਅਤੇ ਉਹਨਾਂ ਵਿਚੋਂ ਕੁਛ ਕੁ ਨੇ ਖੁਦ ਜੈਤੋ ਜਾ ਕੇ ਸਾਰੇ ਹਾਲਾਤ ਦਾ ਅਧਿਅਨ ਕਰਨ ਦਾ ਫੈਸਲਾ ਕੀਤਾ । ਪੰਡਤ ਜਵਾਹਰ ਲਾਲ ਨਹਿਰੂ, ਪ੍ਰੋ: ਗਿਡਵਾਨੀ, ਲਾਹੌਰ ਦੇ ਕੇ. ਸਨਤਾਨਮ ਆਦ ਮੀਟਿੰਗ ਪਿਛੋਂ ਜੈਤੋ ਨੂੰ ਤੁਰ ਪਏ । ਰਸਤੇ ਵਿਚ ਮੁਕਤਸਰ ਤੋਂ ਉਹਨਾਂ ਨੇ ਸ: ਦਰਬਾਰਾ ਸਿੰਘ ਸੱਲ੍ਹਣ ਨੂੰ ਨਾਲ ਲੈ ਲਿਆ ।

ਇਸ ਸਫਰ ਦੇ ਹਾਲਾਤ ਜਾਨਣ ਤੋਂ ਪਹਿਲੋਂ ਇਕ ਅਹਿਮ ਗੱਲ ਜਾਣ ਲੈਣੀ ਜ਼ਰੂਰੀ ਹੈ । ਉਹ ਇਹ ਕਿ ਸ਼ੁਰੂ ਜਨਵਰੀ 1923 ਵਿਚ ਲੰਡਨ ਦੀ ਪਾਰਲੀਮਿੰਟ ਨੇ ਦੇਸੀ ਰਿਆਸਤਾਂ ਬਾਰੇ ਇਕ ਕਾਨੂੰਨ ਪਾਸ ਕੀਤਾ ਸੀ ਜਿਸ ਰਾਹੀਂ ਦੇਸੀ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਬਾਰੇ ਕੋਈ ਦਖਲ ਨਹੀਂ ਸੀ ਦਿਤਾ ਜਾ ਸਕਦਾ ਤੇ ਉਹਨਾਂ ਦੇ ਅੰਦਰ ਹੋ ਰਹੇ ਜ਼ੁਲਮਾਂ ਤੋਂ ਪੜਦਾ ਨਹੀਂ ਸੀ ਚੁਕਿਆ ਜਾ ਸਕਦਾ । ਨਾ ਹੀ ਰਿਆਸਤਾਂ ਦੇ ਖਿਲਾਫ ਕੋਈ ਪਰਚਾਰ ਹੋ ਸਕਦਾ ਸੀ । ਇਸ ਕਾਨੂੰਨ ਦੇ ਪਾਸ ਕਰਨ ਦੇ ਹੱਕ ਵਿਚ 279 ਮਿੰਬਰ ਸਨ ਅਤੇ ਖਿਲਾਫ 129.

ਦੂਜੀ ਅਹਿਮ ਗੱਲ ਇਹ ਜਾਣ ਲੈਣੀ ਚਾਹੀਦੀ ਹੈ ਕਿ ਰਿਆਸਤ ਨਾਭਾ ਦਾ ਨਵਾਂ ਐਡਮਨਿਸਟਰੇਟਰ ਵਿਲਸਨ ਜੌਹਨਸਟਨ ਮੁਕੱਰਰ ਕੀਤਾ ਗਿਆ ਸੀ । ਇਹ ਪਹਿਲੋਂ ਪੰਜਾਬ ਸਰਕਾਰ ਦਾ ਚੀਫ ਸੈਕਟਰੀ ਸੀ ਅਤੇ ਇਸ ਦਾ ਨਾਭੇ ਵਿਚ ਪੰਜਾਬ ਗੌਰਮਿੰਟ ਵਲੋਂ ਭੇਜਣਾ ਬੜਾ ਅਰਥ ਭਰਪੂਰ ਸੀ । ਪੰਜਾਬ ਦੀਆਂ ਦੇਸੀ ਰਿਆਸਤਾਂ ਉਸ ਵੇਲੇ ਤਕ ਪੰਜਾਬ ਸਰਕਾਰ ਦੇ ਮਾਤਹਿਤ ਸਨ । ਵਿਲਸਨ ਪੰਜਾਬ ਸਰਕਾਰ ਦੀਆਂ ਅਕਾਲੀ-ਲਹਿਰ ਨੂੰ ਕੁਚਲਨ ਦੀਆਂ ਪਾਲਿਸੀਆਂ ਤੋਂ ਚੰਗੀ ਤਰ੍ਹਾਂ ਜਾਣੂ ਸੀ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਰਕਾਰ ਦੇ ਸਤਕਾਰ ਤੇ ਵਕਾਰ ਨੂੰ ਜਿਹੜਾ ਧੱਬਾ ਲੱਗਾ ਸੀ—ਉਹ ਉਸਨੂੰ ਅੱਤਵਾਦੀ ਡਿਕਟੇਟਰੀ ਹਥਿਆਰ ਵਰਤ ਕੇ, ਅਕਾਲੀ ਲਹਿਰ ਨੂੰ ਕੁਚਲਕੇ—ਧੋਣਾ ਚਹੁੰਦਾ ਸੀ । ਅਤੇ ਜਿਵੇਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ ਉਸ ਨੂੰ ਪੰਜਾਬ ਦੇ ਗਵਰਨਰ ਤੇ ਵਾਈਸਰਾਏ ਦੀ ਪੂਰੀ ਪੂਰੀ ਹਮਾਇਤ ਪਹਿਲੋਂ ਹੀ ਹਾਸਲ ਹੋ ਚੁੱਕੀ ਹੋਈ ਸੀ ।

ਇਸ ਲਈ ਪੰਡਤ ਨਹਿਰੂ, ਸ਼ਿਰੀ ਕੇ. ਸਨਤਾਨਮ, ਪ੍ਰੋ: ਗਿਡਵਾਨੀ ਅਤੇ ਦਰਬਾਰਾ

[1] ਡਾਕਟਰ ਕਿਚਲੂ ਸਿੱਖਾਂ ਵਿਚ ਏਨਾ ਹਰ-ਦਿਲ-ਪਿਆਰਾ ਹੋ ਗਿਆ ਸੀ ਕਿ ਕਈ ਸਿੱਖਾਂ ਨੇ ਉਹਨਾਂ ਦਾ ਨਾਮ 'ਕਿਚਲੂ ਸਿੰਘ' ਰਖ ਦਿਤਾ ਸੀ ।

Digitized by Panjab Digital Library | www.panjabdigilib.org

ਸਿੰਘ ਨੂੰ ਨਾਭੇ ਵਿਚ ਪੈਰ ਰਖਦਿਆਂ ਹੀ ਫੜ ਲਿਆ ਗਿਆ ਅਤੇ ਆਮ ਮੁਜਰਮ ਕੈਦੀਆਂ ਵਾਂਗ ਪੰਡਤ ਜੀ ਤੇ ਸਨਤਾਨਮ ਨੂੰ ਇਕੋ ਹਥਕੜੀ ਨਾਲ ਜੁੱਟ ਕੀਤਾ ਗਿਆ। ਸਾਰਾ ਦਿਨ ਗੰਦੀ ਹਵਾਲਾਤ ਵਿਚ ਰਖਿਆ ਗਿਆ ਅਤੇ ਸ਼ਾਮ ਨੂੰ ਫੇਰ ਹਥਕੜੀ ਵਿਚ ਜੁੱਟ ਕਰਕੇ ਆਮ ਰਸਤਿਆਂ ਰਾਹੀਂ ਸਟੇਸ਼ਨ ਨੂੰ ਪੈਦਲ ਤੁਰਾ ਕੇ ਖੜਿਆ ਗਿਆ। ਪੰਡਤ ਜੀ ਨੇ ਇਸ ਘਟਨਾ ਦਾ ਬੜਾ ਵਿਸਤਾਰ ਪੂਰਬਕ ਜ਼ਿਕਰ ਆਪਣੀ ਜੀਵਨੀ ਵਿਚ ਕੀਤਾ ਹੈ। ਉਹਨਾਂ ਦੇ ਅਨੁਭਵੀ ਤੇ ਅਹਿਸਾਸੀ ਮਨ ਨੂੰ ਉਸ ਵੇਲੇ ਇੰਜ ਮਹਿਸੂਸ ਹੋਇਆ ਕਿ ਜਿਵੇਂ 'ਕਿਸੇ ਕੁਤੇ ਨੂੰ ਜੈਤੋ ਦੀਆਂ ਗਲੀਆਂ ਵਿਚ' ਡੋਰੀ ਫੜਕੇ ਫਿਰਾਇਆ ਜਾ ਰਿਹਾ ਹੋਵੇ। ਨਾਭੇ ਜੇਲ ਵਿਚ ਖੜਨ ਤਕ ਉਹਨਾਂ ਨੂੰ ਹਥਕੜੀਆਂ ਨਾਲ ਜੂੜੀ ਰਖਿਆ ਗਿਆ।

ਤਿੰਨਾਂ ਦਿਨਾਂ ਦੇ ਗੰਦੇ, ਸੜਾਂਦ-ਮਾਰਦੇ ਸੈੱਲ ਵਿਚੋਂ ਕਢਕੇ ਉਹਨਾਂ ਨੂੰ ਇਕ ਅਨਪੜ੍ਹ-ਜਿਹੇ ਕਾਨੂੰਨ ਤੋਂ ਨਾਵਾਕਫ਼ ਜਜ ਦੇ ਸਾਮ੍ਹਣੇ ਪੇਸ਼ ਕੀਤਾ ਗਿਆ। "ਉਹਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਅਤੇ ਮੈਨੂੰ ਸ਼ਕ ਹੈ ਕਿ ਉਹ ਸ਼ਾਇਦ ਅਦਾਲਤੀ ਉਰਦੂ ਬੋਲੀ ਵੀ ਲਿਖਣ ਨਹੀਂ ਸੀ ਜਾਣਦਾ। ਅਸੀਂ ਉਸ ਨੂੰ ਹਫਤਾ ਭਰ ਵੇਖਦੇ ਰਹੇ, ਇਸ ਅਰਸੇ ਵਿਚ ਉਸਨੇ ਆਪਣੇ ਹਥੀਂ ਇਕ ਸਤਰ ਵੀ ਨਾ ਲਿਖੀ।' ਕਾਰਵਾਈ ਉਸ ਦਾ ਅਹਿਲਮਦ ਲਿਖਦਾ ਸੀ। ਪੰਡਤ ਜੀ ਤੇ ਉਹਨਾਂ ਦੇ ਸਾਥੀਆਂ ਦੀਆਂ ਦਰਖਾਸਤਾਂ ਉਤੇ ਉਸ ਵੇਲੇ ਕੋਈ ਹੁਕਮ ਨਹੀਂ ਸੀ ਦੇਂਦਾ। ਅਗਲੇ ਦਿਨ ਉਹ ਫਾਈਲਾਂ ਨੂੰ ਕਿਸੇ ਹੋਰਸ ਦੇ ਲਿਖੇ ਹੁਕਮ ਸਮੇਤ ਲੈ ਆਉਂਦਾ।[1]

ਅਸਲ ਵਿਚ ਇਹ ਕੋਈ ਅਦਾਲਤਾਂ ਨਹੀਂ ਸਨ, ਅਦਾਲਤਾਂ ਦੀ ਮਖੌਲਬਾਜ਼ੀ ਜਾਂ ਮਿਟੀ-ਪੁੱਟਣੀ ਸੀ। ਨਾਭੇ ਵਿਚ ਸਰਕਾਰ ਬਾਹਰੋਂ, ਪੰਜਾਬ ਵਿਚੋਂ ਆਪਣੇ ਮੁੱਕਦਮਿਆਂ ਦੀ ਕਾਮਯਾਬੀ ਲਈ ਚੰਗੇ ਤੋਂ ਚੰਗੇ ਵਕੀਲ ਮੰਗਵਾ ਸਕਦੀ ਸੀ ਪਰ ਮੁਲਜ਼ਮਾਂ ਨੂੰ ਬਾਹਰੋਂ ਵਕੀਲ ਮੰਗਵਾਣ ਦਾ ਕੋਈ ਹੱਕ ਨਹੀਂ ਸੀ। ਐਡਮਨਿਸਟਰੇਟਰ ਬਾਹਰੋਂ ਆਪਣੀ ਰਿਆਸਤ ਦੇ ਜ਼ੁਲਮਾਂ ਤੇ ਉਪੱਦਰਾਂ ਉਤੇ ਪੜਦਾ ਪਾਉਣ ਲਈ ਆਗਿਆਕਾਰ ਮੈਜਿਸਟਰੇਟ ਮੰਗਵਾ ਸਕਦਾ ਸੀ, ਪਰ ਮੁਲਜਮਾਂ ਦੇ ਇਸ ਡਿਕਟੇਟਰੀ ਰਾਜ ਵਿਚ ਸਭ ਹੱਕ ਇਕ ਵਢੋਂ ਹੀ ਖੋਹ ਲਏ ਗਏ ਸਨ।

## 3. ਪੰਡਤ ਮੋਤੀ ਲਾਲ ਨੂੰ ਨਾਭੇ ਵਿਚੋਂ ਨਿਕਲ ਜਾਣ ਦਾ ਹੁਕਮ

ਪੰਡਤ ਜਵਾਹਰ ਲਾਲ ਦੀ ਨਾਭੇ ਵਿਚ ਗਰਿਫਤਾਰੀ ਦੀ ਖਬਰ ਸੁਣਕੇ ਪੰਡਤ ਮੋਤੀ ਲਾਲ ਨੂੰ ਬੜਾ ਤੌਖਲਾ ਹੋਇਆ। ਉਹਨਾਂ ਨੂੰ ਰਿਆਸਤਾਂ ਦੀ ਤਾਨਾਸ਼ਾਹੀ ਤੇ ਡਿਕਟੇਟਰ ਸ਼ਾਹੀ ਦੀ ਬੜੀ ਵਾਕਫ਼ੀ ਸੀ। ਉਹਨਾਂ ਨੇ ਵਾਈਸਰਾਏ ਨੂੰ 23 ਸਤੰਬਰ 1923 ਨੂੰ ਇਕ ਤਾਰ ਰਾਹੀਂ ਖਬਰ ਦਿਤੀ ਕਿ ਉਹ ਨਾਭੇ ਪੰਡਤ ਜਵਾਹਰ ਲਾਲ ਨੂੰ ਮਿਲਣ ਵਾਸਤੇ ਜਾ ਰਹੇ ਹਨ। ਉਹਨਾਂ ਦਾ ਮਕਸਦ 'ਆਪਣੇ ਲੜਕੇ ਪੰਡਤ ਜਵਾਹਰ ਲਾਲ ਨੂੰ ਮਿਲਣਾ ਹੈ। ਹੁਣ ਤਕ ਮੈਂ ਅਕਾਲੀ ਤਹਿਰੀਕ ਵਿਚ ਕੋਈ ਹਿੱਸਾ ਨਹੀਂ ਲਿਆ। ਇਸ ਵੇਲੇ ਮੁਲਾਕਾਤ ਤੋਂ ਛੁੱਟ ਮੇਰਾ ਹੋਰ ਕੋਈ ਮਕਸਦ ਨਹੀਂ। ਆਸ ਹੈ ਇਸ ਕੁਦਰਤੀ ਹਕ ਨੂੰ ਅਮਲ ਵਿਚ ਲਿਆਣ ਵਿਚ ਥੱਲੇ ਦੇ ਅਫਸਰ ਕੋਈ ਦਖਲ ਨਹੀਂ ਦੇਣਗੇ।'

ਇਸ ਤਾਰ ਦੇ ਪਹੁੰਚਣ ਤੇ ਐਡਮਨਿਸਟਰੇਟਰ ਤੇ ਹਿੰਦ ਸਰਕਾਰ ਦੇ ਦਰਮਿਆਨ ਦੋਂਹ ਦਿਨਾਂ ਵਿਚ ਹੀ ਸੱਤ ਤਾਰਾਂ ਖੜਕ ਗਈਆਂ। ਐਡਮਨਿਸਟਰੇਟਰ ਨੇ ਲਿਖਿਆ ਕਿ ਪੰਡਤ ਮੋਤੀ

---

[1] ਪੰਡਤ ਜਵਾਹਰ ਲਾਲ ਦੀ ਆਤਮ ਕਥਾ ਸਫ਼ਾ—100-101

Digitized by Panjab Digital Library | www.panjabdigilib.org

ਲਾਲ ਜੀ ਦੀ ਨਾਭੇ ਵਿਚ ਹਾਜ਼ਰੀ ਬੜੀ ਅਨ-ਚਾਹਵੀਂ ਹੈ । ਮੈਂ ਹੁਕਮ ਜਾਰੀ ਕਰਦਾ ਹਾਂ ਕਿ ਉਹ ਨਾਭੇ ਵਿਚ ਨਾ ਵੜਨ । ਹਿੰਦ ਸਰਕਾਰ ਨੇ ਜਵਾਬ ਦਿਤਾ ਉਸ ਨੂੰ ਨਾਭੇ ਵਿਚ ਵੜਨੋਂ ਨਾ ਰੋਕੋ, ਅਤੇ ਉਸ ਨੂੰ ਜਵਾਹਰ ਲਾਲ ਨੂੰ ਮਿਲਣ ਦੀ ਆਗਿਆ ਇਹਨਾਂ ਸ਼ਰਤਾਂ ਤੇ ਦਿਓ ਕਿ ਉਹ ਰਿਆਸਤ ਦੇ ਅੰਦਰ ਕਿਸੇ ਰਾਜਸੀ ਕੰਮ ਵਿਚ ਹਿੱਸਾ ਨਹੀਂ ਲੈਣਗੇ ਅਤੇ ਮੁਲਾਕਾਤ ਕਰਨ ਦੇ ਝਟ ਪਟ ਪਿੱਛੋਂ ਹੀ ਰਿਆਸਤ ਵਿਚੋਂ ਚਲੇ ਜਾਣਗੇ ।

24 ਸਤੰਬਰ ਨੂੰ ਫੇਰ ਵਿਲਸਨ ਨੇ ਹਿੰਦ ਸਰਕਾਰ ਨੂੰ ਤਾਰ ਦਿਤੀ । ਪੰਡਤ ਮੋਤੀ ਲਾਲ ਕੋਈ ਵੀ ਸ਼ਰਤਾਂ ਮੰਨਣ ਤੋਂ ਉੱਕਾ ਹੀ ਇਨਕਾਰ ਕਰਦਾ ਹੈ । ਇਸ ਲਈ ਉਸ ਨੂੰ ਨੋਟਿਸ ਦੇ ਦਿਤਾ ਹੈ ਕਿ ਉਹ ਅਗਲੀ ਗੱਡੀ ਤੇ ਨਾਭਿਓਂ ਨਿਕਲ ਜਾਏ । ਇਸ ਦੇ ਸਾਫ ਅਰਥ ਇਹ ਸਨ ਕਿ ਪਿਤਾ ਕੋਲੋਂ ਮੁਲਾਕਾਤ, ਮਕੱਦਮੇ ਦੀ ਪੈਰਵੀ ਕਰਨ, ਮੁਕੱਦਮੇ ਵਿਚ ਪੇਸ਼ ਹੋਣ ਜਾਂ ਮਸ਼ਵਰਾ ਦੇਣ—ਏਥੋਂ ਤਕ ਕਿ ਉਸ ਦਾ ਪੱਖ ਸੁਣਨ ਦੇ ਸਭ ਹੱਕ ਖੋਹ ਲਏ ਗਏ ਸਨ ।

ਹਿੰਦ ਸਰਕਾਰ ਨੇ ਅਗੋਂ ਪੁਛਿਆ ਕਿ ਜਵਾਹਰ ਲਾਲ ਤੇ ਉਸ ਦੇ ਸਾਥੀਆਂ ਦੇ ਮੁਕੱਦਮੇ ਸੰਬੰਧੀ ਕੀ ਪਰਬੰਧ ਕੀਤੇ ਗਏ ਹਨ ? ਮੁਕੱਦਮੇ ਦੇ ਅੰਤ ਹੋਣ ਤੇ ਉਸ ਨੂੰ ਰਿਆਸਤ ਵਿਚੋਂ ਕਢ ਦੇਣ ਨਾਲ ਮਾਮਲਾ ਠੀਕ ਹੋ ਜਾਏਗਾ ? ਵਿਲਸਨ ਨੇ ਜਵਾਬ ਦਿੱਤਾ : ਸਜ਼ਾ ਦਾ ਏਲਾਨ ਕਰ ਦਿਤਾ ਜਾਵੇ ਅਤੇ ਸ਼ਰਤ ਰਖੀ ਜਾਵੇ ਕਿ ਕੈਦੀ ਝਟ ਪਟ ਰਿਆਸਤ ਵਿਚੋਂ ਨਿਕਲ ਜਾਣ ਅਤੇ ਮੁੜਕੇ ਵਾਪਸ ਨਾ ਆਉਣ, ਜੇ ਇਹ ਸ਼ਰਤਾਂ ਤੋੜ ਦਿਤੀਆਂ ਜਾਣਗੀਆਂ ਤਾਂ ਸਜ਼ਾ ਬਹਾਲ ਕਰ ਦਿਤੀ ਜਾਵੇਗੀ ।

ਹਿੰਦ ਸਰਕਾਰ ਨੇ ਕਿਹਾ : ਦਰੁਸਤ ਰਾਹ ਇਹ ਹੈ ਕਿ ਅਦਾਲਤ ਸਜ਼ਾ ਸੁਣਾ ਦੇਵੇ ਅਤੇ ਏਲਾਨ ਕਰੇ ਕਿ ਮੁਕਾਮੀ ਸਰਕਾਰ ਨੇ ਸਜ਼ਾ ਨੂੰ ਬਗੈਰ ਕਿਸੇ ਸ਼ਰਤ ਦੇ ਮੁਅੱਤਲ ਕਰ ਦਿਤਾ ਹੈ । ਅਤੇ ਉਹਨਾਂ ਨੂੰ ਰਿਆਸਤ ਵਿਚੋਂ ਕਢ ਦਿਤਾ ਜਾਵੇ, ਨਾਲ ਹੀ ਐਗਜ਼ੈਕਟਿਵ ਹੁਕਮ ਜਾਰੀ ਕੀਤਾ ਜਾਵੇ ਕਿ ਜੇ ਉਹਨਾਂ ਨੇ ਹੁਕਮ-ਅਦੂਲੀ ਕੀਤੀ ਤਾਂ ਸਜ਼ਾ ਲਾਗੂ ਹੋ ਜਾਏਗੀ ।[1]

ਇਹ ਉਤਲਾ ਬਿਰਤਾਂਤ ਅਸਾਂ ਇਸ ਲਈ ਦਿਤਾ ਹੈ ਕਿ ਰਿਆਸਤ ਵਿਚ ਡਿਕਟੇਟਰ-ਸ਼ਿਪ ਦੀ ਤੇਜ਼-ਧਾਰ ਦਾ ਪਾਠਕਾਂ ਨੂੰ ਕੁਛ ਪਤਾ ਲਗ ਜਾਏ । ਜੇ ਚੋਟੀ ਦੇ ਕਾਂਗਰਸੀ ਲੀਡਰਾਂ ਨਾਲ ਏਹੋ ਜੇਹਾ ਅਸਭਿਆ ਤੇ ਬੇਇਜ਼ਤੀ ਭਰਿਆ ਸਲੂਕ ਕੀਤਾ ਜਾਂਦਾ ਸੀ । ਤਾਂ ਅਨੁਮਾਨ ਲਾਉਣਾ ਔਖਾ ਨਹੀਂ ਕਿ ਜਥਿਆਂ ਨਾਲ ਕੀ ਵਾਪਰਦੀ ਹੋਵੇਗੀ ।

## 4. ਪੰ: ਜਵਾਹਰ ਲਾਲ ਤੇ ਸਾਥੀਆਂ ਤੇ ਮੁਕੱਦਮੇਂ

ਪੰਡਤ ਜਵਾਹਰ ਲਾਲ ਤੇ ਉਹਨਾਂ ਦੇ ਸਾਥੀਆਂ ਦਾ ਅਜੇ ਪਹਿਲਾ ਮੁਕੱਦਮਾ ਮੁੱਕਾ ਨਹੀਂ ਸੀ ਕਿ ਉਹਨਾਂ ਉਤੇ ਇਕ ਹੋਰ ਸੰਗੀਨ ਸਾਜ਼ਸ਼ ਦਾ ਮੁਕੱਦਮਾ ਸ਼ੁਰੂ ਹੋ ਗਿਆ । ਪਹਿਲੇ ਮੁਕੱਦਮੇ ਵਿਚ ਵੱਧ ਤੋਂ ਵੱਧ ਛੇ ਮਹੀਨੇ ਦੀ ਸਜ਼ਾ ਹੋ ਸਕਦੀ ਸੀ; ਪਰ ਨਾਭੇ ਦਾ ਡਿਕਟੇਟਰ ਇਹਨਾਂ ਨੂੰ ਨਾਭੇ ਵਿਚ ਵੜਨ ਦੀ ਜੁਰਅਤ ਕਰਨ ਦੀ ਬੇਮਿਸਾਲ ਸਜ਼ਾ ਦੇਣਾ ਚਾਹੁੰਦਾ ਸੀ । ਤਿੰਨ ਆਦਮੀ ਸਾਜ਼ਸ਼ ਲਈ ਕਾਫੀ ਨਾ ਸਮਝੇ ਗਏ, ਇਸ ਲਈ ਉਹਨਾਂ ਨਾਲ ਇਕ ਚੌਥਾ ਸਿੱਖ ਸ: ਦਰਬਾਰਾ ਸਿੰਘ ਮੱਲ੍ਹਣ ਸ਼ਾਮਲ ਕੀਤਾ ਗਿਆ । ਕੋਈ ਪਤੱਰਕਾਰ ਜਾਂ ਬਾਹਰਲਾ ਆਦਮੀ ਅਦਾਲਤ ਅੰਦਰ ਨਹੀਂ ਸੀ ਆ ਸਕਦਾ । ਪੁਲਸ ਪਰਧਾਨ ਸੀ ਅਤੇ ਉਹ ਬਾਹਲੀ ਵਾਰ ਜੱਜ ਦੀ ਵੀ ਕੋਈ ਪਰਵਾਹ

---

[1] ਨਾਭਾ ਫਾਈਲ 401-1924—ਤਾਰਾਂ ਦਾ ਤਰਤੀਬਵਾਰ ਨੰਬਰ 64 ਤੋਂ 71 ਤਕ ਸਫੇ 47-48-49 (ਅਖੀਰੀ ਹਿੱਸਾ)

Digitized by Panjab Digital Library | www.panjabdigilib.org

ਨਹੀਂ ਸੀ ਕਰਦੀ । ਅਤੇ ਉਸ ਦੇ ਹੁਕਮ ਵੀ ਮੰਨਣੋਂ ਇਨਕਾਰ ਕਰ ਦੇਂਦੀ ਸੀ । ਇਹਨਾਂ ਅਦਾ-ਲਤਾਂ ਵਿਚ ਨਾ ਕੋਈ ਦਲੀਲ ਨੂੰ ਥਾਂ ਸੀ ਨਾ ਕਿਸੇ ਵਕੀਲ ਤੇ ਅਪੀਲ ਨੂੰ ।[1]

ਮਲੂਮ ਹੁੰਦਾ ਹੈ ਕਿ ਇਹਨਾਂ ਮੁਖੀ ਆਗੂਆਂ ਉਤੇ ਅਚਾਨਕ ਸਾਜ਼ਸ਼ ਦਾ ਮੁਕੱਦਮਾ ਇਹਨਾਂ ਨੂੰ ਭੈ-ਭੀਤ ਕਰਨ ਲਈ ਅਤੇ ਲੰਮੀਆਂ ਸਜ਼ਾਵਾਂ ਦਾ ਹਊਆ ਖੜਾ ਕਰਕੇ ਮੁਆਫੀਆਂ ਮੰਗਵਾਣ ਲਈ ਕੀਤਾ ਗਿਆ ਸੀ । ਨਾਭੇ ਜੇਲ੍ਹ ਦੀ ਗੰਦੀ ਕੋਠੜੀ, ਕੈਦੀਆਂ ਦੀ ਖੁਰਾਕ ਦੀ ਦੁਰ-ਦਸ਼ਾਂ, ਇਹਨਾਂ ਨਾਲ ਅਫਸਰਾਂ ਦਾ ਅਸੱਭਿਅਕ ਤੇ ਦੁਰ-ਵਿਹਾਰੀ ਸਲੂਕ—ਇਹ ਸਭ ਕਾਂਗਰਸੀ ਆਗੂਆਂ ਲਈ ਨਵੇਂ ਤਜਰਬੇ ਸਨ ਅਤੇ ਉਹ ਇਹਨਾਂ ਤੋਂ ਅਨੁਮਾਨ ਲਾ ਸਕਦੇ ਸਨ ਕਿ ਜੇ ਉਹਨਾਂ ਜੇਹਿਆਂ ਆਗੂਆਂ ਨਾਲ ਏਹੋ ਜੇਹਾ ਗੈਰ-ਮਨੁੱਖੀ ਤੇ ਵਹਿਸ਼ੀਆਨਾ ਸਲੂਕ ਹੋ ਸਕਦਾ ਹੈ ਤਾਂ ਆਮ ਅਕਾਲੀ ਜਥਿਆਂ ਨਾਲ ਕੀ ਬੀਤਦੀ ਹੋਵੇਗੀ ।

ਪੰਡਤ ਜੀ ਨੇ ਇਸ ਮੁਕੱਦਮੇ ਵਿਚ ਆਪਣੀ ਵਲੋਂ ਕੋਈ ਸਫਾਈ ਨਾ ਪੇਸ਼ ਕੀਤੀ । ਉਹਨਾਂ ਉਤੇ ਇਕ ਹੋਰ ਸਾਜ਼ਸ਼ ਦਾ ਕੇਸ ਖੜਾ ਕੀਤਾ ਗਿਆ । ਉਸ ਵਿਚ ਵੀ ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ ਨਾ-ਮਿਲਵਰਤਨ ਜਾਰੀ ਰਖਿਆ । "ਨਾਭਾ ਰਿਆਸਤ ਵਿਚ ਸਾਡੇ ਖਿਲਾਫ ਮੁਖਤਲਿਫ ਕਿਸਮ ਦੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ । ਮੈਂ ਦਸਿਆ ਹੈ ਕਿ ਇਹ (ਕਾਰਵਾਈਆਂ) ਕਿੰਨੀਆਂ ਉਕੀਆਂ ਹੀ ਲਾ-ਕਾਨੂੰਨੀ ਤੇ ਕਾਰਣ-ਹੀਨ ਹਨ ।......ਮੈਂ ਇਹਨਾਂ ਬਾਰੇ ਹੋਰ ਕੁਛ ਨਹੀਂ ਕਹਿਣਾ ਚਾਹੁੰਦਾ । ਕਿਉਂਕਿ ਅਸੀਂ ਕਿਸੇ ਟਕਨੀਕੀ ਜਾਂ ਕਾਨੂੰਨੀ ਉਜ਼ਰ ਤੋਂ ਫਾਇਦਾ ਨਹੀਂ ਉਠਾਣਾ ਚਾਹੁੰਦੇ ।"

ਪੰਡਤ ਜੀ ਨੇ ਆਪਣੇ ਚੌਥੇ ਸਾਥੀ ਦਰਬਾਰਾ ਸਿੰਘ ਬਾਬਤ ਆਖਿਆ: "ਇਸ ਕੇਸ ਵਿਚ ਸਾਡਾ ਇਕ ਸਾਥੀ-ਮੁਲਜ਼ਮ ਦਰਬਾਰਾ ਸਿੰਘ ਸੀ । ਕਲਪਨਾ-ਸ਼ੀਲ ਪੁਲਸ ਸੁਪਰਡੰਟ ਨੇ ਬਿਆਨ ਦਿਤਾ ਕਿ ਉਹ ਜਥੇ ਦਾ ਆਗੂ ਸੀ । ਅਤੇ ਉਸ ਨੇ ਜਥੇ ਨੂੰ, ਬੜੀ ਹਕਾਰਤ ਨਾਲ, ਤਿਤਰ ਬਿਤਰ ਕਰਨ ਤੋਂ ਇਨਕਾਰ ਕਰ ਦਿਤਾ ਸੀ । ਇਹ ਸੁੱਧਾ ਹੀ ਝੂਠ ਸੀ ਅਤੇ ਮੈਂ ਇਹ ਗੱਲ ਜ਼ਾਤੀ ਇਲਮ ਤੋਂ ਆਖ ਰਿਹਾ ਹਾਂ । ਦਰਬਾਰਾ ਸਿੰਘ ਕਦੇ ਵੀ ਜਥੇ ਨਾਲ ਨਹੀਂ ਸੀ । ਜਥੇ ਦੇ ਹਰ ਇਕ ਮਿੰਬਰ ਦੇ ਸਿਰ ਤੇ ਕਾਲੀ ਪਗੜੀ ਸੀ । ਦਰਬਾਰਾ ਸਿੰਘ ਦੇ ਸਿਰ ਤੇ ਕੇਸਰੀ ਪਗੜੀ ਸੀ ।" ਪਰ ਪੰਡਤ ਜੀ ਦੀ ਗੱਲ ਕਿਸੇ ਨਾ ਸੁਣੀ ।

ਪੰਡਤ ਜੀ ਦੀ ਨਿਧੜਕ ਸਪਿਰਿਟ ਦਾ ਕੁਛ ਅਨੁਮਾਨ ਇਹਨਾਂ ਹੇਠਲੇ ਸ਼ਬਦਾਂ ਤੋਂ ਲਗ ਸਕਦਾ ਹੈ : "ਮੈਂ ਬੜਾ ਖੁਸ਼ ਹਾਂ ਕਿ ਮੇਰੇ ਉਤੇ ਉਸ ਮਨੋਰਥ ਲਈ ਮੁਕੱਦਮਾ ਚਲਾਇਆ ਜਾ ਰਿਹਾ ਹੈ ਜਿਹੜਾ ਸਿੱਖਾਂ ਨੇ ਅਪਣਾਇਆ ਹੋਇਆ ਹੈ । ਮੈਂ ਉਸ ਵੇਲੇ ਜੇਲ੍ਹ ਵਿਚ ਸਾਂ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਬਹਾਦਰੀ ਨਾਲ ਲੜਿਆ ਅਤੇ ਜਿੱਤਿਆ ਗਿਆ । ਮੈਂ ਅਕਾਲੀਆਂ ਦੀ ਬਹਾਦਰੀ ਤੇ ਕੁਰਬਾਨੀ ਉੱਤੇ ਹੱਕਾ-ਬੱਕਾ ਰਹਿ ਗਿਆ ਅਤੇ ਮੈਂ ਚਾਹੁੰਦਾ ਸਾਂ ਕਿ ਮੈਨੂੰ ਕੋਈ ਮੌਕਿਆ ਮਿਲੇ ਕਿ ਮੈਂ ਕਿਸੇ ਕਿਸਮ ਦੀ ਸੇਵਾ ਕਰਕੇ ਉਹਨਾਂ ਦੀ ਪਰਸੰਸਾ ਕਰ ਸਕਾਂ । ਉਹ ਮੌਕਿਆ ਹੁਣ ਮੈਨੂੰ ਮਿਲ ਗਿਆ ਹੈ ਅਤੇ ਮੈਂ ਦਿਲੋਂ ਆਸ ਕਰਦਾ ਹਾਂ ਕਿ ਮੈਂ ਉਹਨਾਂ ਦੀ ਉੱਚੀ ਰਵਾਇਤ ਤੇ ਉਮਦਾ

---

[1] ਬਾਹਰ ਵੀ ਜਦ 144 ਦਫਾ ਜਾਂ ਬਗਾਵਤੀ ਤਕਰੀਰਾਂ ਦੇ ਕਾਨੂੰਨ ਥੱਲੇ ਜ਼ਬਾਨ ਬੰਦ ਕੀਤੀ ਜਾਂਦੀ ਸੀ ਤਾਂ ਆਮ ਕਾਰਕੁਨ ਇਹ ਸ਼ਿਅਰ ਪੜ੍ਹਦੇ ਸਨ :

ਵੁਹੀ ਕਾਤਲ, ਵੁਹੀ ਸ਼ਾਹਿਦ, ਵੁਹੀ ਮੁਨਸਿਫ਼ ਠਹਿਰੇ,
ਕਤਲ ਕਾ ਦਾਅਵਾ ਕਰੇਂ ਮੇਰੇ ਅਕਰਬਾ ਕਿਸ ਪਰ;
ਜਾਂ : ਨਾ ਤੜਪਨੇ ਕੀ ਇਜਾਜ਼ਤ ਹੈ, ਨਾ ਫਰਯਾਦ ਕੀ ਹੈ,
ਘੁੱਟਕੇ ਮਰ ਜਾਉਂ ਯਹੀ ਮਰਜ਼ੀ ਮਿਰੇ ਸੱਯਾਦ ਕੀ ਹੈ ।

Digitized by Panjab Digital Library | www.panjabdigilib.org

ਹੌਸਲੇ ਦੇ ਯੋਗ ਸਾਬਤ ਹੋਵਾਂਗਾ। ਸਤਿ ਸ੍ਰੀ ਅਕਾਲ।"

ਜਵਾਹਰ ਲਾਲ ਨਹਿਰੂ, 25 ਸਤੰਬਰ 1923[1]

ਇਹਨਾਂ ਦਿਨਾਂ ਵਿਚ ਹੀ ਇਕ ਦਿਨ ਇਹਨਾਂ ਆਗੂਆਂ ਪਾਸ ਜੇਲ੍ਹ ਦਾ ਸੁਪਰੰਡੰਟ ਆਇਆ ਅਤੇ ਕਹਿਣ ਲਗਾ ਕਿ ਐਡਮਨਿਸਟਰੇਟਰ ਨੇ ਸੁਨੇਹਾ ਭੇਜਿਆ ਹੈ ਕਿ ਜੇ ਤੁਸੀਂ ਮੁਆਫੀ ਮੰਗ ਲਓ ਅਤੇ ਨਾਭੇ ਵਿਚੋਂ ਚਲੇ ਜਾਣ ਅਤੇ ਮੁੜਕੇ ਏਥੇ ਨਾ ਆਉਣ ਦਾ ਇਕਰਾਰ ਕਰੋ ਤਾਂ ਮੁਕੱਦਮੇ ਵਾਪਸ ਲੈ ਲਏ ਜਾਣਗੇ ਅਤੇ ਤੁਹਾਨੂੰ ਰਿਹਾ ਕਰ ਦਿਤਾ ਜਾਏਗਾ। ਇਹਨਾਂ ਆਗੂਆਂ ਨੇ ਉਸ ਨੂੰ ਓਹੋ ਜੇਹਾ ਠੋਕਵਾਂ ਜਵਾਬ ਦਿਤਾ ਜਿਹੋ ਜੇਹਾ ਕਿ ਇਹਨਾਂ ਦਾ ਸਤਕਾਰ ਮੰਗ ਕਰਦਾ ਸੀ। ਉਹਨਾਂ ਨੇ ਆਖਿਆ : ਮੁਆਫੀ ਮੰਗੇ ਆਣਕੇ ਸਾਥੋਂ ਨਾਭੇ ਦਾ ਐਡਮਨਿਸਟਰੇਟਰ, ਕਿਉਂਕਿ ਸਾਨੂੰ ਨਾਜਾਇਜ਼ ਤੌਰ ਤੇ ਫੜਿਆ ਗਿਆ ਹੈ। ਅਸੀਂ ਨਾ ਕੋਈ ਮੁਆਫੀ ਮੰਗਣ ਨੂੰ ਤਿਆਰ ਹਾਂ ਅਤੇ ਨਾ ਹੀ ਕੋਈ ਇਕਰਾਰ ਕਰਨ ਨੂੰ ਤਿਆਰ ਹਾਂ।

ਚੌਦਾਂ ਪੰਦਰਾਂ ਦਿਨਾਂ ਵਿਚ ਮੁਕੱਦਮਿਆਂ ਦੀ ਕਾਰਵਾਈ ਖਤਮ ਹੋ ਗਈ। ਇਸ ਮਨ-ਘੜਤ ਸਾਜ਼ਸ਼ ਵਿਚ ਪੰਡਤ ਨਹਿਰੂ, ਪ੍ਰੋ: ਗਿਡਵਾਨੀ ਅਤੇ ਸ਼ਿਰੀ ਕੇ. ਸਨਤਾਨਮ ਅਤੇ ਚੌਥੇ ਦਰਬਾਰਾ ਸਿੰਘ ਮੱਲ੍ਹਣ ਨੂੰ ਢਾਈ ਸਾਲ ਦੀ ਸਜ਼ਾ ਹੋਈ। ਮੁਕੱਦਮੇ ਦੇ ਫੈਸਲੇ ਦੀ ਨਕਲ ਮੰਗੀ ਗਈ ਤਾਂ ਜਵਾਬ ਮਿਲਿਆ ਕਿ ਨਾਭੇ ਦੇ ਜ਼ਾਬਤੇ ਮੁਤਾਬਕ ਅਰਜ਼ੀ ਦਿਓ। ਫੇਰ ਗੌਰ ਕੀਤਾ-ਜਾਵੇਗਾ। ਪੁਲਸ ਵਾਲੇ ਇਸ ਮੁਕੱਦਮੇ ਬਾਰੇ ਕੋਈ ਕਾਗਜ਼ ਨਹੀਂ ਸਨ ਬਾਹਰ ਜਾਣ ਦੇਣਾ ਚਾਹੁੰਦੇ। ਏਥੋਂ ਤਕ ਕਿ ਪੁਲਸ ਨੇ ਕਪਲਦੇਵ ਮਾਲਵੀਆ ਤੋਂ ਖੁਲ੍ਹੀ ਅਦਾਲਤ ਵਿਚ ਕੁਛ ਕਾਗਜ਼ ਖੋਹਣ ਦੀ ਕੋਸ਼ਿਸ਼ ਕੀਤੀ।[2]

ਸਜ਼ਾ ਸੁਣਾਈ ਜਾਣ ਪਿਛੋਂ ਜੇਲ੍ਹ ਦੇ ਸੁਪਰੰਡੰਟ ਨੇ ਸ਼ਾਮ ਵੇਲੇ ਉਹਨਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਹਿਣ ਲਗਾ : ਐਡਮਨਿਸਟਰੇਟਰ ਨੇ ਫੌਜਦਾਰੀ ਜ਼ਾਬਤੇ ਹੇਠ ਤੁਹਾਡੀ ਸਜ਼ਾ ਮੁਅੱਤਲ ਕਰ ਦਿੱਤੀ ਹੈ। ਇਸ ਹੁਕਮ ਨਾਲ ਸ਼ਰਤ ਕੋਈ ਨਹੀਂ ਸੀ ਲਾਈ ਗਈ। ਉਸ ਨੇ ਦੂਜਾ ਐਗਜ਼ੈਕਟਿਵ ਹੁਕਮ ਇਹ ਸੁਣਾਇਆ, ਕਿ ਤੁਸੀਂ ਨਾਭੇ ਵਿਚੋਂ ਚਲੇ ਜਾਓ ਅਤੇ ਆਗਿਆ ਤੋਂ ਬਿਨਾ ਮੁੜ ਏਥੇ ਨਹੀਂ ਆਓ। ਇਹਨਾਂ ਹੁਕਮਾਂ ਦੀਆਂ ਨਕਲਾਂ ਵੀ, ਮੰਗਣ ਤੇ ਦੇਣੋਂ ਇਨਕਾਰ ਕਰ ਦਿਤਾ ਗਿਆ। ਉਹਨਾਂ ਨੂੰ ਪਿੱਛੋਂ ਰੇਲਵੇ ਸਟੇਸ਼ਨ ਤੇ ਪਹੁੰਚਾਇਆ ਗਿਆ ਅਤੇ ਉਥੇ ਰਿਹਾ ਕਰ ਦਿਤਾ ਗਿਆ। ਦਰਬਾਰਾ ਸਿੰਘ ਮੱਲ੍ਹਣ ਨੂੰ ਪੂਰੀ ਸਜ਼ਾ ਭੁਗਤਾਈ ਗਈ।

ਇਸ ਰਿਹਾਈ ਦੇ ਹੁਕਮ ਉਤੋਂ ਆਏ ਸਨ। ਵਿਲਸਨ ਦੇ ਹੱਥ ਵੱਸ ਦੀ ਗਲ ਹੁੰਦੀ ਤਾਂ ਇਹ ਕਾਂਗਰਸੀ ਆਗੂ ਪੂਰੀ ਸਜ਼ਾ ਭੁਗਤ ਕੇ ਹੀ ਬਾਹਰ ਆਉਂਦੇ। 22 ਮਈ 1924 ਨੂੰ ਵਿਲਸਨ ਨੇ ਮਹਾਤਮਾ ਗਾਂਧੀ ਨੂੰ ਇਕ ਚਿਠੀ ਇਹ ਦੱਸਣ ਲਈ ਲਿਖੀ ਕਿ ਪੰਡਤ ਜੀ ਨੂੰ ਇਸ ਇਕਰਾਰ ਤੇ ਛਡਿਆ ਗਿਆ ਹੈ ਕਿ ਉਹ ਮੁੜ ਆਗਿਆ ਲਏ ਬਿਨਾ ਨਾਭਾ ਰਿਆਸਤ ਵਿਚ ਨਾ

---

[1] Miscellaneous Prison Papers, Nehru Memorial museam & Library Delhi.

[2] ਜੈਤੋ ਦੀ ਗਰਿਫਤਾਰੀ, ਮੁਕੱਦਮੇ ਵਗੈਰਾ ਬਾਰੇ ਪੰਡਤ ਜੀ ਨੇ ਆਪਣੀ ਆਤਮ ਕਥਾ ਵਿਚ ਸੁਚੱਜੇ ਢੰਗ ਨਾਲ ਬਹੁਤ ਕੁਛ ਲਿਖਿਆ ਹੈ। ਪੂਰੀ ਵਾਕਫੀਅਤ ਉਸ ਵਿਚੋਂ ਹਾਸਲ ਕਰੋ।—ਲੇਖਕ

Digitized by Panjab Digital Library | www.panjabdigilib.org

ਵੜਨ । ਪੰਡਤ ਜੀ ਨੇ 24 ਮਈ ਨੂੰ ਇਸ ਬਿਆਨ ਦੀ ਤਰਦੀਦ ਕੀਤੀ ਅਤੇ ਆਖਿਆ ਕਿ ਉਹਨਾਂ ਨੇ ਮੁੜ ਨਾਭੇ ਨਾ ਜਾਣ ਦਾ ਕੋਈ ਇਕਰਾਰ ਨਹੀਂ ਕੀਤਾ, ਜੇ ਵਿਲਸਨ ਪਾਸ ਇਸ ਦਾ ਕੋਈ ਸਬੂਤ ਹੈ ਤਾਂ ਨਸ਼ਰ ਕਰੇ । ਪਰ ਸਬੂਤ ਉਸ ਪਾਸ ਕੋਈ ਨਹੀਂ ਸੀ । ਉਹਨਾਂ ਨੇ ਮੁੜ ਸਗੋਂ ਉਸ ਤੋਂ ਫੈਸਲੇ ਦੀ ਨਕਲ ਮੰਗੀ—ਪਰ ਵਿਲਸਨ ਵਲੋਂ ਨਕਲ ਨਾ ਭੇਜਣਾ ਉਸ ਦੇ ਦਾਅਵੇ ਨੂੰ ਝੁਠਲਾਂਦਾ ਸੀ ।[1]

[1] ਅਕਾਲੀ ਤੇ ਪ੍ਰਦੇਸੀ : 2 ਜੂਨ 1924

Digitized by Panjab Digital Library | www.panjabdigilib.org

# ਸ਼੍ਰੋਮਣੀ ਕਮੇਟੀ ਦੀ ਤਾਕਤ

ਸ਼੍ਰੋਮਣੀ ਕਮੇਟੀ ਨੇ ਆਪਣਾ ਅਧਿਕਾਰ-ਖੇਤਰ ਨਿਰੋਏ ਪੰਥ ਉਤੇ ਪੂਰੀ ਤਰ੍ਹਾਂ ਜਮਾ ਲਿਆ ਸੀ। ਸਿਰਫ ਅੰਗਰੇਜ਼ ਦੇ ਕੱਟੜ ਪਿੱਠੂ ਹੀ ਕਮੇਟੀ ਦੇ ਮਤੇ ਨਹੀਂ ਸਨ ਪਰਵਾਨ ਕਰਦੇ। ਆਮ ਸਰਕਾਰ-ਪਰਸਤਾਂ ਦੇ ਵੀ ਕੰਨ ਢਿਲੇ ਪਏ ਹੋਏ ਸਨ। ਕਮੇਟੀ ਦੇ ਹੁਕਮ ਤੇ ਬੇਹਿਸਾਬ ਆਦਮੀ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਹਰ ਵਕਤ ਕਮਰ-ਕਸੇ ਕੀਤੀ ਤਿਆਰ ਖੜੇ ਰਹਿੰਦੇ ਸਨ। ਕਮੇਟੀ ਅਸਲੀ ਅਰਥਾਂ ਵਿਚ ਸਾਰੀ ਸਿੱਖ ਜਾਤੀ ਦੀ ਨੁਮਾਇੰਦਾ ਬਣ ਗਈ ਸੀ। ਇਸ ਦੇ ਮਤੇ ਪੰਥਕ ਫਰਮਾਨ ਦਾ ਅਸਰ ਰਖਦੇ ਸਨ। ਜੋ ਕੁਛ ਇਹ ਕਹਿੰਦੀ ਸੀ ਇਸ ਤੇ ਇੰਨ-ਬਿੰਨ ਫੁਲ ਚੜ੍ਹਾਣਾ ਹਰ ਸਿੱਖ ਆਪਣਾ ਫਰਜ਼ ਸਮਝਦਾ ਸੀ। ਉਸ ਫਰਮਾਨ ਸਾਮ੍ਹਣੇ ਕਿਸੇ ਵਡੇ ਛੋਟੇ ਸਰਕਾਰੀ ਦਲਾਲ ਦੀ ਕੋਈ ਦਾਲ ਨਹੀਂ ਸੀ ਗਲ ਸਕਦੀ। ਜੋ ਕੁਛ ਉਹ ਕਹਿੰਦੀ ਉਹ ਹੋ ਜਾਂਦਾ ਸੀ। ਚੂੰ ਚੁਨਾਂ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ।

ਨਵੀਂ ਚੁਣੀ ਗਈ ਸ਼੍ਰੋਮਣੀ ਕਮੇਟੀ ਦੀ ਤਾਕਤ ਬੇਹਦ ਵਧ ਗਈ ਸੀ। ਪੰਜਾਬ ਲੈਜਿਸ-ਲੇਟਿਵ ਕੌਂਸਲ ਦੀਆਂ ਚੋਣਾਂ ਆਈਆਂ। ਗੁਰਦੁਆਰਿਆਂ ਦੀ ਆਜ਼ਾਦੀ ਦੀ ਲੜਾਈ ਬਾਹਰ ਤਾਂ ਲੜੀ ਹੀ ਜਾ ਰਹੀ ਸੀ—ਖਿਆਲ ਆਇਆ ਕਿ ਇਹ ਲੜਾਈ ਕੌਂਸਲ ਵਿਚ ਵੀ ਲੜੀ ਜਾਣੀ ਚਾਹੀਦੀ ਹੈ। ਸਿੱਖ ਫਿਰਕੇ ਨੂੰ ਪੰਜਾਬ ਦੀ ਕੌਂਸਲ ਵਿਚ ਸਿਰਫ 13 ਸੀਟਾਂ ਹਾਸਲ ਸਨ। ਕਮੇਟੀ ਨੇ ਬਾਰਾਂ ਸਿੱਖ ਹਲਕਿਆਂ ਵਿਚ ਇਸ ਧਾਰਮਕ ਲੜਾਈ ਲਈ ਆਪਣੇ ਉਮੀਦਵਾਰ ਖੜੇ ਕੀਤੇ। ਇਹ ਬਾਰਾਂ ਦੇ ਬਾਰਾਂ ਹੀ ਕਾਮਯਾਬ ਹੋ ਗਏ ਅਤੇ ਸਰਕਾਰੀ ਪਿੱਠੂਆਂ ਨੂੰ ਹਰ ਹਲਕੇ ਵਿਚ ਸ਼ਰਮ-ਨਾਕ ਹਾਰ ਦਾ ਸਾਮ੍ਹਣਾ ਕਰਨਾ ਪਿਆ। ਕਈ ਤਾਂ ਆਪਣੀਆਂ ਜ਼ਮਾਨਤਾਂ ਵੀ ਜ਼ਬਤ ਕਰਵਾ ਬੈਠੇ। ਇਹਨਾਂ ਜਿੱਤਾਂ ਨਾਲ ਕਮੇਟੀ ਦੀ ਧਾਂਗ ਨੂੰ ਹੋਰ ਚਾਰ ਚੰਨ ਲਗ ਗਏ। 13ਵਾਂ ਉਮੇਦਵਾਰ ਕਮੇਟੀ ਨੇ ਖੁਦ ਹੀ ਨਹੀਂ ਸੀ ਖੜਾ ਕੀਤਾ।

ਸ਼੍ਰੋਮਣੀ ਕਮੇਟੀ ਨੇ ਜੈਤੋ ਵਿਚ ਅਖੰਡ ਪਾਠ ਦੇ ਖੰਡਤ ਕਰਨ ਦੀ ਜ਼ਿੰਮੇਵਾਰੀ ਨਾਭੇ ਦੇ ਵਡੇ ਅਹਿਲਕਾਰ ਗੁਰਦਿਆਲ ਸਿੰਘ ਉਤੇ ਸੁਟੀ ਅਤੇ ਉਸ ਨੂੰ ਇਸ ਗੁਨਾਹ ਬਦਲੇ ਪੰਥ ਵਿਚੋਂ ਖਾਰਜ ਕਰਨ ਦੀ ਸਜ਼ਾ ਦਿਤੀ। ਇਸ ਤੋਂ ਪਹਿਲੋਂ ਕਮੇਟੀ ਨੇ ਬੇਦੀ ਕਰਤਾਰ ਸਿੰਘ ਨੂੰ, ਨਨਕਾਣੇ ਦੇ ਮਹੰਤ ਵੱਲੋਂ ਸਿੱਖਾਂ ਨੂੰ ਕਤਲ ਕਰਨ ਦੀ ਸਾਜ਼ਸ਼ ਵਿਚ ਸ਼ਰੀਕ ਹੋਣ ਕਰਕੇ, ਪੰਥ ਵਿਚੋਂ ਖਾਰਜ ਕਰ ਦਿਤਾ ਸੀ। ਗੁਰਦਿਆਲ ਸਿੰਘ ਗੁਰਦਿਆਲੂ ਬਣ ਗਿਆ ਸੀ ਅਤੇ ਕਰਤਾਰ ਸਿੰਘ ਕਰਤਾਰੂ। ਇਹਨਾਂ ਦੋਹਾਂ ਦੇ ਨਾਮ ਪੰਥ ਦੇ ਗਦਾਰਾਂ ਦੇ ਤੌਰ ਤੇ ਯਾਦ ਕੀਤੇ ਜਾਂਦੇ ਸਨ ਅਤੇ ਇਹਨਾਂ ਦੀ ਬਣੀ ਹੋਈ ਸਾਖ ਤੇ ਇੱਜ਼ਤ ਮਿੱਟੀ ਵਿਚ ਮਿਲ ਗਈ ਸੀ। ਸਿੱਖ ਜਾਤੀ ਵਿਚੋਂ ਇਹ ਬਿਲਕੁਲ ਦੁਰਕਾਰੇ ਗਏ ਸਨ। ਉਹਨਾਂ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਦੇ ਮੂੰਹ ਆਉਣ ਦੀ ਕਿਸੇ ਨੂੰ ਜੁਰਅਤ ਨਹੀਂ ਸੀ ਪੈਂਦੀ।

ਏਹੋ ਜੇਹੀ ਜਥੇਬੰਦਕ ਤੇ ਤਾਕਤਵਰ ਜਮਾਤ, ਹਾਕਮਾਂ ਦੀਆਂ ਨਜ਼ਰਾਂ ਵਿਚ, ਅੰਗਰੇਜ਼ ਰਾਜ ਲਈ ਇਕ ਬਹੁਤ ਵਡਾ ਖਤਰਾ ਸੀ। ਪਹਿਲੋਂ ਅੰਗਰੇਜ਼ ਸਾਮਰਾਜ ਲਈ ਕਾਂਗਰਸ ਜਥੇਬੰਦੀ ਵੀ ਬਹੁਤ ਵਡਾ ਖਤਰਾ ਬਣੀ ਹੋਈ ਸੀ। ਉਸ ਨੇ ਕਾਂਗਰਸ ਤੇ ਖਿਲਾਫਤ ਦੀਆਂ ਵਾਲੰਟੀਅਰ ਕੋਰਾਂ

Digitized by Panjab Digital Library | www.panjabdigilib.org

ਨੂੰ ਖਿਲਾਫ ਕਾਨੂੰਨ ਕਰਾਰ ਦੇ ਕੇ ਆਪਣੇ ਆਪ ਨੂੰ ਬੜਾ ਸੁਰਖਿਅਤ ਮਹਿਸੂਸ ਕੀਤਾ ਸੀ । ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਨ ਦਾ ਹੁਕਮ ਜਾਰੀ ਕਰ ਦੇਣ ਬਾਰੇ ਉਤਲੇ ਹਾਕਮਾਂ ਨੇ ਕਈ ਵਾਰ ਆਪਣੀਆਂ ਕਾਰਵਾਈਆਂ ਵਿਚ ਲਿਖਿਆ ਸੋਚਿਆ ਸੀ । ਪਰ ਇਸ ਬਾਰੇ ਖੁਦ ਉਹਨਾਂ ਵਿਚ ਇਖਤਲਾਫ ਹੁੰਦਾ ਸੀ । ਇਸ ਲਈ ਕੁੰਜੀਆਂ ਦੇ ਮਾਮਲੇ ਵੇਲੇ ਅਤੇ ਗੁਰੂ ਕੇ ਬਾਗ ਦੇ ਮੋਰਚੇ ਵੇਲੇ, ਇਹ ਸਵਾਲ ਵਿਚਾਰ ਥੱਲੇ ਆਉਣ ਦੇ ਬਾਵਜੂਦ, ਕੋਈ ਫੈਸਲਾ ਨਾ ਹੋ ਸਕਿਆ ਅਤੇ ਇਹ ਦੋਵੇਂ ਜਥੇਬੰਦੀਆਂ ਗੁਰਦੁਆਰਾ ਸਵਾਲ ਦੇ ਹਲ ਕਰਨ ਲਈ ਕੰਮ ਕਰਦੀਆਂ ਰਹੀਆਂ ।

ਪਿਛਲੇ ਅਕਾਲੀ ਮੋਰਚਿਆਂ ਨੇ ਅੰਗਰੇਜ਼ ਰਾਜ ਦੇ ਹਾਕਮਾਂ ਦਾ ਰੋਅਬ-ਦਾਬ ਆਮ ਸਿੱਖਾਂ ਦੇ ਦਿਲਾਂ ਵਿਚੋਂ ਉਠਾ-ਉਡਾ ਦਿਤਾ ਸੀ । ਸਰਕਾਰ ਦੇ ਵਫਾਦਾਰਾਂ ਦਾ ਘੇਰਾ ਦਿਨੋ ਦਿਨ ਸੁੰਗੜਦਾ ਜਾਂਦਾ ਸੀ । ਰੀਟਾਇਰਡ ਫੌਜੀ, ਮੋਰਚਿਆਂ ਵਿਚ, ਧੜਾ ਧੜ ਹਿੱਸਾ ਲੈ ਰਹੇ ਸਨ । ਫੌਜੀ ਪਿਨਸ਼ਨੀਆਂ ਦੇ ਜਥੇ ਆਪਣੇ ਹੋਰ ਭਰਾਵਾਂ ਨਾਲੋਂ ਪਿੱਛੇ ਨਹੀਂ ਸਨ ਰਹਿਣਾ ਚਾਹੁੰਦੇ । ਉਹਨਾਂ ਨੂੰ ਨਾ ਪਿਨਸ਼ਨਾਂ ਦੀ ਜ਼ਬਤੀ ਦਾ ਡਰ ਮਾਰਦਾ ਸੀ ਅਤੇ ਨਾ ਜ਼ਮੀਨ ਦੀ ਜ਼ਬਤੀ ਦਾ । ਕੈਦ ਹੋਣਾ ਤਾਂ ਬੜੀ ਭੱਲ ਤੇ ਸਾਖ ਦਾ ਤਕਮਾ ਬਣ ਗਿਆ ਸੀ । ਪਿੰਡਾਂ ਵਿਚ ਐਂਵੇ ਟਾਂਵੇਂ ਟਾਂਵੇਂ ਹੀ ਨੰਬਰਦਾਰ, ਸਫੈਦਪੋਸ਼ ਤੇ ਜ਼ੈਲਦਾਰ ਰਹਿ ਗਏ ਸਨ ਜਿਹੜੇ ਅਕਾਲੀ ਲਹਿਰ ਦੇ ਖਿਲਾਫ ਸਰਗਰਮ ਸਨ ਅਤੇ, ਉਤਲੇ ਅਫਸਰਾਂ ਨੂੰ ਰਿਪੋਰਟਾਂ ਦੇਂਦੇ ਸਨ । ਸੀ.ਆਈ.ਡੀ. ਦੀਆਂ ਰਿਪੋਰਟਾਂ ਕਹਿੰਦੀਆਂ ਸਨ ਕਿ ਪਿੰਡਾਂ ਵਿਚ ਜਿਹੜੇ ਫੌਜੀ ਛੁੱਟੀਆਂ ਉਤੇ ਜਾਂਦੇ ਹਨ, ਉਹ ਅਕਾਲੀ-ਪੱਖੀ ਬਣਕੇ ਮੁੜਦੇ ਹਨ । ਅਤੇ ਫੌਜਾਂ ਵਿਚ ਦਰਜਨਾਂ ਸਿਪਾਹੀਆਂ ਨੂੰ ਕਾਲੀ ਪਗੜੀ ਜਾਂ ਕਿਰਪਾਨ ਪਹਿਨਣ ਅਤੇ ਅਫਸਰਾਂ ਦੀ ਹੁਕਮ-ਅਦੂਲੀ ਦੇ ਕਾਰਣ ਸਜ਼ਾਵਾਂ ਹੋ ਚੁੱਕੀਆਂ ਸਨ ।

ਉਤਲੇ ਹਾਲਾਤ ਹੀ, ਖਾਸਕਰ ਫੌਜਾਂ ਵਿਚ ਗੜਬੜ ਦਾ ਤੌਖਲਾ, ਅਫਸਰਾਂ ਦੀ ਨੀਂਦ ਹਰਾਮ ਕਰੀ ਬੈਠੇ ਸਨ ਕਿ ਕਮੇਟੀ ਨੇ ਮਹਾਰਾਜਾ ਨਾਭਾ ਨੂੰ ਗੱਦੀ ਉਤੇ ਮੁੜ ਬਹਾਲ ਕਰਨ ਦਾ ਸਵਾਲ ਹੱਥ ਵਿਚ ਲੈ ਲਿਆ । ਪਹਿਲੋਂ ਹੀ ਗੌਰਮਿੰਟ ਦੇ ਅਫਸਰ, ਕਮੇਟੀ ਉੱਤੇ ਇਲਜ਼ਾਮ ਥੱਪ ਰਹੇ ਸਨ ਕਿ ਕਮੇਟੀ ਧਰਮ ਦਾ ਉਹਲਾ ਲੈ ਕੇ ਰਾਜਨੀਤੀ ਵਿਚ ਦਖਲ ਦੇ ਰਹੀ ਹੈ । ਹੁਣ ਉਹਨਾਂ ਨੂੰ ਇਕ ਤਰ੍ਹਾਂ ਦਾ ਯਕੀਨ ਹੋ ਗਿਆ ਕਿ ਨਾਭੇ ਦਾ ਸਵਾਲ ਬਿਲਕੁਲ ਰਾਜਸੀ ਸਵਾਲ ਹੈ। ਇਹ ਬਰਿਟਿਸ਼ ਗੌਰਮਿੰਟ ਦੇ ਅਧਿਕਾਰ-ਖੇਤਰ ਦਾ ਸਵਾਲ ਹੈ, ਇਸ ਵਿਚ ਸ਼੍ਰੋਮਣੀ ਕਮੇਟੀ ਨੂੰ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ । ਇਹ ਦਖਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਅਤੇ 'ਰਾਜ-ਕਰੇਗਾ ਖਾਲਸਾ' ਦਾ ਬੋਲਾ ਪਹਿਲੋਂ ਹੀ ਅਫਸਰਾਂ ਦੇ ਦਿਲ ਵਿਚ ਕਈ ਸ਼ਕ ਪੈਦਾ ਕਰ ਰਿਹਾ ਸੀ । ਇਸ ਲਈ ਗੌਰਮਿੰਟ ਨੇ ਉਤਲੇ ਸਭ ਹਾਲਾਤ ਨੂੰ ਮੁਖ ਰਖਕੇ—ਜਿਨ੍ਹਾਂ ਵਿਚ ਨਾਭੇ ਦੀ ਗੱਦੀ ਦਾ ਸਵਾਲ ਪਰਧਾਨ ਸੀ—ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇਹਨਾਂ ਨਾਲ ਸਭ ਸਬੰਧਤ ਜਥੇਬੰਦੀਆਂ ਨੂੰ ਖਿਲਾਫ ਕਾਨੂੰਨ ਕਰ ਦਿਤਾ ਅਤੇ ਇਸ ਨਾਲ ਇਕ ਹੋਰ ਨਵਾਂ ਇਤਿਹਾਸਕ ਪਰਕਰਣ ਸ਼ੁਰੂ ਹੋ ਗਿਆ ।

## 1. ਜਥੇਬੰਦੀਆਂ ਤੇ ਵਾਰ ਦੀਆਂ ਅਫਵਾਹਾਂ

ਸਤੰਬਰ 1923 ਦੇ ਅਖੀਰੀ ਦਸਾਂ ਬਾਰ੍ਹਾਂ ਦਿਨਾਂ ਵਿਚ ਇਹ ਅਫਵਾਹਾਂ ਬੜੀਆਂ ਗਰਮ ਹੋ ਗਈਆਂ ਸਨ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵਗੈਰਾ ਬਾਗੀ ਜਮਾਤਾਂ ਕਰਾਰ ਦਿਤੀਆਂ ਜਾਣ ਵਾਲੀਆਂ ਹਨ ਅਤੇ ਸਭ ਅਕਾਲੀ ਆਗੂ ਕੁਛ ਦਿਨਾਂ ਦੇ ਅੰਦਰ ਹੀ ਫੜ ਲਏ ਜਾਣਗੇ । ਜਾਪਦਾ ਸੀ ਕਿ ਕਮੇਟੀ ਦੇ ਕੁਛ ਆਗੂਆਂ ਨੂੰ ਗੌਰਮਿੰਟ ਦੇ ਅੰਦਰੋਂ ਵੀ ਇਸ ਬਾਰੇ ਖਬਰਾਂ ਮਿਲ

Digitized by Panjab Digital Library | www.panjabdigilib.org

ਚੁਕੀਆਂ ਸਨ । 29 ਸਤੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਜਿਹੜੇ ਮਤੇ ਪਾਸ ਕੀਤੇ ਉਹਨਾਂ ਵਿਚੋਂ ਇਕ ਮਤਾ ਇਸ ਘਟਨਾ ਦੀ ਸੰਭਾਵਨਾ ਬਾਰੇ ਖਬਰਦਾਰ ਕਰਦਾ ਸੀ : ਕੁਲ ਅਕਾਲੀਆਂ ਦੀਆਂ ਗਰਿਫਤਾਰੀਆਂ ਦੀਆਂ ਰਿਪੋਰਟਾਂ ਖਿੱਲਰ ਰਹੀਆਂ ਹਨ......ਅਤੇ ਗੁਰਦੁਆਰਾ ਲਹਿਰ ਬੰਦ ਕਰਨ ਅਤੇ ਗੁਰਦੁਆਰਾ ਪਰਬੰਧ ਨੂੰ ਉਲਟਾਣ ਲਈ ਇਹਨਾਂ ਜਥੇਬੰਦੀਆਂ ਨੂੰ ਖਿਲਾਫ ਕਾਨੂੰਨ ਜਥੇਬੰਦੀਆਂ ਕਰਾਰ ਦੇਣ ਦਾ ਐਲਾਨ ਕੀਤਾ ਜਾਣ ਵਾਲਾ ਹੈ ਅਤੇ ਸਿੱਖ ਅਖਬਾਰਾਂ ਦਾ ਵੀ ਨਾਲ ਹੀ ਗਲ ਘੁੱਟ ਦਿੱਤਾ ਜਾਵੇਗਾ । ਸ਼੍ਰੋਮਣੀ ਕਮੇਟੀ ਪੰਥ ਨੂੰ ਮੁੜ ਯਕੀਨ ਦੁਆਉਂਦੀ ਹੈ ਕਿ ਉਹ ਇਹ ਵਾਰ ਝਲਣ ਲਈ ਤਿਆਰ ਹੈ ।

**ਅਤੇ ਮਤੇ ਦਾ ਦੂਜਾ ਪੈਰਾ ਬਹੁਤ ਹੀ ਮਹੱਤਵ-ਪੂਰਣ ਸੀ । ਇਹ ਕਹਿੰਦਾ ਸੀ : "ਇਸ ਤੋਂ ਅੱਗੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਭਰੋਸਾ ਮਹਿਸੂਸ ਕਰਦੀ ਹੈ ਕਿ ਵਾਹਿਗੁਰੂ ਤੇ ਪੰਥ ਦੀ ਕਿਰਪਾ ਨਾਲ, ਉਸ ਸੰਭਵ ਘਟਨਾ ਵਿਚ ਉਹ ਅਹਿੰਸਾ ਦੀ ਤੈ-ਕੀਤੀ ਪਾਲਿਸੀ ਉਤੇ ਮਜ਼ਬੂਤੀ ਨਾਲ ਚਲੇਗੀ, ਇਕ ਮੁੱਠ ਹੋ ਕੇ ਰਹੇਗੀ, ਅਤੇ ਕਮੇਟੀ ਵਲੋਂ ਪਾਸ ਕੀਤੀਆਂ ਗਈਆਂ ਲੀਹਾਂ ਉਤੇ ਈਮਾਨਦਾਰੀ ਨਾਲ ਅਮਲ ਕਰੇਗੀ ਅਤੇ ਵਾਹਿਗੁਰੂ ਅਤੇ ਗੁਰੂ ਦੀ ਖਾਤਰ ਪੱਕੇ ਇਰਾਦੇ ਤੇ ਜ਼ੋਰ ਨਾਲ ਸ਼ਾਂਤਮਈ ਤੇ ਜਾਇਜ਼ ਵਸੀਲਿਆਂ ਰਾਹੀਂ, ਉੱਨਾ ਚਿਰ ਸੰਗਰਾਮ ਜਾਰੀ ਰਖੇਗੀ ਜਦ ਤਕ ਕਿ ਪੂਰਣ ਧਾਰਮਕ ਆਜ਼ਾਦੀ ਬਹਾਲ ਨਹੀਂ ਹੋ ਜਾਂਦੀ ।"**

ਇਕ ਹੋਰ ਮਤੇ ਵਿਚ ਗਰੀਬ ਤੇ ਅਮੀਰ ਸਭ ਸਿੱਖਾਂ ਨੂੰ ਖਬਰਦਾਰ ਕੀਤਾ ਗਿਆ ਸੀ ਕਿ ਜਿਹੜਾ ਵੀ ਸੰਗਤ ਤੇ ਸਿੱਖਾਂ ਦੇ ਇਕੱਠ ਦੀ ਧਾਰਮਕ ਆਜ਼ਾਦੀ ਅਤੇ ਗੁਰਦੁਆਰਿਆਂ ਵਿਚ ਪਾਠ ਵਿਚ ਵਿਘਨ ਪਾਏਗਾ ਉਹ ਪੰਥ ਦੇ ਦੁਸ਼ਮਣ ਦਾ ਕੰਮ ਕਰੇਗਾ । ਪਹਿਲੇ ਮਤੇ ਵਿਚ ਨਾਭੇ ਦੇ ਰਾਜ ਪਰਬੰਧ ਦੀ ਨਿਖੇਧੀ ਕੀਤੀ ਗਈ ਸੀ ਕਿ ਉਸ ਦੇ ਅਫਸਰਾਂ ਨੇ ਪਾਠੀ-ਗਰੰਥੀ ਨੂੰ ਜ਼ਬਰਦਸਤੀ ਧੂਹ ਕੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕੀਤੀ ਅਤੇ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਖੰਡਤ ਕੀਤਾ ਅਤੇ ਜੈਤੋ ਵਿਚ ਜੁੜੀ ਹੋਈ ਸੰਗਤ ਨੂੰ ਭੰਗ ਕੀਤਾ । "ਸ਼੍ਰੋਮਣੀ ਕਮੇਟੀ ਨੇ ਏਲਾਨ ਕੀਤਾ ਕਿ ਜਿਨ੍ਹਾਂ ਸਿੱਖ ਹੱਕਾਂ ਨੂੰ ਗੌਰਮਿੰਟ ਨੇ ਚੈਲੰਜ ਦਿੱਤਾ ਹੈ ਇਹ ਉਹ ਹੱਕ ਹਨ ਜਿਹੜੇ ਕਦੇ ਵੀ ਨਹੀਂ ਖੁੱਸਣ ਦਿੱਤੇ ਜਾਣਗੇ ਅਤੇ ਅਕਾਲੀ ਸਿੱਖ-ਗੁਰੂਆਂ ਦਾ ਸਤਕਾਰ ਬਹਾਲ ਕਰਨ ਲਈ ਕਿਸੇ ਕੁਰਬਾਨੀ ਤੋਂ ਪਿੱਛੇ ਨਹੀਂ ਹਟਣਗੇ ।"

ਇਸ ਮੀਟਿੰਗ ਦੇ ਮਤਿਆਂ ਦੇ ਸ਼ਬਦ ਬੜੇ ਧੜੱਲੇਦਾਰ ਤੇ ਡਟ ਖਲੋਣ ਵਾਲੇ ਸਨ ਅਤੇ ਇਹਨਾਂ ਦੀ ਰੂਹ ਚੜ੍ਹਦੀਆਂ ਕਲਾਂ ਦਾ ਪਰਗਟਾਅ ਕਰਦੀ ਸੀ । ਕਮੇਟੀ ਦੇ ਮਤੇ ਏਲਾਨ ਕਰਦੇ ਸਨ ਕਿ ਉਸ ਦੇ ਮਿੰਬਰ ਹਰ ਅੱਭੀ ਨੱਭੀ ਲਈ ਤਿਆਰ ਬੈਠੇ ਸਨ । ਇਹਨਾਂ ਮਤਿਆਂ ਦੀ ਵਡੀ ਮਹੱਤਤਾ ਇਹ ਸੀ ਕਿ ਇਹ ਇਕ ਤਰ੍ਹਾਂ ਗੌਰਮਿੰਟ ਨੂੰ ਚੈਲੰਜ ਦੀ ਸਪਿਰਟ ਨਾਲ ਭਰਪੂਰ ਸਨ ।

## 2. ਬੱਬਰ ਅਕਾਲੀਆਂ ਤੇ ਸਖਤੀ

ਉਹਨਾਂ ਦਿਨਾਂ ਵਿਚ ਬਬਰ ਅਕਾਲੀਆਂ ਨੂੰ ਦਬਾਣ ਦੇ ਬਹਾਨੇ ਗੌਰਮਿੰਟ ਨੇ ਹੁਸ਼ਿਆਰਪੁਰ ਅਤੇ ਜਲੰਧਰ ਦੇ ਜ਼ਿਲਿਆਂ ਵਿਚ ਬੜਾ ਤਸ਼ੱਦਦ ਕੀਤਾ ਸੀ । ਇਸ ਤਸ਼ੱਦਦ ਦੀ ਪੜਤਾਲ ਲਈ ਸ਼੍ਰੋਮਣੀ ਕਮੇਟੀ ਨੇ ਇਕ ਪੜਤਾਲੀਆ ਕਮੇਟੀ ਮੁਕੱਰ ਕੀਤੀ ਸੀ । ਜਿਸ ਨੂੰ ਗੌਰਮਿੰਟ ਨੇ ਦੁਆਬੇ

Digitized by Panjab Digital Library | www.panjabdigilib.org

ਵਿਚ ਕੰਮ ਸ਼ੁਰੂ ਕਰਦਿਆਂ ਹੀ ਫੜ ਲਿਆ ਸੀ । ਸ਼੍ਰੋਮਣੀ ਕਮੇਟੀ ਨੇ ਇਸ ਦੁਆਬਾ-ਪੜਤਾਲੀਆ-ਕਮੇਟੀ ਦੀ ਗਰਿਫਤਾਰੀ ਦੀ ਸਖਤ ਨਿਖੇਧੀ ਕੀਤੀ ਸੀ ਅਤੇ ਏਲਾਨ ਕੀਤਾ ਸ਼ੀ ਕਿ ਉਹ ਦੁਆਬੇ ਵਿਚ ਕੀਤੇ ਗਏ ਜ਼ੁਲਮਾਂ ਦੀ ਜ਼ਰੂਰ ਪੜਤਾਲ ਕਰਾਏਗੀ ।

ਦੁਆਬੇ (ਜਲੰਧਰ-ਹੁਸ਼ਿਆਰਪੁਰ) ਨੂੰ ਦਬਾਣ ਲਈ ਗੌਰਮਿੰਟ ਨੇ ਜਿਹਲਮੀ ਮੁਸਲਮਾਨਾਂ ਦੀ ਘੋੜ-ਸਵਾਰ ਬਟਾਲੀਅਨ ਨਿਯੁਕਤ ਕੀਤੀ ਹੋਈ ਸੀ । ਉਹਨਾਂ ਨੇ ਹਨੇਰ ਗਰਦੀ ਚੁਕੀ ਹੋਈ ਸੀ । ਪੁਲਸ ਕਿਸੇ ਨੂੰ ਪਿੰਡਾਂ ਵਿਚ ਬਾਹਰੋਂ ਨਹੀਂ ਸੀ ਆਉਣ ਦੇਂਦੀ, ਨਾ ਹੀ ਕਿਸੇ ਨੂੰ ਬਾਹਰ ਜਾਣ ਦੇਂਦੀ ਸੀ । ਹੁਕਮ ਇਹ ਚਾੜ੍ਹਿਆ ਗਿਆ ਸੀ ਕਿ ਜੇ ਕਿਸੇ ਦੇ ਘਰ ਪਰਾਹੁਣਾ ਆਵੇ ਤਾਂ ਉਹ ਪੁਲਸ ਨੂੰ ਇਤਲਾਹ ਦੇਵੇ । ਕਈ ਪਿੰਡਾਂ ਨੂੰ ਕਣਕ ਵੱਢਣ ਲਈ ਵੀ ਬਾਹਰ ਨਹੀਂ ਸਨ ਜਾਣ ਦੇਂਦੇ ਰਾਤ ਜਦੋਂ ਚਾਹੁੰਦੇ ਸਨ ਅਤੇ ਜਿਹਨੂੰ ਚਾਹੁੰਦੇ ਸਨ, ਜਗਾ ਲੈਂਦੇ ਸਨ ਅਤੇ ਪੁਛ ਗਿਛ ਕਰਦੇ ਤੇ ਤਲਾਸ਼ੀ ਲੈਂਦੇ ਸਨ ਕਿ ਤੁਹਾਡੇ ਘਰ ਕੋਈ ਗੈਰ ਆਦਮੀ ਤਾਂ ਨਹੀਂ ਆਇਆ ਹੋਇਆ ?

ਇਸ ਜ਼ੁਲਮ ਦੀ ਪੜਤਾਲ ਕਰਨ ਲਈ ਪਿੱਛੋਂ ਸਰਮੁਖ ਸਿੰਘ ਝਬਾਲ, ਗੋਪਾਲ ਸਿੰਘ ਕੌਮੀ, ਗੁਰਚਰਨ ਸਿੰਘ ਵਕੀਲ, ਭਾਗ ਸਿੰਘ ਕੈਨੇਡੀਅਨ ਅਤੇ ਰਾਮ ਸਿੰਘ ਜੱਜ ਮੁਕੱਰਰ ਹੋਏ । ਇਹ ਪੁਲਸ ਨੂੰ ਧਤਾਂ ਬਣਾਉਂਦੇ, ਖੁਰਦਪੁਰ, ਮਾਣਕ, ਕੁੜਿਆਲ, ਆਦਮਪੁਰ ਗਏ, ਇਹਨਾਂ ਪਿੰਡਾਂ ਦੇ ਦੁਖੀ ਲੋਕਾਂ ਦੀਆਂ ਸ਼ਹਾਦਤਾਂ ਲਈਆਂ ਅਤੇ ਕਲਮਬੰਦ ਕੀਤੀਆਂ । ਪੰਡੋਰੀ ਨਿਝਰਾਂ ਬਬਰਾਂ ਦਾ ਹੈਡਕੁਆਟਰ ਸੀ—ਓਥੋਂ ਦੀ ਪੁਛ ਪੜਤਾਲ ਕੀਤੀ । ਕੁਛ ਪਿੰਡਾਂ ਵਿਚ ਲੋਕ ਏਨੇ ਡਰੇ ਹੋਏ ਸਨ ਕਿ ਉਹ ਕਮੇਟੀ ਦੇ ਲਾਗੇ ਨਹੀਂ ਸਨ ਆਉਂਦੇ ਅਤੇ ਮਿੰਬਰਾਂ ਨੂੰ ਚਲੇ ਜਾਣ ਲਈ ਕਹਿੰਦੇ ਸਨ । ਦੋ ਤਿੰਨਾਂ ਗੁਰਦੁਆਰਿਆਂ ਦੇ ਮਹੰਤਾਂ ਨੇ ਉਹਨਾਂ ਨੂੰ ਰਾਤ ਰਹਿਣ ਦੀ ਵੀ ਆਗਿਆ ਨਾ ਦਿਤੀ । ਪਰ ਉਹਨਾਂ ਨੇ ਪੜਤਾਲ ਦਾ ਕੰਮ ਜਾਰੀ ਰਖਿਆ । ਅਤੇ ਉਹ ਰਾਜੋਵਾਲ, ਪੰਡੋਰੀ (ਮਹਿਤੋ) ਸ਼ਾਮਦੁਰਾਸੀ ਵਗੈਰਾ ਵਿਚ ਗਏ । ਸ਼ਾਮਚੁਰਾਸੀ ਦੇ ਲੋਕਾਂ ਨੇ ਇਹਨਾਂ ਨਾਲ ਅੱਖ ਹੀ ਨਾ ਮਿਲਾਈ । ਇਹ ਇਕ ਵਾੜੇ ਵਿਚ ਖੋਰੀ ਵਿਛਾ ਕੇ ਸੁੱਤੇ । ਸਵੇਰੇ ਧਾਮੀਆਂ ਬੁਲ੍ਹੋਵਾਲ ਹੁੰਦੇ ਹੋਏ ਮੋਰਾਂਵਾਲੀ ਪਹੁੰਚੇ । ਅਗਲੇ ਦਿਨ ਜਸੋਵਾਲ ਪਹੁੰਚਕੇ ਪੜਤਾਲ ਕੀਤੀ, ਇਹ ਬਬਰਾਂ ਦੀ ਹਾਈਕੋਰਟ ਦਾ ਪਿੰਡ ਸੀ । ਏਥੇ ਬਿਆਨ ਲੈਂਦਿਆਂ ਬੜਾ ਚਿਰ ਹੋ ਗਿਆ । ਉਤੋਂ ਪੁਲਸ ਦੇ ਦਸਤੇ ਆ ਗਏ ਜਿਨ੍ਹਾਂ ਨੇ ਇਹਨਾਂ ਨੂੰ ਫੜ ਲਿਆ ਅਤੇ ਪੜਤਾਲ ਦਾ ਕੰਮ ਅਧੂਰਾ ਹੀ ਰਹਿ ਗਿਆ ।[1]

ਇਹ ਸੀ ਦਹਿਸ਼ਤ ਜਿਹੜੀ ਪੈਦਲ ਤੇ ਘੋੜ-ਸਵਾਰ ਪੁਲਸ ਨੇ ਪਿੰਡਾਂ ਵਿਚ ਫੈਲਾ ਰਖੀ ਸੀ ।

---

[1] ਭਾਗ ਸਿੰਘ ਕੈਨੇਡੀਅਨ ਦਾ ਬਿਆਨ ।

Digitized by Panjab Digital Library | www.panjabdigilib.org

# ਤਸ਼ੱਦਦ ਦਾ ਚੌਥਾ ਦੌਰ
# ਨਵੇਂ ਹਾਲਾਤ ਦਾ ਮੁਕਾਬਲਾ

12 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅਤੇ ਇਹਨਾਂ ਨਾਲ ਸਭ ਸੰਬੰਧਤ ਗੁਰਦੁਆਰਾ ਕਮੇਟੀਆਂ ਅਤੇ ਅਕਾਲੀ ਜਥਿਆਂ ਨੂੰ ਕਾਨੂੰਨ ਵਿਰੁਧ, ਯਾਨੀ ਬਾਗੀ, ਜਮਾਤਾਂ ਕਰਾਰ ਦਿਤਾ ਗਿਆ ਅਤੇ ਅਗਲੇ ਦਿਨਾਂ ਵਿਚ ਛਾਪੇ ਮਾਰ ਮਾਰ ਸਭ ਅਸਰ ਵਾਲੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਫੜ ਲਿਆ ਗਿਆ। ਫੜਨ ਤੋਂ ਪਹਿਲੋਂ ਅਮਰਿਤਸਰ ਦੇ ਸਾਰੇ ਦਰਵਾਜ਼ਿਆਂ ਉਤੇ ਮਸ਼ੀਨ ਗੰਨਾਂ ਬੀੜ ਦਿਤੀਆਂ ਗਈਆਂ। ਅਹਿਮ ਥਾਵਾਂ ਤੇ ਅਕਾਲੀ ਲਹਿਰ ਦੇ ਗੜ੍ਹਾਂ ਉਤੇ ਹਥਿਆਰਾਂ ਨਾਲ ਲੈਸ, ਫੌਜੀ ਪਹਿਰੇ, ਲਾ ਦਿਤੇ ਗਏ। ਸ਼ਹਿਰ ਵਿਚ ਘੋੜ-ਸਵਾਰਾਂ ਦੀ ਗਸ਼ਤ ਸ਼ੁਰੂ ਹੋ ਗਈ। ਸ਼ਹਿਰ ਵਿਚ ਦਹਿਸ਼ਤ ਫੈਲਾਣ ਲਈ ਇਕ ਤਰ੍ਹਾਂ ਦਾ ਅੱਧਾ ਮਾਰਸ਼ਲ ਲਾਅ ਲਾਗੂ ਕਰ ਦਿਤਾ ਗਿਆ।

ਸਰ ਜੌਹਨ ਮੇਨਾਰਡ ਦਾ ਇਕ ਕਥਨ ਉਹਨਾਂ ਦਿਨਾਂ ਵਿਚ ਬੜਾ ਮਸ਼ਹੂਰ ਸੀ : ਸਿਰ ਕੱਟ ਦਿਓ, ਧੜ ਆਪੇ ਡਿਗ ਪਏਗਾ। ਗੌਰਮਿੰਟ ਇਸ ਕਥਨ ਉਤੇ ਅਮਲ ਕਰ ਰਹੀ ਸੀ। ਉਸ ਨੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦੇਦਾਰ ਤੇ ਸਰ-ਗਰਮ ਆਗੂ ਫੜ ਲਏ। ਉਸ ਨੇ ਇਹਨਾਂ ਕਮੇਟੀਆਂ ਦੇ ਦਫਤਰਾਂ ਵਿਚ ਕੰਮ ਕਰਨ ਵਾਲੇ ਛੋਟੇ ਵਡੇ ਕਲਰਕ ਤੇ ਸੁਪਰੰਡੰਟਾਂ ਨੂੰ ਹਥਕੜੀਆਂ ਲਾ ਕੇ ਅੱਗੇ ਲਾ ਲਿਆ। ਸੀ. ਆਈ. ਡੀ. ਦੇ ਅਫਸਰਾਂ ਤੇ ਸਿਪਾਹੀਆਂ ਨੇ ਜਿਨ੍ਹਾਂ ਵਲ ਵੀ ਇਸ਼ਾਰਾ ਕੀਤਾ ਉਹ ਸਭ ਹਿਰਾਸਤ ਵਿਚ ਲੈ ਗਏ। ਅਤੇ ਹਥਕੜੀਆਂ ਲਾ ਕੇ ਜੇਲ੍ਹ ਨੂੰ ਤੋਰ ਦਿਤੇ ਗਏ। ਸਿਰ ਤੇ ਕੰਮ ਕਾਜ ਕਰਨ ਦੇ ਹੱਥ ਪੈਰ ਧੜ ਨਾਲੋਂ ਅੱਡ ਕਰ ਦਿਤੇ ਗਏ। ਪਰ ਕੀ ਧੜ ਡਿੱਗ ਪਿਆ ? ਨਹੀਂ, ਉਹ ਬਰਾਬਰ ਲੜਦਾ ਰਿਹਾ। ਕਿਉਂਕਿ ਅੰਦਰ ਦੇ ਸਿਰ ਵੀ ਕੰਮ ਕਰਦੇ ਰਹੇ ਅਤੇ ਬਾਹਰ ਉਹਨਾਂ ਦੀ ਥਾਂ ਹੋਰ ਸਿਰ ਕਾਇਮ ਹੋ ਗਏ। ਜਿਨ੍ਹਾਂ ਨੇ ਨਿਧੜਕ ਹੋ ਕੇ ਮਿਥੇ-ਹੋਏ ਨਿਸ਼ਾਨਿਆਂ ਦੀ ਲੜਾਈ ਜਾਰੀ ਰਖੀ।

ਆਗੂ ਸਭ ਅਮਰਿਤਸਰ ਦੀ ਸਬ ਜੇਲ੍ਹ ਵਿਚ ਬੰਦ ਸਨ ਪਰ ਉਹਨਾਂ ਦਾ ਬਾਹਰ ਦੀ ਤਹਿਰੀਕ ਨਾਲ ਪੂਰਾ ਤਾਲ ਮੇਲ ਕਾਇਮ ਸੀ।[1] ਗੌਰਮਿੰਟ ਇਸ ਤਾਲ ਮੇਲ ਨੂੰ ਤੋੜ ਨਹੀਂ ਸੀ ਸਕਦੀ। ਮੁਕਦਮੇ ਦੀ ਸਫਾਈ ਤੇ ਡੀਫੈਂਸ ਦੇਣ ਵਾਲਿਆਂ ਨੂੰ ਹਕ ਹਾਸਲ ਸੀ ਕਿ ਉਹ ਆਪਣੇ ਵਕੀਲਾਂ ਨੂੰ ਮਿਲ ਸਕਣ ਅਤੇ ਉਹਨਾਂ ਨੂੰ ਮੁਕੱਦਮੇ ਬਾਰੇ, ਮੁਲਾਕਾਤਾਂ ਰਾਹੀਂ, ਹਦਾਇਤਾਂ ਦੇ ਸਕਣ। ਹਰ ਇਕ ਰਿਸ਼ਤੇਦਾਰ ਕੁਛ ਕੁਛ ਅਰਸੇ ਪਿੱਛੋਂ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਮਿਲ ਸਕਦਾ ਸੀ। ਭਾਵੇਂ ਸੀ. ਆਈ. ਡੀ. ਅਫਸਰ ਮੁਲਾਕਾਤਾਂ ਵੇਲੇ ਹਾਜ਼ਰ ਹੁੰਦੇ ਸਨ ਪਰ ਖਬਰਾਂ ਦੇ ਆਉਣ ਜਾਣ ਦਾ ਸਿਲਸਿਲਾ ਜਾਰੀ ਰਹਿੰਦਾ ਸੀ। ਜੇਲ੍ਹ ਦੇ ਵਾਰਡਰ ਵੀ ਇਸ ਕੰਮ ਲਈ ਵਰਤੇ ਜਾਂਦੇ ਸਨ। ਪਰ ਜੇਲ੍ਹ ਵਿਚੋਂ ਪਾਣੀ ਬਾਹਰ ਲੈ ਜਾਣ ਵਾਲੀਆਂ, ਸੀਖਾਂ ਲਗੀਆਂ ਨਾਲੀਆਂ ਬੜਾ ਕੰਮ ਦੇਂਦੀਆਂ ਸਨ। ਇਹਨਾਂ ਰਾਹੀਂ ਖਬਰਾਂ ਲੈ ਜਾਣ ਤੇ ਲਿਆਣ ਵਿਚ ਸ: ਮਹਿਤਾਬ ਸਿੰਘ ਦਾ

[1] To Home dept for information : G. S. O'gilvie—Seen by Cresar and Hailey on 22. 2. 24.

Digitized by Panjab Digital Library | www.panjabdigilib.org

ਨੌਕਰ ਮੰਗਲ ਸਿੰਘ ਬੜਾ ਤਾਕ ਤੇ ਹੁਸ਼ਿਆਰ ਸੀ। ਉਹ ਜੇਲ੍ਹ ਦੇ ਆਲੇ ਦੁਆਲੇ ਹੀ ਘੁੰਮਦਾ ਰਹਿੰਦਾ ਸੀ—ਠੀਕ ਤੈ-ਕੀਤੇ ਵਕਤ ਤੇ ਉਹ ਮੋਰੀ ਉਤੇ ਪਹੁੰਚਿਆ ਹੋਇਆ ਹੁੰਦਾ—ਬਾਹਰਲੀ ਚਿੱਠੀ ਪੱਤਰ ਲਿਆ ਦੇਂਦਾ ਅਤੇ ਅੰਦਰਲੀ ਲੈ ਜਾਂਦਾ।

ਇਸ ਤਾਲ ਮੇਲ ਨੂੰ ਰੋਕਣ ਲਈ ਗੌਰਮਿੰਟ ਨੇ ਬੜੇ ਕਰੜੇ ਪਹਿਰੇ ਲਾਏ ਹੋਏ ਤੇ ਪਰਬੰਧ ਕੀਤੇ ਹੋਏ ਸਨ। ਜੇਲ੍ਹ ਅਫਸਰਾਂ ਵਲੋਂ ਵੀ ਸੀ. ਆਈ. ਡੀ. ਨੂੰ ਖਬਰਾਂ ਦੇ ਰੋਕਣ ਤੇ ਚਿੱਠੀਆਂ ਦੇ ਫੜਨ ਦੀਆਂ ਸਖਤ ਹਦਾਇਤਾਂ ਕੀਤੀਆਂ ਗਈਆਂ ਹੋਈਆਂ ਸਨ। ਪਰ ਜਿਹੜਾ ਖੋਜਦਾ ਹੈ ਉਹ ਰਾਹ ਲਭ ਲੈਂਦਾ ਹੈ। ਖਬਰਾਂ ਦੇ ਲਿਆਉਣ ਤੇ ਪਹੁੰਚਾਣ ਦਾ ਪਰਬੰਧ ਜੇਲ੍ਹਾਂ ਵਿਚ ਕਦੇ ਵੀ ਬੰਦ ਨਹੀਂ ਹੋਇਆ।

## 1. ਭਤੀਜੇ ਦਾ ਸਰਕਾਰ ਨੂੰ ਮਸ਼ਵਰਾ

ਅਤੇ ਗੌਰਮਿੰਟ ਨੂੰ ਇਸ ਕਾਰਵਾਈ ਦਾ ਪਤਾ ਸੀ। ਖੁਦ ਸ: ਮਹਿਤਾਬ ਸਿੰਘ ਦੇ ਭਤੀਜੇ ਸ: ਕਰਤਾਰ ਸਿੰਘ ਸਰਗੋਧਾ ਨੇ ਚੀਫ ਪੁਲਸ ਅਫਸਰ ਨਾਭਾ ਲਾਲਾ ਨਥੂ ਰਾਮ ਨੂੰ ਇਸ ਬਾਰੇ ਰਿਪੋਰਟ ਦਿਤੀ ਸੀ। ਲਾਲਾ ਨਥੂ ਰਾਮ ਦੀ ਸਿਫਾਰਸ਼ ਤੇ ਉਸ ਨੂੰ 'ਸਰਦਾਰ ਬਹਾਦਰ' ਦਾ ਖਿਤਾਬ ਮਿਲਿਆ ਸੀ। ਕਰਤਾਰ ਸਿੰਘ ਲਾਲਾ ਜੀ ਦਾ ਧੰਨਵਾਦ ਕਰਨ ਲਈ ਨਾਭੇ ਗਿਆ ਅਤੇ ਉਸ ਨੇ ਦਸਿਆ :

"ਅਕਾਲੀ ਲਹਿਰ ਭੈੜੀ ਹਾਲਤ ਵਿਚ ਹੈ। ਇਸ ਵੇਲੇ ਸਾਰੇ ਅਕਾਲੀ ਆਗੂ ਜੇਲ੍ਹ ਵਿਚ ਡੱਕੇ ਹੋਏ ਹਨ। ਅਕਾਲੀ ਲਹਿਰ ਸਿਰਫ ਇਸ ਲਈ ਕਾਇਮ ਰਹਿ ਰਹੀ ਹੈ ਕਿ ਆਮ ਪਬਲਕ ਦੀ ਉਹਨਾਂ ਤਕ ਪਹੁੰਚ ਹੈ—ਸਾਰੇ ਹੁਕਮ ਅੰਦਰਲੇ ਆਗੂਆਂ ਵਲੋਂ ਜਾਰੀ ਕੀਤੇ ਜਾਂਦੇ ਹਨ।...... ਅਤੇ ਉਹਨਾਂ ਦੀਆਂ ਆਮ ਹਦਾਇਤਾਂ ਇਹ ਹਨ ਕਿ ਹਰ ਇਕ ਰਾਜਸੀ ਮਾਮਲੇ ਨੂੰ ਧਾਰਮਕ ਰੰਗਤ ਦਿਓ ਅਤੇ ਗੌਰਮਿੰਟ ਨੂੰ ਧਾਰਮਕ ਪਾਸਿਓਂ ਫੰਧੇ ਵਿਚ ਫਸਾਓ। ਇਸ ਨਿਸ਼ਾਨੇ ਨੂੰ ਮੁਖ ਰਖਕੇ ਹੀ ਪਹਿਲਾ ਸ਼ਹੀਦੀ ਜਥਾ ਆਪਣੇ ਨਾਲ ਗੁਰੂ ਗਰੰਥ ਸਾਹਿਬ ਲੈ ਕੇ ਜਾ ਰਿਹਾ ਹੈ।......ਅਫਸਰ-ਸ਼ਾਹੀ ਦੇ ਖਿਲਾਫ ਏਹੋ ਉਹਨਾਂ ਦੀ ਸੁਰੱਖਿਆ ਹੈ ਅਤੇ ਏਹੋ ਗੌਰਮਿੰਟ ਦੇ ਖਿਲਾਫ ਹਮਲਾ ਕਰਨ ਦਾ ਵਡਾ ਹਥਿਆਰ ਹੈ। ਉਹ ਉਮੇਦ ਕਰਦੇ ਨੇ ਕੋਈ ਨਾ ਕੋਈ ਘਟਨਾ ਘਟ ਜਾਏਗੀ ਜਿਸ ਰਾਹੀਂ ਉਹਨਾਂ ਨੂੰ ਗੌਰਮਿੰਟ ਸੰਬੰਧੀ ਕਹਿਣ ਦਾ ਮੌਕਿਆ ਮਿਲ ਜਾਏਗਾ ਕਿ ਗੌਰਮਿੰਟ ਨੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ।"

ਕਰਤਾਰ ਸਿੰਘ ਦੀ ਇਹ ਮਜ਼ਬੂਤ ਰਾਏ ਸੀ ਕਿ ਇਹਨਾਂ ਆਗੂਆਂ ਤਕ ਕਿਸੇ ਦੀ ਵੀ ਪਹੁੰਚ ਬੰਦ ਕਰ ਦਿਤੀ ਜਾਏ ਤਾਂ ਤਹਿਰੀਕ ਆਪਣੇ ਆਪ ਢਹਿ-ਢੇਰੀ ਹੋ ਜਾਏਗੀ। ਉਸ ਦਾ ਇਹ ਵੀ ਖਿਆਲ ਸੀ ਕਿ ਪਹਿਲੇ ਜਥੇ ਪਿੱਛੋਂ ਛੇਤੀ ਹੀ ਕਿਸੇ ਦੂਜੇ ਜਥੇ ਦੇ ਭੇਜੇ ਜਾਣ ਦੇ ਕੋਈ ਲਛਣ ਨਹੀਂ। ਦੂਜਾ ਜਥਾ ਭੇਜਣ ਦੀ ਸੰਭਾਵਨਾ ਵਿਸਾਖੀ ਦੇ ਮੌਕੇ ਉਤੇ, ਯਾਨੀ 12 ਵਿਸਾਖ ਦੇ ਲਾਗੇ ਚਾਗੇ ਹੋ ਸਕਦੀ ਹੈ।

ਨਾਭੇ ਦੇ ਐਡਮਨਿਸਟਰੇਟਰ ਵਿਲਸਨ ਜੌਹਨਸਟਨ ਦਾ ਨੋਟ ਇਸ ਤੇ ਇਹ ਸੀ : "ਉਸ ਦੇ ਵਿਚਾਰ ਧਿਆਨ ਦੀ ਮੰਗ ਕਰਦੇ ਹਨ।"[1]

[1] ਡੀ. ਓ. ਨੰਬਰ ਕੈਂਪ/02 ਵਿਲਸਨ ਵਲੋਂ, ਜੈਤੋ 19 ਫਰਵਰੀ 1924 ਕਰਨਲ ਮਿਨਚਨ ਨੂੰ, ਏ. ਜੀ. ਜੀ. ਪੰਜਾਬ ਰਿਆਸਤਾਂ—ਲਾਹੌਰ

Digitized by Panjab Digital Library | www.panjabdigilib.org

ਖੁਲ੍ਹੀਆਂ ਮੁਲਾਕਾਤਾਂ ਦੀਆਂ ਅਤੇ ਅਕਾਲੀ ਲਹਿਰ ਨੂੰ ਅਮਰਿਤਸਰ ਜੇਲ੍ਹ ਤੋਂ ਚਲਾਣ ਦੀਆਂ ਰਿਪੋਰਟਾਂ ਦਾ ਅਸਰ ਇਹ ਹੋਇਆ ਕਿ ਗੌਰਮਿੰਟ ਨੇ ਅਮਰਿਤਸਰ ਵਿਚ ਮੁਕੱਦਮਾ ਚਲਾਈ ਰਖਣ ਦਾ ਫੈਸਲਾ ਬਦਲ ਲਿਆ ਅਤੇ ਆਗੂਆਂ ਨੂੰ ਵਧੇਰੇ ਬੰਦਸ਼ਾਂ ਤੇ ਕੰਟਰੋਲ ਥੱਲੇ ਰੱਖਣ ਲਈ ਲਾਹੌਰ ਦਾ ਕਿਲ੍ਹਾ ਮੁਕੱਦਮੇ ਲਈ ਚੁਣਿਆ। ਸਾਰੇ ਮੁਲਜ਼ਮ ਕਿਲ੍ਹੇ ਦੀ ਇਕ ਵਡੀ ਬਾਰਕ ਵਿਚ ਰਖੇ ਗਏ ਅਤੇ ਲਾਗੇ ਹੀ ਇਕ ਕਮਰਾ ਅਦਾਲਤ ਲਈ ਬਣਾ ਲਿਆ ਗਿਆ।

## 2. ਅਕਾਲੀ-ਆਗੂ ਸਾਜ਼ਸ਼ ਕੇਸ

ਮੁਕੱਦਮਾ ਬੜੇ ਸੰਗੀਨ ਇਲਜ਼ਾਮ ਲਾਕੇ ਚਲਾਇਆ ਗਿਆ ਸੀ। 59 ਮੁਲਜ਼ਮਾਂ ਉਤੇ 120 ਅ, 121 ੳ, 124 ੳ, 17 ੳ, 17 ਅ, (ਕਾਨੂੰਨ 1908) ਵਗੈਰਾ ਦੀਆਂ ਗੰਭੀਰ ਦਫਾਵਾਂ ਲਾਈਆਂ ਗਈਆਂ ਸਨ ਜਿਨ੍ਹਾਂ ਥੱਲੇ ਉਮਰ ਕੈਦ ਤਕ ਦੀ ਸਜ਼ਾ ਹੋ ਸਕਦੀ ਸੀ। ਸਰਦਾਰ ਖੜਕ ਸਿੰਘ ਜੀ ਪਹਿਲੋਂ ਹੀ ਢੇਰ ਚਿਰਾਂ ਤੋਂ ਡੇਰਾ ਗਾਜ਼ੀ ਖਾਂ ਜੇਲ੍ਹ ਵਿਚ ਕੈਦ ਸਨ। ਨਹੀਂ ਤਾਂ ਉਹਨਾਂ ਨੂੰ ਸਭ ਤੋਂ ਪਹਿਲੋਂ ਇਸ ਮੁਕੱਦਮੇ ਵਿਚ ਰਖਿਆ ਜਾਣਾ ਸੀ। ਪਹਿਲੋਂ ਸ: ਮੰਗਲ ਸਿੰਘ ਅਕਾਲੀ ਦਾ ਨਾਮ ਵੀ ਇਸ ਸਾਜ਼ਸ਼ ਕੇਸ ਵਿਚ ਦਰਜ ਸੀ। ਪਰ ਪਹਿਲੋਂ ਹੀ ਕੈਦ ਵਿਚ ਹੋਣ ਕਰਕੇ ਉਸ ਦਾ ਨਾਮ ਮੁਕੱਦਮੇ ਵਿਚੋਂ ਕੱਟ ਦਿਤਾ ਗਿਆ ਸੀ। ਸਾਜ਼ਸ਼ ਦਾ ਸਾਰ-ਅੰਸ਼ ਇਹ ਸੀ ਕਿ ਦੋਸ਼ੀਆਂ ਨੇ ਬਾਦਸ਼ਾਹ-ਸ਼ਾਹਨਸ਼ਾਹ ਬਰਤਾਨੀਆ ਤੇ ਹਿੰਦ ਸਰਕਾਰ ਦਾ ਰਾਜ ਉਲਟਾ ਕੇ ਸਿੱਖ ਰਾਜ ਕਾਇਮ ਕਰਨ ਦਾ ਮਨਸੂਬਾ ਬੱਧਾ ਹੋਇਆ ਹੈ।

ਮੁਲਜ਼ਮਾਂ ਨੇ ਅਮਨ ਤੇ ਕਾਨੂੰਨ ਭੰਗ ਕਰਕੇ ਕਈਆਂ ਗੁਰਦੁਆਰਿਆਂ ਉਤੇ ਕਬਜ਼ੇ ਕਰ ਲਏ ਹਨ ਅਤੇ ਗੁਰਦੁਆਰਿਆਂ ਦੇ ਮਹੰਤਾਂ ਨੂੰ ਗੁਰਦੁਆਰਿਆਂ ਵਿਚੋਂ ਕਢ ਦਿਤਾ ਹੈ। ਉਹਨਾਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਕਰ ਲਏ ਹਨ। ਅਤੇ ਅਮਰਿਤਸਰ, ਤਰਨਤਾਰਨ, ਨਨਕਾਣਾ ਸਾਹਿਬ, ਤੇਜਾ ਕਲਾਂ, ਓਠੀਆਂ, ਆਨੰਦਪੁਰ, ਕਮਾਲੀਆ, ਕੀਰਤਪੁਰ ਆਦ ਗੁਰਦੁਆਰੇ ਜ਼ਬਰ-ਦਸਤੀ ਆਪਣੇ ਕੰਟਰੋਲ ਥੱਲੇ ਲੈ ਲਏ ਹਨ। ਇਹਨਾਂ ਨੇ ਇਸ ਸਾਜ਼ਸ਼ ਦੀ ਪੂਰਤੀ ਲਈ ਕਈ ਜਥੇਬੰਦੀਆਂ ਕਾਇਮ ਕੀਤੀਆਂ ਹਨ ਜਿਨ੍ਹਾਂ ਦਾ ਕੰਮ ਸਰਕਾਰ ਵਿਰੁਧ ਰਾਜਸੀ ਪਰਚਾਰ ਤੇ ਐਜੀ-ਟੇਸ਼ਨ ਕਰਨਾ ਹੈ।

ਸ਼੍ਰੋਮਣੀ ਕਮੇਟੀ ਨੇ ਆਪਣਾ ਸੰਬੰਧ ਨੈਸ਼ਨਲ ਕਾਂਗਰਸ ਤੇ ਖਿਲਾਫਤ ਕਮੇਟੀ ਨਾਲ ਕਾਇਮ ਕੀਤਾ ਹੋਇਆ ਹੈ। ਇਹ ਪਿਛਲੀਆਂ ਦੋਵੇਂ ਜਮਾਤਾਂ ਰਾਜਸੀ ਕੰਮ ਕਰਦੀਆਂ ਹਨ। ਸ਼੍ਰੋਮਣੀ ਕਮੇਟੀ ਦੇ ਕਈ ਮੁਖੀ ਮਿੰਬਰ ਸਿੱਖ ਲੀਗ ਦੇ ਵੀ ਮਿੰਬਰ ਹਨ ਅਤੇ ਕਾਂਗਰਸੀ ਮਿੰਬਰਾਂ ਦੀ ਹੈਸੀਅਤ ਵਿਚ ਰਾਜਸੀ ਕੰਮ ਵੀ ਕਰਦੇ ਹਨ। ਇਹਨਾਂ ਨੇ ਪਰਿੰਸ ਆਫ ਵੇਲਜ਼ ਦੇ ਸੁਆਗਤ ਦਾ ਰਾਜਸੀ ਕਾਰਣਾਂ ਕਰਕੇ ਬਾਈਕਾਟ ਕੀਤਾ। ਇਹਨਾਂ ਨੇ ਕਈ ਪਿੰਡਾਂ ਵਿਚ (ਘਵਿੰਡ, ਹੁਡਿਆਰਾ ਲਾਹੌਰ ਅਤੇ ਕੁਛ ਕੁ ਲਾਇਲਪੁਰ ਵਿਚ) ਪੰਚਾਇਤਾਂ ਕਾਇਮ ਕੀਤੀਆਂ ਅਤੇ ਕਮੇਟੀ ਨੇ ਅਲੀਗੜ੍ਹ ਦੀ ਇਕ ਫਰਮ ਨਾਲ ਢਾਈ ਲੱਖ ਕਿਰਪਾਨਾਂ ਖਰੀਦਣ ਦੀ ਗੱਲਬਾਤ ਕੀਤੀ।

ਸ਼੍ਰੋਮਣੀ ਕਮੇਟੀ ਦੇ ਅਸਰ ਥੱਲੇ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਵਿਚ ਬਬਰ ਅਕਾਲੀ ਲਹਿਰ ਕਾਇਮ ਹੋਈ ਜਿਸ ਦਾ ਪ੍ਰੋਗਰਾਮ ਲੁੱਟ-ਮਾਰ ਕਰਨਾ ਅਤੇ ਸਰਕਾਰ-ਹਿਤੈਸ਼ੀਆਂ ਨੂੰ ਕਤਲ ਕਰਨਾ ਸੀ। ਇਸ ਨੇ ਕਈ ਆਦਮੀਆਂ ਨੂੰ ਕਤਲ ਕੀਤਾ। ਸ਼੍ਰੋਮਣੀ ਕਮੇਟੀ ਨੇ ਕਾਂਗਰਸ ਦੇ ਨਾ-ਮਿਲਵਰਤਣ ਦੇ ਪ੍ਰੋਗਰਾਮ ਨੂੰ ਅਪਣਾਇਆ, ਦੇਸ ਵਿਚ ਤੇ ਬਾਹਰ ਸਰਕਾਰ ਦੇ ਖਿਲਾਫ

Digitized by Panjab Digital Library | www.panjabdigilib.org

ਪੁਲਿਟੀਕਲ ਪ੍ਰੋਪੇਗੰਡਾ ਕੀਤਾ। ਇਸ ਦੇ ਮਿੰਬਰ ਖੱਦਰ ਪਾਉਂਦੇ ਹਨ ਅਤੇ ਖੱਦਰ ਪਾਉਣ ਦਾ ਪਰਚਾਰ ਕਰਦੇ ਹਨ।

ਅਤੇ ਸਭ ਤੋਂ ਵੱਡਾ ਤੇ ਮੁਖ ਇਲਜ਼ਾਮ ਇਹ ਸੀ ਕਿ ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਨਾਭਾ ਦੇ ਗੱਦੀਓਂ ਲਾਹੇ ਜਾਣ ਦੇ ਖਿਲਾਫ ਏਲਾਨ ਜਾਰੀ ਕੀਤੇ ਹਨ। ਨਾਭਾ-ਦਿਨ, ਪ੍ਰਾਰਥਨਾ-ਦਿਨ ਵਗੈਰਾ ਮਨਾ ਕੇ ਸਰਕਾਰ ਦੇ ਖਿਲਾਫ ਪ੍ਰੋਪੇਗੰਡਾ ਕੀਤਾ ਹੈ। ਨਾਭੇ ਦਾ ਸਵਾਲ ਨਿਰੋਲ ਰਾਜਸੀ ਸਵਾਲ ਹੈ। ਸ਼੍ਰੋਮਣੀ ਕਮੇਟੀ ਨੇ ਇਸ ਵਿਚ ਦਖਲ ਦਿਤਾ ਹੈ। ਕਮੇਟੀ ਦੀਆਂ ਸਰਗਰਮੀਆਂ ਪੁਲਿਟੀਕਲ ਤੇ ਸਰਕਾਰ ਵਿਰੁਧ ਹਨ। ਇਸ ਲਈ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ ਹੈ ਅਤੇ ਇਹਨਾਂ ਆਗੂਆਂ ਦੇ ਖਿਲਾਫ ਸਾਜ਼ਸ਼ ਦਾ ਮੁਕੱਦਮਾ ਦਾਇਰ ਕੀਤਾ ਹੈ।

ਇਸ ਮੁਕੱਦਮੇ ਦੀ ਕਹਾਣੀ ਢਾਈ ਪੌਣੇ ਤ੍ਰਿੰਨਾਂ ਸਾਲਾਂ ਤਕ ਲੰਮੀ ਜਾਂਦੀ ਹੈ। ਇਸ ਅਰਸੇ ਵਿਚ ਬੜੀਆਂ ਅਹਿਮ ਗੰਭੀਰ ਤੇ ਗੋਲੀ-ਵਰਖਾ ਜੇਹੀਆਂ ਘਟਨਾਵਾਂ ਵਾਪਰੀਆਂ, ਸਮਝੌਤਿਆਂ ਲਈ ਵਿਚੋਲਿਆਂ ਨੇ ਯਤਨ ਕੀਤੇ, ਗੁਰਦੁਆਰਾ ਬਿਲ ਬਣਾਉਣ, ਖਿਲਾਫ ਕਾਨੂੰਨ ਜਥੇਬੰਦੀਆਂ ਦਾ ਏਲਾਨ ਵਾਪਸ ਲੈਣ ਤੇ ਕੈਦੀਆਂ ਦੀਆਂ ਰਿਹਾਈਆਂ ਦੇ ਸਵਾਲ ਉਠਾਏ ਗਏ। ਬਾਹਰ ਹੋਰ ਨਵੇਂ ਮਿੰਬਰਾਂ ਨੇ ਕਮੇਟੀ ਦੇ ਕੰਮ ਸੰਭਾਲੇ, ਉਹ ਫੜੇ ਗਏ, ਹੋਰ ਨਵੇਂ ਆਗੂ ਅੱਗੇ ਆਏ। ਗੌਰਮਿੰਟ ਨੇ ਫੁਟ ਪਾਉਣ ਤੇ ਪਾੜਨ ਦੇ ਯਤਨ ਕੀਤੇ ਅਤੇ ਅਕਾਲੀ ਤਹਿਰੀਕ ਨੂੰ ਮਲੀਆਮੇਟ ਕਰਨ ਲਈ ਕਈ ਕੁਟਲ ਨੀਤੀਆਂ ਅਮਲ ਵਿਚ ਲਿਆਂਦੀਆਂ। ਹੁਣ ਪਹਿਲੋਂ ਅਸੀਂ ਇਹਨਾਂ ਸਵਾਲਾਂ ਨੂੰ ਲੈਂਦੇ ਹਾਂ। ਕਿਉਂਕਿ ਇਹ ਸਾਰੇ ਸਵਾਲ ਪੀਡੀਆਂ ਗੰਢਾਂ ਤੇ ਗੁੰਝਲਾਂ ਨਾਲ ਉਲਝੇ ਹੋਏ ਹਨ। ਆਓ, ਇਹਨਾਂ ਦੇ ਸੁਲਝਾਣ ਦਾ ਯਤਨ ਕਰੀਏ।

## 3. ਆਗੂਆਂ ਦੇ ਦੂਜੇ ਜਥੇ ਦੀ ਗਰਿਫਤਾਰੀ

ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਕਾਨੂੰਨ ਕਰਨ ਦੇ ਅਰਥ ਇਹ ਸਨ ਕਿ ਹਰ ਇਕ ਅਸਰਦਾਰ ਤੇ ਪਰਸਿੱਧ ਅਕਾਲੀ ਆਗੂ ਨੂੰ ਫੜਕੇ ਜੇਲ੍ਹ ਵਿਚ ਸੁੱਟ ਦਿਤਾ ਜਾਵੇ, ਉਹਨਾਂ ਨੂੰ ਭਾਰੀਆਂ ਭਾਰੀਆਂ ਸਜ਼ਾਵਾਂ ਦੇ ਕੇ ਹਮਾਇਤੀਆਂ ਤੇ ਹਮਦਰਦਾਂ ਨੂੰ ਭੈਭੀਤ ਕੀਤਾ ਜਾਵੇ, ਸ਼੍ਰੋਮਣੀ ਕਮੇਟੀ ਦੀ ਧਾਰਮਕ ਆਜ਼ਾਦੀ ਦੀ ਤਹਿਰੀਕ ਦਾ ਗਲਾ ਘੁਟ ਦਿਤਾ ਜਾਵੇ ਅਤੇ ਜਿਹੜੇ ਵੀ ਹੋਰ ਅਸਰਦਾਰ ਤੇ ਪਰਸਿੱਧ ਲੀਡਰ ਅੱਗੇ ਆਉਣ ਉਹਨਾਂ ਨੂੰ ਬਾਗੀ ਜਥੇਬੰਦੀਆਂ ਦੇ ਮਿੰਬਰ ਹੋਣ ਦੇ ਕਾਰਣ ਫੜ ਫੜ ਜੇਲ੍ਹ ਬੰਦ ਕੀਤਾ ਜਾਏ ਅਤੇ ਇਸ ਤਰ੍ਹਾਂ ਇਸ ਤਹਿਰੀਕ ਦਾ ਹਮੇਸ਼ਾ ਲਈ ਫਾਤਿਹਾ ਹੀ ਪੜ੍ਹ ਦਿਤਾ ਜਾਵੇ।

ਅਕਾਲੀ ਲੀਡਰਾਂ ਦਾ ਮੁਖੀ ਜਥਾ ਤਾਂ ਸਾਜ਼ਸ਼ ਕੇਸ ਵਿਚ ਫੜਕੇ ਜੇਲ੍ਹ ਵਿਚ ਬੰਦ ਕਰ ਦਿਤਾ ਗਿਆ ਸੀ। ਗੌਰਮਿੰਟ ਮੌਕਿਆ ਢੂੰਡ ਰਹੀ ਸੀ ਕਿ ਬਾਕੀ ਆਗੂਆਂ ਨੂੰ ਵੀ ਫੜਕੇ, ਜਿਵੇਂ ਕਿਵੇਂ, ਜੇਲ੍ਹ ਵਿਚ ਸੁਟੇ। ਇਹ ਮੌਕਿਆ ਉਸ ਨੂੰ ਸੱਤ ਜਨਵਰੀ 1924 ਦੀ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਨੇ ਮੁਹੱਈਆ ਕਰ ਦਿਤਾ ਅਤੇ ਗੌਰਮਿੰਟ ਭੁਖੇ ਬਘਿਆੜਾਂ ਵਾਂਗ ਉਹਨਾਂ ਤੇ ਟੁੱਟ ਕੇ ਪੈ ਗਈ।

ਇਹਨਾਂ ਦੇ ਫੜਨ ਲਈ ਡੀ. ਸੀ. ਅਮਰਿਤਸਰ ਨੇ ਫੌਜੀ ਦਸਤਿਆਂ ਦੀ ਮੰਗ ਨਹੀਂ ਸੀ ਕੀਤੀ, ਸਿਰਫ 50 ਪੁਲਸ ਦੇ ਸਿਪਾਹੀਆਂ ਦੀ ਹੋਰ ਮੰਗ ਕੀਤੀ ਸੀ। ਮੀਟਿੰਗ ਅਕਾਲ ਤਖਤ ਉਤੇ ਹੋ ਰਹੀ ਸੀ। ਇਸ ਲਈ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਉਹ ਗੁਰਦੁਆਰੇ ਦੇ

Digitized by Panjab Digital Library | www.panjabdigilib.org

ਅੰਦਰ ਜੁਤੀਆਂ ਬੂਟ ਵਗੈਰਾ ਉਤਾਰ ਕੇ ਜਾਣ। "ਪਰ ਜੇ ਭੀੜ ਆ ਬਣੇ ਤਾਂ ਇਹ ਇਹਤਿਆਤ ਤਿਆਗੀ ਜਾ ਸਕਦੀ ਹੈ।"[1] ਕਿਉਂਕਿ ਹੋ ਸਕਦਾ ਹੈ ਕਿ ਅਗੋਂ ਵਿਰੋਧਤਾ ਕੀਤੀ ਜਾਵੇ।

ਅਕਾਲੀ ਆਗੂਆਂ ਨੂੰ ਪੁਲਸ ਦੇ ਆਉਣ ਤੋਂ ਪਹਿਲੋਂ ਹੀ ਸੂਹ ਮਿਲ ਗਈ ਸੀ ਕਿ ਉਹਨਾਂ ਦੀਆਂ ਗਰਿਫਤਾਰੀਆਂ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ। ਗੌਰਮਿੰਟ ਨੇ ਆਪਣੀਆਂ ਖੁਫੀਆ ਕਾਰਵਾਈਆਂ ਵਿਚ ਇਹ ਗੱਲ ਮੰਨੀ ਸੀ ਕਿ "ਅਕਾਲੀਆਂ ਪਾਸ ਸੂਹ-ਪਰਬੰਧ ਅਸਾਧਾਰਨ ਹੈ।" ਪੁਲਸ ਅਫਸਰ ਤੇ ਸਿਪਾਹੀ ਜਦੋਂ ਥੜ੍ਹਾ ਸਾਹਿਬ ਰਾਹੀਂ ਅੰਦਰ ਆ ਕੇ ਅਕਾਲ ਤਖਤ ਉੱਤੇ ਗਰਿਫਤਾਰੀਆਂ ਲਈ ਚੜ੍ਹਨ ਲਗੇ ਤਾਂ ਸੇਵਾਦਾਰਾਂ ਨੇ ਉਹਨਾਂ ਨੂੰ ਅੰਦਰ ਵੜਨੋਂ ਰੋਕ ਦਿਤਾ। ਢੇਰ ਸਾਰੇ ਸਿੱਖ ਇੱਕਠੇ ਹੋ ਗਏ ਜਿਹਨਾਂ ਨੇ ਪੁਲਸ ਸਾਮ੍ਹਣੇ ਹਿੱਕਾਂ ਡਾਹ ਕੇ ਆਖਿਆ ਕਿ ਵਰਦੀ ਵਾਲੀ ਪੁਲਸ ਸਿੰਘਾਂ ਦੀਆਂ ਲੋਥਾਂ ਉਤੋਂ ਦੀ ਹੀ ਲੰਘ ਕੇ ਅੰਦਰ ਜਾ ਸਕੇਗੀ, ਐਵੇਂ ਨਹੀਂ ਜਾਣ ਦਿਤੀ ਜਾਵੇਗੀ। ਗੌਰਮਿੰਟ ਦੀ ਰਿਪੋਰਟ ਅਨੁਸਾਰ ਅਕਾਲੀਆਂ ਦਾ "ਰੱਵਈਆ ਪੁਆੜੇ-ਹੱਥਾ" ਸੀ। ਉਹਨਾਂ ਅਫਸਰਾਂ ਨਾਲ "ਧੱਕਮਧੱਕੀ" ਕੀਤੀ।

ਅਫਸਰਾਂ ਨੂੰ ਮਸ਼ਵਰਾ ਦਿਤਾ ਗਿਆ ਕਿ ਉਹ ਘੰਟਾ-ਘਰ ਚਲੇ ਜਾਣ। ਡਿਸਟਰਿਕਟ ਮੈਜਿਸਟਰੇਟ ਨੇ ਭਾ: ਜੋਧ ਸਿੰਘ ਨੂੰ "ਆਪਣੇ ਪਾਸ ਬੁਲਾਇਆ।" ਅਤੇ ਫੜੇ ਜਾਣ ਵਾਲਿਆਂ ਦੀ ਲਿਸਟ ਭਾਈ ਹੋਰਾਂ ਦੇ ਹੱਥ ਫੜਾਈ। ਭਾਈ ਜੀ ਅਕਾਲ ਤਖਤ ਤੇ ਮੀਟਿੰਗ ਵਿਚ ਚਲੇ ਗਏ ਅਤੇ ਲਿਸਟ ਜਾਕੇ ਮੀਟਿੰਗ ਵਿਚ ਉਹਨਾਂ ਨੂੰ ਦੇ ਦਿਤੀ। ਪੁਲਸ ਵਾਲੇ ਘੰਟਾ ਘਰ ਉਹਨਾਂ ਦੇ ਆਉਣ ਦੀ ਉਡੀਕ ਕਰਦੇ ਰਹੇ।

ਸ਼੍ਰੋਮਣੀ ਕਮੇਟੀ ਨੇ ਪਹਿਲੋਂ ਆਪਣੀ ਮੀਟਿੰਗ ਦਾ ਏਜੰਡਾ ਮੁਕਾਇਆ ਉਸ ਨੇ ਸੱਤ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਗੌਰਮਿੰਟ ਵਲੋਂ ਬਾਗੀ ਕਰਾਰ ਦੇਣ ਦੀ ਨਿਖੇਧੀ ਕੀਤੀ ਗਈ। ਅਤੇ ਇਸ ਕਦਮ ਨੂੰ 'ਧੱਕੇਸ਼ਾਹੀ ਤੇ ਜ਼ਾਲਮਾਨਾ' ਗਰਦਾਨਿਆ ਗਿਆ। ਦੂਜੇ ਮਤੇ ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਦੀ ਸ਼ਲਾਘਾ ਕੀਤੀ ਗਈ ਅਤੇ ਤੀਜੇ ਮਤੇ ਵਿਚ ਜੈਤੋ ਵਿਚ ਅਖੰਡ ਪਾਠ ਦੇ ਖੰਡਤ ਕਰਨ ਨੂੰ ਸਿੱਖ ਧਰਮ ਦੀ ਤੌਹੀਨ ਆਦ ਗਰਦਾਨਿਆ ਗਿਆ ਅਤੇ ਇਸ ਪਾਪ ਦੇ ਧੋਣ ਲਈ ਕਮੇਟੀ ਨੇ ਜੈਤੋ ਵਿਚ 101 ਅਖੰਡ ਪਾਠ ਕਰਨ ਦਾ ਫੈਸਲਾ ਕੀਤਾ। ਅਤੇ ਐਗਜ਼ੈਕਟਿਵ ਕਮੇਟੀ ਨੂੰ ਇਸ ਹਾਲਤ ਦੇ ਨਜਿੱਠਣ ਲਈ ਅਧਿਕਾਰ ਦਿਤੇ, ਵਗੈਰਾ।

ਇਹ ਕਾਰਵਾਈ ਮੁਕਾਣ ਦੇ ਬਾਅਦ 62 ਅਕਾਲੀ ਆਗੂ ਅਕਾਲ ਤਖਤ ਤੋਂ ਉਤਰੇ, ਸਾਮ੍ਹਣੇ ਦੀਵਾਨ ਵਿਚ ਤਕਰੀਰਾਂ ਕੀਤੀਆਂ ਅਤੇ ਘੰਟਾ ਘਰ ਉਤੇ ਜਾ ਕੇ ਗਰਿਫਤਾਰ ਹੋ ਗਏ। ਡੀ. ਸੀ. ਪਕਲ ਨੂੰ ਇਸ ਗੱਲ ਦਾ ਬੜਾ ਅਫਸੋਸ ਹੋਇਆ ਕਿ "ਉਹ ਆਦਮੀ ਨਹੀਂ ਪਕੜੇ ਜਾ ਸਕੇ ਜਿਹੜੇ ਏਥੇ ਤਹਿਰੀਕ ਦੀ ਅਗਵਾਈ ਕਰ ਰਹੇ ਸਨ, ਮਸਲਨ : ਅਮਰ ਸਿੰਘ ਝਪਾਲ, ਖਜ਼ਾਨ ਸਿੰਘ ਈ. ਏ. ਸੀ., ਸ: ਮਹਿਤਾਬ ਸਿੰਘ ਦਾ ਭਤੀਜਾ, ਅਰਜਨ ਸਿੰਘ ਵਗੈਰਾ।"[2] ਸਰਕਾਰੀ ਵਕੀਲ

[1] ਫਾਈਲ ਨੰਬਰ 1/I—1924, ਹੋਮ, ਪੁਲਿਟੀਕਲ

[2] F. F. Puckles, letter to Craik Chief Secretary—8-1-24.

Digitized by Panjab Digital Library | www.panjabdigilib.org

ਮਿਸਟਰ ਪੇਟਮੈਨ ਦੀ ਰਿਪੋਰਟ ਸੀ ਕਿ ਇਹਨਾਂ ਗਰਿਫਤਾਰੀਆਂ ਦੀ ਖਬਰ ਪੜ੍ਹਕੇ ਸਾਜ਼ਸ਼ ਕੇਸ ਦੇ ਅਕਾਲੀ ਆਗੂਆਂ ਦੇ 'ਚਿਹਰੇ ਉਤਰ ਗਏ ਸਨ।'

ਇਹਨਾਂ ਅਕਾਲੀ ਬੀਰਾਂ ਦਾ ਮੁਕੱਦਮਾ ਸ: ਹਰਦਿਆਲ ਸਿੰਘ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿਚ ਦਫਾ 17 (2) ਥੱਲੇ ਚਲਿਆ; ਸ਼ੁਰੂ ਵਿਚ ਹੀ ਰਤਨ ਸਿੰਘ ਆਜ਼ਾਦ ਅਤੇ ਨਿਰੰਜਨ ਸਿੰਘ ਤਾਨਸੈਨ ਨੂੰ ਰਿਹਾ ਕਰ ਦਿਤਾ ਗਿਆ। ਬਾਕੀ ਸਾਰੇ ਮੁਲਜ਼ਮਾਂ ਨੇ ਅਦਾਲਤ ਨਾਲ ਨਾ-ਮਿਲਵਰਤਨ ਕੀਤੀ, ਨਾ ਕੋਈ ਜੁਰਮ ਇਕਬਾਲ ਕੀਤਾ, ਨਾ ਕਿਸੇ ਜੁਰਮ ਤੋਂ ਇਨਕਾਰ ਕੀਤਾ ਅਤੇ ਨਾ ਹੀ ਕੋਈ ਸਫਾਈ ਪੇਸ਼ ਕੀਤੀ। ਮੈਜਿਸਟਰੇਟ ਨੇ ਨੁਕਤਾ ਚੀਨੀ ਕੀਤੀ ਕਿ ਤਹਿਰੀਕ ਵਲੋਂ ਇਕ-ਸਾਰਵੀਂ ਪਾਲਿਸੀ ਤੇ ਅਮਲ ਨਹੀਂ ਕੀਤਾ ਜਾ ਰਿਹਾ ਕਿਤੇ ਸਫਾਈ ਪੇਸ਼ ਕੀਤੀ ਜਾ ਰਹੀ ਹੈ, ਕਿਤੇ ਨਹੀਂ।

## 4. ਭਾਈ ਜੋਧ ਸਿੰਘ ਤੇ ਨੁਕਤਾਚੀਨੀ

ਜੱਜ ਨੇ ਭਾਈ ਜੋਧ ਸਿੰਘ ਦੀ ਬੜੀ ਨੁਕਤਾਚੀਨੀ ਕੀਤੀ ਕਿਉਂਕਿ ਅਸਲੀ ਮੌਕੇ ਦਾ ਗੁਆਹ ਓਹੋ ਹੀ ਸੀ। ਉਸ ਨੇ ਕਿਸੇ ਮੁਜਰਮ ਦੀ ਵੀ ਸ਼ਨਾਖਤ ਨਾ ਕੀਤੀ। ਜੱਜ ਨੇ ਲਿਖਿਆ "ਲਗ ਭਗ ਸਾਰੇ ਹੀ ਮੁਲਜ਼ਮਾਂ ਦੀ ਸ਼ਨਾਖਤ ਤੋਂ ਇਨਕਾਰ ਕਰਕੇ ਉਸ ਨੇ ਲਗਾਤਾਰ ਮੁਲਜ਼ਮਾਂ ਨੂੰ ਬਚਾਣ ਦੀ ਕੋਸ਼ਸ਼ ਕੀਤੀ ਹੈ ਅਤੇ ਮੈਨੂੰ ਇਹ ਯਕੀਨ ਕਰਨ ਲਈ ਆਖਿਆ ਹੈ ਕਿ ਗੁਰਦੁਆਰਾ ਕਮੇਟੀ ਦੇ ਮਿੰਬਰਾਂ ਦੇ ਤੌਰ ਤੇ ਉਸ ਨੂੰ ਕਿਸੇ ਦਾ ਵੀ ਪਤਾ ਨਹੀਂ।"[1] ਵਗੈਰਾ। ਉਸ ਦੀ ਇਸ ਗੁਆਹੀ ਦਾ ਗੌਰਮਿੰਟ ਨੇ ਵੱਖ ਨੋਟਿਸ ਲਿਆ। ਦੋਂਹ ਬੇੜੀਆਂ ਵਿਚ ਪੈਰ ਧਰਨਾ ਆਦਮੀ ਲਈ ਬੜਾ ਖਤਰਨਾਕ ਹੁੰਦਾ ਹੈ।

ਇਸ ਮੁਕੱਦਮੇ ਵਿਚ ਸਿਰਫ ਸ: ਸੁੰਦਰ ਸਿੰਘ ਵੇਰਕਾ ਨੂੰ ਰਿਹਾ ਕੀਤਾ ਗਿਆ। ਉਸ ਦੇ ਖਿਲਾਫ ਕੋਈ ਗੁਆਹੀ ਨਹੀਂ ਸੀ। ਬਾਕੀ ਸਾਰੇ ਅਕਾਲੀ ਆਗੂਆਂ ਨੂੰ ਚੋਖੀਆਂ ਸਜ਼ਾਵਾਂ ਦਿਤੀਆਂ ਗਈਆਂ।

55 ਸਾਲ ਤੋਂ ਵੱਧ ਉਮਰ ਦੇ ਹੋਣ ਕਰਕੇ ਸ: ਕਰਮ ਸਿੰਘ, ਸ: ਜਵਾਲਾ ਸਿੰਘ, ਸ: ਜੈ ਸਿੰਘ, ਸ: ਅਮਰੀਕ ਸਿੰਘ ਅਤੇ ਜਮਾਦਾਰ ਸਾਧੂ ਸਿੰਘ ਨੂੰ ਇਕ ਇਕ ਸਾਲ ਦੀ ਸਾਦੀ (ਮੁਸ਼ੱਕਤ ਬਗੈਰ) ਸਜ਼ਾ ਅਤੇ ਪੰਜ ਪੰਜ ਸੌ ਰੁਪਏ ਜੁਰਮਾਨਾ ਜਾਂ ਤਿੰਨ ਤਿੰਨ ਮਹੀਨੇ ਹੋਰ ਸਾਦੀ ਸਜ਼ਾ। ਬਾਕੀ ਸਭ ਆਗੂਆਂ ਨੂੰ ਦੋ ਦੋ ਸਾਲ ਦੀ ਸਜ਼ਾ ਅਤੇ ਪੰਜ ਪੰਜ ਸੌ ਰੁਪਏ ਜੁਰਮਾਨਾ ਜਾਂ ਤਿੰਨ ਤਿੰਨ ਮਹੀਨੇ ਦੀ ਹੋਰ ਸਖਤ ਸਜ਼ਾ। ਇਹਨਾਂ ਵਿਚੋਂ 16 ਆਗੂਆਂ ਨੂੰ ਸਪੈਸ਼ਲ ਕਲਾਸ ਦਿਤੀ ਗਈ।

ਇਸ ਮੁਕੱਦਮੇ ਵਿਚ ਸਜ਼ਾ ਪਾਣ ਵਾਲੇ ਕੁਛ ਪਰਸਿਧ ਆਗੂ ਸਨ : ਸ: ਅਵਤਾਰ ਸਿੰਘ ਬੈਰਿਸਟਰ, ਭਾਈ ਮੋਹਨ ਸਿੰਘ ਵੈਦ, ਸ: ਹੁਕਮ ਸਿੰਘ ਵਕੀਲ, ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ, ਮਾਸਟਰ ਸੁਜਾਨ ਸਿੰਘ, ਰਾਜਾ ਸਿੰਘ ਵਕੀਲ, ਜਮਾਦਾਰ ਸਾਹਿਬ ਸਿੰਘ, ਡਾਕਟਰ ਭਗਵਾਨ ਸਿੰਘ, ਜਵਾਹਰ ਸਿੰਘ ਬੁਰਜ, ਜੁਗਿੰਦਰ ਸਿੰਘ ਵਕੀਲ, ਜਗਤ ਸਿੰਘ ਪੇਸ਼ਾਵਰ, ਸ: ਨਿਰਮਲ ਸਿੰਘ,

[1] Court Judgment File no 1/IV—1924.

Digitized by Panjab Digital Library | www.panjabdigilib.org

ਭਗਤ ਦੂਨਾ ਸਿੰਘ ਅਤੇ ਹੋਰ ਕਿਨੇ ਹੀ ।[1]

ਪਿੱਛੋਂ ਸ: ਸਰੂਪ ਸਿੰਘ ਤੇ ਤਿੰਨ ਹੋਰ ਆਗੂਆਂ ਨੇ ਅਪੀਲ ਕੀਤੀ ਸੀ ਅਤੇ ਉਹ ਚਾਰੇ ਰਿਹਾ ਹੋ ਗਏ ਸਨ । ਪਰ ਕੌਂਸਲ ਵਿਚ ਸਵਾਲਾਂ ਦੇ ਬਾਵਜੂਦ ਬਾਕੀ ਆਗੂਆਂ ਨੂੰ ਪੂਰੀ ਸਜ਼ਾ ਭੁਗਤਾ ਕੇ ਹੀ ਛਡਿਆ ਗਿਆ ਸੀ :

## 5. ਸਰਕਾਰ ਫੜਨੋਂ ਭੱਜ ਗਈ

ਸ਼੍ਰੋਮਣੀ ਕਮੇਟੀ ਬਾਕਾਇਦਾ ਕੰਮ ਕਰਦੀ ਰਹੀ । ਕਮੇਟੀ ਦੇ ਤੀਜੇ ਜਥੇ ਨੇ ਅਕਾਲ ਤਖਤ ਤੇ ਮੀਟਿੰਗ ਕੀਤੀ । ਉਹਨਾਂ ਨੂੰ ਪਹਿਲੋਂ ਫੜ ਲਿਆ ਗਿਆ, ਪਿੱਛੋਂ ਇਹ ਆਖਕੇ ਛੱਡ ਦਿਤਾ ਕਿ ਇਹ ਕੋਈ ਅਹਿਮ ਜਾਂ ਪਰਸਿਧ ਆਗੂ ਨਹੀਂ ਹਨ । ਅਮਰਿਤਸਰ ਦੇ ਬਾਜ਼ਾਰਾਂ ਵਿਚ ਆਮ ਅਕਾਲੀ "ਅਸੀਂ ਬਾਗੀ ਜਮਾਤਾਂ ਦੇ ਮਿੰਬਰ ਹਾਂ"—ਦੇ ਫਟੇ ਲਾਈ ਫਿਰਦੇ ਸਨ ਕੋਈ ਉਹਨਾਂ ਨੂੰ ਫੜਦਾ ਨਹੀਂ ਸੀ । ਰਤਨ ਸਿੰਘ ਆਜ਼ਾਦ ਨੇ ਆਪਣੀ ਪੁਸਤਕ—'ਬਾਗ਼ੀ ਸਿੱਖ ਕਿ ਸਰਕਾਰ'—ਵਿਚ ਲਿਖਿਆ : "ਅਮਰਿਤਸਰ ਵਿਖੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਮਿੰਬਰ ਦੋ ਵੇਲੇ ਜਲੂਸ ਕਢਦੇ ਹਨ ਤੇ ਏਲਾਨ ਕਰਦੇ ਹਨ । ਕਿ ਅਸੀਂ ਓਹੀ ਕੰਮ ਕਰਦੇ ਹਾਂ ਜਿਸ ਕੰਮ ਨੂੰ ਕਰਦੇ ਸ: ਬਹਾਦਰ ਸ: ਮਹਿਤਾਬ ਸਿੰਘ ਜੀ ਆਦ ਫੜੇ ਗਏ ਹਨ ਕੀ ਤੇਰਾਂ (ਲਾਟ ਰੈਡਿੰਗ) ਕਾਨੂੰਨੀ ਹਥਿਆਰ ਖੁੰਡਾ ਹੋ ਗਿਆ ਹੈ ? ਕੀ ਅੱਜ ਤਕ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦੂਸਰੇ ਮਿੰਬਰਾਂ ਨੇ ਉਹਨਾਂ ਨਾਲ ਸਬੰਧ ਰਖਣ ਵਾਲਿਆਂ ਨੂੰ ਨਾ ਫੜਨਾ ਕਾਨੂੰਨ ਸ਼ਿਕਨੀ (ਤੋੜਨਾ) ਨਹੀਂ ?

ਕੀ ਗੌਰਮਿੰਟ ਨੇ "ਇਹ ਐਲਾਨ ਵੀ ਕੀਤਾ ਸੀ ਕਿ ਕੋਈ ਅਖਬਾਰ ਯਾ ਪ੍ਰੈਸ ਸ਼੍ਰੋਮਣੀ ਕਮੇਟੀ ਦੇ ਐਲਾਨ ਨਾ ਛਾਪੇ । ਜਿਹੜਾ ਛਾਪੇਗਾ ਉਸ ਦਾ ਐਡੀਟਰ ਤੇ ਪ੍ਰਿੰਟਰ ਗਰਿਫਤਾਰ ਕਰ ਲਿਆ ਜਾਇਗਾ । ਕੀ ਇਸ ਏਲਾਨ ਤੇ ਅਮਲ ਕੀਤਾ ਗਿਆ ? ਬਿਲਕੁਲ ਨਹੀਂ । ਰੋਜ਼ ਅਖਬਾਰਾਂ ਵਿਚ ਐਲਾਨ ਛਪਦੇ ਹਨ ਪਰ ਕਿਸੀ ਇਨਸਾਫ ਦੇ ਪੁਤਲੇ ਨੇ ਕੋਈ ਕਾਰਵਾਈ ਨਹੀਂ ਕੀਤੀ ।" (ਪੰਨਾ 44—45)

---

[1] ਰਹਿੰਦੇ ਆਗੂਆਂ ਨਾਮ : ਸ: ਸੋਹਨ ਸਿੰਘ ਖਡੂਰ, ਸ: ਚੰਨਣ ਸਿੰਘ ਨਿਕੋਦਰ, ਸ: ਆਸਾ ਸਿੰਘ ਚੰਡੋਲੀ, ਸ: ਵਰਿਆਮ ਸਿੰਘ ਗਰਮੂਲਾ, ਸ: ਗਿਆਨ ਸਿੰਘ, ਸ: ਜਲਵੰਤ ਸਿੰਘ ਆਰਿਫਵਾਲਾ, ਸ: ਲੱਖਾ ਸਿੰਘ ਕੌਲਕੇ, ਸ: ਸੋਹਨ ਮਿੰਘ ਸ਼ੇਖੂਪੁਰਾ, ਸ: ਸੌਦਾਗਰ ਸਿੰਘ ਮੂਲਾਂਵਾਲਾ, ਸ: ਇੰਦਰ ਸਿੰਘ ਮਰੜ, ਸ: ਸ਼ੇਰ ਸਿੰਘ ਕੋਟ ਪਿੰਡੀਵਾਲ, ਸ: ਸੰਤਾ ਸਿੰਘ, ਸ: ਕਰਤਾਰ ਸਿੰਘ ਨਾਹਰਪੁਰ, ਸ: ਰਣਬੀਰ ਸਿੰਘ ਕਾਂਉਕੇ, ਸ: ਸੁੰਦਰ ਸਿੰਘ ਘੁਮਣ, ਸ: ਹਰਨਾਮ ਸਿੰਘ ਕਾਦਰਵਾਲਾ, ਸ: ਗੁਰਦਿਆਲ ਸਿੰਘ ਭੋਡੀ, ਸ: ਭਗਤ ਸਿੰਘ ਪਸਰੂਰ, ਸ: ਗਿਆਨ ਸਿੰਘ ਠੀਕਰੀ, ਸ: ਪਰਤਾਪ ਸਿੰਘ ਕੋਟਫਤੂਹੀ, ਸ: ਗਿਆਨੀ ਬਤਨ ਸਿੰਘ, ਜਥੇਦਾਰ ਤੇਜਾ ਸਿੰਘ ਅਲਾਵਲਪੁਰ, ਸ: ਗੁਰਬਖਸ਼ ਸਿੰਘ ਮਸੰਦਕੋਟ, ਸ: ਕਿਸ਼ਨ ਸਿੰਘ, ਸ: ਲਹਿਣਾ ਸਿੰਘ ਨਲੀ, ਸ: ਮਾਨ ਸਿੰਘ ਸੈਕਟਰੀ ਅਕਾਲੀ ਦਲ, ਸ: ਗਿਆਨ ਸਿੰਘ, ਸ: ਦੀਵਾਨ ਸਿੰਘ ਕੋਟ ਨਜੀਬੁਲਾ, ਸ: ਫੌਜਾ ਸਿੰਘ ਚੂਣੀਆਂ, ਸ: ਇੰਦਰ ਸਿੰਘ ਬਰਕਾ, ਸ: ਬਲਵੰਤ ਸਿੰਘ ਗੁਜਰਖਾਨ, ਸ: ਜਵੰਦ ਸਿੰਘ ਰਾਵਲਪਿੰਡੀ, ਸ: ਜੈ ਸਿੰਘ ਮਰਦਾਨ, ਸ: ਮਹਿਤਾਬ ਸਿੰਘ ਕੋਹਾਟ, ਸ: ਹਰਨਾਮ ਸਿੰਘ, ਸ: ਅਮਰ ਸਿੰਘ, ਸ: ਮੂਲ ਸਿੰਘ, ਸ: ਧਰਮ ਸਿੰਘ ਨਾਮਧਾਰੀ, ਸ: ਸੁੰਦਰ ਸਿੰਘ ਬਟਾਲਾ, ਸ: ਹੀਰਾ ਸਿੰਘ ਨਾਰਲੀ, ਸ: ਸੁੱਚਾ ਸਿੰਘ ਖਰਾਸੌਦਾ ।

Digitized by Panjab Digital Library | www.panjabdigilib.org

# ਰਿਆਸਤਾਂ ਵਿਚ ਕੜਕੁੱਟਵਾਂ ਤਸ਼ੱਦਦ

ਗੌਰਮਿੰਟ ਅਕਾਲੀ ਤਹਿਰੀਕ ਨੂੰ ਕੁਚਲਣ ਲਈ ਹਰ ਹਰਬਾ ਵਰਤ ਰਹੀ ਸੀ। ਸਾਮਰਾਜੀ ਨੀਤੀ ਦੀ ਸ਼ਤਰੰਜ ਉਤੇ ਅੰਗਰੇਜ਼ ਨੀਤੀਵਾਨ ਝੂਠ, ਫਰੇਬ, ਧੋਖਾ, ਵੱਢੀ, ਗੁਮਰਾਹੀ, ਇਤਿਹਾਸਕ ਤੋੜ ਮਰੋੜ, ਪਿੱਠੂਆਂ ਦੀ ਹਲਾਸ਼ੇਰੀ, ਬਦਦਿਆਨਤੀ, ਤਸ਼ੱਦਦ, ਕਤਲ ਵਗੈਰਾ ਦੇ ਸਾਰੇ ਮੋਹਰੇ ਬਾਜ਼ੀ ਜਿੱਤਣ ਲਈ ਵਰਤ ਰਹੇ ਸਨ। ਪੰਜਾਬ ਦੇ ਸਾਰੇ ਅਖਬਾਰਾਂ ਦੇ ਐਡੀਟਰਾਂ ਨੂੰ 20 ਨਵੰਬਰ 1923 ਨੂੰ ਬੁਲਾ ਕੇ ਖਬਰਦਾਰ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਖਿਲਾਫ-ਕਾਨੂੰਨ ਜਥੇਬੰਦੀ ਹੈ। ਇਸ ਦਾ ਕੋਈ ਏਲਾਨ ਨਾ ਛਾਪਿਆ ਜਾਏ। ਜੇ ਛਾਪੋਗੇ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਇਸ ਤਰ੍ਹਾਂ ਕਮੇਟੀ ਦੀ ਸਚਿਆਈ ਦੀ ਅਵਾਜ਼ ਦਾ ਗਲਾ ਘੁੱਟ ਦਿੱਤਾ ਗਿਆ ਅਤੇ ਸਾਮਰਾਜੀ ਝੂਠ ਨੇ ਪਰਧਾਨਗੀ ਸੰਭਾਲ ਕੇ ਕੂੜ ਤੇ ਕੁਸੱਤ ਦੇ ਆਪਣੇ ਪਰੋਪੈਗੰਡੇ ਦੀ ਦੁਹਾਈ ਦੇਣੀ ਸ਼ੁਰੂ ਕਰ ਦਿੱਤੀ।

ਰਿਆਸਤਾਂ ਦੇ ਆਮ ਲੋਕਾਂ ਵਿਚ ਜਾਨ ਸੀ ਪਰ ਰਿਆਸਤਾਂ ਦੇ ਰਾਜੇ ਮਹਾਰਾਜੇ "ਸਰਕਾਰ ਇੰਗਲਿਸ਼ੀਆ ਦੇ ਫਰਜ਼ੰਦਿ ਅਰਜ਼ਮੰਦ" ਬਣੇ ਹੋਏ ਸਨ। ਨਾਭਾ ਮਹਾਰਾਜ ਦੇ ਗੱਦੀਓਂ ਲਾਹੇ ਜਾਣ ਪਿੱਛੋਂ ਇਹ ਆਪਣੀਆਂ ਜਾਨਾਂ ਬਚਾਉਣ ਲਈ ਅੰਗਰੇਜ਼ ਅਫਸਰਾਂ ਦੇ ਚਰਨਾਂ ਤੇ ਵਧੇਰੇ ਨੱਕ ਰਗੜਨ ਲਗ ਪਏ ਸਨ। ਇਹਨਾਂ ਦੀ ਹਾਲਤ ਸ਼ੇਖ ਸਾਅਦੀ ਦੇ ਕੌਲ ਵਰਗੀ ਹੋ ਗਈ ਸੀ: ਜੇ ਬਾਦਸ਼ਾਹ ਦਿਨ ਨੂੰ ਕਹੇ ਕਿ ਔਹ ਵੇਖੋ ਰਾਤ ਪੈ ਗਈ, ਤਾਂ ਇਹ ਕਹਿਣ ਲਗ ਜਾਣਗੇ: ਜਹਾਂ ਪਨਾਹ, ਔਹ ਚੰਦ ਤੇ ਤਾਰੇ ਨਿਕਲ ਆਏ।[1] ਕੁੱਲ ਰਿਆਸਤਾਂ ਨੂੰ ਹੁਕਮ ਚਲੇ ਗਏ ਕਿ ਅਕਾਲੀਆਂ ਨੂੰ ਦਬਾਓ, ਕੋਈ ਮੀਟਿੰਗ, ਕੋਈ ਪਰਚਾਰ ਨਾ ਹੋਣ ਦਿਓ। ਉਹ ਪਹਿਲੋਂ ਹੀ ਨਹੀਂ ਸਨ ਮਾਣ, ਹੁਕਮ ਮਿਲਦਿਆਂ ਹੀ ਅਤਿਆਚਾਰ ਲਈ ਸਭ ਰਾਹ ਖੁਲ੍ਹ ਗਏ।

ਰਿਆਸਤਾਂ ਦੇ ਰਾਜਿਆਂ ਵਿਚੋਂ ਅਕਾਲੀ ਤਹਿਰੀਕ ਦਾ ਦੁਸ਼ਮਣ ਘੱਟ ਕੋਈ ਨਹੀਂ ਸੀ, ਸਭ ਵਧ ਤੋਂ ਵੱਧ ਸਨ। ਪਰ ਸਭ ਤੋਂ ਵੱਧ ਦੁਸ਼ਮਣ ਮਹਾਰਾਜਾ ਪਟਿਆਲਾ ਸੀ—ਓਹੋ ਹੀ ਮਹਾਰਾਜਾ ਪਟਿਆਲਾ ਜਿਹੜਾ ਕਾਰ ਸੇਵਾ ਦੇ ਦਿਨਾਂ ਵਿਚ ਨਵੇਂ ਸਿਰਿਓਂ, ਅਮਰਿਤਸਰ ਅਕਾਲ ਤਖਤ ਤੋਂ, ਅਮਰਿਤ ਛਕ ਕੇ ਤੇ ਭੁਲਾਂ ਬਖਸ਼ਵਾ ਕੇ ਗਿਆ ਸੀ। ਉਹ ਅਕਾਲੀ ਤਹਿਰੀਕ ਨੂੰ ਕੁਚਲਣ ਲਈ ਸਰਕਾਰ ਨੂੰ ਹਰ ਕਿਸਮ ਦੀ ਫੌਜੀ ਤੇ ਸਰਕਾਰੀ ਮੰਗ ਅਨੁਸਾਰ ਹਰ ਤਰ੍ਹਾਂ ਦੀ ਹੋਰ ਮਦਦ ਦੇਣ ਲਈ ਹਰ ਵੇਲੇ ਤਿਆਰ ਸੀ। ਵਿਲਸਨ ਨੇ ਉੱਚਤਮ-ਪਧਰੀ ਸਕੱਤਰੇਤ ਦੀ 9 ਫਰਵਰੀ 1924 ਦੀ ਮੀਟਿੰਗ ਵਿਚ ਮਹਾਰਾਜਾ ਪਟਿਆਲਾ ਦੀ ਇਕ ਚਿੱਠੀ ਪੇਸ਼ ਕੀਤੀ ਸੀ ਜਿਸ ਵਿਚ "ਨਾਭਾ ਰਿਆਸਤ ਨੂੰ ਮਦਦ ਦੇਣ ਦੀ" ਉਸ ਨੇ ਆਪਣੇ ਆਪ ਪੇਸ਼ਕਸ਼ ਕੀਤੀ ਸੀ। ਫੈਸਲਾ ਕੀਤਾ ਗਿਆ ਸੀ ਕਿ ਇਹ ਪੇਸ਼ਕਸ਼ ਲਾਭਕਾਰੀ ਹੋਣ ਦੇ ਕਾਰਣ ਪਰਵਾਨ ਕਰ ਲਈ ਜਾਵੇ। ਉਸ ਵੇਲੇ ਉਸ ਤੋਂ ਫੌਜ ਦਾ ਇਕ ਛੋਟਾ ਦਸਤਾ ਜੈਤੋ ਲਈ ਮੰਗਿਆ ਗਿਆ ਸੀ।

ਇਸ ਤੇ ਵੀ ਵਿਚਾਰ ਕੀਤੀ ਗਈ ਸੀ ਕਿ ਜੇ ਪਟਿਆਲਾ ਇਸ ਸੰਕਟ ਦੇ ਸਮੇਂ ਨਾਲ ਲਗਦੀ ਨਾਭਾ ਰਿਆਸਤ ਵਿਚ ਸਰਕਾਰੀ ਤਰਫਦਾਰੀ ਕਰਨ ਲਗ ਪਏ ਤਾਂ ਇਸ ਦਾ

---

[1] ਅਗਰ ਸ਼ਾਹ ਰੋਜ਼ ਰਾ ਗੋਇਦ ਸ਼ਬਸਤੀਂ, ਬਬਾਇਦ ਗੁਫਤ ਈਂਨਕ ਮਾਹੋ ਪਰਈਂ।

Digitized by Panjab Digital Library | www.panjabdigilib.org

ਅਸਰ ਚੰਗਾ ਪਏਗਾ। ਪਹਿਲੇ ਪੜਾਅ ਤੇ ਇਹ ਯਕੀਨ ਕੀਤਾ ਜਾਂਦਾ ਸੀ ਕਿ ਨਾਭੇ ਵਿਚ ਪਟਿਆਲਾ ਫੌਜ ਦੀ ਹਾਜ਼ਰੀ ਅਨ-ਲੁੜੀਂਦੀ ਹੈ, ਪਰ ਹੁਣ ਹਾਲਾਤ ਬਦਲ ਗਏ ਹਨ ਅਤੇ ਇਸ ਵੇਲੇ ਗਰਮ-ਖਿਆਲ ਸਿੱਖਾਂ ਦੇ ਦਿਮਾਗ ਵਿਚ ਇਹ ਖਿਆਲ ਵਾੜਨ ਦੇ ਹਾਂ-ਦਰੂ ਫਾਇਦੇ ਹਨ ਕਿ ਅਕਾਲੀ ਖਤਰੇ ਦੀ ਵਿਰੋਧਤਾ ਵਿਚ ਸਾਰੀਆਂ ਸਿੱਖ ਰਿਆਸਤਾਂ ਇੱਕ ਤੇ ਇਕਮੁੱਠ ਹਨ।[1]

## 1. ਪਟਿਆਲੇ ਦੇ ਬਹਾਦਰ ਅਕਾਲੀ

ਪਟਿਆਲੇ ਦੇ ਹਾਕਮ ਆਪਣੀ ਰਿਆਸਤ ਵਿਚ ਕਿਸੇ ਸ਼ਕਲ ਦੀ ਵੀ ਤਹਿਰੀਕ ਨਹੀਂ ਸਨ ਚਲਣ ਦੇਣਾ ਚਾਹੁੰਦੇ। ਉਹਨਾਂ ਨੇ ਸਿੱਖ ਦੀਵਾਨ ਕਰਨ ਜਾਂ ਨਗਰ ਕੀਰਤਨ ਦੇ ਜਲੂਸ ਕੱਢਣ ਉਤੇ ਪਾਬੰਦੀ ਲਾ ਦਿੱਤੀ ਹੋਈ ਸੀ। ਅਕਾਲੀਆਂ ਤੋਂ ਜ਼ਬਰਦਸਤੀ ਦਸਖਤ ਲਏ ਜਾ ਰਹੇ ਸਨ ਕਿ ਉਹ ਕਿਸੇ ਮੀਟਿੰਗ ਜਾਂ ਜਲੂਸ ਵਿਚ ਸ਼ਾਮਲ ਨਹੀਂ ਹੋਣਗੇ। ਪਰ ਸਾਰੀ ਰਿਆਸਤ ਵਿਚ ਮਹਾਰਾਜਾ ਨਾਭਾ ਦੀ ਬਹਾਲੀ ਲਈ ਬੜਾ ਉਭਾਰ ਸੀ ਅਤੇ ਅਕਾਲੀ ਤੇ ਆਮ ਲੋਕ ਨਾਭਾ-ਦਿਨ ਮਨਾਉਣ ਲਈ ਪਿੰਡਾਂ ਦੇ ਜਥਿਆਂ ਦੇ ਜਥੇ ਲਾਗੇ ਦੇ ਕਸਬਿਆਂ ਤੇ ਸ਼ਹਿਰਾਂ ਵਿਚ ਇਕੱਠੇ ਹੋਣ ਲਈ ਆ ਰਹੇ ਸਨ ਤਾਂ ਜੋ ਮਹਾਰਾਜਾ ਨਾਭਾ ਦੀ ਬਹਾਲੀ ਦੇ ਅਰਦਾਸੇ ਵਿਚ ਸ਼ਾਮਲ ਹੋਇਆ ਜਾਏ। ਪਟਿਆਲੇ ਸ਼ਹਿਰ ਦੇ ਨਾਕਿਆਂ ਤੇ ਪੁਲਸ ਦੇ ਖਾਸ ਪਰਬੰਧ ਕੀਤੇ ਗਏ ਸਨ ਤਾਂ ਜੋ ਕੋਈ ਜਥਾ ਸ਼ਹਿਰ ਦੇ ਅੰਦਰ ਨਾ ਆ ਸਕੇ। ਸਾਰੀ ਰਿਆਸਤ ਵਿਚ ਦਹਿਸ਼ਤ ਤੇ ਤਸ਼ੱਦਦ ਦਾ ਰਾਜ ਕਾਇਮ ਕੀਤਾ ਗਿਆ ਸੀ। ਸਟੇਸ਼ਨ ਪਟਿਆਲਾ ਉਤੇ ਅਕਾਲੀਆਂ ਨੂੰ ਰੋਕਣ ਦਾ ਖਾਸ ਪਰਬੰਧ ਕੀਤਾ ਗਿਆ ਸੀ। ਪੁਲਸ ਦੀ ਗਸ਼ਤ ਸ਼ਹਿਰ ਵਿਚ ਲੋਕਾਂ ਨੂੰ ਭੈ ਭੀਤ ਕਰਨ ਲਈ ਹਰ ਵੇਲੇ ਹੁੰਦੀ ਰਹਿੰਦੀ ਸੀ।

ਪਿੰਡਾਂ ਵਿਚੋਂ ਪਟਿਆਲੇ ਨੂੰ 100 ਅਕਾਲੀਆਂ ਦਾ ਇਕ ਜਥਾ ਆਇਆ ਜਿਸ ਨੇ ਤਿਤਰ ਬਿਤਰ ਹੋਣ ਤੋਂ ਇਨਕਾਰ ਕਰ ਦਿਤਾ। ਉਹਨਾਂ ਨੂੰ ਫੜ ਲਿਆ ਗਿਆ। ਅਖਬਾਰਾਂ ਦੇ ਨੁਮਾਇੰਦਿਆਂ ਉਤੇ ਸ਼ਹਿਰ ਵਿਚ ਜਾਣ ਦੀ ਪਾਬੰਦੀ ਲਾ ਦਿਤੀ। ਜਿਹੜੇ ਅੱਧੀ ਕੁ ਦਰਜਨ ਪਤਰਕਾਰ ਸ਼ਹਿਰ ਦੇ ਅੰਦਰ ਸਨ ਉਹਨਾਂ ਉਤੇ ਸੀ. ਆਈ. ਡੀ. ਦੇ ਬੰਦੇ ਲਾ ਦਿਤੇ। ਸਰਹੰਦ ਵਿਚ ਦੋ ਕੁ ਸੌ ਅਕਾਲੀ ਫੜ ਲਏ ਤਾਂ ਜੁ ਉਹ ਕਿਸੇ ਮੁਜ਼ਾਹਰੇ ਵਿਚ ਹਿੱਸਾ ਨਾ ਲੈ ਸਕਣ। ਭਵਾਨੀ ਗੜ੍ਹ ਦੀ ਪੁਲੀਸ ਦੇ ਲਾਠੀਚਾਰਜ ਦੇ ਬਾਵਜੂਦ ਲੋਕਾਂ ਨੇ ਖਿਲਰਨ ਤੋਂ ਇਨਕਾਰ ਕਰ ਦਿਤਾ ਅਤੇ ਪਿੰਡਾਂ ਵਿਚੋਂ ਹੋਰ ਕਈ ਲੋਕ ਆਣ ਸ਼ਾਮਲ ਹੋਏ। ਉਹਨਾਂ ਨੇ ਘਰਾਂ ਨੂੰ ਜਾਣ ਤੋਂ ਇਨਕਾਰ ਕਰ ਦਿਤਾ ਅਤੇ ਪੁਲਸ ਪਾਸ ਉਹਨਾਂ ਨੂੰ ਫੜਨ ਤੋਂ ਛੁਟ ਕੋਈ ਹੋਰ ਚਾਰਾ ਨਾ ਰਿਹਾ।

ਬਰਨਾਲੇ ਵਿਚ ਇਸ ਤੋਂ ਵੱਧ ਜ਼ੋਰ ਸੀ। ਉਹਨਾਂ ਨੇ ਓਹੋ ਅਰਦਾਸੇ ਕੀਤੇ ਜਿਨ੍ਹਾਂ ਉਤੇ ਪਾਬੰਦੀ ਲਾਈ ਗਈ ਸੀ। ਠੀਕਰੀਵਾਲਾ (ਸ਼ਹੀਦ ਸੇਵਾ ਸਿੰਘ ਦਾ ਪਿੰਡ) ਵਿਚ ਇਕ ਵਡਾ ਦੀਵਾਨ ਕੀਤਾ ਅਤੇ ਜਲੂਸ ਕਢਿਆ ਗਿਆ। ਪੁਲਸ ਨੇ ਜਥੇਦਾਰ ਤੇ ਪੰਜਾਂ ਅਕਾਲੀਆਂ ਨੂੰ ਗਰਿਫਤਾਰ ਕਰ ਲਿਆ। ਲੋਕਾਂ ਨੇ ਘੇਰਾ ਪਾ ਲਿਆ ਅਤੇ ਜਥੇਦਾਰ ਤੋਂ ਅਡ ਹੋਣੋਂ ਇਨਕਾਰ ਕਰ ਦਿਤਾ ਜਿਸ ਤੇ ਪੁਲਸ ਨੂੰ ਕੋਈ ਢਾਈ ਸੌ ਆਦਮੀ ਫੜਨੇ ਪਏ ਜਿਹੜੇ ਬਰਨਾਲੇ ਲੈ ਆਂਦੇ ਗਏ। ਬਰਨਾਲੇ ਦੇ ਸਿੱਖ ਵੀ ਉਹਨਾਂ ਨਾਲ ਸ਼ਾਮਲ ਹੋ ਗਏ ਅਤੇ ਓਥੋਂ ਦੀਆਂ ਸਿੱਖ ਵੀਰਾਂਗਣਾਂ

---

[1] ਇਹ ਮੀਟਿੰਗ ਦਿੱਲੀ ਵਿਚ ਹੋਈ। ਇਸ ਵਿਚ ਹੇਲੀ, ਥੌਂਪਸਨ, ਕਰੇਕ, ਕਰੀਰਾਰ, ਜੌਹਨਸਨ ਅਤੇ ਮੇਜਰ ਓਗਿਲਵੀ ਹਾਜ਼ਰ ਸਨ। ਇਸ ਦੇ ਫੈਸਲਿਆਂ ਦਾ ਅੱਗੇ ਹੋਰ ਜ਼ਿਕਰ ਹੋਵੇਗਾ।

Digitized by Panjab Digital Library | www.panjabdigilib.org

ਵੀ ਸ਼ਾਮਲ ਹੋ ਗਈਆਂ । ਰਾਜਪੁਰੇ ਦਾ ਜਥਾ ਜਿਹੜਾ ਪਟਿਆਲੇ ਨੂੰ ਜਲੂਸ ਵਿਚ ਸ਼ਾਮਲ ਹੋਣ ਲਈ ਜਾ ਰਿਹਾ ਸੀ ਰਾਹ ਵਿਚ ਹੀ ਫੜ ਲਿਆ ਗਿਆ । ਸੁਨਾਮ ਦੇ ਸਾਰਿਆਂ ਗੁਰਦੁਆਰਿਆਂ ਨੂੰ ਜਿਨ੍ਹਾਂ ਵਿਚ ਦੀਵਾਨ ਪਿਛੋਂ ਅਰਦਾਸੇ ਹੋਣੇ ਸਨ, ਗੌਰਮਿੰਟ ਨੇ ਤਾਲੇ ਜੜ ਦਿਤੇ । ਖੁਦ ਪਟਿਆਲਾ ਰਿਆਸਤ ਵਿਚ ਅਕਾਲੀ ਤਹਿਰੀਕ ਦਾ ਇਹੋ ਜੇਹਾ ਸ਼ਾਨਦਾਰ ਉਭਾਰ ਸੀ ।

ਇਹ ਸੀ ਮਹਾਰਾਜਾ ਪਟਿਆਲਾ ਦੀ ਆਪਣੀ ਰਿਆਸਤ ਵਿਚ ਇੱਜ਼ਤ ! ਇਕ ਖੁਫੀਆ ਰਿਪੋਰਟ ਵਿਚ ਠੀਕ ਹੀ ਲਿਖਿਆ ਗਿਆ ਸੀ ਕਿ : "ਗੌਰਮਿੰਟ ਤੋਂ ਪਿਛੋਂ ਮਾਲਵਾ ਸਿੱਖ ਖਿੱਤੇ ਵਿਚ ਸਭ ਤੋਂ ਵਧੀਕ ਨਾ-ਲੋਕ-ਪਿਆਰਾ (ਯਾਨੀ ਬਦਨਾਮ) ਮਹਾਰਾਜਾ ਪਟਿਆਲਾ ਹੈ ਜਿਸ ਦੇ ਖਿਲਾਫ ਸ਼੍ਰੋਮਣੀ ਕਮੇਟੀ ਪ੍ਰਾਪੇਗੰਡਾ ਕਰ ਰਹੀ ਹੈ......।"[1]

## 2. ਫਰੀਦ ਕੋਟ ਵਿਚ ਅਤਿਆਰ

ਜੋ ਸਲੂਕ ਪਟਿਆਲੇ ਵਿਚ ਹੋਇਆ ਓਹੋ ਹੀ ਸਲੂਕ ਰਿਆਸਤ ਫਰੀਦਕੋਟ ਵਿਚ ਅਕਾਲੀ ਜਥਿਆਂ ਨਾਲ ਕੀਤਾ ਗਿਆ । ਫਰੀਦਕੋਟ ਦੇ ਰਾਜ-ਪਰਬੰਧਕ ਪਰਧਾਨ[2] ਨੇ ਏਲਾਨ ਕੀਤਾ ਕਿ ਰਿਆਸਤ ਦੀ ਰਿਆਇਆ ਦੇ ਬੰਦੇ ਨਾ ਕਿਸੇ ਮੁਜ਼ਾਹਰੇ ਵਿਚ ਸ਼ਾਮਲ ਹੋ ਸਕਦੇ ਹਨ ਨਾ ਜੈਤੋ ਦੇ ਦੀਵਾਨ ਵਿਚ ਜਾ ਸਕਦੇ ਹਨ ਅਤੇ ਨਾ ਹੀ ਮਹਾਰਾਜਾ ਨਾਭਾ ਨਾਲ ਕਿਸੇ ਕਿਸਮ ਦੀ ਹਮਦਰਦੀ ਦਾ ਪਰਗਟਾਅ ਕਰ ਸਕਦੇ ਹਨ । ਫਰੀਦਕੋਟ ਦੇ ਅਕਾਲੀ ਜਥੇ ਦੇ ਇਕ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ: ਗੁਰਬਖਸ਼ ਸਿੰਘ ਨੂੰ ਸੁਪਰੇਂਡੰਟ ਪੁਲਸ ਨੇ ਆਪਣਾ ਆਦਮੀ ਘੱਲ ਕੇ ਸਦਿਆ ਅਤੇ ਉਸ ਨੂੰ ਹੁਕਮ ਦਿਤਾ ਕਿ ਉਹ ਫਰੀਦਕੋਟ ਵਿਚ ਕੋਈ ਜਲੂਸ ਨਾ ਨਿਕਲਣ ਦੇਵੇ ! ਪਰ ਉਸ ਨੇ ਅਗੋਂ ਨਿਝੱਕ ਹੋ ਕੇ ਜਵਾਬ ਦਿਤਾ ਕਿ ਸ਼੍ਰੋਮਣੀ ਕਮੇਟੀ ਦੀਆਂ ਇਸ ਬਾਰੇ ਹਦਾਇਤਾਂ ਆ ਚੁਕੀਆਂ ਹਨ, ਲੋਕ ਉਹਨਾਂ ਓਤੇ ਅਮਲ ਕਰਨ ਲਈ ਤੁਲੇ ਹੋਏ ਹਨ, ਉਹ ਰੋਕੇ ਨਹੀਂ ਜਾ ਸਕਦੇ ਅਤੇ ਉਸ ਨੇ ਪੁਲਸ ਅਫਸਰ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿਤਾ ਕਿ ਇਸ ਮਾਮਲੇ ਵਿਚ ਮੈਂ ਤੁਹਾਡੀ ਕੋਈ ਮਦਦ ਨਹੀਂ ਕਰ ਸਕਦਾ ।

ਸ: ਗੁਰਬਖਸ਼ ਸਿੰਘ ਨੂੰ, ਇਸ ਦਲੇਰੀ-ਭਰੇ ਜਵਾਬ ਪਿਛੋਂ ਫੜ ਲਿਆ ਗਿਆ ਅਤੇ ਫੇਰ ਜਥੇ ਦੇ ਜਥੇਦਾਰ ਸ: ਨੰਦ ਸਿੰਘ ਨੂੰ ਡਰਾਇਆ ਧਮਕਾਇਆ ਗਿਆ ਤੇ ਫੜ ਲੈਣ ਦੀ ਧਮਕੀ ਦਿਤੀ । ਉਸ ਨੇ ਵੀ ਪੁਲਸ ਨੂੰ ਖੜਕਵਾਂ ਜਵਾਬ ਦਿਤਾ ਜਿਸ ਤੇ ਉਸ ਨੂੰ ਵੀ ਫੜਕੇ ਜੇਲ੍ਹੇ ਤੋਰ ਦਿਤਾ । ਸਾਰੇ ਸ਼ਹਿਰ ਦੇ ਆਲੇ ਦੁਆਲੇ ਪੁਲਸ ਦੇ ਪਹਿਰੇ ਲਾ ਦਿਤੇ ਗਏ ਤਾਂ ਜੋ ਬਾਹਰੋਂ ਕਿਸੇ ਅਕਾਲੀ ਨੂੰ ਸ਼ਹਿਰ ਵਿਚ ਨਾ ਆਉਣ ਦਿਤਾ ਜਾਵੇ । ਪਰ ਇਹਨਾਂ ਪਾਬੰਦੀਆਂ ਦੀ ਕੋਈ ਪਰਵਾਹ ਨਾ ਕਰਦੇ ਹੋਏ ਸੈਂਕੜੇ ਸਿੰਘ ਫਰੀਦਕੋਟ ਰੇਲਵੇ ਸਟੇਸ਼ਨ ਤੇ ਪਹੁੰਚ ਗਏ । ਉਹਨਾਂ ਦੇ ਨਾਲ ਗੁਰੂ ਗਰੰਥ ਸਾਹਿਬ ਦੀ ਪਾਲਕੀ ਧਾਰਮਕ ਜਲੂਸ ਵਜੋਂ ਮੌਜੂਦ ਸੀ । ਪਰ ਏਥੇ ਧਰਮ ਦੀ ਜਾਂ ਗੁਰੂ ਗਰੰਥ ਸਾਹਿਬ ਦੀ ਕੌਣ ਪਰਵਾਹ ਕਰਦਾ ਸੀ ? ਪਾਲਕੀ ਉਹਨਾਂ ਪਾਸੋਂ ਖੋਹ ਲਈ ਗਈ ਅਤੇ ਸਾਰਿਆਂ ਨੂੰ ਫੜਕੇ ਜੇਲ੍ਹ ਵਿਚ ਧੱਕ ਦਿਤਾ ਗਿਆ । ਸ਼ਾਮ ਨੂੰ ਸਿੰਘਾਂ ਨੂੰ ਛਡ ਦਿਤਾ ਗਿਆ ਅਤੇ ਆਖਿਆ ਕਿ ਜਾਓ ਘਰਾਂ ਨੂੰ ਚਲੇ ਜਾਓ । ਸਿੰਘਾਂ ਨੇ ਫੇਰ ਜਲੂਸ ਬਣਾ ਲਿਆ ਅਤੇ ਏਲਾਨ

---

[1] Four Reports by the Commandant, Jullundur Brigade Area.

[2] ਫਰੀਦਕੋਟ ਵਿਚ ਓਹਨੀਂ ਦਿਨੀਂ ਕੌਂਸਲ ਆਫ ਰੀਜੰਸੀ ਕਾਇਮ ਸੀ ਜਿਸ ਦਾ ਪਰਧਾਨ ਅੰਗਰੇਜ਼ ਰਾਜ ਦਾ ਇਕ ਹੇਜਲਾ ਪੁੱਤਰ ਇੰਦਰ ਸਿੰਘ ਸੀ ।

Digitized by Panjab Digital Library | www.panjabdigilib.org

ਕੀਤਾ ਕਿ ਜਦੋਂ ਤਕ 9 ਸਤੰਬਰ ਦਾ ਦਿਨ ਖਤਮ ਨਹੀਂ ਹੋ ਜਾਂਦਾ, ਓਨਾ ਚਿਰ ਉਹਨਾਂ ਦਾ ਜਲੂਸ ਕੱਢਣ ਦਾ ਪਰੋਗਰਾਮ ਕਾਇਮ ਹੈ। ਇਸ ਲਈ ਉਹਨਾਂ ਨੂੰ ਫੇਰ ਫੜ ਲਿਆ ਅਤੇ ਰਾਤ ਦੇ ਬਾਰਾਂ ਵਜੇ ਦੇ ਪਿਛੋਂ ਰਿਹਾ ਕੀਤਾ ਗਿਆ ਅਤੇ ਧਮਕੀਆਂ ਦਿਤੀਆਂ ਗਈਆਂ ਕਿ ਜੇ ਤੁਸਾਂ ਰਿਆਸਤ ਵਿਚ ਗੜਬੜ ਕੀਤੀ ਤਾਂ ਤੁਹਾਡੇ ਪਿੰਡਾਂ ਵਿਚ ਪੁਲਸ ਦੀਆਂ ਤਾਅਜ਼ੀਰੀ ਚੌਕੀਆਂ ਬਿਠਾ ਦਿਤੀਆਂ ਜਾਣਗੀਆਂ ਅਤੇ ਤੁਹਾਡੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ।

ਭਾਈ ਅਮਰ ਸਿੰਘ ਕੋਟਕਪੂਰਾ ਦੇ ਇਕ ਸਕੂਲ ਦੇ ਧਾਰਮਕ ਟੀਚਰ ਸਨ। ਉਹ ਸ਼੍ਰੋਮਣੀ ਕਮੇਟੀ ਦੇ ਹੁਕਮਾਂ ਦੀ ਪਾਲਨਾ ਕਰਨਾ ਆਪਣਾ ਧਰਮ ਸਮਝਦੇ ਸਨ। ਉਹਨਾਂ ਨੂੰ ਜਲੂਸ ਜਥੇਬੰਦ ਕਰਨ ਦੇ ਜੁਰਮ ਵਿਚ ਰਿਆਸਤ ਵਿਚੋਂ ਕੁਛ ਅਰਸੇ ਲਈ ਨਿਕਲ ਜਾਣ ਦਾ ਹੁਕਮ ਦਿਤਾ ਗਿਆ। ਫਰੀਦਕੋਟ ਨੂੰ ਸਿਖਾਂ ਵਾਲਾ, ਸਿਦਰੀ ਅਤੇ ਚੈਹੀ ਵਗੈਰਾ ਪਿੰਡਾਂ ਦੇ ਲੋਕ ਜਥੇ ਦੀ ਸ਼ਕਲ ਵਿਚ ਸ਼ਬਦ ਪੜ੍ਹਦੇ ਜਾ ਰਹੇ ਸਨ। ਉਹਨਾਂ ਨੂੰ ਵੀ ਫੜਕੇ ਬੰਦ ਕਰ ਦਿਤਾ ਗਿਆ।

ਇਹਨਾ ਦਿਨਾਂ ਵਿਚ ਅਕਾਲੀ ਤਹਿਰੀਕ ਨੂੰ ਦਬਾਣਾ ਤੇ ਕੁਚਲਨਾ ਅੰਗਰੇਜ਼ ਹਾਕਮਾਂ ਤੋਂ ਵਫਾਦਾਰੀ ਦਾ ਸਾਰਟੀਫਿਕਟ ਹਾਸਲ ਕਰਨਾ ਸੀ। ਸ਼ਰੋਮਣੀ ਕਮੇਟੀ ਦੀ ਰਾਏ ਵਿਚ ਫਰੀਦਕੋਟ ਵਿਚ ਜਿਹੜਾ ਵਰਤਾਅ ਅਕਾਲੀਆਂ ਨਾਲ ਕੀਤਾ ਜਾਂਦਾ ਸੀ ਉਹ ਅੰਗਰੇਜ਼ ਰਾਜ ਦੇ ਗੁਰਦੁਆਰਾ ਸੁਧਾਰ ਲਹਿਰ ਦੇ ਖਤਮ ਕਰਨ ਦੇ ਵਰਤਾਅ ਨਾਲੋਂ ਵੀ ਬਾਜ਼ੀ ਲੈ ਗਿਆ ਸੀ। ਅਕਾਲੀਆਂ ਨੂੰ ਸੱਤ ਸੱਤ ਸਾਲ ਦੀ ਕੈਦ ਦਿਤੀ ਜਾਂਦੀ ਸੀ ਅਤੇ ਨਾਲ ਹੀ ਇਕ ਇਕ ਹਜ਼ਾਰ ਦੇ ਜੁਰਮਾਨੇ ਕੀਤੇ ਜਾਂਦੇ ਸਨ। ਜੇਲ੍ਹਾਂ ਵਿਚ ਅਕਾਲੀ ਕੈਦੀਆਂ ਨੂੰ ਇਨਸਾਨ ਨਹੀਂ ਸੀ ਸਮਝਿਆ ਜਾਂਦਾ—ਉਹਨਾਂ ਨਾਲ ਅਸਭਿਅਕ ਅਤੇ ਪਸ਼ੂਆਂ ਵਾਲਾ ਸਲੂਕ ਕੀਤਾ ਜਾਂਦਾ ਸੀ।

ਹਥਕੜੀਆਂ ਤੇ ਪੈਰੀਂ ਬੇੜੀਆਂ ਲਾਉਣ ਦੀ ਸਜ਼ਾ ਆਮ ਦਿਤੀ ਜਾਂਦੀ ਸੀ। ਤੇ ਉਹ ਵੀ ਚੌਦਾਂ ਚੌਦਾਂ ਘੰਟੇ। ਅਤੇ ਕੈਦੀਆਂ ਨੂੰ ਕਈ ਵਾਰ ਬੇਹੋਸ਼ੀ ਦੀ ਹਾਲਤ ਵਿਚ ਪੁੱਠਾ ਲਟਕਾ ਦਿਤਾ ਜਾਂਦਾ ਸੀ। ਇਸ ਹਾਲਤ ਵਿਚ ਕਈ ਅਕਾਲੀਆਂ ਦੀਆਂ ਟੱਟੀਆਂ ਬੇਹੋਸ਼ੀ ਦੀ ਹਾਲਤ ਵਿਚ ਨਿਕਲ ਜਾਂਦੀਆਂ ਸਨ। ਉਹਨਾਂ ਨੂੰ ਹੋਰ ਕਈ ਲੂੰਅ-ਕੰਡੇ ਖੜੇ ਕਰਨ ਵਾਲੀਆਂ ਸਜ਼ਾਵਾਂ ਦਿਤੀਆਂ ਜਾਂਦੀਆਂ ਸਨ। ਭਾਈ ਤਖਤ ਸਿੰਘ ਨੂੰ 14 ਸਾਲ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿਤੀ ਗਈ। ਕੋਈ ਦਰਜਨ ਸਿੰਘਾਂ ਨੂੰ ਸੱਤ ਸੱਤ ਸਾਲ ਕੈਦ ਦੀ ਸਜ਼ਾਂ ਤੋਂ ਛੁੱਟ ਇਕ ਇਕ ਹਜ਼ਾਰ ਰੁਪਇਆ ਜੁਰਮਾਨਾ ਕੀਤਾ ਗਿਆ।[1]

ਫ਼ਰੀਦਕੋਟ ਦੇ ਪਰਧਾਨ ਲਈ, ਪਟਿਆਲੇ ਵਾਂਗ, ਅੰਗਰੇਜ਼ ਸਾਮਰਾਜ ਦੇ ਹੁਕਮ ਪਰਧਾਨ ਸਨ, ਧਰਮ ਪਰਧਾਨ ਨਹੀਂ ਸੀ।

## 3. ਨਾਭੇ ਦੇ ਸ਼ੇਰ ਅਕਾਲੀ

ਮੋਰਚੇ ਦਾ ਗੜ੍ਹ ਨਾਭਾ (ਜੈਤੋ) ਸੀ। ਏਥੋਂ ਦੇ ਅੰਗਰੇਜ਼ ਐਡਮਨਿਸਟਰੇਟਰ ਵਿਲਸਨ ਨੂੰ ਹਿਟਲਰੀ ਅਧਿਕਾਰ ਮਿਲੇ ਹੋਏ ਸਨ। ਇਸ ਨੂੰ ਮਰਦਾਂ ਨੂੰ ਕਤਲ ਕਰਨ ਅਤੇ ਇਸਤਰੀਆਂ ਨੂੰ ਕੁੱਟਣ ਮਾਰਨ ਦੀ ਪੂਰੀ ਆਜ਼ਾਦੀ ਮਿਲੀ ਹੋਈ ਸੀ। ਇਹ ਅੰਗਰੇਜ਼ ਸਾਮਰਾਜ ਦੇ ਸਾਊਪੁਣੇ ਦੀ ਚੰਡਾਲ਼ ਤੇ ਖੂੰਖਾਰ ਸ਼ਕਲ ਦਾ ਕੋਈ ਮਾੜਾ ਨਮੂਨਾ ਨਹੀਂ ਸੀ।

ਇਸ ਨੇ ਸ਼ਹੀਦੀ ਜਥੇ ਦਾ ਮੁਕਾਬਲਾ ਕਰਨ ਲਈ ਕੋਈ ਦੋ ਹਜ਼ਾਰ ਦੇ ਲਗ ਭਗ

[1] ਵੇਖੋ ਅਕਾਲੀ, 1 ਫਰਵਰੀ 1924 ਤੇ ਸ਼੍ਰੋਮਣੀ ਕਮੇਟੀ ਦਾ ਏਲਾਨ ਨੰਬਰ 598

Digitized by Panjab Digital Library | www.panjabdigilib.org

ਜੀ-ਹਜ਼ੂਰੀਏ ਤੇ ਅੰਗਰੇਜ਼ ਪਿੱਠੂ ਇਕਠੇ ਕੀਤੇ ਸਨ ਤਾਂ ਜੋ ਉਹਨਾਂ ਕੋਲੋਂ ਜਥੇ ਉਤੇ ਹਮਲਾ ਕਰਾਇਆ ਜਾਏ ਅਤੇ ਜਥੇ ਨੂੰ ਮਾਰ ਕੁੱਟ ਕੇ ਰਿਆਸਤ ਵਿਚੋਂ ਬਾਹਰ ਕੱਢ ਦਿਤਾ ਜਾਵੇ। ਉਹ ਜਥੇ ਦੇ ਪਹੁੰਚਣ ਵੇਲੇ ਓਥੇ ਹਾਜ਼ਰ ਸਨ। ਪਰ ਮਲੂਮ ਹੁੰਦਾ ਹੈ ਕਿ ਵਿਲਸਨ ਨੇ ਮੌਕੇ ਤੇ ਇਹ ਇਰਾਦਾ ਇਸ ਲਈ ਬਦਲ ਲਿਆ ਕਿ ਉਹ ਸਿੱਖਾਂ ਨੂੰ ਚੰਗਾ ਤਕੜਾ "ਸਬਕ" ਸਿਖਾਣਾ ਚਾਹੁੰਦਾ ਸੀ। ਇਸ ਲਈ ਮਾਰ-ਕੁਟਾਈ ਨਾਲੋਂ ਗੋਲੀਆਂ ਚਲਾਣ ਦਾ ਹੁਕਮ ਦੇ ਕੇ ਅਕਾਲੀਆਂ ਦੇ ਸੱਥਰ ਉਤੇ ਸੱਥਰ ਲਾਹੁਣ ਨੂੰ ਵਧੇਰੇ "ਸਿਖਿਆਦਾਇਕ" ਸਮਝਿਆ ਗਿਆ।

ਇਸ ਲਈ ਨਾਭਾ ਰਿਆਸਤ ਵਿਚ ਤਾਂ ਤਸ਼ੱਦਦ ਤੇ ਜ਼ੁਲਮ ਦਾ ਕੋਈ ਹੱਦ ਬੰਨਾ ਹੀ ਨਹੀਂ ਸੀ। ਦਰਜਨਾਂ ਦੇਸ਼ ਭਗਤਾਂ ਨੂੰ ਰਿਆਸਤ ਵਿਚੋਂ ਬਾਹਰ ਕੱਢ ਦਿਤਾ ਗਿਆ, ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ, ਕਈਆਂ ਨੂੰ ਨਜ਼ਰਬੰਦ ਕੀਤਾ ਗਿਆ। ਹਜ਼ਾਰਾਂ ਪਾਸੋਂ ਨੇਕ ਚਲਨੀ ਦੇ ਮੁਚੱਲਕੇ ਲਏ ਗਏ। ਜਿਸ ਉਤੇ ਵੀ ਮਹਾਰਾਜਾ ਨਾਭਾ ਨਾਲ ਹਮਦਰਦੀ ਦਾ ਸ਼ੱਕ ਪੈਦਾ ਹੋਇਆ, ਓਸੇ ਦੀ ਸ਼ਾਮਤ ਆ ਗਈ। ਵਿਲਸਨ ਨੇ ਸਿਰਫ 5 ਮਹੀਨਿਆਂ (ਅਗਸਤ 1923 ਤੋਂ ਜਨਵਰੀ 1924) ਵਿਚ 90 ਸਿੰਘਾਂ ਦੀਆਂ ਜਾਏਦਾਦਾਂ ਜ਼ਬਤ ਕੀਤੀਆਂ ਅਤੇ 12000 ਕੋਲੋਂ 'ਨੇਕ ਚਲਨੀ' ਦੀਆਂ ਜ਼ਮਾਨਤਾਂ ਲਈਆਂ।[1] ਵਿਲਸਨ ਦੇ ਬਾਕੀ ਅਹਿਦ ਦਾ ਜ਼ੁਲਮ ਤੇ ਜਬਰ ਕਲਪਨਾ ਵਿਚ ਤਾਂ ਲਿਆਂਦਾ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ।

## 4. ਕਪੂਰਥਲੇ ਵਿਚ ਜ਼ੁਲਮ

ਮਾਰਚ 1922 ਵਿਚ ਗੌਰਮਿੰਟ ਵਲੋਂ ਅਕਾਲੀਆਂ ਉਤੇ ਸਖਤੀ ਕਰਨ ਤੇ ਦਬਾਣ ਦੇ ਹੁਕਮ ਸਿਰਫ ਪੰਜਾਬ ਦੇ ਜ਼ਿਲਿਆਂ ਨੂੰ ਹੀ ਨਹੀਂ ਸਨ ਭੇਜੇ ਗਏ, ਪੰਜਾਬ ਦੀਆਂ ਰਿਆਸਤਾਂ ਨੂੰ ਵੀ ਭੇਜੇ ਗਏ ਸਨ। ਅਕਾਲੀ ਤਹਿਰੀਕ ਉਤੇ ਭਰਪੂਰ ਸਖਤੀ ਦੀ ਕਾਰਵਾਈ ਉਸ ਵਕਤ ਤੋਂ ਹੀ ਰਿਆਸਤਾਂ ਵਿਚ ਸ਼ੁਰੂ ਹੋ ਗਈ ਸੀ। ਇਸ ਵਿਚ ਰਿਆਸਤ ਕਪੂਰਥਲਾ ਕਿਸੇ ਰਿਆਸਤ ਨਾਲੋਂ ਪਿੱਛੇ ਨਹੀਂ ਸੀ ਰਹਿਣਾ ਚਾਹੁੰਦੀ। ਕਪੂਰਥਲੇ ਦੇ ਟਿੱਕਾ ਸਾਹਿਬ ਨੇ 19.3.22 ਨੂੰ ਜਿਹੜਾ ਫਰਮਾਨ ਜਾਰੀ ਕੀਤਾ ਉਸ ਦੀ ਮਾਰ ਦੇ ਘੇਰੇ ਦਾ ਸੰਖੇਪ ਜਿਹਾ ਅਧਿਅਨ ਕਰੋ :

ਕੋਈ ਅਕਾਲੀ ਆਪਣੇ ਪਿੰਡਾਂ ਤੋਂ ਬਾਹਰ ਨਾ ਨਿਕਲੇ, ਜਿਹੜਾ ਆਗਿਆ ਤੋਂ ਬਗੈਰ ਆਪਣੇ ਪਿੰਡੋਂ ਬਾਹਰ ਜਾਏਗਾ, ਉਹ ਗਰਿਫਤਾਰ ਕਰ ਲਿਆ ਜਾਵੇਗਾ। ਜਥੇਦਾਰ ਆਪਣੇ ਆਪਣੇ ਜਥੇ ਦੇ ਜ਼ੁਮੇਵਾਰ ਹੋਣਗੇ। ਪੁਲਸ ਦੇ ਡਾਇਰੈਕਟਰ ਦੀ ਆਗਿਆ ਬਗੈਰ ਕੋਈ ਮੀਟਿੰਗ ਨਹੀਂ ਹੋ ਸਕੇਗੀ। ਜਿਹੜੀਆਂ ਮੀਟਿੰਗਾਂ ਆਗਿਆ ਤੋਂ ਬਗੈਰ ਕੀਤੀਆਂ ਜਾਣਗੀਆਂ ਉਹ ਖਿਲਾਫ ਕਾਨੂੰਨ ਸਮਝੀਆਂ ਜਾਣਗੀਆਂ ਅਤੇ ਖਿੰਡਾ ਦਿਤੀਆਂ ਜਾਣਗੀਆਂ।

ਫਗਵਾੜੇ ਲਈ ਇਕ ਚੀਫ ਐਗਜ਼ੈਕਟਿਵ ਅਫਸਰ ਮੁਕਰਰ ਕੀਤਾ ਜਾਵੇ। ਉਹ ਸਾਰੀ ਤਹਿਸੀਲ ਦਾ ਜੁਮੇਵਾਰ ਹੋਵੇਗਾ। ਹਰ ਅਹਿਮ ਨਾਕੇ ਤੇ ਬੇੜੀਆਂ ਦੀ ਰਖਿਆ ਤੇ ਵੇਖ-ਭਾਲ ਕੀਤੀ ਜਾਵੇਗੀ। ਕੋਈ ਅਕਾਲੀ ਜਿਹੜਾ ਇਹਨਾਂ ਹੁਕਮਾਂ ਦੀ ਨਾ-ਫਰਮਾਨੀ ਕਰੇਗਾ ਉਹ ਸਿਰਫ ਫੜਿਆ ਹੀ ਨਹੀਂ ਜਾਏਗਾ, ਉਸ ਦੇ ਸਾਰੇ ਪਿੰਡ ਨੂੰ ਤਾਅਜ਼ੀਰੀ ਚੌਕੀ ਦਾ ਖਰਚਾ ਭਰਨਾ ਪਏਗਾ। ਦੂਸਰੇ ਫਿਰਕਿਆਂ ਦੇ ਐਜੀਟੇਟਰ ਕਿਸੇ ਹੋਰ ਪਿੰਡ ਵਿਚ ਜਾਣਗੇ ਤਾਂ ਫੜ ਲਏ ਜਾਣਗੇ। ਪੰਜਾਹ

[1] ਅਕਾਲੀ 30 ਜਨਵਰੀ 1924 (ਸ਼੍ਰੋ: ਕਮੇਟੀ ਦਾ ਏਲਾਨ)

Digitized by Panjab Digital Library | www.panjabdigilib.org

ਪੁਲਸ ਦੇ ਸਿਪਾਹੀ ਹੋਰ ਭਰਤੀ ਕੀਤੇ ਜਾਣਗੇ ਜਿਨ੍ਹਾਂ ਦਾ ਖਰਚਾ ਗੜਬੜ ਕਰਨ ਵਾਲੇ ਪਿੰਡਾਂ ਉਤੇ ਪਾਇਆ ਜਾਏਗਾ। ਬਾਹਰਲੇ ਸਭ ਐਜੀਟੇਟਰ ਫੜ ਲਏ ਜਾਣਗੇ।

ਅਤੇ ਨਾਮ ਦਰਜ ਕਰਕੇ ਹੁਕਮ ਦਿਤਾ ਗਿਆ ਕਿ ਫਗਵਾੜਾ ਤਹਿਸੀਲ ਦੇ 9 ਅਤੇ ਫਿਲਵਾਂ ਤਹਿਸੀਲ ਦੇ 9 ਆਗੂ ਫੜ ਲਏ ਜਾਣ। ਅਤੇ ਇਹਨਾਂ ਦੀ ਨਿਗਰਾਨੀ ਕਰਨ ਲਈ ਉਹਨਾਂ ਉਤੇ ਆਦਮੀ ਲਾਏ ਜਾਣ। ਜਮਾਂਦਾਰ ਅਮਰ ਸਿੰਘ ਧਾਲੀਵਾਲ ਦੀ ਪਿਨਸ਼ਨ ਬੰਦ ਕੀਤੀ ਜਾਵੇ। ਸੁਲਤਾਨਪੁਰ ਤਹਿਸੀਲ ਵਿਚੋਂ ਇਕ ਅਤੇ ਕਪੂਰਥਲਾ ਤਹਿਸੀਲ ਦੇ ਚਾਰ ਆਗੂ ਫੜ ਲਏ ਜਾਣ। ਪਿੰਡਾਂ ਵਲੋਂ ਬਣਾਈਆਂ ਕਮੇਟੀਆਂ ਤੋੜ ਦਿਤੀਆਂ ਜਾਣ। [1]

## 5. ਵਿਲਸਨ ਦੀ ਪਾਲਿਸੀ

ਜੈਤੋ ਦੇ ਕਤਲਾਮ ਦਾ ਮੁਤਾਲਿਆ ਕਰਨ ਤੋਂ ਪਹਿਲੋਂ ਅਸੀਂ ਵਿਲਸਨ ਦੀ ਪਾਲਿਸੀ ਦਾ ਕੁਛ ਅਧਿਅਨ ਕਰ ਲਈਏ :

ਵਿਲਸਨ ਦੀ ਪਾਲਿਸੀ ਇਹ ਸੀ ਕਿ ਅਕਾਲੀਆਂ ਨੂੰ ਬਾਹਰੋਂ ਅੰਦਰ ਜਾਣੋ ਰੋਕੋ ਅਤੇ 'ਦੀਵਾਨ ਦੇ ਮਿੰਬਰਾ ਨੂੰ ਉਕਾ ਹੀ ਕੋਈ ਰਸਦ ਪਾਣੀ ਅੰਦਰ ਨਾ ਪਹੁੰਚਣ ਦਿਉ। ਉਸ ਨੇ 6 ਸਤੰਬਰ ਨੂੰ ਖੁਦ ਜੈਤੋ ਜਾਕੇ ਇਹ ਹਦਾਇਤਾਂ ਸ: ਗੁਰਦਿਆਲ ਸਿੰਘ ਨੂੰ ਦਿਤੀਆਂ ਸਨ। 14 ਸਤੰਬਰ ਨੂੰ ਸ: ਗੁਰਦਿਆਲ ਸਿੰਘ ਨੇ ਤਾਰ ਰਾਹੀਂ ਵਿਲਸਨ ਨੂੰ ਮਜ਼ਬੂਤੀ ਨਾਲ ਸੁਝਾਅ ਦਿਤਾ ਕਿ ਦੀਵਾਨ ਦੇ ਅਤੇ ਗੁਰਦੁਆਰੇ ਦੇ ਅਕਾਲੀਆਂ ਨੂੰ ਫੌਰਨ ਫੜ ਲਿਆ ਜਾਵੇ। ਕਿਉਂਕਿ ਫਾਕਾਕਸ਼ੀ ਦੇ ਨਤੀਜੇ ਬੜੇ ਭੈੜੇ ਨਿਕਲ ਸਕਦੇ ਹਨ। ਵਿਲਸਨ ਨੇ ਅਗੋਂ ਜਵਾਬ ਦਿਤਾ ਕਿ ਦੀਵਾਨ ਜਾਂ ਗੁਰਦੁਆਰੇ ਵਿਚੋਂ ਗਰਿਫਤਾਰੀਆਂ ਕਿਸੇ ਸੂਰਤ ਵਿਚ ਨਾ ਕੀਤੀਆਂ ਜਾਣ। ਅਨਾਜ ਵਗੈਰਾ ਕਿਸੇ ਹਾਲਤ ਵਿਚ ਵੀ ਅੰਦਰ ਨਾ ਜਾਣ ਦਿਤਾ ਜਾਵੇ। ਦੀਵਾਨ ਦਾ ਘੇਰਾ ਨਹੀਂ ਕੀਤਾ ਜਾ ਰਿਹਾ। ਜਿਹੜੇ ਜਾਣਾ ਚਾਹੁੰਦੇ ਨੇ ਉਹ ਨਾਭਾ ਛਡ ਜਾਣ। ਉਹਨਾਂ ਨੂੰ ਗਰਿਫਤਾਰ ਨਹੀਂ ਕੀਤਾ ਜਾਏਗਾ। ਜੇ ਕੋਈ ਭੁਖੇ ਮਰਦੇ ਨੇ ਤਾਂ ਗੌਰਮਿੰਟ ਜਿੰਮੇਵਾਰ ਨਹੀਂ।

ਓਸੇ ਦਿਨ ਗੁਰਦਿਆਲ ਸਿੰਘ ਨੇ ਦੋ ਤਾਰਾਂ ਹੋਰ ਦਿਤੀਆਂ। ਇਕ ਵਿਚ ਲਿਖਿਆ ਕਿ ਗੁਰਦੁਆਰੇ ਵਿਚ ਅਕਾਲੀਆਂ ਨੇ ਬੜੀਆਂ ਤਸ਼ੱਦਦ-ਭਰੀਆਂ ਤਕਰੀਰਾਂ ਕੀਤੀਆਂ। ਉਹਨਾਂ ਨੇ ਸਾਰੇ ਸਬ ਇਨਸਪੈਕਟਰਾਂ ਨੂੰ ਵੀ ਗਾਲ੍ਹਾਂ ਕਢੀਆਂ। ਇਸ ਲਈ ਅਸਾਂ ਦੀਵਾਨ ਦੇ ਸਾਰੇ ਅਕਾਲੀਆਂ ਨੂੰ ਫੜ ਲਿਆ। ਦੂਜੀ ਵਿਚ ਲਿਖਿਆ : ਇਕ ਸੌ ਦਾ ਜਥਾ ਜਿਹੜਾ ਹਥਿਆਰਾਂ ਨਾਲ ਲੈਸ ਸੀ, ਸਮਾਲਸਰ (ਮੋਗੇ) ਤੋਂ ਆਇਆ। ਉਸ ਨੇ ਘੇਰਾ ਤੋੜ ਦਿਤਾ। ਉਹਨਾਂ ਨਾਲ ਕਈ ਹੋਰ ਰਸਤੇ ਵਿਚ ਰਲ ਗਏ।

ਵਿਲਸਨ ਦੀ ਉਸ ਵੇਲੇ ਰਾਏ ਇਹ ਸੀ ਕਿ ਗਰਿਫਤਾਰੀਆਂ ਨਹੀਂ ਸਨ ਕੀਤੀਆਂ ਜਾਣੀਆਂ ਚਾਹੀਦੀਆਂ। ਗੁਰਦਿਆਲ ਸਿੰਘ ਨੇ 'ਸਿੱਧੇ ਹੁਕਮਾਂ' ਦੀ ਕੋਈ ਪਰਵਾਹ ਨਹੀਂ ਕੀਤੀ। ਗੁਰਦੁਆਰੇ ਵਿਚ ਅਖੰਡ ਪਾਠ ਹੋ ਰਿਹਾ ਸੀ। ਉਸ ਨੇ ਪਾਠ ਦਾ ਭੋਗ ਪਾਣ ਲਈ ਆਦਮੀ ਨੀਅਤ ਕਰ ਦਿਤੇ ਸਨ।[2]

ਅਖੰਡ ਪਾਠ ਦੇ ਖੰਡਨ ਕਰਨ ਦੀ ਇਹ ਹੈ ਸਰਕਾਰੀ ਕਹਾਣੀ। ਵਿਲਸਨ ਚਾਹੁੰਦਾ ਸੀ

---

[1] Some confidential papers of the Akali movement : Page 11, I2, 13.

[2] ਨਾਭਾ ਫਾਈਲ ਨੰਬਰ 401 ਪੰਨਾ 179.

Digitized by Panjab Digital Library | www.panjabdigilib.org

ਕਿ ਦੀਵਾਨ ਵਿਚ ਕੋਈ ਸਿੱਖ ਆਉਣ ਵੀ ਨਾ ਦਿਤਾ ਜਾਵੇ ਅਤੇ ਜ਼ਾਹਰ ਏਹੋ ਕੀਤਾ ਜਾਵੇ ਕਿ ਗੌਰਮਿੰਟ ਨੇ ਦੀਵਾਨ ਤੇ ਕੋਈ ਪਾਬੰਦੀ ਨਹੀਂ ਲਾਈ। ਪਰ ਕਾਠ ਦੀ ਹਾਂਡੀ ਬਾਹਲਾ ਚਿਰ ਨਾ ਚੜ੍ਹੀ ਰਹਿ ਸਕੀ। ਗੁਰਦਿਆਲ ਸਿੰਘ ਨੇ ਵਿਲਸਨ ਦੀ ਕੋਈ ਹਦਾਇਤ ਨਾ ਮੰਨੀ ਅਤੇ ਦੀਵਾਨ ਉਤੇ ਧਾਵਾ ਬੋਲ ਕੇ ਪਹਿਲੋਂ ਬਾਹਰਲੇ ਅਕਾਲੀ ਫੜ ਲਏ ਅਤੇ ਪਿੱਛੋਂ ਗੁਰਦੁਆਰੇ ਦੇ ਅੰਦਰ ਜਾ ਕੇ ਪਾਠੀ ਤੇ ਹੋਰ ਸਿੰਘਾਂ ਨੂੰ ਗਰਿਫਤਾਰ ਕਰ ਲਿਆ। ਅਤੇ ਸ਼੍ਰੋਮਣੀ ਕਮੇਟੀ ਵਲੋਂ ਗੌਰਮਿੰਟ ਦੇ ਧਰਮ ਵਿਚ ਦਖਲ ਦੇਣ ਦੇ ਇਲਜ਼ਾਮਾਂ ਦੀ ਤਸਦੀਕ ਹੋ ਗਈ।

## 6. ਕੇਂਦਰੀ ਗੌਰਮਿੰਟ ਦੀ ਪਾਲਿਸੀ

ਦਿੱਲੀ ਦੀ ਬਰਿਟਿਸ਼ ਸਰਕਾਰ ਨੇ ਸਤੰਬਰ 1923 ਵਿਚ ਹੀ ਪਾਲਿਸੀ ਤੈ ਕਰ ਲਈ ਸੀ ਕਿ ਜੈਤੋ ਵਿਚ ਅਕਾਲੀ ਜਥਿਆਂ ਨਾਲ ਕਿਵੇਂ ਨਿਪਟਣਾ ਹੈ। ਉਹਨਾਂ ਨੇ ਇਕ ਤਾਂ ਇਹ ਪ੍ਰੋਪੈਗੰਡਾ ਸ਼ੁਰੂ ਕਰ ਦਿਤਾ ਸੀ ਕਿ ਅਕਾਲੀ "ਸ਼ਾਂਤਮਈ ਸਤਿਆਗ੍ਰਹਿ ਛਡ ਰਹੇ ਹਨ ਅਤੇ ਸਰਗਰਮ ਹਿੰਸਾ ਦਾ ਰਾਹ ਅਪਣਾ ਰਹੇ ਹਨ।"[1] ਦੂਜੇ ਉਹਨਾਂ ਨੇ ਧਾਰਮਕ ਦੀਵਾਨ ਇਹ ਆਖਕੇ ਰੋਕ ਤੇ ਬੰਦ ਕਰ ਦਿਤੇ ਸਨ ਕਿ ਇਹਨਾਂ ਵਿਚ ਰਾਜਸੀ ਗੱਲਾਂ ਕੀਤੀਆਂ ਜਾਂਦੀਆਂ ਹਨ। ਤੀਜੇ ਉਹਨਾਂ ਨੇ ਇਹ ਬਿਆਨ ਦਿਤੇ ਸਨ ਕਿ ਰਿਆਸਤ ਵਿਚ ਰਾਜਸੀ ਜਲਸੇ ਪਹਿਲੋਂ ਤੋਂ ਬੰਦ ਕੀਤੇ ਹੋਏ ਹਨ। ਇਸ ਲਈ ਕੋਈ ਵੀ ਰਾਜਸੀ ਜਲਸੇ ਧਾਰਮਕ ਜਲਸਿਆਂ ਦੇ ਪੜਦੇ ਥੱਲੇ ਨਹੀਂ ਕੀਤੇ ਜਾ ਸਕਦੇ।

ਜੈਤੋ ਵਿਚ ਜ਼ਮੀਨ ਦਿਨੋ ਦਿਨ ਅਕਾਲੀਆਂ ਨੂੰ ਗੁਰਦੁਆਰੇ ਦੇ ਬਾਹਰੋਂ ਤੇ ਅੰਦਰੋਂ ਕਢਣ ਲਈ ਤਿਆਰ ਕੀਤੀ ਜਾ ਰਹੀ ਸੀ। ਗੁਰਦੁਆਰੇ ਦੇ ਬਾਹਰ ਫੌਜੀ ਘੇਰਾ ਇਤਨਾ ਮਜ਼ਬੂਤ ਕਰ ਦਿਤਾ ਗਿਆ ਸੀ ਕਿ ਨਾ ਕੋਈ ਅਕਾਲੀ ਬਾਹਰ ਜ਼ਰੂਰੀ ਹਾਜਤ ਲਈ ਜਾ ਸਕਦਾ ਸੀ ਅਤੇ ਨਾ ਅੰਦਰਲੇ ਸਿੰਘਾਂ ਲਈ ਬਾਹਰੋਂ ਕੋਈ ਅੰਨ-ਪਾਣੀ ਹੀ ਲਿਆ ਸਕਦਾ ਸੀ। ਗੁਰਦੁਆਰੇ ਵਿਚੋਂ ਬਾਹਰ ਨਿਕਲਣ ਲਈ ਸ਼ਰਤਾਂ ਲਾਈਆਂ ਗਈਆਂ ਸਨ : ਇਕ ਇਹ ਸ਼ਰਤ ਕਿ ਜਾਣ ਵਾਲਾ ਮੁੜਕੇ ਗੁਰ-ਦੁਆਰੇ ਵਿਚ ਵਾਪਸ ਨਹੀਂ ਜਾ ਸਕੇਗਾ, ਦੂਜੇ ਇਹ ਕਿ ਉਸ ਨੂੰ ਰਿਆਸਤ ਨਾਭੇ ਵਿਚੋਂ ਤਾਬੜਤੋੜ ਨਿਕਲ ਜਾਣਾ ਪਏਗਾ। ਪਰ ਸਿੰਘ ਇਹ ਸ਼ਰਤਾਂ ਮੰਨਣ ਨੂੰ ਤਿਆਰ ਨਹੀਂ ਸਨ। ਇਸ ਲਈ "ਬਾਰਾਂ ਸਿੱਖ ਬੁਖਾਰ ਤੇ ਭੁਖ ਨਾਲ ਗੰਭੀਰ ਤੌਰ ਤੇ ਬੀਮਾਰ ਹੋ ਗਏ ਸਨ।" ਬਾਹਰੋਂ ਜੇ ਕੋਈ ਜਥਾ ਅੰਨ-ਪਾਣੀ ਪਹੁੰਚਾਣ ਦੇ ਯਤਨ ਕਰਦਾ ਸੀ ਤਾਂ ਉਹਨਾਂ ਨੂੰ, ਗੁਰੂ ਕੇ ਬਾਗ ਵਾਂਗ ਹੀ ਬੇ-ਰਹਿਮੀ ਨਾਲ ਕੁੱਟਮਾਰ ਕਰਕੇ, ਅਧਮੋਇਆ ਕਰ ਦਿਤਾ ਜਾਂਦਾ ਸੀ।

15 ਸਤੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਦੋ ਤਾਰਾਂ ਰਾਹੀਂ ਵਾਈਸਰਾਏ ਰੈਡਿੰਗ ਨੂੰ ਜੈਤੋ ਦੀਆਂ ਦੁਰਘਟਨਾਵਾਂ ਤੇ ਫੌਜੀ ਜ਼ੁਲਮਾਂ ਸਬੰਧੀ ਸੂਚਨਾ ਦਿਤੀ। ਤਾਰ ਦਾ ਸਾਰ-ਅੰਸ਼ ਇਹ ਸੀ ਕਿ 14 ਦੀ ਸ਼ਾਮ ਨੂੰ ਫੌਜ ਨੇ ਸਿੱਖ ਸੰਗਤ ਉਤੇ ਹਮਲਾ ਕਰ ਦਿਤਾ। ਉਹਨਾਂ ਨੇ ਸਿੱਖਾਂ ਨੂੰ ਬੇਰਹਿਮੀ ਨਾਲ ਕੁੱਟਿਆ, ਲਾਠੀਆਂ ਤੇ ਬੂਟਾਂ ਦੇ ਠੁੱਡੇ ਮਾਰੇ ਗਏ ਅਤੇ ਉਹਨਾਂ ਨੂੰ ਧੂਹ-ਘਸੀਟ ਕੇ ਜੈਤੋ ਕਿਲ੍ਹੇ ਵਿਚ ਲਿਜਾ ਕੇ ਬੰਦ ਕਰ ਦਿਤਾ......ਅਤੇ ਗੁਰੂ ਗਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ

---

[1] Indian news Agency ਦੀ 15 ਸਤੰਬਰ ਦੀ ਅਖਬਾਰਾਂ ਨੂੰ ਤਾਰ। ਇਸ ਤਾਰ ਦੀਆਂ ਕਾਪੀਆਂ ਹਿੰਦੁਸਤਾਨ ਵਿਚ ਛਾਪੀਆਂ ਗਈਆਂ ਅਤੇ ਪ੍ਰੋਪੇਗੰਡਾ ਕਰਕੇ ਸਿੱਖਾਂ ਨੂੰ ਬਦਨਾਮ ਕਰਨ ਲਈ ਲੰਡਨ, ਮਲਬੌਰਨ, ਕੇਪਟਾਊਨ ਤੇ ਹੋਰ ਕਾਲੋਨੀਆਂ ਨੂੰ ਘਲੀਆਂ ਗਈਆਂ। ਇਹ ਆਉਣ ਵਾਲੇ ਤੇ ਕੀਤੇ ਜਾਣ ਵਾਲੇ ਤਸ਼ੱਦਦ ਲਈ ਮੈਦਾਨ ਪੱਧਰਾ ਕੀਤਾ ਜਾ ਰਿਹਾ ਸੀ।

Digitized by Panjab Digital Library | www.panjabdigilib.org

ਓਥੇ ਮੰਜੀਆਂ ਡਾਹ ਦਿਤੀਆਂ ਅਤੇ ਇਸ ਤੋਂ ਪਿੱਛੋਂ ਉਹ ਗੁਰਦੁਆਰੇ ਦੇ ਅੰਦਰ ਗਏ ਅਤੇ ਸਭ ਨੂੰ ਜ਼ਬਰਦਸਤੀ ਤਾਕਤ ਵਰਤ ਕੇ ਫੜ ਲਿਆ—ਏਥੋਂ ਤਕ ਕਿ ਅਖੰਡ ਪਾਠ ਕਰ ਰਹੇ ਪਾਠੀ ਤੇ ਉਹਨਾਂ ਦੇ ਨਾਲ ਸੇਵਾਦਾਰਾਂ ਨੂੰ ਵੀ ਫੜ ਲਿਆ। ਗੁਰੂ ਗਰੰਥ ਸਾਹਿਬ ਓਸੇ ਤਰ੍ਹਾਂ ਖੁਲ੍ਹਾ ਪਿਆ ਰਿਹਾ ਅਤੇ ਕੋਈ ਵੀ ਉਸ ਦੀ ਸੇਵਾ ਵਿਚ ਹਾਜ਼ਰ ਨਾ ਰਿਹਾ। ਗੁਰਦੁਆਰੇ ਦੇ ਅੰਦਰ ਦਾਖਲਾ ਉਕਾ ਹੀ ਬੰਦ ਕਰ ਦਿਤਾ ਗਿਆ। ਇਸ ਤਰ੍ਹਾਂ ਗੁਰੂ ਗਰੰਥ ਸਾਹਿਬ ਦੀ ਮਿਸਾਲ-ਹੀਨ ਬੇਅਦਬੀ ਕੀਤੀ ਗਈ ਹੈ। ਇਸ ਤਰ੍ਹਾਂ ਹਾਕਮਾਂ ਨੇ ਸਿੱਖ ਧਾਰਮਕ ਆਜ਼ਾਦੀ ਅਤੇ ਗੁਰਦੁਆਰੇ ਵਿਚ ਸੰਗਤ ਦੇ ਇੱਕਠੇ ਹੋਣ ਦੇ ਹਕ ਤੇ ਧਾਵਾ ਬੋਲ ਦਿਤਾ ਹੈ। ਸਿੰਘਾਂ ਨੂੰ ਕੇਸਾਂ ਤੋਂ ਫੜ ਫੜ ਧੂਹਿਆ ਗਿਆ ਹੈ, ਵਗੈਰਾ।

ਵਾਈਸਰਾਏ ਦੇ ਪਰਾਈਵੇਟ ਸੈਕਟਰੀ ਦਾ ਇਸ ਪਰੋਟੈਸਟ ਸੰਬੰਧੀ ਜਵਾਬ ਇਹ ਸੀ ਕਿ ਰਾਜਸੀ ਦੀਵਾਨਾਂ ਉਤੇ ਪਾਬੰਦੀ ਦੇ ਬਾਵਜੂਦ ਜੈਤੋ ਵਿਚ ਕੁਛ ਆਦਮੀਆਂ ਨੇ ਰਾਜਸੀ ਦੀਵਾਨ ਕੀਤਾ। ਇਸ ਲਈ ਨਾਭੇ ਦੇ ਹਾਕਮਾਂ ਨੂੰ ਕੁਛ ਆਦਮੀ ਫੜਨੇ ਪਏ।[1]

ਇਸ ਵਕਤ ਗੌਰਮਿੰਟ ਨੇ ਅੱਗੇ ਲਈ ਬਾਕਾਇਦਾ ਪਾਲਿਸੀ ਬਣਾ ਲਈ। ਉਸ ਤੋਂ ਕੁਛ ਚਿਰ ਪਹਿਲੋਂ ਫੀਰੋਜ਼ਪੁਰ ਦਾ ਜਥਾ ਗੌਰਮਿੰਟ ਵਲੋਂ ਗੁਰਦੁਆਰੇ ਦੇ ਦੁਆਲੇ ਕੀਤੇ ਘੇਰੇ ਵਿਚੋਂ ਦੀ ਲੰਘ ਗਿਆ ਸੀ। ਜਿਸ ਤੇ ਗੌਰਮਿੰਟ ਬਹੁਤ ਔਖੀ ਹੋਈ ਸੀ ਅਤੇ ਸਖਤੀ ਦਾ ਰਾਹ ਅਪਨਾਣ ਵਲ ਤੁਰ ਪਈ ਸੀ। ਗੌਰਮਿੰਟ ਨੇ ਫੈਸਲਾ ਕੀਤਾ ਹੋਇਆ ਸੀ ਕਿ ਗੁਰਦੁਆਰੇ ਦੇ ਅੰਦਰ ਕਿਸੇ ਸਿੱਖ ਨੂੰ ਬਗੈਰ ਸ਼ਰਤਾਂ ਦੇ ਨਹੀਂ ਜਾਣ ਦਿਤਾ ਜਾਏਗਾ ਅਤੇ ਘੇਰਾ ਤੋੜਨ ਵਾਲਿਆਂ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

ਪਾਲਿਸੀ ਦਾ ਖਰੜਾ ਹੇਲੀ ਨੇ ਤਿਆਰ ਕੀਤਾ। ਉਸ ਨੇ ਲਿਖਿਆ: **ਹੁਣ ਤਕ ਅਸੀਂ ਇਸ ਗੱਲ ਤੇ ਸਹਿਮਤ ਸਾਂ ਕਿ ਘੇਰੇ ਦੇ ਤੋੜਨ ਦੀ ਕੋਸ਼ਸ਼ ਕਰਨ ਵਾਲਿਆਂ ਉਤੇ ਗੋਲੀ ਚਲਾਣ ਨੂੰ ਜਾਇਜ਼ ਠਹਿਰਾਣ ਲਈ ਤਾਕਤ ਦੀ ਘੱਟ ਤੋਂ ਘੱਟ ਵਰਤੋਂ ਜ਼ਰੂਰੀ ਹੋਵੇਗੀ। ਇਸ ਕਿਸਮ ਦੀ ਹਕੀਕੀ ਤੌਰ ਤੇ ਇਰਾਦੇ-ਪੱਕੀ ਕੋਸ਼ਸ਼ ਗੋਲੀ ਚਲਾਣ ਨੂੰ ਜਾਇਜ਼ ਠਹਿਰਾਏਗੀ ਭਾਵੇਂ ਅਕਾਲੀ ਗੋਲੀਆਂ ਜਾਂ ਛਵੀਆਂ ਜਾਂ ਲਾਠੀਆਂ ਨਾਂ ਵੀ ਵਰਤਣ।** ਜੇ ਅਸੀਂ ਇਸ ਤੋਂ ਅਗੇ ਤੁਰੀਏ ਤਾਂ ਮੈਂ ਮੋਟੇ ਤੌਰ ਤੇ ਇਸ ਤਰ੍ਹਾਂ ਦੀਆਂ ਸ਼ਰਤਾਂ ਉਲੀਕਾਂਗਾ। ਗੋਲੀਆਂ ਸਿਰਫ ਤਦ ਹੀ ਚਲਾਈਆਂ ਜਾਣ:

(ੳ) ਜੇ ਵਹੀਰ ਖਿੰਡਾਉਣ ਦੇ ਯਤਨਾਂ ਦਾ ਜਾਂ ਵਿਅਕਤੀਆਂ ਦੀ ਗਰਿਫਤਾਰੀ ਦਾ ਜ਼ਬਰਦਸਤੀ ਮੁਕਾਬਲਾ ਕਰੇ; ਜਾਂ

(ਅ) ਉਹਨਾਂ ਦਾ ਵਤੀਰਾ ਹਿੰਸਕ ਕਾਰਵਾਈ ਕਰਨ ਦੇ ਇਰਾਦੇ ਨੂੰ ਸਾਫ ਤੌਰ ਤੇ ਪਰਗਟ ਕਰੇ, ਜਾਂ ਵਹੀਰ ਦੇ ਮਿੰਬਰ ਇਸ ਕਿਸਮ ਦੇ ਹਨ ਜਿਹੜੇ ਏਹੋ ਜਿਹੇ ਇਰਾਦੇ ਨਾਲ ਗੰਭੀਰ ਖਤਰੇ ਦੀ ਹਾਲਤ ਪੈਦਾ ਕਰ ਸਕਦੇ ਹਨ।

ਮੇਰਾ ਅਹਿਸਾਸ, ਆਮ ਤੌਰ ਤੇ ਇਹ ਹੈ ਕਿ ਗੋਲੀਆਂ ਚਲਾਣ ਦੀ ਮਨਜ਼ੂਰੀ ਸਾਨੂੰ ਤੁੱਲਵੇਂ ਤੌਰ ਤੇ ਸੀਮਿਤ ਕਰ ਦੇਣੀ ਚਾਹੀਦੀ ਹੈ, ਕਿਉਂਕਿ ਖਾਸ ਤੌਰ ਤੇ ਜੈਤੋ ਵਿਚ (ਗੋਲੀ ਦਾ) ਹੁਕਮ ਰਿਆਸਤੀ ਅਫਸਰ ਦੇ ਹੱਥਾਂ ਵਿਚ ਹੋਵੇਗਾ। ਮੇਰਾ ਖਿਆਲ ਹੈ ਕਿ ਅਕਾਲੀ ਸਾਨੂੰ ਸਖਤ ਕਾਰਵਾਈ ਕਰਨ ਦਾ ਜਾਇਜ਼ ਮੌਕਿਆ ਛੇਤੀ ਹੀ ਮੁਹੱਈਆ ਕਰਨਗੇ ਅਤੇ ਮੈਂ ਆਪਣੇ ਰਿਆਸਤੀ

[1] ਨਾਭਾ ਫਾਈਲ ਨੰਬਰ 401-1924—G. F. De'montmorency 15.9.23

Digitized by Panjab Digital Library | www.panjabdigilib.org

ਏਜੰਟ ਨੂੰ ਉਸ ਐਕਸ਼ਨ ਤੋਂ ਅੱਗੇ ਜਾਣ ਦੀ ਆਗਿਆ ਦੇਣ ਦੇ ਖਿਲਾਫ ਹਾਂ ਜਿਸ ਨੂੰ ਅਸੀਂ ਮੁਨਾਸਬ ਤਰੀਕੇ ਨਾਲ ਜਾਇਜ਼ ਨਾ ਠਹਿਰਾ ਸਕੀਏ ।[1]

ਵਾਈਸਰਾਏ ਨੇ ਆਪਣੇ ਦਸਖਤਾਂ ਨਾਲ ਇਸ ਪਾਲਿਸੀ ਬਾਰੇ ਲਿਖਿਆ: "ਮੈਂ ਸਰ ਮੈਲਕਮ ਹੇਲੀ ਨਾਲ ਪੂਰੀ ਤਰ੍ਹਾਂ ਸਹਿਮਤ ਹਾ ।" ਉਂਝ ਉਸ ਲਿਖਿਆ ਕਿ ਰਾਜ-ਪਰਬੰਧ ਨੂੰ ਬੇਸਬਰ ਨਹੀਂ ਹੋਣਾ ਚਾਹੀਦਾ......ਅਖੀਰ ਜਿਤ ਗੌਰਮਿੰਟ ਦੀ ਹੀ ਹੋਵੇਗੀ ।[2]

ਇਹ ਤੈ-ਕੀਤੀ ਗਈ ਪਾਲਿਸੀ ਬੜੀ ਚਲਾਕੀ-ਭਰੀ ਤੇ ਬਹੁ-ਅਰਥੀ ਹੈ । ਘੱਟੋ ਘੱਟ ਦੋ ਗੱਲਾਂ ਇਸ ਵਿਚੋਂ ਬੜੀਆਂ ਉਭਰ ਕੇ ਸਾਮ੍ਹਣੇ ਆਉਂਦੀਆਂ ਹਨ । ਇਕ ਇਹ ਕਿ ਅਕਾਲੀ ਜੇ ਸ਼ਾਂਤ-ਮਈ ਰਹਿੰਦੇ ਹੋਏ, ਹੱਥਾਂ ਵਿਚ ਕੋਈ ਹਥਿਆਰ ਨਾ ਵੀ ਰਖਦੇ ਹੋਏ ਗੁਰਦੁਆਰੇ ਵਿਚ ਜਾਣ ਲਈ ਘੇਰੇ ਨੂੰ ਤੋੜਨ ਤਾਂ ਗੋਲੀ ਚਲਾਣੀ ਜਾਇਜ਼ ਹੋਵੇਗੀ ਅਤੇ ਜਾਇਜ਼ ਠਹਿਰਾਈ ਜਾ ਸਕੇਗੀ । ਦੂਜੇ ਇਹ ਕਿ ਇਕ ਪਾਸੇ ਰਿਆਸਤੀ ਏਜੰਟ ਯਾਨੀ ਵਿਲਸਨ ਦੇ ਗੋਲੀ ਚਲਾਣ ਦੇ ਹੁਕਮ ਨੂੰ ਸੀਮਿਤ ਕਰਨ ਦੀ ਗੱਲ ਅਤੇ ਦੂਜੇ ਪਾਸੇ ਗੌਰਮਿੰਟ ਨੂੰ ਸਖਤ ਕਾਰਵਾਈ ਦਾ ਅਕਾਲੀ ਜਾਇਜ਼ ਮੌਕਾ ਛੇਤੀ ਹੀ ਦੇ ਦੇਣਗੇ ਦੀ ਗੱਲ—ਪਰਸਪਰ ਵਿਰੋਧੀ ਗੱਲਾਂ ਹਨ । ਸ਼ਬਦ ਚਲਾਕੀ ਭਰੇ ਜ਼ਰੂਰ ਹਨ ਪਰ ਇਹ ਮੌਕੇ ਦੇ ਰਿਆਸਤੀ ਅਫਸਰ ਵਿਲਸਨ ਦੇ ਹੱਥ ਕਿਸੇ ਤਰ੍ਹਾਂ ਨਹੀਂ ਬੰਨ੍ਹਦੇ ਕਿਉਂਕਿ ਗੋਲੀ ਚਲਾਣ ਦਾ, ਮੌਕੇ ਦੀ ਨਜ਼ਾਕਤ ਬਾਰੇ ਫੈਸਲਾ ਕਰਨ ਦਾ ਅਤੇ ਤਾਕਤ ਘੱਟ ਤੋਂ ਘੱਟ ਵਰਤਣੀ ਹੈ ਜਾਂ ਵੱਧ ਤੋਂ ਵੱਧ—ਇਹਨਾਂ ਸਭ ਜ਼ਿੰਦਗੀ ਤੇ ਮੌਤ ਦੇ ਸਵਾਲਾਂ ਦਾ ਫੈਸਲਾ ਕਰਨ ਦਾ ਹੱਕ ਉਸੇ ਦਾ ਹੈ । ਅਤੇ ਉਹ ਜੋ ਵੀ ਜੈਤੋ ਵਿਚ ਕਾਲਾ ਚਿੱਟਾ ਕਰੇਗਾ ਉਹ ਅੰਤ ਵਿਚ ਮਨਜ਼ੂਰ ਕਰ ਲਿਆ ਜਾਏਗਾ । ਸਾਮਰਾਜੀ ਤਾਕਤ ਦੇ ਕਾਇਮ ਰੱਖਣ ਲਈ, ਹੁਣ ਤਕ ਦਾ ਸਾਰਾ ਅਕਾਲੀ ਇਤਿਹਾਸ ਗੁਆਹੀ ਦੇਂਦਾ ਹੈ ਕਿ—ਲੋਕਾਂ ਨੂੰ ਕੁਚਲਣ ਲਈ ਵਧੇਰੇ ਤਾਕਤ ਵਰਤਣ ਵਾਲਿਆਂ ਅਫਸਰਾਂ ਨੂੰ ਹਮੇਸ਼ਾਂ ਉਚਾ ਅਹੁਦਾ ਤੇ ਇਨਾਮ ਮਿਲਦਾ ਸੀ ਅਤੇ ਉਹਨਾਂ ਤੇ ਬੇਰਹਿਮ ਤਸ਼ੱਦਦ ਨੂੰ ਹਮੇਸ਼ਾਂ ਜਾਇਜ਼ ਠਹਿਰਾਇਆ ਜਾਂਦਾ ਰਿਹਾ ਸੀ ।

---

[1] ਨਾਭਾ ਫਾਈਲ ਨੰਬਰ 401–1924—W. M. Hailey 16. 9. 23.

[2] ਨਾਭਾ ਫਾਈਲ ਨੰਬਰ 401—1924—Reading 17. 9. 23.

Digitized by Panjab Digital Library | www.panjabdigilib.org

# ਪਹਿਲੇ ਸ਼ਹੀਦੀ ਜਥੇ ਦਾ ਮਾਰਚ

500 ਚੁਣਵੇਂ ਸਿੰਘਾਂ ਦਾ ਪਹਿਲਾ ਸ਼ਹੀਦੀ ਜਥਾ 9 ਫਰਵਰੀ ਨੂੰ ਅਕਾਲ ਤਖਤ ਤੋਂ ਸ਼ਾਂਤਮਈ ਰਹਿਣ ਦੀ ਸੁਗੰਦ ਚੁਕ ਕੇ ਜੈਤੋ ਨੂੰ ਖੰਡਤ ਅਖੰਡ ਪਾਠ ਦੇ ਮੁੜ ਤੋਂ ਆਰੰਭ ਕਰਨ ਲਈ ਤੁਰਿਆ। ਉਸ ਵੇਲੇ ਤਕ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਸਾਜ਼ਸ਼ ਵਿਚ ਫੜੇ ਗਏ ਆਗੂਆਂ ਦਾ ਪਹਿਲਾ ਜਥਾ ਅਮਰਿਤਸਰ ਜੇਲ੍ਹ ਵਿਚ ਹੀ ਸੀ ਅਤੇ ਮੁਕੱਦਮੇ ਦੀ ਕਾਰਵਾਈ ਚਿਰੋਕਣੀ ਸ਼ੁਰੂ ਹੋ ਚੁਕੀ ਹੋਈ ਸੀ। ਬਾਹਰਲੇ ਆਗੂ ਅੰਦਰਲੇ ਮੁੱਖ-ਆਗੂਆਂ ਦੇ ਸਲਾਹ ਮਸ਼ਵਰੇ ਨਾਲ ਹੀ ਨਹੀਂ, ਸਗੋਂ ਪੂਰੀ ਸਹਿਮਤੀ ਨਾਲ ਚਲਦੇ ਸਨ। ਇਹ ਕਹਿਣਾ ਗਲਤ ਨਹੀਂ ਕਿ ਪੰਜ ਸੌ ਦਾ ਸ਼ਹੀਦੀ ਜਥਾ ਭੇਜਣ ਦੀ ਤਜਵੀਜ਼ ਅੰਦਰਲੇ ਆਗੂਆਂ ਵਲੋਂ ਹੀ ਪੇਸ਼ ਕੀਤੀ ਗਈ ਸੀ ਜਿਹੜੀ ਕਿ ਬਾਹਰਲੇ ਆਗੂਆਂ ਨੇ ਪਰਵਾਨ ਕਰ ਲਈ ਸੀ ਅਤੇ ਇਸ ਤੇ ਅਮਲ ਕਰਨਾ ਸ਼ੁਰੂ ਕਰ ਦਿਤਾ ਸੀ।

ਇਸ ਤੋਂ ਪਹਿਲੋਂ ਕੁਛ ਚਿਰ ਲਈ ਪੰਝੀ ਪੰਝੀ ਅਕਾਲੀਆਂ ਦੇ ਜਥੇ ਭੇਜੇ ਗਏ ਸਨ ਅਤੇ ਕੁਛ ਇਕ, ਵੱਧ ਜਾਂ ਘੱਟ, ਸੌ ਸੌ ਦੇ। ਨਾਭਾ ਤਾਂ ਇਕ ਛੋਟੀ ਜੇਹੀ ਰਿਆਸਤ ਸੀ। ਅਕਾਲੀ ਤਹਿਰੀਕ ਨੇ ਤਾਂ ਪੰਜਾਬ ਦੀ ਹੈਂਕੜਬਾਜ਼ ਸਰਕਾਰ ਨੂੰ ਗਰਿਫਤਾਰੀਆਂ ਕਰਨ ਤੋਂ ਭਜਾ ਦਿਤਾ ਸੀ। ਨਾਭੇ ਵਿਚ ਤਾਂ ਇਹ ਤੌਫੀਕ ਹੀ ਨਹੀਂ ਸੀ ਕਿ ਉਹ ਅਕਾਲੀਆਂ ਨੂੰ ਲਗਾਤਾਰ ਗਰਿਫਤਾਰ ਕਰੀ ਜਾਵੇ ਕਿਉਂਕਿ ਉਸ ਪਾਸ ਉਹਨਾਂ ਦੇ ਰਖਣ ਲਈ ਜੇਲ੍ਹਾਂ ਤੇ ਸੰਬੰਧਤ ਸਾਮਾਨ ਦਾ ਓਨਾ ਪਰਬੰਧ ਹੀ ਕੋਈ ਨਹੀਂ ਸੀ। ਇਸ ਲਈ ਨਾਭੇ ਦਾ ਡਿਕਟੇਟਰ ਵਿਲਸਨ ਉਹਨਾਂ ਨੂੰ ਫੜ ਲੈਂਦਾ ਸੀ ਅਤੇ ਟਰੱਕਾਂ ਤੇ ਜੇਲ੍ਹ ਵੈਨਾਂ ਵਿਚ ਬੰਦ ਕਰ ਕਰਕੇ ਦੂਰ ਦੂਰ ਛੱਡ ਆਉਂਦਾ ਸੀ। ਅਤੇ ਤਹਿਰੀਕ ਵਿਚ ਖੜੋਂਦ ਜੇਹੀ ਪੈਦਾ ਹੁੰਦੀ ਜਾਪਦੀ ਸੀ।

ਇਸ ਖੜੋਂਦ ਨੂੰ ਤੋੜਨ ਲਈ ਅਤੇ ਤਹਿਰੀਕ ਵਿਚ ਤੇਜ਼ੀ ਲਿਆਉਣ ਲਈ ਪੰਜ ਸੌ ਦਾ ਸ਼ਹੀਦੀ ਜਥਾ ਭੇਜਣ ਦੀ ਇਹ ਵਿਉਂਤ ਬਣੀ ਸੀ। ਅਤੇ ਇਸ ਦਾ ਪਰੋਗਰਾਮ ਅਜੇਹਾ ਬਣਾਇਆ ਗਿਆ ਸੀ ਕਿ ਜਿਸ ਜਿਸ ਇਲਾਕੇ ਵਿਚਦੀ ਇਹ ਮਾਰਚ ਕਰਦੇ ਅਤੇ ਸ਼ਬਦ ਪੜ੍ਹਦੇ ਤੇ ਨਾਅਰੇ ਲਾਉਂਦੇ ਲੰਘਣ ਉਸ ਉਸ ਇਲਾਕੇ ਦੇ ਪਿੰਡਾਂ ਵਿਚ ਗੌਰਮਿੰਟ ਦੇ ਉਪੱਦਰਾਂ ਤੇ ਅਤਿਆਚਾਰਾਂ ਦੇ ਖਿਲਾਫ ਇਕ ਨਵੀਂ ਜਾਗਰਤ ਤੇ ਭੈ-ਭੀਤ-ਹੀਨ ਸਪਿਰਿਟ ਪੈਦਾ ਹੋ ਜਾਵੇ। ਅਖੰਡ ਪਾਠ ਦੇ ਖੰਡਤ ਕੀਤੇ ਜਾਣ ਨੇ ਸੁੱਤੇ ਹੋਏ ਪਿੰਡਾਂ ਨੂੰ ਜਗਾ ਦਿਤਾ ਅਤੇ ਲੋਕ ਸਿਰਾਂ ਤੇ ਖੱਫਣ ਬੰਨ੍ਹ ਬੰਨ੍ਹ ਜਾਨਾਂ ਵਾਰਨ ਲਈ ਤਿਆਰ ਹੋ ਗਏ। ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਬੇਹਿਸਾਬ ਸੀ। ਕਮੇਟੀ ਜਿੰਨੇ ਸ਼ਹੀਦਾਂ ਦੀ ਮੰਗ ਕਰਦੀ ਸੀ ਗਿਣਤੀ ਉਸ ਤੋਂ ਹਮੇਸ਼ਾਂ ਹੀ ਵੱਧ ਹੁੰਦੀ ਸੀ।

## 1. ਸਰਕਾਰ ਦੀ ਗੋਂਦ

ਪੰਜਾਬ ਸਰਕਾਰ ਸਾਮ੍ਹਣੇ ਇਸ ਵੇਲੇ ਮੁੱਖ ਸਵਾਲ ਇਹ ਸੀ ਕਿ ਸ਼ਹੀਦੀ ਜਥੇ ਨੂੰ ਪੰਜਾਬ ਵਿਚ ਹੀ ਫੜ ਲਿਆ ਜਾਏ ਜਾਂ ਪਿੰਡਾਂ ਵਿਚੋਂ ਦੀ ਬਿਨਾ ਦਖਲ ਦਿਤਿਆ ਜਾਣ ਦਿਤਾ

Digitized by Panjab Digital Library | www.panjabdigilib.org

ਜਾਵੇ । ਇਸ ਸਵਾਲ ਤੇ ਸੰਬੰਧਤ ਉਤਲੇ ਅਫਸਰਾਂ ਦੀ ਬਾਕਾਇਦਾ ਮੀਟਿੰਗ ਹੋਈ । ਗੌਰਮਿੰਟ ਪਾਸ ਜਥੇ ਦੀ ਖਸਲਤ ਬਾਰੇ ਰਿਪੋਰਟਾਂ ਇਹ ਸਨ :—

......"ਅਮਰਿਤਸਰ ਤੋਂ ਘੱਟੋ ਘੱਟ 500 ਦਾ ਇਕ ਜਥਾ ਜੈਤੋ ਨੂੰ ਨੌਂ ਫਰਵਰੀ ਨੂੰ ਤੁਰੇਗਾ । ਉਹਦੇ ਨਾਲ ਬੈਂਡ (ਵਾਜਾ) ਅਤੇ ਗ੍ਰੰਥ ਸਾਹਿਬ ਦੀ ਕਾਪੀ (ਸਵਾਰੀ) ਹੋਵੇਗੀ। **ਇਹ ਜਥਾ ਉਹਨਾਂ ਜਥਿਆਂ ਨਾਲੋਂ ਜਿਹੜੇ ਹੁਣ ਤਕ ਜੈਤੋ ਭੇਜੇ ਗਏ ਹਨ ਵਧੇਰੇ ਖਰੂਦੀ (ਜਾਂ ਧੁਆੜੇ ਹੱਥੇ) ਲੱਛਣ ਦਾ ਹੋਵੇਗਾ ...ਇਹ ਖਿਆਲ ਕਰਨ ਲਈ ਕਾਰਣ ਹਨ ਕਿ ਜਥੇ ਜਾਂ ਇਸ ਦੇ ਆਗੂਆਂ ਦੀ ਗਰਿਫਤਾਰੀ ਦਾ ਮੁਕਾਬਲਾ ਹਿੰਸਾ (ਤਸ਼ੱਦਦ) ਨਾਲ ਕੀਤਾ ਜਾਵੇਗਾ ।** (ਜ਼ੋਰ ਮੇਰਾ)

"ਐਡਮਨਿਸਟਰੇਟਰ ਨਾਭਾ ਦੇ ਸੁਝਾਅ ਤੇ ਜਿਸ ਨਾਲ ਏ. ਜੀ. ਜੀ. ਤੇ ਡੀ. ਸੀ. ਲਾਹੌਰ ਸਹਿਮਤ ਸਨ ਫੈਸਲਾ ਕੀਤਾ ਗਿਆ ਕਿ ਜਥੇ ਨੂੰ ਜੈਤੋ ਜਾਣ ਦਿਤਾ ਜਾਵੇ ਅਤੇ ਇਸ ਦੇ ਮਿੰਬਰਾਂ ਜਾਂ ਆਗੂਆਂ ਨੂੰ ਬਰਿਟਿਸ਼ ਇੰਡੀਆ ਵਿਚ ਫੜਨ ਦਾ ਕੋਈ ਹੀਲਾ ਨਾ ਕੀਤਾ ਜਾਏ । ਕਾਰਣ : ਇਹ ਵੇਖਣ ਦੀ ਖਾਹਸ਼ ਕਿ ਏਡੇ ਵਡੇ ਜਥੇ ਦੀ ਮਾਰਚ ਪੇਂਡੂ ਇਲਾਕਿਆਂ ਉਤੇ ਕੀ ਅਸਰ ਪਾਏਗੀ । ਇਹ ਸੰਭਵ ਹੈ ਕਿ ਪਿੰਡਾਂ ਤੋਂ ਇਹ ਬੜੀ ਥੋੜ੍ਹੀ ਹਮਦਰਦੀ ਹਾਸਲ ਕਰ ਸਕੇ ਕਿਉਂਕਿ ਇਹ ਰਸਦ ਪਾਣੀ ਵਗੈਰਾ ਦੀਆਂ ਜ਼ਰੂਰਤਾਂ ਦੀ ਗਾਲਬਨ ਭਾਰੀਆਂ ਮੰਗਾਂ ਪੈਦਾ ਕਰੇਗਾ । ਜੇ ਏਡਾ ਵੱਡਾ ਤੇ ਏਹੋ ਜੇਹੀ ਖਸਲਤ ਦਾ ਦੂਜਾ ਜਥਾ ਏਹੋ ਜੇਹੀ ਯਾਤਰਾ ਦਾ ਯਤਨ ਕਰੇਗਾ ਤਾਂ ਇਸ ਨਾਲ ਬਰਿਟਿਸ਼ ਇੰਡੀਆ ਵਿਚ ਹੀ ਨਿਪਟ ਲਿਆ ਜਾਏਗਾ ।" [1]

ਉਤਲੀ ਮੀਟਿੰਗ 7 ਜਾਂ 8 ਫਰਵਰੀ ਨੂੰ ਹੋਈ । 9 ਨੂੰ ਦਿੱਲੀ ਵਿਚ ਏਸੇ ਵਿਸ਼ੇ ਤੇ ਵਿਚਾਰ ਕਰਨ ਲਈ ਇਮਪੀਰੀਅਲ ਸਕੱਤਰੇਤ ਵਿਚ ਇਕ ਹੋਰ ਮੀਟਿੰਗ ਹੋਈ ਜਿਸ ਵਿਚ ਪਹਿਲੀ ਮੀਟਿੰਗ ਵਿਚ ਹਿੱਸਾ ਲੈਣ ਵਾਲੇ ਚੀਫ ਸੈਕਟਰੀ ਕਰੇਕ ਅਤੇ ਨਾਭੇ ਦਾ ਐਡਮਨਿਸਟਰੇਟਰ ਸ਼ਾਮਲ ਸਨ । ਇਹਨਾਂ ਤੋਂ ਛੁਟ ਚਾਰ ਦਿੱਲੀ ਸਕਤਰੇਤ ਦੇ ਮਿੰਬਰ ਹੇਲੀ, ਥਾਮਸਨ, ਕਰੀਰਾਰ ਅਤੇ ਮੇਜਰ ਉਗਿਲਵੀ ਹਾਜ਼ਰ ਸਨ । ਮਿਸਟਰ ਕਰੇਕ ਨੇ ਉਹਨਾਂ ਸਾਮ੍ਹਣੇ 500 ਦੇ ਸ਼ਹੀਦੀ ਜਥੇ ਬਾਰੇ ਸਾਰੀ ਪੁਜ਼ੀਸ਼ਨ ਰਖੀ । ਅਤੇ ਸ਼ਾਂਤ-ਮਈ ਰਹਿਣ ਦੀ ਸਹੁੰ, ਅਖੰਡ ਪਾਠ ਕਰਨ, ਨਹੀਂ ਤਾਂ ਜੀਉਂਦੇ ਨਾ ਮੁੜਨ ਵਗੈਰਾ ਦੀਆਂ ਗੱਲਾਂ ਦੁਹਰਾਈਆਂ ਅਤੇ ਪੰਜਾਬ ਵਿਚ ਕੀਤੇ ਗਏ ਫੈਸਲੇ ਦੇ ਕਾਰਣ ਦੱਸੇ । ਇਹ ਵੀ ਦੱਸਿਆ ਕਿ ਜਥੇ ਦੇ ਆਗੂ ਆਪਣੇ ਬਿਆਨਾਂ ਅਨੁਸਾਰ ਯਾਤਰਾ ਦੇ ਸਮੇਂ ਕੋਈ ਰਾਜਸੀ ਤਕਰੀਰਾਂ ਨਹੀਂ ਕਰਨਗੇ ਸਿਰਫ਼ ਪਰਾਰਥਨਾ ਦੀਆਂ ਮੀਟਿੰਗਾਂ ਹੀ ਕੀਤੀਆਂ ਜਾਣਗੀਆਂ ।

ਇਸ ਮੀਟਿੰਗ ਵਿਚ ਦਿੱਲੀ ਸਕਤਰੇਤ ਦੇ ਮਿੰਬਰਾਂ ਨੇ ਕੁਛ ਸੁਆਲ ਕੀਤੇ । ਕੁਛ ਰਾਵਾਂ ਦਿਤੀਆਂ ਅਤੇ ਕੁਛ ਫੈਸਲੇ ਕੀਤੇ । ਮਿਸਟਰ ਥਾਮਸਨ ਨੇ ਵਿਲਸਨ ਤੋਂ ਵਾਅਦਾ ਲੈ ਲਿਆ ਕਿ ਉਹ ਬਹੁਤ ਵੱਡਾ 'ਧਾਵਾ' ਹੋਵੇ ਤਾਂ ਮਦਦ ਲਈ ਪੰਜਾਬ ਸਰਕਾਰ ਉਤੇ ਨਿਰਭਰ

---

[1] ਇਸ ਅਕਾਲੀ ਸਵਾਲ ਤੇ ਵਿਚਾਰ ਕਰਕੇ ਫੈਸਲਾ ਲੈਣ ਵਾਲੇ ਸਨ : 1. ਗਵਰਨਰ, 2. ਵਿੱਤ ਮੰਤਰੀ, 3. ਪੰਜਾਬ ਰਿਆਸਤਾਂ ਦੇ ਗਵਰਨਰ ਜਨਰਲ ਦਾ ਏਜੰਟ, 4. ਕਮਿਸ਼ਨਰ ਲਾਹੌਰ, 5. ਕਰਨਲ ਕਮਾਂਡੰਟ ਲਾਹੌਰ ਬਰਿਗੇਡ, 6. ਨਾਭੇ ਦਾ ਐਡਮਨਿਸਟਰੇਟਰ, 7. ਲਾਹੌਰ ਡੀ. ਸੀ., 8. ਡੀ. ਆਈ. ਜੀ., ਸੀ. ਆਈ. ਡੀ., 9. ਐਸ. ਐਸ. ਪੀ. ਲਾਹੌਰ ਪੁਲਸ, 10. ਚੀਫ ਸੈਕਟਰੀ ਪੰਜਾਬ । (File no 1/II-1924 Home, pol)

Digitized by Panjab Digital Library | www.panjabdigilib.org

ਕਰੇ। 500 ਆਦਮੀਆਂ ਦਾ 'ਧਾਵਾ' ਸੰਭਾਲਣਾ ਕੋਈ ਮੁਸ਼ਕਲ ਨਹੀਂ। ਜਥੇ ਦੇ ਨਾਭੇ ਦੀਆਂ ਹੱਦਾਂ ਉਤੇ ਰੋਕਣ ਉਤੇ ਬਹਿਸ ਹੋ ਕੇ ਫੈਸਲਾ ਹੋਇਆ ਕਿ 'ਪੈਂਤੜੇ ਦੇ ਲਿਹਾਜ਼ ਨਾਲ ਇਹ ਇਤਰਾਜ਼' ਵਾਲੀ ਗੱਲ ਹੈ। **"ਜਥੇ ਨਾਲ ਨਿਪਟਣ ਦਾ ਸਭ ਤੋਂ ਆਸਾਨ ਤਰੀਕਾ ਗਾਲਬਨ ਇਹ ਹੋਵੇਗਾ ਕਿ ਉਸ ਨੂੰ ਜੈਤੋ ਦੇ ਘੇਰੇ (ਨਰਗੇ) ਵਿਚ ਦਾਖਲ ਹੋਣ ਦਿਤਾ ਜਾਏ ਅਤੇ ਓਥੇ ਇਸ ਨਾਲ ਇਜੇਹੇ ਤਰੀਕੇ ਨਾਲ ਨਿਪਟਿਆ ਜਾਏ ਜਿਹੜਾ ਕਿ ਉਚਿਤ ਜਾਂ ਲਾਹੇਵੰਦਾ ਹੋ ਸਕੇ। ਐਡਮਨਿਸਟਰੇਟਰ ਦੇ ਨਿਰਣੇ ਤੇ ਇਸ (ਫੈਸਲੇ) ਨਾਲ ਕੋਈ ਸਖ਼ਤ ਪਾਬੰਦੀ ਲਾਣ ਦੀ ਖਾਹਸ਼ ਨਹੀਂ।"** (ਜ਼ੋਰ ਮੇਰਾ)

ਇਹ ਵੀ ਫੈਸਲਾ ਕੀਤਾ ਗਿਆ ਕਿ ਨਾਭੇ ਵਿਚ ਵੜਨ ਤੋਂ ਪਹਿਲੋਂ ਤਿੰਨ ਥਾਵਾਂ ਤੇ ਥਾਣੇਦਾਰ ਜਾਂ ਹੋਰ ਕੋਈ ਯੋਗ ਅਫਸਰ ਜਥੇ ਨੂੰ ਮਿਲ ਕੇ ਗੌਰਮਿੰਟ ਦੀਆਂ ਸ਼ਰਤਾਂ ਦੱਸੇ ਕਿ ਗੁਰਦੁਆਰੇ ਵਿਚ ਜਾਣ ਦੀ ਸਿਰਫ ਪੰਜਾਹ ਆਦਮੀਆਂ ਨੂੰ ਅਖੰਡ ਪਾਠ ਕਰਨ ਲਈ ਸੱਠਾਂ ਘੰਟਿਆਂ ਲਈ ਆਗਿਆ ਦਿਤੀ ਜਾਵੇਗੀ, ਹੋਰ ਕਿਸੇ ਨੂੰ ਨਹੀਂ। ਬਾਕੀ 450 ਅਕਾਲੀਆਂ ਨੂੰ ਤਾਬੜ ਤੋੜ ਨਾਭੇ ਵਿਚੋਂ ਬਾਹਰ ਨਿਕਲਣਾ ਪਏਗਾ। ਪਰ ਇਹਨਾਂ ਅਫਸਰਾਂ ਨੂੰ ਖੁਦ ਇਹ ਗੱਲ ਅਸੰਭਵ ਜਾਪਦੀ ਸੀ ਕਿ ਜਥਾ ਇਹ ਸ਼ਰਤਾਂ ਮੰਨ ਲਏਗਾ।

ਸ਼ਰਤਾਂ ਨਾ ਮੰਨਣ ਦੀ ਸੂਰਤ ਵਿਚ ਫੈਸਲਾ ਇਹ ਹੋਇਆ ਕਿ: ਜੈਤੋ ਦੇ ਵਸਨੀਕ ਜਥੇ ਨੂੰ ਸਰਹਦ ਉਤੇ ਜਾ ਕੇ ਮਿਲਣ। ਉਹਨਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਅਧਿਕਾਰਾਂ ਉਤੇ ਧਾਵੇ ਦੇ ਖਿਲਾਫ ਪਰੋਟੈਸਟ ਕਰਨ ਅਤੇ ਅਕਾਲੀਆਂ ਨਾਲ ਵਾਦ-ਵਿਵਾਦ ਕਰਨ ਕਿ ਉਹ ਉਹਨਾਂ ਦੇ ਰਿਆਸਤੀ ਮਾਮਲਿਆਂ ਵਿਚ ਗੈਰ-ਵਾਜਬ ਤੌਰ ਤੇ ਦਖਲ ਦੇ ਰਹੇ ਹਨ। ਪਰ ਵਸਨੀਕਾਂ ਨੂੰ ਜਥੇ ਦੇ ਅਗੇ ਵਧਣੋਂ ਰੋਕਣ ਲਈ ਵਧੇਰੇ ਤਾਕਤ ਵਾਲੇ ਤਰੀਕੇ ਵਰਤਣ ਦੀ ਆਗਿਆ ਨਾ ਦਿਤੀ ਜਾਵੇ ਅਤੇ ਜੇ ਉਹਨਾਂ ਦਾ ਪਰੋਟੈਸਟ ਕੰਮ ਨਾ ਕਰੇ ਤਾਂ ਉਹਨਾਂ ਨੂੰ, ਜਥੇ ਦੇ ਅੰਦਰ ਲੰਘ ਔਣ ਦੀ ਹਦਾਇਤ ਕੀਤੀ ਜਾਵੇ। ਕਿਸੇ ਅਕਾਲੀ ਨੂੰ ਗੁਰਦੁਆਰੇ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਾ ਦਿਤੀ ਜਾਵੇ।

ਜੇ ਅਕਾਲੀ ਅਹਿੰਸਾ ਦੀ ਸਹੁੰ ਤੋੜਨ ਦੀ ਰੁਚੀ ਦਾ ਪਰਗਟਾਅ ਕਰਨ ਅਤੇ ਗਰਿਫ਼-ਤਾਰ ਹੋਣ ਵੇਲੇ ਮੁਜ਼ਾਹਮਤ ਕਰਨ ਜਾਂ ਗੁਰਦੁਆਰੇ ਵਿਚ ਜ਼ਬਰਦਸਤੀ ਘੁਸਣ ਦੇ ਤਰੀਕੇ ਅਖਤਿਆਰ ਕਰਨ ਤਾਂ ਜਥੇ ਨੂੰ ਖਿਲਾਫ਼ ਕਾਨੂੰਨ ਕਰਾਰ ਦਿਤਾ ਜਾਵੇ ਅਤੇ 'ਸ਼ਰਾਰਤੀ ਆਗੂ' ਫੜ ਲਏ ਜਾਣ, ਅਖੀਰੀ ਚਾਰੇ ਦੇ ਤੌਰ ਤੇ ਜੇ ਲੋੜ ਪਵੇ ਤਾਂ ਅਮਨ ਬਹਾਲ ਕਰਨ ਲਈ ਬੰਦੂਕਾਂ ਦੀ ਵਰਤੋਂ ਕੀਤੀ ਜਾਵੇ। ਇਸ ਬਾਰੇ ਹਿੰਦ ਸਰਕਾਰ ਵਲੋਂ ਵਿਸਥਾਰ ਪੂਰਬਕ ਹਦਾਇਤਾਂ ਦਿਤੀਆਂ ਜਾ ਚੁਕੀਆਂ ਸਨ।

ਇਹ ਹਨ ਉਹ ਨਿਰਣੇ, ਲੇਖੇ-ਜੋਖੇ ਅਤੇ ਸੰਖਿਪਤ ਫੈਸਲੇ ਜਿਹੜੇ ਉਤਲੇ ਹਾਕਮਾਂ ਨੇ ਸ਼ਹੀਦੀ ਅਕਾਲੀ ਜਥੇ ਨਾਲ ਨਿਪਟਣ ਲਈ ਕੀਤੇ ਸਨ। ਇਹਨਾਂ ਤੇ ਵਿਚਾਰਨ ਤੋਂ ਪਹਿਲੋਂ ਜਥੇ ਸਾਮ੍ਹਣੇ ਰਖੀਆਂ ਸ਼ਰਤਾਂ ਨੂੰ ਚੰਗੀ ਤਰ੍ਹਾਂ ਵਾਚ ਲਓ:

ਸਿਰਫ ਉਹਨਾਂ ਪੰਜਾਹ ਅਕਾਲੀਆਂ ਨੂੰ ਗੁਰਦੁਆਰੇ ਵਿਚ ਜਾਣ ਤੇ ਅਖੰਡ ਪਾਠ ਕਰਨ ਦੀ ਆਗਿਆ ਦਿਤੀ ਜਾਏਗੀ ਜਿਹੜੇ ਹੇਠ ਲਿਖੀਆਂ ਲਿਖਤੀ ਸ਼ਰਤਾਂ ਦੇਣਗੇ:—

(1) ਕਿ ਇਸ ਲਿਖਤ ਤੋਂ ਪਿੱਛੋਂ ਬਾਕੀ ਦੇ ਸਭ ਅਕਾਲੀ ਤਾਬੜਤੋੜ ਰਿਆਸਤੀ ਇਲਾਕੇ ਨੂੰ ਛੱਡ ਜਾਣਗੇ।

Digitized by Panjab Digital Library | www.panjabdigilib.org

(2) ਇਹ ਰਸਮ ਖਾਲਿਸ ਧਾਰਮਕ ਹੋਵੇਗੀ ਅਤੇ ਕਿਸੇ ਰਾਜਸੀ ਮਸਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਜਾਵੇਗਾ ।

(3) ਅਖੰਡ ਪਾਠ ਦੇ ਖਤਮ ਹੋਣ ਤੇ ਗੁਰਦੁਆਰੇ ਵਿਚ ਆਗਿਆ ਨਾਲ ਗਏ ਅਕਾਲੀ ਝਟ ਪਟ ਗੁਰਦੁਆਰਾ ਛਡਕੇ ਚਲੇ ਜਾਣਗੇ ।

## 2. ਇਿਹਨਾਂ ਫੈਸਲਿਆਂ ਬਾਰੇ ਕੁਛ ਵਿਚਾਰਾਂ

(1) ਅਕਾਲੀਆਂ ਦੀ ਅਹਿੰਸਾ ਤੇ ਸ਼ਾਂਤਮਈ ਰਹਿਣ ਦੀ ਨੀਤੀ ਬਾਰ ਬਾਰ ਅਜ਼ਮਾਈ ਜਾ ਚੁਕੀ ਸੀ । ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਇਸ ਪਾਲਿਸੀ ਦੀ ਆਗੂ ਤੇ ਚਲਾਣ ਵਾਲੀ ਸੀ । ਉਸ ਨੂੰ ਆਪਣੀ ਇਸ ਪਾਲਿਸੀ ਦੀ ਦ੍ਰਿੜ੍ਹਤਾ ਤੇ ਸਚਿਆਈ ਸਾਬਤ ਕਰਨ ਲਈ ਬਬਰ ਅਕਾਲੀਆਂ ਦੀ ਹਿੰਸਾ ਦੀ ਤਹਿਰੀਕ ਦੀ ਵੀ ਨਿਖੇਧੀ ਕਰਨੀ ਪਈ ਸੀ, ਜਿਸ ਨੂੰ ਕਈ ਅਕਾਲੀ ਨੌਜਵਾਨਾਂ ਨੇ ਪਸੰਦ ਨਹੀਂ ਸੀ ਕੀਤਾ । ਸ਼੍ਰੋਮਣੀ ਕਮੇਟੀ ਦੀ ਆਗਿਆ ਅਨੁਸਾਰ ਅਕਾਲੀ ਜਥਿਆਂ ਨੇ ਬੀਟੀ ਦੀਆਂ ਗਾਲਾਂ, ਗੁਝੇ-ਬਾਵਾਂ ਤੇ ਸੱਟਾਂ ਅਤੇ ਗੁੱਸਾ-ਚਮਕਾਊ ਭੜਕਾਹਟਾਂ ਦੇ ਬਾਵਜੂਦ, ਸ਼ਾਂਤਮਈ ਰਹਿਣ ਦੀ ਉਹ ਜ਼ਾਹਰਾ ਕਰਾਮਾਤ ਕਰ ਵਿਖਾਈ ਸੀ ਕਿ ਦੁਨੀਆਂ ਦੰਗ ਹੋ ਗਈ ਸੀ । ਪਰ ਅੰਗਰੇਜ਼ ਹਾਕਮ ਲਗਾਤਾਰ ਤੋਤੇ ਵਾਲੀ ਰੱਟ ਲਾਈ ਜਾਂਦੇ ਸਨ ਕਿ ਸਿਖ ਸ਼ਾਂਤਮਈ ਨਹੀਂ ਰਹਿ ਸਕਦੇ । ਇਹ ਕਿਸੇ ਵੇਲੇ ਵੀ ਤਸ਼ੱਦਦ ਉਤੇ ਉਤਰ ਸਕਦੇ ਹਨ; ਵਗੈਰਾ ।

ਜੈਤੋ ਦੇ ਪਹਿਲੇ ਸ਼ਹੀਦੀ ਜ਼ਥੇ ਨੂੰ ਇਹਨਾਂ ਹਾਕਮਾਂ ਨੇ ਪਹਿਲੇ ਜਥਿਆਂ ਨਾਲੋਂ ਵਧੇਰੇ "ਖਰੂਦੀ" ਜਾਂ "ਪੁਆੜੇ-ਹੱਥਾ" ਆਖਿਆ ਅਤੇ ਇਹ ਵੀ ਅੰਦਰ-ਮੁਖੀ ਨਤੀਜਾ ਕਢ ਲਿਆ ਕਿ ਉਹ ਗਰਿਫਤਾਰੀ ਵੇਲੇ "ਹਿੰਸਾ ਨਾਲ ਟਾਕਰਾ ਕਰਨਗੇ।" ਇਹ ਨਿਰਣਾ ਬਾਹਰਮੁਖੀ ਨਹੀਂ ਸੀ ਤੇ ਝੂਠ ਤੇ ਨਿਰਭਰ ਸੀ । ਅਮਰਿਤਸਰ ਦੇ ਮੌਕੇ ਉਤੇ ਘੋਖਦੇ ਅਫਸਰਾਂ ਦਾ ਨਿਰਣਾ ਇਸ ਜਥੇ ਬਾਰੇ ਬਿਲਕੁਲ ਇਸ ਦੇ ਉਲਟ ਸੀ । ਉਹਨਾਂ ਦਾ ਨਿਰਣਾ ਇਹ ਸੀ :—

"ਜਥੇ ਵਿਚ 100 ਆਦਮੀ ਅਮਰਿਤਸਰ ਦੇ, 30 ਲਾਹੌਰ ਦੇ ਅਤੇ ਬਾਕੀ ਦੇ ਹੋਰ ਦੂਸਰੇ ਜ਼ਿਲਿਆਂ ਦੇ ਹਨ । ਉਹ ਦਰਬਾਰ ਸਾਹਿਬ ਦੀਆਂ ਰੋਟੀਆਂ ਉਤੇ ਗੁਜ਼ਾਰਾ ਕਰਨ ਵਾਲੇ (ਜਾਂ ਜੀ-ਹਜ਼ੂਰ) ਨਹੀਂ ਹਨ । ਉਹਨਾਂ ਵਿਚੋਂ ਬਾਹਲੇ ਜੱਟ ਦੱਸੇ ਜਾਂਦੇ ਹਨ ਅਤੇ ਗਾਲਬਨ ਸੱਚੇ ਦਿਲੋਂ ਕਟੜ-ਵਾਦੀ ਹਨ । **ਜਿਥੋਂ ਤਕ ਸੰਭਵ ਸੀ ਇਸ ਜਥੇ ਵਿਚ ਉਹ ਲੋਕ ਚੁਣੇ ਗਏ ਹਨ ਜਿਹੜੇ ਕਿ ਪਹਿਲੋਂ ਗੁਰੂ ਕੇ ਬਾਗ ਦੇ ਮਾਮਲੇ ਵਿਚ ਕੈਦ ਹੋ ਚੁਕੇ ਸਨ । ਮੈਨੂੰ ਦਸਿਆ ਗਿਆ ਕਿ ਭੈੜੇ ਚਲਨ ਵਾਲਿਆਂ ਨੂੰ ਬਾਕਾਇਦਾ ਤੌਰ ਤੇ ਜਥੇ ਵਿਚੋਂ ਬਾਹਰ ਰਖਿਆ ਗਿਆ ਹੈ । ਮੈਨੂੰ ਹੈਰਾਨੀ ਹੋਵੇਗੀ ਜੇ ਜਥਾ ਕਿਸੇ ਵੀ ਭੜਕਾਹਟ ਦੇ ਮਾਤਹਿਤ ਆਪਣੀ ਅਹਿੰਸਾ ਦੀ ਕਸਮ ਨੂੰ ਤੋੜੇਗਾ,** (ਜ਼ੋਰ ਮੇਰਾ)[1]

ਅਤੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਸ ਰਿਪੋਰਟ ਉਤੇ ਦੋਹਾਂ ਹਿੰਦ ਦੇ ਹੋਮ ਸੈਕਟਰੀ ਕਰੀਰਾਰ ਅਤੇ ਪੋਲਿਟੀਕਲ ਤੇ ਫਾਰੇਨ (ਬਦੇਸ਼) ਮਹਿਕਮੇ ਦੇ ਸੈਕਟਰੀ ਥਾਮਸਨ ਦੇ ਦਸਖਤ ਹਨ ਕਿ ਉਹਨਾਂ ਨੇ ਇਹ ਵੇਖ ਲਈ ਹੈ । ਇਸ ਤੋਂ ਇਕੋ ਹੀ ਸਿੱਟਾ ਨਿਕਲਨਾ ਸੰਭਵ

[1] Copy of a D. O. letter dated the 11th Feb. 1924 from the D. C. Amritsar to the Commissioner Lahore Division.

Digitized by Panjab Digital Library | www.panjabdigilib.org

ਹੈ ਕਿ "ਹਿੰਸਾ" ਦੀ ਗੱਲ ਕਿਸੇ ਪਹਿਲੋਂ ਮਿਥੀ ਹੋਈ ਗੋਂਦ ਨਾਲ ਸਬੰਧ ਰਖਦੀ ਸੀ, ਅਤੇ ਜਾਣ ਬੁਝਕੇ ਬਦਦਿਆਨਤੀ ਨਾਲ ਦੁਹਰਾਈ ਜਾ ਰਹੀ ਸੀ ਤਾਂ ਜੋ ਹਿੰਸਾ ਦੇ ਇਲਜ਼ਾਮ ਲਾ ਲਾ ਕੇ ਤਹਿਰੀਕ ਨੂੰ ਮੌਕਿਆ ਪਾ ਕੇ ਕੁਚਲਿਆ ਜਾਏ ।

2) ਅਫਸਰਾਂ ਦੀ ਮੀਟਿੰਗ ਨੇ ਜਿਵੇਂ ਜੰਗ ਵਿਚ ਯੁਧਨੀਤੀ ਬਣਾਈਦੀ ਹੈ, ਤਿਵੇਂ ਯੁਧ ਨੀਤੀ ਬਣਾਈ ਸੀ, ਅਤੇ ਦਾਅ-ਪੇਚ ਘੜੇ ਸਨ । ਹੱਦਾਂ ਉਤੇ ਜਥੇ ਨੂੰ ਰੋਕਣਾ ਰੱਦ ਕਰ ਦਿੱਤਾ ਗਿਆ ਕਿਉਂਕਿ ਇਸ ਤਰ੍ਹਾਂ ਕਰਨਾ ਰਿਆਸਤ ਤੋਂ ਬਾਹਰਲੇ ਇਲਾਕਿਆਂ ਵਿਚ ਤਸ਼ੱਦਦ ਕਰਨਾ ਤੇ ਗੋਲੀਆਂ ਚਲਾਣਾ ਪੇਚੀਦਗੀਆਂ ਪੈਦਾ ਕਰਨ ਦਾ ਖਤਰਾ ਸਹੇੜਨਾ ਸੀ । ਇਸ ਲਈ ਜਥੇ ਨੂੰ ਨਾਭੇ ਵਿਚ ਜਾਣ ਤੋਂ ਨਾ ਰੋਕਿਆ ਜਾਏ, ਜੈਤੋ ਦੇ ਨਰਗੇ ਵਿਚ ਲਿਆਕੇ ਇਸ ਨਾਲ ਨਿਪਟਿਆ ਜਾਏ ਅਤੇ ਕਿਸੇ ਆਗੂ ਜਾਂ ਪੱਤਰਕਾਰ ਨੂੰ ਅੰਦਰ ਨਾ ਲੰਘਣ ਦਿਤਾ ਜਾਏ ਤਾਂ ਜੋ ਜਿਸ ਤਰ੍ਹਾਂ ਵੀ ਜਥੇ ਨਾਲ ਨਿਪਟਿਆ ਜਾਵੇ ਉਸ ਦੀ ਵਾਅ-ਸੋਅ ਜੈਤੋ ਤੋਂ ਬਾਹਰ ਨਾ ਜਾ ਸਕੇ । ਡੀ. ਸੀ. ਅਮਰਿਤਸਰ ਦੀ ਜਥੇ ਦੀ ਖਸਲਤ ਬਾਰੇ ਉਪਰੋਕਤ ਚਿਠੀ ਦੇ ਹੁੰਦਿਆਂ ਇਹ ਦਾਅ ਪੇਚ ਘੜਨਾ ਸਾਬਤ ਕਰਦਾ ਹੈ ਕਿ ਅਫਸਰਾਂ ਦੀ ਨੀਅਤ ਕੁਛ ਗੋਂਦ ਗੁੰਦੀ ਬੈਠੀ ਸੀ । ਜਿਸ ਨੂੰ ਉਹ ਅਮਲ ਵਿਚ ਲਿਆਣ ਲਈ ਹਰ ਪਹਿਲੂ ਤੇ ਵਿਚਾਰ ਕਰ ਰਹੇ ਸਨ ਅਤੇ ਇਸ ਦੀ ਕੋਈ ਵੀ ਉੱਘ-ਸੁੱਘ ਬਾਹਰ ਨਿਕਲਣ ਦੇਣਾ ਨਹੀਂ ਸਨ ਚਾਹੁੰਦੇ ।

3) ਗੌਰਮਿੰਟ ਨੂੰ ਇਸ ਗੱਲ ਦਾ ਇਲਮ ਸੀ ਕਿ ਜੱਥਾ—ਪੰਜ ਸੌ ਦਾ ਪੰਜ ਸੌ—ਖੰਡਤ ਅਠੰਡ ਪਾਠ ਦੇ ਮੁੜ ਜਾਰੀ ਕਰਨ ਦੇ ਮਕਸਦ ਨਾਲ ਜਾ ਰਿਹਾ ਸੀ । ਉਹ ਸਹੁੰਆਂ ਖਾ ਕੇ ਆਇਆ ਸੀ । ਉਹਨਾਂ ਵਿਚੋਂ ਕੋਈ ਵੀ ਵਾਪਸ ਨਹੀਂ ਸੀ ਜਾਣ ਲਗਾ—ਜਾਂ ਸਾਰੇ ਜਾਣਗੇ ਜਾਂ ਪੰਜਾਹ ਵੀ ਨਹੀਂ ਜਾਣਗੇ । ਸ਼ਰਤਾਂ ਹਾਸੋਹੀਣੀਆਂ, ਧਰਮ ਵਿਚ ਦਖਲ ਦੇਣ ਵਾਲੀਆਂ ਅਤੇ ਜਾਣ ਬੁਝਕੇ ਅੜਿਕੇ ਡਾਹਣ ਵਾਲੀਆਂ ਸਨ । ਇਹਨਾਂ ਦੇ ਪਿੱਛੇ ਵੀ ਕੋਈ ਮਕਸਦ ਕੰਮ ਕਰ ਰਿਹਾ ਜਾਪਦਾ ਸੀ ।

ਪੰਡਤ ਮਦਨ ਮੋਹਨ ਮਾਲਵੀਆ ਨੇ ਲੈਜਿਸਲੇਟਿਵ ਅਸੰਬਲੀ (ਦਿੱਲੀ) ਵਿਚ ਠੀਕ ਆਖਿਆ ਸੀ : ਅਤੇ ਸਿੱਖ ਕਰ ਕੀ ਰਹੇ ਸਨ ? ਉਹ ਮੰਗਦੇ ਕੀ ਸਨ ? ਉਹ ਇਹ ਨਹੀਂ ਸਨ ਮੰਗ ਰਹੇ ਕਿ ਸਾਨੂੰ, ਦੂਜਿਆਂ ਨੂੰ ਬਾਹਰ ਕਢਕੇ, ਗੁਰਦੁਆਰੇ ਦਾ ਕਬਜ਼ਾ ਦੇ ਦਿਓ । ਉਹ ਸਿਰਫ ਏਨੀ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ ਗੁਰੂ ਗਰੰਥ ਸਾਹਿਬ ਦਾ ਪਾਠ ਕਰਨ ਲਈ ਜਾਣ ਦਿਤਾ ਜਾਏ ਅਤੇ ਜਦੋਂ ਉਹ ਆਪਣੇ ਪਵਿਤਰ ਗ੍ਰੰਥ ਦਾ ਪਾਠ ਕਰ ਲੈਣ ਉਹਨਾਂ ਨੂੰ ਵਾਪਸ ਜਾਣ ਦਿਤਾ ਜਾਵੇ । ਲੋਕ ਭਾਵੇਂ ਉਸ ਤੋਂ ਵੀ ਤਿੱਗਣੇ ਹੁੰਦੇ, ਜਿੰਨੇ ਉਹ ਸਨ—ਕਾਨੂੰਨ ਜਾਂ ਆਮ ਸੂਝ ਨੂੰ ਮੁਖ ਰਖਦਿਆਂ ਕਿਸੇ ਅਫਸਰ ਨੂੰ ਕੀ ਹੱਕ ਸੀ ਕਿ ਉਹਨਾਂ ਤੇ ਗੋਲੀਆਂ ਚਲਾਈਆਂ ਜਾਦੀਆਂ ਜਦੋਂ ਕਿ ਲੋਕ ਬੇ-ਕਸੂਰੇ ਸਨ ।[1]

4) ਗੌਰਮਿੰਟ ਰਿਆਸਤ ਦੇ ਵਫਾਦਾਰ ਲੋਕਾਂ ਨੂੰ ਜਥੇ ਦਾ ਮੁਕਾਬਲਾ ਕਰਨ ਲਈ ਤਿਆਰ ਕਰਕੇ ਲਿਆਈ ਸੀ ਅਤੇ ਬਾਕਾਇਦਾ ਹਦਾਇਤਾਂ ਕਰ ਰਹੀ ਸੀ ਕਿ ਆਹ ਕਰੋ, ਔਹ ਕਰੋ । ਉਹਨਾਂ ਦਾ ਗੌਰਮਿੰਟ ਦੀਆਂ ਹਦਾਇਤਾਂ ਦੇ ਮੁਤਾਬਕ ਅੱਗੇ ਜਾਣਾ, ਪਿੱਛੇ ਹਟਣਾ ਸਿੱਧ ਕਰਦਾ ਸੀ ਕਿ ਉਹ ਗੌਰਮਿੰਟ ਨੇ ਖੁਦ ਬੁਲਾਏ ਸਨ ਅਤੇ ਐਡਮਨਿਸਟਰੇਟਰ ਦੀਆਂ ਹਦਾਇਤਾਂ ਮੁਤਾਬਕ ਅਮਲ ਕਰਦੇ ਸਨ । ਉਹ ਆਪਣੇ ਆਪ ਆਪਣੀ ਇੱਛਾ ਨਾਲ ਨਹੀਂ ਸਨ ਆਏ ।

[1] Page 972—Legislatvie Assembly Debates. vol IV—Part II 26th Feb—1924 Proceedings.

Digitized by Panjab Digital Library | www.panjabdigilib.org

ਇਸ ਤੇ ਹੇਲੀ ਦੀ ਸਪੀਚ ਦੇ ਦੌਰਾਨ ਪੰਡਤ ਮਾਲਵੀਆ ਨੇ ਸਵਾਲ ਕੀਤਾ ਸੀ : ਕੀ ਇਹ ਪੇਂਡੂ ਬਰਿਟਿਸ਼ ਹਾਕਮਾਂ ਵਲੋਂ ਜਥਿਆਂ ਨਾਲ ਖਾਸ ਤੌਰ ਤੇ ਲੜਨ ਲਈ ਨਹੀਂ ਸਨ ਬੁਲਾਏ ਗਏ ? ਹੇਲੀ ਨੇ ਜਵਾਬ ਦਿਤਾ : ਮੇਰੀ ਇਤਲਾਹ ਇਹ ਹੈ ਕਿ ਉਹਨਾਂ ਵਲੋਂ ਸੁਇੱਛਕ ਪੇਸ਼ਕਸ਼ ਇਕ ਵਾਰ ਨਹੀਂ, ਕਈ ਵਾਰ ਕੀਤੀ ਗਈ ਸੀ। ਵੇਲਾ ਟਪਾਣ ਲਈ ਵੱਡੇ ਵੱਡੇ ਅੰਗਰੇਜ਼ ਅਫਸਰ ਝੂਠ ਬੋਲਣੋਂ ਰਤਾ ਨਹੀਂ ਸਨ ਸੰਗਦੇ।[1]

5) ਸਰਕਾਰ ਸਿੱਖਾਂ ਦੇ ਪੂਜਾ ਪਾਠ ਦੇ ਹੱਕ ਤੇ ਛਾਪੇ ਮਾਰੀ ਬੈਠੀ ਸੀ। ਜੋ ਕੁਛ ਹੋ ਰਿਹਾ ਸੀ ਵਾਈਸਰਾਏ ਦੇ ਤੇ ਉਸ ਦੀ ਸਕੱਤਰੇਤ ਦੇ ਹੁਕਮਾਂ ਦੇ ਮੁਤਾਬਕ ਹੋ ਰਿਹਾ ਸੀ। ਪੰਜਾਹ ਆਦਮੀਆਂ ਦੀ ਸ਼ਰਤ ਨਾਲ ਗੁਰਦੁਆਰੇ ਅੰਦਰ ਜਾਣ ਦੇ ਖਿਲਾਫ ਪ੍ਰੋ: ਜੋਧ ਸਿੰਘ ਨੇ ਵੀ ਮੇਨਾਰਡ ਨੂੰ ਲਿਲ੍ਹੜੀਆਂ ਭਰਿਆ ਖਤ ਲਿਖਿਆ ਸੀ ਜਿਸਨੂੰ ਅਸੰਬਲੀ ਵਿਚ ਪੰਡਤ ਮਾਲਵੀਆ ਨੇ ਆਪਣੀ ਸਪੀਚ ਦੇ ਦੌਰਾਨ ਪੇਸ਼ ਕੀਤਾ ਸੀ : ਧਾਰਮਕ ਰਸਮ ਦਾ ਪੂਰਾ ਕੀਤਾ ਜਾਣਾ ਅਤੇ ਉਹਨਾਂ ਆਦਮੀਆਂ ਦੀ ਗਿਣਤੀ ਉਤੇ ਪਾਬੰਦੀ ਲਾਉਣਾ ਜਿਹੜੇ ਕਿ ਸ਼ਾਮਲ ਹੋ ਸਕਦੇ ਹਨ—ਇਹ ਇਕ ਅਸਲੀ ਧਾਰਮਕ ਸ਼ਕਾਇਤ ਪੈਦਾ ਕਰਨਾ ਹੋਵੇਗਾ। ਜੇ ਅਖੰਡ ਪਾਠ ਕੀਤਾ ਜਾਂਦਾ ਹੈ ਤਾਂ ਉਸ ਦੀ ਸਾਰਿਆਂ ਨੂੰ ਪਹੁੰਚ ਹੋਣੀ ਚਾਹੀਦੀ ਹੈ।[2] ਪਰ ਇਹੋ ਜੇਹੇ ਲੋਕ ਤਾਂ ਸਰਕਾਰ ਦੇ ਘੜੇ ਦੀਆਂ ਮੱਛੀਆਂ ਸਨ। ਇਹਨਾਂ ਦੀ ਆਵਾਜ਼ ਕੌਣ ਸੁਣਦਾ ਸੀ ?

ਜਿਵੇਂ ਕਿ ਅਸੀਂ ਪਿੱਛੇ ਵੇਖ ਆਏ ਹਾਂ, ਗੋਲੀ ਚਲਾਣ ਦਾ ਫੈਸਲਾ, ਅੰਤਮ ਯਤਨ ਦੇ ਤੌਰ ਤੇ ਕੀਤਾ ਗਿਆ ਸੀ ਪਰ ਐਡਮਨਿਸਟਰੇਟਰ ਦੇ ਅਧਿਕਾਰਾਂ ਉਤੇ ਪਾਬੰਦੀ ਲਾਉਣ ਦੇ ਬਾਵਜੂਦ ਹਾਲਾਤ ਨੂੰ ਨਿਪਟਣਾ ਉਸੇ ਦੇ ਹੱਥ ਵਿਚ ਸੀ। ਅਤੇ ਇਹ ਅਫਸਰ ਅਸੀਂ ਜਾਣਦੇ ਹਾਂ ਕਿ, ਅਕਾਲੀ ਤਹਿਰੀਕ ਨੂੰ ਖਤਮ ਕਰਨ ਵਾਲਿਆਂ ਵਿਚੋਂ ਸਿਰਕੱਢ ਬੰਦਾ ਸੀ।

## 3. ਜਥੇ ਦਾ ਜੈਤੋ ਵਿਚ ਕਤਲਾਮ

ਅਜੇ ਤਕ ਅਸਾਂ ਗੌਰਮਿੰਟ ਦੇ ਫੈਸਲਿਆਂ ਉਤੇ ਕੁਛ ਟੀਕਾ ਟਿਪਣੀ ਹੀ ਕੀਤੀ ਹੈ। ਜਥਾ ਅਜੇ ਰਸਤੇ ਵਿਚ ਹੀ ਆ ਰਿਹਾ ਸੀ। ਜੈਤੋ ਨਹੀਂ ਸੀ ਪਹੁੰਚਿਆ। ਇਸ ਦੇ ਪਹੁੰਚਣ ਦੀ ਤਰੀਕ ਨਨਕਾਣੇ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ 21 ਫਰਵਰੀ ਸੀ। ਜਥੇ ਦੇ ਰਸਤੇ ਦੀਆਂ ਕਾਰਵਾਈਆਂ ਬਾਰੇ ਗੌਰਮਿੰਟ ਨੂੰ ਹਰ ਥਾਂ ਤੋਂ ਰਿਪੋਰਟਾਂ ਮਿਲ ਰਹੀਆਂ ਸਨ। ਜਥੇ ਦਾ ਥਾਂ ਥਾਂ ਪਿੰਡਾਂ ਵਿਚ ਸੁਆਗਤ ਹੋ ਰਿਹਾ ਸੀ। ਸੜਕਾਂ ਤੇ ਲੋਕ ਦੁਧ ਤੇ ਰੋਟੀਆਂ ਲੈ ਕੇ ਲੰਘਦੇ ਜਥੇ ਦੀ ਸੇਵਾ ਲਈ ਕਈ ਕਈ ਘੰਟੇ ਖੜੇ ਰਹਿੰਦੇ ਸਨ। ਕਾਂਗਰਸੀ ਤੇ ਖਿਲਾਫਤੀ ਮਿੰਬਰ ਮਿਲਕੇ ਹਲਾਸ਼ੇਰੀ ਦੇਂਦੇ ਸਨ। ਲੋਕਾਂ ਵਿਚ ਅਥਾਹ ਜੋਸ਼ ਸੀ। "ਲੋਕ ਕਈਆਂ ਮੀਲਾਂ ਤੋਂ ਆ ਆ ਕੇ ਜਥੇ ਦੇ ਦਰਸ਼ਨ ਕਰ ਰਹੇ ਸਨ। ਕਈ ਲੋਕ ਉਹ ਮਿੱਟੀ ਉਠਾ ਲੈਂਦੇ ਹਨ, ਜਿਥੋਂ ਦੀ ਜਥਾ ਲੰਘ ਜਾਂਦਾ ਹੈ।[3] ਸ਼੍ਰੋਮਣੀ ਕਮੇਟੀ ਨੇ ਗੈਰ ਅਕਾਲੀ ਸਿੱਖਾਂ ਨੂੰ ਪਰਭਾਵਿਤ ਕਰ ਲਿਆ ਹੈ ਕਿ ਇਹ ਧਾਰਮਕ ਯਾਤਰਾ ਹੈ।"

## 4. ਗੋਲੀ ਚਲਾਉਣ ਬਾਰੇ ਸਰਕਾਰੀ ਬਿਆਨ

ਗੌਰਮਿੰਟ ਦੀ ਆਪਣੀ ਰਿਪੋਰਟ ਮੁਤਾਬਕ ਸ਼ਹੀਦੀ ਜਥਾ ਢਲੀ ਦੁਪਹਿਰ ਬਰਗਾੜੀ (ਰਿਆਸਤ ਫਰੀਦਕੋਟ) ਨਗਰ ਤੋਂ ਜੈਤੋ ਨੂੰ ਤੁਰਿਆ ਅਤੇ 2.45 ਦੇ ਕਰੀਬ ਜੈਤੋ ਦੇ ਲੋਕਾਂ

---

[1] ਉਪਰੋਕਤ ਕਾਰਵਾਈ ਹੀ—ਸਫਾ 991

[2] ਉਪਰੋਕਤ ਕਾਰਵਾਈ ਵਿਚ ਮਾਲਵੀਆ ਦੀ ਸਪੀਚ ਵਿਚ ਹਵਾਲਾ।

[3] D. C. Amirtsar—report.

Digitized by Panjab Digital Library | www.panjabdigilib.org

ਆਉਂਦਾ ਵੇਖਿਆ। ਉਸ ਦੇ ਆਲੇ ਦੁਆਲੇ ਛੇ ਹਜ਼ਾਰ ਆਦਮੀ ਹੋਰ ਉਸ ਨੂੰ ਢੱਕੀ ਆ ਰਹੇ ਸਨ। ਜਥਾ ਤੇ ਨਾਲ ਦੀ ਵਹੀਰ ਕੋਈ ਛੇ ਸੌ ਗਜ਼ ਦੀ ਚੌੜਾਈ ਵਿਚ ਅਗੇ ਵਧ ਰਹੀ ਸੀ। ਉਹ "ਲਾਠੀਆਂ, ਛਵੀਆਂ, ਭਾਲਿਆਂ ਅਤੇ ਬੰਦੂਕਾਂ ਨਾਲ ਲੈਸ ਸਨ। ਐਡਮਨਿਸਟਰੇਟਰ ਪੰਜ ਹੋਰ ਰਿਆਸਤੀ ਅਫਸਰਾਂ ਨੂੰ ਨਾਲ ਲੈ ਕੇ ਅਕਾਲੀਆਂ ਨੂੰ ਅਗੇ ਜਾ ਕੇ ਮਿਲਣ ਲਈ ਲਗ ਭਗ ਸੌ ਗਜ਼ ਅੱਗੇ ਵਧਿਆ ਅਤੇ ਉਹਨਾਂ ਨੂੰ ਖਲੋ ਜਾਣ ਲਈ ਆਖਿਆ ਅਤੇ ਸਪੱਸ਼ਟ ਕੀਤਾ ਕਿ ਜੇ ਉਹ ਹੁਕਮ ਤੇ ਅਮਲ ਨਹੀਂ ਕਰਨਗੇ ਤਦ ਉਸ ਨੂੰ ਮਜਬੂਰ ਹੋ ਕੇ ਗੋਲੀ ਚਲਾਣੀ ਪਏਗੀ। ਅਕਾਲੀਆਂ ਨੇ ਇਸ ਤੰਬੀਹ ਦੀ ਕੋਈ ਪਰਵਾਹ ਨਾ ਕੀਤੀ ਜਿਨ੍ਹਾਂ ਨੇ ਸਗੋਂ **ਗਰਮੀ (ਤੇਜ਼ੀ) ਨਾਲ ਐਡਮਨਿਸਟਰੇਟਰ ਤੇ ਉਸ ਦੀ ਪਾਰਟੀ ਦਾ ਪਿੱਛਾ ਕੀਤਾ।** (ਜ਼ੋਰ ਮੇਰਾ)

ਇਸ ਏਲਾਨ ਵਿਚ ਜਿਹੜੇ ਹੋਰ ਨੁਕਤੇ ਲਿਖੇ ਗਏ ਉਹ ਇਹ ਸਨ :

(1) ਅਕਾਲੀ ਵਲੋਂ ਚਲਾਈ ਗਈ ਗੋਲੀ ਇਸ ਵੇਲੇ ਇਕ ਨਾਭੇ ਦੇ ਪੇਂਡੂ ਨੂੰ ਲਗੀ ਅਤੇ ਉਹ ਜ਼ਖਮੀ ਹੋ ਗਿਆ।

(2) ਐਡਮਨਿਸਟਰੇਟਰ ਨੇ ਲੀਡਰਾਂ ਉੱਤੇ ਜਿਹੜੇ ਕਿ ਥੋੜੇ ਜਿਹੇ ਗਜ਼ਾਂ ਦੀ ਵਿਥ ਤੇ ਸਨ ਬਕਸ਼ੌਟਸ ਦੇ ਤਿੰਨਾਂ ਰੌਂਦਾਂ ਦੇ ਚਲਾਣ ਦਾ ਹੁਕਮ ਦਿਤਾ।

(3) ਅਕਾਲੀਆਂ ਦੀ ਕਤਾਰ ਆਪਣੇ ਸੱਜੇ ਪਾਸੇ ਵਲ ਟੁੱਟ ਗਈ ਜਿਥੇ ਕਿ ਨਾਭਾ ਪੈਦਲ ਫੌਜ ਦੀ ਪਲਟਣ ਪੁਜ਼ੀਸ਼ਨ ਸੰਭਾਲੀ ਬੈਠੀ ਸੀ। ਐਡਮਨਿਸਟਰੇਟਰ ਨੇ ਉਸ ਉਤੇ ਸਰਵਿਸ ਗੋਲੀਆਂ ਦੀਆਂ ਤਿੰਨ ਰੌਂਦਾਂ (ਪਾਬੰਦੀਆਂ ਸਹਿਤ) ਚਲਾਣ ਦਾ ਹੁਕਮ ਦਿਤਾ।

(4) ਅਕਾਲੀ ਜਥਾ ਤੇ ਉਹਨਾਂ ਦੇ ਸਾਥੀਆਂ ਦਾ ਮੂੰਹ ਗੁਰਦੁਆਰਾ ਟਿੱਬੀ ਸਾਹਿਬ ਵਲ ਹੋ ਗਿਆ ਘੋੜ ਸਵਾਰਾਂ ਦਾ ਸਕੁਆਡਰਨ ਉਹਨਾਂ ਨੂੰ ਰੋਕਣ ਲਈ ਓਧਰ ਗਿਆ।

(5) ਅਕਾਲੀਆਂ ਨੇ ਇਸ ਮੌਕੇ ਤੇ ਗੋਲੀਆਂ ਚਲਾਣੀਆਂ ਤੇਜ਼ ਕਰ ਦਿਤੀਆਂ ਅਤੇ ਇਕ ਘੋੜ-ਸਵਾਰ ਦੀ ਅਗਵਾਈ ਵਿਚ ਜਿਹੜਾ ਕਿ ਅੰਗਰੇਜ਼ੀ ਵਿਚ ਹੁਕਮ ਦੇ ਰਿਹਾ ਸੀ, ਜ਼ਬਰਦਸਤ ਹਮਲਾ ਕਰ ਦਿਤਾ। ਘੋੜ-ਸਵਾਰ ਦਸਤੇ ਦੇ 10 ਉਤਰੇ ਹੋਏ ਜਵਾਨਾਂ ਦੀਆਂ ਗੋਲੀਆਂ ਨੇ ਉਹਨਾਂ ਨੂੰ ਰੋਕ ਲਿਆ, ਪਰ ਜਥਾ ਟਿਬੀ ਸਾਹਿਬ ਵਲ ਅਗੇ ਵਧਦਾ ਗਿਆ ਅਤੇ ਓਥੇ ਕੋਈ ਦੋ ਹਜ਼ਾਰ ਆਦਮੀ ਇੱਕਠੇ ਹੋ ਗਏ। ਪਰ ਇਹ ਖਿੰਡਦੇ ਗਏ ਅਤੇ ਕੋਈ ਸੌ ਆਦਮੀ ਫੜ ਲਏ ਗਏ।

(6) ਗੋਲੀ ਕਾਂਡ ਪਿੱਛੋਂ ਡਾਕਟਰ ਕਿਚਲੂ ਅਤੇ ਪ੍ਰੋਫੈਸਰ ਗਿਡਵਾਨੀ ਮੋਟਰ ਕਾਰ ਵਿਚ ਮੌਕੇ ਤੇ ਪਹੁੰਚ ਗਏ ਜਿਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

(7) ਹੁਣ ਤਕ ਜੋ ਕੁਛ ਮਲੂਮ ਕੀਤਾ ਜਾ ਸਕਿਆ ਹੈ, ਮਰਿਆਂ ਤੇ ਫੱਟੜਾਂ ਦੀ ਗਿਣਤੀ ਕੀਤੀ ਗਈ ਹੈ ਜਿਸ ਅਨੁਸਾਰ 14 ਮਰ ਗਏ ਹਨ ਅਤੇ 34 ਜ਼ਖਮੀ ਹੋ ਗਏ ਹਨ।

(8) ਇਕ ਮੈਜਿਸਟਰੇਟ ਨੂੰ ਉਚੇਚੀ ਪੜਤਾਲ ਕਰਨ ਦਾ ਹੁਕਮ ਦੇ ਦਿਤਾ ਗਿਆ ਹੈ।[1]

ਉਤਲੀ ਰਿਪੋਰਟ ਦੇ ਨੁਕਤੇ ਸਰਕਾਰੀ ਬਿਆਨ ਦੇ ਮੁਤਾਬਕ ਦਿਤੇ ਗਏ ਹਨ ਜਿਹੜੇ ਕਿ ਇਕ ਸਰਕਾਰੀ ਏਜੰਸੀ ਨੇ ਅਖਬਾਰਾਂ ਨੂੰ ਦਿਤੇ। ਇਹ ਇਕ-ਪੱਖੀ ਬਿਆਨ ਹੈ, ਅਕਾਲੀ ਪੱਖ ਕੀ ਹੈ ? ਉਹ ਅਸੀਂ ਅੱਗੇ ਚਲ ਕੇ ਵੇਖਾਂਗੇ। ਅਤੇ ਸਰਕਾਰੀ ਪੱਖ ਦੇ ਸੱਚ ਤੇ ਝੂਠ ਦੀ ਪਰਖ ਅਸੀਂ ਉਹਨਾਂ ਦੇ ਆਪਣੇ ਬਿਆਨਾਂ ਦੀਆਂ ਵਿਰੋਧਤਾਈਆਂ ਅਤੇ ਕੁਛ ਆਗੂਆਂ ਦੀ ਪੜਤਾਲ ਪੇਸ਼ ਕਰਕੇ ਆਪਣੇ ਪਾਠਕਾਂ ਸਾਮ੍ਹਣੇ ਰਖਾਂਗੇ।

---

[1] Indian News Agency ਟੈਲੀਗ੍ਰਾਮ no-37 (D) Delhi 22 no. Feb. 1929 time : 11. 50 hours.

Digitized by Panjab Digital Library | www.panjabdigilib.org

GURDWARA GANGSAR SAHIB (Jaito)



ਅੰਗਰੇਜ਼ੀ ਸਰਕਾਰ ਵਲੋਂ ਗੁਰਦੁਆਰਾ ਗੰਗਸਰ ਜੈਤੋ ਵਿਖੇ ਸ਼ਹੀਦੀ ਜਥੇ ਪੁਰ ਗੋਲੀ ਚਲਾਉਣ ਦੇ ਸਮੇਂ ਦਾ ਦ੍ਰਿਸ਼ ।

(ਸ੍ਰੋ: ਗੁ: ਪ੍ਰ: ਕਮੇਟੀ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਉਤਲਿਆਂ ਨੁਕਤਿਆਂ ਤੋਂ ਛੁੱਟ ਦੋ ਨੁਕਤੇ ਹੋਰ ਗੌਰਮਿੰਟ ਦੀ ਖੁਫੀਆ ਰਿਪੋਰਟ ਵਿਚ ਮਿਲਦੇ ਹਨ। ਇਹਨਾਂ ਨੂੰ ਵੀ ਉਹਨਾਂ ਦੇ ਨਾਲ ਹੀ ਜੋੜ ਲੈਂਦੇ ਹਾਂ :

(9) ਖਿਆਲ ਰਖਿਆ ਗਿਆ ਸੀ ਕਿ ਸ਼ਹੀਦੀ ਜਥੇ ਤੇ ਗੋਲੀ ਨਾ ਚਲਾਈ ਜਾਏ।

(10) ਸ਼ੁਰੂ ਤੋਂ ਅਖੀਰ ਤਕ ਘੱਟ ਤੋਂ ਘੱਟ ਤਾਕਤ ਵਰਤੀ ਗਈ। ਜੇ ਅਕਾਲੀਆਂ ਨੂੰ ਜਿਥੇ ਰੋਕਿਆ ਗਿਆ ਸੀ, ਓਥੇ ਹੀ ਨਾ ਰੋਕਿਆ ਜਾਂਦਾ ਤਾਂ ਜੈਤੋ ਪਿੰਡ ਵਿਚ ਅਤੇ ਮੰਡੀ ਵਿਚ ਅਤੇ ਸੰਭਵਤਾ ਤੌਰ ਤੇ ਰੇਲਵੇ ਸਟੇਸ਼ਨ ਤੇ ਜਾ ਇੱਕਠੇ ਹੁੰਦੇ ਅਤੇ ਜਾਇਦਾਦ ਨੂੰ ਬੜਾ ਨੁਕਸਾਨ ਪਹੁੰਚਾਂਦੇ।[1]

ਉਤਲਿਆਂ ਨੁਕਤਿਆਂ ਉਤੇ ਗੌਰਮਿੰਟ ਦੀਆਂ ਮਿਸਲਾਂ ਵਿਚ ਬੜੀ ਪਰਸਪਰ ਵਿਰੋਧੀ ਸਾਮਗਰੀ ਹੈ ਜਿਸ ਦੇ ਵਧੇਰੇ ਅਧਿਅਨ ਦੀ ਲੋੜ ਹੈ। ਮਲੂਮ ਹੁੰਦਾ ਹੈ ਕਿ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਨੂੰ ਵੀ ਪੂਰੀਆਂ ਖਬਰਾਂ ਨਹੀਂ ਸਨ ਮਿਲੀਆਂ। ਕਮੇਟੀ ਦੀ ਸਿਵਲ ਐਂਡ ਮਿਲਟਰੀ ਗਜ਼ਟ ਵਿਚ ਇਕ ਖਬਰ 26 ਫਰਵਰੀ ਨੂੰ ਛਪੀ ਸੀ ਜਿਸ ਵਿਚ ਸ਼ਹੀਦ ਹੋਇਆਂ ਦੀ ਗਿਣਤੀ 18 ਅਤੇ ਜ਼ਖਮੀਆਂ ਦੀ 60 ਦਸੀ ਗਈ ਸੀ। ਐਡਮਨਿਸਟਰੇਟਰ ਨਾਭਾ ਨੇ ਇਸ ਬਿਆਨ ਤੋਂ ਫਾਇਦਾ ਉਠਾਉਂਦਿਆਂ ਹਿੰਦ ਸਰਕਾਰ ਨੂੰ ਲਿਖਿਆ ਸੀ ਕਿ ਉਸ ਦਾ ਅੰਦਾਜ਼ਾ ਘੱਟ ਵਾਲੇ ਪਾਸੇ ਵਲ ਹੋਣ ਦੀ ਸੰਭਾਵਨਾ ਨਹੀਂ।

## 5. ਪਟਿਆਲੇ ਵਲੋਂ ਕਤਲਾਮ ਦੀ ਹਮਾਇਤ

9 ਫਰਵਰੀ ਬਸੰਤ ਪੰਚਮੀ ਦਾ ਓਹੋ ਦਿਨ ਹੈ ਜਿਸ ਦਿਨ 500 ਅਕਾਲੀਆਂ ਦਾ ਪਹਿਲਾ ਸ਼ਹੀਦੀ ਜਥਾ ਸ਼ਾਂਤ ਮਈ ਰਹਿਣ ਦੀ ਸਹੁੰ ਚੁਕਕੇ ਅਕਾਲ ਤਖਤ ਤੋਂ ਜੈਤੋ ਨੂੰ ਤੁਰਿਆ ਸੀ।

ਇਸ ਸ਼ਹੀਦੀ ਜਥੇ ਦੇ ਮਿੰਬਰਾਂ ਉਤੇ ਗੋਲੀਆਂ ਦੀਆਂ ਬੁਛਾੜਾਂ ਦੇ ਦੋ ਦਿਨ ਪਿੱਛੋਂ ਮਹਾਰਾਜਾ ਪਟਿਆਲਾ ਨੇ 23 ਫਰਵਰੀ ਨੂੰ ਗਵਰਨਰ-ਜਨਰਲ ਦੇ ਏਜੰਟ ਮਿੰਚਨ ਨੂੰ ਇਕ ਹੋਰ ਚਿੱਠੀ ਲਿਖੀ ਜਿਹੜੀ ਅਕਾਲੀ ਤਹਿਰੀਕ ਨੂੰ ਦਬਾਉਣ ਤੇ ਕੁਚਲਣ ਦੇ ਸੁਝਾਅ ਦੇਂਦੀ ਹੈ। ਇਹ ਚਿੱਠੀ ਦਸਦੀ ਹੈ ਕਿ ਪਟਿਆਲਾ ਰਾਜਾ ਅੰਗਰੇਜ਼ ਹਾਕਮਾਂ ਦੀ ਦਲਾਲੀ ਕਰਨ ਵਿਚ ਕਿਸ ਜ਼ਲੀਲ ਤੇ ਘਿਰਣਾ ਯੋਗ ਹਦ ਤਕ ਪਹੁੰਚ ਚੁਕਾ ਸੀ। ਉਹ ਲਿਖਦਾ ਹੈ :

"......ਜਥੇ ਨੇ ਨਾਭੇ ਦੀ ਪੁਜ਼ੀਸ਼ਨ ਤੇ ਹਮਲਾ ਕੀਤਾ ਅਤੇ ਉਸ ਨੇ ਉਹਨਾਂ (ਪੁਲਸ-ਫੌਜ) ਉੱਤੇ ਗੋਲੀਆਂ ਚਲਾਈਆਂ ਅਤੇ ਉਹਨਾਂ ਨੂੰ ਹਾਲਾਤ ਨੇ ਆਪਣੇ ਬਚਾਅ ਲਈ ਜਵਾਬ ਵਿਚ ਗੋਲੀਆਂ ਚਲਾਉਣ ਲਈ ਮਜਬੂਰ ਕੀਤਾ। ਫੱਟੜ ਤੇ ਮੌਤਾਂ ਹੋਣੀਆਂ ਲਾਜ਼ਮੀ ਸਨ। ਗਿਡਵਾਨੀ ਤੇ ਡਾਕਟਰ ਕਿਚਲੂ ਜੇਹੇ ਬੰਦਿਆਂ ਦੀ ਜਥੇ ਨਾਲ ਹਾਜ਼ਰੀ ਬਹੁਤ ਜ਼ਿਆਦਾ ਇਹ ਗੱਲ ਸਾਫ ਕਰਦੀ ਹੈ—ਅਤੇ ਕੋਈ ਆਦਮੀ ਜਿਸ ਵਿਚ ਦਾਣਾ ਭਰ ਵੀ ਸੂਝ ਹੈ, ਸ਼ਕ ਕਰ ਸਕਦਾ ਹੈ ਕਿ ਅਕਾਲੀ ਜਥੇ ਦਾ ਸਮੁਚਾ ਮਿਸ਼ਨ ਰਾਜਸੀ ਮਿਸ਼ਨ ਸੀ ਅਤੇ ਉਹ ਅਨਪੜ੍ਹ ਜਨਤਾ ਦੀ ਹਮਦਰਦੀ ਹਾਸਲ ਕਰਨ ਲਈ ਧਾਰਮਕ ਮਿਸ਼ਨ ਦੇ ਘੁੰਡ ਦਾ ਉਹਲਾ ਲੈ ਰਹੇ ਸਨ?

"ਮੈਂ ਇਹ ਵੀ ਸੋਚਦਾ ਹਾਂ ਕਿ ਇਹ ਘਟਨਾ ਪਹਿਲਾਂ ਨਾਲੋਂ ਵੀ ਵਧੇਰੇ ਜ਼ਰੂਰੀ

[1] No. J. 11. D/ 22. 2. 24. Sd. Muirhead Lt. Col. Commanding troops—Jaito.

Digitized by Panjab Digital Library | www.panjabdigilib.org

ਬਣਾਉਂਦੀ ਹੈ ਕਿ ਅਕਾਲੀ ਮਸਲੇ ਨੂੰ ਬਿਲੇ ਲਾਉਣ ਲਈ ਪੰਜਾਬ ਦੀਆਂ ਰਿਆਸਤਾਂ ਨੂੰ ਇਕ-ਸਾਰਵੀਂ ਪਾਲਿਸੀ ਤੈ ਕਰਨੀ ਚਾਹੀਦੀ ਹੈ। ਅਤੇ ਪੰਜਾਬ ਸਰਕਾਰ ਦੀ ਕਾਰਵਾਈ ਤੇ ਪਾਲਿਸੀ ਨਾਲ ਪੂਰਣ ਮਿਲਵਰਤਣ ਤੇ ਇਕਸੁਰਤਾ ਵਿਚ ਉਹਨਾਂ ਨੂੰ ਇਕੋ ਵੇਲੇ ਅਮਲ ਵਿਚ ਲਿਆਉਣ ਲਈ ਸਰਗਰਮੀ ਦੀ ਖਾਸ ਪਾਲਿਸੀ ਅਪਨਾਉਣੀ ਚਾਹੀਦੀ ਹੈ। ਇਹ ਇਕ-ਸਾਰਵੇਂ ਹੰਭਲੇ ਅਤੇ ਰਵੱਈਏ ਦੀ ਦਿਰੜ੍ਹਤਾ ਹੀ ਹੈ ਜਿਨ੍ਹਾਂ ਰਾਹੀਂ ਅਸੀਂ ਮੁਲਕ ਵਿਚ ਲਗਾਤਾਰ ਵਧ ਰਹੇ ਅਮਨ ਤੇ ਕਾਨੂੰਨ ਦੇ ਖਤਰੇ ਨੂੰ ਠਲ੍ਹ ਪਾ ਸਕਦੇ ਹਾਂ ਅਤੇ ਆਪਣੇ ਨਾਮਵਰ ਸੂਬੇ ਨੂੰ ਇਸ ਖਤਰੇ ਤੋਂ ਬਚਾਉਣ ਦੀ ਆਸ ਰਖ ਸਕਦੇ ਹਾਂ।"

"ਮੇਰੀ ਰਾਏ ਵਿਚ ਇਹ (ਇਨਕਲਾਬੀ ਪ੍ਰੋਪੈਗੰਡਾ) ਮੁਢ ਤੋਂ ਹੀ ਕੁਚਲ ਦੇਣਾ ਚਾਹੀਦਾ ਹੈ......ਨਹੀਂ ਤਾਂ ਇਸ ਦਾ ਮਤਲਬ ਆਮ ਲੋਕਾਂ ਦੇ ਜਜ਼ਬਿਆਂ ਦਾ ਭੜਕਾਉਣਾ ਅਤੇ ਬਰਿਟਿਸ਼ ਗੌਰਮਿੰਟ ਤੇ ਉਸ ਦੇ ਅਫਸਰਾਂ ਦੇ ਖਿਲਾਫ ਹਿੰਸਾ-ਮਈ ਨਫਰਤ ਫੈਲਾਉਣਾ ਹੋਵੇਗਾ। ਜਿਸ ਦੇ ਅਰਥ, ਥੋੜੇ ਵਿਚ, ਮੁਲਕ ਵਿਚ ਖੁਲ੍ਹੀ ਬਗਾਵਤ ਪੈਦਾ ਕਰਨ ਦੇ ਹੋ ਸਕਦੇ ਹਨ।"

ਫਾਈਲਾਂ ਵਿਚ ਰਾਜਾ ਪਟਿਆਲਾ ਦੇ ਅੰਗਰੇਜ਼ ਹਾਕਮਾਂ ਦੀਆਂ ਦਲੀਜਾਂ ਉੱਤੇ ਮੱਥਾ ਰਗੜਨ ਬਾਰੇ ਬਹੁਤ ਕੁਛ ਦਰਜ ਹੈ। ਇਹ ਬੜਾ ਜ਼ਲੀਲ, ਬੇਸ਼ਰਮ ਤੇ ਬੇਅਸੂਲ ਰਾਜਾ ਸੀ ਜਿਹੜਾ ਆਪਣੀ ਵਫਾਦਾਰੀ ਦਾ ਯਕੀਨ ਦਿਵਾਉਣ ਲਈ ਕੋਈ ਵੀ ਗੁਨਾਹ, ਜੁਰਮ ਤੇ ਕਿਸੇ ਦਾ ਵੀ ਕਤਲ ਕਰ ਜਾਂ ਕਰਵਾ ਸਕਦਾ ਸੀ। ਜੌਹਨਸਟਨ ਨੇ ਹਿੰਦ ਸਰਕਾਰ ਤੋਂ ਪੁਛਿਆ ਕਿ ਜੇ ਹੋਰ ਤੁਰਪਾਂ ਦੀ ਲੋੜ ਪਈ ਤਾਂ ਗੌਰਮਿੰਟ ਨੂੰ ਮੁਹੱਈਆ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਅਤੇ ਜੇ ਪਟਿਆਲਾ ਕੋਲੋਂ ਹੋਰ ਫੌਜ ਦੀ ਲੋੜ ਪਵੇ ਤਾਂ ਕੀ ਉਸ ਕੋਲੋਂ ਹੋਰ ਫੌਜ ਮੰਗਣ ਤੇ ਕੋਈ ਇਤਰਾਜ਼ ਤਾਂ ਨਹੀਂ? ਇਸ ਵੇਲੇ ਪਟਿਆਲੇ ਦੇ 150 ਸਿਪਾਹੀਆਂ ਦਾ ਫੌਜੀ ਜਥਾ ਐਡਮਨਿਸਟਰੇਟਰ ਦੇ ਅਧਿਕਾਰ ਥੱਲੇ ਦਿਤਾ ਜਾ ਚੁਕਾ ਹੋਇਆ ਹੈ। ਕੁਛ ਦਿਨ ਹੋਏ ਮਹਾਰਾਜੇ ਨੇ ਜੌਹਨਸਟਨ ਨੂੰ ਆਖਿਆ ਸੀ ਕਿ ਇਸ ਮਾਮਲੇ ਵਿਚ ਉਸ ਦਾ ਦਿਲ ਤੇ ਰੂਹ ਗੌਰਮਿੰਟ ਦੇ ਨਾਲ ਹਨ ਅਤੇ ਜੇ ਜ਼ਰੂਰਤ ਪਵੇ ਤਾਂ ਉਹ ਕੋਈ ਵੀ ਮਦਦ ਦੇਣ ਲਈ ਤਿਆਰ ਹੈ। ਭਾਵੇਂ ਇਹ ਵੀਹ ਹਜ਼ਾਰ ਪੇਂਡੂਆਂ ਦੀ ਸ਼ਕਲ ਵਿਚ ਹੋਵੇ ਜਾਂ ਫੌਜੀਆਂ ਦੀ ਸ਼ਕਲ ਵਿਚ।[1]

ਇਹਨਾਂ ਚਿੱਠੀਆਂ ਤੋਂ ਪਤਾ ਚਲ ਸਕਦਾ ਹੈ ਕਿ ਪਟਿਆਲੇ ਦੇ ਆਮ ਲੋਕਾਂ ਉੱਤੇ ਕਿਸ ਕਿਸਮ ਦੇ ਅਤਿਆਚਾਰ ਕੀਤੇ ਜਾਂਦੇ ਹੋਣਗੇ ਅਤੇ ਅਕਾਲੀ ਤਹਿਰੀਕ ਨੂੰ ਕਿੰਨਾ ਜਬਰ ਤੇ ਤੇ ਜ਼ੁਲਮ ਵਰਤ ਕੇ ਕੁਚਲਿਆ ਜਾਂਦਾ ਹੋਵੇਗਾ। ਸਰਕਾਰੀ ਰਿਪੋਰਟਾਂ ਵਿਚ ਬੜੇ ਫਖਰ ਨਾਲ ਦਰਜ ਕੀਤਾ ਮਿਲਦਾ ਹੈ ਕਿ ਪਟਿਆਲੇ ਵਿਚ ਕਿਰਪਾਨਾਂ ਤੇ ਕਾਲੀਆਂ ਪੱਗਾਂ ਲਹਿੰਦੀਆਂ ਜਾਂਦੀਆਂ ਹਨ ਅਤੇ ਅਕਾਲੀ ਤਹਿਰੀਕ ਕਮਜ਼ੋਰ ਪੈਂਦੀ ਜਾਂਦੀ ਹੈ।

---

[1] Punjab States Agency-D O. dated Lahore 24 Feb. 1924. (Confidential To Thompson)

Digitized by Panjab Digital Library | www.panjabdigilib.org

# ਕਿੰਨੇ ਸਿੰਘ ਸ਼ਹੀਦ ਹੋਏ ?

ਜੈਤੋ ਗੋਲੀ-ਕਾਂਡ ਵਿਚ ਕਿੰਨੇ ਸਿੰਘ ਸ਼ਹੀਦ ਹੋਏ—ਇਸ ਦਾ ਸ਼ਾਇਦ ਕਦੇ ਵੀ ਪਤਾ ਨਾ ਲਗ ਸਕੇ । ਗੌਰਮਿੰਟ ਦੀਆਂ ਆਪਣੀਆਂ ਖੁਫੀਆ ਰਿਪੋਰਟਾਂ ਦੇ ਅੰਦਾਜ਼ੇ ਦਰੁਸਤ ਨਹੀਂ ਮੰਨੇ ਜਾ ਸਕਦੇ । ਸ਼੍ਰੋਮਣੀ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਿੱਤੇ ਅੰਕੜੇ ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ---ਗਲਤ ਰਿਪੋਰਟਾਂ ਉੱਤੇ ਅਧਾਰਤ ਸਨ ਅਤੇ ਸ਼ਹੀਦਾਂ ਅਤੇ ਫੱਟੜਾਂ ਦੀ ਗਿਣਤੀ ਬਹੁਤ ਹੀ ਘੱਟ ਦਸਦੇ ਸਨ । ਪੰਡਤ ਮਾਲਵੀਆ ਜੀ ਦੀ ਸਪੀਚ ਵਿਚ ਦਿੱਤੇ ਅੰਕੜੇ ਦਰੁਸਤ ਮਲੂਮ ਹੁੰਦੇ ਹਨ । ਉਹ ਅਸੀਂ ਅਗੇ ਦੇ ਰਹੇ ਹਾਂ ।

21 ਫਰਵਰੀ ਦੇ ਕਤਲਾਮ ਦੇ ਬਾਅਦ 22 ਤੇ 23 ਫਰਵਰੀ ਨੂੰ ਜਿਹੜੀਆਂ ਰਿਪੋਰਟਾਂ ਮਿੰਚਨ ਜਾਂ ਐਡਮਨਿਸਟਰੇਟਰ ਵਿਲਸਨ ਨੇ ਉੱਤੇ ਹਿੰਦ ਸਰਕਾਰ ਨੂੰ ਭੇਜੀਆਂ ਉਹਨਾਂ ਵਿਚ ਗੋਰਖਿਆਂ ਦੇ ਦਸਤੇ ਵਲੋਂ ਗੋਲੀਆਂ ਚਲਾਉਣ ਦਾ ਕੋਈ ਜ਼ਿਕਰ ਨਹੀਂ ਸੀ । 25 ਫਰਵਰੀ ਦੀ ਰਿਪੋਰਟ ਵਿਚ ਦੱਸਿਆ ਗਿਆ ਕਿ ਗੋਰਖਿਆਂ ਨੇ 35 ਰੌਂਦ ਚਲਾਏ ਸਨ । ਇਸ ਤੇ ਇਕ ਤਾਂ ਲੈਫਟੀਨੰਟ ਕਰਨਲ ਮੂਇਰ ਹੈਡ ਨੇ ਇਕ ਚਿੱਠੀ ਲਿਖ ਕੇ ਦਿੱਤੀ ਜਿਸ ਵਿਚ ਦਰਜ ਸੀ :

"ਮੈਂ ਬਹੁਤ ਬੜਾ ਅਫਸੋਸ ਕਰਦਾ ਹਾਂ ਕਿ ਗਲਤ ਫਹਿਮੀ ਦੇ ਕਾਰਣ ਮੇਰੀਆਂ ਪਹਿਲੀਆਂ ਰਿਪੋਰਟਾਂ ਨਾਦਰੁਸਤ ਸਨ ।" ਦੂਸਰੇ ਮੇਜਰ ਬੈੱਲ ਕਿੰਗਲੇ ਨੇ ਅਫਸੋਸ ਪਰਗਟ ਕੀਤਾ ਕਿ ਉਹ ਆਪਣੇ ਕਮਾਂਡਿੰਗ ਅਫਸਰ ਨੂੰ ਇਹ ਨੁਕਤਾ ਸਾਫ ਨਾ ਕਰ ਸਕਿਆ ਕਿ : "ਮੇਰੇ ਹੁਕਮ ਨਾਲ 35 ਰੌਂਦ ਚਲਾਏ ਗਏ ਸਨ ।" ਪਹਿਲੀ ਰਿਪੋਰਟ ਖੁਦ ਕਰਨੈਲ ਮਿੰਚਨ ਨੇ ਲਿਖ ਕੇ ਭੇਜੀ ਸੀ । ਇਸ ਤੋਂ ਸਾਫ ਪਰਗਟ ਹੁੰਦਾ ਹੈ ਕਿ ਅੰਨ੍ਹੇ ਵਾਹ ਗੋਲੀ ਚਲਾਉਣ ਦੇ ਬੇਕਿਰਕ ਹੁਕਮ ਦਿੱਤੇ ਗਏ ਅਤੇ ਬਾਹਰ ਅਖਬਾਰਾਂ ਵਿਚ ਗੋਰਮਿੰਟ ਜ਼ਾਹਰ ਇਹ ਕਰ ਰਹੀ ਸੀ ਕਿ ਜੈਤੋ ਵਿਚ ਘੱਟ ਤੋਂ ਘੱਟ ਤਾਕਤ ਵਰਤੀ ਗਈ ।

ਏਨਾ ਹੀ ਨਹੀਂ, ਕੁਲ ਕਿੰਨੇ ਰੌਂਦ ਚਲਾਏ ਗਏ ਇਸ ਦੀ ਵੀ ਸਹੀ ਗਿਣਤੀ ਨਹੀਂ ਮਿਲਦੀ । ਕਿਹਾ ਇਹ ਜਾਂਦਾ ਹੈ ਕਿ ਕੁਛ ਕਾਰਤੂਸ ਮਿਲੇ ਨਹੀਂ ਸਨ । ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਜਿਹੜੇ ਕਾਰਤੂਸ ਮੋੜੇ ਗਏ ਹਨ ਉਹ ਕਿਸੇ ਗਿਣਤੀ ਵਿਚ ਸ਼ਾਮਲ ਨਹੀਂ ਕੀਤੇ ਗਏ । ਅਤੇ ਕੁਛ ਅਜੇ ਤਕ ਲੱਭੇ ਨਹੀਂ, ਗੁਆਚ ਗਏ ਹਨ । 21 ਫਰਵਰੀ ਨੂੰ 14 ਮਰੇ ਹੋਏ ਉਠਾਏ ਗਏ ਅਤੇ 34 ਜ਼ਖਮੀ । ਪਿਛੋਂ ਹੋਰ ਪੰਜ ਜਾਨ ਤੋੜ ਗਏ ਅਤੇ ਮਰ ਗਿਆਂ ਦੀ ਗਿਣਤੀ 19 ਹੋ ਗਈ ਅਤੇ ਜ਼ਖਮੀਆਂ ਦੀ 29 । ਦੋ ਦਿਨ ਪਿਛੋਂ ਇਕ ਹੋਰ ਜ਼ਖਮੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ । ਏਦਾਂ ਜ਼ਖਮੀਆਂ ਦੀ ਗਿਣਤੀ 30 ਹੋ ਗਈ । ਇਹ ਯਕੀਨੀ ਹੈ ਕੁਛ ਘੱਟ ਜ਼ਖਮੀ ਉਥੋਂ ਚਲੇ ਗਏ । ਏਹੋ ਜੇਹੇ ਜ਼ਖਮੀ ਕੁਛ ਫੀਰੋਜ਼ਪੁਰ ਅਤੇ ਫਰੀਦਕੋਟ ਵਿਚੋਂ ਮਿਲੇ ਹਨ ।[1]

---

[1] ਤਾਰ ਮਿਲੀ 27 ਫਰਵਰੀ ਨੂੰ ਐਡਮਨਿਸਟਰੇਟਰ ਨਾਭਾ ਵਲੋਂ, ਹਿੰਦ ਸਰਕਾਰ ਦੇ ਪੁਲਿਟੀਕਲ ਸੈਕਟਰੀ ਨੂੰ ।

Digitized by Panjab Digital Library | www.panjabdigilib.org

ਇਸ ਰਿਪੋਰਟ ਨੂੰ ਹਿੰਦ ਸਰਕਾਰ ਦੇ ਰਾਜਸੀ ਤੇ ਬਦੇਸ਼ੀ ਮਹਿਕਮੇ ਨੇ ਵੀ ਸਹੀ ਨਾ ਮੰਨਿਆ । ਉਹਨਾਂ ਨੇ ਇਸ ਦਾ ਮੁਕਾਬਲਾ 1919 ਦੇ ਜਲ੍ਹਿਆਂ ਵਾਲੇ ਬਾਗ ਨਾਲ ਕੀਤਾ ਜਿਸ ਤੇ ਨਾਭਾ ਦੇ ਐਡਮਨਿਸਟਰੇਟਰ ਨੇ ਲਿਖਿਆ : "ਅਮਰਿਤਸਰ ਵਿਚ 1919 ਨਾਲ ਮੁਕਾਬਲਾ ਬੇਜਾ ਹੈ ।"[1]

ਪੁਲਿਟੀਕਲ ਮਹਿਕਮੇ ਨੇ ਅਗੋਂ ਜਵਾਬ ਦਿੱਤਾ : ਤੁਹਾਡੀ 26 ਦੀ ਤਾਰ ਵਿਚ ਮਰਿਆਂ ਤੇ ਜ਼ਖਮੀਆਂ ਦੀ ਗਿਣਤੀ, ਜਿਥੇ ਬਰੂਦ ਦੇ ਖਰਚ ਨੂੰ ਮੁਖ ਰਖਿਆ ਜਾਵੇ ਤਾਂ ਢੇਰ ਸਾਰੀ ਘੱਟ ਹੈ । 1919 ਅਪਰੈਲ ਨੂੰ ਅਮਰਿਤਸਰ ਵਿਚ 20 ਗੋਲੀਆਂ ਪਿੱਛੇ ਇਕ ਮੌਤ ਦਾ ਤਨਾਸਬ ਸੀ । ਜੈਤੋ ਵਿਚ ਤਨਾਸਬ ਹੈ ਇਕ ਮੌਤ ਵੀਹ ਗੋਲੀਆਂ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਨਰਲ ਸਟਾਫ ਵੀ ਪੜਤਾਲ ਕਰ ਰਿਹਾ ਹੈ ।[2]

ਜਨਰਲ ਸਟਾਫ, ਹੋਰ ਵਿਚਾਰ ਮਗਰੋਂ ਖਿਆਲ ਕਰਦਾ ਹੈ ਕਿ ਮਰਿਆਂ ਤੇ ਜ਼ਖਮੀਆਂ ਦਾ ਤਨਾਸਬ ਉਸ ਨਾਲੋਂ ਜ਼ਿਆਦਾ ਹੈ ਜਿਸ ਦੀ ਆਸ ਕੀਤੀ ਜਾਂਦੀ ਸੀ । ਅਸੀਂ ਹੁਣ ਵਧੇਰੇ ਪੜਤਾਲਾਂ ਕਰਨ ਦਾ ਖਿਆਲ ਨਹੀਂ ਕਰਦੇ । ਇਕ ਚਿੱਠੀ ਵਿਚ ਜਿਹੜੀ ਹੁਣੇ ਹੀ ਮਿਲੀ ਹੈ, ਏ. ਜੀ. ਜੀ. (ਮਿੰਚਨ) ਕਹਿੰਦਾ ਹੈ ਕਿ ਉਸ ਦੇ ਖਿਆਲ ਅਨੁਸਾਰ ਇਹ ਸੰਭਵ ਹੋ ਸਕਦਾ ਹੈ ਕਿ ਕੁਛ ਮਰ ਗਿਆਂ ਤੇ ਜ਼ਖਮੀਆਂ ਨੂੰ ਚੁਕ ਕੇ ਲੈ ਗਏ ਹੋਣ । ਜੇ ਤੁਹਾਡੇ ਕੋਲ ਇਸ ਵਿਸ਼ੇ ਬਾਰੇ ਕੋਈ ਭਰੋਸੇ-ਯੋਗ ਇਤਲਾਹ ਹੋਵੇ ਤਾਂ ਕਿਰਪਾ ਕਰ ਕੇ ਰਿਪੋਰਟ ਦਿਉ ।

"ਖਬਰ ਮਿਲੀ ਹੈ ਕਿ ਤਿੰਨ ਜ਼ਖਮੀਂ ਜਿਹੜੇ ਫੀਰੋਜ਼ਪੁਰ ਨੂੰ ਲੈ ਜਾਏ ਗਏ ਸਨ, ਮਰ ਗਏ ਹਨ । ਤਿੰਨ ਥੋੜੇ ਜ਼ਖਮੀਆਂ ਨੂੰ ਮੋਗਾ ਤਹਿਸੀਲ ਵਿਚੋਂ ਫੜ ਕੇ ਹਿਰਾਸਤ ਵਿਚ ਲੈ ਲਿਆ ਗਿਆ ਹੈ ।[3]

ਏਥੇ ਪਹਿਲੀ ਗੱਲ ਇਹ ਜ਼ਾਹਰ ਹੁੰਦੀ ਹੈ ਕਿ ਨਾਭੇ ਦਾ ਐਡਮਨਿਸਟਰੇਟਰ ਜਨਰਲ ਸਟਾਫ ਤੇ ਪੋਲਿਟੀਕਲ ਸੈਕਟਰੀ ਦੀਆਂ ਨਜ਼ਰਾਂ ਵਿਚ ਮਰ ਗਿਆਂ ਤੇ ਜ਼ਖਮੀਆਂ ਦੀ ਗਿਣਤੀ ਜਾਣ ਬੁੱਝ ਕੇ ਘਟਾ ਕੇ ਦਸ ਰਿਹਾ ਸੀ । ਦੂਜੇ ਹਿੰਦ ਸਰਕਾਰ ਦਾ ਜਨਰਲ ਸਟਾਫ ਜੈਤੋ ਕਾਂਡ ਦਾ ਤੇ ਜਲ੍ਹਿਆਂ ਵਾਲੇ ਬਾਗ ਦਾ ਮੁਕਾਬਲਾ ਕਰਦਾ ਸੀ ਕਿਉਂਕਿ ਦੋਹੀਂ ਥਾਈਂ ਵੀਹ ਗੋਲੀਆਂ ਪਿੱਛੇ ਇਕ ਪੰਜਾਬੀ ਮਾਰਿਆ ਗਿਆ ਸੀ । ਜਿਸ ਦੇ ਅਰਥ ਇਹ ਨਿਕਲਦੇ ਹਨ ਕਿ ਜੈਤੋ ਵਿਚ ਵੀ ਮੌਤਾਂ ਲਗ ਭਗ ਅਮਰਿਤਸਰ ਜਿੰਨੀਆਂ ਹੀ ਹੋਈਆਂ ਸਨ । ਤੀਜੇ ਇਹ ਕਿ ਜਨਰਲ ਸਟਾਫ ਨੇ ਨਾਭੇ ਦੇ ਰਾਜ-ਪਰਬੰਧਕ ਨੂੰ ਇਹ ਆਖ ਕੇ ਝਾੜ ਪਾਈ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਨਰਲ ਸਟਾਫ ਵੀ ਪੜਤਾਲਾਂ ਕਰ ਰਿਹਾ ਸੀ । ਇਹਨਾਂ ਦੀਆਂ ਖਬਰਾਂ ਅਨੁਸਾਰ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ । ਚੌਥੇ ਇਹ ਕਿ ਨਾਭੇ ਦਾ ਰਾਜ-ਪਰਬੰਧਕ ਉਤਲੇ ਅਫਸਰਾਂ ਤੋਂ ਜੈਤੋ ਦੀਆਂ ਮੌਤਾਂ ਬਾਰੇ ਸਚਿਆਈ ਛਪਾਣ ਦੇ ਯਤਨ ਕਰ ਰਿਹਾ ਸੀ ।

---

[1] 27 ਫਰਵਰੀ ਦੀ ਤਾਰ—ਵਿਲਸਨ ਵਲੋਂ ਹਿੰਦ ਸਰਕਾਰ ਨੂੰ ।

[2] 27 ਫਰਵਰੀ ਦੀ ਤਾਰ ਹਿੰਦ ਸਰਕਾਰ ਦੇ ਪੁਲਿਟੀਕਲ ਸੈਕਟਰੀ ਵਲੋਂ ਨਾਭੇ ਦੇ ਐਡਮਨਿਸਟਰੇਟਰ ਨੂੰ ।

[3] ਨਾਭੇ ਦੇ ਐਡ : ਵਿਲਸਨ ਵਲੋਂ 28 ਫਰਵਰੀ ਨੂੰ ਹਿੰਦ ਸਰਕਾਰ ਵਲ ਤਾਰ ।

Digitized by Panjab Digital Library | www.panjabdigilib.org

ਜਨਰਲ ਸਟਾਫ ਨੇ ਵਧੇਰੇ ਪੜਤਾਲ ਨਾ ਕਰਨ ਦਾ ਕਿਉਂ ਫੈਸਲਾ ਕੀਤਾ ?—ਸਮਝ ਵਿਚ ਆਉਣ ਵਾਲੀ ਗੱਲ ਹੈ । ਮਾਤਹਿਤ ਅਫਸਰਾਂ ਨੂੰ ਗਲਤੀਆਂ ਦੀ ਸਜ਼ਾ ਨਹੀਂ ਸੀ ਦਿੱਤੀ ਜਾਂਦੀ । ਉਹਨਾਂ ਦੀਆਂ ਗਲਤੀਆਂ ਮੁਆਫ ਕਰ ਦਿੱਤੀਆਂ ਜਾਂਦੀਆਂ ਸਨ ਅਤੇ ਜਿਵੇਂ ਅਸੀਂ ਪਿੱਛੇ ਵੇਖ ਆਏ ਹਾਂ ਸਗੋਂ ਇਨਾਮ ਦਿੱਤੇ ਜਾਂਦੇ ਸਨ । ਗੌਰਮਿੰਟ ਪੰਜਾਬ ਨੇ ਜੈਤੋ ਕਤਲਾਮ ਦੇ ਗੁੱਸੇ ਨੂੰ ਘਟਾਉਣ ਲਈ ਉਰਦੂ ਪੰਜਾਬੀ ਤੇ ਅੰਗਰੇਜ਼ੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਸ਼ਤਿਹਾਰ ਛਾਪ ਕੇ ਵੰਡੇ ਕਿ (ੳ) ਸ਼ੁਰੂ ਕੀਤਾ ਅਖੰਡ ਪਾਠ ਕਦੇ ਇਕ ਮਿੰਟ ਲਈ ਵੀ ਬੰਦ ਨਹੀਂ ਕੀਤਾ ਗਿਆ। ਅਤੇ (ਅ) ਗੁਰਦੁਆਰਾ ਜੈਤੋ ਵਿਚ ਦਾਖਲੇ ਦੀ ਸੰਪੂਰਨ ਮਨਾਹੀ ਨਹੀਂ (ਮਤਲਬ ਇਹ ਕਿ ਗਿਣਤੀ ਤੇ ਵਕਤ ਦੀ ਪਾਬੰਦੀ ਦੀਆਂ ਲਾਈਆਂ ਗਈਆਂ ਸ਼ਰਤਾਂ ਅਨੁਸਾਰ ਜਾਣ ਦੀ ਆਗਿਆ ਹੈ) ।

## 1. ਗੋਲੀ ਪਹਿਲੋਂ ਕਿਨ ਚਲਾਈ ?

ਅਸੀਂ ਪਿਛੇ ਵੇਖ ਆਏ ਹਾਂ ਕਿ ਗੌਰਮਿੰਟ ਨੇ ਗੁਰਦੁਆਰੇ ਵਿਚ ਜਾਣ ਲਈ ਘੇਰਾ ਤੋੜਨ ਉੱਤੇ ਗੋਲੀਆਂ ਚਲਾਉਣ ਦਾ ਫੈਸਲਾ ਕਰ ਲਿਆ ਸੀ । ਜੈਤੋ ਦੇ ਕਤਲਾਮ ਨੂੰ ਜਾਇਜ਼ ਕਰਾਰ ਦੇਣ ਲਈ ਵਿਲਸਨ ਨੇ ਇਹ ਸ੍ਰੀਹਣ ਝੂਠ ਬੋਲਿਆ ਸੀ ਕਿ ਗੋਲੀ ਪਹਿਲੋਂ ਜਥੇ ਵਲੋਂ ਚਲਾਈ ਗਈ ਸੀ ਜਿਸ ਦੇ ਜਵਾਬ ਵਿਚ ਫੌਜ ਨੇ ਗੋਲੀਆਂ ਚਲਾਈਆਂ । ਇਹ ਝੂਠ ਸੀ ਜਿਸ ਦੀ ਤਸਦੀਕ ਗੌਰਮਿੰਟ ਦੀਆਂ ਖੁਫੀਆਂ ਕਾਰਵਾਈਆਂ ਵਿਚੋਂ ਵੀ ਹੁੰਦੀ ਹੈ ਅਤੇ ਇਸ ਤੋਂ ਵੀ ਹੁੰਦੀ ਹੈ ਕਿ ਥਾਂ ਥਾਂ ਦੀਆਂ ਤਲਾਸ਼ੀਆਂ ਲੈਣ ਅਤੇ ਟਿਬੀ ਸਾਹਿਬ ਦਾ ਅੰਦਰ ਬਾਹਰ ਫੋਲਣ ਦੇ ਬਾਵਜੂਦ ਨਾ ਕੋਈ ਬੰਦੂਕ ਨਿਕਲੀ ਅਤੇ ਨਾ ਹੀ ਕੋਈ ਪਿਸਤੌਲ ਨਿਕਲਿਆ । ਏਥੋਂ ਤਕ ਕਿ ਸੱਥਰ ਲੱਥ ਚੁਕੇ ਅਕਾਲੀਆਂ ਪਾਸੋਂ ਵੀ ਪਹਿਨੀ ਹੋਈ ਕਿਰਪਾਨ ਤੋਂ ਛੁਟ ਕੁਛ ਨਾ ਮਿਲਿਆ ।

## 2. ਮਿੰਚਨ ਦਾ ਬਿਆਨ

ਸੰਗਤਾਂ ਪਾਸ ਕੋਈ ਬੰਦੂਕ ਜਾਂ ਪਿਸਤੌਲ ਨਹੀਂ ਸੀ । ਉਹ ਬਿਲਕੁਲ ਪੁਰ ਅਮਨ ਤੇ ਸ਼ਾਂਤ ਮਈ ਸਨ । ਇਸ ਹਕੀਕਤ ਤੇ ਸਚਿਆਈ ਦੀਆਂ ਗੁਆਹੀਆਂ ਕਈਆਂ ਆਦਮੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਦਿੱਤੀਆਂ । ਇਹਨਾਂ ਵਿਚ ਪੁਲਸ ਮੁਲਾਜ਼ਮ ਵੀ ਸਨ ਜਿਹੜੇ ਉਥੇ ਹਾਜ਼ਰ ਸਨ ਤੇ ਗੋਲੀਆਂ ਚਲਾਉਣ ਵਾਲੇ ਸਿਪਾਹੀ ਵੀ । ਉਹਨਾਂ ਨੇ ਕਸਮਾਂ ਖਾ ਕੇ ਦਸਿਆ ਕਿ ਨਾ ਜਥੇ ਪਾਸ ਕੋਈ ਹਥਿਆਰ ਸਨ ਅਤੇ ਨਾ ਹੀ ਕੋਈ ਅਸ਼ਾਂਤੀ ਦੇ ਆਸਾਰ ਸਨ । ਜਥੇ ਨੇ ਕੋਈ ਗੋਲੀ ਨਹੀਂ ਚਲਾਈ । ਗੋਲੀ ਚਲਾਉਣ ਦੀ ਸਕੀਮ ਪਹਿਲੋਂ ਹੀ ਘੜ ਲਈ ਗਈ ਸੀ । ਇਹ ਸਚਿਆਈ ਸੋਢੀ ਜਗਤ ਸਿੰਘ ਮੁਹੱਰਰ ਪੇਸ਼ੀ ਸੁਪਰੰਡੰਟ ਪੁਲਸ ਜ਼ਿਲਾ ਫੂਲ ਦੇ ਬਿਆਨ ਤੋਂ ਸਾਫ ਪਰਗਟ ਹੁੰਦੀ ਹੈ ।[1] ਇਸ ਹਕੀਕਤ ਨੂੰ ਪੇਸ਼ ਕਰਨ ਵਾਲੇ ਕੁਛ ਹੋਰ ਬਿਆਨ ਵੀ ਇਸ ਪੁਸਤਕ ਵਿਚ ਮਿਲਦੇ ਹਨ ।

ਪਰ ਇਸ ਝੂਠ ਦੀ ਤਰਦੀਦ ਕਰਨ ਵਾਲਾ ਇਕ ਬਿਆਨ ਅਮਰੀਕਨ ਪੱਤਰਕਾਰ ਮਿਸਟਰ ਜ਼ਿਮੰਡ ਦਾ ਹੈ ਜਿਹੜਾ ਜਥੇ ਦੇ ਉਸ ਵੇਲੇ ਤੇ ਉਸ ਤੋਂ ਪਹਿਲੋਂ ਨਾਲ ਸੀ । ਉਸ ਨੇ ਲੰਡਨ ਤੋਂ ਮਹਾਤਮਾ ਗਾਂਧੀ ਦੇ ਨਾਮ ਇਕ ਚਿੱਠੀ ਵਿਚ ਲਿਖਿਆ ਸੀ :

---

[1] Some confidential papers of the Akali Movement.
ਸਫਾ 41, 42, 43, ਅਤੇ ਇਸ ਤੋਂ ਕੁਛ ਪਹਿਲੋਂ ਤੇ ਕੁਛ ਪਿਛੋਂ ।

Digitized by Panjab Digital Library | www.panjabdigilib.org

## 3. ਮਿਸਟਰ ਜ਼ਿਮੰਡ ਦਾ ਬਿਆਨ

ਮੈਂ, ਇਸ ਲਈ, ਮੁੜ ਫੇਰ ਦੁਹਰਾਉਣਾ ਚਾਹੁੰਦਾ ਹਾਂ ਕਿ ਮੈਂ 20 ਫਰਵਰੀ 7 ਵਜੇ ਸ਼ਾਮ ਤੋਂ ਲੈ ਕੇ 21 ਫਰਵਰੀ ਦੇ ਦੋ ਵਜੇ ਤਕ—ਜਦੋਂ ਕਿ ਜਥਾ ਅਤੇ ਜਥੇ ਨਾਲ ਜਾ ਰਹੀ ਵਹੀਰ ਨਾਭੇ ਦੇ ਇਲਾਕੇ ਵਿਚ ਦਾਖਲ ਹੋਏ—ਇਹਨਾਂ ਨੂੰ ਗਹੁ ਨਾਲ ਵੇਖਿਆ ਸੀ। ਅਤੇ ਮੇਰੀ ਵੱਧ ਤੋਂ ਵੱਧ ਜਾਣਕਾਰੀ ਦੇ ਮੁਤਾਬਕ ਜਥਾ ਅਤੇ ਉਸ ਦੇ ਨਾਲ ਜਾ ਰਹੀ ਭੀੜ **ਹਥਿਆਰ ਬੰਦ ਨਹੀਂ ਸਨ ਅਤੇ ਉਹਨਾਂ ਦਾ ਵਰਤਾਰਾ ਪੁਰ ਅਮਨ ਅਤੇ ਬੰਧੇਜ-ਬਧ ਤਰੀਕੇ ਵਾਲਾ ਸੀ।**"[1] (ਜ਼ੋਰ ਮੇਰਾ)

ਮਿਸਟਰ ਜ਼ਿਮੰਡ ਅਮਰੀਕਾ ਦੇ ਮਸ਼ਹੂਰ ਅਖਬਾਰ ਨਿਊਯੌਰਕ ਟਾਈਮਜ਼ ਦਾ ਪਰਤੀਨਿਧ ਸੀ। ਉਹ ਇਕ ਆਜ਼ਾਦ ਅਤੇ ਨਿਰਪੱਖ ਆਦਮੀ ਸੀ। ਅਤੇ ਉਸ ਨੂੰ ਕੋਈ ਤਅਸੱਬ ਜਾਂ ਕਿਸੇ ਨਾਲ ਲਗਾਅ ਨਹੀਂ ਸੀ। ਉਹ ਜਥੇ ਨਾਲ ਇਸ ਲਈ ਗਿਆ ਸੀ ਕਿ ਸਹੀ ਹਾਲਾਤ ਆਪਣੀਆਂ ਅੱਖਾਂ ਨਾਲ ਵੇਖ ਸਕੇ। ਡੀ. ਸੀ. ਲਾਹੌਰ ਨੇ ਉਸ ਤੋਂ, ਸਹੁੰ ਚੁਕਾ ਕੇ, ਇਕ ਬਿਆਨ ਵੀ ਲਿਆ ਸੀ ਜਿਸ ਵਿਚ ਉਸ ਨੇ ਉਹੋ ਕੁਛ ਆਖਿਆ ਸੀ ਜੋ ਉੱਤੇ ਦਿੱਤਾ ਗਿਆ ਹੈ। ਇਹ ਤੇ ਹੋਰ ਬਹੁਤ ਕੁਛ ਇਸ ਚਿੱਠੀ ਵਿਚ ਦਰਜ ਹੈ।

ਇਹ ਇਕ ਨਿਰਲੇਪ ਤੇ ਨਿਰਪੱਖ ਮਨੁਖ ਦੀ ਗੁਆਹੀ ਹੈ ਜਿਸ ਨੂੰ ਸੱਚੀ ਗੱਲ ਕਹਿਣ ਤੋਂ ਕੋਈ ਝਿਜਕ ਨਹੀਂ ਸੀ। ਇਸ ਗੁਆਹੀ ਦੇ ਹੁੰਦਿਆਂ ਹੋਰ ਕਿਸੇ ਬਿਆਨ ਦੀ ਲੋੜ ਨਹੀਂ। ਜਦ ਨਾ ਜਥੇ ਪਾਸ ਕੋਈ ਬਾਰੂਦੀ ਹਥਿਆਰ ਸੀ ਅਤੇ ਨਾ ਹੀ ਆਮ ਭੀੜ ਪਾਸ—ਤਦ ਇਹਨਾਂ ਵਲੋਂ ਗੋਲੀ ਚਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਥੇ ਜਾਂ ਭੀੜ ਵਲੋਂ ਪਹਿਲੋਂ ਗੋਲੀ ਚਲਾਉਣ ਦੀ ਗੱਲ ਮਿਸਟਰ ਵਿਲਸਨ ਵਲੋਂ ਕੀਤੀ ਜਾ ਰਹੀ ਸੀ ਤਾਂ ਜੋ ਉਹ ਆਪਣੇ ਗੁਨਾਹਾਂ ਤੇ ਜੈਤੋ ਦੇ ਕਤਲਾਮ ਤੇ ਪਰਦਾ ਪਾ ਸਕੇ।

## 4. ਪੜਤਾਲੀਆ ਕਮੇਟੀ ਦੀ ਮੰਗ

ਇਕ ਝੂਠ ਦੇ ਢੱਕਣ ਲਈ ਹੋਰ ਕਈ ਝੂਠਾਂ ਦੀ ਲੋੜ ਪੈਂਦੀ ਹੈ। ਪੰਜਾਬ ਗੌਰਮਿੰਟ ਨੇ 3 ਮਾਰਚ ਨੂੰ ਇਕ ਏਲਾਨ ਕੀਤਾ ਕਿ "ਅੱਠ ਬਰਿਟਿਸ਼ ਅਫਸਰਾਂ ਤੇ ਗੋਲੀਆਂ ਚਲਾਈਆਂ ਗਈਆਂ ਸਨ।" ਇਸ ਝੂਠ ਲਈ ਕੋਈ ਥੋੜ੍ਹਾ ਜਿੰਨਾ ਵੀ ਅਧਾਰ ਨਹੀਂ ਸੀ। "ਜੇ ਇਹ ਗੱਲ ਹੁੰਦੀ ਤਾਂ ਗੌਰਮਿੰਟ ਪਹਿਲੇ ਬਿਆਨ ਵਿਚ ਇਸ ਦਾ ਜ਼ਿਕਰ ਕਰਨੋਂ ਕਦੇ ਨਾ ਉੱਕਦੀ ਜਾਂ 26 ਫਰਵਰੀ ਨੂੰ ਅਸੰਬਲੀ ਵਿਚ ਹੀ ਇਸ ਦਾ ਜ਼ਿਕਰ ਕਰਦੀ।"......"ਸਿਰੀ ਹਜ਼ੂਰ ਨੂੰ ਸੰਭਾਵਿਤ ਤੌਰ ਤੇ ਪਤਾ ਹੋਣਾ ਏਂ ਕਿ ਨਾਭਾ ਦੇ ਰਾਜ-ਪਰਬੰਧਕ ਨੇ ਦੋ ਅਸੰਬਲੀ ਦੇ ਮਿੰਬਰਾਂ ਨੂੰ, ਦੋ ਪੰਜਾਬ ਕੌਂਸਲ ਦੇ ਮਿੰਬਰਾਂ ਨੂੰ, ਪ੍ਰੋਫੈਸਰ ਗਿਡਵਾਨੀ, ਡਾਕਟਰ ਕਿਚਲੂ ਅਤੇ ਨਿਊ ਯੌਰਕ ਟਾਈਮਜ਼ (ਅਮਰੀਕਾ) ਦੇ ਪੱਤਰਕਾਰ ਜ਼ਿਮੰਡ ਨੂੰ ਜਿਹੜੇ ਜੈਤੋ ਦੇ ਹਾਲਾਤ ਵੇਖਣ ਲਈ ਗਏ ਸਨ ਜਾਣ ਦੀ ਆਗਿਆ ਨਹੀਂ ਸੀ ਦਿੱਤੀ। ਅਸੰਬਲੀ ਨੂੰ ਜੈਤੋ ਦੇ ਦੁਖਾਂਤ ਬਾਰੇ ਬਹਿਸ ਕਰਨੋ ਰੋਕ ਦਿੱਤਾ ਸੀ। ਹੋਮ ਮਿੰਬਰ ਨੇ ਕੰਮ-ਰੋਕੂ ਤਹਿਰੀਕ ਤੇ ਇਤਰਾਜ਼ ਕੀਤਾ ਸੀ। ਅਸੰਬਲੀ ਵਿਚ ਸਰਕਾਰੀ ਬਿਆਨ ਦੇ ਮੁਤਾਬਕ ਗੋਲੀਆਂ ਨਾਲ 14 ਮਰੇ ਤੇ 3 ਜ਼ਖਮੀਂ ਹੋਏ ਸਨ ਜਿਨ੍ਹਾਂ

[1] London 9.4.24 quoted in "The struggle for freedom of Relegions worship in Jaito (S. G. P. C. Publication).

Digitized by Panjab Digital Library | www.panjabdigilib.org

ਵਿਚੋਂ 5 ਹੋਰ ਮਰ ਗਏ। ਗੁਰਦੁਆਰਾ ਪਰਬੰਧਕ ਕਮੇਟੀ ਦਾ ਅੰਦਾਜ਼ਾ ਜਿਹੜਾ ਹੁਣ ਤਕ ਕੀਤਾ ਜਾ ਸਕਿਆ ਹੈ 300 ਨਾਲੋਂ ਵੱਧ ਹੈ ਜਿਸ ਵਿਚ 90 ਮਰ ਗਏ ਸ਼ਾਮਲ ਹਨ। ਇਤਨੀਆਂ ਮੌਤਾਂ ਦੀ ਤਾਬੜਤੋੜ ਪੜਤਾਲ ਹੋਣੀ ਚਾਹੀਦੀ ਸੀ। ਦਸ ਦਿਨ ਹੋਏ 42 ਅਸੰਬਲੀ ਮਿੰਬਰਾਂ ਨੇ ਹਿੰਦ ਸਰਕਾਰ ਨੂੰ ਇਕ ਸਾਂਝੀ ਚਿੱਠੀ ਘੱਲੀ ਸੀ। ਜਿਸ ਵਿਚ ਛੇਤੀ ਤੋਂ ਛੇਤੀ ਇਕ ਆਜ਼ਾਦ ਪੜਤਾਲੀਆ ਕਮੇਟੀ ਕਾਇਮ ਕਰਨ ਲਈ ਜ਼ੋਰ ਦਿੱਤਾ ਗਿਆ ਸੀ। ਪੰਜਾਬ ਕੌਂਸਲ ਦੇ ਮਿੰਬਰਾਂ ਨੇ ਵੀ ਕੰਮ-ਰੋਕੂ ਤਹਿਰੀਕ ਪੇਸ਼ ਕੀਤੀ ਸੀ ਜਿਸ ਦੀ ਆਗਿਆ ਨਹੀਂ ਸੀ ਦਿੱਤੀ ਗਈ। ਕੌਂਸਲ ਦੇ 40 ਮਿੰਬਰਾਂ ਨੇ ਕੌਂਸਲ ਤੋਂ ਬਾਹਰ ਇਕ ਮਤਾ ਪਾਸ ਕੀਤਾ ਸੀ ਜਿਸ ਵਿਚ ਅਜੇਹੀ ਪੜਤਾਲੀਆ ਕਮੇਟੀ ਕਾਇਮ ਕਰਨ ਉੱਤੇ ਜ਼ੋਰ ਦਿੱਤਾ ਗਿਆ ਜਿਸ ਵਿਚ ਲੋਕਾਂ ਦਾ ਵਿਸ਼ਵਾਸ ਹੋਵੇ ਪਰ ਗੌਰਮਿੰਟ ਨੇ ਕੋਈ ਕਮੇਟੀ ਕਾਇਮ ਨਹੀਂ ਕੀਤੀ।"[1]

ਸ: ਗੁਲਾਬ ਸਿੰਘ ਤੇ ਸ: ਕਰਤਾਰ ਸਿੰਘ ਨੇ ਸੈਕਟਰੀ ਆਫ ਸਟੇਟ (ਲੰਡਨ) ਨੂੰ ਆਪਣੀ ਤਾਰ ਵਿਚ ਇਹ ਵੀ ਲਿਖਿਆ ਕਿ ਜਥੇ ਪਾਸ ਕੋਈ ਹਥਿਆਰ ਨਹੀਂ ਸਨ, ਨਾ ਹੀ ਉਹਨਾਂ ਨੇ ਪੁਲਸ ਜਾਂ ਫੌਜ ਉੱਤੇ ਹਮਲਾ ਕੀਤਾ ਜਿਹੜੀ ਗੁਰਦੁਆਰੇ ਅੰਦਰ ਜਾਣੋਂ ਰੋਕਣ ਲਈ ਉਥੇ ਲਾਈ ਗਈ ਸੀ।......ਗੁਰਦੁਆਰੇ ਅੰਦਰ ਜਾਣ ਦੀਆਂ ਪਾਬੰਦੀਆਂ ਹਟਾਉ ਅਤੇ ਸਿੱਖਾਂ ਨੂੰ ਗੁਰਦੁਆਰੇ ਦੇ ਅੰਦਰ ਧਾਰਮਕ ਮਕਸਦਾਂ ਲਈ ਜਾਣ ਦੀ ਆਗਿਆ ਦਿਉ। ਦੇਰੀ ਨਾਲ ਬੇਚੈਨੀ ਵਧ ਰਹੀ ਹੈ ਅਤੇ ਸਿੱਖਾਂ ਨੂੰ ਗੌਰਮਿੰਟ ਨਾਲੋਂ ਦੂਰ ਲੈ ਜਾ ਰਹੀ ਹੈ—ਵਗੈਰਾ, ਵਗੈਰਾ।

ਇਸ ਤਾਰ ਦਾ ਜਵਾਬ ਸੈਕਟਰੀ ਆਫ ਸਟੇਟ ਲਾਰਡ ਉਲੀਵੀਅਰ (ਲੰਡਨ) ਨੇ ਕੁਛ ਨਹੀਂ ਦਿੱਤਾ ਜਾਪਦਾ। ਪੰਜਾਬ ਕੌਂਸਲ ਦੇ ਮਿੰਬਰਾਂ ਦੀ ਦਰਖਾਸਤ ਦਾ ਉਸ ਨੇ ਜਵਾਬ ਇਹ ਦਿੱਤਾ ਕਿ ਜਿਹੜੇ ਵਿਚਾਰ ਉਸ ਨੇ 25 ਫਰਵਰੀ ਨੂੰ ਹਾਊਸ ਆਫ ਲਾਰਡਜ਼ ਵਿਚ ਪਰਗਟ ਕੀਤੇ ਸਨ ਉਹ ਉਹਨਾਂ ਵਿਚ ਕੋਈ ਆਮ ਤਬਦੀਲੀ ਨਹੀਂ ਕਰਨਾ ਚਾਹੁੰਦਾ।

ਹਾਊਸ ਆਫ ਲਾਰਡਜ਼ ਵਿਚ ਉਸ ਨੇ ਜੈਤੋ ਦੇ ਸਾਕੇ ਬਾਰੇ ਆਪਣੇ ਬਿਆਨ ਵਿਚ ਇਹ ਕਿਹਾ ਸੀ :

"ਖੁਦ ਯਾਤਰੂ ਗੁਰਦੁਆਰੇ ਵੱਲ ਅਗੇ ਤੋਂ ਅਗੇ ਵਧਦੇ ਗਏ। ਅਤੇ ਛੇ ਹਜ਼ਾਰ ਦੇ ਜਥੇ ਨੇ ਉਸ ਪੁਲਸ ਤੇ ਫੌਜ ਤੇ ਗੋਲੀ ਚਲਾ ਦਿੱਤੀ ਜਿਹੜੀ ਕਿ (ਗੁਰਦੁਆਰੇ ਵਲ ਨੂੰ) ਪਹੁੰਚ ਦੇ ਅਗੇ ਖੜੀ ਸੀ। ਨਤੀਜਾ ਇਸ ਅਫਸੋਸਨਾਕ ਘਟਨਾ ਵਿਚ ਨਿਕਲਿਆ—ਜਿਸ ਵਿਚ ਫੇਰ ਰਿਆਸਤ ਦੀ ਫੌਜ ਨੇ ਪੁਲਸ ਨੂੰ ਬੇਗੁਨਾਹ ਤੇ ਧਰਮ-ਰੱਤੇ ਲੋਕਾਂ ਤੇ ਗੋਲੀ ਚਲਾਉਣੀ ਪਈ।— ਇਹਨਾਂ ਨੂੰ ਇਕ ਛੋਟੀ ਜਹੀ ਇਨਕਲਾਬੀ ਕਮੇਟੀ ਨੇ ਭੜਕਾਇਆ ਹੋਇਆ ਸੀ।"

ਅਤੇ ਉਸ ਨੇ ਇਹ ਵੀ ਆਖਿਆ ਕਿ ਇਹ ਸਾਕਾ ਜਾਣ ਬੁਝ ਕੇ ਗੁੰਦਿਆ ਗਿਆ "ਤਾਂ ਜੋ ਸਿੱਖਾਂ ਤੇ ਸਰਕਾਰ ਵਿਚਕਾਰ ਝਗੜਾ ਪੈਦਾ ਕੀਤਾ ਜਾਏ—ਤਾਂ ਜੋ ਇਹ ਕਿਹਾ ਜਾ ਸਕੇ ਕਿ ਬਰਿਟਿਸ਼ ਹਾਕਮ ਅਮਰਿਤਸਰ ਜੇਹਾ ਸਾਕਾ ਵਰਤਾਉਣ ਦੀਖਾਹਿਸ਼ ਰਖਦੇ ਸਨ ਅਤੇ ਸੱਚੇ ਧਾਰਮਕ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣਾ ਚਾਹੁੰਦੇ ਸਨ ਅਤੇ ਬਹਾਨਾ ਇਹ ਘੜਿਆ ਕਿ ਮਹਾਰਾਜਾ ਨਾਭਾ

[1] Secretary of state, London ਨੂੰ ਸ: ਗੁਲਾਬ ਸਿੰਘ ਐਮ. ਐਲ. ਏ. ਤੇ ਸ: ਕਰਤਾਰ ਸਿੰਘ ਐਮ. ਐਲ. ਏ. ਦੀ ਤਾਰ : 11 ਮਾਰਚ 1924.

Digitized by Panjab Digital Library | www.panjabdigilib.org

ਨੂੰ ਗੱਦੀਉਂ ਲਾਹ ਦਿੱਤਾ ਗਿਆ ਹੈ।"[1]

ਪਰ ਖੁਫੀਆ ਚਿੱਠੀ ਪੱਤਰ ਵਿਚ ਉਸ ਨੇ ਲਿਖਿਆ : ਕਿ ਹਿੰਦ ਸਰਕਾਰ ਦੇ 22 ਫਰਵਰੀ ਦੇ ਏਲਾਨ ਵਿਚ ਸੁਝਾਅ ਦਿੱਤਾ ਗਿਆ ਸੀ ਕਿ ਜੈਤੋ ਵਿਚ ਪਹਿਲੋਂ ਗੋਲੀ ਅਕਾਲੀਆਂ ਵਲੋਂ ਚਲਾਈ ਗਈ। ਪਰ ਇਸ ਬਿਆਨ ਦੀ ਦਰੁਸਤੀ ਉਤੇ ਮਿਸਟਰ ਵਿਲਸਨ ਜੌਹਨਸਟਨ ਦੀ 25 ਫਰਵਰੀ ਦੀ ਆਪਣੀ ਤਾਰ ਨੇ ਸ਼ੱਕ ਪੈਦਾ ਕਰ ਦਿੱਤਾ। ਅਤੇ ਸਿੱਖ ਮੈਜਿਸਟਰੇਟ ਜਿਸ ਨੇ ਇਸ (ਮਾਮਲੇ) ਦੀ ਪੜਤਾਲ ਕੀਤੀ—ਇਸ ਸਵਾਲ ਨੂੰ ਖੁਲ੍ਹਾ ਰਹਿਣ ਦਿੱਤਾ।......ਬਦਕਿਸਮਤੀ ਨਾਲ ਇਸ ਕੇਸ ਵਿਚ ਇਹ ਘਟਨਾ ਵਾਪਰੀ ਕਿ ਹਾਊਸ ਆਫ ਲਾਰਡਜ਼ ਵਿਚ ਜਿਹੜਾ ਉਸ ਨੇ ਬਿਆਨ ਦਿੱਤਾ ਉਹ ਏਲਾਨ ਉੱਤੇ ਆਧਾਰਤ ਸੀ। ਇਸ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਨਾ-ਦਰੁਸਤੀ ਦੇ ਦੂਸ਼ਨ ਦੇ ਖਤਰੇ ਵਿਚ ਪਾਇਆ।[2]

ਤੁਸੀਂ ਇਸ ਚਲਾਕੀ-ਭਰੇ ਵਾਕ ਦੀ ਬਣਤਰ ਵੇਖੋ। ਗਲਤੀ ਨੂੰ ਸਿੱਧੀ ਤਰ੍ਹਾਂ ਗਲਤੀ ਨਹੀਂ ਮੰਨਿਆ ਗਿਆ—ਇਹ ਅੰਗਰੇਜ਼ ਹਾਕਮਾਂ ਦੀ ਖਸਲਤ ਸੀ। ਅਤੇ ਜੋ ਨੁਕਤਾ ਚੀਨੀ ਵੀ ਕਿਸੇ ਥੱਲਵੇਂ ਅਫਸਰ ਦੀ ਕਰਨੀ ਹੁੰਦੀ ਸੀ ਉਹ ਵੀ ਖੁਫੀਆ ਮਿਸਲਾਂ ਵਿਚ ਕੀਤੀ ਜਾਂਦੀ ਸੀ। ਝੂਠੇ ਸਤਕਾਰ ਤੇ ਵਕਾਰ ਦਾ ਭੂਤ ਉਹਨਾਂ ਦੇ ਸਿਰ ਤੇ ਹਮੇਸ਼ਾਂ ਸਵਾਰ ਰਹਿੰਦਾ ਸੀ।

## 5. ਪੰਡਤ ਮਦਨ ਮੋਹਨ ਮਾਲਵੀਆ ਦੀ ਸਪੀਚ

ਜੈਤੋ ਦੇ ਕਤਲਾਮ ਦੇ 5ਵੇਂ ਦਿਨ ਪਿਛੋਂ 26 ਫਰਵਰੀ ਨੂੰ ਪੰਡਤ ਮਾਲਵੀਆ ਜੀ ਨੇ ਲੈਜਿਸਲੇਟਿਵ ਅਸੰਬਲੀ ਦਿੱਲੀ ਵਿਚ ਇਸ ਹੱਤਿਆ ਕਾਂਡ ਬਾਰੇ ਵਿਸਥਾਰ ਨਾਲ ਸਭ ਤੱਥ ਬਿਆਨ ਕੀਤੇ। ਉਹਨਾਂ ਨੇ ਹਿੰਦ ਸਰਕਾਰ ਤੇ ਇਲਜ਼ਾਮ ਲਾਏ ਕਿ ਉਸ ਨੇ ਨਾਭਾ ਐਡਮਨਿਸਟਰੇਟਰ ਨੂੰ ਖੁਲ੍ਹੀ ਛੁਟੀ ਦੇ ਦਿੱਤੀ ਸੀ ਕਿ ਉਹ ਫੌਜ ਜਮ੍ਹਾਂ ਕਰੇ, ਲੂਇਸ ਗੰਨਾਂ ਇਕੱਠੀਆਂ ਕਰੇ ਅਤੇ ਪੈਦਲ ਤੇ ਘੋੜ-ਸਵਾਰ ਫੌਜ ਜਮ੍ਹਾਂ ਕਰੇ। ਕਿਸ ਲਈ ? ਇਸ ਲਈ ਕਿ ਉਹ ਗੁਰਦੁਆਰੇ ਨੂੰ ਜਾਣ ਵਾਲਿਆਂ ਦਾ ਟਾਕਰਾ ਕਰੇ......ਮੈਨੂੰ ਉਹਨਾਂ ਲੋਕਾਂ ਤੋਂ ਇਤਲਾਹ ਮਿਲੀ ਹੈ ਜਿਹੜੇ ਉਸ ਵੇਲੇ ਮੌਕੇ ਤੇ ਹਾਜ਼ਰ ਸਨ ਕਿ ਸਾਰਾ ਹੀ ਦਰਿਸ਼ ਇਕ ਸਾਊ ਸਰਕਾਰ ਲਈ ਬੇਸ਼ਰਮੀ ਵਾਲਾ ਸੀ। ਉਹ ਲੋਕ—ਜਿਹੜੇ ਬੇਹਥਿਆਰੇ ਸਨ, ਜਿਨ੍ਹਾਂ ਨੇ ਅਹਿੰਸਾ ਦੀ ਕਸਮ ਖਾਧੀ ਹੋਈ ਸੀ, ਜਿਹੜੇ ਕਈ ਮਹੀਨਿਆਂ ਤੋਂ ਗੁਰਦੁਆਰੇ ਜਾਂਦੇ ਸਨ ਅਤੇ ਜਿਨ੍ਹਾਂ ਨੇ ਕਦੀ ਹਿੰਸਾ ਦਾ ਇਕ ਵੀ ਕਸੂਰ ਨਹੀਂ ਸੀ ਕੀਤਾ, ਜਿਹੜੇ ਉਸੇ ਬਹਾਦਰੀ ਨਾਲ ਮੁਸੀਬਤਾਂ ਬਰਦਾਸ਼ਤ ਕਰਦੇ ਸਨ, ਜਿਸ ਬਹਾਦਰੀ ਨਾਲ ਉਹਨਾਂ ਨੇ (ਅੰਗਰੇਜ਼) ਬਾਦਸ਼ਾਹ ਦੇ ਦੁਸ਼ਮਨਾਂ ਦੇ ਖਿਲਾਫ ਲੜਾਈ ਕੀਤੀ ਸੀ—ਉਹੋ ਲੋਕ ਸਨ ਉਥੇ...... ਇਹਨਾਂ ਆਦਮੀਆ ਤੇ ਗੋਲੀਆਂ ਚਲਾਈਆਂ ਗਈਆਂ। ਪਹਿਲਾ ਏਲਾਨ ਜਿਹੜਾ ਛਾਪਿਆ ਗਿਆ ਕਹਿੰਦਾ ਸੀ ਕਿ ਗੋਲੀ ਉਹਨਾਂ ਵਲੋਂ ਚੱਲੀ ਜਿਹੜੇ ਉਥੇ ਗਏ। ਜੋ ਕੁਛ ਮੈਂ ਹੁਣ ਤਕ ਸੁਣ ਚੁਕਿਆ ਹਾਂ ਇਸ ਨੂੰ ਝੂਠੀ ਗੱਲ ਸਮਝਦਾ ਹਾਂ ਅਤੇ ਮੈਂ ਯਕੀਨ ਰਖਦਾ ਹਾਂ ਕਿ ਜਦੋਂ ਪੂਰਣਤਮ ਪੜਤਾਲ ਕੀਤੀ ਜਾਵੇਗੀ, ਇਹ ਝੂਠੀ ਸਾਬਤ ਹੋਵੇਗੀ। ਜਥੇ ਪਾਸ ਗੋਲੀਆਂ ਚਲਾਉਣ ਵਾਲੇ ਕੋਈ ਹਥਿਆਰ ਨਹੀਂ ਸਨ—ਆਮ ਵਹੀਰ ਕੋਲ ਵੀ ਕੋਈ ਹਥਿਆਰ ਨਹੀਂ

---

[1] House of Lords—Debates on Indian affairs from 13th Feb. to 16th Nov. 1923, Pages 28—29.

[2] India office, White Hall London—28th July 1924 to the Secretary Govt of India—Home Dept.

Digitized by Panjab Digital Library | www.panjabdigilib.org

ਸਨ। ਕਿਸੇ ਅਫਸਰ ਨੇ ਨਹੀਂ ਆਖਿਆ ਕਿ ਗੌਰਮਿੰਟ ਦਾ ਕੋਈ ਆਦਮੀ ਵੀ ਫੱਟੜ ਹੋਇਆ, ਜਦੋਂ ਕਿ ਸਾਰੀਆਂ ਫੌਜਾਂ ਉਥੇ ਸਨ ਅਤੇ ਸਾਰੀਆਂ ਹਥਿਆਰਬੰਦ ਤਾਕਤਾਂ ਉਥੇ ਮੌਜੂਦ ਸਨ। ਕੋਈ ਆਦਮੀ ਵੀ ਉਥੇ ਕਿਸੇ ਆਦਮੀ ਨੂੰ ਨਹੀਂ ਵੇਖ ਸਕਿਆ ਜਿਸ ਪਾਸ ਕੋਈ ਹਥਿਆਰ ਹੋਣ ਅਤੇ ਜਿਹੜਾ ਪੇਸ਼ ਕੀਤੀ ਗਈ ਗੱਲ ਦੀ ਤਸਦੀਕ ਕਰ ਸਕੇ। ਪਹਿਲੋਂ ਇਹ ਆਖਿਆ ਗਿਆ ਕਿ ਜਥੇ ਵਿਚੋਂ ਕੋਈ ਆਦਮੀ ਨਹੀਂ ਮਰਿਆ; ਹੁਣ ਇਹ ਬਿਆਨ ਕੀਤਾ ਜਾਂਦਾ ਹੈ ਕਿ ਜਥੇ ਦੇ ਚਾਰ ਆਦਮੀ ਮਾਰੇ ਗਏ ਹਨ। ਜਿਹੜੀ ਰਿਪੋਰਟ ਮੈਂ ਉਹਨਾਂ ਆਦਮੀਆਂ ਤੋਂ ਸੁਣੀ ਹੈ ਜਿਹੜੇ ਕਿ ਉਥੇ ਮੌਜੂਦ ਸਨ—ਦਸਦੀ ਹੈ ਕਿ ਘੱਟੋ ਘੱਟ ਜਥੇ ਦੇ ਇੱਕੀ ਆਦਮੀ ਮਰ ਗਏ ਸਨ ਅਤੇ 150 ਜ਼ਖਮੀ ਹੋਏ ਸਨ। ਮੈਨੂੰ ਇਹ ਵੀ ਹੋਰ ਦਸਿਆ ਗਿਆ ਹੈ ਕਿ ਕੁਲ ਇਕ ਸੌ ਤੇ ਡੇੜ ਸੌ ਦੇ ਵਿਚਕਾਰ ਆਦਮੀ ਥਾਂ ਤੇ ਹੀ ਗੋਲੀਆਂ ਨਾਲ ਮਾਰ ਦਿੱਤੇ ਗਏ, ਕੁਛ ਨੂੰ ਉਹਨਾਂ ਵਿਚੋਂ ਸਾੜ ਦਿੱਤਾ ਗਿਆ, ਕੁਛ ਨੂੰ ਜ਼ਮੀਨ ਵਿਚ ਦੱਬ ਦਿੱਤਾ ਗਿਆ ਅਤੇ ਕੁਛ ਹੋਰ ਅਨਜਾਣੇ ਥਾਵਾਂ ਤੇ ਦੂਰ ਘਲ ਦਿੱਤੇ।......ਇਸ ਦੀ ਘੋਖਵੀਂ ਪੜਤਾਲ ਹੋਣੀ ਚਾਹੀਦੀ ਹੈ।[1]

ਹੇਲੀ ਜਦੋਂ ਇਸ ਸੋਗਕ ਘਟਨਾ ਤੇ, ਜਵਾਬ ਵਿਚ, ਸਪੀਚ ਕਰ ਰਿਹਾ ਸੀ ਤਾਂ **ਸਿਰੀ ਬਿਪਨ ਚੰਦਰ ਪਾਲ** ਨੇ ਪੁਛਿਆ : ਤੁਸਾਂ ਜਥੇ ਦੇ ਲੋਕਾਂ ਦੇ ਮਰਿਆਂ ਫੱਟੜਾਂ ਦੀ ਗਿਣਤੀ ਤਾਂ ਦਿੱਤੀ ਹੈ। ਕੀ ਤੁਹਾਨੂੰ ਦੂਜੇ ਪਾਸੇ ਦੇ ਫੱਟੜਾਂ-ਮਰਿਆਂ ਦਾ ਵੀ ਕੁਛ ਪਤਾ ਹੈ ?

**ਹੇਲੀ** : ਹੁਣ ਤਕ ਜਿਹੜਾ ਰਿਕਾਰਡ ਮਿਲਿਆ ਹੈ—ਕਹਿੰਦਾ ਹੈ : ਬੰਦੂਕ ਦਾ ਇਕ ਜ਼ਖਮ।

**ਪੰਡਤ ਸ਼ਾਮ ਲਾਲ ਨਹਿਰੂ** : ਕੌਣ ਹੈ ਉਹ ਆਦਮੀ ? ਕੀ ਉਹ ਫੌਜੀ ਆਦਮੀ ਹੈ ?

**ਹੇਲੀ** : ਉਹ ਪੇਂਡੂਆਂ ਵਿਚੋਂ ਇਕ ਹੈ।

**ਪੰਡਤ ਸ਼ਾਮ ਲਾਲ ਨਹਿਰੂ** : ਸਿਰੀ ਮਾਨ ਨੇ ਆਪਣੀ ਸਪੀਚ ਵਿਚ ਭੀੜ ਵਲੋਂ ਬਾਰ ਬਾਰ ਗੋਲੀ ਚਲਾਉਣ ਦਾ ਜ਼ਿਕਰ ਕੀਤਾ ਹੈ। ਕੀ ਭੀੜ ਦੇ ਬਾਰ ਬਾਰ ਗੋਲੀ ਚਲਾਉਣ ਦਾ ਏਹੋ ਨਤੀਜਾ ਨਿਕਲਿਆ ?

**ਹੇਲੀ** : ਗੋਲੀਆਂ ਠੀਕ ਨਿਸ਼ਾਨਿਆਂ ਤੇ ਨਹੀਂ ਬੈਠੀਆਂ ਹੋਣੀਆਂ। (ਹਾਸਾ)

**ਸ਼ੇਖ ਸਾਦਕ ਹਸਨ** : ਪੇਂਡੂਆਂ ਨੂੰ ਸਰਕਾਰੀ ਪੁਲਸ ਕੋਲ ਖਲੋਣ ਦੀ ਆਗਿਆ ਕਿਉਂ ਦਿੱਤੀ ਗਈ।

**ਹੇਲੀ** : ਪੇਂਡੂ ਆਪਣੇ ਆਪ ਅੱਗੇ ਵੱਧ ਆਏ ਸਨ......।[2]

## 6. ਜੈਤੋ ਪਾਰਲੀਮਿੰਟ ਵਿਚ

ਜੈਤੋ ਦੇ ਕਤਲਾਮ ਬਾਰੇ ਸਵਾਲ ਲੰਡਨ ਦੀ ਪਾਰਲੀਮਿੰਟ ਵਿਚ ਵੀ ਉਠਾਏ ਗਏ। ਦੀਵਾਨ ਚਮਨ ਲਾਲ ਨੇ ਮਿਸਟਰ ਲੈਨਜ਼ਬਰੀ ਲੇਬਰ ਐਮ. ਪੀ. ਨੂੰ ਇਸ ਬਾਰੇ ਇਕ ਤਾਰ ਭੇਜੀ ਸੀ ਜਿਸ ਵਿਚ ਉਸ ਨੇ ਲਿਖਿਆ ਸੀ : "ਭਾਵੇਂ ਜਥਾ ਅਤੇ ਉਹਨਾਂ ਦੇ ਨਾਲ ਜਾ ਰਹੀ ਭੀੜ ਬਿਲਕੁਲ ਨਿਹੱਥੀ ਸੀ, ਫੇਰ ਵੀ ਬੇਗੁਨਾਹ ਲੋਕਾਂ ਤੇ ਦਰਸ਼ਕਾਂ ਦੀ ਨਿਰਾਰਥਕ ਕਤਲਾਮ ਕੀਤੀ

[1] 26 ਫਰਵਰੀ ਨੂੰ ਪੰਡਤ ਜੀ ਦੀ ਅਸੰਬਲੀ ਦੀ ਸਪੀਚ ਵਿਚੋਂ ਸਫ਼ਾ 971

[2] ਅਸੰਬਲੀ ਦੀ ਪਿਛਲੀ ਕਾਰਵਾਈ—ਸਫ਼ਾ 989

Digitized by Panjab Digital Library | www.panjabdigilib.org

ਗਈ । ਸੈਕਟਰੀ ਆਫ ਸਟੇਟ (ਲਾਰਡ ਉਲੀਵੀਅਰ) ਨੂੰ ਝੂਠੀ ਇਤਲਾਹ ਮੁਹੱਈਆ ਕੀਤੀ ਗਈ । ਇਸ ਤੋਂ ਛੁਟ, ਗੌਰਮਿੰਟ ਨੇ ਇਹ ਕਦੇ ਨਹੀਂ ਕਿਹਾ ਕਿ ਕੋਈ ਇਕ ਵੀ ਬੰਦੂਕ ਜਾਂ ਪਸਤੌਲ ਜਥੇ ਜਾਂ ਭੀੜ ਪਾਸੋਂ ਫੜਿਆ ਗਿਆ ਹੋਵੇ । ਇਸ ਤੋਂ ਅਖੀਰੀ ਤੌਰ ਤੇ ਸਾਬਤ ਹੋ ਜਾਂਦਾ ਹੈ ਕਿ ਮੁਹੱਈਆ ਕੀਤੀ ਗਈ ਖਬਰ ਉੱਕੀ ਝੂਠੀ ਸੀ ।''

ਮਿਸਟਰ ਲੈਨਜ਼ਬਰੀ ਨੇ ਜੈਤੋ ਤੇ ਇਕ ਕੰਮ-ਰੋਕੂ ਮਤਾ ਪੇਸ਼ ਕੀਤਾ ਜਿਸ ਵਿਚ ਇਕ ਮੁਖ ਸਵਾਲ ਜੈਤੋ ਦੇ ਕਤਲਾਮ ਦੀ ਪੜਤਾਲ ਬਾਰੇ ਸੀ । ਆਪਣੀ ਤਕਰੀਰ ਵਿਚ ਮਿ: ਲੈਨਜ਼ਬਰੀ ਨੇ ਕਿਹਾ : ਮੈਨੂੰ ਅੰਡਰ ਸੈਕਟਰੀ ਆਫ ਸਟੇਟ (ਮਿਸਟਰ ਰਿਚਰਡਜ਼) ਨੇ ਦਸਿਆ ਕਿ ''ਇਕੱਠੇ ਹੋਏ ਲੋਕਾਂ ਕੋਲ ਹਥਿਆਰ ਸਨ । ਨਤੀਜੇ ਵਜੋਂ ਉਹਨਾਂ ਵਿਚੋਂ 21 ਮਰ ਗਏ ਅਤੇ 33 ਜ਼ਖਮੀ ਹੋ ਗਏ । ਮੈਂ ਯਕੀਨ ਕਰਦਾ ਹਾਂ 700 ਇਸ ਵੇਲੇ ਜੇਲ੍ਹ ਵਿਚ ਹਨ । ਪਰ ਅਦਭੁਤ ਗੱਲ ਇਹ ਹੈ ਕਿ ਸਾਨੂੰ ਦਸਿਆ ਜਾਂਦਾ ਹੈ ਕਿ ਲੋਕਾਂ ਦੀ ਬੜੀ ਭੀੜ ਸੀ ਅਤੇ ਪੁਲਸ ਘੇਰੇ ਵਿਚ ਆਈ ਹੋਈ ਸੀ । ਪਰ ਇਕ ਵੀ ਫੌਜੀ ਜਾਂ ਸਿਪਾਹੀ ਨੂੰ ਕੋਈ ਚੋਟ ਨਹੀਂ ਲੱਗੀ । ਇਹ ਗੱਲ ਖੁਦ ਅੰਡਰ-ਸੈਕਟਰੀ ਆਫ ਸਟੇਟ ਨੇ ਮੈਨੂੰ ਦਸੀ ਕਿ ਸਾਡੇ ਵਲੋਂ ਕਿਸੇ ਨੂੰ ਕੋਈ ਜਰਬ ਨਹੀਂ ਪਹੁੰਚੀ । ਪਰ ਫੇਰ ਵੀ 21 ਆਦਮੀ ਮਾਰੇ ਗਏ ਅਤੇ 33 ਫੱਟੜ ਹੋਏ ।''......ਇਸ ਪਰਸੰਗ ਵਿਚ ਉਸ ਨੇ ਮੰਗ ਕੀਤੀ ਕਿ ਵਾਈਸਰਾਏ ਇਸ ਦੀ 'ਪੂਰਣ ਤੇ ਨਿਰਪੱਖ ਪੜਤਾਲ' ਕਰਾਏ ਤਾਂ ਜੋ ਹਿੰਦੁਸਤਾਨੀਆਂ ਦੇ ਮਨਾਂ ਵਿਚੋਂ ਇਹ ਗੱਲ ਕੱਢੀ ਜਾਵੇ ਕਿ ਹਿੰਦੁਸਤਾਨੀਆਂ ਦੀ ਜ਼ਿੰਦਗੀ ਬੜੀ ਸਸਤੀ ਹੈ । ਹਿੰਦੁਸਤਾਨੀਆਂ ਦੇ ਮਨਾਂ ਵਿਚ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਹੋਰ ਤਾਂ ਹੋਰ, ਬਰਿਟਿਸ਼ ਪਾਰਲੀਮਿੰਟ ਗਰੀਬ ਤੋਂ ਗਰੀਬ ਹਿੰਦੁਸਤਾਨੀ ਦੀ ਜ਼ਿੰਦਗੀ ਦੀ ਵੀ ਕਦਰ ਕਰਦੀ ਹੈ ।[1]

ਪੂਰਣ ਤੇ ਨਿਰਪੱਖ ਪੜਤਾਲ ਦਾ ਸਵਾਲ ਮਿਸਟਰ ਸਨੈੱਲ ਐਮ. ਪੀ. ਨੇ ਵੀ ਉਠਾਇਆ । ਉਸ ਨੇ ਆਖਿਆ ਕਿ ਸਰਕਾਰੀ ਤੇ ਗੈਰ ਸਰਕਾਰੀ ਮਿੰਬਰ ਜੈਤੋ ਦੇ ਕਤਲਾਮ ਉੱਤੇ ਬੜਾ ਇਖਤਲਾਫ ਰਖਦੇ ਹਨ । ਜਿਵੇਂ ਕਿ ਦਿੱਲੀ ਦੇ 41 ਅਸੰਬਲੀ ਮਿੰਬਰਾਂ ਦੀ ਚਿੱਠੀ ਤੋਂ ਜ਼ਾਹਰ ਹੁੰਦਾ ਹੈ । ਕਿਸੇ ਮੈਜਿਸਟਰੇਟ ਦੀ ਪੜਤਾਲ ਲੋਕਾਂ ਦੀ ਤਸੱਲੀ ਨਹੀਂ ਕਰਨ ਲੱਗੀ । ਇਸ ਲਈ ਪਬਲਕ ਪੜਤਾਲ ਕਰਾਈ ਜਾਵੇ । ਮਿਸਟਰ ਲੈਨਜ਼ਬਰੀ ਨੇ ਫੇਰ ਇਕ ਵਾਰ ਪੜਤਾਲ ਦਾ ਸਵਾਲ ਉਠਾਇਆ ।

ਮਿਸਟਰ ਰਿਚਰਡਜ਼ (ਅੰਡਰ-ਸੈਕਟਰੀ ਆਫ ਸਟੇਟ) ਦਾ ਜਵਾਬ ਹਿੰਦ ਦੇ ਨੌਕਰ ਸ਼ਾਹਾਂ ਜੇਹਾ ਹੀ ਰੁੱਖਾ ਸੀ । ਉਸ ਨੇ ਆਖਿਆ, ਪੂਰਣ ਤੱਥ ਜਾਨਣ ਲਈ ਗੌਰਮਿੰਟ ਸਭ ਜ਼ਰੂਰੀ ਕਦਮ ਉਠਾਏਗੀ, ਜੇ ਉਹਨਾਂ ਪਾਸ ਇਹ ਸੋਚਣ ਦੇ ਕਾਰਣ ਹੋਣਗੇ ਕਿ ਉਹ (ਤੱਥ) ਪਹਿਲੋਂ ਹੀ ਹਾਸਲ ਨਹੀਂ ਕੀਤੇ ਗਏ । ਉਹਨਾਂ ਨੂੰ ਕੋਈ ਸੁਝਾਅ ਦੇਣ ਦੀ ਕੋਈ ਜ਼ਰੂਰਤ ਨਹੀਂ ।

ਇਸ ਤੋਂ ਪਹਿਲੋਂ ਲੰਡਨ ਦੇ ਹੁਕਮਰਾਨਾਂ ਨੂੰ ਆਪਣੇ ਹਿੰਦੁਸਤਾਨੀ ਹਾਕਮਾਂ ਦੀ ਕਾਲੀ ਕਰਤੂਤ ਦਾ ਪਤਾ ਲਗ ਚੁਕਾ ਸੀ । ਮਿਸਟਰ ਜ਼ਿਮੰਡ ਦਾ ਬਿਆਨ ਉਹਨਾਂ ਪਾਸ ਸੀ । ਮਿਸਟਰ ਮਿੰਚਨ ਦਾ ਇਹ ਬਿਆਨ ਕਿ ਅਸੀਂ ਵਹੀਰ ਦੇ ਨਾਲ ਨਾਲ ਜਾ ਰਹੇ ਸਾਂ ਅਤੇ ਵਿਲਸਨ ਦਾ ਇਹ ਬਿਆਨ ਕਿ ਵਹੀਰ ਸਾਡਾ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ—ਪਰਸਪਰ ਵਿਰੋਧੀ ਬਿਆਨ

---

[1] House of Commons, Debates on Indian Affairs : 11 March 1924. (Page 67 to 70)

Digitized by Panjab Digital Library | www.panjabdigilib.org

ਉਹਨਾਂ ਦੇ ਕੋਲ ਸਨ । ਜਨਰਲ ਸਟਾਫ ਤੇ ਵਿਲਸਨ ਵਿਚਕਾਰ ਹੋਈ ਚਿੱਠੀ ਪੱਤਰ ਉਹਨਾਂ ਕੋਲ ਸੀ । ਉਹਨਾਂ ਨੂੰ ਹਕੀਕਤ ਦਾ ਪਤਾ ਲਗ ਚੁਕਾ ਸੀ । ਉਹ ਜਾਣਦੇ ਸਨ ਕਿ ਪਬਲਕ ਪੜਤਾਲ ਕਰਵਾਈ ਗਈ ਤਾਂ ਵਿਲਸਨ ਦੇ ਝੂਠ ਦਾ ਸਾਰਾ ਤਾਣਾ-ਪੇਟਾ ਤਾਰ ਤਾਰ ਹੋ ਜਾਏਗਾ । ਇਸ ਲਈ, ਪਬਲਕ ਪੜਤਾਲ ਲਈ ਜਬਰਦਸਤ ਕਾਰਣ ਹੋਣ ਦੇ ਬਾਵਜੂਦ ਉਹਨਾਂ ਨੇ ਪਬਲਕ ਨਿਰਪੱਖ ਪੜਤਾਲ ਦੀ ਮੰਗ ਠੁਕਰਾ ਦਿੱਤੀ । ਅਤੇ ਉਹਨਾਂ ਨੇ ਇਸ ਕਤਲਾਮ ਤੇ ਪੋਚਾ ਫੇਰਨ ਦੇ ਯਤਨ ਸ਼ੁਰੂ ਕਰ ਦਿੱਤੇ ।

## 7. ਪੋਚਾ ਫੇਰਨ ਦੇ ਯਤਨ

ਝੂਠ ਨੂੰ ਢੱਕਣ ਲਈ ਹਾਕਮਾਂ ਪਾਸ ਕਈ ਤਰਕੀਬਾਂ ਸਨ । ਏਹੋ ਜੇਹੀਆਂ ਅਤਿਆਚਾਰੀ ਅਤੇ ਕਾਤਲਾਨਾ ਕਰਤੂਤਾਂ ਉਤੇ ਪੜਦਾ ਪਾਉਣ ਲਈ ਉਹਨਾਂ ਨੇ ਕਈ ਮੁਰਦਾ-ਜ਼ਮੀਰ, ਦੇਸ-ਘਾਤਕ ਪਿੱਠੂ ਰਖੇ ਹੋਏ ਸਨ । ਜਿਹੜੇ ਆਪਣੇ ਨਿੱਜੀ ਲਾਭਾਂ ਤੇ ਅਹੁਦਿਆਂ ਖਾਤਰ ਮੁਲਕ ਵੇਚਣ ਲਈ ਤਿਆਰ ਰਹਿੰਦੇ ਸਨ । ਇਹਨਾਂ ਦੀ ਵਫਾਦਾਰੀ ਨੂੰ ਹਾਕਮਾਂ ਨੇ ਬਾਰ ਬਾਰ ਅਜ਼ਮਾਇਆ ਹੋਇਆ ਸੀ ਅਤੇ ਉਹ ਜਾਣਦੇ ਸਨ ਕਿ ਜਿੱਥੇ ਅਤੇ ਜਿਸ ਬਿਆਨ ਤੇ ਉਹ ਕਹਿਣਗੇ ਇਹ ਭਲੇ ਮਾਣਸ ਦਸਖਤ ਕਰ ਦੇਣਗੇ ।

ਪਹਿਲੇ ਜਥੇ ਦੇ ਫੜੇ ਹੋਏ ਅਕਾਲੀਆਂ ਉੱਤੇ ਮੁਕੱਦਮਾ ਚਲਾਇਆ ਗਿਆ । ਏਹੋ ਜੇਹੇ ਕੰਮਾ ਲਈ ਉਹ ਲਾਲਾ ਅਮਰ ਨਾਥ ਮੈਜਿਸਟਰੇਟ ਨੂੰ ਵਰਤਦੇ ਸਨ । ਇਸ ਹਸਤੀ ਨਾਲ ਸਾਡੀ ਜਾਣ ਪਛਾਣ ਪਹਿਲੋਂ ਹੋ ਚੁਕੀ ਹੈ । ਇਹ ਜਿਸ ਕੰਮ ਲਈ ਅਮਰਿਤਸਰ ਤੋਂ ਜੈਤੋ ਭੇਜਿਆ ਗਿਆ ਸੀ ਉਸ ਨੇ ਪੂਰਾ ਕਰ ਵਿਖਾਇਆ । ਦੋ ਹੀ ਮੁਖ ਗੱਲਾਂ ਸਨ : 1) ਜਥੇ ਤੇ ਭੀੜ ਪਾਸ ਹਥਿਆਰ ਸਨ ਜਾਂ ਨਹੀਂ ? ਅਤੇ 2) ਹਥਿਆਰ ਪਹਿਲੋਂ ਕਿਸ ਵਰਤੇ ? ਲਾਲਾ ਅਮਰ ਨਾਥ ਨੇ ਜਿਹੜਾ ਫੈਸਲਾ ਲਿਖਿਆ, ਉਸ ਵਿਚ ਵਿਲਸਨ ਦੇ ਬਿਆਨਾਂ ਨੂੰ ਸੱਚਾ ਤੇ ਸਹੀ ਸਾਬਤ ਕਰ ਵਿਖਾਇਆ ਉਸ ਨੇ ਫੈਸਲੇ ਵਿਚ ਲਿਖਿਆ ਕਿ ਲੋਕਾਂ ਪਾਸ ਹਥਿਆਰ ਵੀ ਸਨ ਅਤੇ ਗੋਲੀ ਵੀ ਪਹਿਲੋਂ ਲੋਕਾਂ ਵਲੋਂ ਹੀ ਚਲਾਈ ਗਈ ਸੀ ਉਸ ਦੇ ਸ਼ਬਦ ਸਨ : ਮੈਂ ਇਸ ਅਣ-ਰੁਕਵੇਂ ਫੈਸਲੇ ਤੇ ਪੁਜਾ ਹਾਂ ਕਿ ਗੋਲੀ ਪਹਿਲੋਂ ਭੀੜ ਵਲੋਂ ਚਲਾਈ ਗਈ ਸੀ ।"

ਅਤੇ ਪੁਲਿਟੀਕਲ ਸੈਕਟਰੀ ਮਿਸਟਰ ਥਾਮਸਨ ਬੜਾ ਕਾਹਲਾ ਸੀ ਕਿ ਇਹ ਗੱਲ ਸੈਕਟਰੀ ਆਫ ਸਟੇਟ (ਲੰਡਨ) ਨੂੰ ਪਹੁੰਚਾਈ ਜਾਵੇ ਕਿ ਜਿਸ ਮੈਜਿਸਟਰੇਟ ਨੇ ਨਾਭਾ ਅਕਾਲੀਆਂ ਦਾ ਮੁਕੱਦਮਾ ਸੁਣਿਆ ਹੈ, ਉਸ ਨੇ ਆਪਣੀ ਪੱਕੀ ਰਾਏ ਦਿੱਤੀ ਹੈ ਕਿ ਗੋਲੀ ਪਹਿਲੋਂ ਅਕਾਲੀਆਂ ਦੇ ਪਾਸੇ ਵਲੋਂ ਚਲਾਈ ਗਈ ਸੀ । ਪਰ ਨਾਲ ਹੀ ਉਸ ਨੇ ਇਹ ਵੀ ਲਿਖਿਆ ਕਿ 22 ਫਰਵਰੀ ਦੀ ਘਰੇਲੂ ਮੰਤਰਾਲੇ ਦੀ ਤਾਰ ਉਸ ਇਲਾਨ ਦੇ ਮੁਤਾਬਕ ਨਹੀਂ ਸੀ ਜਿਹੜਾ ਓਸੇ ਦਿਨ ਕਢਿਆ ਗਿਆ । ਏਹੋ ਹੀ ਨਹੀਂ ਉਸ ਨੇ ਕਰਨਲ ਮਿਨਚਨ ਤੋਂ ਵੀ—ਜਿਹੜਾ ਮੌਕੇ ਤੇ ਹਾਜ਼ਰ ਸੀ—ਪੁੱਛ ਪੜਤਾਲ ਕੀਤੀ । ਉਹ ਇਸ ਤੇ ਪੱਕਾ ਸੀ ਕਿ ਗੋਲੀ ਪਹਿਲੋਂ ਭੀੜ ਵਲੋਂ ਚਲਾਈ ਗਈ ਪਰ ਨਾਲ ਹੀ ਉਸ ਨੇ ਪਰਵਾਨ ਕੀਤਾ ਕਿ ਇਹ ਏਹੋ ਤੱਥ ਨਹੀਂ ਸੀ ਜਿਸ ਕਰਕੇ ਸਾਡੇ ਆਦਮੀਆਂ ਵਲੋਂ ਗੋਲੀ ਚਲਾਣ ਦੀ ਲੋੜ ਪਈ । ਖਰੜੇ ਦੇ ਪਹਿਲੇ ਸ਼ਬਦ ਇਹ ਸੁਝਾਂਦੇ ਸਨ ਕਿ ਸਾਡੇ ਆਦਮੀਆਂ ਨੇ ਗੋਲੀ ਚਲਾਈ ਕਿਉਂਕਿ ਭੀੜ ਨੇ ਗੋਲੀ ਚਲਾਈ । ਇਸ ਭਾਵ ਨੂੰ ਹਟਾਣ ਲਈ ਇਸ ਦੀ ਤਰਮੀਮ ਕੀਤੀ ਗਈ ।[1]

[1] Thompson. 6.9.24 (Confidential)

Digitized by Panjab Digital Library | www.panjabdigilib.org

ਸਾਫ ਜ਼ਾਹਰ ਹੈ ਕਿ ਭੀੜ ਵਲੋਂ ਗੋਲੀ ਚਲਾਣ ਦੀ ਕਹਾਣੀ ਬੇ-ਬੁਨਿਆਦ ਤੇ ਮਨ-ਘੜਤ ਸੀ । ਪਰ ਇਹ ਅੰਦਰਖਾਨੇ ਦੀ ਖੁਫੀਆਂ ਗੱਲ ਸੀ । ਬਾਹਰ ਇਸ ਝੂਠ ਨੂੰ ਹੋਰ ਵਧੇਰੇ ਢੱਕਣ ਲਈ ਇਸ ਸਾਕੇ ਦੀ ਪੜਤਾਲ ਦਾ ਕੰਮ ਇਕ ਅਖੌਤੀ ਸਿੱਖ ਬਲਵੰਤ ਸਿੰਘ ਨਲਵਾ ਪੀ. ਸੀ. ਐਸ. ਨੂੰ ਸੌਂਪਿਆ ਗਿਆ । ਕਿਉਂਕਿ ਇਕ ਸਿੱਖ ਜੱਜ ਦੀ ਪੜਤਾਲ ਸਿੱਖਾਂ ਨੂੰ ਗੁਮਰਾਹ ਕਰਨ ਤੇ ਧੋਖਾ ਦੇਣ ਲਈ ਵਧੇਰੇ ਕਾਟ ਕਰਨ ਦੀ ਸੰਭਾਵਨਾ ਰਖਦੀ ਸੀ । ਪਰ ਇਸ ਬਲਵੰਤ ਸਿੰਘ ਨਲਵੇ ਦੀ ਨਿਯੁਕਤੀ ਨੂੰ ਹੋਰ ਕਿਸੇ ਸਿੱਖ ਦੀ ਹਮਾਇਤ ਤਾਂ ਕੀ ਹਾਸਲ ਹੋਣੀ ਸੀ ਇਸ ਨੂੰ ਤਾਂ ਚੀਫ ਖਾਲਸਾ ਦੀਵਾਨ ਦੀ ਵੀ ਹਮਾਇਤ ਨਾ ਹਾਸਲ ਹੋ ਸਕੀ ।

ਚੀਫ ਖਾਲਸਾ ਦੀਵਾਨ ਦੀ ਐਗਜ਼ੈਕਟਿਵ ਕਮੇਟੀ ਨੇ 29 ਤੇ 30 ਮਾਰਚ 1924 ਦੀ ਬੈਠਕ ਵਿਚ ਜੈਤੋ ਸਾਕੇ ਬਾਰੇ ਕੁਛ ਇਕ ਮਤੇ ਪਾਸ ਕੀਤੇ । ਇਕ ਮਤਾ ਇਹ ਸੀ : ਦੀਵਾਨ ਨਾ ਤਾਂ ਇਕ ਇਕੱਲੇ ਜਜ ਬਲਵੰਤ ਸਿੰਘ ਦੀ ਨਿਯੁਕਤੀ ਨਾਲ ਹੀ ਸੰਤੁਸ਼ਟ ਹੈ ਅਤੇ ਨਾ ਉਸ ਦੀ ਪੜਤਾਲ ਦੇ ਨਤੀਜੇ ਨਾਲ ਹੀ । ਦੀਵਾਨ ਸਰਕਾਰ ਕੋਲ ਪਰਾਰਥਨਾ ਕਰਦਾ ਹੈ ਕਿ ਉਹ ਇਕ ਪਰਤੀਨਿਧ ਅਤੇ ਆਜ਼ਾਦ ਪੜਤਾਲੀਆ ਕਮੇਟੀ ਕਾਇਮ ਕਰੇ । ਪਰ ਗੌਰਮਿੰਟ ਨੇ ਨਾ ਤਾਂ ਸਰਕਾਰ ਪਰਸਤ ਚੀਫ ਖਾਲਸਾ ਦੀਵਾਨ ਦੀ ਹੀ ਬੇਨਤੀ ਪਰਵਾਨ ਕੀਤੀ ਅਤੇ ਨਾ ਲੋਕਾਂ ਦੇ ਪਰਤੀਨਿਧਾਂ—ਅਸੰਬਲੀ ਮਿੰਬਰਾਂ ਤੇ ਪੰਜਾਬ ਕੌਂਸਲ ਦੇ ਮਿੰਬਰਾਂ ਦੀ ਇਕ ਨਿਰਪੱਖ ਪੜਤਾਲੀਆ ਕਮੇਟੀ ਦੀ ਮੰਗ ਦੀ ਹੀ ਪਰਵਾਹ ਕੀਤੀ । ਉਹ ਤਾਂ ਆਪਣੇ ਝੂਠੇ ਬਿਆਨ ਸਹੀ ਸਾਬਤ ਕਰਨ ਉਤੇ ਤੁੱਲੀ ਹੋਈ ਸੀ । ਲੋਕਾਂ ਦੀ ਮੰਗ ਪਰਵਾਨ ਕਰਨ ਦੇ ਅਰਥ ਸਨ ਗੌਰਮਿੰਟ ਦੇ ਝੂਠ ਦਾ ਨੰਗਾ ਹੋਣਾ । ਇਸ ਲਈ ਗੌਰਮਿੰਟ ਨੇ ਲੋਕਾਂ ਦੀ ਇਕ ਨਾ ਸੁਣੀ ਅਤੇ ਬਲਵੰਤ ਸਿੰਘ ਤੋਂ ਆਪਣੇ ਹੱਕ ਵਿਚ ਫੈਸਲਾ ਕਰਵਾਣ ਲਈ ਉਸ ਨੂੰ ਨਿਯੁਕਤ ਕਰ ਦਿੱਤਾ । ਪਰ ਉਸ ਨੇ ਇਸ ਤਥ ਬਾਰੇ ਕੋਈ ਫੈਸਲਾ ਹੀ ਨਾ ਦਿੱਤਾ ਕਿ ਗੋਲੀ ਪਹਿਲੋਂ ਵਹੀਰ ਵਲੋਂ ਚਲਾਈ ਗਈ ਸੀ ਜਾਂ ਰਿਆਸਤੀ ਹਾਕਮਾਂ ਵਲੋਂ ।[1]

ਬਲਵੰਤ ਸਿੰਘ ਵੀ ਲਾਲਾ ਅਮਰਨਾਥ ਜੇਹਾ ਹੀ ਸੀ । ਇਹ ਪੰਜਾਬ ਗੌਰਮਿੰਟ ਨੇ ਉਚੇਚਾ ਲਭ ਕੇ ਜੈਤੋ ਸਾਕੇ ਦੀ ਪੜਤਾਲ ਲਈ ਘਲਿਆ ਸੀ । ਇਸ ਦਾ ਵਿਲਸਨ ਨਾਲ ਉਦੋਂ ਦਾ ਸੰਬੰਧ ਸੀ ਜਦੋਂ ਵਿਲਸਨ ਪੰਜਾਬ ਦਾ ਚੀਫ ਸੈਕਟਰੀ ਸੀ । ਵਿਲਸਨ ਨੇ ਆਪਣੀ ਇਕ ਚਿੱਠੀ ਵਿਚ ਉਸ ਬਾਰੇ ਲਿਖਿਆ :

"………ਇਸ ਵਕਤ ਮੈਂ ਸ: ਬਲਵੰਤ ਸਿੰਘ ਨੂੰ ਮੈਜਿਸਟਰੇਟ ਦੇ ਤੌਰ ਤੇ ਉਹਨਾਂ ਮੁਲਜ਼ਮਾਂ ਦੇ ਬਿਆਨ ਲਿਖਣ ਲਈ ਵਰਤ ਰਿਹਾ ਹਾਂ ਜਿਹੜੇ ਇਜੇਹੇ ਬਿਆਨ ਦੇਣ ਲਈ ਉਸ ਮਜਿਸਟਰੇਟ ਅੱਗੇ ਤਿਆਰ ਹਨ ਜਿਹੜਾ ਕਿ ਰਿਆਸਤ ਦਾ ਮੁਲਾਜ਼ਮ ਨਹੀਂ । **ਮੈਂ ਇਸ ਲਈ ਮੰਗ ਕਰਦਾ ਹਾਂ ਕਿ ਸ: ਬਲਵੰਤ ਸਿੰਘ ਦੀਆਂ ਸੇਵਾਵਾਂ—ਉਸ ਦੀ ਪੜਤਾਲ ਦੇ ਖਤਮ ਹੋਣ ਪਿਛੋਂ—…………—ਰਿਆਸਤ ਦੇ ਹਵਾਲੇ ਕਰ ਦਿੱਤੀਆਂ ਜਾਣ ।**" (ਜ਼ੋਰ ਮੇਰਾ)

ਇਸ ਹਵਾਲੇ ਤੋਂ ਸਾਫ ਸਿੱਧ ਹੁੰਦਾ ਹੈ ਕਿ ਬਲਵੰਤ ਸਿੰਘ ਵਿਲਸਨ ਦਾ ਆਦਮੀ ਸੀ । ਵਿਲਸਨ ਉਸ ਨੂੰ ਆਪਣੇ ਮਕਸਦ ਲਈ ਵਰਤ ਰਿਹਾ ਸੀ । ਅਤੇ ਰਿਸ਼ਵਤ ਦੇ ਤੌਰ ਤੇ

[1] India in 1923—24—appendix vii page 325 on ward.

Digitized by Panjab Digital Library | www.panjabdigilib.org

ਉਸ ਨੂੰ ਹੋਰ ਤਰੱਕੀ ਦੇ ਕੇ ਨਾਭਾ ਰਿਆਸਤ ਵਿਚ ਹੀ ਰਖਣਾ ਚਾਹੁੰਦਾ ਸੀ। ਇਸ ਲਈ ਇਹ ਪਹਿਲੋਂ ਹੀ ਮੰਨ-ਲੈਣ ਵਾਲੀ ਗੱਲ ਸੀ ਕਿ ਉਹ ਮਿਸਟਰ ਵਿਲਸਨ ਦੇ ਜੈਤੋ ਗੋਲੀ ਕਾਂਡ ਬਾਰੇ ਬਿਆਨਾਂ ਦੀ ਤਸਦੀਕ ਕਰੇਗਾ।

ਪਰ ਉਸ ਨੇ ਵਿਲਸਨ ਦੀ ਅਧੂਰੀ ਤਸਦੀਕ ਕੀਤੀ। ਉਸ ਨੇ ਆਪਣੇ ਫੈਸਲੇ ਵਿਚ ਜਥੇ ਦੇ ਸਿਰ ਇਹ ਕਸੂਰ ਥਪਿਆ : "ਮੈਂ ਇਸ ਰਾਏ ਦਾ ਹਾਂ ਕਿ ਜਥੇ ਪਾਸ ਕੁਛ ਬੰਦੂਕਾਂ ਸਨ ਅਤੇ ਉਹਨਾਂ ਨੇ ਉਹ ਸਭ ਠੀਕ ਵਕਤ ਸਿਰ ਵਰਤੀਆਂ।.........ਅਕਾਲੀ ਬਿਲਕੁਲ ਹੀ ਹਿੰਸਾਤਮਕ ਹੋ ਗਏ......ਸਿਆਣੇ ਆਦਮੀ ਪਾਸ ਗੋਲੀ ਚਲਾਣ ਤੋਂ ਛੁੱਟ ਹੋਰ ਕੋਈ ਚਾਰਾ ਹੀ ਨਹੀਂ ਸੀ।......ਥੋੜ੍ਹੇ ਮਰਿਆਂ ਤੇ ਜ਼ਖਮੀਆਂ ਦੀ ਗਿਣਤੀ ਮੈਨੂੰ ਇਹ ਨਤੀਜਾ ਕੱਢਣ ਵਿਚ ਸਹਾਈ ਹੁੰਦੀ ਹੈ ਕਿ **ਵਰਤੀ ਗਈ ਤਾਕਤ ਘੱਟ ਤੋਂ ਘੱਟ ਸੀ ਅਤੇ ਗੋਲੀ ਬੜੇ ਖਿਆਲ ਨਾਲ ਚਲਾਈ ਗਈ।** (ਜ਼ੋਰ ਮੇਰਾ)

ਅਤੇ ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹਨਾਂ ਨਾਲ ਡੁਰਲੀ ਜੱਥਾ ਸ਼ਾਮਲ ਸੀ ਜਿਸ ਵਿਚ ਢੇਰ ਸਾਰੇ ਬਦਮਾਸ਼ ਤੇ ਮਾਰ-ਖੋਰੇ ਆਦਮੀ ਸਨ। ਅਤੇ ਉਹ ਖੁਲ੍ਹਮ-ਖੁਲ੍ਹਾ ਆਪਣੇ ਇਰਾਦੇ ਦਾ ਇਜ਼ਹਾਰ ਕਰ ਰਹੇ ਸਨ ਕਿ ਜਿਹੜਾ ਸ਼ਹੀਦੀ ਜੱਥੇ ਨੂੰ ਰੋਕੇਗਾ ਉਸ ਦੇ ਵਿਰੁਧ ਤਾਕਤ ਵਰਤੀ ਜਾਏਗੀ, ਵਗੈਰਾ ਵਗੈਰਾ। ਨਲਵੇ ਨੇ 56 ਗੁਆਹਾਂ ਦੇ ਬਿਆਨ ਲਏ ਜਿਨ੍ਹਾਂ ਵਿਚ ਭਾਰੀ ਗਿਣਤੀ ਸਰਕਾਰੀ ਅਫਸਰਾਂ, ਪੁਲਸੀਆਂ ਤੇ ਫੌਜੀਆਂ ਦੀ ਸੀ। ਇਹਨਾਂ ਤੋਂ ਛੁਟ ਕੁਛ ਰਈਸ, ਕੁਛ ਨਾਭੇ ਦੇ ਪੇਂਡੂ ਅਤੇ 'ਸ਼ਹੀਦੀ ਜਥੇ ਦੇ ਕੁਛ ਅਕਾਲੀ ਮਿੰਬਰ' ਸਨ।[1]

ਸੈਕਟਰੀ ਆਫ ਸਟੇਟ ਨੂੰ ਇਹ ਫੈਸਲਾ ਪੜ੍ਹ ਕੇ ਕੁਛ ਧਰਵਾਸ ਹੋਇਆ ਜਾਪਦਾ ਸੀ। ਪਰ ਉਹਨੂੰ ਇਸ ਗੱਲ ਦਾ, ਇਕ ਤਰ੍ਹਾਂ, ਅਫਸੋਸ ਹੋਇਆ ਕਿ ਫੈਸਲੇ ਵਿਚ ਇਹ ਗੱਲ ਲਿਖੀ ਨਹੀਂ ਮਿਲਦੀ ਕਿ ਗੋਲੀ ਪਹਿਲੋਂ ਭੀੜ ਨੇ ਚਲਾਈ।

ਇਸ ਫੈਸਲੇ ਤੋਂ ਪਹਿਲੋਂ ਮਿਨਚਨ ਨੇ ਹਿੰਦ ਸਰਕਾਰ ਦੇ ਪੋਲਿਟੀਕਲ ਸੈਕਟਰੀ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਕਿਹਾ : "ਸਿੱਖ ਪੇਂਡੂਆਂ ਨੂੰ ਉਹਨਾਂ ਵਲੋਂ ਕੁਛ ਅਕਾਲੀਆਂ ਨੂੰ ਲਿਆਉਣ ਲਈ ਭੇਜਿਆ ਗਿਆ ਜਿਹੜੇ ਅਜੇ ਤਕ ਗੁਰਦੁਆਰਾ ਟਿਬੀ ਸਾਹਿਬ ਵਿਚ ਰਹਿ ਗਏ ਸਨ। 170 ਆਦਮੀਆਂ ਤੇ 5 ਇਸਤਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।......ਉਹਨਾਂ ਪਾਸ ਲਾਠੀਆਂ, ਬਰਛੇ ਤੇ ਟਕੂਏ ਸਨ। ਕੋਈ ਬੰਦੂਕਾਂ ਨਹੀਂ ਮਿਲੀਆਂ। ਪਰ ਇਹ ਭੀੜ ਨੇ ਉਦੋਂ ਜਾਂ ਤਾਂ ਗਾਲਬਨ ਉਰ੍ਹਾਂ ਪਰ੍ਹਾਂ ਕਰ ਦਿੱਤੀਆਂ ਜਾਂ ਲੁਕਾ ਲਈਆਂ, ਜਦੋਂ ਅਕਾਲੀਆਂ ਨੂੰ ਘੋੜ ਸਵਾਰ ਫੌਜ ਨੇ ਖਿੰਡਾ ਪੁੰਡਾ ਦਿੱਤਾ......"[2]

ਇਹ ਭਰਿਸ਼ਟ-ਹੋਈ ਬੁਧੀ ਦੀ ਸੋਚਣੀ ਹੈ। ਲੋਕਾਂ ਨੂੰ ਉਸ ਵੇਲੇ ਵਰ੍ਹਦੀਆਂ ਗੋਲੀਆਂ ਵਿਚ ਜਾਨ ਬਚਾਣ ਦਾ ਫਿਕਰ ਸੀ ਕਿ ਹਥਿਆਰ ਲੁਕਾਣ ਜਾਂ ਉਰ੍ਹਾਂ ਪਰ੍ਹਾਂ ਕਰਨ ਦਾ। ਝੂਠ

---

[1] India 1924—appendix. ਫੈਸਲਾ 6.3.1924

[2] From. Col. Minchin A. G. G. Dated Lahore 26th Feb. 1924 To the Secretary, Govt. of India. Delhi,

Digitized by Panjab Digital Library | www.panjabdigilib.org

ਨੂੰ ਢੱਕਣ ਲਈ ਦਲੀਲਾਂ ਕਦੇ ਵੀ ਢੁਕਵੀਆਂ ਤੇ ਠੁੱਕਵੀਆਂ ਨਹੀਂ ਲਭੀਆਂ । ਸੰਭਵ ਹੈ ਕਿ ਬਣਛੇ, ਟਕੂਏ, ਸੋਟੇ ਵੀ ਕੋਲੋ ਪੁਆ ਦਿੱਤੇ ਹੋਣ ।

ਪਰ ਬਲਵੰਤ ਸਿੰਘ ਨਲਵੇ ਨੇ ਤਾਂ 'ਅਮਾਂ ਨਾਲੋਂ ਹੇਜਲੀ' ਵਾਲੀ ਗੱਲ ਕੀਤੀ ਜਦੋਂ ਉਸ ਨੇ ਜੈਤੋ ਦੇ ਸਾਕੇ ਵਿਚ ਅਕਾਲੀਆਂ ਵਲੋਂ ਬੰਦੂਕਾਂ ਵਰਤਣ ਬਾਰੇ ਫੈਸਲੇ ਵਿਚ ਲਿਖ ਦਿੱਤਾ । ਇਹਨਾਂ ਨਲਵਿਆਂ ਤੇ ਅਮਰਨਾਥਾਂ ਦੇ ਏਹੋ ਜੇਹੇ ਫੈਸਲਿਆਂ ਬਾਰੇ ਹੀ ਪੰਡਤ ਮਾਲਵੀਆ ਨੇ ਅਸੈਂਬਲੀ ਦੀ ਸਪੀਚ ਵਿਚ ਕਿਹਾ ਸੀ : "ਉਹਨਾਂ (ਲੋਕਾਂ) ਨੂੰ ਇਨਸਾਫ ਦੀ ਭਰਿਸ਼ਟਤਾ, ਇਨਸਾਫ ਦੀ ਅਸਫਲਤਾ ਦੀਆਂ ਏਨੀਆਂ ਮਿਸਾਲਾਂ ਦਾ ਸਾਮ੍ਹਣਾ ਕਰਨਾ ਪਿਆ ਹੈ......ਕਿ ਉਹਨਾਂ ਨੂੰ ਮੁਆਫ ਕਰ ਦਿੱਤਾ ਜਾਏ ਜੇ ਉਹਨਾਂ ਦਾ ਵਿਸ਼ਵਾਸ ਕਾਨੂੰਨੀ ਅਦਾਲਤਾਂ ਤੋਂ ਚੁਕਿਆ ਗਿਆ ਹੋਵੇ ।

ਇਹ ਹੈ ਅੰਗਰੇਜ਼ ਅਫਸਰਾਂ ਦੇ, ਜੈਤੋ ਦੇ ਹੱਤਿਆ-ਕਾਂਡ ਵਿਚ, ਝੂਠ ਨੂੰ ਸਚ ਬਣਾਣ ਦੇ ਯਤਨਾਂ ਦੀ ਕਹਾਣੀ । ਝੂਠ ਦੀ ਸੰਗਲੀ ਵਿਚੋਂ ਹਮੇਸ਼ਾਂ ਕਈ ਛੱਲੇ ਟੁੱਟ ਜਾਂਦੇ ਹਨ ਅਤੇ ਇਹ ਨਿਕੰਮੀ ਹੋ ਕੇ ਕਿਸੇ ਕੰਮ ਨਹੀਂ ਆਉਂਦੀ ।

## 8. ਕੁਛ ਸਰਕਾਰੀ ਉਪੱਦਰੀ ਹੁਕਮ

ਪ੍ਰੋ: ਗਿਡਵਾਨੀ ਤੇ ਡਾਕਟਰ ਕਿਚਲੂ ਨੂੰ ਪਹਿਲੇ ਸ਼ਹੀਦੀ ਜੱਥੇ ਦੇ ਜੈਤੋ ਪਹੁੰਚਣ ਤੋਂ ਪਿਛੋਂ ਜੈਤੋ ਜਾਣ ਉਤੇ ਫੜ ਲਿਆ ਗਿਆ ਸੀ ਅਤੇ ਉਹਨਾਂ ਉਤੇ ਸੰਗੀਨ ਤੋਂ ਸੰਗੀਨ ਕੋਈ ਅੱਧੀ ਦਰਜਨ ਦਫਾਵਾਂ ਲਾਈਆਂ ਗਈਆਂ ਸਨ । ਇਹਨਾਂ ਉਤੇ ਮੁਕਦਮੇ ਦੀ ਪੈਰਵਈ ਕਰਨ ਲਈ ਫੀਰੋਜ਼ਪੁਰ ਦੇ ਪਲੀਡਰ ਲਾਲਾ ਦੁਰਗਾਦਾਸ ਨੂੰ ਐਡਮਨਿਸਟਰੇਟਰ ਨੇ ਬੁਲਾਇਆ । ਅਤੇ ਖੁਦ ਉਸੇ ਐਡਮਨਿਸਟਰੇਟਰ ਵਿਲਸਨ ਨੇ ਕੇਂਦਰੀ ਸਰਕਾਰ ਨੂੰ ਸਿਫਾਰਸ਼ ਕੀਤੀ : ਡੀਫੈਂਨਸ ਲਈ ਪੇਸ਼ ਹੋਣ ਵਾਸਤੇ ਕਿਸੇ ਬਾਹਰਲੇ ਵਕੀਲ ਨੂੰ ਆਉਣ ਦੀ ਆਗਿਆ ਨਾ ਦਿੱਤੀ ਜਾਏ । ਪੁਰਾਣੀ ਪਰੰਪਰਾ ਉਤੇ ਹੀ ਕਾਇਮ ਰਹਿਣਾ ਚਾਹੀਦਾ ਹੈ । ਇਸ ਲਈ ਬਾਹਰਲੇ ਵਕੀਲਾਂ ਦੇ ਆਉਣ ਉਤੇ ਪਾਬੰਦੀ ਲਾਓ ।[1]

ਪਹਿਲੋਂ ਹੀ ਸਭ ਬੰਦੋਬਸਤ ਕਰ ਲਿਆ ਗਿਆ ਸੀ ਕਿ ਰਿਆਸਤ ਨਾਭੇ ਦੇ ਅੰਦਰ ਜੋ ਵੀ ਉਪੱਦਰ ਤੇ ਅਤਿਆਚਾਰ ਕੀਤੇ ਜਾਣ, ਉਹਨਾਂ ਦੀ ਵਾਅ-ਸੋਅ ਉੱਕੀ ਹੀ ਨਾ ਬਾਹਰ ਨਿਕਲਣ ਦਿੱਤੀ ਜਾਵੇ । ਅਤੇ ਗਵਰਨਰ (ਪੰਜਾਬ) ਨੇ ਆਪਣੀ ਇਹ ਰਾਏ ਬੜੀ ਸੋਚ ਸਮਝਕੇ ਇਸ ਮਸਲੇ ਤੇ ਦਿੱਤੀ ਸੀ ਕਿ ਜਥੇ ਨੂੰ ਬਰਿਟਿਸ਼ ਹਿੰਦੁਸਤਾਨ (ਯਾਨੀ ਪੰਜਾਬ) ਵਿਚ ਹੀ ਰੋਕਿਆ ਜਾਵੇ ਜਾਂ ਜੈਤੋ ਜਾਣ ਦਿੱਤਾ ਜਾਵੇ । ਉਹ ਇਸ ਸਿੱਟੇ ਤੇ ਪੁੱਜਾ ਸੀ ਕਿ ਜੱਥੇ ਦੇ ਜੈਤੋ ਜਾਣ ਦੇਣ ਵਿਚ ਲਾਭ ਵਧੇਰੇ ਹੈ ।

"ਜੇ ਜੱਥੇ ਨੂੰ ਤਾਕਤ ਵਰਤਕੇ (ਬਰਿਟਿਸ਼ ਪੰਜਾਬ ਵਿਚ) ਖਿੰਡਾਣਾ ਹੈ ਤਾਂ ਪਹਿਲਾ ਤਜਰਬਾ ਇਹ ਗੱਲ ਸੰਭਵ ਬਣਾਂਦਾ ਹੈ ਕਿ ਸਾਰੇ ਹਿੰਦੁਸਤਾਨ ਵਿਚੋਂ ਸਿਆਸਤਦਾਨ ਤੇ ਪਰੋਪੇਗੰਡਾ ਏਜੰਟ ਫੌਰਨ ਉਸ ਥਾਂ ਵੱਲ ਨੂੰ ਤੁਰ ਪੈਣਗੇ । ਏਹੋ ਜੇਹੇ ਆਦਮੀਆਂ ਨੂੰ ਐਗਜ਼ੈਕਟਿਵ ਹੁਕਮ ਨਾਲ ਰਿਆਸਤੀ ਇਲਾਕੇ ਵਿਚ ਵੜਨੋ ਰੋਕਿਆ ਜਾ ਸਕਦਾ ਹੈ । ਪਰ ਇਹ ਗੱਲ ਜੇ ਅਮਲੀ ਤੌਰ ਤੇ ਅਸੰਭਵ ਨਹੀਂ ਤਾਂ ਅਤਿਅੰਤ ਹੀ ਮੁਸ਼ਕਲ ਹੋਵੇਗੀ ਕਿ ਉਹਨਾਂ ਦੀਆਂ ਸਰਗਰਮੀਆਂ ਨੂੰ ਬਰਿਟਿਸ਼ ਹਿੰਦੁਸਤਾਨ ਵਿਚ

[1] From the A. G. G. Punjab States to the pol. Sec. Govt. of India. no. 324 R. dated & recd. 28th Feb. 1924.

Digitized by Panjab Digital Library | www.panjabdigilib.org

ਕੰਟਰੋਲ ਕੀਤਾ ਜਾ ਸਕੇ ।"

"ਜੇ ਖਿੰਡਾਣ ਜਾਂ ਗਰਿਫਤਾਰੀਆਂ (ਦਾ ਅਮਲ) ਬੜੇ ਵੱਡੇ ਪੈਮਾਨੇ ਉਤੇ ਹੁੰਦਾ ਹੈ ਤਾਂ ਇਸ ਤੇ ਬਹਿਸ ਕਰਨ ਦਾ ਮੌਕਿਆ ਨਾ ਮੁਕਾਮੀ ਕੌਂਸਲ ਵਿਚ ਪੈਦਾ ਹੁੰਦਾ ਹੈ ਅਤੇ ਨਾ ਲੈਜਿਸਲੇਟਿਵ ਅਸੰਬਲੀ ਵਿਚ ।"

"ਗਰਿਫਤਾਰ ਹੋਏ ਮੁਲਜ਼ਮਾਂ ਦਾ ਮੁਕੱਦਮਾ ਬਰਿਟਿਸ਼ ਇੰਡੀਆ ਨਾਲੋਂ ਨਾਭੇ ਦੇ ਇਲਾਕੇ ਵਿਚ ਵਧੇਰੇ ਛੇਤੀ ਮੁਕਾਇਆ ਜਾ ਸਕਦਾ ਹੈ ਕਿਉਂਕਿ ਪੰਜਾਬ ਵਿਚ ਵਕੀਲਾਂ ਦੀ ਹਾਜ਼ਰੀ, ਅਪੀਲਾਂ; ਮੁੜ ਮੁਕੱਦਮੇ ਸੁਣਨ ਦੀਆਂ ਦਰਖਾਸਤਾਂ ਮੁਕੱਦਮੇ ਦੇ ਅਨਿਸ਼ਚਤ ਸਮੇਂ ਤਕ ਲੰਮਾ ਕਰਨ ਦਾ ਕਾਰਣ ਬਣ ਸਕਦੀਆਂ ਹਨ ।"

ਜੈਤੋ ਦੇ ਮੋਰਚੇ ਦੀ ਥਾਂ ਅਕਾਲੀਆਂ ਲਈ ਅਮਰਿਤਸਰ ਦੇ ਨੇੜੇ ਦੀ ਥਾਂ ਨਾਲੋਂ ਵਧੇਰੇ ਘੱਟ ਪਹੁੰਚਵਾਲੀ ਅਤੇ ਜ਼ਿਆਦਾ ਵਧੇਰੇ ਖਰਚੀਲੀ ਹੈ ।"[1] ਵਗੈਰਾ ।

ਇਹ ਸਨ ਦਲੀਲਾਂ ਜਿਹੜੀਆਂ ਅਕਾਲੀ ਤਹਿਰੀਕ ਦਾ ਹਮੇਸ਼ਾਂ ਲਈ ਕਜ਼ੀਆ ਮੁਕਾਣ ਲਈ ਸੋਚ ਸਮਝਕੇ ਘੜੀਆਂ ਗਈਆਂ ਸਨ । ਨਾਭੇ ਵਿਚ ਵਿਲਸਨ ਦੀ ਫਾਸ਼ਿਸਟ ਡਿਕਟੇਟਰਸ਼ਿਪ ਦਾ ਅੱਤ-ਅੱਧਿਕ ਭਿਆਨਕ ਰੂਪ ਕਾਇਮ ਸੀ । ਅਤੇ ਉਸ ਨੂੰ ਪੂਰਣ ਹਮਾਇਤ ਦਾ ਥਾਪੜਾ ਗਵਰਨਰ ਅਤੇ ਵਾਈਸਰਾਏ ਵਲੋਂ ਬਿਨਾਂ ਕਿਸੇ ਚੂੰ ਚੂਨਾ ਦੇ ਮਿਲ ਰਿਹਾ ਸੀ । ਇਹ ਸਨ ਵਿਚਾਰਾਂ ਜਿਨ੍ਹਾਂ ਦੇ ਮਾਤਹਿਤ ਬਾਹਰੋਂ ਹਰ ਕਿਸਮ ਦੀ ਮਦਦ ਅਕਾਲੀਆਂ ਲਈ ਬੰਦ ਕਰ ਦਿੱਤੀ ਗਈ ਸੀ ਅਤੇ ਜੈਤੋ ਵਿਚ ਅਕਾਲੀਆਂ ਦੇ ਖੂਨ ਦੀ ਹੋਲੀ ਰੱਜ ਕੇ ਖੇਡੀ ਗਈ ਸੀ ਅਤੇ ਜਿਸ ਦਾ ਖੂਨੀ ਚਿਤਰ ਅਸਾਂ ਇਸ ਪੁਸਤਕ ਵਿਚ ਪੇਸ਼ ਕੀਤਾ ਹੈ ।

---

[1] From H. D. Craik. Punjab Civil sectt. Lahore dated 24·2.1924. To Crerar, Sec. G. O. I. Home—Delhi.

Digitized by Panjab Digital Library | www.panjabdigilib.org

# ਸਮਝੌਤੇ ਦੀ ਗਲਬਾਤ

## 1. ਜਨਰਲ ਬਰਡਵੁਡ ਦੇ ਨਿਰਾਰਥਕ ਯਤਨ

ਅਕਾਲੀ ਤਹਿਰੀਕ ਦੇ ਸਮੁੱਚੇ ਇਤਿਹਾਸ ਵਿਚ ਤਸ਼ੱਦਦ, ਸਮਝੌਤਾ, ਤਸ਼ੱਦਦ ਦਾ ਇਕ ਚੱਕਰ ਚਲਦਾ ਰਿਹਾ ਸੀ। ਇਹ ਗੱਲ ਹਰ ਮੋਰਚੇ ਦੇ ਦੌਰਾਨ ਜਾਂ ਅੱਗੋਂ ਪਿਛੋਂ ਸਾਫ ਨਜ਼ਰ ਆਉਂਦੀ ਹੈ। ਇਕ ਪਾਸੇ ਜੈਤੋ ਵਿਚ ਨਿਹੱਥੇ ਅਕਾਲੀਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਸੀ, ਹਜ਼ਾਰਾਂ ਅਕਾਲੀ ਜੇਲ੍ਹਾਂ ਵਿਚ ਪਏ ਸੜ ਰਹੇ ਸਨ; ਅਕਾਲੀ ਆਗੂਆਂ ਉਤੇ ਗੌਰਮਿੰਟ ਦਾ ਤਖਤਾ ਉਲਟਾਣ ਦੀ ਸਾਜ਼ਸ਼ ਦਾ ਮੁਕੱਦਮਾ ਚਲਾਇਆ ਜਾ ਰਿਹਾ ਸੀ; ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਕਾਨੂੰਨ ਵਿਰੁਧ, ਯਾਨੀ ਬਾਗੀ, ਜਥੇਬੰਦੀਆਂ ਕਰਾਰ ਦਿੱਤੀਆਂ ਜਾ ਚੁਕੀਆਂ ਸਨ—ਯਾਨੀ ਭਰਪੂਰ ਤਸ਼ੱਦਦ ਤੇ ਜ਼ੁਲਮ ਦਾ ਦੌਰ ਦੌਰਾ ਚਲ ਰਿਹਾ ਸੀ। ਦੂਜੇ ਪਾਸੇ ਗੌਰਮਿੰਟ ਵਲੋਂ ਖੁਫੀਆ ਏਜੰਟ ਲੱਭੇ ਜਾ ਰਹੇ ਸਨ ਜਿਹੜੇ ਜੇਲ੍ਹਾਂ ਵਿਚ ਜਾ ਕੇ ਜਾਂ ਬਾਹਰ ਦੇ ਆਗੂਆਂ ਨੂੰ ਮਿਲਣ ਅਤੇ ਉਹਨਾਂ ਨੂੰ ਮਿਲ ਕੇ ਸਮਝੌਤੇ ਦੀਆਂ ਸ਼ਰਤਾਂ ਨੂੰ ਟੋਹਣ, ਤਾਂ ਜੋ ਗੌਰਮਿੰਟ ਦੀ ਮਨਸ਼ਾ ਦੇ ਮੁਤਾਬਕ ਸਮਝੌਤੇ ਦਾ ਕੋਈ ਰਾਹ ਲਭਿਆ ਜਾ ਸੱਕੇ।

ਗਵਰਨਰ ਮੈਕਲਾਗਨ ਦੀ ਗਵਰਨਰੀ ਦੀ ਮਿਆਦ ਪੁਗਣ ਵਾਲੀ ਸੀ। ਅਸੰਬਲੀ ਤੇ ਪੰਜਾਬ ਕੌਂਸਲ ਦੇ ਮਿੰਬਰਾਂ ਨੇ ਬਾਰ ਬਾਰ ਸਵਾਲ ਉਠਾਏ ਸਨ ਕਿ ਸਿੱਖਾਂ ਦੇ ਦੁਖੜਿਆਂ ਦੀ ਪੜਤਾਲ ਲਈ ਕਮੇਟੀ ਬਣਾਈ ਜਾਏ ਅਤੇ ਉਹਨਾਂ ਦੀਆਂ ਮੰਗਾਂ ਦਾ ਕੋਈ ਹਲ ਢੂੰਡਿਆ ਜਾਏ। ਜੈਤੋ ਦੇ ਹਤਿਆ ਕਾਂਡ ਪਿਛੋਂ ਗੌਰਮਿੰਟ ਨੇ ਜਨਰਲ ਬਰਡਵੁਡ ਦੀ ਪਰਧਾਨਗੀ ਥੱਲੇ ਇਕ ਕਮੇਟੀ ਬਣਾਣ ਦਾ ਏਲਾਨ ਕੀਤਾ ਜਿਸ ਨੂੰ ਗੁਰਦੁਆਰਾ ਸੁਧਾਰ ਦੇ ਮਸਲੇ ਉਤੇ ਵਿਚਾਰ ਕਰਨ ਅਤੇ ਇਸ ਦੇ ਹਲ ਕਰਨ ਲਈ ਆਪਣੀਆਂ ਸਿਫਾਰਸ਼ਾਂ ਪੇਸ਼ ਕਰਨ ਲਈ ਆਖਿਆ ਗਿਆ।

ਜਨਰਲ ਬਰਡਵੁਡ ਨੂੰ ਸਿੱਖਾਂ ਦੇ ਹਮਦਰਦ ਦੇ ਤੌਰ ਤੇ ਪੇਸ਼ ਕੀਤਾ ਗਿਆ ਅਤੇ ਪਰਚਾਰ ਕੀਤਾ ਗਿਆ ਕਿ ਹੁਣ ਸਿੱਖਾਂ ਦੇ ਗੁਰਦੁਆਰਾ ਸੁਧਾਰ ਦੇ ਮਸਲੇ ਦਾ ਹੱਲ ਹੋ ਜਾਏਗਾ ਅਤੇ ਅੰਗਰੇਜ਼ ਹਾਕਮਾਂ ਤੇ ਸਿੱਖਾਂ ਵਿਚਕਾਰ ਮੁੜ ਪੁਰਾਣੀ ਦੋਸਤੀ ਬਹਾਲ ਹੋ ਜਾਏਗੀ ਅਤੇ ਗਲਤ-ਫਹਿਮੀਆਂ ਸਭ ਦੂਰ ਹੋ ਜਾਣਗੀਆਂ, ਵਗੈਰਾ, ਵਗੈਰਾ।

ਇਸ ਵੇਲੇ ਅੰਗਰੇਜ਼ ਹੁਕਮਰਾਨ ਛਟਪੱਣੀ ਗੁਝਲ-ਰੋਗ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁਕੇ ਸਨ। ਕੁੰਜੀਆਂ ਤੇ ਗੁਰੂ ਕੇ ਬਾਗ ਦੀਆਂ ਜਿੱਤਾਂ ਨੇ ਉਹਨਾਂ ਵਿਚ ਇਹ ਅਹਿਸਾਸ ਪੈਦਾ ਕਰ ਦਿੱਤਾ ਸੀ ਕਿ ਅਕਾਲੀ ਹਰ ਵਾਰ ਜਿੱਤ ਦਾ ਪਰਚਾਰ ਕਰ ਕੇ ਆਪਣੀ ਜਥੇਬੰਦੀ ਮਜ਼ਬੂਤ ਕਰੀ ਜਾਂਦੇ ਹਨ ਅਤੇ ਸਰਕਾਰ ਦੇ ਹਾਮੀਆਂ ਨੂੰ, ਢਾਹ ਲਾ ਕੇ, ਆਪਣੀ ਵਲ ਖਿੱਚੀ ਜਾਂ ਰਹੇ ਹਨ। ਹੁਣ ਅਜੇਹੀ ਗੱਲ ਕੋਈ ਨਹੀਂ ਕੀਤੀ ਜਾਏਗੀ ਜਿਸ ਰਾਹੀਂ ਅਕਾਲੀ ਢੰਡੋਰਾ ਪਿੱਟ ਸਕਣ ਕਿ ਉਹ ਫੇਰ ਜਿੱਤ ਗਏ ਹਨ ਅਤੇ ਗੌਰਮਿੰਟ ਨੂੰ ਬੜੀ ਵੱਡੀ ਸ਼ਿਕਸਤ ਹੋਈ ਹੈ।

Digitized by Panjab Digital Library | www.panjabdigilib.org

ਇਕ ਪਾਸੇ ਗੌਰਮਿੰਟ ਵਲੋਂ ਸਮਝੌਤੇ ਦੀ ਗੱਲ ਬਾਤ ਲਈ ਤਿਆਰੀਆਂ ਹੋ ਰਹੀਆਂ ਸਨ ਅਤੇ ਦੂਜੇ ਪਾਸੇ 500 ਦਾ ਦੂਜਾ ਸ਼ਹੀਦੀ ਜਥਾ ਤੈ-ਕੀਤੇ ਗਏ ਪ੍ਰੋਗ੍ਰਾਮ ਅਨੁਸਾਰ, ਪਿੰਡਾਂ ਵਿਚੋਂ ਦੀ ਲੰਘਦਾ, ਜੈਤੋ ਵਲ ਅਖੰਡ ਪਾਠ ਕਰਨ ਤੇ ਗੁਰਦੁਆਰਿਆਂ ਵਿਚ ਪੂਜਾ ਪਾਠ ਦਾ ਹੱਕ ਬਹੋਾਲ ਕਰਨ ਲਈ ਵਧਦਾ ਤੁਰਿਆ ਜਾਂਦਾ ਸੀ। ਵਿਚੋਲਿਆਂ ਰਾਹੀਂ ਸਮਝੌਤੇ ਦੀਆਂ ਗੱਲਾਂ ਵੀ ਚਲ ਰਹੀਆਂ ਸਨ ਅਤੇ ਜੈਤੋ ਮੋਰਚਾ ਵੀ ਚਲ ਰਿਹਾ ਸੀ। ਸ਼੍ਰੋਮਣੀ ਕਮੇਟੀ ਦੀ, ਭਾਵੇਂ ਉਸ ਵੇਲੇ ਆਗੂ ਕੋਈ ਵੀ ਸਨ—ਆਮ ਪਾਲਿਸੀ ਇਹ ਸੀ ਕਿ ਗੱਲ ਬਾਤ ਦਾ ਕੋਈ ਮੌਕਿਆ ਹੱਥੋਂ ਨਾ ਜਾਣ ਦਿੱਤਾ ਜਾਵੇ। ਗੁਰਦੁਆਰਿਆਂ ਵਿਚੋਂ ਅੰਗਰੇਜ਼ ਜ਼ਾਲਮਾਂ ਦਾ ਦਖਲ ਸਮਝੌਤੇ ਨਾਲ ਹੀ ਖਤਮ ਕੀਤਾ ਜਾ ਸਕੇਗਾ—ਹੋਰ ਕਿਸੇ ਤਰ੍ਹਾਂ ਨਹੀਂ। ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਨੂੰ ਸਿੱਖਾਂ ਦੇ ਆਪਣੇ ਪਰਬੰਧ ਹੇਠ ਲਿਆਉਣ ਲਈ ਲੜ ਰਹੀ ਸੀ, ਕੌਮੀ ਆਜ਼ਾਦੀ ਹਾਸਲ ਕਰਨ ਲਈ ਨਹੀਂ ਸੀ ਲੜ ਰਹੀ।

ਨਾਭੇ ਦਾ ਸਵਾਲ ਲੈਣ ਕਰ ਕੇ ਮਾਮਲਾ ਬੜਾ ਹੀ ਗੁੰਝਲਦਾਰ ਬਣ ਗਿਆ ਸੀ। ਉਂਞ ਤਾਂ ਗੌਰਮਿੰਟ ਮੁੱਢ ਤੋਂ ਹੀ ਗੁਰਦੁਆਰਾ ਲਹਿਰ ਨੂੰ ਰਾਜਸੀ ਲਹਿਰ ਆਖ ਆਖ ਭੰਡ ਰਹੀ ਸੀ ਪਰ ਸ਼੍ਰੋਮਣੀ ਕਮੇਟੀ ਦੇ ਜਵਾਬੀ ਪਰਚਾਰ ਦੇ ਸਾਮ੍ਹਣੇ ਗੌਰਮਿੰਟ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਲੋਕ ਕਮੇਟੀ ਦੇ ਏਲਾਨਾਂ ਨੂੰ ਸਹੀ ਮੰਨਦੇ ਸਨ ਅਤੇ ਗੌਰਮਿੰਟ ਦੇ ਏਲਾਨਾਂ ਨੂੰ ਗਲਤ ਤੇ ਝੂਠੇ। ਪਰ ਨਾਭੇ ਦੀ ਗੱਦੀ ਮੁੜ ਬਹਾਲ ਕਰਨ ਦੇ ਫੈਸਲੇ ਨਾਲ ਹਿੰਦੂ ਤੇ ਮੁਸਲਿਮ ਆਗੂਆਂ ਉੱਤੇ ਗੌਰਮਿੰਟ ਦੇ ਇਸ ਪ੍ਰੋਪੇਗੰਡੇ ਦਾ ਕਿਸੇ ਹੱਦ ਤਕ, ਅਸਰ ਜ਼ਰੂਰ ਹੋਇਆ ਕਿ ਸ਼੍ਰੋਮਣੀ ਕਮੇਟੀ ਰਾਜਸੀ ਮਾਮਲਿਆਂ ਵਿਚ ਦਖਲ ਦੇ ਰਹੀ ਹੈ। ਇਸ ਦੇ ਕੰਮ ਦਾ ਘੇਰਾ ਗੁਰਦੁਆਰਾ ਸੁਧਾਰ ਤਕ ਹੀ ਸੀਮਿਤ ਨਹੀਂ। ਇਹ ਆਜ਼ਾਦੀ ਦੇ ਮਾਮਲਿਆਂ ਵਿਚ ਵੀ ਦਖਲ ਦੇਂਦੀ ਹੈ।

ਇਸ ਵੇਲੇ ਸਮਝੌਤੇ ਦੀ ਗੱਲ ਬਾਤ ਵਿਚ, ਹੋਰਨਾਂ ਤੋਂ ਛੁੱਟ, ਤਿੰਨ ਮੁਖ ਮਸਲੇ ਫੌਰੀ ਸਨ। ਅਖੰਡ ਪਾਠਾਂ ਦਾ ਸਵਾਲ, ਨਾਭੇ ਦੀ ਗੱਦੀ ਦਾ ਸਵਾਲ ਅਤੇ ਸਭ ਕੈਦੀਆਂ ਦੀ ਰਿਹਾਈ ਤੇ ਮੁਕੱਦਮਿਆਂ ਦੀ ਵਾਪਸੀ ਦਾ ਸਵਾਲ। ਇਹਨਾਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ ਛੱਡਿਆ ਜਾ ਸਕਦਾ। ਕਿਸੇ ਸਵਾਲ ਨੂੰ ਵੀ ਅੱਗੇ ਪਾਉਣ ਨਾਲ ਪੂਰਣ ਸਮਝੌਤੇ ਲਈ ਵਾਅ ਮੰਡਲ ਨਹੀਂ ਸੀ ਪੈਦਾ ਹੁੰਦਾ, ਝਗੜਾ ਓਵੇਂ ਦਾ ਓਵੇਂ ਕਾਇਮ ਰਹਿੰਦਾ ਸੀ। ਖਾਹਸ਼ ਗੌਰਮਿੰਟ ਤੇ ਸ਼੍ਰੋਮਣੀ ਕਮੇਟੀ ਦੋਹਾਂ ਦੀ ਇਹ ਸੀ ਕਿ ਗੌਰਮਿੰਟ ਤੇ ਸਿੱਖਾਂ ਵਿਚਕਾਰਲਾ ਝਗੜਾ ਉੱਕਾ ਪੁੱਕਾ ਹੀ ਮੁਕ ਜਾਏ। ਪਰ ਇਸ ਖਾਹਸ਼ ਨੂੰ ਅਮਲੀ ਜਾਮਾ ਪੁਆਉਣ ਲਈ ਦੋਹਾ ਧਿਰਾਂ ਵਿਚ ਬੜੇ ਇਖਤਲਾਫ ਸਨ। ਪਹਿਲੋਂ ਤਾਂ ਉਤਲੇ ਮਸਲਿਆਂ ਨੂੰ ਹੀ ਗੌਰਮਿੰਟ ਹੱਲ ਨਹੀਂ ਸੀ ਕਰ ਰਹੀ, ਦੂਜੇ, ਸਮਝੌਤੇ ਵਿਚ ਸਭ ਤੋਂ ਵੱਡੀ ਅੜਚਨ ਗੁਰਦੁਆਰਾ ਬਿਲ ਉੱਤੇ ਗੌਰਮਿੰਟ ਵਲੋਂ "ਦੂਜੇ ਹਿੱਤਾਂ" ਦੀ ਰੱਟ ਲਾਈ ਜਾਣ ਦੀ ਸੀ। ਜਦ ਤਕ ਇਹ ਰੱਟ ਛੱਡੀ ਨਾ ਜਾਏ ਸਮਝੌਤਾ ਹੋਣਾ ਅਸੰਭਵ ਸੀ।

## 2. ਮੀਰ ਮਕਬੂਲ ਰਾਹੀਂ ਗੱਲਬਾਤ

ਗੌਰਮਿੰਟ ਨੇ ਆਪਣੇ ਇਕ ਭਰੋਸੇ-ਯੋਗ ਮੁਸਲਿਮ ਆਗੂ ਮੀਰ ਮਕਬੂਲ ਮਹਿਮੂਦ (ਅਮਰਿਤਸਰ) ਨੂੰ ਅਕਾਲ ਤਖਤ ਕਮੇਟੀ ਨਾਲ ਗੱਲ ਬਾਤ ਕਰਨ ਲਈ ਲਿਖਿਆਂ।[1] ਉਸ ਨੇ ਆਪਣੇ ਨਾਲ ਖੁਆਜਾ ਗੁਲਾਮ ਯਾਸੀਨ ਮਿਉਨਸਪਲ ਕਮਿਸ਼ਨਰ, ਸਯੱਦ ਬੁੱਢੇ ਸ਼ਾਹ ਅਤੇ

[1] G. D. Ogilvie—pol. Dept. 4.4.24,

Digitized by Panjab Digital Library | www.panjabdigilib.org

ਮੌਲਾਨਾ ਅਹਿਮਦ ਸਾਹਿਬ (ਉਤਲੀ ਪੱਧਰ ਦੇ ਮੁਸਲਮਾਨ ਮੌਲਵੀ) ਨੂੰ ਆਪਣੇ ਨਾਲ ਲਿਆ ਅਤੇ ਚਾਰੇ ਜਣੇ, ਗੌਰਮਿੰਟ ਵਲੋਂ ਨਹੀਂ, ਮੁਸਲਮਾਨਾਂ ਵਲੋਂ, ਅਕਾਲ ਤਖਤ ਕਮੇਟੀ ਦੇ ਮਿੰਬਰਾਂ ਨੂੰ ਮਿਲਣ ਲਈ ਗਏ। ਇਹ ਮੀਟਿੰਗ ਸਯੱਦ ਬੁੱਢੇ ਸ਼ਾਹ ਦੇ ਮੁਕੱਰਰ ਕਰਨ ਉੱਤੇ ਹੋਈ। ਅਕਾਲ ਤਖਤ ਕਮੇਟੀ ਵਲੋਂ ਸ: ਅਰਜਨ ਸਿੰਘ ਜਨਰਲ ਸੈਕਟਰੀ ਕਮੇਟੀ, ਸ: ਹਰਬੰਸ ਸਿੰਘ ਸੀਸਤਾਨੀ, ਸ: ਪਰਤਾਪ ਸਿੰਘ ਅਤੇ ਸ: ਤਾਰਾ ਸਿੰਘ ਬੀ. ਏ. ਨੇ ਇਸ ਮੀਟਿੰਗ ਵਿਚ ਹਿੱਸਾ ਲਿਆ।

ਮੀਰ ਮਕਬੂਲ ਬੜਾ ਚਾਲਾਕ ਤੇ ਹੁਸ਼ਿਆਰ ਸਰਕਾਰ ਪਰਸਤ ਸੀ। ਉਸ ਨੇ ਗੱਲ ਹੀ ਏਥੋਂ ਸ਼ੁਰੂ ਕੀਤੀ ਕਿ ਮੁਸਲਮਾਨਾਂ ਦੀਆਂ ਹਮਦਰਦੀਆਂ ਅਕਾਲੀ ਤਹਿਰੀਕ ਨਾਲੋਂ ਟੁੱਟਣ ਲਗ ਪਈਆਂ ਹਨ ਅਤੇ ਉਹ ਕਮੇਟੀ ਦੇ ਨੇਕ ਇਰਾਦਿਆਂ ਉੱਤੇ ਸ਼ੱਕ ਕਰਨ ਲਗ ਪਏ ਹਨ। ਇਹ ਗੱਲ ਕਮੇਟੀ ਵਲੋਂ ਨਾਭੇ ਦੀ ਗੱਦੀ ਦਾ ਸਵਾਲ ਲੈਣ ਕਰ ਕੇ ਹੋਈ ਹੈ। ਕਿਉਂਕਿ ਨਾਭੇ ਦਾ ਸਵਾਲ, ਮੁਸਲਿਮ ਡਿੱਠ ਤੋਂ, ਬਿਲਕੁਲ ਰਾਜਸੀ ਸਵਾਲ ਹੈ। ਮੀਰ ਮਕਬੂਲ ਦਾ ਤੀਰ ਨਿਸ਼ਾਨੇ ਤੇ ਬੈਠਾ। ਕਮੇਟੀ ਦੇ ਮਿੰਬਰ ਬਿਲਕੁਲ ਨਹੀਂ ਸਨ ਚਾਹੁੰਦੇ ਕਿ ਮੁਸਲਮਾਨਾਂ ਦੀਆਂ ਹਮਦਰਦੀਆਂ ਅਕਾਲੀ ਲਹਿਰ ਨਾਲੋਂ ਟੁੱਟਣ। ਉਹ, ਕੁਦਰਤੀ ਤੌਰ ਤੇ, ਬੜੇ ਖਾਹਸ਼ਮੰਦ ਸਨ ਕਿ ਮੁਸਲਮਾਨਾਂ ਦੀਆਂ ਹਮਦਰਦੀਆਂ ਅਕਾਲੀ ਤਹਿਰੀਕ ਨੂੰ ਮਿਲਦੀਆਂ ਰਹਿਣ।

ਮੀਰ ਮਕਬੂਲ ਦੀ ਖੁਫੀਆ ਚਿੱਠੀ ਮੁਤਾਬਕ ਕਮੇਟੀ ਦੇ ਪਰਤੀਨਿਧਾਂ ਨੇ ਇਕ ਏਲਾਨ ਦੀ ਕਾਪੀ ਮੁਸਲਮਾਨਾਂ ਸੱਜਣਾਂ ਨੂੰ ਦਿੱਤੀ ਜਿਸ ਵਿਚ ਅਕਾਲੀਆਂ ਨੂੰ ਮੁਸਲਿਮ ਜਜ਼ਬਿਆਂ ਦਾ ਖਿਆਲ ਰੱਖਣ ਲਈ ਕਿਹਾ ਗਿਆ ਸੀ। ਕਮੇਟੀ ਦੇ ਮਿੰਬਰਾਂ ਨੇ ਕਮੇਟੀ ਦੀ ਪੁਜ਼ੀਸ਼ਨ ਉਹਨਾਂ ਨੂੰ ਸਮਝਾਈ ਤੇ ਆਖਿਆ ਕਿ ਮੁਸਲਮਾਨਾਂ ਦੀ ਹਮਦਰਦੀ ਹਾਸਲ ਕਰੀ ਰੱਖਣ ਲਈ ਉਹ ਇਸ ਵਿਚ ਤਰਮੀਮ ਕਰਨ ਲਈ ਤਿਆਰ ਹਨ। ਉਹਨਾਂ ਨੇ ਭਰੋਸਾ ਦਿੱਤਾ ਕਿ ਨਾਭੇ ਵਿਚ ਕਮੇਟੀ ਦੀਆਂ ਸਰਗਰਮੀਆਂ ਬਿਲਕੁਲ ਧਾਰਮਕ ਹਨ। ਗੌਰਮਿੰਟ ਦੀ ਕੀ ਗੱਲ ਹੈ, ਉਹ ਤਾਂ 'ਸਤ ਸ੍ਰੀ ਅਕਾਲ' ਤੇ 'ਅੱਲਾ ਹੁਅਕਬਰ' ਦੇ ਨਾਅਰਿਆਂ ਨੂੰ ਵੀ ਪੁਲਿਟੀਕਲ ਗਰਦਾਨਦੀ ਹੈ।

ਮੀਰ ਮਕਬੂਲ ਨੇ ਮੁਸਲਮਾਨਾਂ ਦਾ ਇਖਤਲਾਫ ਨਾਭੇ ਦੇ ਸਵਾਲ ਉੱਤੇ ਦਸਿਆ, ਜਿਸ ਦੇ ਜਵਾਬ ਵਿਚ ਅਕਾਲੀ ਆਗੂਆਂ ਨੇ ਕਿਹਾ ਕਿ ਉਹ ਜੈਤੋ ਦੀਆਂ ਸਰਗਰਮੀਆਂ ਨੂੰ ਨਾਭੇ ਦੇ ਸਵਾਲ ਨਾਲੋਂ ਨਿਖੇੜ ਕੇ ਵੇਖਦੇ ਹਨ ਅਤੇ ਮੁਸਲਿਮ ਜਾਤੀ ਦੀ ਖਾਤਰ ਉਹ ਅਕਾਲ ਤਖਤ ਤੋਂ ਏਲਾਨ ਕਰ ਦੇਣਗੇ ਕਿ ਨਾਭੇ ਵਿਚ ਉਹ ਕੋਈ ਰਾਜਸੀ ਪ੍ਰੋਪੈਗੰਡਾ ਨਹੀਂ ਕਰਨਗੇ, ਉਹ ਆਪਣੀਆਂ ਸਰਗਰਮੀਆਂ ਧਾਰਮਕ ਮਾਮਲਿਆਂ ਅਤੇ ਅਖੰਡ ਪਾਠ ਤਕ ਹੀ ਸੀਮਿਤ ਰੱਖਣਗੇ।

ਕਮੇਟੀ ਦੇ ਮਿੰਬਰਾਂ ਨੇ ਉਹਨਾਂ ਨੂੰ ਤਿੰਨ ਦਿਨਾਂ ਵਿਚ ਅਖੰਡ ਪਾਠ ਮੁਕਾਉਣ ਦੀ ਪਾਬੰਦੀ ਬਾਰੇ ਕੋਈ ਵੀ ਭਰੋਸਾ ਦੇਣੋਂ ਇਨਕਾਰ ਕਰ ਦਿੱਤਾ। ਕਿਉਂਕਿ ਇਹ ਸਿੱਖਾਂ ਦੇ ਗੁਰਦੁਆਰੇ ਜਾਣ ਤੇ ਆਉਣ ਅਤੇ ਪੂਜਾ ਪਾਠ ਦੇ ਹੱਕ ਉੱਤੇ ਪਾਬੰਦੀ ਸੀ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਬਾਰ ਬਾਰ ਏਲਾਨ ਕੀਤੇ ਹਨ ਕਿ ਜੈਤੋ ਦੇ ਮਾਮਲੇ ਦਾ ਨਾਭੇ ਦੀ ਗੱਦੀ ਨਾਲ ਕੋਈ ਸਬੰਧ ਨਹੀਂ, ਇਹ ਸਿਰਫ ਅਖੰਡ ਪਾਠ ਕਰਨ ਦਾ ਧਾਰਮਕ ਮਾਮਲਾ ਹੈ। ਉਹਨਾਂ ਦਾ ਖਿਆਲ ਸੀ ਕਿ ਪਾਬੰਦੀ ਦੀ ਕੋਈ ਵੀ ਸ਼ਰਤ ਮੰਨਣ ਦੇ ਖਿਲਾਫ ਸਿੱਖ ਬਗਾਵਤ ਕਰ ਦੇਣਗੇ। ਜਿਸ ਵੇਲੇ ਅਖੰਡ ਪਾਠ ਸ਼ੁਰੂ ਹੋ ਗਿਆ, ਅਕਾਲੀ ਜਥੇ ਜਾਣੇ ਬੰਦ ਕਰ ਦਿੱਤੇ ਜਾਣਗੇ। ਅਤੇ ਪਾਠਾਂ ਦੇ ਭੋਗ ਪੈਣ ਪਿੱਛੋਂ ਸਭ ਜਥੇ ਵਾਪਸ ਆ ਜਾਣਗੇ।

Digitized by Panjab Digital Library | www.panjabdigilib.org

ਮੀਰ ਮਕਬੂਲ ਵਗੈਰਾ ਨੇ, ਪੁੱਛਣ ਤੇ ਆਖਿਆ : ਅਸੀਂ ਦਿਨਾਂ ਦੀ ਪਾਬੰਦੀ ਉੱਤੇ ਇਸ ਲਈ ਜ਼ੋਰ ਦੇ ਰਹੇ ਹਾਂ ਕਿ ਜੈਤੋ ਦੀ ਮੰਡੀ ਖਤਮ ਹੋ ਰਹੀ ਹੈ, ਅਤੇ ਲੋਕਾਂ ਦਾ ਕਾਰੋਬਾਰ ਬੰਦ ਹੋ ਰਿਹਾ ਹੈ। ਇਸ ਦਲੀਲ ਨੇ ਉਹਨਾਂ ਉੱਤੇ ਕੁਛ ਅਸਰ ਕੀਤਾ। ਮੀਰ ਮਕਬੂਲ ਨੇ ਸੁਝਾਅ ਦਿਤਾ ਕੁਛ ਇਸ ਤਰ੍ਹਾਂ ਦਾ ਰਾਹ ਖੁਲ੍ਹ ਸਕਦਾ ਹੈ ਕਿ ਨਾਭੇ ਵਿਚ ਅਕਾਲੀਆਂ ਦੀਆਂ ਸਰਗਰਮੀਆਂ ਇਕ ਖਾਸ ਰਾਹ ਥਾਣੀ ਗੁਰਦੁਆਰੇ ਆਣ ਜਾਣ ਤਕ ਹੀ ਸੀਮਿਤ ਕਰ ਦਿੱਤੀਆਂ ਜਾਣ ਅਤੇ ਉਹ ਏਲਾਨ ਕਰਨ ਕਿ ਜੈਤੋ ਗੁਰਦੁਆਰੇ ਨੂੰ ਉਹ ਨਾਭਾ ਐਜੀਟੇਸ਼ਨ ਦਾ ਅੱਡਾ ਨਹੀਂ ਬਣਾਣਗੇ। ਇਕ ਦੋ ਹੋਰ ਗੱਲਾਂ ਪਿਛੋਂ ਮੀਰ ਮਕਬੂਲ ਨੇ ਗੌਰਮਿੰਟ ਪਾਸੋਂ ਪੁੱਛਿਆ : ਕੀ ਅਸੀਂ ਗਲਬਾਤ ਜਾਰੀ ਰਖੀਏ ਜਾ ਤੋੜ ਦੇਈਏ ?[1]

ਇਹ ਗਲਬਾਤ ਬਿਲਕੁਲ ਖੁਫੀਆ, ਗੌਰਮਿੰਟ ਨੂੰ ਲਾਂਭੇ ਰੱਖ ਕੇ ਹੋਈ ਸੀ। ਅਤੇ ਮੀਰ ਮਕਬੂਲ ਤੇ ਉਸਦੇ ਸਾਥੀਆਂ ਨੇ ਅਕਾਲ ਤਖਤ ਕਮੇਟੀ (ਜਾਂ ਕੌਂਸਲ) ਤੋਂ ਪਰਾਈਵੇਟ ਗਾਰੰਟੀਆਂ ਲੈਣੀਆਂ ਸਨ। ਜਿਨ੍ਹਾਂ ਦਾ ਸਰਕਾਰ ਨਾਲ ਕੋਈ ਸਰੋਕਾਰ ਨਹੀਂ ਸੀ। ਉਪਰੋਕਤ ਮਾਮਲਿਆਂ ਤੇ ਇਹ ਸਮਝੌਤਾਂ ਦੋਹਾਂ ਜਾਤੀਆਂ ਵਿਚਕਾਰ ਹੋਣਾ ਸੀ। ਐਡਮਨਿਸਟਰੇਟਰ ਨੂੰ ਸੂਤ ਬੈਠੇ ਤਾਂ ਮੰਨ ਲਏ, ਨਾਂ ਸੂਤ ਬੈਠੇ ਤਾਂ ਨਾਂ ਮੰਨੇ। ਪਰ ਗੌਰਮਿੰਟ ਨੇ ਮੀਰ ਮਕਬੂਲ ਨੂੰ ਗਲਬਾਤ ਜਾਰੀ ਰਖਣੋ ਬੰਦ ਕਰ ਦਿੱਤਾ ਅਤੇ ਭਾਈ ਜੋਧ ਸਿੰਘ ਨੂੰ ਇਹ ਗਲਬਾਤ ਜਾਰੀ ਕਰਨ ਲਈ ਆਖ ਦਿੱਤਾ।

## 3. ਸਰਦਾਰ ਬਹਾਦਰ ਦੇ ਭਤੀਜੇ ਦੀ ਜੋਹਣ-ਟੋਹਣ

ਇਕ ਪਾਸੇ ਗੌਰਮਿੰਟ ਆਪਣੇ ਵਲੋਂ ਯਤਨ ਅਰੰਭ ਰਹੀ ਸੀ ਕਿ ਸਿੱਖਾਂ ਦਾ ਮਾਮਲਾ ਨਜਿਠਿਆ ਜਾਵੇ ਅਤੇ ਇਸ ਕਾਰਜ ਲਈ ਉਹ ਜਨਰਲ ਬਰਡਵੁਡ ਨੂੰ ਸਮਝੌਤਾ ਕਰਾਣ ਲਈ ਵਿਚੋਲਾ ਬਣਾ ਕੇ ਮੈਦਾਨ ਵਿਚ ਲੈ ਆਈ ਸੀ—ਨਾਲ ਹੀ ਉਹ ਮੀਰ ਮਕਬੂਲ ਰਾਹੀਂ ਸ਼੍ਰੋਮਣੀ ਕਮੇਟੀ ਦੇ ਮਿੰਬਰਾਂ ਦਾ ਮਨ ਟੋਹ-ਜੋਹ ਰਹੀ ਸੀ ਕਿ ਭਰਪੂਰ ਤਸ਼ੱਦਦ ਪਿਛੋਂ ਇਸ ਵੇਲੇ ਉਹਨਾਂ ਦੇ ਮਨ ਦੀ ਅਵਸਥਾ ਕੀ ਹੈ : ਗੌਰਮਿੰਟ ਸਮਝੌਤਾ ਕਰਨਾ ਚਾਹੁੰਦੀ ਸੀ, ਪਰ ਚਾਹੁੰਦੀ ਸੀ ਆਪਣੀਆਂ ਸ਼ਰਤਾਂ ਉਤੇ ਕਿਉਂਕਿ ਅਕਾਲੀ ਸਿੱਖਾਂ ਦੀਆਂ ਜਿੱਤਾਂ ਦਾ ਭੂਤ ਅਫਸਰਾਂ ਨੂੰ ਬੜਾ ਤੰਗ ਕਰ ਰਿਹਾ ਸੀ।

ਦੂਜੇ ਪਾਸੇ, ਸ: ਮਹਿਤਾਬ ਸਿੰਘ, ਥੱਲੇ ਦਿੱਤੀ ਗਈ ਮੁਲਾਕਾਤ ਤੋਂ ਜਾਪਦਾ ਹੈ, ਸਮਝੋਤੇ ਲਈ ਬੜਾ ਕਾਹਲਾ ਪਿਆ ਹੋਇਆ ਸੀ। ਇਕ ਉਤਲੇ ਚੋਟੀ ਦੇ ਆਗੂ ਵਿਚ ਇਹ ਕਮਜ਼ੋਰੀ ਆ ਜਾਣ ਦੀ ਨਿਸ਼ਾਨੀ ਸੀ ਜਿਸ ਵਿਚ ਸਰਕਾਰੀ ਅਫਸਰ ਜੇ ਆਪਣੇ ਤਸ਼ੱਦਦ ਦੀ ਪਾਲਿਸੀ ਵਿਚ ਕਾਮਯਾਬੀ ਦੀਆਂ ਨਿਸ਼ਾਨੀਆਂ ਪੜ੍ਹ ਲੈਣ ਤਾਂ ਉਹ ਬਾਹਲੇ ਗਲਤ ਨਹੀਂ ਹੋ ਸਕਦੇ।

ਸ: ਮਹਿਤਾਬ ਸਿੰਘ ਜੀ ਦੀ ਪਤਨੀ ਨੇ ਠੇਕੇਦਾਰ ਤੇ ਆਨਰੇਰੀ ਮੈਜਿਸਟਰੇਟ ਸਰਦਾਰ ਸੋਭਾ ਸਿੰਘ ਦਿੱਲੀ ਨੂੰ ਆਖਿਆ ਕਿ ਉਹ ਜਾ ਕੇ "ਸਰਦਾਰ ਹੋਰਾਂ ਨਾਲ ਮੁਲਾਕਾਤ ਕਰਨ ਕਿਉਂਕਿ ਸਰਦਾਰ ਜੀ ਗੌਰਮਿੰਟ ਨਾਲ ਸਮਝੌਤਾ ਕਰਨ ਲਈ ਬੜੇ ਖਾਹਸ਼ਮੰਦ ਹਨ।" ਸ: ਸੋਭਾ ਸਿੰਘ ਜੀ ਸਰਦਾਰ ਮਹਿਤਾਬ ਸਿੰਘ ਦੇ ਭਤੀਜੇ ਹਨ। ਅਤੇ ਉਹ "ਪੂਰਣ ਤੌਰ ਤੇ ਵਫਾਦਾਰ ਅਤੇ

[1] ਅਮਰਿਤਸਰ : 26.4.24—ਮੀਰ ਮਕਬੂਲ ਵਲੋਂ ਕਰਨਲ ਮਿੰਨਚਨ ਨੂੰ।

Digitized by Panjab Digital Library | www.panjabdigilib.org

ਗੌਰਮਿੰਟ ਦੇ ਖ਼ੈਰਖਾਹ'' ਸਨ । ਇਸ ਲਈ ਸੀ. ਆਈ. ਡੀ. ਦੇ ਸਭ ਤੋਂ ਵੱਡੇ ਅਫਸਰ ਕਰਨਲ ਕੇਅ ਨੇ ਉਹਨਾਂ ਨੂੰ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਵੱਲ ਚਿੱਠੀ ਦੇ ਕੇ ਘਲਿਆ ਕਿ ਸ: ਸੋਭਾ ਸਿੰਘ ਜੀ ਨੂੰ ਸਰਦਾਰ ਮਹਿਤਾਬ ਸਿੰਘ ਨਾਲ ਮੁਲਾਕਾਤ ਦੀ ਆਗਿਆ ਦੇ ਦਿੱਤੀ ਜਾਵੇ ।

ਮੁਲਾਕਾਤ ਪਿਛੋਂ ਸ: ਸੋਭਾ ਸਿੰਘ ਜੀ ਚੀਫ ਸੈਕਟਰੀ ਨੂੰ ਮਿਲਿਆ ਅਤੇ ਉਸ ਨੇ ਦੱਸਿਆ ਕਿ ਉਹ "ਸਰਦਾਰ ਮਹਿਤਾਬ ਸਿੰਘ ਤੇ ਕੁਛ ਹੋਰ ਮੁਲਜ਼ਮਾਂ'' ਨੂੰ ਮਿਲੇ ਹਨ । ਉਹਨਾਂ ਦੀ ਮੁਖ ਸਵਾਲਾਂ ਵੱਲ ਨੂੰ ਪਹੁੰਚ ਇਹ ਹੈ :

(ੳ) ਨਾਭਾ ਸਵਾਲ : ਕੌਂਸਲ ਆਫ ਰੀਜੈਨਸੀ ਕਾਇਮ ਕਰ ਦਿੱਤੀ ਜਾਵੇ । ਇਸ ਦੇ ਸਾਰੇ ਮਿੰਬਰ ਸਿੱਖ ਹੋਣ ;

(ਅ) ਗੁਰਦੁਆਰਾ ਬਿਲ : ਇਹ ਭਾਵੇਂ ਵਰਤਮਾਨ ਬਿਲ ਦੀ ਤਰਮੀਮ ਕਰਕੇ ਬਣਾ ਦਿੱਤਾ ਜਾਵੇ ਜਾਂ ਨਵਾਂ ਬਿਲ ਬਣਾ ਲਿਆ ਜਾਵੇ ।

(ੲ) ਕਿਰਪਾਨ ਦਾ ਮਸਲਾ : ਗੌਰਮਿੰਟ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਇਸ ਬਾਰੇ ਥੋੜਾ-ਚਿਰ ਪਹਿਲੋਂ ਪਾਸ ਕੀਤਾ ਮਤਾ ਪਰਵਾਨ ਕਰ ਲਵੇ । ਅਰਥਾਤ ਸਰਕਾਰ ਤਲਵਾਰ ਉਤੇ, ਹਥਿਆਰਾਂ ਦੇ ਕਾਨੂੰਨ ਥੱਲੇ ਲਾਈਆਂ ਸਾਰੀਆਂ ਪਾਬੰਦੀਆਂ ਚੁਕ ਲਵੇ—ਇਹ ਇਸ ਮਸਲੇ ਦਾ ਅਖੀਰੀ ਹੱਲ ਹੋਵੇਗਾ ।

ਦੋ ਹੋਰ ਛੋਟੇ ਮਾਮਲੇ ਹਨ :

(1) ਜੰਗ ਪਿਛੋਂ ਦੇ ਨਾਮ-ਕਟੇ ਫੌਜੀ ਜਵਾਨਾਂ ਦੇ ਦੁਖੜੇ, ਵਿਚਾਰ ਲਈ, ਇੰਡੀਅਨ ਸੋਲਜਰਜ਼ ਬੋਰਡ ਦੇ ਹਵਾਲੇ ਕੀਤੇ ਜਾਣ । ਉਹਨਾਂ ਨੂੰ ਸ਼ਕਾਇਤਾਂ ਹਨ ਕਿ ਉਹਨਾਂ ਨੂੰ ਜ਼ਮੀਨ ਦੀਆਂ ਗਰਾਂਟਾਂ ਦਾ ਯੋਗ ਹਿੱਸਾ ਨਹੀਂ ਦਿੱਤਾ ਗਿਆ ।

(2) ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਸਿੱਖਾਂ ਦੀ ਪਰਤੀਨਿਧਤਾ ਵਧਾਈ ਜਾਵੇ ।

ਸ: ਸੋਭਾ ਸਿੰਘ ਦੀ ਇਤਲਾਹ ਅਨੁਸਾਰ, ਅਕਾਲੀ ਆਗੂ, ਖਾਸ ਕਰ ਸ: ਮਹਿਤਾਬ ਸਿੰਘ "ਪਸ਼ੇਮਾਨ ਅਤੇ ਵਿਚਾਰਸ਼ੀਲ ਮੂਡ'' ਵਿਚ ਸਨ । ਗੌਰਮਿੰਟ ਨੇ ਸਰਦਾਰ ਹੋਰਾਂ ਨੂੰ ਅਕਾਲੀ ਆਗੂਆਂ ਨਾਲ ਮੁਲਾਕਾਤ ਦਾ ਇਕ ਹੋਰ ਆਗਿਆ ਪੱਤਰ ਦੇ ਦਿੱਤਾ । ਗੌਰਮਿੰਟ ਚਾਹੁੰਦੀ ਸੀ ਕਿ ਉਹ ਜਾ ਕੇ ਆਗੂਆਂ ਨੂੰ ਦੱਸੇ ਕਿ ਉਸ ਦਾ ਸਰਕਾਰ ਨਾਲ ਤਾਲਮੇਲ ਹੈ । ਅਤੇ ਗੌਰਮਿੰਟ ਕਿਸੇ ਦਰਖਾਸਤ ਉਤੇ ਉਸ ਹਾਲਤ ਵਿਚ ਹੀ ਵਿਚਾਰ ਕਰੇਗੀ ਜੇ ਪਹਿਲੋਂ ਦੋ ਸ਼ਰਤਾਂ ਹਰ ਹਾਲਤ ਵਿਚ ਪੂਰੀਆਂ ਕੀਤੀਆਂ ਜਾਣ :

(1) ਜੱਥਿਆਂ ਦਾ ਜੈਤੋ, ਭਾਈ ਫੇਰੂ ਜਾਂ ਹੋਰ ਕਿਤੇ ਭੇਜਣਾ ਬੰਦ ਕੀਤਾ ਜਾਵੇ;

(2) ਅਮਰਿਤਸਰ ਵਿਚ ਅਕਾਲੀਆਂ ਦੀ ਗਿਣਤੀ ਘੱਟਾ ਕੇ ਸਿਰਫ ਓਨੀ ਕੀਤੀ-ਰੱਖੀ ਜਾਵੇ ਜਿਸ ਨਾਲ ਦਰਬਾਰ ਸਾਹਿਬ ਦੀਆਂ ਲੋੜਾਂ ਪੂਰੀਆਂ ਹੋ ਸੱਕਣ, ਯਾਨੀ 250 ਜਾਂ ਵੱਧ ਤੋਂ ਵੱਧ 300।

ਇਹ ਦੂਜੀ ਮੁਲਾਕਾਤ ਦਸ ਮਾਰਚ 1924 ਨੂੰ ਕਿਲ੍ਹਾ ਲਾਹੌਰ ਵਿਚ ਹੀ ਹੋਈ । ਅਤੇ ਓਸੇ ਸ਼ਾਮ ਸ: ਸੋਭਾ ਸਿੰਘ ਨੇ ਚੀਫ ਸੈਕਟਰੀ ਨੂੰ ਜਾ ਕੇ ਦਸਿਆ ਕਿ ਸ: ਮਹਿਤਾਬ ਸਿੰਘ ਜੀ ਤਾਂ, ਵੱਧ ਜਾਂ ਘੱਟ, ਵਿਚਾਰਸ਼ੀਲ ਰੌਂਆਂ ਵਿਚ ਹਨ ਪਰ ਦੂਜੇ ਮੁਲਜ਼ਮਾਂ ਨੇ ਦੋਹਾਂ ਵਿਚੋਂ ਕੋਈ ਵੀ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ । ਗਲਬਾਤ ਸ਼ੁਰੂ ਕਰਨ ਤੋਂ ਪਹਿਲੋਂ ਉਹਨਾਂ ਨੇ ਇਹ ਖਿਆਲ ਦਿੱਤੇ ਜਿਹੜੇ ਕਿ ਸ: ਸੋਭਾ ਸਿੰਘ ਜੀ ਨੇ ਲਿਖ ਲਏ :

Digitized by Panjab Digital Library | www.panjabdigilib.org

"ਸਮਝੌਤੇ ਲਈ ਵਿਚਾਰ-ਵਟਾਂਦਰਾ ਸੁਖਾਵਾਂ ਕਰਨ ਲਈ ਜੇ ਸ਼ਾਂਤ ਵਾਅ ਮੰਡਲ ਪੈਦਾ ਕਰਨਾ ਲੋੜੀਂਦਾ ਹੈ ਤਾਂ ਗੌਰਮਿੰਟ ਤੇ ਸਿੱਖਾਂ ਦੋਹਾਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਸਿੱਖਾਂ ਵਲੋਂ ਸਰਗਰਮੀ ਬੰਦ ਕਰਨ ਨਾਲ ਬੜੀ ਗੰਭੀਰ ਗਲਤ-ਫਹਿਮੀ ਪੈਦਾ ਹੋ ਸਕਦੀ ਹੈ ਜਿਸ ਦੇ ਕਾਰਣ ਗੁਰਦੁਆਰਾ ਸੁਧਾਰ ਤਹਿਰੀਕ ਨੂੰ ਨੁਕਸਾਨ ਪਹੁੰਚ ਸਕਦਾ ਹੈ। ਜੇ ਗੌਰਮਿੰਟ 13 ਅਕਤੂਬਰ 1923 ਤੋਂ ਪਹਿਲੋਂ ਵਾਲੀ ਹਾਲਤ ਬਹਾਲ ਕਰਨ ਲਈ ਤਿਆਰ ਹੋਵੇ (ਯਾਨੀ ਜੱਥੇਬੰਦੀਆਂ ਖਿਲਾਫ-ਕਾਨੂੰਨ ਕਰਾਰ ਦੇਣ ਵਾਲਾ ਏਲਾਨ ਵਾਪਸ ਲੈ ਲਵੇ) ਅਤੇ ਜੈਤੋ ਦੇ ਗੁਰਦੁਆਰਾ ਗੰਗਸਰ ਵਿਚ ਪੂਜਾ ਪਾਠ ਅਤੇ ਯਾਤਰਾ ਦੀਆਂ ਸਾਰੀਆਂ ਪਾਬੰਦੀਆਂ ਵੀ ਦੂਰ ਕਰ ਦੇਵੇ, ਤਦ ਜਥਿਆਂ ਦਾ ਜੈਤੋ ਤੇ ਭਾਈ ਫੇਰੂ ਨੂੰ ਘਲਣਾ ਬੰਦ ਕਰ ਦਿੱਤਾ ਜਾਵੇਗਾ। ਉਸ ਹਾਲਤ ਵਿਚ ਕਿਸੇ ਵੀ ਗੁਰਦੁਆਰੇ ਵਿਚ, ਗੁਰਦੁਆਰਿਆਂ ਦੀ ਸੇਵਾ ਲਈ ਲੋੜੀਂਦੀ ਗਿਣਤੀ ਤੋਂ ਵੱਧ, ਅਕਾਲੀ ਜਮਾਂ ਨਹੀਂ ਹੋਣ ਦਿੱਤੇ ਜਾਣਗੇ।"[1]

ਗੌਰਮਿੰਟ ਨੇ ਇਹ ਤਜਵੀਜ਼ਾਂ ਨਾ ਮੰਨੀਆਂ—ਜਿਸ ਤੇ ਸਮਝੌਤੇ ਲਈ ਅੱਗੇ ਗੱਲਬਾਤ ਨਾ ਤੁਰ ਸਕੀ। ਸ: ਸੋਭਾ ਸਿੰਘ ਜੀ ਚੁਪ ਕਰ ਕੇ ਬੈਠ ਗਏ।

## 4. ਜਨਰਲ ਦੇ ਸਿੱਖ ਸਲਾਹਕਾਰ

ਕੌਂਸਲ ਦੇ ਸਿੱਖ ਉਮੇਦਵਾਰਾਂ ਨੇ ਪੰਜਾਬ ਲੈਜਿਸਲੇਟਿਵ ਕੌਂਸਲ ਦੀਆਂ ਆਮ ਚੋਣਾਂ ਵੇਲੇ ਸਹੁੰ ਚੁੱਕੀ ਹੋਈ ਸੀ ਕਿ ਧਾਰਮਕ ਤੇ ਗੁਰਦੁਆਰਿਆਂ ਦੇ ਮਾਮਲੇ ਵਿਚ ਉਹ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਤੇ ਸਲਾਹ ਤੋਂ ਬਗੈਰ ਗੌਰਮਿੰਟ ਨਾਲ ਕੋਈ ਗੱਲ ਬਾਤ ਨਹੀਂ ਕਰਨਗੇ। ਉਹਨਾਂ ਨੇ ਪੰਜਾਬ ਦੇ ਹਾਕਮਾਂ ਨੂੰ ਇਹ ਗੱਲ ਬਿਲਕੁਲ ਸਾਫ ਕਰ ਦਿੱਤੀ ਹੋਈ ਸੀ। ਇਸ ਲਈ ਗੌਰਮਿੰਟ ਜਾਣਦੀ ਸੀ ਕਿ ਸ਼੍ਰੋਮਣੀ ਕਮੇਟੀ ਦੀ ਮਦਦ ਨਾਲ ਕਾਮਯਾਬ ਹੋਏ ਮਿੰਬਰਾਂ ਵਿਚੋਂ ਗੱਲਬਾਤ ਲਈ, ਬੁਲਾਉਣ ਤੇ ਵੀ, ਕੋਈ ਨਹੀਂ ਆਉਣ ਲੱਗਾ। ਉਹਨਾਂ ਨੂੰ, ਵਿਚੋਲਿਆਂ ਦੇ ਤੌਰ ਤੇ ਕੰਮ ਕਰਨ ਵਾਲੇ ਭਾਈ ਜੋਧ ਸਿੰਘ ਐਮ. ਐਲ. ਸੀ. ਤੇ ਸ: ਨਾਰਾਇਣ ਸਿੰਘ ਬੈਰਿਸਟਰ ਐਮ. ਐਲ. ਸੀ. ਹੀ ਸੂਤ ਬਹਿੰਦੇ ਸਨ। ਇਹ ਦੋਵੇਂ ਸਰਕਾਰ-ਪਰਸਤ ਸਨ ਅਤੇ ਇਹਨਾਂ ਨੂੰ ਸਰਕਾਰ ਦਾ ਭਰੋਸਾ ਪਰਾਪਤ ਸੀ।

ਗੌਰਮਿੰਟ ਇਸ ਵੇਲੇ ਗਵਰਨਰ ਪੰਜਾਬ ਦੀ ਪਹਿਲ ਤੇ ਜਨਰਲ ਬਰਡਵੁਡ ਦੀ ਪਰਧਾਨਗੀ ਥੱਲੇ ਇਕ ਕਮੇਟੀ ਬਣਾ ਕੇ ਸਿੱਖਾਂ ਦਾ ਮਸਲਾ ਹਲ ਕਰਨ ਬਾਰੇ ਸੋਚ ਰਹੀ ਸੀ। ਜਨਰਲ ਬਰਡਵੁਡ ਦੇ ਅਧੀਨ ਇਕ ਕਮੇਟੀ ਬਨਾਉਣ ਦਾ ਏਲਾਨ ਹੋ ਚੁਕਾ ਸੀ, ਪਰ ਹਾਲਾਂ ਇਸ ਦੇ ਮਿੰਬਰਾਂ ਦਾ ਏਲਾਨ ਹੋਣਾ ਸੀ। ਅਸਲੀ ਤਾਕਤ ਜਨਰਲ ਦੇ ਹੱਥ ਨਹੀਂ ਸੀ, ਉਹ ਤਾਂ ਪੰਜਾਬ ਤੇ ਦਿੱਲੀ ਦੀਆਂ ਸਕਤਰੇਤਾਂ ਨੇ ਮਿਲਕੇ, ਮੋਹਰੇ ਵਜੋਂ, ਚਲਾਣਾ ਸੀ। ਗੌਰਮਿੰਟ ਪਹਿਲੋਂ ਜੋਹਣਾ-ਟੋਹਣਾ ਚਾਹੁੰਦੀ ਸੀ ਕਿ ਸਮਝੌਤਾ ਹੋ ਵੀ ਸਕੇਗਾ ਜਾਂ ਨਹੀਂ। ਜੇ ਸਮਝੌਤਾ ਹੋਣ ਦੇ ਹਾਲਾਤ ਬਣਾਏ ਜਾ ਸਕਣ ਤਾਂ ਕਮੇਟੀ ਬਣਾ ਦਿੱਤੀ ਜਾਵੇ, ਜੇ ਨਾਂ ਬਣਾਏ ਜਾ ਸੱਕਣ ਤਾਂ ਜਨਰਲ ਨੂੰ ਇਸ ਮਾਮਲੇ ਵਿਚ ਨਾ ਧੂਹਿਆ ਜਾਏ।

17 ਅਪਰੈਲ 1924 ਨੂੰ, ਗੌਰਮਿੰਟ ਹਾਊਸ ਲਾਹੌਰ ਵਿਚ, ਜਨਰਲ ਬਰਡਵੁਡ ਅਤੇ ਚੀਫ ਸੈਕਟਰੀ ਪੰਜਾਬ ਸਰਕਾਰ ਕਰੇਕ ਅਤੇ ਦੂਜੇ ਪਾਸੇ ਭਾਈ ਜੋਧ ਸਿੰਘ ਤੇ ਸ: ਨਾਰਾਇਣ

[1] Punjab Civil secretariat, Lahore dated 13.3.24 to Mr. Crerar Govt. of India.

Digitized by Panjab Digital Library | www.panjabdigilib.org

ਸਿੰਘ ਵਿਚਕਾਰ ਸਮਝੌਤੇ ਬਾਰੇ ਗਲਬਾਤ ਹੋਈ । ਇਹਨਾ ਸਿੱਖ ਮਿੰਬਰਾਂ ਨੇ ਗੌਰਮਿੰਟ ਨੂੰ ਯਕੀਨ ਦੁਆ ਦਿੱਤਾ ਸੀ ਕਿ ਉਹ ਕਮੇਟੀ ਵਿਚ ਕੰਮ ਕਰਨ ਲਈ ਤਿਆਰ ਹਨ । ਉਤਲਿਆਂ ਚਹੁੰਆਂ ਜਣਿਆਂ ਵਿਚਕਾਰ ਵਿਚਾਰ-ਵਟਾਂਦਰੇ ਪਿਛੋਂ ਸਮਝੌਤੇ ਲਈ ਕੁਛ ਸ਼ਰਤਾਂ ਬਾਰੇ ਸਹਿਮਤੀ ਹੋ ਗਈ । ਦੋਹਾਂ ਸਿੱਖ ਮਿੰਬਰਾਂ ਨੇ ਜ਼ੁਮਾ ਲਿਆ ਕਿ ਉਹ ਇਹ ਸ਼ਰਤਾਂ ਲੈ ਕੇ ਸ਼੍ਰੋਮਣੀ ਕਮੇਟੀ ਪਾਸ ਜਾਣਗੇ ਅਤੇ ਸਮਝੌਤੇ ਦੀ ਗਲਬਾਤ ਤੋਰਨਗੇ । ਚੀਫ ਸੈਕਟਰੀ ਨੇ ਕਿਹਾ ਇਹਨਾਂ ਸ਼ਰਤਾਂ ਨੂੰ ਮਨਜ਼ੂਰ ਕਰਨਾ ਜਾਂ ਨਾ ਕਰਨਾ ਪੰਜਾਬ ਗੌਰਮਿੰਟ ਤੇ ਦਿੱਲੀ ਸਰਕਾਰ ਦੇ ਵੱਸ ਦੀ ਗੱਲ ਹੈ ।

ਸਮਝੌਤੇ ਦੀਆਂ ਇਸ ਬੈਠਕ ਵਿਚ ਤੈਅ-ਹੋਈਆਂ ਸ਼ਰਤਾਂ ਇਹ ਸਨ :

(1) ਬਰਡਵੁਡ ਕਮੇਟੀ ਵਜੂਦ ਵਿਚ ਆਉਂਦਿਆਂ ਹੀ, ਜੱਥੇ ਭੇਜਣਾ ਤੁਰਤ ਬੰਦ ਕੀਤਾ ਜਾਵੇ । ਇਸ ਵਿਚ ਜੈਤੋ, ਭਾਈ ਫੇਰੂ ਜਾਂ ਦੂਸਰੀ ਥਾਵਾਂ ਦੇ ਜੱਥੇ ਸ਼ਾਮਲ ਸਨ ।

(2) ਦੋਂਹ ਸਿੱਖ ਮਿੰਬਰਾਂ ਨੇ ਤਜਵੀਜ਼ ਪੇਸ਼ ਕੀਤੀ ਕਿ ਜੈਤੋ ਵਿਚ ਅਖੰਡ ਪਾਠ ਕਰਨ ਲਈ, ਘੱਟੋ ਘੱਟ, ਰੋਜ਼ਾਨਾ 25 ਅਕਾਲੀਆਂ ਦੇ ਜੱਥਿਆਂ ਵਿਚੋਂ ਇਕ ਜੱਥੇ ਨੂੰ ਜਾਣ ਦੀ ਆਗਿਆ ਦਿੱਤੀ ਜਾਏ । ਉਹਨਾਂ ਨੂੰ ਦੱਸਿਆ ਗਿਆ ਕਿ ਇਹ ਪਹਿਲੋਂ ਹੀ ਏਲਾਨ ਕੀਤਾ ਜਾ ਚੁਕਾ ਹੈ । ਇਸ ਏਲਾਨ ਦੀਆਂ ਛਪੀਆਂ ਸ਼ਰਤਾਂ ਦੇ ਅਧਾਰ ਤੇ ਆਗਿਆ ਦਿੱਤੀ ਜਾ ਸਕਦੀ ਹੈ—ਯਾਨੀ, ਕੋਈ ਰਾਜਸੀ ਤਕਰੀਰਾਂ ਨਹੀਂ ਕੀਤੀਆਂ ਜਾਣ ਅਤੇ ਅਖੰਡ ਪਾਠ ਦੇ ਖਤਮ ਹੁੰਦਿਆਂ ਹੀ ਜੱਥੇ ਜੈਤੋ ਦੇ ਇਲਾਕੇ ਵਿਚੋਂ ਤੁਰਤ ਨਿਕਲ ਜਾਣ (ਤਿੰਨਾਂ ਦਿਨਾਂ ਦੀ ਹੱਦ ਮੁਕੱਰਰ ਕੀਤੀ ਗਈ ਹੈ, ਪਰ ਇਹ, ਸੰਭਵ ਤੌਰ ਤੇ, ਇਕ ਦੋ ਦਿਨ ਤਕ ਹੋਰ ਵਧਾਈ ਵੀ ਜਾ ਸਕਦੀ ਹੈ ।) ਦੋਹਾਂ ਸਿੱਖ ਮਿੰਬਰਾਂ ਨੇ ਇਹਨਾਂ ਸ਼ਰਤਾਂ ਵਿਚ ਤਰਮੀਮ ਕਰਨ ਲਈ ਕੋਈ ਜ਼ੋਰ ਨਾ ਦਿੱਤਾ ।

(3) ਗੌਰਮਿੰਟ ਇਹ ਜ਼ੁੱਮਾ ਲੈਂਦੀ ਹੈ ਕਿ ਗੌਰਮਿੰਟ ਕਰਿਮੀਨਲ ਲਾਅ ਅਮੈਂਡਮੈਂਟ ਐਕਟ ਥੱਲੇ ਅੱਗੇ ਤੋਂ ਕੋਈ ਗਰਿਫਤਾਰੀ ਨਹੀਂ ਕਰੇਗੀ ।

(4) ਸ਼੍ਰੋਮਣੀ ਕਮੇਟੀ ਮਹ ਰਾਜਾ ਨਾਭਾ ਤੋਂ ਇਹ ਭਰੋਸਾ ਹਾਸਲ ਕਰਨ ਪਿਛੋਂ ਕਿ ਉਸ ਦੀ ਰਾਜ ਤੋਂ ਦਸਤਬਰਦਾਰੀ ਸੁਇੱਛਕ ਸੀ ਅਤੇ ਉਹ ਨਹੀਂ ਚਾਹੁੰਦਾ ਕਿ ਇਸ ਬਾਰੇ ਐਜੀਟੇਸ਼ਨ ਜਾਰੀ ਰਖੀ ਜਾਏ—ਮਹਾਰਾਜਾ ਨਾਭਾ ਨੂੰ ਗੱਦੀ ਤੇ ਮੁੜ ਬਿਠਾਣ ਦੀ ਐਜੀਟੇਸ਼ਨ ਦੇ ਵਾਪਸ ਲੈਣ ਦਾ ਪਬਲਕ ਤੌਰ ਤੇ ਏਲਾਨ ਕਰੇਗੀ ।

(ਜੋਧ ਸਿੰਘ ਨੇ ਅਮਰਿਤਸਰ 17 ਨੂੰ ਜ਼ੋਰ ਦਿੱਤਾ ਸੀ ਕਿ ਸਭ ਨਾਲੋਂ ਪਹਿਲਾ ਕਦਮ ਇਹੋ ਹੋਣਾ ਚਾਹੀਦਾ ਹੈ ਅਤੇ ਇਸ ਦੇ ਪਿਛੋਂ ਸ਼੍ਰੋਮਣੀ ਕਮੇਟੀ ਵਲੋਂ ਐਜੀਟੇਸ਼ਨ ਦਾ ਛੱਡਣਾ ਤੇ ਫੇਰ ਕਰਿਮੀਨਲ ਲਾਅ ਅਮੈਂਡਮੈਂਟ ਐਕਟ ਥੱਲੇ (ਕਾਨੂੰਨ ਵਿਰੁਧ ਜਥੇਬੰਦੀਆਂ ਦੇ) ਏਲਾਨਾ ਦਾ ਹਟਾਣਾ, ਪਰ ਕੈਦੀਆਂ ਦੀ ਰਿਹਾਈ ਨਹੀਂ : ਐਚ. ਡੀ. ਕਰੇਕ)

(5) ਜਦੋਂ ਕੋਈ ਐਕਟ ਬਰਡ-ਵੁਡ ਕਮੇਟੀ ਦੀਆਂ ਵਿਚਾਰਾਂ ਪਿਛੋਂ, ਪੰਜਾਬ ਕੌਂਸਲ ਦੇ ਸਿੱਖ ਮਿੰਬਰਾਂ ਦੀ ਰਜ਼ਾਮੰਦੀ ਨਾਲ ਕਾਨੂੰਨ ਦੀ ਸ਼ਕਲ ਧਾਰਨ ਕਰ ਲਵੇ—ਥਲੇ ਲਿਖੀਆਂ ਸ਼੍ਰੇਣੀਆਂ ਦੇ ਕੈਦੀ ਛੱਡ ਦਿੱਤੇ ਜਾਣ :

(ੳ) ਜਿਹੜੇ ਗੁਰਦੁਆਰਿਆਂ ਉਤੇ ਜ਼ਬਰਦਸਤੀ ਕਬਜ਼ਾ ਕਰਨ ਦੇ ਜੁਰਮਾਂ ਵਿਚ ਸਜ਼ਾ ਪਾ ਚੁਕੇ ਹਨ—ਜੈਤੋ ਤੇ ਭਾਈ ਫੇਰੂ ਦੇ ਕੈਦੀਆਂ ਸਮੇਤ ।

(ਅ) ਉਹ ਆਦਮੀ ਜਿਹੜੇ ਕਿਰਪਾਨ ਨਾਲ ਸੰਬੰਧਤ ਜੁਰਮਾਂ ਥੱਲੇ ਸਜ਼ਾ ਪਾ ਚੁਕੇ ਹਨ ।

Digitized by Panjab Digital Library | www.panjabdigilib.org

(ੲ) ਉਹ ਆਦਮੀ ਜਿਹੜੇ ਕਰਿਮੀਨਲ ਲਾਅ ਅਮੈਂਡਮੈਂਟ ਐਕਟ ਥੱਲੇ ਕੈਦਾਂ ਕਟ ਰਹੇ ਹਨ ਅਤੇ ਉਹ ਵੀ ਜਿਨ੍ਹਾਂ ਉਤੇ ਇਸ ਕਾਨੂੰਨ ਅਧੀਨ ਮੁਕੱਦਮੇ ਚਲ ਰਹੇ ਹਨ। ਇਸ ਮਦ ਵਿਚ ਨਾ ਬਬਰ ਅਕਾਲੀ ਕੈਦੀ ਸ਼ਾਮਲ ਸਨ, ਨਾਂ ਸਿੱਖ ਸਾਜ਼ਸ ਕੇਸ[1] ਦੇ ਕੈਦੀ ਅਤੇ ਨਾ ਹੀ ਕੁਛ ਹੋਰ ਕੇਸਾਂ ਦੇ।

(6) ਉਤਲੀਆਂ ਸ਼ਰਤਾਂ ਅਤੇ ਹੋਣ ਵਾਲੇ ਸਮਝੌਤੇ ਨੂੰ ਬਿਲਕੁਲ ਹੀ ਖੁਫੀਆ ਰਖਿਆ ਜਾਵੇ।

(7) ਸ਼੍ਰੋਮਣੀ ਗੁਰਦੁਆਰਾ ਕਮੇਟੀ ਲਿਖਤੀ ਜ਼ੁਮੇਵਾਰੀ ਉਠਾਵੇ ਕਿ ਉਹ ਉਸ ਕਾਨੂੰਨ ਨੂੰ—ਜਿਹੜਾ ਸਿੱਖ ਮਿੰਬਰਾਂ ਦੀ ਰਜ਼ਾਮੰਦੀ ਨਾਲ ਪਾਸ ਕੀਤਾ ਜਾਵੇ—ਉਸ ਦੀ ਸਪਿਰਟ ਤੇ ਸ਼ਬਦਾਵਲੀ ਅਨੁਸਾਰ ਅਮਲ ਵਿਚ ਲਿਆਵੇਗੀ।

ਇਹ ਸ਼ਰਤਾਂ ਸਮਝੌਤੇ ਦੀ ਚੰਗੀ ਬੁਨਿਆਦ ਬਣ ਸਕਦੀਆਂ ਸਨ। ਇਹ ਜਦੋਂ ਅੰਦਰਲੇ ਤੇ ਬਾਹਰਲੇ ਜ਼ੁਮੇਂਵਾਰ ਸੱਜਣਾਂ ਨੂੰ ਵਿਖਾਈਆਂ ਗਈਆਂ ਤਾਂ ਉਹਨਾਂ ਦਾ ਇਹ ਪੜ-ਕਰਮ ਸੁਭਾਵਕ ਸੀ ਕਿ ਕੁਛ ਛੋਟੀਆਂ ਮੋਟੀਆਂ ਤਰਮੀਮਾਂ ਕਰਕੇ ਸਮਝੌਤੇ ਲਈ ਰਾਹ ਖੁਲ੍ਹ ਸਕਦਾ ਹੈ। ਉਹਨਾਂ ਨੇ ਸਮਝ ਲਿਆ ਸੀ ਕਿ ਗੌਰਮਿੰਟ ਇਹਨਾਂ ਸ਼ਰਤਾਂ ਤੋਂ ਹੁਣ ਭੱਜਣ ਨਹੀਂ ਲੱਗੀ। ਪਰ ਗੌਰਮਿੰਟ ਦੇ ਚੀਫ ਸੈਕਟਰੀ ਨੇ ਇਹਨਾਂ ਵਿਚੋਂ ਭੱਜਣ ਲਈ ਰਾਹ ਰਖ ਲਿਆ ਸੀ।

ਗੌਰਮਿੰਟ ਦੀ ਅਫਸਰਸ਼ਾਹੀ ਵਿਚ ਢੇਰ ਸਾਰੇ ਮੂਰਖ ਅਫਸਰ ਸਨ। ਇਹਨਾਂ ਵਿਚੋਂ ਇਹ ਪੰਜਾਬ ਦਾ ਚੀਫ ਸੈਕਟਰੀ ਕਰੇਕ ਵੀ ਇਕ ਜਾਪਦਾ ਹੈ। ਜਨਰਲ ਬਰਡ-ਵੁਡ ਤਾਂ ਭਲਾ ਪਹਿਲੇ ਸਾਰੇ ਝਗੜਿਆਂ, ਮਸਲਿਆਂ ਅਤੇ ਨਾਕਾਮ ਸਮਝੌਤਿਆਂ ਤੋਂ ਅਣਜਾਣ ਸੀ—ਇਹ ਤਾਂ ਅਣਜਾਣ ਨਹੀਂ ਸੀ; ਗੌਰਮਿੰਟ ਸਕਤਰੇਤ ਦੇ ਅਫਸਰਾ ਦੀਆਂ ਸਮਝੌਤਾ-ਪੱਖੀ ਤੇ ਸਮਝੌਤਾ-ਵਿਰੋਧੀ ਰੁਚੀਆਂ ਨੂੰ ਜਾਣਦਾ ਸੀ। ਇਸ ਦਾ ਫਰਜ਼ ਸੀ ਕਿ ਪਹਿਲੋਂ ਪੰਜਾਬ ਗੌਰਮਿੰਟ ਤੇ ਹਿੰਦ ਗੌਰਮਿੰਟ ਤੋਂ ਉਹ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਸ਼ਰਤਾਂ ਲੈ ਕੇ ਆਵੇ ਜਿਨ੍ਹਾਂ ਉੱਤੇ ਡੱਟ ਕੇ ਖਲੋਣਾ ਹੈ। ਫੇਰ ਕੋਈ ਸ਼ਰਤਾਂ ਪੇਸ਼ ਕਰੇ। ਨਹੀਂ ਤਾਂ ਇਕ ਪਾਸੇ ਮੋਰਚਾ ਲੱਗਾ ਹੋਇਆ ਹੈ ਅਤੇ ਦੂਜੇ ਪਾਸੇ ਤਸ਼ੱਦਦ ਦੇ ਸਭ ਹਥਿਆਰ—ਪੁਲਸ, ਫੌਜ, ਜੇਲ੍ਹਾਂ ਗੋਲੀਆਂ, ਅਦਾਲਤਾਂ ਵਗੈਰਾ—ਵਰਤੇ ਜਾ ਰਹੇ ਹਨ—ਮਾਮਲਾ ਚਲਣ ਦੇਵੇ। ਨਾ ਹੀ ਸਾਡੇ ਵਿਚੋਲੇ ਸਿਰੀ ਮਾਨਾ ਨੂੰ ਸੁਝੀ ਕਿ ਕਰੇਕ ਉਹਨਾਂ ਦੇ ਮੋਢਿਆਂ ਤੇ ਬੰਦੂਕ ਰਖ ਕੇ ਚਲਾ ਰਿਹਾ ਹੈ, ਗੌਰਮਿੰਟ ਦੀਆਂ ਆਖਰੀ ਸ਼ਰਤਾਂ ਨਹੀਂ ਦੇ ਰਿਹਾ। ਨਤੀਜਾ ਚੰਗਾ ਨਹੀਂ ਨਿਕਲਣ ਲੱਗਾ।

ਉਸ ਨੇ ਦੋਹਾਂ ਗੌਰਮਿੰਟਾਂ ਦੇ ਸਕੱਤਰੇਤਾਂ ਦੇ ਅਫਸਰਾਂ ਦੀ ਮੀਟਿੰਗ ਪਿਛੋਂ ਕੀਤੀ ਅਤੇ ਉਤਲੀਆਂ ਸ਼ਰਤਾਂ ਰਜ਼ਾਮੰਦੀ ਦੇ ਕੇ ਪਹਿਲੋਂ ਭੇਜ ਦਿੱਤੀਆਂ। ਸਕੱਤਰੇਤੀ ਅਫਸਰਾਂ ਨੇ ਇਹਨਾਂ ਦੀਆਂ ਅਜੇਹੀਆਂ ਘੁੰਤਰਾਂ ਕੱਢੀਆਂ ਅਤੇ ਨੁਕਤਾ ਚੀਨੀਆਂ ਕੀਤੀਆਂ ਕਿ ਇਹਨਾਂ ਸ਼ਰਤਾਂ ਦੀ ਸਾਰੀ ਜਿੰਦ ਜਾਨ ਹੀ ਖਿੱਚ ਲਈ। ਆਓ ਗੌਰਮਿੰਟ ਦੀ ਬਹਿਸ ਵਿਚ ਹੋਈਆਂ ਨੁਕਤਾਚੀਨੀਆਂ ਤੇ ਘੁੰਤਰਾਂ ਦਾ ਅਧਿਅਨ ਕਰੀਏ।

## 5. ਹਾਕਮਾਂ ਦੀਆਂ ਮੀਟਿੰਗਾਂ ਤੇ ਵਿਚਾਰ ਗੋਚਰੇ ਮਸਲੇ

ਪੰਜਾਬ ਗੌਰਮਿੰਟ ਦੀ ਕਾਰਵਾਈ ਤੋਂ ਮਲੂਮ ਹੁੰਦਾ ਹੈ ਕਿ ਉਹ ਸਮਝੌਤਾ ਕਰ ਲੈਣ ਨੂੰ ਚੰਗਾ ਸਮਝਦੀ ਸੀ। "ਗਵਰਨਰ-ਇਨ-ਕੌਂਸਲ ਦਾ ਵਿਚਾਰ ਨਹੀਂ ਕਿ ਹੋਰ ਅੱਗੇ ਗੱਲਬਾਤ

[1] File No. 297

Digitized by Panjab Digital Library | www.panjabdigilib.org

ਉਹਨਾਂ ਸ਼ਰਤਾਂ ਨਾਲੋਂ ਵਧੇਰੇ ਸਹਾਇਕ ਸ਼ਰਤਾਂ ਹਾਸਲ ਕਰ ਸਕੇਗੀ ਜਿਹੜੀਆਂ ਕਿ ਸ: ਜੋਧ ਸਿੰਘ ਨੂੰ ਦਿੱਤੀ ਲਿਖਤ ਵਿਚ ਬਿਆਨ ਕੀਤੀਆਂ ਗਈਆਂ ਸਨ। ਅਤੇ ਮੈਨੂੰ ਇਹ ਪੁੱਛਣ ਦੀ ਆਗਿਆ ਹੋਈ ਹੈ ਕਿ ਜੇ ਹਿੰਦ ਸਰਕਾਰ ਇਹ ਸ਼ਰਤਾਂ ਮੰਨਣ ਲਈ ਤਿਆਰ ਹੈ ਤਾਂ ਇਹਨਾਂ ਦੀ ਮਨਜ਼ੂਰੀ ਦੀ ਇਤਲਾਹ ਮੈਨੂੰ ਦਿੱਤੀ ਜਾਏ।[1]

ਵਾਈਸਰਾਏ ਨੇ ਇਹਨਾਂ ਸ਼ਰਤਾਂ ਦੀ ਇਕ ਲੰਮੀ ਚੌੜੀ ਤਾਰ ਸੈਕਟਰੀ ਆਫ ਸਟੇਟ ਨੂੰ ਦਿੱਤੀ ਸੀ ਜਿਸ ਵਿਚ ਉਸ ਨੇ ਲਿਖਿਆ ਸੀ : ਪੰਜਾਬ ਸਰਕਾਰ ਅਤੇ ਜਨਰਲ ਬਰਡਵੁਡ ਇਕ ਪਾਸੇ ਅਤੇ ਲੈਜਿਸਟਲੇਟਿਵ ਕੌਂਸਲ ਦੇ ਦੋ ਬੜੇ ਪਰਭਾਵ-ਸ਼ਾਲੀ ਸਿੱਖ ਮਿੰਬਰਾਂ ਵਿਚਕਾਰ, ਦੂਜੇ ਪਾਸੇ, ਇਹਨਾਂ ਸ਼ਰਤਾਂ ਦੇ ਤੈ ਕਰਨ ਲਈ ਕੁਛ ਚਿਰ ਤੋਂ ਗੱਲ ਬਾਤ ਚਲ ਰਹੀ ਹੈ। ਅਸਾਨੂੰ ਇਹਨਾਂ ਸ਼ਰਤਾਂ ਦਾ ਇਕ ਖਰੜਾ ਮਿਲਿਆ ਹੈ ਜਿਸ ਨੂੰ ਪੰਜਾਬ ਸਰਕਾਰ ਪਰਵਾਨ ਕਰਨ ਲਈ ਤਿਆਰ ਹੈ। ਕੁਛ ਖਾਸ ਜ਼ਰੂਰੀ ਤਬਦੀਲੀਆਂ ਪਿੱਛੋਂ ਇਹ ਸ਼ਰਤਾਂ ਇਹ ਹਨ......।[2]

ਪਰ ਇਸ ਖਰੜੇ ਦੀਆਂ ਸ਼ਰਤਾਂ ਵਿਚ ਉਹਨਾਂ ਨੇ ਅਜੇਹੀਆਂ ਤਬਦੀਲੀਆਂ ਕੀਤੀਆਂ ਕਿ ਇਸ ਦਾ ਚਿਹਰਾ ਮੋਹਰਾ ਹੀ ਹੋਰ ਦਾ ਹੋਰ ਹੋ ਗਿਆ।

18 ਅਪਰੈਲ 1924 ਨੂੰ ਉੱਚਤਮ ਅਫਸਰਾਂ ਦੀ ਇਕ ਮੀਟਿੰਗ ਹੋਈ। ਇਸ ਵਿਚ ਹੋਮ ਮਿੰਬਰ, ਮੁਡੀਮੈਨ ਪੁਲਿਟੀਕਲ ਸੈਕਟਰੀ ਥਾਮਸਨ, ਹੋਮ ਸੈਕਟਰੀ ਕਰੀਰਾਰ, ਚੀਫ ਸੈਕਟਰੀ ਪੰਜਾਬ ਕਰੇਕ ਮੇਜਰ ਓਗਿਲਵੀ (ਡਿਪਟੀ ਸੈਕਟਰੀ ਹੋਮ) ਅਤੇ ਵਿਲਸਨ ਜੌਹਨਸਟਨ ਸ਼ਾਮਲ ਹੋਏ। ਕਰੇਕ ਨੇ ਪਹਿਲੋਂ ਹੋ ਚੁਕੀ ਗੱਲ ਬਾਤ ਬਾਰੇ ਰਿਪੋਰਟ ਪੇਸ਼ ਕੀਤੀ ਅਤੇ ਅਕਾਲੀ ਆਗੂਆਂ ਨੂੰ ਭਾਈ ਜੋਧ ਸਿੰਘ ਰਾਹੀਂ ਸਮਝੌਤੇ ਲਈ ਘਲੀਆਂ ਗਈਆਂ ਸ਼ਰਤਾਂ ਦੁਹਰਾਈਆਂ। ਅਤੇ ਦਸਿਆ ਕਿ ਭਾਈ ਜੋਧ ਸਿੰਘ ਅਤੇ ਸ: ਨਾਰਾਇਣ ਸਿੰਘ ਬੈਰਿਸਟਰ ਸਮਝੌਤਾ ਕਮੇਟੀ ਵਿਚ ਕੰਮ ਕਰਨਗੇ। ਇਹ ਤਜਵੀਜ਼ਾਂ ਬਰਡਵੁਡ ਕਮੇਟੀ ਲਈ ਸੁਖਾਵਾਂ ਵਾਅ-ਮੰਡਲ ਬਣਾਉਣ ਲਈ ਕੀਤੀਆਂ ਗਈਆਂ ਸਨ। ਇਹਨਾਂ ਉੱਤੇ ਛੇਤੀ ਤੋਂ ਛੇਤੀ ਫੈਸਲਾ ਕਰਨਾ ਚਾਹੀਦਾ ਹੈ। ਏਹੋ ਜੇਹੀ ਗੱਲ ਬਾਤ ਜੇ ਤੁਰਤ ਹੱਥ ਵਿਚ ਨਾ ਲਈ ਜਾਏ ਤਾਂ ਠੰਡੀ ਪੈ ਜਾਂਦੀ ਹੈ।'[3]

ਸਭ ਤੋਂ ਪਹਿਲੋਂ ਨਾਭੇ ਵਾਲੀ ਸ਼ਰਤ ਉੱਤੇ ਹਮਲਾ ਹੋਇਆ। ਮੁਡੀਮੈਨ ਦੀ ਰਾਏ ਇਹ ਸੀ ਕਿ ਨਾਭਾ ਰਿਆਸਤ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਦਖਲ ਦੇਣ ਦਾ ਕੋਈ ਹੱਕ ਨਹੀਂ ਪਹੁੰਚਦਾ। ਇਸ ਮਾਮਲੇ ਦਾ ਸੰਬੰਧ ਪਾਰਲੀਮੈਂਟ ਤੇ ਏਥੋਂ ਦੇ ਰਾਜ ਨਾਲ ਹੈ। ਇਸ ਦਖਲ ਨੂੰ ਪਰਵਾਨ ਕਰਨਾ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਦਾ ਅਧਿਕਾਰ ਦੇਣਾ ਹੈ। ਇਹ ਫੈਸਲਾ-ਕੁਨ ਦਲੀਲ ਹੈ। ਇਸ ਤੋਂ ਛੁਟ, ਮਹਾਰਾਜਾ ਨਾਭੇ ਤੋਂ ਰਜ਼ਾਮੰਦੀ ਨਾਲ ਗੱਦੀ ਛੱਡਣ ਦਾ ਬਿਆਨ ਲੈਣਾ ਕੋਈ ਸੌਖੀ ਗੱਲ ਨਹੀਂ। ਜੋਧ ਸਿੰਘ ਤੇ ਨਾਰਾਇਣ ਸਿੰਘ ਹੋਰਾਂ ਨੂੰ ਮਹਾਰਾਜ ਦੇ ਉਹ ਬਿਆਨ ਦਿੱਤੇ ਜਾ ਸਕਦੇ ਹਨ ਜਿਹੜੇ ਉਹ ਪਹਿਲੋਂ ਦੇ ਚੁਕਾ ਹੈ। ਇਹ ਮਦ ਕੌਂਸਲ ਆਫ ਰੀਜੈਨਸੀ ਕਾਇਮ ਕਰਨ ਦੇ ਰਾਹ ਵਿਚ ਵੀ ਰੁਕਾਵਟ ਪਾਉਂਦੀ ਹੈ।

---

[1] From Craik, Lahore 28.4.24
To Secretary Govt. of India—Crerar--File 297, Para 5.

[2] Viceroy to secretary of State London. 5th May 1924—File as above.

[3] File No. 297.

Digitized by Panjab Digital Library | www.panjabdigilib.org

ਰਿਹਾਈਆਂ ਲਈ ਉਦਾਰਤਾ ਵਿਖਾਈ ਜਾ ਸਕਦੀ ਹੈ, ਮੁਡੀਮੈਨ ਨੇ ਕਿਹਾ, ਪਰ ਗੰਭੀਰ ਜੁਰਮਾਂ ਤੇ ਹਿੰਸਾ ਕਰਨ ਵਾਲਿਆਂ ਨੂੰ ਨਹੀਂ ਛੱਡਣਾ ਚਾਹੀਦਾ। ਜੇ ਇਹ ਗੱਲ ਬਾਤ ਸਿਰੇ ਚੜ੍ਹ ਜਾਏ ਤਾਂ ਇਸ ਦੇ ਅਸਲ ਸਿੱਟੇ ਨੂੰ ਜਿੱਤ ਦੇ ਤੌਰ ਤੇ ਪੇਸ਼ ਕੀਤਾ ਜਾਏਗਾ ਅਤੇ ਗੌਰਮਿੰਟ ਕੋਈ ਰਿਆਇਤਾਂ ਦੇਣ ਲਈ ਸਹਿਮਤ ਨਹੀਂ ਹੋਵੇਗੀ ਜੇ ਉਹ ਅਕਾਲੀਆਂ ਤੋਂ ਖਾਸਾ ਕੁਛ ਇਵਜ਼ਾਨੇ ਵਜੋਂ ਹਾਸਲ ਨਹੀਂ ਕਰ ਲੈਂਦੀ। ਅਕਾਲੀਆਂ ਨੇ ਆਪਣੀ ਜਥੇਬੰਦੀ, ਕੁਛ ਨਿਸ਼ਾਨੇ ਹਾਸਲ ਕਰਨ ਲਈ, ਇਕ ਹਥਿਆਰ ਵਜੋਂ ਵਰਤੀ ਹੈ। ਇਹ ਨਿਸ਼ਾਨੇ ਇਹ ਹਨ :

(1) ਮਹਾਰਾਜਾ ਨਾਭਾ ਦੀ ਗੱਦੀ ਤੇ ਬਹਾਲੀ ;
(2) ਜੈਤੋ ਵਿਚ ਸ਼ਰਤਾਂ-ਰਹਿਤ ਆਖੰਡ ਪਾਠ ਕਰਨਾ ;
(3) ਆਪਣੀ ਤਸੱਲੀ ਮੁਤਾਬਕ ਗੁਰਦੁਆਰਾ ਸਵਾਲ ਹੱਲ ਕਰਾਉਣਾ ;
(4) ਸ਼੍ਰੋਮਣੀ ਕਮੇਟੀ ਉਤੋਂ ਲਾਈ ਗਈ ਪਾਬੰਦੀ ਹਟਵਾਉਣਾ, ਅਤੇ,
(5) ਕੈਦੀਆਂ ਦੀ ਰਿਹਾਈ।

ਇਹ ਮੰਗਾਂ ਜਾਂ ਪਰਵਾਨ ਕੀਤੀਆਂ ਜਾ ਸਕਦੀਆਂ ਜਾਂ ਟਾਲੀਆ ਜਾ ਸਕਦੀਆਂ ਹਨ। ਹਰ ਇਕ ਟਾਲੀ-ਗਈ ਮੰਗ ਪਿੱਛੇ ਗੌਰਮਿੰਟ ਦੇ ਹੱਥ ਇਕ ਨੰਬਰ ਆਉਂਦਾ ਹੈ। ਹਰ ਇਕ ਪਰਵਾਨ ਕੀਤੀ ਮੰਗ ਪਿੱਛੇ ਅਕਾਲੀਆਂ ਦੇ ਹੱਥ ਇਕ ਨੰਬਰ ਆਉਂਦਾ ਹੈ। ਤਜਵੀਜ਼-ਕੀਤੀ ਵਿਰਾਮ-ਸੰਧੀ ਵਿਚ ਅਕਾਲੀਆਂ ਦੇ ਹੱਥ ਤਿੰਨ ਨੰਬਰ ਆਉਣਗੇ ਅਤੇ ਗੌਰਮਿੰਟ ਦੇ ਹੱਥ ਸਿਫਰ।

ਨਾਭੇ ਦੀ ਗੱਦੀ ਵਾਲੀ ਸ਼ਰਤ ਪੂਰੀ ਨਹੀਂ ਹੋ ਸਕਦੀ। ਮਹਾਰਾਜਾ ਚਿੱਠੀਆਂ ਦੇ ਜਵਾਬ ਕਦੇ ਨਹੀਂ ਦੇਂਦਾ। ਇਹ ਬਿਲਕੁਲ ਸੰਭਵ ਨਹੀਂ ਜਾਪਦਾ ਕਿ ਉਹ ਲੋੜੀਂਦਾ ਬਿਆਨ ਦੇਵੇਗਾ। ਅਤੇ ਅਖੰਡ ਪਾਠ ਦੀਆਂ ਸ਼ਰਤਾਂ ਉਹੋ ਹੀ ਹਨ ਜਿਹੜੀਆਂ 25 ਅਕਾਲੀਆਂ ਦੇ ਜੱਥੇ ਨੂੰ ਪੇਸ਼ ਕੀਤੀਆਂ ਗਈਆਂ ਸਨ ਅਤੇ ਗੁਰਦੁਆਰਾ ਬਿਲ ਉਹ ਹੋਵੇਗਾ ਜਿਹੜਾ ਗੌਰਮਿੰਟ ਤੇ ਸਿੱਖਾਂ ਦੋਹਾਂ ਨੂੰ ਪਰਵਾਨ ਹੋਵੇਗਾ। ਪਰ ਇਸ ਦਾ ਮਤਲਬ ਇਹ ਹੈ ਕਿ ਗੌਰਮਿੰਟ ਸਿੱਖਾਂ ਨੂੰ ਕੁਛ ਉਹ ਰਿਆਇਤਾਂ ਦੇਵੇਗੀ ਜਿਹੜੀਆਂ ਉਸ ਨੇ ਹੁਣ ਤਕ ਨਹੀਂ ਦਿੱਤੀਆਂ। ਅਕਾਲੀਆਂ ਦੇ ਹੱਥ ਇਕ ਨੰਬਰ ਆਇਆ।

ਅਤੇ ਜੇ ਬਿਲ ਪਾਸ ਹੋ ਜਾਂਦਾ ਹੈ ਤੱਦ ਅਸੀਂ ਅਕਾਲੀ ਜਥੇਬੰਦੀਆਂ ਉਤੇ ਮੁੜ ਕੇ ਕਾਨੂੰਨੀ ਪਾਬੰਦੀ ਨਹੀਂ ਲਾ ਸਕਦੇ। ਅਕਾਲੀਆਂ ਨੇ ਇਕ ਹੋਰ ਨੰਬਰ ਹਾਸਲ ਕਰ ਲਿਆ। ਉਪਰੰਤ ਬਿਲ ਦੇ ਪਾਸ ਹੋ ਜਾਣ ਪਿਛੋਂ ਕੈਦੀਆਂ ਦੀ ਰਿਹਾਈ। ਇਸ ਲਈ ਅਕਾਲੀਆਂ ਦੇ ਹੱਥ ਤਿੰਨ ਆਏ ਗੌਰਮਿੰਟ ਦੇ ਹੱਥ ਕੁਛ ਵੀ ਨਾ ਆਇਆ। ਪਰ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜਥਿਆਂ ਦੇ ਭੇਜਣ ਦਾ ਬੰਦੀ-ਕਰਣ ਗੌਰਮਿੰਟ ਨੂੰ ਹਾਸਲ ਹੁੰਦਾ ਹੈ। ਪਰ ਇਹ ਸਿਰਫ ਕੁਛ ਵਕਤੀ ਹੈ ਕਿਉਂਕਿ ਤਜਵੀਜ਼ ਕੀਤੀ ਵਿਰਾਮ-ਸੰਧੀ ਦੇ ਖਤਮ ਹੋਣ ਪਿਛੋਂ ਅਕਾਲੀਆਂ ਨੂੰ ਮੁੜ ਜਥੇ ਭੇਜਣ ਦੀ ਖੁਲ੍ਹ ਹੈ ਤਾਂ ਜੋ ਉਹ ਮੰਗ ਨੰਬਰ ਇਕ ਅਤੇ ਦੋ ਹਾਸਲ ਕਰ ਸੱਕਣ। ਇਸ ਲਈ ਸਰਕਾਰ ਨਾਭੇ ਦਾ ਸੁਆਲ ਛੁਡਾਣ ਅਤੇ ਸ਼ਰਤਾਂ ਨਾਲ ਅਖੰਡ ਪਾਠ ਕਰਾਣ ਵਿਚ ਅਸਫਲ ਹੁੰਦੀ ਹੈ ਅਤੇ ਅਕਾਲੀ ਆਪਣੇ ਮਕਸਦ ਹਾਸਲ ਕਰਨ ਲਈ ਗੈਰ-ਕਾਨੂੰਨੀ ਤਰੀਕੇ ਜਾਰੀ ਰਖਦੇ ਹਨ। ਇਸ ਤਰ੍ਹਾਂ ਉਹ ਵਿਰਾਮ-ਸੰਧੀ ਦੇ ਏਲਾਨ ਨਾਲ ਹੀ ਤਿੰਨ ਨਿਸ਼ਾਨੇ ਹਾਸਲ ਕਰ ਲੈਂਦੇ ਹਨ। ਸਿੱਟਾ ਇਹ ਨਿਕਲੇਗਾ ਕਿ ਗੌਰਮਿੰਟ ਅਖੀਰੀ ਸਮਝੌਤੇ ਤੋਂ ਓਨੀ ਹੀ ਦੂਰ ਰਹੇਗੀ ਜਿੰਨੀ ਕਿ ਉਹ ਹਮੇਸ਼ਾ ਸੀ।

Digitized by Panjab Digital Library | www.panjabdigilib.org

ਉਤਲੀਆਂ ਸ਼ਰਤਾਂ ਵਿਚ ਇਹ ਸ਼ਰਤ ਦਰਜ ਹੀ ਨਹੀਂ ਕਿ ਜੇ ਅਕਾਲੀ ਆਗੂ ਨਾ ਵੀ ਛੱਡੇ ਜਾਣ ਤਾਂ ਵੀ ਅਕਾਲੀ (ਬਰਡਵੁਡ) ਪੜਤਾਲੀਆ ਕਮੇਟੀ ਨੂੰ ਮਿਲਵਰਤਨ ਦੇਣਗੇ। ਇਹ ਵਿਰਾਮ ਸੰਧੀ ਦੀ ਇਕ ਸ਼ਰਤ ਹੋਣੀ ਚਾਹੀਦੀ ਸੀ । ਇਸ ਸੰਧੀ ਦਾ ਫੌਰੀ ਨਿਸ਼ਾਨਾ ਪੜਤਾਲ ਦੀ ਸਫਲਤਾ ਹੈ। ਸਰ ਮੈਲਕਮ ਹੇਲੀ ਹਮੇਸ਼ਾਂ ਜ਼ੋਰ ਦੇਂਦਾ ਰਿਹਾ ਹੈ ਕਿ ਇਕ ਇਕ ਕਰਕੇ ਰਿਆਇਤਾਂ ਦੇਣਾ ਗਲਤ ਹੈ। ਰਿਆਇਤਾਂ ਪੂਰਣ ਸਫਲਤਾ ਦੇ ਹਿੱਸੇ ਵਜੋਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਵਕਤ ਸਹਾਇਕ ਹੈ ਕਿਉਂਕਿ **ਅਕਾਲੀ ਜੋਸ਼ ਇਸ ਵਕਤ ਘਟ ਰਿਹਾ ਹੈ ਅਤੇ ਗੌਰਮਿੰਟ ਨੂੰ ਇਹ ਸੰਕੇਤ ਵੀ ਮਿਲੇ ਹਨ ਕਿ ਵਰਤਮਾਨ ਹਾਲਤ ਨੂੰ ਖਤਮ ਕਰਨ ਲਈ ਉਹਨਾਂ ਦੇ ਆਗੂਆਂ ਨੂੰ ਕੋਈ ਅਫਸੋਸ ਨਹੀਂ ਹੋਵੇਗਾ।** (ਜ਼ੋਰ ਮੇਰਾ)[1]

ਇਸ ਲਈ ਹੋਮ ਮਿੰਬਰ ਨੇ ਜ਼ੋਰ ਦਿੱਤਾ ਕਿ ਸ਼ਰਤਾਂ ਇਹ ਹੋਣੀਆਂ ਚਾਹੀਦੀਆਂ ਹਨ: (1) ਪੜਤਾਲ ਵਿਚ ਮਿਲਵਰਤਨ, (2) ਨਾਭੇ ਸੁਆਲ ਦਾ ਤਿਆਗ ਅਤੇ (3) ਆਖੰਡ ਪਾਠ ਸਬੰਧੀ ਫੈਸਲਾ।[2]

ਵਾਈਸਰਾਏ, ਆਮ ਕਰਕੇ ਇਹਨਾਂ ਨੁਕਤਿਆਂ ਨਾਲ ਸਹਿਮਤ ਸੀ। ਪਰ ਉਹ ਨਾਭੇ ਦੇ ਸਵਾਲ ਤੇ ਕੋਈ ਗੱਲ ਨਹੀਂ ਸੀ ਸੁਣਨਾ ਚਾਹੁੰਦਾ ਅਤੇ ਅਕਾਲੀ ਆਗੂਆਂ ਤੋਂ ਸ਼ਰਤ ਮੰਨਵਾਣਾ ਚਾਹੁੰਦਾ ਸੀ ਕਿ ਉਹ ਇਸ ਸਵਾਲ ਨੂੰ ਤਿਆਗ ਦੇਣ। ਉਹ ਸਮਝੌਤੇ ਦੇ ਖੁਫੀਆ ਰਖਣ ਦੇ ਵੀ ਵਿਰੁਧ ਸੀ ਅਤੇ ਕੌਂਸਲ ਆਫ ਰੀਜੈਂਨਸੀ ਨੂੰ ਕਿਸੇ ਸ਼ਰਤ ਦਾ ਅੰਗ ਨਹੀਂ ਸੀ ਬਣਾਣਾ ਚਾਹੁੰਦਾ। ਕੌਂਸਲ ਆਫ ਰੀਜੈਂਨਸੀ ਕਾਇਮ ਕਰਨਾ ਵਾਈਸਰਾਏ ਦੀ ਦ੍ਰਿੜ ਰਾਏ ਵਿਚ ਗੌਰਮਿੰਟ ਦਾ ਹੱਕ ਸੀ।

## 6. ਗੌਰਮਿੰਟ ਤੇ ਕਮੇਟੀ ਵਿਚਕਾਰ ਡੂੰਘੇ ਮਤਭੇਤ

ਗੌਰਮਿੰਟ ਅਤੇ ਸ਼੍ਰੋਮਣੀ ਕਮੇਟੀ ਦੋਹਾਂ ਵਿਚਕਾਰ ਬੜੇ ਡੂੰਘੇ ਮਤ-ਭੇਦ ਸਨ। ਇਹਨਾਂ ਨੂੰ ਮਿਟਾਣਾ ਕੋਈ ਸੌਖਾ ਕੰਮ ਨਹੀਂ ਸੀ। ਮਤ-ਭੇਦ ਇਕ ਦੋਂਹ ਸਵਾਲਾਂ ਤੇ ਨਹੀਂ, ਲਗ ਭਗ ਸਾਰੇ ਹੀ ਸਵਾਲਾਂ ਤੇ ਸਨ। ਗੌਰਮਿੰਟ ਨੇ, ਇਕ ਤਰ੍ਹਾਂ, ਫੈਸਲਾ ਕੀਤਾ ਹੋਇਆ ਸੀ—ਜਿਵੇਂ ਕਿ ਉਤਲੀ ਮੀਟਿੰਗ ਤੇ ਹੋਰ ਸਰਕਾਰੀ ਲਿਖਤਾਂ ਤੋਂ ਸਾਫ ਪਰਗਟ ਹੁੰਦਾ ਹੈ—ਕਿ ਉਹ ਕੋਈ ਐਸੀ ਰਿਆਇਤ ਨਹੀਂ ਦੇਵੇਗੀ ਜਿਸ ਨੂੰ ਅਕਾਲੀ ਆਪਣੀ ਜਿੱਤ ਗਰਦਾਨ ਸਕਣ। ਸ਼੍ਰੋਮਣੀ ਕਮੇਟੀ ਦੀ ਬਹੁ-ਗਿਣਤੀ, ਇਸ ਵੇਲੇ, ਕੋਈ ਇਜੇਹੀ ਸ਼ਰਤ ਮੰਨਣ ਨੂੰ ਤਿਆਰ ਨਹੀਂ ਸੀ ਜਿਸ ਨੂੰ ਵਰਤ ਕੇ ਗੌਰਮਿੰਟ ਆਪਣੀ ਜਿੱਤ ਦੀ ਅਸਤਬਾਜ਼ੀ ਛੱਡ ਸਕੇ।

ਆਓ, ਹੁਣ ਦੋਹਾਂ ਧਿਰਾਂ ਦੇ ਮਤਭੇਦਾਂ ਦਾ ਅਧਿਅਨ ਕਰੀਏ:—

ਅਪਰੈਲ ਦਾ ਮਹੀਨਾ ਬੇਹੱਦ ਸਰਗਰਮੀਆਂ ਦਾ ਮਹੀਨਾ ਸੀ। ਇਸ ਵਿਚ ਦੋਹਾਂ ਧਿਰਾਂ ਨੇ ਆਪਣੀ ਆਪਣੀ ਥਾਂ ਬੜੀਆਂ ਮੀਟਿੰਗਾਂ ਕੀਤੀਆਂ ਅਤੇ ਵਿਚੋਲਿਆਂ ਨੂੰ, ਕਦੇ ਏਧਰ, ਕਦੇ ਓਧਰ, ਕਪੜਾ ਉਣਦੀ ਨਾਲ੍ਹ ਵਾਂਗ, ਬੜੀ ਭਜ ਨੱਠ ਕਰਨੀ ਪਈ। ਤਾਂ ਜੋ ਦੋਹਾਂ ਧਿਰਾਂ ਦੇ ਮਤ-ਭੇਦ ਘਟਾਏ ਜਾ ਸਕਣ ਅਤੇ ਕੋਈ ਨਾ ਕੋਈ ਰਾਹ ਕਢਕੇ ਸੁਲ੍ਹਾ-ਸਫਾਈ ਕਰਾਈ ਜਾ

[1] ਸਰ ਮੁਡੀਮੈਨ ਅਤੇ ਥਾਮਸਨ: 19.4.24

[2] ਇਹ ਨਤੀਜਾ ਸ: ਸੋਭਾ ਸਿੰਘ ਦੀ ਗਲਬਾਤ ਦੀ ਰਿਪੋਰਟ ਵਿਚੋਂ ਕਢਿਆ ਗਿਆ ਦਿਸਦਾ ਹੈ।

Digitized by Panjab Digital Library | www.panjabdigilib.org

ਸਕੇ । ਸ: ਨਾਰਾਇਣ ਸਿੰਘ ਅਤੇ ਭਾਈ ਜੋਧ ਸਿੰਘ "ਦੋਹਾਂ ਧਿਰਾਂ ਦੇ ਦੋਸਤ" ਸਨ ਅਤੇ ਉਹ ਗੌਰਮਿੰਟ ਨੂੰ ਅਕਾਲੀਆਂ ਦੇ ਵਿਚਾਰ ਜਾ ਦੱਸਦੇ ਸਨ ਅਤੇ ਅਕਾਲੀਆਂ ਨੂੰ ਗੌਰਮਿੰਟ ਦੇ ।

## (ੳ) ਅਖੰਡ ਪਾਠ

ਗੌਰਮਿੰਟ ਪਹਿਲੋਂ ਆਪਣੀਆਂ ਦੋ'ਹ ਸ਼ਰਤਾਂ ਤੇ ਅੜੀ ਹੋਈ ਸੀ, ਇਕ ਇਹ ਕਿ ਗੁਰਦੁਆਰਾ ਗੰਗਸਰ ਵਿਚ ਪਾਠ ਲਈ 25 ਅਕਾਲੀਆਂ ਤੋਂ ਵੱਧ ਨਹੀਂ ਜਾਣ ਦਿੱਤੇ ਜਾਣਗੇ ਅਤੇ ਦੂਜੇ ਇਹ ਕਿ ਉਹਨਾਂ ਨੂੰ 101 ਅਖੰਡ ਪਾਠ ਲਈ ਸਿਰਫ ਨਵਾਂ ਦਿਨਾਂ ਦੀ ਮੁਹਲਤ ਦਿੱਤੀ ਜਾਏਗੀ । ਇਸ ਤੋਂ ਵੱਧ ਨਹੀਂ । ਸ਼ੁਰੂ ਵਿਚ ਇਹ ਮੁਹਲਤ ਸਿਰਫ ਤਿੰਨਾਂ ਦਿਨਾਂ ਦੀ ਹੀ ਦਿੱਤੀ ਗਈ ਸੀ ।

ਸ਼੍ਰੋਮਣੀ ਕਮੇਟੀ ਇਹਨਾਂ ਦੋਹਾਂ ਹੀ ਸ਼ਰਤਾਂ ਨੂੰ ਪਰਵਾਨ ਨਹੀਂ ਸੀ ਕਰਦੀ । ਉਹ ਇਸ ਨੂੰ ਸਿੱਖ ਧਰਮ ਵਿਚ ਦਖਲ ਸਮਝਦੀ ਸੀ । ਨਵਾਂ ਦਿਨਾਂ ਵਿਚ 101 ਅਖੰਡ ਪਾਠ ਕਰਨਾ ਅਸੰਭਵ ਸੀ, ਇਸ ਲਈ ਸ਼੍ਰੋਮਣੀ ਕਮੇਟੀ ਪੱਕੇ ਨੌਂ ਦਿਨ ਦੀ ਪਾਬੰਦੀ ਦੇ ਖਿਲਾਫ ਸੀ । ਉਹ ਥੋੜ੍ਹੇ ਤੋਂ ਥੋੜ੍ਹਾ ਵਕਤ ਲੈ ਕੇ ਛੇਤੀ ਤੋਂ ਛੇਤੀ ਪਾਠ ਖਤਮ ਕਰਨ ਅਤੇ ਜੈਤੋ ਤੋਂ ਵਾਪਸ ਮੁੜ ਜਾਣ ਦਾ ਬਚਨ ਦੇਣ ਨੂੰ ਤਿਆਰ ਸੀ । ਸਿਰਫ 25 ਅਕਾਲੀਆਂ ਨੂੰ ਗੁਰਦੁਆਰੇ ਅੰਦਰ ਜਾਣ ਦੇਣ ਦੀ ਸ਼ਰਤ ਨੂੰ ਪਰਵਾਨਗੀ ਦੇਣਾ ਸੰਗਤ ਦੇ ਜੁੜਨ ਦੇ ਹੱਕ ਨੂੰ ਤਿਲਾਂਜਲੀ ਦੇਣ ਦੇ ਬਰਾਬਰ ਸੀ । ਇਸ ਲਈ ਕਮੇਟੀ ਇਹ ਸ਼ਰਤ ਵੀ ਪਰਵਾਨ ਨਹੀਂ ਸੀ ਕਰ ਸਕਦੀ ।

ਇਹ ਸ਼ਰਤਾਂ ਅਜੇ ਕਿਸੇ ਬਿਲੇ ਨਹੀਂ ਸਨ ਲੱਗੀਆਂ ਕਿ ਵਿਚਾਰ-ਵਟਾਂਦਰੇ ਦੇ ਦੌਰਾਨ ਗੌਰਮਿੰਟ ਨੇ ਦੋ-ਅੜਿਕੇ ਹੋਰ ਡਾਹ ਦਿੱਤੇ; ਇਕ, ਅਰਦਾਸ ਦਾ ਅਤੇ ਦੂਜਾ, ਜੱਥਿਆਂ ਦੇ ਫੌਜੀ ਤਰਤੀਬ ਨਾਲ ਮਾਰਚ ਕਰਨ ਦਾ । ਗੌਰਮਿੰਟ ਪਾਠਾਂ ਦੇ ਅੰਤ ਤੇ ਕੀਤੀ ਜਾਣ ਵਾਲੀ ਅਰਦਾਸ ਵਿਚ ਮਹਾਰਾਜਾ ਨਾਭਾ ਦੀ ਗੱਦੀ ਦੀ ਬਹਾਲੀ ਬਾਰੇ ਕੋਈ ਵੀ ਜ਼ਿਕਰ ਕੀਤੇ ਜਾਣ ਦੇ ਵਿਰੁਧ ਸੀ । ਉਹ ਇਸ ਨੂੰ ਪੁਲਿਟੀਕਲ ਸਵਾਲ ਤੇ ਪਰੋਪੈਗੰਡਾ ਸਮਝਦੀ ਸੀ । ਉਹ ਪਹਿਲੋਂ ਅਰਦਾਸ ਵਿਚ 'ਸ਼ਹੀਦਾਂ ਦੀ ਆਤਮਾਂ ਨੂੰ ਸ਼ਾਂਤੀ ਮਿਲੇ' ਦੇ ਜ਼ਿਕਰ ਦੇ ਵੀ ਖਿਲਾਫ ਸੀ, ਕਿਉਂਕਿ ਉਹ ਇਸ ਨੂੰ ਨਾਭੇ ਦੇ ਰਾਜ-ਪਰਬੰਧ ਦੀ ਅਸਿਧੀ ਨੁਕਤਾਚੀਨੀ ਸਮਝਦੀ ਸੀ । ਪਰ ਅਖੀਰ ਵਿਚ ਸ਼ਹੀਦਾਂ ਦੀ ਆਤਮਾਂ ਬਾਰੇ ਜ਼ਿਕਰ ਕਰਨਾ, ਵਿਚੋਲਿਆਂ ਤੇ ਅਕਾਲ ਤਖਤ ਉਤੇ ਜ਼ੁਮੇਵਾਰੀ ਸੁੱਟ ਕੇ, ਮੰਨ ਗਈ ਸੀ ।

ਸ਼੍ਰੋਮਣੀ ਕਮੇਟੀ ਨੇ ਪਰਵਾਨ ਕਰ ਲਿਆ ਸੀ ਕਿ ਅਖੰਡ ਪਾਠ ਦੇ ਸ਼ੁਰੂ ਹੋਣ ਤੇ, ਜੈਤੋ ਨੂੰ ਜੱਥੇ ਭੇਜਣੇ ਬੰਦ ਕੀਤੇ ਜਾਣਗੇ ਅਤੇ ਇਧ ਬਾਰੇ ਅਕਾਲ ਤਖਤ ਤੋਂ ਐਲਾਨ ਕਰ ਦਿੱਤਾ ਜਾਵੇਗਾ । ਪਰ ਜਿਹੜੇ ਜੱਥੇ ਪਰਣ ਕਰਕੇ ਤੁਰ ਚੁਕੇ ਸਨ ਉਹ ਜ਼ਰੂਰ ਪਹੁੰਚਣਗੇ । ਸ਼੍ਰੋਮਣੀ ਕਮੇਟੀ ਨੇ ਜਥਿਆਂ ਦੇ ਫੌਜੀ ਤਰਤੀਬ ਵਿਚ ਜੈਤੋ ਵਲ ਮਾਰਚ ਕਰਨ ਦਾ ਹਲ ਇਹ ਲਭਿਆ-ਮੰਨਿਆਂ ਸੀ ਕਿ ਜੱਥਿਆਂ ਨੂੰ ਰੇਲ ਗੱਡੀਆਂ ਰਾਹੀਂ ਭੇਜਿਆ ਜਾਵੇਗਾ ਅਤੇ ਉਹ ਜਥੇਬੰਦੀ ਦੇ ਰੂਪ ਵਿਚ ਨਹੀਂ ਜਾਣਗੇ, ਵਿਅਕਤੀਗਤ ਰੂਪ ਵਿਚ ਜਾਣਗੇ ।

## (ਅ) ਸ਼ਰਤਾਂ ਖੁਫੀਆ ਰੱਖਣ ਦੀ ਮੱਦ

ਵਾਈਸਰਾਏ ਰੈਡਿੰਗ ਸ਼ਰਤਾਂ ਦੇ ਖੁਫੀਆ ਰਖਣ ਦੇ ਉਕਾ ਹੀ ਖਿਲਾਫ ਸੀ । ਉਹ ਨਹੀਂ ਸੀ ਚਾਹੁੰਦਾ ਕਿ ਇਹ ਸ਼ਰਤ (6) ਕਾਇਮ ਰਹਿਣ ਦਿਤੀ ਜਾਵੇ । ਇਹ ਸ਼ਰਤ, ਇਕ ਤਾਂ,

Digitized by Panjab Digital Library | www.panjabdigilib.org

ਅੰਤ ਨੂੰ ਲਾਜ਼ਮੀ ਤੌਰ ਤੇ ਟੁਟ ਜਾਏਗੀ ਅਤੇ ਵਿਸ਼ਵਾਸ ਭੰਗ ਕਰਨ ਦੇ ਇਲਜ਼ਾਮਾਂ ਦਾ ਰਾਹ ਖੋਲ੍ਹੇਗੀ, ਦੂਜੇ ਇਹ ਗੌਰਮਿੰਟ ਦੇ ਹੱਥ ਬੰਨ੍ਹਦੀ ਸੀ। ਇਹ ਗਲ ਹਿੰਦ ਸਰਕਾਰ ਨੇ ਇਕ ਟੈਲੀਫੋਨ ਪੈਗਾਮ ਰਾਹੀਂ ਪੰਜਾਬ ਸਰਕਾਰ ਨੂੰ ਬਿਲਕੁਲ ਸਾਫ ਕਰ ਦਿਤੀ ਕਿ ਉਹ ਇਸ ਦੇ ਬਦਲੇ ਵਿਚ ਕੋਈ ਹੋਰ ਸ਼ਰਤ ਸੁਣਨ ਨੂੰ ਵੀ ਤਿਆਰ ਨਹੀਂ। ਸ਼ਰਤ ਸਗੋਂ ਇਹ ਹੋਣੀ ਚਾਹੀਦੀ ਹੈ ਕਿ ਹਿੰਦ ਸਰਕਾਰ ਅਤੇ ਪੰਜਾਬ ਸਰਕਾਰ ਦੋਵੇਂ ਜਿਸ ਵੇਲੇ ਵੀ ਜ਼ਰੂਰੀ ਮਹਿਸੂਸ ਕਰਨ ਕੋਈ ਵੀ ਬਿਆਨ ਕਿਸੇ ਵੇਲੇ ਵੀ ਦੇਣ ਲਈ ਆਜ਼ਾਦ ਹੋਣ। ਜਿੰਨਾ ਚਿਰ ਇਹ ਬੁਨਿਆਦੀ ਸ਼ਰਤ ਹਾਸਲ ਨਹੀਂ ਕੀਤੀ ਜਾਂਦੀ, ਸਮਝੌਤੇ ਦੀ ਗੱਲ ਨਿਹਫਲ ਹੋਵੇਗੀ। [1]

ਪੰਜਾਬ ਦੇ ਚੀਫ ਸੈਕਟਰੀ ਕਰੇਕ ਨੇ ਭਾਈ ਜੋਧ ਸਿੰਘ ਨੂੰ ਬੁਲਾਇਆ ਅਤੇ ਉਸ ਨੂੰ ਲਿਖ ਕੇ ਦੇ ਦਿਤਾ ਕਿ ਕਿਸੇ ਵੀ ਸਮਝੌਤੇ ਤੋਂ ਪਹਿਲੋਂ ਲਾਜ਼ਮੀ ਸ਼ਰਤ ਇਹ ਹੈ ਕਿ ਹਿੰਦ ਸਰਕਾਰ ਤੇ ਪੰਜਾਬ ਸਰਕਾਰ ਜਦੋਂ ਵੀ ਮੁਨਾਸਬ ਸਮਝਣ ਕੋਈ ਵੀ ਬਿਆਨ ਕਿਸੇ ਵੇਲੇ ਵੀ ਦੇਣ ਦਾ ਹੱਕ ਰਾਖਵਾਂ ਰਖਦੀਆਂ ਹਨ। [2]

ਇਹ ਸ਼ਰਤ ਨੰਬਰ 6. ਪਹਿਲੀ ਮੀਟਿੰਗ ਵਿਚ ਵਿਚੋਲਿਆਂ ਅਤੇ ਪੰਜਾਬ ਸਰਕਾਰ ਵਲੋਂ ਮਿਲ ਕੇ ਪੇਸ਼ ਕੀਤੀ ਗਈ ਸੀ! ਸ਼ਰੋਮਣੀ ਕਮੇਟੀ ਨੇ ਪੇਸ਼ ਨਹੀਂ ਸੀ ਕੀਤੀ। ਇਸ ਨੂੰ ਬੜਾ ਅਸੂਲ ਦਾ ਸਵਾਲ ਬਣਾਕੇ ਵਾਈਸਰਾਏ ਨੇ ਆਪਣੇ ਦਸਖਤ ਥਲੇ ਲਿਖਿਆ ਕਿ ਜੇ ਪੰਜਾਬ ਸਰਕਾਰ ਸ਼ਰਤਾਂ ਨੂੰ ਖੁਫੀਆ ਰਖਦੀ ਹੈ ਤਾਂ ਉਹ ਦੂਜਿਆਂ ਨੂੰ ਗੌਰਮਿੰਟ ਉਤੇ ਜਿੱਤ ਦਾ ਦਾਅਵਾ ਕਰਨ ਲਈ ਰਾਹ ਖੋਲ੍ਹਦੀ ਹੈ। ਅਤੇ ਜ਼ਾਹਰ ਕਰਦੀ ਹੈ ਕਿ ਗੌਰਮਿੰਟ ਨੇ ਅਕਾਲੀ ਐਜੀਟੇਸ਼ਨ ਅਗੇ ਹਥਿਆਰ ਸੁਟ ਦਿਤੇ ਹਨ। [3] ਉਸ ਦਾ ਨੋਟ ਇਹ ਜ਼ਾਹਰ ਕਰਦਾ ਹੈ ਕਿ ਜਿਵੇਂ ਇਹ ਸ਼ਰਤ ਸ਼੍ਰੋਮਣੀ ਕਮੇਟੀ ਨੇ ਪੇਸ਼ ਕੀਤੀ ਹੋਵੇ। ਏਹੋ ਜੇਹੀ ਸਿਆਣਪ ਦੇ ਮਾਲਕ ਸਨ ਇਹ ਹਿੰਦ ਦੇ ਹਾਕਮ।

'ਸ: ਜੋਧ ਸਿੰਘ ਆਸਵੰਦ ਵਿਖਾਈ ਦੇਂਦਾ ਸੀ ਕਿ ਇਹ ਸ਼ਰਤ (ਕਢ ਦੇਣ ਦੀ ਸ਼ਰਤ) ਪਰਵਾਨ ਕਰ ਲਈ ਜਾਏਗੀ।' [4]

## (ੲ) ਨਾਭੇ ਦੀ ਗੱਦੀ

17 ਅਪਰੈਲ ਦੇ ਸਮਝੌਤੇ ਦੇ ਖਰੜੇ ਵਿਚ ਚੌਥੀ ਸ਼ਰਤ ਇਹ ਸੀ ਕਿ ਜੇ ਮਹਾਰਾਜਾ ਨਾਭਾ ਲਿਖ ਦੇਵੇ ਕਿ ਉਸ ਨੇ ਆਪਣੀ ਮਰਜ਼ੀ ਨਾਲ ਗੱਦੀ ਛਡੀ ਹੈ ਅਤੇ ਉਹ ਨਹੀਂ ਚਾਹੁੰਦਾ ਕਿ ਇਸ ਬਾਰੇ ਐਜੀਟੇਸ਼ਨ ਜਾਰੀ ਰੱਖੀ ਜਾਵੇ ਤਾਂ ਸ਼੍ਰੋਮਣੀ ਕਮੇਟੀ ਆਪਣੀ ਐਜੀਟੇਸ਼ਨ ਵਾਪਸ਼ ਲੈ ਲਵੇਗੀ। ਕਰੇਕ ਤੇ ਬਰਡਵੁਡ ਇਕ ਪਾਸੇ ਅਤੇ ਸ: ਜੋਧ ਸਿੰਘ ਤੇ ਸ: ਨਾਰਾਇਣ ਸਿੰਘ ਦੂਜੇ ਪਾਸੇ ਇਸ ਸ਼ਰਤ ਦੇ ਪੇਸ਼ ਕਰਨ ਦੇ ਜ਼ੁਮੇਂਵਾਰ ਸਨ। ਮਲੂਮ ਹੁੰਦਾ ਹੈ ਕਿ ਚੀਫ ਸੈਕਟਰੀ ਕਰੇਕ ਬਿਲਕੁਲ ਬੁਧੂ ਸੀ। ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਮਹਾਰਾਜਾ ਨਾਭਾ ਕੋਈ ਏਹੋ ਜੇਹੀ ਲਿਖਤ ਨਹੀਂ ਦੇਣ ਲਗਾ ਜਿਹੜੀ ਏਲਾਨ ਕਰੇ ਕਿ ਗੱਦੀ ਉਸ ਨੇ ਸੁਇਛਕ ਛੱਡੀ ਹੈ, ਇਸ ਲਈ ਸ਼੍ਰੋਮਣੀ ਕਮੇਟੀ ਇਸ ਬਾਰੇ ਪਰਚਾਰ ਕਰਨਾ ਬੰਦ ਕਰ ਦੇਵੇ।

---

[1] 30 ਅਪਰੈਲ 1924 (File no. 297/1924—Home, poll.

[2] Telephone massage to Crerar 30.4.24

[3] Bird-wood Committee, file 297/1924 page 64 dated 26.4.24.

[4] ਉਪਰੋਕਤ ਹੀ

Digitized by Panjab Digital Library | www.panjabdigilib.org

ਪਹਿਲੋਂ ਹੀ ਖਰੜੇ ਵਿਚ ਇਸ ਸ਼ਰਤ ਦੇ ਰੱਖਣ ਦੀ ਕੀ ਲੋੜ ਸੀ ਜੇ ਮਹਾਰਾਜੇ ਨਾਭੇ ਨੂੰ ਗਦੀਓਂ ਲਾਹੁਣ ਦਾ ਹੱਕ ਇੰਗਲੈਂਡ ਦੀ ਪਾਰਲੀਮੈਂਟ ਜਾਂ ਹਿੰਦ ਸਰਕਾਰ ਨੂੰ ਸੀ। ਕੀ ਚੀਫ ਸੈਕਟਰੀ ਨੂੰ ਵਿਧਾਨਕ ਪੁਜ਼ੀਸ਼ਨ ਦਾ ਪਤਾ ਨਹੀਂ ਸੀ ਕਿ ਸ਼੍ਰੋਮਣੀ ਕਮੇਟੀ ਦੀ ਨਾਭਾ ਐਜੀਟੇਸ਼ਨ ਦਾ ਅਧਾਰ ਹੀ ਇਹ ਸੀ ਕਿ ਮਹਾਰਾਜੇ ਨੂੰ ਕੀਤੇ ਅਹਿਦਨਾਮੇ ਤੋੜਕੇ ਜ਼ਬਰਦਸਤੀ ਗੱਦੀਓਂ ਲਾਹਿਆ ਗਿਆ ਹੈ ਅਤੇ ਉਹ ਕਦੇ ਵੀ ਆਪਣੇ ਹੱਥ ਵਢਕੇ ਨਹੀਂ ਦੇਵੇਗਾ ਕਿ ਉਸ ਨੇ ਗਦੀ ਆਪਣੀ ਮਰਜ਼ੀ ਨਾਲ ਛੱਡੀ ਹੈ ? ਕੀ ਉਸ ਨੂੰ ਪਹਿਲੋਂ ਇਸ ਬਾਰੇ ਹਿੰਦ ਸਰਕਾਰ ਦੇ ਵਿਚਾਰਾਂ ਦਾ ਪਤਾ ਨਹੀਂ ਸੀ ?

ਇਸ ਲਈ ਗੌਰਮਿੰਟ ਆਪਣੀ ਇਸ ਸ਼ਰਤ ਤੋਂ ਵੀ ਭੱਜ ਖਲੋਤੀ ਕਿਉਂਕਿ ਉਸ ਨੂੰ ਪਤਾ ਸੀ ਕਿ ਮਹਾਰਾਜਾ ਨਾਭਾ ਇਸ ਸ਼ਰਤ ਦੇ ਪੂਰਾ ਕਰਨ ਲਈ ਕੋਈ ਵੀ ਲਿਖਤ, ਆਪਣੇ ਹੱਥੀਂ ਲਿਖਕੇ, ਨਹੀਂ ਦੇਣ ਲਗਾ। ਗੌਰਮਿੰਟ ਮਹਾਰਾਜੇ ਦੀ ਉਹ ਹੱਥ-ਲਿਖਤ ਮੁੜ ਵਿਖਾਣ ਨੂੰ ਤਿਆਰ ਸੀ ਜਿਹੜੀ ਕਿ ਉਸ ਤੋਂ ਡਰਾ ਧਮਕਾ ਕੇ ਲੈ ਲਈ ਗਈ ਸੀ। ਪਰ ਇਹ ਲਿਖਤ ਤਾਂ ਸ਼੍ਰੋਮਣੀ ਕਮੇਟੀ ਰੱਦ ਕਰ ਚੁਕੀ ਸੀ। ਏਹੋ ਹੀ ਨਹੀਂ ਕਰੇਕ ਦੀਆਂ ਨਜ਼ਰਾਂ ਵਿਚ ਵੀ ਸ: ਜੋਧ ਸਿੰਘ ਤੇ ਸ: ਨਾਰਾਇਣ ਸਿੰਘ ਇਸ ਗਲ ਤੇ "ਕਾਇਲ ਜਾਪਦੇ ਸਨ ਕਿ 31.7.1923 ਦਾ ਬਿਆਨ (ਮਹਾਰਾਜਾ ਨਾਭਾ ਤੋਂ) ਡਰਾ ਧਮਕਾ ਕੇ ਲਿਆ ਗਿਆ ਹੈ।"[1] ਵਿਚੋਲਿਆਂ ਨੇ ਸਰਕਾਰ ਨੂੰ ਸਾਫ ਕਹਿ ਦਿਤਾ ਸੀ ਕਿ ਸ਼੍ਰੋਮਣੀ ਕਮੇਟੀ ਨਾਭੇ ਦੀ ਐਜੀਟੇਸ਼ਨ ਓਨਾ ਚਿਰ ਛਡਣ ਨੂੰ ਤਿਆਰ ਨਹੀਂ ਜਿਨੇ ਚਿਰ ਤਕ ਉਹ ਲਿਖਕੇ ਨਹੀਂ ਦੇਂਦਾ।

ਵਾਈਸਰਾਏ ਨੇ ਇਸ ਸਮਝੌਤੇ ਦੀ ਮਨਜ਼ੂਰੀ ਲਈ ਸੈਕਟਰੀ ਆਫ ਸਟੇਟ (ਲੰਡਨ) ਨੂੰ ਤਾਰ ਭੇਜੀ ਜਿਸ ਵਿਚ ਉਸ ਨੇ ਲਿਖਿਆ ਕਿ ਸ਼੍ਰੋਮਣੀ ਕਮੇਟੀ ਦੇ ਪਬਲਕ ਤੌਰ ਤੇ ਏਲਾਨ ਕਰਨ ਉੱਤੇ—ਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਨਾਭੇ ਜਾਂ ਹੋਰ ਕਿਤੇ ਸਰਕਾਰ ਦੇ ਖਿਲਾਫ ਐਜੀਟੇਸ਼ਨ ਤੇ ਪ੍ਰੋਪੇਗੰਡੇ ਦੇ ਸਭ ਰੂਪ ਛੱਡਣ ਜਾਂ ਇਹਨਾਂ ਤੋਂ ਪਰਹੇਜ਼ ਕਰਨ ਦਾ ਫੈਸਲਾ ਕੀਤਾ ਹੈ, ਗੌਰਮਿੰਟ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਬਾਗੀ ਕਰਾਰ ਦੇਣ ਵਾਲਾ ਏਲਾਨ ਮਨਸੂਖ ਕਰ ਦੇਵੇਗੀ[2] ਵਗੈਰਾ।

ਮਤਲਬ ਸਾਫ ਸੀ ਕਿ ਗੌਰਮਿੰਟ ਸ਼੍ਰੋਮਣੀ ਕਮੇਟੀ ਤੋਂ ਹਰ ਪਰਕਾਰ ਦੀ ਐਜੀਟੇਸ਼ਨ ਛੁਡਾ ਕੇ ਅਗਲਾ ਕਦਮ ਪੁੱਟਣਾ ਚਾਹੁੰਦੀ ਸੀ, ਐਵੇਂ ਨਹੀਂ। ਉਹ ਨਾਭੇ ਦੀ ਐਜੀਟੇਸ਼ਨ ਦੇ 'ਮੁਲਤਵੀ' ਨੂੰ ਵੀ ਮੰਨਣ ਨੂੰ ਤਿਆਰ ਨਹੀਂ ਸੀ। ਕਿਉਂਕਿ ਸ਼ਬਦ 'ਮੁਲਤਵੀ ਕਰਨ' ਵਿਚ ਐਜੀਟੇਸ਼ਨ ਫੇਰ ਸ਼ੁਰੂ ਕਰ ਦੇਣ ਦੇ ਅਰਥ ਛੁਪੇ ਹੋਏ ਹਨ। ਗੌਰਮਿੰਟ ਕਮੇਟੀ ਵਲੋਂ ਸਭ ਐਜੀਟੇਸ਼ਨ ਛਡ ਦੇਣ ਉੱਤੇ ਜ਼ੋਰ ਦੇ ਰਹੀ ਸੀ ਅਤੇ ਜਦੋਂ ਉਹ ਐਜੀਟੇਸ਼ਨ ਤੋਂ 'ਪਰਹੇਜ਼ ਕਰਨ' ਦੀ ਗੱਲ ਕਰਦੀ ਸੀ ਤਾਂ ਸਪਸ਼ਟ ਕਰਦੀ ਸੀ ਕਿ ਪਰਹੇਜ਼ ਕਰਨ ਦੇ ਅਰਥ 'ਛੱਡਣ' ਦੇ ਤਾਂ ਹੋ ਸਕਦੇ ਹਨ, 'ਮੁਲਤਵੀ' ਕਰਨ ਦੇ ਨਹੀਂ ਹੋ ਸਕਦੇ। ਇਸ ਤਰ੍ਹਾਂ ਗੌਰਮਿੰਟ ਸਮਝੌਤੇ ਨੂੰ ਰਾਹ ਵਿਚ ਹੀ ਛੱਡ ਦੇਣ ਦੇ ਰਾਹੇ ਪੈ ਗਈ ਸੀ।

## 7. ਰਿਹਾਈਆਂ ਦਾ ਮਸਲਾ

17 ਅਪਰੈਲ ਦੇ ਸਮਝੌਤਾ-ਖਰੜੇ ਦੀ ਮਦ (5) ਅਨੁਸਾਰ ਗੁਰਦੁਆਰਾ ਬਿਲ ਦੇ

[1] From H. D. Craik to Crerar Home Secretary.

[2] Telegram p. no.—339 5th May 1924. File no. 297/1924.

Digitized by Panjab Digital Library | www.panjabdigilib.org

ਕਾਨੂੰਨੀ ਸ਼ਕਲ ਧਾਰਨ ਕਰਨ ਪਿੱਛੋਂ ਗੌਰਮਿੰਟ ਵਲੋਂ ਗੁਰਦੁਆਰਿਆਂ ਉੱਤੇ ਜ਼ਬਰਦਸਤੀ ਕਬਜ਼ਾ ਕਰਨ ਵਾਲੇ, ਜੈਤੋ ਤੇ ਭਾਈ ਫੇਰੂ ਵਿਚ ਫੜੇ ਤੇ ਕੈਦ ਹੋ ਜਾਣ ਵਾਲੇ, ਕਿਰਪਾਨ ਨਾਲ ਸੰਬੰਧਤ ਜੁਰਮਾਂ ਵਾਲੇ ਅਤੇ ਕਰਿਮੀਨਲ ਲਾਅ ਥੱਲੇ ਮੁਕੱਦਮਿਆਂ, ਜਾਂ ਕੈਦ ਹੋ ਜਾਣ, ਵਾਲੇ ਅਕਾਲੀ ਰਿਹਾ ਕੀਤੇ ਜਾਣੇ ਸਨ। ਇਸ ਮੱਦ ਥੱਲੇ ਤਸ਼ੱਦਦ ਦੇ ਜੁਰਮਾਂ ਵਾਲੇ ਅਤੇ ਬਬਰ ਅਕਾਲੀ ਰਿਹਾ ਨਹੀਂ ਸਨ ਕੀਤੇ ਜਾਣੇ ਅਤੇ ਨਾ ਹੀ ਸਿੱਖ ਸਾਜ਼ਸ਼ ਕੇਸ ਦੇ ਅਤੇ ਫੌਜੀ ਅਦਾਲਤਾਂ ਵਿਚ ਕੈਦ ਕੀਤੇ ਗਏ ਕੈਦੀ ਛੱਡੇ ਜਾਣੇ ਸਨ।

ਵਾਈਸਰਾਏ ਦੀ ਸੈਕਟਰੀ ਆਫ ਸਟੇਟ ਲੰਡਨ ਨੂੰ ਘੱਲੀ ਉਤਲੀ ਤਾਰ ਵਿਚ ਵੀ ਉਤਲੀਆਂ ਕਿਸਮਾਂ ਦੇ ਕੈਦੀਆਂ ਦੀ ਰਿਹਾਈ ਦਾ ਜ਼ਿਕਰ ਸੀ। ਪਰ ਉਸ ਵਿਚ ਕਿਹਾ ਗਿਆ ਸੀ: ਕਿ ਪੰਜਾਬ ਗੌਰਮਿੰਟ ਓਨੇ ਆਦਮੀ ਰਿਹਾ ਕਰਨ ਦਾ ਇਰਾਦਾ ਰਖਦੀ ਹੈ ਜਿੰਨੇ ਸੰਭਵ ਹੋ ਸਕਣ।[1] ਜਿਸ ਦਾ ਮਤਲਬ ਇਹ ਸੀ ਕਿ ਗੌਰਮਿੰਟ ਰਿਹਾਈਆਂ ਦੇ ਮਸਲੇ ਨੂੰ ਜਾਣ ਬੁੱਝ ਕੇ ਅਸਪਸ਼ਟ ਰੱਖ ਰਹੀ ਸੀ ਤਾਂ ਜੁ ਇਸ ਨੂੰ ਸਮਝੌਤੇ ਵਿਚ ਦਬਾਅ ਦੇ ਤੌਰ ਤੇ ਵਰਤਿਆ ਜਾਵੇ।

ਰਿਹਾਈਆਂ ਦੀ ਮੱਦ ਵਿਚ ਸ਼੍ਰੋਮਣੀ ਕਮੇਟੀ ਵਲੋਂ ਦੋਂਹ ਹੋਰ ਗੱਲਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਸੀ: ਇਕ, ਅਕਾਲੀ ਆਗੂਆਂ ਦੀ ਸਾਜ਼ਸ਼ ਦੇ ਮੁਕੱਦਮੇ ਵਿਚ ਫੜੇ ਹੋਏ ਲੀਡਰਾਂ ਦੀ ਰਿਹਾਈ ਦਾ ਮਸਲਾ ਅਤੇ ਦੋ, ਰਿਹਾਈਆਂ ਪਿੱਛੋਂ, ਗੌਰਮਿੰਟ ਕੋਈ ਅਜੇਹਾ ਕਦਮ ਨਾ ਚੁੱਕੇ ਜਿਸ ਦੇ ਨਤੀਜੇ ਵਜੋਂ, ਰਿਹਾ ਹੋਏ ਅਕਾਲੀਆਂ ਨੂੰ ਆਪਣੇ ਆਪਣੇ ਕੰਮ ਜਾਂ ਕਿੱਤੇ ਉੱਤੇ ਜਾਣ ਵਿਚ ਵਿਘਨ ਪਏ।

ਇਹ ਦੋਵੇਂ ਗੱਲਾਂ ਕੁਛ ਸਪਸ਼ਟੀ-ਕਰਣ ਮੰਗਦੀਆਂ ਹਨ। ਰਿਹਾਈਆਂ ਦੇ ਪਰਸੰਗ ਵਿਚ ਸ਼੍ਰੋਮਣੀ ਕਮੇਟੀ ਨੇ ਸ: ਮਹਿਤਾਬ ਸਿੰਘ ਤੇ ਉਹਨਾਂ ਦੇ ਬਾਕੀ ਸਾਥੀਆਂ ਦੀ ਰਿਹਾਈ ਉੱਤੇ ਉਚੇਚਾ ਜ਼ੋਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦਾ ਮਤਲਬ ਏਥੇ ਸਿਰਫ ਬਾਹਰਲੀ ਖੁਫੀਆ ਜਾਂ ਖੁੱਲ੍ਹਾ ਕੰਮ ਕਰ ਰਹੀ ਸ਼੍ਰੋਮਣੀ ਕਮੇਟੀ ਤੋਂ ਹੀ ਨਹੀਂ ਸੀ। ਸਗੋਂ ਸ਼ੋਮਣੀ ਕਮੇਟੀ ਦੇ ਕਿਲ੍ਹਾ ਲਾਹੌਰ ਵਿਚ ਬੰਦ ਤੇ ਸਾਜ਼ਸ਼ ਦਾ ਮੁਕੱਦਮਾ ਲੜ ਰਹੇ ਅਕਾਲੀ ਆਗੂਆਂ ਤੋਂ ਵੀ ਸੀ। ਕਿਲ੍ਹੇ ਵਿਚ ਬੰਦ ਆਗੂਆਂ ਦੇ ਸਲਾਹ ਮਸ਼ਵਰੇ ਤੋਂ ਬਗੈਰ ਬਾਹਰਲੇ ਆਗੂ ਕੋਈ ਕਦਮ ਨਹੀਂ ਸਨ ਪੁੱਟਦੇ। ਏਹੋ ਕਾਰਣ ਸੀ ਕਿ ਵਿਚੋਲਿਆਂ ਨੂੰ ਕਦੇ ਕਿਲ੍ਹੇ ਲਾਹੌਰ ਵਿਚ ਜਾ ਕੇ ਮੁਲਾਕਾਤਾਂ ਕਰਨੀਆਂ ਪੈਂਦੀਆਂ ਸਨ ਅਤੇ ਕਦੇ ਅਮਰਿਤਸਰ ਜਾ ਕੇ। ਗੱਲ ਬਾਤ ਵਿਚੋਲਿਆਂ ਰਾਹੀਂ ਬਾਹਰਲਿਆਂ ਨੂੰ ਨਾਲ ਲੈ ਕੇ ਹੀ ਹੋ ਸਕਦੀ ਸੀ, ਅਮਰਿਤਸਰ ਵਾਲਿਆਂ ਤੇ ਕਿਲ੍ਹੇ ਵਾਲਿਆਂ ਦੀ ਸਿੱਧੀ ਨਹੀਂ। ਇਹ ਦੂਜੀ ਗੱਲ ਹੈ ਕਿ ਚੋਰੀ ਛਿਪੀਂ, ਬਾਹਰਲਿਆਂ ਤੇ ਅੰਦਰਲਿਆਂ ਆਗੂਆਂ ਵਿਚਕਾਰ ਚਿੱਠੀਆਂ ਰਾਹੀਂ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਸੀ। ਅਤੇ ਗੌਰਮਿੰਟ ਦੀ ਕੋਈ ਵੀ ਮਸ਼ੀਨਰੀ ਇਸ ਚਿੱਠੀ ਪੱਤਰ ਨੂੰ ਨਹੀਂ ਸੀ ਰੋਕ ਸਕਦੀ।

ਅੰਦਰਲੇ ਗੱਲ ਬਾਤ ਕਰਨ ਵਾਲੇ ਕੁਛ ਆਗੂਆਂ ਵਿਚ ਕਮਜ਼ੋਰੀ ਆ ਗਈ ਸੀ। ਮੁਕੱਦਮਾ ਲੰਮਾ ਹੋ ਜਾਣ ਕਰ ਕੇ ਉਹ ਤੰਗ ਪੈ ਗਏ ਸਨ ਅਤੇ ਚਾਹੁੰਦੇ ਸਨ ਕਿ ਉਹ ਛੇਤੀ ਤੋਂ ਛੇਤੀ ਰਿਹਾਈ ਹਾਸਲ ਕਰਨ। ਇਸ ਲਈ ਉਹ ਸਮਝੌਤੇ ਲਈ ਕਾਹਲੇ ਪਏ ਹੋਏ ਸਨ। ਪਰ ਅਜੇ ਉਹ ਥੋੜ-ਗਿਣਤੀ ਵਿਚ ਸਨ। ਬਹੁ-ਗਿਣਤੀ ਉਹਨਾਂ ਦੀ ਕੋਈ ਪੇਸ਼ ਨਹੀਂ ਸੀ ਜਾਣ ਦੇਂਦੀ। ਉਹੋ ਹੀ ਇਹ ਆਗੂ ਸਨ ਜਿਹੜੇ ਆਪਣੀ ਰਿਹਾਈ ਉੱਤੇ ਖਾਸ ਜ਼ੋਰ ਦੇਂਦੇ ਸਨ।

[1] Telegram p. no.—339 5th May 1924. File no. 297/1924.

Digitized by Panjab Digital Library | www.panjabdigilib.org

ਬਾਹਰਲੀ ਕਮੇਟੀ ਦੇ ਮਿੰਬਰਾਂ ਦਾ ਇਸ ਨਾਲ ਸਹਿਮਤ ਹੋ ਜਾਣਾ ਸਮਝ ਵਿਚ ਆ ਜਾਣ ਵਾਲੀ ਗੱਲ ਸੀ ।

ਦੂਜੀ ਸ਼ਰਤ ਵੀ ਇਹਨਾਂ ਅੰਦਰਲੇ ਆਗੂਆਂ ਨੇ ਹੀ ਪੇਸ਼ ਕੀਤੀ ਸੀ । ਸ਼ਰਤ ਚੰਗੀ ਸੀ ਕਿਉਂਕਿ ਕੈਦ ਕੱਟ ਚੁੱਕੇ ਅਕਾਲੀਆਂ ਨੂੰ ਕਈ ਤਰ੍ਹਾਂ ਦੀਆਂ ਕਾਨੂੰਨੀ ਪਾਬੰਦੀਆਂ ਤੋਂ ਛੁਟਕਾਰਾ ਦਿਵਾਉਂਦੀ ਸੀ । ਮਤਲਬ ਇਹ ਸੀ ਕਿ ਅਕਾਲੀ ਤਹਿਰੀਕ ਵਿਚ ਕੱਟੀ ਗਈ ਕੈਦ ਆਪਣੀ ਨੌਕਰੀ ਤੇ ਜਾਣ, ਨੌਕਰੀ ਹਾਸਲ ਕਰਨ ਜਾਂ ਲੱਗੀਆਂ ਪਿਨਸ਼ਨਾਂ ਦੇ ਵਸੂਲ ਕਰਨ ਵਿਚ ਕੋਈ ਰੋਕ-ਰੁਕਾਵਟ ਨਾ ਪਾਵੇ ਤਾਂ ਜੋ ਕੈਦ ਕੱਟ ਚੁੱਕੇ ਅਕਾਲੀ ਛੋਟੇ ਅਫਸਰਾਂ ਦੇ ਤਅਸੱਬ ਦਾ ਸ਼ਿਕਾਰ ਨਾ ਹੋ ਸਕਣ । ਸਮਝੌਤੇ ਦੇ ਦੌਰਾਨ ਅਦਾਲਤਾਂ ਵਲੋਂ ਕੀਤੇ ਗਏ ਜੁਰਮਾਨਿਆਂ ਦੀ ਵਸੂਲੀ ਨਾ ਕਰਨ ਉੱਤੇ ਵੀ ਸ਼੍ਰੋਮਣੀ ਕਮੇਟੀ ਵਲੋਂ ਜ਼ੋਰ ਦਿੱਤਾ ਗਿਆ ਸੀ ।

ਇਹ ਇਸ ਸ਼ਰਤ ਦਾ ਚੰਗਾ ਪਹਿਲੂ ਸੀ ਜਿਹੜਾ ਕਿ ਸਮੁੱਚੀ ਅਕਾਲੀ ਤਹਿਰੀਕ ਤੇ ਲਾਗੂ ਹੁੰਦਾ ਸੀ । ਪਰ ਇਸ ਦੇ ਅੰਦਰ ਕੰਮ ਕਰ ਰਿਹਾ ਇਕ ਕਮਜ਼ੋਰ ਪਹਿਲੂ ਵੀ ਸੀ ਉਹ ਇਹ ਕਿ ਸਾਜ਼ਸ਼ ਕੇਸ ਦੇ ਅਕਾਲੀ ਆਗੂਆਂ ਨੂੰ ਕੈਦ ਹੋ ਕੇ ਦਾਗੀ ਨਹੀਂ ਹੋਣ ਦੇਣਾ : ਕਿਉਂਕਿ ਇਹਨਾਂ ਵਿਚੋਂ ਕਿਸੇ ਨੇ ਜੱਜ ਬਣਨਾ ਹੈ, ਕਿਸੇ ਨੇ ਇਨਸਪੈਕਟਰ ਜਾਂ ਸੁਪਰੰਡੰਟ ਪੁਲਸ ਬਣਨਾ ਹੈ । ਇਸ ਲਈ ਮੁਕੱਦਮਾ ਲੰਮਾ ਕਰੀ ਜਾਣਾ ਹੈ ਅਤੇ ਸਮਝੌਤੇ ਦਾ ਕੋਈ ਰਾਹ ਕੱਢਣਾ ਹੈ । ਇਹੋ ਜੇਹੀਆਂ ਗੱਲਾਂ ਸ਼੍ਰੋਮਣੀ ਕਮੇਟੀ ਦਾ ਪਰਧਾਨ ਸ: ਮਹਿਤਾਬ ਸਿੰਘ ਉਸ ਵੇਲੇ ਕਿਲ੍ਹੇ ਅੰਦਰ 50 ਤੋਂ ਵੱਧ ਸਾਥੀਆਂ ਸਾਮ੍ਹਣੇ ਕਈ ਵਾਰ ਕਰਦਾ ਸੀ ਜਿਸ ਵੇਲੇ ਕਿ ਇਹਨਾਂ ਆਗੂਆਂ ਦੇ ਹੁਕਮ ਨਾਲ ਜੈਤੋ ਵਿਚ ਪੰਜ ਪੰਜ ਸੌ ਦੇ ਸ਼ਹੀਦੀ ਜਥੇ ਖਿੜੇ ਮੱਥੇ ਜਾ ਜਾ ਸ਼ਹੀਦੀਆਂ ਪਰਾਪਤ ਕਰ ਰਹੇ ਸਨ । ਇਸ ਹਾਲਤ ਨੂੰ ਵੇਖ ਕੇ ਹੀ ਗੋਪਾਲ ਸਿੰਘ ਕੌਮੀ ਨੇ ਇਹ ਟੱਪਾ ਲਾਉਣਾ ਸ਼ੁਰੂ ਕਰ ਦਿੱਤਾ ਸੀ : ਕੀ ਖੱਟਿਆ ਕਮੇਟੀ ਵਿਚ ਆ ਕੇ ਜਿੰਦੜੀ ਨੂੰ ਰੋਗ ਲਾ ਲਿਆ, ਮੇਰੀ ਤੋਬਾ !! ਕਿਲ੍ਹੇ ਅੰਦਰ ਜਿੰਨਾ ਕੁਛ ਅਕਾਲੀ ਆਗੂਆਂ ਵਿਚ ਕਮਜ਼ੋਰੀ ਆ ਗਈ ਸੀ ਉਹਨਾਂ ਦਾ ਆਗੂ ਸ: ਮਹਿਤਾਬ ਸਿੰਘ ਪਰਧਾਨ ਸ਼੍ਰੋਮਣੀ ਕਮੇਟੀ ਸੀ ।

ਇਹਨਾਂ ਆਗੂਆਂ ਦੀ ਸੋਚਣੀ ਵਿਚ ਵਿਰੋਧ ਕੰਮ ਕਰ ਰਿਹਾ ਸੀ । ਜੇ ਰਿਹਾਈ ਪਿਛੋਂ ਕੱਟੀ ਹੋਈ ਕੈਦ ਤੇ ਕਿਸੇ ਹਰਜਾਨੇ ਦੀ ਪਾਬੰਦੀ ਨਹੀਂ ਸੀ ਲੱਗਣੀ ਤਾਂ ਸਾਜ਼ਸ਼ ਕੇਸ ਦੇ ਆਗੂਆਂ ਉੱਤੇ ਵੀ ਇਹ ਗੱਲ ਲਾਗੂ ਹੋਣੀ ਸੀ । ਅਸੂਲ ਇਹ ਹੋਣਾ ਚਾਹੀਦਾ ਸੀ : ਹਮੂ ਯਾਰਾਂ ਦੋਜ਼ਖ ਹਮੂ ਯਾਰਾਂ ਬਹਿਸ਼ਤ । ਪਰ ਸ: ਮਹਿਤਾਬ ਸਿੰਘ ਜੀ ਮੁਕੱਦਮਾ ਇਸ ਲਈ ਲੰਮਾ ਕਰੀ ਜਾਂਦੇ ਸਨ ਕਿ ਸਾਜ਼ਸ਼ ਕੇਸ ਵਿਚ ਕਿਸੇ ਨੂੰ ਵੀ ਕੈਦ ਨਹੀਂ ਹੋਣ ਦੇਣਾ ।

## 8. ਹੇਲੀ ਦੀ ਭਾਜੀ

14 ਮਈ ਨੂੰ ਸੈਕਟਰੀ ਆਫ ਸਟੇਟ ਨੇ ਲੰਡਨ ਵਿਚ ਹੇਲੀ ਨਾਲ ਮਸ਼ਵਰਾ ਕਰ ਕੇ ਵਾਈਸਰਾਏ ਨੂੰ ਇਕ ਚਿੱਠੀ ਲਿਖੀ ਜਿਸ ਦਾ ਮਤਲਬ ਇਹ ਸੀ ਕਿ ਕੋਈ ਅਜੇਹਾ ਸਮਝੌਤਾ ਨਾ ਕੀਤਾ ਜਾਵੇ ਜਿਹੜਾ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸੰਤੁਸ਼ਟ ਨਾ ਕਰਦਾ ਹੋਵੇ ਕਿਉਂਕਿ ਉਹ ਗੌਰਮਿੰਟ ਦੀ ਹਮਾਇਤ ਕਰਦੇ ਰਹੇ ਹਨ । "ਤੁਸੀਂ ਮੁੱਢ ਵਿਚ ਹੀ ਇਹ ਗੱਲ ਸਾਫ ਕਰ ਦਿਉ ਕਿ ਜੇ (ਗੁਰਦੁਆਰਾ) ਬਿੱਲ ਵਿਚ ਕੋਈ ਅਜੇਹੀਆਂ ਮਦਾਂ ਹੋਈਆਂ ਜਿਹੜੀਆਂ ਕਿ ਗੌਰਮਿੰਟ, ਦੂਜੇ ਫਿਰਕਿਆਂ ਵੱਲ ਆਪਣੀਆਂ ਜ਼ੁਮੇਂਵਾਰੀਆਂ ਦੇ ਕਾਰਣ, ਮਨਜ਼ੂਰ ਕਰਨ ਦੇ ਯੋਗ ਨਹੀਂ

Digitized by Panjab Digital Library | www.panjabdigilib.org

ਹੋਵੇਗੀ ਤਾਂ ਤੁਸੀਂ ਕੈਦੀਆਂ ਨੂੰ ਰਿਹਾ ਕਰਨ ਦੀਆਂ ਜ਼ੁਮੇਂਵਾਰੀਆਂ ਤੋਂ ਆਜ਼ਾਦ ਹੋਵੋਗੇ।"[1]

ਇਸ ਚਿੱਠੀ ਪਿਛੋਂ ਵਾਈਸਰਾਏ ਦਾ ਰਵੱਈਆ ਹੋਰ ਸਖਤ ਹੋ ਗਿਆ। ਉਸ ਨੇ ਆਪਣੀ "17 ਮਈ ਦੀ ਆਖਰੀ ਪੇਸ਼ਕਸ਼" ਵਿਚ ਗੌਰਮਿੰਟ ਦੀ ਰਿਹਾਈਆਂ ਦੀ ਜ਼ੁਮੇਵਾਰੀ ਨੂੰ ਇਕ ਤਰ੍ਹਾਂ ਤਿਲ੍ਹਾਂਜਿਲੀ ਦੇ ਦਿੱਤੀ ਕਿਉਂਕਿ ਉਸ ਨੇ ਇਸ "ਆਖਰੀ ਪੇਸ਼ਕਸ਼" ਵਿਚ ਰਿਹਾਈਆਂ ਦੀ ਦਿੱਤੀ ਹੋਈ ਸ਼ਰਤ ਦੀ ਥਾਂ—"**ਪੰਜਾਬ ਗੌਰਮਿੰਟ ਦਾ ਇਹ ਇਰਾਦਾ ਹੈ ਕਿ ਉਹ ਓਨੇ ਕੈਦੀ ਰਿਹਾ ਕਰ ਦੇਵੇਗੀ ਜਿੰਨੇ ਸੰਭਵ ਹੋ ਸਕਣਗੇ**"—ਵਿਚੋਲਿਆਂ ਨੂੰ ਲਿਖ ਕੇ ਘੱਲ ਦਿੱਤਾ।[2] ਇਹ ਪੇਸਕਸ਼ ਇਕ ਤਰ੍ਹਾਂ ਦਾ ਅਲਟੀਮੇਟਮ ਸੀ ਜਿਸ ਦਾ ਮਤਲਬ ਇਹ ਸੀ : ਇਹ ਸ਼ਰਤਾਂ ਮੰਨਦੇ ਹੋ ਤਾਂ ਮੰਨੋ, ਨਹੀਂ ਤਾਂ ਹਵਾ ਖਾਓ।

ਵਿਚੋਲਿਆਂ ਨੇ ਸ਼੍ਰੋਮਣੀ ਕਮੇਟੀ ਨੂੰ ਜਦੋਂ ਇਹ ਸ਼ਰਤਾਂ ਵਿਖਾਈਆਂ ਤਾਂ ਉਹ ਹਕੇ-ਬੱਕੇ ਰਹਿ ਗਏ। ਉਹਨਾਂ ਨੇ ਗੁੱਸਾ ਪੀਕੇ ਅਤੇ ਠਰ੍ਹੰਮੇ ਨਾਲ ਇਸ ਤੇ ਵਿਚਾਰ ਕੀਤੀ। ਇਹ ਦਸਤਾਵੇਜ਼ ਉਹਨਾਂ ਵਿਚਾਰਾਂ ਤੋਂ ਬਿਲਕੁਲ ਮੁਖਤਲਿਫ ਸੀ ਜਿਨ੍ਹਾਂ ਤੇ ਉਸ ਵੇਲੇ ਤਕ ਵਿਚਾਰ ਹੁੰਦੀ ਰਹੀ ਸੀ। ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ "ਇਸ ਸਮਝੌਤੇ ਉਤੇ ਸਹਿਮਤ ਹੋਣ" ਤੋਂ ਇਨਕਾਰ ਕਰ ਦਿਤਾ ਅਤੇ ਵਿਚੋਲਿਆਂ ਨੂੰ ਲਿਖ ਕੇ ਦਿੱਤਾ : "ਅਸੀਂ ਹਮੇਸ਼ਾਂ ਹੀ, ਅਤੇ ਹੁਣ ਵੀ ਅਜੇਹੇ ਵਿਚਾਰ-ਸ਼ੀਲ ਤੇ ਇਜ਼ਤਦਾਰ ਸਮਝੌਤੇ ਲਈ ਤਿਆਰ ਹਾਂ ਜਿਹੜਾ ਪੰਥ ਦੇ ਗੁਰਦੁਆਰਾ ਸੁਧਾਰ ਦਾ ਮਕਸਦ ਹਲ ਕਰ ਸਕੇ। ਇਸ ਦੇ ਨਾਲ ਹੀ ਅਸੀਂ ਲੋਕਾਂ ਦੀਆਂ ਅੱਖਾਂ ਵਿਚ ਰੱਤਾ ਮਾਸਾ ਵੀ ਗੌਰਮਿੰਟ ਦੀ ਸ਼ਾਖ ਘਟਾਣ ਦੀ ਖਾਹਸ਼ ਨਹੀਂ ਰਖਦੇ ਹਾਂ।"[3]

"ਅਖੀਰੀ ਪੇਸ਼ਕਸ਼" ਵਿਚ ਗੌਰਮਿੰਟ ਨੇ ਆਪਣੇ ਉਤੇ ਕੋਈ ਵੀ ਜ਼ੁਮੇਵਾਰੀ ਨਹੀਂ ਸੀ ਲਈ। ਸਭ ਜ਼ੁਮੇਵਾਰੀਆਂ ਸ਼੍ਰੋਮਣੀ ਕਮੇਟੀ ਦੇ ਸਿਰ ਉਤੇ ਸੁੱਟ ਦਿੱਤੀਆਂ ਸਨ। ਅਤੇ ਉਸ ਨੇ ਸਗੋਂ ਦੋਂਹ ਸ਼ਰਤਾਂ ਬਾਰੇ ਬਿਲਕੁਲ ਸਾਫ ਕਰ ਦਿੱਤਾ ਕਿ ਉਹ ਇਹਨਾਂ ਉਤੇ ਕਿਸੇ ਸੂਰਤ ਵਿਚ ਵੀ ਨਹੀਂ ਝੁਕੇਗੀ। (1) ਨਾਭੇ ਵਿਚ ਚਲ ਰਹੇ ਮੁਕੱਦਮੇ ਵਾਪਸ ਨਹੀਂ ਲਏ ਜਾਣਗੇ ਅਤੇ (2) ਨਾਭੇ ਨੂੰ ਗੱਦੀ ਤੇ ਬਿਠਾਣ ਦੀ ਐਜੀਟੇਸ਼ਨ ਛੱਡਣ ਦਾ ਪੱਕਾ ਬਚਨ ਦੇਣਾ ਹੋਵੇਗਾ।

ਵਿਚੋਲਿਆਂ ਨੇ ਸਾਫ ਤੌਰ ਤੇ ਕਮੇਟੀ ਦੇ ਆਗੂਆਂ ਨੂੰ ਦੱਸਿਆ ਸੀ ਕਿ ਅਖੰਡ ਪਾਠ ਦੇ ਸ਼ੁਰੂ ਹੁੰਦਿਆਂ ਹੀ ਜੈਤੋ ਵਿਚ ਫੜ ਲਏ ਗਏ ਅਕਾਲੀ ਰਿਹਾ ਕਰ ਦਿੱਤੇ ਜਾਣਗੇ, ਪਰ ਉਹਨਾਂ ਉਤੇ ਨਾਭੇ ਵਿਚ ਨਵਾਂ ਮੁਕੱਦਮਾ ਚਲਾ ਦਿੱਤਾ ਗਿਆ ਜਿਸ ਵਿਚ ਸ਼ਹੀਦੀ ਜਥੇ ਦੇ ਪਰਮੁਖ ਜਥੇਦਾਰ, ਜਥੇਦਾਰ ਤੇ ਕੁਛ ਹੋਰ ਅਕਾਲੀਆਂ ਉਤੇ ਤਸ਼ੱਦਦ ਦੀ ਵਰਤੋਂ ਦਾ ਦੋਸ਼ ਲਾਇਆ ਗਿਆ ਸੀ ਜਦੋਂ ਕਿ ਗੌਰਮਿੰਟ ਨੇ ਆਪਣੇ ਏਲਾਨ ਵਿਚ ਖੁਦ ਇਕਬਾਲ ਕੀਤਾ ਸੀ ਕਿ ਜੱਥਾ ਬਿਲਕੁਲ ਹੀ ਸ਼ਾਂਤ-ਮਈ ਰਿਹਾ ਸੀ। ਅਤੇ ਇਸ ਦੀ ਤਸਦੀਕ "ਨਿਰਪਖ ਵਿਚਾਰਸ਼ੀਲ ਅਤੇ ਨਿਰਸੁਆਰਥ ਗੁਆਹਾਂ" ਨੇ ਵੀ ਕੀਤੀ ਸੀ।[4]

---

[1] File no. 297/1924.

[2] Viceroy's telegram No. 389 on 17th May 1924 to the Secretary of State.

[3] ਵਿਚੋਲਿਆਂ ਨੂੰ ਦਿੱਤੀ ਗਈ ਲਿਖਤੀ ਚਿੱਠੀ—18 ਮਈ 1924.

[4] ਉਪਰੋਕਤ ਹੀ—ਫਾਈਲ 297/1924.

Digitized by Panjab Digital Library | www.panjabdigilib.org

## 9. ਕੇਂਦਰੀ ਸਕੱਤਰੇਤ ਵਿਚ ਮਤਭੇਦ

ਗੌਰਮਿੰਟ ਦੇ ਉੱਚ ਮਹਿਕਮਿਆਂ ਦੇ ਅਫਸਰਾਂ ਵਿਚ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰਨ ਸਬੰਧੀ ਇਖਤਲਾਫ ਸੀ । 17 ਅਪਰੈਲ ਦਾ ਸਮਝੌਤੇ ਦਾ ਖਰੜਾ ਪੇਸ਼ ਹੋਣ ਪਿਛੋਂ ਉਹਨਾਂ ਵਿਚੋਂ ਕੁਛ ਨੇ ਇਸ ਵਿਚ ਘੁੰਤਰਾਂ ਤੇ ਖਾਮੀਆਂ ਕਢਣੀਆਂ ਸ਼ੁਰੂ ਕਰ ਦਿੱਤੀਆਂ ਸਨ । ਇਹ ਅਫਸਰ ਸਮਝੌਤਾ-ਵਿਰੋਧੀ ਸਨ; ਕੁਛ ਚਾਹੁੰਦੇ ਸਨ ਕਿ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਹੋ ਜਾਏ ਤਾਂ ਜੁ ਇਹ ਝਗੜਾ ਮੁਕਾ ਲਿਆ ਜਾਵੇ । ਪਰ ਚਲਦੀ ਸਕੱਤਰੇਤ ਵਿਚ ਵਧੇਰੇ ਉਸ ਦੀ ਸੀ ਜਿਹੜਾ ਅੰਗਰੇਜ਼ ਰਾਜ ਦੀ ਸਾਖ ਤੇ ਇੱਜ਼ਤ ਦਾ ਮਜ਼ਬੂਤ ਰਖਵਾਲਾ ਬਣਕੇ ਸਾਮ੍ਹਣੇ ਆਵੇ ਅਤੇ ਵੱਧ ਤੋਂ ਵੱਧ ਸਖਤੀ ਵਰਤ ਕੇ ਕਿਸੇ ਤਹਿਰੀਕ ਨੂੰ ਕੁਚਲਨ ਦੀ ਹਮਾਇਤ ਕਰੇ । ਪੰਜਾਬ ਦੇ ਜ਼ਾਲਮ ਗਵਰਨਰ ਓਡਵਾਇਰ ਦੀ ਸੱਜੀ ਬਾਂਹ ਮਿਸਟਰ ਥਾਮਸਨ ਇਸ ਵੇਲੇ ਰਾਜਸੀ ਤੇ ਬਦੇਸ਼ੀ ਮਹਿਕਮੇ ਦਾ ਪੋਲਿਟੀਕਲ ਸੈਕਟਰੀ ਸੀ ਅਤੇ ਇਹ ਸਮਝੌਤੇ ਦਾ ਕਟੱੜ ਵਿਰੋਧੀ ਸੀ ।

ਅਪਰੈਲ 1924 ਦੀ ਉੱਚ-ਪੱਧਰੀ ਸਰਕਾਰੀ ਕੌਂਸਲ ਦੀ ਮੀਟਿੰਗ ਵਿਚ ਜਿਹੜੇ ਅਫਸਰ ਸਮਝੌਤੇ ਲਈ ਰਜ਼ਾਮੰਦ ਵੀ ਹੋ ਗਏ ਸਨ, ਉਹਨਾਂ ਵਿਚੋਂ ਵੀ ਦੋਂਹ ਤਿੰਨਾਂ ਨੂੰ ਪਛਤਾਵਾ ਲੱਗਾ ਹੋਇਆ ਸੀ । ਉਹਨਾਂ ਵਿਚੋਂ ਇਕ ਨੇ ਆਪਣੇ ਹੱਥ-ਲਿਖਤ ਨੋਟ ਵਿਚ ਆਖਿਆ :

"ਮੈਂ ਇਹਨਾਂ ਫੈਸਲਿਆਂ ਨਾਲ ਕੌਂਸਲ ਵਿਚ ਆਤਮ-ਗਿਲਾਨੀ ਨਾਲ ਸਹਿਮਤ ਹੋ ਗਿਆ ਸਾਂ......ਅਸੀਂ ਇਕ ਕਾਨੂੰਨ-ਵਿਰੁਧ ਜਮਾਤ ਨਾਲ ਸੌਦਾ ਕਰਨ ਦੀਆਂ ਸ਼ਰਤਾਂ ਉਤੇ ਲੈਣ ਦੇਣ ਕਰ ਰਹੇ ਹਾਂ । ਜਿਵੇਂ ਕਿ ਬਾਗੀ ਮਾਨਤਾ-ਦਿਤੇ ਦੁਸ਼ਮਣ ਬਣ ਗਏ ਹਨ ਅਤੇ ਸਾਡੇ ਨਾਲ ਅਮਨ ਦੀ ਸੰਧੀ ਕਰਨ ਦੀ ਪੁਜ਼ੀਸ਼ਨ ਵਿਚ ਹੋ ਗਏ ਹਨ—ਇਹ ਗੱਲ ਆਪਣੇ ਆਪ ਵਿਚ ਬੜੀ ਬੇ-ਸੁਆਦੀ ਹੈ । ਮੈਂ ਖਾਸ ਤੌਰ ਤੇ ਆਮ ਰਿਹਾਈਆਂ ਲਈ ਸ਼ਰਤ-ਬੱਧੇ ਬਚਨ ਨੂੰ ਬੜਾ ਨਾਪਸੰਦ ਕਰਦਾ ਹਾਂ ਜਿਸ ਦੇ ਅਰਥ ਹੱਕੀ ਤੌਰ ਤੇ ਇਕ ਉਸ ਸਮਝੌਤੇ ਦੇ ਕੱਢੇ ਜਾ ਸਕਦੇ ਹਨ ਜਿਸ ਥੱਲੇ ਹਿੰਦ ਸਰਕਾਰ ਕੁਛ ਆਦਮੀਆਂ ਨੂੰ ਇਸ ਮਕਸਦ ਲਈ ਜੇਲ੍ਹ ਵਿਚ ਰੱਖ ਰਹੀ ਹੈ ਕਿ ਉਹ ਆਪਣੀ ਖ਼ਾਹਸ ਦੇ ਮੁਤਾਬਕ ਕਾਨੂੰਨ ਪਾਸ ਕਰਵਾ ਸਕੇ—ਇਸ ਲਈ ਨਹੀਂ ਕਿ ਉਹ ਯੋਗ ਹੀ ਜੇਲ੍ਹ ਵਿਚ ਰੱਖਣ ਦੇ ਹਨ ।"[1]

ਉਤਲੇ ਅਫਸਰ ਵਰਗਾ ਇਕ ਹੋਰ ਸਕੱਤਰ ਵੀ ਕੌਂਸਲ ਵਿਚ ਸਮਝੌਤੇ ਦੀਆਂ ਤਜਵੀਜ਼ਾਂ ਨਾਲ ਸਹਿਮਤ ਹੋ ਗਿਆ ਸੀ । ਪਰ ਪਿੱਛੋਂ ਉਸ ਦੀ ਆਤਮਾ ਨੂੰ ਵੀ ਖੁਤਖੁੱਤੀ ਹੋਣ ਲੱਗ ਪਈ ਸੀ : ਜੇ ਸਮਝੌਤੇ ਦੀ ਗੱਲ-ਕੱਥ ਟੁੱਟ ਜਾਏ ਤਾਂ ਅਸੀਂ ਮਜ਼ਬੂਤ ਪੁਜ਼ੀਸ਼ਨ ਵਿਚ ਹੋ ਜਾਵਾਂਗੇ ਕਿਉਂਕਿ ਸਾਡੀ ਤਾਕਤ ਵਿਚ ਜੋ ਕੁਛ ਵੀ ਸੀ ਅਸਾਂ ਸਮਝੌਤੇ ਦੇ ਟੁੱਟਣ ਨੂੰ ਟਾਲਣ ਲਈ ਕੀਤਾ, ਪਰ ਜੇ ਸਮਝੌਤਾ ਕਾਮਯਾਬ ਹੋ ਗਿਆ ਤਾਂ ਮੈਨੂੰ ਨਹੀਂ ਪਤਾ ਕਿ ਅਖੰਡ ਪਾਠ ਦੀ "ਮਨਹੂਸ" ਸਫਲਤਾ ਦਾ ਸਮੁਚੇ ਸਿੱਖ ਪੰਥ ਤੇ ਕੀ ਪਰਭਾਵ ਪਏਗਾ । ਦਿਤੇ ਗਏ ਭਰੋਸਿਆਂ ਦੇ ਬਾਵਜੂਦ, ਜੇ ਉਹ ਜੈਤੋ ਵਿਚ ਅਮਲੀ ਜਾਮਾ ਵੀ ਪੁਆ ਦਿਤੇ ਜਾਣ, ਮੈਂ ਇਹ ਮਹਿਸੂਸ ਕਰਨੋਂ ਨਹੀਂ ਰਹਿ ਸਕਦਾ ਕਿ ਇਸ ਨੂੰ ਅਕਾਲੀਆਂ ਦੀ ਫਤਹਿ ਸਮਝਿਆ ਜਾਏਗਾ ਅਤੇ ਗੌਰਮਿੰਟ ਦੀ

---

[1] Bird-wood Committee : File no. 297/1924—dated 8.5.24. p. I27 signature—illegible.

ਹਾਰ।......ਜੇ ਇਸ ਸਮਝੌਤੇ ਦਾ ਅਸਰ ਬੁਰਾ ਪਿਆ ਤਾਂ ਇਹ ਸਰ ਮੈਲਕਮ ਹੇਲੀ ਹੈ ਜਿਸ ਨੂੰ ਹੱਲੇ-ਗੁੱਲੇ ਦਾ ਮੁਕਾਬਲਾ ਕਰਨਾ ਪਏਗਾ ਅਤੇ ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਉਸ ਦੇ ਗਵਰਨਰ ਬਣਦਿਆਂ ਹੀ ਅਸੀਂ ਇਕ ਅਜੇਹੀ ਪਾਲਿਸੀ ਨਾਲ ਉਸ ਦੇ ਹੱਥ ਬੰਨ੍ਹ ਦਿਆਂਗੇ ਜਿਸ ਨੂੰ ਉਹ ਪਸੰਦ ਹੀ ਨਾ ਕਰਦਾ ਹੋਵੇ। ਜੇ ਸੰਭਵ ਹੋਵੇ ਤਾਂ ਮੈਂ ਉਸ ਦੇ ਆਉਣ ਤਕ ਗਲਬਾਤ ਮੁਲਤਵੀ ਕਰਨ ਨੂੰ ਤਰਜੀਹ ਦਿਆਂਗਾ......।[1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਕਤਰੇਤ ਦੇ ਅਫਸਰਾਂ ਵਿਚ ਸਮਝੌਤਾ-ਵਿਰੋਧੀ ਧੜਾ ਚੰਗਾ ਮਜ਼ਬੂਤ ਸੀ ਅਤੇ ਉਹਨਾਂ ਦੀਆਂ ਦਲੀਲਾਂ, ਬਰਿਟਿਸ਼ ਰਾਜ ਦੀ ਮਜ਼ਬੂਤੀ ਤੇ ਸਾਖ ਦੇ ਪੱਖੋਂ, ਚੰਗੀਆਂ ਵਜ਼ਨਦਾਰ ਸਨ। ਅਤੇ ਹੇਲੀ ਦੇ ਗਵਰਨਰ ਬਣਕੇ ਆਉਣ ਤੋਂ ਪਹਿਲੋਂ ਹੀ ਉਹ ਹੇਲੀ ਦਾ ਪੱਖ ਲੈਣ ਲਗ ਪਏ ਸਨ ਕਿਉਂਕਿ 'ਚੜ੍ਹਦੇ ਸੂਰਜ' ਨਾਲ ਪਹਿਲੋਂ ਹੀ ਹੋ ਜਾਣਾ ਬੇਅਸੂਲੇ ਤੇ ਮੌਕਾ ਤਾੜੂ ਲੋਕਾਂ ਲਈ ਕਈ ਤਰ੍ਹਾਂ ਲਾਹੇਵੰਦਾ ਰਹਿੰਦਾ ਹੈ। ਅਕਾਲੀ ਤਹਿਰੀਕ ਦਾ ਨਾਂ ਕੁਚਲੇ ਜਾਣਾ ਉਹਨਾਂ ਦੀਆਂ ਨਜ਼ਰਾਂ ਵਿਚ, ਬਰਿਟਿਸ਼ ਰਾਜ ਲਈ ਹੇਠੀ ਦੀ ਗੱਲ ਸੀ। ਕੋਈ ਅਚੰਭੇ ਦੀ ਗੱਲ ਨਹੀਂ ਜੇ ਉਹਨਾਂ ਦੀ ਸੋਚਣੀ ਇਸ ਵੇਲੇ ਕੁਛ ਇਸ ਤਰ੍ਹਾਂ ਦੀ ਹੋਵੇ।

ਬਰਿਟਿਸ਼ ਸਾਮਰਾਜ, ਜਿਸ ਦੀ ਸਲਤਨਤ ਉੱਤੇ ਸੂਰਜ ਕਦੇ ਡੁਬਦਾ ਨਹੀਂ। ਇਸ ਪਾਸ ਇਤਨੀ ਜ਼ਬਰਦਸਤ ਫੌਜ ਪੁਲਸ ਵਗੈਰਾ ਦੀ ਤਾਕਤ। ਇਹ ਕੁਛ ਲੱਖ ਸਿੱਖ ਹੁੰਦੇ ਕੌਣ ਹਨ ਇਸ ਵਿਸ਼ਾਲ ਰਾਜ ਨਾਲ ਆਢਾ ਲੈਣ ਵਾਲੇ? ਅਤੇ ਇਹ ਬਰਿਟਿਸ਼ ਰਾਜ ਖੁਦ ਸ਼ਰਤਾਂ ਸਵੀਕਾਰ ਕਰਕੇ ਅਕਾਲੀਆਂ ਨਾਲ ਗੱਲ ਬਾਤ ਕਰੇ? ਅਸੰਭਵ, ਅਣਹੋਣੀ ਗੱਲ। ਪਰ ਕੀਤਾ ਕੀ ਜਾਵੇ, ਕਈ ਵਾਰ ਕਈ ਅਣਹੋਣੀਆਂ ਗੱਲਾਂ, ਦੁਨੀਆਂ ਵਿਚ, ਹੋਣੀਆਂ ਹੋ ਜਾਂਦੀਆਂ ਹਨ।

## 10. ਸ: ਜੋਧ ਸਿੰਘ ਦਾ ਰੋਲ

ਵਿਚੋਲਿਆਂ ਦਾ ਰੋਲ ਸਿਰਫ ਹਰਕਾਰਿਆਂ ਵਾਲਾ ਹੀ ਨਹੀਂ ਸੀ—ਏਧਰੋਂ ਪਰਵਾਨਾ ਲੈ ਕੇ ਓਧਰ ਦੇ ਦਿਉ ਓਧਰੋਂ ਜਵਾਬ ਲੈਕੇ ਏਧਰ ਦੇ ਦਿਓ। ਉਹ ਦੋਹਾਂ ਧਿਰਾਂ ਦੇ ਨਾਲ ਵਿਚਾਰ ਵਟਾਂਦਰਾ ਕਰਦੇ ਸਨ। ਅੰਗਰੇਜ਼ ਹਾਕਮਾਂ ਦਾ ਮਨ ਪੜ੍ਹਕੇ ਅਕਾਲੀ ਲੀਡਰਾਂ ਨੂੰ ਦਸਦੇ ਸਨ ਅਤੇ ਅਕਾਲੀ ਲੀਡਰਾਂ ਦਾ ਮਨ ਪੜ੍ਹਕੇ ਅੰਗਰੇਜ਼ ਹਾਕਮਾਂ ਨੂੰ ਦਸਦੇ ਸਨ ਅਤੇ ਖ਼ੁਦ ਆਪਣੇ ਮਨ ਵਿਚ ਨਿਰਣਾ ਕਰਦੇ ਸਨ ਕਿ ਦੋਹਾਂ ਧਿਰਾਂ ਵਿਚ ਇਖਤਲਾਫ ਦਾ ਖਾਲ ਕਿੰਨਾ ਕੁ ਚੌੜਾ ਹੈ ਅਤੇ ਇਹ ਚੁੜਾਈ ਪਾਟੀ-ਪੂਰੀ ਵੀ ਜਾ ਸਕਦੀ ਹੈ ਜਾਂ ਨਹੀਂ।

ਦੋਹਾਂ ਵਿਚੋਲਿਆਂ ਵਿਚੋਂ ਦੋਹਾਂ ਧਿਰਾਂ ਨਾਲ ਗੱਲ ਬਾਤ ਕਰਨ ਦਾ ਲਗਭਗ ਬਾਹਲਾ ਭਾਰ ਭਾਈ ਜੋਧ ਸਿੰਘ ਦੇ ਸਿਰ ਤੇ ਸੀ। ਭਾਈ ਜੋਧ ਸਿੰਘ ਅਕਾਲੀ ਤਹਿਰੀਕ ਨੂੰ ਸਮਝਦਾ ਸੀ। ਉਹ ਸ਼ੋ੍ਮਣੀ ਗੁਰਦੁਆਰਾ ਕਮੇਟੀ ਵਿਚੋਂ ਕਦੇ ਅਸਤੀਫ਼ਾ ਦੇ ਜਾਂਦਾ ਸੀ ਕਦੇ ਮੁੜ ਮਿੰਬਰ ਬਣ ਜਾਂਦਾ ਸੀ। ਉਹ ਨਹੀਂ ਸੀ ਚਹੁੰਦਾ ਕਿ ਅੰਗਰੇਜ਼ ਰਾਜ ਤੇ ਸਿੱਖ ਪੰਥ ਦੀ ਮਿਤੱਰਤਾ ਵਿਚ ਵਿਘਨ ਪਏ। ਮੋਰਚੇ ਲੱਗਦੇ ਵੇਖ ਕੇ ਉਹ ਖੁਸ਼ ਨਹੀਂ ਸੀ ਹੁੰਦਾ, ਦੁਖੀ ਹੁੰਦਾ ਸੀ। ਕਿਉਂਕਿ ਮੋਰਚਿਆਂ ਨਾਲ ਸਿੱਖਾਂ ਦੀ ਅੰਗਰੇਜ਼ ਰਾਜ ਨਾਲ ਦੁਸ਼ਮਣੀ ਵੱਧਦੀ ਜਾਂਦੀ ਸੀ। ਉਹ ਅਸਲ ਵਿਚ ਪੱਕਾ ਅੰਗਰੇਜ਼-ਰਾਜ ਭਗਤ ਸੀ।

[1] Bird-wood Committee, File no. 297/1924 page 124 to 127 hand written—sig nature Ca/8/5/1924.

Digitized by Panjab Digital Library | www.panjabdigilib.org

ਸ: ਜੋਧ ਸਿੰਘ ਮੁੱਢ ਤੋਂ ਲੈ ਕੇ ਅਖੀਰ ਤਕ ਸਮਝੌਤੇ ਲਈ ਕੰਮ ਕਰਦਾ ਰਿਹਾ। ਸ: ਨਾਰਾਇਣ ਸਿੰਘ ਉਹਦੇ ਨਾਲ ਕੋਈ ਚਾਰ ਪੰਜ ਵਾਰ ਹੀ ਜਨਰਲ ਬਰਡਵੁਡ ਤੇ ਚੀਫ ਸੈਕਟਰੀ ਕਰੇਕ ਜਾਂ ਇਕੱਲੇ ਚੀਫ ਸੈਕਟਰੀ ਪਾਸ ਗਿਆ। ਇਸ ਲਈ ਸਮਝੌਤੇ ਦਾ ਉਤਾਰ ਚੜ੍ਹਾ ਸਭ ਭਾਈ ਜੋਧ ਸਿੰਘ ਦੇ ਹੱਥਾਂ ਵਿਚ ਦੀ ਲੰਘਿਆ। ਅਕਾਲੀ ਆਗੂਆਂ ਨੂੰ ਉਹ ਘੱਟ ਤੋਂ ਘੱਟ ਨੌ ਵਾਰ ਮਿਲਿਆ।[1] ਚੀਫ ਸੈਕਟਰੀ ਜਾਂ ਚੀਫ ਸੇਕਟਰੀ ਤੇ ਜਨਰਲ ਬਰਡਵੁਡ ਦੋਹਾਂ ਨੂੰ ਉਹ ਇਸ ਤੋਂ ਕੋਈ ਦੋ ਤਿੰਨ ਵਾਰ ਵੱਧ ਹੀ ਮਿਲਿਆ ਹੋਵੇਗਾ। ਦੋ ਤਿੰਨ ਵਾਰ ਇਹਨਾਂ ਮੀਟਿੰਗਾਂ ਵਿਚ ਕਰਨਲ ਮਿੰਚਨ ਵੀ ਸ਼ਾਮਲ ਹੋਇਆ ਸੀ।

ਇਸ ਸਮਝੌਤੇ ਵਿਚ ਉਸ ਦਾ ਰਵੱਈਆ ਅੰਗਰੇਜ਼ ਹਾਕਮਾਂ ਵੱਲ ਬੜਾ ਵਫਾਦਾਰੀ ਵਾਲਾ ਸੀ। ਜੋ ਕੁਛ ਅੰਗਰੇਜ਼ ਹਾਕਮ ਕਹਿੰਦੇ ਸਨ, ਸਤ ਬਚਨ ਕਹਿ ਕੇ ਮੰਨ ਲੈਂਦਾ ਸੀ ਅਤੇ ਅੱਗੇ ਜਾ ਕੇ ਕਹਿ ਦੇਂਦਾ ਸੀ। ਹਾਕਮਾਂ ਨੂੰ ਉਸ ਤੇ ਪੂਰਾ ਪੂਰਾ ਭਰੋਸਾ ਸੀ। ਇਸ ਸਬੰਧੀ ਅਸੀਂ ਕੁਛ ਮਿਸਾਲਾ ਪੇਸ਼ ਕਰਦੇ ਹਾਂ :

ਸਭ ਤੋਂ ਪਹਿਲੋਂ ਅਸੀਂ ਉਸ ਦੀ ਸਰ ਜੌਹਨ ਮੇਨਾਰਡ ਨੂੰ 13 ਜਨਵਰੀ 1924 ਦੀ ਲਿਖੀ ਚਿੱਠੀ ਪੇਸ਼ ਕਰਦੇ ਹਾਂ। ਇਸ ਚਿੱਠੀ ਦੇ ਲਿਖਣ ਦਾ ਮਕਸਦ ਇਹ ਸੀ ਕਿ ਜੇ ਗੌਰਮਿੰਟ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਦੀ ਧਾਰਮਕ ਮਰਿਆਦਾ ਦੀ ਆਗਿਆ ਦੇਂਦੀ ਹੈ ਤਾਂ ਉਹਨਾਂ ਲੋਕਾਂ ਉੱਤੇ ਗਿਣਤੀ ਦੀ ਪਾਬੰਦੀ ਲਾਉਣੀ ਜਿਹੜੇ ਪਾਠ ਵਿਚ ਹਾਜ਼ਰ ਹੋ ਸਕਦੇ ਹਨ—"ਹਕੀਕੀ ਧਾਰਮਕ ਸ਼ਿਕਾਇਤ ਪੈਦਾ ਕਰਨੀ ਹੈ।" ਜੇ ਅਖੰਡ ਪਾਠ ਕੀਤਾ ਜਾਣਾ ਹੈ ਤਾਂ ਉਹਨਾਂ ਸਭਨਾਂ ਨੂੰ ਜਿਹੜੇ ਸ਼ਾਮਲ ਹੋਣ ਦਾ ਇਰਾਦਾ ਰਖਦੇ ਹਨ, ਜਾਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਅਤੇ ਪਾਠ ਨੂੰ ਓਨਾ ਚਿਰ ਹੁੰਦੇ ਰਹਿਣ ਦੀ ਆਗਿਆ ਮਿਲਣੀ ਚਾਹੀਦੀ ਹੈ—ਜਿੰਨਾ ਚਿਰ ਤਕ ਸਿੱਖ ਚਾਹੁੰਦੇ ਹਨ। ਗੌਰਮਿੰਟ ਨੂੰ ਉਹਨਾਂ ਲੋਕਾਂ ਨਾਲ ਇਨਸਾਫ ਤੇ ਕਾਨੂੰਨ ਅਨੁਸਾਰ ਨਿਪਟਣ ਦਾ ਹੱਕ ਹੈ ਜਿਹੜੇ ਆਪਣੇ ਰਾਜਸੀ ਪ੍ਰੋਪੇਗੰਡੇ ਵਿਚ ਕਾਨੂੰਨ ਦੀਆਂ ਹਦਾਂ ਟਪ ਜਾਂਦੇ ਹਨ। ਪਰ ਮੇਰੀ ਨਿਰਮਾਣ ਰਾਏ ਵਿਚ ਇਸ ਨੂੰ ਕੋਈ ਅਜੇਹੇ ਨਿਯਮ ਨਹੀਂ ਲਾਗੂ ਕਰਨ ਚਾਹੀਦੇ ਜਿਹੜੇ ਧਾਰਮਕ ਪੂਰਤੀ ਦੇ ਰਾਹ ਵਿਚ ਰੋੜਾ ਅਟਕਾਉਣ ਵਾਲੇ ਨਜ਼ਰ ਆਉਣ।"

ਉੱਤਲੀ ਚਿੱਠੀ ਦਾ ਉਤੇ ਦਿਤਾ ਥੱਲਵਾਂ ਹਿੱਸਾ ਸਿਖ ਮੱਤ ਦੇ ਪਰਚਾਰਕ ਤੇ ਟੀਚਰ ਭਾਈ ਜੋਧ ਸਿੰਘ ਨੇ ਜੌਹਨ ਮੇਨਾਰਡ ਨੂੰ ਲਿਖਿਆ। ਸਿੱਖ ਇਸ ਤੇ ਕਿੰਤੂ ਨਹੀਂ ਕਰ ਸਕਦੇ। ਪਰ ਅਰੰਭਕ ਹਿਸਾ ਉਹ ਖੁਦ ਹੀ ਅੱਜ ਪੜ੍ਹਨ ਤਾਂ ਸ਼ਰਮਿੰਦੇ ਹੋਣ। ਇਹ ਹਿੱਸਾ ਲਿਲੜੀਆਂ ਕਢ ਕਢ ਤੇ ਮੁਆਫੀਆਂ ਮੰਗ ਮੰਗ ਕੇ ਲਿਖਿਆ ਗਿਆ ਹੈ। "ਮੈਂ ਇਕਬਾਲ ਕਰਦਾ ਹਾਂ ਕਿ ਮੈਨੂੰ ਇਹ ਸਤਰਾਂ ਲਿਖਣ ਦਾ ਕੋਈ ਹੱਕ ਨਹੀਂ। ਪਰ ਮੇਰਾ ਕੇਵਲ ਬਹਾਨਾ ਇਹ ਹੈ ਕਿ ਮੈਂ

---

[1] ਆਮ ਤੌਰ ਤੇ ਮੁਲਾਕਾਤਾਂ ਪਹਿਲੋਂ ਅੰਗਰੇਜ਼ ਹਾਕਮ ਜਾਂ ਹਾਕਮਾਂ ਨਾਲ ਹੋ ਕੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨਾਲ ਹੁੰਦੀਆਂ ਸਨ। ਸ਼੍ਰੋਮਣੀ ਕਮੇਟੀ ਦੇ ਆਗੂਆਂ ਨਾਲ ਹੋਈਆਂ ਮੁਲਾਕਾਤਾਂ ਦੀਆਂ ਤਰੀਕਾਂ। (1) 17.4.1924, (2) 24.4.24. (3) 28.4.24. (4) 30.4.24. (5) 1.5.24. (6) 18.5.24. (7) 21-5.24. (8) 24.5.24. (9) 2.6.24. ਇਹ ਸਭ ਤਰੀਕਾਂ ਗੌਰਮਿੰਟ ਦੀ ਖੁਫੀਆ ਕਾਰਵਾਈ ਫਾਈਲ ਨੰਬਰ 297/1924—ਬਰਡਵੁਡ ਕਮੇਟੀ ਵਿਚੋਂ ਲੈ ਕੇ ਦਰਜ ਕੀਤੀਆਂ ਹਨ।

Digitized by Panjab Digital Library | www.panjabdigilib.org

ਸਿੱਖਾਂ ਅਤੇ ਗੌਰਮਿੰਟ ਵਿਚਕਾਰ ਖਲੀਜ਼ ਚੌੜੀ ਹੁੰਦੀ ਨਹੀਂ ਵੇਖਣਾ ਚਾਹੁੰਦਾ।"[1]

ਇਹ ਬਰਿਟਿਸ਼ ਰਾਜ ਦੀ ਭਗਤੀ ਤੇ ਵਫਾਦਾਰੀ ਦੀ ਹੱਦ ਹੈ ਜਿਸ ਤਕ ਥੋੜੀ ਬਾਹਲੀ ਅਣਖ ਰਖਣ ਵਾਲਾ ਕੋਈ ਵਫ਼ਾਦਾਰ ਵੀ ਪਹੁੰਚਣ ਦਾ ਹੀਆ ਨਹੀਂ ਕਰ ਸਕਦਾ। ਸਰ ਜੌਹਨ ਮੇਨਾਰਡ ਨੇ ਇਸ ਚਿੱਠੀ ਦੇ ਥੱਲਵੇਂ ਹਿੱਸੇ ਨੂੰ ਤੋੜ ਮਰੋੜ ਕੇ ਗੌਰਮਿੰਟ ਦੇ ਹੱਕ ਵਿਚ ਵਰਤਣ ਦਾ ਯਤਨ ਕੀਤਾ। ਉਸ ਨੇ ਕਿਹਾ : ਆਮ ਪੇਂਡੂਆਂ ਨੂੰ ਇਹ ਗੱਲ ਸਾਫ ਕਰ ਦੇਣੀ ਚਾਹੀਦੀ ਹੈ ਕਿ ਗੌਰਮਿੰਟ ਦਾ ਧਾਰਮਕ ਰਹੁ-ਰੀਤ ਵਿਚ ਦਖਲ ਦੇਣ ਦਾ ਕੋਈ ਇਰਾਦਾ ਨਹੀਂ। ਸ਼ਰਤਾਂ ਠੋਸਣ ਦਾ ਮਕਸਦ ਰਾਜਸੀ ਤੇ ਬਗਾਵਤੀ ਸਪੀਚਾਂ ਦਾ ਰੋਕਣਾ ਹੈ।"[2] ਧਰਮ ਵਿਚ ਦਖਲ ਦੇਣਾ ਅਤੇ ਉਸ ਦਖਲ ਨੂੰ 'ਬਗਾਵਤੀ ਸਪੀਚਾਂ' ਦੇ ਸਿਰ ਮੜ੍ਹ ਕੇ ਲੋਕਾਂ ਨੂੰ ਗੁਮਰਾਹ ਕਰਨਾ ਚਲਾਕ ਅੰਗਰੇਜ਼ ਅਫਸਰ ਦੀ ਪਾਲਿਸੀ ਸੀ।

ਪਰ ਕੀ ਵਿਚੋਲਾ ਜੋਧ ਸਿੰਘ ਆਪਣੇ ਪਾਠ ਜਾਂ ਅਖੰਡ ਪਾਠ ਬਾਰੇ ਦਿੱਤੇ ਅਸੂਲਾਂ ਤੇ ਕਾਇਮ ਰਿਹਾ ? ਚੀਫ ਸੈਕਟਰੀ ਪੰਜਾਬ ਦੀਆਂ ਲਿਖਤਾਂ ਤੋਂ ਜ਼ਾਹਰ ਹੁੰਦਾ ਹੈ ਕਿ ਉਸ ਨੇ ਮਿਸਟਰ ਕਰੇਕ ਸਾਮ੍ਹਣੇ ਸਿਰ ਸੁਟ ਕੇ ਉਸ ਦੀ ਹਰ ਇਕ ਗੱਲ ਮੰਨਣੀ ਸ਼ੁਰੂ ਕਰ ਦਿੱਤੀ ਅਤੇ ਇਕ ਵਾਰ ਵੀ ਪ੍ਰੋਟੈਸਟ ਨਾ ਕੀਤਾ ਕਿ ਅਖੰਡ ਪਾਠ ਉੱਤੇ ਸਰਕਾਰ ਵਲੋਂ ਦਿਨਾਂ ਤੇ ਗਿਣਵੇਂ ਸਿੱਖਾਂ ਦੇ ਜਾਣ ਦੀਆਂ ਲਾਈਆਂ ਗਈਆਂ ਪਾਬੰਦੀਆਂ ਗਲਤ ਤੇ ਬੇਮੌਕਿਆ ਹਨ, ਇਹ ਕਿਸੇ ਸੂਰਤ ਵਿਚ ਵੀ ਨਹੀਂ ਲੱਗਣੀਆਂ ਚਾਹੀਦੀਆਂ।

17 ਅਪਰੈਲ ਦੀ ਮੀਟਿੰਗ ਵਿਚ ਉਸ ਦੇ ਸਾਮ੍ਹਣੇ ਤਿੰਨਾਂ ਦਿਨਾਂ ਵਿਚ ਪਾਠ ਮੁਕਾਉਣ ਅਤੇ 25 ਆਦਮੀਆਂ ਦੀ ਵੱਧ ਤੋਂ ਵੱਧ ਗਿਣਤੀ ਗੁਰਦੁਆਰੇ ਵਿਚ ਜਾਣ ਦੀ ਆਗਿਆ ਦੇਣ ਬਾਰੇ ਵਿਚਾਰ ਜਾਂ ਬਹਿਸ ਹੋਈ। "ਉਹਨਾਂ ਨੇ ਇਹਨਾਂ ਸ਼ਰਤਾਂ ਵਿਚ ਕੋਈ ਅਦਲਾ-ਬਦਲੀ ਕਰਨ ਉੱਤੇ ਜ਼ੋਰ ਨਹੀਂ ਦਿੱਤਾ। ਇਸ ਮੀਟਿੰਗ ਦੀ ਕਾਰਵਾਈ ਵਿਚ ਸਗੋਂ ਕਰੇਕ ਨੇ (ਅਰਧ-ਚੰਦਰਾਂ ਵਿਚ) ਇਕ ਨੋਟ ਦਿੱਤਾ ਹੈ। ਜੋਧ ਸਿੰਘ ਨੇ ਅਮਰਿਤਸਰ ਵਿਚ ਜ਼ੋਰ ਦਿੱਤਾ ਕਿ ਇਹ (ਮਹਾਰਾਜਾ ਨਾਭੇ ਦਾ ਗੱਦੀ ਤੋਂ ਖੁਦ ਦਸਤਬਰਦਾਰ ਹੋਣ ਦਾ ਸਵਾਲ) ਸਭ ਤੋਂ ਪਹਿਲਾ ਕਦਮ ਹੋਣਾ ਚਾਹੀਦਾ ਹੈ। ਪਿਛੋਂ ਸ਼੍ਰੋਮਣੀ ਕਮੇਟੀ ਵਲੋਂ ਐਜੀਟੇਸ਼ਨ ਨੂੰ ਤਿਲਾਂਜਲੀ ਦੇਣ ਅਤੇ ਇਸ ਦੇ ਪਿਛੋਂ ਮੁਜਰਮਾਨਾ ਕਾਨੂੰਨ ਦੇ ਤਰਮੀਮੀ ਐਕਟ ਥੱਲੇ (ਜਥੇਬੰਦੀਆਂ ਦੇ ਖਿਲਾਫ ਕਾਨੂੰਨ ਕਰਨ ਦੇ) ਏਲਾਨ ਦੀ ਮਨਸੂਖੀ, ਪਰ ਕੈਦੀਆਂ ਦੀ ਰਿਹਾਈ ਨਹੀਂ[3] ਐਚ. ਡੀ. ਸੀ. (ਕਰੇਕ)।

ਇਸ ਮਸਲੇ ਉਤੇ ਸ: ਸੁੰਦਰ ਸਿੰਘ ਮਜੀਠੀਏ ਦੀ ਪੁਜ਼ੀਸ਼ਨ ਬੜੀ ਸਾਫ ਤੇ ਸਪਸ਼ਟ ਸੀ। ਉਹ ਗੁਰਦੁਆਰੇ ਵਿਚ ਜਾਣ ਦੀ ਖੁਲ੍ਹ ਦੇਣ ਦੇ ਉੱਕਾ ਹੀ ਹੱਕ ਵਿਚ ਸੀ। ਉਸ ਨੇ ਕਿਹਾ ਸੀ : ਕੋਈ ਸਿਖ ਵੀ ਆਪਣੀਆਂ ਧਾਰਮਕ ਰਹੁ-ਰੀਤਾਂ ਦੇ ਪੂਰਾ ਕਰਨ ਉਤੇ ਕਿਸੇ ਪਾਬੰਦੀ ਨੂੰ ਪਰਵਾਨ ਨਹੀਂ ਕਰੇਗਾ ਅਤੇ ਜੈਤੋ ਵਿਚ ਇਕੱਠ ਭਾਂਵੇ ਕਿਡਾ ਵੀ ਵਡਾ ਹੋ ਜਾਵੇ ਕਿਸੇ ਨੂੰ ਕੋਈ ਦਖਲ ਨਹੀਂ ਦੇਣਾ ਚਾਹੀਦਾ। ਮਿੰਚਨ ਨੇ ਉਸ ਦੇ ਇਸ ਰਵੱਈਏ ਨੂੰ ਖਾਲਸ ਵਿਹਰਵਾਂ ਆਖਿਆ ਸੀ। ਏਹੋ ਹੀ ਨਹੀਂ। 21 ਫਰਵਰੀ ਦੀਆਂ ਗੋਲੀਆਂ ਦੇ ਪਿਛੋਂ ਕਈ ਵਫਾਦਾਰ ਸਿਖਾਂ ਦਾ

[1] Legislative Assembly Debates-Vol IV, part 2. 26th Feb. 1924 quoted in Pt. Madan Mohan Malavya's speech.

[2] Punjab States Agency D. O. Dated Lahore the 24th Feb. 1924.

[3] Birdwood Committee. File no. 297/1924—Dated 17.4.24.

Digitized by Panjab Digital Library | www.panjabdigilib.org

ਵੀ ਇਹ ਨਜ਼ਰੀਆ ਸੀ ਕਿ ਗੌਰਮਿੰਟ ਨੇ ਗਿਣਵੇਂ ਸਿੱਖਾਂ ਦੇ ਗੁਰਦੁਆਰੇ ਵਿਚ ਜਾਣ ਦੀ ਸ਼ਰਤ ਲਾਕੇ ਗਲਤੀ ਕੀਤੀ ਹੈ।

ਪਰ ਗੌਰਮਿੰਟ ਨੂੰ ਡਰ ਸੀ ਕਿ ਜੇ ਜੈਤੋ ਵਿਚ ਸਿੱਖਾਂ ਨੂੰ ਕਾਮਯਾਬੀ ਹੋ ਗਈ ਤਾਂ ਉਹ ਨਾਭੇ ਵਿਚ ਤੇ ਹੋਰ ਥਾਵਾਂ ਤੇ ਮੋਰਚਾ ਲਾ ਦੇਣਗੇ। ਅਤੇ ਉਹਨਾਂ ਦੀਆਂ ਸ਼ਰਾਰਤਾਂ ਦਾ ਕੋਈ ਅੰਤ ਹੀ ਨਹੀਂ ਹੋਣ ਲਗਾ। ਉਹਨਾਂ ਨੂੰ ਦਸੱਣ ਦੀ ਲੋੜ ਹੈ ਕਿ ਉਹ ਆਪਣੀ ਮਨਮਰਜ਼ੀ ਨਹੀਂ ਕਰ ਸਕਦੇ।[1]

ਜਨਰਲ ਬਰਡ-ਵੁੱਡ ਸ: ਜੋਧ ਸਿੰਘ ਤੇ ਨਾਰਾਇਣ ਸਿੰਘ ਜੇਹੇ ਵਫ਼ਾਦਾਰਾਂ ਨੂੰ ਆਪਣੀ ਕਮੇਟੀ ਵਿਚ ਲੈਣਾ ਚਾਹੁੰਦਾ ਸੀ। ਜੋਧ ਸਿੰਘ ਤੇ ਹਾਕਮਾਂ ਦਾ ਪੂਰਣ ਵਿਸ਼ਵਾਸ ਸੀ। ਸਮਝੌਤਾ ਟੁੱਟਣ ਤੋਂ ਪਹਿਲੋਂ ਵਾਈਸਰਾਏ ਨੇ ਖੁਦ ਭਾਈ ਹੋਰਾਂ ਨੂੰ ਸ਼ਿਮਲੇ ਬੁਲਾਕੇ ਰਾਜਦਾਰੀ ਨਾਲ ਸਲਾਹ ਮਸ਼ਵਰਾ ਕਰਨ ਲਈ ਕਰੇਕ ਨੂੰ ਹੁਕਮ ਦਿਤਾ ਸੀ। "ਜੇ ਉਹ ਮਸ਼ਵਰਾ ਦੇਵੇ ਕਿ ਆਗੂ ਆਪਣੀ ਅਖੀਰੀ 18 ਮਈ ਦੀ ਚਿਠੀ ਵਿਚ ਕੋਈ ਠੋਸ ਅਦਲਾ ਬਦਲੀ ਕਰਨ ਵਾਲੇ ਨਹੀਂ ਜਾਪਦੇ ਤਾਂ ਗੱਲ-ਬਾਤ ਮੁੜ ਕੇ ਨਾ ਖੋਲ੍ਹੀ ਜਾਵੇ। ......ਜੇ ਸ: ਜੋਧ ਸਿੰਘ ਮਸ਼ਵਰਾ ਦੇਵੇ ਕਿ ਆਗੂ ਆਪਣੇ ਰਵਈਏ ਵਿਚ ਤਬਦੀਲੀ ਕਰਨ ਨੂੰ ਤਿਆਰ ਹਨ ਤਾਂ ਉਹਨਾਂ ਨਾਲ ਗਲ ਬਾਤ ਮੁੜਕੇ ਸ਼ੁਰੂ ਕੀਤੀ ਜਾ ਸਕਦੀ ਹੈ।"[2]

ਸ: ਜੋਧ ਸਿੰਘ ਸ਼ਿਮਲੇ ਸੱਦਿਆ ਹੋਇਆ ਗਿਆ। ਉਸ ਨੇ ਕਰੇਕ ਨਾਲ ਮੁਲਾਕਾਤਾਂ ਕਰਕੇ ਗੌਰਮਿੰਟ ਦੇ ਫੈਸਲੇ ਸੁਣੇ ਅਤੇ ਉਸ ਨੇ ਕਿਲ੍ਹੇ ਵਿਚ ਜਾਕੇ ਅਕਾਲੀ ਆਗੂਆਂ ਨਾਲ ਗੱਲ ਬਾਤ ਕੀਤੀ। ਆਗੂਆਂ ਨੇ ਗੌਰਮਿੰਟ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿਤਾ। 25 ਮਈ ਨੂੰ ਉਸ ਨੇ ਕਰੇਕ ਨੂੰ ਚਿਠੀ ਲਿੱਖੀ ਜਿਸ ਵਿਚ ਲਿਖਿਆ: 'ਮੈਂ ਤੇ ਨਾਰਾਇਣ ਸਿੰਘ ਨੇ ਦੂਜੇ ਪਾਸੇ ਨਾਲ ਪੰਜ ਤੋਂ ਸਤ ਸ਼ਾਮ ਤਕ ਗਲਾਂ ਕੀਤੀਆਂ। ਉਹ ਜੈਤੋ ਗੋਲੀ-ਕਾਂਡ ਦੀ ਨਿਰਪਖ ਪੜਤਾਲ ਦੀ ਮੰਗ ਕਰਦੇ ਹਨ। ਕੈਦੀਆਂ ਦੀ ਬਿਲ੍ਹਾ ਸ਼ਰਤ ਰਿਹਾਈ ਦਾ ਸਾਫ ਏਲਾਨ ਚਹੁੰਦੇ ਹਨ ਅਤੇ ਅਖੰਡ ਪਾਠ ਲਈ 34-35 ਦਿਨ ਮੰਗਦੇ ਹਨ ਅਤੇ ਅੱਜ ਉਹ ਜੈਤੋ ਵਿਚ ਆਪਣੇ ਮਕਸਦ ਦੇ ਸਪਸ਼ਟੀਕਰਣ ਬਾਰੇ ਏਲਾਨ ਕਢ ਰਹੇ ਹਨ ਕਿ ਜੈਤੋ ਨੂੰ ਉਹ ਨਾਭੇ ਦੀ ਐਜੀਟੇਸ਼ਨ ਦਾ ਅੱਡਾ ਨਹੀਂ ਬਣਾਣਾ ਚਾਹੁੰਦੇ। ਉਹਨਾਂ ਦਾ ਆਪਣੀ ਮਰਜ਼ੀ ਨਾਲ ਚੁਕਿਆ ਇਹ ਕਦਮ ਤੁਹਾਨੂੰ ਕਾਇਲ ਕਰ ਦੇਵੇਗਾ ਕਿ ਜੇ ਹੋ ਸਕੇ ਤਾਂ ਉਹ ਇਜ਼ਤਦਾਰ ਸਮਝੌਤਾ ਕਰਨ ਲਈ ਦਿਲੀ ਖਾਹਸ਼ ਰੱਖਦੇ ਹਨ।[3]

ਇਸ ਚਿਠੀ ਵਿਚ ਵਰਤੇ ਦੋ ਸ਼ਬਦ "ਦੂਜੇ ਪਾਸੇ" ਨੂੰ ਧਿਆਨ ਨਾਲ ਪੜ੍ਹੋ। ਉਹ ਅੰਗਰੇਜ਼ ਰਾਜ ਵੱਲ ਕਿੰਨਾ ਉਲਾਰ ਹੋ ਗਿਆ ਸੀ। ਉਹ ਹੁਣ ਤੁੱਲਵੀਂ ਤਕੜੀ ਫੜਕੇ ਵਿਚੋਲਾ ਨਹੀਂ ਸੀ ਰਿਹਾ। ਉਸ ਲਈ ਸ਼੍ਰੋਮਣੀ ਕਮੇਟੀ 'ਦੂਜਾ ਪਾਸਾ' ਹੋ ਗਿਆ ਸੀ ਅਤੇ ਹਾਕਮਾਂ ਦਾ ਪਾਸਾ ਆਪਣਾ ਪਾਸਾ। ਇਹ 'ਦੂਜਾ ਪਾਸਾ ਦੇ ਸਬਦ ਵਾਈਸਰਾਏ ਨੇ ਆਪਣੀ 23.5.1924 ਦੀ ਮੀਟਿੰਗ ਵਿਚ ਦੋ ਵਾਰ ਸ਼੍ਰੋਮਣੀ ਕਮੇਟੀ ਲਈ ਵਰਤੇ ਸਨ। ਕਰੇਕ ਜੇਹੇ ਸੈਕਟਰੀ

[1] A.B. Minchin to Mr. J.P. Thompson. File 297/1924.

[2] Viceregal Lodge Decisions on 20th May 1924.

[3] ਕਰੇਕ ਨੂੰ ਰੇਲਵੇ ਟਰੇਨ ਵਿਚ ਰਫ ਕਾਗਜ਼ ਉਤੇ ਪਿਨਸਲ ਨਾਲ ਲਿੱਖੀ ਚਿੱਠੀ: 25-5-24.

Digitized by Panjab Digital Library | www.panjabdigilib.org

ਆਪਣੇ ਮਾਲਕਾਂ ਦੇ ਸ਼ਬਦ ਦੁਰਹਾਣ ਵਿਚ ਫਖਰ ਸਮਝਦੇ ਸਨ। ਜੋਧ ਸਿੰਘ ਦਾ 'ਦੂਜਾ ਪਾਸਾ'[1] ਦੇ ਸ਼ਬਦ ਵਰਤਣਾ ਅਰਥ ਭਰਪੂਰ ਹੈ। ਜੋਧ ਸਿੰਘ ਅੰਗਰੇਜ਼-ਸਮਰਾਜ ਵਿਰੁਧ ਜ਼ਿੰਦਗੀ ਵਿਚ ਕਦੇ ਵੀ ਨਹੀਂ ਸੀ ਹੋਇਆ ਕਿਉਂਕੇ ਉਸ ਦੀ ਪਾਲਿਸੀ ਇਹ ਸੀ ਕਿ ਸਿੱਖਾਂ ਨੂੰ ਅੰਗਰੇਜ਼ ਰਾਜ ਦੇ ਥੱਲੇ ਪਹਿਲੇ ਵਾਂਗ ਹੀ ਲਾਈ ਰਖਿਆ ਜਾਏ—ਇਸ ਨੂੰ ਉਹ "ਸਿੱਖ ਪੰਥ ਤੇ ਗੌਰਮਿੰਟ ਵਿਚਕਾਰ ਚੌੜੀ-ਹੋਈ ਖਲੀਜ" ਨੂੰ ਪਾਟਣ ਦਾ ਨਾਮ ਦੇਂਦਾ ਸੀ।

ਪਰ ਅੰਗਰੇਜ਼ ਹਾਕਮ ਆਪਣੇ ਵਫ਼ਾਦਾਰਾਂ ਦੇ ਵੀ ਦੋਸਤ ਨਹੀਂ ਸਨ। ਉਹ ਆਪਣੇ ਰਾਜ ਦੀ ਮਜ਼ਬੂਤੀ ਲਈ ਕੰਮ ਲੈਣਾ-ਕਢਣਾ ਸਿੱਖੇ ਹੋਏ ਸਨ।—ਇਤਬਾਰ ਉਹ ਵਡੇ ਤੋਂ ਵਡੇ ਵਫ਼ਾਦਾਰ ਉਤੇ ਵੀ ਨਹੀਂ ਸਨ ਕਰਦੇ। ਸਮਝੌਤਾ ਤੋੜਨ ਦੇ ਅਖੀਰੀ ਦੋਂਹ ਕੁ ਦਿਨਾ ਵਿਚ ਵਾਈਸਰਾਏ ਨੇ ਆਖਿਆ : "ਜਨਰਲ ਬਰਡਵੁਡ ਅਤੇ ਕਰੇਕ ਵਲੋਂ ਸਰਦਾਰ (ਜੋਧ ਸਿੰਘ) ਨੂੰ ਮਤੇ ਦੀ ਕੋਈ ਤਰਮੀਮੀ ਜਾਂ ਹੋਰ ਵੀ ਕੋਈ ਦਸਤਾਵੇਜ਼ ਨਹੀਂ ਦੇਣੀ ਚਾਹੀਦੀ। ਭਾਂਵੇ ਇਸ ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿ ਗੱਲ ਬਾਤ ਵਿਚ ਜਿਹੜੇ ਨੁਕਤੇ ਉਠੱਣ ਉਹ ਖੁੱਦ ਨੋਟ ਕਰ ਲਵੇ......।"[2]

ਸਮਝੌਤੇ ਦੇ ਦੌਰਾਨ ਗੌਰਮਿੰਟ ਦੇ ਖਿਲਾਫ ਬਗਾਵਤੀ ਪ੍ਰੋਪੈਗੰਡੇ ਦੇ ਬੰਦ ਕਰਨ ਦਾ ਸਵਾਲ ਉਠਿਆ ਤਾਂ ਕਰੇਕ ਨੇ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਦੀ ਮਾਲੀ ਸਹਾਇਤਾ ਨਾਲ ਚਲ ਰਹੇ ਅਖਬਾਰਾਂ ਨੂੰ ਵੀ ਇਹੋ ਜੇਹਾ ਪ੍ਰੋਪੈਗੰਡਾ ਬੰਦ ਕਰਨਾ ਪਏਗਾ। ਸ: ਜੋਧ ਸਿੰਘ ਤੇ ਨਾਰਾਇਣ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਅਖਬਾਰ ਨੂੰ ਕੋਈ ਮਾਲੀ ਸਹਾਇਤਾ ਨਹੀਂ ਦੇਂਦੀ, ਨਾਂ ਹੀ ਉਸ ਦੇ ਪਰਬੰਧ ਥੱਲੇ ਕੋਈ ਅਖਬਾਰ ਚਲਦਾ ਹੈ। ਪਰ ਕਰੇਕ ਨੂੰ ਇਸ ਸੱਚੀ ਗੱਲ ਤੇ ਇਤਬਾਰ ਨਾ ਆਇਆ। ਉਸ ਨੇ ਲਿਖਿਆ : "ਭਾਂਵੇ ਇਸ ਖੰਡਨ ਦੀ ਸਚਿਆਈ ਉਤੇ ਸ਼ੱਕ ਕਰਨ ਲਈ ਕਾਰਣ ਹੈ ਪਰ ਅਸੀਂ ਸ਼੍ਰੋਮਣੀ ਕਮੇਟੀ ਤੇ ਬਗਾਵਤੀ ਪ੍ਰੈਸ ਵਿਚਕਾਰ ਸੰਬੰਧਾਂ ਨੂੰ ਸਾਬਤ ਨਹੀਂ ਕਰ ਸਕਦੇ।" ਇਸ ਤਰ੍ਹਾਂ ਉਹ ਆਪਣੇ ਵਫ਼ਾਦਾਰਾਂ ਦੀ ਕਈ ਵਾਰ ਆਪਣੇ ਗਲਤ ਨਿਰਣੇ ਨਾਲ ਟਕਰਾਈ ਸੱਚੀ ਗੱਲ ਉਤੇ ਵੀ ਸ਼ੱਕ ਕਰਨ ਲਗ ਪੈਂਦੇ ਸਨ।

23 ਮਈ ਨੂੰ ਹੀ ਜਨਰਲ ਬਰਡਵੁਡ ਅਤੇ ਕਰੇਕ ਨੇ ਜੋਧ ਸਿੰਘ ਦੇ ਸਾਮ੍ਹਣੇ ਗੌਰਮਿੰਟ ਦੇ ਰਵੱਈਏ ਦਾ ਸਪਸ਼ਟੀਕਰਣ ਕੀਤਾ ਅਤੇ ਉਹਨਾਂ ਨੂੰ ਤਸੱਲੀ ਹੋ ਗਈ ਸੀ ਕਿ ਜੋਧ ਸਿੰਘ ਨੇ ਸਾਰੀ ਹਾਲਤ ਸਮਝ ਲਈ ਹੈ। ਉਹ ਹੁਣ ਆਪਣੇ ਦੋਸਤਾਂ ਨੂੰ ਕਲ੍ਹ 24 ਮਈ ਨੂੰ ਮਿਲੇਗਾ। "ਉਸ ਨੇ ਜੁਮੇਵਾਰੀ ਚੁੱਕੀ ਹੈ ਕਿ ਉਸ ਦੀ ਗਲ ਬਾਤ ਉਹਨਾ (ਅਕਾਲੀ ਲੀਡਰਾਂ) ਨਾਲ ਅਜੇਹੇ ਸ਼ਬਦਾਂ ਵਿਚ ਕੀਤੀ ਜਾਏਗੀ ਜਿਨ੍ਹਾਂ ਨਾਲ ਉਤਲੇ ਵਿਚਾਰ-ਕੀਤੇ ਮਤੇ ਦੇ ਖਰੜੇ ਦੀਆਂ ਤਬਦੀਲੀਆਂ ਦੇ ਕਾਰਣ ਗੌਰਮਿੰਟ ਦੇ ਹੱਥ ਨਾ ਬੰਨ੍ਹੇ ਜਾ ਸੱਕਣ।[3]

ਸ਼੍ਰੋਮਣੀ ਕਮੇਟੀ ਨੇ ਜੋਧ ਸਿੰਘ ਨੂੰ 'ਦੋਹਾਂ—ਗੌਰਮਿੰਟ ਤੇ ਸਿਖਾਂ—ਦਾ ਦੋਸਤ' ਲਿਖਿਆ ਸੀ। ਪਰ ਗੌਰਮਿੰਟ ਤੇ ਉਸ ਦੀਆਂ ਖੁੱਦ ਲਿਖਤਾ ਸਾਬਤ ਕਰਦੀਆਂ ਹਨ ਕਿ ਉਸਦਾ ਉਲਾਰ ਅੰਗਰੇਜ਼ ਗੌਰਮਿੰਟ ਵਲ ਵਧੇਰੇ ਸੀ, ਸ਼੍ਰੋਮਣੀ ਕਮੇਟੀ ਵਲ ਨਹੀਂ। ਉਹ ਅਸਲ ਵਿਚ ਨਾ ਸ਼੍ਰੋਮਣੀ

---

[1] Memorandum of the Conversation at Viceregal lodge on 23rd May.

[2] Report on the Conference in the Viceregal Lodge on 23rd May 1924.

[3] H.D. Craik's hand written words : file 297—page **204**.

Digitized by Panjab Digital Library | www.panjabdigilib.org

ਕਮੇਟੀ ਦੇ ਅੰਗਰੇਜ਼ ਰਾਜ ਦੇ ਖਿਲਾਫ ਮੋਰਚਿਆਂ ਨੂੰ ਪਸੰਦ ਕਰਦਾ ਸੀ ਅਤੇ ਨਾ ਹੀ ਉਸ ਦੇ ਬਾਹਲੇ ਪ੍ਰੋਗ੍ਰਾਮ ਨੂੰ। ਗੌਰਮਿੰਟ ਉਸ ਨੂੰ ਕੰਮ ਕਢਣ ਲਈ, ਆਪਣਾ ਆਦਮੀ ਵੀ ਸਮਝਦੀ ਸੀ ਅਤੇ ਸਿਖ ਹੋਣ ਕਰਕੇ ਪੂਰਾ ਇਤਬਾਰ ਵੀ ਨਹੀਂ ਸੀ ਕਰਦੀ।

ਸ: ਜੋਧ ਸਿੰਘ ਰਿਪੋਰਟ ਦੇਣ ਵਾਲੇ ਅਕਾਲੀ ਆਗੂਆਂ ਵਿਚ ਪਰਸਪਰ ਵਿਰੋਧਾਂ ਬਾਰੇ ਵੀ ਸਰਕਾਰੀ ਅਫਸਰਾਂ ਨੂੰ ਦਸਦਾ ਸੀ। 18 ਮਈ ਦੀ ਗਲ ਬਾਤ ਵੇਲੇ ਅਕਾਲੀ ਆਗੂਆਂ ਬਾਰੇ ਉਸ ਨੇ ਦਸਿਆ ਕਿ ਉਹ ਨਾਭੇ ਵਿਚ ਚਲਾਏ ਜਾ-ਰਹੇ ਸ਼ਹੀਦੀ ਜਥੇਦਾਰਾਂ ਦੇ ਮੁਕੱਦਮੇ ਨੂੰ ਛੱਡ ਦੇਣ ਉਤੇ ਬੜਾ ਜ਼ੋਰ ਦੇਂਦੇ ਸਨ। ਜੋਧ ਸਿੰਘ ਇਹ ਨਹੀਂ ਸੀ ਕਹਿ ਸਕਦਾ ਕਿ ਅਕਾਲੀ ਆਗੂ ਆਪਣੇ ਵਤੀਰੇ ਵਿਚ ਕੁਛ ਤਬਦੀਲੀ ਲਿਆਣਗੇ ਜਾਂ ਨਹੀਂ। "ਉਹਨਾਂ ਵਿਚੋਂ ਕੁਛ ਸੰਤੁਸ਼ਟ ਹੋ ਜਾਣਗੇ ਜੇ ਉਹਨਾਂ ਨੂੰ ਪਰਮੁਖ ਜਥੇਦਾਰ ਤੇ ਜਥੇਦਾਰ ਦੀ ਪੈਰਵਈ ਕਰਨ ਲਈ ਵਕੀਲ ਘਲਣ ਦੀ ਆਗਿਆ ਮਿਲ ਜਾਏ।"[1]

ਜੋਧ ਸਿੰਘ ਨੇ ਸਰਕਾਰ ਨੂੰ ਭਰੋਸਾ ਦਿਤਾ ਸੀ ਕਿ ਇਸ ਸਮਝੌਤੇ ਦੀ ਗਲਬਾਤ ਬਾਰੇ ਉਹ ਗੌਰਮਿੰਟ ਦੀ ਸਲਾਹ ਬਗੈਰ ਕੋਈ ਬਿਆਨ ਨਹੀਂ ਦੇਵੇਗਾ। ਉਸ ਨੇ ਇਹ ਵੀ ਦਸਿਆ ਕਿ ਸ਼੍ਰੋਮਣੀ ਕਮੇਟੀ ਦੇ ਇਕ ਮਿੰਬਰ ਨੇ ਆਖਿਆ ਸੀ ਕਿ ਇਸ ਪੜਾਅ ਤੇ ਉਹ ਕੁਛ ਵੀ ਪਰਕਾਸ਼ਤ ਕਰਨਾ ਨਹੀਂ ਚਹੁੰਦੇ।

## 11. ਜੋਧ ਸਿੰਘ ਕੁੜਿਕੀ ਵਿਚ

ਸ: ਜੋਧ ਸਿੰਘ ਨੇ ਡੀ. ਸੀ. ਅਮਰਿਤਸਰ ਦੇ ਬੁਲਾਣ ਤੇ, 62 ਅਕਾਲੀ ਆਗੂਆਂ ਦੇ ਦੂਜੇ ਜਥੇ ਨੂੰ ਖੁਦ ਵਿਚ ਹੋਕੇ, ਅਕਾਲ ਤਖਤ ਤੇ ਫੜਾਇਆ ਸੀ। ਗੌਰਮਿੰਟ ਉਸ ਤੋਂ ਉਸ ਮੁਕਦਮੇ ਵਿਚ ਗੁਆਹੀ ਦੁਆਣਾ ਚਹੁੰਦੀ ਸੀ। ਪਰ ਆਪ ਕੁਛ ਚੂੰ ਚੁਨਾਂ ਕਰਦੇ ਸਨ ਗੁਆਹੀ ਦੇਣ ਤੋਂ ਭਜਣਾ ਚਹੁੰਦੇ ਸਨ। ਪਰ ਗੌਰਮਿੰਟ ਭਜਣ ਨਹੀਂ ਸੀ ਦੇਣਾ ਚਹੁੰਦੀ। ਇਸ ਲਈ ਅਦਾਲਤ ਵਿਚ ਭਾਈ ਹੋਰਾਂ ਦੇ ਖਿਲਾਫ ਕਾਰਵਾਈ ਸ਼ੁਰੂ ਹੋ ਗਈ। ਗੌਰਮਿੰਟ ਨੇ ਚੀਫ ਸੈਕਟਰੀ ਪੰਜਾਬ ਨੂੰ ਲਿਖਿਆ: ਜਿਨਾ ਚਿਰ ਤਕ ਜੋਧ ਸਿੰਘ ਦੇ ਖਿਲਾਫ ਅਦਾਲਤੀ ਕਾਰਵਾਈ ਦਾ ਮਾਮਲਾ ਸਾਫ ਨਹੀਂ ਹੁੰਦਾ ਉਹ ਬਰਡ-ਵੁਡ ਕਮੇਟੀ ਦੀ ਮਿੰਬਰੀ ਲਈ ਨਹੀਂ ਚੁਣਿਆ ਜਾ ਸਕਦਾ।[2] ਇਸ ਨਾਲੋਂ ਵੀ ਜ਼ੋਰਦਾਰ ਸ਼ਬਦਾ ਵਿਚ ਗੌਰਮਿੰਟ ਨੇ ਅਗਲੇ ਦਿਨ ਫੇਰ ਲਿਖਿਆ: ਇਹ ਗਲ ਸਾਫ ਤੌਰ ਤੇ ਸਮਝ ਲੈਣੀ ਚਾਹੀਦੀ ਹੈ ਕਿ ਜਿਨਾ ਚਿਰ ਤਕ ਜੋਧ ਸਿੰਘ ਦੇ ਖਿਲਾਫ ਜਨਵਰੀ ਦੇ ਅਕਾਲੀ ਮੁਕਦਮੇ ਵਿਚ ਉਸ ਦੀ ਗੁਆਹੀ ਦਾ ਮੁਕਦਮਾ ਖੜਾ ਹੈ ਉਹ ਨਾ ਤਾਂ ਬਰਡ-ਵੁਡ ਕਮੇਟੀ ਦੇ ਮਿੰਬਰ ਚੁਣੇ ਜਾਣ ਦੇ ਹੀ ਯੋਗ ਹੈ ਅਤੇ ਨਾ ਹੀ ਇਕ ਅਜੇਹੇ ਆਦਮੀ ਦੇ ਯੋਗ ਜਿਸ ਦੀ ਗੌਰਮਿੰਟ ਵਲੋਂ ਕੋਈ ਜੁਮੇਵਾਰੀ (ਸ਼ਰਤ) ਕਬੂਲ ਕੀਤੀ ਜਾ ਸਕਦੀ ਹੈ।

ਉਸ ਉਤੇ ਝੂਠੀ ਸੁਗੰਦ ਚੁੱਕਣ ਦਾ ਮੁਕਦਮਾ ਚਲਣ ਵਾਲਾ ਸੀ ਜਦੋਂ ਉਸ ਨੇ ਅਦਾਲਤ ਦੇ ਸਵਾਲ ਨਾਮੇ ਦਾ ਲਿਖਤੀ ਜਵਾਬ ਦੇ ਦਿਤਾ। ਗੁਆਹੀ ਅਕਾਲੀ ਆਗੂਆਂ ਦੇ ਦੂਜੇ ਮੁਕਦਮੇ ਵਿਚ ਦੇਣੀ ਸੀ। ਇਸ ਜਵਾਬਨਾਮੇ ਪਿਛੋਂ ਅਦਾਲਤ ਦੇ ਝੂਠੀ ਸੁਗੰਦ ਦੇ ਮੁਕਦਮੇ ਦੀ ਕਾਰਵਾਈ ਬੰਦ ਕਰ ਦਿਤੀ।[3] ਅਤੇ ਆਪ ਦੀ ਖਲਾਸੀ ਹੋ ਗਈ।

---

1 H.D. Craik 22.5 24. File 297/1924.

2 Simla 4th May 1924—from Crerar to craik—file 297 p. 108.

3. From Craik to Crerar, Lahore 9.5.1924. File no. 297 **p.** 150.

Digitized by Panjab Digital Library | www.panjabdigilib.org

ਇਹ ਸੀ ਜੋਧ ਸਿੰਘ ਦਾ ਵਿਚੋਲੇ ਦੇ ਤੌਰ ਤੇ ਰੋਲ। ਨਾਰਾਇਣ ਸਿੰਘ ਦਾ ਗੌਰਮਿੰਟ ਦੀਆਂ ਫਾਈਲਾਂ ਵਿਚ ਕੋਈ ਖਾਸ ਜ਼ਿਕਰ ਨਹੀਂ।

## 12. ਸਮਝੌਤੇ ਦੀ ਗੱਲ ਕਿਵੇਂ ਟੁੱਟੀ

ਅਸੀਂ ਪਿੱਛੇ ਸਮਝੌਤੇ ਦੇ ਟੁਟੱਣ ਵੱਲ ਨੂੰ ਵੱਧ-ਰਹੇ ਹਾਲਾਤ ਦਾ ਫੇਰ ਸਾਰਾ ਅਧਿਅੱਨ ਕਰ ਚੁਕੇ ਹਾਂ। 17 ਅਪਰੈਲ ਦੇ ਪੰਜਾਬ ਸਰਕਾਰ ਦੇ ਮਤੇ ਵਿਚ—ਜਿਸ ਨੂੰ ਉਹ ਪਿਛੋਂ ਖਰੜਾ ਆਖਣ ਲਗ ਪਈ ਸੀ। ਹਿੰਦ ਸਰਕਾਰ ਤਬਦੀਲੀਆਂ ਕਰਨ ਲਗ ਪਈ ਸੀ। ਉਸ ਨੇ ਪਹਿਲੋਂ ਇਸ ਵਿਚ ਤਰਮੀਮਾਂ ਕੀਤੀਆਂ, ਮੁੜ ਫੇਰ ਤਰਮੀਮਾਂ ਕੀਤੀਆਂ। ਫੇਰ ਮੁੜ ਮੁੜ ਤਰਮੀਮਾਂ ਪਿਛੋਂ ਆਰਜ਼ੀ ਤੌਰ ਤੇ ਮਨਜ਼ੂਰ ਕੀਤਾ। ਮੁੜ ਇਸ ਵਿਚ ਵੀ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਗਈਆਂ। ਹਿੰਦ ਸਰਕਾਰ ਕਿਸੇ ਇਕ ਥਾਂ-ਟਿਕਾਣੇ ਖਲੋਂਦੀ ਹੀ ਨਹੀਂ ਸੀ, ਤਬਦੀਲੀਆਂ ਉਤੇ ਤਬਦੀਲੀਆਂ ਕਰੀ ਜਾਂਦੀ ਸੀ ਅਤੇ ਪੰਜਾਬ ਸਰਕਾਰ ਦਾ ਸੈਕਟਰੀ ਹਿੰਦ ਸਰਕਾਰ ਨੂੰ ਲਿਖ ਰਿਹਾ ਸੀ ਕਿ "ਸ਼੍ਰੋਮਣੀ ਕਮੇਟੀ ਦੇ ਪਰਤੀਨਿਧ ਕਿਸੇ ਇਕ ਥਾਂ ਨਹੀਂ ਖਲੋਂਦੇ, ਲਗਾਤਾਰ ਆਪਣੀ ਥਾਂ ਬਦਲ ਰਹੇ ਹਨ। ਇਹ ਪਰਤੀਨਿਧ ਤਾਂ ਫੈਸਲਾ ਹਾਸਲ ਕਰਨ ਲਈ ਦਿਲੀ ਖਾਹਸ਼ ਰਖਦੇ ਮਲੂਮ ਹੁੰਦੇ ਹਨ ਪਰ ਲਗਦਾ ਹੈ ਕਿ ਉਹ ਆਪਣੇ ਦੋਸਤਾਂ ਨੂੰ ਕਾਬੂ ਰਖਣ ਵਿਚ ਮੁਸ਼ਕਲ ਪਰਤੀਤ ਕਰਦੇ ਹਨ।[1]

ਇਕ ਤਾਂ, ਜਿਵੇਂ ਅਸੀਂ ਪਿੱਛੇ ਵੇਖ ਚੁਕੇ ਹਾਂ—ਨਵੇਂ ਆਉਣ ਵਾਲੇ ਗਵਰਨਰ ਹੇਲੀ ਨੇ ਇਹ ਆਖਕੇ ਸਮਝੌਤੇ ਦੇ ਹੋਣ ਵਿਚ ਭਾਨੀ ਮਾਰ ਦਿਤੀ ਸੀ ਕਿ ਅਕਾਲੀ ਬਚਨ-ਬੱਧ ਨਹੀਂ ਰਹਿਣਗੇ, ਹਿੰਦੂਆਂ ਮੁਸਲਮਾਨਾ ਦੇ ਹਿਤਾਂ ਦਾ ਖਿਆਲ ਰਖਣਾ ਹੈ, ਜੇ ਗੁਰਦੁਆਰਾ ਬਿਲ ਦੀਆਂ ਮਦਾ ਸਰਕਾਰ ਨੂੰ ਮਨਜ਼ੂਰ ਨਾ ਹੋਈਆਂ—ਯਾਨੀ ਬਿਲ ਸਰਕਾਰ ਦੀ ਮਰਜ਼ੀ ਮੁਤਾਬਕ ਨਾ ਬਣਿਆ ਤਾਂ ਕੈਦੀ ਨਹੀਂ ਛਡੇ ਜਾਣਗੇ—ਵਗੈਰਾ। ਦੂਜੇ ਸਕੱਤਰੇਤ ਵਿਚ ਉਸ ਦੀ ਹਮਾਇਤ ਵਿਚ ਕੁਝ ਮਹਿਕਮਿਆਂ ਦੇ ਸੈਕਟਰੀ ਖਲੋ ਗਏ ਸਨ ਜਿਹੜੇ ਕਹਿੰਦੇ ਸਨ ਕਿ ਗੌਰਮਿੰਟ ਨੂੰ ਕੋਈ ਗਲਤ ਸਮਝੌਤਾ ਨਹੀਂ ਕਰਨਾ ਚਾਹੀਦਾ ਜਿਸ ਦੇ ਨਤੀਜੇ ਹੇਲੀ ਨੂੰ ਭੁਗਤਣੇ ਪੈਣ। ਤੀਜੇ ਇਹ ਮੁਹਾਣ ਵਧ ਰਿਹਾ ਸੀ ਕਿ ਬਾਗੀ ਜਮਾਤ ਨਾਲ ਸਮਝੌਤੇ ਦੀਆਂ ਗੱਲਾਂ ਸਰਕਾਰ ਦੀ ਪੁਜੀਸ਼ਨ ਨੂੰ ਹੌਲਾ ਤੇ ਨੀਵਾਂ ਕਰਦੀਆਂ ਹਨ। ਇਸ ਦਾ ਪਰਭਾਵ ਹੋਰ ਪਾਰਟੀਆਂ ਉਤੇ ਚੰਗਾ ਨਹੀਂ, ਸਗੋਂ ਕਾਨੂੰਨ ਦੇ ਤੋੜਨ ਵੱਲ ਦਾ ਪਏਗਾ ਅਤੇ ਚੌਥੇ ਵਾਈਸਰਾਏ ਨੇ ਅਲਟੀਮੇਟਮ ਦੇ ਦਿਤਾ ਸੀ ਕਿ ਜੇ ਸ਼੍ਰੋਮਣੀ ਕਮੇਟੀ ਤਿੰਨ ਸ਼ਰਤਾਂ ਮਨਜ਼ੂਰ ਨਹੀਂ ਕਰਦੀ ਤਾਂ ਗਲ ਬਾਤ ਤੋੜ ਦਿਤੀ ਜਾਏਗੀ। ਇਹ ਤਿੰਨ ਸ਼ਰਤਾਂ ਇਹ ਸਨ:

(1) ਕੈਦੀਆਂ ਦੀ ਰਿਹਾਈ ਦਾ "ਪੰਜਾਬ ਸਰਕਾਰ ਇਰਾਦਾ" ਰਖਦੀ ਹੈ। ਗੌਰਮਿੰਟ ਰਿਹਾਈਆਂ ਦੀ ਕੋਈ ਸ਼ਰਤ ਦੇਣ ਨੂੰ ਤਿਆਰ ਨਹੀਂ—ਨਾਂ ਇਸ ਬਾਰੇ ਕੁਛ ਲਿਖਕੇ ਦੇਣ ਨੂੰ ਤਿਆਰ ਹੈ। 17 ਅਪਰੈਲ ਦੇ ਮਤੇ ਵਿਚ ਜਿਹੜੇ ਸ਼ਬਦ ਵਰਤੇ ਗਏ ਸਨ ਉਹ ਸਨ: ਸਰਕਾਰ ਜ਼ੁਮੇਵਾਰੀ ਲੈਂਦੀ ਹੈ ਜਾਂ ਸ਼ਰਤ ਮੰਨਦੀ ਹੈ। ਅਰਥ ਸਾਫ ਹਨ ਕਿ ਗੌਰਮਿੰਟ ਦੀ ਮਰਜ਼ੀ ਹੋਵੇਗੀ ਤਾਂ ਕੈਦੀ ਛਡੇਗੀ, ਜਾਂ ਆਗੂਆਂ ਦਾ ਸਾਜ਼ਸ਼ ਕੇਸ ਵਾਪਸ ਲਏਗੀ, ਮਰਜ਼ੀ ਹੋਵੇਗੀ ਕੁਛ ਨਹੀਂ ਕਰੇਗੀ।

[1] From Craik to Crerar, Punjab Civil secretariat, Lahore 28.4.24.

Digitized by Panjab Digital Library | www.panjabdigilib.org

(2) ਨਾਭੇ ਵਿਚ ਤਸ਼ਦਦ ਦੀ ਹਲਾਸ਼ੇਰੀ ਦਾ ਮੁਕਦਮਾ ਜਿਹੜਾ ਮੁਖੀ ਜਥੇਦਾਰ ਤੇ ਜਥੇਦਾਰ ਤੇ ਚਲ ਰਿਹਾ ਹੈ, ਉਹ ਵਾਪਸ ਨਹੀਂ ਲਿਆ ਜਾਵੇਗਾ। ਅਤੇ

(3) ਮਹਾਰਾਜਾ ਨਾਭਾ ਨੂੰ ਗੱਦੀ ਤੇ ਬਹਾਲ ਕਰਨ ਦੀ ਐਜੀਟੇਸ਼ਨ 'ਛਡਣੀ ਪਏਗੀ', ਜਾਂ ਇਸ ਐਜੀਟੇਸ਼ਨ ਤੋਂ 'ਪਰਹੇਜ਼ ਕਰਨਾ' ਪਏਗਾ। ਸਰਕਾਰ ਐਜੀਟੇਸ਼ਨ ਦੇ 'ਮੁਲਤਵੀ ਕਰਨ' ਦੀ ਗਲ ਨਹੀਂ ਮੰਨਦੀ। ਕਿਉਂਕੇ ਮੁਲਤਵੀ ਕਰਨ ਪਿਛੋਂ ਇਹ ਐਜੀਟੇਸ਼ਨ ਮੁੜਕੇ ਕਿਸੇ ਵੇਲੇ ਵੀ ਫੇਰ ਸ਼ੁਰੂ ਕੀਤੀ ਜਾ ਸਕਦੀ ਹੈ ।......ਗੌਰਮਿੰਟ ਜਾਨਦਾਰ ਨੁਕਤਿਆਂ ਤੇ ਝੁਕਣ ਲਈ ਤਿਆਰ ਨਹੀਂ, ਪਰ ਮਾਮੂਲੀ ਨੁਕਤਿਆਂ ਉਤੇ ਝੁੱਕਣ ਲਈ ਤਿਆਰ ਹੈ। ਪਰ ਇਹ ਵੀ ਉਸ ਸੂਰਤ ਵਿਚ ਜੇ ਗੌਰਮਿੰਟ ਪਾਸ ਇਹ ਵੇਖਣ ਦੇ ਠੋਸ ਕਾਰਣ ਹੋਏ ਕਿ 'ਦੂਜੇ ਪਾਸੇ' ਵਲੋਂ ਸਮੁਚੀਆਂ ਸ਼ਰਤਾਂ ਮੰਨ ਲਈਆਂ ਜਾਣਗੀਆਂ।

ਵਾਈਸਰਾਏ ਦਾ ਸਾਰਾ ਜ਼ੋਰ ਸਮੁਚੀਆਂ ਸ਼ਰਤਾਂ ਦੇ ਮੰਨ ਲੈਣ ਦੀ ਹਾਂ ਲੈ ਕੇ 17 ਮਈ ਦੇ (ਖਰੜਾ) ਮਤੇ ਵਿਚ ਮਮੂਲੀ ਤਬਦੀਲੀਆਂ ਕਰਨ ਦਾ ਸੀ। ਏਸੇ ਮਤੇ ਨੂੰ ਉਹ 'ਅਖ਼ੀਰੀ ਪੇਸ਼ਕਸ਼' ਦਾ ਨਾਮ ਦੇਂਦਾ ਸੀ। ਪਹਲੀ ਰਿਆਇਤ ਇਹ ਸੀ ਕਿ ਜਿਹੜੇ ਜਥੇ ਅਮਰਿਤਸਰ ਤੋਂ ਜੈਤੋ ਨੂੰ ਤੁਰ ਚੁਕੇ ਸਨ ਉਹਨਾਂ ਨੂੰ—ਜੇ ਉਹ ਜਾਣਾ ਚਹੁਣ ਰੇਲ ਵਿਚ ਆਪਣੀ ਮੰਜ਼ਲ ਤੇ ਜਾਣ ਦੀ ਆਗਿਆ ਹੋਵੇਗੀ। ਪਹਿਲੋਂ ਅੜਿਕਾ ਇਹ ਡਾਹਿਆ ਗਿਆ ਸੀ ਕਿ ਜਥੇ ਫੌਜੀ ਤਰਤੀਬ ਵਿਚ ਜੈਤੋ ਨਹੀਂ ਜਾਣ ਦਿਤੇ ਜਾਣਗੇ। ਵਿਅਕਤੀਗਤ ਤੌਰ ਤੇ ਜਾ ਸਕਣਗੇ। ਇਹ ਅੜਿਕਾ ਜੈਤੋ ਸਟੇਸ਼ਨ ਤੋਂ ਅਗੇ ਗੁਰਦੁਆਰਾ ਗੰਗਸਰ ਤਕ ਪਹੁੰਚਣ ਲਈ ਚੁਕ ਲਿਆ ਗਿਆ।

ਦੂਜੇ, ਵਾਈਸਰਾਏ ਦਾ ਇਹ ਵੀ ਖਿਆਲ ਸੀ ਕਿ ਅਰਦਾਸ ਦੇ ਇਹਨਾ ਸ਼ਬਦਾਂ ਦੇ : (ਹੇ ਮਹਾਰਾਜ) 'ਤੁਸੀਂ ਮਹਾਰਾਜਾ ਦੀ ਮੁਸੀਬਤ ਵਿਚ ਸਹਾਈ ਹੋਵੋ'—ਭਾਵੇਂ ਰਾਜਸੀ ਪ੍ਰੋਪੈਗੰਡਾ ਦੇ ਨੇੜੇ ਪਹੁੰਚਦੇ ਹਨ—ਛਡਣ ਉਤੇ ਜ਼ਿਦ ਕਰਨਾ ਬੇਅਰਥਾ ਹੈ। ਪਹਿਲੋਂ 'ਸ਼ਹੀਦਾਂ ਦੀ ਰੂਹ ਨੂੰ ਸ਼ਾਂਤੀ ਮਿਲੇ' ਜੇਹੇ ਅਣਦੁਖਵੇਂ ਸ਼ਬਦਾਂ ਉਤੇ ਵੀ ਸਰਕਾਰ ਵਲੋਂ ਇਤਰਾਜ਼ ਕੀਤੇ ਗਏ ਸਨ।

ਤੀਜੇ, ਉਸ ਨੇ ਇਹ ਵੀ ਆਖਿਆ ਕਿ 'ਸਾਰੇ ਹਿਤਾਂ ਲਈ ਨਿਆਂਕਾਰੀ ਹਨ' ਦੇ ਸ਼ਬਦ ਵੀ ਛਡੇ ਜਾ ਸਕਦੇ ਹਨ। ਇਹ ਉਹ ਫਾਰਮੂਲਾ ਸੀ ਜਿਸ ਦਾ ਆਸਰਾ ਲੈਕੇ ਸਰਕਾਰ ਹਿੰਦੂਆਂ ਤੇ ਮੁਸਲਮਾਨਾ ਦੀਆਂ ਹਮਦਰਦੀਆਂ ਅਕਾਲੀ ਤਹਿਰੀਕ ਨਾਲੋਂ ਤੋੜਨ ਦੇ ਯਤਨ ਕਰ ਸੀ, ਇਸ ਉਤੇ ਬੜੇ ਚਿਰਾਂ ਤੋਂ ਡੱਟੀ ਆ ਰਹੀ ਸੀ ਅਤੇ ਇਸ ਨੂੰ ਗੁਰਦੁਆਰਿਆਂ ਵਿਚ ਆਪਣੇ ਦੱਖਲ ਰਖਣ ਦੇ ਹੱਥਿਆਰ ਵਜੋਂ ਵਰਤ ਰਹੀ ਸੀ।

ਅਤੇ ਵਾਈਸਰਾਏ ਨੇ ਹੁਕਮ ਚਾੜ ਦਿਤਾ ਕਿ ਜੇ 2 ਜੂਨ, ਸੋਮਵਾਰ ਦੁਪਹਿਰ ਤਕ ਗੌਰਮਿੰਟ ਵਲੋਂ ਤਜਵੀਜ਼ ਕੀਤੀ ਵਿਵਸਥਾ (ਸਮਝੌਤਾ ਸ਼ਬਦ ਚੁਕਣ ਲਗ ਪਿਆ ਸੀ, ਬਗੈਰ ਕਿਸੇ ਤਬਦੀਲੀ ਦੇ ਮਨਜ਼ੂਰ ਨਹੀਂ ਕੀਤੀ ਜਾਂਦੀ ਤਾਂ ਗੌਰਮਿੰਟ ਇਸ ਤੋਂ ਇਹ ਸਮਝੇਗੀ ਕਿ ਅਕਾਲੀ ਆਗੂ ਤਜਵੀਜ਼-ਕੀਤੀ ਵਿਵਸਥਾ ਨੂੰ ਪਰਵਾਨ ਨਹੀਂ ਕਰਦੇ। ਤਦ ਸਮਝੌਤਾ ਟੁੱਟਣ ਦਾ 27 ਮਈ ਵਾਲਾ ਏਲਾਨ ਜਿਹੜਾ ਜੋਧ ਸਿੰਘ ਨੇ ਵੇਖਿਆ ਹੋਇਆ ਹੈ—ਪਰਕਾਸ਼ਤ ਕਰ ਦਿਤਾ ਜਾਵੇ।[1]

---

[1] ਉਤਲੇ ਸਾਰੇ ਤਥ ਵਾਈਸਰਾਏ ਦੀ ਕਾਨਫਰੰਸ ਤੇ ਇਸ ਦੇ ਮੈਮੋਰੈਂਡਮ (23.5.24) ਵਿਚੋਂ ਅਤੇ ਵਾਈਸਰਾਏ ਨਾਲ ਜਨਰਲ ਬਰਡ-ਵੁਡ ਤੇ ਕਰੇਕ ਦੀ ਹੋਈ ਮੁਲਾਕਾਤ (28 ਮਈ) ਵਿਚੋਂ ਲਏ ਗਏ ਹਨ,

ਵੇਖੋ : ਫਾਈਲ 297—ਬਰਡਵੁਡ ਕਮੇਟੀ।

Digitized by Panjab Digital Library | www.panjabdigilib.org

ਸਾਫ ਜ਼ਾਹਰ ਹੈ ਕਿ ਇਹ ਗੌਰਮਿੰਟ ਹੀ ਸੀ ਜਿਸ ਨੇ ਸਮਝੌਤੇ ਦੀ ਗਲਬਾਤ ਤੋੜਨ ਦੀ ਪਹਿਲ ਕੀਤੀ। ਗੌਰਮਿੰਟ ਦੇ ਉਚੱਤਮ ਹਾਕਮਾਂ ਦੇ ਸਿਰ ਤੇ ਸਤਕਾਰ ਤੇ ਵਕਾਰ ਦਾ ਅਤੇ ਅਕਾਲੀਆਂ ਦੀ ਜਿਤ ਦਾ ਡਰ ਦਾ ਭੂਤ ਸਵਾਰ ਹੋ ਗਿਆ ਸੀ। ਉਹ ਆਪ ਖ਼ੁਦ ਕੋਈ ਸ਼ਰਤ ਵੀ ਮੰਨਣ ਨੂੰ ਤਿਆਰ ਨਹੀਂ ਸਨ। ਸਭ ਸ਼ਰਤਾਂ ਅਕਾਲੀ ਲੀਡਰਾਂ ਤੋਂ, ਗੱਲ ਵਿਚ ਅੰਗੂਠਾ ਦੇ ਕੇ, ਮਨਾਣਾ ਚਾਹੁੰਦੇ ਸਨ। ਜੇਲ੍ਹ ਦੇ ਆਗੂਆਂ ਦੀ ਬਹੁ-ਗਿਣਤੀ ਨੇ ਏਹੋ ਜੇਹੀਆਂ ਸਤਕਾਰ-ਹੀਨ ਤੇ ਢਹਿਣੀਆਂ ਸ਼ਰਤਾਂ ਅੱਗੇ ਝੁਕਣੋਂ ਇਨਕਾਰ ਕਰ ਦਿਤਾ। ਗਲਬਾਤ ਵਿਚਾਲੇ ਹੀ ਖਤਮ ਹੋ ਗਈ।

## 13. ਬਰਡ-ਵੁਡ ਕਮੇਟੀ ਦਾ ਅੰਤ

ਸਮਝੌਤੇ ਦੀ ਗਲਬਾਤ ਦਾ ਟੁੱਟ ਜਾਣਾ, ਇਕ ਤਰ੍ਹਾਂ, ਚੰਗੀ ਗਲ ਸੀ। ਗੌਰਮਿੰਟ ਕਮੇਟੀ ਵਿਚ ਜੀ-ਹਜ਼ੂਰ ਸਨਾਤਨੀ ਹਿੰਦੂ ਆਗੂਆਂ ਨੂੰ ਲਿਆਣ-ਪਾਣ ਦੇ ਯਤਨ ਕਰ ਰਹੀ ਸੀ। ਉਹ ਮਹਾਰਾਜਾ ਬਰਦਵਾਨ ਨੂੰ ਲਿਆ ਰਹੀ ਸੀ—ਇਸ ਸ਼ਖ਼ਸ ਨੇ ਮਹਾਰਾਜਾ ਦੀ ਹੈਸੀਅਤ ਵਿਚ ਤੇ ਬਜਬਜ ਘਾਟ ਦੇ ਗੋਲੀ-ਕਾਂਡ ਦੀ ਪੜਤਾਲੀਆ ਕਮੇਟੀ ਵਿਚ ਹਿਸਾ ਲੈਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿਤਾ ਹੋਇਆ ਸੀ। ਦੂਜਾ ਆਦਮੀ ਉਹ ਭਵਨਗਰ ਰਿਆਸਤ ਦਾ ਪਰਧਾਨ ਸਰ ਪ੍ਰਭਾ ਸ਼ੰਕਰ ਪਟਾਨੀ ਲਿਆਣ ਲਈ ਲਿਖਾ-ਪੜ੍ਹੀ ਕਰ ਰਹੀ ਸੀ। ਇਸ ਦਾ 'ਸਰ' ਅਤੇ ਰਿਆਸਤ ਦਾ ਪਰਧਾਨ ਹੋਣਾ ਹੀ ਇਸ ਦੇ ਵਫ਼ਾਦਾਰੀ ਦੇ ਲੱਛਣਾਂ ਦਾ ਪਰਗਟਾਅ ਕਰਦਾ ਸੀ ਅਤੇ ਤੀਜਾ ਆਦਮੀ ਸੀ ਕੌਂਸਲ ਆਫ ਸਟੇਟ ਦਾ ਮਿੰਬਰ ਸਰ ਦੇਵ ਪ੍ਰਸਾਦ ਸਰਵਾਧਿਕਾਰੀ। ਬਰਡਵੁਡ ਕਮੇਟੀ ਵਿਚ ਤਿਨ ਇਹ ਆਦਮੀ ਅਤੇ ਦੋ ਜਾਂ ਤਿਨ ਕੌਂਸਲ ਤੇ ਅਸੰਬਲੀ ਦੇ ਸਿਖ ਮਿੰਬਰ ਲਏ ਜਾਣੇ ਸਨ। ਕਮੇਟੀ ਦੀ ਬਣਤਰ "ਦੂਜੇ ਹਿਤਾਂ" ਨੂੰ ਮੁਖ ਰਖ ਕੇ ਬਣਾਈ ਜਾ ਰਹੀ ਸੀ। ਇਸ ਨੇ ਕਈ ਨਵੇਂ ਬਖੇੜੇ ਪੈਦਾ ਕਰ ਦੇਣੇ ਸਨ ਅਤੇ ਗੁਰਦੁਆਰਿਆਂ ਉਤੇ ਸ਼੍ਰੋਮਣੀ ਕਮੇਟੀ ਦੀ ਕੰਟਰੋਲ ਦਾ ਮਸਲਾ ਹਲ ਨਹੀਂ ਸੀ ਹੋਣ ਲੱਗਾ।

ਗਲਬਾਤ ਦੇ ਟੁੱਟਣ ਪਿਛੋਂ ਜਨਰਲ ਬਰਡਵੁਡ ਦੀ ਆਪਣੀ ਰਾਏ ਇਹ ਬਣ ਗਈ ਸੀ ਕਿ ਕਮੇਟੀ ਦੇ ਵਜੂਦ ਵਿਚ ਲਿਆਣ ਦਾ ਕੋਈ ਫਾਇਦਾ ਨਹੀਂ। ਸਕਤਰੇਤ ਵਿਚ ਕੁਛ ਆਦਮੀ ਸਨ ਜਿਹੜੇ ਕਹਿੰਦੇ ਸਨ ਕਿ ਸ਼੍ਰੋਮਣੀ ਕਮੇਟੀ ਆਪਣੇ ਮਿੰਬਰ ਘਲੇ ਭਾਂਵੇ ਨਾ ਘਲੇ ਬਰਡ-ਵੁਡ ਕਮੇਟੀ ਕਾਇਮ ਕਰ ਦੇਣੀ ਚਾਹੀਦੀ ਹੈ। ਉਹਨਾਂ ਦੀ ਰਾਏ ਵਿਚ ਕਮੇਟੀ ਦੇ ਨਾ ਬਣਾਏ ਜਾਣ ਵਿਚ ਸ਼੍ਰੋਮਣੀ ਕਮੇਟੀ ਦੀ ਕਦਰ ਕੀਮਤ ਵਧਦੀ ਹੈ ਕਿਉਂਕਿ ਆਮ ਅਸਰ ਇਹ ਜਾਏਗਾ ਕਿ ਸਿਖ ਮਸਲੇ ਦੇ ਹਲ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਮਿਲਵਰਤਨ ਤੋਂ ਬਗੈਰ ਕੋਈ ਕਮੇਟੀ ਹੋਂਦ ਵਿਚ ਨਹੀਂ ਆ ਸਕਦੀ। ਪਰ ਉਹਨਾਂ ਦੀ ਰਾਏ ਰੱਦ ਕਰ ਦਿੱਤੀ ਗਈ।

ਜਨਰਲ ਬਰਡਵੁਡ ਇਸ ਗਲ ਤੇ ਕਾਇਲ ਸੀ ਕਿ ਕੋਈ ਵੀ ਕਮੇਟੀ ਫਾਇਦੇਮੰਦ ਨਹੀਂ ਸਾਬਤ ਹੋਵੇਗੀ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਭਰੋਸੇ ਵਾਲੇ ਮਿੰਬਰ ਸ਼ਾਮਲ ਨਹੀਂ ਹੋਣਗੇ। ਅਤੇ ਗਵਰਨਰ-ਇਨ-ਕੌਂਸਲ ਦੀ ਵੀ ਏਹੋ ਰਾਏ ਸੀ ।......ਸ਼੍ਰੋਮਣੀ ਕਮੇਟੀ ਦੀ ਵਿਰੋਧਤਾ ਦੇ ਹੁੰਦਿਆਂ ਜਨਰਲ ਬਰਡਵੁਡ ਨੂੰ ਅਜੇਹੀ ਕਮੇਟੀ ਦੀ ਪਰਧਾਨਗੀ ਲਈ ਆਖਣਾ ਜਿਸ ਦਾ ਬਾਈਕਾਟ ਕੀਤਾ ਤੇ ਮਖੌਲ ਉਡਾਇਆ ਜਾਏਗਾ—ਉਸ ਨਾਲ ਨਿਆ ਕਰਨਾ ਨਹੀਂ ।[1] ਅਤੇ ਵਾਈਸਰਾਏ ਵੀ

[1] Lahore the 5th May 192।—from the Chief Secretary to Crerar Secretary Home Dept.

Digitized by Panjab Digital Library | www.panjabdigilib.org

ਪਿਛੋਂ ਏਸੇ ਰਾਏ ਨਾਲ ਸਹਿਮਤ ਹੋ ਗਿਆ ਸੀ। ਕਿਉਂਕਿ ਏਹੋ ਜੇਹੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਬਾਬ ਉਹੋ ਜੇਹੀ ਹੀ ਹੋਣੀ ਸੀ ਜਿਹੜੀ ਸ਼੍ਰੋਮਣੀ ਕਮੇਟੀ ਦੀ ਮਿਲਵਰਤਨ ਤੋਂ ਬਗੈਰ ਗੌਰਮਿੰਟ ਵਲੋਂ ਠੋਸੇ ਗਏ ਗੁਰਦੁਆਰਾ ਬਿਲਾਂ ਦੀ ਹੋਈ ਸੀ।

## 14. ਗੌਰਮਿੰਟ ਦਾ ਪ੍ਰੈਸ ਰਾਹੀਂ ਪ੍ਰੋਪੇਗੰਡਾ

ਗੌਰਮਿੰਟ ਨੇ ਆਪਣਾ ਏਲਾਨ ਤਾਂ ਅਣ-ਦੁੱਖਵਾਂ ਜਿਹਾ ਕਢਿਆ ਪਰ ਐਂਗਲੋ ਇੰਡੀਅਨ ਅਖਬਾਂਰਾ ਰਾਹੀਂ ਸਮਝੌਤੇ ਦੇ ਤੋੜਨ ਦੀ ਜ਼ੁਮੇਂਵਾਰੀ ਦਾ ਭਾਂਡਾ ਸ਼੍ਰੋਮਣੀ ਕਮੇਟੀ ਦੇ ਸਿਰ ਭੰਨਿਆ। ਹਿੰਦੁਸਤਾਨ ਵਿਚ ਢੇਰ ਸਾਰੇ ਅਖਬਾਰ ਸਨ ਜਿਹੜੇ ਹਾਕਮਾਂ ਦੇ ਇਸ਼ਾਰੇ ਤੇ ਨਾਚ ਨਚਦੇ ਸਨ। ਉਹਨਾਂ ਨੇ ਲਿਖਣਾ ਸ਼ੁਰੂ ਕਰ ਦਿਤਾ: ਗੌਰਮਿੰਟ ਰਿਆਇਤਾਂ ਦੇਣ ਦੀ ਅਖੀਰੀ ਹੱਦ ਤੱਕ ਇਸ ਆਸ ਤੇ ਗਈ ਕਿ ਪੁਰਅਮਨ ਫੈਸਲਾ ਹੋ ਸਕੇ। ਨਰਮ-ਖਿਆਲ ਸਿੱਖਾਂ ਦੀ ਬਹੁ-ਗਿਣਤੀ ਵੀ ਫਿਕਰਮੰਦ ਹੈ ਕਿ ਇਹ ਫੈਸਲਾ ਸਿਰੇ ਚੜ੍ਹ ਜਾਏ। ਦੁਰਭਾਗਾਂ ਨੂੰ ਅਕਾਲੀ ਕੈਂਪ ਦੇ ਨਾ-ਰਾਜ਼ੀਹੋਣ-ਵਾਲੇ ਆਗੂ ਸਮੁੱਚੇ ਪੰਥ ਉਤੇ ਆਪਣਾ ਜ਼ਹਿਰੀਲਾ ਅਸਰ ਰਖਦੇ ਹਨ ਅਤੇ ਇਹ ਗੱਲ ਉੱਘੀ ਹੈ ਕਿ ਉਹਨਾ ਦੀ ਹਾਲਤ ਪਿਛਲੇ ਦੋਂਹ ਹਫਤਿਆਂ ਵਿਚ ਵਧ ਗਈ ਹੈ।[1]

ਟ੍ਰੀਬਿਊਨ ਨੇ ਵੀ ਇਸ ਪ੍ਰੋਪੇਗੰਡੇ ਦਾ ਨੋਟਿਸ ਲਿਆ: 'ਇਕ ਨਾਲੋਂ ਵੱਧ ਐਂਗਲੋ-ਇੰਡੀਅਨ ਅਖਬਾਰਾਂ ਨੇ ਗ਼ਲਬਾਤ ਦੀ ਨਾਕਾਮੀ ਦਾ ਇਲਜ਼ਾਮ ਅਕਾਲੀਆਂ ਉਤੇ ਲਾਇਆ ਹੈ।' ਇਹੋ ਜੇਹੀਆਂ ਊਜਾਂ ਅਫਸਰਾਂ ਦੀ ਪ੍ਰੇਰਨਾ ਦੇ ਕਾਰਣ ਲਿੱਖੀਆਂ ਗਈਆਂ ਹਨ। ਇਸ ਵਿਚ ਪਹਿਲ ਸ਼੍ਰੋਮਣੀ ਕਮੇਟੀ ਨੇ ਨਹੀਂ ਕੀਤੀ। ਗੌਰਮਿੰਟ ਨੇ ਇਕ ਨਾਲੋਂ ਵਧ ਬਿਆਨ ਇਸ ਬਾਰੇ ਦਿਤੇ। ਸਮਝੌਤੇ ਦਾ ਟੁੱਟਣਾ ਲੋਕਾਂ ਲਈ ਬੜੀ ਮਹਤੱਤਾ ਰਖਦਾ ਹੈ। ਲੋਕ ਜਾਨਣ ਚਾਹੁੰਦੇ ਹਨ ਕਿ ਸਮਝੌਤਾ ਕਿਹੜੇ ਹਾਲਾਤ ਵਿਚ ਟੁੱਟਾ। :"ਸ਼੍ਰੋਮਣੀ ਕਮੇਟੀ ਲਈ ਲੋਕਾਂ ਦਾ ਭਰੋਸਾ ਹਾਸਲ ਕਰਨਾ ਇਸ ਦੀ ਜ਼ਿੰਦਗੀ ਹੈ।"[2] ਲੋਕਾਂ ਦੀ ਹਮਾਇਤ ਤੋਂ ਬਿਨਾ ਉਹ ਨਾਕਾਰਾ ਹੋਕੇ ਰਹਿ ਜਾਏਗੀ।

---

[1] The Pioneer, Allahabad 5.6.24.
[2] Tribune Lahore, 5th Sept. 1924.

Digitized by Panjab Digital Library | www.panjabdigilib.org

# ਸ਼੍ਰੋਮਣੀ ਕਮੇਟੀ ਦਾ ਸਪਸ਼ਟੀਕਰਣ

ਸ਼੍ਰੋਮਣੀ ਕਮੇਟੀ ਦਾ ਗੌਰਮਿੰਟ ਵਲ ਰਵੱਈਆ ਇਸ ਵੇਲੇ ਬੜਾ ਸੁਲ੍ਹਾ ਸਫਾਈ ਵਾਲਾ ਤੇ ਨਰਮ ਸੀ। ਲੋਕ ਮੰਗ ਕਰ ਰਹੇ ਸਨ ਕਿ ਸਮਝੌਤਾ ਟੁੱਟਣ ਦੇ ਕਾਰਣ ਦੱਸੇ ਜਾਣ ਪਰ ਸ਼੍ਰੋਮਣੀ ਕਮੇਟੀ ਆਪਣਾ ਬਿਆਨ ਗੌਰਮਿੰਟ ਨੂੰ ਵਿਖਾ ਕੇ ਅਤੇ ਉਸ ਤੋਂ ਹਾਂ ਕਰਾਕੇ ਛਾਪਣਾ ਚਾਹੁੰਦੀ ਸੀ। ਪਹਿਲੋਂ ਦਸ ਜੂਨ ਨੂੰ ਸ: ਰਾਜਾ ਸਿੰਘ, ਮੰਗਲ ਸਿੰਘ ਤੇ ਇਕ ਹੋਰ ਆਗੂ ਆਪਣਾ ਏਲਾਨ ਲੈ ਕੇ ਸ਼ਿਮਲੇ ਚੀਫ ਸੈਕਟਰੀ ਕਰੇਕ ਨੂੰ ਵਿਖਾਣ ਗਏ। ਉਸ ਨੇ ਪਹਿਲੋਂ ਤਾਂ ਇਹਨਾਂ ਨੂੰ ਲੈਕਚਰ ਦੇਣਾ ਸ਼ੁਰੂ ਕਰ ਦਿਤਾ ਕਿ ਸਿੱਖ ਇੱਕ ਛੋਟਾ ਜਿਹਾ ਫਿਰਕਾ ਹਨ ਅਤੇ ਹਿੰਦੂ ਤੇ ਮੁਸਲਮਾਨ ਉਹਨਾਂ ਦੇ ਸਖਤ ਖਿਲਾਫ ਹਨ। ਉਹਨਾਂ ਨੂੰ ਸੰਭਲ ਕੇ ਚਲਣਾ ਚਾਹੀਦਾ ਹੈ। ਅਤੇ ਉਸ ਨੇ ਇਹਨਾਂ ਨੂੰ ਡਰਾਣ ਧਮਕਾਣ ਲਈ ਆਖਿਆ : ਮੈਂ ਚਾਹਵਾਂ ਤਾਂ ਹੁਣੇ ਤੁਹਾਨੂੰ ਫੜਕੇ ਜੇਲ੍ਹ ਵਿਚ ਸੁੱਟ ਸਕਦਾ ਹਾਂ ਕਿਉਂਕਿ ਤੁਸੀਂ ਖਿਲਾਫ-ਕਾਨੂੰਨ ਜਮਾਤ ਦੇ ਮਿੰਬਰ ਹੋ। ਪਰ ਉਸ ਦਾ ਇਹ ਵਾਰ ਖੁੰਡਾ ਹੋ ਗਿਆ ਜਦੋਂ ਉਹਨਾਂ ਨੇ ਡੱਟਕੇ ਅੱਗੋਂ ਜਵਾਬ ਦਿਤਾ : ਪੰਜਾਬ ਗੌਰਮਿੰਟ ਦੇ ਚੀਫ ਸੈਕਟਰੀ ਦੇ ਦਫਤਰ ਵਿਚੋਂ ਫੜੇ ਜਾਣ ਤੇ ਸਾਨੂੰ ਖੁਸ਼ੀ ਹੋਵੇਗੀ। ਪਰ ਉਸ ਨੇ ਝੱਟ ਪੈਂਤੜਾ ਬਦਲ ਕੇ ਆਖਿਆ : ਮੈਂ ਭਰੋਸੇ ਦੇ ਸਤਕਾਰ ਵਜੋਂ ਅਜੇਹਾ ਕਦਮ ਨਹੀਂ ਚੁਕਾਂਗਾ।[1] ਯਾਰਾਂ ਜੂਨ ਨੂੰ ਉਹ ਤਿਨੇ ਆਪਣਾ ਏਲਾਨ ਦੇ ਕੇ ਵਾਪਸ ਅਮਰਿਤਸਰ ਆ ਗਏ।

20 ਜੂਨ ਨੂੰ ਸ: ਤਾਰਾ ਸਿੰਘ ਮੋਗਾ ਵਲੋਂ ਸਰਕਾਰ ਨੂੰ ਇਕ ਮੈਮੋਰੰਡਮ ਤੇ ਇਕ ਇਲਾਨ ਨੰਬਰ 1693 ਭੇਜਿਆ ਗਿਆ ਅਤੇ ਲਿਖਿਆ ਗਿਆ ਕਿ ਸ਼੍ਰੋਮਣੀ ਕਮੇਟੀ ਇਸ ਏਲਾਨ ਤੋਂ ਛੁੱਟ ਕੁੱਛ ਨਹੀਂ ਛਾਪਣਾ ਚਹੁੰਦੀ। 23 ਜੂਨ ਨੂੰ ਇਕ ਤਾਰ ਭੇਜੀ ਗਈ ਜਿਸ ਵਿਚ ਸਰਕਾਰ ਤੋਂ ਪੁਛਿਆ ਗਿਆ ਕਿ ਜੇ ਏਲਾਨ ਵਿਚ ਕੋਈ ਨਾ-ਦਰੁਸਤ ਤੱਥ ਹੋਵੇ ਤਾਂ ਇਸ ਦੇ ਛਾਪਣ ਤੋਂ ਪਹਿਲੋਂ ਪਹਿਲੋਂ ਦੱਸ ਦਿਤਾ ਜਾਵੇ। ਪਰ ਗਵਰਨਰ ਨੇ ਫੈਸਲਾ ਕੀਤਾ ਕਿ ਇਸ ਤਾਰ ਦਾ ਕੋਈ ਜਵਾਬ ਹੀ ਨਾ ਦਿਤਾ ਜਾਏ ਕਿਉਂਕਿ ਇਕ ਤਾਂ ਖਿਲਾਫ-ਕਾਨੂੰਨ ਜਥੇਬੰਦੀ ਨਾਲ ਚਿੱਠੀ ਪੱਤਰ ਕਰਨਾ ਉਂਝ ਹੀ ਇਤਰਾਜ-ਯੋਗ ਹੈ ਅਤੇ ਦੂਜੇ ਕਿਸੇ ਨਾ-ਦਰੁਸਤੀ ਨੂੰ ਦਰੁਸਤ ਕਰਨਾ, ਕਿਸੇ ਹਦ ਤਕ, ਗੌਰਮਿੰਟ ਨੂੰ ਇਲਾਨ ਲਈ ਜ਼ੁਮੇਵਾਰ ਬਣਾਂਦਾ ਹੈ।[2]

ਇਸ ਤੋਂ ਅੰਗਰੇਜ਼ ਹਾਕਮਾਂ ਦੀ ਰਿਆਕਾਰੀ ਤੇ ਕੁੱਟਲ-ਨੀਤੀ ਦਾ ਪੜਦਾ ਫਾਸ਼ ਹੁੰਦਾ ਹੈ। ਇਕ ਪਾਸੇ, ਉਹ ਆਪਣੇ ਵਿਚੋਲਿਆਂ ਨੂੰ—ਭਾਂਵੇ ਉਹ ਸ: ਸੋਭਾ ਸਿੰਘ ਹੋਵੇ ਜਾਂ ਸ: ਜੋਧ ਸਿੰਘ ਤੇ ਨਾਰਾਇਣ ਸਿੰਘ—ਖਿਲਾਫ ਕਾਨੂੰਨ ਜੱਥੇਬੰਦੀ ਦੇ ਆਗੂਆਂ ਨਾਲ, ਜੇਲ੍ਹ ਦੇ ਅੰਦਰ ਤੇ ਬਾਹਰ, ਮੁਲਾਕਾਤਾਂ ਦੀ ਇਜ਼ਾਜ਼ਤ ਦੀਆਂ ਚਿਠੀਆਂ ਲਿਖ ਲਿਖ ਭੇਜਦੇ ਸਨ ਅਤੇ ਦੂਜੇ ਪਾਸੇ, ਵਿਖਾਵਾ ਇਹ ਵੀ ਕਰ ਰਹੇ ਸਨ ਕਿ ਸ਼੍ਰੋਮਣੀ ਕਮੇਟੀ ਬਾਗੀ ਜਮਾਤ ਦੇ ਨਾਤੇ ਅਛੂਤ ਜਮਾਤ ਹੈ, ਉਸ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਰਖੱਣਾ। ਏਹੋ ਜੇਹਾ ਦੋਗਲਾਪਨ ਅੰਗਰੇਜ ਰਾਜ ਦੀ ਨੀਤੀ ਦਾ ਇਕ ਅੰਗ ਸੀ।

---

[1] See : memorandum by S-G. P.C. Dated 19.6.24.

[2] 27th June. File no. 299-1924—Home.

Digitized by Panjab Digital Library | www.panjabdigilib.org

ਸ਼੍ਰੋਮਣੀ ਕਮੇਟੀ ਦਾ ਇਹ ਐਲਾਨ (ਨੰਬਰ 1693) ਬੜਾ ਝਿਜਕਵਾਂ ਸੀ। ਇਸ ਪੜਾਅ ਤੇ ਉਹ ਗਲਬਾਤ ਦੀ ਤਫਸੀਲ ਦੇਣ ਦੇ ਖਿਲਾਫ ਸੀ। ਸਮਝੌਤਾ ਟੁੱਟਣ ਦਾ ਕਾਰਣ ਸ਼੍ਰੋਮਣੀ ਕਮੇਟੀ ਦੀ ਕੋਈ ਅਕਾਰਣ ਮੰਗ ਨਹੀਂ ਸੀ। ਬਾਕੀ ਸਾਰੇ ਨੁਕਤਿਆ ਉਤੇ ਅਮਲੀ ਸਹਿਮਤੀ ਸੀ ਪਰ ਗੌਰਮਿੰਟ ਜੈਤੋ ਦੇ ਕੈਦੀਆਂ ਦਾ ਇਕ ਅਹਿਮ ਜੱਥਾ ਛੱਡਣ ਦਾ ਬਚਨ ਦੇਣ ਲਈ ਤਿਆਰ ਨਹੀਂ ਸੀ। ਨਾ ਹੀ ਉਹ, ਗੁਰਦੁਆਰਾ ਬਿਲ ਦੇ ਪਾਸ ਹੋ ਜਾਣ ਪਿੱਛੋਂ ਵੀ, ਸਾਰੇ ਧਾਰਮਿਕ ਕੈਦੀਆਂ ਨੂੰ ਰਿਹਾ ਕਰ ਦੇਣ ਦਾ ਭਰੋਸਾ ਦੇਂਦੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਗੁਰਦੁਆਰਾ ਬਿਲ ਦੇ ਅਮਲ ਵਿਚ ਲਿਆਣ ਲਈ ਇਹ ਇਕ ਜਾਨਦਾਰ ਸ਼ਰਤ ਸੀ। ਇਸ ਗੱਲ ਉਤੇ ਅਸੰਬਲੀ ਤੇ ਕੌਂਸਲ ਤੇ ਮਿੰਬਰਾਂ ਨੇ ਬਾਰ ਬਾਰ ਜ਼ੋਰ ਦਿਤਾ ਸੀ ਅਤੇ ਮਤੇ ਵੀ ਪਾਸ ਕੀਤੇ ਸਨ।

ਗੌਰਮਿੰਟ ਇਸ ਮਾਮਲੇ ਵਿਚ ਨੰਗਾ ਹੋਣੋਂ ਬਹੁਤ ਡਰਦੀ ਸੀ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਹੱਥਾਂ ਵਿਚ ਆਈਆਂ ਲਿਖਤਾਂ ਸਮਝੌਤਾ ਤੋੜਨ ਦਾ ਕਸੂਰਵਾਰ ਸਰਕਾਰ ਨੂੰ ਠਹਿਰਾਂਦੀਆਂ ਸਨ। ਇਸ ਲਈ ਚੀਫ ਸੈਕਟਰੀ ਕਰੇਕ ਨੇ ਰਾਜਾ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਸ਼ਿਮਲੇ ਵੀ ਕਿਹਾ ਸੀ ਕਿ ਸਮਝੌਤੇ ਦੇ ਟੁੱਟਣ ਬਾਰੇ ਕੁਛ ਕਹਿਣਾ 'ਬਚਨ ਭੰਗ' ਕਰਨਾ ਹੋਵੇਗਾ ਅਤੇ ਜਦੋਂ ਐਸੋਸੀਏਟਿਡ ਪ੍ਰੈਸ ਦੇ ਪਰਤੀਨਿਧ ਨੇ ਕਰੇਕ ਦਾ ਧਿਆਨ ਸ਼੍ਰੋਮਣੀ ਕਮੇਟੀ ਦੇ ਸਮਝੌਤੇ ਬਾਰੇ ਨਿਕਲੇ ਬਿਆਨ ਵੱਲ ਦੁਆਇਆ ਅਤੇ ਪੁੱਛਿਆ ਕਿ ਕੀ ਗੱਲਬਾਤ ਬਾਰੇ ਸ਼੍ਰੋਮਣੀ ਕਮੇਟੀ ਦਾ ਬਿਆਨ ਦਰੁਸਤ ਹੈ ? ਤਾਂ ਉਸ ਨੇ ਜਵਾਬ ਦਿੱਤਾ : ਉਹ ਇਸ ਮਾਮਲੇ ਤੇ ਕੋਈ ਵਿਚਾਰ ਨਹੀਂ ਦੇਣਾ ਚਾਹੁੰਦਾ ਕਿਉਂਕਿ ਇਸ ਗੱਲ ਤੇ (ਆਪਸ ਵਿਚ) ਇਤਫਾਕ ਸੀ ਕਿ ਗੱਲਬਾਤ ਟੁੱਟਣ ਦੀ ਹਾਲਤ ਵਿਚ ਇਸ ਕਾਰਵਾਈ ਨੂੰ ਗੁਪਤ ਰਖਿਆ ਜਾਵੇਗਾ।[1]

ਕਰੇਕ ਸਮਝੌਤੇ ਨੂੰ ਗੁਪਤ ਰੱਖਣ ਬਾਰੇ ਸਰੀਹਣ ਝੂਠ ਬੋਲ ਰਿਹਾ ਸੀ ਅਤੇ ਅੰਗਰੇਜ਼ ਹਾਕਮਾਂ ਲਈ ਝੂਠ ਬੋਲਣਾ ਕੋਈ ਅਲੋਕਾਰ ਗੱਲ ਨਹੀਂ ਸੀ। ਪਿੱਛੇ ਪਾਠਕ ਪੜ੍ਹ ਚੁੱਕੇ ਹਨ ਕਿ ਵਾਈਸਰਾਏ, ਹਿੰਦ ਸਰਕਾਰ ਤੇ ਪੰਜਾਬ ਸਰਕਾਰ ਦੇ ਹੱਥ ਸਮਝੌਤੇ ਬਾਰੇ ਕੋਈ ਵੀ ਤੇ ਕਿਸੇ ਵੇਲੇ ਵੀ ਬਿਆਨ ਦੇਣ ਲਈ ਖੁੱਲ੍ਹੇ ਰੱਖਣ ਉੱਤੇ ਜ਼ੋਰ ਦੇ ਰਿਹਾ ਸੀ ਅਤੇ ਪੰਜਾਬ ਸਰਕਾਰ ਉਸ ਦੇ ਅੱਗੇ ਬਿੜਕ ਤਕ ਨਹੀਂ ਸੀ ਸਕਦੀ। ਖੁਦ ਕਰੇਕ ਨੇ ਦੋਹਾਂ ਸਰਕਾਰਾਂ ਦਾ ਕੋਈ ਵੀ ਬਿਆਨ ਦੇਣ ਦਾ ਹੱਕ ਬਹਾਲ ਰੱਖਣ ਬਾਰੇ ਕਰੀਰਾਰ ਨੂੰ ਟੈਲੀਫੋਨ ਕੀਤਾ ਸੀ·ਜਿਸ ਰਾਹੀਂ ਇਹ ਸ਼ਬਦ ਉੱਤੇ ਪਹੁੰਚਾਏ ਗਏ ਸਨ :

ਉਸ (ਕਰੇਕ) ਨੇ ਜੋਧ ਸਿੰਘ ਨੂੰ ਲਿਖਤੀ ਚਿੱਠੀ ਦਿੱਤੀ ਸੀ ਕਿ ਸਮਝੌਤੇ ਤੋਂ ਪਹਿਲੋਂ ਨਾ-ਛੱਡੀ-ਜਾਣ-ਵਾਲੀ ਸਰਤ ਇਹ ਹੈ ਕਿ ਹਿੰਦ ਸਰਕਾਰ ਤੇ ਪੰਜਾਬ ਸਰਕਾਰ ਪਾਸ ਕੋਈ ਵੀ ਬਿਆਨ ਜਿਹੜਾ ਉਹ ਮੁਨਾਸਬ ਸਮਝਣ ਕਿਸੇ ਵੀ ਵੇਲੇ ਦੇਣ ਦਾ ਅਧਿਕਾਰ ਰਾਖਵਾਂ ਹੈ। ਸ: ਜੋਧ ਸਿੰਘ ਆਸਵੰਦ ਸੀ ਕਿ ਇਸ ਸ਼ਰਤ ਉੱਤੇ ਅਮਲ ਕੀਤਾ ਜਾਵੇਗਾ।[2] ਇਸ ਲਈ ਸ਼੍ਰੋਮਣੀ ਕਮੇਟੀ ਨੂੰ ਬਿਆਨ ਦੇਣ ਦੀ ਕੋਈ ਮਨਾਹੀ ਨਹੀਂ ਸੀ। ਨਾ ਹੀ ਉਸ ਨਾਲ ਏਹੋ ਜੇਹੀ ਕੋਈ ਸ਼ਰਤ ਤੈ ਹੋਈ ਸੀ। ਏਹੋ ਹੀ ਨਹੀਂ ਵਿਚੋਲਿਆਂ ਨੇ ਵੀ ਕੋਈ ਅਜੇਹੀ ਸ਼ਰਤ ਨਹੀਂ ਸੀ ਦਿੱਤੀ ਕਿ ਗੱਲਬਾਤ ਦੇ ਨਾਕਾਮ ਹੋਣ ਤੇ ਕੋਈ ਬਿਆਨ ਨਹੀਂ ਕੱਢੇ ਜਾਣਗੇ। ਉਹਨਾਂ ਨੂੰ ਤਾਂ ਸਗੋਂ ਸਰਕਾਰ ਵਲੋਂ ਗੱਲਬਾਤ ਖੁਫੀਆ ਰੱਖਣ ਦੇ ਖਿਲਾਫ ਹਦਾਇਤ ਮਿਲੀ ਸੀ।

1 Tribune, Lahore : 5th Sept. 1924.

2 J. Crerar 30.4.24 File no. 297.

Digitized by Panjab Digital Library | www.panjabdigilib.org

ਪਰ ਸ਼੍ਰੋਮਣੀ ਕਮੇਟੀ ਸਮਝੌਤੇ ਦੀ ਆਸ ਵਿਚ, ਸਰਕਾਰ ਦੀ ਨਾਰਾਜ਼ਗੀ ਨਹੀਂ ਸੀ ਮੁਲ ਲੈਣਾ ਚਾਹੁੰਦੀ। ਉਸ ਨੇ ਰਾਏ ਇਹ ਬਣਾਈ ਸੀ ਕਿ ਕੁਲ ਹਾਲਾਤ ਦਾ "ਛਾਪਣਾ ਸੰਬੰਧਾਂ ਵਿਚ ਤਣਾਅ ਪੈਦਾ ਕਰ ਦੇਵੇਗਾ ਕਿਉਂਕਿ ਇਹ ਜ਼ਾਹਰ ਕਰਨਾ ਗੌਰਮਿੰਟ ਨੂੰ ਕਸੂਤੀ ਪੁਜ਼ੀਸ਼ਨ ਵਿਚ ਪਾ ਦੇਵੇਗਾ ਕਿ ਉਸ ਨੇ ਆਪਣੇ ਦਿੱਤੇ ਬਚਨਾਂ ਦੀ ਮੁਨਾਸਬ ਪਾਲਣਾ ਨਹੀਂ ਕੀਤੀ—ਨਾ ਹੀ ਸੁਲ੍ਹਾ ਸਫਾਈ ਲਈ ਕਾਫੀ ਖਾਹਸ਼ ਵਿਖਾਈ ਹੈ।[1]

## 1. ਕਮਜ਼ੋਰੀ ਦੀਆਂ ਨਿਸ਼ਾਨੀਆਂ

ਇਸ ਵੇਲੇ ਜ਼ਰੂਰਤ ਇਸ ਗੱਲ ਦੀ ਸੀ ਕਿ ਗੌਰਮਿੰਟ ਦੀ ਕਮਜ਼ੋਰ ਪੁਜ਼ੀਸ਼ਨ ਤੋਂ ਫਾਇਦਾ ਉਠਾਇਆ ਜਾਂਦਾ ਅਤੇ ਬਿਨਾ ਝਿਜਕ ਸਮਝੌਤੇ ਦੀ ਸਾਰੀ ਗੱਲਬਾਤ ਨਸ਼ਰ ਕੀਤੀ ਜਾਂਦੀ। ਅਤੇ ਹੁੰਦੇ ਹੁੰਦੇ ਸਮਝੌਤੇ ਦੇ ਤੋੜਨ ਦਾ ਜ਼ੋਰਦਾਰ ਇਲਜ਼ਾਮ ਗੌਰਮਿੰਟ ਉੱਤੇ ਲਾਇਆ ਜਾਂਦਾ। ਅਤੇ ਲੋਕਾਂ ਸਾਮ੍ਹਣੇ ਸਪਸ਼ਟ ਸ਼ਬਦਾਂ ਵਿਚ ਰਖਿਆ ਜਾਂਦਾ ਕਿ ਗੌਰਮਿੰਟ ਕਿਵੇਂ ਪਹਿਲੇ ਧਰੇ ਇਕ ਇਕ ਕਦਮ ਤੋਂ ਪਿੱਛੇ ਹਟੀ ਹੈ ਅਤੇ ਸਮਝੌਤੇ ਤੋਂ ਭੱਜ ਨਿਕਲੀ ਹੈ।

ਇਸ ਸਪਸ਼ਟੀ-ਕਰਣ ਦਾ ਅਸਰ ਇਹ ਹੋਣਾ ਸੀ ਕਿ ਲੋਕਾਂ ਵਿਚ ਪੰਜਾਬ ਸਰਕਾਰ ਦੀ ਪੁਜ਼ੀਸ਼ਨ ਬੜੀ ਹਾਸੋਹੀਣੀ ਹੋ ਜਾਣੀ ਸੀ, ਉਸ ਨੂੰ ਸਫਾਈ ਦੇ ਤੇ ਵਾਰ-ਰੋਕੂ ਬਿਆਨ ਦੇਣ ਲਈ ਮਜਬੂਰ ਹੋਣਾ ਪੈਣਾ ਸੀ ਅਤੇ ਸ਼੍ਰੋਮਣੀ ਕਮੇਟੀ ਦੀ ਪੁਜ਼ੀਸ਼ਨ ਇਸ ਪੈਂਤੜੇ ਵਿਚ ਵਧੇਰੇ ਮਜ਼ਬੂਤ ਹੋ ਕੇ ਨਿਕਲਣੀ ਸੀ ਅਤੇ ਅਕਾਲੀ ਜਥੇਬੰਦੀ ਨੇ ਹੋਰ ਤਕੜੀ ਹੋ ਜਾਣਾ ਸੀ। ਏਹੋ ਹੀ ਨਹੀਂ, ਇਸ ਕਾਰਵਾਈ ਨਾਲ ਹਿੰਦੂ-ਮੁਸਲਿਮ ਆਗੂਆਂ ਦੀਆਂ ਹਮਦਰਦੀਆਂ ਪਹਿਲੋਂ ਨਾਲੋਂ ਵਧੇਰੇ ਬਿਹਤਰ ਹੋ ਜਾਣੀਆਂ ਸਨ ਕਿਉਂਕਿ ਸਮਝੌਤਾ ਤੋੜਨ ਦਾ ਇਲਜ਼ਾਮ ਗੌਰਮਿੰਟ ਦੇ ਮੱਥੇ ਲਗਣਾ ਸੀ।

ਪਰ ਅਕਾਲੀ ਆਗੂਆਂ ਦੀ ਇਹ ਸਮਝ "ਸਬੰਧਾਂ ਵਿਚ ਤਣਾਅ" ਘਟਾਉਂਦੀ ਨਹੀਂ ਸੀ ਅਤੇ ਜੇ ਵਧਾਉਂਦੀ ਨਹੀਂ ਸੀ ਤਾਂ ਕਾਇਮ ਜ਼ਰੂਰ ਰਖਦੀ ਸੀ। ਸਮਝੌਤੇ ਦੀ ਛੇਤੀ ਝਾਕ ਨੇ ਕੁਛ ਆਗੂਆਂ ਵਿਚ ਇਹ ਕਮਜ਼ੋਰੀ ਲਿਆਂਦੀ ਜਿਸ ਦੇ ਕਾਰਣ ਹੋਲੀ ਗੌਰਮਿੰਟ ਦੀ ਚੜ੍ਹ ਮਚ ਗਈ ਜਿਵੇਂ ਕਿ ਅਸੀਂ ਅਗੇ ਜਾ ਕੇ ਵੇਖਾਂਗੇ।

ਸਮਝੌਤੇ ਦੇ ਟੁੱਟਣ ਦੀ ਖਬਰ ਸੁਣ ਕੇ "ਸ: ਮਹਿਤਾਬ ਸਿੰਘ ਅਤੇ ਉਸ ਦੇ ਦੋਸਤਾਂ" ਨੂੰ ਬੜਾ ਅਫਸੋਸ ਹੋਇਆ। ਉਹਨਾਂ ਦੇ ਡਿੱਗੇ ਹੋਏ ਚਿਹਰੇ ਸਰਕਾਰੀ ਵਕੀਲਾਂ ਪੈਟਮੈਨ ਅਤੇ ਜ਼ਵਾਲਾ ਪਰਸ਼ਾਦ ਨੇ ਵੇਖੇ ਅਤੇ ਉਹਨਾਂ ਨੇ ਇਸ ਦੀ ਰਿਪੋਰਟ ਉਤਲੇ ਅਫਸਰਾਂ ਪਾਸ ਕੀਤੀ। ਮੁਲਜ਼ਮਾਂ ਦੇ ਵਕੀਲ ਰਾਇਜ਼ਾਦਾ ਭਗਤ ਰਾਮ ਨੇ ਵੀ ਉਹਨਾਂ ਦੀ ਮਨੋ ਅਵਸਥਾ ਵੇਖੀ ਤੇ ਪੜ੍ਹੀ ਅਤੇ ਸ: ਮਹਿਤਾਬ ਸਿੰਘ ਅਤੇ ਉਸ ਦੇ ਦੋਸਤਾਂ ਦੀਆਂ ਗੱਲਾਂ ਸੁਣੀਆਂ। ਇਹਨਾਂ ਤੋਂ ਇਕੋ ਗੱਲ ਜ਼ਾਹਰ ਹੁੰਦੀ ਸੀ ਕਿ ਸ: ਮਹਿਤਾਬ ਸਿੰਘ ਅਤੇ ਉਸ ਦੇ ਦੋਸਤ ਰਿਹਾਈਆਂ ਲਈ ਬੜੇ ਉਤਾਵਲੇ ਸਨ, ਗੌਰਮਿੰਟ ਨਾਲ ਲੜਦੇ ਲੜਦੇ ਥੱਕ ਗਏ ਸਨ ਅਤੇ ਸਮਝੌਤੇ ਦੇ ਟੁੱਟਣ ਦੀ ਜ਼ੁਮੇਂਵਾਰੀ ਸ਼੍ਰੋਮਣੀ ਕਮੇਟੀ ਦੇ ਬਾਹਰਲੇ ਆਗੂਆਂ ਉੱਤੇ ਇਹ ਆਖ ਕੇ ਸੁਟਦੇ ਸਨ ਕਿ ਉਹਨਾਂ ਨੇ (ਤਾਸ਼ ਦੇ) ਪੱਤੇ ਚੰਗੀ ਤਰ੍ਹਾਂ ਨਹੀਂ ਖੇਡੇ।[2] ਨਹੀਂ ਤਾਂ ਸਮਝੌਤਾ ਹੋ ਜਾਣਾ ਸੀ।

[1] Memorandum by S. G. P. C. Dated 19.6.24.

[2] A reliable sikh correspondent's (i. e. C. I. D,) report dated 17th June 1924.

Digitized by Panjab Digital Library | www.panjabdigilib.org

## 2. ਮਹਾਤਮਾ ਗਾਂਧੀ ਤੇ ਦੂਜਾ ਸ਼ਹੀਦੀ ਜਥਾ

ਪਹਿਲੇ ਸ਼ਹੀਦੀ ਜਥੇ ਉੱਤੇ ਗੋਲੀ ਚਲ ਚੁਕੀ ਸੀ ਅਤੇ ਦੂਜਾ ਸ਼ਹੀਦੀ ਜਥਾ ਤਿਆਰ ਹੋ ਚੁਕਾ ਸੀ ਜਦੋਂ ਮਿਸਟਰ ਗਾਂਧੀ ਅਤੇ ਲਾਲਾ ਲਾਜਪਤ ਰਾਏ ਨੇ ਅੱਡ ਅੱਡ ਸੁਨੇਹੇ ਭੇਜੇ ਹਨ ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਨੂੰ ਪਰਾਰਥਨਾ ਕੀਤੀ ਗਈ ਸੀ ਕਿ ਉਹ ਜੈਤੋ ਵਿਚ ਹੋਰ ਜਥੇ ਭੇਜਣੇ ਓਨਾ ਚਿਰ ਬੰਦ ਕਰ ਦੇਵੇ ਜਿੰਨਾ ਚਿਰ ਕਿ ਕੌਮੀ ਆਗੂ ਵਕਤ ਕੱਢ ਕੇ ਇਸ ਤੇ ਵਿਚਾਰ ਨਹੀਂ ਕਰ ਲੈਂਦੇ ਅਤੇ ਅਕਾਲੀਆਂ ਨੂੰ ਸਲਾਹ ਮਸ਼ਵਰਾ ਦੇਣ ਦਾ ਫੈਸਲਾ ਨਹੀਂ ਕਰ ਲੈਂਦੇ ।[1]

ਮਹਾਤਮਾ ਗਾਂਧੀ ਜੀ ਦਾ ਖਿਆਲ ਇਹ ਸੀ ਕਿ ਜਥਾ ਤੁਰਨ ਤੋਂ ਪਹਿਲੋਂ ਜੇ ਉਹ ਅਕਾਲੀ ਮਿੱਤਰਾਂ ਨੂੰ ਮਿਲ ਸਕਦੇ ਤਾਂ ਉਹ ਸਭ ਕੁਛ ਸੁਣਨ ਪਿੱਛੋਂ ਵੀ ਏਹੋ ਸਲਾਹ ਦੇਂਦੇ ਕਿ ਸਾਰੀ ਸਥਿਤੀ ਦਾ ਲੇਖਾ ਜੋਖਾ ਤੇ ਪੜਤਾਲ ਕਰਨ ਤੋਂ ਪਹਿਲੋਂ ਜਥਾ ਨਹੀਂ ਸੀ ਭੇਜਣਾ ਚਾਹੀਦਾ । ਉਹਨਾਂ ਨੇ ਇਹ ਵੀ ਲਿਖਿਆ ਕਿ "ਭਾਵੇਂ ਜਥਾ ਇਸ ਵੇਲੇ ਆਪਣੀ ਮੰਜ਼ਲ ਦੇ ਨੇੜੇ ਪਹੁੰਚ ਰਿਹਾ ਹੈ ਮੈਂ ਅਜੇ ਵੀ ਇਸ ਦੇ ਵਾਪਸ ਬੁਲਾਉਣ ਦਾ ਮਸ਼ਵਰਾ ਦੇਂਦਾ ਹਾਂ ਤਾਂ ਜੋ ਸਾਰੀ ਹਾਲਤ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ ।[2]

ਇਕ ਚਿੱਠੀ ਮਹਾਤਮਾ ਗਾਂਧੀ ਜੀ ਨੇ ਸ਼੍ਰੋਮਣੀ ਕਮੇਟੀ ਨੂੰ ਉਸੇ ਤਰੀਕ ਹੋਰ ਲਿਖੀ ਜਿਸ ਵਿਚ ਆਪਣੀ ਤਸੱਲੀ ਲਈ ਮਹਾਤਮਾ ਜੀ ਨੇ ਪੁੱਛਿਆ :

1. ਅਕਾਲੀਆਂ ਦੀ ਸ਼ਕਤੀ ਕਿੰਨੀ ਕੁ ਹੈ ।

2. (ੳ) ਕੀ ਅਖੰਡ ਪਾਠ ਦੀ ਪੂਰਤੀ ਵਿਚ ਕੋਈ ਰਾਜਸੀ ਮਕਸਦ ਤਾਂ ਨਹੀਂ ? ਅਤੇ ਅਖੰਡ ਪਾਠ ਰਾਹੀਂ ਸਿੱਧੇ ਜਾਂ ਅਸਿੱਧੇ ਤੌਰ ਤੇ ਮਹਾਰਾਜਾ ਨਾਭਾ ਦੀ ਬਹਾਲੀ ਦੀ ਕੋਈ ਐਜੀਟੇਸ਼ਨ ਤਾਂ ਨਹੀਂ ਕੀਤੀ ਜਾਵੇਗੀ ?

(ਅ) ਹਰ ਇਕ ਗੁਰਦੁਆਰੇ ਦਾ ਝਗੜੇ ਵਾਲਾ ਕੇਸ ਸਾਲਸੀ ਦੇ ਹਵਾਲੇ ਕੀਤਾ ਜਾਵੇਗਾ ਅਤੇ ਇਹ ਮਾਮਲਾ ਵੀ ਸਾਲਸਾਂ ਪਾਸ ਜਾਏਗਾ ਕਿ ਕੋਈ ਇਤਿਹਾਸਕ ਗੁਰਦੁਆਰਾ ਇਤਿਹਾਸਕ ਹੈ ਵੀ ਜਾਂ ਨਹੀਂ । ਵਗੈਰਾ ।

ਮਹਾਤਮਾ ਨੇ ਇਹ ਵੀ ਲਿਖਿਆ ਕਿ ਗੁਰਦੁਆਰਾ ਤਹਿਰੀਕ ਵਿਚ ਉਹਨਾਂ ਦੇ ਤਰੀਕੇ ਬਿਲਕੁਲ ਅਹਿੰਸਕ ਹਨ ? ਯਾਨੀ ਅਕਾਲੀ ਵਿਚਾਰ, ਸ਼ਬਦ ਅਤੇ ਅਮਲ ਵਿਚ ਆਦਮੀਆਂ ਨਾਲ ਅਹਿੰਸਕ ਰਹਿਣਗੇ—ਭਾਵੇਂ ਉਹ ਅੰਗਰੇਜ਼ ਹੋਣ ਜਾਂ ਅਕਾਲੀ ਤਹਿਰੀਕ ਦੇ ਨਿਸ਼ਾਨਿਆਂ ਦੇ ਵਿਰੋਧੀ ਹੋਣ[3] ਵਗੈਰਾ ਵਗੈਰਾ ।

ਇਸ ਤੋਂ ਪਹਿਲੋਂ ਕਿ ਇਹਨਾਂ ਪੁੱਛਾਂ ਤੇ ਅਹਿੰਸਾ ਦੇ ਸਿਧਾਂਤ ਬਾਰੇ ਵਿਚਾਰ ਕਰੀਏ ਦੋ ਗੱਲਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ । ਇਕ ਇਹ ਕਿ ਮਹਾਤਮਾ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਇਕ ਲੇਖ ਵਿਚ 'ਗੁਮਰਾਹ-ਹੋਇਆ ਦੇਸ਼ ਭਗਤ' ਕਿਹਾ ਸੀ ਜਿਸ ਦੇ

[1] Delhi Indian News Agency telegram no. 44 (D) Dated 26.2.1924.

[2] First Letter Dated 4.3.24 from M. Gandhi to S. G. P. C. see some cenfidential papers for the Akali Movement p. 45.

[3] ਹਵਾਲਾ ਤੇ ਤਰੀਕ ਉਤਲੇ ਸਫਾ 53.

Digitized by Panjab Digital Library | www.panjabdigilib.org

ਕਾਰਣ ਕੱਟੜਵਾਦੀ ਸਿੱਖਾਂ ਦੇ ਦਿਲਾਂ ਵਿਚ ਮਹਾਤਮਾ ਜੀ ਲਈ ਬੜਾ ਤਅੱਸਬ ਪੈਦਾ ਹੋ ਜਾਣਾ ਕੁਦਰਤੀ ਸੀ। ਮਹਾਤਮਾ ਜੀ ਨੇ ਇਹ ਸ਼ਬਦ ਗੁਰੂ ਜੀ ਵਲੋਂ ਤਲਵਾਰ ਦੀ ਕੁਛ ਹਾਲਤਾਂ ਵਿਚ, ਵਰਤੋਂ ਨੂੰ ਜਾਇਜ਼ ਠਹਿਰਾਉਣ ਦੇ ਖਿਲਾਫ਼ ਕਹੇ ਸਨ।

ਦੂਜੇ ਇਹ ਕਿ ਸਿੱਖ ਗੁਰੂਆਂ ਨੇ ਹਾਲਾਤ ਦੇ ਮੁਤਾਬਕ ਦੋਵੇਂ ਹਥਿਆਰ ਵਰਤੇ ਸਨ-- ਕੁਰਬਾਨੀ ਵਾਲਾ ਅਹਿੰਸਕ ਰਾਹ ਵੀ ਤੇ ਦੁਸ਼ਮਣਾਂ ਨਾਲ ਤਲਵਾਰ ਨਾਲ ਨਿਪਟਨ ਦਾ ਰਾਹ ਵੀ। ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਨੂੰ ਵਰਤਣਾ ਉਸ ਹਾਲਤ ਵਿਚ ਜਾਇਜ਼ ਕਰਾਰ ਦਿੱਤਾ ਸੀ ਜਿਸ ਵਿਚ ਹੋਰ ਹੀਲਿਆਂ ਵਸੀਲਿਆਂ ਤੋਂ ਗੱਲ ਅਗੇ ਲੰਘ ਗਈ ਹੋਵੇ।[1] ਇਸ ਲਈ ਅਕਾਲੀ ਆਗੂ ਭਾਵੇਂ ਹਾਲਾਤ ਦੀ ਨਬਜ਼ ਵੇਖ ਕੇ, ਮਹਾਤਮਾ ਦੇ ਅਹਿੰਸਾ ਦੇ ਅਸੂਲ ਜਾਂ ਸਿਧਾਂਤ ਉੱਤੇ ਅਮਲ ਕਰ ਰਹੇ ਸਨ—ਅਤੇ ਕਰ ਰਹੇ ਸਨ ਅਕਾਲ ਤਖਤ ਦੇ ਸਾਮ੍ਹਣੇ, ਧਰਮ ਨੂੰ ਵਿਚ ਰੱਖ ਕੇ—ਪਰ ਇਹ ਇਕੱਲਾ ਅਸੂਲ ਉਹਨਾਂ ਦੇ ਧਰਮ ਦਾ ਅੰਗ ਨਹੀਂ ਸੀ, ਉਹਨਾਂ ਦੇ ਧਰਮ ਦਾ ਅੰਗ, ਲੋੜ ਪੈਣ ਤੇ, ਹਿੰਸਾ ਦੀ ਵਰਤੋਂ ਵੀ ਸੀ।

ਇਸ ਲਈ ਅਹਿੰਸਾ ਦੀ ਪੂਰੀ ਤਰ੍ਹਾਂ ਵਰਤੋਂ ਕਰਦਿਆਂ ਹੋਇਆਂ ਵੀ, ਉਹਨਾਂ ਦੇ ਮਨ ਵਿਚ ਇਹ ਰੱਖਣਾ ਸੀ ਪਰ ਇਸ ਦਾ ਇਹ ਮਤਲਬ ਉੱਕਾ ਹੀ ਨਹੀਂ ਸੀ ਕਿ ਉਹ ਗੁਰਦੁਆਰਿਆਂ ਦੀ ਤਹਿਰੀਕ ਦੇ ਕਿਸੇ ਪੜਾਅ ਤੇ ਵੀ ਹਿੰਸਾ ਦੀ ਵਰਤੋਂ ਕਰਨਾ ਚਾਹੁੰਦੇ ਸਨ। ਉਹਨਾਂ ਨੇ ਸਗੋਂ ਬਦਨਾਮੀ ਦਾ ਖਤਰਾ ਮੁਲ ਲੈ ਕੇ ਵੀ ਗੌਰਮਿੰਟ ਦੇ ਸਾਰੇ ਸ਼ੱਕ ਦੂਰ ਕਰਨ ਲਈ ਬਬਰਾਂ ਦੀ ਹਿੰਸਾ-ਵਾਦੀ ਤਹਿਰੀਕ ਨਾਲੋਂ ਆਪਣੀ ਅਲਹਿਦਗੀ ਦੇ ਏਲਾਨ ਕੀਤੇ ਸਨ।

ਮਹਾਤਮਾ ਦੇ ਇਸ ਏਕਾਏਕੀ ਦਖਲ ਦਾ ਅਸਰ ਅਕਾਲੀ ਬਹੁ-ਸੰਮਤੀ ਉੱਤੇ ਚੰਗਾ ਨਹੀਂ ਸੀ ਪਿਆ। ਇਸ ਚਿੱਠੀ ਦੇ ਪਹਿਲੇ ਸ਼ਹੀਦੀ ਜਥੇ ਉੱਤੇ ਗੋਲੀ ਚੱਲਣ ਤੋਂ ਝਟ ਪਟ ਪਿਛੋਂ ਹੀ, ਆਉਣ ਕਰ ਕੇ ਆਮ ਅਸਰ ਇਹ ਪਿਆ ਸੀ ਕਿ ਮਹਾਤਮਾ ਜੀ ਨੇ ਇਸ ਬਰਿਟਿਸ਼ ਪ੍ਰੋਪੇਗੰਡੇ ਨੂੰ ਸਹੀ ਮੰਨ ਲਿਆ ਜਾਪਦਾ ਹੈ ਕਿ ਸ਼ਹੀਦੀ ਜਥੇ ਨੇ ਹਥਿਆਰ ਵਰਤੇ ਸਨ। ਜਦੋਂ ਕਿ ਖੁਦ ਵਿਲਸਨ ਤੇ ਮਿੰਚਨ ਦੇ ਪਰਸਪਰ ਵਿਰੋਧੀ ਬਿਆਨ ਅਤੇ ਕਿਸੇ ਇਕ ਪੁਲਸੀਏ ਜਾਂ ਫੌਜੀ ਦਾ ਵੀ ਜ਼ਖਮੀ ਨਾ ਹੋਣਾ ਸਿੱਧ ਕਰਦੇ ਸਨ ਕਿ ਗੌਰਮਿੰਟ ਅਫ਼ਸਰ ਬੇਗੁਨਾਹ ਅਕਾਲੀਆਂ ਦੇ ਕਤਲਾਮ ਦੇ ਜੁਰਮ ਉੱਤੇ ਪਰਦਾ ਪਾਉਣ ਲਈ ਜਾਣ ਬੁਝ ਕੇ ਅਕਾਲੀਆਂ ਵਲੋਂ ਹਥਿਆਰ ਵਰਤਣ ਦਾ ਕੁਫ਼ਰ ਬੋਲ ਰਹੇ ਸਨ।

ਮਹਾਤਮਾ ਨੇ ਹੋਰ ਵੀ ਬਹੁਤ ਕੁਛ ਆਪਣੀਆਂ ਚਿੱਠੀਆਂ ਵਿਚ ਲਿਖਿਆ ਸੀ। ਅਕਾਲੀ ਆਗੂਆਂ ਨੇ ਜੇਲ੍ਹ ਵਿਚ ਤੇ ਬਾਹਰ ਉਹਨਾਂ ਦੀਆਂ ਚਿੱਠੀਆਂ ਬੜੇ ਗਹੁ ਨਾਲ ਪੜ੍ਹ-ਵਿਚਾਰ ਲਈਆਂ ਸਨ। ਪਰ ਉਹਨਾਂ ਨੂੰ ਉਸੇ ਵੇਲੇ ਜਵਾਬ ਕੋਈ ਨਹੀਂ ਸੀ ਦਿੱਤਾ। ਪਹਿਲੀ ਗੱਲ ਇਹ ਕਿ ਅਕਾਲੀ ਆਗੂਆਂ ਨੂੰ ਮਹਾਤਮਾ ਗਾਂਧੀ ਦੀ ਵੱਡੇ ਜਥੇ ਨਾ ਭੇਜਣ ਦੀ ਰਾਏ ਮਨਜ਼ੂਰ ਨਹੀਂ ਸੀ। ਨਾ ਹੀ ਉਹ ਮਹਾਤਮਾ ਦੀ ਇਸ ਰਾਏ ਨਾਲ ਸਹਿਮਤ ਸਨ ਕਿ ਬਹੁਤ ਸਾਰੇ ਆਦਮੀ ਸ਼੍ਰੋਮਣੀ ਕਮੇਟੀ ਵਲੋਂ (ਗੁਰਦੁਆਰਾ ਉੱਤੇ) ਕਬਜ਼ਾ ਕਰਨ ਲਈ ਨਹੀਂ ਭੇਜੇ ਜਾ ਸਕਦੇ। ਮਹਾਤਮਾ ਜੀ ਦੀ ਰਾਏ ਅਨੁਸਾਰ "ਇਕ ਜਾਂ ਵੱਧ ਤੋਂ ਵੱਧ ਦੋ ਆਦਮੀ—ਜਿਹੜੇ ਦਿਆਨਤਦਾਰੀ, ਰੂਹਾਨੀ ਸ਼ਕਤੀ ਅਤੇ ਨਿਰਮਾਣਤਾ ਦੇ ਪੁੰਜ ਹੋਣ—ਇਸ ਹੱਕ ਦੇ ਮਨਾਉਣ

[1] ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

Digitized by Panjab Digital Library | www.panjabdigilib.org

ਲਈ ਭੇਜੇ ਜਾ ਸਕਦੇ ਹਨ।"[1] ਪਰ ਸ਼੍ਰੋਮਣੀ ਕਮੇਟੀ ਤਾਂ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਹੀ ਸੌ ਸੌ ਅਕਾਲੀਆਂ ਦੇ ਜਥੇ ਭੇਜਦੀ ਰਹੀ ਸੀ। ਹੁਣ ਪੰਜ ਸੌ ਦੇ ਜਥੇ ਤੋਂ ਇਕ ਜਾਂ ਦੋ ਜਾਂ ਪੰਜਾਂ ਦਸਾਂ ਤੇ ਥੱਲੇ ਆਉਣਾ ਅਸੰਭਵ ਸੀ। ਕਿਉਂਕਿ ਇਸ ਤੋਂ ਹਾਕਮ ਤੇ ਗੈਰ-ਸਿੱਖ ਲੋਕ ਇਕੋ ਹੀ ਅਰਥ ਕੱਢ ਸਕਦੇ ਸਨ ਕਿ ਅਕਾਲੀ ਲਹਿਰ ਦਮ ਤੋੜ ਰਹੀ ਹੈ। ਅਤੇ ਗੌਰਮਿੰਟ ਰਿਪੋਰਟਾਂ ਏਹੋ ਹੀ ਕਹਿੰਦੀਆਂ ਸਨ ਕਿ ਹੁਣ ਅਕਾਲੀਆਂ ਨੂੰ ਜਥਿਆ ਲਈ ਰੰਗਰੂਟ ਨਹੀਂ ਮਿਲ ਰਹੇ। ਊਠ ਦੇ ਬੁਲ੍ਹ ਦੇ ਡਿਗਣ ਦੀ ਕਹਾਣੀ ਵਾਂਗ ਅਕਾਲੀ ਲਹਿਰ ਡਿਗੀ ਕਿ ਹੁਣ ਡਿਗੀ।

ਦੂਜੇ ਸਮਝੌਤੇ ਲਈ ਬਰਡਵੁਡ ਕਮੇਟੀ ਦੇ ਵਜੂਦ ਵਿਚ ਆਉਣ ਦੀ ਚਰਚਾ ਸ਼ੁਰੂ ਸੀ। ਅਤੇ ਇਹ ਦੂਜੇ ਜਥੇ ਦੇ ਤੁਰਨ ਅਤੇ ਤੀਜੇ ਚੌਥੇ ਜਥੇ ਦੀਆਂ ਤਿਆਰੀਆਂ ਦਾ ਦਬਾਅ ਹੀ ਸੀ ਜਿਸ ਨੇ ਗੌਰਮਿੰਟ ਨੂੰ ਸਮਝੌਤੇ ਦੇ ਕਦਮ ਪੁਟਣ ਲਈ ਤਿਆਰ ਕੀਤਾ ਸੀ। ਉਂਞ ਵੀ "ਸਰ ਐਡਵਰਡ ਮੈਕਲੈਗਨ (ਗਵਰਨਰ) ਆਪਣੀ ਮਿਆਦ ਮੁੱਕਣ ਤੋਂ ਪਹਿਲੋਂ ਕੁਝ ਕਦਮ ਉਠਾਣ ਲਈ ਖਾਹਸ਼ਮੰਦ ਸੀ ਜਿਹੜੇ ਕਿ ਮਸਲੇ ਦੇ ਹਲ ਕਰਨ ਵਲ ਲੈ ਜਾ ਸਕਣ। ਪਰ ਕੁਛ ਹੋਰ (ਅਫਸਰ) ਸਨ ਜਿਵੇਂ ਕਿ ਅਸੀਂ ਪਿਛੇ ਵੇਖ ਆਏ ਹਾਂ ਜਿਹੜੇ ਚਾਹੁੰਦੇ ਸਨ ਕਿ ਇਹ ਮਾਮਲਾ ਓਨਾ ਚਿਰ ਲਟਕਦਾ ਰਹੇ ਜਿਨਾ ਚਿਰ ਕਿ ਸਰ ਮੈਲਕਮ ਹੇਲੀ ਆ ਕੇ (ਗਵਰਨਰੀ ਦਾ) ਚਾਰਜ ਨਹੀਂ ਲੈ ਲੈਂਦਾ।[2] ਇਸ ਲਈ ਮਹਾਤਮਾ ਜੀ ਦੀਆਂ ਪੁੱਛਾਂ ਦਾ ਜਵਾਬ ਅਗੇ ਪੈਂਦਾ ਗਿਆ।

ਸ਼੍ਰੋਮਣੀ ਕਮੇਟੀ ਨੇ 20 ਅਪਰੈਲ ਨੂੰ ਬੜੇ ਵਿਸਥਾਰ ਨਾਲ ਮਹਾਤਮਾ ਜੀ ਦੀ ਹਰ ਇਕ ਪੁਛ ਦਾ ਜਵਾਬ ਦਿੱਤਾ। ਉਸ ਨੇ ਸਾਲਸੀ ਬਾਰੇ ਮਹਾਤਮਾ ਜੀ ਨਾਲ ਸਹਿਮਤੀ ਪਰਗਟ ਕੀਤੀ। ਅਤੇ ਆਖਿਆ ਕਿ ਸਤਿਆਗਰਹਿ ਕਰਨ ਲਈ ਕਮੇਟੀ ਓਦੋਂ ਮਜਬੂਰ ਹੋਈ ਜਦੋਂ ਮਹੰਤਾਂ ਨੇ ਬੈਠਕੇ ਬਾਹਮੀ ਸਾਲਸੀ ਦੇ ਜਾਂ ਹੋਰ ਜਤਨਾ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਸੀ। ਸਤਿਆਗਰਹਿ ਉੱਤੇ ਪੂਰਣ ਅਹਿੰਸਾ ਦੀ ਸਪਿਰਿਟ ਅਨੁਸਾਰ ਅਮਲ ਕੀਤਾ ਗਿਆ ਸੀ। ਕਮੇਟੀ ਦੇ ਨਿਸ਼ਾਨੇ ਤੇ ਤਰੀਕੇ ਖੁਲ੍ਹੇ ਤੇ ਸ਼ੱਕਾਂ ਸ਼ੁਬ੍ਹਿਆਂ ਤੋਂ ਉਤੇ ਸਨ। "ਸਾਡੇ ਤਜਰਬੇ ਨੇ ਇਸ (ਸ਼ਾਂਤਮਈ ਸਤਿਆਗਰਹਿ ਦੇ) ਤਰੀਕੇ ਵਿਚ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ—ਅਤੇ ਇਸ ਵਿਚ ਸਾਡੀ ਲਗਨ ਨੂੰ ਵੀ।"

"ਸਾਡੀ ਤਹਿਰੀਕ ਨਾ ਤਾਂ ਹਿੰਦੂ-ਵਿਰੋਧੀ ਹੈ ਅਤੇ ਨਾ ਹੀ ਕਿਸੇ ਦੂਸਰੀ ਨਸਲ ਜਾਂ ਧਰਮ ਵਿਰੋਧੀ। ਇਹ ਆਪਣੇ ਨਿਸ਼ਾਨਿਆਂ ਅਤੇ ਸਪਿਰਿਟ ਵਿਚ, ਵਾਸਤਵਿਕ ਤੌਰ ਤੇ ਧਾਰਮਕ ਹੈ ਅਤੇ ਨਜ਼ਰੀਏ ਵਿਚ ਬਿਲਕੁਲ ਕੌਮੀ ਹੈ। ਅਸਾਂ, ਏਸੇ ਲਈ, ਸ਼ੁਰੂ ਤੋਂ ਹੁਣ ਤਕ, ਚੰਗੇ ਲੋਕਾਂ ਦੀਆਂ ਹਮਦਰਦੀਆਂ, ਪਸੰਦੀਦਗੀ ਅਤੇ ਸ਼ੁਭ-ਇੱਛਾਵਾਂ ਹਾਸਲ ਕੀਤੀਆਂ ਹਨ। ਵਗੈਰਾ

"ਇਹ ਤਹਿਰੀਕ ਖਾਲਿਸ ਧਾਰਮਕ ਹੈ। ਇਸ ਦੇ ਸਾਮ੍ਹਣੇ ਕੋਈ ਦੁਨਿਆਵੀ ਨਿਸ਼ਾਨਾ ਜਾਂ ਇਰਾਦਾ ਨਹੀਂ। ਸਿੱਖ ਰਾਜ ਕਾਇਮ ਕਰਨ ਦੀ ਇਸ ਦੀ ਕੋਈ ਖਾਹਸ਼ ਨਹੀਂ ਕਿਉਂਕਿ ਸ਼੍ਰੋਮਣੀ ਕਮੇਟੀ ਨਿਰੋਲ ਧਾਰਮਕ ਜਮਾਤ ਹੈ।...ਜਦੋਂ ਵੀ ਗੌਰਮਿੰਟ ਨੇ ਇਹ ਬੇਬੁਨਿਆਦ ਇਲਜ਼ਾਮ ਲਾਇਆ ਹੈ ਇਸ ਦੀ ਤਰਦੀਦ ਕੀਤੀ ਗਈ ਹੈ। ਗੌਰਮਿੰਟ ਦਾ ਮਕਸਦ, ਇਹ ਇਲਜ਼ਾਮ

[1] ਮਹਾਤਮਾ ਗਾਂਧੀ ਦੀ 4.3.24. ਦੀ ਚਿੱਠੀ : Some Confidential Papers Page 46.

[2] Pannikar's letter to Gandhi ji. dated 9th May 1924.

Digitized by Panjab Digital Library | www.panjabdigilib.org

ਲਾਕੇ ਕਮੇਟੀ ਨੂੰ ਦੂਜਿਆਂ ਫਿਰਕਿਆ ਵਿਚ ਬਦਨਾਮ ਕਰਨਾ ਹੈ...ਕੋਈ ਵੀ ਸਿੱਖ ਜਥੇਬੰਦੀ ਸੁਪਨੇ ਵਿਚ ਵੀ ਸਿੱਖ ਰਾਜ ਦੇ ਕਾਇਮ ਕਰਨ ਦੀ ਖ਼ਾਹਸ਼ ਨਹੀਂ ਰਖਦੀ।"[1]

ਤਹਿਰੀਕ ਦੀ ਧਾਰਮਕ ਖਸਲਤ ਤੇ ਜ਼ੋਰ ਦੇਂਦਿਆਂ ਕਮੇਟੀ ਨੇ ਇਹ ਵੀ ਆਖਿਆ ਕਿ ਭਾਵੇਂ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਹਿੰਦੂਆਂ ਤੇ ਮੁਸਲਮਾਨਾ ਨੇ ਜਥੇ ਭੇਜਣ ਦੀਆਂ ਪੇਸ਼ਕਸ਼ਾਂ ਕੀਤੀਆਂ ਸਨ ਪਰ ਕਮੇਟੀ ਨੇ ਉਹਨਾ ਦਾ ਧੰਨਵਾਦ ਕਰਦਿਆਂ ਇਹ ਪਰਵਾਨ ਨਹੀਂ ਸਨ ਕੀਤੀਆਂ। ਅਕਾਲੀ ਤਹਿਰੀਕ ਦੀ ਪੰਡਤ ਨਹਿਰੂ ਪ੍ਰੋ: ਗਿਡਵਾਨੀ, ਪੰਡਤ ਮਦਨ ਮੋਹਨ ਮਾਲਵੀਆ, ਡਾਕਟਰ ਕਿਚਲੂ, ਅਲੀ ਭਰਾਵਾਂ ਤੇ ਹੋਰ ਕਈ ਹਿੰਦੂ ਮੁਸਲਿਮ ਆਗੂਆਂ ਤੇ ਸਿੱਖ ਕੌਮ ਪਰਸਤਾ ਨੇ ਬੇਹਦ ਮਦਦ ਕੀਤੀ ਹੈ। ਕਮੇਟੀ ਉਹਨਾ ਦੀ ਰਿਣੀ ਹੈ। ਇਹਨਾ ਦਾ, ਤੇ ਗਾਂਧੀ ਜੀ, ਤੁਹਾਡਾ ਪਿਆਰ ਸਿੱਖਾਂ ਨੂੰ ਹਿੰਦੂਆਂ, ਮੁਸਲਮਾਨਾ ਜਾਂ ਹੋਰ ਕਿਸੇ ਫਿਰਕੇ ਦੇ ਖਿਲਾਫ ਕਦੇ ਨਹੀਂ ਹੋਣ ਦੇਵੇਗਾ ਅਤੇ ਨਾ ਹੀ ਕਿਸੇ ਫਿਰਕੇ ਉਤੇ ਗਲਬਾ ਹਾਸਲ ਕਰਨ ਦੇ ਸੁਪਨੇ ਲੈਣ ਦੇਵੇਗਾ।

ਕਮੇਟੀ ਨੇ ਜੈਤੋਂ ਦੇ ਅਖੰਡ ਪਾਠ ਬਾਰੇ ਆਖਿਆ ਕਿ ਉਹਨਾ ਦਾ ਅਖੰਡ ਪਾਠ ਤੋਂ ਛੁਟ ਜੈਤੋ ਵਿਚ ਹੋਰ ਕੋਈ ਨਿਸ਼ਾਨਾ ਨਹੀਂ ਅਤੇ ਜੈਤੋ ਨੂੰ ਉਹ ਮਹਾਰਾਜਾ ਨਾਭਾ ਦੀ ਬਹਾਲੀ ਦੀ ਐਜੀਟੇਸ਼ਨ ਦਾ ਅੱਡਾ ਬਣਾਣ ਦਾ ਕੋਈ ਇਰਾਦਾ ਨਹੀਂ ਰਖਦੇ—ਅਖੰਡ ਪਾਠਾਂ ਦੀ ਪੂਰਤੀ ਦੇ ਬਾਅਦ ਉਹ ਰਿਆਸਤ ਨਾਭੇ ਨੂੰ ਝਟਪੱਟ ਛੱਡ ਜਾਣਗੇ। ਪਰ ਕਮੇਟੀ ਦੇ ਆਗੂਆਂ ਨੇ ਇਹ ਗਲ ਠੋਕ ਵਜਾ ਕੇ ਆਖੀ ਕਿ "ਮਹਾਰਾਜੇ ਨਾਲ ਕੀਤੀ ਗਈ ਬੇਇਨਸਾਫੀ ਨੂੰ ਦੂਰ ਕਰਾਣ ਵਾਲਾ ਉਸ ਦਾ ਮਤਾ ਪੂਰੇ ਜ਼ੋਰ ਵਿਚ ਕਾਇਮ ਹੈ ਅਤੇ ਕਮੇਟੀ ਉਸ ਮਤੇ ਨੂੰ, ਉਸ ਦੀ ਸ਼ਬਦਾਵਲੀ ਮੁਤਾਬਕ, ਅਮਲ ਵਿਚ ਲਿਆਉਣ ਲਈ ਕੋਈ ਕਸਰ ਨਹੀਂ ਛਡੇਗੀ।" ਕਮੇਟੀ ਨੇ ਜਵਾਬ ਵਿਚ ਇਹ ਵੀ ਲਿਖਿਆ ਕਿ "ਕਿਸੇ ਨੂੰ ਵੀ ਕੋਈ ਹੱਕ ਨਹੀਂ ਕਿ ਉਹ ਸਾਡੇ ਉਤੇ ਸਾਡੇ ਗੁਰਦੁਆਰਿਆਂ ਵਿਚ ਯਾਤਰੂਆਂ ਦੀ ਗਿਣਤੀ, ਠਹਿਰਣ ਦੇ ਸਮੇਂ ਅਤੇ ਪੂਜਾ ਪਾਠ ਦੇ ਤਰੀਕੇ ਸਬੰਧੀ ਕੋਈ ਪਾਬੰਦੀਆਂ ਠੋਸੇ।"

ਜਿਥੋਂ ਤਕ ਅਕਾਲੀਆਂ ਦੀ ਤਾਕਤ ਦਾ ਸੰਬੰਧ ਹੈ, ਵਿਅਕਤੀਗਤ ਮਹੰਤਾਂ ਤੋਂ ਛੁਟ ਸਾਰਾ ਸਿੱਖ ਪੰਥ ਕਮੇਟੀ ਦੇ ਨਾਲ ਹੈ ਅਤੇ ਅਕਾਲੀ ਸਤਿਆਗਰਹੀਆਂ ਦੀ ਸੰਖਿਆ ਓਨੀ ਹੀ ਵੱਧ ਜਾਂਦੀ ਹੈ ਜਿੰਨਾ ਜ਼ਿਆਦਾ ਤਸ਼ੱਦਦ ਹੁੰਦਾ ਹੈ। ਪਰ ਕਮੇਟੀ ਨੇ ਮਹਾਤਮਾ ਦੇ ਜਿਨ ਦੋਂਹ ਨੁਕਤਿਆਂ ਉੱਤੇ ਆਪਣਾ ਮਤ-ਭੇਦ ਸਪਸ਼ਟ ਤੌਰ ਤੇ ਪਰਗਟ ਕੀਤਾ, ਸਨ: ਇਕ, ਵੱਡੀ ਗਿਣਤੀ ਵਲੋਂ ਸਤਿਆਗਰਹਿ ਕਰਨ ਨੂੰ 'ਤਾਕਤ ਦਾ ਵਿਖਾਵਾ' ਗਰਦਾਨਣਾ ਅਤੇ ਦੋ, ਗਰਿਫਤਾਰੀ ਦੇ ਹੁਕਮ ਦੀ ਉਲੰਘਣਾ ਕਰਨਾ—ਦੂਜਾ ਨੁਕਤਾ ਅਜੇ ਵਜੂਦ ਵਿਚ ਨਾ ਹੋਣ ਕਰ ਕੇ ਇਸ ਉੱਤੇ ਵਿਚਾਰ ਕਰਨਾ ਅਕਾਰਥ ਹੈ। ਪਹਿਲੇ ਨੁਕਤੇ ਉੱਤੇ ਵਿਚਾਰ ਕਰਦਿਆਂ ਕਮੇਟੀ ਨੇ ਕੁੰਜੀਆਂ ਦੇ ਮਾਮਲੇ ਅਤੇ ਗੁਰੂ ਕੇ ਬਾਗ ਦੇ ਮੋਰਚੇ ਦਾ ਜ਼ਿਕਰ ਕਰਦਿਆਂ ਲਿਖਿਆ ਕਿ ਪਹਿਲੋਂ ਦੋ ਦੋ ਚਾਰ ਚਾਰ ਅਕਾਲੀ ਹੀ ਸਤਿਆਗਰਹਿ ਕਰਦੇ ਰਹੇ ਸਨ, ਭਾਈ ਫੇਰੂ ਦੀ ਗਰਿਫਤਾਰੀ ਵੇਲੇ ਵੀ ਸਿਰਫ ਚਾਰ ਚਾਰ ਅਕਾਲੀ ਹੀ ਸਤਿਆਗਰਹਿ ਕਰ ਰਹੇ ਸਨ, ਪਰ ਜੈਤੋ ਦੇ ਹਾਲਾਤ ਬਿਲਕੁਲ ਵਖਰੇ ਸਨ ਜਿਥੇ ਵੱਡੇ ਵੱਡੇ ਜਥੇ ਭੇਜਣ ਦੀ ਜ਼ਰੂਰਤ ਪਈ। "ਇਸ ਨੂੰ ਅਸੀਂ ਅਹਿੰਸਾ ਦੀ ਸਪਿਰਿਟ ਦੇ ਬਿਲਕੁਲ ਮੁਤਾਬਕ ਗਰਦਾਨਦੇ ਹਾਂ ਅਤੇ ਆਪਣੀ ਸਫਲਤਾ ਲਈ ਜ਼ਰੂਰੀ ਸਮਝਦੇ ਹਾਂ।"

[1] Some Confidential papers—page 56 and onwards.

ਸ਼੍ਰੋਮਣੀ ਕਮੇਟੀ ਵਲੋਂ ਮਹਾਤਮਾ ਗਾਂਧੀ ਨੂੰ ਲਿਖੀ ਗਈ ਇਹ ਚਿੱਠੀ ਬੜੀ ਮਹੱਤਵ-ਪੂਰਣ ਹੈ। ਇਸ ਵਿਚ ਮਹਾਤਮਾ ਗਾਂਧੀ ਦੇ ਸਾਰੇ ਸਵਾਲਾਂ ਦਾ ਜਵਾਬ ਬੜੀ ਯੋਗਤਾ ਨਾਲ ਦਿੱਤਾ ਗਿਆ ਹੈ। ਅਸੀਂ ਅਗੇ ਚਲਕੇ ਵੀ ਇਸ ਦਾ ਜ਼ਿਕਰ ਕਰਾਂਗੇ। ਇਸ ਵਿਚੋਂ ਦੋ ਤਿੰਨ ਨੁਕਤੇ ਹੋਰ ਦੇ ਕੇ ਇਹ ਕਾਂਡ ਬੰਦ ਕਰਦੇ ਹਾਂ।

(ੳ) **ਸ਼ਿਵ-ਲਿੰਗਮ** : ਦਰਬਾਰ ਸਾਹਿਬ ਦੀ ਪਰਕਰਮਾ ਦੀ ਇਕ ਨੁਕਰੇ ਇਕ ਹਿੰਦੂ ਮੂਰਤੀ ਸੀ। ਥੋੜੇ ਚਿਰ ਤੋਂ ਹੀ ਕਿਤੋਂ ਲਿਆ ਕੇ ਇਹ ਸ਼ਿਵ-ਲਿੰਗ ਏਥੇ ਰਖਿੱਆ ਗਿਆ ਸੀ। ਸਿੱਖ ਬੁਤ-ਪੂਜਕ ਨਹੀਂ ਹਨ। ਸਿੱਖ ਇਸ ਦੇ ਦਰਬਾਰ ਸਾਹਿਬ ਵਿਚੋਂ ਹਟਾਣ ਲਈ ਹਿੰਦੂ ਆਗੂਆਂ ਨਾਲ ਗਲਬਾਤ ਕਰਕੇ ਹੀ ਕੋਈ ਕਦਮ ਚੁੱਕਣਾ ਚਾਹੁੰਦੇ ਸਨ। ਅਸਲ ਵਿਚ ਇਸ ਮਾਮਲੇ ਉਤੇ ਪੰਡਤ ਮਾਲਵੀਆ ਅਤੇ ਸਵਾਮੀ ਸ਼ੰਕਰਾਚਾਰੀਆ ਜੀ ਨਾਲ ਵਿਚਾਰ ਵਟਾਂਦਰਾ ਵੀ ਹੋਇਆ ਸੀ। ਅਤੇ ਉਹ ਦੋਵੇਂ ਸ਼੍ਰੋਮਣੀ ਕਮੇਟੀ ਨਾਲ ਇਸ ਮਾਮਲੇ ਉਤੇ ਸਹਿਮਤ ਸਨ। ਪਰ ਪਹਿਲੋਂ ਇਸ ਦੇ ਕਿ ਇਹ ਮਾਮਲਾ ਹਿੰਦੂ ਆਗੂਆਂ ਦੀ ਮਿਲਵਰਤਨ ਨਾਲ ਤੈ ਹੰਦਾ, ਕੁਛ "ਗੈਰ-ਜ਼ੁਮੇਵਾਰ ਤੇ ਗੁਮਰਾਹ ਹੋਏ ਆਦਮੀਆਂ" ਨੇ ਇਸ ਨੂੰ, ਸ਼੍ਰੋਮਣੀ ਕਮੇਟੀ ਦੇ ਇਲਮ ਤੋਂ ਬਗੈਰ, ਤੋੜ ਕੇ ਕਿਤੇ ਸੁੱਟ ਦਿੱਤਾ। ਕਮੇਟੀ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਇਸ ਕਾਰਵਾਈ ਦੀ ਨਿਖੇਧੀ ਕੀਤੀ ਅਤੇ ਇਸ ਉਤੇ ਆਮ ਲੋਕਾਂ ਵਿਚ ਅਫਸੋਸ ਪਰਗਟ ਕੀਤਾ।

(ਅ) **ਦੋ ਘੱਟੋ-ਘੱਟ ਮੰਗਾਂ** : ਅਸੀਂ ਅਜੇਹੇ ਕਾਨੂੰਨ ਦੀ ਮੰਗ ਕਰਦੇ ਹਾਂ ਜਿਹੜਾ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਕੇਂਦਰੀ ਜਮਾਤ ਦੇ ਹੇਠਾਂ ਲੈ ਆਏ।—ਯਾਨੀ ਉਹ ਸਾਰੇ ਗੁਰਦੁਆਰੇ ਜਿਹੜੇ ਸਿੱਖ ਗੁਰੂਆਂ, ਸ਼ਹੀਦਾਂ, ਸੰਤਾਂ ਤੇ ਇਤਿਹਾਸਿਕ ਵਿਅਕਤੀਆਂ ਨਾਲ ਸੰਬੰਧ ਰਖਦੇ ਹਨ। ਇਹਨਾਂ ਗੁਰਦੁਆਰਿਆਂ ਦਾ ਪਰਵਾਨਤ ਸਿੱਖ ਪੁਸਤਕਾਂ ਵਿਚ ਜ਼ਿਕਰ ਹੈ। ਗੌਰਮਿੰਟ ਇਹ ਪਰਵਾਨ ਕਰਦੀ ਰਹੀ ਹੈ ਕਿ ਵਰਤਮਾਨ ਕਾਨੂੰਨ ਨਾਕਸ ਹੈ। ਅਤੇ ਇਸ ਦੇ ਸੁਧਾਰ ਦੀ ਬੜੀ ਲੋੜ ਹੈ। ਪਰ ਉਹ ਅਜੇਹਾ ਕਾਨੂੰਨ ਬਣਾ ਕੇ ਦੇਣੋਂ ਇਨਕਾਰ ਕਰਦੀ ਰਹੀ ਹੈ।

ਅਸੀਂ ਆਪਣੇ ਧਾਰਮਕ ਚਿੰਨ੍ਹ ਕਿਰਪਾਨ (ਤਲਵਾਰ) ਦੇ ਪਹਿਨਣ ਦੀ ਆਜ਼ਾਦੀ ਚਾਹੁੰਦੇ ਹਾਂ। ਇਸ ਦੇ ਰੱਖਣ, ਪਹਿਨਣ, ਚੁੱਕਣ, ਬਣਾਣ, ਵੇਚਣ ਅਤੇ ਲੰਬਾਈ ਤੇ ਸ਼ਕਲ ਉਤੇ ਕੋਈ ਪਾਬੰਦੀ ਨਹੀਂ ਲਾਗੂ ਹੋਣੀ ਚਾਹੀਦੀ। ਇਹ ਕੋਈ ਨਵੀਂ ਮੰਗ ਨਹੀਂ, ਪੁਰਾਣੀ ਮੰਗ ਚਲੀ ਆਉਂਦੀ ਹੈ, ਨਾ ਹੀ ਇਸ ਦੀ ਆਜ਼ਾਦੀ ਦਾ ਸੰਗਰਾਮ ਨਵਾਂ ਹੈ—ਜਦੋਂ ਤੋਂ ਸੁਧਾਰ ਤਹਿਰੀਕ ਚਲੀ ਹੈ, ਓਦੋਂ ਤੋਂ ਹੀ ਕਿਰਪਾਨ ਦਾ ਧਾਰਮਕ ਮਸਲਾ ਹਲ ਕਰਨ ਲਈ ਲੜਾਈ ਹੋ ਰਹੀ ਹੈ। ਸਾਡਾ ਦਾਅਵਾ ਹੈ ਕਿ ਕਾਨੂੰਨ ਜਿਵੇਂ ਉਹ ਇਸ ਵੇਲੇ ਹੈ—ਸਾਨੂੰ ਇਹ ਆਜ਼ਾਦੀ ਦੇਂਦਾ ਹੈ। ਪਰ ਗੌਰਮਿੰਟ ਮੁਖਤਲਿਫ ਵਕਤਾਂ ਤੇ ਇਸ ਦੀ ਵਿਆਖਿਆ ਮੁਖਤਲਿਫ ਕਰਦੀ ਰਹੀ ਹੈ।—ਕਦੇ ਕਿਰਪਾਨ ਕਾਨੂੰਨ ਦੇ ਮੁਤਾਬਕ, ਕਦੇ ਕਾਨੂੰਨ ਦੇ ਵਿਰੁਧ।

ਇਹ ਸਾਡੀਆਂ ਘੱਟ ਤੋਂ ਘੱਟ ਦੋ ਮੰਗਾਂ ਹਨ।[1]

---

1 ਉਤਲੇ ਸਾਰੇ ਵਿਚਾਰ ਕਮੇਟੀ ਦੀ ਮਹਾਤਮਾ ਨੂੰ ਚਿੱਠੀ ਵਿਚੋਂ ਉਲਟਾ ਕੇ ਦਿੱਤੇ ਗਏ ਹਨ। ਸਿੱਧੇ ਪੁੱਠੇ ਕਾਮਿਆਂ ਵਾਲੇ ਵਾਕ ਓਸੇ ਚਿੱਠੀ ਦੇ ਵਾਕਾਂ ਦਾ ਉਲਥਾ ਹਨ। ਇਹ ਕਿਲ੍ਹਾ ਜੇਲ੍ਹ ਵਿਚੋਂ ਲਿਖ ਕੇ ਘਲੀ ਗਈ ਸੀ ਅਤੇ ਅਮਰਿਤਸਰੋਂ 20 ਅਪਰੈਲ ਨੂੰ ਭੇਜੀ ਗਈ।

Digitized by Panjab Digital Library | www.panjabdigilib.org

## 3. ਅਕਾਲੀ ਸਹਾਇਕ ਬਿਓਰੋ

ਕੌਮੀ ਕਾਂਗਰਸ ਤੇ ਖਿਲਾਫਤ ਦੀਆਂ ਕਮੇਟੀਆਂ ਨੇ ਅਕਾਲੀ ਤਹਿਰੀਕ ਦੀ ਇਕਸਾਰ ਹਮਾਇਤ ਕੀਤੀ। ਕਾਂਗਰਸ ਤੇ ਖਿਲਾਫਤ ਦੇ ਆਗੂਆਂ ਨੇ ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਗੌਰਮਿੰਟ ਦੇ ਝੂਠੇ ਪ੍ਰੋਪੇਗੰਡੇ ਦੇ ਜਾਲ ਨੂੰ, ਮੌਕਿਆਂ ਉਤੇ ਜਾ ਕੇ ਅਤੇ ਹਾਲਾਤ ਦਾ ਅਧਿਅਨ ਕਰਕੇ, ਤਾਰ ਤਾਰ ਕੀਤਾ। ਗੁਰੂ ਕੇ ਬਾਗ ਵੇਲੇ ਇਹਨਾਂ ਆਗੂਆਂ ਨੇ ਕੁੱਟ-ਮਾਰ ਦੇ ਸਹੀ ਹਾਲਾਤ ਅਖਬਾਰਾਂ ਵਿਚ ਪਰਕਾਸ਼ਤ ਕਰਕੇ ਅਤੇ ਡਾਕਟਰੀ ਸਹਾਇਤਾ ਭੇਜ ਕੇ ਬੜੀ ਮਦਦ ਕੀਤੀ। ਕਾਂਗਰਸ ਨੇ ਤਾਂ ਹਰ ਸਮੇਂ ਅਕਾਲੀ ਲਹਿਰ ਦੀ ਹਰ ਪਰਕਾਰ ਦੀ ਮਦਦ ਕੀਤੀ। ਗੁਰੂ ਕੇ ਬਾਗ ਦੀ ਕਾਂਗਰਸ ਪੜਤਾਲੀਆ ਕਮੇਟੀ ਨੇ ਗੌਰਮਿੰਟ ਦੇ ਅੰਨ੍ਹੇ ਜ਼ੁਲਮ ਤੇ ਤਸ਼ੱਦਦ ਦੀ ਘੋਰ ਨਿੰਦਿਆ ਕੀਤੀ ਅਤੇ ਅਕਾਲੀਆਂ ਦੇ ਸ਼ਾਂਤਮਈ ਸਤਿਆਗਰਹਿ ਦੀ ਤਹਿਰੀਕ ਦੀ ਸਫਲਤਾ ਨੂੰ ਉਘੇੜ ਕੇ ਹਿੰਦੁਸਤਾਨ ਭਰ ਦੇ ਨਕਸ਼ੇ ਉਤੇ ਲੈ ਆਂਦਾ।

ਕਾਂਗਰਸ ਨੇ ਜੈਤੋ ਦੇ ਮੋਰਚੇ ਤੋਂ ਕੁਛ ਚਿਰ ਪਹਿਲੋਂ, ਅਕਾਲੀ ਤਹਿਰੀਕ ਦੀ ਸਹਾਇਤਾ ਲਈ 'ਅਕਾਲੀ ਸਹਾਇਕ ਬਿਓਰੋ' ਖੋਲ੍ਹਿਆ ਹੋਇਆ ਸੀ। ਇਸ ਦੇ ਇਨਚਾਰਜ ਗੁਜਰਾਤ ਵਿਦਿਆ ਪੀਠ ਦੇ ਪਰਿੰਸੀਪਲ ਗਿਡਵਾਨੀ ਸਨ। ਇਹ ਸਾਹਿਬ ਗੁਰਦੁਆਰਾ ਤਹਿਰੀਕ ਨਾਲ ਬੜੀ ਡੂੰਘੀ ਦਿਲਚਸਪੀ ਤੇ ਹਮਦਰਦੀ ਰਖਦੇ ਸਨ ਅਤੇ ਜੈਤੋ ਨੂੰ ਪਹਿਲੋ ਡਾਕਟਰ ਕਿਚਲੂ ਨਾਲ ਗਏ ਸਨ ਅਤੇ ਫੇਰ ਪੰਡਤ ਜਵਾਹਰ ਲਾਲ ਨਹਿਰੂ ਨਾਲ। ਇਹ ਜੈਤੋ ਵਿਚ ਕੈਦ ਹੋ ਗਏ ਸਨ।

ਇਹਨਾਂ ਦੇ ਕੈਦ ਹੋ ਜਾਣ ਪਿਛੋਂ ਕੁਛ ਦੇਰ ਲਈ ਉੱਤਰ ਪਰਦੇਸ਼ ਦੇ ਸ਼ਿਰੀ ਸ਼ੁਕਲਾ ਜੀ ਇਨਚਾਰਜ ਬਣੇ, ਪਰ ਛੇਤੀ ਹੀ ਪਿੱਛੋਂ ਮਹਾਤਮਾ ਜੀ ਵਲੋਂ ਬਿਓਰੋ ਦੇ ਇਨਚਾਰਜ ਸਿਰੀ ਕੇ. ਐਮ. ਪੱਨੀਕਰ (ਕੇਰਲਾ) ਬਣਾ ਕੇ ਭੇਜ ਦਿੱਤੇ ਗਏ। ਇਹ ਨਵਾਂ ਇਨਚਾਰਜ ਬੜਾ ਹੁਸ਼ਿਆਰ,—ਰਿਆਸਤਾਂ ਵਿਚ ਰਹਿ ਚੁਕਾ ਦੀਵਾਨ ਤੇ ਇਤਿਹਾਸਕਾਰ ਸੀ। ਇਸ ਨੇ ਮਹਾਤਮਾ ਜੀ ਨੂੰ ਜਿਹੜੀਆਂ ਰਿਪੋਰਟਾਂ ਭੇਜੀਆਂ ਉਹ ਅਕਾਲੀ ਤਹਿਰੀਕ ਦੇ ਖਿਲਾਫ ਤਅੱਸਬ ਪੈਦਾ ਕਰਨ ਵਾਲੀਆਂ ਸਨ ਅਤੇ ਕਈਆਂ ਨੁਕਤਿਆਂ ਉਤੇ ਬਰਿਟਿਸ਼ ਸਾਮਰਾਜ ਦੇ ਅਕਾਲੀ-ਵਿਰੋਧੀ ਪ੍ਰੋਪੇਗੰਡੇ ਦੀ ਪੁਸ਼ਟੀ ਕਰਦੀਆਂ ਸਨ। ਇਹ ਵਿਦਵਾਨ ਨਿਰਪੱਖ ਨਹੀਂ ਸੀ, ਅਕਾਲੀ ਤਹਿਰੀਕ ਦੇ ਖਿਲਾਫ ਤਅੱਸਬ ਰਖਦਾ ਸੀ। ਉਂਞ ਇਸ ਨੇ ਪਹਿਲੀ ਚਿੱਠੀ ਵਿਚ "ਸਾਰੇ ਸਵਾਲ ਨੂੰ ਹਮਦਰਦਾਨਾ ਤੇ ਨਿਰਪੱਖ ਸਪਿਰਿਟ ਵਿਚ ਅਧਿਅੱਨ ਕਰਨ" ਦੀ ਗੱਲ ਲਿਖੀ ਸੀ।

1) ਅਹਿੰਸਾ ਬਾਰੇ ਇਸ ਨੇ ਗਾਂਧੀ ਜੀ ਨੂੰ ਜਿਹੜੇ ਖਿਆਲ ਲਿਖੇ ਉਹ ਕੁਛ ਇਸ ਪਰਕਾਰ ਸਨ: ਸਮੁਚੇ ਦੇਸ਼ ਨੇ ਅਹਿੰਸਾ ਨੂੰ ਆਪਣੇ ਮੁਖਾਲਫਾਂ ਉਤੇ ਸਰਗਰਮੀ ਨਾਲ ਹਮਲਾ ਕਰਨ ਦੀ ਅਣਹੋਂਦ ਦੇ ਅਰਥਾਂ ਵਿਚ ਸਮਝਿਆ ਹੈ। ਸ਼ਾਇਦ ਇਹ ਖਿਆਲ, ਕਿਸੇ ਹਦ ਤਕ ਉਹਨਾਂ ਅਨਪੜ੍ਹ ਪੇਂਡੂਆਂ ਵਿਚ ਹੋਣਾ ਲਾਜ਼ਮੀ ਹੈ ਜਿਨ੍ਹਾਂ ਦਾ ਜਥਾ ਬਣਿਆ ਹੋਇਆ ਹੁੰਦਾ ਹੈ। ਪਰ ਸਾਰੀ ਸਿੱਖ ਸਥਿਤੀ ਵਿਚ ਮੈਂ ਜਿਹੜੀ ਬੁਨਿਆਦੀ ਕਮਜ਼ੋਰੀ ਸੋਚਦਾ ਹਾਂ ਉਹ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੀ ਅਹਿੰਸਾ ਦੇ ਅਰਥ ਨਹੀਂ ਸਮਝਦੀ। ਯਾਨੀ ਕੇਵਲ ਪੱਨੀਕਰ ਹੀ ਮਹਾਤਮਾ ਜੀ ਦੇ ਅਹਿੰਸਾ ਦੇ ਸਿਧਾਂਤ ਨੂੰ ਸਮਝ ਸਕਿਆ ਹੈ, ਹੋਰ ਕੋਈ ਨਹੀਂ।

Digitized by Panjab Digital Library | www.panjabdigilib.org

ਮਹਾਤਮਾ ਗਾਂਧੀ ਨੇ ਹਿੰਦੁਸਤਾਨ ਨੂੰ ਅੰਗਰੇਜ਼ ਸਾਮਰਾਜ ਦੇ ਖਿਲਾਫ ਲੜਨ ਲਈ ਸ਼ਾਂਤਮਈ ਸਤਿਆਗਰਹਿ ਦਾ ਸੁਚੱਜਾ ਹਥਿਆਰ ਦਿੱਤਾ। ਇਹ ਵਜੂਦ ਵਿਚ ਆਉਣ ਪਿੱਛੋਂ ਨਾ ਤਾਂ ਮਹਾਤਮਾ ਦੀ ਹੀ ਮਿਲਖ ਰਿਹਾ ਅਤੇ ਨਾ ਕਿਸੇ ਵਿਆਖਿਆਕਾਰ ਪੱਨੀਕਰ ਦੀ ਹੀ। ਇਹ ਸਾਰੇ ਦੇਸ਼ ਤੇ ਦੁਨੀਆਂ ਦੀ ਵਰਤੋਂ ਦਾ ਹਥਿਆਰ ਬਣ ਗਿਆ। ਇਸ ਨੂੰ ਹੁਣ ਕੋਈ ਵੀ ਵਰਤ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਵਰਤਣ ਵਾਲੀ ਜਥੇਬੰਦੀ, ਸਾਂਝਾ ਫਰੰਟ ਜਾਂ ਵਿਅਕਤੀ ਸ਼ਾਂਤ-ਮਈ ਰਹਿਣ ਅਤੇ ਹਰ ਇਕ ਕੁਰਬਾਨੀ ਲਈ ਤਿਆਰ ਹੋਣ। ਸ਼੍ਰੋਮਣੀ ਕਮੇਟੀ ਨੇ ਇਸ ਨੂੰ ਹਥਿਆਰ ਸਮਝ ਕੇ ਵਰਤਿਆ ਅਤੇ ਦਰੁਸਤ ਤੌਰ ਤੇ ਵਰਤਿਆ। ਮਹਾਤਮਾ ਜੀ ਲਈ ਨਿਸ਼ਾਨਾ ਅਸਲ ਗੱਲ ਨਹੀਂ ਸੀ। ਵਸੀਲਾ ਤੇ ਧੁੰਧਲੀ ਜੇਹੀ ਸਚਿਆਈ ਅਸਲ ਗੱਲ ਸੀ।

ਪੱਨੀਕਰ ਲਈ ਤਾਂ ਅਖੰਡ ਪਾਠ ਦੀ ਪੂਰਤੀ ਲਈ ਸਤਿਆਗਰਹਿ ਕਰਨਾ ਵੀ ਸਤਿਆ-ਗਰਹਿ ਸੱਚੀ ਬੁਨਿਆਦ ਨਹੀਂ ਸੀ।

(2) ਪੱਨੀਕਰ ਪੰਜਾਬ ਦੀ ਹਾਲਤ ਤੋਂ ਜਾਣੂ ਨਹੀਂ ਸੀ। ਉਹ ਅਪਰੈਲ 1924 ਵਿਚ ਹੀ ਚਿੱਲਾਣ ਲਗ ਪਿਆ ਸੀ ਕਿ ਸਿੱਖ ਬੜੀ ਹਦ ਤਕ ਹੁਣੇ ਹੀ ਸਾਹਸ-ਹੀਨ ਹੋ ਗਏ ਹਨ। ਗੌਰਮਿੰਟ ਉਹਨਾਂ ਦੇ ਖਿਲਾਫ ਥੋੜ੍ਹੇ ਹੀ ਦਿਨਾਂ ਨੂੰ ਸਖਤ ਕਦਮ ਉਠਾਏਗੀ। ਅਕਾਲੀ ਤਹਿਰੀਕ ਨਾਲ ਸੰਬੰਧਤ ਸਭ ਲੋਕ ਗੌਰਮਿੰਟ ਫੜ ਲੈਣ ਵਾਲੀ ਹੈ। ਇਸ ਨਾਲ ਅਕਾਲੀ ਜਥੇਬੰਦੀ ਵਿਚ ਗੜਬੜ ਪੈਦਾ ਹੋ ਜਾਏਗੀ। ਉਸ ਨੂੰ ਖਦਸ਼ਾ ਮਹਿਸੂਸ ਹੁੰਦਾ ਸੀ ਕਿ ਤਹਿਰੀਕ ਦਾ ਕਿਤੇ ਭੱਠਾ ਹੀ ਨਾ ਬੈਠ ਜਾਂਦਾ ਹੋਵੇ ਜਾਂ ਉਹ ਕਿਸੇ ਕਿਸਮ ਦੀ ਹਿੰਸਾ ਦੇ ਗੜ੍ਹੇ ਵਿਚ ਹੀ ਨਾ ਡਿਗਦੀ ਹੋਵੇ। ਪਰ ਉਸ ਦੇ ਏਹੋ ਜੇਹੇ ਸਭ ਖਦਸ਼ੇ ਨਿਰ-ਅਧਾਰ ਸਨ। ਅਤੇ ਉਹ ਬੇਬੁਨਿਆਦ ਨਿਕਲੇ।

(3) ਉਸ ਨੇ ਮਹਾਤਮਾ ਜੀ ਨੂੰ ਇਹ ਵੀ ਲਿਖਿਆ ਕਿ ਅਕਾਲੀਆਂ ਦੇ ਪ੍ਰੋਪੈਗੰਡੇ ਦੇ ਤਰੀਕੇ ਉਹਨਾਂ ਦੀ ਸਿਖਿਆ ਦੇ ਮੁਤਾਬਕ ਨਹੀਂ ਸਨ। ਅਕਾਲੀ (ਉਰਦੂ) ਰੋਜ਼ਾਨਾ ਇਸ ਮਾਮਲੇ ਵਿਚ ਹੋਰ ਵੀ ਗਿਰਿਆ ਹੋਇਆ ਹੈ। ਮਹਾਤਮਾ ਜੀ ਚਾਹੁੰਦੇ ਸਨ ਕਿ ਪੱਨੀਕਰ ਅੰਗਰੇਜ਼ੀ 'ਔਨਵਰਡ' ਦਾ ਸੰਪਾਦਕ ਬਣੇ, ਪਰ ਅਕਾਲੀਆਂ ਨੇ ਇਹ ਵਿਚਾਰ ਰੱਦ ਕਰ ਦਿਤਾ ਹੈ। ਮੈਂ ਖਿਆਲ ਕਰਦਾ ਹਾਂ ਕਿ ਉਹ 'ਡੱਮੀ ਐਡੀਟਰ' ਦੀ ਪਾਲਿਸੀ ਕਾਇਮ ਰੱਖਣ ਦੀ ਖਾਹਸ਼ ਰਖਦੇ ਹਨ।'

ਪੰਜਾਬ ਵਿਚ ਡੱਮੀ (ਕੁਰਬਾਨੀ ਦਾ ਬਕਰਾ) ਐਡੀਟਰਾਂ ਦਾ ਸਿਸਟਮ ਬੜੇ ਮਹਿੰਗੇ ਤਜਰਬੇ ਪਿੱਛੋਂ ਕਾਇਮ ਕੀਤਾ ਗਿਆ ਸੀ। ਮੰਗਲ ਸਿੰਘ, ਹੀਰਾ ਸਿੰਘ ਦਰਦ ਤੇ ਉਤਮ ਸਿੰਘ ਵਗੈਰਾ ਅਸਲੀ ਐਡੀਟਰਾਂ ਦੇ ਫੜੇ ਜਾਣ ਪਿੱਛੋਂ ਅਖਬਾਰ ਦਾ ਜਾਣਕਾਰ ਤੇ ਸੁਚੇਤ ਐਡੀਟਰ ਲਭਣਾ ਮੁਸ਼ਕਲ ਹੁੰਦਾ ਜਾਂਦਾ ਸੀ। ਵਿਦਿਆ ਦੀ ਅਣਹੋਂਦ ਕਰਕੇ ਬੜੇ ਥੋੜ੍ਹੇ ਏਹੋ ਜੇਹੇ ਪੜ੍ਹੇ ਲਿਖੇ ਐਡੀਟਰ ਮਿਲਦੇ ਸਨ ਜਿਹੜੇ ਸਾਮਰਾਜ-ਵਿਰੋਧੀ ਸੰਪਾਦਕੀ ਦੇ ਕੰਮ ਨੂੰ ਆਪਣੇ ਜ਼ੁਮੇ ਲੈ ਸਕਣ। ਇਸ ਲਈ ਤਹਿਰੀਕ ਦੀ ਮੰਗ ਇਹ ਸੀ ਕਿ ਅਕਾਲੀ ਲਹਿਰ ਦੇ ਪ੍ਰੋਪੈਗੰਡੇ ਨੂੰ ਠੀਕ ਤਰ੍ਹਾਂ ਨਾਲ ਚਲਾਇਆ ਜਾਵੇ। ਉਹਨਾਂ ਹਾਲਾਤ ਵਿਚ ਸਹੀ ਪ੍ਰੋਪੈਗੰਡੇ ਦਾ ਕੰਮ ਡੱਮੀ ਐਡੀਟਰਾਂ ਦੀ ਸੇਵਾ ਬਗ਼ੈਰ ਨਹੀਂ ਸੀ ਚੜ੍ਹ ਸਕਦਾ।

ਪੱਨੀਕਰ ਨੂੰ ਪੰਜਾਬ ਦੀ ਅਸਲੀ ਸਥਿਤੀ ਦਾ ਉੱਕਾ ਹੀ ਕੋਈ ਪਤਾ ਨਹੀਂ ਸੀ। ਪੰਜਾਬ ਅੰਗਰੇਜ਼ ਰਾਜ ਦੀ ਰਾਖੀ ਤੇ ਪਸਾਰ ਲਈ ਰੰਗਰੂਟ ਭਰਤੀ ਕਰਨ ਦਾ ਕੇਂਦਰ ਸੀ। ਏਥੇ ਅੰਗਰੇਜ਼ ਹਾਕਮ ਕਿਸੇ ਕਿਸਮ ਦੀ ਵੀ ਰਾਜਨੀਤੀ ਨਹੀਂ ਸਨ ਵੜਨ ਦੇਣਾ ਚਾਹੁੰਦੇ ਅਤੇ ਨਾ ਹੀ ਕਿਸੇ

Digitized by Panjab Digital Library | www.panjabdigilib.org

ਕਿਸਮ ਦੇ ਜਮਹੂਰੀ ਤੇ ਸ਼ਹਿਰੀ ਹੱਕਾਂ ਦੀ ਆਗਿਆ ਦੇਣਾ ਚਾਹੁੰਦੇ ਸਨ । ਜੇ ਪ੍ਰੈਸ ਹਰ ਕੁਰਬਾਨੀ ਦੇ ਕੇ ਏਹੋ ਜੇਹੇ ਦਮ-ਘੁੱਟਵੇਂ ਵਾਅ ਮੰਡਲ ਦੇ ਖਿਲਾਫ ਲੱਕ ਬੰਨ੍ਹ ਕੇ ਨਾ ਲੜਦਾ ਤਾਂ ਉਹ ਬਰਿਟਿਸ਼ ਰਾਜ ਦੀ ਗੁਲਾਮੀ ਦੇ ਖਿਲਾਫ ਲੜਾਈ ਵਿਚ ਉਹ ਹਿੱਸਾ ਨਾ ਪਾ ਸਕਦਾ ਜਿਹੜਾ ਪਾਉਣ ਦਾ ਇਸ ਨੂੰ ਫਖਰ ਪ੍ਰਾਪਤ ਹੋਇਆ ।

4. ਪੱਨੀਕਰ ਸਭ ਤੋਂ ਜ਼ਿਆਦਾ ਅਕਾਲੀ ਜਥੇਬੰਦੀ ਤੇ ਕਿਰਪਾਨ ਦੇ ਖਿਲਾਫ ਸੀ । ਉਸ ਦੀਆਂ ਇਹਨਾਂ ਚਿਠੀਆਂ ਦਾ ਮਹਾਤਮਾ ਜੀ ਉਤੇ ਕਿੰਨਾ ਕੁ ਅਸਰ ਹੋਇਆ, ਕਹਿਣਾ ਮੁਸ਼ਕਲ ਹੈ । ਪਰ ਉਸ ਨੇ ਅਕਾਲੀ ਲਹਿਰ ਬਾਰੇ ਆਪਣੇ ਵਲੋਂ ਗਲਤ ਫਹਿਮੀਆਂ ਪਾਉਣ ਦੀ ਕੋਈ ਕਸਰ ਨਹੀਂ ਸੀ ਛੱਡੀ ਜਾਪਦੀ । ਅਕਾਲੀ ਜਥੇਬੰਦੀ ਬਾਰੇ ਉਸ ਨੇ ਲਿਖਿਆ :

"ਇਕ ਨੁਕਤੇ ਉਤੇ ਮੈਂ ਤੁਹਾਡੀ ਵਿਚਾਰ ਲਈ ਈਮਾਨਦਾਰੀ ਨਾਲ ਜ਼ੋਰ ਦੇਂਦਾ ਹਾਂ । ਇਹ ਹੈ ਜਥੇਬੰਦੀ ਸਿਸਟਮ ਜਿਸ ਤੇ ਸਮੁਚੀ ਅਕਾਲੀ ਤਹਿਰੀਕ ਅਧਾਰਤ ਹੈ । ਬਿਲਾ ਸ਼ੁਬ੍ਹਾ ਮੈਨੂੰ ਇਹ ਦਸਣ ਦੀ ਤੁਹਾਨੂੰ ਲੋੜ ਨਹੀਂ ਕਿ ਇਹ ਸਿਸਟਮ ਅਠਾਰਵੀਂ ਸੱਦੀ ਦੇ ਦੂਜੇ ਅੱਧ ਵਿਚ ਖਾਲਸਾ ਅਤੇ ਮੁਸਲਮਾਨ ਹਾਕਮਾਂ ਵਿਚਕਾਰ ਲੜਾਈਆਂ ਦੇ ਸਿੱਟੇ ਵਜੋਂ ਵਜੂਦ ਵਿਚ ਆਇਆ ਸੀ। ਇਸ ਦਾ ਨਿਚੋੜ ਇਹ ਹੈ ਕਿ ਸਿੱਖਾਂ ਨੂੰ ਹਰ ਇਕ ਪਿੰਡ ਵਿਚ ਇਕ ਨਾਗਰਿਕ ਸੈਨਾ (ਜਥਾ) ਬਨਾਉਣੀ ਚਾਹੀਦੀ ਹੈ । ਇਹ ਸੈਨਾ ਆਪਣੇ ਆਪਣੇ ਆਗੂ ਦੇ ਮਾਤਹਿਤ ਹੋਵੇਗੀ ਅਤੇ ਭਿੰਨ ਭਿੰਨ ਇਲਾਕਿਆਂ ਦੇ ਜਥੇ ਮਿਸਾਲਾਂ ਦੀ ਸ਼ਕਲ ਵਿਚ ਜੋੜ ਦਿਤੇ ਜਾਣਗੇ । ਏਸੇ ਨੇ ਪੰਜਾਬ ਵਿਚ ਸਿੱਖਾਂ ਦਾ ਗਲਬਾ ਕਾਇਮ ਕੀਤਾ ਸੀ । ਰਣਜੀਤ ਸਿੰਘ ਨੇ ਇਕ ਬਾਕਾਇਦਾ ਕਮਾਂਡ ਦੇ ਥਲੇ ਬੰਧੇਜ-ਬੱਧ ਫੌਜ ਕਾਇਮ ਕਰਕੇ ਇਹਨਾਂ ਜਥਿਆਂ ਦੀ ਤਾਕਤ ਨੂੰ ਤੋੜਿਆ ਸੀ । ਪਰ ਉਸ ਦੇ ਮਰਨ ਪਿਛੋਂ ਇਹ ਜਥਾ ਸਿਸਟਮ ਮੁੜ ਥੋੜ੍ਹੇ ਅਰਸੇ ਲਈ ਕਾਇਮ ਹੋ ਜਾਂਦਾ ਰਿਹਾ ਜਦੋਂ ਕਿ ਅੰਗਰੇਜ਼ਾਂ ਦੇ ਜੰਗ ਵਿਚ ਇਹ ਤੋੜ ਦਿਤਾ ਗਿਆ । ਹੁਣ ਇਹ ਸਿਸਟਮ ਅਕਾਲੀ ਦਲ ਦੀ ਬਣਤਰ ਵਿਚ ਮੁੜ ਹੋਂਦ ਵਿਚ ਲੈ ਆਂਦਾ ਗਿਆ ਹੈ । ਬੁਨਿਆਦੀ ਤੌਰ ਤੇ ਇਹ ਅਕਾਲੀ ਦਲ ਜ਼ਿਲਿਆਂ ਦੇ ਸੰਗਠਿਤ ਜਥਿਆਂ ਦੀ ਕੰਟਰੋਲ ਕਰਨ ਵਾਲੀ ਏਜੰਸੀ ਹੈ । ਬਿਲਾ ਸ਼ੁਬ੍ਹਾ ਜਥੇਬੰਦੀ ਦੇ ਸਮੁਚੇ ਸਿਸਟਮ ਦਾ ਮਨੋਰਥ ਉਸ ਛੋਟੀ ਜਮਾਤ ਦਾ ਪਰਧਾਨ ਹੋਣਾ ਹੈ ਜਿਹੜੀ ਸਾਰੇ ਸੂਬੇ ਵਿਚ ਥੋੜ-ਗਿਣਤੀ ਵਿਚ ਹੈ । ਇਹ, ਇਹੋ ਸਪਿਰਿਟ ਹੈ ਜਿਹੜੀ ਜਥਿਆਂ ਵਲੋਂ ਸੁਰਜੀਤ ਕੀਤੀ ਗਈ ਹੈ ਅਤੇ ਦਲ ਬਕਾਇਦਾ ਤੌਰ ਤੇ, ਹਰ ਪਿੰਡ ਤੇ ਹਰ ਜ਼ਿਲੇ ਵਿਚ ਜਥੇਬੰਦ ਕੀਤਾ ਜਾ ਰਿਹਾ ਹੈ । ਇਸ ਨਾਲ ਇਕ ਖੜਵੀਂ ਫੌਜ ਪੈਦਾ ਹੋ ਗਈ ਹੈ ਜਿਹੜੀ ਕਿ ਸਾਰੇ ਸੂਬੇ ਉਤੇ ਖਿੱਲਰੀ ਹੋਈ ਹੈ । ਕੁਦਰਤੀ ਤੌਰ ਤੇ ਕੇਂਦਰ ਇਤਨਾ ਕਾਫੀ ਤਕੜਾ ਨਹੀਂ ਕਿ ਉਹ ਇਹਨਾ ਲੋਕਾਂ ਉਤੇ ਆਪਣਾ ਬੰਧੇਜ (ਡਿਸਿਪਲਨ) ਲਾਗੂ ਕਰ ਸਕੇ । **ਏਹੋ ਜੇਹੀ ਕਿਸਮ ਦੇ ਇਕ ਹਿਸੇ ਦੀ ਫੌਜ ਵੀ ਦੂਜੇ ਫਿਰਕਿਆਂ ਲਈ ਬੜਾ ਗੰਭੀਰ ਖਤਰਾ ਹੈ** (ਜ਼ੋਰ ਮੇਰਾ) ਇਸ ਵੇਲੇ ਸਿੱਖਾਂ ਨਾਲ ਗੌਰਮਿੰਟ ਦੇ ਵੈਰ ਦੇ ਕਾਰਣ, ਜਥੇ, ਵੱਧ ਜਾ ਘੱਟ ਪੁਰ ਅਮਨ ਹਨ ਅਤੇ ਦੂਜੇ ਫਿਰਕਿਆਂ ਨੂੰ ਦੁਖ ਨਹੀਂ ਦੇਂਦੇ । ਪਰ ਕੋਈ ਵੀ ਆਦਮੀ ਕਲਪਨਾ ਕਰ ਸਕਦਾ ਹੈ ਕਿ ਇਹ ਜਥੇਬੰਦ ਦਲ ਕਿਰਪਾਨਾਂ ਨਾਲ ਲੈਸ ਜਿਹੜੀਆਂ ਕਿ ਸ਼ਿੰਗਾਰ ਲਈ ਨਹੀਂ ਹਨ ਸਗੋਂ ਲੰਮੀਆਂ ਤਲਵਾਰਾਂ ਹਨ—ਪੰਜਾਬ ਵਿਚ ਕਿਸ ਕਿਸਮ ਦਾ ਪਰਬੰਧ ਕਾਇਮ ਕਰਨਗੇ । ਮੈਂ ਖਿਆਲ ਕਰਦਾਂ ਹਾਂ ਕਿ ਇਸ ਸਵਾਲ ਦੇ ਕਿਸੇ ਵੀ ਸ਼ਾਂਤਮਈ ਹਲ ਕਰਨ ਜਾਂ ਇਸ ਦੀ ਸਾਡੇ ਵਲੋਂ ਕੌਮੀ ਨਿਸ਼ਾਨੇ ਵਜੋਂ ਪਰਵਾਨਗੀ ਦੇਣ ਤੋਂ ਪਹਿਲੋਂ ਇਸ **ਤਾਕਤ ਦੇ ਤੋੜਨ ਉਤੇ ਜ਼ੋਰ ਦੇਣਾ ਚਾਹੀਦਾ ਹੈ ।** ਇਸ ਦੇਸ਼ ਵਿਚ ਜਿਥੇ

Digitized by Panjab Digital Library | www.panjabdigilib.org

ਦੀ ਆਬਾਦੀ ਗੈਰ-ਹਥਿਆਰਬੰਦ ਅਤੇ ਗੈਰ-ਜਥੇਬੰਦ ਹੈ ਇਕ ਹਿਸੇ ਨੂੰ ਤਲਵਾਰਾਂ ਨਾਲ ਲੈਸ ਫੌਜੀ ਸੈਨਾ ਵਿਚ ਇਕ ਮੁੱਠ ਕਰਨਾ ਕੋਈ ਛੋਟੀ ਜੇਹੀ ਗਲ ਨਹੀ।" ਵਗੈਰਾ।

ਪਹਿਲੀ ਗਲ ਇਹ ਕਿ ਪਿਛਲੇ 45 ਸਾਲਾਂ ਦੇ ਇਤਿਹਾਸ ਨੇ ਪੱਨੀਕਰ ਦੇ ਸਾਰਿਆਂ ਖਤਰਿਆਂ ਨੂੰ ਝੂਠਾ ਸਾਬਤ ਕੀਤਾ ਹੈ। ਦੂਜੀ ਇਹ, ਕਿ ਕਿਰਪਾਨ ਦੀ ਆਜ਼ਾਦੀ ਨੇ ਸਾਰੇ ਪੰਜਾਬੀਆਂ ਤੇ ਹੋਰਨਾਂ ਲਈ ਤਲਵਾਰ ਰਖਣ ਦੀ ਆਜ਼ਾਦੀ ਲਿਆਂਦੀ; ਤੀਜੀ ਇਹ, ਕਿ ਕਿਰਪਾਨ ਦੀ ਵਿਰੋਧਤਾ ਵਿਚ ਉਸਨੇ ਓਹੋ ਹੀ ਦਲੀਲਾ ਦਿਤੀਆਂ ਜਿਹੜੀਆਂ ਕਿ ਬਰਿਟਿਸ਼ ਸਰਕਾਰ ਦੇਂਦੀ ਸੀ, ਇਸ ਤਰ੍ਹਾਂ ਉਸ ਨੇ ਕਿਰਪਾਨ ਦੇ ਮਾਮਲੇ ਵਿਚ ਬਰਿਟਿਸ਼ ਸਾਮਰਾਜ ਦੀ ਹਮਾਇਤ ਕੀਤੀ। ਚੌਥੀ, ਜਥੇਬੰਦੀ ਦੀ ਵਿਰੋਧਤਾ ਉਸ ਦੀ ਬਰਿਟਿਸ਼ ਰਾਜ ਵਲ ਵਫਾਦਾਰੀ ਤੇ ਭਗਤੀ ਦਾ ਪਰਗਟਾਅ ਕਰਦੀ ਹੈ ਕਿਉਂਕਿ ਕੌਮੀ ਆਜ਼ਾਦੀ ਮੁਲਕ ਭਰ ਵਿਚ ਬੰਧੇਜ-ਬੱਧ, ਮਜ਼ਬੂਤ ਜਥੇਬੰਦੀ ਤੋਂ ਬਗੈਰ ਨਹੀਂ ਸੀ ਲਿਆਂਦੀ ਜਾ ਸਕਦੀ। ਉਸ ਦੀਆਂ ਉਤਲੀਆਂ ਸਾਰੀਆਂ ਦਲੀਲਾਂ ਉਸ ਨੂੰ ਅੰਗਰੇਜ਼ ਹਾਕਮਾਂ ਦੀ ਝੋਲੀ ਵਿਚ ਸੁਟਦੀਆਂ ਹਨ ਅਤੇ ਮਜ਼ੇ ਦੀ ਗਲ ਇਹ ਕਿ ਉਹ ਉਸ ਨੈਸ਼ਨਲ ਕਾਂਗਰਸ ਦਾ ਨੁਮਾਇੰਦਾ ਹੋ ਕੇ ਪੰਜਾਬ ਵਿਚ ਆਇਆ ਸੀ ਜਿਹੜੀ ਅਕਾਲੀ ਤਹਿਰੀਕ ਦੀ ਹਮਾਇਤ ਕਰਨ ਲਈ ਕਾਇਮ ਕੀਤੀ ਗਈ ਸੀ।

5. ਪੱਨੀਕਰ ਨੇ ਕੁਛ ਹੋਰ ਮਾਮਲਿਆਂ ਉਤੇ ਵੀ ਆਪਣੇ ਕੁਛ ਚੰਗੇ, ਕੁਛ ਮੰਦੇ ਵਿਚਾਰ ਲਿਖੇ ਹਨ। ਉਸ ਦੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਵਿਚ ਵੀ ਦੋ ਪਾਰਟੀਆਂ ਸਨ। ਮੈਕਲੈਗਨ ਜਾਣ ਤੋਂ ਪਹਿਲੋਂ ਮਸਲੇ ਦਾ ਹਲ ਕਰਨਾ ਚਾਹੁੰਦਾ ਸੀ ਪਰ ਦੂਜੇ ਕੁਛ ਅਫਸਰ ਨਹੀਂ ਸਨ ਚਾਹੁੰਦੇ। ਜਨਰਲ ਬਰਡਵੁਡ (ਸਮਝੌਤੇ ਦਾ) ਬੜਾ ਹੀ ਖਾਹਸ਼ਮੰਦ ਸੀ ਪਰ ਨਾ ਹੀ ਪੰਜਾਬ ਦੇ ਸਿਵਲ ਅਫਸਰ ਉਹਦੀ ਹਮਾਇਤ ਕਰਦੇ ਸਨ ਅਤੇ ਨਾਂ ਹੀ ਸ਼ਿਮਲਾ ਦੇ ਅਫਸਰ।

ਉਸ ਦੇ ਅਧਿਅਨ ਮੁਤਾਬਕ ਵਾਈਸਰਾਏ ਨਾਭੇ ਦੀ ਗੱਦੀ ਦਾ ਸਵਾਲ ਛੁਡਾਉਣ ਉਤੇ ਜ਼ੋਰ ਦੇਂਦਾ ਸੀ ਅਤੇ ਇਹ ਸਵਾਲ ਛੁਡਾ ਕੇ ਹੀ ਅਗਲਾ ਕੋਈ ਕਦਮ ਚੁਕਣਾ ਚਾਹੁੰਦਾ ਸੀ ਅਤੇ ਸ਼੍ਰੋਮਣੀ ਕਮੇਟੀ ਸਾਰੇ ਕੈਦੀਆਂ ਦੀ ਰਿਹਾਈ, ਜੈਤੋ ਦੇ ਅਖੰਡ ਪਾਠ-ਦੇ ਫੈਸਲੇ ਅਤੇ ਕਮੇਟੀ ਨੂੰ ਕਾਨੂੰਨ ਵਿਰੁਧ ਕਰਾਰ ਦੇਣ ਦੀ ਪਾਬੰਦੀ ਉਠਾਉਣ ਦੀਆਂ ਮੰਗਾਂ ਉਤੇ ਜ਼ੋਰ ਦੇ ਰਹੀ ਸੀ। ਉਸ ਦੇ ਖਿਆਲ ਅਨੁਸਾਰ ਗੱਲਬਾਤ ਕਰਨ ਵਾਲੇ ਆਦਮੀਆਂ ਵਿਚ ਸਿੱਖਾਂ ਦਾ ਵਿਸ਼ਵਾਸ ਨਹੀਂ ਸੀ ਅਤੇ ਪ੍ਰੋ: ਜੋਧ ਸਿੰਘ ਨੂੰ ਲੋਕ ਉੱਕਾ ਹੀ ਨਾਪਸੰਦ ਕਰਦੇ ਸਨ ਅਤੇ ਉਹੋ ਹੀ ਜੇਲ੍ਹ ਦੇ ਆਗੂਆਂ ਨਾਲ ਮੁਲਾਕਾਤਾਂ ਕਰਦਾ ਸੀ।

ਉਸ ਨੂੰ ਹਿੰਦੂਆਂ ਦੇ ਹਿਤਾਂ ਦੀ ਰਖਿਆ ਦਾ ਖਿਆਲ ਬਿਲਕੁਲ ਹਾਕਮਾਂ ਵਰਗਾ ਹੀ ਸੀ। ਸਿੱਖਾਂ ਦੀ ਵਿਉਂਤ ਇਹ ਸੀ ਕਿ ਜਨਰਲ ਬਰਡਵੁਡ ਨਾਲ, ਉਸ ਦੀ ਪਰਧਾਨਗੀ ਥੱਲੇ ਕਮੇਟੀ ਬਣਨ ਤੋਂ ਪਹਿਲਾਂ ਪਹਿਲਾਂ, ਸਭ ਮਸਲਾ ਹੱਲ ਕਰ ਲਿਆ ਜਾਵੇ। ਇਸ ਦੇ ਅਰਥ ਇਹ ਹੋਣਗੇ ਕਿ ਹਿੰਦੂਆਂ ਦੇ ਹਿੱਤਾਂ ਦੀ ਪਰਤੀਨਿਧਤਾ ਰਾਜਾ ਨਰੇਂਦਰ ਨਾਥ ਨਹੀਂ ਕਰ ਸਕਣਗੇ। ਹਿੰਦੂਆਂ ਨੂੰ ਇਹ ਪੁਜੀਸ਼ਨ ਪਰਵਾਨ ਨਹੀਂ ਹੋਣ ਲੱਗੀ। ਹਿੰਦੂ ਆਗੂ ਨਹੀਂ ਚਾਹੁੰਦੇ ਕਿ ਇਸ ਗਲਬਾਤ ਵਿਚ ਉਹਨਾਂ ਦੇ ਹਿਤਾਂ ਨੂੰ ਕੋਈ ਨੁਕਸਾਨ ਪਹੁੰਚੇ।

ਆਮ ਲੋਕਾਂ ਨਾਲ ਗਲਬਾਤ ਪਿੱਛੋਂ, ਪੱਨੀਕਰ ਇਸ ਸਿੱਟੇ ਤੇ ਪਹੁੰਚਿਆ ਸੀ ਕਿ ਸਿੱਖ ਰਾਜ ਦਾ ਖਿਆਲ ਸਾਰਾ ਗੌਰਮਿੰਟ ਪ੍ਰੋਪੇਗੰਡਾ ਹੈ ਅਤੇ ਉਸ ਨੂੰ ਵਿਸ਼ਵਾਸ ਆ ਗਿਆ ਸੀ ਕਿ ਕੋਈ ਵੀ ਅਕਾਲੀ ਸਿੱਖ ਰਾਜ ਨਹੀਂ ਸੀ ਚਾਹੁੰਦਾ। ਪਰ ਉਸ ਦੀ ਰਾਏ ਸੀ ਕਿ ਆਮ ਜਥੇਬੰਦੀ ਦੀ ਤੰਗ-

Digitized by Panjab Digital Library | www.panjabdigilib.org

ਨਜ਼ਰੀ ਤੇ ਕਟੜਵਾਦ ਨੇ ਹਿੰਦੂਆਂ ਨੂੰ ਨਾਰਾਜ਼ ਕਰ ਲਿਆ ਹੈ । ਕਿਉਂਕਿ ਉਹਨਾਂ ਨੇ ਹਿੰਦੂਆਂ ਨੂੰ ਗੁਰਦੁਆਰਿਆਂ ਵਿਚੋਂ ਕੁਛ ਧਾਰਮਕ ਰਹੁ-ਰੀਤੀਆਂ ਜਾਂ ਰਸਮਾਂ ਕਰਨ ਤੋਂ ਵਰਜ ਦਿੱਤਾ ਹੈ, ਵਗੈਰਾ ।[1]

## 4. ਦੂਜਾ ਅਤੇ ਕੁਛ ਹੋਰ ਸ਼ਹੀਦੀ ਜਥੇ

28 ਫਰਵਰੀ 1924 ਨੂੰ ਦੂਜਾ ਪੰਜ ਸੌ ਦਾ ਸ਼ਹੀਦੀ ਜਥਾ ਅਕਾਲ ਤਖਤ ਤੋਂ ਬੜੀ ਸ਼ਾਨ ਨਾਲ ਤੁਰਿਆ ਸੀ । ਸੀ. ਆਈ. ਡੀ. ਅਫਸਰ ਦੀ ਰਿਪੋਰਟ ਅਨੁਸਾਰ ਜਥੇ ਦਾ ਬੜਾ ਵੱਡਾ ਜਲੂਸ ਕੱਢਿਆ ਗਿਆ । ਅਕਾਲ ਤਖਤ ਦੀਵਾਨ ਵਿਚ ਹਮਦਰਦਾਂ ਤੇ ਹਾਮੀਆਂ ਦੀ

---

[1] File no. 297—Bird wood Committee.

ਨੋਟ : ਜਿਥੇ ਪੱਨੀਕਰ ਰਹਿੰਦਾ ਸੀ । ਉਥੇ ਉਸ ਨਾਲ ਦੂਜਾ ਆਦਮੀ ਇਕ ਸੀ. ਆਈ. ਡੀ. ਦਾ ਤਕੜਾ ਬੰਦਾ ਰਹਿੰਦਾ ਸੀ । ਸ: ਮੰਗਲ ਸਿੰਘ ਨੂੰ ਇਸ ਦਾ ਕੋਈ ਇਲਮ ਨਹੀਂ ਸੀ । ਪੱਨੀਕਰ ਨੂੰ ਇਲਮ ਸੀ ਜਾਂ ਨਹੀਂ, ਕਿਹਾ ਨਹੀਂ ਜਾ ਸਕਦਾ । ਉਹ ਪੱਨੀਕਰ ਨਾਲ ਬੜਾ ਰਚਿਆ-ਮਿਚਿਆ ਜਾਪਦਾ ਸੀ ਉਸੇ ਥਾਂ ਤੇ ਸ: ਮੰਗਲ ਸਿੰਘ ਉਹਨਾਂ ਨਾਲ ਰਹਿਣ ਲਗ ਪਿਆ । ਉਹ ਮੰਗਲ ਸਿੰਘ ਦੀ ਗੈਰ-ਹਾਜ਼ਰੀ ਵਿਚ ਕਾਗਜ਼ ਪੱਤਰ ਵੀ ਫੋਲ ਲੈਂਦਾ ਸੀ ਅਤੇ ਜ਼ਰੂਰੀ ਕਾਗਜ਼ਾਂ ਦੀਆਂ ਨਕਲਾਂ ਅਤੇ ਦੋਹਾਂ ਵਿਚਕਾਰ ਗੱਲਬਾਤ ਦਾ ਸਾਰ ਉਤਲੇ ਅਫਸਰਾਂ ਨੂੰ ਲਿਖ ਲਿਖ ਭੇਜਦਾ ਸੀ ।

ਉਹ ਖੁਦ ਲਿਖਦਾ ਹੈ : ਮੰਗਲ ਸਿੰਘ ਹੁਣ ਸਾਡੇ ਨਾਲ ਰਹਿ ਰਿਹਾ ਹੈ । ਜੋ ਕੁਛ ਵੀ ਉਹ ਕਰਦਾ ਹੈ, ਪੱਨੀਕਰ ਨਾਲ ਸਲਾਹ ਕਰ ਕੇ ਕਰਦਾ ਹੈ ।

ਇਹ ਸ਼ਖਸ਼ ਅਮਰਿਤਸਰ ਛੱਡ ਕੇ ਚਲਿਆ ਗਿਆ ਸੀ । ਉਤਲੇ ਅਫਸਰਾਂ ਨੇ ਮੁੜ ਇਸ ਨੂੰ ਉਥੇ ਹੀ ਵਾਪਸ ਭੇਜ ਦਿੱਤਾ । ਉਹ ਲਿਖਦਾ ਹੈ : ਮੈਂ ਬੁਧਵਾਰ ਵਾਪਸ ਅਮਰਿਤਸਰ ਚਲਿਆ ਗਿਆ । ਪਹੁੰਚ ਕੇ ਜਦੋਂ ਮੈਂ ਪੱਨੀਕਰ ਨੂੰ ਦਸਿਆ ਕਿ ਮਹੀਨੇ ਦੇ ਅੰਤ ਤਕ ਹੁਣ ਮੈਂ ਏਥੇ ਹੀ ਰਹਾਂਗਾ, ਉਹ ਕੁਛ ਹੱਕਾ ਬੱਕਾ ਜਿਹਾ ਨਜ਼ਰ ਆਇਆ......ਮੈਂ ਖਿਆਲ ਕਰਦਾ ਹਾਂ ਕਿ ਉਸ ਨੂੰ ਕੋਈ ਸ਼ੱਕ ਨਹੀਂ ਹੋਇਆ ।'

'ਮੈਂ ਹੁਣ ਤਕ ਇਕੋ ਕਾਗਜ਼ ਹਾਸਲ ਕਰ ਸਕਿਆ ਹਾਂ ਅਤੇ ਇਹ ਮੈਨੂੰ ਸਭ ਤੋਂ ਮਹੱਤਵ-ਪੂਰਣ ਜਾਪਦਾ ਹੈ । ਮੈਂ ਇਸ ਚਿੱਠੀ ਨਾਲ ਹੀ ਇਹ ਭੇਜ ਰਿਹਾ ਹਾਂ ।'

......ਮੈਂ ਤੁਹਾਡੇ ਨਾਲ ਗਿਡਵਾਨੀ ਦੇ ਹੱਕ ਵਿਚ ਕਈ ਵਾਰ ਗੱਲ ਕੀਤੀ ਸੀ । ਜੇਲ੍ਹ ਵਿਚ ਉਹਦੀ ਹਾਲਤ ਕੁਛ ਚੰਗੀ ਹੋ ਜਾਏ ਤਾਂ ਮੈਨੂੰ ਖੁਸ਼ੀ ਹੋਵੇਗੀ । ਪਰ ਮੈਂ ਉਹਦੇ ਜੇਲ੍ਹ ਵਿਚੋਂ ਬਾਹਰ ਵੇਖਣ ਨੂੰ ਪਸੰਦ ਕਰਨ ਵਾਲਾ ਅਖੀਰੀ ਆਦਮੀ ਹੋਵਾਂਗਾ ।......ਮੰਗਲ ਸਿੰਘ ਗਿਡਵਾਨੀ ਦੀ ਗੈਰ ਹਾਜ਼ਰੀ ਬੜਾ ਮਹਿਸੂਸ ਕਰ ਰਿਹਾ ਹੈ ।......ਜਦੋਂ ਵੀ ਮੈਂ ਅਕਾਲੀਆਂ ਦੀ ਵਧੀਕੀ ਦੀ ਗੱਲ ਕਰਦਾ ਸਾਂ ਤਾਂ ਗਿਡਵਾਨੀ ਇਹ ਜਵਾਬ ਦੇਂਦਾ ਸੀ : ਹਿੰਦੂ ਸਿੱਖਾਂ ਨੂੰ ਇਕ ਅੱਡ ਜਾਤੀ ਦੇ ਤੌਰ ਤੇ ਜਥੇਬੰਦ ਹੋਇਆ ਨਹੀਂ ਵੇਖ ਸੁਖਾਂਦੇ—ਸਾਰੀ ਤਕਲੀਫ ਦਾ ਕਾਰਨ ਇਹੋ ਹੈ । ਗਿਡਵਾਨੀ ਸ਼ਰੀਫ ਆਦਮੀ ਹੈ ਅਤੇ ਉਹ ਤਅੱਸਬੀ ਖਿਆਲਾਂ ਦਾ ਬੰਦਾ ਹੈ । ਉਹ ਅਕਾਲੀਆਂ ਦੇ ਇਰਾਦੇ ਸਮਝਣ ਦੀ ਯੋਗਤਾ ਨਹੀਂ ਰਖਦਾ । ਪੱਨੀਕਰ ਭਾਵੇਂ ਗੱਲ-ਕੱਟਾ ਤੇ ਬੇਹਦ ਇਖਲਾਕ ਹੀਣ ਹੈ; ਉਹ ਅਕਾਲੀਆਂ ਨੂੰ ਸਮਝਦਾ ਹੈ ਇਸ ਲਈ ਉਹਨਾਂ ਨੂੰ ਨਫਰਤ ਕਰਦਾ ਹੈ । ਕੋਈ ਨਾਮ ਨਹੀਂ—ਸੀ. ਆਈ. ਡੀ. ਰਿਪੋਰਟ : ਅਮਰਿਤਸਰ 18. 4. 24.

Digitized by Panjab Digital Library | www.panjabdigilib.org

ਹਾਜ਼ਰੀ ਦੀ ਗਿਣਤੀ ਬਹੁਤ ਵਡੇਰੀ ਸੀ। ਸਿਆਲਕੋਟ ਦੇ ਸ: ਨਿਰਮਲ ਸਿੰਘ ਨੇ ਬੜੀ 'ਭੜਕਾਵੀਂ' ਤਕਰੀਰ ਕੀਤੀ। ਕੁਰਬਾਨੀ ਲਈ ਉਭਾਰਵੀਂ ਤਕਰੀਰ ਦੇ ਅਰਥ ਸਰਕਾਰੀ ਕੋਸ਼ ਵਿਚ 'ਭੜਕਾਵੀਂ' ਹੁੰਦੇ ਸਨ।

ਇਸ ਵਾਰ ਦੀਵਾਨ ਵਿਚ ਕੋਈ ਵੀ ਕਾਂਗਰਸੀ ਤੇ ਖਿਲਾਫਤੀ ਆਗੂ ਹਾਜ਼ਰ ਨਹੀਂ ਸਨ ਹੋਏ। ਇਹ ਮਹਾਤਮਾ ਗਾਂਧੀ ਵਲੋਂ ਜਥਿਆਂ ਨੂੰ ਰੋਕ ਦੇਣ ਦੀ ਚਿੱਠੀ ਦਾ ਉਹਨਾਂ ਉਤੇ ਅਸਰ ਹੋਇਆ। ਪਰ ਇਹ ਅਸਰ ਬਾਹਲਾ ਚਿਰ ਕਾਇਮ ਨਹੀਂ ਰਿਹਾ। ਥੋੜੇ ਚਿਰ ਪਿੱਛੋਂ ਹੀ ਇਹ ਅਸਰ, ਜਿਵੇਂ ਕਿ ਅਸੀਂ ਅਗੇ ਵੇਖਾਂਗੇ, ਜਾਂਦਾ ਰਿਹਾ ਅਤੇ ਕਾਂਗਰਸ ਤੇ ਖਿਲਾਫਤ ਦੀ ਸ਼੍ਰੋਮਣੀ ਕਮੇਟੀ ਨੂੰ ਮੁੜ ਹਮਾਇਤ ਹਾਸਲ ਹੋ ਗਈ।

ਭਾਵੇਂ ਕਮੇਟੀ ਨੇ ਮਹਾਤਮਾ ਗਾਂਧੀ ਦੀ ਹਦਾਇਤ ਪਰਵਾਨ ਨਹੀਂ ਸੀ ਕੀਤੀ ਪਰ ਉਸ ਦਾ ਇਕ ਅਸਰ ਜ਼ਰੂਰ ਹੋਇਆ। ਇਸ ਵਾਰ; ਪਹਿਲਾਂ ਨਾਲੋਂ ਵੀ ਵਧੇਰੇ ਸ਼ਾਂਤਮਈ ਰਹਿਣ, ਪੁਲਸ ਫੌਜ ਰੋਕੇ ਤਾਂ ਬਹਿ ਜਾਣ ਅਤੇ ਗਰਿਫਤਾਰ ਕਰਨ ਤਾਂ ਗਰਿਫਤਾਰ ਹੋ ਜਾਣ ਉਤੇ ਬੜਾ ਜ਼ੋਰ ਦਿੱਤਾ ਗਿਆ। "ਸ਼ਹੀਦੀ ਜਥੇ ਨੂੰ ਤਾੜੀਆਂ ਦੀ ਗੂੰਜ, ਯਕੀਨੀ ਤੌਰ ਤੇ, ਇਸ ਵਾਰ, ਬਹੁਤ ਵੱਡੀ ਪਰਾਪਤ ਹੋਈ।"

ਜਥੇ ਦੇ ਮਿੰਬਰ 'ਨਿਰੋਏ ਸਰੀਰ' ਦੇ ਸਨ। ਜਥੇ ਪਾਸ ਕਿਰਪਾਨ ਦੇ ਧਾਰਮਕ ਨਿਸ਼ਾਨ ਤੋਂ ਛੁੱਟ ਕੋਈ ਡਾਂਗ ਸੋਟਾ ਜਾਂ ਟਕੂਆ ਨਹੀਂ ਸੀ। ਜਥੇ ਵਿਚ 'ਜੋਸ਼ ਅਥਾਹ' ਸੀ ਅਤੇ ਉਹਨਾਂ ਦੇ ਮੱਥੇ ਹਸੂੰ ਹਸੂੰ ਕਰਦੇ ਸਨ। ਉਹਨਾਂ ਵਿਚ ਬਹੁ-ਗਿਣਤੀ ਨਾਮ-ਕਟੇ ਜਾਂ ਪਿਨਸ਼ਨੀ ਫੌਜੀਆਂ ਦੀ ਸੀ ਅਤੇ ਕੋਈ ਬਾਰਾਂ ਤੇਰਾਂ ਨਿਰਮਲੇ ਤੇ ਨਾਮਧਾਰੀ ਵੀ ਸਨ। ਇਸ ਤਰ੍ਹਾਂ ਇਹ ਜਥਾ ਵਧੇਰੇ ਪਰਤੀਨਿਧ ਖਸਲਤ ਦਾ ਸੀ। ਖਾਲਸਾ ਕਾਲਜ ਦੇ ਕੁਛ ਵਿਦਿਆਰਥੀ ਤੇ ਕੁਛ ਪੇਂਡੂ ਬੀਬੀਆਂ ਦੀ ਜਥੇ ਨਾਲ ਮਾਰਚ ਕਰਦੇ ਵੇਖੇ ਗਏ।

ਇਸ ਸ਼ਹੀਦੀ ਜਥੇ ਦੇ ਜਥੇਦਾਰ ਬੜੇ ਜ਼ੁਮੇਂਵਾਰ ਤੇ ਪਰਸਿੱਧ ਅਕਾਲੀ ਸਨ। ਇਹਨਾਂ ਵਿਚੋਂ ਇਕ ਜਥੇਦਾਰ ਤੇਜਾ ਸਿੰਘ ਗੁਰਦਾਸਪੁਰ ਤੇ ਇਕ ਜਥੇਦਾਰ ਇੰਦਰ ਸਿੰਘ ਸਿਆਲਕੋਟ ਸਨ। ਇਸ ਜਥੇ ਦੇ ਤੁਰਨ ਵੇਲੇ ਨਿਊਯੌਰਕ ਟਾਈਮਜ਼ ਦਾ ਪੱਤਰਕਾਰ ਮਿਸਟਰ ਜ਼ਿਮੰਡ ਵੀ ਜਥੇ ਦਾ ਫੋਟੋ ਲੈਣ ਵਾਲਿਆਂ ਵਿਚ ਸੀ—ਉਹੋ ਜ਼ਿਮੰਡ ਜਿਹੜਾ ਡਾਕਟਰ ਕਿਚਲੂ ਤੇ ਅਚਾਰੀਆ ਗਿਡਵਾਨੀ ਨਾਲ ਜੈਤੋ ਗਿਆ ਸੀ ਅਤੇ ਜਿਸ ਨੇ ਡੱਟ ਕੇ ਬਿਆਨ ਦਿੱਤਾ ਸੀ ਕਿ ਪਹਿਲਾ ਸ਼ਹੀਦੀ ਜਥਾ ਉੱਕਾ ਹੀ ਬੇ-ਹਥਿਆਰ ਸੀ।

ਇਹੋ ਸੀ. ਆਈ. ਡੀ. ਅਫਸਰ ਲਿਖਦਾ ਹੈ : "ਜਿਸ ਤਰੀਕੇ ਨਾਲ ਅਕਾਲੀਆਂ ਨੇ ਜਥੇ ਵਿਚ ਸ਼ਾਮਲ ਹੋਣ ਦਾ ਹੁੰਗਾਰਾ ਭਰਿਆ ਹੈ, ਜਿਸ ਖਾਹਸ਼ ਜਾਂ ਧੁਨ ਨਾਲ ਉਹਨਾਂ ਨੇ ਜਥੇ ਵਿਚ ਜੈਤੋ ਜਾਣ ਲਈ ਪਹਿਲੇ ਤੋਂ ਪਹਿਲਾਂ ਮੌਕਿਆ ਹਾਸਲ ਕਰਨ ਉਤੇ ਜ਼ੋਰ ਦਿੱਤਾ ਹੈ—ਜ਼ਾਹਰ ਕਰਦਾ ਹੈ ਕਿ ਜੈਤੋ ਦੇ 21 ਫਰਵਰੀ ਦੇ ਹਕੀਕੀ ਗੋਲੀ ਕਾਂਡ ਨੇ ਉਹਨਾਂ ਦੇ ਮਨਾਂ ਵਿਚ ਕੋਈ ਤਬਦੀਲੀ ਨਹੀਂ ਲਿਆਂਦੀ ਅਤੇ ਉਹਨਾਂ ਦੇ ਜੋਸ਼ ਨੂੰ ਠੰਢਾ ਕਰਨ ਦੀ ਥਾਂ ਸਗੋਂ ਵਧੇਰੇ ਗਿਣਤੀ ਵਿਚ ਆਉਣ ਲਈ ਟੁੰਬ ਦਿੱਤਾ ਹੈ। ਅਤੇ ਇਹ ਡਰ ਭਾਸਦਾ ਹੈ ਕਿ ਜੇ ਗੋਲੀ-ਕਾਂਡ ਮੁੜ ਦੁਹਰਾਇਆ ਵੀ ਗਿਆ ਤਦ ਵੀ ਸ਼੍ਰੋਮਣੀ ਕਮੇਟੀ ਹਰ ਸੂਰਤ ਵਿਚ, ਦੋ ਤਿੰਨ ਹੋਰ ਸ਼ਹੀਦੀ ਜਥੇ ਹਾਸਲ ਕਰਨ ਵਿਚ ਸਫਲ ਹੋ ਜਾਏਗੀ।"[1]

[1] Punjab C. I. D. Officer's report ; 28th February 1924.

Digitized by Panjab Digital Library | www.panjabdigilib.org

ਉਸ ਵੇਲੇ ਕੁਛ ਏਹੋ ਜਹੇ ਅਜ਼ਮਾਏ ਹੋਏ ਸਰਕਾਰ ਪਰਸਤ ਤੇ ਵਫਾਦਾਰ ਵੀ ਹਾਜ਼ਰ ਸਨ ਜਿਹੜੇ ਕਲ੍ਹ ਤਕ ਕਿਹਾ ਕਰਦੇ ਸਨ ਕਿ ਗੌਰਮਿੰਟ ਹਿੰਸਕ ਅਕਾਲੀਆਂ ਨੂੰ ਤਕੜੀ ਤਰ੍ਹਾਂ ਮੂੜਾ ਚਾੜ੍ਹਨ ਲਈ ਮਜ਼ਬੂਤ ਨਹੀਂ—ਉਹ ਕਹਿੰਦੇ ਸੁਣੇ ਗਏ ਕਿ ਗੌਰਮਿੰਟ ਨੂੰ ਅਖੰਡ ਪਾਠ ਦੇ ਮਾਮਲੇ ਵਿਚ ਝੁਕਣਾ ਹੀ ਪਏਗਾ ਕਿਉਂਕਿ ਸਿੱਖਾਂ ਦਾ ਅਖਾਣਕ ਕੱਟੜਵਾਦ ਸੁਤਜੀਤ ਹੋ ਗਿਆ ਹੈ ਅਤੇ ਵਧੇਰੇ ਸਰਕਾਰੀ ਤਸ਼ੱਦਦ ਅੱਗ ਉਤੇ ਤੇਲ ਪਾਉਣ ਦਾ ਕੰਮ ਦੇਵੇਗਾ। ਪਰ ਅਜੇ ਵੀ ਕੁਛ ਹਿੰਦੂ ਤੇ ਸਿੱਖ ਏਹੋ ਜੇਹੇ ਕੱਟੜ ਸਰਕਾਰ ਪਰਸਤ ਮੌਜੂਦ ਸਨ ਜਿਨ੍ਹਾਂ ਦੀ ਰਾਏ ਵਿਚ ਸਿੱਧੇ ਸਾਦੇ ਅਨਪੜ੍ਹ ਸਿੱਖਾਂ ਨੂੰ ਧਰਮ ਦੇ ਨਾਮ ਤੇ ਬੁਧੂ ਬਣਾ ਤੇ ਗੁਮਰਾਹ ਕਰ ਕੇ ਮੌਤ ਦੇ ਜਬਾੜਿਆਂ ਵਿਚ ਸੁਟਿਆ ਜਾ ਰਿਹਾ ਹੈ। ਅਤੇ ਉਹ ਇਸ ਕਾਰਣ ਅਕਾਲੀ ਆਗੂਆਂ ਨੂੰ ਬੁਰਾ ਭਲਾ ਕਹਿ ਰਹੇ ਸਨ।

ਕੁਛ ਇਕ ਹੋਰ ਬੰਦਿਆਂ ਦਾ ਪਰਭਾਵ ਇਹ ਸੀ ਕਿ ਏਹੋ ਜੇਹੇ ਕੱਟੜ-ਵਾਦੀਆਂ ਦਾ ਹੋੜਨਾ ਮੋੜਨਾ ਮੁਸ਼ਕਲ ਹੈ ਕਿਉਂਕਿ ਇਹ ਨਿਪਟ ਅੰਧਵਿਸ਼ਵਾਸੀ ਹਨ ਅਤੇ 'ਧਰਮ ਖਤਰੇ ਵਿਚ ਹੈ' ਦੇ ਨਾਅਰੇ ਥੱਲੇ ਸ਼੍ਰੋਮਣੀ ਕਮੇਟੀ ਦੇ ਹੁਕਮ ਤੇ ਜਾਨਾਂ ਕੁਰਬਾਨ ਕਰਨ ਲਈ ਤਿਆਰ ਬੈਠੇ ਹਨ।

ਪਰ ਆਮ ਲੋਕ ਜਥੇ ਦੇ ਮਿੰਬਰਾਂ ਦੀ ਕੁਰਬਾਨੀ ਭਾਵਨਾ ਤੋਂ ਬਹੁਤ ਪਰਭਾਵਿਤ ਸਨ, ਉਹ ਰੁਮਾਲਾਂ ਤੇ ਪੱਲਿਆਂ ਨਾਲ ਬਾਰ ਬਾਰ ਅਥਰੂ ਪੂੰਝ ਰਹੇ ਸਨ ਅਤੇ ਉਹਨਾਂ ਦੀ ਚਰਨ-ਧੂੜ ਚੁਕ ਚੁਕ ਆਪਣੇ ਮੱਥਿਆਂ ਨੂੰ ਲਾ ਰਹੇ ਸਨ ਅਤੇ ਧਨ, ਧਨ, ਬਲਿਹਾਰ, ਬਲਿਹਾਰ ਦੇ ਸ਼ਬਦ ਉਚਾਰਣ ਕਰ ਰਹੇ ਸਨ।

ਇਹਨਾਂ ਜਥਿਆਂ ਦੇ ਮਾਰਚ ਦਾ ਪ੍ਰੋਗ੍ਰਾਮ ਬੜਾ ਸੋਚ ਸਮਝ ਕੇ ਬਣਾਇਆ ਜਾਂਦਾ ਸੀ। ਹਰ ਵਾਰ ਇਹ ਜਥੇ ਨਵੇਂ ਅਣਛੋਹੇ ਪਿੰਡਾਂ ਵਿਚ ਦੀ ਲੰਘਦੇ ਸਨ ਅਤੇ ਪਿਛੇ ਨਵੀਂ ਜਾਗਰਤ, ਅਕਾਲੀ ਭਰਤੀ ਤੇ ਕੁਰਬਾਨੀ ਦਾ ਉਤਸ਼ਾਹ ਅਤੇ ਹਲਚਲ ਜਹੀ ਛੱਡ ਜਾਂਦੇ ਸਨ। ਅਤੇ ਇਹਨਾਂ ਪਿੰਡਾਂ ਵਿਚੋਂ ਹੀ ਨਵੇਂ ਜਥਿਆਂ ਲਈ ਨੌਜੁਆਨ ਭਰਤੀ ਹੋ ਕੇ ਮੈਦਾਨ ਵਿਚ ਸੰਗਰਾਮ ਕਰਨ ਵਾਸਤੇ ਨਿਕਲ ਆਉਂਦੇ ਸਨ। ਗੌਰਮਿੰਟ ਦੀ ਇਸ ਅਰਥ ਭਰਪੂਰ ਰਿਪੋਰਟ ਨੂੰ ਪੜ੍ਹੋ :

ਲੋਕਾਂ ਦੀ ਭਾਰੀ ਬਹੁ-ਗਿਣਤੀ ਉਤੇ, ਖੁਦ ਜਥੇ ਦੇ ਗੁਜ਼ਰਨ ਨਾਲ, ਬੜਾ ਵਧੀਕ ਉਭਰਵਾਂ ਪਰਭਾਵ ਪੈਂਦਾ ਤੇ ਪੈਦਾ ਹੁੰਦਾ ਹੈ।—ਅਤੇ ਖਾਸ ਕਰ ਜਥੇ ਦੀਆਂ ਠਹਿਰਨ ਵਾਲੀਆਂ ਥਾਵਾਂ ਉਤੇ। 500 ਆਦਮੀਆਂ ਦੇ ਫੌਜੀ ਤਰਤੀਬ ਨਾਲ ਮਾਰਚ ਕਰਨ, ਅਤੇ ਜਥੇਦਾਰ ਦੇ ਹੁਕਮ ਦੀ ਪਾਲਣਾ ਕਰਨ, ਇਕੋ ਜੇਹੇ ਹੀ ਕੇਸਰੀ ਬਾਣੇ ਵਿਚ ਅਤੇ ਕਿਰਪਾਨਾਂ ਨਾਲ ਲੈਸ ਹੋਣ ਦਾ ਨਜ਼ਾਰਾ ਆਪਣੇ ਆਪ ਵਿਚ ਬੜਾ ਉਤਸਾਹ-ਜਨਕ ਹੈ। ਅਤੇ ਜਦੋਂ ਏਹੋ ਜੇਹੀ ਜਥੇਬੰਦੀ ਦੇ ਨਿਸ਼ਾਨੇ ਖੁਲ੍ਹਮ-ਖੁਲ੍ਹਾ ਸਰਕਾਰ ਦੇ ਖਿਲਾਫ ਹੋਣ ਤਦ ਏਹੋ ਜੇਹੇ ਦਰਿਸ਼ ਲਈ ਕਿਸੇ ਟੀਕਾ-ਟਿੱਪਣੀ ਦੀ ਲੋੜ ਨਹੀਂ। ਇਸ ਲਈ ਅਕਾਲੀ ਜਥਿਆਂ ਦੀਆਂ ਨਾਲ ਲਗਵੀਆਂ ਸਰਗਰਮੀਆਂ —ਦੀਵਾਨ ਲਾਉਣੇ, ਧਾਰਮਕ ਮਸਲਿਆਂ ਤੇ ਤਕਰੀਰਾਂ, ਗੁਰੂਆਂ ਤੇ ਸਿੱਖਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ, ਆਪਣੇ ਧਰਮ ਵਿਚ ਪੱਕੇ ਹੋਵੋ, ਅਮਰਿਤ, ਹੋਰ ਦੀਵਾਨ, ਰਾਜਸੀ ਤਕਰੀਰਾਂ, ਨਾਭੇ ਮਹਾਰਾਜੇ ਦੀ ਬਹਾਲੀ—ਦੀ ਮਹੱਤਤਾ ਨੂੰ ਵਧਾ-ਚੜ੍ਹਾਕੇ ਵੇਖਣਾ ਆਸਾਨ ਹੈ।"[1]

---

[1] From H. D. Craik, Lahore 11th April 1924 to Crerar Home, pol.

Digitized by Panjab Digital Library | www.panjabdigilib.org

ਇਸ ਦੂਜੇ ਜਥੇ ਨੂੰ ਫੀਰੋਜ਼ਪੁਰ ਦੇ ਲਾਗਿਉਂ ਦੀ ਲੰਘਦਿਆਂ ਅਮਰੀਕਨ ਮਿਸ਼ਨ ਸਕੂਲ ਦੇ ਮਿਸਟਰ ਮੈਕੀ ਅਤੇ ਮਿ: ਕਾਸਟਰ ਨੇ ਵੇਖਿਆ ਸੀ। ਕਾਸਟਰ ਨੇ ਡੀ.ਸੀ. ਨੂੰ ਦਸਿਆ ਸੀ ਕਿ ਉਹ ਜਥੇ ਦੀ ਸੰਖਿਆ ਵੇਖ ਕੇ ਹੱਕਾ-ਬੱਕਾ ਰਹਿ ਗਿਆ। ਜਥੇ ਦੇ ਆਦਮੀ ਸਕਲ ਮਾਸਟਰ ਜਾਂ ਗਰੈਜੂਏਟ ਕਿਸਮ ਦੇ ਨਜ਼ਰ ਆਉਂਦੇ ਹਨ। ਲੋਕਾਂ ਦੀ ਬੜੀ ਵਡੀ ਭੀੜ ਉਹਨਾਂ ਨੂੰ, ਪਹੁੰਚਣ ਤੇ, ਵੇਖ ਰਹੀ ਸੀ। ਪਰ ਉਹ ਬੜੀ ਬੰਧੇਜ-ਬੱਧ ਸੀ, ਕਿਸੇ ਨੇ ਉਹਨਾਂ ਦੀ ਬੇਇਜ਼ਤੀ ਕਰਨ ਦੀ ਗੱਲ ਨਹੀਂ ਕੀਤੀ।

ਏਸੇ ਰਿਪੋਰਟ ਅਨੁਸਾਰ ਦੋ ਅੰਗਰੇਜ਼ ਫੌਜੀ ਅਫਸਰਾਂ ਨੇ ਡੀ. ਸੀ. ਨੂੰ ਦਸਿਆ ਕਿ ਜਥਾ ਰੈਸਟ ਹਾਊਸ ਦੇ ਲਾਗਿਉਂ ਦੀ ਲੰਘ ਰਿਹਾ ਸੀ। ਉਧਰੋਂ ਗਡੀ ਆ ਗਈ। ਜੱਥਾ ਸੜਕ ਉਤੇ ਬੈਠ ਗਿਆ। ਉਸ ਨੇ ਉਸੇ ਵੇਲੇ ਦਰਸ਼ਕਾਂ ਵਿਚ ਆਪਣਾ ਸਾਹਿਤ ਵੰਡਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਪੈਂਫਲਟਾਂ ਨੂੰ ਪੜ੍ਹ ਪੜ੍ਹ ਸੁਨਾਣਾ ਸ਼ੁਰੂ ਕਰ ਦਿੱਤਾ। ਲੋਕ ਉਹਨਾਂ ਨੂੰ ਪਾਣੀ ਪਿਲਾਣ ਤੇ ਉਹਨਾਂ ਦੇ ਮੂੰਹਾਂ ਤੇ ਕੱਪੜਿਆਂ ਦੀ ਗਰਦ ਝਾੜਨ ਲਈ ਤਿਆਰ ਖੜੇ ਸਨ। ਗੱਡੀ ਲੰਘ ਗਈ ਅਤੇ ਜੱਥਾ ਬਿਗਲ ਦੀ ਆਵਾਜ਼ ਨਾਲ ਹਰਕਤ ਵਿਚ ਆ ਗਿਆ। ਅਤੇ ਸਭ ਤੋਂ ਵਧ ਗੱਲ ਉਹਨਾਂ ਨੂੰ ਜਿਹੜੀ ਖੜਕੀ ਸੀ ਇਹ ਸੀ ਕਿ ਇਹ ਕਿਸੇ ਤਰ੍ਹਾਂ ਵੀ ਨਿਕੰਮੀ ਕਿਸਮ ਦੀ ਜੱਥੇਬੰਦੀ ਦਾ ਮੁਜ਼ਾਹਰਾ ਨਹੀਂ ਸੀ।[2]

ਜੱਥੇ ਦੇ ਖਿਲਾਫ ਗੌਰਮਿੰਟ ਪਾਸ ਇਕ ਰਿਪੋਰਟ ਇਹ ਵੀ ਪਹੁੰਚੀ ਸੀ ਕਿ ਮੋਗੇ ਅਤੇ ਸਿੰਘਾਂ ਵਾਲਾ ਦੇ ਦਰਮਿਆਨ ਉਹਨਾਂ ਦੇ ਕੁਛ ਆਦਮੀਆਂ ਨੇ ਸਾਥ ਸਾਥ ਜਾ ਰਹੇ ਘੋੜ-ਸਵਾਰ ਫੌਜੀ ਦਸਤੇ ਨੂੰ ਇਹ ਵੀ ਆਖਿਆ ਸੀ ਕਿ "ਉਹ ਆਪਣੇ ਬਰਿਟਿਸ਼ ਅਫਸਰਾਂ ਦੇ ਵਿਰੁਧ ਬੰਦੂਕਾਂ ਦੀ ਵਰਤੋਂ ਕਰਨ।"[3] ਇਸ ਰਿਪੋਰਟ ਵਿਚ ਕਿੰਨੀ ਕੁ ਸਚਿਆਈ ਹੈ, ਕਹਿਣਾ ਮੁਸ਼ਕਲ ਹੈ। ਪਰ ਕੋਈ ਅਜਬ ਨਹੀਂ ਕਿ ਜੱਥੇ ਦੇ ਕਿਸੇ ਜੋਸ਼ੀਲੇ ਅਕਾਲੀ ਨੇ ਫੌਜੀਆਂ ਨੂੰ ਇਹ ਗੱਲ ਆਖੀ ਹੋਵੇ।

ਜੱਥਾ ਸ਼੍ਰੋਮਣੀ ਕਮੇਟੀ ਦੇ ਏਲਾਨਾਂ ਤੋਂ ਛੁੱਟ ਕੁਛ ਤਸਵੀਰਾਂ ਵੀ ਰਾਹ ਵਿਚ ਵੰਡਦਾ ਜਾਂਦਾ ਸੀ। ਕੁਛ 'ਬਗਾਵਤੀ ਪੋਸਟਰ' ਉੱਤੇ ਵਾਈਸਰਾਏ ਮਿਨਚਨ ਅਤੇ ਵਿਲਸਨ ਦੇ ਕਾਰਟੂਨ ਸਨ ਜਿਨ੍ਹਾਂ ਵਿਚ ਮਿਨਚਨ ਤੇ ਵਿਲਸਨ ਬਚਿਆਂ ਤੇ ਔਰਤਾ ਉਤੇ ਗੋਲੀ ਚਲਾਂਦੇ ਵਿਖਾਏ ਗਏ ਸਨ। ਮਕਸਦ ਲੋਕਾਂ ਨੂੰ ਗੌਰਮਿੰਟ ਦੇ ਜ਼ੁਲਮਾਂ ਦੀਆਂ ਤਸਵੀਰਾਂ ਵਿਖਾਕੇ ਉਹਨਾਂ ਦੀਆਂ ਤਹਿਰੀਕ ਲਈ ਹਮਦਰਦੀਆਂ ਪੈਦਾ ਕਰਨਾ ਸੀ।

## 5. ਸਰਕਾਰੀ ਪਾਲਿਸੀ : ਨਵੀਂ ਕਿ ਪੁਰਾਣੀ

ਸਰਕਾਰੀ ਰਿਪੋਰਟਾਂ ਤੋਂ ਜ਼ਾਹਰ ਹੁੰਦਾ ਸੀ ਕਿ ਜੈਤੇ ਦੇ ਗੋਲੀ-ਕਾਂਡ ਤੋਂ ਜਿਨੀ ਭੜਕਾਹਟ ਤੇ ਤਪਸ਼ ਦਾ ਖਿਆਲ ਕੀਤਾ ਜਾਂਦਾ ਸੀ ਉਸ ਤੋਂ ਬਹੁਤ ਘੱਟ ਅਮਰਿਤਸਰ ਵਿਚ ਨਜ਼ਰ ਆਈ। ਡੀ. ਸੀ. ਅਮਰਿਤਸਰ ਦਾ ਇਹ ਵੀ ਕਹਿਣਾ ਸੀ ਕਿ ਦੂਜੇ ਜੱਥੇ ਦੀ ਭਰਤੀ ਲਈ ਕੋਈ ਖਾਸ ਤੀਬਰਤਾ ਨਜ਼ਰ ਨਹੀਂ ਔਂਦੀ। ਏਹੋ ਜੇਹੇ ਗਲਤ ਅੰਦਾਜ਼ਿਆਂ ਤੋਂ ਹੀ ਅਨੁਮਾਨ ਲਾਇਆ ਜਾ

---

[2] D.O. from the Chief Secretary to the poll. Dept. Delhi—12th March 1924.

[3] From the Administrator, Camp Jaito Dated 11th March 1924 to Minchin.

Digitized by Panjab Digital Library | www.panjabdigilib.org

ਸਕਦਾ ਹੈ ਕਿ ਸਾਡੇ ਬਦੇਸ਼ੀ ਹਾਕਮ ਕਿੰਨੀ ਕੁ ਸੂਝ ਅਤੇ ਦੂਰ-ਦਰਸ਼ਤਾ ਤੇ ਮਾਲਕ ਸਨ। ਰਾਜ ਦੀ ਤਾਕਤ ਪਿੱਠ ਪਿੱਛੇ ਹੋਵੇ ਤਾਂ ਬੁੱਧੂ ਅਫਸਰ ਵੀ ਬਹੁਤ ਵਡੇ ਨਜ਼ਰ ਆਉਂਦੇ ਹਨ।

ਗਵਰਨਰ-ਇਨ-ਕੌਂਸਲ ਨੇ ਇਸ ਮਸਲੇ ਤੇ ਬੜੀ ਵਿਚਾਰ ਕੀਤੀ ਕਿ ਜੱਥੇ ਨਾਲ ਬਰਿਟਿਸ਼ ਭਾਰਤ ਵਿਚ ਹੀ ਨਿਪਟਿਆ ਜਾਵੇ ਜਾਂ ਇਸ ਨੂੰ ਜੈਤੋ ਵਿਚ ਜਾਣ ਦਿਤਾ ਜਾਵੇ। ਉਹ ਇਸ ਫੈਸਲੇ ਤੇ ਪੁੱਜੇ ਕਿ ਲੇਖਾ-ਜੋਖਾ ਕਰਨ ਪਿਛੋਂ ਫਾਇਦਾ ਜਥੇ ਦੇ ਜੈਤੋ ਜਾਣ ਦੇਣ ਦੇ ਹਕ ਵਿਚ ਹੈ। ਉਹਨਾ ਦੇ, ਸੰਖਿਪਤ ਤੌਰ ਤੇ, ਕਾਰਣ ਇਹ ਸਨ :

(ੳ) ਜੇ ਇਹ ਜੱਥਾ ਵੀ ਪਹਿਲੇ ਜੱਥੇ ਵਾਂਗ ਕੋਈ ਰਾਜਸੀ ਤਕਰੀਰਾਂ ਨਹੀਂ ਕਰਦਾ ਅਤੇ ਦੀਵਾਨਾਂ ਨੂੰ ਸ਼ਬਦਾਂ ਦੇ ਅਰਦਾਸਿਆਂ ਤਕ ਹੀ ਸੀਮਿਤ ਰਖਦਾ ਹੈ ਤਾਂ ਉਹਨਾਂ ਦੀ ਗਰਿਫਤਾਰੀ ਕ਼ਾਨੂੰਨੀ ਨੁਕਤੇ ਤੋਂ ਨਹੀਂ ਕੀਤੀ ਜਾ ਸਕਦੀ। ਜੇ ਗਰਿਫਤਾਰੀਆਂ ਕੀਤੀਆਂ ਜਾਣ ਤਾਂ ਕਿਹਾ ਜਾਏਗਾ ਕਿ ਖਾਲਸ ਧਾਰਮਿਕ ਜਲੂਸ ਵਿਚ ਦਖਲ ਦਿਤਾ ਜਾ ਰਿਹਾ ਹੈ।

(ਅ) ਜੇ ਜੱਥਾ ਫੜ-ਲਿਆ ਜਾਂ ਖਿੰਡਾ ਦਿਤਾ ਜਾਵੇ ਤਾਂ ਹਿੰਦੁਸਤਾਨ ਭਰ ਦੇ ਰਾਜਸੀ ਨੇਤਾ ਤੇ ਪਰਚਾਰਕ ਉਸ ਜਗ੍ਹਾ ਤੇ ਪਹੁੰਚ ਜਾਣਗੇ। ਇਹਨਾਂ ਨੂੰ ਰਿਆਸਤ ਵਿਚ ਤਾਂ ਵੜਨੋ ਬੰਦ ਕੀਤਾ ਜਾ ਸਕਦਾ ਹੈ। ਬਰਿਟਿਸ਼ ਹਿੰਦੁਸਤਾਨ ਵਿਚ ਨਹੀਂ।

(ੲ) ਜਥੇ ਦੇ ਰਿਆਸਤ ਵਿਚ ਫੜੇ ਜਾਣ ਨਾਲ ਕੇਂਦਰੀ ਅਸੰਬਲੀ ਜਾਂ ਮੁਕਾਮੀ ਕੌਂਸਲ ਵਿਚ ਬਹਿਸ ਦਾ ਕੋਈ ਮੌਕਿਆ ਨਹੀਂ ਪੈਦਾ ਹੁੰਦਾ।

(ਸ) ਫੜੇ-ਹੋਏ ਕਸੂਰ ਵਾਰ ਦਾ ਮੁਕੱਦਮਾ ਨਾਭੇ ਦੇ ਇਲਾਕੇ ਵਿਚ ਤਤਫੱਟ ਮੁਕਾਇਆ ਜਾ ਸਕਦਾ ਹੈ। ਪੰਜਾਬ ਵਿਚ ਵਕੀਲਾਂ, ਅਪੀਲਾਂ, ਮੁੜ ਵਿਚਾਰ ਲਈ ਦਰਖਾਸਤਾਂ ਦਾ ਬੜਾਂ ਝੰਜਟ ਹੈ।

(ਹ) ਮੋਰਚੇ ਦੀ ਥਾਂ ਦੇ ਤੌਰ ਤੇ ਅਮਰਿਤਸਰ ਨਾਲੋਂ ਜੈਤੋ ਅਕਾਲੀਆਂ ਲਈ ਪਹੁੰਚਣ ਤੋਂ ਦੂਰ ਅਤੇ ਖਰਚੋਂ ਬਹੁਤ ਮਹਿੰਗਾ ਹੈ। ਵਗੈਰਾ।

ਇਸ ਲਈ ਗਵਰਨਰ ਇਨ-ਕੌਂਸਲ ਹਿੰਦ ਸਰਕਾਰ ਪਾਸ ਸਿਫਾਰਸ਼ ਕਰਦਾ ਹੈ ਕਿ ਜਥੇ ਨੂੰ ਜੈਤੋ ਜਾਣ ਦਿਤਾ ਜਾਏ। ਅਤੇ ਜੇ ਬਰਿਟਿਸ਼ ਇਲਾਕੇ ਵਿਚ ਪੈਦਾ ਹੋਣ ਵਾਲੀ ਭੜਕਾਹਟ ਨੂੰ ਰੋਕਣਾ ਹੈ ਅਤੇ ਜਥੇ ਨਾਲ ਅਮਰਿਤਸਰ ਦੇ ਲਾਗੇ ਚਾਗੇ ਨਿਪਟਣਾ ਹੈ ਤਾਂ ਇਹ ਅਕਾਲੀਆਂ ਨੂੰ ਇਕ ਐਸੀ ਥਾਂ ਮੋਰਚਾ ਲਾਣ ਦਾ ਮੌਕਿਆ ਮੁਹਈਆ ਕਰਨਾ ਹੋਵੇਗਾ ਜਿਹੜੀ ਉਹਨਾਂ ਨੂੰ ਬੜੀ ਸੂਤ ਬੈਠੇਗੀ।

ਹਿੰਦ ਸਰਕਾਰ ਨੇ ਤਾਰ ਰਾਹੀਂ ਤਜਵੀਜ਼ ਭੇਜੀ ਸੀ ਕਿ ਨਾਭੇ ਦਾ ਹਾਕਮ ਏਲਾਨ ਕਰੇ ਕਿ ਜੈਤੋ ਵਿਚ ਸਿਰਫ ਨਾਭੇ ਰਿਆਸਤ ਦੇ ਵਸਨੀਕ ਹੀ ਆ ਜਾ ਸਕਦੇ ਹਨ। ਗਵਰਨਰ ਦੀ ਰਾਏ ਵਿਚ ਏਹੋ ਜਿਹਾ ਏਲਾਨ ਆਮ ਸਿੱਖਾਂ ਅਤੇ ਖਾਸ ਕਰ ਸਹਾਇਕ ਜਮਾਤਾਂ ਵਿਚ, ਧਰਮ ਵਿਚ ਮੁਦਾਖਲਤ ਸਮਝਿਆ ਜਾਏਗਾ ਅਤੇ ਇਹ ਅਗਲਾ ਜੱਥਾ ਰੋਕਣ ਦੀ ਥਾਂ ਉਸ ਦੀ ਹੌਸਲਾ ਵਧਾਈ ਕਰੇਗਾ।

ਇਸ ਲਈ ਮੁਕਾਮੀ ਸਰਕਾਰ ਨੂੰ ਛੇਤੀ ਤੋਂ ਛੇਤੀ ਦਸਿਆ ਜਾਏ ਕਿ ਹਿੰਦ ਸਰਕਾਰ ਨੇ ਇਸ ਜਥੇ ਦੇ ਨਿਪੱਟਣ ਲਈ ਕੀ ਫੈਸਲਾ ਕੀਤਾ ਹੈ। ਜੇ ਹਿੰਦ ਸਰਕਾਰ ਗਵਰਨਰ ਦੀਆਂ

Digitized by Panjab Digital Library | www.panjabdigilib.org

ਸਿਫਾਰਸ਼ਾਂ ਪਰਵਾਨ ਨਹੀਂ ਕਰਦੀ ਅਤੇ ਫੈਸਲਾ ਕਰਦੀ ਹੈ ਕਿ ਜਥੇ ਨਾਲ ਪੰਜਾਬ ਵਿਚ ਹੀ ਨਿਪਟਿਆ ਜਾਵੇ ਤਾਂ ਵਿਸ਼ਾਲ ਫੌਜੀ ਤਿਆਰੀਆਂ ਦੀ ਲੋੜ ਪਏਗੀ ।[1]

ਇਸ ਤੇ ਗੌਰਮਿੰਟ ਹਾਊਸ ਵਿਚ ਕਾਨਫਰੰਸ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਨਵੇਂ 500 ਦੇ ਜੱਥੇ ਵਿਚ ਕੋਈ ਦਖਲ ਨਾ ਦੇਵੇ ਅਤੇ ਉਸ ਨੂੰ ਜੈਤੋ ਨੂੰ ਜਾਣ ਦੇਵੇ । ਮਿਨਚਨ ਦੀ ਰਾਏ ਵਿਚ ਪੰਜਾਬ ਗੌਰਮਿੰਟ ਜੱਥੇ ਨਾਲ ਨਿਪਟਣ ਲਈ ਰਜ਼ਾਮੰਦ ਨਹੀਂ ਸੀ । ਇਸ ਲਈ ਇਸ ਦੇ ਖਿੰਡਾਣ ਦਾ ਜੈਤੋ ਵਿਚ ਹੀ ਬੰਦੋਬਸਤ ਹੋਣਾ ਚਾਹੀਦਾ ਹੈ । ਅਤੇ "ਮੈਨੂੰ ਡਰ ਲਗਦਾ ਹੈ ਕਿ ਜੋ ਕੁਛ 21 ਫਰਵਰੀ ਨੂੰ ਹੋਇਆ ਸੀ ਉਹੋ ਕੁਛ ਮੁੜ ਏਥੇ ਨਾ ਵਾਪਰਦਾ ਹੋਵੇ ।"[2]

ਅਤੇ ਵਾਈਸਰਾਏ ਨੇ ਆਪਣੇ ਦਸਖਤ ਹੇਠ ਹੁਕਮ ਭੇਜ ਦਿੱਤਾ : ਦੂਜੇ ਜੱਥੇ ਦੇ ਸੰਬੰਧ ਵਿਚ ਉਹੋ ਪਾਲਿਸੀ ਅਪਣਾਈ ਜਾਏ ਜਿਹੜੀ ਪਹਿਲੇ ਜੱਥੇ ਦੇ ਸੰਬੰਧ ਵਿਚ ਅਪਣਾਈ ਗਈ ਸੀ ।—ਰੈਡਿੰਗ, ਵਾਈਸਰਾਏ, ਸੋਮਵਾਰ 25 ਫਰਵਰੀ ।

ਰੈਡਿੰਗ ਨੂੰ ਹਿੰਦ ਗੌਰਮਿੰਟ ਦੇ ਸੈਕਟਰੀਆਂ ਨੇ ਇਸ ਵੇਲੇ ਤਕ ਬਹੁਤ ਬੜੀ ਹੱਦ ਤਕ ਥੱਲੇ ਲਾ ਲਿਆ ਹੋਇਆ ਸੀ । ਅਤੇ ਉਹ ਗੁਰਦੁਆਰੇ ਵਿਚ ਜਾਣ ਲਈ ਅਕਾਲੀਆਂ ਦੀ ਸੰਖਿਆ ਜਾਂ ਅਰਸੇ ਉਤੇ ਪਾਬੰਦੀ ਲਾਣਾ ਜ਼ਰੂਰੀ ਸਮਝਣ ਲੱਗ ਪਿਆ ਸੀ । ਹੁਣ ਇਸ ਕਾਨੂੰਨ ਸ਼ਾਸਤਰੀ ਦੀ ਨਜ਼ਰ ਵਿਚ ਇਹ ਪਾਬੰਦੀ ਧਰਮ ਵਿਚ ਮੁਦਾਖਲਤ ਨਹੀਂ ਸੀ ਰਹਿ ਗਈ । ਅਤੇ ਇਸ ਪਾਬੰਦੀ ਦਾ ਦੂਰ ਕਰਨਾ, ਉਸ ਦੀ ਰਾਏ ਵਿਚ, ਅਕਾਲੀਆਂ ਦੀ ਜਿੱਤ ਦਾ ਸਮਰਥਕ ਬਣ ਗਿਆ ਸੀ ।

ਕਮਿਸ਼ਨਰ ਜਲੰਧਰ ਡਿਵੀਯਨ ਨੇ ਆਪਣੇ ਡਿਵੀਯਨ ਦੇ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ : ਮੈਂ ਗੌਰਮਿੰਟ ਕੋਲੋਂ ਇਸ ਡਿਵੀਯਨ ਵਿਚੋਂ ਦੀ ਜੈਤੋ ਨੂੰ ਲੰਘਦੇ ਅਕਾਲੀ ਜਥਿਆਂ ਦੇ ਤੋੜਨ ਦੀ ਮੰਗ ਕੀਤੀ ਸੀ । ਹੁਕਮ ਇਹ ਹੈ ਕਿ ਜੱਥੇ ਨੂੰ ਬਗੈਰ ਕਿਸੇ ਰੁਕਾਵਟ ਦੇ ਜੈਤੋ ਜਾਣ ਦਿੱਤਾ ਜਾਵੇ । ਬਗਾਵਤੀ ਤਕਰੀਰਾਂ ਦੀ ਹਾਲਤ ਵਿਚ ਵਿਅਕਤੀਗਤ ਅਕਾਲੀਆਂ ਨੂੰ ਦਫਾ 107 ਥੱਲੇ ਫੜ ਲਿਆ ਜਾਵੇ ਅਤੇ ਜੇ ਤਕਰੀਰ ਬਾਹਲੀ ਹੀ ਮਾੜੀ ਹੋਵੇ ਤਾਂ 124 ਥੱਲੇ ਮੁਕੱਦਮਾ ਚਲਾਇਆ ਜਾਵੇ ।[3]

## 6. ਪੰਡਤ ਮਾਲਵੀਆ ਜੈਤੋ ਵਿਚ

ਦੂਜਾ ਸ਼ਹੀਦੀ ਜੱਥਾ 14 ਮਾਰਚ ਨੂੰ ਜੈਤੋ ਪਹੁੰਚਾ । ਪੰਡਤ ਮਾਲਵੀਆ ਨੇ ਗੌਰਮਿੰਟ ਪਾਸੋਂ ਮੌਕੇ ਤੇ ਜੈਤੋ ਜਾਣ ਤੇ ਪਹੁੰਚਣ ਦੀ ਆਗਿਆ ਲੈ ਲਈ ਹੋਈ ਸੀ । ਉਸ ਦੇ ਨਾਲ ਅਸੰਬਲੀ ਦੇ ਤਿੰਨ ਹੋਰ ਮਿੰਬਰਾਂ ਨੇ ਵੀ ਆਗਿਆ-ਪੱਤਰ ਹਾਸਲ ਕਰ ਲਿਆ ਹੋਇਆ ਸੀ । ਇਹ ਤਿੰਨ ਮਿੰਬਰ ਸਨ : ਸ਼ਿਰੀ ਦੇਵਕੀ ਪਰਸਾਦ ਸਿੰਘ, ਸ: ਗੁਲਾਬ ਸਿੰਘ ਅਤੇ ਸ: ਕਰਤਾਰ ਸਿੰਘ । ਇਹਨਾਂ ਮਿੰਬਰਾਂ ਨੇ ਅਸੰਬਲੀ ਵਿਚ ਅਕਾਲੀ ਤਹਿਰੀਕ ਲਈ, ਮਤੇ ਅਤੇ ਸਵਾਲ ਪੇਸ਼

---

[1] Punjab civil sectt. Lahore D/2 4.2.1924 to Crerar Home Dept.

[2] Punjab States Agency Lahore 24.2.24 to Thompson pol. secretary.

[3] From Commissioner Jull. Division to D. C.'s dated 23.3.24

Digitized by Panjab Digital Library | www.panjabdigilib.org

ਕਰਕੇ ਸ਼ਲਾਘਾ-ਯੋਗ ਕੰਮ ਕੀਤਾ ਸੀ। ਪਰ ਸਭ ਤੋਂ ਵੱਧ ਦਿਲਚਸਪੀ, ਸਮੁਚੀ ਗੁਰਦੁਆਰਾ ਲਹਿਰ ਵਿਚ, ਪੰਡਤ ਮਾਲਵੀਆ ਨੇ ਲਈ ਸੀ ਅਤੇ ਅਕਾਲੀ ਸੰਗਰਾਮ ਦੇ ਹਰ ਪੜਾਅ ਉਤੇ ਉਹ ਇਸ ਤਹਿਰੀਕ ਦੀ ਇਮਦਾਦ ਲਈ ਬਹੁੜਦਾ ਰਿਹਾ ਸੀ।

ਹੋਮ ਮਿੰਬਰ ਹੇਲੀ ਨੇ ਉਹਨਾਂ ਨੂੰ ਲਿਖਿਆ ਸੀ: ਤੁਹਾਡੇ ਓਥੇ ਜਾਣ ਵਿਚ ਕੋਈ ਇਤਰਾਜ਼ ਨਹੀਂ। ਤੁਸੀਂ ਓਥੇ ਜੱਥੇ ਦੇ ਆਉਣ ਤਕ ਅਤੇ ਪਿਛੋਂ ਐਡਮਨਿਸਟਰੇਟਰ ਦੀ ਆਗਿਆ ਲੈ ਕੇ ਕੁਛ ਵਕਤ ਹੋਰ ਰਹਿ ਸਕਦੇ ਹੋ। ਜੇ ਕੋਈ ਗੜਬੜ ਨਾ ਹੋਈ ਤਾਂ ਉਹ ਤੁਹਾਨੂੰ 15 ਦੀ ਸਵੇਰ ਨੂੰ ਚਲੇ ਜਾਣ ਲਈ ਆਖੇਗਾ।......ਜੈਤੋ ਵਿਚ ਪੁਜ਼ੀਸ਼ਨ ਏਹੋ ਜੇਹੀ ਨਹੀਂ ਜੇਹੋ ਜਿਹੀ ਬਰਿਟਿਸ਼ ਇੰਡੀਆ ਵਿਚ ਹੈ। ਤੁਹਾਨੂੰ ਨਾਭੇ ਦੇ ਰਾਜ ਪਰਬੰਧਕ ਦੇ ਹੁਕਮ ਥੱਲੇ ਰਹਿਣਾ ਪਏਗਾ। ਤੁਹਾਨੂੰ ਖਤਰੇ ਵਾਲੀ ਥਾਂ ਉਤੇ ਜਾਣ ਦੀ ਆਗਿਆ ਨਹੀਂ ਹੋਵੇਗੀ ਤਾਂ ਜੋ ਤੁਸੀਂ ਹਾਕਮਾਂ ਦੇ ਕੰਮ ਵਿਚ ਰੋਕ-ਰੁਕਾਵਟ ਨਾ ਪਾ ਸਕੋ।

ਰਾਜ-ਪਰਬੰਧਕ ਤੁਹਾਡੀ ਰਿਹਾਇਸ਼ ਦਾ ਪਰਬੰਧ ਨਹੀਂ ਕਰ ਸਕੇਗਾ—ਆਪਣਾ ਪਰਬੰਧ ਆਪ ਕਰ ਲੈਣਾ। ਪਰ ਪਿਛੋਂ ਘਰੇਲੂ ਮੰਤਰਾਲੇ ਨੇ ਆਪਣੀ ਰਾਏ ਬਦਲ ਲਈ ਅਤੇ ਰਾਜ-ਪਰਬੰਧਕ ਨੂੰ ਪਰਬੰਧ ਕਰਨ ਲਈ ਲਿਖ ਦਿੱਤਾ।[1]

ਐਡਮਨਿਸਟਰੇਟਰ ਨੇ ਕੋਈ 13 ਰਾਏ ਸਾਹਿਬ, ਖਾਨ ਸਾਹਿਬ, ਆਨਰੇਰੀ ਮੈਜਿਸਟਰੇਟ, ਸਬ ਰਜਿਸਟਰਾਰ, ਸਫੈਦ ਪੋਸ਼, ਸਰਦਾਰ ਸਾਹਿਬ ਵਗੈਰਾ, ਪਹਿਲੋਂ ਹੀ ਸੱਦੇ ਹੋਏ ਸਨ। ਉਹ ਜੱਥੇ ਕੋਲ ਗਏ ਅਤੇ ਉਹਨਾਂ ਨੂੰ ਪਰੇਰਨ ਲੱਗੇ ਕਿ ਸ਼ਰਤਾਂ ਮੰਨ ਲਓ, ਤੁਹਾਡੇ ਲਈ ਏਹੋ ਚੰਗੀ ਗੱਲ ਹੈ। ਪਰ ਮੁੱਖ ਜਥੇਦਾਰ ਨੇ ਜਵਾਬ ਦਿੱਤਾ ਕਿ ਗੁਰਦੁਆਰੇ ਗੰਗਸਰ ਜਾਣਾ ਅਤੇ ਪਾਠ ਕਰਨਾ ਸਾਡਾ ਧਾਰਮਕ ਹੱਕ ਹੈ। ਉਹ ਇਸ ਸੰਬੰਧੀ ਕਿਸੇ ਕਿਸਮ ਦੀਆਂ ਸ਼ਰਤਾਂ ਵੀ ਪਰਵਾਨ ਕਰਨ ਨੂੰ ਤਿਆਰ ਨਹੀਂ ਹਨ।

ਹੈਡ ਗਰੰਥੀ ਭਾਈ ਲਾਭ ਸਿੰਘ, ਕਮਜ਼ੋਰ ਪੈ ਕੇ, ਹਾਕਮਾਂ ਦੇ ਢਹੇ ਚੜ੍ਹ ਗਿਆ ਸੀ। ਉਸ ਨੇ ਦੂਜੇ ਸ਼ਹੀਦੀ ਜੱਥੇ ਨਾਲ ਵਿਚਾਰ ਸਾਂਝੇ ਕਰਨ ਦੇ ਯਤਨ ਕੀਤੇ। ਉਸ ਨੂੰ ਜਥੇ ਨੂੰ ਸੰਬੋਧਨ ਕਰਨ ਦੀ ਆਗਿਆ ਵੀ ਮਿਲ ਗਈ ਪਰ ਜਦੋਂ ਉਸ ਨੇ 21 ਫਰਵਰੀ ਦੇ ਗੋਲੀ ਕਾਂਡ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਉਸ ਨੂੰ ਜ਼ਬਾਨ ਬੰਦ ਕਰਨ ਦੇ ਆਵਾਜ਼ੇ ਕੱਸੇ ਗਏ। ਜੱਥੇ ਨੇ ਜੈਤੋ ਬਾਰੇ ਕੁਛ ਵੀ ਸੁਣਨ ਤੋਂ ਇਨਕਾਰ ਕਰ ਦਿੱਤਾ।[2] ਹਾਕਮਾਂ ਨੇ ਇਸ ਭਲੇਮਾਣਸ ਨੂੰ ਦੋ ਤਿੰਨ ਵਾਰ ਵਰਤਿਆ।

ਇਹ ਜੱਥਾ ਪੁਰ ਅਮਨ ਤਰੀਕੇ ਨਾਲ ਗਰਿਫਤਾਰ ਹੋ ਗਿਆ। ਇਕ ਤਾਂ ਜੱਥਾ ਬਿਲਕੁਲ ਪੁਰਅਮਨ ਅਤੇ ਸ਼ਾਂਤਮਈ ਅਸੂਲ ਉਤੇ ਕਾਰਬੰਦ ਸੀ। ਦੂਜੇ ਗੌਰਮਿੰਟ ਪਾਸ, ਇਸ ਵਾਰ, ਇਹ ਬਹਾਨਾ ਵੀ ਨਹੀਂ ਸੀ ਰਹਿ ਗਿਆ ਕਿ ਜਥੇ ਨਾਲ ਕੋਈ ਵਾਧੂ ਆਦਮੀ ਅੰਦਰ ਘੁਸ ਆਏ ਸਨ ਕਿਉਂਕਿ ਜਥੇ ਨੇ ਬਾਹਰੋਂ ਕੋਈ ਵੀ ਆਦਮੀ ਆਪਣੇ ਨਾਲ ਲੈ ਜਾਣ ਤੋਂ ਸਖਤੀ ਨਾਲ ਇਨਕਾਰ ਕਰ ਦਿੱਤਾ ਸੀ ਅਤੇ ਤੀਜੇ, ਸਭ ਤੋਂ ਮਹਤੱਵ ਪੂਰਣ ਕਾਰਣ ਇਹ ਸੀ ਕਿ ਪੰਡਤ

[1] Delhi—11 March 1924.

[2] D.O. no. Camp/54—Office of the Administrator. D/11.3.24 to Minchin.

Digitized by Panjab Digital Library | www.panjabdigilib.org

ਮਾਲਵੀਆ ਜੀ ਅਤੇ ਤਿੰਨ ਹੋਰ ਕੇਂਦਰੀ ਐਮ. ਐਲ. ਏ. ਜੋ ਕੁਛ ਵੀ ਉਸ ਵੇਲੇ ਜੈਤੋ ਵਿਚ ਵਾਪਰ ਰਿਹਾ ਸੀ, ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ ਅਤੇ ਮਾਲਵੀਆ ਜੀ ਦੀ ਜੈਤੋ ਕਾਂਡ ਵਾਲੀ ਅਸੰਬਲੀ ਤਕਰੀਰ ਦਾ ਅਸਰ ਕੰਮ ਕਰ ਰਿਹਾ ਸੀ।

## 7. ਤੀਜਾ ਸ਼ਹੀਦੀ ਜਥਾ

ਤੀਜਾ ਸ਼ਹੀਦੀ ਜਥਾ ਅਮਰਿਤਸਰ ਤੋਂ 22 ਮਾਰਚ ਨੂੰ ਤੁਰਿਆ ਅਤੇ ਪਿੰਡਾਂ ਵਿਚੋਂ ਦੀ ਮਾਰਚ ਕਰਦਾ, ਆਪਣੇ ਪ੍ਰੋਗ੍ਰਾਮ ਮੁਤਾਬਕ, 7 ਅਪਰੈਲ ਨੂੰ ਜੈਤੋ ਵਿਚ ਪਹੁੰਚਾ। ਪਿੰਡਾਂ ਵਿਚ ਇਸ ਦਾ ਹਰ ਥਾਂ ਬੜਾ ਸੁਆਗਤ ਕੀਤਾ ਗਿਆ। 27 ਅਪਰੈਲ ਦੀ ਸ਼ਾਮ ਨੂੰ ਜਥੇ ਦਾ ਕਿਆਮ ਸ਼ਹੀਦ ਭਾਈ ਬਲਵੰਤ ਸਿੰਘ ਦੇ ਪਿੰਡ ਖੁਰਦ ਪੁਰ (ਜਲੰਧਰ ਜ਼ਿਲਾ) ਵਿਚ ਸੀ। ਜਥੇ ਨਾਲ ਇਸ ਵੇਲੇ ਕੋਈ ਦੋ ਸੌ ਤੋਂ ਵੱਧ ਸਿੱਖਾਂ ਦੀ ਸੰਗਤ ਸੀ ਅਤੇ ਦਰਸ਼ਕਾਂ ਦੀ ਗਿਣਤੀ 5--6 ਹਜ਼ਾਰ ਤੋਂ ਵੱਧ ਸੀ ਹਰ ਥਾਂ ਲੰਗਰ ਤੇ ਜਲ-ਪਾਣੀ ਦਾ ਪਰਬੰਧ, ਬੜੇ ਵੱਡੇ ਪੈਮਾਨੇ ਤੇ, ਨਗਰ ਨਿਵਾਸੀਆਂ ਵਲੋਂ ਕੀਤਾ ਜਾਂਦਾ ਸੀ।

ਇਸ ਜਥੇ ਦੇ ਆਗੂ ਬੜੇ ਸਿਆਣੇ ਸਨ। ਉਹਨਾਂ ਨੇ ਖੰਡਤ ਪਾਠ ਦੇ ਮਸਲੇ ਦੇ ਹੱਲ ਕਰਨ ਲਈ ਕੁਛ ਤਜਵੀਜ਼ਾਂ ਪੇਸ਼ ਕਰ ਦਿੱਤੀਆਂ। ਤਜਵੀਜ਼ਾਂ ਇਹ ਸਨ :

(1) ਅਸੀਂ 101 ਅਖੰਡ ਪਾਠਾਂ ਦਾ ਭੋਗ ਪਾਉਣ ਲਈ 25 ਦਿਨਾਂ ਵਿਚ ਤਿਆਰ ਹਾਂ—ਇਕ ਵੇਲੇ 10 ਅਖੰਡ ਪਾਠ ਸ਼ੁਰੂ ਕਰ ਦਿਆਂਗੇ।

(2) ਪਾਠਾਂ ਦੇ ਖਤਮ ਹੋਣ ਤੇ ਅਸੀਂ ਨਾਭੇ ਦਾ ਇਲਾਕਾ ਛੱਡ ਜਾਣ ਦੀ ਜ਼ੁਮੇਂਵਾਰੀ ਲੈਂਦੇ ਹਾਂ।

(3) ਇਹ ਰਸਮ ਬਿਲਕੁਲ ਧਾਰਮਕ ਲੱਛਣ ਦੀ ਹੋਵੇਗੀ—ਕੋਈ ਰਾਜਸੀ ਤਕਰੀਰਾਂ ਨਹੀਂ ਕੀਤੀਆਂ ਜਾਣਗੀਆਂ।

(4) ਉਹ ਸ਼੍ਰੋਮਣੀ ਕਮੇਟੀ ਨਾਲ ਪਰਬੰਧ ਕਰ ਲੈਣਗੇ ਕਿ ਅਮਰਿਤਸਰ ਤੋਂ ਹੋਰ ਕੋਈ ਜਥੇ ਨਾ ਘੱਲੇ ਜਾਣ।

(5) ਜਿਹੜੇ ਰੋਜ਼ਾਨਾ ਜਥੇ ਜੈਤੋ ਵਿਚ ਆ ਰਹੇ ਹਨ ਉਹਨਾਂ ਨੂੰ ਗੁਰਦੁਆਰੇ ਦੇ ਅੰਦਰ ਜਾਣ ਦੀ ਆਗਿਆ ਦਿੱਤੀ ਜਾਏ।

(6) ਚੌਥਾ ਜਥਾ ਰਸਤੇ ਵਿਚ ਜੈਤੋ ਨੂੰ ਆ ਰਿਹਾ ਹੈ, ਉਸ ਨੂੰ ਵੀ ਸੰਗਤ ਵਿਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਜਾਏ ; ਅਤੇ

(7) ਗੁਰਦੁਆਰੇ ਅੰਦਰ ਆਉਣ ਜਾਣ ਦੀ ਖੁਲ੍ਹੀ ਇਜਾਜ਼ਤ ਹੋਵੇ।

ਇਹ ਸ਼ਰਤਾਂ ਜ਼ਬਾਨੀ ਸਨ। ਜਥੇ ਦੇ ਆਗੂ ਲਿਖਤੀ ਸ਼ਰਤਾਂ ਦੇਣ ਨੂੰ ਤਿਆਰ ਨਹੀਂ ਸਨ। ਕਿਉਂਕਿ ਉਹਨਾਂ ਲਈ ਇਹ ਮਾਮਲਾ ਧਰਮ ਦਾ ਸੀ।

ਜਥੇ ਦੇ ਮਿੰਬਰਾਂ ਨੇ ਇਹ ਵੀ ਆਖਿਆ ਸੀ ਕਿ ਸ. ਕਰਤਾਰ ਸਿੰਘ ਸ. ਗੁਲਾਬ ਸਿੰਘ ਸ. ਸੁਰਜਨ ਸਿੰਘ ਅਤੇ ਸ. ਬਾਘ ਸਿੰਘ ਸਰਗੋਧਾ ਨੂੰ ਸੱਦ ਲਓ। ਉਹ ਤੁਹਾਨੂੰ ਤੀਜੇ ਸ਼ਹੀਦੀ ਜਥੇ ਵਲੋਂ ਲਿਖ ਕੇ ਬਚਨ ਦੇ ਦੇਣਗੇ ਕਿ ਇਹ ਸ਼ਰਤਾਂ ਪੂਰੀਆਂ ਕੀਤੀਆਂ ਜਾਣਗੀਆਂ।[1]

[1] From the Administrator Nabha, 11th April, to Sec. Pol. Dept. Simla.

Digitized by Panjab Digital Library | www.panjabdigilib.org

ਵਿਲਸਨ ਨੇ ਜਥੇ ਦੀ ਇਹ ਸਾਰੀ ਗਲਬਾਤ ਸੁਣ ਲਈ, ਪਰ ਕੋਈ ਹੁੰਗਾਰਾ ਨਾ ਭਰਿਆ। ਉਸ ਨੇ ਇਹ ਤਜਵੀਜ਼ਾਂ ਲਿਖਕੇ ਉਤੇ ਹਿੰਦ ਸਰਕਾਰ ਨੂੰ ਘਲ ਦਿਤੀਆਂ। ਅਤੇ ਜਥੇ ਨਾਲ ਗਲਬਾਤ ਕਰਨ ਦੀ ਆਗਿਆ ਮੰਗੀ।

ਵਿਲਸਨ ਇਸ ਵੇਲੇ ਬੜਾ ਘਬਰਾਇਆ ਹੋਇਆ ਜਾਪਦਾ ਸੀ। ਉਸ ਦੇ ਖਿਆਲ ਵਿਚ ਗੌਰਮਿੰਟ ਦੀ ਉਸ ਵੇਲੇ ਦੀ ਕਾਰਵਾਈ ਮਸਲੇ ਦਾ ਕੋਈ ਹਲ ਨਹੀਂ ਸੀ ਕਰਦੀ। "ਅਸੀਂ ਛੇਤੀ ਛੇਤੀ ਉਸ ਪੜਾਅ ਤੇ ਪਹੁੰਚ ਰਹੇ ਹਾਂ ਜਦੋਂ ਕਿ ਅਸੀਂ ਹਰ ਪਾਸੇ ਤੋਂ ਵਡੇ ਵਡੇ ਜਥਿਆਂ ਦੇ ਪਹੁੰਚਣ ਦੀ ਉਮੇਦ ਕਰ ਸਕਾਂਗੇ। ਇਸ ਦਾ ਮੁਕਾਬਲਾ ਜਥਿਆਂ ਦੇ ਪਹੁੰਚਣ ਤੋਂ ਪਹਿਲੋਂ ਬਰਿ-ਟਿਸ਼ ਹਿੰਦ ਵਿਚ ਹੀ ਇਹਨਾ ਦੇ ਤੋੜਨ ਦੀ ਕਾਰਵਾਈ ਨਾਲ ਹੋ ਸਕਦਾ ਹੈ। ਜੇ ਇਸ ਸੰਕਟ ਨੂੰ ਪੈਦਾ ਹੋਣ ਤੋਂ ਪਹਿਲੋਂ ਰੋਕਣਾ ਜ਼ਰੂਰੀ ਸਮਝਿਆ ਜਾਵੇ ਤਾਂ ਮੈਂ ਤਜਵੀਜ਼ ਕਰਦਾ ਹਾਂ ਕਿ ਮੈਨੂੰ ਹੇਠਾਂ ਦਿਤੀਆਂ ਸ਼ਰਤਾਂ ਮੁਤਾਬਕ ਗਲਬਾਤ ਕਰਨ ਦਾ ਅਧਿਕਾਰ ਦਿੱਤਾ ਜਾਵੇ।

ਤੀਜੇ ਸ਼ਹੀਦੀ ਜਥੇ ਦੇ ਜਥੇਦਾਰ ਲਿਖਤੀ ਸ਼ਰਤ ਦੇਣ ਕਿ (1) ਰਸਮ ਨਿਰੋਲ ਧਾਰਮਕ ਹੋਵੇਗੀ। ਗੁਰਦੁਆਰੇ ਵਿਚ ਪ੍ਰੋਪੇਗੰਡੇ ਲਈ ਰਾਜਸੀ ਸਪੀਚ ਕੋਈ ਨਹੀਂ ਹੋਵੇਗੀ, (2) ਧਾਰਮਕ ਰਸਮ ਦੇ ਖ਼ਾਤਮੇ ਦੇ ਝੱਟ ਪੱਟ ਪਿੱਛੋਂ ਜਥਾ ਇਲਾਕਾ ਛਡਕੇ ਚਲਿਆ ਜਾਵੇਗਾ।"[1] ਵਿਲਸਨ ਦਾ ਖਿਆਲ ਸੀ ਕਿ ਜਥੇਦਾਰ ਇਸ ਸ਼ਰਤ ਉਤੇ ਦਸਖ਼ਤ ਕਰ ਦੇਣਗੇ ਅਤੇ ਵਕਤ ਦੀ ਪਾਬੰਦੀ ਬਾਰੇ ਉਹ ਉਤੇ ਲਿਖੇ ਚਹੁੰ ਸਰਦਾਰਾ ਪਾਸੋਂ ਲਿਖਤੀ ਗਾਰੰਟੀ ਲੈ ਲਵੇਗਾ ਕਿ 101 ਅਖੰਡ ਪਾਠ 15 ਦਿਨਾ ਦੇ ਅੰਦਰ ਅੰਦਰ ਮੁਕਾ ਦਿਤੇ ਜਾਣ।

ਉੱਤਲੀ ਚਿੱਠੀ ਤੋਂ ਦੋ ਨਤੀਜੇ ਬੜੇ ਆਰਾਮ ਨਾਲ ਕਢੇ ਜਾ ਸਕਦੇ ਹਨ। ਇਕ ਇਹ ਕਿ ਵਿਲਸਨ ਨੂੰ ਗੌਰਮਿੰਟ ਦੀ ਪਾਲਿਸੀ ਦੇ ਕਾਰਗਰ ਹੋਣ ਤੇ ਵਿਸ਼ਵਾਸ ਨਹੀਂ ਸੀ ਰਿਹਾ ਜਾਪਦਾ, ਦੂਜਾ ਇਹ ਕਿ ਜੈਤੋ ਵਿਚ ਅਕਾਲੀ ਜਥਿਆਂ ਦਾ ਹਰ ਪਾਸਿਓਂ ਆ ਵੜਨ ਦਾ ਹਊਆ ਉਸ ਨੂੰ ਬੇਆਰਾਮ ਕਰਨ ਲਗ ਪਿਆ ਸੀ। ਅਸਲ ਵਿਚ ਜਥਿਆਂ ਦੇ ਜੈਤੋ ਜਾਣ ਨਾਲ ਉਸ ਲਈ ਏਨੇ ਨਵੇਂ ਮਸਲੇ ਪੈਦਾ ਹੋ ਗਏ ਸਨ ਕਿ ਉਸ ਲਈ ਨਜਿਠਣੇ ਦੁਭੱਰ ਹੋ ਗਏ ਸਨ। ਹਿੰਦੁਸਤਾਨ ਦੀ ਹਕੂਮਤ ਦੀ ਪਿੱਠ ਤੇ ਤਾਕਤ ਹੁੰਦਿਆ ਹੋਇਆ ਵੀ ਉਸ ਨੂੰ ਸਰਕਾਰ ਦੀ ਖ਼ੁਦ ਪੈਦਾ ਕੀਤੀ ਹੋਈ ਜਿਲ੍ਹਣ ਵਿਚੋਂ ਨਿਕਲਣ ਦਾ ਰਾਹ ਨਹੀਂ ਸੀ ਲਭਦਾ।

ਇਸ ਖੁੰਖਾਰ ਐਡਮਨਿਸਟਰੇਟਰ ਨੂੰ ਇਸ ਨਿਰਾਸਤਾ ਦੀ ਹਾਲਤ ਵਿਚ ਸੁਟ ਦੇਣਾ ਅਕਾਲੀ ਜਥੇਬੰਦੀ ਦੀ ਇਕ-ਸੁਰਤਾ ਤੇ ਮਜ਼ਬੂਤੀ ਦੀ ਬੜੀ ਵਡੀ ਸ਼ਲਾਘਾ ਹੈ।

ਹਿੰਦ ਸਰਕਾਰ ਨੇ ਵਿਲਸਨ ਨੂੰ ਜਥੇ ਨਾਲ ਸਮਝੌਤੇ ਦੀ ਗਲਬਾਤ ਕਰਨ ਦਾ ਅਧਿਕਾਰ ਦੇਣੋਂ ਇਨਕਾਰ ਕਰ ਦਿਤਾ। ਉਸ ਨੇ ਲਿਖਿਆ ਕਿ ਜੇਹੋ ਜੇਹੀਆਂ ਰਿਆਇਤਾ ਦੇਣ ਦੀ ਤਜ਼ਵੀਜ਼ ਕੀਤੀ ਗਈ ਹੈ ਇਹ ਸਮੁਚੇ ਮਸਲੇ ਦੇ ਅਖੀਰੀ ਫੈਸਲੇ ਦੇ ਹਿੱਸੇ ਵਜੋਂ ਤਾਂ ਦਿਤੀਆਂ ਜਾ ਸਕ-ਦੀਆਂ ਹਨ—ਉਂਝ ਦੇਣਾ ਕਿਸੇ ਤਰ੍ਹਾਂ ਜਾਇਜ਼ ਨਹੀਂ। ਸਵਾਲ ਨਾਭੇ ਉਤੇ ਧਾਰਮਕ ਤੇ ਰਾਜਸੀ ਧਾਵੇ ਨੂੰ ਰੋਕਣ ਦਾ ਹੈ। ਇਸ ਸਮਝੌਤੇ ਨਾਲ ਉਹ ਰੋਕਿਆ ਨਹੀਂ ਜਾ ਸਕਦਾ।[2]

---

[1] From the Administrator Nabha, 11th April, to Sec. Pol. Dept. Simla.

[2] Telephone message to D. G. Mackenzie Sec. to A.G.G. 11-4-1924.

Digitized by Panjab Digital Library | www.panjabdigilib.org

ਅਤੇ ਪੰਜਾਬ ਗੌਰਮਿੰਟ ਦਾ ਇਸ ਸਮਝੌਤੇ ਦੀ ਤਜਵੀਜ਼ ਬਾਰੇ ਪੜਕਰਮ ਇਹ ਸੀ : ਇਹ ਗੌਰਮਿੰਟ ਤਜਵੀਜ਼-ਕੀਤੀ ਸਕੀਮ ਨਾਲ ਓਸੇ ਸੂਰਤ ਵਿਚ ਸਹਿਮਤ ਹੋਵੇਗੀ ਜੇ ਉਸ ਨੂੰ ਯਕੀਨ ਹੋ ਜਾਏ ਕਿ ਜਥਾ ਸਾਡੀਆਂ ਸ਼ਰਤਾ ਮੰਨ ਰਿਹਾ ਹੈ, ਅਸੀਂ ਉਸ ਦੀਆਂ ਸ਼ਰਤਾਂ ਨਹੀਂ ਮੰਨ ਰਹੇ ।

ਇਸ ਦੇ ਉਲਟ ਕੋਈ ਵੀ ਹੋਰ ਸਮਝੌਤਾ ਅਕਾਲੀਆਂ ਦੀ ਜਿੱਤ ਸਮਝੀ ਜਾਏਗੀ ।[1] ਦੋਹਾਂ ਸਰਕਾਰਾਂ ਦੇ ਪੈਂਤੜਿਆਂ ਵਿਚ ਵਿਰੋਧ ਸਾਫ ਨਜ਼ਰ ਆਉਂਦਾ ਹੈ ।

ਤੀਜੇ ਜਥੇ ਦੇ ਮਿੰਬਰਾਂ ਨੂੰ ਲਾਠੀਆਂ ਨਾਲ ਲੈਸ ਫੌਜ ਨੇ ਛੋਟੇ ਛੋਟੇ ਗਰੋਹਾਂ ਵਿਚ ਘੇਰ ਘੇਰ ਕੇ ਫੜਿਆ ਅਤੇ ਉਹਨਾਂ ਨੂੰ ਕਿਲੇ ਵਿਚ ਜਾ ਕੇ ਬੰਦ ਕਰ ਦਿਤਾ। ਇਹ ਫੜਾ-ਫੜਾਈ ਕੋਈ ਪੌਣੇ ਘੰਟੇ ਤਕ ਹੁੰਦੀ ਰਹੀ । ਜਦੋਂ ਕਿ ਏਕਾ ਏਕੀ ਸਭ ਦੀਆਂ ਅੱਖਾਂ ਇਕ ਫੌਜੀ ਗਰੁਪ ਤੇ ਗੱਡੀਆਂ ਗਈਆਂ ਜਿਹੜਾ ਕਿ ਇਕ ਅਕਾਲੀ ਨੂੰ ਘਸੀਟੀ ਲਈ ਆ ਰਿਹਾ ਸੀ। ਅਕਾਲੀ ਦੀ ਪਗੜੀ ਲੱਥੀ ਹੋਈ ਸੀ ਅਤੇ ਉਸ ਦੇ ਖਿਲਰੇ ਹੋਏ ਵਾਲ ਲਮਕ ਰਹੇ ਸਨ । ਇਹ ਫੌਜੀ ਟੋਲਾ ਉਸ ਨੂੰ ਲੋਹਾ-ਜੜੇ, ਖੁਰਦਰੇ ਫੌਜੀ ਬੂਟਾਂ ਨਾਲ ਠੁੱਡੇ ਮਾਰ ਰਿਹਾ ਸੀ ਅਤੇ ਉਹ ਬੜੇ ਸਬਰ ਨਾਲ ਬਾਰ ਬਾਰ "ਵਾਹਿਗੁਰੂ, ਵਾਹਿਗੁਰੂ" ਦਾ ਨਾਮ ਉਚਾਰ ਰਿਹਾ ਸੀ । ਓਸੇ ਹਾਲਤ ਵਿਚ ਉਸ ਦੀ ਫੋਟੋ ਲਈ ਗਈ । ਉਸ ਨੂੰ ਮਾਰਿਆ ਕਿਉਂ ਗਿਆ—ਇਸ ਦਾ ਪਤਾ ਨਹੀਂ ਲਗ ਸਕਿਆ ।[2]

ਇਸ ਤਰ੍ਹਾਂ ਇਕ ਪਾਸੇ ਸ਼ਹੀਦੀ ਜਥਿਆਂ ਦੇ ਜੈਤੋ ਜਾਣ ਦਾ ਸਿਲਸਿਲਾ ਜਾਰੀ ਸੀ, ਦੂਜੇ ਪਾਸੇ ਉਹਨਾਂ ਦੀਆਂ ਗਰਿਫਤਾਰੀਆਂ ਤੇ ਮਾਰਕੁਟਾਈਆਂ ਦੇ ਸਿਲਸਿਲੇ ਜਾਰੀ ਸਨ। ਗੌਰਮਿੰਟ ਅਕਾਲੀਆਂ ਨੂੰ ਹਫਾ-ਢਾਹ ਕੇ ਮੈਦਾਨੋਂ ਕਢਣਾ ਚਾਹੁੰਦੀ ਸੀ ਅਤੇ ਦਘਲ ਕਰਕੇ ਆਪਣੀਆਂ ਸ਼ਰਤਾਂ ਮਨਾਣਾ ਚਾਹੁੰਦੀ ਸੀ। ਅਕਾਲੀਆਂ ਨੂੰ ਆਪਣੇ ਲੋਕਾਂ ਤੇ ਉਹਨਾਂ ਦੀ ਇੱਕਤਾ ਤੇ ਵਿਸ਼ਵਾਸ ਸੀ ਕਿ ਜਿਵੇਂ ਉਹ ਪਹਿਲੇ ਮੋਰਚੇ ਮਾਰਦੇ ਰਹੇ ਹਨ, ਜੈਤੋ ਦਾ ਮੋਰਚਾ ਵੀ ਸ਼ਾਨ ਨਾਲ ਜਿੱਤਣਗੇ । 101 ਅਖੰਡ ਪਾਠ ਜ਼ਰੂਰ ਕਰਨਗੇ ਅਤੇ ਗੁਰਦੁਆਰਾ ਕਾਨੂੰਨ ਬਣਵਾਕੇ ਜੇਲ੍ਹਾਂ ਖਾਲੀ ਕਰਵਾਣਗੇ ।

## 8. ਮੋਰਚੇ ਕਾਰਣ ਪੈਦਾ ਹੋਏ ਮਸਲੇ

ਨਾਭਾ ਇਕ ਛੋਟੀ ਜਹੀ ਰਿਆਸਤ ਸੀ। ਇਸ ਦੇ ਕੁਲ 184 ਪਿੰਡ ਸਨ ਅਤੇ ਸਾਲਾਨਾ ਆਮਦਨ 17 ਲਖ ਰੁਪਏ ਸੀ। ਇਸ ਛੋਟੀ ਜਹੀ ਰਿਆਸਤ ਲਈ ਜੈਤੋ ਜੇਹੇ ਵੱਡੇ ਮੋਰਚੇ ਦਾ ਬੋਝ ਬਰਦਾਸ਼ਤ ਕਰਨਾ ਸੁਖਾਲੀ ਜਹੀ ਗੱਲ ਨਹੀਂ ਸੀ। ਪੰਜ ਪੰਜ ਸੌ ਦੇ ਦੋਂਹ ਤਿੰਨਾਂ ਜਥਿਆਂ ਪਿਛੋਂ ਹੀ ਇਸ ਦਾ ਦੀਵਾਲਾ ਨਿਕਲਣ ਦੇ ਹਾਲਾਤ ਪੈਦਾ ਹੋ ਗਏ ।

ਰਿਆਸਤ ਸਾਮ੍ਹਣੇ ਕਿੰਨੀਆਂ ਹੀ ਸਮੱਸਿਆਵਾਂ ਖੜੀਆਂ ਹੋ ਗਈਆਂ ਸਨ । ਇਹਨਾਂ ਗਰਿਫਤਾਰ ਹੋਏ ਜਥਿਆਂ ਲਈ ਜੇਲ੍ਹਾਂ ਚਾਹੀਦੀਆਂ ਸਨ, ਉਹਨਾਂ ਲਈ ਦਰੋਗਿਆਂ, ਵਾਰਡਰਾਂ ਦਾ ਅਮਲਾ ਫੈਲਾ, ਖਾਣ ਪੀਣ ਦਾ ਸਾਰਾ ਸਾਮਾਨ ਵਗੈਰਾ ਚਾਹੀਦੇ ਸਨ । 25-25 ਦੇ ਜਥੇ ਦੂਰ ਦੂਰ ਜਾ ਕੇ ਬਾਵਲ ਜਾਂ ਕਿਸੇ ਜੰਗਲ ਵਿਚ ਛੱਡ ਆਉਣ ਨਾਲ ਝੱਟ ਟਪਦਾ ਜਾਂਦਾ ਸੀ—

---

[1] From Chief Sec. Punjab—Lahore 12th April to the Pol. Secretary.

[2] Tribune, Lahore, 16th April 1924.

Digitized by Panjab Digital Library | www.panjabdigilib.org

ਭਾਵੇਂ ਉਹ ਧੱਕੇ ਖਾਂਦੇ, ਜਫਰ ਜਾਲਦੇ, ਮੁੜ ਵਾਪਸ ਆ ਕੇ ਗਰਿਫਤਾਰ ਹੋ ਜਾਂਦੇ ਸਨ। ਪਰ ਇਸ ਵਹੀਰ ਨੂੰ ਨਾਭੇ ਵਿਚ ਕਿਵੇਂ ਡਕਿਆ ਜਾ ਸਕੇਗਾ ?

ਓਧਰ ਰਿਆਸਤ ਵਿਚ ਪਲੇਗ ਪੈ ਚੁਕੀ ਸੀ । ਹਿੰਦ ਸਰਕਾਰ ਇਸ ਦਾ ਪੂਰਾ ਪੂਰਾ ਵਿਸਥਾਰ ਮੰਗਦੀ ਸੀ। ਕਹਿੰਦੀ ਸੀ : ਪਲੇਗ ਦੇ ਜੈਤੋ ਵਿਚ ਫੁਟਣ ਦੀ ਪੂਰੀ ਤਫਸੀਲ ਭੇਜੋ। ਕਿੰਨੇ ਕੇਸ ਹੋ ਚੁਕੇ ਹਨ ਅਤੇ ਕਿੰਨੀਆਂ ਮੌਤਾਂ ? ਇਸ ਵਿਸਥਾਰ ਤੋਂ ਬਿਨਾਂ ਜਥੇ ਨੂੰ ਸੁਚੇਤ ਵੀ ਕੀਤਾ ਗਿਆ ਤਾਂ ਇਸ ਦਾ ਕੋਈ ਅਸਰ ਹੋਣਾ ਸੰਭਵ ਨਹੀਂ । ਸਿਰਫ ਦੋ ਮੌਤਾਂ ਹੋਈਆਂ ਦੀ ਰਿਪੋਰਟ ਕੀਤੀ ਗਈ ਸੀ। ਮੈਡੀਕਲ ਅਫਸਰ ਦੀ ਰਾਏ ਵਿਚ ਮੌਤਾਂ ਦੀ ਗਿਣਤੀ ਛੁਪਾਈ ਜਾ ਰਹੀ ਸੀ ਅਤੇ ਉਸ ਨੇ ਕਹਿ ਦਿੱਤਾ ਸੀ ਕਿ ਅਗਲੇ ਜਥੇ ਨਾਲ ਨਿਪਟਣ ਲਈ ਪਿੰਡਾਂ ਦੇ ਲੋਕਾਂ ਨੂੰ ਇਕੱਠੇ ਨਾ ਕਰੋ—ਇਸ ਨਾਲ ਰਿਆਸਤ ਦੇ ਪਿੰਡਾਂ ਵਿਚ ਪਲੇਗ ਫੈਲ ਜਾਣ ਦਾ ਖਤਰਾ ਸੀ। ਅਤੇ ਉਹਨਾਂ ਦੇ ਮਿਲਣ-ਜੁਲਣ ਨਾਲ ਇਹ ਪਲੇਗ ਫੌਜੀ ਦਸਤਿਆਂ ਵਿਚ ਫੈਲ ਸਕਦੀ ਸੀ।

ਪੰਜਾਬ ਸਰਕਾਰ ਹੁਣ ਅਕਾਲੀਆਂ ਨੂੰ ਬਾਵਲ ਖੜਕੇ ਛੱਡਣ ਦੀ ਵੀ ਵਿਰੋਧਤਾ ਕਰਦੀ ਸੀ। ਕਿਉਂਕਿ ਇਸ ਨਾਲ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਭਰਤੀ ਕਰਨ ਵਿਚ ਤਾਕਤ ਪਹੁੰਚਦੀ ਸੀ। ਜੇਲ੍ਹਾਂ ਦਾ ਪਰਬੰਧ ਕਿਵੇਂ ਕੀਤਾ ਜਾਏ ? ਮਹਾਰਾਜਾ ਪਟਿਆਲਾ ਬਠਿੰਡਾ ਤੇ ਬਹਾਦਰਗੜ੍ਹ ਦੇ ਕਿਲ੍ਹਿਆਂ ਵਿਚ ਕੈਦੀ ਰੱਖਣ ਦੀ ਆਗਿਆ ਨਹੀਂ ਸੀ ਦੇ ਰਿਹਾ।

ਗੌਰਮਿੰਟ ਵਲੋਂ ਇਹ ਖਿਆਲ ਕੀਤਾ ਜਾਂਦਾ ਸੀ ਕਿ ਹਾੜੀ ਦੀ ਫਸਲ ਦੇ ਮੌਕੇ ਤੇ ਜਥਿਆਂ ਦੇ ਘਟ ਜਾਣ ਕਰਕੇ ਕੁਛ ਸਾਹ ਮਿਲੇਗਾ। ਪਰ ਇਹ ਖਿਆਲ ਵੀ ਗਲਤ ਨਿਕਲਿਆ। ਜ਼ਥੇ ਬਰਾਬਰ ਚਲੇ ਆ ਰਹੇ ਸਨ ਅਤੇ ਸ਼੍ਰੋਮਣੀ ਕਮੇਟੀ ਨੇ ਏਲਾਨ ਕੀਤਾ ਸੀ ਕਿ ਸਭ ਤੋਂ ਪਹਿਲੋਂ ਉਹਨਾਂ ਅਕਾਲੀਆਂ ਦੀਆਂ ਫਸਲਾਂ ਵੱਢੀਆਂ ਤੇ ਸਾਂਭੀਆਂ ਜਾਣ ਜਿਹੜੇ ਉਸ ਵੇਲੇ ਜੇਲ੍ਹਾਂ ਵਿਚ ਬੰਦ ਸਨ। ਇਹਨਾਂ ਅਕਾਲੀਆਂ ਨੂੰ ਫਸਲਾਂ ਦੀ ਪਰਵਾਹ ਨਹੀਂ, ਧਰਮ ਦੀ ਪਰਵਾਹ ਕੁਛ ਵਧੇਰੇ ਜਾਪਦੀ ਸੀ। ਇਸ ਵੇਲੇ ਐਜੀਟੇਸ਼ਨ ਸਗੋਂ ਪਹਿਲੋਂ ਨਾਲੋਂ ਵੀ ਕੁਛ ਵਧ ਗਈ ਜਾਪਦੀ ਸੀ।

## (ੳ) ਕੇਸਰੀ ਬਾਣੇ

ਇਕ ਹੋਰ ਮਸਲਾ ਸ਼ਹੀਦੀ (ਯਾਨੀ ਕੇਸਰੀ) ਬਾਣੇ ਦਾ ਸੀ । ਗੌਰਮਿੰਟ ਨੇ ਪਹਿਲੋਂ ਇਜਾਜ਼ਤ ਦੇ ਦਿੱਤੀ ਸੀ ਕਿ ਰਿਹਾ ਕੀਤੇ ਜਾਣ ਵਾਲੇ ਅਕਾਲੀਆਂ ਦੇ ਕੇਸਰੀ ਬਾਣੇ ਉਤਾਰ ਲਏ ਜਾਣ ਅਤੇ ਉਹਨਾਂ ਨੂੰ ਟਰੱਕਾਂ ਵਗੈਰਾ ਵਿਚ ਲਿਜਾ ਕੇ ਦੂਰ ਦੂਰ ਛੱਡ ਦਿੱਤਾ ਜਾਏ । ਰਾਜ-ਪਰਬੰਧਕ ਦਾ ਵਿਚਾਰ ਇਹ ਸੀ ਕਿ ਕੇਸਰੀ ਬਾਣਾ ਅਕਾਲੀਆਂ ਨੂੰ ਆਪਣੀ ਕਸਮ ਨਾਲ ਬੰਨ੍ਹੀ ਰੱਖਦਾ ਹੈ ਅਤੇ ਉਹਨਾਂ ਨੂੰ ਵਾਪਸ ਅਮਰਿਤਸਰ ਜਾਣ-ਮੁੜਨ ਨਹੀਂ ਦੇਂਦਾ । ਇਸ ਲਈ ਰਾਜ-ਪਰਬੰਧਕ ਵਿਲਸਨ ਆਪਣੇ ਵਲੋਂ ਤਜਰਬਾ ਕਰ ਰਿਹਾ ਸੀ ਕਿ ਜੇ ਤਾਂ ਸਿੱਟੇ ਚੰਗੇ ਨਿਕਲੇ ਤਾਂ ਇਹ ਸਿਸਟਮ ਜਾਰੀ ਰਖਿਆ ਜਾਏਗਾ, ਨਹੀਂ ਤਾਂ ਕੇਸਰੀ ਬਾਣਾ ਨਹੀਂ ਉਤਾਰਿਆ ਜਾਏਗਾ। ਅਤੇ ਉਸ ਨੇ ਹਿੰਦ ਸਰਕਾਰ ਤੋਂ ਇਸ ਬਾਰੇ ਆਗਿਆ ਮੰਗੀ ਸੀ।

ਵਾਈਸਰਾਏ ਨੇ ਉਸ ਦੀ 14 ਅਪਰੈਲ ਦੀ ਤਾਰ ਦਾ ਜਵਾਬ ਇਹ ਦਿੱਤਾ ਸੀ ਕਿ ਕੇਸਰੀ ਬਾਣਾ ਜ਼ਬਤ ਨਹੀਂ ਕੀਤਾ ਜਾਣਾ ਚਾਹੀਦਾ। ਕਿਉਂਕਿ ਗੌਰਮਿੰਟ ਦੀ ਰਾਏ ਵਿਚ ਇਸ ਦਾ ਓਨਾ ਫਾਇਦਾ ਨਹੀਂ ਹੋਣ ਲੱਗਾ ਜਿੰਨਾ ਨੁਕਸਾਨ। ਧਾਰਮਕ ਪਹਿਲੂ ਤੋਂ ਇਹ ਸੰਭਵ ਐਜੀਟੇਸ਼ਨ ਲਈ ਇਕ ਯਕੀਨੀ ਕਾਰਣ ਬਣ ਸਕਦਾ ਸੀ। ਇਸ ਨਾਲ ਥੋੜ੍ਹ-ਚਿਰਾ-ਫਾਇਦਾ ਇਹ ਹੋ ਸਕਦਾ ਸੀ ਕਿ ਛੱਡੇ ਹੋਏ ਅਕਾਲੀ ਛੇਤੀ ਨਾਲ ਮੁੜ ਜਥਿਆਂ ਵਿਚ ਸ਼ਾਮਲ ਨਾ ਹੋਣ । ਪਰ ਇਸ ਦਾ ਜਥੇ

Digitized by Panjab Digital Library | www.panjabdigilib.org

ਘੱਲਣ ਦੀ ਪਾਲਿਸੀ ਉਤੇ ਸਦੀਵੀ ਰੋਕਵਾਂ ਅਸਰ ਨਹੀਂ ਸੀ ਪੈ ਸਕਦਾ ਅਤੇ ਹੋ ਸਕਦਾ ਸੀ ਇਸ ਦਾ ਅਸਰ ਉਲਟਾ ਇਸ ਪਾਲਿਸੀ ਦਾ ਸਹਾਇਕ ਹੋਵੇ।

ਬਾਵਲ ਤੋਂ ਕੇਸਰੀ ਵਰਦੀ ਵਾਲੇ 60 ਅਕਾਲੀ ਛਡੇ ਗਏ ਸਨ। ਉਹ ਰਿਵਾੜੀ ਸਟੇਸ਼ਨ ਤੋਂ, ਕਾਂਗਰਸ ਕਮੇਟੀ ਰਿਵਾੜੀ ਕੋਲੋਂ ਡਿਓੜ੍ਹੇ ਦਰਜੇ ਦੀਆਂ ਟਿਕਟਾਂ ਹਾਸਲ ਕਰਨ ਪਿਛੋਂ ਚਾਰ ਵਜੇ ਦੀ ਗੱਡੀ ਵਿਚ ਚੜ੍ਹ ਕੇ ਮੁੜ ਜੈਤੋ ਪਹੁੰਚ ਗਏ। ਉਹ ਉਸੇ ਰਾਤ ਮੁੜ ਬਾਵਲ ਭੇਜ ਦਿੱਤੇ ਗਏ। ਕੁਛ ਹੋਰ ਜਥਿਆਂ ਦੇ ਛਡਣ ਪਿਛੋਂ ਰਾਜ-ਪਰਬੰਧਕ ਨੇ ਉਹਨਾਂ ਦਾ ਛਡਣਾ ਹੀ ਬੰਦ ਕਰ ਦਿਤਾ ਕਿਉਂਕਿ ਛੱਡੇ-ਹੋਏ 'ਸ਼ਹੀਦੀਏ' ਮੁੜ ਕਈ ਥਾਵਾਂ ਉਤੇ ਇਕੱਠੇ ਹੋ ਜਾਂਦੇ ਸਨ ਅਤੇ ਜੈਤੋ ਨੂੰ ਵਾਪਸ ਆ ਜਾਂਦੇ ਸਨ। ਹਾਕਮਾਂ ਦੀ ਮੁਸੀਬਤ ਇਹ ਸੀ ਕਿ ਅਕਾਲੀ ਭਾਵੇਂ ਕੇਸਰੀ ਬਾਣਾ ਲਾਹ ਕੇ ਛੱਡੇ ਜਾਣ ਜਾਂ ਬਾਣੇ ਸਮੇਤ ਛੱਡੇ ਜਾਣ ਉਹ ਮੁੜ-ਘਿੜਕੇ, ਖੱਜਲ ਖੁਆਰ ਹੋ ਕੇ ਜੈਤੋ ਪਹੁੰਚ ਜਾਂਦੇ ਸਨ। ਇਸ ਤੋਂ ਇਹ ਸਿੱਟਾ ਨਹੀਂ ਕਢ ਲੈਣਾ ਚਾਹੀਦਾ ਕਿ ਇਹਨਾਂ "ਸ਼ਹੀਦੀਆਂ" ਵਿਚ ਕੋਈ ਕਾਲੀਆਂ ਭੇਡਾਂ ਸਨ ਹੀ ਨਹੀਂ। ਏਡੀ ਵਡੀ ਤਹਿਰੀਕ ਵਿਚ ਗਿਣਤੀ ਦੇ ਕੁਛ ਅਕਾਲੀਆਂ ਦਾ ਦਿਲ ਛੱਡ ਕੇ ਚਮੜੀ ਬਚਾਣ ਲਈ ਭੱਜ ਨਿਕਲਨਾ ਕੋਈ ਅਚੰਭਾਕਾਰੀ ਗੱਲ ਨਹੀਂ ਸੀ।

ਛੱਡੇ-ਹੋਏ ਜਥਿਆਂ ਦੇ ਮੁੜ ਜੈਤੋ ਪਹੁੰਚ ਜਾਣ ਵਿਚ ਕਾਂਗਰਸ ਕਮੇਟੀਆਂ ਤੇ ਵਿਅਕਤੀ ਗਤ ਕਾਂਗਰਸੀਆਂ ਨੇ ਬੜੀ ਸਹਾਇਤਾ ਕੀਤੀ। ਉਹਨਾਂ ਨੇ ਭੁਖੇ ਫਿਰਦੇ ਜਥਿਆਂ ਨੂੰ ਖਾਣਾ ਖੁਆਇਆ, ਉਹਨਾਂ ਨੂੰ ਹੌਸਲਾ ਦਿਤਾ ਅਤੇ ਉਹਨਾਂ ਦੀ ਕੁਰਬਾਨੀ ਦੀ ਸ਼ਲਾਘਾ ਕੀਤੀ। ਇਸ ਸੰਗਰਾਮ ਦਾ ਰੂਪ ਭਾਵੇਂ ਧਾਰਮਕ ਸੀ ਪਰ ਆਮ ਕੌਮ ਪਰਸਤਾਂ ਲਈ ਇਹ ਲੜਾਈ ਕੌਮੀ ਤੇ ਸਾਮਰਾਜ ਵਿਰੋਧੀ ਸੀ ਅਤੇ ਬਰਿਟਿਸ਼ ਸਾਮਰਾਜ ਸਾਰੇ ਹਿੰਦੁਸਤਾਨੀਆਂ ਦਾ ਸਾਂਝਾ ਦੁਸ਼ਮਣ ਸੀ।

## (ਅ) ਫੌਜੀਆਂ ਉਤੇ ਅਸਰ

ਗੌਰਮਿੰਟ ਲਈ ਸਭ ਤੋਂ ਵੱਧ ਖ਼ਤਰਨਾਕ ਤੇ ਹੱਥਾਂ ਪੈਰਾਂ ਦੀ ਪਾਉਣ ਵਾਲੀ ਸਮੱਸਿਆ ਇਹ ਸੀ ਕਿ ਫੌਜੀਆਂ ਵਿਚ ਅਕਾਲੀਆਂ ਦੀ ਕੁਰਬਾਨੀ, ਧਾਰਮਕ ਜਜ਼ਬੇ ਅਤੇ ਲਗਨ ਦੀ 'ਜਾਗ' ਲਗਣੀ ਸ਼ੁਰੂ ਹੋ ਗਈ ਸੀ। ਅਕਾਲੀਆਂ ਦੀ ਰਹਿਣੀ ਬਹਿਣੀ, ਬਾਣੀਆਂ ਦੇ ਪਾਠ ਵਗੈਰਾ ਦਾ ਅਸਰ ਇਹ ਹੋਇਆ ਕਿ ਸਿੱਖ ਫੌਜੀਆਂ ਵਿਚ ਸਿੱਖੀ ਰਹਿਤ-ਬਹਿਤ ਉਭਰ ਕੇ ਨਜ਼ਰ ਆਉਣ ਲਗ ਪਈ। ਕੈਂਪ ਦੇ ਆਲੇ ਦੁਆਲੇ ਘੁੰਮਦੇ ਫੌਜੀਆਂ ਨੇ ਹੱਥਾਂ ਵਿਚ ਗੁੱਟਕੇ ਫੜਕੇ ਪਾਠ ਕਰਨੇ ਸ਼ੁਰੂ ਕਰ ਦਿਤੇ ਅਤੇ ਇਕ ਇਕ ਦੋ ਦੋ ਉਹਨਾਂ ਨਾਲ ਫਿਰ ਕੇ ਪਾਠ ਸੁਣਨ ਲਗ ਪਏ। ਪਟਿ-ਆਲੇ ਦੇ ਪੈਦਲ ਫੌਜੀ ਦਸਤੇ ਨੇ ਇਕ ਜਥੇ ਨੂੰ ਜਿਹੜਾ ਬਾਵਲ ਲੈ ਜਾਣ ਵਾਲੀ ਗੱਡੀ ਵਿਚ ਚੜ੍ਹਨ ਦੇ ਰਾਹ ਵਿਚ ਮੁਸ਼ਕਲਾਂ ਪੈਦਾ ਕਰ ਰਿਹਾ ਸੀ—ਗੱਡੀ ਵਿਚ ਚੜ੍ਹਾਨ ਲਈ ਮਦਦ ਦੇਣੋਂ ਇਨਕਾਰ ਕਰ ਦਿਤਾ। ਉਹ ਫੌਜੀ—ਜਦੋਂ ਵੀ ਕੋਈ ਜਥਾ ਗੱਡੀ ਰਾਹੀਂ ਬਾਹਰ ਘਲਿਆ ਜਾਂਦਾ ਹੈ—ਉਹਨਾਂ ਦੇ ਜੈਕਾਰੇ ਜਾਂ ਸਤ ਸਿਰੀ ਅਕਾਲ ਦੇ ਜਵਾਬ ਵਿਚ ਸਤਕਾਰ ਨਾਲ ਜੁੜੇ ਹੋਏ ਹੱਥ ਉਤਾਂਹ ਚੁਕ ਲੈਂਦੇ ਸਨ! ਦੂਜੇ ਸ਼ਹੀਦੀ ਜਥੇ—ਜੈਤੋ ਤੋਂ ਫੌਜੀ ਕੈਂਪ ਦੇ ਲਾਗਿਉਂ ਦੀ ਬਾਹਰ ਭੇਜੇ ਜਾਣ ਵੇਲੇ—ਇਹ ਫੌਜੀ ਜੁੱਤੀਆਂ ਲਾਹ ਕੇ ਖਲੋ ਗਏ ਅਤੇ ਉਹਨਾਂ ਦੇ ਲੰਘਣ ਵੇਲੇ ਇਹਨਾਂ ਨੇ ਸਤਕਾਰ ਵਜੋਂ ਸਿਰ ਝੁਕਾ ਦਿੱਤੇ। ਇਹ ਸੂਚਨਾ, ਦੋ ਦਿਨ ਹੋਏ, ਨਥੂ ਰਾਮ ਨੂੰ ਕਰਨੈਲ ਬਚਨ ਸਿੰਘ ਨੇ ਦਿੱਤੀ ਸੀ। ਇਹ ਸਾਰੇ ਤੱਥ ਉਸ ਆਮ ਅਹਿਸਾਸ ਦਾ ਹੀ ਸੰਕੇਤ ਦੇਂਦੇ ਸਨ ਜਿਹੜਾ ਕਿ ਬੜੀ

Digitized by Panjab Digital Library | www.panjabdigilib.org

ਇਹਤਿਆਤ ਨਾਲ ਛੁਪਾਇਆ ਗਿਆ ਸੀ ਅਤੇ ਜਿਸ ਦਾ ਮਲੂਮ ਕਰਨਾ ਬੇ-ਹੱਦ ਮੁਸ਼ਕਲ ਸੀ।[1]

ਏਹੋ ਜੇਹੀਆਂ ਹੋਰ ਵੀ ਰਿਪੋਰਟਾਂ ਸਨ ਜਿਹੜੀਆਂ ਤਸਦੀਕ ਕਰਦੀਆਂ ਸਨ ਕਿ ਸਿੱਖ ਫੌਜੀਆਂ ਵਿਚ "ਧਾਰਮਕ ਹਵਾ" ਦੀਆਂ ਜ਼ਾਹਰਾ ਨਿਸ਼ਾਨੀਆਂ ਪੈਦਾ ਹੋ ਗਈਆਂ ਸਨ—ਖਾਸ ਕਰ ਉਸ ਵੇਲੇ ਜਦੋਂ ਉਹ ਡਿਊਟੀ ਦੇ ਕੇ ਵਿਹਲੇ ਹੋਣ। ਦੋ'ਹ ਦੋ'ਹ ਤਿੰਨਾਂ ਤਿੰਨਾਂ ਦੇ ਗਰੁਪ ਗੁਟਕੇ ਕੱਢ ਲੈਂਦੇ ਸਨ ਅਤੇ ਪਹਿਲੋਂ ਨਾਲੋਂ ਵਧੇਰੇ ਮਨ ਲਾ ਕੇ ਪਾਠ ਕਰਨ ਲਗ ਪੈਂਦੇ ਸਨ। ਇਹ ਗੱਲ ਕੈਪਟਨ ਸਾਹਿਬ, ਲਾਲਾ ਨਥੂ ਰਾਮ ਅਤੇ ਮੈਂ ਖੁਦ ਵੇਖੀ।

ਏਹੋ ਹੀ ਨਹੀਂ। ਉਹਨਾਂ ਦਾ ਇਹ ਵੀ ਖਿਆਲ ਸੀ ਕਿ ਅਕਾਲੀ ਜਥਿਆਂ ਦੀ, ਰਿਆਸਤ ਨਾਭਾ ਵਿਚ, ਨਜ਼ਰ-ਬੰਦੀ ਮਾੜੀ ਸਲਾਹ ਤੇ ਅਧਾਰਤ ਸੀ।—ਖਾਸ ਕਰ ਨਾਭੇ ਦੇ ਨੇੜੇ ਤੇੜੇ। "ਇਹ ਗੱਲ ਕਰ ਕੇ ਅਸੀਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਕੰਮ ਕਰ ਰਹੇ ਹਾਂ। ਜਿਸ ਦੇ ਸਫਲ ਹੋਣ ਦੀ ਸ਼੍ਰੋਮਣੀ ਕਮੇਟੀ ਨੂੰ ਕੋਈ ਆਸ ਨਹੀਂ ਸੀ। ਅਰਥਾਤ, ਖੁਦ ਨਾਭਾ ਰਿਆਸਤ ਵਿਚ ਇਕ ਜਾਂ ਦੋ ਹਜ਼ਾਰ ਦਾ ਜਥਾ ਜਥੇਬੰਦ ਕਰਨਾ। ਇਹ ਦਲੀਲ ਦੇਣੀ ਲਾਂਭੇ ਦੀ ਗੱਲ ਹੈ ਕਿ ਉਹ ਅਹਿੰਸਾਵਾਦੀ ਹਨ।"[2]

ਇਹਨਾਂ ਵਿਚਾਰਾਂ ਨਾਲ ਸਾਰੇ ਅਫਸਰ ਸਹਿਮਤ ਸਨ।

ਇਸ ਤਰ੍ਹਾਂ ਨਾਭੇ ਦੇ ਹਾਕਮਾਂ ਨੂੰ ਖਤਰਾ ਨਜ਼ਰ ਆਉਂਦਾ ਸੀ ਅਤੇ ਉਹਨਾਂ ਨੂੰ ਇਹ ਚਿੰਤਾ ਵੀ ਖਾਈ ਜਾਂਦੀ ਸੀ ਕਿ ਕਿਤੇ ਫੌਜ ਹੀ ਹੁਕਮ-ਅਦੂਲੀ ਨਾ ਕਰਨ ਲੱਗ ਪਏ—ਕਿਤੇ ਜਥਾ ਹੀ ਵਲਗਣਾਂ ਦੀਆਂ ਕੰਡੇਦਾਰ ਤਾਰਾਂ ਤੋੜ ਕੇ ਨਾਭੇ ਤੇ ਹਮਲਾ ਨਾ ਕਰ ਦੇਂਦਾ ਹੋਵੇ—ਕਿਤੇ......

---

[1] Memorandum on task of L. Nathu Ram.

[2] From Acting Administrator Gregson Camp, Jaito D/ 17.4.24 to Pol. Secretary Thompson—Delhi.

Digitized by Panjab Digital Library | www.panjabdigilib.org

# ਨਵਾਂ ਗਵਰਨਰ—ਨਵੀਂ ਪਾਲਿਸੀ

## 1. ਹੇਲੀ ਦੀਆਂ ਚਾਲਬਾਜ਼ੀਆਂ

ਪੰਜਾਬ ਦਾ ਗਵਰਨਰ ਐਡਵਰਡ ਮੈਕਲੈਗਨ ਗੁਰਦੁਆਰਾ ਤਹਿਰੀਕ ਦਾ ਉਲਝਿਆ ਹੋਇਆ ਮਸਲਾ ਵਿਚੇ ਹੀ ਛੱਡ ਕੇ ਏਥੋਂ ਚਲਿਆ ਗਿਆ । 31 ਮਈ 1924 ਨੂੰ ਉਸ ਨੇ ਨਵੇਂ ਗਵਰਨਰ ਮੈਲਕਮ ਹੇਲੀ ਨੂੰ, ਬੰਬਈ ਵਿਚ, ਗਵਰਨਰੀ ਦਾ ਚਾਰਜ ਦੇ ਦਿਤਾ ਅਤੇ ਆਪ ਇੰਗਲੈਂਡ ਨੂੰ ਜਹਾਜ਼ੇ ਚੜ੍ਹ ਗਿਆ । ਉਹਦੀ ਬੜੀ ਖਾਹਸ਼ ਸੀ ਕਿ ਗੁਰਦੁਆਰਿਆਂ ਦਾ ਮਸਲਾ ਹਲ ਕਰਕੇ ਜਾਏ ਪਰ ਕੇਂਦਰੀ ਸਰਕਾਰ ਦੀ ਸਕਤਰੇਤ ਨੇ ਉਹਦੀ ਕੋਈ ਪੇਸ਼ ਨਾ ਜਾਣ ਦਿਤੀ। ਉਹਦੇ ਲਈ ਕੈਦੀ ਛਡਣ ਤੋਂ ਪਹਿਲੋਂ, ਵਡਾ ਮਸਲਾ ਜੈਤੋ ਨੂੰ ਜਥੇ ਜਾਣੋਂ ਰੋਕਣਾ ਅਤੇ ਇਸ ਬਾਰੇ ਸ਼੍ਰੋਮਣੀ ਕਮੇਟੀ ਤੋਂ ਬਚਨ ਲੈਣਾ ਸੀ, ਜਦੋਂ ਕਿ ਵਾਈਸਰਾਏ ਲਈ ਹੋਰ ਸਭ ਸਵਾਲਾਂ ਤੋਂ ਅਹਿਮ ਸਵਾਲ ਨਾਭੇ ਦੀ ਐਜੀਟੇਸ਼ਨ ਬੰਦ ਕਰਨਾ ਸੀ । ਹਿੰਦ ਸਰਕਾਰ ਨੇ ਪੰਜਾਬ ਸਰਕਾਰ ਦੀ ਕੋਈ ਗੱਲ ਨਾ ਚੱਲਣ ਦਿੱਤੀ—ਜਨਰਲ ਬਰਡਵੁਡ ਨੂੰ ਵੀ, ਵਕਤ ਗੁਆ ਕੇ, ਸਮਝੌਤੇ ਦੀ ਗੱਲ-ਬਾਤ ਵਿਚੇ ਹੀ ਛੱਡ ਕੇ ਜਾਣਾ ਪਿਆ ।

ਮੈਲਕਮ ਹੇਲੀ ਨੂੰ ਸਾਡੇ ਪਾਠਕ ਪਿੱਛੇ ਕੁਛ ਜਾਣ ਚੁਕੇ ਹਨ, ਅਗੇ ਇਸ ਬਾਰੇ ਢੇਰ ਕੁਛ ਜਾਨਣਗੇ । ਲੰਡਨ ਵਿਚ ਛੁੱਟੀ ਵੇਲੇ ਇਸ ਨੇ ਵੀ ਸੈਕਟਰੀ ਆਫ ਸਟੇਟ ਨੂੰ ਪਰਭਾਵਤ ਕਰ ਕੇ, ਹੋ-ਰਹੇ ਸਮਝੌਤੇ ਵਿਚ ਲੱਤ ਅੜਾਈ ਸੀ । ਕੇਂਦਰ ਵਿਚ ਹੋਮ ਮਿੰਬਰ ਹੁੰਦਿਆਂ ਹੋਇਆਂ ਇਸ ਦਾ ਰਵੱਈਆ ਗੁਰਦੁਆਰਾ ਤਹਿਰੀਕ ਦੇ ਵਿਰੁੱਧ ਸੀ। ਇਹ 'ਨੌਕਰਸ਼ਾਹ' ਅਮਨ ਕਾਨੂੰਨ ਤੇ ਵਿਅਕਤੀਗਤ ਜਾਇਦਾਦ ਦੀ ਰਖਿਆ ਦੇ ਝੰਡੇ ਬਰਦਾਰਾਂ ਵਿਚੋਂ ਇਕ ਵੱਡਾ ਝੰਡੇ ਬਰਦਾਰ ਸੀ। ਅਤੇ ਕਾਨੂੰਨ ਦੇ ਤੋੜਨ ਵਾਲਿਆਂ ਅਤੇ ਨਿੱਜੀ ਜਾਇਦਾਦ ਉਤੇ ਹਮਲਾ ਕਰਨ ਵਾਲਿਆਂ ਨੂੰ ਰਾਜ ਸਰਕਾਰ ਦਾ ਹਰ ਹਰਬਾ ਵਰਤ ਕੇ ਕੁਚਲ ਦੇਣ ਦਾ ਹਾਮੀ ਸੀ ।

ਏਹੋ ਕਾਰਣ ਸੀ ਕਿ ਗੁਰਦੁਆਰਿਆਂ ਦੀ ਆਜ਼ਾਦੀ ਦੇ ਹਾਮੀ ਸਿੱਖ ਅਖਬਾਰਾਂ ਨੇ, ਇਸ ਦੇ ਆਉਣ ਤੋਂ ਕੁਛ ਚਿਰ ਪਹਿਲੋਂ ਹੀ, ਭਵਿਖ ਬਾਣੀ ਕਰਨੀ ਸ਼ੁਰੂ ਕਰ ਦਿੱਤੀ ਸੀ ਕਿ ਮੈਲਕਮ ਹੇਲੀ ਦਾ ਅਹਿਦ ਵਧੇਰੇ ਤਸ਼ੱਦਦ ਤੇ ਜ਼ੁਲਮ ਦਾ ਅਹਿਦ ਹੋਵੇਗਾ, ਇਸ ਲਈ ਸਿੱਖਾਂ ਨੂੰ ਇਸ ਵੇਲੇ ਵਧੇਰੇ ਏਕੇ,' ਜਥੇਬੰਦੀ ਤੇ ਕੁਰਬਾਨੀ ਲਈ ਤਿਆਰ ਹੋਣਾ ਚਾਹੀਦਾ ਹੈ । ਸੰਗਠਨ ਤੇ ਇਕ-ਮੁੱਠਤਾ ਤੋਂ ਬਗੈਰ ਉਸ ਦੀ ਪਾਲਿਸੀ ਨੂੰ ਸ਼ਿਕੱਸਤ ਨਹੀਂ ਦਿੱਤੀ ਜਾ ਸਕੇਗੀ । ਇਸ ਲਈ ਹੇਲੀ ਦੇ ਨਵੇਂ ਹਮਲੇ ਦਾ ਮੁਕਾਬਲਾ ਕਰਨ ਲਈ ਸਿੱਖ ਜਾਤੀ ਨੂੰ ਕਮਰਾਂ ਬੰਨ੍ਹ ਲੈਣੀਆਂ ਚਾਹੀਦੀਆਂ ਹਨ । ਜਾਗੀ ਹੋਈ ਸਿੱਖ ਜਾਤੀ ਗੁਰਦੁਆਰੇ ਆਜ਼ਾਦ ਕਰਾ ਕੇ ਹੀ ਆਪਣੇ ਕਮਰ-ਕੱਸੇ ਖੋਲ੍ਹੇਗੀ, ਵਗੈਰਾ ।

ਗਵਰਨਰ ਬਣਨ ਪਿੱਛੋਂ ਹੇਲੀ ਨੇ ਹਿੰਦ ਸਰਕਾਰ ਨੂੰ ਕੁਛ ਮੁੱਖ ਸਵਾਲਾਂ ਬਾਰੇ ਲਿਖਿਆ ਸੀ । ਕੀ ਇਹ ਉਚਿਤ ਹੋਵੇਗਾ ਕਿ ਗੱਲਬਾਤ ਮੁੜ ਤੋਂ ਸ਼ੁਰੂ ਕੀਤੀ ਜਾਵੇ ਜਾਂ ਇਹ ਉਚਿਤ ਹੋਵੇਗਾ ਕਿ ਕਿਸੇ ਨਾ ਕਿਸੇ ਸ਼ਕਲ ਵਿਚ ਦਬਾ ਕੇ ਦਬਾਅ ਪਾਇਆ ਜਾਵੇ ? ਮਿਸਾਲ ਵਜੋਂ, ਜਿਵੇਂ ਕਿ ਸਾਡੇ (ਬਰਿਟਿਸ਼) ਇਲਾਕੇ ਵਿਚੋਂ ਦੀ ਲੰਘਦੇ ਅਕਾਲੀਆਂ ਦੀਆਂ ਗਰਿਫਤਾਰੀਆਂ ।

Digitized by Panjab Digital Library | www.panjabdigilib.org

ਤੁਹਾਨੂੰ ਯਾਦ ਹੋਵੇਗਾ ਕਿ ਆਮ ਖਿਆਲ ਇਹ ਸੀ ਕਿ ਇਸ ਵੇਲੇ ਨਵੇਂ ਸਿਰਿਉਂ ਗੱਲਬਾਤ ਕਰਨ ਦਾ ਕੋਈ ਫਾਇਦਾ ਨਹੀਂ। ਚੁਪ-ਚੁਪੀਤਾ ਏਹੋ ਜੇਹਾ ਦਬਾਅ ਕਾਇਮ ਤੇ ਜਾਰੀ ਰਖਣਾ ਚਾਹੀਦਾ ਹੈ ਜਿਹੜਾ ਏਹੋ ਜਿਹੀਆਂ ਘਟਨਾਵਾਂ ਨਾ ਹੋਣ ਦੇਵੇ ਜਿਹੜੀਆਂ ਕਿ ਅੱਤ-ਵਾਦੀਆਂ ਦੇ ਹੱਥਾਂ ਵਿਚ ਪਿੰਡਾਂ ਦੇ ਜੋਸ਼ ਨੂੰ ਉਭਾਰਨ ਦੇ ਹਥਿਆਰ ਵਜੋਂ ਕੰਮ ਆਉਣ। ਅਤੇ ਨਾਲ ਹੀ ਨਰਮ ਤੇ ਪੁਰਾਤਨ-ਵਾਦੀ ਰਾਏ ਨੂੰ ਸੱਦਾ ਦੇਣ ਦਾ ਹਰ ਯਤਨ ਕੀਤਾ ਜਾਵੇ ਕਿ ਉਹ ਨਿਰੋਲ ਧਾਰਮਕ ਮੁਸ਼ਕਲ ਦੇ ਹਲ ਕਰਨ ਵਾਲੇ ਕਦਮਾਂ ਦੀ ਹਮਾਇਤ ਕਰਨ। ਅਸਾਂ ਆਪਣੇ ਵਲੋਂ ਚੁਪ-ਚੁਪੀਤਾ ਦਬਾਅ ਕਾਇਮ ਰਖਿਆ ਹੈ।[1]

ਇਹ ਸੀ ਪਾਲਿਸੀ ਜਿਸ ਤੇ, ਗਵਰਨਰ ਬਣਨ ਪਿਛੋਂ ਹੇਲੀ ਨੇ ਅਮਲ ਕਰਨਾ ਸ਼ੁਰੂ ਕੀਤਾ। ਇਸ ਪਾਲਿਸੀ ਦਾ ਇਕ ਅੰਗ ਇਹ ਸੀ ਕਿ ਗਰਿਫਤਾਰੀਆਂ ਜਾਰੀ ਰਖੋ ਪਰ ਕੋਈ ਐਸੀ ਘਟਨਾ ਨਾ ਵਾਪਰਨ ਦਿਓ ਜੀਹਦੇ ਨਾਲ ਗਰਮ-ਖਿਆਲੀਆਂ ਦੇ ਹੱਥ ਮਜ਼ਬੂਤ ਹੋਣ, ਅਤੇ ਉਹ ਆਮ ਪੇਂਡੂ ਲੋਕਾਂ ਨੂੰ ਧਰਮ ਦੇ ਨਾਮ ਤੇ ਗੌਰਮਿੰਟ ਦੇ ਖਿਲਾਫ ਜੋਸ਼ਿਆ-ਭੜਕਾ ਕੇ ਆਪਣੇ ਪਿੱਛੇ ਲਾਮ-ਬੰਦ ਕਰ ਸਕਣ; ਦੂਜਾ ਅੰਗ ਇਹ ਸੀ ਕਿ ਨਰਮ-ਖਿਆਲੀਆਂ ਤੇ ਪੁਰਾਤਨ ਵਾਦੀਆਂ—ਯਾਨੀ ਵਫਾਦਾਰਾਂ—ਨੂੰ ਹਲਾਸ਼ੇਰੀ ਤੇ ਮਦਦ ਦਿੱਤੀ ਜਾਏ ਕਿ ਉਹ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਉਤੇ ਕੇਂਦਰੀ ਸੰਸਥਾ ਬਣਾ ਕੇ ਜਥੇਬੰਦ ਹੋਣ ਅਤੇ ਗੁਰਦੁਆਰਾ ਬਿਲ ਦੀ ਮੰਗ ਕਰਨ। ਅਤੇ ਤੀਜੀ ਮੰਗ ਇਹ ਸੀ ਕਿ ਗਰਮ-ਖਿਆਲ ਅਖਬਾਰਾਂ ਤੇ ਪ੍ਰੈਸ ਦੇ ਖਿਲਾਫ ਕਾਨੂੰਨ ਨੂੰ ਹਰਕਤ ਦਿਤੀ ਜਾਏ ਤਾਂ ਜੁ ਗੌਰਮਿੰਟ ਸਹੀ ਖਬਰਾਂ ਦਾ ਗਲਾ ਘੁੱਟ ਸੱਕੇ ਤੇ ਆਪਣੇ ਪ੍ਰੋਪੇਗੰਡੇ ਦੇ ਸਾਧਨਾ ਰਾਹੀਂ ਲੋਕਾਂ ਨੂੰ, ਗਲਤ ਖਬਰਾਂ ਪਹੁੰਚਾ ਕੇ, ਗੁਮਰਾਹ ਕਰ ਸਕੇ ਅਤੇ ਆਪਣੇ ਲਈ ਹਮਾਇਤ ਹਾਸਲ ਕਰ ਸਕੇ।

ਹੇਲੀ ਨੂੰ—ਫੁਟ ਪਾਓ, ਪਾੜੋ ਅਤੇ ਰਾਜ ਕਰੋ—ਦੀ ਪਾਲਿਸੀ ਲਾਗੂ ਕਰਨ ਵਿਚ ਨਾ ਕੋਈ ਝਿਜਕ ਸੀ ਅਤੇ ਨਾ ਕੋਈ ਸ਼ਰਮ। ਉਸ ਨੇ ਸਾਫ ਲਿਖਿਆ: ਅਸੀਂ ਅਮਲੀ ਤੌਰ ਤੇ ਹਰ ਉਸ ਜ਼ਿਲੇ ਵਿਚ ਜਿਥੇ ਸਿੱਖ ਵੱਸਦੇ ਹਨ—ਅਕਾਲੀ ਵਿਰੋਧੀ ਜਥੇਬੰਦੀਆਂ ਕਾਇਮ ਕਰਨ ਵਿਚ ਸਫਲ ਹੋ ਗਏ ਹਾਂ ਅਤੇ ਇਹਨਾਂ ਜਥੇਬੰਦੀਆਂ ਨੇ ਸੂਬਕ ਜਥੇਬੰਦੀ ਕਾਇਮ ਕਰਨ ਲਈ ਪਹਿਲੋਂ ਹੀ ਆਪਣੇ ਆਪਣੇ ਨੁਮਾਇੰਦੇ ਅਮਰਿਤਸਰ ਭੇਜ ਦਿਤੇ ਹਨ।......ਇਹ ਜਥੇਬੰਦੀਆਂ ਜ਼ਿਮੀਂਦਾਰ, ਰਈਸਾਂ ਅਤੇ ਪਿਨਸ਼ਨ ਹਾਸਲ ਕਰ ਚੁੱਕੇ ਫੌਜੀਆਂ ਨੇ ਕਾਇਮ ਕੀਤੀਆਂ ਹਨ...... ਮੈਂ ਖੁਦ ਇਹ ਜ਼ਰੂਰੀ ਸਮਝਿਆ ਹੈ ਕਿ ਉਹਨਾਂ ਦੀ ਪਬਲਕ ਤੌਰ ਤੇ ਹੌਸਲਾ-ਵਧਾਈ ਕੀਤੀ ਜਾਵੇ। ਅਤੇ ਇਹ ਹੋ ਸਕਦਾ ਹੈ, ਕਿ ਇਹ ਕਰਦਿਆਂ ਮੈਨੂੰ ਖਾਲਸ ਅਕਾਲੀ ਸਿਆਸਤ ਦੇ ਖਿਲਾਫ ਇਕ ਪੱਕੀ ਲੀਹ ਤੇ ਚਲਣਾ ਪਿਆ ਹੋਵੇ। **ਪਰ ਪੰਜਾਬੀ ਉਹ ਆਦਮੀ ਨਹੀਂ ਹੈ ਜਿਹੜਾ ਉਸ ਲੀਡਰਸ਼ਿਪ ਪਿੱਛੇ ਚਲੇਗਾ ਜਿਹੜੀ ਖੁਦ ਝਿਜਕ ਜਾਂ ਸ਼ੱਕ ਵਿਚ ਫਸੀ ਹੋਈ ਨਜ਼ਰ ਆਉਂਦੀ ਹੋਵੇ।** ਮੈਂ ਇਸ ਗੱਲ ਤੇ ਕਾਇਲ ਹਾਂ ਕਿ ਜੇ ਅਸਾਂ ਸਿੱਖਾਂ ਵਿਚ ਅਕਾਲੀਆਂ ਦੀ ਵਿਰੋਧਤਾ ਨੂੰ ਅਸਰਦਾਰ ਬਣਾਣਾ ਹੈ ਤਾਂ ਸਾਨੂੰ ਆਪਣੀ ਪੁਜ਼ੀਸ਼ਨ ਤੇ ਇਰਾਦਿਆਂ ਬਾਰੇ ਆਪਣੇ ਦੋਸਤਾਂ ਤੇ ਦੁਸ਼ਮਣਾਂ ਦੋਹਾਂ ਨੂੰ ਕਿਸੇ ਗਲਤ ਫਹਿਮੀ ਵਿਚ ਨਹੀਂ ਰਹਿਣ ਦੇਣਾ ਚਾਹੀਦਾ।[2]

---

[1] M. Hailey's letter to A. Muddiman : Home Member 30th August 1924.

[2] ਉਪਰੋਕਤ ਹੀ

Digitized by Panjab Digital Library | www.panjabdigilib.org

ਹੇਲੀ ਨਿਸ਼ੰਗ ਹੋ ਕੇ ਸ਼੍ਰੋਮਣੀ ਕਮੇਟੀ ਦੇ ਖਿਲਾਫ ਸੁਧਾਰ ਕਮੇਟੀਆਂ ਕਾਇਮ ਕਰ ਰਿਹਾ ਸੀ। ਅਤੇ ਉਸ ਨੇ ਇਹਨਾਂ ਕਮੇਟੀਆਂ ਨੂੰ ਅਕਾਲੀ ਤਹਿਰੀਕ ਦੇ ਖਿਲਾਫ ਪਰਚਾਰ ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹਨਾਂ ਕਮੇਟੀਆਂ ਦੇ ਜਨਤਾ ਵਿਚ ਕੋਈ ਪੈਰ ਨਹੀਂ। ਇਹ ਓਨਾ ਚਿਰ ਹੀ ਵਰਤੀਆਂ ਜਾ ਸਕਣਗੀਆਂ ਜਿੰਨਾ ਚਿਰ ਹਾਕਮਾਂ ਦਾ ਇਹਨਾਂ ਦੇ ਸਿਰ ਤੇ ਹੱਥ ਰਹੇਗਾ। "ਅਸੀਂ ਆਪਣੇ ਹਮਾਇਤੀਆਂ ਤੋਂ ਇਹ ਆਸ ਨਹੀਂ ਰੱਖ ਸਕਦੇ ਕਿ ਉਹ ਕਿਸੇ ਲੰਮੇ ਅਰਸੇ ਤਕ ਸਰਗਰਮੀਆਂ ਜਾਰੀ ਰੱਖ ਸੱਕਣਗੇ। ਜੇ ਕੁਛ ਵੀ ਅਮਲੀ ਰੂਪ ਨਹੀਂ ਧਾਰਨ ਕਰਦਾ ਤਾਂ ਉਹ ਛੇਤ੍ਹੀ ਹੀ ਥੱਕ ਜਾਣਗੇ। ਇਸ ਲਈ ਜਦੋਂ ਜ਼ਿਲਾ ਕਮੇਟੀਆਂ ਬਣ ਗਈਆਂ ਅਤੇ ਅਖਬਾਰਾਂ ਵਿਚ ਇਹਨਾਂ ਦਾ ਖੂਬ ਪਰਚਾਰ ਕਰ ਲਿਆ ਤਦ ਸੂਬਕ ਜਥੇਬੰਦੀ ਕਾਇਮ ਕਰ ਦਿੱਤੀ ਜਾਵੇਗੀ ਅਤੇ ਇਹ ਗੁਰਦੁਆਰਾ ਬਿਲ ਦੀ ਰੂਪ-ਰੇਖਾ ਦਾ ਖਰੜਾ ਪੇਸ਼ ਕਰ ਦੇਵੇਗੀ।"

ਹੇਲੀ ਜਾਣਦਾ ਸੀ ਕਿ ਪੁਰਾਣੀਆਂ ਲੀਹਾਂ ਤੇ ਸਿਰਜਿਆ ਗੁਰਦੁਆਰਾ ਬਿਲ ਪਰਵਾਨ ਨਹੀਂ ਕੀਤਾ ਜਾਣ ਲਗਾ। ਇਸ ਵਿਚ ਕੁਛ ਨਵੀਆਂ ਰਿਆਇਤਾਂ ਦੇਣੀਆਂ ਪੈਣਗੀਆਂ। ਪਰ ਹਾਲੀਂ ਉਹ ਅੜਿਆ ਹੋਇਆ ਸੀ। "ਮੈਂ ਖੁਦ ਇਕ ਅਕਾਲੀ ਵਸੀਲੇ ਤੋਂ ਤਜਵੀਜ਼ਾਂ ਵੇਖੀਆਂ ਹਨ ਜਿਹੜੀਆਂ ਉਸ ਗੁਰਦੁਆਰਾ ਬਿਲ ਨਾਲੋਂ ਜਿਹੜਾ ਹਕੀਕੀ ਤੌਰ ਤੇ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਪਾਸ ਕੀਤਾ ਗਿਆ ਸੀ—ਬਹੁਤ ਵਧੇਰੇ ਸਾਨੂੰ ਸੂਤ ਬੈਠਣਗੀਆਂ। ਉਹਨਾਂ ਵਿਚ ਹਿਸਾਬ ਦਾ ਛਾਪਣਾ, ਖਰਚ ਦੇ ਨਿਸ਼ਾਨਿਆਂ ਦੀ ਤਾਅਰੀਫ ਅਤੇ ਧਰਮ-ਦਾਨ (ਵਕਫ) ਤੇ ਜ਼ਿਲਾ ਪਰਬੰਧ ਦੀਆਂ ਮੱਦਾਂ ਦਰਜ ਹੋਣਗੀਆਂ।" ਇਸ ਨੂੰ ਉਸ ਨੇ 'ਅਕਾਲੀ-ਵਿਰੋਧੀ ਗੁਰਦੁਆਰਾ ਬਿਲ' ਦਾ ਨਾਮ ਦਿੱਤਾ। ਅਤੇ ਉਹ ਬਿਲ, ਹੇਲੀ ਦੀ ਰਾਏ ਵਿਚ, "ਸੁਧਾਰ ਕਮੇਟੀਆਂ ਲਈ ਇਕ ਝੰਡੇ ਦਾ ਕੰਮ ਦੇਵੇਗਾ ਜਿਸ ਦੇ ਪਿੱਛੇ ਇਹ ਕਮੇਟੀਆਂ ਅਤੇ ਇਹਨਾਂ ਦੇ ਹਮਾਇਤੀ ਲਾਮਬੰਦ ਹੋਣਗੇ।"

ਹੇਲੀ ਦੀ ਇਸ ਵੇਲੇ ਪਾਲਿਸੀ ਇਹ ਸੀ ਕਿ ਉਹ ਸਮਝੌਤੇ ਦੀ ਗਲਬਾਤ ਦੀ ਕੋਈ ਪੇਸ਼ਕਸ਼ ਮਨਜ਼ੂਰ ਨਹੀਂ ਕਰੇਗਾ। ਉਸ ਦੀ ਰਾਏ ਵਿਚ ਸ਼੍ਰੋਮਣੀ ਕਮੇਟੀ ਨਾਲ ਕੋਈ ਵੀ ਪੱਕਾ ਸਮਝੌਤਾ ਹੋ ਹੀ ਨਹੀਂ ਸੀ ਸਕਦਾ, ਕਿਉਂਕਿ "ਸ਼੍ਰੋਮਣੀ ਕਮੇਟੀ ਦੇ ਪਿੱਛੇ ਸਿੱਖ ਲੀਗ ਹੈ ਅਤੇ ਇਹਨਾਂ ਦੇ ਪਿੱਛੇ ਅਕਾਲੀ ਦਲ ਹੈ ਅਤੇ ਸ਼੍ਰੋਮਣੀ ਕਮੇਟੀ ਨਾਲ ਕੋਈ ਵੀ ਸਮਝੌਤਾ ਉਸ ਨੂੰ ਸਮਝੌਤੇ ਤੇ ਕਾਇਮ ਨਹੀਂ ਰਹਿਣ ਦੇਣ ਲਗਾ।"..."ਆਦਰਸ਼ਕ ਹਲ ਇਹ ਹੋਵੇਗਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਦੂਜੇ ਹਿੱਸਿਆਂ—ਸਮੇਤ ਸਾਡੇ ਪੱਖੀਆਂ—ਨਾਲ ਮਿਲ ਕੇ ਦਰਖਾਸਤ ਕਰੇ, ਪਰ ਜੇ ਉਹ ਏਂਵੇਂ ਨਹੀਂ ਕਰ ਸਕਦੀ ਤਾਂ ਉਹ ਆਪਣਾ ਕੇਸ ਸਾਡੇ ਸਾਮ੍ਹਣੇ ਖੁਲ੍ਹਮ-ਖੁਲ੍ਹਾ ਉਸ ਸ਼ਕਲ ਵਿਚ ਰਖੇ ਜਿਸ ਵਿਚ ਮੈਂ ਦੂਜੇ ਪੱਖਾਂ ਨਾਲ ਖੁਦ ਸਲਾਹ ਮਸ਼ਵਰਾ ਕਰ ਸਕਾਂ।"[1]

ਇਸ ਲਈ, ਇਸ ਵੇਲੇ, ਗੌਰਮਿੰਟ ਵਲੋਂ ਦਬ ਕੇ ਦਬਾਅ ਦੀ ਪਾਲਿਸੀ ਉਤੇ ਅਮਲ ਹੋ ਰਿਹਾ ਸੀ। ਨਾ ਸ਼੍ਰੋਮਣੀ ਕਮੇਟੀ ਵਲੋਂ ਸਮਝੌਤੇ ਲਈ ਪਹਿਲ ਕੀਤੀ ਜਾ ਰਹੀ ਸੀ ਅਤੇ ਨਾ ਹੀ ਗੌਰਮਿੰਟ ਵਲੋਂ। ਗੌਰਮਿੰਟ ਨੇ ਆਪਣੀ ਤਾਕਤ ਦੀ ਵਰਤੋਂ ਹੋਰ ਜ਼ੋਰ ਨਾਲ ਕਰਨੀ ਅਰੰਭ ਦਿਤੀ। ਤਾਂ ਜੋ ਕਮੇਟੀ ਨੂੰ ਝੁਕਣ ਲਈ ਮਜਬੂਰ ਕੀਤਾ ਜਾਵੇ। ਉਸ ਨੇ ਕੁਛ ਨਵੇਂ ਤੇ ਕੁਛ ਪਿਛਲੇ

[1] W. M. Hailey : 5th Aug. 1924. to P. S. V.—G De-montmorency.

Digitized by Panjab Digital Library | www.panjabdigilib.org

ਫੈਸਲਿਆਂ ਨੂੰ ਕਰੜਾਈ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਫੈਸਲੇ ਇਹ ਸਨ :

(1) ਸ਼੍ਰੋਮਣੀ ਕਮੇਟੀ ਦੇ ਆਗੂਆਂ ਦੇ ਸਾਜ਼ਸ਼ ਕੇਸ ਨੂੰ ਜ਼ੋਰ ਨਾਲ ਚਲਾਈ ਚਲੋ, ਜੇ ਓਸੇ ਹੀ ਰੰਗਤ ਦੇ (ਯਾਨੀ ਗਰਮ-ਖਿਆਲ) ਆਗੂ ਹੋਰ ਪੈਦਾ ਹੋ ਜਾਣ, ਤਾਂ ਉਹਨਾਂ ਉਤੇ ਵੀ ਮੁਕੱਦਮੇ ਚਲਾਓ ;

(2) ਸਜ਼ਾ ਹੋਏ ਕੈਦੀਆਂ ਦੀ ਰਿਹਾਈ ਦੀ ਕੋਈ ਗੱਲ ਨਾ ਕਰੋ—ਇਹਨਾਂ ਵਿਚੋਂ ਕੋਈ ਮੁਆਫੀ ਵੀ ਮੰਗੇ ਤਾਂ ਮੁਆਫੀ ਨਾ ਦਿਓ ;

(3) ਅਕਾਲੀ ਵਿਰੋਧੀ ਸਿੱਖਾਂ ਦੀਆਂ ਜਥੇਬੰਦੀਆਂ ਦੀ ਹਰ ਤਰ੍ਹਾਂ ਹੌਸਲਾ-ਵਧਾਈ ਕਰੋ ;

(4) ਕਿਸੇ ਉਸ ਸਿੱਖ ਨੂੰ ਸਿਵਲ ਜਾਂ ਫੌਜ ਵਿਚ ਕੋਈ ਨੌਕਰੀ ਨਾ ਦਿਓ ਜਿਸ ਦੇ ਖਾਨਦਾਨ ਦੀਆਂ ਉੱਘੜਵੀਆਂ ਹਮਦਰਦੀਆਂ ਅਕਾਲੀ ਤਹਿਰੀਕ ਨਾਲ ਹਨ ; ਅਤੇ ਇਸ ਤੱਥ ਦਾ ਖੁਲ੍ਹਾ ਪਰਚਾਰ ਕਰੋ ; ਅਤੇ

(5) ਜਿਹੜੇ ਸਿਵਲ ਜਾਂ ਫੌਜੀ ਪਿਨਸ਼ਨੀਏ ਗੌਰਮਿੰਟ ਦੇ ਖਿਲਾਫ ਐਜੀਟੇਸ਼ਨ ਵਿਚ ਹਿੱਸਾ ਲੈਂਦੇ ਹਨ ਉਹਨਾਂ ਦੀਆਂ ਪਿਨਸ਼ਨਾਂ ਤੇ ਜ਼ਮੀਨ ਦੀਆਂ ਗਰਾਟਾਂ ਬੰਦ ਕਰੋ ;

ਹਾਕਮਾਂ ਦਾ ਖਿਆਲ ਸੀ ਕਿ ਇਹ ਪਾਲਿਸੀ ਮਸਲੇ ਦਾ ਹੱਲ ਛੇਤੀ ਕਰੇਗੀ। ਕਿਉਂਕਿ ਇਹ ਸਿੱਖ ਜਾਤੀ ਉਤੇ ਅਸਰ ਇਹ ਪਾਏਗੀ ਕਿ ਗੌਰਮਿੰਟ ਨਾਲ ਲੜਾਈ ਉਹਨਾਂ ਨੂੰ ਕੋਈ ਲਾਭ ਨਹੀਂ ਪਹੁੰਚਾ ਰਹੀ। ਸਗੋਂ ਨੁਕਸਾਨ ਪਹੁੰਚਾ ਰਹੀ ਹੈ। ਅਤੇ ਏਹੋ ਪਾਲਿਸੀ ਮੌਕਿਆ ਮੁਹੱਈਆ ਕਰ ਸਕਦੀ ਹੈ ਕਿ ਅੱਤ-ਵਾਦੀਆਂ ਨੂੰ ਨਰਮ ਖਿਆਲ ਤੇ ਪੁਰਾਤਨ-ਵਾਦੀ ਸਿੱਖਾਂ ਨਾਲੋਂ ਨਿਖੇੜਿਆ ਜਾਵੇ। ਨਰਮ ਤੇ ਪੁਰਾਤਨੀ ਖਿਆਲ ਦੇ ਸਿੱਖਾਂ ਦਾ ਉਭਰਨਾ ਹੀ ਮਸਲੇ ਨੂੰ ਹੱਲ ਕਰਨ ਦੇ ਰਾਹ ਉਤੇ ਪਾ ਸਕਦਾ ਹੈ।

ਇਤਿਹਾਸਕ ਤੌਰ ਤੇ ਅੱਤ-ਵਾਦੀ ਅਕਾਲੀ ਆਗੂਆਂ ਨੂੰ ਨਰਮ-ਖਿਆਲ ਸਿੱਖਾਂ ਨਾਲੋਂ ਨਿਖੇੜਨ ਤੇ ਵੱਖ ਕਰਨ ਦੀ ਸਰਕਾਰੀ ਪਾਲਿਸੀ ਚਿਰਾਂ ਤੋਂ ਚਲੀ ਆ ਰਹੀ ਸੀ। ਇਹ ਗੱਲ ਨਹੀਂ ਕਿ ਅੰਗਰੇਜ਼ ਹਾਕਮ ਨਰਮ-ਖਿਆਲ ਸਿੱਖਾਂ ਨੂੰ ਗੁਰਦੁਆਰਿਆਂ ਦਾ ਕੰਟਰੋਲ ਸੌਂਪ ਦੇਣ ਲਈ ਤਿਆਰ ਸਨ ਅਤੇ ਅੱਤਵਾਦੀ ਅਕਾਲੀਆਂ ਨੂੰ ਨਹੀਂ। ਅਸਲ ਗੱਲ ਇਹ ਸੀ ਕਿ ਉਹ ਇਹਨਾਂ ਨਰਮ-ਖਿਆਲ ਸਿੱਖਾਂ ਰਾਹੀਂ ਗੁਰਦੁਆਰਿਆਂ ਵਿਚ ਆਪਣਾ ਅੱਧਾ-ਪਚੱਧਾ ਜਾਂ ਅਸਿੱਧਾ ਅਸਰ ਕਾਇਮ ਰੱਖਣਾ ਚਾਹੁੰਦੇ ਸਨ—ਇਹ ਗੱਲ ਗਰਮ ਖਿਆਲ ਸਿੱਖਾਂ ਦੇ ਹੱਥ ਵਿਚ ਗੁਰਦੁਆਰਾ ਕੰਟਰੋਲ ਆਉਣ ਨਾਲ ਨਹੀਂ ਸੀ ਹੋ ਸਕਦੀ। ਗੌਰਮਿੰਟ ਜਾਣ ਬੁਝ ਕੇ ਇਹ ਝੂਠਾ ਪਰਚਾਰ ਕਰ ਰਹੀ ਸੀ ਕਿ ਗਰਮ-ਖਿਆਲ ਸਿੱਖ ਗੁਰਦੁਆਰਿਆਂ ਦਾ ਰੁਪਇਆ ਰਾਜਸੀ ਮਕਸਦ ਲਈ ਗੌਰਮਿੰਟ ਦੇ ਖਿਲਾਫ ਖਰਚ ਕਰ ਰਹੇ ਸਨ।

ਅਤੇ ਏਹੋ ਨਹੀਂ, ਗੌਰਮਿੰਟ ਨੇ ਪਰਬੰਧਕ ਕਮੇਟੀ ਦੇ ਖਿਲਾਫ ਇਕ ਮੁਕੱਦਮਾ ਹੋਰ ਦਾਇਰ ਕਰ ਦਿੱਤਾ ਸੀ ਕਿ ਉਹ ਬਿਆਨ ਕਰੇ ਕਿ ਉਹ ਗੁਰਦੁਆਰਿਆਂ ਦਾ ਰੁਪਇਆ ਕਿਸ ਤਰੀਕੇ ਨਾਲ ਵਰਤੋਂ ਵਿਚ ਲਿਆ ਰਹੀ ਹੈ। ਇਸ ਦਾ ਮਤਲਬ ਸ਼੍ਰੋਮਣੀ ਕਮੇਟੀ ਨੂੰ ਪਰੇਸ਼ਾਨ ਕਰਨ, ਲੋਕਾਂ ਵਿਚ ਗਲਤ-ਫਹਿਮੀ ਪੈਦਾ ਕਰਨ ਅਤੇ ਕਮੇਟੀ ਦਾ ਧਿਆਨ ਤਹਿਰੀਕ ਵਲੋਂ ਦੂਜੇ ਪਾਸੇ ਖੜਨ ਤੋਂ ਛੁੱਟ ਹੋਰ ਕੁਛ ਨਹੀਂ ਸੀ। ਸ਼੍ਰੋਮਣੀ ਕਮੇਟੀ ਪਾਸ ਪੰਜ-ਪੈਸਾ ਫੰਡ ਰਾਹੀਂ

Digitized by Panjab Digital Library | www.panjabdigilib.org

ਅਤੇ ਅੰਦਰਲੀ ਅਤੇ ਬਾਹਰਲੀ (ਅਮਰੀਕਾ ਕੈਨੇਡਾ ਵਗੈਰਾ ਦੇ ਸਿੱਖਾਂ ਦੀ) ਮਾਇਕੀ ਇਮਦਾਦ ਰਾਹੀਂ ਰੁਪਏ ਪੈਸੇ ਦਾ ਕੋਈ ਤੋਟਾ ਹੀ ਨਹੀਂ ਸੀ। ਗੌਰਮਿੰਟ ਨੇ ਤਾਂ ਸਗੋਂ ਬਾਹਰੋਂ ਆਇਆ ਹਜ਼ਾਰਾਂ ਰੁਪਇਆ ਡਾਕਖਾਨਿਆਂ ਵਿਚ ਹੁਕਮਨ ਰੋਕ ਕੇ ਰਖਿਆ ਹੋਇਆ ਸੀ।

ਅਤੇ ਪੰਜਾਬ ਗੌਰਮਿੰਟ ਖੁਦ ਹਜ਼ਾਰਾਂ ਰੁਪਏ ਲੋਕਾਂ ਦੀ ਗਾੜ੍ਹੀ ਕਮਾਈ ਵਿਚੋਂ ਖਰਚ ਕਰਕੇ ਗੁਰਦੁਆਰਾ ਤਹਿਰੀਕ ਨੂੰ ਦਬਾਣ ਲਈ ਵਰਤ ਰਹੀ ਸੀ। ਖੁਦ ਹੇਲੀ ਲਿਖਦਾ ਹੈ:

"ਕੁਛ ਚਿਰ ਹੋਇਆ ਅਸਾਂ ਜ਼ਿਲਿਆਂ ਦੇ ਅਫਸਰਾਂ ਨੂੰ, ਇਸ ਗੱਲ ਲਈ ਹੁਕਮ ਘੱਲਿਆ ਹੈ ਕਿ ਉਹ ਜਿੰਨੀ ਚੁਪਚਾਪ ਸੰਭਵ ਹੋ ਸਕੇ ਓਨੀ ਚੁਪਚਾਪ ਨਾਲ ਅਕਾਲੀ-ਵਿਰੋਧੀ ਜਥੇਬੰਦੀਆਂ ਦੀ ਵਾਹ ਲਗਦੀ ਇਮਦਾਦ ਕਰਨ। ਅਸੀਂ ਉਹ ਵਸੀਲੇ ਸੋਚ ਰਹੇ ਹਾਂ ਜਿਨ੍ਹਾਂ ਰਾਹੀਂ ਅਸੀਂ ਅਕਾਲੀਆਂ ਦੇ ਖਿਲਾਫ ਪਰਚਾਰ-ਮੁਹਿੰਮ ਲਈ ਰੁਪਇਆ ਹਾਸਲ ਕਰ ਸਕੀਏ।"[1]

ਸਰ ਮੈਲਕਮ ਹੇਲੀ ਨੇ ਸੂਬੇ ਦੀ ਵਾਗ ਡੋਰ ਆਪਣੇ ਹੱਥ ਵਿਚ ਸੰਭਾਲੀ ਤਾਂ ਸਾਰੇ ਕੰਮ ਛੱਡ ਕੇ ਆਪ ਸ਼੍ਰੋਮਣੀ ਕਮੇਟੀ ਦੇ ਪਿੱਛੇ ਹੱਥ ਧੋ ਕੇ ਪੈ ਗਏ। ਹੇਲੀ ਨੇ ਆਪ ਸਾਰੇ ਫਿਰ ਕੇ ਇਕ ਪਰਚਾਰਕ ਵਾਂਗੂੰ ਸ਼੍ਰੋਮਣੀ ਕਮੇਟੀ ਦੇ ਵਿਰੁਧ ਪਰਚਾਰ ਕੀਤਾ—ਲੋਕਾਂ ਨੂੰ ਡਰਾਇਆ ਧਮਕਾ-ਇਆ ਕਿ ਕੋਈ ਸਿੱਖ ਕਮੇਟੀ ਦੇ ਆਖੇ ਨਾ ਲਗੇ। ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਵਿਚ ਕਾਗਤੀ ਸੁਧਾਰ ਕਮੇਟੀਆਂ ਦੇ ਬੁਤ ਖੜੇ ਕੀਤੇ ਅਤੇ ਇਹਨਾਂ ਰਾਹੀਂ ਸ਼੍ਰੋਮਣੀ ਕਮੇਟੀ ਦੇ ਖਿਲਾਫ ਬੜਾ ਜ਼ਹਿਰੀਲਾ ਪਰਚਾਰ ਕਰਵਾਇਆ, ਮਹੰਤਾਂ ਨੂੰ ਗੁਰਦੁਆਰਿਆਂ ਸਬੰਧੀ ਦਾਅਵੇ ਦਾਇਰ ਕਰਨ ਲਈ ਉਕਸਾਇਆ। ਸ਼੍ਰੋਮਣੀ ਕਮੇਟੀ ਨੂੰ ਧਮਕੀ ਦਿਤੀ ਗਈ ਕਿ ਅਦਾਲਤਾਂ ਦੀਆਂ ਡਿਗਰੀਆਂ ਤੇ ਅਮਲ ਕੀਤਾ ਜਾਏਗਾ ਅਤੇ ਗੁਰਦੁਆਰੇ ਦੇ ਕਬਜ਼ੇ ਮਹੰਤਾਂ ਨੂੰ ਦੁਆਏ ਜਾਣਗੇ। ਇਸ ਤੋਂ ਛੁਟ ਸੁਧਾਰ ਕਮੇਟੀਆਂ ਵਾਲਿਆਂ ਰਾਹੀਂ ਸ਼੍ਰੋਮਣੀ ਕਮੇਟੀ ਉਤੇ ਹਿਸਾਬ ਕਿਤਾਬ ਦਾ ਮੁਕੱਦਮਾ ਚਲਾਇਆ ਕਿ ਗੁਰਦੁਆਰਿਆਂ ਦਾ ਬਾਕਾਇਦਾ ਹਿਸਾਬ ਕਿਤਾਬ ਦੇਵੇ।[2]

## 2. ਇਸ ਹਮਲੇ ਦੇ ਮੁਕਾਬਲੇ ਲਈ ਲੜਾਈ

ਹਾਲਾਤ ਅਜੇ ਵੀ ਬੜੇ ਸਹਾਇਕ ਸਨ। ਸ਼੍ਰੋਮਣੀ ਕਮੇਟੀ ਦਾ ਹੁਕਮ ਅਜੇ ਵੀ ਪੰਥਕ ਹੁਕਮ ਕਰਕੇ ਮੰਨਿਆ ਤੇ ਸਿਰੇ ਚੜ੍ਹਾਇਆ ਜਾਂਦਾ ਸੀ। ਨਵੇਂ ਲੀਡਰ ਕਮੇਟੀ ਦੇ ਸ਼੍ਰੋਮਣੀ ਆਗੂ ਬਣ ਗਏ ਸਨ। ਉਹਨਾਂ ਵਿਚ ਉਹ ਜਥੇਬੰਦਕ ਯੋਗਤਾਵਾਂ ਨਹੀਂ ਸਨ ਜਿਹੜੀਆਂ ਤੇਜਾ ਸਿੰਘ ਸਮੁੰਦਰੀ, ਮੰਗਲ ਸਿੰਘ ਅਕਾਲੀ, ਸ: ਅਮਰ ਸਿੰਘ ਝਬਾਲ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਮਹਿਤਾਬ ਸਿੰਘ ਆਦ ਵਿਚ ਸਨ। ਨਾ ਹੀ ਸ. ਖੜਕ ਸਿੰਘ ਵਾਲੀ ਦਲੇਰੀ ਤੇ ਲੜਾਕੂ ਸਪਿਰਿਟ ਸੀ। ਇਸ ਵੇਲੇ ਸਭ ਤੋਂ ਵਡਾ ਕੰਮ ਬਿਖਰੀਆਂ ਤਾਕਤਾਂ ਨੂੰ ਇਕ-ਮੁਠ ਤੇ ਜਥੇਬੰਦ ਕਰਨਾ ਸੀ ਪਰ ਇਸ ਵਿਚ ਹੌਲੀ ਹੌਲੀ ਢਿਲਿਆਈ ਆ ਰਹੀ ਸੀ।

ਆਮ ਸਿੱਖ ਬੜੇ ਨਿਰੋਏ ਸਨ ਅਤੇ ਹਰ ਕੁਰਬਾਨੀ ਲਈ ਪਹਿਲੇ ਵਾਂਗ ਹੀ ਤਿਆਰ ਸਨ। ਪੰਜ ਪੰਜ ਸੌ ਦਾ ਜਥੇ ਉਤੇ ਜਥਾ ਚਲਿਆ ਜਾ ਰਿਹਾ ਸੀ। ਅਤੇ ਜਿਹੜੇ ਪਿੰਡਾਂ ਵਿਚੋਂ ਦੀ ਇਹ ਜਥਾ ਪਰਚਾਰ ਕਰਦਾ ਲੰਘ ਜਾਂਦਾ ਸੀ, ਨਵਾਂ ਜਥਾ ਕਾਇਮ ਕਰਨ ਦੇ ਹਾਲਤ ਪੈਦਾ ਕਰ

---

[1] From M. Hailey. Simla, July 8th 1924 to G. Demontmorency P. S. V.

[2] ਅਕਾਲੀ ਤੇ ਪ੍ਰਦੇਸੀ—28 ਅਗਸਤ 1925 ਐਡੀਟੋਰੀਅਲ ਵਿਚੋਂ।

Digitized by Panjab Digital Library | www.panjabdigilib.org

ਜਾਂਦਾ ਸੀ । ਪਰ ਨਵਾਂ ਜਥਾ ਵਜੂਦ ਵਿਚ ਲਿਆਉਣ ਲਈ ਜਥੇਬੰਦਕ ਸੂਝ ਤੇ ਯੋਗਤਾ ਦੀ ਲੋੜ ਸੀ ਜਿਹੜੀ ਘੱਟਦੀ ਜਾਂਦੀ ਸੀ ।

## 3, ਕੌਂਸਲ ਦੇ ਮਿੰਬਰਾਂ ਦਾ ਰੋਲ

ਸ: ਤਾਰਾ ਸਿੰਘ ਐਮ. ਐਲ. ਸੀ. ਨੇ ਸੁਧਾਰ ਕਮੇਟੀਆਂ ਦੀ ਸਰਕਾਰ-ਪੱਖੀ ਖਸਲਤ ਨੰਗੀ ਕਰਨ ਵਿਚ ਬੜਾ ਹਿੱਸਾ ਪਾਇਆ । ਉਸ ਨੇ ਪੰਜਾਬ ਕੌਂਸਲ ਵਿਚ ਕਈ ਸਵਾਲ ਇਹਨਾਂ ਬਾਰੇ ਪੁਛੇ ਜਿਨ੍ਹਾਂ ਦੇ ਜਵਾਬ ਦੇਣ ਤੋਂ ਜਾਂ ਤਾਂ ਜੌਹਨ ਮੇਨਾਰਡ ਨੇ ਕੰਨੀ ਕਤਰਾਈ ਜਾਂ ਕੋਈ ਢੁੱਚਰ ਡਾਹਿਆ ਅਤੇ ਜਾਂ ਸਾਫ ਤੌਰ ਤੇ ਝੂਠ ਬੋਲ ਕੇ ਪੱਲਾ ਛੁੜਾਇਆ । ਕੁਛ ਸਵਾਲਾਂ ਤੇ ਉਹਨਾਂ ਦੇ ਜਵਾਬਾਂ ਦਾ ਅਧਿਅਨ ਕਰੋ :

ਸ: ਤਾਰਾ ਸਿੰਘ : ਕੀ ਸਰਕਾਰ ਦੇ ਅਫਸਰਾਂ ਨੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਖਿਲਾਫ ਪ੍ਰੋਪੈਗੰਡੇ ਲਈ ਸਿੱਖ ਸੁਧਾਰ ਮੁਸਲਮਾਨ ਤੇ ਹਿੰਦੂ ਕਮੇਟੀਆਂ ਨੂੰ ਮਾਲੀ ਇਮਦਾਦ ਦੇਣ ਦੇ ਵਾਅਦੇ ਕੀਤੇ ਹਨ, ਜਾਂ ਮਾਲੀ ਇਮਦਾਦ ਦਿਤੀ ਹੈ ?

ਸਰ ਜੌਹਨ ਮੇਨਾਰਡ : ਗੌਰਮਿੰਟ ਫੰਡ ਵਿਚੋਂ ਕੋਈ ਮਾਲੀ ਇਮਦਾਦ ਨਹੀਂ ਦਿਤੀ ਜਾ ਰਹੀ, ਨਾ ਹੀ ਕਮੇਟੀਆਂ ਨੂੰ ਕੋਈ ਇਮਦਾਦ ਦੇਣ ਦਾ ਵਾਅਦਾ ਕੀਤਾ ਗਿਆ ਹੈ ।

ਪ੍ਰੋ: ਰੁਚੀ ਰਾਮ ਸਾਹਨੀ : ਕੀ ਸਿੱਖ ਸੁਧਾਰ ਕਮੇਟੀਆਂ ਦੇ ਹੱਕ ਵਿਚ, ਕਿਸੇ ਵੀ ਰੂਪ ਜਾਂ ਸ਼ਕਲ ਵਿਚ, ਸਰਕਾਰੀ ਅਸਰ-ਰਸੂਖ ਵਰਤਿਆ ਜਾ ਰਿਹਾ ਹੈ ?

ਮੇਨਾਰਡ : ਨਹੀਂ ।

ਸ: ਤਾਰਾ ਸਿੰਘ : ਕੀ ਸਰਕਾਰ ਨੇ ਸਿੱਖ ਸੁਧਾਰ, ਮੁਸਲਮਾਨ ਤੇ ਹਿੰਦੂ ਕਮੇਟੀਆਂ ਦੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਇਨਾਮ ਵਜੋਂ ਦੇਣ ਲਈ ਡੀ. ਸੀ. ਅਮਰਿਤਸਰ ਨੂੰ 100 ਏਕੜ ਜ਼ਮੀਨ ਦਿੱਤੀ ਹੈ ਜਾਂ ਦੇਣ ਦਾ ਵਾਅਦਾ ਕੀਤਾ ਹੈ ?

ਸ: ਸੁੰਦਰ ਸਿੰਘ ਮਜੀਠੀਆ : ਜਵਾਬ ਨਾਂਹ ਵਿਚ ਹੈ ।

ਤਾਰਾ ਸਿੰਘ : ਕੀ ਸਿੱਖ ਸੁਧਾਰ, ਹਿੰਦੂ ਤੇ ਮੁਸਲਮਾਨ ਕਮੇਟੀਆਂ ਦੇ ਵਰਕਤ ਇਸ ਪੱਜ ਥੱਲੇ ਸਰਕਾਰੀ ਅਫਸਰਾਂ ਦੀ ਅਗਵਾਈ ਵਿਚ ਹਰ ਇਕ ਪਿੰਡ ਵਿਚੋਂ ਕੋਰੇ ਕਾਗਜ਼ ਉਤੇ ਘੱਟੋ ਘੱਟ ਦੋ ਦਸਖਤਾਂ ਹਾਸਲ ਕਰ ਰਹੇ ਹਨ ਕਿ ਗੌਰਮਿੰਟ ਨੂੰ ਵਧਾਏ ਗਏ ਆਬੀਆਨੇ ਬਾਰੇ ਦਰਖਾਸਤ ਦੇਣੀ ਹੈ, ਪਰ ਵਾਸਤਵ ਵਿਚ ਇਹਨਾਂ ਦਸਖਤਾਂ ਨੂੰ ਗਵਰਨਰ ਦੀ ਪਹਿਲੀ ਅਗਸਤ 1924 ਨੂੰ ਅਮਰਿਤਸਰ ਆਮਦ ਉਤੇ ਚੁਣੇ-ਹੋਏ ਮਿੰਬਰਾਂ ਦੇ ਮਾਣ ਪੱਤਰ ਵਜੋਂ ਵਰਤਣਾ ਹੈ ।

ਮੇਨਾਰਡ : ਨਹੀਂ ।

ਤਾਰਾ ਸਿੰਘ : ਕੀ ਇਹ ਹਕੀਕਤ ਹੈ ਕਿ ਅਮਰਿਤਸਰ ਹਲਕੇ ਦੇ ਇਕ ਕੌਂਸਲ ਦੇ ਮਿੰਬਰ ਦੀ ਬੇਨਤੀ ਉਤੇ ਅਮਰਿਤਸਰ ਦੇ ਡੀ. ਸੀ. ਨੇ ਤਹਿਸੀਲਦਾਰ ਅਜਨਾਲਾ ਨੂੰ ਸਿੱਖ ਸੁਧਾਰ ਕਮੇਟੀ ਦੇ ਇਕ ਵਰਕਰ ਸ: ਹਰਬੰਸ ਸਿੰਘ ਨੂੰ ਖਾਸ ਇਮਦਾਦ ਦੇਣ ਵਾਸਤੇ ਚਿੱਠੀ ਲਿਖੀ ?

ਮੇਨਾਰਡ : ਜਵਾਬ ਨਾਂਹ ਵਿਚ ਹੈ ।

ਤਾਰਾ ਸਿੰਘ : ਕੀ ਇਹ ਹਕੀਕਤ ਹੈ ਕਿ ਸੁਧਾਰ ਕਮੇਟੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਫਿਰਵੀਂ ਚਿੱਠੀ ਲਿਖੀ ਹੈ ਕਿ ਉਹ ਨਰਮ-ਖਿਆਲ ਸਿਖਾਂ ਉਤੇ ਸੁਧਾਰ ਕਮੇਟੀਆਂ

Digitized by Panjab Digital Library | www.panjabdigilib.org

ਵਿਚ ਸ਼ਾਮਲ ਹੋਣ ਲਈ ਅਤੇ ਸ਼੍ਰੋਮਣੀ ਕਮੇਟੀ ਦੇ ਖਿਲਾਫ ਹਿਸਾਬ ਕਿਤਾਬ ਦੇ ਮੁਕੱਦਮੇ ਵਿਚ ਮੁਦੱਈ ਬਣ ਕੇ ਪੈਰਵੀ ਕਰਨ ਲਈ ਜ਼ੋਰ ਲਾਉਣ ?

ਮੇਨਾਰਡ : ਗੌਰਮਿੰਟ ਨੂੰ ਇਸ ਬਾਰੇ ਕੁਛ ਪਤਾ ਨਹੀਂ ?

ਤਾਰਾ ਸਿੰਘ : ਕੀ ਸਰਕਾਰ ਕਿਰਪਾ ਕਰ ਕੇ ਇਸ ਬਾਰੇ ਪਤਾ ਕਰੇਗੀ ?

ਮੇਨਾਰਡ : ਗੌਰਮਿੰਟ ਸੰਤੁਸ਼ਟ ਹੈ ਕਿ ਇਹ ਖਬਰ ਗਲਤ ਹੈ ।[1]

ਤੁਸਾਂ ਵੇਖਿਆ ਕਿ ਉਤਲੇ ਸਵਾਲਾਂ ਦੇ ਜਵਾਬ ਟਾਲੇ ਹੀ ਨਹੀਂ ਗਏ, ਝੂਠ ਤੇ ਅਧਾਰਿਤ ਕੀਤੇ ਗਏ ਹਨ । ਅੰਦਰਖਾਨੇ, ਖੁਫੀਆ ਕਾਰਵਾਈ ਵਿਚ, ਸਿੱਖ ਸੁਧਾਰ ਕਮੇਟੀਆਂ ਦੇ ਬਨਾਣ ਲਈ ਹਦਾਇਤਾਂ ਕੀਤੀਆਂ ਜਾਂਦੀਆਂ ਸਨ; ਵਰਕਰਾਂ ਨੂੰ ਰੁਪਏ ਪੈਸੇ ਤੇ ਮੁਰੱਬੇ ਦਿੱਤੇ ਜਾਂਦੇ ਸਨ; ਨੰਬਰਦਾਰਾਂ, ਜ਼ੈਲਦਾਰਾਂ ਤੋਂ ਲੈ ਕੇ ਡਿਪਟੀ ਕਮਿਸ਼ਨਰਾਂ ਤੇ ਪੁਲਸ ਅਫਸਰਾਂ ਤਕ ਨੂੰ ਹਦਾਇਤਾਂ ਕੀਤੀਆਂ ਜਾਂਦੀਆਂ ਸਨ ਕਿ ਸੁਧਾਰ ਕਮੇਟੀਆਂ ਵਿਚ ਆਦਮੀ ਭਰਤੀ ਕਰਾਓ, ਸ਼੍ਰੋਮਣੀ ਕਮੇਟੀ ਦੇ ਖਿਲਾਫ ਮਤੇ ਪਾਸ ਕਰਾਓ ਕਿ ਇਹ ਧਾਰਮਕ ਜਥੇਬੰਦੀ ਨਹੀਂ ਰਾਜਸੀ ਜਥੇਬੰਦੀ ਹੈ; ਵਗੈਰਾ । ਬਾਹਰ, ਲੋਕਾਂ ਵਿਚ ਪਾਕ ਮੋਮਨਾਂ ਵਾਲੀ ਸੂਰਤ ਧਾਰ ਕੇ ਜਵਾਬ ਦਿੱਤੇ ਜਾਂਦੇ ਸਨ ਕਿ ਗੌਰਮਿੰਟ ਸੁਧਾਰ ਕਮੇਟੀਆਂ ਨਹੀਂ ਬਣਾ ਰਹੀ, ਨਾ ਹੀ ਉਹਨਾਂ ਨੂੰ ਕੋਈ ਮਾਲੀ ਇਮਦਾਦ ਦੇ ਰਹੀ ਹੈ ।

ਪਹਿਲੇ ਸਵਾਲ ਦਾ ਜਵਾਬ ਹੀ ਕਿ 'ਗੌਰਮਿੰਟ ਫੰਡ' ਵਿਚੋਂ ਕੋਈ ਮਾਲੀ ਇਮਦਾਦ ਨਹੀਂ ਦਿੱਤੀ ਜਾ ਰਹੀ—ਸੱਚ ਲੁਕਾਉਂਦਾ ਹੈ ਤੇ ਝੂਠ ਸੁਝਾਉਂਦਾ ਹੈ । ਬਰਿਟਿਸ਼ ਗੌਰਮਿੰਟ ਪਾਸ ਕਈ ਫੰਡ ਹੁੰਦੇ ਸਨ—ਖੁਫੀਆ, ਜਾਸੂਸੀ ਲਈ ਫੰਡ, ਰਾਜਸੀ ਤਹਿਰੀਕਾਂ ਦੇ ਤੋੜਨ ਲਈ ਫੰਡ, ਆਪਣੇ ਏਜੰਟ, ਦੇਸ਼ ਦੇ ਅੰਦਰ ਤੇ ਬਾਹਰ ਖਰੀਦਣ ਲਈ ਫੰਡ । ਅਤੇ ਕਈ ਫੰਡ ਉਹ ਜਿਹੜੇ ਇੰਗਲਸਤਾਨ ਨਾਲ ਤਜਾਰਤ ਕਰਨ ਵਾਲਿਆਂ ਦੇ ਮੁਨਾਫਿਆਂ ਅਤੇ ਚੰਦਿਆਂ ਵਜੋਂ ਆਉਂਦੇ ਸਨ । ਅਤੇ ਗੌਰਮਿੰਟ ਦੇ ਖਰਚ ਦੀਆਂ ਕੁਛ ਏਹੋ ਜੇਹੀਆਂ ਮੱਦਾਂ ਸਨ ਜਿਨ੍ਹਾਂ ਨੂੰ, ਹੋਰ ਤਾਂ ਹੋਰ, ਆਮ ਅਫਸਰ ਵੀ ਨਹੀਂ ਸਨ ਵੇਖ ਸਕਦੇ । ਉਸ ਜ਼ਮਾਨੇ ਦੇ ਬਰਿਟਿਸ਼-ਸਰਕਾਰ ਵਿਰੋਧੀ ਵਾਅ ਮੰਡਲ ਵਿਚ 'ਸਿੱਖ ਸੁਧਾਰ' ਜੇਹਾ ਹਫਤਾਵਾਰ ਅਖਬਾਰ ਸਰਕਾਰੀ ਮਦਦ ਤੋਂ ਬਗੈਰ ਦੋ ਹਫਤੇ ਵੀ ਨਹੀਂ ਸੀ ਨਿਕਲ ਸਕਦਾ ।

ਅਤੇ ਅਕਾਲੀ ਤਹਿਰੀਕ ਦੀ ਯਾਦਗਾਰੀ ਗੱਲ ਇਹ ਹੈ ਕਿ ਇਕ ਪਾਸੇ ਜ਼ੈਲਦਾਰਾਂ, ਸਫੈਦ-ਪੋਸ਼ਾਂ ਤੇ ਨੰਬਰਦਾਰਾਂ ਜਿਹੇ ਪੁਰਾਣੇ ਜੀ-ਹਜ਼ੂਰ ਤੇ ਵਫਾਦਾਰ ਆਪਣੇ ਅਹੁਦੇ, ਇਨਾਮ ਤੇ ਖਿਤਾਬ ਛੱਡ ਰਹੇ ਸਨ, ਦੂਜੇ ਪਾਸੇ ਇਹਨਾਂ ਤੋਕਾਂ ਦੇ ਹਾਸਲ ਕਰਨ ਲਈ, ਨਵੇਂ ਜੀ ਹਜ਼ੂਰ, ਵਫਾਦਾਰ, ਮੁਰੱਬਿਆਂ ਤੇ ਇਨਾਮਾਂ ਦੇ ਖਾਹਸ਼ਮੰਦ ਪੈਦਾ ਹੋ ਰਹੇ ਸਨ । ਇਹਨਾਂ ਨੂੰ ਨਿੱਜੀ ਹਿਤਾਂ ਉਤੋਂ ਸਮਚੇ ਹਿਤ ਵਾਰ ਦੇਣ ਵਿਚ ਕੋਈ ਸ਼ਰਮ ਨਹੀਂ ਸੀ ਮਹਿਸੂਸ ਹੁੰਦੀ ।

ਇਸ ਵੇਲੇ ਲੜਾਈ ਦੀ ਮੁਖ ਧਾਰਾ ਜੈਤੋ ਨੂੰ ਲਗਾਤਾਰ ਪੰਜ ਪੰਜ ਸੌ ਦੇ ਜਥੇ ਘੱਲੀ ਜਾਣਾ ਸੀ । ਜਥਿਆਂ ਦੀ ਇਸ ਵੇਲੇ ਕੋਈ ਕਮੀ ਨਹੀਂ ਸੀ ਨਜ਼ਰ ਆ ਰਹੀ । ਜਿਹੜੇ ਜ਼ਿਲ੍ਹਿਆਂ ਵਿਚੋਂ ਜਥੇ ਤਿਆਰ ਹੁੰਦੇ ਸਨ ਓਥੇ ਸਰਕਾਰੀ ਮਸ਼ੀਨਰੀ ਅਤੇ ਉਸ ਦੇ ਪੁਰਜ਼ੇ ਲੋਕਾਂ ਉਤੇ ਟੁੱਟ

---

[1] ਸਵਾਲ ਨੰਬਰ, 811, 812, 813, 814 ਅਤੇ 819 P. L. C. D., P. 272—273

Digitized by Panjab Digital Library | www.panjabdigilib.org

ਕੇ ਜਾ ਪੈਂਦੇ ਸਨ ਅਤੇ ਅੰਨ੍ਹਾ, ਖਿਲਾਫ-ਕਾਨੂੰਨ ਤੇ ਵਹਿਸ਼ੀਆਨਾ ਤਸ਼ਦਦ ਕਰਦੇ ਸਨ ਪਰ ਲੋਕ ਇਸ ਤਸ਼ੱਦਦ ਮੋਹਰੇ ਗੋਡੇ ਨਹੀਂ ਸਨ ਲਾਉਂਦੇ, ਡੱਟ ਕੇ ਆਪਣੇ ਪੁੱਤ ਤੇ ਪੋਤਰੇ ਜਥਿਆਂ ਵਿਚ ਘੱਲਦੇ ਸਨ ਅਤੇ ਮਾਵਾਂ ਥਾਪੜਾ ਦੇ ਦੇ ਪੁੱਤਾਂ ਨੂੰ ਆਖਦੀਆਂ ਸਨ : ਵੇਖੀਂ, ਕਿਤੇ ਆਪਣੇ ਮੱਥੇ ਨੂੰ, ਮੇਰੀ ਕੁੱਖ ਨੂੰ ਕਲੰਕ ਦਾ ਟਿੱਕਾ ਨਾ ਲਵਾ ਆਈਂ ।

ਚੌਥਾ ਜਥਾ 27 ਮਾਰਚ ਨੂੰ ਸਿਰੀ ਕੇਸਗੜ੍ਹ ਆਨੰਦਪੁਰ ਸਾਹਿਬ ਤੋਂ ਤੁਰਿਆ । ਇਹ ਦੁਆਬੇ ਦੇ ਬਹਾਦਰ ਅਕਾਲੀਆਂ ਦਾ ਜਥਾ ਸੀ । ਇਸ ਦੇ ਹੈਡ ਜਥੇਦਾਰ ਸ: ਪੂਰਨ ਸਿੰਘ ਬਾਹੋਵਾਲ ਸਨ । ਇਸ ਵਿਚ ਪੰਜ ਨਿਰਮਲ ਪੰਥੀ ਵੀ ਸ਼ਾਮਲ ਸਨ । ਜਥੇ ਨਾਲ ਹਸਪਤਾਲ ਦਾ ਵੀ ਬੰਦੋਬਸਤ ਸੀ । ਇਉਂ ਜਾਪਦਾ ਸੀ ਜਿਵੇਂ ਖਾਲੀ–ਹੱਥ ਸ਼ਾਂਤਮਈ ਲਸ਼ਕਰ ਬੰਦੂਕਾਂ ਤੇ ਮਸ਼ੀਨ ਗੰਨਾ ਨਾਲ ਲੈਸ ਸਰਕਾਰੀ ਫੌਜ ਨੂੰ ਵੰਗਾਰ ਕੇ ਕਹਿ ਰਿਹਾ ਹੋਵੇ : ਤੁਸੀਂ ਆਪਣੀਆਂ ਬੰਦੂਕਾਂ ਮਸ਼ੀਨ ਗਨਾਂ ਅਜ਼ਮਾਓ । ਅਸੀਂ ਆਪਣੀਆਂ ਛਾਤੀਆਂ ਅਜ਼ਮਾਉਂਦੇ ਹਾਂ । ਇਸ ਜਥੇ ਦੇ ਦੋ ਅਕਾਲੀ ਸ: ਸ਼ੇਰ ਸਿੰਘ ਦੌਲਤਪੁਰ ਅਤੇ ਸ: ਬਤਨ ਸਿੰਘ ਕੈਨੇਡੀਅਨ ਨੂੰ ਰਸਤੇ ਵਿਚ ਹੀ ਫੜ ਲਿਆ ਗਿਆ ।

ਗੌਰਮਿੰਟ ਨੇ ਆਪਣੇ ਦਾਅ–ਪੇਚਾਂ ਵਿਚ, ਇਸ ਵੇਲੇ, ਕੁਛ ਤਬਦੀਲੀ ਲੈ ਆਂਦੀ ਸੀ । ਇਕ ਤਾਂ ਇਹ ਸੀ ਕਿ ਜਥੇ ਦੇ ਅਹਿਮ ਮਿੰਬਰਾਂ ਨੂੰ—ਜੇ ਉਹਨਾਂ ਦੇ ਖਿਲਾਫ ਕੋਈ ਗੁਆਹੀ ਹੋਵੇ ਤਾਂ—ਰਸਤੇ ਵਿਚ ਹੀ ਫੜ ਲਿਆ ਜਾਵੇ, ਦੂਜੇ ਇਹ ਕਿ ਜਥੇ ਦੇ ਨਾਲ ਨਾਲ ਮੈਜਿਸਟਰੇਟ ਤੇ ਹਥਿਆਰਬੰਦ ਪੁਲਸ ਦਾ ਦਸਤਾ ਨਾ ਜਾਵੇ ਕਿਉਂਕਿ ਉਹਨਾਂ ਨੂੰ ਲੋਕਾਂ ਦੀ ਮਖੌਲਬਾਜ਼ੀ ਤੇ ਬੇਇੱਜ਼ਤੀ ਦਾ ਨਿਸ਼ਾਨਾ ਬਣਨਾ ਪੈਂਦਾ ਹੈ । ਪਹਿਲਾ ਫੈਸਲਾ ਕਾਇਮ ਰਖਿਆ ਗਿਆ ਕਿ ਜਥੇ ਨੂੰ ਬਰਿਟਿਸ਼ ਇਲਾਕੇ ਵਿਚੋਂ ਦੀ ਲੰਘਦਿਆਂ ਨੂੰ ਨਾ ਛੇੜਿਆ ਜਾਵੇ ।

'ਇਹ ਜਥਾ ਬਾਜੇਖਾਨੇ ਠਹਿਰਿਆ ਹੋਇਆ ਸੀ ਕਿ ਪੁਲਸ ਇੰਨਸਪੈਕਟਰ ਨੇ 17 ਅਪਰੈਲ ਨੂੰ ਪੰਜ ਵਜੇ ਸ਼ਾਮ ਦੇ ਜਥੇਦਾਰ ਨੂੰ ਇਕ ਨੋਟਿਸ ਲਿਆ ਕੇ ਦਿੱਤਾ ਜਿਸ ਵਿਚ ਦਰਜ ਸੀ ਕਿ ਸਾਰਾ ਜਥਾ ਤਿੰਨ ਦਿਨ ਲਈ ਜੈਤੋ ਵਿਚ ਪਾਠ ਕਰ ਸਕਦਾ ਹੈ । ਪਰ ਜਥੇ ਨੇ ਕਿਹਾ : ਅਸੀਂ ਆਉਣ ਜਾਣ ਦੀ ਕੋਈ ਪਾਬੰਦੀ ਮੰਨਣ ਨੂੰ ਤਿਆਰ ਨਹੀਂ ।'[1]

18 ਅਪਰੈਲ ਨੂੰ ਇਹ ਜਥਾ ਫੜ ਲਿਆ ਗਿਆ । ਗੌਰਮਿੰਟ ਰਿਪੋਰਟ ਅਨੁਸਾਰ ਇਸ ਜਥੇ ਦੇ ਫੜਨ ਵਿਚ ਕੋਈ ਤਕਲੀਫ ਨਹੀਂ ਉਠਾਣੀ ਪਈ । ਜਥੇਦਾਰ ਪੂਰਨ ਸਿੰਘ ਨੇ ਕੁਛ ਅੜਿਕੇ ਡਾਹੁਣ ਦੇ ਦਾਅ-ਪੇਚ ਖੇਡੇ । ਇਹ ਆਦਮੀ 'ਇਲਾਕੇ ਵਿਚ ਦਸ ਨੰਬਰੀਆ ਬਦਮਾਸ਼' ਦਰਜ ਕੀਤਾ ਹੋਇਆ ਸੀ ਜਿਸ ਦੇ ਅਰਥ ਉਹਨਾਂ ਦਿਨਾਂ ਵਿਚ ਆਮ ਲੋਕਾਂ ਵਿਚ ਚੰਗੇ ਪਰਸਿਧ ਵਰਕਰ ਦੇ ਲਏ ਜਾਂਦੇ ਸਨ । ਇਸ ਜਥੇ ਦੇ ਆਉਣ ਨਾਲ ਫੂਲ ਰਿਆਸਤ ਦੇ ਗੁਰੂਸਰ, ਜਲਾਲ ਅਤੇ ਲੋਹਟਬੱਧੀ ਵਿਚ ਅਕਾਲੀ ਐਜੀਟੇਸ਼ਨ ਮੁੜ ਸੁਰਜੀਤ ਹੋ ਗਈ ਸੀ । ਸੰਬੰਧਤ ਪਿੰਡਾਂ ਵਿਚ ਨਥੂਰਾਮ ਜਾ ਰਿਹਾ ਸੀ ਤਾਂ ਜੋ ਉਹ ਜ਼ਰੂਰੀ ਕਾਰਵਾਈ ਕਰੇ । ਅਤੇ ਐਸ. ਐਸ. ਪੀ. ਨਰਾਇਣ ਸਿੰਘ ਫੂਲ ਦੀ ਇਸ ਗਲੋਂ ਸਲਾਹੁਤ ਕੀਤੀ ਗਈ ਕਿ ਉਸ ਨੇ ਗੁਰੂ ਸਰ ਵਿਚ ਜਥੇ ਦਾ ਸੁਆਗਤ ਨਹੀਂ ਹੋਣ ਦਿੱਤਾ ।

ਇਸ ਜਥੇ ਬਾਰੇ ਅਫਸਰਾਂ ਦੀ ਰਾਏ ਇਹ ਸੀ ਕਿ ਜਥੇ ਵਿਚ ਢੇਰ ਸਾਰੇ ਬੁੱਢੇ ਸਨ

[1] ਅਕਾਲੀ ਲਹਿਰ : ਗਿਆਨੀ ਪਰਤਾਪ ਸਿੰਘ—ਪੰਨਾ 416–17

Digitized by Panjab Digital Library | www.panjabdigilib.org

ਅਤੇ ਕੰਮੀਆਂ-ਕਮੀਣਾਂ ਦੀ ਫੌ ਸਦੀ ਚੰਗੀ ਤਕੜੀ ਸੀ। ਇਹਨਾਂ ਵਿਚ ਕੋਈ ਵੀ ਅਸਰ ਰਸੂਖ ਵਾਲਾ ਬੰਦਾ ਨਹੀਂ ਸੀ।[1] ਅਕਾਲੀਆਂ ਦੇ ਧਾਵਿਆਂ ਦੇ ਮੁਕਾਬਲੇ ਵਿਚ ਰਿਆਸਤ ਦੇ ਸੋਮੇ ਮੁਕ ਚੁਕੇ ਸਨ। ਅਤੇ ਮੈਡੀਕਲ ਸਟਾਫ ਸਾਰਾ ਜੈਤੋ ਵਿਚ ਕੇਂਦਰਿਤ ਕਰਨਾ ਪਿਆ ਸੀ ਜਿਸ ਕਰਕੇ ਹੋਰ ਥਾਈਂ ਕੰਮ ਰੁਕ ਗਿਆ ਸੀ।

## 4. ਪੰਜਵਾਂ ਜਥਾ

ਪੰਜਵਾਂ ਜਥਾ ਲਾਇਲਪੁਰ ਦੇ ਜ਼ਿਲੇ ਵਿਚੋਂ ਤੁਰਿਆ। ਇਸ ਦੇ ਜਥੇਬੰਦ ਕਰਨ ਦੇ ਰਾਹ ਵਿਚ ਬੜੀਆਂ ਔਕੜਾਂ ਆਈਆਂ। ਸ਼ਹਿਰ ਦੇ ਆਗੂਆਂ—ਡਾਕਟਰ ਹਰਸਰਨ ਸਿੰਘ, ਸ: ਸੁੰਦਰ ਸਿੰਘ ਵਗੈਰਾ ਨੂੰ ਗਰਿਫਤਾਰ ਕਰ ਲਿਆ ਗਿਆ। ਜ਼ਿਲੇ ਵਿਚ ਬੜੀ ਦਹਿਸ਼ਤ ਫੈਲਾਈ ਗਈ। ਪਰ ਇਸ ਸਭ ਕੁਛ ਦੇ ਬਾਵਜੂਦ ਜਥੇ ਨੂੰ ਰੋਕਿਆ ਨਾ ਜਾ ਸਕਿਆ। ਇਸ ਜਥੇ ਦੇ ਹੈਡ ਜਥੇਦਾਰ ਸ. ਉਤਮ ਸਿੰਘ, ਜਥੇਦਾਰ ਹਰਭਜਨ ਸਿੰਘ ਅਤੇ ਮੀਤ ਜਥੇਦਾਰ ਸ: ਉਜਾਗਰ ਸਿੰਘ ਸਨ ਜਿਹੜੇ ਕਿ ਰਸਾਲੇ ਦੀ ਨੌਕਰੀ ਛਡ ਕੇ ਜਥੇ ਵਿਚ ਸ਼ਾਮਲ ਹੋਏ ਸਨ।

ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਹਿੰਦੂ, ਸਿੱਖ ਤੇ ਮੁਸਲਿਮ ਆਗੂਆਂ ਵਲੋਂ ਜਥੇ ਦਾ ਪੁਰ-ਜੋਸ਼ ਸੁਆਗਤ ਕੀਤਾ ਗਿਆ ਅਤੇ ਜਥੇ ਨੂੰ ਅਗਲੇ ਪਰੋਗ੍ਰਾਮ ਅਨੁਸਾਰ 12 ਅਪਰੈਲ 1924 ਨੂੰ ਵਿਦਾ ਕੀਤਾ ਗਿਆ। ਜਿਥੇ ਜਿਥੇ ਵੀ ਇਹ ਜਥਾ ਪਹੁੰਚਿਆ ਲੋਕਾਂ ਨੇ ਇਸ ਦਾ ਆਦਰ ਸਤਕਾਰ ਕੀਤਾ। ਗੌਰਮਿੰਟ ਦੀ ਰਿਪੋਰਟ ਮੁਤਾਬਕ ਹਰ ਠਹਿਰਨ ਵਾਲੀ ਥਾਂ ਤੇ ਜਥੇ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਖੁਲ੍ਹੀਆਂ ਮਿਲੀਆਂ ਅਤੇ ਪਿੰਡਾਂ ਤੋਂ ਲੋਕ ਉਹਨਾਂ ਨੂੰ ਜੀਉ ਆਇਆਂ ਕਹਿਣ ਲਈ ਇਕੱਠੇ ਹੋਏ। ਘਸੀਟਪੁਰ ਪੜਾਅ ਤੇ ਸ: ਉਜਾਗਰ ਸਿੰਘ ਮੀਤ ਜਥੇਦਾਰ ਨੂੰ ਗਰਿਫਤਾਰ ਕਰ ਲਿਆ ਗਿਆ।

ਲਾਹੌਰ ਵਿਚ ਤਾਂ ਜਥੇ ਦੇ ਸੁਆਗਤ ਲਈ ਅਥਾਹ ਜੋਸ਼ ਸੀ। ਰਾਵੀ ਪਾਰ ਕਰ ਰਹੇ ਜਥੇ ਦੀ ਫਿਲਮ ਲਈ ਗਈ। ਲਾਹੌਰ ਦੀਆਂ ਅਖਬਾਰਾਂ ਦੇ ਐਡੀਟਰ, ਲਾਲਾ ਸ਼ਾਮ ਲਾਲ 'ਕੇਸਰੀ', ਲਾ: ਖੁਸ਼ਹਾਲ ਚੰਦ 'ਮਿਲਾਪ', ਮੌਲਾਨਾ ਅਖਤਰ ਅਲੀ 'ਜ਼ਿਮੀਂਦਾਰ' ਅਤੇ ਮੁਸਲਿਮ ਤੇ ਹਿੰਦੂ ਆਗੂ ਸਯੱਦ ਹਬੀਬ, ਲਾ: ਬਾਂਕੇ ਦਿਆਲ, ਡਾਕਟਰ ਪਰਸ ਰਾਮ, ਮੌਲਾਨਾ ਇਸਮਾਈਲ ਅਤੇ ਸਿੱਖ ਆਗੂ ਜਥੇ ਨੂੰ ਜੀਉ ਆਇਆਂ ਕਹਿਣ ਲਈ ਪਹੁੰਚੇ ਹੋਏ ਸਨ। ਜਥੇ ਦਾ ਸ਼ਹਿਰ ਵਿਚ ਬਹੁਤ ਸ਼ਾਨਦਾਰ ਜਲੂਸ ਕੱਢਿਆ ਗਿਆ। ਗੌਰਮਿੰਟ ਨੂੰ ਬੜਾ ਤੌਖਲਾ ਸੀ ਕਿ ਜੇ ਜਥੇ ਨੇ ਡੇਰਾ ਸਾਹਿਬ ਗੁਰਦੁਆਰੇ ਵਿਚ ਪੜਾਅ ਕੀਤਾ ਤਾਂ ਉਹ ਲਾਹੌਰ ਕਿਲ੍ਹੇ ਦੇ ਲਾਗੇ ਚਾਗੇ ਨਾਅਰੇ ਲਾਉਣਗੇ: ਅਕਾਲੀ ਆਗੂਆਂ ਨੂੰ ਰਿਹਾ ਕਰੋ, ਮੁਕੱਦਮਾ ਵਾਪਸ ਲਓ, ਵਗੈਰਾ—ਇਹ ਬੜੀ ਮਾੜੀ ਗੱਲ ਹੋਵੇਗੀ।

## 5. ਖਾਲਸਾ ਕਾਲਜ ਬੰਦ

26 ਅਪਰੈਲ ਨੂੰ ਜਥਾ ਜਿਸ ਵੇਲੇ ਖਾਲਸਾ ਕਾਲਜ ਦੇ ਲਾਗੇ ਪਹੁੰਚਾ ਤਾਂ ਸੁਆਗਤ ਲਈ ਕਾਲਜ ਦੇ ਵਿਦਿਆਰਥੀ ਅੱਗੇ ਹਾਜ਼ਰ ਸਨ। ਉਹ ਜਥੇ ਨੂੰ ਕਾਲਜ ਦੇ ਗੁਰਦੁਆਰੇ ਵਿਚ ਲੈ ਗਏ ਅਤੇ ਉਹਨਾਂ ਜਥੇ ਦੀ ਰੱਜ ਕੇ ਸੇਵਾ ਕੀਤੀ। ਗੁਰਦੁਆਰੇ ਵਿਚ ਬੜਾ ਭਾਰੀ ਦੀਵਾਨ

[1]. File no. 67/III B. 1924. Home, Pol.

Digitized by Panjab Digital Library | www.panjabdigilib.org

ਸੱਜਿਆ ਜਿਸ ਵਿਚ ਜਥੇ ਨੂੰ ਮਾਣ ਪੱਤਰ ਦਿੱਤਾ ਗਿਆ ਅਤੇ ਜਿਸ ਵਿਚ ਜਥਿਆਂ ਦੀ ਖੰਡਤ ਅਖੰਡ ਪਾਠ ਦੇ ਮੁੜ ਜਾਰੀ ਕਰਨ ਲਈ ਕੁਰਬਾਨੀਆਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਜਥੇ ਦੇ ਪਹੁੰਚਣ ਤੋਂ ਇਕ ਦਿਨ ਪਹਿਲੋਂ ਤਹਿਸੀਲਦਾਰ ਤੇ ਇਨਸਪੈਕਟਰ ਪੁਲਸ ਕਾਲਜ ਦੇ ਪਰਿੰਸੀਪਲ ਮਿਸਟਰ ਆਰਮ ਸਟਰੌਂਗ ਨੂੰ ਇਹ ਕਹਿਣ ਲਈ ਮਿਲੇ ਸਨ ਕਿ ਤੁਸੀਂ ਹੁਕਮ ਕਰ ਕੇ ਵਿਦਿਆਰਥੀਆਂ ਨੂੰ ਜਥੇ ਦੇ ਸੁਆਗਤ ਤੋਂ ਰੋਕੋ। ਪਰਿੰਸੀਪਲ ਨੇ ਉਹਨਾਂ ਨੂੰ ਸਾਫ ਜਵਾਬ ਦਿੱਤਾ : ਨਾ ਮੈਂ ਵਿਦਿਆਰਥੀਆਂ ਨੂੰ ਜਥੇ ਦਾ ਸੁਆਗਤ ਕਰਨੋਂ ਰੋਕਣਾ ਹੈ, ਨਾ ਤੁਹਾਨੂੰ ਗਰਿਫਤਾਰੀਆਂ ਕਰਨੋਂ। ਇਸ ਮਾਮਲੇ ਵਿਚ ਹਾਲਾਂ ਮੈਂ ਕੋਈ ਦਖਲ ਨਹੀਂ ਦੇਣਾ।

ਪਰ ਵਿਦਿਆਰਥੀਆਂ ਵਲੋਂ ਜਥੇ ਦੇ ਸੁਆਗਤ ਦੇ ਕਾਰਣ ਗੌਰਮਿੰਟ ਆਪੇ ਤੋਂ ਬਾਹਰ ਹੋ ਗਈ। ਪਰਿੰਸੀਪਲ ਨੇ ਸਰਕਾਰੀ ਦਬਾਅ ਥੱਲੇ, ਕੁਛ ਸਿਰ ਕੱਢ ਵਿਦਿਆਰਥੀਆਂ ਨੂੰ ਸਜ਼ਾਵਾਂ ਦੇ ਦਿੱਤੀਆਂ ਜਿਸ ਦੇ ਕਾਰਣ ਕਾਲਜ ਬੰਦ ਹੋ ਗਿਆ। ਹੇਲੀ ਦੀਆਂ ਨਜ਼ਰਾਂ ਵਿਚ ਇਹ ਸਜ਼ਾਵਾਂ "ਬਿਲਕੁਲ ਨਾਕਾਫੀ" ਸਨ। ਪਰ ਪਰਿੰਸੀਪਲ ਨੇ ਦਲੀਲ ਦਿੱਤੀ ਕਿ ਜੇ ਉਹ ਇਸ ਤੋਂ ਜ਼ਿਆਦਾ ਸਜ਼ਾਵਾਂ ਦੇਂਦਾ ਤਾਂ ਉਸ ਨੂੰ ਤਾਕਤ ਵਰਤ ਕੇ ਵਿਦਿਆਰਥੀਆਂ ਨੂੰ ਕਾਲਜੋਂ ਕੱਢਣਾ ਪੈਣਾ ਸੀ......ਪਤਾ ਨਹੀਂ ਇਹ ਕਿੱਥੋਂ ਤਕ ਠੀਕ ਹੈ। ਗੱਲ ਸਾਫ ਹੈ, ਕਿ ਕਮੇਟੀ ਵਲੋਂ ਕਾਲਜ ਬੰਦ ਕਰਨ ਦਾ ਕਦਮ ਉਠਾਉਣ ਤੋਂ ਪਹਿਲੋਂ ਕਾਲਜ ਹੱਥਾਂ ਵਿਚੋਂ ਨਿਕਲ ਚੁੱਕਾ ਸੀ। ਪਰਬੰਧਕ ਕਮੇਟੀ ਨੇ ਵਿਦਿਆਰਥੀਆਂ ਦੇ ਮਨੋਰਥ ਦੀ ਖੁਲ੍ਹੀ ਹਮਾਇਤ ਨਹੀਂ ਕੀਤੀ। ਇਹ ਕੰਮ ਵਿਅੱਕਤੀਆਂ ਉਤੇ ਛੱਡ ਦਿੱਤਾ ਗਿਆ। ਇਸ ਦੇ ਅਰਥ ਇਹ ਹੋਣਗੇ ਕਿ ਰਿਆਸਤਾਂ ਦੇ ਚੰਦੇ ਅਤੇ ਗੌਰਮਿੰਟ ਦੇ ਇਮਦਾਦੀ ਰੁਪਏ ਬੰਦ ਹੋ ਜਾਣਗੇ। ਮਾਮਲਾ ਸ਼ੱਕੀ ਹੈ ਕਿ ਕਮੇਟੀ ਕਾਲਜ ਨੂੰ ਹੱਥਾਂ ਵਿਚ ਲੈ ਲਏਗੀ—ਕਿਉਂਕਿ ਇਹ ਕੋਈ ਧਾਰਮਕ ਮਸਲਾ ਨਹੀਂ।[1]

ਇਸ ਤੋਂ ਕੁਛ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਕਾਲੀ ਤਹਿਰੀਕ ਦੇ ਤੋੜਨ ਲਈ ਹੇਲੀ ਗੌਰਮਿੰਟ ਕਿੰਨੀ ਤੁਲੀ ਹੋਈ ਸੀ। ਹੇਲੀ ਨੂੰ ਇਕ ਅੰਗਰੇਜ਼ ਪਰਿੰਸੀਪਲ ਵਲੋਂ ਵਿਦਿਆਰਥੀਆਂ ਨੂੰ ਦਿੱਤੀ ਕੋਈ ਸਜ਼ਾ ਵੀ ਖੁਸ਼ ਨਹੀਂ ਕਰ ਸਕੀ। ਉਹ, ਪਤਾ ਨਹੀਂ ਕਿੰਨੇ ਕੁ ਵਿਦਿਆਰਥੀਆਂ ਨੂੰ ਕਾਲਜ ਵਿਚੋਂ ਕੱਢ ਦੇਣ ਦੀ ਸਜ਼ਾ ਦੇਣ ਉਤੇ ਖੁਸ਼ ਹੁੰਦਾ। ਧਰਮ ਪਿੱਛੋਂ, ਵਫਾਦਾਰੀ ਪਹਿਲੋਂ ਹੇਲੀ ਦੀ ਪਾਲਿਸੀ ਸੀ।

ਖਾਲਸਾ ਕਾਲਜ ਵਿਚੋਂ ਜਥੇ ਨੂੰ ਲੈਣ ਵਾਸਤੇ ਹਜ਼ਾਰਾਂ ਸਿੱਖ ਪਹੁੰਚੇ ਹੋਏ ਸਨ। ਏਥੋਂ ਇਕ ਵਡੇ ਜਲੂਸ ਦੀ ਸ਼ਕਲ ਵਿਚ, ਧੂਮ-ਧੜੱਕੇ ਤੇ ਬੈਂਡ ਵਾਜੇ ਨਾਲ ਜੱਥਾ ਗੁਰਦੁਆਰਾ ਪਿਪਲੀ ਸਾਹਿਬ ਪਹੁੰਚਾ। ਏਥੇ ਜਥੇ ਨੂੰ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ[2] ਨੇ ਮਾਣ ਪੱਤਰ ਪੇਸ਼

---

[1] From Hailey. Simla. July 8th 1924 to G. de-Montmorency. P. S. V.

[2] ਗਿਆਨੀ ਕਰਤਾਰ ਸਿੰਘ ਕਲਾਸ ਵਾਲੀਆ 5/11ਵੀਂ ਪੰਜਾਬ ਰਜਮੰਟ ਵਿਚ ਗਰੰਥੀ ਸੀ। ਇਸ ਦੀ ਪੁਸਤਕ 'ਸੁਧਾਰ ਖਾਲਸਾ' ਰਜਮੰਟ ਦੇ ਕਮਾਨ ਅਫਸਰ ਵਲੋਂ 'ਗੌਰਮਿੰਟ★

Digitized by Panjab Digital Library | www.panjabdigilib.org

ਕੀਤਾ । ਜਥੇ ਦੇ ਸੁਆਗਤ ਵਿਚ ਹਾਲ ਬਾਜ਼ਾਰ, ਨਵ-ਵਿਆਹੀ ਵਹੁਟੀ ਵਾਂਗ, ਸਜਿਆ ਹੋਇਆ ਸੀ । ਅਕਾਲ ਤਖਤ ਸਾਮ੍ਹਣੇ ਭਾਰੀ ਮੀਟਿੰਗ ਪਿਛੋਂ ਜਥੇ ਦਾ ਕਿਆਮ, ਆਰਾਮ ਲਈ, ਬਾਗ ਅਕਾਲੀਆਂ ਵਿਚ ਕਰਾਇਆ ਗਿਆ । ਇਹ ਜਥਾ ਜੈਤੋ ਨੂੰ ਪਹਿਲੀ ਮਈ ਨੂੰ ਤੁਰਿਆ ਅਤੇ 21 ਮਈ ਨੂੰ ਜੈਤੋ ਵਿਚ ਗਰਿਫਤਾਰ ਹੋ ਗਿਆ । ਇਸ ਜਥੇ ਬਾਬਤ ਗੌਰਮਿੰਟ ਨੇ ਬੜਾ ਧੁਮਾਇਆ ਹੋਇਆ ਸੀ ਕਿ ਇਹ ਹਿੰਸਕ ਕਾਰਵਾਈਆਂ ਕਰੇਗਾ ! ਇਸ ਲਈ ਪੁਲਸ ਫੌਜ ਦਾ ਬੜਾ ਮੁਜ਼ਾਹਰਾ ਕੀਤਾ ਗਿਆ ਅਤੇ 12 ਪਿੰਡਾਂ ਤੋਂ ਲੋਕਾਂ ਨੂੰ ਜਥੇ ਨੂੰ ਸੌੜ ਚਾੜ੍ਹਨ ਲਈ ਸੱਦਿਆ ਗਿਆ ਸੀ ।

ਵਿਲਸਨ ਦੀਆਂ ਨਜ਼ਰਾਂ ਵਿਚ ਇਹ ਜਥਾ ਸਭ ਤੋਂ ਜ਼ਿਆਦਾ ਕਮਜ਼ੋਰ ਸੀ । ਜ਼ਿਆਦਾ ਕਮਜ਼ੋਰਾਂ ਦੀ ਥਾਂ ਅਜੇ 200 ਅਕਾਲੀ ਅਮਰਿਤਸਰ ਵਿਚ ਹੋਰ ਪਾਏ ਗਏ ਸਨ । ਇਸ ਵਿਚ ਬੱਚਿਆਂ ਤੇ ਬੁੱਢਿਆਂ ਦੀ ਭਰਮਾਰ ਸੀ । ਬਹੁ-ਗਿਣਤੀ ਕਮੀਣਾਂ ਦੀ ਸੀ। ਇਸ ਵਿਚ 10 ਫੀ ਸਦੀ ਵੀ ਜੱਟ ਨਹੀਂ ਸਨ ਅਤੇ ਕੋਈ ਵੀ ਰੰਗਰੂਟਿੰਗ ਅਫਸਰ ਜਥੇ ਦੇ ਪੰਜ ਫੀ ਸਦੀ ਮਿੰਬਰ ਵੀ ਪਾਸ ਨਹੀਂ ਸੀ ਕਰ ਸਕਦਾ ।[2]

ਉਤਲੀ ਰਿਪੋਰਟ ਦਾ ਮਤਲਬ ਸਮਝ ਲੈਣਾ ਚਾਹੀਦਾ ਹੈ । ਗੌਰਮਿੰਟ ਦੇ ਨਿਰਣੇ ਵਿਚ ਮੋਰਚੇ ਦਾ ਮੁਖ ਧੁਰਾ ਜੱਟ ਸਨ । ਇਹਨਾਂ ਦੀ ਗਿਣਤੀ ਘਟਣ ਦੇ ਅਰਥ ਸਨ ਤਹਿਰੀਕ ਦਾ ਕਮਜ਼ੋਰ ਪੈ ਜਾਣਾ । ਗੌਰਮਿੰਟ ਦੀਆਂ ਰਿਪੋਰਟਾਂ ਵਿਚ 'ਕਮੀਣਾਂ' ਦਾ ਜ਼ਿਕਰ ਬੜੀ ਘਿਰਣਾ ਨਾਲ ਕੀਤਾ ਗਿਆ ਹੈ—ਜਿਵੇਂ ਇਹਨਾਂ ਦੀ ਕੋਈ ਵੀ ਕਦਰ ਕੀਮਤ ਨਹੀਂ । ਅਤੇ ਬੁਢਿਆਂ ਅਤੇ ਬੱਚਿਆਂ ਦਾ ਜ਼ਿਕਰ ਵੀ ਏਹੋ ਸੁਝਾਅ ਦੇਂਦਾ ਹੈ ਕਿ ਬਾਲਗ ਤੇ ਜਵਾਨ ਅਕਾਲੀ ਹੁਣ ਸ਼੍ਰੋਮਣੀ ਕਮੇਟੀ ਨੂੰ ਨਹੀਂ ਮਿਲ ਰਹੇ । ਇਸ ਲਈ ਲਹਿਰ ਢਹਿੰਦੀਆਂ ਕਲਾਂ ਵਲ ਜਾ ਰਹੀ ਹੈ ।

---

★ਵਿਰੋਧੀ' ਕਰਾਰ ਦਿਤੀ ਗਈ । ਉਸ ਨੂੰ ਬੜੀ ਚਿੰਤਾ ਲਗ ਗਈ ਕਿ ਸਰਕਾਰ ਉਸ ਦੀ ਜ਼ਮੀਨ ਜ਼ਬਤ ਕਰ ਲਏਗੀ । ਉਸ ਨੇ ਇਸ ਬਾਰੇ ਤਿੰਨ ਚਿਠੀਆਂ ਲਿਖੀਆਂ ।

1. ਚੀਫ ਸੈਕਟਰੀ ਨੇ ਲਿਖਿਆ : 'ਕੁਛ ਇਕ ਇਤਰਾਜ਼-ਯੋਗ ਟੁਕੜੀਆਂ—ਬੜੀ ਨਰਮ ਜ਼ਬਾਨ ਵਿਚ-ਕਿਸੇ ਕਾਰਵਾਈ ਦੀ ਲੋੜ ਨਹੀਂ ।'

2. ਮੈਂ ਤੁਹਾਨੂੰ ਦਸਦਾ ਹਾਂ ਕਿ ਗਿਆਨੀ ਕਰਤਾਰ ਸਿੰਘ ਨੇ ਅਕਾਲੀ ਜਥੇਦਾਰ ਦੇ ਨਰਾਜ਼ ਹੋ ਜਾਣ ਕਰਕੇ ਅਸਤੀਫਾ ਦੇ ਦਿਤਾ ਹੈ ।

3. ਉਹ ਹੁਣ ਅਕਾਲੀ ਵਿਰੋਧੀ ਲਹਿਰ ਵਿਚ ਮਦਦ ਕਰ ਰਿਹਾ ਹੈ । ਜਿਹੜੀ ਉਸ ਦੇ 'ਤਿਆਰ-ਬਰ-ਤਿਆਰ ਕਲਮ ਰਾਹੀਂ ਬੜਾ ਫਾਇਦਾ ਉਠਾਏਗੀ ।' ਟਿੱਪਣੀ ਦੀ ਲੋੜ ਨਹੀਂ ।

File no. 333 Pol. Home 1924—H. D. Craik's letter to Deputy Sec. Govt. of India. dated 3.11.24.

[2] From Wilson Johnston to Col. Minchin A. G. G. D/ 22 May 1924.

Digitized by Panjab Digital Library | www.panjabdigilib.org

## 6. ਹਿੰਦੋਸਤਾਨੋਂ ਬਾਹਰ ਦੇ ਜਥੇ

ਜੈਤੋ ਦੇ ਹੱਤਿਆਕਾਂਡ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਝੰਜੋੜ-ਹਲੂਣ ਦਿੱਤਾ ਸੀ। ਜਿੱਥੇ ਜਿੱਥੇ ਵੀ ਸਿੱਖ ਬੈਠੇ ਸਨ ਉਥੇ ਉਥੇ ਹੀ ਉਹਨਾਂ ਨੇ ਜੈਤੋ ਦੇ ਅਖੰਡ ਪਾਠ ਦੇ ਮੋਰਚੇ ਨੂੰ ਸਿੱਖ ਜਾਤੀ ਦੀ ਜ਼ਿੰਦਗੀ ਮੌਤ ਦਾ ਸਵਾਲ ਬਣਾ ਲਿਆ ਸੀ। ਕਲਕੱਤਾ ਬੰਬਈ ਦੇ ਸਿੰਘਾਂ ਦੀ ਤਾਂ ਗੱਲ ਛੱਡੋ, ਏਥੋਂ ਤਾਂ ਜਥੇ ਜਾਂ ਤਾਕਤ ਅਨੁਸਾਰ ਅਕਾਲੀ ਆਉਣੇ ਹੀ ਸਨ, ਬਦੇਸ਼ਾਂ ਵਿਚੋਂ ਸਿੰਘ ਤੇ ਜਥੇ ਆਉਣੇ ਸ਼ੁਰੂ ਹੋ ਗਏ। ਇਸ ਲਈ ਪੰਜਾਬ ਦੇ ਥੋੜ-ਗਿਣਤ ਸਿੱਖਾਂ ਦੀ ਇਹ ਅਕਾਲੀ ਤਹਿਰੀਕ ਰਾਸ਼ਟਰੀ ਹੀ ਨਹੀਂ, ਅੰਤਰ ਰਾਸ਼ਟਰੀ ਸ਼ਕਲ ਧਾਰਨ ਕਰ ਗਈ।

ਪਹਿਲੋਂ ਹੀ ਗੁਰੂ ਕੇ ਬਾਗ ਦੀ ਵਹਿਸ਼ੀਆਨਾ ਤੇ ਬਰਬਰੀ ਕੁਟਕੁੱਟ ਨੇ ਅਕਾਲੀ ਤਹਿਰੀਕ ਨੂੰ ਹਿੰਦੁਸਤਾਨ ਦੇ ਇਤਿਹਾਸ ਦਾ ਇਕ ਸ਼ਾਨਦਾਰ ਕਾਂਡ ਬਣਾ ਦਿੱਤਾ ਸੀ ਅਤੇ ਪੰਜਾਬ ਕੌਂਸਲ ਤੇ ਸੰਟਰਲ ਅਸੰਬਲੀ ਵਿਚ ਪੰਜਾਬ ਤੇ ਹਿੰਦੁਸਤਾਨ ਦੇ ਗੈਰ-ਸਰਕਾਰੀ ਪਰਤੀਨਿਧਾਂ ਨੇ ਇਸ ਜ਼ੁਲਮ ਦੇ ਖਿਲਾਫ ਆਪਣੀ ਆਵਾਜ਼ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਪਹੁੰਚਾ ਦਿੱਤੀ ਸੀ। ਅਤੇ ਇੰਗਲੈਂਡ ਦੀ ਮਜ਼ਦੂਰ ਪਾਰਟੀ ਦੇ ਪਾਰਲੀਮਿੰਟ ਦੇ ਕੁਛ ਇਕ ਮਿੰਬਰਾਂ ਨੇ ਸਵਾਲਾਂ ਤੇ ਸਪੀਚਾਂ ਰਾਹੀਂ ਪਾਰਲੀਮਿੰਟ ਵਿਚ ਇਸ ਜ਼ੁਲਮ ਨੂੰ ਸੰਸਾਰ ਭਰ ਵਿਚ ਨੰਗਾ ਕਰ ਦਿੱਤਾ ਸੀ। ਇਸ ਨੰਗਾ ਕਰਨ ਵਿਚ ਗੁਰੂ ਕੇ ਬਾਗ ਦੇ ਜ਼ੁਲਮ ਤੇ ਅੱਤਿਆਚਾਰ ਦੀਆਂ ਫਿਲਮਾਂ ਨੇ ਅਮਰੀਕਾ ਵਿਚ ਬੜਾ ਕੰਮ ਕੀਤਾ। ਅਮਰੀਕੀ ਸ਼ਹਿਰੀਆਂ ਨੇ ਬਰਿਟਿਸ਼ ਰਾਜ ਦੇ ਨਿਹੱਥਿਆਂ ਉਤੇ ਇਸ ਜ਼ੁਲਮ ਦੇ ਖਿਲਾਫ ਨਫਰਤ ਦਾ ਇਜ਼ਹਾਰ ਕੀਤਾ ਸੀ ਜਿਸ ਤੇ ਬਰਿਟਿਸ਼ ਸਰਕਾਰ ਨੂੰ ਅਮਰੀਕੀ ਸਰਕਾਰ ਕੋਲ ਪ੍ਰੋਟੈਸਟ ਕਰਨਾ ਪਿਆ ਸੀ।

ਪਰ ਜੈਤੋ ਦੇ ਗੋਲੀ ਕਾਂਡ ਨੇ ਤਾਂ ਬਰਿਟਿਸ਼ ਸਾਮਰਾਜ ਦੀ ਅੱਤ-ਭਿਆਨਕ ਤੇ ਘਿਨੌਣੀ-ਖਸਲਤ ਲੋਕਾਂ ਸਾਮ੍ਹਣੇ ਲਿਆ ਖੜੀ ਕੀਤੀ। ਗੌਰਮਿੰਟ ਝੂਠੀ ਸੀ ਅਤੇ ਝੂਠ ਨੂੰ ਲੁਕੋਣ ਦੇ ਜਤਨ ਕਰ ਰਹੀ ਸੀ, ਅਸੰਬਲੀ ਤੇ ਕੌਂਸਲ ਦੇ ਮਿੰਬਰਾਂ ਨੇ ਇਸ ਝੂਠ ਦਾ ਤਾਣਾ ਬਾਣਾ ਤਾਰ ਤਾਰ ਕਰ ਕੇ ਰੱਖ ਦਿੱਤਾ। ਗੌਰਮਿੰਟ ਅਫਸਰਾਂ ਦੇ ਬਿਆਨਾਂ ਵਿਚ ਏਨੀਆਂ ਪਰਸਪਰ ਵਿਰੋਧੀ ਗੱਲਾਂ ਸਨ ਕਿ ਉਹਨਾਂ ਕੋਲੋਂ ਸਫਾਈ ਲਈ ਕੋਈ ਗੱਲ ਹੀ ਨਹੀਂ ਸੀ ਬਣਦੀ, ਐਵੇਂ ਢੀਠਾਂ ਵਾਗ ਸਿਰ ਅੜਾਈ ਚਲੇ ਜਾਂਦੇ ਸਨ। ਪਾਰਲੀਮਿੰਟ ਵਿਚ ਮਜ਼ਦੂਰ ਪਾਰਟੀ ਦੇ ਮਿੰਬਰ ਲੈਨਜ਼ਬਰੀ ਤੇ ਹੋਰਨਾਂ ਨੇ ਜੈਤੋ-ਗੋਲੀ-ਕਾਂਡ ਦਾ ਕੇਸ ਚੰਗੀ ਤਰ੍ਹਾਂ ਪੇਸ਼ ਕੀਤਾ ਅਤੇ ਲੰਡਨ ਟਾਈਮਜ਼, ਮਾਨਚੈਸਟਰ ਗਾਰਡੀਅਨ ਅਤੇ ਨੈਸ਼ਨਲ ਹੈਰਲਡ ਜੇਹੇ ਹੈਂਕੜ-ਬਾਜ ਸਾਮਰਾਜੀ ਅਖਬਾਰਾਂ ਨੂੰ ਅੰਗਰੇਜ਼ ਰਾਜ ਦੇ ਖਿਲਾਫ ਦਿਨੋ ਦਿਨ ਵਧ-ਰਹੀ ਨਫਰਤ ਨਜ਼ਰ ਆਉਣ ਲਗ ਪਈ।

ਕੈਨੇਡੀਅਨ ਸ਼ਹੀਦੀ ਜਥੇ ਨੇ ਜੈਤੋ ਦੇ ਮੋਰਚੇ ਨੂੰ, ਅਸਲੀ ਅਰਥਾਂ ਵਿਚ, ਅੰਤਰ-ਰਾਸ਼ਟਰੀ ਸ਼ੁਹਰਤ ਦਾ ਮੋਰਚਾ ਬਣਾ ਦਿੱਤਾ। 27 ਜੁਲਾਈ 1924 ਨੂੰ 11 ਸਿੰਘਾਂ ਦਾ ਇਹ ਜਥਾ ਮੋਰਚੇ ਵਿਚ ਜਾਣ ਲਈ ਵੈਨਕੋਵਰ ਤੋਂ ਤੁਰਿਆ। ਪ੍ਰੋਗ੍ਰਾਮ ਉਹਨਾਂ ਦਾ ਇਹ ਸੀ ਕਿ ਉਹ ਰਸਤੇ ਵਿਚ ਸ਼ਿੰਘਾਈ, ਹਾਂਗ ਕਾਂਗ, ਸਿੰਘਾਪੁਰ, ਪੀਨਾਂਗ ਵਗੈਰਾ ਬੰਦਰਗਾਹਾਂ ਤੇ ਉਤਰਦੇ ਹੋਏ ਜਾਣਗੇ ਅਤੇ ਇਹਨਾਂ ਥਾਵਾਂ ਤੋਂ ਜਥੇ ਵਿਚ ਹੋਰ ਮਿੰਬਰ ਭਰਤੀ ਕਰਦੇ ਜਾਣਗੇ। ਅਤੇ ਇਸ ਤਰ੍ਹਾਂ, ਉਹਨਾਂ ਨੂੰ ਆਸ ਸੀ ਕਿ, ਉਹ ਇਕ ਤਕੜਾ ਜਥਾ ਬਣਾ ਕੇ ਹਿੰਦੁਸਤਾਨ ਪਹੁੰਚਣਗੇ।

ਤੁਰਨ ਤੋਂ ਪਹਿਲੋਂ ਇਸ ਸ਼ਹੀਦੀ ਜਥੇ ਦੀ ਕੈਨੇਡਾ ਤੇ ਅਮਰੀਕਾ ਵਿਚ ਬੜੀ ਚਰਚਾ ਹੋਈ। ਅਖਬਾਰ ਵੈਨਕੋਵਰ ਮਾਰਨਿੰਗ ਸੰਨ ਦੇ ਪਹਿਲੇ ਸਫੇ ਤੇ ਮੰਗਲਵਾਰ 22 ਜੁਲਾਈ ਨੂੰ

Digitized by Panjab Digital Library | www.panjabdigilib.org

ਇਹਨਾਂ 11 ਸਿੱਖਾਂ ਦੀ ਫੋਟੋ ਛਪੀ। ਇਕੋ ਜੇਹੇ ਜਵਾਨਾਂ ਦੇ ਪੂਰਣ ਕੱਦ ਦੀ ਇਹ ਤਸਵੀਰ ਬੜੀ ਪਰਭਾਵਸ਼ਾਲੀ ਸੀ। ਸਿਰਲੇਖ ਸੀ : 'ਨਵੇਂ ਜਹਾਦ ਲਈ ਹਿੰਦੁਸਤਾਨ ਨੂੰ ਚਾਲੇ'। ਅਤੇ ਥੱਲੇ ਇਸ ਤਸਵੀਰ ਦੇ ਇਹ ਇਬਾਰਤ ਲਿਖੀ ਸੀ :

'ਏਥੇ 11 ਸਿੱਖ ਪਾਦਰੀਆਂ ਦੀ ਤਸਵੀਰ ਵਿਖਾਈ ਗਈ ਹੈ। ਇਹ ਕੈਨੇਡਾ ਦੇ ਕਈ ਸ਼ਹਿਰਾਂ ਤੋਂ ਆਏ ਹਨ। ਇਹ ਹਿੰਦੁਸਤਾਨ ਨੂੰ "ਐਮਪਰੈਸ ਆਫ ਆਸਟਰੇਲੀਆ" ਜ਼ਹਾਜ਼ ਵਿਚ ਚੜ੍ਹਨ ਤੋਂ ਪਹਿਲੋਂ ਦੀ ਤਸਵੀਰ ਹੈ। ਇਹ ਕਨੈਡਾ ਨੂੰ ਮੁਜਾਹਦਾਂ ਤੇ ਸ਼ਹੀਦਾਂ ਦੀ ਰੋਲ ਵਿਚ ਛੱਡ ਰਹੇ ਹਨ। ਇਹਨਾਂ ਨੇ ਕੈਨੇਡਾ ਵਿਚ ਆਪਣੀਆਂ ਜਾਏਦਾਦਾਂ ਤਿਆਗ ਦਿਤੀਆਂ ਹਨ ਤਾਂ ਜੋ ਇਹ ਬਰਿਟਿਸ਼ ਦੁਰ-ਰਾਜ ਦੇ ਖਿਲਾਫ ਹਿੰਦੁਸਤਾਨ ਵਿਚ ਜਾ ਕੇ ਹਮਲੇ ਦੀ ਅਗਵਾਈ ਕਰ ਸਕਣ। ਇਹ ਕਾਰਵਾਈ ਉਹਨਾਂ ਨੇ ਹਿੰਦੁਸਤਾਨ ਵਿਚੋਂ ਆਈਆਂ ਅਖਬਾਰਾਂ ਦੇ ਭੜਕੀਲੇ ਲੇਖਾਂ ਨੂੰ ਪੜ੍ਹ ਕੇ, ਜੋਸ਼ ਵਿਚ ਆ ਕੇ, ਕੀਤੀ ਹੈ। ਤੁਰਨ ਤੋਂ ਪਹਿਲੋਂ ਉਹਨਾਂ ਨੇ ਤਿੰਨ ਦਿਨ ਪਰਾਰਥਨਾ ਕੀਤੀ ਅਤੇ ਅੰਨ ਤਿਆਗੀ ਰੱਖਿਆ। ਉਹਨਾਂ ਦਾ ਇਰਾਦਾ ਹਿੰਦੁਸਤਾਨ ਵਿਚ ਪਹੁੰਚ ਕੇ ਧਾਰਮਕ ਆਜ਼ਾਦੀ ਲਈ ਜੰਗ ਕਰਨਾ ਹੈ। ਇਹ ਸਿੱਖ ਪਾਦਰੀ ਮੁੜਕੇ ਕੈਨੇਡਾ ਵਿਚ ਨਹੀਂ ਆਉਣ ਲਗੇ। ਉਹਨਾ ਦੇ ਵੈਨਕੋਵਰ ਤੇ ਵਿਕਟੋਰੀਆ ਦੇ ਸਾਥੀਆਂ ਨੇ ਉਹਨਾਂ ਨੂੰ ਆਪਣੇ ਮਿਸ਼ਨ ਦੀ ਕਾਮਯਾਬੀ ਦੀਆਂ ਖਾਹਸ਼ਾਂ ਨਾਲ ਵਿਦਾ ਕੀਤਾ।"

'ਦੀ ਟਰੈਵਲਰ' ਅਖਬਾਰ ਦੇ ਹਿੰਦੁਸਤਾਨ ਵਿਚ ਰਹਿ ਚੁਕੇ ਐਡੀਟਰ ਨੇ 23 ਜੁਲਾਈ ਨੂੰ ਵਾਈਸਰਾਏ ਨੂੰ ਉਤਲੀ ਤਸਵੀਰ ਕਟ ਕੇ ਭੇਜੀ ਅਤੇ ਚਿੱਠੀ ਵਿਚ ਲਿਖਿਆ : 'ਗੋਰਿਆਂ ਲਈ ਦੇਸੀ (ਹਿੰਦੁਸਤਾਨੀ) ਲੋਕਾਂ ਵਿਚ ਮੈਨੂੰ ਬੜਾ ਵੱਡਾ ਫਰਕ ਆ ਗਿਆ ਨਜ਼ਰ ਆਉਂਦਾ ਹੈ। ਉਹਨਾਂ ਵਿਚ ਬਰਿਟਿਸ਼ ਫੌਜ ਦੀ ਪਰਤਖ ਦੁਸ਼ਮਣੀ ਪੈਦਾ ਹੋ ਗਈ ਹੈ।......ਇਹ ਪਾਦਰੀ ਧਾਰਮਕ ਜੰਗ ਕਰਨ ਲਈ ਜਾ ਰਹੇ ਹਨ। ਅਤੇ ਉਹਨਾਂ ਨੇ ਦਸਿਆ ਕਿ ਨੇੜੇ ਭਵਿਖ ਵਿਚ ਹੀ ਉਹ ਗੋਰੇ ਲੋਕਾਂ ਨੂੰ ਹਿੰਦੁਸਤਾਨ ਵਿਚੋਂ ਕਢ ਦੇਣਗੇ।' ਵਗੈਰਾ

ਅੰਗਰੇਜ਼ ਬਸਤੀਵਾਦੀਆਂ ਵਲੋਂ ਉਤਲੀ ਭੈਮਾਨ ਤਸਵੀਰ ਖਿੱਚਣ ਦੀ ਸਮਝ ਆਉਂਦੀ ਹੈ। ਕੈਨੇਡਾ ਵਿਚ ਗਏ ਅੰਗਰੇਜ਼ ਹਾਕਮਾਂ ਨੂੰ ਗਦਰ ਪਾਰਟੀ ਦੇ ਸੂਰਬੀਰਾਂ ਦੇ ਸਿਰ-ਲੱਥ ਕਾਰਨਾਮੇ ਨਹੀਂ ਸਨ ਭੁੱਲੇ। ਉਹ ਸ਼ਾਂਤਮਈ ਸੰਗਰਾਮ ਤੇ ਹਿੰਸਾਮਈ ਸੰਗਰਾਮ ਵਿਚ ਫਰਕ ਕਰਨਾ ਨਹੀਂ ਸਨ ਜਾਣਦੇ। ਇਸ ਲਈ ਉਹਨਾਂ ਦਾ, ਸਥਿਤੀ ਦਾ, ਮੁਲ-ਅੰਗਣ ਗਲਤ ਸੀ।

ਇਹ 11 ਸਿੱਖਾਂ ਦਾ ਸ਼ਹੀਦੀ ਜਥਾ ਜਿਸ ਵੇਲੇ ਜਹਾਜ਼ ਵਿਚ ਸ਼ੰਘਾਈ ਵਲ ਨੂੰ ਵਧ ਰਿਹਾ ਸੀ ਤਾਂ ਸ਼ੰਘਾਈ ਦੇ ਬਰਿਟਿਸ਼ ਕੌਂਸਲ ਜਨਰਲ ਨੇ ਵਾਈਸਰਾਏ ਨੂੰ ਪੁਛਿਆ ਕਿ ਉਸ ਨੂੰ ਜਥੇ ਨੂੰ ਸ਼ੰਘਾਈ ਵਿਚ ਉਤਰਨੋਂ ਰੋਕਣ ਦਾ ਅਧਿਕਾਰ ਹੈ ਜਾਂ ਨਹੀਂ। ਕਿਉਂਕਿ ਜਥਾ ਸੱਤ ਦਿਨ ਸ਼ੰਘਾਈ ਠਹਿਰੇਗਾ ਅਤੇ ਜਥੇ ਲਈ ਮਿੰਬਰ ਭਰਤੀ ਕਰੇਗਾ। ਉਹ ਚਾਹੁੰਦਾ ਸੀ ਕਿ ਜਥੇ ਨੂੰ ਜਹਾਜ਼ੋਂ ਹੀ ਨਾ ਉਤਰਨ ਦਿਤਾ ਜਾਵੇ ਅਤੇ ਸਿੱਧਾ ਅੱਗੇ ਨੂੰ ਤੋਰ ਦਿਤਾ ਜਾਏ।

ਇਹ ਜਥਾ 13 ਅਗਸਤ ਨੂੰ ਸ਼ੰਘਾਈ ਪਹੁੰਚਾ। ਇਸ ਨੇ 13 ਸਿੰਘ ਸ਼ੰਘਾਈ ਵਿਚੋਂ ਭਰਤੀ ਕੀਤੇ। 16 ਨੂੰ ਇਸ ਨੇ ਹਾਂਗਕਾਂਗ ਪਹੁੰਚਣਾ ਸੀ। 4 ਇਸ ਨੇ ਉਥੋਂ ਭਰਤੀ ਕੀਤੇ ਅਤੇ 10 ਸਿੰਘਾ ਪੁਰ ਤੋਂ ਅਤੇ ਕੁਛ ਹੋਰ ਪੀਨਾਂਗ ਤੋਂ। ਸਿੰਘਾ ਪੁਰ ਵਿਚ ਜਥੇ ਦਾ ਬੜਾ ਸੁਆਗਤ ਕੀਤਾ ਗਿਆ। ਤਿੰਨ ਸਤੰਬਰ ਨੂੰ ਇਹ ਜੱਥਾ "ਲਾਈਸਾਂਗ" ਰਾਹੀਂ ਸਿੰਘਾਪੁਰ ਨੂੰ ਤੁਰ ਗਿਆ ਸੀ, ਜਿਥੇ ਇਸ ਨੂੰ ਉਤਰਨ ਨਾ ਦਿਤਾ ਗਿਆ। ਇਸ ਜਥੇ ਬਾਬਤ ਸਰਕਾਰੀ ਰਿਪੋਰਟ ਇਹ ਸੀ

Digitized by Panjab Digital Library | www.panjabdigilib.org

ਕਿ "ਜਥਾ ਪੁਰਅਮਨ ਵਤੀਰੇ ਵਾਲਾ ਹੈ । ਕੋਈ ਮੁਸ਼ਕਲ ਨਹੀਂ ਪੇਸ਼ ਆਈ ।"[1]

14 ਸਤੰਬਰ ਨੂੰ, ਉਤਰਨ ਵੇਲੇ, ਆਮ ਲੋਕਾਂ ਵਲੋਂ ਕਲਕਤੇ ਵਿਚ ਜਥੇ ਦਾ ਬੜਾ ਸੁਆਗਤ ਹੋਇਆ । ਕੁਛ ਇਕ ਦਿਨ ਦੇ ਆਰਾਮ ਬਾਅਦ ਇਹ ਜਥਾ ਅਲਾਹਾਬਾਦ, ਕਾਨਪੁਰ, ਦਿੱਲੀ, ਅੰਬਾਲਾ, ਲੁਧਿਆਣਾ, ਜਲੰਧਰ ਹੁੰਦਾ ਹੋਇਆ ਅਮਰਿਤਸਰ ਪਹੁੰਚਾ । ਹਰ ਥਾਂ ਲੋਕਾਂ ਨੇ ਇਹਨਾਂ ਨੂੰ ਸ਼ਲਾਘਾ ਦੇ ਹਾਰ ਪਾਏ । ਇਸ ਸੁਆਗਤ ਵਿਚ ਕਾਂਗਰਸੀ ਤੇ ਖਿਲਾਫਤੀ ਆਗੂ ਸਿੱਖਾਂ ਨਾਲੋਂ ਪਿੱਛੇ ਨਹੀਂ ਸਨ । ਅਮਰਿਤਸਰ ਸਟੇਸ਼ਨ ਤੇ ਤਾਂ ਇਤਨੀ ਭੀੜ ਸੀ ਕਿ ਤਿਲ ਮਾਰਿਆਂ ਭੁੰਜੇ ਨਹੀਂ ਸੀ ਡਿਗਦਾ ।

ਇਸ ਜਥੇ ਦੇ ਆਉਣ ਨੇ ਪੰਜਾਬੀਆਂ ਵਿਚ, ਖਾਸ ਕਰ, ਸਿੱਖਾਂ ਵਿਚ, ਨਵਾਂ ਉਤਸ਼ਾਹ ਤੇ ਜੋਸ਼ ਭਰ ਦਿੱਤਾ । ਕੁਝ ਦਿਨ ਆਰਾਮ ਪਿੱਛੋਂ ਇਸ ਨੇ ਪੰਜਾਬ ਦੇ ਜ਼ਿਲਿਆਂ ਵਿਚ ਦੌਰਾ ਸ਼ੁਰੂ ਕਰ ਦਿੱਤਾ । ਥਾਂ ਥਾਂ ਸਿੰਘ ਨਵੇਂ ਸ਼ਹੀਦੀ ਜਥਿਆਂ ਦੀ ਭਰਤੀ ਲਈ ਆਪਣੇ ਨਾਮ ਲਿਖਵਾਉਣ ਲਗ ਪਏ । ਅਤੇ ਗੌਰਮਿੰਟ ਦੇ ਸਾਰੇ ਲੇਖੇ-ਜੋਖਿਆਂ ਤੇ ਪਾਣੀ ਫਿਰ ਗਿਆ ਕਿ ਨਵੇਂ ਜਥਿਆਂ ਲਈ ਆਦਮੀ ਨਹੀਂ ਮਿਲ ਰਹੇ ।

ਰਾਵਲਪਿੰਡੀ ਦੇ ਦੌਰੇ ਵੇਲੇ ਇਸ ਜਥੇ ਦੇ ਜਥੇਦਾਰ ਭਾਈ ਭਗਵਾਨ ਸਿੰਘ ਦੁਸਾਂਝ ਅਤੇ ਮੀਤ ਜਥੇਦਾਰ ਸ: ਹਰਬੰਸ ਸਿੰਘ ਨੂੰ ਫੜ ਲਿਆ ਗਿਆ ਅਤੇ ਮੁਕੱਦਮਾ ਚਲਾ ਕੇ 15 ਦਸੰਬਰ 1924 ਨੂੰ ਦੋ ਦੋ ਸਾਲ ਕੈਦ ਤੇ ਇਕ ਇਕ ਹਜ਼ਾਰ ਜੁਰਮਾਨਾ ਕਰ ਦਿੱਤਾ ਗਿਆ । ਜਥੇ ਦੇ ਬਾਕੀ ਸਿੰਘ ਦੌਰਾ ਕਰਦੇ ਰਹੇ । ਅਖੀਰ 21 ਫਰਵਰੀ 1925 ਨੂੰ ਇਹ ਬੀਰ ਜੈਤੋ ਪੁੱਜੇ ਅਤੇ ਉੱਥੇ ਉਹ ਗਰਿਫਤਾਰ ਕਰ ਲਏ ਗਏ ।

## 7. ਭਰਤੀ ਬੰਦ, ਪਿਨਸ਼ਨਾਂ ਆਦਿ ਜ਼ਬਤ

ਸਮਝੌਤੇ ਦੀ ਗੱਲਬਾਤ ਤੋੜਕੇ ਗੌਰਮਿੰਟ ਨੇ ਸਖਤੀ ਹੋਰ ਤੇਜ਼ ਕਰ ਦਿਤੀ । ਮੁੱਢ ਤੋਂ ਹੀ ਨਾਮ-ਕਟੇ ਤੇ ਪਿਨਸ਼ਨੀ ਫੌਜੀ ਅਕਾਲੀ ਤਹਿਰੀਕ ਵਿਚ ਹਿੱਸਾ ਲੈਣਾ ਆਪਣਾ ਧਾਰਮਕ ਫਰਜ਼ ਸਮਝਦੇ ਸਨ ਅਤੇ ਕੋਈ ਵੀ ਸੰਗਰਾਮ ਅਜੇਹਾ ਨਹੀਂ ਸੀ ਜਿਸ ਵਿਚ ਵੱਧ ਜਾਂ ਘੱਟ ਗਿਣਤੀ ਦੇ ਫੌਜੀਆਂ ਨੇ ਹਿੱਸਾ ਨਾ ਲਿਆ ਹੋਵੇ । ਕਈ ਸੂਬੇਦਾਰਾਂ, ਰਸਾਲਦਾਰਾਂ ਅਤੇ ਪਿਨਸ਼ਨੀਆਂ ਨੇ, ਗੁਰਦੁਆਰੇ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਵਿਚ ਲਿਆਉਣ ਲਈ, ਕੁਰਬਾਨੀਆਂ ਦਿੱਤੀਆਂ ਸਨ ਅਤੇ ਇਹਨਾਂ ਦੀ ਗਿਣਤੀ ਹਰ ਮੋਰਚੇ ਵਿਚ ਵਧਦੀ ਜਾਂਦੀ ਸੀ ।

500 ਦੇ ਸ਼ਹੀਦੀ ਜਥਿਆਂ ਦੇ ਲਗਾਤਾਰ ਜਾਣ ਨਾਲ ਗੌਰਮਿੰਟ ਦੇ ਅਫਸਰਾਂ ਦਾ ਗੁੱਸਾ ਤੇ ਬਦਲਾ-ਲਊ ਮੁਹਾਣ ਬੇਹਦ ਵੱਧ ਗਿਆ । ਉਹਨਾਂ ਨੇ ਸਿੱਖਾਂ ਦੀ ਭਰਤੀ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਅਤੇ ਹਦਾਇਤਾਂ ਘੱਲੀਆਂ ਕਿ ਅਕਾਲੀਆਂ ਨੂੰ ਸਿਵਲ ਜਾਂ ਫੌਜ ਦੇ ਕਿਸੇ ਮਹਿਕਮੇ ਵਿਚ, ਛੋਟੀ ਤੋਂ ਵੱਡੀ ਤਕ, ਕੋਈ ਨੌਕਰੀ ਨਾ ਦਿਤੀ ਜਾਵੇ ।[2] ਕੁਛ ਅੰਗਰੇਜ਼ ਅਫਸਰ ਸਮਝਦੇ ਸਨ ਕਿ ਸਿੱਖਾਂ ਦਾ ਨਿਰਭਰ ਹੀ ਅੰਗਰੇਜ਼ ਰਾਜ ਦੀਆਂ ਨੌਕਰੀਆਂ ਉਤੇ ਹੈ—ਇਹ ਨੌਕਰੀਆਂ ਬੰਦ ਹੋ ਗਈਆਂ ਤਾਂ ਇਹਨਾਂ ਦਾ ਦਿਵਾਲਾ ਨਿਕਲ ਜਾਏਗਾ ।

---

[1] ਇਸ ਤੋਂ ਉਤਲੇ ਤੱਥ ਫਾਈਲ ਨੰਬਰ 1/XI—1924 ਤੋਂ ਲਏ ਗਏ ਹਨ ।

[2] File no. 158/1925. Home : Pol. from Army Dept. Simla, 16 July, 1924.

Digitized by Panjab Digital Library | www.panjabdigilib.org

ਅੰਗਰੇਜ਼ ਹਾਕਮ ਓਨਾ ਚਿਰ ਹੀ ਕਿਸੇ ਨੂੰ ਦੋਸਤ ਆਖ ਕੇ ਵਡਿਆਂਦੇ ਸਨ ਜਿਨਾ ਚਿਰ ਕੋਈ ਹਾਂ-ਵਿਚ-ਹਾਂ ਮਿਲਾ ਕੇ ਮਤਲਬ ਦੇਈ ਜਾਏ। ਸਿੱਖਾਂ ਨੇ ਗੁਰਦੁਆਰਾ ਆਜ਼ਾਦੀ ਦੇ ਸੰਗਰਾਮ ਸ਼ੁਰੂ ਕੀਤੇ ਤਾਂ ਅੰਗਰੇਜ਼ ਹਾਕਮ ਸਿੱਖਾਂ ਨੂੰ ਆਪਣਾ ਦੁਸ਼ਮਣ ਗਰਦਾਨਣ ਲਗ ਪਏ ਅਤੇ ਉਹਨਾਂ ਨਾਲ ਦੁਸ਼ਮਣਾਂ ਵਾਲਾ ਸਲੂਕ ਕਰਨ ਲਗ ਪਏ।

ਅੰਗਰੇਜ਼ ਹਾਕਮਾਂ ਦੀ ਸੂਝ ਵੇਖੋ : ਉਹ ਸਮਝਦੇ ਸਨ ਕਿ ਕਿਸੇ ਸਿੱਖ ਨੂੰ ਪਿਨਸ਼ਨ, ਜੰਗੀ ਇਨਾਮ ਜਾਂ ਜ਼ਮੀਨ ਦੇਣ ਦਾ ਮਤਲਬ ਉਸਦੀ ਹਮੇਸ਼ਾਂ ਲਈ ਵਫ਼ਾਦਾਰੀ ਖਰੀਦ ਲੈਣਾ ਸੀ। ਇਹ ਪਿਨਸ਼ਨ ਵਗੈਰਾ ਉਸ ਨੂੰ ਸਿਰਫ ਉਹਦੀ ਬਹਾਦਰੀ, ਸੇਵਾ ਜਾਂ ਸਾਮਰਾਜ ਲਈ ਕੁਰਬਾਨੀ ਦੇ ਕਾਰਣ ਨਹੀਂ ਸੀ ਦਿਤੀ ਗਈ ਸਗੋਂ ਸਦੀਵੀ ਵਫ਼ਾਦਾਰ ਗੁਲਾਮ ਬਣੇ ਰਹਿਣ ਲਈ ਦਿੱਤੀ ਗਈ ਸੀ। ਇਸ ਲਈ ਉਸ ਦੀ ਜ਼ਮੀਨ ਜ਼ਬਤ ਕੀਤੀ ਜਾ ਸਕਦੀ ਹੈ, ਪਿਨਸ਼ਨ ਬੰਦ ਕੀਤੀ ਜਾ ਸਕਦੀ ਹੈ, ਵਗੈਰਾ। ਪਰ ਇਸ ਸਿਧਾਂਤ ਨਾਲ ਪਿਨਸ਼ਨ ਜਾਂ ਜ਼ਮੀਨ ਹਾਸਲ ਕਰਨ ਵਾਲੇ ਸਹਿਮਤ ਨਹੀਂ ਸਨ।

ਇਹ ਗਵਰਨਰ-ਇਨ-ਕੌਂਸਲ ਦਾ ਫੈਸਲਾ ਸੀ ਕਿ "ਅਕਾਲੀ ਤਹਿਰੀਕ ਦੇ ਵਰਤਮਾਨ ਪੜਾਅ ਤੇ ਕਿਸੇ ਸਿੱਖ ਨੂੰ ਜਿਸ ਦਾ ਖਾਨਦਾਨ **ਮਜ਼ਬੂਤੀ ਨਾਲ ਉਭਰਵੀਆਂ ਅਕਾਲੀ ਹਮਦਰਦੀਆਂ ਰਖਦਾ** ਹੈ ਗੌਰਮਿੰਟ ਥੱਲੇ ਕੋਈ ਸਿਵਲ ਜਾ ਫੌਜੀ ਨੌਕਰੀ ਨਾ ਦਿਤੀ ਜਾਵੇ। ਇਸ ਲਈ ਉਹ ਤਜਵੀਜ਼ ਕਰਦਾ ਹੈ ਕਿ ਇਹ ਗੱਲ ਸਾਫ ਕਰ ਦਿੱਤੀ ਜਾਏ ਕਿ ਫੌਜ ਦੀ ਭਰਤੀ ਉਹਨਾਂ ਪਿੰਡਾਂ ਵਿਚ ਬੰਦ ਕਰ ਦਿੱਤੀ ਜਾਏਗੀ ਜਿਨ੍ਹਾਂ ਨੇ ਅਕਾਲੀ ਤਹਿਰੀਕ ਵਿਚ ਸਰਗਰਮ ਹਿੱਸਾ ਲਿਆ ਹੈ ਅਤੇ ਕੋਈ ਉਹ ਸਿੱਖ ਫੌਜ ਵਿਚ ਭਰਤੀ ਨਹੀਂ ਕੀਤੇ ਜਾਣਗੇ ਜਿਨ੍ਹਾਂ ਨੇ ਖੁਦ ਕੋਈ ਹਿੱਸਾ ਲਿਆ ਹੈ ਜਾਂ ਉਹ ਆਪਣੇ ਖਾਨਦਾਨਾ ਰਾਹੀਂ ਕਿਸੇ ਤਰ੍ਹਾਂ ਵੀ ਅਕਾਲੀ ਤਹਿਰੀਕ ਨਾਲ ਸੰਬੰਧਤ ਹਨ। ਰੰਗਰੂਟਿੰਗ ਅਫਸਰਾਂ ਨੂੰ ਹਦਾਇਤ ਕੀਤੀ ਜਾਏ ਕਿ ਉਹ ਕੋਈ ਵੀ ਸਿੱਖ ਰੰਗਰੂਟ ਭਰਤੀ ਕਰਨ ਤੋਂ ਪਹਿਲੋਂ ਜ਼ਿਲ੍ਹਾ ਅਫਸਰਾਂ ਦੀ ਰਾਏ ਹਾਸਲ ਕਰ ਲੈਣ।"[1] ਅਤੇ ਹੁਕਮ ਏਥੋਂ ਤਕ ਦਿਤੇ ਗਏ ਕਿ ਕਿਸੇ ਸਿੱਖ ਨੂੰ ਚਪੜਾਸੀ, ਦਫਤਰੀ ਜਾ ਮਮੂਲੀ ਕਲਰਕ ਤਕ ਦੀ ਨੌਕਰੀ ਵੀ ਨਾ ਦਿਤੀ ਜਾਏ।

ਅਤੇ ਹਿੰਦੁਸਤਾਨ ਟਾਈਮਜ਼ ਦਿੱਲੀ ਨੇ ਸੁਰਖੀਆਂ ਦੇ ਕੇ ਆਪਣੇ 13.2.25 ਦੇ ਪਰਚੇ ਵਿਚ ਲਿਖਿਆ : ਸਿੱਖਾਂ ਉਤੇ ਪਾਬੰਦੀ : ਅਕਾਲੀਆਂ ਨੂੰ ਨੌਕਰੀਆਂ ਤੋਂ ਵਾਂਝਿਆ ਕਰ ਦਿਤਾ ਗਿਆ। ਆਰਮੀ ਹੈਡਕੁਆਟਰ ਵਲੋਂ ਰਾਵਲਪਿੰਡੀ, ਲਾਹੌਰ, ਜਲੰਧਰ ਡਵੀਯਨਾਂ ਤੇ ਦਿੱਲੀ ਨੂੰ ਇਸ ਬਾਰੇ ਹਦਾਇਤਾਂ ਭੇਜ ਦਿੱਤੀਆਂ ਗਈਆਂ। ਇਹ ਮੈਮੋ ਖੁਫੀਆ ਨਾ ਗਰਦਾਨਿਆ ਜਾਏ। ਕੋਈ ਦੇਰ ਨਹੀਂ ਹੋਣੀ ਚਾਹੀਦੀ, ਤੁਰਤ ਕਰੋ। ਯਾਨੀ ਸਿੱਖਾਂ ਨੂੰ ਸਾਹਸਹੀਨ ਤੇ ਬਦ-ਦਿਲ ਕਰਨ ਲਈ ਭਰਤੀ ਦੇ ਬੰਦੀਕਰਣ ਦਾ ਖੂਬ ਪਰਚਾਰ ਕਰੋ ਤਾਂ ਜੋ ਅਕਾਲੀ ਤਹਿਰੀਕ ਨੂੰ ਹਰ ਪਾਸਿਓਂ ਵਦਾਣੀ ਸੱਟਾਂ ਮਾਰੀਆਂ ਜਾਣ।

"ਫੌਜੀ ਅਫਸਰ ਰੰਗਰੂਟਿੰਗ ਅਫਸਰਾਂ ਨੂੰ ਹਦਾਇਤ ਕਰਕੇ ਸਾਡੀ ਮਦਦ ਕਰਨ ਕਿ ਉਹ ਅਕਾਲੀ ਪਿੰਡਾਂ ਵਿਚੋਂ ਕੋਈ ਸਿੱਖ ਭਰਤੀ ਨਾ ਕਰਨ। ਅਤੇ ਪਿਨਸ਼ਨਾਂ ਸਬੰਧੀ ਅਸੀਂ ਕਾਰਵਾਈ ਤਿੱਖੀ ਕਰ ਰਹੇ ਹਾਂ—ਯਾਨੀ ਉਹਨਾਂ ਲੋਕਾਂ ਦੀਆਂ ਪਿਨਸ਼ਨਾਂ ਤੇ ਲਕੀਰ ਫੇਰ ਦਿੱਤੀ ਜਾਵੇ ਜਿਹੜੇ ਅਕਾਲੀ ਐਜੀਟੇਸ਼ਨ ਵਿਚ ਉੱਘਾ ਹਿੱਸਾ ਲੈਂਦੇ ਹਨ। ਅਸੀਂ ਉਹਨਾਂ ਦੇ ਕੁਛ ਅਖਬਾਰਾਂ

[1] From H. Craik, Pb. Civil Sectt., Simla, 8th July 1924.

Digitized by Panjab Digital Library | www.panjabdigilib.org

ਉਤੇ ਵੀ ਮੁਕੱਦਮੇ ਚਲਾ ਰਹੇ ਹਾਂ।"[1]

ਸ਼੍ਰੋਮਣੀ ਕਮੇਟੀ ਤੇ ਉਸ ਨਾਲ ਸੰਬੰਧਤ ਜਥੇਬੰਦੀਆਂ ਰਾਜਸੀ ਕਾਰਨਾਂ ਕਰਕੇ ਬਾਗੀ ਕਰਾਰ ਦਿਤੀਆਂ ਜਾ ਚੁਕੀਆਂ ਹਨ। ਇਹਨਾਂ ਨਾਲ ਸਾਜ਼-ਬਾਜ਼ ਕਰਨਾ ਬੜਾ ਸਾਫ ਵਿਸ਼ਾ ਪੈਦਾ ਕਰਦਾ ਹੈ ਅਤੇ ਕਾਰਵਾਈ ਕਰਨ ਲਈ ਜ਼ਮੀਨ ਸਾਫ ਕਰਦਾ ਹੈ। ਹਾਲਤ ਹੁਣ ਏਹੋ ਜੇਹੀ ਹੋ ਗਈ ਹੈ ਕਿ ਬਹੁਤ ਕੇਸਾਂ ਵਿਚ ਤੰਬੀਹ (ਕਰਕੇ, ਪਹਿਲਾ ਵਾਂਗ, ਪਿਨਸ਼ਨਾਂ ਜ਼ਬਤ ਕਰਨ) ਦੀ ਲੋੜ ਨਹੀਂ ਰਹੀ।

ਪਹਿਲੋਂ ਗੌਰਮਿੰਟ ਜ਼ਮੀਨਾ, ਪਿਨਸ਼ਨਾਂ ਜਾਂ ਜੰਗੀ ਇਨਾਮ ਜ਼ਬਤ ਕਰਨ ਦਾ ਵਾਰ ਉਹਨਾਂ ਫੌਜੀਆਂ ਤੇ ਕਰਦੀ ਸੀ ਜਿਨ੍ਹਾਂ ਨੂੰ ਅਦਾਲਤ ਵਿਚੋਂ ਸਜ਼ਾ ਹੋ ਜਾਂਦੀ ਸੀ। ਹੁਣ ਇਹ-ਤਿਆਤ ਛੱਡ ਦਿਤੀ ਗਈ ਸੀ ਅਤੇ ਅਕਾਲੀ ਤਹਿਰੀਕ ਨੂੰ ਤਸ਼ੱਦਦ ਨਾਲ ਦਬਾਉਣ ਤੇ ਭੈਭੀਤ ਕਰਨ ਲਈ ਹਰ ਕਿਸਮ ਦੇ ਹਥਿਆਰ ਵਰਤਣਾ ਜਾਇਜ਼ ਤੇ ਕਾਨੂੰਨ ਦੇ ਅਨੁਕੂਲ ਬਣ ਗਿਆ ਸੀ। ਫੌਜੀ ਤੇ ਸਿਵਲ ਨੌਕਰਾਂ ਨੂੰ ਫਾਹੁਣ ਲਈ ਘੇਰਾ ਏਨਾ ਵਿਸ਼ਾਲ ਕਰ ਦਿਤਾ ਗਿਆ ਸੀ ਕਿ 'ਅਕਾਲੀ ਨਾਲ ਹਮਦਰਦੀਆਂ' ਰਖਣ ਦੇ ਹਾਸੋਹੀਣੇ ਇਲਜ਼ਾਮ ਥੱਲੇ ਕਿਸੇ ਸਿੱਖ ਨੌਕਰ ਨੂੰ ਵੀ ਧਰ-ਫੜ ਲਿਆ ਜਾ ਸਕਦਾ ਸੀ। ਅਤੇ ਉਹਨਾਂ ਨੂੰ ਨੌਕਰੀਆਂ ਤੋਂ ਅੱਡ ਕਰ ਦਿਤਾ ਜਾ ਸਕਦਾ ਸੀ—ਹੋਰ ਸਜ਼ਾਵਾਂ ਵਖਰੀਆਂ ਰਹੀਆਂ। ਇਸ ਦਾ ਆਸਰਾ ਲੈ ਕੇ ਥਾਣੇਦਾਰਾਂ ਨੇ ਆਪਣੇ ਮੁਖਾ-ਲਫਾਂ ਤੋਂ ਖੂਬ ਬਦਲੇ ਲਏ।

ਇਸ ਤੇ ਸੈਕਟਰੀ ਆਫ ਸਟੇਟ ਲੰਡਨ ਨੇ ਇਕ ਚਿੱਠੀ ਵਿਚ ਅਕਾਲੀ ਹਮਦਰਦੀਆਂ ਰਖਣ ਵਾਲੇ ਖਾਨਦਾਨ ਦੇ ਕਿਸੇ ਆਦਮੀ ਨੂੰ ਨੌਕਰੀ ਨਾ ਦੇਣ ਬਾਰੇ ਟਿੱਪਣੀ ਕੀਤੀ : "ਮੈਂ ਫਰਜ਼ ਕਰਦਾ ਹਾਂ ਕਿ 'ਅਕਾਲੀ' (ਸ਼ਬਦ) ਏਥੇ ਪੁਲਿਟੀਕਲ ਅਰਥਾਂ ਵਿਚ ਵਰਤਿਆ ਗਿਆ ਹੈ, ਪਰ, ਬਿਲਾ ਸ਼ੁਬ੍ਹਾ ਇਸ ਨੂੰ ਧਾਰਮਕ ਅਰਥਾਂ ਵਿਚ ਤੋੜਿਆ ਮਰੋੜਿਆ ਜਾ ਸਕਦਾ ਹੈ ਅਤੇ ਗੌਰਮਿੰਟ ਉਤੇ 1858 ਦੇ (ਧਰਮ ਵਿਚ ਦਖਲ ਨਾ ਦੇਣ ਦੇ) ਏਲਾਨ ਦੇ ਉਲਟ ਧਾਰਮਕ ਸੁਧਾਰਕਾਂ ਦੇ ਬਾਈਕਾਟ ਕਰਨ ਦਾ ਇਲਜ਼ਾਮ ਲਾਇਆ ਜਾ ਸਕਦਾ ਹੈ। ਇਸ ਲਈ ਪਰਤੱਖ ਹੈ ਕਿ ਇਸ ਤਜ-ਵੀਜ਼ ਉਤੇ ਅਮਲ ਕਰਨ ਲਈ ਬੜੀ ਇਹਤਿਆਤ ਵਰਤਣੀ ਪਏਗੀ।"[2]

ਪਰ ਕੌਣ ਸੁਣਦਾ ਸੀ ਇਸ ਇਹਤਿਆਤ ਵਰਤਣ ਦੀ ਗੱਲ ਨੂੰ! ਕਰਨਾ ਜੋ ਕੁਛ ਸੀ ਉਹ ਮੌਕੇ ਉਤੇ ਹਾਜ਼ਰ ਅਫਸਰਾਂ ਨੇ ਕਰਨਾ ਸੀ। ਉਹਨਾਂ ਨੇ ਆਪਣੇ ਵਲੋਂ ਅਕਾਲੀਆਂ ਨੂੰ ਦਬਾਣ ਦੀ ਕੋਈ ਕਸਰ ਨਾ ਛੱਡੀ। ਉਹਨਾਂ ਲਈ ਕੋਈ ਵੀ ਧਾਰਮਕ ਨਹੀਂ ਸੀ। ਨੀਲੀ ਜਾਂ ਕਾਲੀ ਪੱਗ ਵਾਲੇ ਸਭ ਅਕਾਲੀ ਪੁਲਿਟੀਕਲ ਸਨ। ਅਤੇ ਕੌਣ ਪੁਛਦਾ ਸੀ ਮਹਾਰਾਣੀ ਬਰਤਾ-ਨੀਆ ਦੇ 1858 ਦੇ ਏਲਾਨ ਨੂੰ। ਸਿੱਖ ਧਰਮ ਵਿਚ ਤਾਂ ਸ਼ੁਰੂ ਤੋਂ ਹੀ ਦਖਲ ਦਿਤਾ ਜਾ ਰਿਹਾ ਸੀ।

## 8. ਮੋਰਚਾ ਭਾਈ ਫੇਰੂ

ਇਹ ਮੋਰਚਾ 5 ਜਨਵਰੀ 1924 ਨੂੰ ਲੱਗਾ ਅਤੇ ਸਤੰਬਰ 1925 ਦੇ ਅਖੀਰੀ ਹਫਤੇ ਖਤਮ ਹੋਇਆ। ਮੋਰਚੇ ਦੇ ਲੱਗਣ ਦਾ ਕਾਰਣ ਮਹੰਤ ਕਿਸ਼ਨ ਦਾਸ ਦਾ ਸਮਝੌਤਾ ਕਰ ਕੇ ਪੰਥ

[1] From Malcolm Hailey, Private Sec. to viceroy—July 8th.

[2] From Secretary of state, London, dated 23rd July, 1924, to viceroy (Home-Dept.).

Digitized by Panjab Digital Library | www.panjabdigilib.org

ਅੱਗੇ ਵਿਹਰ ਜਾਣਾ ਸੀ। ਜ਼ਿਲਾ ਲਾਹੌਰ ਦੇ ਅਕਾਲੀਆਂ ਨੇ ਇਸ ਮੋਰਚੇ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾ ਲਿਆ ਸੀ। ਜਦੋਂ ਇਹ ਮੋਰਚਾ ਵਾਪਸ ਲਿਆ ਗਿਆ ਤਾਂ ਉਹ ਬੜੇ ਦੁਖੀ ਤੇ ਕਰੋਧਿਤ ਹੋਏ।

ਅਕਾਲੀ ਲਹਿਰ ਦੇ ਕੁਛ ਗੁਰਦੁਆਰਿਆਂ ਉਤੇ ਕਬਜ਼ੇ ਕਰ ਲੈਣ ਪਿੱਛੋਂ ਮਹੰਤ ਕਿਸ਼ਨ ਦਾਸ ਨੇ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰ ਲਿਆ ਸੀ ਅਤੇ 28 ਦਸੰਬਰ 1922 ਨੂੰ ਗੁਰਦੁਆਰੇ ਦਾ ਕਬਜ਼ਾ ਕਮੇਟੀ ਦੇ ਹਵਾਲੇ ਕਰ ਦਿੱਤਾ ਸੀ। ਕਮੇਟੀ ਨੇ ਮਹੰਤ ਨੂੰ ਸਮਝੌਤੇ ਵਜੋਂ 400 ਰੁਪਏ ਮਾਹਵਾਰ ਤੇ ਰਸਦ ਪਾਣੀ ਮੁਫਤ ਦੇਣੇ ਮਨਜ਼ੂਰ ਕਰ ਲਏ। ਲਗਭਗ ਸਾਲ ਤਕ ਮਹੰਤ ਸਮਝੌਤੇ ਤੇ ਕਾਇਮ ਰਿਹਾ। ਦਸੰਬਰ 1923 ਦੇ ਪਹਿਲੇ ਹਫਤੇ ਇਸ ਨੇ ਅਫਸਰਾਂ ਤੇ ਨਨਕਾਣੇ ਦੇ ਕਾਤਲ ਮਹੰਤ ਦੇ ਭਾਈ ਦੇ ਸੀਖਣ ਨਾਲ ਸਮਝੌਤਾ ਤੋੜ ਦਿੱਤਾ ਅਤੇ ਅਕਾਲੀ ਪਰਬੰਧਕਾਂ ਤੇ ਗੁਰਦੁਆਰੇ ਦੀ ਮਲਕੀਅਤ ਵਾਪਸ ਲੈਣ ਦਾ ਦਾਅਵਾ ਕਰ ਦਿੱਤਾ।

ਜ਼ਮੀਨ ਦਾ ਮੁਕੱਦਮਾ ਪਹਿਲੋਂ ਹੀ ਜ਼ਿਲਾ ਮੈਜਿਸਟਰੇਟ ਦੀ ਅਦਾਲਤ ਵਿਚ ਚਲ ਰਿਹਾ ਸੀ। ਇਸ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਹੋ ਚੁਕਾ ਸੀ। ਪਰ ਮਹੰਤ ਦੀ ਦਰਖਾਸਤ ਤੇ ਅਮਨ ਭੰਗ ਹੋਣ ਦਾ ਬਹਾਨਾ ਬਣਾ ਕੇ ਕਸੂਰ ਦਾ ਐਸ. ਡੀ. ਓ. ਭਾਈ ਫੇਰੂ ਪਹੁੰਚ ਗਿਆ ਅਤੇ ਉਸ ਨੇ ਹੁਕਮ ਦਿੱਤਾ ਕਿ ਦੋਵੇਂ ਧਿਰਾਂ 3 ਜਨਵਰੀ 1924 ਨੂੰ ਕਸੂਰ ਪਹੁੰਚਣ ਅਤੇ ਜ਼ਮੀਨ ਉਤੇ ਕਬਜ਼ੇ ਦੇ ਆਪਣੇ ਆਪਣੇ ਦਾਅਵੇ ਤੇ ਸਬੂਤ ਪੇਸ਼ ਕਰਨ।

ਜ਼ਮੀਨ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਵਿਚ ਆ ਚੁੱਕੀ ਸੀ। ਕਮੇਟੀ ਨੇ ਪੁਰਾਣੇ ਮੁਜ਼ਾਰਿਆਂ ਦੀ ਥਾਂ ਨਵੇਂ ਮੁਜ਼ਾਰੇ ਬਹਾ ਦਿੱਤੇ ਸਨ। ਪੁਰਾਣੇ ਮੁਜ਼ਾਰਿਆਂ ਨੇ ਪੁਲਸ ਦੀ ਸਹਾਇਤਾ ਲਈ ਦਰਖਾਸਤ ਦਿੱਤੀ। ਪੁਲਸ ਨੇ 2 ਜਨਵਰੀ 1924 ਨੂੰ 34 ਅਕਾਲੀਆਂ ਤੇ ਮੁਜ਼ਾਰਿਆਂ ਨੂੰ ਫੜ ਲਿਆ।[1] ਇਸ ਤੇ ਭਾਈ ਫੇਰੂ ਤੇ ਮੋਰਚਾ ਲਗ ਗਿਆ।

ਕਾਨੂੰਨ ਕਮੇਟੀ ਦੇ ਹੱਕ ਵਿਚ ਸੀ। ਪਰ ਕਾਨੂੰਨ ਨੂੰ ਕੌਣ ਪੁੱਛਦਾ ਸੀ—ਕਾਨੂੰਨ ਵੀ ਰਾਜਸੀ ਮਸਲਿਹਤ ਦੇ ਅਧੀਨ ਸੀ। ਇਸ ਵੇਲੇ ਗੌਰਮਿੰਟ ਦੀ ਪਾਲਿਸੀ ਸਿੱਖਾਂ ਨੂੰ ਦਬਾਉਣ ਤੇ ਕੁਚਲਣ ਦੀ ਸੀ। ਉਧਰ ਜੈਤੋ ਵਿਚ ਮੋਰਚਾ ਲੱਗਾ ਹੋਇਆ ਸੀ ਅਤੇ ਸ਼੍ਰੋਮਣੀ ਕਮੇਟੀ ਦਾ ਦੂਜਾ ਜਥਾ ਫੜ ਲਿਆ ਗਿਆ ਸੀ। ਇਸ ਤਰ੍ਹਾਂ ਗਰਿਫਤਾਰੀਆਂ ਦਾ ਇਕ ਹੋਰ ਫਰੰਟ ਖੁਲ੍ਹ ਗਿਆ।

ਇਸ ਮੋਰਚੇ ਵਿਚ ਰੋਜ਼ ਚਾਰ ਚਾਰ ਅਕਾਲੀਆਂ ਦੇ ਪੰਜ ਛੇ ਜਥੇ ਜਾਂਦੇ ਅਤੇ ਗਰਿਫਤਾਰ ਹੁੰਦੇ ਸਨ। ਇਸ ਤਰ੍ਹਾਂ ਰੋਜ਼, ਘੱਟ ਜਾਂ ਵੱਧ, 25 ਸਿੰਘ ਗਰਿਫਤਾਰ ਹੁੰਦੇ ਅਤੇ ਸਜ਼ਾਵਾਂ ਪਾਉਂਦੇ ਰਹੇ। ਸ਼ੁਰੂ ਸ਼ੁਰੂ ਵਿਚ ਇਹ ਸਜ਼ਾਵਾਂ ਦਿਨਾਂ ਤੇ ਮਹੀਨਿਆਂ ਅਤੇ ਜੁਰਮਾਨਿਆਂ ਦੀਆਂ ਮਿਲਦੀਆਂ ਸਨ, ਪਰ ਜਿਉਂ ਜਿਉਂ ਮੋਰਚਾ ਲੰਮਾ ਹੁੰਦਾ ਗਿਆ, ਜਥੇਦਾਰਾਂ ਤੇ ਨਾਮ ਵਾਲੇ ਅਕਾਲੀਆਂ ਦੀਆਂ ਸਜ਼ਾਵਾਂ ਵੀ ਲੰਮੀਆਂ ਹੁੰਦੀਆਂ ਗਈਆਂ। ਇਕ ਇਕ ਤੇ ਦੋ ਦੋ ਸਾਲ ਕੈਦ ਦੀਆਂ ਸਜ਼ਾਵਾਂ ਤੋਂ ਛੁੱਟ ਸੌ ਸੌ ਰੁਪਏ ਦੇ ਜੁਰਮਾਨੇ ਤਾਂ ਆਮ ਕੀਤੇ ਜਾਂਦੇ ਸਨ।

ਜਥੇ ਗੁਰਦੁਆਰੇ ਦੀ ਜ਼ਮੀਨ ਵਿਚੋਂ ਸਬਜ਼ੀ, ਲੱਕੜਾਂ ਆਦਿ ਗੁਰੂ ਕੇ ਲੰਗਰ ਲਈ ਲੈਣ ਜਾਂਦੇ। ਪੁਲਸ ਉਹਨਾਂ ਨੂੰ ਰਾਹ ਵਿਚ ਫੜ ਲੈਂਦੀ ਅਤੇ ਕੁਟਾਪਾ ਚਾੜ੍ਹਦੀ। ਰਾਤ ਵੇਲੇ "ਭਾਈ

[1] ਅਕਾਲੀ ਉਰਦੂ, 9.1.24.

Digitized by Panjab Digital Library | www.panjabdigilib.org

ਫੇਰੂ ਦੇ ਚੰਦ ਗੁੰਡੇ ਲੰਗਰ ਵਿਚ ਇੱਟਾਂ ਤੇ ਪੱਥਰਾਂ ਦੀ ਵਰਖਾ ਕਰਦੇ।[1] ਜੁਲਾਈ 1925 ਦੇ ਪਹਿਲੇ ਹਫਤੇ ਤਕ 6157 ਸਿੰਘ ਫੜੇ ਜਾ ਚੁੱਕੇ ਸਨ। ਪਿਛਲੀ ਮਈ ਵਿਚ ਗੌਰਮਿੰਟ ਦੀ ਰਿਪੋਰਟ ਅਨੁਸਾਰ 2619 ਸਿੰਘਾਂ ਨੂੰ ਮੁਖਤਲਿਫ ਸਜ਼ਾਵਾਂ ਹੋ ਚੁਕੀਆਂ ਸਨ। ਅਤੇ ਸਖਤੀਆਂ ਏਨੀਆਂ ਵਧ ਗਈਆਂ ਸਨ ਕਿ ਜੇਲ੍ਹ ਵਿਚ ਜਾਂਦਿਆਂ ਨੂੰ ਰਾਹ ਵਿਚ ਲੋਕਾਂ ਵਲੋਂ ਦੁੱਧ ਪਾਣੀ ਪਿਲਾਉਣ ਲਈ ਵੀ ਲਾਗੇ ਨਹੀਂ ਸੀ ਛੋਹਣ ਦਿੱਤਾ ਜਾਂਦਾ। ਅਤੇ ਜਿਹੜੇ ਉਹਨਾਂ ਦੇ ਲਾਗੇ ਆਉਂਦੇ ਸਨ ਉਹਨਾਂ ਨੂੰ ਵੀ ਗਾਲੀ-ਗਲੋਚ, ਮਾਰ ਕੁੱਟ ਤੋਂ ਛੁੱਟ ਗੋਲੀਆਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸਨ।[2]

10 ਸਤੰਬਰ ਨੂੰ ਗਰਿਫਤਾਰੀਆਂ ਦੀ ਗਿਣਤੀ ਵਧ ਕੇ 6372 ਹੋ ਗਈ ਸੀ। "ਸਜ਼ਾਵਾਂ 1922 ਦੇ ਗੁਰੂ ਕੇ ਬਾਗ ਦੀਆਂ ਸਜ਼ਾਵਾਂ ਨਾਲੋਂ ਵਧੇਰੇ ਲੰਮੀਆਂ ਅਤੇ ਵਧੇਰੇ ਰੋਕਵਾਂ ਅਸਰ ਪਾਉਣ ਵਾਲੀਆਂ ਦਿੱਤੀਆਂ ਜਾ ਰਹੀਆਂ ਸਨ।" ਅਤੇ ਪੰਜਾਬ ਗੌਰਮਿੰਟ ਹਿੰਦ ਸਰਕਾਰ ਨਾਲ ਲਿਖਾ ਪੜ੍ਹੀ ਕਰ ਰਹੀ ਸੀ ਕਿ "ਜੇ ਕੈਦੀਆਂ ਨੂੰ ਮਦਰਾਸ, ਮਹਾਰਾਸ਼ਟਰ—ਜੇ ਹੋ ਸਕੇ ਤਾਂ—ਕਾਲੇ ਪਾਣੀ ਦੀਆਂ ਦੂਰ ਦੂਰ ਜੇਲ੍ਹਾਂ ਵਿਚ ਭੇਜਿਆ ਜਾਏ ਤਾਂ ਗਰਿਫਤਾਰੀਆਂ ਲਈ ਬੜੇ ਘੱਟ ਲੋਕ ਆਉਣਗੇ।"[3] ਪਰ ਇਹ ਵਿਉਂਤ ਦੂਜੇ ਸੂਬਿਆਂ ਦੇ ਨਾਂਹ-ਨੁਕਰ ਕਰਨ ਅਤੇ ਕਈ ਸ਼ਰਤਾਂ ਲਾਉਣ ਦੇ ਕਾਰਨ ਸਿਰੇ ਨਾ ਚੜ੍ਹ ਸਕੀ।

ਇਹ ਮੋਰਚਾ ਭਖਦਾ ਜਾ ਰਿਹਾ ਸੀ ਜਦੋਂ ਕਿ ਇਕ ਭੈੜਾ ਆਦਮੀ, ਇਕ ਮੁੰਡੇ ਨਾਲ ਬਦਫਿਅਲੀ ਕਰਨ ਦੇ ਕਾਰਣ, ਕਤਲ ਕਰ ਦਿੱਤਾ ਗਿਆ। ਇਸ ਤੇ ਸ: ਅਰਜਨ ਸਿੰਘ ਜਨਰਲ ਸੈਕਟਰੀ ਸ਼੍ਰੋਮਣੀ ਕਮੇਟੀ ਨੇ ਮੋਰਚਾ ਬੰਦ ਕਰ ਦਿੱਤਾ। ਇਸ ਮੋਰਚੇ ਦੇ ਬੰਦ ਕਰਨ ਤੇ ਕਮੇਟੀ ਵਿਚ ਢੇਰ ਸਾਰੀ ਲੈਅ ਦੇਅ ਹੋਈ। ਹੇਲੀ ਦੇ ਸ਼ਬਦਾਂ ਵਿਚ ਇਹ ਪਹਿਲੀ ਵਾਰ ਸੀ ਜਦੋਂ ਕਿ ਇਸ ਮੋਰਚੇ ਵਿਚੋਂ ਕਮੇਟੀ ਨੇ ਕੁਛ ਨਹੀਂ ਸੀ ਖੱਟਿਆ।

---

1 ਅਕਾਲੀ ਤੇ ਪ੍ਰਦੇਸੀ—29 ਜੁਲਾਈ, 1925.

2 File no. 15/II Part B. 1924.

3 File no. 262/1925.

Digitized by Panjab Digital Library | www.panjabdigilib.org

ਖੰਡ ਚੌਥਾ

# ਹੇਲੀ ਦੀ ਮੁਕਾਬਲੇ ਲਈ ਰਣਨੀਤੀ

## 1, ਸਰਕਾਰੀ ਸੁਧਾਰ ਕਮੇਟੀਆਂ

ਹੇਲੀ ਅਕਾਲੀ ਤਹਿਰੀਕ ਨਾਲ ਰਣਨੀਤੀ ਬਣਾ ਕੇ ਲੜ ਰਿਹਾ ਸੀ। ਇਕ ਪਾਸੋਂ ਉਹ ਅਕਾਲੀ ਤਹਿਰੀਕ ਨੂੰ ਕਮਜ਼ੋਰ ਕਰਨ ਤੇ ਗਿਰਾਣ ਲਈ ਭਾਂਤ ਭਾਂਤ ਦੀਆਂ ਚਾਲਾਂ ਚਲ ਰਿਹਾ ਸੀ ਅਤੇ ਦੂਜੇ ਪਾਸੇ ਆਪਣੀਆਂ ਸੁਧਾਰ ਕਮੇਟੀਆਂ ਨੂੰ ਗੁਰਦੁਆਰਾ ਬਿਲ ਦੀ ਰੂਪ-ਰੇਖਾ ਉਲੀਕਣ ਲਈ ਹੱਲਾ-ਸ਼ੇਰੀ ਤੇ ਸ਼ਹਿ ਦੇ ਰਿਹਾ ਸੀ। ਖੁਲ੍ਹੇ ਸ਼ਬਦਾਂ ਵਿਚ ਇਕ ਤਰ੍ਹਾਂ ਕਹਿ ਰਿਹਾ ਸੀ : ਤੁਸੀਂ ਗੁਰਦੁਆਰਾ ਬਿਲ ਬਣਾ ਕੇ ਧਾਰਮਕ ਮਸਲੇ ਨੂੰ ਸੁਲਝਾਓ, ਸ਼੍ਰੋਮਣੀ ਕਮੇਟੀ ਰਾਜਸੀ ਕੰਮਾਂ ਵਿਚ ਜੁੱਟੀ ਹੋਈ ਹੈ। ਉਹ ਗੁਰਦੁਆਰਿਆਂ ਦਾ ਮਸਲਾ ਹਲ ਨਹੀਂ ਕਰਨਾ ਚਾਹੁੰਦੀ।

ਅਕਾਲੀ ਤਹਿਰੀਕ ਨੂੰ ਕਮਜ਼ੋਰ ਕਰਨ ਲਈ ਉਹ ਕਈ ਤਰੀਕੇ ਵਰਤ ਰਿਹਾ ਸੀ। ਮੁੱਖ ਤਰੀਕਾ ਜ਼ਿਲਾ ਵਾਰ ਜ਼ੈਲ ਸੁਧਾਰ ਤੇ ਪ੍ਰੋਪੈਗੰਡਾ ਕਮੇਟੀਆਂ ਬਣਾ ਕੇ ਸਿੱਖਾਂ ਵਿਚ ਫੁਟ ਪਾਉਣਾ, ਸ਼੍ਰੋਮਣੀ ਕਮੇਟੀ ਦੇ ਜਥੇਬੰਦਕ ਤੇ ਸਮਾਜੀ ਸਤਕਾਰ ਤੇ ਸਾਖ ਉਤੇ ਤਕੜੀਆਂ ਸੱਟਾਂ ਮਾਰਨਾ ਅਤੇ ਸੁਧਾਰ ਕਮੇਟੀ ਦੀ ਤਾਕਤ ਨੂੰ ਵਧਾ ਚੜ੍ਹਾ ਕੇ ਦੱਸ ਕੇ ਸ਼੍ਰੋਮਣੀ ਕਮੇਟੀ ਦੇ ਕਮਜ਼ੋਰ ਹਮਾਇਤੀਆਂ ਨੂੰ ਸਾਹਸਹੀਨ ਕਰਨਾ ਸੀ। ਅਕਾਲੀ ਤਹਿਰੀਕ ਦੀਆਂ ਕੁਰਬਾਨੀਆਂ ਨੇ ਸ਼੍ਰੋਮਣੀ ਕਮੇਟੀ ਲਈ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਹਮਦਰਦੀਆਂ ਬੜੀਆਂ ਜਗਾ ਦਿੱਤੀਆਂ ਸਨ। ਇਸ ਲਈ ਹੇਲੀ ਇਹ ਵੀ ਜਤਨ ਕਰ ਰਿਹਾ ਸੀ ਕਿ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਹਮਦਰਦੀਆਂ ਇਸ ਲਹਿਰ ਨਾਲੋਂ ਤੋੜੀਆਂ ਜਾਣ ਅਤੇ ਇਸ ਮਕਸਦ ਲਈ ਉਹ ਸਭ ਹਥਕੰਡੇ ਜਾਇਜ਼ ਤੇ ਦਰੁਸਤ ਸਮਝਦਾ ਸੀ।

ਮਿਸਾਲ ਵਜੋਂ, ਉਸ ਨੇ ਮਿਉਂਨਿਸਪਲ ਕਮੇਟੀ ਅਮਰਿਤਸਰ ਦੇ ਮਾਣ ਪੱਤਰ ਦਾ ਜਵਾਬ ਦੇਂਦੇ ਹੋਏ ਆਖਿਆ ਕਿ ਜੇ ਉਹ ਘੰਟਾ ਘਰ ਦੇ ਦੁਆਲੇ ਦੀ ਜ਼ਮੀਨ ਉਤੇ ਕਬਜ਼ਾ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਖਿਲਾਫ ਮੁਕੱਦਮਾ ਕਰਨ ਤਾਂ 'ਅਦਾਲਤ ਦੀ ਡਿਗਰੀ ਨੂੰ ਸਿਰੇ ਚੜ੍ਹਾਣ ਲਈ ਅਸੀਂ ਤਤਪਰ ਹੋਵਾਂਗੇ'। ਏਹੋ ਹੀ ਨਹੀਂ, ਉਸ ਨੇ ਮਿਉਂਨਿਸਪਲ ਕਮੇਟੀ ਨੂੰ ਇਹ ਵੀ ਚੁਕਣਾ ਦਿੱਤੀ ਕਿ ਜੇ ਹੋਰ ਵੀ ਕੋਈ ਜ਼ਮੀਨ ਦਾ ਟੁਕੜਾ ਸ਼੍ਰੋਮਣੀ ਕਮੇਟੀ ਨੇ ਦਬਾਇਆ ਹੋਇਆ ਹੈ ਤਾਂ ਉਸ ਦੇ ਖਿਲਾਫ ਅਦਾਲਤ ਵਿਚ ਮੁਕੱਦਮਾ ਲੜੋ।[1]

ਇਕ ਹੋਰ ਵੱਡਾ ਹਥਿਆਰ ਉਸ ਦੇ ਹੱਥ ਵਿਚ ਸ਼੍ਰੋਮਣੀ ਕਮੇਟੀ ਦੇ ਖਿਲਾਫ ਆ ਗਿਆ ਸੀ। ਗੁਰੂ ਕੇ ਬਾਗ ਦੇ ਮਹੰਤ ਨੂੰ, ਪਟਾ ਖਤਮ ਹੋਣ ਤੇ, ਸਰ ਗੰਗਾ ਰਾਮ ਵਾਲੀ ਦਿੱਤੀ ਹੋਈ ਜ਼ਮੀਨ ਵਾਪਸ ਲੈਣ ਦੀ ਮਾਲ ਦੀ ਅਦਾਲਤ ਵਲੋਂ ਡਿਗਰੀ ਮਿਲ ਗਈ ਸੀ ਅਤੇ ਮਹੰਤ ਨਾਰਾਇਣ ਦਾਸ ਦੀ ਨਨਕਾਣਾ ਗੁਰਦੁਆਰਾ ਦੀ ਜ਼ਮੀਨ ਲਈ ਅਦਾਲਤ ਨੇ ਰੀਸੀਵਰ ਮੁਕੱਰਰ ਕਰ ਦਿੱਤਾ ਸੀ। ਹੇਲੀ ਦੇ ਸ਼ਬਦਾਂ ਵਿਚ 'ਇਹ ਘਟਨਾਵਾਂ ਵਾਕਿਆਵਾਂ ਦੀ ਚਾਲ ਬੜੀ ਤੇਜ਼ ਕਰ

[1] From Hailey to Muddiman, 30th August, 1924.

Digitized by Panjab Digital Library | www.panjabdigilib.org

ਦੇਣਗੀਆਂ ਕਿਉਂਕਿ ਇਹਨਾਂ ਦੋਹਾਂ ਮੁਕੱਦਮਿਆਂ ਵਿਚ ਸ਼੍ਰੋਮਣੀ ਕਮੇਟੀ ਡਿਗਰੀਆਂ ਦੀ ਵਿਰੋਧਤਾ ਕਰਨੋਂ ਪਿੱਛੇ ਨਹੀਂ ਹਟ ਸਕਦੀ। ਪਿਛੇ ਹਟਣ ਨਾਲ ਉਹਨਾਂ ਦੇ ਸਤਕਾਰ ਨੂੰ ਮਾਰੂ ਸੱਟ ਵਜੇਗੀ ਅਤੇ ਨਨਕਾਣੇ ਸਾਹਿਬ ਦੇ ਮੁਕੱਦਮੇ ਵਿਚ ਤਾਂ ਉਹਨਾਂ ਨੂੰ ਬੜਾ ਭਾਰਾ ਮਾਲੀ ਨੁਕਸਾਨ ਵੀ ਉਠਾਣਾ ਪਏਗਾ।......ਇਸ ਨੇ ਝਗੜੇ ਨੂੰ ਨਵਾਂ ਪਹਿਲੂ ਦੇ ਦਿੱਤਾ ਹੈ......ਅਸੀਂ ਹੁਣ ਉਸ ਵੇਲੇ ਨਾਲੋਂ, ਦਾਅਪੇਚ ਦੇ ਲਿਹਾਜ਼ ਨਾਲ ਬਿਹਤਰ ਪੁਜ਼ੀਸ਼ਨ ਵਿਚ ਹੋ ਗਏ ਹਾਂ ਜਦੋਂ ਸਾਨੂੰ ਪਿਛਲੀ ਮਾਰਚ ਵਿਚ ਉਹਨਾਂ ਦਾ ਸੈਂਟਰਲ ਅਸੰਬਲੀ (ਦਿੱਲੀ) ਵਿਚ ਸਾਮ੍ਹਣਾ ਕਰਨਾ ਪਿਆ ਸੀ। ਸਾਡੇ ਨੁਕਤਾਚੀਨ ਉਸ ਵੇਲੇ ਜੈਤੋ ਅਤੇ ਨਾਭੇ ਦੀਆਂ ਗੱਲਾਂ ਕਰਦੇ ਸਨ ਅਤੇ ਸਾਨੂੰ ਇਹਨਾਂ ਸਵਾਲਾਂ ਬਾਰੇ ਆਪਣੇ ਰਵੱਈਏ ਲਈ ਸਫ਼ਾਈ ਦੇਣੀ ਪੈਂਦੀ ਸੀ। ਹੁਣ ਸਾਡੇ ਪਾਸ ਬਹੁਤ ਵਧੀਕ ਫ਼ਾਇਦੇਮੰਦ ਲੜਾਈ-ਖੇਤਰ ਹੈ—ਆਪਣੀਆਂ ਸਿਵਲ ਅਦਾਲਤਾਂ ਦੀਆਂ ਡਿਗਰੀਆਂ ਦੀ ਹਮਾਇਤ ਕਰਨ ਦਾ ਸਵਾਲ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਪਰੈਸ ਵਿਚ ਤੇ ਹੋਰ ਥਾਈਂ ਸਵਾਲ ਦੇ ਇਸ ਪਹਿਲੂ ਉਤੇ ਧਿਆਨ ਖਿੱਚਣ ਦਾ ਇਸ ਆਸ ਤੇ ਹਰ ਯਤਨ ਕਰ ਰਿਹਾ ਹਾਂ ਕਿ ਇਹ ਜੈਤੋ ਦੇ ਸਵਾਲ ਨੂੰ ਧੁੰਦਲਾ ਦੇਵੇਗਾ ਅਤੇ ਵਕਤੀ ਤੌਰ ਤੇ ਕੈਦੀਆਂ ਦੀ ਰਿਹਾਈ ਦਾ ਸਵਾਲ ਹਲ ਕਰਨ ਦੀ ਚਰਚਾ ਨੂੰ ਪਿੱਛੇ ਸੁਟ ਦੇਵੇਗਾ—ਵਗੈਰਾ।[1]

ਏਹੋ ਹੀ ਨਹੀਂ—ਸ਼੍ਰੋਮਣੀ ਕਮੇਟੀ ਨੂੰ ਪਰੇਸ਼ਾਨ ਕਰਨ ਲਈ ਉਸ ਨੇ ਗੁਰਦੁਆਰਿਆਂ ਦੇ ਹਿਸਾਬ ਕਿਤਾਬ ਦਾ ਮੁਕੱਦਮਾ ਸ਼ੁਰੂ ਕਰਾ ਦਿੱਤਾ ਸੀ ਅਤੇ ਅਗੋਂ ਵਿਉਂਤ ਇਹ ਬਣਾਈ ਸੀ ਕਿ ਗੁਰੂ ਕੇ ਬਾਗ ਅਤੇ ਨਨਕਾਣੇ ਦੇ ਪਿਛੋਂ ਆਉਣ ਵਾਲੇ ਮੋਰਚਿਆਂ ਵਿਚ, ਭਾਈ ਫੇਰੂ ਦੀਆਂ ਗਰਿਫਤਾਰੀਆਂ ਵਾਂਗ, ਗਰਿਫਤਾਰੀਆਂ ਇਸ ਤਰੀਕੇ ਨਾਲ ਕੀਤੀਆਂ ਜਾਣ ਕਿ ਕੋਈ ਘਟਨਾ ਨਾ ਵਾਪਰਨ ਦਿੱਤੀ ਜਾਵੇ......ਅਤੇ ਅਕਾਲੀਆਂ ਨਾਲ ਬਾਹਰਲੀ ਹਮਦਰਦੀ ਜਗਾਣ ਦੀ ਕੋਈ ਸੰਭਾਵਨਾ ਨਾ ਪੈਦਾ ਹੋਣ ਦਿੱਤੀ ਜਾਵੇ।

ਇਹ ਸੀ ਹੇਲੀ ਦੀ ਚਾਲਾਕੀ-ਭਰੀ ਤੇ ਚਪਲ ਰਣ-ਨੀਤੀ ਦਾ ਇਕ ਪਹਿਲੂ।

ਅਤੇ ਇਸ ਤਰ੍ਹਾਂ ਆਪਣੇ ਦਰਬਾਰਾਂ ਵਿਚ, ਕਾਨੂੰਨ ਦੇ ਲਾਗੂ ਕਰਨ ਦਾ ਹਊਆ ਖੜਾ ਕਰਕੇ ਉਹ ਦਰਬਾਰੀ ਸਰੋਤਿਆਂ ਨੂੰ ਕਹਿੰਦਾ ਸੀ ਕਿ ਇਸ ਤੋਂ ਬਚਣ ਦਾ ਇਕੋ ਹੀ ਰਾਹ ਹੈ: ਗੁਰਦੁਆਰਾ ਬਿਲ ਦੇ ਵਜੂਦ ਵਿਚ ਲਿਆਣ ਲਈ ਇਕ-ਮੁਠ ਹੋ ਕੇ ਲੜਾਈ ਕਰੋ। ਇਹ ਤੁਹਾਨੂੰ ਧਾਰਮਕ ਸੰਸਥਾਵਾਂ ਦਾ ਕਬਜ਼ਾ ਦੁਆਏਗੀ ਅਤੇ ਆਮ ਸਿਵਲ ਕਾਨੂੰਨ ਦੇ ਅਮਲ ਵਿਚ ਆਉਣ ਤੋਂ ਬਚਾਏਗੀ।

ਹੇਲੀ ਨੂੰ ਪਤਾ ਸੀ ਕਿ ਸੁਧਾਰ ਕਮੇਟੀਆਂ ਦੀਆਂ ਸਰਕਾਰੀ ਕਠ-ਪੁਤਲੀਆਂ ਅਫਸਰਾਂ ਦੇ ਨਚਾਇਆਂ ਹੀ ਨਚਣਗੀਆਂ। ਇਹਨਾਂ ਦੀ ਸਿੱਖਾਂ ਵਿਚ ਕੋਈ ਖਾਸ ਕਦਰ ਜਾਂ ਪਾਂਇਆਂ ਨਹੀਂ। ਪਰ ਇਹ ਵਕਤੀ ਤੌਰ ਤੇ ਲੋਕਾਂ ਵਿਚ ਟਪਲਾ-ਘਪਲਾ ਪਾ ਸਕਦੀਆਂ ਸਨ। ਇਸ ਲਈ ਉਹ ਇਹਨਾਂ ਨੂੰ ਸਰਕਾਰੀ ਠੁੰਮ੍ਹਣੇ ਦੇ ਦੇ ਖੜਾ ਰਖ ਰਿਹਾ ਸੀ ਅਤੇ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਦੀ ਹੱਲਾਸ਼ੇਰੀ ਤੇ ਲਾਲਸਾ ਦੇ ਰਿਹਾ ਸੀ। ਕਿਉਂਕਿ ਦਾਅਪੇਚ ਦੀ ਇਹ ਪਾਲਿਸੀ ਗੌਰਮਿੰਟ ਲਈ ਬੜੀ ਸੂਤ ਤੇ ਫਾਇਦੇਮੰਦ ਬੈਠ ਰਹੀ ਸੀ।

ਹੇਲੀ ਨੂੰ ਸ਼੍ਰੋਮਣੀ ਕਮੇਟੀ ਦੀ ਤਾਕਤ ਦਾ ਕੋਈ ਭੁਲੇਖਾ ਨਹੀਂ ਸੀ। ਉਹ ਮੰਨਦਾ ਸੀ: "ਮੈਂ ਕਦੇ ਵੀ ਸਵਾਲ ਦੇ ਛੇਤੀ ਹਲ ਕਰਨ ਦੀ ਆਪਣੀ ਤਾਕਤ ਬਾਰੇ ਓਨਾ ਆਸ਼ਾਵਾਦੀ ਨਹੀਂ

[1] From Hailey to Muddiman, 30th August, 1924.

Digitized by Panjab Digital Library | www.panjabdigilib.org

ਹੋਇਆ, ਜਿੰਨਾ ਸਾਡੇ ਕੁਛ ਅਫਸਰ ਆਸ਼ਾਵਾਦੀ ਹਨ । ਮੈਂ ਖਿਆਲ ਕਰਦਾ ਹਾਂ ਕਿ ਅਕਾਲੀ ਆਗੂਆਂ ਵਲੋਂ ਸਾਨੂੰ ਛੇਤੀ ਹੀ ਇਕ ਜ਼ੋਰਦਾਰ ਮੋਰਚੇ ਦਾ ਸਾਮ੍ਹਣਾ ਕਰਨਾ ਪਏਗਾ । ਇਹ ਓਦੋਂ ਹੁੰਦਾ ਹੈ ਜਦੋਂ ਇਸ ਕਿਸਮ ਦੀ ਪਾਰਟੀ, ਵਕਤੀ ਤੌਰ ਤੇ, ਵਿਆਕੁਲਤਾ ਦੀ ਅਵਸਥਾ ਵਿਚ ਹੁੰਦੀ ਹੈ......ਮੈਂ ਅਮਰਿਤਸਰ ਤੇ ਜਲੰਧਰ ਸੁਣਿਆ ਹੈ ਕਿ ਅਸੀਂ ਠੀਕ ਲੀਹਾਂ ਉਤੇ ਚਲ ਰਹੇ ਹਾਂ......[1]

ਪਰ ਸੁਧਾਰ ਕਮੇਟੀਆਂ ਬਣਾ ਕੇ ਹੇਲੀ ਦਸਣਾ ਇਹ ਚਾਹੁੰਦਾ ਸੀ ਕਿ ਇਹਨਾਂ ਦੀ "ਜਥੇਬੰਦੀ ਨੇ ਯਕੀਨੀ ਤੌਰ ਤੇ ਲੋਕਾਂ ਨੂੰ ਇਹ ਜ਼ਾਹਰ ਕਰ ਦਿੱਤਾ ਹੈ ਕਿ ਸਿੱਖ ਰਾਏ ਅਵੰਡ ਤੇ ਸੰਪੂਰਣ ਤੌਰ ਤੇ ਸ਼੍ਰੋਮਣੀ ਕਮੇਟੀ ਦੇ ਕਬਜ਼ੇ" ਵਿਚ ਨਹੀਂ । ਪਰ ਉਹ ਸ਼੍ਰੋਮਣੀ ਕਮੇਟੀ ਦੀ ਤਾਕਤ ਤੇ ਜਥੇਬੰਦੀ ਤੋਂ ਭੈ ਵੀ ਖਾਂਦਾ ਸੀ । ਏਸੇ ਲਈ ਕਹਿੰਦਾ ਸੀ : ਕਿ ਆਦਰਸ਼ਕ ਹਲ ਇਹ ਹੋਵੇਗਾ ਕਿ ਸ਼੍ਰੋਮਣੀ ਕਮੇਟੀ ਸਾਡੇ ਹਾਮੀਆਂ ਸਮੇਤ ਹੋਰ ਸਿੱਖ ਧੜਿਆਂ ਨੂੰ ਨਾਲ ਲੈ ਕੇ ਸਾਡੇ ਪਾਸ (ਗੁਰਦੁਆਰਾ ਬਿਲ ਬਣਾਣ ਦੀ) ਦਰਖਾਸਤ ਕਰੇ ।

ਇਹ ਸੀ ਉਸ ਦੀ ਪਾਲਿਸੀ ਦਾ ਦੂਜਾ ਪਹਿਲੂ ।

## 2. ਜੇਲ੍ਹਾਂ ਵਿਚ ਮੁੜ ਫੇਰ ਕੁਟਾਪਾ

ਗੌਰਮਿੰਟ ਦੀ ਪਾਲਿਸੀ ਦੁਮੂੰਹੀ ਸੀ—ਸਮਝੌਤੇ ਦੀ ਵੀ ਅਤੇ ਅਕਾਲੀਆਂ ਉਤੇ ਅਣ-ਮਨੁੱਖੀ ਤਸ਼ੱਦਦ ਕਰਕੇ ਮੁਆਫੀਆਂ ਮੰਗਵਾਣ ਦੀ ਵੀ। ਨਾਭੇ ਦੀਆਂ ਕੈਂਪ-ਜੇਲ੍ਹਾਂ ਵਿਚ ਅਕਾਲੀਆਂ ਉਤੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਜਾ ਰਹੇ ਸਨ । ਤਸ਼ੱਦਦ ਦੇ ਉਹ ਉਹ ਤਰੀਕੇ ਵਰਤੇ ਜਾ ਰਹੇ ਸਨ ਜਿਹੜੇ ਜੇਲ੍ਹਾਂ ਦੇ ਕਾਨੂੰਨ ਬਣਾਣ ਵਾਲਿਆਂ ਦੀ ਕਲਪਨਾ ਵਿਚ ਵੀ ਨਹੀਂ ਸਨ ਕਦੇ ਆ ਸਕਦੇ । ਲੋਕਾਂ ਤੇ ਪ੍ਰੈਸ ਦੀ ਪ੍ਰੋਟੈਸਟ ਨੂੰ ਪੈਰਾਂ ਥੱਲੇ ਦਰੜ ਕੇ ਸੁੱਟ ਦਿੱਤਾ ਜਾਂਦਾ ਸੀ ਅਤੇ ਜੇਲ੍ਹ ਅਫਸਰਾਂ ਨੂੰ ਇਸ ਲਾ-ਕਾਨੂੰਨੀ ਬਦਲੇ ਸਗੋਂ ਇਨਾਮ ਤੇ ਥਾਪੜੇ ਮਿਲਦੇ ਸਨ ।

ਇਸ ਜ਼ੁਲਮ ਤੇ ਅਤਿਆਚਾਰ ਦੀ ਕੁਛ ਝਲਕ 'ਕੌਮੀ ਦਰਦ' ਦੇ ਪਹਿਲੀ ਤੇ ਪੰਜਵੀਂ ਜਨਵਰੀ (1925) ਅਤੇ 'ਬਬਰ ਸ਼ੇਰ' ਦੇ 11 ਫਰਵਰੀ (1925) ਦੇ ਪਰਚਿਆਂ ਵਿਚ ਮਿਲਦੀ ਹੈ । ਇਹਨਾਂ ਪਰਚਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਹ ਏਲਾਨ ਛਾਪੇ ਗਏ ਸਨ ਜਿਨ੍ਹਾਂ ਵਿਚ ਇਹਨਾਂ ਘਿਨਾਉਣੇ ਜ਼ੁਲਮਾਂ ਦਾ ਜ਼ਿਕਰ ਕੀਤਾ ਗਿਆ ਸੀ । ਗੌਰਮਿੰਟ ਨੇ ਇਹਨਾਂ ਅਖਬਾਰਾਂ ਉਤੇ ਮੁਕੱਦਮਾ ਚਲਾਣ ਦੇ ਫੈਸਲੇ ਦਾ ਏਲਾਨ ਕੀਤਾ ਸੀ ਪਰ ਪਿਛੋਂ ਇਹ ਫੈਸਲਾ ਬਦਲ ਲਿਆ ਸੀ ਤਾਂ ਜੋ 'ਗੁਰਦੁਆਰਾ ਬਿਲ' ਸਬੰਧੀ ਫੈਸਲੇ ਦਾ ਨਤੀਜਾ ਵੇਖ ਲਿਆ ਜਾਏ । ਗੌਰਮਿੰਟ ਨੂੰ ਇਹ ਮੁਕੱਦਮੇ ਚਲਾਣ ਵਿਚ ਇਕ ਹੋਰ ਮੁਸ਼ਕਲ ਨਜ਼ਰ ਆਉਂਦੀ ਸੀ, ਉਹ ਇਹ ਕਿ "ਨਾਭੇ ਦੇ ਅਫਸਰਾਂ ਨੂੰ ਗੁਆਹਾਂ ਦੇ ਤੌਰ ਤੇ ਬੁਲਾਇਆ ਜਾਏਗਾ ਅਤੇ ਉਹਨਾ ਉਤੇ ਲੰਮੀ ਜਿਰਹਾ ਕੀਤੀ ਜਾਏਗੀ । ਇਸ ਨਾਲ ਨਾਭੇ ਵਿਚ ਤਸੀਹਿਆਂ ਦੀਆਂ ਕਹਾਣੀਆਂ ਵਿਚ ਦਿਲਚਸਪੀ ਮੁੜ ਜਾਗ ਪਏਗੀ । ਇਸ ਵੇਲੇ ਜਦੋਂ ਕਿ ਇਹ ਮਾਮਲਾ ਠੰਡਾ ਪੈ ਰਿਹਾ ਹੈ ਇਸ ਦਾ ਉਠਾਣਾ, ਅਣਚਾਹਵਾਂ ਹੈ...ਇਸ ਲਈ ਇਸ ਮੁਕਦਮੇ ਨੂੰ ਚੁਪਚਾਪ ਸਮਾਪਤ ਹੋ ਜਾਣ ਦਿਤਾ ਜਾਏ ।"[2]

---

[1] ਉਤਲੇ ਸਭ ਹਵਾਲੇ ਹੇਲੀ ਦੀਆਂ 5 ਤੇ 30 ਅਗਸਤ ਦੀਆਂ ਚਿੱਠੀਆਂ ਵਿਚੋਂ ਹਨ ।

[2] 88/I/1925 (Part B. Deposit)

Digitized by Panjab Digital Library | www.panjabdigilib.org

ਇਹਨਾਂ ਅਖਬਾਰਾਂ ਨੇ ਨਾਭੇ ਦੇ ਜੇਲ੍ਹ ਹਾਕਮਾਂ ਉਤੇ ਬੜੇ ਸਖਤ ਇਲਜ਼ਾਮ ਲਾਏ ਸਨ। ਇਹਨਾਂ ਨੇ ਲਿਖਿਆ ਸੀ ਕਿ ਅਕਾਲੀਆਂ ਤੋਂ ਮੁਆਫੀਆਂ ਮੰਗਵਾਣ ਲਈ ਜੇਲ੍ਹ ਵਾਲਿਆਂ ਨਵੇਂ ਵਹਿਸ਼ੀ ਤਰੀਕੇ ਵਰਤੇ। ਅਕਾਲੀਆਂ ਨੂੰ ਨੰਗਾ ਕਰਕੇ ਛੱਤਾਂ ਤੋਂ ਥੱਲੇ ਲਮਕਾਇਆ ਗਿਆ, ਉਹਨਾਂ ਦੇ ਗੁਪਤ ਥਾਵਾਂ ਤੇ ਸੱਟਾਂ ਮਾਰੀਆਂ ਗਈਆਂ, ਉਹਨਾਂ ਦੀ ਗੁਦਾ ਵਿਚ ਸੋਟੀਆਂ ਦਿਤੀਆਂ ਗਈਆਂ ਅਤੇ ਉਹਨਾਂ ਉਤੇ ਹੋਰ ਕਈ ਤਰ੍ਹਾਂ ਦੇ ਉਪੱਦਰ ਢਾਹੇ ਗਏ, ਜਿਨ੍ਹਾਂ ਦੇ ਕਾਰਣ ਉਹ ਬੇਹੋਸ਼ ਹੋ ਜਾਂਦੇ ਰਹੇ। ਇਸ ਬੇਹੋਸ਼ੀ ਦੀ ਹਾਲਤ ਵਿਚ ਉਹਨਾਂ ਦੇ ਮੁਆਫੀ-ਨਾਮਿਆਂ ਉਤੇ ਅੰਗੂਠੇ ਲਾਏ ਗਏ ਅਤੇ ਹੋਸ਼ ਆਉਣ ਤੇ ਉਹਨਾਂ ਨੂੰ ਜੇਲ੍ਹਾਂ ਵਿਚੋਂ ਬਾਹਰ ਕੱਢ ਦਿਤਾ ਗਿਆ। ਕਈ ਜਵਾਨ ਅਕਾਲੀਆਂ ਨਾਲ ਸ਼ੈਤਾਨੀ ਦੇ ਕਾਰੇ ਕੀਤੇ ਗਏ।

ਏਹੋ ਹੀ ਨਹੀਂ, ਕਈਆਂ ਨਾਲ ਕੁਤੇ-ਖਾਨਿਆਂ ਵਿਚ ਬੇਹਯਾਈ ਦਾ ਸਲੂਕ ਕੀਤਾ ਗਿਆ। ਉਹਨਾਂ ਦੇ ਕੇਸਾਂ ਵਿਚ ਹੁੱਕੇ ਦਾ ਪਾਣੀ ਪਾਇਆ ਗਿਆ। ਸਰਦੀ ਵਿਚ ਨੰਗੇ ਰੱਖਕੇ ਉਹਨਾਂ ਨੂੰ ਮਰਨ ਦਿਤਾ ਗਿਆ। ਪਵਿੱਤਰ ਕੇਸਾਂ ਵਿਚ ਪੇਸ਼ਾਬ ਸੁਟ ਕੇ ਉਹਨਾਂ ਦੀ ਬੇਇਜ਼ਤੀ ਕੀਤੀ ਗਈ। ਇਸ ਤਰ੍ਹਾਂ ਦੇ ਤਸੀਹੇ ਦੇ ਦੇ ਕੇ ਹੀ ਨਾਭੇ ਵਿਚ ਕੋਈ ਦੋ ਸੌ ਅਕਾਲੀ ਮੌਤ ਦੇ ਮੂੰਹ ਦਿਤੇ ਗਏ।

ਇਹਨਾਂ ਜ਼ੁਲਮਾਂ ਦੀ ਚਰਚਾ ਸਾਰੇ ਹੀ ਹਿੰਦੁਸਤਾਨ ਵਿਚ ਹੋਈ। ਪੰਡਤ ਮੋਤੀ ਲਾਲ ਨਹਿਰੂ ਨੇ ਨਾਭਾ ਐਡਮਨਿਸਟਰੇਸ਼ਨ ਨੂੰ ਦਰਖਾਸਤ ਦਿਤੀ ਕਿ ਲੈਜਿਸਲੇਟਿਵ ਅਸੰਬਲੀ ਦੇ ਦੋਂਹ ਮਿੰਬਰਾਂ ਨੂੰ ਨਾਭੇ ਜਾ ਕੇ ਅਕਾਲੀਆਂ ਨਾਲ ਕੀਤੀ ਜਾ ਰਹੀ ਖਿਲਾਫ ਕਾਨੂੰਨ ਬਦਸਲੂਕੀ ਦੀ ਪੜਤਾਲ ਕਰਨ ਦੀ ਆਗਿਆ ਦਿਤੀ ਜਾਏ। ਪਰ ਉਹਨਾਂ ਦੀ ਦਰਖਾਸਤ ਨਾ-ਮਨਜ਼ੂਰ ਕਰ ਦਿਤੀ ਗਈ। ਇਸ ਸਬੰਧ ਵਿਚ ਲੰਡਨ ਪਾਰਲੀਮਿੰਟ ਵਿਚ ਸਵਾਲ ਪੁਛੇ ਗਏ। ਅੰਡਰ ਸੈਕਟਰੀ ਆਫ ਸਟੇਟ ਅਰਲ ਵਿੰਨਟਰਟਨ ਨੇ 'ਮੁਕਾਮੀ ਹਾਕਮਾਂ ਦੀ ਮਰਜ਼ੀ ਵਿਰੁਧ ਮੁਦਾਖਲਤ ਕਰਨ' ਤੋਂ ਇਨਕਾਰ ਕਰ ਦਿਤਾ।[1]

ਏਸੇ ਤਰ੍ਹਾਂ ਇਕ ਹੋਰ ਮਿੰਬਰ ਨੇ ਪਾਰਲੀਮਿੰਟ ਵਿਚ ਸਵਾਲ ਪੁੱਛਿਆ ਕਿ ਸ਼ਕਾਇਤਾਂ ਕੀਤੀਆਂ ਗਈਆਂ ਹਨ ਕਿ ਨਾਭੇ ਦੇ ਜੇਲ੍ਹ-ਕੈਂਪਾਂ ਵਿਚ ਅਕਾਲੀਆਂ ਨੂੰ 'ਗਿੱਦੜ-ਕੁੱਟ' ਦੀ ਸਜ਼ਾ ਦਿਤੀ ਜਾਂਦੀ ਹੈ। ਇਹ ਵੀ ਸ਼ਕਾਇਤਾਂ ਪੁੱਜੀਆਂ ਹਨ ਕਿ ਉਹਨਾਂ ਨੂੰ ਖੁਰਾਕ ਬੜੀ ਭੈੜੀ ਤੇ ਨਿਕੰਮੀ ਦਿੱਤੀ ਜਾਂਦੀ ਹੈ ਅਤੇ ਕੈਦੀਆਂ ਨੂੰ ਲੰਮੇ-ਲੰਮੇ ਅਰਸੇ ਲਈ ਪਾਣੀ ਨਹੀਂ ਦਿੱਤਾ ਜਾਂਦਾ—ਇਹਨਾਂ ਤੱਥਾਂ ਦੀ ਪੜਤਾਲ ਕਰਾਈ ਜਾਏ। ਪਰ ਉਪਰੋਕਤ ਅੰਡਰ-ਸੈਕਟਰੀ ਦਾ ਟਾਲਵਾਂ ਜਵਾਬ ਇਹ ਸੀ ਕਿ ਜੇਲ੍ਹਾਂ ਦਾ ਇਨਸਪੈਕਟਰ ਜਨਰਲ ਪਿੱਛੇ ਜਹੇ ਹੀ ਦਸੰਬਰ ਵਿਚ ਕੈਂਪਾਂ ਵਿਚ ਗਿਆ ਸੀ। ਉਸ ਦੀ ਰਿਪੋਰਟ ਅਨੁਸਾਰ ਹਾਲਾਤ ਤਸੱਲੀ-ਬਖਸ਼ ਸਨ, ਖੁਰਾਕ ਚੰਗੀ ਦਿੱਤੀ ਜਾਂਦੀ ਸੀ ਅਤੇ ਪਾਣੀ ਦੀ ਕੋਈ ਕਮੀ ਨਹੀਂ ਸੀ।[2]

ਇਸ ਮਿੰਬਰ ਨੇ ਕੰਨ-ਪ੍ਰੇਡ ਤੇ ਇਸ ਪੁਜੀਸ਼ਨ ਵਿਚ ਕੈਦੀਆਂ ਨੂੰ ਕੁਟਾਪਾ ਚਾੜ੍ਹਨ ਬਾਰੇ ਵੀ ਸਵਾਲ ਪੁੱਛਿਆ ਸੀ ਜਿਸ ਦਾ ਉੱਤਰ ਇਹ ਦਿੱਤਾ ਗਿਆ ਸੀ ਕਿ ਵਿਸਥਾਰ ਲਿਖ ਕੇ ਦਿਉ, ਪੜਤਾਲ ਕਰਾਈ ਜਾਏਗੀ। ਜੇਲ੍ਹ ਦੇ ਨਿਯਮਾਂ ਵਿਚ ਕੰਨ-ਪ੍ਰੇਡ ਜੇਹੀ ਕੋਈ ਸਜ਼ਾ ਦਰਜ ਨਹੀਂ।

---

[1] Debates on Indian Affairs—House of Commons, 1924-25, page 258.

[2] Debates on Indian Affairs—House of Commons, 1924-25, page 56.

Digitized by Panjab Digital Library | www.panjabdigilib.org

ਇਸ ਤਰ੍ਹਾਂ ਜੇਲ੍ਹ ਅਫਸਰਾਂ ਦੇ ਗੁਨਾਹਾਂ ਉਤੇ ਹਿੰਦੁਸਤਾਨ ਦੇ ਅਫਸਰਾਂ ਤੋਂ ਲੈਕੇ ਲੰਡਨ ਦੇ ਸੈਕਟਰੀਆਂ ਤਕ ਵਲੋਂ ਪਰਦਾ ਪਾਇਆ ਜਾਂਦਾ ਸੀ। ਕੰਨ-ਪ੍ਰੇਡ ਤੇ ਗਿੱਦੜ-ਕੁੱਟ ਰਾਹੀਂ ਅਕਾਲੀ ਕੈਦੀਆਂ ਨੂੰ ਇਖਲਾਕੀ ਕੈਦੀ ਡਾਹ ਕੇ ਮਾਰਕੁੱਟ ਕਰਾਈ ਜਾਂਦੀ ਸੀ—ਏਨੀ ਸਖਤ ਕਿ ਕਈ ਵਾਰ ਕੈਦੀਆਂ ਦਾ ਵਿੱਚੇ ਪੇਸ਼ਾਬ ਨਿਕਲ ਜਾਂਦਾ ਸੀ।

ਜੇਲ੍ਹਾਂ ਵਿਚ ਕਾਨੂੰਨ ਜੇਹੀ ਕੋਈ ਚੀਜ਼ ਨਹੀਂ ਸੀ।ਜੇਲ੍ਹ ਅਫਸਰਾਂ ਦਾ ਸ਼ਬਦ ਹੀ ਕਾਨੂੰਨ ਸੀ। ਇਹਨਾਂ ਵਿਚ ਮਾਰਕੁੱਟ ਤਾਂ ਗੱਲ ਹੀ ਕੁਝ ਨਹੀਂ ਸੀ, ਕਤਲਾਂ ਤੱਕ ਦੀ ਉੱਘ-ਸੁੱਘ ਨਹੀਂ ਸੀ ਨਿਕਲਨ ਦਿੱਤੀ ਜਾਂਦੀ। "ਪੁੱਠੇ ਟੰਗਣਾ, ਕੇਸ ਪੁੱਟਣੇ, ਦਾੜ੍ਹਾ ਪੁੱਟਣਾ, ਮੰਜੇ ਦੇ ਪਾਵਿਆਂ ਹੇਠਾਂ ਹੱਥ ਰਖਕੇ ਉੱਤੇ ਸਿਪਾਹੀਆਂ ਦਾ ਬੈਠ ਜਾਣਾ, ਗੁੱਝੀ ਤੇ ਪਰਗਟ ਮਾਰਕੁਟਾਈ"[1] ਕਰਨਾ ਜੇਲ੍ਹ ਅਫਸਰਾਂ ਲਈ ਮਮੂਲੀ ਗਲਾਂ ਸਨ। ਹਡ ਪੱਸਲੀਆਂ ਟੁੱਟਦੀਆਂ ਹਨ ਤਾਂ ਪਈਆਂ ਟੁੱਟਣ, ਜੇਲ੍ਹ ਅਫਸਰਾਂ ਨੂੰ ਕੀ। ਉੱਤਲੇ ਅਫਸਰ ਉਹਨਾਂ ਉਤੇ ਖੁਸ਼ ਸਨ।

ਮੁਲਤਾਨ ਸੈਂਟਰਲ ਜੇਲ੍ਹ ਵਿਚ ਵੀ ਅਕਾਲੀਆਂ ਉਤੇ ਬੜੀਆਂ ਸਖਤੀਆਂ ਕੀਤੀਆਂ ਗਈਆਂ ਸਨ। ਇਹਨਾਂ ਸਖਤੀਆਂ ਦਾ ਜ਼ਿਕਰ 'ਬੰਦੇਮਾਤ੍ਰਮ' ਰੋਜ਼ਾਨਾ ਉਰਦੂ ਨੇ ਆਪਣੇ ਕਾਲਮਾਂ ਵਿਚ ਵਿਸਥਾਰ ਨਾਲ ਕੀਤਾ ਸੀ ਜਿਸ ਦੇ ਕਾਰਣ ਜੇਹਲ ਦੇ ਦਰੋਗੇ ਨੇ ਅਖਬਾਰ ਵਿਰੁਧ 'ਮਾਣ ਭੰਗ' ਦਾ ਮੁਕਦੱਮਾ ਚਲਾਇਆ ਸੀ। ਇਸ ਮੁਕੱਦਮੇ ਵਿਚ ਦਰੋਗੇ ਦੇ ਖਿਲਾਫ ਕੈਦੀਆਂ ਵਿਰੁਧ ਖਿਲਾਫ ਕਾਨੂੰਨ ਸਲੂਕ ਕਰਨ ਦੇ ਦੂਸ਼ਨ ਸਿੱਧ ਹੋ ਗਏ ਸਨ। ਇਸ ਮੁਕੱਦਮੇ ਬਾਰੇ ਵੀ ਪਾਰਲੀਮਿੰਟ ਵਿਚ ਸਵਾਲ ਪੁੱਛੇ ਗਏ ਸਨ।[2]

ਏਡੀ ਵੱਡੀ ਤਹਿਰੀਕ ਵਿਚ ਕੁਛ ਇਕ ਬੰਦਿਆਂ ਦਾ ਕਮਜ਼ੋਰ ਪੈ ਜਾਣਾ ਕੋਈ ਵੱਡੀ ਗੱਲ ਨਹੀਂ। ਵੱਡੀ ਗੱਲ ਇਹ ਹੈ ਕਿ ਜੇਲ੍ਹਾਂ ਵਿਚ ਸਖਤੀਆਂ ਦੇ ਕਰੜੇ ਇਮਤਿਹਾਨ ਵਿਚੋਂ ਵੀ ਅਕਾਲੀ ਸੁਰਖ-ਰੂਈ ਹਾਸਲ ਕਰਕੇ ਨਿਕਲੇ। ਇਸ ਸਖਤੀ ਨੇ ਉਹਨਾਂ ਨੂੰ ਬਰਿਟਿਸ਼ ਰਾਜ ਦੇ ਕੱਟੜ ਦੁਸ਼ਮਣ ਬਣਾਣ ਦਾ ਕੰਮ ਕੀਤਾ।

## 3. ਮਸਲੇ ਦਾ ਹੱਲ : ਗੁਰਦੁਆਰਾ ਬਿਲ

ਹੇਲੀ ਦਾ ਇਕ ਤਰ੍ਹਾਂ ਇਹ ਸੁਝਾਅ ਦੇਣਾ ਕਿ ਅਦਾਲਤੀ ਡਿਗਰੀਆਂ ਦੀ ਜ਼ਦ ਤੋਂ ਬਚਣਾ ਹੈ ਤਾਂ ਗੁਰਦੁਆਰਾ ਬਿਲ ਬਣਵਾਣ ਦਾ ਚਾਰਾ ਕਰੋ—ਬੜਾ ਅਰਥ-ਭਰਪੂਰ ਸੀ। ਉਸ ਨੇ ਸੁਧਾਰ ਕਮੇਟੀਆਂ ਨੂੰ ਵੀ ਤੇ ਲੋਕਾਂ ਨੂੰ ਵੀ ਗੁਰਦੁਆਰਾ ਬਿਲ ਬਣਵਾਣ ਦੇ ਸੁਝਾਅ ਦਿੱਤੇ ਸਨ। ਜਿਸ ਦਾ ਮਤਲਬ ਇਹੋ ਨਿਕਲ ਸਕਦਾ ਹੈ ਕਿ ਉਹ ਲਗਦੀਵਾਹ, ਨਵੀਆਂ ਲੜਾਈਆਂ ਨਹੀਂ ਸੀ ਛੇੜਨਾ ਚਾਹੁੰਦਾ। ਗੁਰਦੁਆਰਾ ਬਿਲ ਬਣਵਾਕੇ ਝਗੜਾ ਮੁਕਾਣਾ ਚਾਹੁੰਦਾ ਸੀ—ਪਰ ਚਾਹੁੰਦਾ ਇਹ ਸੀ ਕਿ ਗੁਰਦੁਆਰਿਆਂ ਦੀ ਵਾਗਡੋਰ ਨਰਮ-ਖਿਆਲ ਸਿੱਖਾਂ ਦੇ ਹੱਥ ਵਿਚ ਆਵੇ, ਗਰਮ-ਖਿਆਲ ਕੌਮ ਪਰਸਤਾਂ ਦੇ ਹੱਥ ਵਿਚ ਨਹੀਂ। ਅੱਗੇ ਚਲਕੇ ਅਸੀਂ ਵੇਖਾਂਗੇ ਕਿ ਕੈਦੀਆਂ ਦੇ ਰਿਹਾ ਨਾ ਕਰਨ ਉੱਤੇ ਅੜੇ ਰਹਿਣ ਦੀ ਤਹਿ ਥੱਲੇ ਉਸ ਦੀ ਇਹੋ ਪਾਲਿਸੀ ਤੇ ਖਾਹਸ਼ ਕੰਮ ਕਰ ਰਹੀ ਸੀ।

---

[1] ਅਕਾਲੀ ਤੇ ਪ੍ਰਦੇਸੀ : 26 ਜੁਲਾਈ 1925, ਸਫਾ 2.

[2] ਅਕਾਲੀ ਤੇ ਪ੍ਰਦੇਸੀ : 1 ਅਗਸਤ 1925, ਸਫਾ 5.

Digitized by Panjab Digital Library | www.panjabdigilib.org

ਬਾਹਰ ਸ਼੍ਰੋਮਣੀ ਕਮੇਟੀ ਦੇ ਅੰਦਰ ਨਰਮ-ਖਿਆਲ ਤੱਤਾਂ ਦੀ ਬਹੁ-ਗਿਣਤੀ ਹੋ ਗਈ ਸੀ ਅਤੇ ਗਰਮ-ਖਿਆਲੀਆਂ ਦੀ ਥੋੜ੍ਹ-ਗਿਣਤੀ। ਨਰਮ-ਖਿਆਲ ਆਗੂ ਗੌਰਮਿੰਟ ਨਾਲ ਸਮਝੌਤੇ ਦੀ ਗੱਲਬਾਤ ਕਰਨ ਲਈ ਤਿਆਰ ਬੈਠੇ ਸਨ, ਉਹਨਾਂ ਨੂੰ ਸੁਧਾਰ ਕਮੇਟੀਆਂ ਦੀ ਵਿਰੋਧਤਾ ਭੈਭੀਤ ਕਰ ਰਹੀ ਸੀ ਅਤੇ ਜਥੇਬੰਦੀ ਵਿਚ 'ਸਿਥਲਤਾ' ਵਧ ਰਹੀ ਨਜ਼ਰ ਆ ਰਹੀ ਸੀ—ਅਤੇ ਇਹ ਉਸ ਵੇਲੇ ਜਦੋਂ ਕਿ ਕਲਕੱਤਾ, ਕੈਨੇਡਾ ਤੇ ਸ਼ੰਘਾਈ ਵਿਚੋਂ ਆ ਰਹੇ ਬਾਹਰਲੇ ਜਥੇ ਆਮ ਸਿੱਖਾਂ ਵਿਚ ਨਵਾਂ ਉਤਸ਼ਾਹ ਭਰ ਰਹੇ ਸਨ।

ਸਰਦਾਰ ਜੁਗਿੰਦਰ ਸਿੰਘ ਜੇਹੇ ਸਰਕਾਰ ਭਗਤ ਦਾ ਵੀ ਹੇਲੀ ਦੀਆਂ ਤਕਰੀਰਾਂ ਦਾ ਅਧਿਅਨ ਏਹੋ ਕੁਛ ਕਹਿੰਦਾ ਸੀ। ਉਸ ਨੇ ਸ: ਨਾਰਾਇਣ ਸਿੰਘ ਪਲੀਡਰ ਗੁਜਰਾਂਵਾਲਾ ਨੂੰ ਇਕ ਚਿੱਠੀ ਵਿਚ ਲਿਖਿਆ ਸੀ : ਮੈਂ ਖਿਆਲ ਕਰਦਾ ਹਾਂ ਕਿ ਗੌਰਮਿੰਟ ਵੀ ਮਾਮਲੇ ਦੇ ਨਜਿੱਠਣ ਲਈ ਓਨੀ ਹੀ ਫਿਕਰਮੰਦ ਹੈ—ਸ਼ਾਇਦ ਸਾਡੇ ਨਾਲੋਂ ਵੀ ਵਧੇਰੇ ਫਿਕਰਮੰਦ ਹੈ—ਭਾਵੇਂ ਕੁਛ ਬੇਅਸੂਲੇ ਆਦਮੀ ਜਿਨ੍ਹਾਂ ਨੇ ਆਪਣਾ ਉੱਲੂ ਸਿੱਧਾ ਕਰਨਾ ਹੈ, ਸ਼੍ਰੋਮਣੀ ਕਮੇਟੀ ਵਲ ਨੂੰ ਗੌਰਮਿੰਟ ਦੇ ਵਰਤਮਾਨ ਰਵੱਈਏ ਤੋਂ ਫਾਇਦਾ ਉਠਾ ਰਹੇ ਹਨ।[1]

ਏਹੋ ਹਕੀਕਤ ਲਾਹੌਰ ਕਿਲ੍ਹੇ ਵਿਚ ਸਰਕਾਰੀ ਵਕੀਲ ਮਿਸਟਰ ਪੈਟਮੈਨ ਦੀ ਸ: ਮਹਿਤਾਬ ਸਿੰਘ ਨਾਲ ਗਲਬਾਤ ਤੋਂ ਜ਼ਾਹਰ ਹੁੰਦੀ ਹੈ। ਅਤੇ ਸ. ਗੁਰਬਖਸ਼ ਸਿੰਘ ਸਿਆਲਕੋਟ ਦਾ ਸਮਝੌਤੇ ਦੀ ਗਲਬਾਤ ਲਈ ਡਿਪਟੀ ਕਮਿਸ਼ਨਰ ਦਾ ਕਮਿਸ਼ਨਰ ਲੈਂਗਲੇ ਲਈ ਚਿੱਠੀ ਲੈ ਕੇ ਆਉਣਾ ਏਸੇ ਦਾ ਸੰਕੇਤ ਦੇਂਦਾ ਹੈ। ਗੌਰਮਿੰਟ ਦੇ ਅਫਸਰ ਸਮਝੌਤੇ ਦੀ ਗੱਲਬਾਤ ਤੋਰਨ ਤੋਂ ਪਹਿਲੋਂ ਸ਼੍ਰੋਮਣੀ ਕਮੇਟੀ ਦੇ ਆਗੂਆਂ ਦਾ ਮਨ ਟੋਹਣ-ਜੋਹਣ ਲਈ ਏਹੋ ਜੇਹੇ ਹੀ ਤਰੀਕੇ ਵਰਤਦੇ ਸਨ। ਗੌਰਮਿੰਟ ਆਪਣਾ ਰੋਅਬ-ਦਾਬ ਕਾਇਮ ਰੱਖ ਕੇ ਗੱਲਬਾਤ ਕਰਨਾ ਚਾਹੁੰਦੀ ਸੀ। ਉਹ ਮੱਥੇ ਉਤੇ ਤੀਉੜੀਆਂ ਪਾ ਕੇ ਡਰਾ ਰਹੀ ਸੀ ਅਤੇ ਮੂੰਹ ਦੀਆਂ ਬੁਲ੍ਹੀਆਂ ਵਿਚੋਂ ਨਿਮ੍ਹਾ ਜੇਹਾ ਮੁਸਕਰਾ ਕੇ ਸਮਝੌਤੇ ਦੀ ਗੱਲਬਾਤ ਚਲਾਣ ਲਈ ਇਸ਼ਾਰੇ ਕਰ ਰਹੀ ਸੀ।

ਦੂਜੇ ਪਾਸੇ, ਕਿਲ੍ਹੇ ਵਿਚ ਸ਼੍ਰੋਮਣੀ ਕਮੇਟੀ ਦੇ ਆਗੂਆਂ ਵਿਚ ਬੜੀ ਘਬਰਾਹਟ ਫੈਲੀ ਹੋਈ ਸੀ। ਉਹਨਾਂ ਨੂੰ ਬਾਹਰਲੀ ਕਮੇਟੀ ਤੋਂ ਬੜੀਆਂ ਭੈਭੀਤ ਕਰਨ ਵਾਲੀਆਂ ਰਿਪੋਰਟਾਂ ਜਾ ਰਹੀਆਂ ਸਨ। 'ਸ. ਰਾਜਾ ਸਿੰਘ, ਸ. ਅਰਜਨ ਸਿੰਘ ਅਤੇ ਸ: ਦੌਲਤ ਸਿੰਘ ਦੇ ਪੱਤਰ ਦੱਸ ਰਹੇ ਸਨ ਕਿ ਜੋਸ਼ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ।'[2] ਰੁਪਇਆ ਪੈਸਾ ਖਤਮ ਹੋ ਗਿਆ ਹੈ। ਜਥਿਆਂ ਦੇ ਘੱਲਣ ਲਈ ਆਦਮੀ ਮਿਲਣੇ ਮੁਸ਼ਕਲ ਹੋ ਗਏ ਹਨ। ਇਹ ਹਾਲਾਤ ਵੇਖਕੇ 'ਬਾਹਰ ਵਾਲੇ ਕਮੇਟੀ ਦੇ ਸਜਣ ਬੜੇ ਮਾਯੂਸ ਹੋਏ ਹੋਏ ਸਨ ਤੇ ਗੌਰਮਿੰਟ ਨਾਲ ਸਮਝੌਤਾ ਕਰਾਣ ਲਈ ਕਈ ਆਦਮੀਆਂ ਨੂੰ ਬੇਨਤੀਆਂ ਕਰ ਰਹੇ ਸਨ।' ਏਥੋਂ ਤਕ ਕਿ ਰਾਜਾ ਸਿੰਘ ਅਤੇ ਅਰਜਨ ਸਿੰਘ, ਸ. ਸੁੰਦਰ ਸਿੰਘ ਮਜੀਠੀਆ ਦੇ ਪਾਸ ਵੀ ਗਏ ਕਿ ਸਮਝੌਤਾ ਕਰਾ ਦਿਓ। ਵਗੈਰਾ।[3]

ਲਾਹੌਰ ਕਿਲ੍ਹੇ ਦੇ ਕੁਛ ਉਤਲੇ ਆਗੂ ਪਹਿਲੋਂ ਹੀ ਦਿਲ ਛੱਡੀ ਬੈਠੇ ਸਨ। ਉਹਨਾਂ ਦੀ ਹਾਲਤ 'ਬੜੀ ਪਤਲੀ ਹੋਈ ਹੋਈ ਸੀ। ਉਹ ਬਾਹਰ ਦੀ ਕਮੇਟੀ ਵਾਲਿਆਂ ਨੂੰ ਨਸੀਹਤਾਂ

---

[1] Some Confidential papers—no. 68, p. 131

[2] Some Confidential papers—no. 69, p. 132

[3] Some Confidential papers—no. 170, p. 270

Digitized by Panjab Digital Library | www.panjabdigilib.org

ਕਰ ਰਹੇ ਸਨ : ਜਥਿਆਂ ਦੀ ਤਹਿਰੀਕ ਵਿਚ ਕੋਈ ਢਿਲ ਮੱਠ ਨਹੀਂ ਆਉਣ ਦਿਓ । ਇਹ ਬੜਾ ਨਾਜ਼ਕ ਤੇ 'ਮਨੋ-ਅਵਸਥਕ' ਵਕਤ ਹੈ । ਗੌਰਮਿੰਟ ਉਤੇ ਇੰਨਾ ਦਬਾਅ ਪਾਓ ਜਿੰਨਾ ਸੰਭਵ ਤੇ ਯੋਗ ਹੋਵੇ । ਪਰ ਅੱਤ ਕੱਥਨੀ ਤੋਂ ਕੰਮ ਨਹੀਂ ਲਓ । ਯਾਦ ਰਖੋ **ਤੁਹਾਡਾ ਵਾਸਤਾ ਨਿਹਾਇਤ ਹੀ ਚਲਾਕ ਤੇ ਮਜ਼ਬੂਤ ਆਦਮੀ ਨਾਲ ਪੈ ਰਿਹਾ ਹੈ ਜਿਸ ਨੂੰ ਗਪੌੜੇ ਮਾਰ ਕੇ ਸਰ ਨਹੀਂ ਕੀਤਾ ਜਾ ਸਕਦਾ ।**' (ਜ਼ੋਰ ਮੇਰਾ)[1]

ਉਤਲੇ ਸ਼ਬਦਾਂ ਤੋਂ ਕਿਲ੍ਹੇ ਦੇ ਕੁਛ ਉਤਲੇ ਆਗੂਆਂ ਦੀ ਢਹਿੰਦੀ ਕਲਾ ਦੀ ਮਨੋ-ਅਵੱਸਥਾ ਪੜ੍ਹੀ ਜਾ ਸਕਦੀ ਹੈ । ਉਹਨਾਂ ਦੇ ਮਨਾਂ ਉਤੇ ਹੇਲੀ ਦੀ ਚਲਾਕੀ ਤੇ ਮਜ਼ਬੂਤੀ ਦਾ ਰੋਅਬ ਬੈਠ ਗਿਆ ਸੀ, ਜਦੋਂ ਇਨਸਾਨ ਦੀ ਇਹ ਮਨੋਅਵੱਸਥਾ ਹੋਵੇ ਤਾਂ ਨਾ ਤਾਂ ਉਹ ਅਸਲੀ ਸਥਿੱਤੀ ਦਾ ਸਹੀ ਲੇਖਾ ਜੋਖਾ ਹੀ ਕਰ ਸਕਦਾ ਹੈ ਅਤੇ ਨਾ ਸਹੀ ਰਾਏ ਹੀ ਕਾਇਮ ਕਰ ਸਕਦਾ ਹੈ । ਇਸ ਹਾਲਤ ਵਿਚ ਆਪਣੀ ਤਾਕਤ ਘੱਟ ਨਜ਼ਰ ਆਉਣ ਲਗ ਪੈਂਦੀ ਹੈ ਅਤੇ ਦੁਸ਼ਮਣ ਦੀ ਬਹੁਤੀ ।

ਹੇਲੀ, ਬਾਹਰੋਂ ਭਾਵੇਂ ਕੋਈ ਵੀ ਦਮਗਜੇ ਮਾਰਦਾ ਹੋਵੇ, ਅੰਦਰੋਂ ਗੁਰਦੁਆਰਿਆਂ ਦਾ ਮਾਮਲਾ ਮੁਕਾਣ ਲਈ ਕਾਹਲਾ ਪਿਆ ਹੋਇਆ ਸੀ । "ਨਵੰਬਰ 1924 ਵਿਚ ਮਾਲਵੀਆ ਦੇ ਅਣਥਕ ਯਤਨਾਂ ਨਾਲ ਇਕ ਗੁਰਦੁਆਰਾ ਬਿਲ ਤਿਆਰ ਹੋਣ ਵਾਲਾ ਸੀ ਤਾਂ ਸਰਕਾਰ ਨੂੰ ਪਿੱਸੂ ਪੈ ਰਹੇ ਸਨ ਕਿ ਜੇ ਸਿੱਖ ਤੇ ਹਿੰਦੂ ਮਿੰਬਰਾਂ ਦੀ ਸਲਾਹ ਨਾਲ ਗੁਰਦੁਆਰਾ ਬਿਲ ਪੇਸ਼ ਕੀਤਾ ਗਿਆ ਤਾਂ ਫੇਰ ਅਸੀਂ ਕੀ ਜਵਾਬ ਦੇਵਾਂਗੇ । ਇਸ ਔਕੜ ਵਿਚੋਂ ਨਿਕਲਣ ਲਈ ਸਰਕਾਰ ਕਈ ਤਜਵੀਜ਼ਾਂ ਸੋਚ ਰਹੀ ਸੀ । ਆਖਰ ਉਹਨਾਂ ਨੇ ਸਿੱਖਾਂ ਨੂੰ ਇਸ ਗੱਲ ਤੇ ਰਾਜ਼ੀ ਕਰ ਲਿਆ ਕਿ ਕੈਦੀਆਂ ਦੀ ਰਿਹਾਈ ਦੇ ਸਵਾਲ ਦੇ ਫੈਸਲੇ ਕੀਤਿਆਂ ਬਗੈਰ ਗੁਰਦੁਆਰਾ ਬਿਲ ਤੇ ਵਿਚਾਰ ਸ਼ੁਰੂ ਕੀਤੀ ਜਾਵੇ । ਸ਼੍ਰੋਮਣੀ ਕਮੇਟੀ ਵਲੋਂ ਵੀ ਇਸ ਤਰ੍ਹਾਂ ਕਰਨ ਦੀ ਆਗਿਆ ਦਿੱਤੀ ਗਈ ।"[2]

## 4. ਗੱਲਬਾਤ ਕਿਵੇਂ ਸ਼ੁਰੂ ਹੋਈ

ਬਰਡਵੁਡ ਤੇ ਕਰੇਕ ਨਾਲ ਸਮਝੌਤੇ ਦੀ ਗੱਲ ਬਾਤ ਵੇਲੇ ਸ਼ਰਤਾਂ ਪਹਿਲੋਂ ਤੈ ਕਰ ਲੈਣ ਉਤੇ ਜ਼ੋਰ ਸੀ । ਉਸ ਵੇਲੇ ਸਮਝੌਤਾ ਨਾ ਹੋ ਸਕਣ ਦੇ ਕਈ ਕਾਰਣ ਬਣ ਗਏ ਸਨ । ਮਸਲਨ : ਸ਼੍ਰੋਮਣੀ ਕਮੇਟੀ ਦਾ ਕੈਦੀ ਪਹਿਲੋਂ ਛੁੜਾਨ ਉਤੇ ਜ਼ੋਰ ਦੇਣਾ ਅਤੇ ਗੌਰਮਿੰਟ ਵਲੋਂ ਨਾਭੇ ਦਾ ਸਵਾਲ ਛੁੜਾਨ ਉਤੇ ਜ਼ੋਰ ਦੇਣਾ । ਏਸੇ ਤਰ੍ਹਾਂ ਜੈਤੋ ਦੇ ਅਖੰਡ ਪਾਠ ਦੀ ਮਿਆਦ ਅਤੇ ਹਾਜ਼ਰੀ ਉਤੇ ਦੋਹਾਂ ਧਿਰਾਂ ਵਿਚਕਾਰ ਸਖਤ ਮਤ-ਭੇਦ ਸਨ । ਗੱਲ-ਬਾਤ ਦੇ ਤੋੜਨ ਦਾ ਇਲਜ਼ਾਮ, ਜਿਵੇਂ ਅਸੀਂ ਪਿੱਛੇ ਵੇਖ ਆਏ ਹਾਂ, ਗੌਰਮਿੰਟ ਦੇ ਸਿਰ ਆਇਦ ਹੁੰਦਾ ਸੀ ।

ਗਵਰਨਰ ਹੇਲੀ ਨੇ ਆਪਣੀਆਂ ਸਪੀਚਾਂ ਵਿਚ, ਵੱਲ-ਵਲਾਵੇਂ ਪਾਕੇ, ਸਮਝੌਤੇ ਲਈ ਖੁਲ੍ਹੇ ਸੱਦੇ ਦਿੱਤੇ ਸਨ । ਉਸ ਦੀਆਂ ਤਕਰੀਰਾਂ ਗੱਲਬਾਤ ਲਈ ਇਸ਼ਾਰੇ ਨਹੀਂ ਸਨ, ਸੱਦੇ ਸਨ । ਤਾਰਾ ਸਿੰਘ ਮੋਗਾ ਨੇ ਇਹਨਾਂ ਦਾ ਮਤਲਬ ਠੀਕ ਸਮਝ ਕੇ ਪੰਜਾਬ ਕੌਂਸਲ ਦੇ ਸਿੱਖ ਮਿੰਬਰਾਂ ਦੀ ਇਕ ਮੀਟਿੰਗ ਸੱਦ ਲਈ ਅਤੇ ਉਸ ਵਿਚ ਇਕ ਸਬ-ਕਮੇਟੀ ਚੁਣ ਲਈ । ਇਸ

[1] Some Confidential papers—no. 182, p. 292

[2] ਅਕਾਲੀ ਤੇ ਪ੍ਰਦੇਸੀ—ਛਿਆਂ ਦੀ ਲੜੀ ਵਿਚੋਂ ਐਡੀਟੋਰੀਅਲ ਨੰਬਰ 2, 14 ਅਕਤੂਬਰ 1925.

Digitized by Panjab Digital Library | www.panjabdigilib.org

ਦੇ ਮਿੰਬਰ ਸਨ ਤਾਰਾ ਸਿੰਘ, ਜੋਧ ਸਿੰਘ, ਨਾਰਾਇਣ ਸਿੰਘ, ਗੁਰਬਖਸ਼ ਸਿੰਘ ਅਤੇ ਮੰਗਲ ਸਿੰਘ। ਇਸ ਨੇ ਸ਼੍ਰੋਮਣੀ ਕਮੇਟੀ ਪਾਸੋਂ ਗੱਬਲਾਤ ਕਰਨ ਦੀ ਆਗਿਆ ਹਾਸਲ ਕਰ ਲਈ। ਕਿਉਂਕਿ ਸ਼੍ਰੋਮਣੀ ਕਮੇਟੀ ਪਹਿਲੋਂ ਹੀ ਸਮਝੌਤੇ ਲਈ ਤਿਆਰ ਬੈਠੀ ਸੀ ; ਇਸ ਤਰ੍ਹਾਂ ਇਹ ਗੱਲਬਾਤ ਸ਼ੁਰੂ ਹੋ ਗਈ।

ਇਸ ਨਵੀਂ ਗੱਲਬਾਤ ਵੇਲੇ ਕੋਈ ਸ਼ਰਤਾਂ ਤੈ ਨਹੀਂ ਹੋਈਆਂ। ਇਸ ਦੇ ਸਾਮ੍ਹਣੇ ਮੁੱਖ ਮਸਲਾ ਗੁਰਦੁਆਰਾ ਬਿਲ ਬਣਾਕੇ ਗੁਰਦੁਆਰਿਆਂ ਦਾ ਸਵਾਲ ਹਲ ਕਰਨਾ ਸੀ । ਬਾਕੀ ਸਭ ਸਮਸਿਆਵਾਂ ਪਿੱਛੋਂ ਆਉਂਦੀਆਂ ਸਨ। ਇਸ ਲਈ ਗੌਰਮਿੰਟ ਦੇ ਨੁਮਾਇੰਦਿਆਂ ਅਤੇ ਕੌਂਸਲ ਦੇ ਪਰਤੀਨਿਧਾਂ ਵਿਚਕਾਰ ਬਿਲ ਦੇ ਬਣਾਣ ਤੇ ਬਹਿਸ ਸ਼ੁਰੂ ਹੋ ਗਈ ਅਤੇ ਬਿਲ ਦੀ ਰੂਪ-ਰੇਖਾ ਉਘੜਨ ਲਗ ਪਈ।

ਇਸ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਵੀ ਆਪਣੀਆਂ ਕਈ ਇਕ ਜ਼ਿਦਾਂ ਛਡਣੀਆਂ ਪਈਆਂ ਸਨ। ਵਾਈਸਰਾਏ ਨੇ ਪਹਿਲੀ ਸ਼ਰਤ ਇਹ ਰੱਖੀ ਸੀ ਕਿ ਨਾਭੇ ਦਾ ਸਵਾਲ ਛਡੋ। ਫੇਰ ਗੱਲਬਾਤ ਹੋਵੇਗੀ। ਉਹ ਨਹੀਂ ਛਡਿਆ ਗਿਆ। ਗਵਰਨਰ ਜਥੇ ਭੇਜਣੇ ਬੰਦ ਕਰਨ ਪਿੱਛੋਂ ਗੱਲਬਾਤ ਕਰਨ ਦੀ ਗੱਲ ਕਰਦਾ ਸੀ। ਗੁਰਦੁਆਰਾ ਗੰਗਸਰ ਵਿਚ ਹਾਜ਼ਰੀ ਤੇ ਦਿਨਾਂ ਦੀ ਹਦ-ਬੰਦੀ ਬਾਰੇ ਦੋਹਾਂ ਵਿਚਕਾਰ ਕੋਈ ਠੁੱਕ ਹੀ ਨਹੀਂ ਸੀ ਬੱਝਦਾ । ਇਹ ਦੋਵੇਂ ਸ਼ਰਤਾਂ ਜਾਂਦੀਆਂ ਰਹੀਆਂ। ਨਾ ਹੀ ਅੱਗੋਂ ਲਈ ਭਵਿਖ ਵਿਚ ਗੰਗਸਰ ਜਾਣ ਬਾਰੇ ਕੋਈ ਰੁਕਾਵਟ ਰਹੀ ਸੀ। ਇਸ ਲਈ ਜੇ ਸ਼੍ਰੋਮਣੀ ਕਮੇਟੀ ਵਲੋਂ 'ਪਹਿਲੋਂ ਰਿਹਾਈਆਂ' ਦਾ ਸਵਾਲ ਨਹੀਂ ਸੀ ਉਠਾਇਆ ਗਿਆ ਤਾਂ ਗੌਰਮਿੰਟ ਵਲੋਂ ਵੀ ਕਈ ਇਕ ਉਪਰੋਕਤ ਸਵਾਲਾਂ ਉਤੇ ਚੁੱਪ ਸਾਧੀ ਗਈ ਸੀ।

ਇਸ ਵੇਲੇ ਜਿਵੇਂ ਅਸੀਂ ਕੁਛ ਉਤੇ ਵੇਖ ਆਏ ਹਾਂ ਦੋਵੇਂ ਧਿਰਾਂ—ਸਰਕਾਰ ਤੇ ਸ਼੍ਰੋਮਣੀ ਕਮੇਟੀ—ਗੁਰਦੁਆਰਾ ਬਿਲ ਬਣਾਣ ਲਈ ਤਿਆਰ ਹੋ ਚੁੱਕੀਆਂ ਸਨ । ਇਸ ਸਿੱਟੇ ਤੇ ਪਹੁੰਚਣ ਲਈ ਕਾਰਣ ਦੋਹਾਂ ਧਿਰਾਂ ਦੇ ਆਪਣੇ ਆਪਣੇ ਸਨ। ਸਾਂਝੀ ਗੱਲ ਦੋਹਾਂ ਵਿਚ ਇਹ ਕਜ਼ੀਆ ਮੁਕਾਣ ਦੀ ਖਾਹਸ਼ ਤੇ ਇਕ ਦੂਜੇ ਦੀ ਤਾਕਤ ਦਾ ਭੈ ਸੀ। ਦੋਵੇਂ ਇਸ ਮਸਲੇ ਦੇ ਹੱਲ ਕਰਨ ਲਈ ਵਿਚੋਲੇ ਲਭ ਰਹੇ ਸਨ। ਅੜਿੱਕਾ ਕੈਦੀਆਂ ਤੇ ਮੁਕੱਦਮੇ ਵਾਲਿਆਂ ਦੀ ਪਹਿਲੋਂ ਰਿਹਾਈ ਦਾ ਸੀ। ਉਹ ਸ਼੍ਰੋਮਣੀ ਕਮੇਟੀ ਨੇ ਰਿਹਾਈ ਦਾ ਸਵਾਲ ਛਡ ਕੇ ਕੱਢ ਦਿੱਤਾ ਅਤੇ ਗੁਰਦੁਆਰਾ ਬਿਲ ਦੇ ਬਣਾਣ ਲਈ ਜ਼ਮੀਨ ਪੱਧਰੀ ਹੋ ਗਈ।

ਪੰਜਾਬ ਕੌਂਸਲ ਦੇ ਸਿੱਖ ਮਿੰਬਰਾਂ ਦੀ ਮੀਟਿੰਗ ਵਿਚ ਗੁਰਦੁਆਰਾ ਬਿਲ ਤਿਆਰ ਕਰਨ ਲਈ ਇਹ ਪੰਜ ਮਿੰਬਰ ਚੁਣੇ ਗਏ : ਸ. ਨਰਾਇਣ ਸਿੰਘ ਵਕੀਲ, ਸ. ਤਾਰਾ ਸਿੰਘ ਮੋਗਾ, ਸ. ਗੁਰਬਖਸ਼ ਸਿੰਘ ਵਕੀਲ, ਸ. ਮੰਗਲ ਸਿੰਘ ਮਾਨ ਕੋਟਸ਼ੇਰਾ ਅਤੇ ਪ੍ਰੋ: ਜੋਧ ਸਿੰਘ। ਇਹ ਮਿੰਬਰ ਉਹ ਸ਼ਰਤ ਪੂਰੀ ਕਰਦੇ ਸਨ ਜਿਹੜੀ ਹੇਲੀ ਚਾਹੁੰਦਾ ਸੀ। ਇਹਨਾਂ ਵਿਚ ਬਹੁ-ਗਿਣਤੀ ਸਰਕਾਰ-ਪੱਖੀਆਂ ਦੀ ਸੀ ਅਤੇ ਦੋ ਮਿੰਬਰ ਉਹ ਸਨ ਜਿਨ੍ਹਾਂ ਨੇ ਬਰਡਵੁਡ-ਸਮਝੌਤੇ ਦੀ ਗੱਲਬਾਤ ਵਿਚ ਹਿੱਸਾ ਲਿਆ ਸੀ। ਇਹਨਾਂ ਵਿਚੋਂ ਸ਼ਾਇਦ ਕਿਸੇ ਨੇ ਵੀ ਗੁਰਦੁਆਰਾ ਤਹਿਰੀਕ ਵਿਚ ਅਮਲੀ ਹਿੱਸਾ ਨਹੀਂ ਸੀ ਲਿਆ। ਸ਼੍ਰੋਮਣੀ ਕਮੇਟੀ ਨੇ ਕਿਲ੍ਹੇ ਦੇ ਲੀਡਰਾਂ ਦੀ ਸੰਮਤੀ ਨਾਲ ਇਹਨਾਂ ਨੂੰ ਗੁਰਦੁਆਰਾ ਬਿਲ ਤਿਆਰ ਕਰਨ ਦੀ ਹਰੀ ਝੰਡੀ ਦੇ ਦਿੱਤੀ।

## 5. ਗੁਰਦੁਆਰਾ ਬਿਲ ਦੀ ਤਿਆਰੀ

ਗੌਰਮਿੰਟ ਨੇ ਮਿਸਟਰ ਪਕਲ ਡੀ. ਸੀ. ਅਮਰਿਤਸਰ ਅਤੇ ਮਿਸਟਰ ਐਮਰਸਨ ਡੀ. ਸੀ. ਲਾਹੌਰ ਨੂੰ ਗੁਰਦੁਆਰਾ ਬਿਲ ਦੀ ਤਿਆਰੀ ਦੇ ਕੰਮ ਉੱਤੇ ਮੁਕਰਰ ਕੀਤਾ ਅਤੇ ਇਹਨਾਂ ਦੀ ਮਦਦ

Digitized by Panjab Digital Library | www.panjabdigilib.org

ਲਈ ਦੋ ਕਾਨੂੰਨਦਾਨ ਕੰਵਰ ਦਲੀਪ ਸਿੰਘ ਬੈਰਿਸਟਰ ਅਤੇ ਮਿਸਟਰ ਬੀਜ਼ਲੇ ਦਿੱਤੇ। ਇਸ ਤਰ੍ਹਾਂ ਇਕ ਪਾਸੇ ਇਹ ਗੌਰਮਿੰਟ ਦੇ ਨੁਮਾਇੰਦੇ ਅਤੇ ਦੂਜੇ ਪਾਸੇ ਕੌਂਸਲ ਦੇ ਪੰਜ ਸਿੱਖ ਮਿੰਬਰ ਗੁਰਦੁਆਰਿਆਂ ਦਾ ਕਾਨੂੰਨ ਬਣਾਣ ਵਿਚ ਰੁੱਝ ਗਏ।

ਇਸ ਬਿਲ ਦੇ ਅਹਿਮ ਤੇ ਬੁਨਿਆਦੀ ਨੁਕਤੇ ਚਾਰ ਸਨ :

(1) ਸਿੱਖ ਗੁਰਦੁਆਰੇ ਕਿਹੜੇ ਹਨ, ਉਹਨਾਂ ਦਾ ਏਲਾਨ ਕਿਵੇਂ ਕਰਨਾ ਹੈ ਅਤੇ ਕਿਵੇਂ ਨਵੀਂ ਕੰਟਰੋਲ ਵਿਚ ਲਿਆਉਣਾ ਹੈ ;

(2) ਗੁਰਦੁਆਰਿਆਂ ਦੀ ਜਾਇਦਾਦ ਕਿਹੜੀ ਹੈ ਅਤੇ ਇਸ ਸਵਾਲ ਦਾ ਫੈਸਲਾ ਕਿਵੇਂ ਕਰਨਾ ਹੈ ;

(3) ਗੁਰਦੁਆਰਾ ਪਰਬੰਧ ਦੀ ਤਬਦੀਲੀ ਵਿਚ ਜਿਨ੍ਹਾਂ ਲੋਕਾਂ ਦੇ ਹਿਤਾਂ ਨੂੰ ਸੱਟ ਲੱਗੇਗੀ ਉਹਨਾਂ ਨੂੰ ਮੁਆਵਜ਼ਾ ਕਿਵੇਂ ਦੇਣਾ ਹੈ ;

(4) ਉਹ ਗੁਰਦੁਆਰੇ ਜਿਨ੍ਹਾਂ ਨੂੰ ਸਿੱਖ ਗੁਰਦੁਆਰੇ ਕਰਾਰ ਦਿੱਤਾ ਜਾਏਗਾ, ਉਹਨਾਂ ਦਾ ਪਰਬੰਧ ਕਿਵੇਂ ਕੀਤਾ ਜਾਏਗਾ ਅਤੇ ਕੌਣ ਕਰੇਗਾ।

ਜਿਉਂ ਜਿਉਂ ਰੋਜ਼ ਖਰੜਾ ਤਿਆਰ ਹੋ ਰਿਹਾ ਸੀ, ਤਿਉਂ ਤਿਉਂ ਉਸ ਦੀਆਂ ਕਾਪੀਆਂ ਅੰਦਰ ਕਿਲ੍ਹੇ ਦੇ ਆਗੂਆਂ ਅਤੇ ਬਾਹਰ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਬਾਕਾਇਦਾ ਮਿਲ ਜਾਂਦੀਆਂ ਸਨ। ਗੌਰਮਿੰਟ ਨੇ ਕੌਂਸਲ ਦੇ ਚੁਣੇ ਸਿੱਖ ਮਿੰਬਰਾਂ ਅਤੇ ਬਾਹਰ ਦੇ ਸ਼੍ਰੋਮਣੀ ਕਮੇਟੀ ਦੇ ਮਿੰਬਰਾਂ ਨੂੰ ਕਿਲ੍ਹੇ ਵਿਚ ਬੰਦ ਆਗੂਆਂ ਨਾਲ ਸਲਾਹ ਮਸ਼ਵਰਾ ਕਰਨ ਲਈ ਕਿਲ੍ਹੇ ਦੇ ਬੂਹੇ ਖੋਲ੍ਹ ਦਿੱਤੇ ਸਨ। ਅਤੇ ਇਸ ਲਈ ਜੋ ਵੀ ਬਿਲ ਦਾ ਹਿੱਸਾ ਤਿਆਰ ਹੋ ਰਿਹਾ ਸੀ ਉਹ ਕੌਂਸਲ ਦੇ ਸਿੱਖ ਮਿੰਬਰਾਂ, ਸ਼੍ਰੋਮਣੀ ਕਮੇਟੀ ਦੇ ਬਾਹਰਲੇ ਲੀਡਰਾਂ ਅਤੇ ਕਿਲ੍ਹੇ ਵਿਚ ਬੰਦ ਆਗੂਆਂ ਦੇ ਸਲਾਹ ਮਸ਼ਵਰੇ ਨਾਲ ਹੋ ਰਿਹਾ ਸੀ। ਗੌਰਮਿੰਟ ਦਾ ਇਸ ਤਰ੍ਹਾਂ ਲਗਾਤਾਰ ਮੁਲਾਕਾਤ ਦੀ ਆਗਿਆ ਦੇਈ ਰਖਣਾ ਵੀ ਜ਼ਾਹਰ ਕਰਦਾ ਹੈ ਕਿ ਗੌਰਮਿੰਟ ਦੀ ਮਰਜ਼ੀ ਗੁਰਦੁਆਰਿਆਂ ਦਾ ਝਗੜਾ ਨਿਬੇੜ ਦੇਣ ਦੀ ਸੀ।

ਸ਼ੁਰੂ ਵਿਚ ਲਿਸਟ ਨੰਬਰ ਇਕ ਵਿਚ ਸਿੱਖ ਗੁਰਦੁਆਰਿਆਂ ਦੀ ਗਿਣਤੀ 232 ਦਿੱਤੀ ਗਈ ਸੀ। ਪਰ ਸੀਲੈਕਟ ਕਮੇਟੀ ਵਿਚ ਇਸ ਲਿਸਟ ਵਿਚੋਂ 17 ਗੁਰਦੁਆਰੇ ਖਾਰਜ ਕਰ ਦਿੱਤੇ ਗਏ ਅਤੇ 29 ਹੋਰ ਪਾ ਦਿੱਤੇ ਗਏ। ਇਕ-ਇਕ ਗੁਰਦੁਆਰੇ ਉੱਤੇ ਭਰਪੂਰ ਬਹਿਸ ਹੋਈ। ਇਹਨਾਂ ਗੁਰਦੁਆਰਿਆਂ ਦੇ ਨਾਮ ਛਾਪਕੇ ਕਾਬਜ਼ ਮਹੰਤਾਂ ਜਾਂ ਸਿੱਖਾਂ ਨੂੰ ਤਾਬੜਤੋੜ ਸੂਚਿਤ ਕੀਤਾ ਗਿਆ ਕਿ ਉਹ ਐਕਟ ਦੇ ਲਾਗੂ ਹੋਣ ਦੇ ਦਿਨ ਤੋਂ 90 ਦਿਨਾਂ ਦੇ ਅੰਦਰ-ਅੰਦਰ ਉਹਨਾਂ ਜਾਏਦਾਦਾਂ ਦੀ ਫਹਿਰਿਸਤ ਮੁਹਈਆ ਕਰਨ ਜਿਨ੍ਹਾਂ ਨੂੰ ਉਹ ਆਪਣੀਆਂ ਹੋਣ ਦਾ ਦਾਅਵਾ ਕਰਦੇ ਹਨ। ਜਿਹੜੇ ਗੁਰਦੁਆਰੇ ਲਿਸਟ ਨੰਬਰ ਇਕ ਵਿਚ ਦਰਜ ਨਹੀਂ ਹਨ ਉਹਨਾਂ ਬਾਰੇ 50 ਜਾਂ ਇਸ ਤੋਂ ਵੱਧ ਸਿੱਖ ਗੌਰਮਿੰਟ ਪਾਸ ਦਰਖਾਸਤ ਦੇ ਸਕਦੇ ਹਨ ਕਿ ਉਹਨਾਂ ਨੂੰ ਸਿੱਖ ਗੁਰਦੁਆਰੇ ਕਰਾਰ ਦਿੱਤਾ ਜਾਵੇ। ਪਰ ਲਿਸਟ ਨੰਬਰ ਦੋ ਵਿਚ ਦਰਜ ਗੁਰਦੁਆਰਿਆਂ ਦੇ ਸੰਬੰਧ ਵਿਚ ਕੋਈ ਦਰਖਾਸਤ ਕਬੂਲ ਨਹੀਂ ਕੀਤੀ ਜਾਏਗੀ ਜਿੰਨਾ ਚਿਰ ਉਸ ਤੇ ਗੁਰਦੁਆਰੇ ਦੇ ਸ਼ਰਧਾਲੂਆਂ ਦੀ ਬਹੁਗਿਣਤੀ ਦੇ ਦਸਖਤ ਨਹੀਂ ਹੋਣਗੇ। ਇਸ ਦਰਖਾਸਤ ਦਾ ਨੋਟਸ ਛਾਪਣ ਤੇ ਮਹੰਤ ਤੇ ਦਸ ਜਾਂ ਬਾਹਲੇ ਸ਼ਰਧਾਲੂ 90 ਦਿਨਾਂ ਦੇ ਅੰਦਰ ਇਤਰਾਜ਼ ਭੇਜ ਸਕਦੇ ਸਨ ਕਿ ਫਲਾਣਾ ਗੁਰਦੁਆਰਾ ਸਿੱਖ ਗੁਰਦੁਆਰਾ ਨਹੀਂ। ਝਗੜੇ ਵਾਲੇ ਗੁਰਦੁਆਰਿਆਂ ਦਾ ਮੁਕੱਦਮਾ ਇਕ ਨਿਰਪਖ

Digitized by Panjab Digital Library | www.panjabdigilib.org

ਟਰੀਬਿਊਨਲ ਦੇ ਹਵਾਲੇ ਕੀਤਾ ਜਾਇਗਾ, ਜਿਹੜਾ ਕਿ ਐਕਟ ਦੇ ਕਾਇਦਿਆਂ ਮੁਤਾਬਕ ਫੈਸਲਾ ਕਰੇਗਾ ਕਿ ਫਲਾਣਾ ਗੁਰਦੁਆਰਾ ਸਿੱਖ ਗੁਰਦੁਆਰਾ ਹੈ ਜਾਂ ਨਹੀਂ। ਅਤੇ ਜੇ ਕਿਸੇ ਗੁਰਦੁਆਰੇ ਸੰਬੰਧੀ ਕੋਈ ਇਤਰਾਜ਼ ਹੀ ਨਾ ਹੋਇਆ ਤਾਂ ਉਹ ਸਿੱਖ ਗੁਰਦੁਆਰਾ ਏਲਾਨਿਆ ਜਾਵੇਗਾ।

ਲਿਸਟ ਨੰਬਰ ਦੋ ਵਿਚ ਪਹਿਲਾਂ 224 ਗੁਰਦੁਆਰੇ ਦਰਜ ਸਨ। ਸੀਲੈਕਟ ਕਮੇਟੀ ਵਿਚ ਬਹਿਸ ਮਗਰੋਂ 95 ਛਡ ਦਿਤੇ ਗਏ ਅਤੇ ਤਿੰਨ ਹੋਰ ਪਾ ਦਿਤੇ ਗਏ। ਇਸ ਗਿਣਤੀ ਦੇ ਘਟ ਜਾਣ ਦਾ ਕਾਰਣ ਇਹ ਸੀ ਕਿ ਅਫਸਰਾਂ ਨੇ, ਨਾ ਸਮਝੀ ਦੇ ਕਾਰਣ, ਕਈ ਪੰਚਾਇਤੀ ਧਰਮ-ਸਾਲਾਵਾਂ ਦੇ ਨਾਮ ਲਿਖ ਲਿਖ ਭੇਜ ਦਿਤੇ ਸਨ।

## (ੳ) ਜਾਇਦਾਦ ਬਾਰੇ

ਇਸ ਸੰਬੰਧ ਵਿਚ ਵਿਵਸਥਾ ਇਹ ਕੀਤੀ ਗਈ ਸੀ ਕਿ ਗੁਰਦੁਆਰੇ ਦੇ ਨਾਮ ਕਿਹੜੀ ਤੇ ਕਿੰਨੀ ਜਾਇਦਾਦ ਦਰਜ ਹੈ। ਉਸ ਉਤੇ ਜਿਨ੍ਹਾਂ ਦਾ ਕਬਜ਼ਾ ਹੈ, ਉਹਨਾਂ ਦੇ ਨਾਮ ਕੀ ਹਨ। ਜਾਂ ਦਰਖਾਸਤ ਦੇਣ ਵਾਲੇ ਦੇ ਵੱਧ ਤੋਂ ਵੱਧ ਇਲਮ ਵਿਚ ਉਸ ਦੇ ਕੁਦਰਤੀ ਜਾਂ ਕਾਨੂੰਨੀ ਮਾਲਕ ਕੌਣ ਹਨ। ਗੌਰਮਿੰਟ ਉੱਤੇ ਇਹਨਾਂ ਵਿਚ ਹਰ ਇਕ ਨੂੰ ਨੋਟਿਸ ਜਾਰੀ ਕਰਨ ਦੀ ਜ਼ੁਮੇਂਵਾਰੀ ਹੋਵੇਗੀ। ਇਸ ਤਰ੍ਹਾਂ ਤੀਜੀ ਪਾਰਟੀ ਦੇ ਹਿਤ ਸੁਰੱਖਿਅਤ ਕੀਤੇ ਗਏ ਸਨ। ਬਿਲ ਵਿਚ ਗੁਰਦੁਆਰੇ ਦੇ ਹੱਕ ਵਿਚ ਇਕ ਨਾਲੋਂ ਵੱਧ ਜਾਇਦਾਦਾਂ ਦੀਆਂ ਲਿਸਟਾਂ ਗੌਰਮਿੰਟ ਨੂੰ ਭੇਜਣ ਦੀ ਵਿਵਸਥਾ ਸੀ। ਇਸ ਨਾਲ ਗੁਰਦੁਆਰੇ ਦੇ ਹਿਤਾਂ ਦੀ ਰੱਖਿਆ ਕੀਤੀ ਗਈ ਸੀ।

ਗੌਰਮਿੰਟ ਉਹਨਾਂ ਜਾਇਦਾਦਾਂ ਬਾਰੇ ਜਿਨ੍ਹਾਂ ਉਤੇ ਗੁਰਦੁਆਰੇ ਦਾ ਦਾਅਵਾ ਸੀ ਅਤੇ ਜਿਨ੍ਹਾਂ ਬਾਰੇ ਕੋਈ ਇਤਰਾਜ਼ ਨਹੀਂ ਉਠਾਇਆ ਗਿਆ, ਏਲਾਨ ਜਾਰੀ ਕਰੇਗੀ। ਕੋਈ ਵੀ ਲੋਕਲ ਕਮੇਟੀ 5 ਰੁਪਏ ਦਾ ਕੋਰਟ-ਫੀਸ ਲਾ ਕੇ ਕਬਜ਼ਾ ਲੈਣ ਦਾ ਦਾਅਵਾ ਕਰ ਸਕਦੀ ਸੀ। ਇਹ ਏਲਾਨ ਇਸ ਗੱਲ ਦਾ ਕੱਤਈ ਸਬੂਤ ਹੋਵੇਗਾ ਕਿ ਜਾਏਦਾਦ ਗੁਰਦੁਆਰੇ ਦੀ ਸੀ ਅਤੇ ਇਸ ਦੇ ਖਿਲਾਫ ਕੋਈ ਦਾਅਵਾ ਨਹੀਂ। ਏਸੇ ਤਰ੍ਹਾਂ ਗੁਰਦੁਆਰੇ ਦੇ ਹੱਕ ਵਿਚ ਕੁਝ ਹੋਰ ਵੀ ਵਿਵਸਥਾ ਕੀਤੀ ਗਈ ਸੀ।

## (ਅ) ਮੁਆਵਜ਼ਾ ਬਾਰੇ

ਗੁਰਦੁਆਰੇ ਦੇ ਪਰਬੰਧ ਵਿਚ ਤਬਦੀਲੀ ਨਾਲ ਜਿਨ੍ਹਾਂ ਮਹੰਤਾਂ ਵਗੈਰਾ ਦੇ ਹਿਤਾਂ ਨੂੰ ਸੱਟ ਲਗੇਗੀ, ਉਹਨਾਂ ਲਈ ਮੁਆਵਜ਼ੇ ਦੀ ਵਿਵਸਥਾ ਕੀਤੀ ਗਈ ਸੀ। ਮੁਆਵਜ਼ਾ ਉਹਨਾਂ ਚੇਲਿਆਂ ਨੂੰ ਵੀ ਦਿੱਤਾ ਜਾਇਗਾ ਜਿਨ੍ਹਾਂ ਨੇ, ਜਦੀ ਹੱਕ ਦੇ ਮੁਤਾਬਕ, ਗੱਦੀ ਉਤੇ ਬੈਠਣਾ ਸੀ।

## (ੲ) ਗੁਰਦੁਆਰਿਆਂ ਦਾ ਪਰਬੰਧ

ਇਸ ਹਿੱਸੇ ਵਿਚ ਚੋਣਾਂ ਤੇ ਗੁਰਦੁਆਰਾ ਪਰਬੰਧ ਬਾਰੇ ਵਿਵਸਥਾ ਕੀਤੀ ਗਈ ਸੀ। ਅਕਾਲ ਤਖਤ ਤੇ ਕੇਸਗੜ੍ਹ ਦੇ ਗੁਰਦੁਆਰਿਆਂ ਦਾ ਪਰਬੰਧ ਸੰਟਰਲ ਬੋਰਡ ਦੇ ਹਥ ਵਿਚ ਦਿੱਤਾ ਗਿਆ ਸੀ। ਇਹ ਗੌਰਮਿੰਟ ਦੀ ਮਰਜ਼ੀ ਦੇ ਉਲਟ ਸੀ। ਗੌਰਮਿੰਟ ਇਹਨਾਂ ਕੇਂਦਰੀ ਸੰਸਥਾਵਾਂ ਨੂੰ ਸਪੈਸ਼ਲ ਕਮੇਟੀਆਂ ਦੇ ਹਵਾਲੇ ਕਰਨਾ ਚਾਹੁੰਦੀ ਸੀ। ਗੌਰਮਿੰਟ ਇਸ ਤੇ ਡਟੀ ਹੋਈ ਸੀ ਕਿ ਉਸ ਨੇ ਬਿਲ ਵਿਚ ਸ਼੍ਰੋਮਣੀ ਕਮੇਟੀ ਦਾ ਨਾਮ ਨਹੀਂ ਆਉਣ ਦੇਣਾ। ਉਹ ਇਸ ਦੀ ਥਾਂ ਸੰਟਰਲ ਬੋਰਡ ਦਾ ਨਾਮ ਠੋਸਣਾ ਚਾਹੁੰਦੀ ਸੀ। ਬੜੇ ਝਗੜੇ ਪਿਛੋਂ ਬਿਲ ਵਿਚ ਇਹ ਵਿਵਸਥਾ

Digitized by Panjab Digital Library | www.panjabdigilib.org

ਕੀਤੀ ਗਈ ਸੀ ਕਿ ਚੋਣ ਪਿਛੋਂ ਸੰਟਰਲ ਬੋਰਡ ਦੀ ਪਹਿਲੀ ਮੀਟਿੰਗ ਵਿਚ ਜੇ ਬੋਰਡ ਆਪਣਾ ਨਾਮ ਮੁੜ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਰਖਣਾ ਚਾਹੇ ਤਾਂ ਭਾਰੀ ਗਿਣਤੀ ਦੀ ਵੋਟ ਨਾਲ ਰਖ ਸਕੇਗਾ।

ਗੌਰਮਿੰਟ ਇਸਤਰੀਆਂ ਨੂੰ ਵੋਟ ਦਾ ਹੱਕ ਦੇਣ ਦੇ ਵੀ ਖਿਲਾਫ ਸੀ। ਪਰ ਬੜਾ ਜ਼ੋਰ ਦੇਣ ਪਿਛੋਂ ਉਸ ਨੇ ਇਹ ਹੱਕ ਮੰਨ ਲਿਆ। ਹਿੰਦੁਸਤਾਨ ਭਰ ਵਿਚੋਂ ਸਿੱਖ ਇਸਤਰੀਆਂ ਨੂੰ ਇਹ ਹੱਕ ਸਭ ਤੋਂ ਪਹਿਲੋਂ ਹਾਸਲ ਹੋਇਆ। ਇਸ ਤੋਂ ਛੁਟ ਕਪੂਰਥਲਾ ਰਿਆਸਤ ਦੇ ਵਸ-ਨੀਕਾਂ ਦੇ ਦੋ ਨਾਮਜ਼ਦ ਮਿੰਬਰ ਗੁਰਦੁਆਰਾ ਆਨੰਦਪੁਰ ਤੇ ਸੰਬੰਧਤ ਗੁਰਦੁਆਰਿਆਂ ਲਈ ਲਏ ਜਾਣ, ਲਾਹੌਰ ਦੇ ਗੁਰਦੁਆਰਿਆਂ ਦੇ ਪਰਬੰਧ ਵਿਚ ਜ਼ਿਲ੍ਹਾ ਲਾਹੌਰ ਦੇ ਤਿੰਨ ਨਾਮਜ਼ਦ ਮਿੰਬਰ ਪਰਬੰਧਕ ਕਮੇਟੀ ਵਿਚ ਲਏ ਜਾਣ ਅਤੇ ਪੰਜਾ ਸਾਹਿਬ ਤੇ ਹਸਨ ਅਬਦਾਲ ਦੇ ਹੋਰ ਗੁਰਦੁਆਰਿਆਂ ਦੀ ਪਰਬੰਧਕ ਕਮੇਟੀ ਵਿਚ ਸਰਹੱਦੀ ਸੂਬੇ ਦੇ ਦੋ ਨਾਮਜ਼ਦ ਮਿੰਬਰ ਲੈਣੇ ਮਨਜ਼ੂਰ ਕੀਤੇ ਜਾਣ, ਦਾ ਬੰਦੋਬਸਤ ਕੀਤਾ ਗਿਆ।

ਗੁਰਦੁਆਰਾ ਬਿਲ ਹੀ, ਵਾਪਰ ਚੁਕੇ ਹਾਲਾਤ ਦੇ ਅਨੁਸਾਰ, ਗੁਰਦੁਆਰਿਆਂ ਨੂੰ ਸਿੱਖਾਂ ਦੇ ਕਬਜ਼ੇ ਵਿਚ ਲਿਆਉਣ ਲਈ ਇਕ ਰਾਹ ਸੀ। ਇਹ ਬਿਲ ਸਿੱਖਾਂ ਦੀਆਂ ਮੰਗਾਂ ਤੇ ਕੁਰਬਾਨੀਆਂ ਨਾਲ ਸਾਵਾਂ ਨਹੀਂ ਸੀ ਤੁੱਲਦਾ। ਇਸ ਵਿਚ ਸਭ ਤੋਂ ਵੱਡਾ ਨੁਕਸ ਇਹ ਸੀ ਕਿ ਇਹ ਅਖੌਤੀ ਸੰਟਰਲ ਬੋਰਡ ਨੂੰ ਕੇਂਦਰਿਅਤਾ (Centralism) ਦੇ ਹੱਕਾਂ ਤੋਂ ਵਾਂਝਿਆ ਕਰਕੇ ਇਕ ਖੱਸੀ ਜਮਾਤ ਬਣਾਉਂਦਾ ਸੀ। ਸ਼੍ਰੋਮਣੀ ਕਮੇਟੀ ਨੂੰ ਤਾਕਤਹੀਨ ਕਰਨਾ ਅਤੇ ਇਸ ਦੇ ਹਥੋਂ ਗੁਰਦੁਆਰਿਆਂ ਦਾ ਸਮੁੱਚਾ ਪਰਬੰਧ ਖੋਹ ਕੇ ਲੋਕਲ ਕਮੇਟੀਆਂ ਦੇ ਹੱਥਾਂ ਵਿਚ ਵੰਡ ਦੇਣਾ ਮੁੱਢ ਤੋਂ ਹੀ ਗੌਰਮਿੰਟ ਦੀ ਪਾਲਿਸੀ ਚਲੀ ਆਉਂਦੀ ਸੀ। ਉਹ ਇਸ ਵਿਚ ਸਫਲ ਹੋਈ।

ਇਹ ਪਾਲਿਸੀ ਜਾਣਦਿਆਂ ਹੋਇਆਂ ਹੀ 6 ਅਕਾਲੀ ਆਗੂਆਂ ਨੇ ਕਿਲ੍ਹੇ ਵਿਚੋਂ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ :

(ੳ) "ਪਰਬੰਧ ਦੀਆਂ ਸਪੈਸ਼ਲ ਕਮੇਟੀਆਂ ਸਿਧੀਆਂ ਸ਼੍ਰੋਮਣੀ ਕਮੇਟੀ ਦੇ ਥੱਲੇ ਹੋਣੀਆਂ ਚਾਹੀਦੀਆਂ ਹਨ ਅਤੇ ਪਰਬੰਧ ਦੀਆਂ ਦੂਜੀਆਂ ਕਮੇਟੀਆਂ ਵੀ ਸ਼੍ਰੋਮਣੀ ਕਮੇਟੀ ਦੇ ਥੱਲੇ ਮੁਅਸਰ ਤਰੀਕੇ ਨਾਲ ਹੋਣੀਆਂ ਚਾਹੀਦੀਆਂ ਹਨ ਅਰਥਾਤ ਕੇਂਦਰਿਅਤਾ ਦੇ ਅਸੂਲ ਉਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਅਣ-ਕੇਂਦਰੀਕਰਣ ਦੇ ਅਸੂਲ ਨੂੰ, ਜਿਥੋਂ ਤਕ ਹੋ ਸਕੇ, ਤਿਲਾਂਜਲੀ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।"[1]

[1] Some Confidential papers, no 77. pages 140-41

Digitized by Panjab Digital Library | www.panjabdigilib.org

# ਬਿਲ ਮਨਜ਼ੂਰ ਹੋ ਗਿਆ

## 1. ਕੌਂਸਲ ਮਿੰਬਰਾਂ ਵਲੋਂ ਸਵਾਗਤ

ਬਿਲ ਦੇ ਪੇਸ਼ ਕਰਨ ਤੇ ਪਾਸ ਹੋ ਜਾਣ ਪਿਛੋਂ ਇਸ ਦਾ ਪੰਜਾਬ ਕੌਂਸਲ ਦੇ ਹਰ ਇਕ ਮਿੰਬਰ ਨੇ ਭਰਪੂਰ ਸਮਰਥਨ ਕੀਤਾ ਅਤੇ ਸਿੱਖ ਜਾਤੀ ਨੂੰ ਦਿਲ ਖੋਲ੍ਹ ਖੋਲ੍ਹ ਵਧਾਈਆਂ ਦਿਤੀਆਂ। ਇਹਨਾਂ ਵਧਾਈਆਂ ਵਿਚ ਹਿੰਦੂ, ਮੁਸਲਿਮ, ਈਸਾਈ ਤੇ ਅੰਗਰੇਜ਼ ਮਿੰਬਰਾਂ ਨੇ ਇਕ ਦੂਜੇ ਨਾਲੋਂ ਵਧ ਚੜ੍ਹਕੇ ਹਿੱਸਾ ਲਿਆ। ਅਤੇ ਹਰ ਇਕ ਮਿੰਬਰ ਨੇ ਆਪਣੇ ਤਰੀਕੇ ਨਾਲ ਇਸ ਨੂੰ 'ਸਿੱਖਾਂ ਦੀ ਫਤਹ' ਆਖਿਆ ਅਤੇ ਇਸ ਫਤਹ ਦਾ ਸਿਹਰਾ ਸਿੱਖਾਂ ਦੀਆਂ ਕੁਰਬਾਨੀਆਂ ਸਿਰ ਬੰਨ੍ਹਿਆ।

ਬਿਲ ਦੇ ਪੇਸ਼ ਹੋਣ ਵੇਲੇ ਪੰਜਾਬ ਦੇ ਚੀਫ ਸਕਤਰ ਕਰੇਕ ਨੇ ਜਿਹੜੀ ਸਪੀਚ ਕੀਤੀ ਉਹ ਉਹਨਾਂ ਜਮਹੂਰੀ ਅਸੂਲਾਂ ਦੀ ਪੁਸ਼ਟੀ ਕਰਦੀ ਸੀ ਜਿਨ੍ਹਾਂ ਲਈ ਗੁਰਦੁਆਰਾ ਤਹਿਰੀਕ ਲੜੀ ਜਾ ਰਹੀ ਸੀ। ਉਸ ਨੇ ਬਿਲ ਨੂੰ ਦੋਂਹ ਨਿਰੋਏ ਅਸੂਲਾਂ ਉਤੇ ਅਧਾਰਤ ਦਸਿਆ। 'ਇਹਨਾਂ ਅਸੂਲਾਂ ਵਿਚੋਂ ਪਹਿਲਾ ਇਹ ਹੈ ਕਿ ਕਿਸੇ ਵੀ ਮਜ਼ਹਬ ਦੇ ਮੰਦਰ ਉਸ ਮਜ਼ਹਬ ਦੇ ਸਰਧਾਲੂਆਂ ਦੀ ਜਾਇਦਾਦ ਹਨ ਅਤੇ ਉਹਨਾਂ ਮੰਦਰਾਂ ਦੇ ਮਹੰਤ ਮਾਲਕ ਨਹੀਂ ਹਨ ਸਿਰਫ ਟਰੱਸਟੀ (ਪਰਬੰਧ ਕਰਤਾ) ਹਨ। ਦੂਸਰਾ ਅਸੂਲ ਇਹ ਹੈ ਕਿ ਇਸ ਕਿਸਮ ਦੇ ਮਾਮਲੇ ਵਿਚ ਜਿਸ ਵਿਚ ਸਮੁੱਚੀ ਜਾਤੀ ਦੇ ਅਹਿਸਾਸ ਬੜੀ ਡੂੰਘੀ ਤਰ੍ਹਾਂ ਟੁੰਬੇ-ਹਲੂਣੇ ਗਏ ਹੋਣ, ਬਹੁ-ਸੰਮਤੀ ਦੀ ਮਰਜ਼ੀ ਨੂੰ ਸਫਲਤਾ ਹੋਣੀ ਹੀ ਚਾਹੀਦੀ ਹੈ—ਕੋਈ ਗਲ ਨਹੀਂ ਭਾਵੇਂ ਸਥਾਪਿਤ ਹੱਕਾਂ ਜਾਂ ਜਾਏਦਾਦ ਦੇ ਕਾਨੂੰਨੀ ਹਕਾਂ ਨਾਲ ਕਿੰਨੀ ਵੀ ਕੀਮਤ ਅਦਾ ਕਰਕੇ ਮੁਦਾਖਲਤ ਕਰਨੀ ਪਏ।'

ਇਹ ਦੂਜਾ ਅਸੂਲ ਖਿਆਨ ਕਰਦਿਆਂ, ਮਲੂਮ ਹੁੰਦਾ ਹੈ, ਕਰੇਕ ਨੂੰ ਖਿਆਲ ਆ ਗਿਆ ਕਿ ਉਹ ਚੀਫ ਸਕੱਤਰ ਹੈ ਅਤੇ ਜਾਇਦਾਦ ਦੇ ਕਾਨੂੰਨੀ ਹੱਕਾਂ ਬਾਰੇ ਕੁਛ ਸੀਮਿਤ ਹੱਦ ਨਾਲੋਂ ਅੱਗੇ ਛੜੱਪਾ ਮਾਰ ਗਿਆ ਹੈ। ਇਸ ਲਈ ਅਗਲੇ ਵਾਕ ਵਿਚ ਹੀ ਕਹਿਣ ਲੱਗਾ : 'ਇਸ ਕੌਂਸਲ ਵਿਚ, ਗਾਲਬਨ ਕੋਈ ਨਹੀਂ ਜਿਹੜਾ ਜਾਇਦਾਦ ਦੇ ਹੱਕਾਂ ਜਾਂ ਸਥਾਪਿਤ ਹਿੱਤਾਂ ਦੇ ਉਲਟ ਪੁਲਟ ਕਰਨ ਨੂੰ ਮੇਰੇ ਨਾਲੋਂ ਕੋਈ ਵਧੇਰੇ ਘਿਰਣਾ ਕਰਦਾ ਹੋਵੇ, ਪਰ ਮੈਂ ਮੰਨਦਾ ਹਾਂ ਕਿ ਇਸ ਮਿਸਾਲ ਵਿਚ ਅਸੀਂ ਇਕ ਅਜੇਹੀ ਸਥਿਤੀ ਦਾ ਸਾਮ੍ਹਣਾ ਕਰ ਰਹੇ ਹਾਂ ਜਿਸ ਵਿਚ ਹੋਰ ਕੋਈ ਗੱਲ ਸੰਭਵ ਨਹੀਂ ਅਤੇ ਜਿਸ ਵਿਚ ਜੇ ਰੁੱਖੀ-ਕੌੜੀ ਗੱਲ ਕਰਾਂ, **ਥੋੜ੍ਹ-ਸੰਮਤੀ ਨੂੰ ਗੁੱਠੇ ਲੱਗਣਾ ਹੀ ਪਏਗਾ।'** (ਜ਼ੋਰ ਮੇਰਾ)[1]

ਇਸ ਥੋੜ੍ਹ-ਸੰਮਤੀ ਦੇ ਗੁੱਠੇ ਲੱਗਣ ਦੀ ਗੱਲ ਉਤੇ ਬਿਲ ਦੇ ਪਾਸ ਹੋਣ ਤਕ ਚਰਚਾ ਹੁੰਦੀ ਰਹੀ। ਕਿਉਂਕਿ ਗੌਰਮਿੰਟ ਹੁਣ ਤਕ 'ਦੂਜੇ ਹਿਤਾਂ' ਦੀ ਰਖਿਆ ਦਾ ਦਾਅਵਾ ਕਰਦੀ ਚਲੀ ਆਈ ਸੀ। ਇਹ ਸਥਾਪਨਾ ਦੂਜੇ ਹਿਤਾਂ, ਜਾਂ ਥੋੜ-ਸੰਮਤੀ ਦੇ ਹਿਤਾਂ ਦੀ ਰੱਖਿਆ ਕਰਨ ਦੇ ਬਿਲਕੁਲ ਉਲਟ ਸੀ। ਇਸ ਲਈ ਜੌਹਨ ਮੇਨਾਰਡ ਨੂੰ ਵਿਚੋਂ ਉਠ ਕੇ ਇਸ ਬਾਰੇ ਸਫਾਈ ਦੇਣੀ ਪਈ ਅਤੇ ਜ਼ੋਰ ਦੇਣਾ ਪਿਆ ਕਿ ਕਰੇਕ ਨੂੰ ਗਲਤ ਸਮਝਿਆ ਗਿਆ ਹੈ, ਥੋੜ-ਗਿਣਤੀ ਦੇ ਹਿਤਾਂ

---

[1] P, L. C. D. 7th May 1925.

Digitized by Panjab Digital Library | www.panjabdigilib.org

ਤੇ ਹੱਕਾਂ ਦੀ ਰਾਖੀ ਕਰਨੀ ਗੌਰਮਿੰਟ ਦਾ ਪਹਿਲਾ ਫਰਜ਼ ਹੈ। "ਬਿਲ ਵਿਚ ਬਹੁਤ ਸਾਰੇ ਰੱਖਿਆ-ਪਰਬੰਧ ਕੀਤੇ ਗਏ ਹਨ ਜਿਹੜੇ ਇਸ ਇਰਾਦੇ ਦਾ ਸਬੂਤ ਹਨ ਕਿ ਥੋੜ੍ਹ-ਗਿਣਤੀ ਦੇ ਹੱਕਾਂ ਦੀ ਰੱਖਿਆ ਕੀਤੀ ਗਈ ਹੈ।"[1]

ਪਰ ਫੀਰੋਜ਼ ਖਾਨ ਨੂੰਨ ਨੇ ਉਦਾਸੀਆਂ ਦੀ ਉਂਞ ਹੀ ਝੰਡ ਲਾਹ ਦਿੱਤੀ। ਉਸ ਆਖਿਆ : ਸੇਵਾਦਾਰਾਂ ਦੀ ਜਮਾਤ ਦੇ ਤੌਰ ਤੇ ਉਦਾਸੀਆਂ ਨੂੰ ਥੋੜ-ਗਿਣਤੀ ਅਖਵਾਉਣ ਜਾਂ ਸਿੱਖਾਂ ਦੀ ਨਿੱਕੀ ਸੰਪਰਦਾ ਹੋਣ ਦਾ ਹੱਕ ਹੀ ਨਹੀਂ ਪਹੁੰਚਦਾ। ਉਹ ਨਾਗਿਣਤੀ ਵਿਚ ਆਉਣ ਵਾਲਾ ਅੰਕੜਾ ਨੇ।

ਰਾਜਾ ਨਰੇਂਦਰਾਨਾਥ ਉਦਾਸੀਆਂ ਦੀ ਗਿਣਤੀ 2000 ਦਸਦੇ ਸਨ ਜਦੋਂ ਕਿ ਡਾਕਟਰ ਗੋਕਲ ਚੰਦ ਦੇ ਹਿਸਾਬ ਨਾਲ ਉਹਨਾਂ ਦੀ ਗਿਣਤੀ 2600 ਸੀ। ਇਹਨਾਂ ਦੋਹਾਂ ਮਿੰਬਰਾਂ ਨੇ ਉਦਾਸੀਆਂ ਦੇ ਹੱਕ ਲਈ ਗੁਰਦੁਆਰਾ ਬਿਲ ਦੇ ਬਣਨ ਦੇ ਦੌਰਾਨ ਬੜੀ ਲੜਾਈ ਲੜੀ ਸੀ। ਉਦਾਸੀਆਂ ਬਾਰੇ ਉਸ ਨੇ ਕੌਂਸਲ ਵਿਚ ਆਖਿਆ ਸੀ : ਮੈਂ ਉਹਨਾਂ ਨੂੰ ਦਸਾਂਗਾ ਕਿ ਜੇ ਇਸ ਹਾਲਤ ਦਾ ਕੋਈ ਕਸੂਰਵਾਰ ਹੈ ਤਾਂ ਉਹ ਉਦਾਸੀਆਂ ਵਿਚੋਂ ਹੀ ਕੁਛ ਆਦਮੀ ਹਨ।......ਸਾਰੇ ਉਦਾਸੀ ਭੈੜੇ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਵਿਚੋਂ ਕੁਛ ਨੇ ਆਪਣੀਆਂ ਜ਼ਿਮੇਵਾਰੀਆਂ—ਜਿਹੜੀਆਂ ਗੁਰਦੁਆਰਿਆਂ ਦੇ ਪਰਬੰਧਕ ਹੋਣ ਦੀ ਹੈਸੀਅਤ ਵਿਚ ਉਹਨਾਂ ਉਤੇ ਆਉਂਦੀਆਂ ਸਨ—ਨਹੀਂ ਨਿਭਾਈਆਂ ਅਤੇ ਕਈਆਂ ਨੇ ਤਾਂ ਮੂਲੋਂ ਆਪਣੇ ਪਰਬੰਧਾਂ ਨਾਲ ਗੱਦਾਰੀ ਕੀਤੀ।

ਪਰ ਡਾਕਟਰ ਨਾਰੰਗ ਨੇ ਉਸ ਵੇਲੇ ਇਕ ਗੱਲ ਆਖੀ ਸੀ ਜਿਹੜੀ ਉਸ ਵੇਲੇ ਕੁਛ ਬੇਥਵ੍ਹੀ, ਵਧੌੜਕ ਤੇ ਕੁਢੱਬਵੀਂ ਜਾਪਦੀ ਸੀ। ਪਰ ਸਮੇਂ ਨੇ ਉਸ ਦੀ ਕੀਮਤ ਵਧਾ ਦਿੱਤੀ ਹੈ। ਉਸ ਨੇ ਆਖਿਆ ਸੀ : **"ਮੈਂ ਸਿੱਖਾਂ ਨੂੰ ਗੌਰਮਿੰਟ ਤੋਂ ਸਫਲ ਅਹਿਦਨਾਮਾ ਹਾਸਲ ਕਰਨ ਵਿਚ ਮੁਬਾਰਕਬਾਦ ਦੇਂਦਾ ਹਾਂ।"** (ਜ਼ੋਰ ਮੇਰਾ) ਗੁਰਦੁਆਰਾ ਬਿਲ ਹਾਸਲ ਕਰਨਾ ਉਸ ਦੀਆਂ ਨਜ਼ਰਾਂ ਵਿਚ ਇਕ ਅਹਿਦਨਾਮਾ ਹਾਸਲ ਕਰਨਾ ਸੀ। ਇਸ ਸਥਾਪਨਾ ਵਿਚ ਢੇਰ ਸਾਰੀ ਸਚਿਆਈ ਹੈ।

ਅਹਿਦਨਾਮੇ ਦੀ ਵਿਚਾਰ ਦੋਂਹ ਫੌਜਾਂ ਵਿਚਕਾਰ ਲੜਾਈ ਅਤੇ ਉਸ ਵਿਚ ਇਕ ਦੀ ਹਾਰ ਅਤੇ ਦੂਜੀ ਦੀ ਜਿੱਤ ਵਿਚੋਂ ਉਪਜਦੀ ਹੈ। ਜੇ ਅਕਾਲੀ ਤਹਿਰੀਕ ਦੇ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ-ਘੋਖਿਆ ਜਾਵੇ ਤਾਂ ਪਹਿਲੀ ਗੱਲ ਉਭਰ ਕੇ ਸਾਮ੍ਹਣੇ ਇਹ ਆਉਂਦੀ ਹੈ ਕਿ ਤਸ਼ੱਦਦ ਦੀ ਸਾਰੀ ਰਾਜ-ਮਸ਼ੀਨਰੀ ਵਰਤਣ, ਜੇਲ੍ਹਾਂ ਵਿਚ ਵਹਿਸ਼ੀਪੁਣੇ ਤੇ ਜੰਗਲ ਦਾ ਕਾਨੂੰਨ ਲਾਗੂ ਕਰਨ ਅਤੇ ਜਥੇਬੰਦੀਆਂ ਨੂੰ ਬਾਗੀ ਕਰਾਰ ਦੇਣ ਦੇ ਬਾਵਜੂਦ ਗੌਰਮਿੰਟ ਅਕਾਲੀ ਤਹਿਰੀਕ ਨੂੰ ਸ਼ਿਕਸਤ ਨਾ ਦੇ ਸਕੀ ਅਤੇ ਉਸ ਨੂੰ ਇਸ ਨਾਲ ਸਮਝੌਤੇ ਲਈ ਮਜਬੂਰ ਹੋਣਾ ਪਿਆ।

ਦੂਜੀ ਗੱਲ ਇਹ ਕਿ ਖਾਮੀਆਂ ਦੇ ਬਾਵਜੂਦ ਗੌਰਮਿੰਟ ਨੂੰ ਮਜਬੂਰ ਹੋ ਕੇ ਉਸ ਸਥਾਪਤ ਕਾਨੂੰਨ ਵਿਚ ਤਬਦੀਲੀ ਕਰਨੀ ਪਈ ਜਿਹੜਾ ਉਸ ਦੇ ਵਜੂਦ ਦਾ ਆਧਾਰ ਸੀ—ਉਹ ਕਾਨੂੰਨ ਤੇ ਜਾਇਦਾਦ ਦੀ ਰਖਿਆ ਦਾ ਢੰਡੋਰਾ ਦੇਂਦੀ ਸੀ। ਪਰ ਗੁਰਦੁਆਰਿਆਂ ਦੇ ਸਬੰਧ ਵਿਚ ਉਸ ਨੂੰ ਸਥਾਪਿਤ ਜਾਇਦਾਦੀ ਹਕਾਂ ਦੀ ਰਖਿਆ ਨੂੰ ਤਿਲਾਂਜਲੀ ਦੇਣੀ ਪਈ ਅਤੇ ਮਹੰਤਾਂ ਤੋਂ ਜਾਇਦਾਦ ਖੋਹਣ ਦਾ ਕਾਨੂੰਨ ਬਣਾਣਾ ਪਿਆ।

---

[1] P. L. C. D. 6th July 1925.

Digitized by Panjab Digital Library | www.panjabdigilib.org

ਤੀਜੀ ਅਤੇ ਸਭ ਤੋਂ ਵੱਡੀ ਗੱਲ । ਅਕਾਲੀ ਤਹਿਰੀਕ ਨੇ, ਭਲੇ ਜਾਂ ਬੁਰੇ ਲਈ, ਅੰਗਰੇਜ਼ੀ ਰਾਜ ਤੋਂ ਆਪਣੇ ਲਈ ਇਕ ਛੋਟੀ ਰਿਆਸਤ ਖੋਹ ਲਈ। ਜਿਸ ਦਾ ਸਬੂਤ ਅੱਜ ਗੁਰਦੁਆਰਿਆਂ ਦੇ ਕੇਂਦਰੀ ਫੰਡ, ਬਜਟ ਤੇ ਪਰਬੰਧ ਲਈ ਅਮਲੇ ਫੈਲੇ ਦੀ ਸ਼ਕਲ ਵਿਚ ਸਾਡੇ ਸਾਮ੍ਹਣੇ ਪਰਤਖ ਮੌਜੂਦ ਹੈ। ਸ਼੍ਰੋਮਣੀ ਕਮੇਟੀ ਪੰਜਾਬੀ ਸੂਬੇ ਦੇ ਰਾਜ ਵਿਚ ਗੁਰਦੁਆਰਿਆਂ ਉਤੇ ਕਬਜ਼ੇ ਦੀ ਸ਼ਕਲ ਵਿਚ ਇਕ ਛੋਟੇ ਜਿਹੇ ਰਾਜ ਦੀ ਮਾਲਕ ਬਣ ਗਈ ਹੈ । ਕਮੇਟੀ ਲੋਕ ਭਲੇ ਦਾ ਹਥਿਆਰ ਵੀ ਬਣ ਸਕਦੀ ਹੈ ਅਤੇ ਇਸ ਤਾਕਤ ਦੀ ਦੁਰਵਰਤੋਂ ਦਾ ਵੀ।

ਅਤੇ ਇਕ ਹੋਰ ਸਿੱਟਾ ਜਿਹੜਾ ਚੀਫ ਸੈਕਟਰੀ ਕਰੇਕ ਦੀ ਸਪੀਚ ਵਿਚੋਂ ਪਰਤੱਖ ਨਿਕਲਦਾ ਹੈ ਉਹ ਇਹ ਹੈ ਕਿ ਸਾਮਰਾਜੀ ਹਿਤਾਂ ਦੀ ਰਖਿਆ ਤੇ ਮਜ਼ਬੂਤੀ ਖਾਤਰ ਹੁਕਮ਼ਰਾਨ ਦੂਜੇ ਹਿਤਾਂ ਜਾਂ ਥੋੜ੍ਹ-ਗਿਣਤੀਆਂ ਦੇ ਹੱਕਾਂ ਤੇ ਹਿਤਾਂ ਦੀ ਰਾਖੀ ਨੂੰ ਵੀ ਕੁਰਬਾਨ ਕਰ ਦੇਂਦੇ ਸਨ। ਮਹੰਤਾਂ ਦੀ ਜਿਹੜੀ ਦੁਰਦਸ਼ਾ ਹੋਈ ਉਹ ਗੌਰਮਿੰਟ ਦੇ ਅੱਡੇ ਚੜ੍ਹ ਜਾਣ ਕਰਕੇ ਹੋਈ। ਨਹੀਂ ਤਾਂ ਗੁਰੂ ਕੇ ਬਾਗ ਤੇ ਭਾਈ ਫੇਰੂ ਵਗੈਰਾ ਦੇ ਮਹੰਤਾਂ ਨਾਲ ਚੰਗੇ ਭਲੇ ਫੈਸਲੇ ਹੋ ਚੁੱਕੇ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਗੌਰਮਿੰਟ ਉਹਨਾਂ ਦੇ ਖਿਲਾਫ ਕੋਈ ਗੁਰਦੁਆਰਾ ਕਾਨੂੰਨ ਨਹੀਂ ਬਣਾਏਗੀ ਅਤੇ ਉਹਨਾਂ ਨੂੰ ਮਹੰਤਾਂ ਦੀਆਂ ਗੱਦੀਆਂ ਉਤੇ ਕਾਇਮ ਤੇ ਮਜ਼ਬੂਤ ਰਖੇਗੀ। ਪਰ ਅਕਾਲੀ ਲਹਿਰ ਦੇ ਹੜ੍ਹ ਨੇ ਥੋੜ-ਗਿਣਤੀਆਂ ਨੂੰ ਵੀ ਗੁੱਠੇ ਲਾ ਦਿੱਤਾ।

## 2. ਹੇਲੀ ਦੀ ਫੁੱਟ-ਪਾਊ ਸਪੀਚ

ਪੰਜਾਬ ਕੌਂਸਲ ਵਿਚ ਬਿਲ ਮਨਜ਼ੂਰ ਹੋ ਜਾਣ ਪਿੱਛੋਂ 9 ਜੁਲਾਈ 1925 ਨੂੰ ਗਵਰਨਰ ਮੈਲ਼ਕਮ ਹੇਲੀ ਨੇ ਪੰਜਾਬ ਕੌਂਸਲ ਵਿਚ ਇਕ ਸਪੀਚ ਦਿੱਤੀ ਜਿਸ ਵਿਚ, ਮੁਖ ਤੌਰ ਤੇ, ਜੈਤੋ ਦੇ ਅਕਾਲੀਆਂ ਦੀਆਂ ਬਿਲਾ ਸ਼ਰਤ ਰਿਹਾਈਆਂ, ਅਖੰਡ ਪਾਠ ਕਰਨ ਦੀ ਖੁਲ੍ਹ ਅਤੇ ਪੰਜਾਬ ਦੇ ਕੈਦੀਆਂ ਤੇ ਮੁਕੱਦਮੇ ਵਾਲੇ ਆਗੂਆਂ ਦੀਆਂ ਸ਼ਰਤਦਾਰ ਰਿਹਾਈਆਂ ਬਾਰੇ ਪਲਿਸੀ ਬਿਆਨ ਕੀਤੀ ਗਈ ਸੀ। ਇਸ ਪਾਲਿਸੀ ਨੇ ਅਕਾਲੀ ਤਹਿਰੀਕ ਨੂੰ—ਜਿਹੜੀ ਕਿ ਗੌਰਮਿੰਟ ਦੇ ਫੁਟ ਪਾਉਣ ਦੇ ਯਤਨਾਂ ਦੇ ਬਾਵਜੂਦ, ਨਿਰੋਈ ਤੇ ਇਕਮੁੱਠ ਰਹੀ ਸੀ—ਖੇਰੂੰ ਖੇਰੂੰ ਕਰਨ ਵਿਚ ਬੜਾ ਰੋਲ ਅਦਾ ਕੀਤਾ।

ਹੇਲੀ ਨੇ ਆਖਿਆ ਕਿ ਸਾਨੂੰ ਅਪੀਲਾਂ ਕੀਤੀਆਂ ਗਈਆਂ ਹਨ ਕਿ ਪਿਛਲੇ ਕੁਛ ਸਾਲਾਂ ਦੇ 'ਇਖਤਲਾਫਾਂ' ਦੀ ਯਾਦ ਮਿਟਾਣ ਲਈ ਅਤੇ ਡੰਗ ਨੂੰ ਦੂਰ ਕਰਨ ਲਈ ਕੈਦੀਆਂ ਤੇ ਮੁਕੱਦਮੇ ਵਾਲਿਆਂ ਦੀਆਂ ਆਮ ਰਿਹਾਈਆਂ ਦਾ ਹੁਕਮ ਜਾਰੀ ਕੀਤਾ ਜਾਵੇ ਪਰ ਅਸਾਂ ਬਿਲ ਦੀ ਹਮਾਇਤ ਕੋਈ ਵੀ ਖੁਲ੍ਹੀਆਂ ਜਾਂ ਸ਼ਬਦਾਂ-ਵਿਚ-ਲੁਕੀਆਂ, ਸ਼ਰਤਾਂ ਥੱਲੇ ਨਹੀਂ ਕੀਤੀ। ਜਿਸ ਦੇ ਸਾਫ ਅਰਥ ਇਹ ਸਨ ਕਿ ਪੰਜਾਬ ਦੇ ਬੰਦ ਅਕਾਲੀਆਂ ਦੀਆਂ ਰਿਹਾਈਆਂ ਸ਼ਰਤਾਂ ਲੈਣ-ਦੇਣ ਪਿਛੋਂ ਹੀ ਕੀਤੀਆਂ ਜਾਣਗੀਆਂ।

ਅਤੇ ਉਸ ਨੇ ਗੌਰਮਿੰਟ ਦੇ ਠੁੱਕਵੇਂ ਫੈਸਲੇ ਦੀਆਂ ਸ਼ਰਤਾਂ ਵੀ ਬਿਆਨ ਕੀਤੀਆਂ। ਇਸ ਫੈਸਲਾ ਕੇਂਦਰੀ ਸਰਕਾਰ ਦੀ ਮਨਜ਼ੂਰੀ ਨਾਲ ਕੀਤਾ ਗਿਆ ਸੀ। ਫੈਸਲਾ ਇਹ ਸੀ (1) ਕਿ ਕੋਈ ਵੀ ਉਹ ਅਕਾਲੀ ਨਹੀਂ ਛਡਿਆ ਜਾਏਗਾ ਜਿਸ ਨੇ ਤਸ਼ੱਦਦ ਦੇ ਜੁਰਮ ਕੀਤੇ ਸਨ ਜਾਂ ਤਸ਼ੱਦਦ ਲਈ ਉਕਸਾਹਟ ਦਿੱਤੀ ਸੀ। (2) ਬਾਕੀਆਂ ਨੂੰ ਲਿਖਤੀ ਸ਼ਰਤ ਦੇਣੀ ਪਏਗੀ ਕਿ ਉਹ (ੳ) ਬਿਲ ਦੀਆਂ ਧਾਰਾਵਾਂ ਨੂੰ ਬਾਹਰ ਜਾ ਕੇ ਅਮਲੀ ਜਾਮਾ ਪੁਆਉਣਗੇ ਅਤੇ (ਅ) ਕਿਸੇ

Digitized by Panjab Digital Library | www.panjabdigilib.org

ਗੁਰਦੁਆਰੇ ਦੀ ਜਾਇਦਾਦ ਉਤੇ ਕਬਜ਼ਾ ਕਰਨ ਲਈ ਤਾਕਤ ਦਾ ਵਿਖਾਵਾ ਜਾਂ ਤਾਕਤ ਦਾ ਵਸੀਲਾ ਨਹੀਂ ਵਰਤੋਂ ਵਿਚ ਲਿਆਉਣਗੇ।

ਅਤੇ ਗੌਰਮਿੰਟ ਏਸੇ ਤਰ੍ਹਾਂ ਦੀ ਸਪਿਰਿਟ ਅਨੁਸਾਰ ਹੀ ਜ਼ਮੀਨ ਤੇ ਪਿਨਸ਼ਨ ਦੀ ਜ਼ਬਤੀ ਦੇ ਕੇਸਾਂ ਬਾਰੇ ਵਰਤਾਅ ਕਰੇਗੀ।

ਸ਼ਰਤਾਂ ਆਇਦ ਕਰਨ ਦਾ ਬਹਾਨਾ ਇਹ ਪੇਸ਼ ਕੀਤਾ ਗਿਆ ਸੀ ਕਿ ਕੁਛ ਅੱਤਵਾਦੀ ਧੜਿਆਂ ਵਲੋਂ ਬਿਲ ਦੀ ਵਿਰੋਧਤਾ ਕੀਤੀ ਗਈ ਸੀ। ਉਹ ਕੋਈ ਫੈਸਲਾ ਨਹੀਂ ਸਨ ਹੋਣ ਦੇਣਾ ਚਾਹੁੰਦੇ। ਜੇ ਉਹਨਾਂ ਦੀ ਇਸ ਵੇਲੇ ਅਸੀਂ ਮਦਦ ਨਹੀਂ ਕਰਦੇ ਤਾਂ ਬਿਲ ਦਾ ਅਮਲ ਵਿਚ ਆਉਣਾ ਖਤਰੇ ਵਿਚ ਪੈ ਸਕਦਾ ਸੀ। ਠੀਕ ਹੀ ਸਿਆਣੇ ਆਖਦੇ ਹਨ ਕਿ ਬਹਾਨਾ ਘੜਨ ਵਾਲੇ ਨੂੰ ਬਥੇਰੇ ਬਹਾਨੇ ਲੱਭ ਪੈਂਦੇ ਹਨ।

ਅਤੇ ਹੇਲੀ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਉਤੇ 12 ਅਕਤੂਬਰ 1923 ਨੂੰ ਲਾਈਆਂ ਗਈਆਂ ਪਾਬੰਦੀਆਂ ਦੂਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਆਖਿਆ : ਇਹ ਪਾਬੰਦੀਆਂ ਉਦੋਂ ਚੁਕੀਆਂ ਜਾਣਗੀਆਂ ਜਦੋਂ ਸੈਂਟਰਲ ਬੋਰਡ, ਬਿਲ ਦੀਆਂ ਧਾਰਾਵਾਂ ਅਨੁਸਾਰ ਚੋਣ ਪਿਛੋਂ ਬਾਕਾਇਦਾ ਵਜੂਦ ਵਿਚ ਆ ਜਾਏਗਾ।

## 3. ਜੈਤੋ ਦੀ ਸਮੱਸਿਆ ਦਾ ਹੱਲ

ਅਤੇ ਕੇਂਦਰੀ ਸਰਕਾਰ ਨਾਲ ਵਿਚਾਰ-ਵਟਾਂਦਰੇ ਪਿਛੋਂ ਜੈਤੋ ਦੀ ਸਮੱਸਿਆ ਬਾਰੇ ਜਿਹੜੀ ਪਾਲਿਸੀ ਬਣਾਈ ਗਈ, ਉਹ ਇਹ ਸੀ :

......ਉਹ ਲੋਕ ਜਿਹੜੇ ਜੈਤੋ ਦੇ ਗੁਰਦੁਆਰੇ ਨੂੰ ਪਰਾਰਥਨਾ ਦੇ ਜਾਇਜ਼ ਮਕਸਦਾਂ ਲਈ ਵਰਤਣਾ ਚਾਹੁੰਦੇ ਹਨ ਉਹਨਾਂ ਨੂੰ ਗੌਰਮਿੰਟ ਗੁਰਦੁਆਰੇ ਜਾਣ ਦੀ ਪੂਰਣ ਆਜ਼ਾਦੀ ਦੇਵੇਗੀ। ਨਾਭੇ ਦਾ ਰਾਜ-ਪਰਬੰਧਕ, ਤਸ਼ੱਦਦ ਦੇ ਕੈਦੀਆਂ ਤੋਂ ਛੁੱਟ, ਬਾਕੀ ਕੈਦੀਆਂ ਨੂੰ ਭਾਵੇਂ ਉਹ ਨਜ਼ਰਬੰਦ ਹਨ ਜਾਂ ਸਜ਼ਾ ਹੋ ਚੁੱਕੇ ਹਨ—ਛੱਡ ਦੇਵੇਗਾ। ਨਾਭੇ ਦਾ ਰਾਜ-ਪਰਬੰਧਕ ਹੇਠਲੇ **ਨਿਯਮਾਂ** ਅਨੁਸਾਰ ਜਥਿਆਂ ਨੂੰ ਗੁਰਦੁਆਰਾ ਗੰਗਸਰ ਦੀ ਯਾਤਰਾ ਲਈ ਜਾਣ ਦੀ ਆਗਿਆ ਦੇਵੇਗਾ :

(ੳ) ਉਹ ਰਿਆਸਤ ਅੰਦਰ ਆਪਣੀ ਰਿਹਾਇਸ਼ ਦੇ ਸਮੇਂ ਕੋਈ ਰਾਜਸੀ ਦੀਵਾਨ ਨਹੀਂ ਲਾਉਣਗੇ ਅਤੇ ਨਾ ਹੀ ਕੋਈ ਰਾਜਸੀ ਪ੍ਰੋਪੇਗੰਡਾ ਕਰਨਗੇ ;

(ਅ) ਉਹ ਆਪਣੇ ਆਪ ਨੂੰ ਉਹਨਾਂ ਹੱਦਾਂ ਅੰਦਰ ਬੰਦ ਰੱਖਣਗੇ ਜਿਹੜੀਆਂ ਕਿ ਗੁਰਦੁਆਰੇ ਦੀ ਵਰਤੋਂ ਲਈ ਉਹਨਾਂ ਦੇ ਰਹਿਣ ਸਹਿਣ ਲਈ ਨਿਯੁਕਤ ਕੀਤੀਆਂ ਜਾਣਗੀਆਂ।

(ੲ) ਯਾਤਰਾ ਸਮੇਂ ਉਹ ਆਪਣੇ ਖਰਚੇ ਦਾ ਬੋਝ ਆਪ ਉਠਾਉਣਗੇ, ਜੈਤੋ ਦੇ ਪਿੰਡ ਤੇ ਜੈਤੋ ਮੰਡੀ ਵਿਚ ਜਾਣ ਦੀ ਉਹਨਾਂ ਨੂੰ ਆਗਿਆ ਨਹੀਂ ਹੋਵੇਗੀ ;

(ਸ) ਜਿਹੜਾ ਜਥਾ ਵੀ ਜੈਤੋ ਵਿਚ ਆਏਗਾ ਉਹ ਉਸ ਸੜਕ ਜਾਂ ਰੇਲ-ਗੱਡੀ ਰਾਹੀਂ ਆਏਗਾ ਜਿਹੜੀ ਰਾਜ-ਪਰਬੰਧਕ ਮੁਕੱਰਰ ਕਰੇਗਾ ਅਤੇ ਕਿਸੇ ਜਥੇ ਦੇ ਨਾਲ ਵੀ ਸੰਗਤ ਨਹੀਂ ਹੋਵੇਗੀ ;

(ਹ) ਜੈਤੋ ਵਿਚ ਪਹੁੰਚਣ ਵਾਲੇ ਹਰ ਜਥੇ ਦੇ ਪਹੁੰਚਣ ਦੀ ਤਰੀਕ ਰਾਜ-ਪਰਬੰਧਕ ਨੂੰ ਅਗਾਊਂ ਦੇਣੀ ਹੋਵੇਗੀ ਤਾਂ ਜੁ ਉਹ ਇਸ ਸੰਬੰਧ ਵਿਚ ਯੋਗ ਪਰਬੰਧ ਕਰ ਸਕੇ।

Digitized by Panjab Digital Library | www.panjabdigilib.org

ਇਹ ਹਨ ਫੈਸਲੇ ਜਿਹੜੇ ਗੌਰਮਿੰਟ ਨੇ ਗੁਰਦੁਆਰਾ ਕਾਨੂੰਨ, ਨੇਕ ਨੀਤੀ ਨਾਲ, ਅਮਲ ਵਿਚ ਲਿਆਉਣ ਲਈ ਕੀਤੇ ਹਨ ਅਤੇ ਇਸ ਖ਼ਾਹਸ਼ ਨਾਲ ਕਿ ਸਿੱਖ ਜਾਤੀ ਕਾਇਮ ਕੀਤੇ ਅਮਨ ਅਤੇ ਗੌਰਮਿੰਟ ਵਿਚ ਪੁਰਾਣੇ ਵਿਸ਼ਵਾਸ ਤੇ ਯਕੀਨ ਦੇ ਰਿਸ਼ਤਿਆਂ ਮੁਤਾਬਕ ਮੋੜਾ ਕੱਟੇਗੀ। ਅਤੇ ਹੁਣ ਇਹ ਅੰਦਰਲੇ ਤੇ ਬਾਹਰਲੇ ਆਗੂਆਂ ਤੇ ਨਿਰਭਰ ਹੈ ਕਿ ਉਹ ਕਿਹੜਾ ਰਾਹ ਉਲੀਕਣਾ ਪਸੰਦ ਕਰਦੇ ਹਨ।[1]

ਇਹ ਸੀ ਹੇਲੀ ਗੌਰਮਿੰਟ ਦੀ ਗੁਰਦੁਆਰਾ ਬਿਲ ਮਨਜ਼ੂਰ ਹੋ ਜਾਣ ਦੇ ਬਾਅਦ ਦੀ ਪਾਲਿਸੀ! ਹੇਲੀ ਨੇ ਇਹ ਸਪੀਚ ਬੜੇ ਵਲਾਵੇਂਦਾਰ ਤੇ ਚਲਾਕੀ-ਭਰੇ ਸ਼ਬਦ ਵਰਤ ਕੇ ਤਿਆਰ ਕੀਤੀ ਸੀ। ਇਸ ਵਿਚ ਧਮਕੀ ਦੀ ਗੱਲ ਵੀ ਹੈ, ਸਮਝੌਤੇ ਦੀ ਗੱਲ ਵੀ ਅਤੇ ਦਬਾ ਕੇ ਰੱਖਣ ਦੀ ਗੱਲ ਵੀ ਹੈ। ਆਓ ਸਰਕਾਰੀ ਕਾਰਵਾਈਆਂ ਫੋਲ ਕੇ ਇਸ ਉਤੇ ਕੁਛ ਹੋਰ ਚਾਨਣਾ ਪਾਈਏ।

ਹੇਲੀ ਕੇਂਦਰੀ ਸਰਕਾਰ ਦੇ ਹੋਮ ਮਨਿਸਟਰ ਤੋਂ ਪੰਜਾਬ ਦਾ ਗਵਰਨਰ ਬਣਿਆ ਸੀ। ਉਹ ਕੇਂਦਰੀ ਸਕੱਤਰੇਤ ਦੇ ਸਾਰੇ ਮਹਿਕਮਿਆਂ ਦੇ ਸਕੱਤਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਵਾਈਸਰਾਏ ਰੈਡਿੰਗ ਨੇ ਉਸ ਦੀ ਗਵਰਨਰੀ ਲਈ ਸਿਫਾਰਸ਼ ਕੀਤੀ ਸੀ। ਰਾਜ ਚਲਾਉਣ ਦੀ ਸਾਮਰਾਜੀ ਕੁਟਲ ਨੀਤੀ—ਯਾਨੀ ਪਾਰਟੀਆਂ ਨੂੰ ਪਾੜ ਕੇ ਰੱਖਣਾ, ਹਿੰਦੂਆਂ ਮੁਸਲਮਾਨਾਂ ਤੇ ਸਿੱਖਾਂ ਨੂੰ ਇਕ ਦੂਜੇ ਦੇ ਖਿਲਾਫ ਚੁੱਕੀ ਰੱਖਣਾ, ਹਰ ਤਹਿਰੀਕ ਵਿਚ ਆਪਣੇ ਜਾਸੂਸ ਵਾੜਨੇ ਵਗੈਰਾ ਵਗੈਰਾ—ਦਾ ਮਾਹਰ ਗਿਣਿਆ ਜਾਂਦਾ ਸੀ। ਹੋਮ ਮਨਿਸਟਰ ਮੁਡੀਮੈਨ ਤੇ ਵਾਈਸਰਾਏ ਦਾ ਪ੍ਰਾਈਵੇਟ ਸੈਕਟਰੀ ਡੀਮੌਂਟਮੋਰੈਂਸੀ ਉਸ ਦੇ ਯਾਰ ਸਨ। ਇਸ ਲਈ ਉਸ ਦੀ ਉਤੇ ਤੱਕ ਤਕੜੀ ਪਹੁੰਚ ਸੀ।

ਪੰਜਾਬ ਦੇ ਅਕਾਲੀਆਂ ਦੀਆਂ ਰਿਹਾਈਆਂ ਦਾ ਫਾਰਮੂਲਾ ਉਸ ਨੇ ਖੁਦ ਤਿਆਰ ਕੀਤਾ ਸੀ। ਇਸ ਦੇ ਸ਼ਬਦਾਂ—'ਗੁਰਦੁਆਰਾ ਬਿੱਲ ਦੀ ਕਾਰਵਾਈ ਦੀ ਪਰਵਾਨਗੀ ਦੀ ਸ਼ਰਤ'—ਬਾਰੇ ਕੇਂਦਰੀ ਸਕੱਤਰੇਤ ਵਲੋਂ ਕੁਛ ਇਤਰਾਜ਼ ਕੀਤਾ ਗਿਆ ਸੀ। ਪਰ ਹੇਲੀ ਨੇ ਇਹ ਸ਼ਬਦ ਰੱਖਣ ਉਤੇ ਜ਼ੋਰ ਦਿੱਤਾ ਅਤੇ ਦਲੀਲ ਇਹ ਦਿੱਤੀ ਕਿ ਇਹ ਸ਼ਰਤ ਕਾਇਮ ਰਹਿਣੀ-ਰੱਖਣੀ ਚਾਹੀਦੀ ਹੈ ਕਿਉਂਕਿ "ਇਹ ਖੁਦ ਬਿਲ ਹੀ ਹੈ ਜਿਹੜਾ ਸਾਨੂੰ ਰਿਹਾਈਆਂ ਲਈ ਬਹਾਨਾ ਮੁਹੱਈਆ ਕਰਦਾ ਹੈ, ਇਸ ਤੋਂ ਬਗੈਰ ਅਸਾਂ ਰਿਹਾਈਆਂ ਨਹੀਂ ਸਨ ਕਰਨੀਆਂ। ਅਤੇ (ਏਹੋ ਹੀ ਨਹੀਂ) ਇਸ ਵੇਲੇ ਇਹ ਸਮਝੌਤੇ ਲਈ ਰਜ਼ਾਮੰਦਾਂ ਅਤੇ ਅੱਤਵਾਦੀ ਸਿੱਖਾਂ ਵਿਚ ਫਰਕ ਕਰਦਾ ਹੈ। **ਮਰਾ ਅੱਤਵਾਦੀਆਂ ਨੂੰ ਛੱਡਣ ਦੀ ਕੋਈ ਖ਼ਾਹਸ਼ ਨਹੀਂ। ਮੈਂ ਉਹਨਾਂ ਲੋਕਾਂ ਦੀ ਮਜ਼ਬੂਤ ਪਾਰਟੀ ਬਣਾਉਣਾ ਚਾਹੁੰਦਾ ਹਾਂ ਜਿਹੜੇ ਬਿਲ ਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕਰਨਗੇ।** (ਜ਼ੋਰ ਮੇਰਾ) ਹੋ ਸਕਦਾ ਹੈ ਮੈਂ ਸਫਲ ਨਾ ਹੋਵਾਂ, ਪਰ ਜੇ ਮੈਂ ਅਸਫਲ ਵੀ ਹੋ ਜਾਵਾਂ, ਤਦ ਵੀ ਮੈਂ ਆਮ ਰਾਜਸੀ ਹਿੰਦੁਸਤਾਨ ਨੂੰ ਇਹ ਸਾਬਤ ਕਰਨ ਰਾਹੀਂ ਆਪਣੀ ਪੁਜ਼ੀਸ਼ਨ ਬਿਹਤਰ ਬਣਾ ਲਵਾਂਗਾ ਕਿ ਜਿਹੜੇ ਸਿੱਖ ਗੁਰਦੁਆਰਾ ਬਿਲ ਨਹੀਂ ਮੰਨਦੇ ਉਹਨਾਂ ਪਾਸ ਸ਼ਿਕਾਇਤ ਲਈ ਕੋਈ ਵਜ਼ਨਦਾਰ ਦਲੀਲ ਨਹੀਂ। ਉਹਨਾਂ ਨੂੰ ਏਹੋ ਆਖਿਆ ਜਾ ਰਿਹਾ ਹੈ ਕਿ ਉਹ ਗੁਰਦੁਆਰਾ ਬਿਲ ਨੂੰ ਅਮਲ ਵਿਚ ਲਿਆਉਣ।"[2]

---

[1] P. L. C. D. p. 1301 to 1305. 9th July 1925.

[2] Letter from Hailey to Muddiman D/ 4.7.1925.

Digitized by Panjab Digital Library | www.panjabdigilib.org

ਪਰ ਫੇਰ ਵੀ ਵਾਈਸਰਾਏ ਦੇ ਸੁਝਾਅ ਉਤੇ ਉਸ ਨੂੰ 'ਕਾਰਵਾਈ' ਦੀ ਥਾਂ ਇਕ ਚੰਗਾ ਸ਼ਬਦ 'ਧਾਰਾਵਾਂ' ਬਦਲਣ ਲਈ ਸਹਿਮਤ ਹੋਣਾ ਪਿਆ।

ਪਰ ਜਿਥੋਂ ਤਕ ਜੈਤੋ ਦੇ ਅਖੰਡ ਪਾਠ ਤੇ ਉਥੋਂ ਦੀਆਂ ਰਿਹਾਈਆਂ ਦਾ ਸੰਬੰਧ ਹੈ, ਉਸ ਵਿਚ ਹੇਲੀ ਦੀ ਮੁਦਾਖਲਤ ਨੇ ਸਮਝੌਤੇ ਲਈ ਰਾਹ ਮੋਕਲਾ ਕੀਤਾ। ਇਸ ਦੂਸਰੇ ਫਾਰਮੂਲੇ ਬਾਰੇ ਉਸ ਨੇ ਲਿਖਿਆ : ਮੈਂ ਇਹਨਾਂ ਸ਼ਬਦਾਂ ਦੇ ਵਾਧੇ ਨੂੰ ਨਾਪਸੰਦ ਕਰਦਾ ਹਾਂ ਕਿ "ਰਿਹਾਈਆਂ ਅਜੇਹੀਆਂ ਸ਼ਰਤਾਂ--ਜੇ ਕੋਈ ਹਨ ਤਾਂ—ਤੇ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਨਾਭੇ ਦਾ ਰਾਜ ਪਰਬੰਧਕ ਯੋਗ ਸਮਝੇ।"[1] ਇਸ ਨਾਲ ਸ਼ੱਕ ਦੀ ਗੁੰਜਾਇਸ਼ ਪੈਦਾ ਹੋ ਜਾਏਗੀ। ਹੇਲੀ ਦੀ ਰਾਏ ਇਹ ਸੀ ਕਿ ਜਿਹੜੀਆਂ ਵੀ **ਸ਼ਰਤਾਂ** ਲਾਗੂ ਕੀਤੀਆਂ ਜਾਣ ਉਹਨਾਂ ਦਾ ਪਹਿਲੋਂ ਹੀ ਐਲਾਨ ਕਰ ਦਿਤਾ ਜਾਵੇ। "ਮੈਂ ਇਕ ਮਹੀਨੇ ਦੀ ਪਾਬੰਦੀ ਲਾਣ ਬਾਰੇ ਬੜੀ ਸੋਚ ਵਿਚਾਰ ਕੀਤੀ ਹੈ। ਮੈਨੂੰ ਯਕੀਨ ਹੈ ਕਿ ਜੇ ਹਿੰਦ ਸਰਕਾਰ ਇਸ ਤੇ ਜ਼ਿਦ ਕਰੇਗੀ ਤਾਂ ਉਹ ਜੈਤੋ ਦੇ ਮਸਲੇ ਦਾ ਹਲ ਹਾਸਲ ਨਹੀਂ ਕਰ ਸਕੇਗੀ ਕਿਉਂਕਿ ਪੁਰਾਣਾ ਸਵਾਲ ਉਠ ਖਲੋਵੇਗਾ। ਮਹੀਨੇ ਦੇ ਅਖੀਰ ਤੇ ਤੁਹਾਡਾ ਇਰਾਦਾ ਕੀ ਕਰਨ ਦਾ ਹੈ ? ਕੀ ਤੁਸੀਂ ਗੁਰਦੁਆਰਾ ਗੰਗਸਰ ਯਾਤਰੀਆਂ ਲਈ ਬੰਦ ਕਰਨ ਵਾਲੇ ਹੋ ?" ਹੇਲੀ ਨੇ ਜ਼ੋਰ ਦਿੱਤਾ ਕਿ ਨਾ ਤਾਂ ਯਾਤਰੀਆਂ ਦੀ ਗਿਣਤੀ ਉਤੇ ਹੀ ਕੋਈ ਪਾਬੰਦੀ ਲਗਣੀ ਚਾਹੀਦੀ ਹੈ ਅਤੇ ਨਾ ਹੀ ਵਕਤ ਉਤੇ।[2]

ਨਾਭੇ ਦੇ ਰਾਜ-ਪਰਬੰਧਕ ਨੇ ਉਤਲੀਆਂ ਸ਼ਰਤਾਂ ਲਾਣ ਤੇ ਜ਼ੋਰ ਦਿੱਤਾ। ਬੋਦੀ ਦਲੀਲ ਇਹ ਦਿੱਤੀ ਕਿ ਗੁਰਦੁਆਰਾ ਰਿਆਸਤ ਦੇ ਅੰਦਰ ਹੈ ਅਤੇ ਨਾਭਾ ਦਰਬਾਰ ਦਾ ਹੱਕ ਹੈ ਕਿ ਉਹ ਆਪਣੇ ਗੁਰਦੁਆਰੇ ਸੰਬੰਧੀ ਆਪਣੇ ਹੱਕ ਨੂੰ ਲਾਗੂ ਕਰੇ।[3] ਪਰ ਉਂਞ ਉਸ ਨੇ ਪੰਜਾਬ ਸਰਕਾਰ ਨਾਲ ਮਿਲਵਰਤਨ ਕਰਨ ਦਾ ਪਰਗਟਾਅ ਕੀਤਾ। ਇਸ ਲਈ ਉਹਦੀ ਗੱਲ ਅਪਰਵਾਨ ਕਰ ਦਿੱਤੀ ਗਈ।

ਜੈਤੋ ਫਾਰਮੂਲੇ ਵਿਚ ਵੀ ਸ਼ਬਦ 'ਸ਼ਰਤਾਂ' ਦਾ ਲਿਖਿਆ ਹੋਇਆ ਸੀ ਪਰ ਹੇਲੀ ਦੇ ਕਹਿਣ ਤੇ ਇਹ ਨਰਮ ਕਰਕੇ 'ਨਿਯਮਾਂ ਜਾਂ ਕਾਇਦਿਆਂ'[4] ਕਰ ਦਿੱਤਾ ਗਿਆ। ਹੇਲੀ ਦਾ ਮਕਸਦ ਇਹ ਜਾਪਦਾ ਸੀ ਕਿ ਵਾਹ ਲਗਦੀ ਜੈਤੋ ਦੇ ਮਸਲੇ ਵਿਚ ਅੜਿਕਾ ਡਾਹੁਣ ਵਾਲੀਆਂ ਕੋਈ ਸ਼ਰਤਾਂ ਨਾ ਲਾਈਆਂ ਜਾਣ ਤਾਂ ਜੁ ਸ਼ਰਤਾਂ ਦੀ ਲੜਾਈ ਸਿਰਫ ਪੰਜਾਬ ਵਿਚ ਹੀ ਰਹਿ ਜਾਏ ਅਤੇ ਇਸ ਲੜਾਈ ਵਿਚ ਉਸ ਦੀ ਨੀਤੀ ਬੜੀ ਸਾਫ ਸੀ। ਉਹ ਗਰਮ-ਖਿਆਲ ਕੌਮ ਪਰਸਤਾਂ ਨੂੰ ਆਪਣੇ ਰਾਜ ਦਾ ਦੁਸ਼ਮਣ ਸਮਝਦਾ ਸੀ, ਕਿਉਂਕਿ ਉਹ ਸੁਰਾਜ ਦੀ ਮੰਗ ਕਰਦੇ ਸਨ ਅਤੇ ਬਰਿਟਿਸ਼ ਰਾਜ ਨਹੀਂ ਸਨ ਕਾਇਮ ਰਹਿਣ ਦੇਣਾ ਚਾਹੁੰਦੇ। ਇਸ ਲਈ ਉਹ ਇਹਨਾਂ ਨੂੰ ਜੇਲ੍ਹਾਂ ਵਿਚ ਹੀ ਡੱਕੀ ਰਖਣਾ ਚਾਹੁੰਦਾ ਸੀ। ਇਹਨਾਂ ਨੂੰ ਹਰ ਢੰਗ ਨਾਲ ਕਮਜ਼ੋਰ ਕਰਨਾ ਚਾਹੁੰਦਾ ਸੀ ਅਤੇ ਨਰਮ-ਖਿਆਲ ਲੋਕਾਂ ਨੂੰ, ਗੁਰਦੁਆਰਿਆਂ ਦੇ ਪਰਬੰਧ ਵਿਚ, ਉਤੇ ਲਿਆਣਾ ਚਾਹੁੰਦਾ ਸੀ।

---

1 Letter from Hailey to Muddiman D/ 4.7.1925.

2 ਉਪਰੋਕਤ ਚਿਠੀ ਹੀ

ਉਪਰੋਕਤ ਹੀ

3 From Patterson to Muddiman, 4th July 1925.

4 From Hailey to Muddiman, 6.7.25

Digitized by Panjab Digital Library | www.panjabdigilib.org

# ਜੈਤੋ ਵਿਚ ਅਖੰਡ ਪਾਠ

ਇਹ ਠੀਕ ਹੈ ਕਿ ਨਾਭੇ ਦੇ ਰਾਜ-ਪਰਬੰਧਕ ਨੇ ਜ਼ੋਰ ਦਿੱਤਾ ਸੀ ਕਿ ਗੰਗਸਰ ਵਿਚ ਇਕ ਵੇਲੇ ਵੱਧ ਤੋਂ ਵੱਧ 1000 ਆਦਮੀਆਂ ਨੂੰ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ, ਅਤੇ 101 ਅਖੰਡ ਪਾਠ 14 ਦਿਨਾਂ ਵਿਚ ਖਤਮ ਕੀਤੇ ਜਾਣੇ ਚਾਹੀਦੇ ਹਨ । ਪਰ ਉਸ ਦੀਆਂ ਇਹ ਸ਼ਰਤਾਂ ਨਹੀਂ ਸਨ ਮੰਨੀਆਂ ਗਈਆਂ । ਬਾਕੀ ਦੀਆਂ ਸ਼ਰਤਾਂ ਮੰਨ ਲਈਆਂ ਗਈਆਂ ਸਨ । ਇਹਨਾਂ ਸ਼ਰਤਾਂ ਨੇ ਹੀ ਪਿਛੋਂ 'ਨਿਯਮਾਂ' ਦਾ ਰੂਪ ਧਾਰਨ ਕੀਤਾ ਸੀ ।

ਹੇਲੀ ਦੇ ਬਿਆਨ ਮੁਤਾਬਕ ਜੈਤੋ ਦੇ ਅਖੰਡ ਪਾਠ ਤੇ ਰਿਹਾਈਆਂ ਦੋਵੇਂ ਜੁੜੇ ਹੋਏ ਸਨ । ਇਸ ਵੇਲੇ ਨਾਭੇ ਵਿਚ 3700 ਕੈਦੀ ਸਨ ਜਿਨ੍ਹਾਂ ਵਿਚੋਂ 900 ਤੋਂ ਕੁਛ ਵੱਧ ਪਹਿਲੇ ਤੇ ਦੂਜੇ ਸ਼ਹੀਦੀ ਜਥੇ ਨਾਲ ਸੰਬੰਧ ਰਖਦੇ ਸਨ । ਰਾਜ-ਪਰਬੰਧਕ ਦਾ ਖਿਆਲ ਸੀ ਕਿ ਰਿਹਾਈ ਹਾਸਲ ਕਰਨ ਉਤੇ ਅਕਾਲੀ ਜਥਿਆਂ ਦੀ ਸ਼ਕਲ ਵਿਚ ਹੀ ਰਿਹਾ ਹੋਣ ਉਤੇ ਜ਼ੋਰ ਦੇਣਗੇ ਅਤੇ ਤੁਰਤ ਜੈਤੋ ਨੂੰ ਜਾਣ ਦੀ ਖਾਹਸ਼ ਪਰਗਟ ਕਰਨਗੇ । ਪਰ ਗੌਰਮਿੰਟ ਦੀ ਮਨਸ਼ਾ ਉਹਨਾਂ ਨੂੰ ਸਿੱਧਾ ਘਰ ਭੇਜਣ ਦੀ ਸੀ, ਜੈਤੋ ਭੇਜਣ ਦੀ ਨਹੀਂ ਸੀ ।

ਇਸ ਲਈ ਵਿਉਂਤ ਇਹ ਬਣਾਈ ਗਈ ਕਿ ਜਿਹੜੇ ਅਕਾਲੀ ਕੈਦੀ ਤਾਂ ਥਾਂ ਟਿਕਾਣਾ ਦੱਸ ਦੇਣ ਉਹਨਾਂ ਨੂੰ ਪਿੰਡ ਦੇ ਨੇੜੇ ਦਾ ਸਿੱਧਾ ਟਿਕਟ ਦੇ ਦਿੱਤਾ ਜਾਵੇ, ਪਰ ਜਿਹੜੇ ਥਾਂ ਟਿਕਾਣਾ ਨਾ ਦੱਸਣ ਉਹ ਅੰਬਾਲਾ, ਜਲੰਧਰ ਤੇ ਲਾਹੌਰ ਛਾਉਣੀ ਵਿਚੋਂ ਕੋਈ ਥਾਂ ਚੁਣ ਲੈਣ ਉਹਨਾਂ ਨੂੰ ਉਥੋਂ ਦਾ ਟਿਕਟ ਦੇ ਦਿੱਤਾ ਜਾਏਗਾ । ਪਰ ਪਹਿਲਾ ਤੇ ਦੂਜਾ ਜਥਾ ਵੀ ਜੇ ਪਤੇ ਦਸਣੋਂ ਇਨਕਾਰ ਕਰਨ ਤਾਂ ਉਹਨਾਂ ਨੂੰ ਫੀਰੋਜ਼ਪੁਰ ਘਲ ਦਿੱਤਾ ਜਾਵੇ ।

ਗੌਰਮਿੰਟ ਨੂੰ ਬੜਾ ਖਤਰਾ ਸੀ ਕਿ ਰਿਹਾ ਹੋਣ ਪਿਛੋਂ ਇਹ ਕਿਤੇ ਗੜਬੜ ਹੀ ਨਾ ਕਰ ਦੇਂਦੇ ਹੋਣ, ਇਸ ਲਈ ਰਿਆਸਤ ਅੰਦਰ ਪੁਲਸ ਤੇ ਫੌਜ ਦਾ ਬੜਾ ਜ਼ਬਰਦਸਤ ਬੰਦੋਬਸਤ ਕੀਤਾ ਗਿਆ । ਫਿਲੌਰ ਤੋਂ ਡੇਢ ਸੌ ਪੁਲਸੀਏ ਇਕ ਅੰਗਰੇਜ਼ ਸੁਪਰੰਡੰਟ ਦੀ ਕਮਾਨ ਥੱਲੇ ਲਿਆਂਦੇ ਗਏ ਸਨ, 100 ਓਥੇ ਰੀਜ਼ਰਵ ਵਿਚ ਰਖੇ ਗਏ ਸਨ ਅਤੇ 300 ਫੌਜੀ ਰਿਆਸਤ ਦੀ ਫੌਜ ਦੇ ਕੇਂਦਰਿਤ ਕਰ ਦਿੱਤੇ ਗਏ ਸਨ । ਹੁਕਮ ਜਾਰੀ ਹੋ ਗਿਆ ਕਿ ਜੇ ਯਾਤਰੀਆਂ ਦਾ ਕੋਈ ਜਥਾ 'ਨਿਯਮਾਂ' ਦੀ ਹੁਕਮ-ਅਦੂਲੀ ਕਰੇਗਾ ਤਾਂ ਉਸ ਨੂੰ ਫੜ ਲਿਆ ਜਾਏਗਾ ਅਤੇ ਰਿਆਸਤ ਵਿਚੋਂ ਬਾਹਰ ਕਢ ਦਿੱਤਾ ਜਾਏਗਾ । ਅਤੇ ਉਪਰੋਕਤ ਚਹੁੰ ਜ਼ਿਲ੍ਹਿਆਂ ਵਿਚ ਪੁਲਸ ਤੇ ਫੌਜ ਨੂੰ ਹੁਸ਼ਿਆਰ ਰਹਿਣ ਲਈ ਹੁਕਮ ਘੱਲ ਦਿੱਤੇ ਗਏ । ਗੌਰਮਿੰਟ ਦੀ ਫੌਜ ਤੇ ਪੁਲਸ ਦੀ ਮਸ਼ੀਨਰੀ ਬੜੀ ਤੇਜ਼ੀ ਨਾਲ ਹਰਕਤ ਵਿਚ ਆ ਗਈ ।[1]

19 ਜੁਲਾਈ ਨੂੰ ਕੌਂਸਲ ਦੇ ਚਾਰ ਮਿੰਬਰ—ਜੋਧ ਸਿੰਘ, ਤਾਰਾ ਸਿੰਘ, ਨਾਰਾਇਣ ਸਿੰਘ ਅਤੇ ਗੁਰਬਖਸ਼ ਸਿੰਘ—ਅਖੰਡ ਪਾਠ ਖੋਲ੍ਹਣ ਬਾਰੇ ਗਲਬਾਤ ਕਰਨ ਲਈ ਜੈਤੋ ਵਿਚ ਰਾਜ-ਪਰਬੰਧਕ ਵਿਲਸਨ ਕੋਲ ਗਏ । ਸਮੁਚੇ ਪਰਬੰਧ ਬਾਰੇ ਗੱਲਬਾਤ ਇਕ ਵਜੇ ਤੋਂ ਲੈ ਕੇ 7 ਵਜੇ ਤਕ ਛੇ ਘੰਟੇ ਹੁੰਦੀ ਰਹੀ । ਵਿਲਸਨ ਦੇ ਸ਼ਬਦਾਂ ਵਿਚ "ਨਤੀਜੇ ਤਸੱਲੀਬਖਸ਼ ਸਨ । ਇਹਨਾਂ ਮਿੰਬਰਾਂ

[1] ਪੈਟਰਸਨ ਦੀ 7.7.25 ਦੀ ਮੁਡੀਮੈਨ ਨੂੰ ਚਿੱਠੀ ਦੇ ਆਧਾਰ ਤੇ ।

Digitized by Panjab Digital Library | www.panjabdigilib.org

ਨੇ ਮੈਨੂੰ ਯਕੀਨ ਦੁਆਇਆ ਕਿ ਸ਼੍ਰੋਮਣੀ ਕਮੇਟੀ ਤੇ ਕਿਲ੍ਹੇ ਦੇ ਆਦਮੀਆਂ ਨੇ ਸਾਨੂੰ ਅਧਿਕਾਰ ਦਿੱਤਾ ਹੈ ਕਿ ਅਸੀਂ ਉਹ ਨਿਯਮ ਪਰਵਾਨ ਕਰ ਲਈਏ ਜਿਹੜੇ ਤੁਸਾਂ ਲਾਗੂ ਕੀਤੇ ਹਨ।" ਉਹਨਾਂ ਨੇ ਅਖੰਡ ਪਾਠ ਛੇਤੀ ਤੋਂ ਛੇਤੀ ਮੁਕਾ ਦੇਣ ਦੀ ਖਾਹਸ਼ ਜ਼ਾਹਰ ਕੀਤੀ ਅਤੇ ਇਸ ਕੰਮ ਲਈ ਤਿੰਨਾਂ ਹਫਤਿਆਂ ਦੀ ਮਿਆਦ ਦੱਸੀ। ਜਥਿਆਂ ਦੀ ਰਿਹਾਇਸ਼ ਲਈ ਟਿੱਬੀ ਸਾਹਿਬ ਵਾਲੀ ਥਾਂ ਮੁਕੱਰਰ ਕੀਤੀ ਗਈ। ਇਹ ਗੰਗਸਰ ਤੋਂ ਦੋ ਫਰਲਾਂਗ ਦੀ ਵਿੱਥ ਉੱਤੇ ਹੈ।

ਜੋਧ ਸਿੰਘ ਤੋਂ ਛੁੱਟ ਬਾਕੀ ਦੇ ਮਿੰਬਰ ਵਾਪਸ ਚਲੇ ਗਏ। 21 ਜੁਲਾਈ ਨੂੰ ਲੌਢੇ ਵੇਲੇ ਅਖੰਡ ਪਾਠ ਸ਼ੁਰੂ ਹੋ ਗਏ। ਇਸ ਮੌਕੇ ਤੇ ਜਥੇਦਾਰ ਅਕਾਲ ਤਖਤ, ਜਥੇਦਾਰ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਵਲੋਂ ਇਕ ਸਾਂਝਾ ਇਸ਼ਤਿਹਾਰ ਕਢਿਆ ਗਿਆ ਜਿਸ ਦਾ ਸਿਰ ਲੇਖ ਸੀ : ਗੁਰੂ ਪੰਥ ਦੀ ਸ਼ਾਨਦਾਰ ਫਤਹ। ਇਸ ਮੌਕੇ ਤੇ ਜਥਾ ਨੰਬਰ 16-1 ਅਤੇ ਕੈਨੇਡੀਅਨ ਸ਼ਹੀਦੀ ਜਥਾ ਜੈਤੋ ਸਟੇਸ਼ਨ ਤੇ ਪੁਜੇ ਅਤੇ ਨਾਲ ਹੀ ਉਪਰੋਕਤ ਸੰਸਥਾਵਾਂ ਦੇ ਜ਼ਿਮੇਵਾਰ ਸਜਣ ਪੁਜੇ। ਉਹਨਾਂ ਦਾ ਕੌਂਸਲ ਮਿੰਬਰਾਂ ਤੇ ਹੋਰ ਲੋਕਾਂ ਨੇ ਬੜੇ ਚਾਅ ਨਾਲ ਸੁਆਗਤ ਕੀਤਾ ਅਤੇ ਇਹ ਸਭ ਇਕ ਜਲੂਸ ਦੀ ਸ਼ਕਲ ਵਿਚ, ਵਾਜੇ ਗਾਜੇ ਨਾਲ, ਗੁਰਦੁਆਰਾ ਗੰਗਸਰ ਵਿਚ ਪਹੁੰਚਾਏ ਗਏ। ਲਾਹੌਰ ਅਤੇ ਗੁਜਰਾਂਵਾਲੇ ਦੇ ਜ਼ਿਲਿਆਂ ਦੇ ਜਥਿਆਂ ਨੂੰ ਜਿਹੜੇ ਆਪਣੇ ਆਪਣੇ ਪ੍ਰੋਗ੍ਰਾਮ ਅਨੁਸਾਰ ਦੌਰਾ ਕਰ ਰਹੇ ਸਨ, ਰੇਲ ਰਾਹੀਂ ਜੈਤੋ ਪਹੁੰਚਣ ਦੀਆਂ ਤਾਰਾਂ ਦੇ ਦਿੱਤੀਆਂ ਗਈਆਂ। ਵਿਲਸਨ ਨੇ ਜੋਧ ਸਿੰਘ ਨੂੰ ਆਗਿਆ ਦੇ ਦਿੱਤੀ ਕਿ ਉਹ ਜੈਤੋ ਮੰਡੀ ਦੇ ਦੋ ਦੁਕਾਨਦਾਰਾਂ ਨਾਲ ਕੈਂਪ ਟਿੱਬੀ ਸਾਹਿਬ ਵਿਚ ਦੋ ਦੁਕਾਨਾਂ ਖੋਲ੍ਹਣ ਦਾ ਬੰਦੋਬਸਤ ਕਰ ਲਵੇ ਤਾਂ ਜੋ ਅਕਾਲੀ ਚੀਜ਼ਾਂ ਵਸਤਾਂ ਲਈ ਮੰਡੀ ਵਿਚ ਨਾ ਜਾ ਸੱਕਣ। ਵਧੇਰੇ ਰਾਸ਼ਨ ਮੁਕਤਸਰ ਤੇ ਫਿਰੋਜ਼ਪੁਰ ਤੋਂ ਲਿਆਂਦਾ ਜਾਣਾ ਸੀ।

ਮਿੰਬਰਾਂ ਨਾਲ ਹੋਈ ਗੱਲਬਾਤ ਬਾਰੇ ਵਿਲਸਨ ਇਸ ਸਿੱਟੇ ਤੇ ਪਹੁੰਚਾ ਸੀ ਕਿ "ਮੁਸ਼ਕਲ, ਸਮੁੱਚੇ ਤੌਰ ਤੇ, ਕਿਸੇ ਤਰ੍ਹਾਂ ਵੀ ਖਤਮ ਨਹੀਂ ਹੋਈ। ਮੈਂ ਲੱਭ ਨਹੀਂ ਸਕਿਆ ਕਿ ਉਹਨਾਂ ਦੇ ਅਸਲ ਇਰਾਦੇ ਕੀ ਸਨ।" ਉਹਨੂੰ ਜਾਪਿਆ ਕਿ ਮਿੰਬਰਾਂ ਨੇ ਦੋ ਗੱਲਾਂ ਉਤੇ ਬੜੀ ਅਸੰਤੁਸ਼ਟਤਾ ਪਰਗਟ ਕੀਤੀ। ਇਕ, ਕੈਦੀਆਂ ਦੀਆਂ ਰਿਹਾਈਆਂ ਦੀਆਂ ਸ਼ਰਤਾਂ ਬਾਰੇ; ਦੋ, ਪੰਜਾਬ ਦੇ ਕੁਛ ਗੁਰਦੁਆਰਿਆਂ ਉਤੇ ਕਬਜ਼ਾ ਨਾ ਕਰ ਸਕਣ ਦੀ ਅਸਫਲਤਾ ਬਾਰੇ। "ਮੈਂ ਖਿਆਲ ਕਰਦਾ ਹਾਂ ਕਿ ਇਹ ਬਿਲਕੁਲ ਸੰਭਵ ਹੈ ਕਿ ਜੈਤੋ ਦੇ ਮੋਰਚੇ ਦੇ ਖਾਤਮੇ ਪਿਛੋਂ ਗੌਰਮਿੰਟ ਨੂੰ ਪਰੇਸ਼ਾਨ ਕਰਨ ਲਈ ਪੰਜਾਬ ਵਿਚ ਇਕ ਮੋਰਚਾ ਜਾਂ ਬਾਹਲੇ ਮੋਰਚੇ ਲਾਣ ਦੇ ਯਤਨ ਕੀਤੇ ਜਾਣਗੇ। ਇਹ ਸੀ ਆਮ ਪਰਭਾਵ ਜਿਹੜਾ ਉਹਨਾਂ ਦੀ ਗੱਲਬਾਤ ਪਿਛੋਂ ਮੇਰੇ ਤੇ ਸ: ਗੁਰਦਿਆਲ ਸਿੰਘ ਉਤੇ ਪਿਆ।"[1] ਉਸ ਵੇਲੇ ਇਹਨਾਂ ਮਿੰਬਰਾਂ ਵਲੋਂ ਆਸ ਕੀਤੀ ਜਾਂਦੀ ਸੀ ਕਿ ਸਾਰੇ ਕੈਦੀ ਬਿਲਾ ਸ਼ਰਤ ਰਿਹਾ ਕਰ ਦਿੱਤੇ ਜਾਣਗੇ। ਇਸ ਵੇਲੇ ਇਹ ਅਫਵਾਹ ਵੀ ਬੜੇ ਜ਼ੋਰਾਂ ਨਾਲ ਗਰਮ ਸੀ ਕਿ

---

[1] From W. Johnston, 20th July 1925 to Lt. Col. St. John A.G.G.

ਏਸੇ ਚਿੱਠੀ ਵਿਚ ਵਿਲਸਨ ਨੇ ਲਿਖਿਆ ਹੈ ਕਿ ਗੱਲਬਾਤ ਦੇ ਅੰਤ ਤੇ ਕੌਂਸਲ ਮਿੰਬਰਾਂ ਵਿਚੋਂ ਇਕ ਨੇ ਦਿਲੀ ਸੱਦਾ ਦਿਤਾ ਕਿ ਮੈਂ ਜ਼ਾਤੀ ਤੌਰ ਤੇ ਸਿੱਖ ਬਣ ਜਾਵਾਂ। ਇਹ ਸੱਦਾ ਦੇਣ ਵਾਲੇ ਮੂਰਖ ਮਿੰਬਰ ਦਾ ਉਸ ਨੇ ਨਾਮ ਨਹੀਂ ਦਰਜ ਕੀਤਾ—ਲੇਖਕ

Digitized by Panjab Digital Library | www.panjabdigilib.org

ਅਕਾਲੀ ਦਲ ਨੇ ਖੁਫੀਆ ਮੀਟਿੰਗ ਵਿਚ ਫੈਸਲਾ ਕੀਤਾ ਹੈ ਕਿ ਸੰਗਤ ਨੂੰ ਪਰੇਰਿਆ ਜਾਏ ਕਿ ਉਹ ਨਿਯਮਾਂ ਨੂੰ ਤੋੜ ਦੇਣ ।

ਇਹ ਸੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਤਾਕਤ ਦਾ ਭੈ ਜਿਹੜਾ ਅੰਗਰੇਜ਼ ਹਾਕਮਾਂ ਨੂੰ ਸੁਖ ਦਾ ਸਾਹ ਨਹੀਂ ਸੀ ਲੈਣ ਦੇਂਦਾ । ਸਮਝੌਤਾ ਕਰਕੇ ਵੀ ਉਹਨਾਂ ਨੂੰ ਡਰ ਲੱਗ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਹੋਰਥੇ, ਕਿਤੇ ਨਾ ਕਿਤੇ, ਮੋਰਚਾ ਲਾ ਦੇਣਾ ਏ । ਪਰ ਏਧਰ ਸਰਦਾਰ ਮਹਿਤਾਬ ਸਿੰਘ ਦੀ ਲੀਡਰਸ਼ਿਪ ਢੇਰੀ ਢਾਹੀ ਬੈਠੀ ਸੀ, ਉਹ ਛੇਤੀ ਤੋਂ ਛੇਤੀ ਇਸ ਵਿਚੋਂ ਖਲਾਸੀ ਹਾਸਲ ਕਰਨ ਲਈ ਬੜੀ ਉਤਾਵਲੀ ਹੋਈ ਬੈਠੀ ਸੀ ।

ਅਖੰਡ ਪਾਠ ਖੁਲ੍ਹਣ ਦੀਆਂ ਖਬਰਾਂ ਜਿਉਂ ਜਿਉਂ ਫੈਲ ਰਹੀਆਂ ਸਨ, ਤਿਉਂ ਤਿਉਂ ਲੋਕ ਧੜਾ ਧੜ ਗੰਗਸਰ ਪਹੁੰਚ ਰਹੇ ਸਨ । ਸਿੱਖ ਅਖਬਾਰਾਂ ਵਿਚ, ਮੋਟੇ ਮੋਟੇ ਅਖਰੀਂ, ਜੈਤੋ ਪਹੁੰਚਣ ਲਈ ਏਲਾਨ ਕੀਤੇ ਜਾ ਰਹੇ ਸਨ । 21 ਜੁਲਾਈ ਤੋਂ ਪਿੱਛੋਂ ਸਿੱਖਾਂ ਦੇ ਜਥੇ, ਇਕੱਲੇ-ਦੁਕੱਲੇ ਤੇ ਪੰਜੇ, ਦਸਤੇ ਪਹੁੰਚਣੇ ਸ਼ੁਰੂ ਹੋ ਗਏ । ਅਮਰਿਤਸਰੋਂ ਇਕ 330 ਦਾ ਜਥਾ ਪਹੁੰਚ ਗਿਆ, ਦਿੱਲੀ ਤੋਂ ਦੂਸਰਾ ਜਥਾ 130 ਸਿੱਖਾਂ ਦਾ ਪਹੁੰਚ ਗਿਆ । 500 ਦਾ ਇਕ ਹੋਰ ਸ਼ਹੀਦੀ ਜਥਾ ਆ ਗਿਆ । ਇਹ ਸਭ ਅੱਗੜ ਪਿੱਛੜ ਇਕੋ ਦਿਨ ਪਹੁੰਚ ਗਏ । ਜੈਤੋ ਦਾ ਗੁਰਦੁਆਰਾ ਬੜਾ ਪਰਸਿਧ ਹੋ ਚੁੱਕਾ ਸੀ । ਇਸ ਲਈ ਹਰ ਪਾਸਿਓਂ ਸਿੱਖ ਮਿਕਨਾਤੀਸ ਦੀ ਖਿੱਚ ਵਾਂਗ ਖਿੱਚੀਦੇ ਚਲੇ ਆ ਰਹੇ ਸਨ ।

ਰਿਹਾਇਸ਼ ਦੀ ਮੁਕੱਰਰ ਕੀਤੀ ਥਾਂ ਤੰਗ ਸੀ, ਸੰਗਤਾਂ ਦੇ ਹੜ੍ਹ ਆਉਣ ਨਾਲ ਵਰਖਾ ਦਾ ਵੀ ਨਾਲ ਹੀ ਹੜ੍ਹ ਆ ਗਿਆ, ਕੀਤੇ ਗਏ ਪਰਬੰਧ ਨਾਲ ਗੁਜ਼ਾਰਾ ਹੋਣਾ ਮੁਸ਼ਕਲ ਸੀ । ਬਾਰਸ਼ ਏਨੀ ਹੋਈ ਕਿ ਗੰਗਸਰ ਦਾ ਤਲਾਅ ਫੈਲ ਕੇ ਝੀਲ ਬਣ ਗਿਆ । ਸੰਗਤਾਂ ਨੂੰ ਬੜਾ ਤੰਗ ਤੇ ਔਖਾ ਹੋਣਾ ਪਿਆ । ਹੈਜ਼ੇ ਦੇ ਫੁੱਟਣ ਦਾ ਖਤਰਾ ਪੈਦਾ ਹੋ ਗਿਆ । ਪਰ ਸਿੱਖ ਸਖਤ ਤੋਂ ਸਖਤ ਮੁਹਿੰਮਾਂ ਵਿਚੋਂ ਦੀ ਲੰਘੇ ਹੋਏ ਸਨ ਅਤੇ ਜਾਣਦੇ ਸਨ ਕਿ ਜੋ ਕੁਛ ਨਾਭੇ ਦੇ ਕੈਂਪਾਂ ਤੇ ਮੁਲਤਾਨ ਤੇ ਕੈਂਬਲਪੁਰ ਦੀਆਂ ਜੇਲ੍ਹਾਂ ਵਿਚ ਅਕਾਲੀਆਂ ਨਾਲ ਬੀਤ ਰਹੀ ਸੀ, ਇਹ ਤਕਲੀਫ ਉਸ ਦਾ ਸੌਵਾਂ ਹਿੱਸਾ ਵੀ ਨਹੀਂ ਸੀ ।

## 1. ਵਿਲਸਨ ਤੇ ਜੋਧ ਸਿੰਘ ਦੀ ਗੱਲਬਾਤ

ਵਿਲਸਨ ਨੇ ਜੋਧ ਸਿੰਘ ਨੂੰ ਸੱਦ ਕੇ 'ਆਪਣੇ ਰਾਜ਼ ਵਿਚ ਲੈ ਲਿਆ' । ਅਤੇ ਅਕਾਲੀ ਦਲ ਵਲੋਂ 'ਨਿਯਮਾਂ' ਦੇ ਤੋੜਨ ਦੀ ਗੱਲ ਉਤੇ ਵਿਚਾਰ ਸ਼ੁਰੂ ਹੋ ਗਈ । ਭਾਈ ਹੋਰਾਂ ਨੇ ਉਸ ਨੂੰ ਦਸਿਆ ਕਿ ਏਹੋ ਜੇਹੀ ਗੱਲ ਦੇ ਵਾਪਰਨ ਦਾ ਉਸ ਨੂੰ ਵੀ ਖਤਰਾ ਭਾਸ ਰਿਹਾ ਸੀ । ਪਰ ਉਹ ਤੇ ਉਸ ਦੇ ਸਾਥੀ ਮਿੰਬਰ ਅਫਸਰਾਂ ਨਾਲ ਪੂਰੇ ਦਿਲ ਨਾਲ ਮਿਲ-ਵਰਤਨ ਕਰਨਗੇ ਤਾਂ ਜੁ ਕੋਈ ਦੁਰਘਟਨਾ ਨਾ ਹੋ ਸਕੇ ।

ਉਸ ਵੇਲੇ ਦੀ ਹਾਲਤ ਸੰਬੰਧੀ ਦੋਹਾਂ ਵਿਚਕਾਰ ਬੜੀ "ਦਿਲਚਸਪ ਗਲਬਾਤ" ਹੋਈ । "ਉਸ ਨੇ ਮੈਨੂੰ ਦਸਿਆ", ਵਿਲਸਨ ਲਿਖਦਾ ਹੈ, "ਇਸ ਵੇਲੇ ਮਾਲਵਾ ਤੇ ਦੁਆਬਾ ਦੇ ਹਿੱਸੇ ਆਪਣੀ ਸੁਰ ਵਿਚ ਨਰਮ-ਖਿਆਲ ਹਨ ਅਤੇ ਗੁਰਦੁਆਰਾ ਬਿਲ ਦੇ ਅਮਲ ਵਿਚ ਲਿਆਣ ਵਾਸਤੇ ਪੰਜਾਬ ਦੇ ਕੌਂਸਲ ਮਿੰਬਰਾਂ ਦੀ ਹਮਾਇਤ ਲਈ ਪੂਰੀ ਤਰ੍ਹਾਂ ਤਿਆਰ ਹਨ । ਮਾਝਾ, ਇਸ ਦੇ ਉਲਟ, ਖਸਲਤ ਵਿਚ ਅੱਤਵਾਦੀ ਹੈ ਅਤੇ ਗੌਰਮਿੰਟ ਨਾਲ ਕੋਈ ਵੀ ਸਮਝੌਤਾ

Digitized by Panjab Digital Library | www.panjabdigilib.org

ਕਰਨ ਦੇ ਖਿਲਾਫ ਹੈ । ਕਿਲ੍ਹੇ ਦੇ 36 ਲੀਡਰਾਂ ਵਿਚੋਂ 30 ਕੌਂਸਲ ਮਿੰਬਰਾਂ ਦੀ ਪਿੱਠ ਤੇ ਹਨ ਤੇ ਬਿਲ ਦੀ ਹਮਾਇਤ ਕਰਦੇ ਹਨ, ਬਾਕੀ ਦੇ ਅੱਤਵਾਦੀ ਹਨ । ਜੋਧ ਸਿੰਘ ਨੇ ਪਰਵਾਨ ਕੀਤਾ ਕਿ ਅਗਲੇ ਕੁਛ ਮਹੀਨੇ ਬੜੀ ਚਿੰਤਾ ਵਾਲੇ ਹਨ । ਉਸ ਨੇ ਮੰਨਿਆ ਕਿ ਜੇ ਨਰਮ-ਖਿਆਲੀਏ ਜ਼ੁਮੇਵਾਰੀ ਨਹੀਂ ਸੰਭਾਲਦੇ, ਜਿਹੜੀ ਉਹਨਾਂ ਨੂੰ ਸੰਭਾਲਣੀ ਚਾਹੀਦੀ ਹੈ ਤਾਂ ਅੱਤਵਾਦੀ ਉਹਨਾਂ ਨੂੰ ਮੈਦਾਨ ਵਿਚੋਂ ਭਜਾ ਦੇਣਗੇ । ਉਸ ਹਾਲਤ ਵਿਚ ਹੋਰ ਮੁਸੀਬਤ ਦੀ ਆਸ ਕਰਨੀ ਚਾਹੀਦੀ ਹੈ ।"[1]

ਜੋਧ ਸਿੰਘ ਦੇ ਖਿਆਲ ਵਿਚ ਜਥੇਬੰਦੀ ਦੀ ਅਗੋਂ ਕੋਈ ਮਹੱਤਤਾ ਨਹੀਂ ਰਹਿਣ ਲੱਗੀ । ਪਰ ਉਸ ਨੇ ਦੋ ਗੱਲਾਂ ਹੋਰ ਵਿਲਸਨ ਨੂੰ ਦੱਸੀਆਂ । ਇਕ ਇਹ ਕਿ ਜੇ ਹਾਈਕੋਰਟ ਨੇ ਕੋਈ ਉਹ ਫੈਸਲਾ ਬਦਲ ਦਿੱਤਾ ਜਿਹੜਾ ਕਿ ਗੁਰਦੁਆਰਾ ਬਿਲ ਅਨੁਸਾਰ ਕਾਇਮ ਹੋਏ ਗੁਰਦੁਆਰਾ ਬੋਰਡ ਦੇ ਸੰਬੰਧ ਵਿਚ ਹੋਇਆ ਹੋਵੇ ਤਾਂ ਉਹਨੂੰ ਖਤਰਾ ਭਾਸਦਾ ਸੀ ਕਿ ਅੱਤਵਾਦੀਆਂ ਦਾ ਹੱਥ ਉੱਤੇ ਹੋ ਜਾਏਗਾ ਅਤੇ ਉਹ ਗੌਰਮਿੰਟ ਨੂੰ ਮਜਬੂਰ ਕਰਨ ਲਈ ਜਥੇਬੰਦੀ ਤੇ ਮੋਰਚਾ ਸ਼ੁਰੂ ਕਰ ਦੇਣਗੇ । ਦੂਜੀ ਇਹ ਕਿ ਸਿੱਖ ਔਰਤਾਂ ਨੂੰ ਗੁਰਦੁਆਰਾ ਬਿਲ ਵਿਚ ਦਿੱਤਾ ਗਿਆ ਵੋਟ ਦਾ ਹੱਕ ਨਰਮ-ਖਿਆਲੀਆਂ ਲਈ ਗੰਭੀਰ ਖਤਰਾ ਹੈ ਕਿ ਕਿਉਂਕਿ ਬਹੁਤ ਜ਼ਿਆਦਾ ਸਿੱਖ ਔਰਤਾਂ ਦਾ ਝੁਕਾਅ ਅੱਤਵਾਦੀ ਪਾਰਟੀ ਵੱਲ ਹੈ । ਉਸ ਨੂੰ ਡਰ ਸੀ ਕਿ ਆਪਣੇ ਮਰਦਾਂ ਉਤੇ ਅਸਰ ਪਾ ਕੇ ਉਹ ਅੱਤਵਾਦੀਆਂ ਦਾ ਪਲੜਾ ਭਾਰਾ ਕਰ ਦੇਣਗੀਆਂ । ਸਮੁਚੇ ਤੌਰ ਤੇ ਜੋਧ ਸਿੰਘ ਅਤੇ ਉਸ ਦੇ ਨਰਮ ਖਿਆਲ ਸਾਥੀ ਭਵਿਖ ਬਾਰੇ ਬੇਫਿਕਰ ਨਹੀਂ ਸਨ ।

22 ਜੁਲਾਈ ਨੂੰ ਮੰਗਲ ਸਿੰਘ ਤੇ ਅਰਜਨ ਸਿੰਘ ਜੈਤੋ ਪਹੁੰਚ ਗਏ ਸਨ । ਵਿਲਸਨ ਨੇ ਉਹਨਾਂ ਨਾਲ ਗੱਲਾਂਬਾਤਾਂ ਕੀਤੀਆਂ । ਉਹਨਾਂ ਨੇ ਦਸਿਆ ਕਿ ਅਖੰਡ ਪਾਠ 15 ਦਿਨਾਂ ਵਿਚ ਪੂਰੇ ਹੋ ਜਾਣਗੇ । ਵਿਲਸਨ ਨੇ ਨਿਯਮਾਂ ਨੂੰ ਕੁਛ ਢਿੱਲਾ ਕਰ ਦਿੱਤਾ ਅਤੇ ਪੰਜਾਂ ਆਦਮੀਆਂ ਦੇ ਨਾਮ ਦੇ ਪਾਸ ਬਣਾ ਦਿੱਤੇ ਤਾਂ ਜੋ ਉਹ ਜੈਤੋ ਮੰਡੀ ਵਿਚ ਖੁਦ ਜਾ ਕੇ ਲੋੜੀਂਦਾ ਸੌਦਾ ਪੱਤਾ ਖਰੀਦ ਕੇ ਲਿਆ ਸਕਣ । ਵਿਲਸਨ ਨੂੰ ਉਸ ਦੇ ਬੁਲਾਏ ਹੋਏ ਕੁਛ ਪਿਨਸ਼ਨਰ ਫੌਜੀ ਅਫਸਰਾਂ ਨੇ ਖਬਰ ਪਹੁੰਚਾਈ ਸੀ ਕਿ ਯਾਤਰੀਆਂ ਦੀ ਭਾਰੀ ਗਿਣਤੀ ਅਖੰਡ ਪਾਠ ਛੇਤੀ ਮੁਕਾਣ ਦੀ ਖਾਹਸ਼ਮੰਦ ਹੈ ।

## 2. ਵਾਪਸੀ

ਨਾਭੇ ਦੇ ਢੇਰ ਸਾਰੇ ਅਕਾਲੀ ਰਿਆਸਤ ਵਿਚੋਂ ਜਲਾਵਤਨ ਕਰ ਦਿੱਤੇ ਗਏ ਸਨ ਅਤੇ ਢੇਰ ਸਾਰੇ ਫੜੇ ਹੋਏ ਸਨ । ਉਹਨਾਂ ਨੂੰ ਅਖੰਡ ਪਾਠ ਵਿਚ ਹਿੱਸਾ ਲੈਣ ਦੀ ਆਗਿਆ ਮਿਲ ਗਈ । ਕੈਦੀ ਛੱਡ ਦਿੱਤੇ ਗਏ ਅਤੇ ਜਲਾਵਤਨ ਮੁੜ ਘਰੀਂ ਆ ਗਏ—ਇਹਨਾਂ ਬਾਰੇ ਪਹਿਲੋਂ ਲੋਕਾਂ ਵਿਚ ਬੜਾ ਤੌਖਲਾ ਸੀ । ਸਿੱਖ ਰਿਆਸਤਾਂ ਦੇ ਵਸਨੀਕਾਂ ਨੇ ਇਸ ਮੋਰਚੇ ਵਿਚ ਸਰਗਰਮ ਹਿੱਸਾ ਲਿਆ ਅਤੇ ਉਹਨਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ ।

6 ਅਗਸਤ ਨੂੰ ਪਾਠਾਂ ਦਾ ਭੋਗ ਸਮਾਪਤ ਹੋਇਆ । ਉਤੇ ਦੱਸਿਆ ਗਿਆ ਹੈ ਕਿ ਜੈਤੋ ਵਿਚ ਸੰਗਤਾਂ ਦੀ ਗਿਣਤੀ ਦਾ ਥਹੁ-ਟਿਕਾਣਾ ਨਹੀਂ ਸੀ । ਇਸ ਲਈ, ਫੈਸਲੇ ਅਨੁਸਾਰ, ਜਥੇ ਤਰਨਤਾਰਨ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ । 29 ਜੁਲਾਈ ਨੂੰ ਪਹਿਲਾ ਸ਼ਹੀਦੀ

[1] From Administrator, Nabha, dated 21st July 1925 to St. John A.G.G.

Digitized by Panjab Digital Library | www.panjabdigilib.org

ਜਥਾ ਅਤੇ 30 ਜੁਲਾਈ ਨੂੰ ਦੂਜਾ ਤੇ ਚੌਧਵਾਂ ਸ਼ਹੀਦੀ ਜਥੇ ਗੱਡੀ ਰਾਹੀਂ ਤਰਨਤਾਰਨ ਨੂੰ ਤੋਰ ਦਿੱਤੇ ਗਏ। ਕਪੜਿਆਂ ਤੇ ਜੁਤੀਆਂ ਦੀ ਥੁੜ੍ਹੋਂ ਸੀ, ਸ਼੍ਰੋਮਣੀ ਕਮੇਟੀ ਦੀ ਅਪੀਲ ਤੇ ਇਹ ਚੀਜ਼ਾਂ ਧੜਾ ਧੜ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ।

ਸ਼ਹੀਦੀ ਜਥਿਆਂ ਦਾ 'ਹੈਡ ਕੁਆਰਟਰ' ਤਰਨਤਾਰਨ ਬਣਾਇਆ ਗਿਆ ਸੀ। ਓਥੋਂ 9 ਅਗਸਤ ਤੋਂ ਪੈਦਲ ਚਲ ਕੇ ਅਮਰਿਤਸਰ ਪਹੁੰਚਣਾ ਸੀ। ਗੰਗਸਰ ਵਿਚ ਲੋਕ ਵਹੀਰਾਂ ਘੱਤੀ ਤੁਰੇ ਜਾ ਰਹੇ ਸਨ ਅਤੇ ਓਥੋਂ ਬੜੇ ਬੰਧੇਜ ਨਾਲ ਜਥੇ ਤਰਨਤਾਰਨ ਵਲ ਤੋਰੇ ਜਾ ਰਹੇ ਸਨ। ਤਸ਼ੱਦਦ ਦੇ ਦੋਸ਼ੀਆਂ ਤੋਂ ਛੁੱਟ ਬਾਕੀ ਸਭ ਸਿੰਘ ਰਿਹਾ ਕਰ ਦਿਤੇ ਗਏ ਸਨ। ਨਾਭੇ ਦੇ ਕੈਦੀਆਂ ਨੂੰ ਗੰਗਸਰ ਨਾ ਪਹੁੰਚਣ ਦੇਣ ਦਾ ਗੌਰਮਿੰਟ ਦਾ ਫੈਸਲਾ ਅਧੂਰਾ ਸਿਰੇ ਚੜ੍ਹਿਆ ਸੀ ਕਿਉਂਕਿ ਨਾਭੇ ਦੇ ਰਿਹਾ ਹੋਏ ਕਈ ਜਥੇ ਗੰਗਸਰ ਪਹੁੰਚ ਗਏ ਸਨ। ਬਹੁਤ ਸਾਰੇ ਸਿੰਘ ਪਾਟਿਆਂ ਹੋਇਆਂ ਕਪੜਿਆਂ ਤੇ ਬੀਮਾਰੀ ਦੀ ਹਾਲਤ ਵਿਚ ਅਮਰਿਤਸਰ ਪਹੁੰਚ ਚੁਕੇ ਸਨ।

19 ਪਾਲਕੀਆਂ, ਇਕ ਸੌ ਤੋਂ ਵੱਧ ਨਿਸ਼ਾਨ ਸਾਹਿਬ ਅਤੇ ਸੈਂਕੜੇ ਕਿਰਪਾਨਾਂ ਵਗੈਰਾ ਜੋ ਕੁਛ ਸਾਮਾਨ ਵੀ ਖੋਹਿਆ ਗਿਆ ਸੀ ਉਹ ਵਾਪਸ ਮਿਲ ਗਿਆ ਸੀ। 30 ਜੁਲਾਈ ਨੂੰ ਪੰਜਵਾਂ ਤੇ ਸਤਵਾਂ ਜਥੇ ਤਰਨਤਾਰਨ ਨੂੰ ਤੋਰ ਦਿੱਤੇ ਗਏ ਸਨ। ਸ਼੍ਰੋਮਣੀ ਕਮੇਟੀ ਨੇ ਅਖੰਡ ਪਾਠ ਦੀ ਖੁਸ਼ੀ ਵਿਚ ਢਾਈ ਆਨੇ ਜੀ ਪਰਤੀ ਫੰਡ ਦੀ ਅਪੀਲ ਕੀਤੀ ਸੀ। ਜਿਹੜੇ ਵੀ ਜਥੇ ਜੈਤੋ ਤੋਂ ਤਰਨਤਾਰਨ ਪਹੁੰਚਦੇ ਸਨ ਓਥੇ ਠਹਿਰਾ ਲਏ ਜਾਂਦੇ ਸਨ। ਤਰਨਤਾਰਨ ਵਿਚ, ਮੱਸਿਆ ਵਾਂਗ, ਸਿੰਘਾਂ ਦਾ ਇਕੱਠ ਠਾਠਾਂ ਮਾਰਨ ਲਗ ਪਿਆ ਸੀ।

6 ਅਗਸਤ ਨੂੰ 101 ਅਖੰਡ ਪਾਠਾਂ ਦਾ ਭੋਗ ਪਿਆ। ਚਾਰ ਚੁਫੇਰੇ ਵਧਾਈਆਂ ਦੀਆਂ ਤਾਰਾਂ ਖੜਕ ਗਈਆਂ। ਅਨੁਮਾਨ ਲਾਇਆ ਗਿਆ ਸੀ ਕਿ ਪਾਠਾਂ ਉੱਤੇ ਇਕ ਲੱਖ ਰੁਪਏ ਤੋਂ ਵੱਧ ਖਰਚ ਆਇਆ ਹੈ। ਦਸ ਹਜ਼ਾਰ ਸਰੋਪਾ ਸ਼ਹੀਦੀ ਜਥਿਆਂ ਦੇ ਸੂਰਬੀਰਾਂ ਨੂੰ ਦੇਣ ਲਈ ਤਿਆਰ ਕੀਤੇ ਗਏ। ਅਮਰਿਤਸਰ ਸ਼ਹਿਰ ਤੇ ਹੋਰ ਸਹਿਰਾਂ ਵਿਚ ਇਹਨਾਂ ਦੀ ਸੇਵਾ ਲਈ ਕੱਪੜੇ ਤੇ ਚੰਦੇ ਇਕੱਠੇ ਕੀਤੇ ਜਾ ਰਹੇ ਸਨ! ਅਮਰੀਕੀ ਸਿੰਘਾਂ ਨੇ ਹੀ ਤਿੰਨ ਹਜ਼ਾਰ ਡਾਲਰ ਯਾਨੀ ਬਾਰਾਂ ਤੇਰਾਂ ਹਜ਼ਾਰ ਰੁਪਏ ਘੱਲੇ ਸਨ।

9 ਅਗਸਤ ਨੂੰ ਪ੍ਰੋਗ੍ਰਾਮ ਅਨੁਸਾਰ, 'ਰਣਜੀਤ ਫੌਜਾਂ' ਤਰਨਤਾਰਨੋਂ ਪੈਦਲ ਚਲ ਕੇ ਅਮਰਿਤਸਰ ਪਹੁੰਚ ਗਈਆਂ, ਅਗਲੇ ਦਿਨ ਉਹਨਾਂ ਨੂੰ ਸਿਰੋਪਾ ਤੇ ਮਾਣ-ਪੱਤਰ ਦਿੱਤੇ ਗਏ ਅਤੇ ਜੈਤੋ ਦੇ ਅਖੰਡ ਪਾਠ ਦਾ ਮੋਰਚਾ ਸਰ ਹੋ ਗਿਆ।

## 3. ਜੈਤੋ ਦੀਆਂ ਰਿਹਾਈਆਂ ਦਾ ਅਸਰ

ਅਖੰਡ ਪਾਠ ਦਾ ਬਗੈਰ ਸ਼ਰਤਾਂ ਦੇ ਨਿਰ-ਵਿਘਨ ਸਮਾਪਤ ਹੋਣਾ ਸ਼੍ਰੋਮਣੀ ਕਮੇਟੀ ਦੀ ਜਿੱਤ ਦਾ ਏਲਾਨ ਸੀ। ਕੈਦੀਆਂ ਦੀਆਂ ਰਿਹਾਈਆਂ ਦੇ ਨਾਲ ਹੀ ਹੋ ਜਾਣ ਨੇ ਇਸ ਜਿੱਤ ਨੂੰ ਹੋਰ ਚਮਕਾ ਦਿੱਤਾ। ਇਸ ਲਈ ਇਸ ਫੈਸਲੇ ਨੂੰ ਹਾਰ ਦਸਣ ਵਾਲਿਆਂ ਦੀ ਕੋਈ ਵੱਟਤ ਨਾ ਹੋਈ। ਜਲਸਿਆਂ ਤੇ ਜਲੂਸਾਂ ਦੀ ਸ਼ਾਨ ਨੇ ਮੁਖਾਲਫਾਂ ਦੀ ਬੋਲਤੀ, ਬੜੀ ਹਦ ਤਕ, ਬੰਦ ਕਰ ਦਿੱਤੀ। ਅਤੇ ਰਿਹਾ ਹੋਏ ਜੈਤੋ ਦੇ ਕੈਦੀਆਂ ਦੇ ਥਾਂ ਥਾਂ ਏਨੇ ਵਡੇ ਸੁਆਗਤ ਹੋਏ ਕਿ ਜੇ ਕੋਈ ਸਿਥਲਤਾ ਲਹਿਰ ਵਿਚ ਪੈਦਾ ਹੋ ਵੀ ਗਈ ਸੀ ਤਾਂ ਉਹ ਕਾਫੂਰ ਹੋ ਗਈ, ਅਤੇ ਅਕਾਲੀ ਜਥੇ ਮੁੜ ਚੜ੍ਹਦੀਆਂ ਕਲਾਂ ਵਿਚ ਆ ਗਏ।

Digitized by Panjab Digital Library | www.panjabdigilib.org

ਅਤੇ ਇਸ ਅਕਾਲੀ ਜਿੱਤ ਦਾ ਇਹਸਾਸ ਗਵਰਨਰ ਹੇਲੀ ਨੂੰ ਵੀ ਸੀ। ਉਹਦੇ ਨਿਰਣੇ ਅਨੁਸਾਰ 'ਹਿੰਦੁਸਤਾਨੀ ਰਾਜਨੀਤੀ ਦੀ ਇਹ ਗੱਲ ਆਮ ਹੈ ਕਿ ਕੋਈ ਵੀ ਕਦਮ ਜਿਹੜੇ ਰਿਆਇਤ ਦੇਂਦੇ ਹੋਣ—ਭਾਵੇਂ ਇਹ ਰਿਆਇਤਾਂ ਨਰਮ-ਖਿਆਲੀਆਂ ਦੇ ਕਹਿਣ ਤੇ ਜਾਂ ਉਹਨਾਂ ਦੀਆਂ ਮੰਗਾਂ ਦੇ ਅਧਾਰ ਤੇ ਹੀ ਦਿੱਤੀਆਂ ਗਈਆਂ ਹੋਣ—ਮੁਖ ਤੌਰ ਤੇ ਗਰਮ-ਖਿਆਲੀਆਂ ਦੇ ਲਾਭਾਂ ਵਿਚ ਬਦਲ ਜਾਂਦੇ ਹਨ।' ਹੇਲੀ ਦੇ ਖਿਆਲ ਵਿਚ 'ਐਕਟ ਦੇ ਬਣਨ ਅਤੇ ਰਿਹਾਈਆਂ ਹੋ ਜਾਣ ਪਿਛੋਂ ਨਤੀਜਾ ਉਸ ਨਾਲੋਂ ਹੋਰ ਵੀ ਉੱਘੜਵਾਂ ਹੋਣਾ ਚਾਹੀਦਾ ਸੀ ਜਿਹੜਾ ਕਿ ਅਸਲ ਵਿਚ ਨਿਕਲਿਆ। ਕਿਉਂਕਿ ਵਾਪਸ ਮੁੜਦੇ ਜਥਿਆਂ ਵਲੋਂ ਜ਼ਿਲ੍ਹਿਆਂ ਵਿਚ ਬੜਾ ਜੋਸ਼ ਤੇ ਖਰੋਸ਼ ਖਿਲਾਰੇ ਜਾਣ ਦੀ ਆਸ ਸੀ।'

ਹੇਲੀ ਦਾ ਮੁਲ-ਅੰਗਣ ਇਹ ਸੀ ਕਿ ਸਰਦੂਲ ਸਿੰਘ ਦੇ ਰਿਹਾ ਹੋਣ ਨਾਲ ਗਰਮ-ਖਿਆਲੀਆਂ ਦੀ ਪੁਜ਼ੀਸ਼ਨ ਮਜ਼ਬੂਤ ਹੋ ਗਈ। ਪਰ ਪਿਛਲੇ ਦੋ'ਹ ਮਹੀਨਿਆਂ ਵਿਚ ਉਹ ਕੋਈ ਅੱਗੇ ਨਹੀਂ ਸਨ ਵਧੇ। ਅਤੇ ਉਸ ਨੇ ਆਪਣੇ ਮਨ ਵਿਚ ਇਕ ਫੈਸਲਾ ਕਰ ਲਿਆ ਹੋਇਆ ਸੀ ਕਿ "ਜਿੰਨਾ ਚਿਰ ਸਿੱਖ ਇਕ-ਮੁੱਠ ਹਨ ਓਨਾ ਚਿਰ ਇਹ ਗਰਮ-ਖਿਆਲ ਅਕਾਲੀ ਹੀ ਹਨ ਜਿਹੜੇ ਤਹਿਰੀਕ ਦੀ ਰਫਤਾਰ ਦਾ ਫੈਸਲਾ ਕਰਨਗੇ।"[1] ਇਸ ਲਈ ਉਸ ਦੀ ਪਾਲਿਸੀ ਬੜੀ ਸਪਸ਼ਟ ਸੀ ਕਿ ਸਿੱਖਾਂ ਵਿਚ ਫੁਟ ਪਾਓ, ਗਰਮ-ਖਿਆਲੀਆਂ ਨੂੰ ਜਨਤਾ ਨਾਲੋਂ ਨਿਖੇੜੋ ਅਤੇ ਨਰਮ-ਖਿਆਲੀਆਂ ਨੂੰ ਅੱਗੇ ਲਿਆਓ। ਜ਼ੈਲ ਕਮੇਟੀਆਂ, ਸੁਧਾਰ ਕਮੇਟੀਆਂ ਵਗੈਰਾ ਬਨਾਣ ਦੀ ਤਹਿ ਵਿਚ ਵੀ ਏਹੋ ਵਿਚਾਰ ਤੇ ਪਾਲਿਸੀ ਕੰਮ ਕਰ ਰਹੀ ਸੀ।

## 4. ਆਮ ਰਿਹਾਈਆਂ ਦਾ ਸਵਾਲ

ਇਸ ਵੇਲੇ ਮੁੱਖ ਸਵਾਲ ਅਕਾਲੀ ਤਹਿਰੀਕ ਸਾਮ੍ਹਣੇ ਆਮ ਰਿਹਾਈਆਂ ਦਾ ਸੀ। ਕੁਛ ਨਰਮ-ਖਿਆਲ ਆਗੂਆਂ ਦੀ ਰਾਏ ਸੀ ਕਿ ਗੌਰਮਿੰਟ ਪੰਜਾਬ ਦੇ ਕੈਦੀਆਂ ਨੂੰ ਵੀ ਝਬਦੇ ਹੀ ਬਿਲਾ ਸ਼ਰਤ ਛੱਡ ਦੇਵੇਗੀ ਅਤੇ ਪੰਜਾਬ ਕੌਂਸਲ ਦੇ ਕੁਛ ਇਕ ਜੋਧ ਸਿੰਘ ਵਰਗੇ ਮਿੰਬਰ ਵੀ ਇਹ ਧਰਵਾਸ ਲਗਾਤਾਰ ਦੇਂਦੇ ਆ ਰਹੇ ਸਨ। ਪਰ ਹੇਲੀ ਛੇਤੀ ਨਾਲ ਪਸੀਜਣ ਵਾਲਾ ਬੰਦਾ ਨਹੀਂ ਸੀ। ਉਹ ਸਿਰਫ ਉਹਨਾਂ ਨੂੰ ਹੀ ਰਿਹਾ ਕਰਨਾ ਚਾਹੁੰਦਾ ਸੀ ਜਿਹੜੇ ਲਿਖ ਕੇ ਸ਼ਰਤਾਂ ਦੇਣ ਕਿ ਉਹ ਬਾਹਰ ਜਾ ਕੇ ਗੁਰਦੁਆਰਾ ਐਕਟ ਨੂੰ ਅਮਲੀ ਜਾਮਾ ਪੁਆਣ ਵਿਚ ਹਿੱਸਾ ਲੈਣਗੇ। ਮਲੂਮ ਹੁੰਦਾ ਹੈ ਕਿ ਉਸ ਨੇ ਕੁਛ ਅਨੁਮਾਨ ਲਾ ਲਿਆ ਸੀ ਕਿ ਨਰਮ-ਖਿਆਲ ਆਗੂ ਸ਼ਰਤਾਂ ਮੰਨ ਕੇ ਬਾਹਰ ਆ ਜਾਣਗੇ ਪਰ ਗਰਮ-ਖਿਆਲ ਜਿਨ੍ਹਾਂ ਨੂੰ ਉਹ ਅੱਤਵਾਦੀ ਦਾ ਨਾਮ ਦੇਂਦਾ ਸੀ, ਸ਼ਰਤਾਂ ਦੇ ਕੇ ਬਾਹਰ ਨਹੀਂ ਆਉਣਗੇ। ਏਹੋ ਗੱਲ ਉਹ ਚਾਹੁੰਦਾ ਸੀ। ਉਹਨੂੰ ਖਤਰਾ ਭਾਸਦਾ ਸੀ ਕਿ ਜੇ ਗਰਮ-ਖਿਆਲ ਆਗੂ ਬਾਹਰ ਆ ਗਏ ਤਾਂ ਉਹ ਲੋਕਾਂ ਨੂੰ ਗੁਰਦੁਆਰਾ ਬਿਲ ਦੇ ਖਿਲਾਫ ਲਾਮਬੰਦ ਕਰ ਦੇਣਗੇ ਅਤੇ ਮੋਰਚਿਆਂ ਦਾ ਟੰਟਾ ਸ਼ਾਇਦ ਪਹਿਲੇ ਵਾਂਗ ਹੀ ਗਲ ਪਿਆ ਰਹੇਗਾ।

ਪਰ ਉਸ ਦਾ ਇਹ ਜਾਇਜ਼ਾ ਦਰੁਸਤ ਨਹੀਂ ਸੀ, ਕਿਉਂਕਿ ਕਿਲ੍ਹੇ ਦੇ ਆਗੂਆਂ ਨੇ ਵੀ ਪਾਸ ਕਰ ਦਿੱਤਾ ਸੀ ਕਿ ਬਿਲ ਤੇ ਅਮਲ ਕੀਤਾ ਜਾਵੇ। ਸਗੋਂ ਨਰਮ-ਖਿਆਲ ਦੇ ਕਿਲੇ ਦੇ ਆਗੂ ਬਾਹਰ ਦੇ ਆਗੂਆਂ ਤੇ ਜ਼ੋਰ ਦੇ ਰਹੇ ਸਨ ਕਿ ਬਿਲ ਤੇ ਅਮਲ ਕਰਨ ਦਾ ਏਲਾਨ ਛੇਤੀ

[1] Hailey's letter. D/ 11th Oct. 1925 to Muddiman. File 120/VII/1925.

Digitized by Panjab Digital Library | www.panjabdigilib.org

ਤੋਂ ਛੇਤੀ ਕੀਤਾ ਜਾਵੇ।

## 5. ਸ਼੍ਰੋਮਣੀ ਕਮੇਟੀ ਦੀ ਮੀਟਿੰਗ

13 ਜੁਲਾਈ 1925 ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਇਕ ਮਤਾ ਪਾਸ ਕੀਤਾ ਗਿਆ ਕਿ "ਕੈਦੀਆਂ ਦੀ ਰਿਹਾਈ ਸੰਬੰਧੀ ਜੋ ਸ਼ਰਤ ਲਾਈ ਗਈ ਹੈ ਉਹ **ਉੱਕੀ ਹੀ ਗੈਰ-ਜ਼ਰੂਰੀ, ਅਨਿਆਂਈ ਅਤੇ ਜ਼ਲੀਲ ਕਰਨ ਵਾਲੀ** ਹੈ।"[1] ਮਤੇ ਵਿਚ ਸਰਕਾਰ ਦੀ ਇਸ ਕਾਰਵਾਈ ਨੂੰ 'ਅਯੋਗ' ਦੱਸਿਆ ਗਿਆ ਅਤੇ ਇਸ ਰਵੱਈਏ ਉਤੇ 'ਘਿਰਣਾ' ਪਰਗਟ ਕੀਤੀ ਗਈ। ਇਸ ਤੋਂ ਪਹਿਲੇ ਦਿਨ, ਯਾਨੀ 12 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਏਲਾਨ ਨੰਬਰ 6 ਵਿਚ ਲਿਖਿਆ ਸੀ ਕਿ "ਇਹ ਸ਼ਰਤਾਂ ਸਿੱਖ ਕੌਮ ਨੂੰ ਜ਼ਲੀਲ ਕਰਨ ਲਈ ਘੜੀਆਂ ਗਈਆਂ ਹਨ। ਕੋਈ ਵੀ ਗੈਰਤ-ਮੰਦ ਸਿੱਖ ਅਜਿਹੀਆਂ ਭੈੜੀਆਂ ਸ਼ਰਤਾਂ ਨੂੰ ਮੰਨ ਕੇ ਰਿਹਾ ਹੋਣ ਲਈ ਤਿਆਰ ਨਹੀਂ ਹੋਵੇਗਾ।"[2]

ਇਹਨਾਂ ਦਿਨਾਂ ਵਿਚ ਰਿਹਾਈਆਂ ਦੀ ਮੁਹਿੰਮ ਦਾ ਮੁੱਖ ਮੁਹਾਣ ਇਹ ਸੀ ਕਿ ਸਰਕਾਰ ਕੈਦੀਆਂ ਦੀਆਂ ਬਿਲਾ-ਸ਼ਰਤ ਰਿਹਾਈਆਂ ਕਰਕੇ "ਸ਼ਾਂਤ ਵਾਯੂ ਮੰਡਲ" ਪੈਦਾ ਕਰੇ ਤਾਂ ਜੁ ਗੁਰਦੁਆਰਾ ਬਿਲ ਤੇ ਸ਼ਾਂਤੀ-ਪੂਰਬਕ ਕੰਮ ਹੋ ਸਕੇ। ਸ਼੍ਰੋਮਣੀ ਅਕਾਲੀ ਦਲ "ਸਿੱਖਾਂ ਦੀਆਂ ਬਾਕੀ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰੋ" ਉਤੇ ਵੀ ਜ਼ੋਰ ਦੇ ਰਿਹਾ ਸੀ। ਪਰ ਮੁੱਖ ਜ਼ੋਰ ਪਬਲਕ ਵਿਚ ਰਿਹਾਈਆਂ ਰਾਹੀਂ 'ਸ਼ਾਂਤ ਵਾਯੂ ਮੰਡਲ' ਪੈਦਾ ਕਰਨ ਉਤੇ ਸੀ। ਇਹ ਇਕ ਤਰ੍ਹਾਂ ਗੌਰਮਿੰਟ ਨੂੰ ਸਫਾਈ ਦੇਣ ਦੀ ਪੁਜ਼ੀਸ਼ਨ ਵਿਚ ਸੁਟਿਆ ਜਾ ਰਿਹਾ ਸੀ। ਜਿਸ ਦੇ ਅਰਥ ਸਾਫ ਇਹ ਸਨ ਕਿ ਗੌਰਮਿੰਟ ਕੈਦੀਆਂ ਦੀਆਂ ਰਿਹਾਈਆਂ ਨਾ ਕਰਕੇ ਜਾਣ ਬੁਝ ਕੇ ਸ਼ਾਂਤ ਵਾਯੂ ਮੰਡਲ ਪੈਦਾ ਨਹੀਂ ਕਰ ਰਹੀ ਅਤੇ ਇਸ ਤਰ੍ਹਾਂ ਗੁਰਦੁਆਰਾ ਬਿਲ ਦੇ ਅਮਲ ਵਿਚ ਲਿਆਉਣ ਦੇ ਰਾਹ ਵਿਚ ਖੁਦ ਰੋੜੇ ਅਟਕਾ ਰਹੀ ਹੈ।

ਰਿਹਾਈਆਂ ਲਈ ਥਾਂ ਥਾਂ ਜਲਸੇ ਹੋ ਰਹੇ ਸਨ ਅਤੇ ਮਤੇ ਪਾਸ ਕੀਤੇ ਜਾ ਰਹੇ ਸਨ। ਪੰਜਾਬ ਕੌਂਸਲ ਤੇ ਸੰਟਰਲ ਅਸੰਬਲੀ ਦੇ ਮਿੰਬਰ ਗੌਰਮਿੰਟ ਤੇ ਜ਼ੋਰ ਦੇ ਰਹੇ ਸਨ ਕਿ ਸ਼ਰਤਾਂ ਦੀ ਗੱਲ ਗੈਰ ਜ਼ਰੂਰੀ ਹੈ। ਕਾਰਣ ? ਜਦ ਕਿਲ੍ਹੇ ਦੇ ਆਗੂਆਂ ਨੇ ਬਿਲ ਉਤੇ ਅਮਲ ਕਰਨ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ ਹੈ ਤਾਂ ਸ਼ਰਤਾਂ ਲੈਣ ਦੀ ਜ਼ਰੂਰਤ ਹੀ ਕੀ ਰਹਿ ਗਈ। ਲਾਲਾ ਦੁਨੀ ਚੰਦ ਅਤੇ ਮਿ: ਰੰਗਾ ਆਇਰ ਨੇ ਅਸੰਬਲੀ ਵਿਚ ਆਖਿਆ ਕਿ ਗੌਰਮਿੰਟ ਦਾ ਸਿੱਖ ਕੈਦੀਆਂ ਨੂੰ ਰਿਹਾ ਨਾ ਕਰਨਾ ਇਸ ਗੱਲ ਦੀ ਦਲੀਲ ਹੈ ਕਿ ਗੌਰਮਿੰਟ ਖੁਦ ਗੁਰਦੁਆਰਾ ਬਿਲ ਉਤੇ ਅਮਲ ਕਰਨ ਦਾ ਇਰਾਦਾ ਨਹੀਂ ਰੱਖਦੀ।[3] ਮੰਗਲ ਸਿੰਘ ਅਕਾਲੀ ਤੇ ਪ੍ਰਦੇਸੀ ਵਿਚ ਲਿਖ ਰਿਹਾ ਸੀ ਕਿ "ਬਿਲ ਉਤੇ ਅਮਲ ਕਰਨ ਯਾ ਨਾ ਕਰਨ ਬਾਬਤ ਸਾਰੇ ਸਿੱਖਾਂ ਦੀ ਇਕ ਰਾਏ ਨਹੀਂ। ਪਰ ਕੈਦੀਆਂ ਦੀ ਰਿਹਾਈ ਲਈ ਸਾਰਾ ਪੰਥ ਇਕ ਰਾਏ ਹੈ।"[4]

ਚਾਰ ਪੰਜ ਤੇ ਛੇ ਅਕਤੂਬਰ ਨੂੰ ਜਦੋਂ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਤੇ ਆਮ ਇਜਲਾਸ ਦੀਆਂ ਬੈਠਕਾਂ ਹੋਈਆਂ, ਉਦੋਂ ਤਕ ਸ਼ਰਤਦਾਰ ਰਿਹਾਈਆਂ ਦੇ ਖਿਲਾਫ

[1] ਅਕਾਲੀ ਤੇ ਪ੍ਰਦੇਸੀ-16 ਜੁਲਾਈ 1925

[2] ਅਕਾਲੀ ਤੇ ਪ੍ਰਦੇਸੀ-16 ਜੁਲਾਈ 1925

[3] ਅਕਾਲੀ ਤੇ ਪ੍ਰਦੇਸੀ-12 ਸਤੰਬਰ 1925

[4] ਅਕਾਲੀ ਤੇ ਪ੍ਰਦੇਸੀ-12 ਸਤੰਬਰ 1925

Digitized by Panjab Digital Library | www.panjabdigilib.org

ਜ਼ਬਰਦਸਤ ਵਾਅ-ਮੰਡਲ ਪੈਦਾ ਹੋ ਚੁਕਾ ਸੀ ਅਤੇ ਸ਼ਰਤਾਂ ਨੂੰ ਅਕਾਲੀ ਤਹਿਰੀਕ ਲਈ ਇਕ 'ਚੈਲੰਜ' ਸਮਝਿਆ ਜਾਣ ਲਗ ਪਿਆ ਸੀ। ਕਿਲ੍ਹੇ ਦੇ ਅੰਦਰਲੇ ਆਗੂਆਂ ਦਾ ਵਿਚਾਰ ਵੀ ਪਹਿਲੋਂ ਏਹੋ ਸੀ ਕਿ ਰਿਹਾਈਆਂ ਹੋਣ ਭਾਵੇਂ ਨਾ ਹੋਣ, ਗੁਰਦੁਆਰਾ ਬਿਲ ਤੇ ਅਮਲ ਹੋਣਾ ਚਾਹੀਦਾ ਹੈ।

ਜਨਰਲ ਇਕੱਤਰਤਾ ਨੇ ਇਕ ਮਤੇ ਵਿਚ 'ਲੰਮੇ ਮੋਰਚੇ ਦੀ ਕਾਮਯਾਬੀ ਤੇ ਪਰਸੰਨਤਾ-ਭਰੀ ਸਮਾਪਤੀ' ਉਤੇ ਪੰਥ ਨੂੰ ਵਧਾਈਆਂ ਦਿੱਤੀਆਂ ਅਤੇ ਕੁਰਬਾਨੀਆਂ ਕਰਨ ਵਾਲਿਆਂ ਦੀ ਘਾਲ ਦੀ ਸ਼ਲਾਘਾ ਕੀਤੀ। ਮਤੇ ਵਿਚ ਆਖਿਆ ਗਿਆ : ਇਹ ਕੁਰਬਾਨੀਆਂ ਸਰਬ-ਕਾਲ ਰੌਸ਼ਨੀ ਦੇ ਮੁਨਾਰੇ ਦਾ ਕੰਮ ਦੇਣਗੀਆਂ। ਇਕ ਹੋਰ ਮਤੇ ਵਿਚ "ਪੂਰੀ ਪੂਰੀ ਵਿਚਾਰ ਕਰਨ" ਪਿਛੋਂ ਭਾਈ ਫੇਰੂ ਦਾ ਮੋਰਚਾ ਬੰਦ ਕਰ ਦਿੱਤਾ ਗਿਆ।

ਐਗਜ਼ੈਕਟਿਵ ਕਮੇਟੀ ਨੇ ਗੁਰਦੁਆਰਾ ਐਕਟ ਨੂੰ ਇਕ ਮਤੇ ਵਿਚ "ਲਹਿਰ ਦੀਆਂ ਬੁਨਿਆਦੀ ਤੇ ਜ਼ਰੂਰੀ ਮੰਗਾਂ ਪੂਰੀਆਂ" ਕਰਨ ਵਾਲਾ ਦਸਿਆ ਅਤੇ "ਚੂੰਕਿ ਕਿਲ੍ਹਾ ਲਾਹੌਰ ਵਾਲੇ ਲੀਡਰਾਂ ਨੇ ਵੀ ਪੰਥ ਨੂੰ ਗੁਰਦੁਆਰਾ ਐਕਟ ਪਰਵਾਨ ਕਰ ਲੈਣ ਅਤੇ ਉਸ ਤੇ ਦਿਲੋਂ ਮਨੋਂ ਹੋ ਕੇ ਅਮਲ ਕਰਨ ਲਈ ਅਪੀਲ ਕੀਤੀ ਹੈ, ਇਸ ਵਾਸਤੇ ਸ਼੍ਰੋ: ਗੁ: ਪਰ: ਕਮੇਟੀ ਇਸ ਗੁਰਮਤੇ ਰਾਹੀਂ, ਗੁਰਦੁਆਰਾ ਐਕਟ ਦੀ ਪਰਵਾਨਗੀ ਦਾ ਏਲਾਨ ਕਰਦੀ ਹੈ ਅਤੇ ਸਮੂਹ ਸਿੱਖਾਂ ਨੂੰ ਸੱਦਾ ਦੇਂਦੀ ਹੈ ਕਿ ਗੁਰਦੁਆਰਾ ਐਕਟ ਨੂੰ ਵਰਤੋਂ ਵਿਚ ਲਿਆਵਣ ਲਈ ਤਨੋਂ ਮਨੋਂ ਸਹਾਇਤਾ ਕਰਨ।"[1]

ਸ: ਮੰਗਲ ਸਿੰਘ ਨੇ ਇਸ ਮਤੇ ਉਤੇ ਅਮਲ ਨੂੰ ਅੱਗੇ ਪਾਉਣ ਲਈ ਤਰਮੀਮ ਪੇਸ਼ ਕੀਤੀ ਕਿ 'ਗੁਰਦੁਆਰਾ ਐਕਟ ਤੇ ਅਮਲ ਅਰੰਭ ਕਰਨ ਦੇ ਸਵਾਲ ਨੂੰ ਇਕ ਮਹੀਨੇ ਲਈ ਮੁਲਤਵੀ' ਕੀਤਾ ਜਾਏ। ਇਹ ਤਰਮੀਮ ਮਨਜ਼ੂਰ ਹੋ ਗਈ।

ਇਸ ਤਰਮੀਮ ਦਾ ਮਤਲਬ ਬਿਲ ਦਾ ਨਾ ਮਨਜ਼ੂਰ ਕਰਨਾ ਨਹੀਂ ਸੀ। ਬਿਲ ਮਨਜ਼ੂਰ ਕਰ ਲਿਆ ਗਿਆ ਸੀ। ਸਿਰਫ ਇਸ ਤੇ ਅਮਲ ਕਰਨ ਦੀ ਕਾਰਵਾਈ ਨੂੰ ਇਕ ਮਹੀਨੇ ਲਈ ਇਸ ਲਈ ਅੱਗੇ ਪਾ, ਜਾਂ ਮੁਲਤਵੀ ਕਰ ਦਿੱਤਾ ਗਿਆ ਸੀ ਕਿ ਐਕਟ ਅਧੀਨ ਨਿਯਮਾਂ ਦਾ ਅਧਿਅਨ ਕਰ ਲਿਆ ਜਾਏ, ਉਹ ਨਾ ਹੋਵੇ ਗੌਰਮਿੰਟ ਧੋਖਾ ਕਰਦੀ ਹੋਵੇ। ਸ਼ਾਇਦ ਇਹ ਵੀ ਕਾਰਣ ਹੋਵੇ ਕਿ ਗੌਰਮਿੰਟ ਸ਼੍ਰੋਮਣੀ ਕਮੇਟੀ ਵਲੋਂ ਭਾਈ ਫੇਰੂ ਦੇ ਮੋਰਚੇ ਦੇ ਆਪਣੇ ਆਪ ਬੰਦ ਕਰਨ ਦੇ ਸੰਕੇਤ ਤੋਂ ਕੁਛ ਸਿੱਖਿਆ ਪਰਾਪਤ ਕਰੇਗੀ ਅਤੇ ਰਿਹਾਈ ਦੀਆਂ ਸ਼ਰਤਾਂ ਹਟਾ ਕੇ ਆਮ ਕੈਦੀ ਤੇ ਮੁਕੱਦਮੇ ਵਾਲੇ ਮੁਲਜ਼ਮ ਸਭ ਰਿਹਾ ਕਰ ਦੇਵੇਗੀ; ਸ਼ਾਇਦ ਇਹ ਵੀ ਕਾਰਣ ਹੋਵੇ ਕਿ ਐਕਟ ਦੀ ਮਨਜ਼ੂਰੀ ਪਿਛੋਂ ਉਸ ਉਤੇ ਅਮਲ ਕਰਨਾ ਅੱਗੇ ਪਾ ਕੇ ਗੌਰਮਿੰਟ ਨੂੰ ਰਿਹਾਈਆਂ ਕਰਨ ਦਾ ਮੌਕਿਆ ਦਿੱਤਾ ਜਾਵੇ; ਜਾਂ ਇਹ ਕਿ ਇਸ ਅਰਸੇ ਵਿਚ ਰਿਹਾਈਆਂ ਦੀ ਮੁਹਿੰਮ ਤੇਜ਼ ਕਰਨ ਨਾਲ ਗੌਰਮਿੰਟ ਤੇ ਦਬਾਅ ਪਏਗਾ ਅਤੇ ਉਹ ਕੈਦੀ ਤੇ ਮੁਕੱਦਮੇ ਵਾਲੇ ਹਵਾਲਾਤੀ ਛੱਡ ਦੇਵੇਗੀ। ਪਰ ਗੌਰਮਿੰਟ ਮਸ਼ਟੀ ਮਾਰ ਕੇ ਬੈਠੀ ਰਹੀ। ਉਸ ਨੇ ਰਿਹਾਈਆਂ ਨਾ ਕੀਤੀਆਂ।

ਇਸ ਦਾ ਮਤਲਬ ਇਹ ਨਹੀਂ ਕਿ ਇਸ ਐਜੀਟੇਸ਼ਨ ਦਾ ਅਸਰ ਕੋਈ ਨਹੀਂ ਸੀ ਹੋਇਆ। ਇਸ ਦਾ ਅਸਰ, ਹੋਰ ਤਾਂ ਹੋਰ, ਖੁਦ ਥੱਲੇ ਦੇ ਅਫਸਰਾਂ ਉਤੇ ਪਿਆ ਅਤੇ ਡੀ. ਸੀ.

---

[1] ਅਕਾਲੀ ਤੇ ਪ੍ਰਦੇਸੀ-10 ਅਕਤੂਬਰ 1925

Digitized by Panjab Digital Library | www.panjabdigilib.org

ਅਮਰਿਤਸਰ ਤੇ ਲਾਹੌਰ ਦੇ ਮੂੰਹਾਂ ਵਿਚੋਂ ਨਿਕਲਿਆ ਕਿ ਹੇਲੀ ਜ਼ਿਦ ਕਰ ਰਿਹਾ ਹੈ—ਵਾਅ ਮੰਡਲ ਸ਼ਾਂਤ ਨਹੀਂ ਹੋਣ ਦੇਂਦਾ। ਸ਼ਰਤਾਂ ਚੁਕ ਕੇ ਕੈਦੀ ਰਿਹਾ ਕਰ ਦੇਣੇ ਚਾਹੀਦੇ ਹਨ।

## 6. ਇਸ ਮੀਟਿੰਗ ਬਾਰੇ ਸਰਕਾਰੀ ਰਿਪੋਰਟ

ਸੀ. ਆਈ. ਡੀ. ਦੀ ਰਿਪੋਰਟ ਅਨੁਸਾਰ ਇਸ ਮੀਟਿੰਗ ਵਿਚ 150 ਤੇ 175 ਮਿੰਬਰਾਂ ਦੇ ਵਿਚਕਾਰ ਹਾਜ਼ਰੀ ਸੀ। ਇਹ ਮਿੰਬਰ ਤਿੰਨਾਂ 'ਪਾਰਟੀਆਂ' ਵਿਚ ਵੰਡੇ ਹੋਏ ਸਨ। ਇਕ ਪਾਰਟੀ ਚਾਹੁੰਦੀ ਸੀ ਕਿ ਗੁਰਦੁਆਰਾ ਐਕਟ ਪਰਵਾਨ ਕਰ ਲਿਆ ਜਾਏ, ਸਿੱਧੀ ਕਾਰਵਾਈ ਬੰਦ ਕੀਤੀ ਜਾਵੇ ਅਤੇ ਕੈਦੀਆਂ ਦੀ ਰਿਹਾਈ ਦਾ ਕੋਈ ਇੰਤਜ਼ਾਰ ਨਾ ਕੀਤਾ ਜਾਵੇ। ਦੂਜੀ ਪਾਰਟੀ ਚਾਹੁੰਦੀ ਸੀ ਕਿ ਜੇਕਰ ਗੌਰਮਿੰਟ ਕੈਦੀ ਬਿਲਾ ਸ਼ਰਤ ਰਿਹਾ ਨਹੀਂ ਕਰਦੀ ਤਾਂ ਗੁਰਦੁਆਰਾ ਐਕਟ ਨਾ-ਮਨਜ਼ੂਰ ਕਰ ਦਿੱਤਾ ਜਾਵੇ। ਤੀਜੀ ਪਾਰਟੀ ਜਿਹੜੀ ਮੰਗਲ ਸਿੰਘ ਦੀ ਅਗਵਾਈ ਵਿਚ ਚਲਦੀ ਸੀ, ਜਿਹੜਾ ਕਲ੍ਹ ਤਕ ਕਮੇਟੀ ਦਾ ਪਰਧਾਨ ਸੀ; ਇਸ ਸਵਾਲ ਉਤੇ ਫੈਸਲੇ ਨੂੰ ਓਨਾ ਚਿਰ ਅਗੇ ਪਾਉਣਾ ਚਾਹੁੰਦੀ ਸੀ ਜਿੰਨਾ ਚਿਰ ਤਕ ਕਿ ਐਕਟ ਦੇ ਅਧੀਨ ਨਿਯਮ ਛਪ ਕੇ ਸਾਮ੍ਹਣੇ ਨਹੀਂ ਆ ਜਾਂਦੇ।[1] ਡੀ. ਸੀ. ਦਾ ਅੰਦਾਜ਼ਾ ਸੀ ਕਿ ਪਹਿਲੀ ਪਾਰਟੀ ਸਭ ਤੋਂ ਵੱਧ ਮਜ਼ਬੂਤ ਹੈ ਪਰ ਦੂਜੀਆਂ ਦੋਹਾਂ ਨਾਲੋਂ ਬਹੁ-ਮਤ ਵਿਚ ਨਹੀਂ। ਦੂਜੀ ਪਾਰਟੀ ਵਿਚ ਲਾਹੌਰ ਜ਼ਿਲੇ ਦੇ ਅੱਤਵਾਦੀ ਖਬ-ਪੱਖੀਏ ਹਨ। ਮੰਗਲ ਸਿੰਘ ਦੀ ਪਾਰਟੀ ਦੀ ਬਣਤਰ ਤੇ ਤਾਕਤ ਧੁੰਦਲੀ ਹੈ।

ਇਸ ਰਿਪੋਰਟ ਵਿਚ ਕਮੇਟੀ ਦੇ ਇਕ ਮਤੇ ਬਾਰੇ ਇਹ ਵੀ ਦਰਜ ਹੈ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਵਲੋਂ ਉਹ ਸਭ ਕੁਛ ਕਰ ਦਿੱਤਾ ਹੈ ਜਿਸ ਰਾਹੀਂ ਗੁਰਦੁਆਰਾ ਐਕਟ ਤੇ ਸਫਲਤਾ ਨਾਲ ਅਮਲ ਕਰਨ ਦਾ ਵਾਤਾਵਰਨ ਪੈਦਾ ਹੋਣਾ ਚਾਹੀਦਾ ਸੀ। ਇਸ ਵੇਲੇ ਗੌਰਮਿੰਟ ਦੇ ਸਿਰ ਤੇ ਜ਼ਿਮੇਂਵਾਰੀ ਆ ਪਈ ਹੈ ਕਿ ਉਹ ਰਿਹਾਈਆਂ ਕਰ ਕੇ (ਇਸ ਵਾਤਾਵਰਨ ਦੇ ਕਾਇਮ ਰੱਖਣ ਲਈ) ਆਪਣਾ ਹਿੱਸਾ ਪਾਵੇ।

ਹੇਲੀ ਦੀ ਸ਼੍ਰੋਮਣੀ ਕਮੇਟੀ ਦੇ ਮਤੇ ਵਿਚ (ਮੰਗਲ ਸਿੰਘ ਦੀ) ਤਰਮੀਮ ਦੀ ਵਿਆਖਿਆ ਇਹ ਸੀ ਕਿ ਤਰਮੀਮ-ਹੋਇਆ ਮਤਾ ਜੇਕਰ ਕੈਦੀ ਛੱਡੇ ਨਹੀਂ ਜਾਂਦੇ ਤਾਂ ਐਕਟ ਤੇ ਅਮਲ ਕਰਨੋਂ ਇਨਕਾਰ ਨਹੀਂ ਕਰਦਾ, ਸਿਰਫ ਫੈਸਲੇ ਨੂੰ ਓਨਾ ਚਿਰ ਮੁਲਤਵੀ ਕਰਦਾ ਹੈ ਜਦ ਤਕ ਨਿਯਮ ਛਾਪ ਨਹੀਂ ਦਿੱਤੇ ਜਾਂਦੇ।—ਇਹ ਕੁਛ ਮੂੰਹ-ਰੱਖਣ ਦੀ ਵਿਉਂਤ ਹੈ। ਜੇ ਬਿਲ-ਪਾਰਟੀ ਕਾਫੀ ਤਕੜੀ ਹੈ ਤਾਂ ਨਿਯਮ ਉਹਨਾਂ ਨੂੰ ਸਫਲਤਾ ਹਾਸਲ ਕਰਨੋਂ ਰੋਕ ਨਹੀਂ ਸਕਣਗੇ। ਭਾਈ ਫੇਰੂ ਦਾ ਮੋਰਚਾ ਖਤਮ ਕਰਨ ਦਾ ਅਖੀਰੀ ਮਤਾ ਨਰਮ-ਖਿਆਲੀਆਂ ਦੀ ਜਿੱਤ ਹੈ। ਇਹ ਲੋਕਾਂ ਤੇ ਚੰਗਾ ਅਸਰ ਪਾਏਗਾ। ਇਹ ਪਹਿਲਾ ਵਕਤ ਹੈ ਜਦੋਂ ਕਿ ਸਿੱਖਾਂ ਨੇ ਆਪਣੇ ਨਿਸ਼ਾਨੇ ਦੇ ਕੁਛ ਵੀ ਹਿੱਸੇ ਨੂੰ ਹਾਸਲ ਕਰਨ ਤੋਂ ਬਗੈਰ ਵਿੱਚੇ ਛੱਡਿਆ ਹੈ।[2]

## 7. ਅੰਦਰੂਨੀ ਫੁੱਟ ਤੇ ਗੜਬੜ

ਗੁਰਦੁਆਰਾ ਬਿਲ ਦੇ ਤਿਆਰ ਹੋਣ ਦੇ ਸਮੇਂ ਤੋਂ 'ਗੜਗੱਜ ਅਕਾਲੀ ਦੀਵਾਨ' 'ਬਬਰ ਸ਼ੇਰ' ਤੇ 'ਕਿਰਪਾਨ ਬਹਾਦਰ' ਅਖਬਾਰਾਂ ਨੇ ਫੇਰ ਆਪਣੇ ਮਤ-ਭੇਦਾਂ ਨੂੰ ਸ਼੍ਰੋਮਣੀ ਕਮੇਟੀ ਨਾਲ ਲੜਾਈ ਵਿਚ ਤਬਦੀਲ ਕਰ ਦਿੱਤਾ। ਹਰ ਇਕ ਆਗੂ ਦੀ, ਭਾਵੇਂ ਉਹ ਬਾਹਰ ਸੀ ਜਾਂ ਜੇਲ੍ਹ

[1] File no. 120/VII/ 1925. Home, Pol.

[2] ਉਪਰੋਕਤ ਹੀ।

Digitized by Panjab Digital Library | www.panjabdigilib.org

ਅੰਦਰ ਪੱਗ ਲਾਹੁਣੀ ਸ਼ੁਰੂ ਕਰ ਦਿਤੀ। ਉਹਨਾਂ ਨੂੰ 'ਕੌਮ ਘਾਤਕ', 'ਗਦਾਰ' ਤੇ 'ਸੁਆਰਥੀ' ਜੇਹੇ ਵਿਸ਼ੇਸ਼ਣ ਲਾ ਕੇ ਬਦਨਾਮ ਕਰਨ ਦੇ ਯਤਨ ਕੀਤੇ ਜਾਣ ਲਗ ਪਏ। ਇਸ ਵਿਚ ਕੋਈ ਸ਼ਕ ਨਹੀਂ ਕਿ ਬਿਲ ਵਿਚ ਨੁਕਸ ਸਨ ਅਤੇ ਗੁਰਦੁਆਰਿਆਂ ਵਿਚ ਕਿਸੇ ਹਦ ਤਕ, ਅਫਸਰਾਂ ਦਾ ਤੇ, ਖਾਸ ਕਰ, ਹਾਈ ਕੋਰਟ ਦਾ ਦਖਲ ਰਹਿੰਦਾ ਸੀ। ਪਰ ਇਤਿਹਾਸਕ ਗੁਰਦੁਆਰਿਆਂ ਦੀ ਬਹੁਤ ਵਡੀ ਗਿਣਤੀ ਸਿੱਖਾਂ ਦੀਆਂ ਪਰਤੀਨਿਧ ਕਮੇਟੀਆਂ ਦੇ ਹੱਥਾਂ ਵਿਚ ਆ ਗਈ ਸੀ ਅਤੇ ਬਾਕੀ ਇਤਿਹਾਸਕ ਗੁਰਦੁਆਰੇ ਪੰਥ ਦੇ ਕਬਜ਼ੇ ਵਿਚ ਲਿਆਉਣ ਲਈ ਰਾਹ, ਬੜੀ ਹਦ ਤਕ, ਸਾਫ ਹੋ ਗਿਆ ਸੀ। ਇਹ ਬੜੀ ਤਕੜੀ ਜਿੱਤ ਸੀ।

ਪਰ ਗੜਗੱਜ ਦੀਵਾਨ ਤੇ ਇਹਨਾਂ ਦੇ ਅਖਬਾਰਾਂ, ਕਿਰਪਾਨ ਬਹਾਦਰ ਤੇ ਬਬਰ ਸ਼ੇਰ ਵਲੋਂ ਇਸ ਜਿੱਤ ਨੂੰ ਹਾਰ ਦਸਣਾ ਦਰੁਸਤ ਨਹੀਂ ਸੀ। ਇਹਨਾਂ ਦੇ ਨਾਲ ਹੀ ਇਕ 'ਨਿਰਭੈ ਉਪਦੇਸ਼ਕ ਦਲ' ਕੰਮ ਕਰ ਰਿਹਾ ਸੀ। ਇਸ ਵਿਚ ਕੁਝ ਕੁ ਉਹ ਆਦਮੀ ਸਨ ਜਿਹੜੇ ਸ਼੍ਰੋਮਣੀ ਕਮੇਟੀ ਨੇ 'ਨੌਕਰੀ ਤੋਂ ਬਦਚਲਨੀ ਨਾਲਾਇਕੀ, ਗਬਨ, ਨਾਫਰਮਾਨੀ ਆਦਕ ਕਾਰਨਾਂ ਦੇ ਸਬੱਬ ਮੌਕੂਫ ਕੀਤੇ ਸਨ।'[1] ਰਾਵਾਂ ਦੇ ਮਤ-ਭੇਦ ਦੀ ਆੜ ਲੈ ਕੇ ਸਵਾਰਥ-ਸਿਧੀ ਲਈ ਏਹੋ ਜੇਹੇ ਆਦਮੀਆਂ ਨੇ ਤਕੜਾ ਓਹਲਾ ਬਣਾ ਲਿਆ ਸੀ ਅਤੇ ਇਹ ਸਭਿਅਤਾ-ਹੀਨ ਤਰੀਕੇ ਨਾਲ ਅਕਾਲੀ ਆਗੂਆਂ ਤੇ ਹਮਲੇ ਕਰਦੇ ਸਨ।

ਇਹਨਾਂ ਦਾ ਆਮ ਪਰਚਾਰ ਇਹ ਸੀ ਕਿ 'ਪੰਥ ਦੀ ਹਾਰ ਹੋ ਗਈ ਹੈ। ਪੰਥ ਦੀ ਸ਼ਾਨ ਮਿੱਟੀ ਵਿਚ ਮਿਲ ਗਈ ਹੈ। ਅਖੰਡ ਪਾਠ ਸ਼ਰਤਾਂ ਮੰਨ ਕੇ ਰਖਿਆ ਗਿਆ ਹੈ। ਗੁਰਦੁਆਰਾ ਬਿਲ ਤਸਲੀ ਬਖਸ਼ ਨਹੀਂ' ਵਗੈਰਾ। ਅਤੇ ਸ਼੍ਰੋਮਣੀ ਕਮੇਟੀ ਦਾ ਨਾਮ ਇਹਨਾਂ ਨੇ 'ਬਿਲ ਪਾਰਟੀ' ਰੱਖ ਦਿੱਤਾ ਸੀ। ਇਸ ਹਮਲੇ ਦਾ ਅਸਲ ਮਕਸਦ ਪਹਿਲੀ ਲੀਡਰਸ਼ਿਪ ਨੂੰ ਬਦਨਾਮ ਕਰ ਕੇ ਪੰਥ ਵਿਚ ਗਿਰਾਣ ਤੇ ਖੁਦ ਪੰਥ ਦੀ ਲੀਡਰਸ਼ਿਪ ਸੰਭਾਲਨ ਦੇ ਜਤਨਾਂ ਤੋਂ ਛੁੱਟ ਹੋਰ ਕੁਛ ਨਹੀਂ ਸੀ ਹੋ ਸਕਦਾ। ਪਰ ਇਸ ਨਾਤਜਰਬਾਕਾਰ ਅਨਪੜ੍ਹ ਤੇ ਅਧ-ਪੜ੍ਹ ਜੁੰਡਲੀ ਵਿਚ ਲੀਡਰ ਸ਼ਿਪ ਸੰਭਾਲਣ ਦੀ ਨਾ ਕੋਈ ਜਥੇਬੰਦਕ ਯੋਗਤਾ ਸੀ ਅਤੇ ਨਾ ਹੀ ਆਗੂ ਬਣਨ ਦੀ ਨਿਪੁੰਨਤਾ। ਸ਼੍ਰੋਮਣੀ ਕਮੇਟੀ ਦੇ ਕਿਸੇ ਮਤ ਦੇ ਵੀ ਅਕਾਲੀ ਆਗੂਆਂ ਨੂੰ ਇਹ ਆਪਣੇ ਨਾਲ ਨਾ ਜੋੜ ਖਿੱਚੋ ਸਕੇ ਜਿਸ ਦੇ ਕਾਰਣ ਇਹ ਪੰਥ ਵਿਚੋਂ ਛੇਕੇ ਗਏ ਅਤੇ ਸ਼੍ਰੋਮਣੀ ਕਮੇਟੀ ਨੇ ਬਬਰ ਸ਼ੇਰ ਤੇ ਕਿਰਪਾਨ ਬਹਾਦਰ ਦੇ ਬਾਈਕਾਟ ਦਾ ਮਤਾ ਪਾਸ ਕਰ ਦਿੱਤਾ ਅਤੇ ਇਹਨਾਂ ਦੀ ਰਹੀ-ਖੁਹੀ ਸਾਖ ਵੀ ਮਿੱਟੀ ਵਿਚ ਮਿਲਣ ਲਗ ਪਈ।

ਇਹਨਾਂ ਨਾਲ ਹਮਦਰਦੀ ਰੱਖਣ ਵਾਲੇ ਵੀ ਟੁੱਟਣ ਲਗ ਪਏ। ਇਹਨਾਂ ਦੇ ਦੋਂਹ ਆਗੂਆਂ ਸ: ਸੰਤੋਖ ਸਿੰਘ ਵਿਦਿਆਰਥੀ ਅਤੇ ਨਾਰਾਇਣ ਸਿੰਘ ਨੇ ਜੈਤੋ ਜਾ ਕੇ ਆਪਣੀ ਅੱਖੀਂ ਸਭ ਹਾਲਾਤ ਵੇਖੇ ਅਤੇ ਅਖਬਾਰਾਂ ਨੂੰ ਤਾਰਾਂ ਰਾਹੀਂ ਖਬਰਾਂ ਘਲੀਆਂ ਕਿ ਅਖੰਡ ਪਾਠਾਂ ਉਤੇ ਕੋਈ ਪਾਬੰਦੀ ਨਹੀਂ—ਨਾ ਗਿਣਵੇਂ ਦਿਨਾਂ ਅੰਦਰ ਖਤਮ ਕਰਨ ਦੀ ਅਤੇ ਨਾ ਹੀ ਸੰਗਤਾਂ ਦੀ ਗਿਣਤੀ ਦੀ। ਬੰਦਸ਼ ਲਾਈ ਗਈ ਸੀ ਜੈਤੋ ਕਸਬੇ ਤੇ ਮੰਡੀ ਵਿਚ ਜਾਣ ਦੀ। ਉਥੇ ਨਾ ਕੋਈ ਪੰਥ ਦਾ ਧਾਰਮਕ ਕੰਮ ਸੀ ਅਤੇ ਨਾ ਜਾਣ ਦੀ ਕਦੇ ਮੰਗ ਕੀਤੀ ਗਈ ਸੀ। ਇਹਨਾਂ ਨੂੰ ਇਹ ਆਗੂ ਵੀ ਛਡ ਗਏ ਅਤੇ ਕੁਛ ਚਿਰ ਪਿਛੋਂ ਸੰਟਰਲ ਮਾਝਾ ਦੀਵਾਨ ਨੇ ਵੀ ਛੱਡ ਦਿੱਤਾ। ਅਤੇ ਥਾਂ ਥਾਂ ਤੇ ਇਹਨਾਂ ਦੇ ਅਖਬਾਰਾਂ ਦੇ ਬਾਈਕਾਟ ਦੇ ਮਤੇ ਪਾਸ ਹੋਣ ਲੱਗ ਪਏ, ਜਿਨ੍ਹਾਂ ਨੇ

[1] ਅਕਾਲੀ ਤੇ ਪ੍ਰਦੇਸੀ, 3—4—5 ਅਗਸਤ 1925.

Digitized by Panjab Digital Library | www.panjabdigilib.org

ਇਹਨਾਂ ਨੂੰ ਕੱਖੋਂ ਹੌਲਾ ਤੇ ਪਾਣੀਓਂ ਪਤਲਾ ਕਰ ਦਿੱਤਾ।

ਅਸਲ ਹਾਲਾਤ ਇਹ ਬਣ ਗਏ ਸਨ ਕਿ ਸਮਝੌਤੇ ਪਿਛੋਂ ਜੈਤੋ ਕਸਬੇ ਤੇ ਮੰਡੀ ਜਾਣ ਦੀਆਂ ਬੰਦਸ਼ਾਂ ਵੀ ਢਿੱਲੀਆਂ ਹੋ ਗਈਆਂ ਸਨ। ਜਿਹੜੇ ਅਕਾਲੀ ਮੰਡੀ ਵਿਚ ਫਿਰਦੇ ਪੁਲਸ ਦੀਆਂ ਨਜ਼ਰਾਂ ਵਿਚ ਆ ਜਾਂਦੇ ਸਨ ਉਹ ਵਾਪਸ ਕੈਂਪ ਵਿਚ ਭੇਜ ਦਿੱਤੇ ਜਾਂਦੇ ਸਨ ਅਤੇ ਕੌਂਸਲ ਦੇ ਮਿੰਬਰਾਂ ਨੂੰ ਕਹਿ ਦਿੱਤਾ ਜਾਂਦਾ ਸੀ ਕਿ ਇਹਨਾਂ ਨੂੰ ਰੋਕ ਕੇ ਰਖੋ, ਨਹੀਂ ਤਾਂ ਇਹਨਾਂ ਨੂੰ ਫੜ ਕੇ ਰਿਆਸਤ ਵਿਚੋਂ ਬਾਹਰ ਕੱਢ ਦਿੱਤਾ ਜਾਏਗਾ। ਖੁਦ ਵਿਲਸਨ ਨੇ ਨਿਯਮ ਢਿੱਲੇ ਕਰ ਦਿੱਤੇ ਸਨ ਅਤੇ ਚੀਜ਼ਾਂ ਖਰੀਦਣ ਲਈ ਪੰਜ ਅਕਾਲੀਆਂ ਨੂੰ ਪਾਸ ਦੇ ਦਿੱਤੇ ਸਨ। ਇਸ ਤਰ੍ਹਾਂ ਇਸ ਬੰਦਸ਼ ਦੀ ਵੀ ਕੋਈ ਮਹੱਤਤਾ ਨਹੀਂ ਸੀ ਰਹੀ।

ਇਹਨਾਂ ਵਿਰੋਧੀਆਂ ਦਾ ਆਗੂ ਮੂਲ ਸਿੰਘ ਚਵਿੰਡਾ ਸੀ ਜਿਸ ਨੂੰ ਕਿਰਪਾਨ-ਬਹਾਦਰ ਹੋਣ ਦਾ ਮਾਣ ਮਿਲ ਚੁਕਾ ਸੀ। ਗੜਗੱਜ ਅਕਾਲੀ ਦੀਵਾਨ ਅਤੇ ਨਿਰਭੈ ਉਪਦੇਸ਼ਕ ਦਲ ਵਾਲਿਆਂ ਨੇ ਕੁਛ ਚਿਰ ਰੌਲਾ ਪਾਇਆ ਪਰ ਇਹਨਾਂ ਪਾਸ ਰੌਲੇ ਤੋਂ ਛੁੱਟ ਕੋਈ ਉਸਾਰੂ ਪ੍ਰੋਗ੍ਰਾਮ ਅਗਵਾਈ ਦੇਣ ਲਈ ਨਹੀਂ ਸੀ। ਗੜਗੱਜ ਦੀਵਾਨ ਉਤੇ ਪੰਡਤ ਦਇਆ ਕਿਸ਼ਨ ਕੌਲ ਪਰਧਾਨ ਮੰਤਰੀ ਪਟਿਆਲਾ ਦੇ ਏਜੰਟ ਹੋਣ ਦਾ ਇਲਜ਼ਾਮ ਵੀ ਲਗਦਾ ਸੀ। ਤੇਜਾ ਸਿੰਘ ਭੁੱਚਰ ਦੇ ਕੌਲ ਨਾਲ ਸਬੰਧ ਜੁੜ ਚੁਕੇ ਸਨ--ਇਹ ਅਸੀਂ ਪਿੱਛੇ ਵੇਖ ਆਏ ਹਾਂ।

## 8. ਅੰਦਰੂਨੀ ਫੁੱਟ ਤੇ ਗੜਬੜ ਪਾਉਣ ਦੇ ਯਤਨ

4 ਅਕਤੂਬਰ ਦੀ ਸ਼੍ਰੋਮਣੀ ਕਮੇਟੀ ਦੀ ਆਮ ਇਕੱਤਰਤਾ ਵਿਚ ਮੁੱਖ ਤੌਰ ਤੇ ਗੜਗੱਜ ਅਕਾਲੀ ਜਥੇ ਤੇ ਕੁਛ ਸੈਂਟਰਲ ਮਾਝਾ ਦੀਵਾਨ ਦੇ ਮਿੰਬਰਾਂ ਵਲੋਂ ਗੜਬੜ ਪਾਉਣ ਦੇ ਬੁਰਛਾ-ਗਰਦ ਯਤਨ ਕੀਤੇ ਗਏ। ਮੀਟਿੰਗ ਅਕਾਲ ਤਖਤ ਉਤੇ, ਪਹਿਲਾਂ ਵਾਂਗ, ਹੋ ਰਹੀ ਸੀ। ਇਹਨਾਂ ਨੇ ਅਕਾਲ ਤਖਤ ਦੇ ਦਰਵਾਜ਼ੇ ਤੋੜ ਕੇ ਤੇ ਪੌੜੀਆਂ ਲਾ ਕੇ ਉਤੇ ਮੀਟਿੰਗ ਵਿਚ ਜਾਣ ਲਈ ਹੱਲਾ ਕੀਤਾ। ਇਹ ਕਾਰਾ ਸਾਰੀਆਂ ਸਿੱਖ ਰਵਾਇਤਾਂ ਦੇ ਖਿਲਾਫ਼ ਸੀ। ਬਹਾਨਾ ਉਹਨਾਂ ਦਾ ਇਹ ਸੀ ਕਿ ਜੇ ਕੌਂਸਲ ਦੇ ਤਿੰਨ ਮਿੰਬਰ ਤਾਰਾ ਸਿੰਘ, ਨਾਰਾਇਣ ਸਿੰਘ ਤੇ ਜੋਧ ਸਿੰਘ ਸ਼੍ਰੋਮਣੀ ਕਮੇਟੀ ਦੇ ਮਿੰਬਰ ਨਾ ਹੋਣ ਦੇ ਬਾਵਜੂਦ ਮੀਟਿੰਗ ਵਿਚ ਬੈਠ ਸਕਦੇ ਹਨ ਤਾਂ ਉਹ ਕਿਉਂ ਨਹੀਂ ਜਾ ਕੇ ਬੈਠ ਸਕਦੇ ? ਇਸ ਬੁਰਛਾ ਗਰਦੀ ਨੂੰ ਰੋਕਣ ਲਈ ਸ: ਅਮਰ ਸਿੰਘ ਝਪਾਲ ਮੀਟਿੰਗ ਵਿਚੋਂ ਉਠ ਕੇ ਥੱਲੇ ਪੌੜੀਆਂ ਵਿਚ ਆਣ ਖਲੋਤੇ ਅਤੇ ਉਹਨਾਂ ਨੂੰ ਹੱਲਾ ਗੁੱਲਾ ਮਚਾਉਣ ਤੋਂ ਰੋਕਣ ਲਗੇ। ਪਰ ਗੜਗੱਜ ਦੀਵਾਨ (ਵਗੈਰਾ) ਵਾਲੇ ਬੜੇ ਭਖੇ-ਭੜਕੇ ਹੋਏ ਸਨ। ਉਹ ਸ: ਅਮਰ ਸਿੰਘ ਝਪਾਲ ਦੇ ਗਲ ਪੈ ਗਏ। ਅਤੇ ਉਹਨਾਂ ਉਸ ਦੀ ਚੰਗੀ ਬੇਇਜ਼ਤੀ ਕੀਤੀ। ਉਹ ਇਸ ਵਾਰਦਾਤ ਬਾਰੇ ਖੁਦ ਲਿਖਦੇ ਹਨ :

"ਬਾਕੀ ਦੇ ਸੱਜਨ ਏਨੇ ਭੜਕਾਏ ਹੋਏ ਸਨ ਕਿ ਉਹ ਜ਼ਬਰਦਸਤੀ ਮੇਰੇ ਗਲ ਪੈ ਗਏ ਤੇ ਮੈਨੂੰ ਪੌੜੀਆਂ ਵਿਚੋਂ ਹੇਠਾਂ ਖਿੱਚਣਾ ਚਾਹਿਆ; ਮੇਰੀ ਕਿਰਪਾਨ ਤੋੜ ਕੇ ਪਰ੍ਹਾਂ ਸੁੱਟ ਦਿੱਤੀ। ਕੁੜਤਾ ਪਾੜ ਦਿੱਤਾ ਤੇ ਇਕ ਸੱਜਣ ਦੇ ਹੱਥ ਨਾਲ ਮੇਰੀ ਦਾੜ੍ਹੀ ਖਿੱਚੀ ਗਈ।......ਇਕ ਸਿੰਘ ਨੇ ਸਿਰੀ ਸਾਹਿਬ ਕੱਢ ਕੇ ਮੈਨੂੰ ਮਾਰਨ ਵਾਸਤੇ ਸਿਰ ਤੇ ਉਲਾਰੀ। ਮੈਨੂੰ ਇਹਨਾਂ ਭੋਲੇ ਭਾਲੇ ਭਰਾਵਾਂ ਦੀ ਕਾਰਵਾਈ ਤੇ ਰੰਜ ਤੇ ਗੁੱਸਾ ਆਉਣ ਦੀ ਥਾਂ ਹਾਸਾ ਆ ਰਿਹਾ ਸੀ।"[1]

---

[1] ਅਕਾਲੀ ਤੇ ਪ੍ਰਦੇਸੀ, 9 ਅਕਤੂਬਰ, ਸਫਾ 6.

Digitized by Panjab Digital Library | www.panjabdigilib.org

ਇਹ ਸਨ ਹਾਲਾਤ ਜਿਹੜੇ ਜੈਤੋ ਦੀਆਂ ਰਿਹਾਈਆਂ ਤੇ ਗੁਰਦੁਆਰਾ ਬਿਲ ਦੇ ਪਾਸ ਹੋ ਜਾਣ ਪਿਛੋਂ ਗੜਗੱਜ ਜਥੇ ਤੇ ਉਸ ਦੀ ਪਾਲਿਸੀ ਦੇ ਹਾਮੀਆਂ ਨੇ ਸ਼੍ਰੋਮਣੀ ਕਮੇਟੀ ਦੇ ਖਿਲਾਫ ਪੈਦਾ ਕਰ ਦਿੱਤੇ ਸਨ । ਇਸ ਬੁਰਛਾ-ਗੁਰਦੀ ਦੀ ਅਕਾਲ ਤਖਤ ਦੇ ਦੀਵਾਨ ਵਿਚ ਘੋਰ ਨਿਖੇਧੀ ਕੀਤੀ ਗਈ । ਅਤੇ ਅਕਾਲੀ ਤੇ ਪ੍ਰਦੇਸੀ ਨੇ ਮਤੇ ਪਾਸ ਕਰੇਕ "ਇਸ ਮਹਾਨ ਨਿੰਦਤ ਕਾਰਵਾਈ ਤੇ ਫਿਟਕਾਰਾਂ ਪਾਉਣ" ਦੀ ਸਲਾਹ ਦਿੱਤੀ (10 ਅਕਤੂਬਰ, ਐਡੀਟੋਰੀਅਲ)

ਗੌਰਮਿੰਟ ਰਿਪੋਰਟ ਅਨੁਸਾਰ ਇਸ ਘਟਨਾ ਵਿਚ ਹਿੱਸਾ ਲੈਣ ਵਾਲੇ "ਨਾਭਾ ਰਿਆਸਤ ਦੇ ਜਲਾਵਤਨ, ਅਮਰਿਤਸਰ ਸ਼ਹਿਰ ਦੇ ਵਸਨੀਕ ਗੜਗੱਜ ਅਤੇ ਸੈਂਟਰਲ ਮਾਝਾ ਦੀਵਾਨ ਦੇ ਆਦਮੀ ਸਨ । ਉਹ ਕਹਿੰਦੇ ਸਨ ਕਿ ਮੀਟਿੰਗ ਵਿਚ ਸ਼ਾਮਲ ਹੋਣ ਦੇ ਉਹ ਏਨੇ ਹੀ ਹੱਕਦਾਰ ਹਨ ਜਿੰਨੇ ਤਿੰਨੇ ਕੌਂਸਲ ਦੇ ਮਿੰਬਰ ।" ਇਹ ਅਸਲ ਵਿਚ ਕੌਂਸਲ ਦੇ ਮਿੰਬਰਾਂ ਦੀ ਈਮਾਨਦਾਰੀ ਤੇ ਸ਼ੱਕ ਕਰਦੇ ਸਨ । ਸ਼੍ਰੋਮਣੀ ਕਮੇਟੀ ਨੇ ਇਹਨਾਂ ਨੂੰ ਕੁਛ ਵਾਕਫੀ ਲਈ ਅਤੇ ਗੁਰਦੁਆਰਾ ਬਿਲ ਦੀਆਂ ਧਾਰਾਵਾਂ ਦੀ ਵਿਆਖਿਆ ਲਈ ਬੁਲਾਇਆ ਸੀ ।

Digitized by Panjab Digital Library | www.panjabdigilib.org

# ਕਿਲ੍ਹੇ ਦੇ ਆਗੂਆਂ ਵਿਚ ਮਤਭੇਦ

ਬਿਲ ਉਤੇ ਅਮਲ ਕਰਨ ਦੇ ਫੈਸਲੇ ਨੂੰ ਲਮਕਾਣ ਤੇ ਕਿਲ੍ਹੇ ਦੇ ਸਰਦਾਰਾਂ ਅਤੇ ਰਸਾਲਦਾਰਾਂ ਵਿਚ ਬੜੀ ਭਾਜੜ ਪੈ ਗਈ । ਸ਼੍ਰੋਮਣੀ ਕਮੇਟੀ ਦੇ ਪਰਧਾਨ ਸ: ਮਹਿਤਾਬ ਸਿੰਘ ਜੀ ਤੇ ਉਹਨਾਂ ਦੇ ਸਾਥੀ ਇਹ ਸਮਝਦੇ ਸਨ ਕਿ ਗੁਰਦੁਆਰਾ ਬਿਲ ਦੀ ਵਰਤੋਂ ਦੇ ਸਵਾਲ ਨੂੰ ਅਗੇ ਪਾ ਕੇ ਬੜਾ ਮਾੜਾ ਕੰਮ ਕੀਤਾ ਗਿਆ ਹੈ । ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਸੀ ਕਿ ਗੁਰਦੁਆਰਾ ਐਕਟ ਉਤੇ ਅਮਲ ਕਰਨ ਦਾ ਏਲਾਨ ਕਰ ਦੇਂਦੀ । ਇਸ ਤਰ੍ਹਾਂ ਕਰਨ ਨਾਲ "ਦੁਨੀਆਂ ਨੂੰ ਕਾਇਲ ਕਰਨ ਵਿਚ ਕਮੇਟੀ ਦੀ ਪੁਜੀਸ਼ਨ ਬਹੁਤ ਵਧੇਰੇ ਮਜ਼ਬੂਤ ਹੋ ਜਾਂਦੀ ਕਿ ਸਾਡਾ ਨਿਸ਼ਾਨਾ ਉਸਾਰੂ ਹੈ ਅਤੇ ਅਸੀਂ ਸਮਝੌਤੇ ਲਈ ਫਿਕਰਮੰਦ ਹਾਂ । ਇਸ ਤਰ੍ਹਾਂ ਕਰਨ ਨਾਲ ਰਿਹਾਈਆਂ ਉਤੇ ਲਾਈਆਂ ਗਈਆਂ ਸ਼ਰਤਾਂ ਦੇ ਦੂਰ ਕਰਨ ਦੀ ਐਜੀਟੇਸ਼ਨ ਵਧੇਰੇ ਅਸਰਦਾਰ ਹੁੰਦੀ ਅਤੇ ਨਾਲ ਹੀ ਪੰਥ ਨੂੰ ਉਸਾਰੂ ਕੰਮ ਕਰਨ ਲਈ ਸਾਫ ਅਤੇ ਖਾਸ ਤੌਰ ਤੇ ਤਿਆਰ ਕਰ ਦੇਂਦੀ ।"[1]

ਸਰਦਾਰ ਮਹਿਤਾਬ ਸਿੰਘ ਨੇ ਕਮੇਟੀ ਵਲੋਂ ਇਹ ਮਤਾ ਨਾ ਪਾਸ ਕਰਨ ਨੂੰ "ਇਕ ਗੰਭੀਰ ਟਕਨੀਕੀ ਗਲਤੀ" ਦਸਿਆ । ਇਹ ਉਹਨਾਂ ਤੇ ਉਹਨਾਂ ਦੇ ਸਾਥੀਆਂ ਦੀ "ਸਾਫ ਰਾਏ ਤੇ ਮਜ਼ਬੂਤ ਮਤ" ਸੀ । "ਤੁਸੀਂ ਏਹੋ ਜਿਹਾ ਏਲਾਨ ਨਾ ਕਰਕੇ ਦੋਸਤਾਂ ਤੇ ਦੁਸ਼ਮਣਾਂ ਨੂੰ ਹੈਰਾਨੀ ਵਿਚ ਰਖ ਰਹੇ ਹੋ । ਯਾਨੀ, ਕਈ ਸਿੱਖ ਸੋਚ ਰਹੇ ਹੋਣਗੇ ਕਿ ਸ਼ਾਇਦ ਇਕ ਸੰਭਾਵਨਾ ਇਹ ਹੋਵੇ ਕਿ ਬਿਲ ਰੱਦ ਕਰ ਦਿੱਤਾ ਜਾਏਗਾ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਆਪਣਾ ਮਨ ਕੋਈ ਨਹੀਂ ਦਸਿਆ । ਦੁਸ਼ਮਣ ਤੇ ਬੇਪਖ ਲੋਕ ਬਿਲ ਨੂੰ, ਜਿਹੜਾ ਅਸਾਂ ਬਣਾਇਆ ਤੇ ਪੇਸ਼ ਕੀਤਾ ਹੈ ਅਤੇ ਸਾਡੀਆਂ ਜ਼ਰੂਰੀ ਮੰਗਾਂ ਮੰਨਦਾ ਹੈ, ਸਵੀਕਾਰ ਕਰਨ ਵਿਚ ਹਿਚਕਚਾਹਟ ਦੀ ਨੁਕਤਾਚੀਨੀ ਕਰਦੇ ਹਨ ।"[2]

ਕਿਲ੍ਹੇ ਦੀ ਜੇਲ੍ਹ ਦੇ ਆਗੂਆਂ ਵਿਚ ਬੜੇ ਮਤਭੇਦ ਪੈਦਾ ਹੋ ਗਏ ਸਨ । ਬਿਲ ਦੀਆਂ ਖਾਮੀਆਂ ਦੇ ਬਾਵਜੂਦ ਇਸ ਤੇ ਅਮਲ ਕਰਨ ਦੇ ਸਾਰੇ ਹਾਮੀ ਸਨ ਪਰ ਸ਼ੁਰੂ ਵਿਚ ਸ਼ਰਤਾਂ ਮੰਨ ਕੇ ਬਾਹਰ ਜਾਣ ਨੂੰ ਕੋਈ ਪਸੰਦ ਨਹੀਂ ਸੀ ਕਰਦਾ । ਬਾਹਰ ਅਕਾਲੀ ਅਖਬਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਮਤਿਆਂ ਨੇ ਸ਼ਰਤਾਂ ਨੂੰ ਜ਼ਲੀਲ ਕਰਨ ਵਾਲੀਆਂ ਤੇ ਪੰਥ ਦੀ ਹੇਠੀ ਕਰਨ ਵਾਲੀਆਂ ਦੱਸ ਦੱਸ ਸ਼ਰਤਾਂ ਦੇ ਖਿਲਾਫ ਜ਼ਬਰਦਸਤ ਵਾਅਮੰਡਲ ਪੈਦਾ ਕਰ ਦਿੱਤਾ ਸੀ । ਕੁਛ ਇਕ ਕਿਲ੍ਹੇ ਦੇ ਆਗੂਆਂ ਨੇ ਇਸ ਦੇ ਖਿਲਾਫ ਵੀ ਰੋਸ ਪਰਗਟ ਕੀਤਾ ਕਿਉਂਕਿ ਇਹੋ ਜਿਹੇ ਵਾਤਾਵਰਨ ਦੀ ਬਾਹਰਲੀ ਹੋਂਦ ਸ਼ਰਤਾਂ ਮੰਨਣ ਦਾ ਰਾਹ ਬੰਦ ਕਰਦੀ ਸੀ । ਉਹਨਾਂ ਨੇ ਅੰਦਰੋਂ ਲਿਖਿਆ : "ਆਪਣੀਆਂ ਸਪੀਚਾਂ ਰਾਹੀਂ ਤੁਸਾਂ ਸਾਨੂੰ ਸਾਰਿਆਂ ਨੂੰ ਉਸ ਰਾਹ ਤੇ ਪਾਬੰਦ ਕਰ ਦਿੱਤਾ ਹੈ ਜਿਹੜਾ ਸਾਰਿਆਂ ਦਾ ਰਾਹ ਨਹੀਂ ।" ਸਾਫ ਜ਼ਾਹਰ ਹੈ ਕਿ ਸ: ਮਹਿਤਾਬ ਸਿੰਘ ਤੇ ਰਸਾਲਦਾਰ ਸੁੰਦਰ ਸਿੰਘ[3] ਦੇ ਵਿਚਾਰ ਦੇ ਆਗੂ ਸ਼ਰਤਾਂ ਦੇ ਕੇ ਬਾਹਰ ਜਾਣ ਲਈ ਤਿਆਰ ਬੈਠੇ ਸਨ ।

---

[1] Some Confidential Papers no. 181. pages 288—289.

[2] Some Confidential Papers no. 182. pages 289—290

[3] Some Confidential Papers no. 101. page 163.

Digitized by Panjab Digital Library | www.panjabdigilib.org

ਦਸੰਬਰ 1924 ਦੇ ਤੀਜੇ ਹਫਤੇ ਕਿਲ੍ਹੇ ਦੇ 24 ਆਗੂਆਂ ਨੇ ਬਾਹਰ ਲਿਖ ਕੇ ਘੱਲਿਆ ਸੀ ਕਿ "**ਆਪ ਦੀ ਕਮੇਟੀ ਨੂੰ ਹਰ ਪਰਕਾਰ ਦੇ ਫੈਸਲੇ ਕਰਨ ਦਾ ਪੂਰਣ ਅਧਿਕਾਰ ਹੈ** ।" ਇਹਨਾਂ 24 ਵਿਚ ਨਾ ਰਸਾਲਦਾਰ ਰਣਜੋਧ ਸਿੰਘ ਦਾ ਨਾਮ ਸੀ ਅਤੇ ਨਾ ਰਸਾਲਦਾਰ ਸੁੰਦਰ ਸਿੰਘ ਦਾ । ਪਰ ਦਸਖਤ ਇਸ ਤੇ ਪੰਝੀਆਂ ਦੇ ਹੋਣ ਦਾ ਦਾਅਵਾ ਕੀਤਾ ਗਿਆ ਸੀ । ਮਾਸਟਰ ਤਾਰਾ ਸਿੰਘ ਜੀ ਸਹਿਮਤ ਤਾਂ ਇਹਨਾਂ ਨਾਲ ਸਨ, ਪਰ ਦਸਖਤ ਕਰਨ ਵਿਚ ਸ਼ਾਮਲ ਨਹੀਂ ਸਨ ਹੋਏ । ਛੇਆਂ ਸਜਣਾਂ ਨੇ ਵਖਰਾ ਨੋਟ ਲਿਖ ਕੇ ਦਿੱਤਾ ਸੀ[1] । ਇਹ ਨਾਮਿਲਵਰਤਨੀਏ ਸਨ । ਦੋਂਹ ਨਾਮਿਲਵਰਤਨੀਆਂ, ਗੋਪਾਲ ਸਿੰਘ ਕੌਮੀ ਤੇ ਸਰਮੁਖ ਸਿੰਘ ਝਬਾਲ ਨੇ ਕੋਈ ਨੋਟ ਨਹੀਂ ਸੀ ਲਿਖਕੇ ਘਲਿਆ । ਤੇਜਾ ਸਿੰਘ ਚੂਹੜਕਾਣਾ ਨੇ ਆਪਣਾ ਵਖਰਾ ਨੋਟ ਘੱਲਿਆ ਸੀ ।[2]

ਇਹ ਨੋਟ ਘਲਣ ਦੀ ਉਚੇਚੀ ਲੋੜ ਇਸ ਲਈ ਪਈ ਸੀ ਕਿ ਬਾਹਰ ਵਾਲੇ ਸ਼੍ਰੋਮਣੀ ਕਮੇਟੀ ਦੇ ਆਗੂ ਆਮ ਸ਼ਿਕਾਇਤ ਕਰਦੇ ਸਨ ਕਿ ਕਿਲ੍ਹੇ ਦੀ ਲੀਡਰਸ਼ਿਪ ਉਹਨਾਂ ਨੂੰ ਆਜ਼ਾਦਾਨਾ ਕੋਈ ਫੈਸਲੇ ਨਹੀਂ ਲੈਣ ਦੇਂਦੀ ਅਤੇ ਕੀਤੇ ਹੋਏ ਫੈਸਲਿਆਂ ਨੂੰ ਉਲਟਾ ਦੇਂਦੀ ਹੈ । ਇਸ ਦਖਲ ਦੇ ਖਿਲਾਫ ਰੋਸ ਵਜੋਂ ਸ: ਅਮਰ ਸਿੰਘ ਝਬਾਲ ਨੇ ਕਮੇਟੀ ਵਿਚੋਂ ਅਸਤੀਫ਼ਾ ਦੇ ਦਿੱਤਾ ਸੀ । ਇਹ ਨੋਟ ਅੰਦਰਲਾ ਦਖਲ ਛੱਡ ਦੇਣ ਵਜੋਂ ਲਿਖਿਆ ਗਿਆ ਸੀ । ਪਰ ਇਸ ਨੋਟ ਤੇ ਸ: ਮਹਿਤਾਬ ਸਿੰਘ ਜੀ ਅਤੇ ਉਹਨਾਂ ਦੇ ਹਮ-ਖਿਆਲ ਸਜਣ ਬਾਹਲਾ ਚਿਰ ਨਾ ਕਾਇਮ ਰਹਿ ਸਕੇ ।

ਅੰਗਰੇਜ਼ ਅਫਸਰ ਅਕਾਲੀ ਆਗੂਆਂ, ਖਾਸ ਕਰ, ਸ: ਮਹਿਤਾਬ ਸਿੰਘ ਦੀ ਹਾਥ ਲੈਣ ਲਈ ਕਿਲ੍ਹੇ ਵਿਚ ਆ-ਆ ਉਹਨਾਂ ਨਾਲ ਮੁਲਾਕਾਤਾਂ ਕਰਦੇ ਸਨ ਅਤੇ ਸ਼ਰਤਾਂ ਮੰਨ ਲੈਣ ਦੀ ਪਰੇਰਨਾ ਕਰਦੇ ਸਨ । ਮੁਕੱਦਮੇ ਦਾ ਸਰਕਾਰੀ ਵਕੀਲ ਪੈਟਮੈਨ ਇਹਨਾਂ ਅਕਾਲੀ ਆਗੂਆਂ ਦੀ ਨਬਜ਼ ਦੀ ਹਰਾਰਤ ਹੇਠਾਂ ਉਤੇ ਹੁੰਦੀ ਰੋਜ਼ ਵੇਖਦਾ ਸੀ ਅਤੇ ਉਸ ਦਾ ਮਦਦਗਾਰ ਵਕੀਲ ਜਵਾਲਾ ਪਰਸ਼ਾਦ ਡੀ. ਸੀ. ਲਾਹੌਰ ਤੇ ਹੋਰ ਅਫਸਰਾਂ ਨਾਲ ਘਿਉ ਖਿਚੜੀ ਹੋਇਆ-ਹੋਇਆ ਸੀ ਅਤੇ ਉਹ ਸਭ ਰਿਪੋਰਟਾਂ ਅਫਸਰਾਂ ਨੂੰ ਦੇਂਦਾ ਸੀ । ਸ: ਮਹਿਤਾਬ ਸਿੰਘ ਦੇ ਕਈ ਇਕ ਸਰਕਾਰ ਨਾਲ ਸੰਬੰਧ ਰਖਣ ਵਾਲੇ ਆਦਮੀ ਮੁਲਾਕਾਤ ਲਈ ਆਉਂਦੇ ਸਨ ਜਿਹੜੇ ਇਹਨਾਂ ਮੁਲਾਕਾਤਾਂ ਦੀਆਂ ਰਿਪੋਰਟਾਂ ਮੁੜ ਕੇ ਅਫਸਰਾਂ ਨੂੰ ਦੇਂਦੇ ਸਨ । ਇਹਨਾਂ ਮੁਲਾਕਾਤਾਂ ਨੇ ਸਰਦਾਰ ਮਹਿਤਾਬ ਸਿੰਘ ਦੇ ਮਨ ਵਿਚ ਪਰੇਸ਼ਾਨੀ ਤੇ ਕਮਜ਼ੋਰੀ ਪੈਦਾ ਕਰ ਦਿੱਤੀ । ਅਤੇ ਉਹ ਸ਼ਰਤਾਂ ਮੰਨਣ ਵੱਲ ਦੇ ਰਾਹ ਨੂੰ ਤੁਰਨ ਲਗ ਪਏ ।

## 1. ਮੁਲਾਕਾਤਾਂ ਦਾ ਸਾਰ

ਸਰਕਾਰੀ ਵਕੀਲ ਪੈਟਮੈਨ ਨੇ ਪਹਿਲੋਂ ਗਵਰਨਰ ਨਾਲ ਮੁਲਾਕਾਤ ਕੀਤੀ ਅਤੇ ਫੇਰ ਸਰਦਾਰ ਬਹਾਦਰ ਨਾਲ । ਉਂਞ ਕਿਲ੍ਹੇ ਦੀ ਅਦਾਲਤ ਵਿਚ ਸਰਦਾਰ ਜੀ ਦੀ ਇਸ ਨਾਲ ਹਰ ਵੇਲੇ ਗੱਲਬਾਤ ਹੁੰਦੀ ਰਹਿੰਦੀ ਸੀ ਪਰ ਇਹ ਉਚੇਚੀ ਮੁਲਾਕਾਤ ਸੀ । ਪੈਟਮੈਨ ਨੇ ਗਵਰਨਰ ਦੀ ਪਾਲਿਸੀ ਨੂੰ ਇੰਨ ਬਿੰਨ ਬਿਆਨ ਕੀਤਾ, ਕਿਹਾ : ਗਵਰਨਰ ਜਾਣਦਾ ਹੈ ਕਿ ਇਹ ਸੁਧਾਰ ਕਮੇਟੀਆਂ

[1] Some Confidential Papers no. 77. pages 139 to 142.
[2] Some Confidential Papers no. 78. pages 142 to 144.

Digitized by Panjab Digital Library | www.panjabdigilib.org

ਕੀ ਚੀਜ਼ ਹਨ । **ਪਰ ਜਿੰਨਾ ਚਿਰ ਵਿਚਾਰ-ਸ਼ੀਲ ਤੇ ਸੁਲ੍ਹਾ ਚਾਹੁਣ ਵਾਲੇ ਨਾ ਸੁਲ੍ਹਾ ਚਾਹੁਣ ਵਾਲਿਆਂ ਨਾਲੋਂ—ਜਿਹੜੇ ਸਾਨੂੰ ਹਿੰਦੁਸਤਾਨ ਵਿਚੋਂ ਬਾਹਰ ਕਢ ਦੇਣਾ ਚਾਹੁੰਦੇ ਹਨ ਅਤੇ ਕੁਛ ਛੱਡਣ ਕੁਛ ਲੈਣ ਲਈ ਤਿਆਰ ਨਹੀਂ—ਆਪਣੇ ਆਪ ਨੂੰ ਨਿਖੇੜ ਨਹੀਂ ਲੈਂਦੇ, ਸਾਨੂੰ ਕੁਛ ਆਦਮੀ ਸਿਆਸਤਦਾਨਾਂ ਦੇ ਤੌਰ ਤੇ ਵਰਤਣੇ ਹੀ ਪੈਣਗੇ ।** (ਜ਼ੋਰ ਮੇਰਾ) ਅਸੀਂ ਆਪਣੀਆਂ ਅੱਖਾਂ ਤੇ ਹੱਥ ਬੰਦ ਕਰਕੇ ਬੈਠ ਨਹੀਂ ਸਕਦੇ ਅਤੇ ਹਾਲਾਤ ਨੂੰ ਹਥੋਂ ਨਿਕਲਣ ਦੀ ਆਗਿਆ ਨਹੀਂ ਦੇ ਸਕਦੇ ।[1]

14.7.25 ਨੂੰ ਸਰਦਾਰ ਜੀ ਨੂੰ ਮਿਸਟਰ ਲੈਂਗਲੇ ਕਮਿਸ਼ਨਰ ਲਾਹੌਰ ਡਿਵੀਜਨ ਮਿਲਣ ਲਈ ਆਇਆ । ਸਰਦਾਰ ਜੀ ਨੇ ਉਸ ਨੂੰ ਆਪਣਾ ਟਾਈਪ-ਹੋਇਆ ਨੋਟ ਵਿਖਾਇਆ ਜਿਸ ਵਿਚ ਲਿਖਿਆ ਸੀ ਕਿ ਸ਼ਰਤਾਂ ਮੰਨਣ ਨਾਲ ਬਿਲ ਮੰਨਣ ਵਾਲਿਆਂ ਤੇ ਹਮਾਇਤੀਆਂ ਦੀ ਹੇਠੀ ਹੋਵੇਗੀ । ਉਸ ਨੇ ਅਗੋਂ ਜਵਾਬ ਦਿਤਾ ਕਿ ਇਸ ਦੀ ਕੀ ਜ਼ਾਮਨੀ ਹੈ ਕਿ ਤੁਸੀਂ ਬਾਹਰ ਜਾ ਕੇ ਬਿਲ ਦੀ ਵਿਰੋਧਤਾ ਨਹੀਂ ਕਰੋਗੇ ? ਸਰਦਾਰ ਜੀ ਨੇ ਜਵਾਬ ਦਿਤਾ ਕਿ ਅਸਾਂ ਸ਼੍ਰੋਮਣੀ ਕਮੇਟੀ ਨੂੰ ਬਿਲ ਤੇ ਅਮਲ ਕਰਨ ਬਾਰੇ ਲਿਖ ਕੇ ਦਿਤਾ ਹੈ ਅਤੇ ਲੋੜ ਪੈਣ ਤੇ ਉਹਨਾਂ ਨੂੰ ਫੇਰ ਲਿਖ ਕੇ ਦੇ ਸਕਦੇ ਹਾਂ । ਉਸ ਨੇ ਗਵਰਨਰ ਨਾਲ ਗੱਲ ਕਰਨ ਦਾ ਵਾਅਦਾ ਕੀਤਾ ਅਤੇ ਆਖਿਆ : **ਮਕਸਦ ਸਿਰਫ ਉਹਨਾਂ ਨੂੰ ਜੇਹਲ ਵਿਚ ਰਖਣ ਦਾ ਹੈ, ਜਿਹੜੇ, ਗੁਰਦੁਆਰਾ ਬਿਲ ਤੋਂ ਵੱਖ, ਗੌਰਮਿੰਟ ਦੇ ਖਿਲਾਫ ਦੁਸ਼ਮਣੀ ਦੇ ਜਜ਼ਬੇ ਉਭਾਰਨਾ ਚਾਹੁੰਦੇ ਹਨ ਅਤੇ ਸੁਲ੍ਹਾ ਤੇ ਸਮਝੌਤੇ ਨੂੰ ਅਟਕਾਣਾ ਚਾਹੁੰਦੇ ਹਨ ।**[2] (ਜ਼ੋਰ ਮੇਰਾ)

ਡਿਪਟੀ ਕਮਿਸ਼ਨਰ ਲਾਹੌਰ ਮਿਸਟਰ ਉਗਲਵੀ ਸਰਦਾਰ ਜੀ ਨੂੰ 18.7.25 ਨੂੰ ਮਿਲਿਆ । ਉਸ ਨੇ ਅੱਧੇ ਘੰਟੇ ਲਈ ਸਰਦਾਰ ਜੀ ਨਾਲ ਅਤੇ ਹੋਰ ਅੱਧੇ ਘੰਟੇ ਲਈ ਦੋਹਾਂ, ਸਰਦਾਰ ਜੀ ਅਤੇ ਕਪਤਾਨ ਰਾਮ ਸਿੰਘ ਜੀ ਨਾਲ ਗਲਬਾਤ ਕੀਤੀ । ਉਸ ਨੇ ਸਰਦਾਰ ਜੀ ਨੂੰ ਜਿਰਹ ਕਰਦਿਆਂ ਪੁਛਿਆ ਕਿ ਚੋਣ ਜਿੱਤਣ ਦੇ ਤੁਹਾਡੇ ਇਰਾਦੇ ਤੇ ਵਿਚਾਰ ਕੀ ਹਨ ? ਉਸ ਨੇ ਡਰ ਪਰਗਟ ਕੀਤਾ ਕਿ ਜੇ ਨਾ-ਮਿਲਵਰਤਨੀਆਂ ਨੂੰ ਰਿਹਾ ਕਰ ਦਿਤਾ ਜਾਵੇ ਤਾਂ ਉਹ ਗੜਗਜ ਪਾਰਟੀ ਨਾਲ ਜਾ ਮਿਲਣਗੇ ਅਤੇ ਬਿਲ ਦੇ ਮਨੋਰਥ ਅਤੇ ਸੁਲ੍ਹਾ ਨੂੰ ਨੁਕਸਾਨ ਪਹੁੰਚਾਣਗੇ । "ਮੈਂ ਉਸਨੂੰ ਯਕੀਨ ਦੁਆਇਆ ਕਿ ਉਹ ਗੜਗਜ ਪਾਰਟੀ ਨਾਲ ਕਦੇ ਸ਼ਾਮਲ ਨਹੀਂ ਹੋਣਗੇ । ਅਸੀਂ ਬਹੁ-ਸੰਮਤੀ ਹਾਸਲ ਕਰਾਂਗੇ ਅਤੇ ਨਾ-ਮਿਲਵਰਤਨੀਏ ਸਾਡੇ ਵਲੋਂ ਬਿਲ ਦੇ ਅਮਲੀ ਜਾਮਾ ਪੁਆਏ ਜਾਣ ਦੀ ਵਿਰੋਧਤਾ ਨਹੀਂ ਕਰਨਗੇ ।......ਉਸ ਨੇ ਮੈਨੂੰ ਯਕੀਨ ਦੁਆਇਆ ਕਿ ਗੌਰਮਿੰਟ ਦਾ ਮਨੋਰਥ ਬਿਲ ਦੇ ਹਮਾਇਤੀਆਂ ਦੀ ਬੇਇਜ਼ਤੀ ਕਰਨਾ ਨਹੀਂ । ਮੈਂ ਜਵਾਬ ਦਿਤਾ, ਹੋ ਸਕਦਾ ਹੈ ਏਹੋ ਗੱਲ ਹੋਵੇ ਪਰ ਸਾਡੇ ਸ਼ਰਤ ਮੰਨਣ ਦਾ ਅਸਰ ਸਾਡੀ ਬੇਇਜ਼ਤੀ ਹੋਵੇਗਾ । ਉਸ ਨੇ ਪੁਛਿਆ ਕਿ **ਕੀ ਕੋਈ ਅਜੇਹਾ ਤਰੀਕਾ ਹੈ ਕਿ ਅਸੀਂ ਬਾਹਰ ਚਲੇ ਜਾਈਏ ਅਤੇ ਜਿਹੜੇ ਗੁਰਦੁਆਰਾ ਬਿਲ ਤੋਂ ਵੱਖ, ਗੌਰਮਿੰਟ ਦੇ ਵਿਰੋਧੀ ਹਨ, ਉਹ ਜੇਲ੍ਹ ਵਿਚ ਰਹਿਣ** ?" (ਜ਼ੋਰ ਮੇਰਾ) ਮੈਂ ਆਖਿਆ ਕਿ ਸਾਡੇ ਜਾਣ ਨਾਲ ਸਾਜ਼ਸ਼ ਦਾ ਕੇਸ ਹਾਸੋਹੀਣਾ ਬਣ ਜਾਏਗਾ ।

---

[1] Some Confidential Papers. no. 98, p. 158

[2] Some Confidential Papers. no. 100, p. 160 (Extract from his diary)

Digitized by Panjab Digital Library | www.panjabdigilib.org

ਕਪਤਾਨ ਰਾਮ ਸਿੰਘ ਨੇ ਉਸ ਤੇ ਇਹ ਅਸਰ ਪਾਣ ਲਈ ਜ਼ੋਰ ਲਾਇਆ ਕਿ 'ਨਾ-ਮਿਲਵਰਤਨੀਆਂ ਨੂੰ ਜੇਲ੍ਹ ਅੰਦਰ ਰੱਖਕੇ ਤੁਸੀਂ ਉਹਨਾਂ ਨੂੰ ਆਗੂ ਬਣਾ ਦਿਓਗੇ ਅਤੇ ਸਾਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਗਿਰਾ ਦਿਓਗੇ।' ਇਹ ਜੋਖ ਪਰਖ ਠੀਕ ਸੀ।

ਸ. ਮਹਿਤਾਬ ਸਿੰਘ ਨੇ ਆਪਣੀ ਡਾਇਰੀ ਦੇ ਇਸ ਨੋਟ ਵਿਚ ਇਹ ਵੀ ਵਿਚਾਰ ਕੀਤੀ ਹੈ ਕਿ ਉਸ ਨੂੰ ਸ਼ਰਤਾਂ ਦੇ ਦੇਣੀਆਂ ਚਾਹੀਦੀਆਂ ਹਨ ਜਾਂ ਨਹੀਂ। "ਫਰਜ਼ ਕਰੋ ਕਿ ਮੈਂ ਸ਼ਰਤਾਂ ਦੇਣਾ ਪਰਵਾਨ ਕਰ ਲੈਂਦਾ ਹਾਂ। ਕਿਉਂਕਿ ਮੈਂ ਕਾਨੂੰਨ ਦਾ ਪੱਕਾ ਹਮਾਇਤੀ ਹਾਂ। ਮੈਂ ਅੱਡ ਹੋ ਕੇ ਨਹੀਂ ਬੈਠ ਸਕਦਾ। ਮੈਨੂੰ ਆਪਣੇ ਪੰਥ ਦੀ ਇਸ ਦੇ ਪਰਵਾਨ ਕਰ ਲੈਣ ਲਈ ਮਦਦ ਕਰਨੀ ਪਏਗੀ। ਜਿਉਂ ਹੀ ਮੈਂ ਆਪਣਾ ਮੂੰਹ ਖੋਲ੍ਹਾਂਗਾ ਅਤੇ ਕੋਈ ਸ਼ਬਦ ਬਿਲ ਦੇ ਹੱਕ ਵਿਚ ਬੋਲਾਂਗਾ। ਓਸੇ ਵੇਲੇ ਸਰੋਤਿਆਂ ਵਿਚੋਂ ਆਵਾਜ਼ ਉਠੇਗੀ: 'ਮਹਿਤਾਬ ਸਿੰਘ, ਬਿਲਾ ਸ਼ੁਬ੍ਹਾ, ਤੁਸਾਂ ਕੁਰਬਾਨੀਆਂ ਕੀਤੀਆਂ ਹਨ ਅਤੇ ਗੁਰਦੁਆਰਾ ਸੁਧਾਰ ਦੇ ਨਿਸ਼ਾਨੇ ਲਈ ਮੁਸੀਬਤਾਂ ਉਠਾਈਆਂ ਹਨ। ਪਰ ਬਿਲ ਦੀ ਹਮਾਇਤ ਕਰਕੇ ਤੁਸੀਂ ਆਪਣੀ ਰਿਹਾਈ ਦੀ ਸ਼ਰਤ ਪੂਰੀ ਕਰ ਰਹੇ ਹੋ, ਕਿਸੇ ਬੇਗਰਜ਼ ਪੁਰਖ ਨੂੰ ਉਠ ਕੇ ਸਾਨੂੰ ਮਸ਼ਵਰਾ ਦੇਣ ਦਿਓ।' ਉਸ ਵੇਲੇ ਕੀ ਪੁਜ਼ੀਸ਼ਨ ਹੋਵੇਗੀ? ਮੇਰੀ ਗੈਰ ਜ਼ਰੂਰੀ ਤੌਰ ਤੇ ਬੇਇਜ਼ਤੀ ਹੋ ਜਾਏਗੀ ਅਤੇ ਮੇਰੀ ਹਮਾਇਤ ਬਿਲ ਨੂੰ ਨੁਕਸਾਨ ਪਹੁੰਚਾਏਗੀ...।"

ਬੜੀ ਡੂੰਘੀ ਸੋਚ ਵਿਚਾਰ ਪਿਛੋਂ ਮੈਂ ਆਪਣਾ ਫੈਸਲਾ ਕਰ ਲਿਆ ਹੈ। **ਘੱਟ ਘੱਟ, ਇਸ ਵੇਲੇ** ਮੈਂ ਸ਼ਰਤਾਂ ਉਤੇ ਦਸਖਤ ਨਹੀਂ ਕਰਦਾ ਅਤੇ ਓਨਾ ਚਿਰ ਜੇਲ੍ਹ ਵਿਚ ਰਹਾਂਗਾ ਜਿੰਨਾ ਚਿਰ ਅਦਾਲਤ ਮੈਨੂੰ ਰਖੇਗੀ......ਹਾਂ, ਜੇ ਸ਼੍ਰੋਮਣੀ ਕਮੇਟੀ ਕਿਸੇ ਵਕਤ ਖਿਆਲ ਕਰਦੀ ਹੈ ਕਿ ਪੰਥ ਦੀ ਬਿਹਤਰੀ ਲਈ ਆਪਾ-ਸਤਕਾਰ ਅਤੇ ਇਨਸਾਨੀ ਸ਼ਾਨ ਦੀ ਕੁਰਬਾਨੀ ਦੀ ਲੋੜ ਹੈ ਮੈਂ ਉਸ ਦਾ ਹੁਕਮ ਮੰਨ ਲਵਾਂਗਾ ਅਤੇ ਉਸ ਦੀ ਖਾਹਸ਼ ਨੂੰ ਅਮਲ ਵਿਚ ਲਿਆਵਾਂਗਾ......ਇਹ ਮੇਰੀ ਜ਼ਾਤੀ ਤੇ ਵਿਅਕਤੀਗਤ ਰਾਏ ਹੈ, ਮੈਂ ਕਿਸੇ ਸਾਥੀ ਨਾਲ ਮਸ਼ਵਰਾ ਨਹੀਂ ਕੀਤਾ।[1] (ਮਹਿਤਾਬ ਸਿੰਘ—19 ਜੁਲਾਈ 1925)

ਉਤੇ ਅਸਾਂ ਸ: ਮਹਿਤਾਬ ਸਿੰਘ, ਪਰਧਾਨ ਸ਼੍ਰੋਮਣੀ ਕਮੇਟੀ ਦੇ ਉਹ ਵਿਚਾਰ ਦਿੱਤੇ ਹਨ ਜਿਹੜੇ ਉਹਨਾਂ ਦੀ ਆਪਣੀ ਡਾਇਰੀ ਵਿਚ ਆਪਣੇ ਦਸਖਤਾਂ ਹੇਠ ਦਰਜ ਹਨ। ਉਹਨਾ ਦਾ ਸ਼ਰਤਾਂ ਮੰਨ ਕੇ ਬਾਹਰ ਜਾਣ ਦਾ ਜੋ ਨਤੀਜਾ ਨਿਕਲ ਸਕਦਾ ਸੀ, ਉਸ ਦਾ ਵਿਸ਼ਲੇਸ਼ਣ ਉਹਨਾ ਦਰੁਸਤ ਕੀਤਾ ਸੀ। ਇਸ ਤੋਂ ਪੱਕਾ ਨਤੀਜਾ ਏਹੋ ਹੀ ਨਿਕਲ ਸਕਦਾ ਸੀ ਕਿ ਉਹਨਾਂ ਵਲੋਂ ਸ਼ਰਤਾਂ ਕਿਸੇ ਸੂਰਤ ਵਿਚ ਵੀ ਨਹੀਂ ਦਿੱਤੀਆਂ ਜਾਣਗੀਆਂ। ਪਰ ਉਹਨਾ ਦਾ ਇਹ ਦਿਰੜ ਨਤੀਜਾ ਨਹੀਂ ਸੀ। ਉਹਨਾ ਇਸ ਨਤੀਜੇ ਦੇ ਉਲਟ ਕੰਮ ਕਰਨ ਲਈ, 'ਘੱਟੋ ਘੱਟ, ਇਸ ਵੇਲੇ' ਦੇ ਸ਼ਬਦ ਵਰਤ ਕੇ ਅਤੇ ਸ਼੍ਰੋਮਣੀ ਕਮੇਟੀ ਵਲੋਂ ਆਪਾ-ਸਤਕਾਰ ਦੀ ਕੁਰਬਾਨੀ ਦੀ ਅਨਹੋਣੀ ਤੇ ਹਾਸੋ-ਹੀਣੀ ਮੰਗ ਦਾ ਖਿਆਲੀ ਅਧਾਰ ਬਣਾ ਕੇ ਕਿਸੇ ਵਕਤ ਸ਼ਰਤਾਂ ਮੰਨ ਕੇ ਬਾਹਰ ਜਾਣ ਲਈ ਰਾਹ ਰੱਖ ਲਿਆ ਸੀ।

ਅੰਗਰੇਜ਼ ਅਫਸਰਾਂ ਦੀਆਂ ਉਤਲੀਆਂ ਗੱਲਾਂਬਾਤਾਂ ਤੋਂ ਸਾਫ ਜ਼ਾਹਰ ਹੈ ਕਿ ਗੌਰਮਿੰਟ ਨਾ ਮਿਲਵਰਤਨੀਆਂ ਤੇ ਗਰਮ ਖਿਆਲੀਆਂ ਨੂੰ ਨਹੀਂ ਸੀ ਛੱਡਣਾ ਚਾਹੁੰਦੀ। ਸਿਰਫ ਉਹਨਾਂ ਨੂੰ ਛੱਡਣਾ ਚਾਹੁੰਦੀ ਸੀ ਜਿਹੜੇ ਮਿਲਵਰਤਨੀਏ ਅਤੇ 'ਕਾਨੂੰਨ ਦੇ ਪੱਕੇ ਹਮਾਇਤੀ' ਸਨ। ਹੇਲੀ ਦੀ ਏਹੋ ਹੀ ਪਾਲਿਸੀ ਸੀ। ਉਹ ਸੁਲ੍ਹਾ-ਵਾਲਿਆਂ ਤੇ ਨਾ ਸੁਲ੍ਹਾ-ਵਾਲਿਆਂ ਵਿਚ ਵੱਖਰੇਵਾਂ ਕਰ ਰਿਹਾ

[1] ਉਪਰੋਕਤ ਹੀ, ਨੰਬਰ 100, ਸਫ਼ੇ 159 ਤੋਂ 163 ਤਕ।

Digitized by Panjab Digital Library | www.panjabdigilib.org

ਸੀ ਅਤੇ "ਨਾ-ਸੁਲ੍ਹਾ-ਵਾਲਿਆਂ ਨੂੰ ਛੱਡਣ ਦੀ ਕੋਈ ਖਾਹਸ਼ ਨਹੀਂ ਸੀ ਰੱਖਦਾ" ਅਤੇ "ਸੁਲ੍ਹਾ-ਵਾਲਿਆਂ ਦੀ, ਜਿਹੜੇ ਗੁਰਦੁਆਰਾ ਬਿਲ ਨੂੰ ਅਮਲ ਵਿਚ ਲਿਆਉਣ ਲਈ ਮਜ਼ਬੂਤ ਪਾਰਟੀ ਬਨਾਉਣਾ ਚਾਹੁੰਦਾ ਸੀ।"[1] ਏਹੋ ਹੀ ਖਬਰ ਅਕਾਲੀ ਤੇ ਪ੍ਰਦੇਸੀ ਨੂੰ ਆਪਣੇ ਪੱਤਰਕਾਰ ਰਾਹੀਂ ਸ਼ਿਮਲੇ ਤੋਂ ਮਿਲੀ ਸੀ। ਗੌਰਮਿੰਟ ਜੇਲ੍ਹ ਵਾਲਿਆਂ ਦਾ ਵੱਤ-ਵਤੀਰਾ ਵੇਖ ਰਹੀ ਸੀ। "ਸਰਕਾਰ ਕੋਈ ਐਸਾ ਢੰਗ ਕੱਢੇਗੀ ਜਿਸ ਨਾਲ ਕੁਛ ਮਾਡਰੇਟ ਲੋਕ ਤਾਂ ਬਾਹਰ ਆ ਜਾਣ ਪਰ ਬਾਕੀ ਗਰਮ ਖਿਆਲੀਏ ਲੋਕ ਨਾ ਆਉਣ। ਸਰਦਾਰ ਖੜਕ ਸਿੰਘ ਜੀ ਦੀ ਰਿਹਾਈ ਤੋਂ ਸਰਕਾਰ ਬਹੁਤ ਘਬਰਾਉਂਦੀ ਹੈ।"[2]

## 2. ਧੜੇ ਬੰਦੀ ਦੀ ਸ਼ੁਰੂਆਤ

ਗੌਰਮਿੰਟ ਨੇ ਕਿਲ੍ਹੇ ਦੇ 'ਸਾਜ਼ਸ਼ੀਆਂ' ਨੂੰ ਚੰਗੀ ਤਰ੍ਹਾਂ ਟੋਹ-ਜੋਹ ਲਿਆ ਸੀ। ਉਹਨਾਂ ਵਿਚੋਂ ਮਿਲਵਰਤਣੀਏ ਬਾਹਰ ਜਾਣ-ਨਿਕਲਣ ਲਈ ਬੜੇ ਉਤਾਵਲੇ ਹੀ ਨਹੀਂ, ਬੇਸਬਰੇ ਹੀ ਹੋ ਗਏ ਸਨ। ਉਹਨਾਂ ਵਿਚੋਂ ਕੁਛ ਦੇ ਬਾਹਰ ਬਿਆਨ ਛਪ ਰਹੇ ਸਨ। "ਗੌਰਮਿੰਟ ਨੇ ਜਿਹੜੀ ਨਰਮ ਪਾਲਿਸੀ ਬਿਲ ਦੇ ਪਾਸ ਕਰਨ ਵਿਚ ਵਿਖਾਈ ਹੈ; ਉਸ ਦਾ ਉੱਤਰ ਸਾਡੀ ਵਲੋਂ ਵੀ ਨਰਮ ਹੀ ਹੋਣਾ ਜ਼ਰੂਰੀ ਹੈ।"[3] ਰਿਸਾਲਦਾਰ ਸੁੰਦਰ ਸਿੰਘ ਸਭ ਤੋਂ ਮੋਹਰੇ ਜਾਣ ਲਈ ਬੜਾ ਕਾਹਲਾ ਬੈਠਾ ਸੀ। ਭਾਵੇਂ ਕਿਲ੍ਹੇ-ਬੰਦ ਆਗੂਆਂ ਨੇ ਇਕ ਮਤਾ ਵੀ ਪਾਸ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਕੈਦੀਆਂ ਦੀ ਰਿਹਾਈ ਦੇ ਸਵਾਲ ਦਾ ਕੋਈ ਖਿਆਲ ਨਾ ਕਰੇ, ਉਹ ਗੁਰਦੁਆਰਾ ਬਿਲ ਉਤੇ ਅਮਲ ਕਰੇ। ਪਰ ਹੁਣ ਉਹ ਇਸ ਮਤੇ ਨੂੰ ਵੀ ਪਿੱਠ ਦੇਣ ਨੂੰ ਤਿਆਰ ਬੈਠੇ ਸਨ।

ਸ: ਬਹਾਦਰ ਮਹਿਤਾਬ ਸਿੰਘ ਦਾ ਧੜਾ ਸ਼ਰਤਾਂ ਮੰਨਣ ਨੂੰ ਤਿਆਰ ਹੋ ਗਿਆ ਸੀ। ਇਸ ਤੇ ਬਾਕੀ ਦੇ ਸੱਜਣਾਂ ਵਲੋਂ ਬੜੇ ਯਤਨ ਕੀਤੇ ਗਏ ਕਿ ਉਹ ਸ਼ਰਤਾਂ ਦੀ ਲੀਹੇ ਨਾ ਪੈਣ। ਕਿਲ੍ਹੇ ਦੇ ਅੰਦਰ ਇਸ ਦੀ ਬੜੀ ਚਰਚਾ ਹੋਈ। ਭਾਗ ਸਿੰਘ ਵਕੀਲ ਨੇ ਕਮੇਟੀ ਨੂੰ ਲਿਖ ਕੇ ਭੇਜਿਆ ਕਿ ਤਜਵੀਜ਼ ਕੀਤੇ ਏਲਾਨ ਦਾ (ਅਦਾਲਤ ਵਿਚ) ਕਰਨਾ "ਸ਼ਾਨ-ਵਿਰੁੱਧ, ਹੇਠੀ ਭਰਿਆ ਅਤੇ ਬੇਲੋੜਾ" ਹੈ। ਜਦੋਂ ਸਾਰਾ ਪੰਥ ਸ਼ਰਤ-ਦਾਰ ਰਿਹਾਈਆਂ ਦੀ ਨਿਖੇਧੀ ਕਰ ਚੁੱਕਾ ਹੈ ਤਾਂ ਸ਼ਰਤ-ਦਾਰ ਰਿਹਾਈਆਂ ਸਮੁੱਚੀ ਸਿੱਖ ਜਾਤੀ ਨੂੰ ਪਰੇਸ਼ਾਨ ਕਰਨਗੀਆਂ ਅਤੇ ਇਸ ਨਾਜ਼ਕ ਵਕਤ ਇਸ ਦੀ ਪੁਜ਼ੀਸ਼ਨ ਨੂੰ ਹਾਸੋ-ਹੀਣਾ ਬਣਾਉਣਗੀਆਂ। ਅਦਾਲਤ ਏਹੋ ਜੇਹੇ ਬਿਆਨ ਲਈ ਕੋਈ ਚੰਗੀ ਥਾਂ ਨਹੀਂ। "ਸਾਡੀ ਮਹਾਨ ਜਾਤੀ ਦੇ ਨੁਮਾਇੰਦਿਆਂ ਲਈ ਮੈਂ ਇਸ ਕਾਰਵਾਈ ਨੂੰ ਹੇਠੀ-ਭਰਿਆ ਸਮਝਦਾ ਹਾਂ।"[4]

ਇਹ 19 'ਸਾਜ਼ਸ਼ ਵਾਲੇ' ਆਗੂ ਸਨ ਜਿਹੜੇ' ਸ਼ਰਤਾਂ ਦੇਣ ਲਈ ਤੁੱਲੇ ਹੋਏ ਸਨ। ਹੋਰਨਾਂ ਤੋਂ ਛੁੱਟ, ਸ: ਤੇਜਾ ਸਿੰਘ ਸਮੁੰਦਰੀ ਨੇ ਇਹਨਾਂ ਨੂੰ ਸੁਝਾਅ ਦਿੱਤਾ ਕਿ ਉਹ ਦੋ ਤਿੰਨ

---

[1] From Hailey to Muddiman, 4. 7. 1925.

[2] ਅਕਾਲੀ ਤੇ ਪ੍ਰਦੇਸੀ—16 ਅਕਤੂਬਰ 1925—ਸਫ਼ਾ 6.

[3] ਅਕਾਲੀ ਤੇ ਪ੍ਰਦੇਸੀ—4 ਅਕਤੂਬਰ (ਪਹਿਲਾ ਸਫ਼ਾ—ਗਿਆਨੀ ਸ਼ੇਰ ਸਿੰਘ ਤੇ ਭਗਤ ਜਸਵੰਤ ਸਿੰਘ ਦੀ ਰਾਵਲ ਪਿੰਡੀ ਵਿਚ ਸ਼ਹਾਦਤ ਦੇਣ ਗਿਆਂ ਦੀ ਗੱਲਬਾਤ)

[4] Some Confidential Papers—no. 102. pages from 163 to 165

Digitized by Panjab Digital Library | www.panjabdigilib.org

ਮਹੀਨੇ ਹੋਰ ਸਬਰ ਕਰਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੂੰ ਝਟ ਪਟ ਇਹ ਏਲਾਨ ਕਰਨ ਲਈ ਆਖਿਆ ਜਾਵੇ ਕਿ ਸਿੱਖ ਗੁਰ: ਐਕਟ ਉਤੇ ਸਮੁੱਚੀ ਸਿੱਖ ਜਾਤੀ ਪੂਰੇ ਜ਼ੋਰ ਨਾਲ ਅਮਲ ਕਰੇ। ਪਰ ਜਦੋਂ ਸਬਰ ਦਾ ਕੜ ਟੁੱਟ ਜਾਵੇ ਤਾਂ ਸਬਰ ਕਰਨ ਦੀ ਸਭ ਸਿੱਖਿਆ ਬੇਅਸਰ ਹੋ ਜਾਂਦੀ ਹੈ। ਇਹਨਾਂ ਨੇ ਇਸ ਮਹਾਨ ਆਗੂ ਦੀ ਗੱਲ ਵੀ ਸੁਣੀ ਅਣਸੁਣੀ ਕਰ ਛੱਡੀ।

ਨਾ ਮਿਲਵਰਤਨੀਆਂ ਬੜਾ ਜ਼ੋਰ ਲਾਇਆ ਕਿ ਜਿਹੜਾ ਕਦਮ 19 ਅਕਾਲੀ ਆਗੂ ਚੁੱਕੇ ਰਹੇ ਹਨ ਉਹ "ਪੰਥ ਦੇ ਭਲੇ ਲਈ ਬੜਾ ਖਤਰਨਾਕ ਹੈ; ਇਹ ਸਾਡੇ ਕੈਂਪ ਵਿਚ ਫੁਟ ਪਾ ਦੇਵੇਗਾ। ਗੌਰਮਿੰਟ ਦਾ ਹੱਥ ਸਾਡੇ ਕੁਚਲਨ ਲਈ ਮਜ਼ਬੂਤ ਹੋ ਜਾਇਗਾ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਲਈ ਏਹੋ ਵਕਤ ਹੈ ਕਿ ਉਹ ਸੋਚਿਆ-ਸਮਝਿਆ ਮਜ਼ਬੂਤ ਕਦਮ ਚੁੱਕ ਕੇ ਸਥਿਤੀ ਨੂੰ ਬਚਾਉਣ।"[1] ਪਰ ਜਿਨ੍ਹਾਂ ਨੇ ਸ: ਤੇਜਾ ਸਿੰਘ ਸਮੁੰਦਰੀ ਜੇਹੇ ਬੀਬੇ, ਸੁਲਝੇ-ਹੋਏ ਤੇ ਸੁਲ੍ਹਾ-ਕੁਨ ਆਗੂ ਦੀ ਗੱਲ ਨਹੀਂ ਸੀ ਮੰਨੀ ਉਹ ਨਾ-ਮਿਲਵਰਤਨੀਆਂ ਤੇ ਗਰਮ-ਖਿਆਲੀਆਂ ਦੀ ਚੰਗੀ ਤੇ ਅਣਖੀਲੀ ਸਲਾਹ ਕਿਵੇਂ ਮੰਨ ਸਕਦੇ ਸਨ? ਉਹ ਤਾਂ ਉਹਨਾਂ ਨੂੰ ਪਹਿਲੋਂ ਹੀ ਆਪਣਾ ਮਿੱਤਰ ਸਮਝਣੋਂ ਹਟ ਗਏ ਸਨ।

ਇਹਨਾਂ ਦੇ ਸਾਹਸ-ਹੀਨ ਹੋ ਜਾਣ ਦਾ ਕਾਰਣ ਕੁਛ ਚਿਰਾਂ ਤੋਂ ਬਾਹਰੋਂ ਆ ਰਹੀਆਂ ਗਲਤ ਰਿਪੋਰਟਾਂ ਸਨ। ਜਿਵੇਂ ਬਾਹਰ ਜਥਿਆਂ ਵਿਚ ਭੇਜਣ ਲਈ ਆਦਮੀ ਨਹੀਂ ਮਿਲ ਰਹੇ ਹਨ।[2] ਅਕਾਲੀ ਦਲ ਨਾ-ਮਿਲਵਰਤਨ ਕਰ ਰਿਹਾ ਹੈ। ਰੁਪਿਆ ਪੈਸਾ ਕੋਈ ਨਹੀਂ ਹੈ। ਹਾਲਾਤ ਮਾੜੀ ਹੁੰਦੀ ਜਾਂਦੀ ਹੈ, ਵਗੈਰਾ। ਇਹ ਰਿਪੋਰਟਾਂ ਘੱਲਣ ਵਾਲੇ ਸ: ਅਰਜਨ ਸਿੰਘ, ਸ: ਰਾਜਾ ਸਿੰਘ, ਮਾਸਟਰ ਦੌਲਤ ਸਿੰਘ ਵਗੈਰਾ ਸਨ ਜਿਹੜੇ ਗਲ ਪਿਆ ਢੋਲ ਵਜਾ ਰਹੇ ਸਨ ਅਤੇ ਜਿੰਨੀ ਛੇਤੀ ਹੋ ਸਕੇ ਢੋਲ ਗਲੋਂ ਲਾਹੁਣਾ ਚਾਹੁੰਦੇ ਸਨ। ਇਹ ਸਾਰੇ ਮਿਲਵਰਤਨੀਏ ਸਨ ਅਤੇ ਕਾਨੂੰਨ ਦੇ ਪੱਕੇ ਹਾਮੀ।

ਇਹਨਾਂ ਰਿਪੋਰਟਾਂ ਦੇ ਕਾਰਣ ਮਿਲਵਰਤਨੀਆਂ ਵਿਚ ਬੜੀ ਹਲਚਲ ਤੇ ਭਾਜੜ ਮਚੀ ਹੋਈ ਸੀ। ਉਹਨਾਂ ਨੂੰ 'ਬੜਾ ਰੰਜ' ਹੋਇਆ ਸੀ ਕਿ "ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਆਪਸੀ ਰਿਸ਼ਤੇ ਖੁਸ਼-ਗੁਆਰ ਨਹੀਂ ਹਨ। ਇਹ ਵਾਕਈ ਬੜੀ ਬਦਕਿਸਮਤੀ ਹੈ ਕਿ ਜਦ ਦੁਸ਼ਮਨ ਕੌਮ ਨੂੰ ਤਬਾਹ ਕਰਨ ਦੀ ਫਿਕਰ ਵਿਚ ਹੈ, ਸਾਡੇ ਘਰ ਦੇ ਹਾਲਾਤ ਏਹੋ ਜੇਹੇ ਹੋਣ। ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਛੋਟੀ ਤੋਂ ਛੋਟੀ ਗੱਲ ਵੀ ਦੁਸ਼ਮਣ ਨੂੰ ਪਹੁੰਚਦੀ ਰਹਿੰਦੀ ਹੈ ਅਤੇ ਇਸ ਤਰ੍ਹਾਂ ਦੇ ਆਪਸੀ ਝਗੜੇ ਤੇ ਰਿਸ਼ਤੇ ਉਸ ਨੂੰ ਤਸੱਲੀ ਦੇਂਦੇ ਹਨ ਕਿ ਉਸ ਦੀ ਸਖਤੀ ਤੇ ਦਬਾਅ ਦੀ ਪਾਲਿਸੀ ਕਾਮਯਾਬ ਹੋ ਰਹੀ ਹੈ ਅਤੇ ਸਾਡਾ ਘਰ ਤਬਾਹ ਹੋਣ ਨੂੰ ਤਿਆਰ ਹੈ। ਜਿਸ ਤਰ੍ਹਾਂ ਵੀ ਹੋ ਸਕੇ ਤੁਸੀਂ ਕੋਸ਼ਿਸ਼ ਕਰੋ ਕਿ ਜੇ ਘਰ ਵਿਚ ਗੜਬੜ ਵੀ ਹੈ ਤਾਂ ਦੁਨੀਆਂ ਤੇ ਦੁਸ਼ਮਨ ਨੂੰ ਪਤਾ ਨਾ ਲੱਗ ਸਕੇ। ਸ: ਮੰਗਲ ਸਿੰਘ ਜੀ ਨੂੰ ਕਹੋ ਕਿ ਉਹ ਸ: ਅਮਰ ਸਿੰਘ ਝਬਾਲ ਕੋਲ ਦਰਖਾਸਤ ਕਰਨ ਕਿ ਉਹ ਆਪਣਾ ਅਕਾਲੀ ਦਲ ਵਿਚ ਰਸੂਖ ਵਰਤ ਕੇ ਅਤੇ ਜਿਸ ਕਿਸੇ ਵਿਚ ਵੀ ਕੋਈ ਨੁਕਸ ਹੋਵੇ, ਉਸ ਨੂੰ ਦੂਰ ਕਰ ਕੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਚੰਗੇ ਤਅੱਲਕ ਕਾਇਮ ਕਰਨ। ਸ: ਮੰਗਲ ਸਿੰਘ ਵੀ ਆਪਣੇ ਵਲੋਂ ਇਸ ਮਾਮਲੇ ਵਿਚ ਪੂਰੀ ਕੋਸ਼ਿਸ਼ ਕਰਨ। ਦੋਹਾਂ ਵਿਚਕਾਰ ਸੁਖਾਵੇਂ ਹਾਲਾਤ ਉਤੇ ਹੀ ਸਾਡੀ ਸਫਲਤਾ ਦਾ ਨਿਰਭਰ ਹੈ।"[3]

[1] Some Confidential Papers—no. 103. pages 166-167.

[2] Some Confidential Papers—no. 156 page 237.

[3] Some Confidential Papers—no. 170. pages 269-70.

Digitized by Panjab Digital Library | www.panjabdigilib.org

ਕਿਲ੍ਹੇ ਵਾਲਿਆਂ ਦੀ ਉਤਲੀ ਏਕੇ ਤੇ ਸਭਨਾਂ ਨੂੰ ਨਾਲ ਮਿਲਾ ਕੇ ਚੱਲਣ ਦੀ ਅਪੀਲ ਚੰਗੀ ਸੀ। ਸ੍ਰੋਮਣੀ ਅਕਾਲੀ ਦਲ ਦਾ ਨਾਰਾਜ਼ ਹੋ ਜਾਣਾ—ਭਾਵੇਂ ਉਹ ਸ: ਅਰਜਨ ਸਿੰਘ, ਰਾਜ਼ਾ ਸਿੰਘ, ਦੌਲਤ ਸਿੰਘ ਦੀ ਨਰਮ ਤੇ ਸਰਕਾਰ-ਮੁੱਖੀ ਪਾਲਿਸੀ ਦੇ ਕਾਰਣ ਹੀ ਹੋਵੇ—ਮਨੋਰਥ ਨੂੰ ਸੱਟ ਮਾਰਦਾ ਤੇ ਨੁਕਸਾਨ ਪਹੁੰਚਾਉਂਦਾ ਸੀ। ਜੇ ਕਿਲ੍ਹੇ ਦੇ ਆਗੂ ਖੁਦ ਵੀ ਇਸ ਏਕੇ ਤੇ ਪਰਸਪਰ ਮਿਲਵਰਤਨ ਤੇ ਅਮਲ ਕਰਦੇ ਰਹਿੰਦੇ ਤਾਂ ਇਹ ਫੁਟ ਨਾ ਪੈਂਦੀ ਅਤੇ ਗੁਰਦੁਆਰਿਆਂ ਦੇ ਧਾਰਮਕ ਮਾਮਲੇ ਵਿਚ ਸ਼ਾਇਦ ਧੜੇਬੰਦੀ ਤੇ ਫੁਟ ਪੈਣ ਦੀ ਸੰਭਾਵਨਾ ਹੀ ਪੈਦਾ ਨਾ ਹੁੰਦੀ।

ਰੁਪਏ ਇਕੱਠੇ ਕਰਨ ਬਾਰੇ ਅੰਦਰੋਂ ਇਹ ਸਲਾਹ ਬਾਹਰ ਘੱਲੀ ਗਈ : "ਰੁਪਇਆਂ ਦੇ ਵਾਸਤੇ ਜਿਹੜੀ ਤੁਸੀਂ ਪੰਜ-ਆਨਾ ਅਪੀਲ ਕੀਤੀ ਹੈ, ਉਸ ਤੋਂ ਛੁੱਟ ਤੁਸੀਂ ਇਕ ਜਨਰਲ (ਆਮ) ਅਪੀਲ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਕਰੋ। ਹਿੰਦੂ, ਮੁਸਲਮਾਨ ਭਰਾਵਾਂ ਨੂੰ ਤੁਸੀਂ ਦਰਖਾਸਤ ਕਰੋ ਕਿ ਇਸ ਮੌਕੇ ਤੇ ਜਦੋਂ ਕਿ ਗੌਰਮਿੰਟ ਤਸ਼ੱਦਦ ਦੀ ਵਰਤੋਂ ਨਾਲ ਸਿੱਖਾਂ ਨੂੰ ਤਬਾਹ ਕਰਨਾ ਚਾਹੁੰਦੀ ਹੈ ਉਹ ਆਪਣੇ ਭਰਾਵਾਂ ਨੂੰ ਆਪਣੀ ਹਸਤੀ ਕਾਇਮ ਰੱਖਣ ਦੀ ਜਦੋ-ਜਹਿਦ ਵਿਚ ਰੁਪਇਆਂ ਨਾਲ ਇਮਦਾਦ ਕਰਨ। ਇਸ ਜਨਰਲ ਅਪੀਲ ਨੂੰ ਜਾਰੀ ਕਰਨ ਤੋਂ ਪਹਿਲੋਂ ਸ: ਮੰਗਲ ਸਿੰਘ ਜਾਂ ਹੋਰ ਕੋਈ ਮਹਾਤਮਾ ਗਾਂਧੀ ਪਾਸ ਜਾਏ ਅਤੇ ਉਹਨਾਂ ਨੂੰ (ਅਸਲ) ਸਥਿਤੀ ਦਸ ਕੇ ਦਰਖਾਸਤ ਕਰੇ ਕਿ ਸਾਨੂੰ ਇਸ ਵੇਲੇ ਰੁਪਏ ਦੀ ਬੜੀ ਤੰਗੀ ਹੈ ਅਤੇ ਖਤਰਾ ਹੈ ਕਿ ਰੁਪਇਆਂ ਦੀ ਤੰਗੀ ਦੇ ਕਾਰਣ ਤਹਿਰੀਕ ਫੇਲ੍ਹ ਨਾ ਹੋ ਜਾਏ। ਇਸ ਲਈ ਰੁਪਏ ਦੇ ਸਬੰਧ ਵਿਚ ਸਾਡੀ ਮਦਦ ਕਰੋ ਅਤੇ ਹਿੰਦੂਆਂ ਮੁਸਲਮਾਨਾਂ ਨੂੰ ਅਪੀਲ ਕਰੋ ਕਿ ਉਹ ਆਪਣੇ ਸਿੱਖ ਭਾਈਆਂ ਦੀ ਰੁਪਇਆਂ ਵਗੈਰਾ ਨਾਲ ਮਦਦ ਕਰਨ। ਜੋ ਅਪੀਲ ਤੁਸਾਂ ਪਰਕਾਸ਼ਤ ਕਰਨੀ ਹੈ ਉਸ ਦਾ ਖਰੜਾ ਵੀ ਆਪਣੇ ਪਾਸ ਲੈ ਜਾਓ ਅਤੇ ਮਹਾਤਮਾ ਜੀ ਨੂੰ ਵਿਖਾ ਦਿਓ। ਇਸੇ ਤਰ੍ਹਾਂ ਪੰਡਤ ਨਹਿਰੂ, ਮਾਲਵੀਆ, ਸੀ. ਆਰ. ਦਾਸ ਅਤੇ ਹਕੀਮ ਅਜਮਲ ਖਾਨ ਤੋਂ ਵੀ ਸਾਰੇ ਹਿੰਦੁਸਤਾਨ ਦੇ ਨਾਮ ਅਪੀਲ ਕਰਨ ਦਾ ਵਾਅਦਾ ਲੈ ਲਓ ਅਤੇ ਫੇਰ ਆਪਣੀ ਅਪੀਲ ਪਰਕਾਸ਼ਤ ਕਰੋ ਅਤੇ ਸੂਬਿਆਂ ਵਿਚ ਡੈਪੂਟੇਸ਼ਨ ਭੇਜੋ। ਇਹ ਕੁਛ ਕਰਨ ਨਾਲ ਕਾਮਯਾਬੀ ਦੀ ਉਮੇਦ ਮਜ਼ਬੂਤ ਹੋ ਜਾਏਗੀ। ਆਪਣੀ ਅਪੀਲ ਵਿਚ ਤੁਸੀਂ ਹਿੰਦੂਆਂ, ਮੁਸਲਮਾਨਾਂ ਨੂੰ ਸਾਫ ਕਹਿ ਦਿਓ ਕਿ ਅਸੀਂ ਕਮ ਤੋਂ ਕਮ ਦੋ ਸਾਲ ਲੜਨ ਲਈ ਆਪਣੀ ਤਿਆਰੀ ਕਰ ਰਹੇ ਹਾਂ। ਇਸ ਲਈ ਤੁਹਾਨੂੰ ਭਰਾਵਾਂ ਨੂੰ ਰੁਪਏ ਲਈ ਅਪੀਲ ਕੀਤੀ ਜਾਂਦੀ ਹੈ।"[1]

ਇਕ ਤਾਂ ਲਿਖਤ ਦੇ ਇਸ ਟੁਕੜੇ ਤੋਂ ਘਬਰਾਹਟ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਦੂਜੇ, ਇਸ ਦੀ ਅਪੀਲ ਸਿੱਖਾਂ ਨੂੰ ਕੌਮ ਪਰਸਤ ਦੇਸ਼ ਭਗਤ ਹਿੰਦੂਆਂ ਤੇ ਮੁਸਲਮਾਨਾਂ ਨਾਲ ਇਕ ਕਰਦੀ ਹੈ। ਇਸ ਕੌਮ ਪਰਸਤ ਏਕੇ ਤੋਂ ਬਰਿਟਿਸ਼ ਰਾਜ ਬੜਾ ਘਬਰਾਉਂਦਾ ਸੀ ਅਤੇ ਹੇਲੀ ਦਾ ਖਾਸ ਯਤਨ ਸੀ ਕਿ ਸਿੱਖ ਕਿਸੇ ਤਰ੍ਹਾਂ ਵੀ ਕਾਂਗਰਸ ਨਾਲ ਨਾ ਮਿਲ ਸਕਣ। ਤੀਜੇ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਵਲੋਂ ਸਿੱਖਾਂ ਨੂੰ ਰੁਪਏ ਦੀ ਜਾਂ ਹੋਰ ਕਿਸੇ ਸ਼ਕਲ ਵਿਚ ਪਹਿਲੋਂ ਵੀ ਇਮਦਾਦ ਮਿਲਦੀ ਰਹੀ ਸੀ।

## 3. ਕਿਲ੍ਹੇ ਦੇ ਆਗੂਆਂ ਦੀਆਂ ਚਿੱਠੀਆਂ

ਕਿਲ੍ਹੇ ਵਿਚੋਂ ਲਿਖੀਆਂ ਗਈਆਂ ਚਿੱਠੀਆਂ ਵਿਚ ਬਾਹਰਲੀ ਲਹਿਰ ਦੀ ਕਮਜ਼ੋਰੀ ਬਾਰੇ ਘਬਰਾਹਟ ਦਾ ਬੜਾ ਮਸਾਲਾ ਹੈ। ਇਹ ਕਮਜ਼ੋਰੀ ਇਤਨੀ ਵੱਡੀ ਨਹੀਂ ਸੀ ਜਿੰਨੀ ਕਿ ਬਾਹਰਲੇ ਤੇ ਅੰਦਰਲੇ ਮਿਲਵਰਤਨੀਆਂ ਤੇ ਕਾਨੂੰਨ ਦੇ ਹਾਮੀਆਂ ਵਲੋਂ ਵਧਾ ਚੜ੍ਹਾ ਕੇ ਪੇਸ਼ ਕੀਤੀ ਜਾਂਦੀ

[1] Some Confidential Papers. no. 173. pages 277-278.

Digitized by Panjab Digital Library | www.panjabdigilib.org

ਸੀ । ਖੁਦ ਰਸਾਲਦਾਰ ਸੁੰਦਰ ਸਿੰਘ ਆਦਿਕ ਸੱਤਾਂ ਮਿੰਬਰਾਂ ਦੀ ਚਿੱਠੀ ਇਸ ਹਕੀਕਤ ਦਾ ਜ਼ਿਕਰ ਕਰਦੀ ਹੈ । ਉਹ ਲਿਖਦੇ ਹਨ : "ਆਪ ਜੀ ਵਿਚੋਂ ਕੁਝ ਜ਼ਿਮੇਂਵਾਰ ਆਦਮੀ ਇਹ ਜ਼ੋਰ ਨਾਲ ਆਖਦੇ ਰਹੇ ਹਨ ਕਿ ਅੰਦਰ ਵਾਲੇ ਖਾਹ-ਮਖਾਹ ਆਪਣੀ ਇਖਤਲਾਫ ਰਾਏ ਦੇ ਕਾਰਣ ਤਹਿਰੀਕ ਨੂੰ ਕਮਜ਼ੋਰ ਕਰ ਰਹੇ ਹਨ, ਹਾਲਾਂ ਕਿ ਬਾਹਰ ਸਾਰੇ ਇਕ ਮਿਕ ਤੇ ਇਕ-ਮੁੱਠ ਹਨ, ਤਹਿਰੀਕ ਬੜੀ ਤਕੜੀ ਹੈ ਅਤੇ ਹਰ ਪਰਕਾਰ ਦੀ ਕਾਫੀ ਤਾਕਤ ਹੈ । ਸ: ਰਾਜਾ ਸਿੰਘ ਜੀ, ਸ: ਅਰਜਨ ਸਿੰਘ ਜੀ ਅਤੇ ਸ: ਦੌਲਤ ਸਿੰਘ ਵਲੋਂ ਆਏ ਪੱਤਰ ਦਸਦੇ ਹਨ ਕਿ ਜੋਸ਼ ਢਹਿੰਦੀਆਂ ਕਲਾਂ ਵਿਚ ਹੈ ।"[1]

ਦੂਜੇ ਪਾਸੇ ਸ: ਮੰਗਲ ਸਿੰਘ, ਹੀਰਾ ਸਿੰਘ ਦਰਦ, ਸ: ਅਮਰ ਸਿੰਘ ਝਬਾਲ ਤੇ ਇਹਨਾਂ ਦੇ ਸਾਥੀ ਸ਼ਰਤਾਂ ਦੇ ਕੇ ਪੰਥ ਦੀ ਹੇਠੀ ਨਾ ਕਰਾਉਣ, ਲੋੜ ਪੈਣ ਤੇ ਨਵਾਂ ਮੋਰਚਾ ਲਾਉਣ ਅਤੇ ਇਸ ਹਾਲਤ ਵਿਚੋਂ ਨਿਕਲਣ ਲਈ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਾ ਕੇ ਨਵੀਂ ਲੀਡਰ ਸ਼ਿਪ ਅੱਗੇ ਲਿਆਉਣ ਦੀਆਂ ਗੱਲਾਂ ਕਰ ਰਹੇ ਸਨ । ਅਕਾਲੀ ਦਲ ਦੇ ਆਗੂਆਂ ਦੇ ਇਹਨਾਂ ਤੋਂ ਮਨ ਖੱਟੇ ਹੋ ਗਏ ਸਨ ਕਿਉਂਕਿ ਇਹਨਾਂ ਦੀ ਢਿੱਲੀ ਤੇ ਹਥਿਆਰ-ਸੁਟੂ ਪਾਲਿਸੀ ਸੀ । ਅਕਾਲੀ ਜਨਤਾ ਦੇ ਜੋਸ਼ ਵਿਚ ਕੋਈ ਫਰਕ ਨਹੀਂ ਸੀ ਆਇਆ-ਪਿਆ । ਇਹ ਦੋਂਹ ਟਕਰਾਂਦੀਆਂ ਪਾਲਿਸੀਆਂ ਦੀ ਲੜਾਈ ਸੀ ਜਿਸ ਵਿਚ ਇਕ ਪਾਲਿਸੀ ਨੂੰ ਲਹਿਰ ਵਿਚ 'ਢਹਿੰਦੀਆਂ ਕਲਾਂ' ਨਜ਼ਰ ਆਉਂਦੀਆਂ ਸਨ ਅਤੇ ਦੂਜੀ ਨੂੰ ਚੜ੍ਹਦੀਆਂ ਕਲਾਂ ।

ਅਤੇ ਇਸ ਅਵਸਥਾ ਦੇ ਜ਼ੁਮੇਂਵਾਰ ਸ: ਮਹਿਤਾਬ ਸਿੰਘ ਜੀ ਅਤੇ ਉਹਨਾਂ ਦੇ ਸਾਥੀ ਸਨ ਜਿਨ੍ਹਾਂ ਨੇ ਰਿਹਾਈਆਂ ਲਈ ਬੇਹਦ ਉਤਾਵਲਾ-ਪਨ ਵਿਖਾ ਕੇ ਆਪਣੇ ਬਾਹਰਲੇ ਸਾਥੀਆਂ ਨੂੰ ਵੀ ਬਦ-ਦਿਲ ਤੇ ਸਾਹਸ-ਹੀਨ ਕਰ ਦਿੱਤਾ ਸੀ ਅਤੇ ਜਿਹੜੇ ਆਪਣੀ ਮੁਦਾਖਲਤ ਰਾਹੀਂ ਬਾਹਰ ਵਾਲਿਆਂ ਨੂੰ ਕੋਈ ਸੁਤੰਤਰ ਫੈਸਲਾ ਨਹੀਂ ਸਨ ਲੈਣ ਦੇਂਦੇ । ਏਸੇ ਮੁਦਾਖਲਤ ਤੋਂ ਤੰਗ ਆ ਕੇ ਸ: ਅਮਰ ਸਿੰਘ ਝਬਾਲ ਨੇ ਕਮੇਟੀ ਵਿਚੋਂ ਪਰੋਟੈਸਟ ਵਜੋਂ, ਅਸਤੀਫਾ ਦੇ ਦਿੱਤਾ ਸੀ ਜਿਸ ਤੇ ਸ: ਮਹਿਤਾਬ ਸਿੰਘ ਅਤੇ ਉਸ ਦੇ ਹਾਮੀਆਂ ਨੇ ਕੁਛ ਇਕ ਚਿੱਠੀਆਂ ਵਿਚ ਲਿਖਿਆ ਸੀ : ਅਸੀਂ ਬਾਹਰਲੇ ਮਾਮਲਿਆਂ ਵਿਚ ਕੋਈ ਦਖਲ ਨਹੀਂ ਦਿਆਂਗੇ, ਤੁਸੀਂ ਆਪਣੀ ਮਰਜ਼ੀ ਨਾਲ ਕੰਮ ਚਲਾਈ ਚਲੋ ।

ਸ: ਮੰਗਲ ਸਿੰਘ 'ਅਕਾਲੀ ਤੇ ਪ੍ਰਦੇਸੀ' ਵਿਚ ਸ਼ਰਤਾਂ ਦੇ ਖਿਲਾਫ ਬੜੇ ਜੋਸ਼ੀਲੇ ਲੇਖ ਲਿਖ ਰਹੇ ਸਨ ਅਤੇ ਕਮੇਟੀ ਦੀਆਂ ਨਵੀਆਂ ਚੋਣਾਂ ਕਰਾਣ ਦੀ ਮੁਹਿੰਮ ਚਲਾ ਰਹੇ ਸਨ । ਇਸ ਮੁਹਿੰਮ ਦਾ ਆਮ ਸਿੱਖਾਂ ਵਲੋਂ ਬੜਾ ਹੁੰਗਾਰਾ ਭਰਿਆ ਜਾ ਰਿਹਾ ਸੀ । ਥਾਂ ਥਾਂ ਬਿਲਾ ਸ਼ਰਤ ਰਿਹਾਈਆਂ ਤੇ ਨਵੀਆਂ ਚੋਣਾਂ ਕਰਾਣ ਦੇ ਮਤੇ ਪਾਸ ਹੋ ਰਹੇ ਸਨ । ਉਸ ਵੇਲੇ ਦੇ ਲਗਭਗ ਸਾਰੇ ਸਿੱਖ ਅਖਬਾਰ ਇਸ ਮੁਹਿੰਮ ਵਿਚ ਹਿੱਸਾ ਲੈ ਰਹੇ ਸਨ । ਚੀਫ ਖਾਲਸਾ ਦੀਵਾਨ ਦੇ ਅਖਬਾਰ ਮੁਢ ਤੋਂ ਹੀ ਅੰਗਰੇਜ਼ਾਂ ਦੀ ਦੋਸਤੀ ਦਾ ਰਾਗ ਅਲਾਪ ਰਹੇ ਸਨ । ਉਹਨਾਂ ਦੀ ਸੁਰ ਵਿਚ ਕੋਈ ਫਰਕ ਨਹੀਂ ਸੀ ਪਿਆ ।

ਸਰਕਾਰੀ ਅਖਬਾਰ ਹੇਲੀ ਦੀ ਹਾਂ ਵਿਚ ਹਾਂ ਮਿਲਾਕੇ ਕਹਿ ਰਹੇ ਸਨ : ਜੇ ਸਿੱਖ ਗੁਰਦੁਆਰਾ ਬਿਲ ਤੇ ਅਮਲ ਕਰਨ ਨੂੰ ਤਿਆਰ ਹਨ ਤਾਂ ਸ਼ਰਤਾਂ ਤੇ ਦਸਖਤ ਕਰਕੇ ਬਾਹਰ ਕਿਉਂ ਨਹੀਂ ਆ ਜਾਂਦੇ ? ਇਕ ਪਾਸੇ, ਹੇਲੀ ਸਿਖ ਆਗੂਆਂ ਨੂੰ ਜ਼ਲੀਲ ਕਰਨ ਨੂੰ ਤੁਲਿਆ ਹੋਇਆ ਸੀ ;

[1] Some Confidential Papers : no. 69. pages 131—32.

Digitized by Panjab Digital Library | www.panjabdigilib.org

"ਦੂਜੇ ਪਾਸੇ", ਮੰਗਲ ਸਿੰਘ ਨੇ ਆਪਣੇ ਸੰਪਾਦਕੀ ਮੁਖ ਲੇਖ (ਨੰਬਰ 4) ਵਿਚ ਲਿਖਿਆ : "ਸਾਡੇ ਭਰਾਵਾਂ ਦਾ ਇਹ ਹਾਲ ਹੈ ਕਿ ਉਹ ਸਰਕਾਰ ਦੇ ਐਨੇ ਸ਼ਰਧਾਲੂ ਬਣਦੇ ਜਾ ਰਹੇ ਹਨ ਕਿ ਸਭ ਕੁਝ ਸਰਕਾਰ ਦੀ ਨੇਕਨੀਤੀ ਤੇ ਛੱਡ ਕੇ ਉਸ ਅੱਗੇ ਹਥਿਆਰ ਸੁੱਟਣ ਲਈ ਕਾਹਲੇ ਪਏ ਹੋਏ ਹਨ।"[1]

ਹੇਲੀ ਉਤੇ ਬਿਲਾ ਸ਼ਰਤ ਰਿਹਾਈਆਂ ਲਈ ਲੋਕਾਂ, ਅਸੰਬਲੀ ਤੇ ਕੌਂਸਲ ਦੇ ਮਿੰਬਰਾਂ ਵਲੋਂ ਬੜਾ ਦਬਾਅ ਪੈ ਰਿਹਾ ਸੀ। ਉਸ ਦੇ ਥੱਲੇ ਦੇ ਕੁਛ ਅਫਸਰ ਵੀ ਚਾਹੁੰਦੇ ਸਨ ਕਿ ਰਿਹਾਈਆਂ ਬਿਲਾ ਸ਼ਰਤ ਕਰ ਦਿਤੀਆਂ ਜਾਣ; ਇਸ ਨਾਲ ਸਿੱਖਾਂ ਦੀ ਮਿਲਵਰਤਨ ਲਈ ਹਾਲਾਤ ਸਹਾਇਕ ਹੋ ਜਾਣਗੇ। ਆਮ ਅਫਵਾਹਾਂ ਵੀ ਫੈਲ ਰਹੀਆਂ ਸਨ ਕਿ ਬਿਲਾ ਸ਼ਰਤ ਰਿਹਾਈਆਂ ਹੋਣ ਵਾਲੀਆਂ ਹਨ। "ਪਰ ਪ੍ਰੋ: ਜੋਧ ਸਿੰਘ ਦੀ ਖਾਲਸਾ ਕਾਲਜ ਦੀ ਚੀਫ ਸਕਤਰ ਪੰਜਾਬ ਗਵਰਨਮੈਂਟ ਨਾਲ ਹੋਈ ਮੁਲਾਕਾਤ ਪਿੱਛੋਂ ਸਭ ਕੁਛ ਰੁਕ ਗਿਆ।"[2]

ਕੁਛ ਵੀ ਹੋਵੇ, ਸ: ਮਹਿਤਾਬ ਸਿੰਘ ਤੇ ਉਸ ਦੇ ਸਾਥੀਆਂ ਨੇ ਗੌਰਮਿੰਟ ਅੱਗੇ ਹਥਿਆਰ ਸੁੱਟ ਦਿੱਤੇ। ਇਹ ਯਕੀਨੀ ਸੀ ਕਿ ਜੇ ਦੋ ਮਹੀਨੇ ਉਹ ਹੋਰ ਅੜੇ ਰਹਿੰਦੇ ਤਾਂ ਬਿਲਾ ਸ਼ਰਤ ਰਿਹਾਈਆਂ ਲਈ ਗੌਰਮਿੰਟ ਨੇ ਮਜਬੂਰ ਹੋ ਜਾਣਾ ਸੀ। ਇਸ ਦਬਾਅ ਦੇ ਅਹਿਸਾਸ ਨੂੰ ਹੇਲੀ ਖੁਦ ਆਪਣੀ ਇਕ ਚਿਠੀ ਵਿਚ ਵਿੰਗੇ-ਟੇਢੇ ਢੰਗ ਨਾਲ ਸਵੀਕਾਰ ਕਰਦਾ ਹੈ। ਉਹ ਕਹਿੰਦਾ ਹੈ :

"ਇਹ ਸੁਭਾਵਿਕ ਤੌਰ ਤੇ, ਸ਼ਾਇਦ ਸੰਭਵ ਹੈ ਕਿ (ਗੁਰਦੁਆਰਾ) ਐਕਟ ਉਤੇ ਓਨੀ ਦੋਸਤਾਨਾ ਸਪਿਰਿਟ ਨਾਲ ਜਾਂ ਏਹੋ ਜਹੀ ਰਜ਼ਾਮੰਦੀ ਨਾਲ ਅਮਲ ਨਹੀਂ ਕੀਤਾ ਜਾਏਗਾ ਜਿੰਨੀ ਨਾਲ ਹੁੰਦਾ, ਜੇ ਅਸੀਂ ਸਿੱਖਾਂ ਦੀਆਂ ਮੰਗਾਂ ਅੱਗੇ ਪੂਰਣ ਤੌਰ ਤੇ ਝੁਕ ਜਾਂਦੇ......ਜੇ ਅਸੀਂ ਉਹਨਾਂ ਅੱਗੇ ਪੂਰਣ ਤੌਰ ਤੇ ਝੁਕ ਜਾਂਦੇ ਤਾਂ ਐਕਟ ਉਤੇ ਅਮਲ ਏਨਾ ਰਜ਼ਾਮੰਦੀ ਦੀ ਸਪਿਰਿਟ ਨਾਲ ਨਹੀਂ ਸੀ ਕੀਤਾ ਜਾਣਾ ਜਿੰਨਾ ਸਗੋਂ ਫਤਹ ਦੇ ਵਾਅ-ਮੰਡਲ ਵਿਚ ਕੀਤਾ ਜਾਣਾ ਸੀ। ਅਤੇ ਸਿੱਖ-ਮਨੋ-ਅਵਸਥਾ ਲਈ ਇਸ ਯਕੀਨ ਨਾਲੋਂ ਵਧ ਬੁਰਾ ਹੋਰ ਕੁਛ ਨਹੀਂ ਕਿ ਉਹ ਢੇਰ ਸਾਰੇ ਹਠ ਨਾਲ ਕਿਸੇ ਵੀ ਲੰਬਾਈ ਤਕ ਰਿਆਇਤਾਂ ਨੂੰ ਹਮੇਸ਼ਾਂ ਅੱਗੇ ਧੱਕ ਸਕਦਾ ਹੈ ਜਿਹੜੀਆਂ ਉਹ ਚਾਹੁੰਦਾ ਹੈ।[3] ਬਰਿਟਿਸ਼ ਸਾਮਰਾਜ ਲਈ ਸਿੱਖਾਂ ਦਾ ਹੱਠ ਹਊਆ ਬਣ ਗਿਆ ਸੀ।

ਅਖੀਰਲਾ ਵਾਕ ਗੁੰਝਲਦਾਰ ਹੈ ਪਰ ਸਿੱਖਾਂ ਦੇ ਦੁਸ਼ਮਣ ਵਲੋਂ ਇਸ ਗੱਲ ਦਾ ਇਕਬਾਲ ਹੈ ਕਿ ਸਿੱਖ-ਮਨੋ-ਅਵਸਥਾ ਨੂੰ ਇਹ ਯਕੀਨ ਹੈ ਕਿ ਉਹ ਹਠ ਨਾਲ ਲੜਾਈ ਲੜ ਕੇ ਕੋਈ ਵੀ ਮੰਗਾਂ ਜਾਂ ਰਿਆਇਤਾਂ ਹਾਸਲ ਕਰ ਸਕਦੀ ਹੈ। ਗੌਰਮਿੰਟ ਵਲੋਂ ਝੁਕ ਕੇ ਉਹਨਾਂ ਦੇ ਇਸ ਯਕੀਨ ਨੂੰ ਕੋਈ ਸ਼ਹਿ ਨਹੀਂ ਮਿਲਣੀ ਚਾਹੀਦੀ।

ਸ: ਮਹਿਤਾਬ ਸਿੰਘ ਜੀ ਤੇ ਉਹਨਾਂ ਦੇ ਹਮ-ਖਿਆਲ ਸਾਥੀਆਂ ਨੇ ਪੁਰਾਣੇ ਸਾਰੇ ਫੈਸਲਿਆਂ ਤੋਂ ਮੂੰਹ ਫੇਰ ਲਿਆ ਅਤੇ ਉਹਨਾਂ ਦੀ ਆਪਣੀ ਤੁੱਲਵੀਂ ਜੋਖ ਪਰਖ ਨੇ ਜਿਹੜੀਆਂ ਗੱਲਾਂ ਰੱਦ ਕਰ ਦਿੱਤੀਆਂ ਸਨ, ਉਸ ਨੇ ਉਹਨਾਂ ਨੂੰ ਹੀ ਅਪਣਾ ਲਿਆ। ਜੇਲ੍ਹਾਂ ਵਿਚ ਸੜ-ਰਹੇ ਹਜ਼ਾਰਾਂ ਅਕਾਲੀਆਂ ਦੀ ਕੱਖ ਪਰਵਾਹ ਨਾ ਕੀਤੀ ਗਈ, ਨਾ ਹੀ ਸ਼੍ਰੋਮਣੀ ਕਮੇਟੀ ਦੇ ਨਿਧੜਕ

---

[1] ਅਕਾਲੀ ਤੇ ਪ੍ਰਦੇਸੀ, 16 ਅਕਤੂਬਰ 1925.

[2] ਅਕਾਲੀ ਲਹਿਰ : ਗੁਰਦੁਆਰਾ ਸੁਧਾਰ ਲਹਿਰ ; ਡਾ: ਜਗਜੀਤ ਸਿੰਘ ਸਪੁਤਰ ਮੋਹਨ ਸਿੰਘ ਵੈਦ (ਸਫਾ 51)।

[3] From Hailey to Muddiman, 5th Nov. 1925.

Digitized by Panjab Digital Library | www.panjabdigilib.org

ਤੇ ਸਿਰ-ਲੱਥ ਆਗੂ ਸਰਦਾਰ ਖੜਕ ਸਿੰਘ ਦਾ ਖਿਆਲ ਕੀਤਾ ਗਿਆ। ਹੋਰ ਤਾਂ ਹੋਰ ਉਹਨਾਂ ਨੇ ਆਪਣੇ ਕਿਲ੍ਹੇ ਦੇ ਬਾਕੀ 16 ਸਾਥੀਆਂ—ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਵਗੈਰਾ—ਨੂੰ ਵੀ ਪਿਛੇ ਜੇਲ੍ਹ ਵਿਚ ਛੱਡ ਜਾਣ ਦੀ ਕੋਈ ਚਿੰਤਾ ਨਾ ਕੀਤੀ। ਅਤੇ ਸਭ ਮਸ਼ਵਰੇ ਠੁਕਰਾ ਕੇ ਸ਼ਰਤਾਂ ਦੇਣ ਲਈ ਤਿਆਰ ਹੋ ਗਏ।

Digitized by Panjab Digital Library | www.panjabdigilib.org

# ਸ਼ਰਤਾਂ ਪਰਵਾਨ ਕਰ ਲਈਆਂ

ਗੌਰਮਿੰਟ ਕਿਲ੍ਹੇ ਦੇ ਕੁਛ ਨਰਮ-ਖਿਆਲ ਆਗੂਆਂ ਦੀ ਢਹਿੰਦੀ ਮਨੋ-ਬਿਰਤੀ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੀ ਸੀ। ਉਸ ਦੀ ਆਪਣੀ ਇਕ ਪੰਦਰ੍ਹਵਾੜਾ ਰਿਪੋਰਟ ਵਿਚ ਦਰਜ ਹੈ ਕਿ "ਯਕੀਨ ਕੀਤਾ ਜਾਂਦਾ ਹੈ ਕਿ ਕੁਛ ਅਕਾਲੀ ਆਗੂ ਆਪਣੀ ਰਿਹਾਈ ਹਾਸਲ ਕਰਨ ਲਈ ਸ਼ਰਤਾਂ ਉਤੇ ਦਸਖਤ ਕਰਨ ਲਈ ਤਿਆਰ ਹਨ। ਪਰ ਮੰਗਲ ਸਿੰਘ ਤੇ ਹੋਰਨਾਂ ਵਲੋਂ ਜਿਹੜੇ ਉਹਨਾਂ ਨੂੰ ਜੇਲ ਵਿਚ ਰਖਣ ਵਿਚ ਦਿਲਚਸਪੀ ਰਖਦੇ ਹਨ, ਉਹਨਾਂ ਨੂੰ ਰੋਕਿਆ ਜਾ ਰਿਹਾ ਹੈ।"[1] ਪਰ ਜਿਹੜੇ ਜਾਣ ਤੇ ਆਏ ਹੋਏ ਹੋਣ ਉਹਨਾਂ ਨੂੰ ਕੋਈ ਧਾਰਮਕ ਜਾਂ ਰਾਜਸੀ ਦਲੀਲਾਂ ਜਾਂ ਪੰਥਕ ਭਲਾਈ, ਹਿਤ ਤੇ ਮਿੰਨਤਾਂ ਨਹੀਂ ਰੋਕ ਸਕਦੀਆਂ।

ਉਹਨਾਂ ਦਿਨਾਂ ਵਿਚ ਫਿਰਕੂ ਵੰਡ ਅਨੁਸਾਰ ਸਿੱਖਾਂ ਦੇ ਹਿੱਸੇ ਆਉਂਦੀ ਇਕ ਵਜ਼ੀਰੀ ਖਾਲੀ ਹੋਈ ਸੀ। ਕੌਂਸਲ ਦੇ ਸਿੱਖ ਮਿੰਬਰਾਂ ਨੇ ਏਲਾਨ ਕੀਤਾ ਸੀ ਕਿ ਜਿੰਨਾ ਚਿਰ ਤਕ ਸਿੱਖ ਆਗੂ ਬਿਲਾ ਸ਼ਰਤ ਰਿਹਾ ਨਹੀਂ ਕੀਤੇ ਜਾਂਦੇ ਓਨਾ ਚਿਰ ਉਹ ਅਹੁਦਾ ਕੋਈ ਸਿੱਖ ਕਬੂਲ ਨਾ ਕਰੇ। ਕੌਂਸਲ ਤੇ ਅਸੰਬਲੀ ਦੇ ਸਿੱਖ ਹੀ ਨਹੀਂ 'ਮੁਖਾਲਫ ਬੰਚਾਂ' ਦੇ ਮਿੰਬਰ ਵੀ ਰਿਹਾਈਆਂ ਲਈ ਜ਼ੋਰ ਲਾ ਤੇ ਗੌਰਮਿੰਟ ਤੇ ਹਰ ਤਰ੍ਹਾਂ ਦੇ ਦਬਾਅ ਪਾ ਰਹੇ ਸਨ। ਅਖਬਾਰਾਂ ਨੇ ਰਿਹਾਈਆਂ ਲਈ ਅਸਮਾਨ ਸਿਰ ਤੇ ਚੁਕਿਆ ਹੋਇਆ ਸੀ, ਪਰ ਇਹ ਸਭ ਕੁਛ, ਬਤਖਾਂ ਦੇ ਖੰਭਾਂ ਉਤੇ ਪਾਣੀ ਵਾਂਗ, ਉਹਨਾਂ ਉਤੇ ਕੁਛ ਵੀ ਅਸਰ ਨਹੀਂ ਸੀ ਕਰ ਰਿਹਾ।

21 ਜਨਵਰੀ 1926 ਨੂੰ ਉਹ ਖਿਚੜੀ ਜਿਹੜੀ ਅੰਦਰੇ ਅੰਦਰ ਪੱਕ ਰਹੀ ਸੀ, ਬਾਹਰ ਆ ਗਈ। ਉਸ ਦਿਨ ਦੋਂਹ ਰਿਸਾਲਦਾਰਾਂ—ਰਿਸਾਲਦਾਰ ਸੁੰਦਰ ਸਿੰਘ ਅਤੇ ਰਿਸਾਲਦਾਰ ਰਣਜੋਧ ਸਿੰਘ—ਨੇ ਇਕ ਲਿਖਤ ਪੜ੍ਹੀ ਜਿਸ ਦਾ ਮਕਸਦ ਗਵਰਨਰ ਹੇਲੀ ਦੀਆਂ ਸ਼ਰਤਾਂ ਕਬੂਲ ਕਰਨਾ ਸੀ। ਗੌਰਮਿੰਟ ਨੇ ਉਹਨਾਂ ਦੇ ਖਿਲਾਫ ਕੇਸ ਵਾਪਸ ਲੈ ਲਿਆ। ਅਤੇ ਉਹਨਾਂ ਨੂੰ ਰਿਹਾ ਕਰ ਦਿੱਤਾ ਗਿਆ। ਅਤੇ ਸਰਕਾਰੀ ਰਿਪੋਰਟ ਵਿਅੰਗ-ਮਈ ਤਰੀਕੇ ਨਾਲ ਜਥੇਬੰਦੀਆਂ ਨੂੰ ਬਦਨਾਮ ਕਰਦੀ ਤੇ ਇਹਨਾਂ ਦਾ ਰਗੜਾ ਚਾੜ੍ਹਦੀ ਲਿਖਦੀ ਹੈ: "ਰਿਸਾਲਦਾਰ ਸੁੰਦਰ ਸਿੰਘ ਸ਼੍ਰੋਮਣੀ ਕਮੇਟੀ ਦਾ ਰਹਿ-ਚੁਕਾ ਪਰਧਾਨ ਹੈ ਅਤੇ ਅਕਾਲੀਆਂ ਦੇ 'ਬੇਤਾਜ ਬਾਦਸ਼ਾਹ' ਸਰਦਾਰ ਖੜਕ ਸਿੰਘ ਦਾ ਭਤੀਜਾ ਹੈ। ਅਤੇ ਰਿਸਾਲਦਾਰ ਰਣਜੋਧ ਸਿੰਘ ਸ਼੍ਰੋਮਣੀ ਅਕਾਲੀ ਦਲ ਦਾ ਸਾਬਕ ਪਰਧਾਨ ਹੈ।"[2]

ਇਹਨਾਂ ਭੱਦਰ ਪੁਰਖਾਂ ਦਾ ਸਰਕਾਰੀ ਸ਼ਰਤਾਂ ਉਤੇ ਦਸਖਤ ਕਰਨ ਦਾ ਇਕੋ ਕਾਰਣ ਹੋ ਸਕਦਾ ਹੈ: ਜ਼ਾਤੀ ਖੁਦ ਗਰਜ਼ੀ! ਹੋਰ ਕੋਈ ਨਹੀਂ। ਇਹਨਾਂ ਨੇ ਸਿੱਧੀ ਕਾਰਵਾਈ ਕਰਨ ਤੋਂ ਤੋਬਾ ਕੀਤੀ, ਗੁਰਦੁਆਰਾ ਐਕਟ ਉਤੇ ਅਮਲ ਕਰਨ ਦਾ ਬਚਨ ਦਿੱਤਾ ਅਤੇ ਬਚਨ ਦੇ ਕੇ ਆਪਣੀਆਂ "ਪਿਨਸ਼ਨਾਂ ਤੇ ਜ਼ਮੀਨਾਂ ਦੀ ਜ਼ਬਤੀ" ਤੋਂ ਛੁਟਕਾਰਾ ਹਾਸਲ ਕਰ ਲਿਆ। ਅਤੇ

---

1. File 112—IV—1926 : Fortnightly report ending 15th Jan.

2 ਉਪਰੋਕਤ ਹੀ—January from 16th to 31st.

Digitized by Panjab Digital Library | www.panjabdigilib.org

ਆਪਣੇ ਨਿੱਜੀ ਹਿਤਾਂ ਤੋਂ ਸਮੁੱਚੇ ਸਿੱਖ ਜਾਤੀ ਦੇ ਹਿਤ ਵਾਰ ਦੇਣ ਦੀ ਕੋਈ ਪਰਵਾਹ ਨਾ ਕੀਤੀ।

25 ਜਨਵਰੀ 1926 ਨੂੰ ਬਾਵਾ ਹਰਕਿਸ਼ਨ ਸਿੰਘ ਨੇ ਉੱਠ ਕੇ ਅਦਾਲਤ ਵਿਚ ਇਕ ਬਿਆਨ ਅੰਗਰੇਜ਼ੀ ਵਿਚ ਪੜ੍ਹਿਆ ਜਿਸ ਦਾ ਸਾਰ ਇਹ ਸੀ : ਮੈਂ ਹੇਲੀ ਦੀ 9 ਜੁਲਾਈ 1925 ਦੀ ਸਪੀਚ ਦਾ ਹਵਾਲਾ ਦੇ ਕੇ, ਬਿਆਨ ਦੇਣਾ ਚਾਹੁੰਦਾ ਹਾਂ ਕਿ ਮੈਂ ਗੁਰਦੁਆਰਾ ਐਕਟ ਦੇ ਬਣਾਉਣ ਵਿਚ ਇਮਦਾਦ ਕੀਤੀ ਹੈ ਅਤੇ ਮੈਂ ਖਿਆਲ ਕਰਦਾ ਹਾਂ ਇਹ ਐਕਟ ਗੁਰਦੁਆਰਾ ਸੁਧਾਰ ਲਹਿਰ ਦੀਆਂ ਜ਼ਰੂਰੀ ਗੱਲਾਂ ਪੂਰੀਆਂ ਕਰਦਾ ਹੈ। ਇਸ ਕਾਨੂੰਨ ਦੇ ਪਾਸ ਹੋ ਜਾਣ ਪਿਛੋਂ ਸਿੱਧੀ ਕਾਰਵਾਈ ਕਰਨ ਦੀ ਕੋਈ ਲੋੜ ਨਹੀਂ ਰਹਿ ਗਈ। ਇਸ ਲਈ ਮੈਂ ਸਿੱਖ ਗੁਰਦੁਆਰਿਆਂ ਦੇ ਪਰਬੰਧ ਦੇ ਸਬੰਧ ਵਿਚ ਕੋਈ ਸਿੱਧੀ ਕਾਰਵਾਈ ਨਹੀਂ ਕਰਾਂਗਾ ਅਤੇ ਮੈਂ ਈਮਾਨਦਾਰੀ ਤੇ ਪੂਰੇ ਦਿਲ ਨਾਲ ਐਕਟ ਨੂੰ ਅਮਲ ਵਿਚ ਲਿਆਵਾਂਗਾ। ਹਕੀਕਤ ਇਹ ਹੈ ਕਿ ਮੈਂ ਪਹਿਲੋਂ ਹੀ ਪੰਥ ਨੂੰ ਇਸ ਤੇ ਅਮਲ ਕਰਨ ਦੀ ਅਪੀਲ ਕੀਤੀ ਹੋਈ ਹੈ।[1]

ਬਾਵਾ ਜੀ ਦੇ ਪਿੱਛੋਂ 19 ਹੋਰ ਅਕਾਲੀ ਆਗੂਆਂ ਨੇ ਇਕ ਦੂਜੇ ਮਗਰੋਂ ਉੱਠ ਕੇ ਅਦਾਲਤ ਵਿਚ ਆਖਿਆ : ਸਾਡਾ ਵੀ ਉਹੋ ਬਿਆਨ ਹੈ ਜੋ ਬਾਵਾ ਹਰਕਿਸ਼ਨ ਸਿੰਘ ਜੀ ਦਾ ਹੈ। ਕੁਛ ਚਿਰ ਪਿਛੋਂ ਇਹ 20 ਸੱਜਣ[2] ਆਪਣਾ ਸਾਮਾਨ ਲਪੇਟ ਕੇ, ਰਿਹਾਈ ਪਰਾਪਤ ਕਰ ਕੇ ਕਿਲ੍ਹੇ ਤੋਂ ਬਾਹਰ ਚਲੇ ਗਏ। ਇਹਨਾਂ ਦੇ ਗਲਾਂ ਵਿਚੋਂ ਸਾਜ਼ਸ਼ ਦਾ ਗਲਾਵਾਂ ਲੱਥ ਗਿਆ। ਏਹੋ ਜੇਹੀਆਂ 'ਭਿਆਨਕ' ਤੇ 'ਬਾਦਸ਼ਾਹ-ਸ਼ਾਹਨਸ਼ਾਹ ਜਾਰਜ ਦਾ ਤਖਤਾ ਉਲਟਾਉਣ ਵਾਲੀਆਂ' ਸਾਜ਼ਸ਼ਾਂ ਬਣਾ ਕੇ ਅੰਗਰੇਜ਼ ਹਾਕਮ ਹਿੰਦੁਸਤਾਨੀਆਂ ਨੂੰ ਭੈਭੀਤ ਕਰ ਕੇ ਰਾਜ ਕਰਦੇ ਸਨ ਅਤੇ ਇਹਨਾਂ ਦੀਆਂ ਅਦਾਲਤਾਂ ਉਹਨਾਂ ਨੂੰ ਲੰਮੀਆਂ ਸਜ਼ਾਵਾਂ ਦੇ ਕੇ, ਜੇਲ੍ਹਾਂ ਵਿਚ ਸੜਨ ਲਈ ਸੁੱਟ ਦੇਂਦੀਆਂ ਸਨ।

---

[1] ਅਕਾਲੀ ਲਹਿਰ : ਗੁਰਦੁਆਰਾ ਸੁਧਾਰ ਲਹਿਰ ; ਡਾ: ਜਗਜੀਤ ਸਿੰਘ, ਸਫਾ 52—53

[2] ਸ਼ਰਤਾਂ ਮੰਨ ਕੇ ਰਿਹਾ ਹੋਣ ਵਾਲੇ 20 ਆਗੂਆਂ ਦੇ ਨਾਮ :

1. ਪ੍ਰੋ: ਬਾਵਾ ਹਰਕਿਸ਼ਨ ਸਿੰਘ ਜੀ
2. ਸਰਦਾਰ ਬਹਾਦਰ ਸ: ਮਹਿਤਾਬ ਸਿੰਘ ਜੀ
3. ਸ: ਗੁਰਦਿਤ ਸਿੰਘ ਜੀ ਬਹਿਲੋਲਪੁਰ
4. ਗਿਆਨੀ ਸ਼ੇਰ ਸਿੰਘ ਜੀ
5. ਸ: ਪ੍ਰੀਤਮ ਸਿੰਘ ਜੀ ਅਨੰਦਪੁਰ
6. ਸ: ਗੁਰਦਿਤ ਸਿੰਘ ਐਡੀਟਰ ਨੇਸ਼ਨ
7. ਮਾਸਟਰ ਮਹਿਤਾਬ ਸਿੰਘ ਜੀ ਤਰਨਤਾਰਨ
8. ਸ: ਗੁਰਬਖਸ਼ ਸਿੰਘ ਦਿੱਲੀ
9. ਸ: ਗੋਪਾਲ ਸਿੰਘ ਸਾਗਰੀ
10. ਕਪਤਾਨ ਰਾਮ ਸਿੰਘ
11. ਸ: ਪਿਆਰਾ ਸਿੰਘ ਕੈਨੇਡੀਅਨ
12. ਸ: ਕਿਰਪਾਲ ਸਿੰਘ ਅਮਰਿਤਸਰ
13. ਸ: ਕਿਸ਼ਨ ਸਿੰਘ ਅਮਰਿਤਸਰ
14. ਸ: ਦਲੀਪ ਸਿੰਘ ਜੀ
15. ਸ: ਬਾਲ ਸਿੰਘ ਕੈਨੇਡੀਅਨ
16. ਸ: ਦਾਨ ਸਿੰਘ ਵਛੋਆ
17. ਸ: ਬਖਸ਼ੀਸ਼ ਸਿੰਘ ਲੁਧਿਆਣਾ
18. ਭਗਤ ਜਸਵੰਤ ਸਿੰਘ ਜੀ
19. ਸ: ਮਿਤ ਸਿੰਘ ਜੀ ਕੈਨੇਡੀਅਨ
20. ਪ੍ਰੋ: ਸਾਹਿਬ ਸਿੰਘ ਜੀ

Digitized by Panjab Digital Library | www.panjabdigilib.org

ਇਹਨਾਂ ਦੇ ਜਾਣ ਪਿਛੋਂ 16 ਅਕਾਲੀ ਆਗੂ ਕਿਲ੍ਹੇ ਦੇ ਅੰਦਰ ਰਹਿ ਗਏ ।[1] ਉਹਨਾਂ ਉਤੇ ਪਹਿਲੇ ਵਾਂਗ ਹੀ 'ਸ਼ਾਹਨਸ਼ਾਹ ਬਰਤਾਨੀਆ ਦਾ ਤਖਤਾ ਉਲਟਾਉਣ ਦੀ ਸਾਜ਼ਸ਼' ਦਾ ਮੁਕੱਦਮਾ ਚਲਦਾ ਰਿਹਾ । ਇਸ ਸਾਜ਼ਸ਼ ਦੀ ਹਾਸੋ-ਹੀਣੀ ਪੁਜ਼ੀਸ਼ਨ ਇਹ ਬਣ ਗਈ ਸੀ ਕਿ ਉਠ ਕੇ ਆਖ ਦਿਓ : 'ਮੈਂ ਗੁਰਦੁਆਰਾ ਕਾਨੂੰਨ ਉਤੇ ਅਮਲ ਕਰਾਂਗਾ ਅਤੇ ਸਿੱਧੀ ਕਾਰਵਾਈ ਨਹੀਂ ਕਰਾਂਗਾ' ਅਤੇ ਝੱਟ ਪੱਟ ਰਿਹਾ ਹੋ ਜਾਓ । ਇਹ ਨਹੀਂ ਆਖੋ ਤਾਂ ਜੇਲ੍ਹ ਵਿਚ ਰਹੋ ਅਤੇ ਮੁਕੱਦਮੇ ਦੇ ਫੈਸਲੇ ਦਾ ਇੰਤਜ਼ਾਰ ਕਰੋ ।

ਮਸਾਂ ਅਜੇ 14 ਕੁ ਦਿਨ ਹੀ ਗੁਜ਼ਰੇ ਸਨ ਕਿ ਤੇਜਾ ਸਿੰਘ ਚੂਹੜਕਾਣਾ ਵੀ ਸ਼ਰਤਾਂ ਦੇਣ ਲਈ ਤਿਆਰ ਹੋ ਗਿਆ । ਸਰਦਾਰ ਤੇਜਾ ਸਿੰਘ ਸਮੁੰਦਰੀ ਨੇ, ਖਾਸ ਕਰ, ਅਤੇ ਬਾਕੀਆਂ ਨੇ, ਆਮ ਕਰ, ਬੜਾ ਜ਼ੋਰ ਲਾਇਆ ਅਤੇ ਤਰਲੇ ਕੀਤੇ ਕਿ ਉਹ ਸ਼ਰਤਾਂ ਦੇ ਕੇ ਨਾ ਜਾਵੇ ਪਰ ਉਸ ਨੇ ਕਿਸੇ ਦੀ ਵੀ ਇਕ ਨਾ ਮੰਨੀ । ਉਹ ਵੀ 8 ਫਰਵਰੀ ਨੂੰ ਓਸੇ "ਮੋਰੀ ਥਾਣੀ" (ਚੂਹੜਕਾਣੇ ਦੇ ਆਪਣੇ ਸ਼ਬਦ) ਲੰਘ ਗਿਆ ਜਿਸ ਰਾਹੀਂ ਬਾਕੀ ਦੇ ਲੰਘ ਗਏ ਸਨ । ਇਹ ਤੇਜਾ ਸਿੰਘ ਜੀ ਓਹੋ ਤੇਜਾ ਸਿੰਘ ਜੀ ਚੂਹੜਕਾਣਾ ਸਨ ਜਿਨ੍ਹਾਂ ਨੇ 20. 12. 24. ਨੂੰ ਬਾਹਰ ਸ਼੍ਰੋਮਣੀ ਪਰਬੰਧਕ ਕਮੇਟੀ ਨੂੰ ਲਿਖਿਆ ਸੀ ਕਿ ਅੰਦਰ ਵਾਲੇ ਸੱਜਣ ਆਪ ਦੇ ਪਾਸ 'ਅੰਤਮ ਸੰਦੇਸ਼ ਭੇਜ ਰਹੇ ਹਨ' ਇਸ ਲਈ ਮੈਂ ਵੀ 'ਆਪਣੇ ਟੁੱਟੇ ਫੁੱਟੇ ਖਿਆਲ' ਭੇਜਦਾ ਹਾਂ ।

"ਮੇਰਾ ਕਾਲਾ ਮੂੰਹ ਤੇ ਨੀਲੇ ਪੈਰ, ਦੀਨ ਅਤੇ ਦੁਨੀਆਂ ਤੇ ਮੈਂ ਦੇਣਦਾਰ ਹਾਂ । ਕਿਉਂਕਿ ਮੈਂ ਇਕ ਐਸੀ ਕਮੇਟੀ ਦਾ ਮਿੰਬਰ ਹਾਂ ਜਿਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਕਈ ਗੁਰਮਤਿਆਂ ਦੇ ਰਾਹੀਂ ਤੇ ਹਜ਼ਾਰਾਂ ਐਲਾਨਾਂ ਦੁਆਰਾ ਪੰਥ ਨੂੰ ਸਿਰ ਧਰ ਤਲੀ, ਮਰਉਂ ਤਾਂ ਹਰ ਕੇ ਦੁਆਰ, ਆਦਿ ਸ਼ਬਦਾਂ ਦੁਆਰਾ ਕੁਰਬਾਨੀ ਵਾਸਤੇ ਲਲਕਾਰਿਆ ਜਿਸ ਦੀ ਆਵਾਜ਼ ਨੂੰ ਪੰਥ ਨੇ ਤਨ ਮਨ ਧਨ ਕੁਰਬਾਨ ਕਰ ਕੇ ਪੂਰਾ ਕੀਤਾ । ਕਮੇਟੀ ਨੇ ਮਹਾਰਾਜਾ (ਨਾਭਾ) ਦਾ ਸਵਾਲ ਸ੍ਰੀ ਅਕਾਲ ਤਖਤ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਆ ਤੇ ਇਹ ਵੀ ਪਾਸ ਕੀਤਾ ਕਿ ਜਦ ਤਕ ਸਰਕਾਰ ਕੈਦੀ ਨਾ ਛੱਡੇ, ਕੋਈ ਗੱਲਬਾਤ ਨਾ ਕੀਤੀ ਜਾਵੇ । ਗੁਰਦੁਆਰਾ ਬਿਲ ਐਸਾ ਹੋਵੇ ਜੋ ਪੰਥ ਦੀ ਮਰਜ਼ੀ ਮੁਤਾਬਕ ਹੋਵੇ, ਕਿਸੇ ਤਰ੍ਹਾਂ ਦੀ ਪਾਬੰਦੀ ਨਾ ਹੋਵੇ, ਕਿਰਪਾਨ ਆਜ਼ਾਦ ਕਰਵਾਈ ਜਾਏ"[2] ਵਗੈਰਾ । ਇਹ ਗੱਲਾਂ ਕਰਾਉਣ ਤੋਂ ਬਗੈਰ ਹੁਣ ਉਹ "ਗੁਰਦੁਆਰਾ ਬਿਲ ਤੇ ਬੜੀ ਖੁਸ਼ੀ ਨਾਲ ਵਿਚਾਰ ਲਈ ਤਿਆਰ ਹੋ ਗਈ ਹੈ ।"

---

[1] ਜਿਨ੍ਹਾਂ 16 ਆਗੂਆਂ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ :

1. ਸ: ਤੇਜਾ ਸਿੰਘ ਸਮੁੰਦਰੀ 2. ਮਾਸਟਰ ਤਾਰਾ ਸਿੰਘ 3. ਭਾਗ ਸਿੰਘ ਵਕੀਲ ਗੁਰਦਾਸਪੁਰ 4. ਸ: ਗੁਰਚਰਨ ਸਿੰਘ ਵਕੀਲ 5. ਸ: ਗੋਪਾਲ ਸਿੰਘ ਕੌਮੀ 6. ਸ: ਸਰਮੁਖ ਸਿੰਘ ਝਬਾਲ 7. ਸ: ਸੋਹਨ ਸਿੰਘ ਜੋਸ਼ 8. ਸ: ਸੇਵਾ ਸਿੰਘ ਠੀਕਰੀਵਾਲਾ 9. ਬਾਬੂ ਤ੍ਰਿਪਤ ਸਿੰਘ ਲਾਇਲਪੁਰ 10. ਸ: ਤੇਜਾ ਸਿੰਘ ਅਕਰਪੁਰੀ 11. ਸ: ਸੰਤਾ ਸਿੰਘ ਸੁਲਤਾਨ ਵਿੰਡ 12. ਸ: ਤੇਜਾ ਸਿੰਘ ਘਵਿੰਡ 13. ਸ: ਹਰੀ ਸਿੰਘ ਜਲੰਧਰੀ 14. ਸ: ਹਰੀ ਸਿੰਘ ਐਡੀਟਰ ਅਕਾਲੀ 15. ਸ: ਰਾਏ ਸਿੰਘ (ਦਲਜੀਤ ਸਿੰਘ) 16. ਸ: ਤੇਜਾ ਸਿੰਘ ਚੂਹੜਕਾਣਾ ।

[2] Some Confidential Papers. no. 78. pages 142--43.

Digitized by Panjab Digital Library | www.panjabdigilib.org

ਇਹੋ ਤੇਜਾ ਸਿੰਘ ਚੂਹੜਕਾਣਾ ਵੀ ਆਪਣੇ ਸਾਥੀਆਂ ਨੂੰ ਪਿੱਠ ਵਿਖਾ ਕੇ, ਉਤਲੇ ਸਾਰਿਆਂ ਮਤਿਆਂ ਤੋਂ ਮੂੰਹ ਫੇਰ ਕੇ, ਬਾਹਰ ਚਲਿਆ ਗਿਆ ।

ਇਸ ਵੇਲੇ ਬਾਕੀ 15 ਆਗੂ ਕਿਲ੍ਹੇ ਅੰਦਰ ਰਹਿ ਗਏ ਸਨ । ਇਹਨਾਂ ਵਿਚੋਂ ਇਕ ਵੀ ਅਜੇਹਾ ਆਗੂ ਨਹੀਂ ਸੀ ਜਿਹੜਾ ਸ਼ਰਤਾਂ ਦੇ ਕੇ ਬਾਹਰ ਜਾਣ ਦੀ ਗੱਲ ਸੁਣਨ ਨੂੰ ਵੀ ਤਿਆਰ ਸੀ । ਇਹ "ਸਾਜ਼ਸ਼" ਦੀ ਹਰ ਅਭੀ ਨਭੀ ਝੱਲਣ ਲਈ ਤਿਆਰ ਬੈਠੇ ਸਨ । ਮੁਕੱਦਮਾ ਰੋਜ਼ ਚਲਦਾ ਸੀ । ਗੁਆਹ ਬਾਕਾਇਦਾ ਭੁਗਤਦੇ ਸਨ । ਵਕੀਲ ਤੇ ਸ: ਤੇਜਾ ਸਿੰਘ ਜੀ ਸਮੁੰਦਰੀ, ਸ: ਭਾਗ ਸਿੰਘ ਵਕੀਲ, ਮਾਸਟਰ ਤਾਰਾ ਸਿੰਘ ਜੀ ਮੁਕੱਦਮੇ ਵਿਚ ਦਿਲਚਸਪੀ ਲੈਂਦੇ ਸਨ । ਨਾ ਮਿਲਵਰਤਨੀਏ ਬੇਪਰਵਾਹ ਹੋ ਕੇ ਅਦਾਲਤ ਵਿਚ ਬੈਠੇ ਰਹਿੰਦੇ ਸਨ ਅਤੇ ਕਾਰਵਾਈ ਵਿਚ ਕੋਈ ਹਿੱਸਾ ਨਹੀਂ ਸਨ ਲੈਂਦੇ ।

## 1. ਰਿਹਾ ਹੋਣ ਵਾਲਿਆਂ ਦੀ ਆਉ ਭਗਤ

ਇਹ ਬਾਹਰ ਆਉਣ ਵਾਲੇ ਸੱਜਣ ਸ਼੍ਰੋਮਣੀ ਕਮੇਟੀ ਦੇ ਚੋਟੀ ਦੇ ਆਗੂਆਂ ਵਿਚੋਂ ਸਨ । ਬਾਹਰ ਆਉਣ ਤੇ, ਯਾਰਾਂ ਬਾਸ਼ਾਂ ਤੇ ਇਹਨਾਂ ਦੇ ਹਮ-ਖਿਆਲੀਆਂ ਤੋਂ ਛੁੱਟ, ਕਿਸੇ ਨੇ ਇਹਨਾਂ ਨੂੰ ਜੀਉ ਆਇਆਂ ਨਹੀਂ ਆਖਿਆ—ਕਿਤੇ ਇਹਨਾਂ ਦੀ ਇਜ਼ਤ ਨਹੀਂ ਹੋਈ । ਸਗੋਂ ਥਾਂ ਥਾਂ ਇਹ ਪਰਚਾਰ ਹੋਣ ਲੱਗ ਪਿਆ ਕਿ ਸਰਦਾਰ ਬਹਾਦਰ ਤੇ ਉਹਨਾਂ ਦੇ ਸਾਥੀ ਪੰਥ ਦੀ ਆਨ ਸ਼ਾਨ ਨੂੰ ਵੱਟਾ ਲਾ ਆਏ ਹਨ । ਇਹਨਾਂ ਨੇ ਆਪਣੀ ਸਾਰੀ ਕੀਤੀ ਕੱਤਰੀ ਖੂਹ ਵਿਚ ਪਾ ਦਿੱਤੀ ਹੈ । ਪੰਥ ਦੀ ਆਨ ਸ਼ਾਨ ਦੇ ਰਖਵਾਲੇ ਜੇਲ੍ਹਾਂ ਵਿਚ ਬੈਠੇ ਹਨ ਜਿਹੜੇ ਸ਼ਰਤਾਂ ਨੂੰ ਮਜ਼ਬੂਤੀ ਨਾਲ ਠੁਕਰਾ ਰਹੇ ਹਨ । ਇਹ ਤਾਂ ਹੇਲੀ ਦੀ ਲੱਤ ਥੱਲਿਓਂ ਦੀ ਲੰਘ ਆਏ ਹਨ ।

ਸ: ਮਹਿਤਾਬ ਸਿੰਘ ਇਹਨਾਂ ਹਮਲਿਆਂ ਦਾ ਜਵਾਬ ਇਹ ਦੇਂਦਾ ਸੀ : ਅਸੀਂ ਪੰਥ ਦੇ ਭਲੇ ਨੂੰ ਮੁੱਖ ਰੱਖ ਕੇ ਬਾਹਰ ਆਏ ਹਾਂ, ਪੰਥ ਦੀ ਹੇਠੀ ਕਰ ਕੇ ਨਹੀਂ ਆਏ । ਗੁਰਦੁਆਰਿਆਂ ਦੀਆਂ ਜਾਇਦਾਦਾਂ ਦੀਆਂ ਫਹਿਰਿਸਤਾਂ ਨਿਸਚਤ ਵਕਤ ਦੇ ਅੰਦਰ ਦੇਣੀਆਂ ਸਨ । ਉਹ ਨਹੀਂ ਸਨ ਦਿੱਤੀਆਂ ਜਾ ਰਹੀਆਂ, ਅਸਾਂ ਆਪਣਾ ਫਰਜ਼ ਸਮਝਿਆ ਕਿ ਇਹ ਕੰਮ ਵਕਤ ਦੇ ਅੰਦਰ ਜਾ ਕੇ ਕੀਤਾ ਜਾਏ, ਨਹੀਂ ਤਾਂ ਪੰਥ ਨੂੰ ਬੜਾ ਨੁਕਸਾਨ ਪਹੁੰਚੇਗਾ, ਵਗੈਰਾ, ਵਗੈਰਾ । ਪਰ ਉਹਨਾਂ ਦੀਆਂ ਇਹ ਦਲੀਲਾਂ ਲੋਕਾਂ ਵਿਚ ਕੋਈ ਕਾਟ ਨਹੀਂ ਸਨ ਕਰ ਰਹੀਆਂ । ਉਹਨਾਂ ਦੀ ਇਸ ਕਮਜ਼ੋਰੀ ਨੇ ਉਹਨਾਂ ਨੂੰ ਲੋਕਾਂ ਵਿਚੋਂ ਨਿਖੇੜਨ ਦਾ ਅਮਲ ਸ਼ੁਰੂ ਕਰ ਦਿੱਤਾ ਸੀ । ਉਹੋ ਸਰਦਾਰ ਬਹਾਦਰ ਜਿਸ ਦੇ ਰਾਹ ਤੇ ਲੋਕ ਅੱਖੀਆਂ ਵਿਛਾਉਂਦੇ ਸਨ ਅਤੇ ਜਿਸ ਦੇ ਹੁਕਮ ਤੇ ਲੋਕ ਜਾਨਾਂ ਤਲੀ ਤੇ ਰੱਖ ਕੇ ਮੈਦਾਨ ਵਿਚ ਜੂਝਦੇ ਸਨ, ਉਹੋ ਸਰਦਾਰ ਬਹਾਦਰ ਲੋਕਾਂ ਦਾ, ਬਾਹਰ ਆਉਣ ਤੇ, ਹੀਰੋ ਨਹੀਂ ਸੀ ਰਿਹਾ, ਸਗੋਂ 'ਗੱਦਾਰ' ਬਣ ਗਿਆ ਸੀ ।

ਅਸਲ ਵਿਚ ਇਹ ਸੱਜਣ ਬਾਹਰ ਆਏ ਹੀ ਹੇਲੀ ਦੀ ਪਾਲਿਸੀ ਨੂੰ ਅਮਲ ਵਿਚ ਲਿਆਉਣ ਲਈ ਸਨ । ਯਾਨੀ ਪਹਿਲੋਂ ਗਰਮ-ਖਿਆਲ ਅਕਾਲੀ ਆਗੂਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਗੁੱਠੇ ਲਾਇਆ ਜਾਏ ਅਤੇ ਫੇਰ ਸੈਂਟਰਲ ਬੋਰਡ ਉਤੇ ਕਬਜ਼ਾ ਕਰ ਕੇ ਆਪਣੇ ਧੜੇ ਦੇ ਅਕਾਲੀਆਂ ਨੂੰ ਗੁਰਦੁਆਰਿਆਂ ਦੇ ਪਰਬੰਧਕ ਬਣਾਇਆ ਜਾਵੇ । ਇਸ ਤਰ੍ਹਾਂ ਉਹ ਮੁੜ ਸਿੱਖ ਜਾਤੀ ਦੇ ਆਗੂ ਬਣ ਕੇ ਆਪਣੀ ਲੀਡਰ ਸ਼ਿਪ ਦੇ ਬਹਾਲ ਕਰਨ ਦੇ ਸੁਪਨੇ ਲੈ ਰਹੇ ਜਾਪਦੇ ਸਨ । ਪਰ ਇਹ ਸੁਪਨੇ ਹਵਾਈ ਸਨ, ਯਥਾਰਥਕ ਨਹੀਂ ਸਨ ।

Digitized by Panjab Digital Library | www.panjabdigilib.org

ਸ: ਬਹਾਦਰ ਦੇ ਬਾਹਰ ਆਉਣ ਦੇ ਪੰਜਵੇਂ ਦਿਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀ ਆਮ ਮੀਟਿੰਗ ਹੋਈ। ਇਸ ਵਿਚ ਲਗ ਭਗ 140 ਮਿੰਬਰ ਹਾਜ਼ਰ ਸਨ। ਇਸ ਵਿਚ ਫੈਸਲਾ ਕੀਤਾ ਗਿਆ ਕਿ ਅਹੁਦੇਦਾਰਾਂ ਦੀ ਚੋਣ ਮੁੜ ਕੇ ਕਰ ਲਈ ਜਾਵੇ। ਚੋਣ ਕੀਤੀ ਗਈ। ਚੋਣ ਵਿਚ ਨਰਮ ਧੜੇ ਵਲੋਂ ਸ: ਮਹਿਤਾਬ ਸਿੰਘ ਅਤੇ ਗਰਮ ਧੜੇ ਵਲੋਂ ਸ: ਭਾਗ ਸਿੰਘ ਕੈਨੇਡੀਅਨ ਪਰਧਾਨ ਖੜੇ ਕੀਤੇ ਗਏ। ਸ: ਬਹਾਦਰ 77 ਵੋਟਾਂ ਹਾਸਲ ਕਰ ਕੇ ਪਰਧਾਨ ਬਣ ਗਏ ਅਤੇ ਭਾਗ ਸਿੰਘ 44 ਵੋਟਾਂ ਲੈ ਕੇ ਹਾਰ ਗਿਆ। ਪਰਧਾਨ ਨੇ ਉਪਰੰਤ ਆਪਣੇ ਮਤ ਦੇ ਮੀਤ ਪਰਧਾਨ ਤੇ ਜਨਰਲ ਸਕੱਤਰ ਵਗੈਰਾ ਚੁਣ ਲਏ। ਅਤੇ ਸ: ਮੰਗਲ ਸਿੰਘ ਅਤੇ ਸ: ਅਮਰ ਸਿੰਘ ਆਪਣੇ ਸਾਥੀਆਂ ਸਮੇਤ, ਇਸ ਕਾਰਵਾਈ ਤੇ ਪ੍ਰੋਟੈਸਟ ਕਰ ਕੇ ਬਾਹਰ ਚਲੇ ਗਏ।

ਗਰਮ-ਖਿਆਲੀਆਂ ਨੇ ਓਸੇ ਸ਼ਾਮ ਗੁਰੂ ਕੇ ਬਾਗ (ਅਮਰਿਤਸਰ) ਵਿਚ ਇਕ ਪਬਲਕ ਮੀਟਿੰਗ ਕੀਤੀ ਅਤੇ ਉਸ ਵਿਚ ਸ: ਬਹਾਦਰ ਅਤੇ ਉਸ ਦੇ ਧੜੇ ਦੇ ਮੁਆਫੀਆਂ ਮੰਗ ਕੇ ਆਉਣ ਅਤੇ ਸ਼੍ਰੋਮਣੀ ਕਮੇਟੀ ਉਤੇ ਗੋਂਦ-ਗੁੰਦਵਾਂ ਜੱਫਾ ਮਾਰਨ ਦੀ ਭਰਪੂਰ ਨਿਖੇਧੀ ਕੀਤੀ ਅਤੇ ਏਲਾਨ ਕੀਤਾ ਕਿ ਜਦ ਤਕ ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਰੱਦ ਨਹੀਂ ਕੀਤਾ ਜਾਂਦਾ ਅਤੇ ਨਵੀਂ ਆਮ ਚੋਣ ਕਰਾਈ ਨਹੀਂ ਜਾਂਦੀ, ਓਨਾ ਚਿਰ ਉਹ ਇਸ ਦੇ ਫੈਸਲਿਆਂ ਨੂੰ ਬਿਲਕੁਲ ਪਰਵਾਨ ਨਹੀਂ ਕਰਨਗੇ। ਸਰਦਾਰ ਬਹਾਦਰ ਨੇ ਆਪਣੇ ਖਿਲਾਫ ਹਮਲੇ ਦੀ ਧਾਰ ਖੁੰਢੀ ਕਰਨ ਲਈ ਦੋ ਮਤੇ ਕਮੇਟੀ ਵਿਚ ਪਾਸ ਕਰਾਏ। ਇਕ ਇਹ ਕਿ ਉਹ ਕਮੇਟੀ ਦੀ ਆਮ ਚੋਣ ਅਗਸਤ ਵਿਚ ਕਰਾਉਣਗੇ ਅਤੇ ਦੂਜੇ ਇਹ ਕਿ ਜਿੰਨਾ ਚਿਰ ਸਾਰੇ ਕੈਦੀ ਰਿਹਾ ਨਹੀਂ ਕੀਤੇ ਜਾਣਗੇ ਉਹ ਚੈਨ ਨਾਲ ਨਹੀਂ ਬੈਠਣਗੇ। ਇਕ ਹੋਰ ਮਤੇ ਵਿਚ ਇਕ ਕਾਨੂੰਨੀ ਮਹਿਕਮਾ ਕਾਇਮ ਕੀਤਾ ਗਿਆ ਜਿਸ ਦਾ ਕੰਮ ਗੁਰਦੁਆਰਿਆਂ ਦੇ ਕਾਨੂੰਨੀ ਮਾਮਲਿਆਂ ਦੀ ਪੈਰਵੀ ਕਰਨਾ ਸੀ।

ਸਰਕਾਰੀ ਰਿਪੋਰਟ ਨੇ ਉਤਲੀ ਕਮੇਟੀ ਦੀ ਚੋਣ ਦਾ ਨਿਰਣਾ ਇਉਂ ਕੀਤਾ: ਸਰਦਾਰ ਮਹਿਤਾਬ ਸਿੰਘ "ਰਾਵਲਪਿੰਡੀ ਦੇ ਖੱਤਰੀਆਂ ਤੇ ਅਰੋੜਿਆਂ ਅਤੇ ਮਾਲਵੇ ਦੀ ਹਮਾਇਤ ਨਾਲ ਤਾਕਤ ਵਿਚ ਆਇਆ ਹੈ। ਉਸ ਨੇ ਮੀਤ ਪਰਧਾਨ ਅਤੇ ਜਨਰਲ ਸਕੱਤਰ ਆਪਣੀ ਮਰਜ਼ੀ ਦੇ ਬਣਾ ਲਏ ਹਨ ਅਤੇ ਐਗਜ਼ੈਕਟਿਵ ਕਮੇਟੀ ਵਿਚ ਉਸ ਨੇ ਭਾਰੀ ਬਹੁ-ਸੰਮਤੀ ਕਾਇਮ ਕਰ ਲਈ ਹੈ। ਝਬਾਲ ਪਾਰਟੀ ਦੇ ਗਿਣਤੀ ਵਿਚ ਪੰਜਾਹ ਸੱਠ ਕੁ ਮਿੰਬਰ ਹਨ। ਉਹਨਾਂ ਨੇ ਵੀ ਭਾਗ ਸਿੰਘ ਕੈਨੇਡੀਅਨ ਨੂੰ ਪਰਧਾਨ ਅਤੇ ਮੰਗਲ ਸਿੰਘ ਨੂੰ ਜਨਰਲ ਸਕੱਤਰ ਬਣਾ ਕੇ ਇਕ ਕਮੇਟੀ ਬਣਾ ਲਈ ਹੈ, ਜਿਸ ਨੇ ਢੇਰ ਸਾਰੇ ਜਲਸੇ ਕੀਤੇ ਹਨ। ਇਹ ਪਾਰਟੀ ਬਾਹਲਾ ਕਰ ਕੇ ਲਾਹੌਰ, ਅਮਰਿਤਸਰ, ਗੁਰਦਾਸਪੁਰ, ਦਿਹਾਤੀ ਸਿਆਲਕੋਟ, ਦੁਆਬਾ ਤੇ ਲਾਇਲਪੁਰ ਦੇ ਜੱਟਾਂ ਦੀ ਹੈ। ਅਕਾਲੀ ਦਲ, ਭਾਰੀ ਗਿਣਤੀ ਵਿਚ, ਇਸ ਪਾਰਟੀ ਦੇ ਕਬਜ਼ੇ ਵਿਚ ਹੈ। ਅਜੇ ਤਕ ਦੋਹਾਂ ਪਾਰਟੀਆਂ ਵਿਚਕਾਰ ਸਮਝੌਤੇ ਦੀਆਂ ਕੋਈ ਨਿਸ਼ਾਨੀਆਂ ਨਜ਼ਰ ਨਹੀਂ ਆਉਂਦੀਆਂ।"[1]

ਅਤੇ ਇਸ ਰਿਪੋਰਟ ਨੇ ਅਖੀਰੀ ਸਿੱਟਾ ਇਹ ਕੱਢਿਆ ਸੀ ਕਿ 'ਇਹ ਝਗੜਾ, ਇਕ ਪਾਸੇ ਅਰੋੜਿਆਂ ਤੇ ਖੱਤਰੀਆਂ ਅਤੇ ਦੂਜੇ ਪਾਸੇ ਜੱਟਾਂ ਵਿਚਕਾਰ ਪੱਕਾ ਪਾੜ ਪਾਉਣ ਵਲ ਜਾ ਸਕਦਾ ਹੈ।' ਆਰਜ਼ੀ ਹੱਲ ਲੱਭੇ ਜਾਣਗੇ, ਵਾਦ-ਵਿਵਾਦ ਰੋਕਣ ਦੇ ਹੀਲੇ ਕੀਤੇ ਜਾਣਗੇ ਅਤੇ 'ਚੋਣਾਂ ਕਰਾਓ' ਦੀ ਚਰਚਾ ਹੋਵੇਗੀ। ਪਰ ਪੱਕਾ ਸਮਝੌਤਾ ਨਹੀਂ ਹੋ ਸਕੇਗਾ।

ਅੰਗਰੇਜ਼ ਹਾਕਮਾਂ ਦਾ ਪਾਰਟੀਆਂ ਦੇ ਵਿਸ਼ਲੇਸ਼ਣ ਕਰਨ ਦਾ ਤਰੀਕਾ ਏਹੋ ਸੀ। ਉਹ

[1] F. 112 Feb. 1926. (monthly report)

Digitized by Panjab Digital Library | www.panjabdigilib.org

ਵੇਖਦੇ ਸਨ ਕਿਹੜੀਆਂ ਜਾਤਾਂ ਜਾਂ ਬਰਾਦਰੀਆਂ ਕਿਸ ਪਾਰਟੀ ਨਾਲ ਹਨ ਅਤੇ ਕਿਹੜੀਆਂ ਕਿਸ ਨਾਲ। ਗਰੀਬ ਮਿਹਨਤ-ਕਸ਼ ਜਮਾਤਾਂ ਨੂੰ ਉਹ ਕਿਸੇ ਗਿਣਤੀ ਵਿਚ ਹੀ ਨਹੀਂ ਸਨ ਸਮਝਦੇ। ਉਤਲੀ ਵੰਡ ਨਾਲ ਇਖਤਲਾਫ ਹੋ ਸਕਦਾ ਹੈ। ਪਰ ਜੇ ਗਹੁ ਨਾਲ ਅਧਿਅਨ ਕੀਤਾ ਜਾਵੇ ਤਾਂ ਅੰਗਰੇਜ਼ ਨਿਰਣੇ ਤੋਂ ਹੀ ਅਕਾਲੀ ਦਲ ਦਾ ਪਿੰਡਾਂ ਵਿਚ ਜ਼ੋਰ ਵਧੇਰੇ ਜਾਪਦਾ ਹੈ ਅਤੇ ਸਰਦਾਰ ਬਹਾਦਰ ਪਾਰਟੀ ਦਾ ਬਹੁਤ ਘੱਟ। ਅਤੇ ਸੰਗਰਾਮ ਦੇ ਨੁਕਤੇ ਤੋਂ ਵੇਖਿਆ ਜਾਵੇ ਤਾਂ ਅਕਾਲੀ ਪਾਰਟੀ ਦੀ ਪਿੱਠ ਤੇ ਸੰਗਰਾਮੀਆਂ ਦੀ ਭਾਰੀ ਗਿਣਤੀ ਸੀ—ਅਕਾਲੀ ਲਹਿਰ ਦਾ ਧੁਰਾ ਜੱਟ ਹੀ ਸਨ—ਅਤੇ ਸਰਦਾਰ ਬਹਾਦਰ ਪਾਰਟੀ ਨਾਲ ਲੜਾਕੂ ਸਪਿਰਿਟ ਰੱਖਣ ਵਾਲੇ ਘੱਟ ਸਨ।

ਇਸ ਨਿਰਣੇ ਤੋਂ ਵੀ ਅਖੀਰੀ ਜਿੱਤ ਅਕਾਲੀ ਦਲ ਪਾਰਟੀ ਦੀ ਲਭਦੀ ਸੀ, ਸਰਦਾਰ ਬਹਾਦਰ ਪਾਰਟੀ ਦੀ ਨਹੀਂ।

## 2. ਪੰਥਕ ਏਕੇ ਦਾ ਨਾਅਰਾ

ਇਹਨਾਂ ਦਿਨਾਂ ਵਿਚ 'ਪੰਥਕ ਏਕੇ' ਦਾ ਨਾਅਰਾ ਬੜੇ ਜ਼ੋਰ ਨਾਲ ਚਲਿਆ। ਪੰਥਕ ਏਕੇ ਦਾ ਜਜ਼ਬਾਤੀ ਨਾਅਰਾ ਬੜਾ ਮਨ-ਮੋਹਣਾ ਤੇ ਦਿਲ ਖਿੱਚਵਾਂ ਹੈ ਪਰ ਇਹ ਲਗਦਾ ਓਦੋਂ ਹੈ ਜਦੋਂ ਇਕ ਸਿੱਖ ਧੜਾ ਕੁੜਿੱਕੀ ਵਿਚ ਫਸ ਜਾਂਦਾ ਹੈ ਅਤੇ ਉਹ ਕੁੜਿੱਕੀ ਵਿਚੋਂ ਨਿਕਲਣ ਲਈ ਇਸ ਨਾਅਰੇ ਦੇ ਪੜਦੇ ਪਿਛੇ ਚਾਲਾਂ ਤੇ ਕੁਚਾਲਾਂ ਖੇਡਦਾ ਹੈ! ਅਤੇ ਮੁਖਾਲਫ ਧੜੇ ਵਿਚ ਖਲਬਲੀ ਮਚਾਉਣ ਦੇ ਯਤਨ ਕਰਦਾ ਹੈ। ਸਰਦਾਰ ਬਹਾਦਰ ਦੇ ਧੜੇ ਦੀ ਇਖਲਾਕੀ ਤੇ ਧਾਰਮਕ ਕਮਜ਼ੋਰੀ ਤੋਂ ਅਕਾਲੀ ਪਾਰਟੀ ਦੇ ਆਗੂ ਦਿਨੋਂ ਦਿਨ ਲਾਭ ਉਠਾ ਰਹੇ ਸਨ। ਉਹਨਾਂ ਦਾ ਨਾਅਰਾ—'ਕਮੇਟੀ ਦੀਆਂ ਨਵੀਆਂ ਚੋਣਾਂ ਕਰਾਓ'—ਸਿੱਖਾਂ ਵਿਚ ਬੜੀ ਕਾਟ ਕਰ ਰਿਹਾ ਸੀ। ਇਸ ਲਈ ਮਾਰਚ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਨੇ 'ਪੰਥਕ ਏਕੇ' ਦੀ ਖਾਤਰ ਨਵੀਆਂ ਚੋਣਾਂ ਕਰਾਉਣ ਦਾ ਫੈਸਲਾ ਕੀਤਾ ਅਤੇ ਸ: ਮੰਗਲ ਸਿੰਘ ਨੂੰ ਚੋਣਾਂ ਕਰਾਉਣ ਵਾਲੀ ਨਿਕ-ਕਮੇਟੀ ਵਿਚ ਲੈ ਲਿਆ।

ਦੋਹਾਂ ਧੜਿਆਂ ਦੀਆਂ ਅੱਖਾਂ ਇਸ ਵੇਲੇ ਗੁਰਦੁਆਰਾ ਸੰਟਰਲ ਬੋਰਡ ਵਿਚ ਬਹੁ-ਗਿਣਤੀ ਹਾਸਲ ਕਰਨ ਉਤੇ ਲਗੀਆਂ ਹੋਈਆਂ ਸਨ। ਸ਼੍ਰੋਮਣੀ ਕਮੇਟੀ ਇਹ ਚੋਣਾਂ ਜਿੱਤਣ ਲਈ ਇਕ ਚੰਗਾ ਹਥਿਆਰ ਬਣ ਸਕਦੀ ਸੀ। ਇਸ ਲਈ ਅਕਾਲੀ ਪਾਰਟੀ ਇਸ ਤੇ ਕਬਜ਼ਾ ਕਰਨਾ ਚਾਹੁੰਦੀ ਸੀ ਅਤੇ ਚਾਹੁੰਦੀ ਸੀ ਕਿ ਇਹ ਚੋਣਾਂ ਗੁਰਦੁਆਰਾ ਸੰਟਰਲ ਬੋਰਡ ਦੀਆਂ ਚੋਣਾਂ ਤੋਂ ਪਹਿਲੋਂ ਹੋ ਜਾਣ ਤਾਂ ਜੋ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰ ਕੇ ਇਸ ਦੇ ਸਤਕਾਰ ਤੇ ਵਕਾਰ ਨੂੰ ਸੰਟਰਲ ਬੋਰਡ ਦੀਆਂ ਚੋਣਾਂ ਜਿੱਤਣ ਲਈ ਵਰਤਿਆ ਜਾਏ। ਪਰ ਸ਼੍ਰੋਮਣੀ ਕਮੇਟੀ ਦਾ ਕਾਬਜ਼ ਧੜਾ ਖੁਦ ਇਸ ਨੂੰ ਵਰਤ ਕੇ ਸੰਟਰਲ ਬੋਰਡ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਦੋਵੇਂ ਧੜੇ ਇਕ ਦੂਜੇ ਦੀਆਂ ਚਾਲਾਂ ਨੂੰ ਸਮਝਦੇ ਸਨ ਅਤੇ ਪੰਥਕ ਏਕੇ ਦੀ ਸ਼ਹਿ ਦੇ ਕੇ ਇਕ ਧੜਾ ਦੂਜੇ ਨੂੰ ਮਾਤ ਦੇਣਾ ਚਾਹੁੰਦਾ ਸੀ।

ਸ: ਮੰਗਲ ਸਿੰਘ ਨੇ ਇਸ ਨਿਕ-ਕਮੇਟੀ ਵਲੋਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਲਈ 11 ਅਪਰੈਲ ਨੂੰ ਵੋਟਾਂ ਪੈਣਗੀਆਂ। ਪਰ ਉਸ ਦੀ ਇਸ ਕਾਰਵਾਈ ਨੂੰ ਤਾਬੜਤੋੜ ਰੱਦ ਕਰ ਦਿੱਤਾ ਗਿਆ। ਜਿਸ ਤੇ ਉਸ ਨੇ ਨਿਕ-ਕਮੇਟੀ ਵਿਚੋਂ ਅਸਤੀਫਾ ਦੇ ਦਿੱਤਾ। ਇਸ

Digitized by Panjab Digital Library | www.panjabdigilib.org

ਵਾਰ ਨੂੰ ਰੋਕਣ ਲਈ ਸਰਦਾਰ ਬਹਾਦਰ ਨੇ ਸ਼੍ਰੋਮਣੀ ਕਮੇਟੀ ਦੀ ਪਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਅਤੇ ਕਰਤਾਰ ਸਿੰਘ ਦੀਵਾਨਾ ਨੂੰ ਪਰਧਾਨ ਬਣਾ ਦਿੱਤਾ। ਸਰਦਾਰ ਬਹਾਦਰ ਦੇ ਅਸਤੀਫਾ ਦੇਣ ਦਾ ਮਕਸਦ ਇਹ ਸੀ ਕਿ ਉਸ ਦੀ ਪਾਰਟੀ ਤੇ ਸ਼੍ਰੋਮਣੀ ਕਮੇਟੀ ਉਤੇ ਉਹਦੇ ਕਾਰਣ ਹੋ ਰਹੇ ਜ਼ਾਤੀ ਹਮਲੇ ਬੰਦ ਹੋ ਜਾਣਗੇ ਅਤੇ ਉਹ ਪਿਛੇ ਬਹਿ ਕੇ ਕੰਮ ਚਲਾਉਂਦਾ ਰਹੇਗਾ। ਇਹਨਾਂ ਅਸਤੀਫਿਆਂ ਦੇ ਕਾਰਣ ਵਾਦ-ਵਿਵਾਦ ਸਗੋਂ ਹੋਰ ਵਧ ਗਿਆ ਅਤੇ ਸੈਂਟਰਲ ਬੋਰਡ ਦੀਆਂ ਚੋਣਾਂ ਤੋਂ ਪਹਿਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਗੱਲ ਆਈ ਗਈ ਹੋ ਗਈ।

28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਆਮ ਅਜਲਾਸ ਹੋਇਆ। ਇਸ ਵਿਚ ਦੋਹਾਂ ਧਿਰਾਂ ਨੇ ਹਿੱਸਾ ਲਿਆ। ਕੋਈ 196 ਮਿੰਬਰ ਹਾਜ਼ਰ ਹੋਏ। ਇਸ ਅਜਲਾਸ ਨੇ ਸ: ਮਹਿਤਾਬ ਸਿੰਘ ਦਾ ਅਸਤੀਫਾ ਨਾ-ਮਨਜ਼ੂਰ ਕਰ ਦਿੱਤਾ ਅਤੇ ਉਸ ਨੂੰ ਪਰਧਾਨ ਬਣੇ ਰਹਿਣ ਲਈ ਮਨਾ ਲਿਆ। ਅਤੇ ਫੈਸਲਾ ਕੀਤਾ ਗਿਆ ਕਿ ਹਾਲਾਂ ਕਮੇਟੀ ਦੀਆਂ ਕੋਈ ਚੋਣਾਂ ਨਹੀਂ ਕਰਾਈਆਂ ਜਾਣਗੀਆਂ।

ਪਿੰਡਾਂ ਵਿਚ ਸਰਦਾਰ ਬਹਾਦਰ ਪਾਰਟੀ ਦੀ ਬੜੀ ਮਿੱਟੀ ਪੁੱਟੀ ਜਾ ਰਹੀ ਸੀ। ਕੋਈ ਕਹਿੰਦਾ ਸੀ ਇਸ ਨੇ ਸਿੱਖ 'ਕੌਮ' ਨਾਲ ਧ੍ਰੋਹ ਕਮਾਇਆ ਹੈ, ਕੋਈ ਕਹਿੰਦਾ ਸੀ ਇਹ ਨਵਾਂ ਧਿਆਨ ਸਿੰਘ ਤੇ ਤੇਜਾ ਸਿੰਘ ਜੰਮਿਆ ਹੈ ਜਿਸ ਸਿੱਖਾਂ ਦੀ ਇਜ਼ਤ ਮਿੱਟੀ ਵਿਚ ਮਿਲਾ ਦਿੱਤੀ ਹੈ। ਜਿਨ੍ਹਾਂ ਨੂੰ ਚੰਗੀ ਗੱਲ ਨਹੀਂ ਸੀ ਕਰਨੀ ਆਉਂਦੀ ਉਹ ਸਰਦਾਰ ਬਹਾਦਰ ਦਾ ਨਾਮ ਲੈ ਕੇ ਸਿੱਧੀਆਂ ਗਾਲ੍ਹਾਂ ਕੱਢਣ ਲਗ ਪੈਂਦੇ ਸਨ। ਆਮ ਪਿੰਡਾਂ ਦੇ ਸਿੱਖਾਂ ਵਿਚ ਸਰਦਾਰ ਮਹਿਤਾਬ ਸਿੰਘ ਦਾ ਨਾਮ ਬੜਾ ਬਦਨਾਮ ਹੋ ਗਿਆ ਸੀ।

ਇਸ ਸਮੇਂ ਵਾਦ-ਵਿਵਾਦ ਬੰਦ ਕਰਨ ਦੇ ਕਈ ਸਮਝੌਤੇ ਹੋਏ ਜਿਹੜੇ ਸਿਰੇ ਨਾ ਚੜ੍ਹੇ। ਕਈ ਸਮਝੌਤਾ ਕਰਾਉਣ ਲਈ ਆਪਣੇ ਆਪ ਵਿਚੋਲੇ ਬਣ ਕੇ ਅੱਗੇ ਆਏ ਜਿਨ੍ਹਾਂ ਨੂੰ ਕਿਸੇ ਨਾ ਸੁਣਿਆ। ਇਕ ਧੜੇ ਦੇ ਅਖਬਾਰਾਂ ਨੇ ਦੂਜੇ ਧੜੇ ਦੇ ਅਖਬਾਰਾਂ ਤੇ ਇਲਜ਼ਾਮ ਲਾਏ ਕਿ ਪਹਿਲੋਂ ਸਮਝੌਤਾ ਉਹਨਾਂ ਨੇ ਤੋੜਿਆ ਸੀ। ਵਾਦ-ਵਿਵਾਦ ਘਟਣ ਦੀ ਥਾਂ ਵਧਦੇ ਗਏ। ਕੋਈ ਅਸੂਲ ਨਹੀਂ ਸਨ ਰਹਿ ਗਏ ਅਤੇ ਕੋਈ ਸਿਸ਼ਟਾਚਾਰ ਨਹੀਂ ਸੀ ਰਹਿ ਗਿਆ। ਆਗੂਆਂ ਉਤੇ ਜ਼ਾਤੀ ਹਮਲੇ ਕਰ ਕੇ ਉਹਨਾਂ ਦੇ ਆਚਰਣ ਦਾ ਤਲਵਾਰੀ-ਕਰਣ ਕੀਤਾ ਜਾ ਰਿਹਾ ਸੀ। ਬਹਿਸ ਬੜੀ ਨੀਵੀਂ ਤੋਂ ਨੀਵੀਂ ਪੱਧਰ ਤੇ ਪਹੁੰਚ ਗਈ।

## 3. ਸਰਬੱਤ ਕਾਨਫਰੰਸ

21 ਅਪਰੈਲ ਨੂੰ ਅਕਾਲੀ ਦਲ ਦੀ ਐਗਜ਼ੈਕਟਿਵ ਕਮੇਟੀ ਦੀ ਬੈਠਕ ਹੋਈ। ਉਸ ਨੇ 'ਸਰਬੱਤ ਕਾਨਫਰੰਸ' 21, 22 ਮਈ ਨੂੰ ਬੁਲਾਉਣ ਦਾ ਫੈਸਲਾ ਕੀਤਾ। ਇਸ ਦਾ ਮੁੱਖ ਏਜੰਡਾ ਸੀ ਪੰਥ ਦੀ ਵਰਤਮਾਨ ਦਸ਼ਾ ਤੇ ਵਿਚਾਰ। ਸਾਫ ਜ਼ਾਹਰ ਸੀ ਕਿ ਅਕਾਲੀ ਪਾਰਟੀ ਦੇ ਆਗੂ ਇਹ ਕਾਨਫਰੰਸ ਸਰਦਾਰ ਬਹਾਦਰ ਪਾਰਟੀ ਦੀ ਭੰਡੀ ਕਰਨ ਲਈ ਬੁਲਾ ਰਹੇ ਸਨ। ਸਰਦਾਰ ਪਾਰਟੀ ਨੂੰ ਇਸ ਕਾਨਫਰੰਸ ਦਾ ਤੌਖਲਾ ਹੋਣਾ ਕੁਦਰਤੀ ਗੱਲ ਸੀ। ਇਸ ਲਈ ਸਮਝੌਤੇ ਦਾ ਰਾਹ ਕੱਢਣ ਦੇ ਢੇਰ ਯਤਨ ਫੇਰ ਆਰੰਭ ਹੋ ਗਏ। ਇਹ ਭਾਰ ਬਾਬਾ ਗੁਰਦਿੱਤ ਸਿੰਘ ਨੇ ਆਪਣੇ ਮੋਢਿਆਂ ਤੇ ਚੁਕਿਆ। ਝਗੜਾ ਮੁਕਾਉਣ ਦਾ ਰਾਹ ਇਹ ਕੱਢਿਆ ਗਿਆ ਕਿ ਅਕਾਲੀ ਪਾਰਟੀ 'ਸਰਬੱਤ ਕਾਨਫਰੰਸ' ਕਰਨ ਦਾ ਖਿਆਲ ਛੱਡ ਦੇਵੇ, ਸੈਂਟਰਲ ਬੋਰਡ ਦੇ

Digitized by Panjab Digital Library | www.panjabdigilib.org

ਉਮੇਦਵਾਰ ਇਹ ਬਚਨ ਦੇਣ ਕਿ ਚੁਣੇ ਜਾਣ ਪਿਛੋਂ ਉਹ ਸਾਰੇ ਅਕਾਲੀ ਆਗੂਆਂ ਦੀਆਂ ਬਿਲਾ ਸ਼ਰਤ ਰਿਹਾਈਆਂ ਲਈ ਕੰਮ ਕਰਨਗੇ ਅਤੇ ਜੇ ਉਹ ਰਿਹਾਈਆਂ ਨਾ ਕਰਾ ਸਕੇ ਤਾਂ ਬੋਰਡ ਵਿਚੋਂ ਅਸਤੀਫੇ ਦੇ ਦੇਣਗੇ। ਇਹ ਗੱਲ ਵੀ ਸਿਰੇ ਨਾ ਚੜ੍ਹੀ। ਸ਼੍ਰੋਮਣੀ ਕਮੇਟੀ ਦੇ ਮਿੰਬਰਾਂ ਨੇ ਏਲਾਨ ਕਰ ਦਿੱਤਾ ਕਿ ਉਹ 'ਸਰਬੱਤ ਕਾਨਫਰੰਸ' ਵਿਚ ਸ਼ਾਮਲ ਨਹੀਂ ਹੋਣਗੇ ਇਸ ਲਈ ਇਹ 'ਸਰਬੱਤ ਕਾਨਫਰੰਸ' ਸਿੱਖਾਂ ਦੀ ਨੁਮਾਇੰਦਾ ਹੀ ਨਹੀਂ ਰਹੇਗੀ।

ਇਸ ਵੇਲੇ ਇਕ ਪਾਰਟੀ ਦੂਜੀ ਪਾਰਟੀ ਦੀਆਂ ਅੱਖਾਂ ਵਿਚ ਘੱਟਾ ਪਾਣ ਦੇ ਯਤਨ ਕਰ ਰਹੀ ਸੀ। ਅਕਾਲੀ ਦਲ ਜਿਹੜਾ ਗੁਰਦੁਆਰਿਆਂ ਦੇ ਮੋਰਚਿਆਂ ਸਬੰਧੀ ਸ਼੍ਰੋਮਣੀ ਕਮੇਟੀ ਦੇ ਹੁਕਮਾਂ ਤੇ ਲਗਾਤਾਰ ਫੁਲ ਚੜ੍ਹਾਉਂਦਾ ਰਿਹਾ ਸੀ, ਹੁਣ ਉਸ ਦੇ ਅੱਗੇ ਵਿਹਰਦਾ ਜਾਂਦਾ ਸੀ। ਸਰਦਾਰ ਬਹਾਦਰ ਵਗੈਰਾ ਦੇ ਬਾਹਰ ਆਉਣ ਦੇ ਵੇਲੇ ਤਕ ਇਹ ਦੋਵੇਂ ਜਥੇਬੰਦੀਆਂ ਬਾਂਹ ਵਿਚ ਬਾਂਹ ਪਾ ਕੇ ਚਲਦੀਆਂ ਰਹੀਆਂ ਸਨ, ਹੁਣ ਇਹ ਬਾਹਵਾਂ ਅੱਡੋ ਅੱਡ ਹੋਣ ਲਗ ਪਈਆਂ ਸਨ। ਸ਼੍ਰੋਮਣੀ ਅਕਾਲੀ ਦਲ ਦਾ ਭਰੋਸਾ ਸਰਦਾਰ ਮਹਿਤਾਬ ਸਿੰਘ ਦੇ ਕਬਜ਼ੇ ਵਿਚ ਆਈ ਸ਼੍ਰੋਮਣੀ ਕਮੇਟੀ ਤੋਂ ਉਠਦਾ ਜਾਂਦਾ ਸੀ। ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀਆਂ ਚਾਲਾਂ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦਾ ਸੀ ਅਤੇ ਕਮੇਟੀ ਦਲ ਨੂੰ ਸ਼ੱਕੀ ਨਜ਼ਰਾਂ ਨਾਲ ਵੇਖਦੀ ਸੀ।

ਸ਼੍ਰੋਮਣੀ ਕਮੇਟੀ ਵਲੋਂ ਏਲਾਨ ਕੀਤਾ ਗਿਆ ਕਿ ਕਮੇਟੀ ਦੀਆਂ ਚੋਣਾਂ ਮਈ ਦੇ ਅਖੀਰ ਵਿਚ ਕਰਾਈਆਂ ਜਾਣਗੀਆਂ। ਇਹ ਸਰਦਾਰ ਬਹਾਦਰ ਪਾਰਟੀ ਵਲੋਂ ਧੋਖੇ ਦੀ ਨਵੀਂ ਚਾਲ ਸੀ ਕਿਉਂਕਿ ਇਸ ਚੋਣ ਤੋਂ ਪਹਿਲੋਂ ਸੰਟਰਲ ਬੋਰਡ ਦੇ ਉਮੇਦਵਾਰਾਂ ਦੀਆਂ ਨਾਮ-ਨਿਯੁਕਤੀਆਂ ਹੋ ਚੁਕਣੀਆਂ ਸਨ। ਅਤੇ ਇਹਨਾਂ ਉਮੇਦਵਾਰਾਂ ਦੇ ਨਾਮ ਸਰਦਾਰ ਬਹਾਦਰ ਪਾਰਟੀ ਨੇ ਹੀ ਨਿਯੁਕਤ ਕਰਨੇ ਸਨ। ਅਕਾਲੀ ਦਲ ਦੇ ਆਗੂ ਸੁੱਤੇ ਹੋਏ ਨਹੀਂ ਸਨ। ਉਹਨਾਂ ਨੇ ਫੌਰਨ ਇਸ ਚਾਲ ਨੂੰ ਤਾੜ ਲਿਆ ਅਤੇ ਇਸ ਹੋਣ ਵਾਲੀ ਚੋਣ ਦਾ ਮਖੌਲ ਉਡਾਣਾ ਸ਼ੁਰੂ ਕਰ ਦਿੱਤਾ।

ਸਮਝੌਤੇ ਦੀਆਂ ਗੱਲਾਂ ਕਈ ਵਾਰ ਟੁੱਟੀਆਂ ਅਤੇ ਕਈ ਵਾਰ ਮੁੜ ਚੱਲੀਆਂ। ਇਹ ਸਿਲਸਿਲਾ ਕਦੇ ਵੀ ਮੁੱਕਣ ਵਿਚ ਨਹੀਂ ਸੀ ਆਇਆ। ਪਰ ਇਸ ਵੇਲੇ ਅਕਾਲੀ ਦਲ ਦੇ ਆਗੂ ਇਸ ਸਿੱਟੇ ਤੇ ਪਹੁੰਚ ਚੁਕੇ ਸਨ ਕਿ ਸ਼੍ਰੋਮਣੀ ਕਮੇਟੀ ਉਤੇ ਕਬਜ਼ੇ ਦੀ ਆਸ ਛੱਡ ਦਿੱਤੀ ਜਾਵੇ ਅਤੇ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਵਿਚ ਸੰਟਰਲ ਬੋਰਡ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਵਲੋਂ ਲੜ੍ਹੀਆਂ ਜਾਣ। ਇਸ ਲਈ 10 ਮਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਮ ਅਜਲਾਸ ਦੀ ਮੀਟਿੰਗ ਕੀਤੀ ਗਈ ਜਿਸ ਵਿਚ ਜਥੇਬੰਦੀ ਨੂੰ ਮਜ਼ਬੂਤ ਕਰਨ ਦੇ ਕਦਮ ਉਠਾਏ ਗਏ ਅਤੇ ਜਨਰਲ ਹਾਊਸ ਦੀ 550 ਦੀ ਗਿਣਤੀ ਪੂਰੀ ਕਰਨ ਤੇ ਸਭ ਇਲਾਕਿਆਂ ਨੂੰ ਯੋਗ ਨੁਮਾਇੰਦਗੀ ਦੇਣ ਲਈ ਨਵੇਂ ਮੈਂਬਰ ਲਏ ਗਏ। ਨਵੇਂ ਮੈਂਬਰ ਲੈਣ ਵੇਲੇ ਸ: ਮਹਿਤਾਬ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦੇ ਨਾਮ ਵੀ ਪੇਸ਼ ਹੋਏ, ਪਰ ਇਸ ਸੁਝਾਅ ਨੂੰ ਹਾਸੇ ਮਖੌਲ ਤੋਂ ਛੁੱਟ ਕਿਸੇ ਨੇ ਵੀ ਗੰਭੀਰਤਾ ਨਾਲ ਨਾ ਲਿਆ।

## 4. ਸ਼੍ਰੋਮਣੀ ਅਕਾਲੀ ਦਲ ਦੀ ਗਲਤੀ

ਸ: ਮਹਿਤਾਬ ਸਿੰਘ ਦੀ ਪਾਰਟੀ 'ਸਰਬੱਤ ਕਾਨਫਰੰਸ' ਦੇ ਫਤਵੇ ਤੋਂ ਬੜਾ ਡਰਦੀ ਸੀ ਅਤੇ ਅਕਾਲੀ ਦਲ ਦੇ ਆਗੂ ਉਹਨਾਂ ਨੂੰ ਡਰਾਉਣ ਲਈ ਸਰਬੱਤ ਕਾਨਫਰੰਸ ਦੀ ਕਦੇ ਕੋਈ, ਕਦੇ ਕੋਈ, ਤਰੀਕ ਮੁਕਰਰ ਕਰ ਦੇਂਦੇ ਸਨ ਅਤੇ ਸਰਦਾਰ ਬਹਾਦਰ ਪਾਰਟੀ ਵਲੋਂ ਮੁੜ ਸਮਝੌਤੇ

Digitized by Panjab Digital Library | www.panjabdigilib.org

ਲਈ ਕੋਈ ਨਵੀਂ ਤਜਵੀਜ਼ ਆ ਜਾਂਦੀ ਸੀ। ਇਸ ਵਾਰ ਸਾਲਸਾਂ ਰਾਹੀਂ ਸਮਝੌਤੇ ਦੀ ਗੱਲ ਛਿੜੀ। ਸ: ਮੰਗਲ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਨੇ ਇਕ ਸਾਂਝੇ ਏਲਾਨ ਤੇ ਦਸਖਤ ਕੀਤੇ ਜਿਸ ਦਾ ਨਿਚੋੜ ਇਹ ਸੀ ਕਿ ਜਲਸਿਆਂ ਤੇ ਅਖਬਾਰਾਂ ਵਿਚ ਇਕ ਦੂਜੇ ਦੇ ਖਿਲਾਫ ਪ੍ਰੋਪੈਗੰਡਾ ਬੰਦ ਕੀਤਾ ਜਾਵੇ, ਸਰਬਤ ਕਾਨਫਰੰਸ ਦੀ ਬੈਠਕ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਮੁਲਤਵੀ ਕੀਤੀਆਂ ਜਾਣ ਅਤੇ ਸਾਲਸ ਜੋ ਵੀ ਫੈਸਲਾ ਦੇਣ ਉਹ ਸਾਰੇ ਸਿਰ ਮਥੇ ਤੇ ਪਰਵਾਨ ਕਰਨ। ਪਰ ਨਾ ਸਾਲਸ ਇਕੱਠੇ ਹੋਏ ਅਤੇ ਨਾ ਕੋਈ ਫੈਸਲਾ ਹੋਇਆ। ਝਗੜਾ ਪਹਿਲੇ ਵਾਂਗ ਹੀ ਜਾਰੀ ਰਿਹਾ।

'ਸਰਬੱਤ ਕਾਨਫਰੰਸ' ਦੇ ਮੁਲਤਵੀ ਕਰਨ ਤੇ ਅਕਾਲੀ ਦਲ ਨੇ ਆਪਣੇ ਪਰਧਾਨ ਸ: ਅਮਰ ਸਿੰਘ ਝਬਾਲ ਉਤੇ ਜ਼ਾਬਤੇ ਦੀ ਕਾਰਵਾਈ ਕੀਤੀ ਜਿਸ ਤੇ ਉਸ ਨੇ ਅਤੇ ਸ: ਮੰਗਲ ਸਿੰਘ ਨੇ ਅਸਤੀਫੇ ਦੇ ਦਿੱਤੇ। ਨਵਾਂ ਪਰਧਾਨ ਬਾਬਾ ਗੁਰਦਿਤ ਸਿੰਘ ਕੋਮਾਗਾਟਾ ਮਾਰੂ ਚੁਣ ਲਿਆ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਜੇ 27 ਮਈ ਤਕ ਦੋਹਾਂ ਪਾਰਟੀਆਂ ਵਿਚਕਾਰ ਕੋਈ ਸਮਝੌਤਾ ਨਾ ਹੋਇਆ ਤਾਂ 'ਸਰਬੱਤ ਕਾਨਫਰੰਸ' ਦਸ ਯਾਰਾਂ ਜੂਨ ਨੂੰ ਸੱਦ ਲਈ ਜਾਏ। ਅਤੇ ਜੇ ਸ਼੍ਰੋਮਣੀ ਕਮੇਟੀ ਆਪਣੀਆਂ 29—30 ਮਈ ਦੀਆਂ ਚੋਣਾਂ ਅਕਾਲੀ ਜਥਿਆਂ ਦੇ ਰਾਹੀਂ ਨਾ ਕਰਾਵੇ ਤਾਂ ਉਹ ਚੋਣਾਂ ਨਾਜਾਇਜ਼ ਤੇ ਅਯੋਗ ਕਰਾਰ ਦਿੱਤੀਆਂ ਜਾਣ।

ਸਮਝੌਤਾ ਪੰਥਕ ਏਕੇ ਦੇ ਜਜ਼ਬਾਤੀ ਨਾਅਰੇ ਉਤੇ ਕਦੇ ਵੀ ਪਾਏਦਾਰ ਤੇ ਪੱਕਾ ਨਹੀਂ ਹੋਇਆ। ਅਵੱਲ ਤਾਂ ਹੁੰਦਾ ਹੀ ਨਹੀਂ, ਜੇ ਹੋਵੇ ਤਾਂ ਬਾਹਲਾ ਚਿਰ ਨਹੀਂ ਕਢਦਾ। ਸਮਝੌਤੇ ਦੇ ਪਾਏਦਾਰ ਬਣਾਣ ਲਈ ਇਕ ਠੋਸ ਤਫਸੀਲਵਾਰ ਪਰੋਗ੍ਰਾਮ ਉਤੇ ਸਹਿਮਤੀ ਤੇ ਨਾਲ ਹੀ ਉਸ ਉਤੇ ਈਮਾਨਦਾਰੀ ਨਾਲ ਅਮਲ ਕਰਨ ਦਾ ਅਹਿਦ ਕਰਨਾ ਜ਼ਰੂਰੀ ਤੇ ਮੁਖ ਸ਼ਰਤ ਹੈ। ਇਸ ਲਈ ਨਾ ਕੋਈ ਸਮਝੌਤਾ ਹੋਣਾ ਸੀ, ਨਾ ਹੋਇਆ। ਸਰਦਾਰ ਬਹਾਦਰ ਪਾਰਟੀ ਨੇ ਚੋਣਾਂ ਕਰਾ ਕੇ ਸ਼੍ਰੋਮਣੀ ਕਮੇਟੀ ਉਤੇ ਆਪਣਾ ਕਬਜ਼ਾ ਪੱਕਾ ਕਰ ਲਿਆ ਅਤੇ ਅਕਾਲੀ ਦਲ ਨੇ 'ਸਰਬੱਤ ਕਾਨਫਰੰਸ' ਦੀ ਬੈਠਕ ਸੱਦ ਲਈ।

ਨਿਕਲੇ ਨਤੀਜਿਆਂ ਨੇ ਦੱਸਿਆ ਕਿ 'ਸਰਬੱਤ ਕਾਨਫਰੰਸ' ਦਾ ਬੁਲਾਣਾ ਅਕਾਲੀ ਦਲ ਦੀ ਗਲਤੀ ਸੀ। ਅੱਵਲ ਤਾਂ ਇਹ ਬੁਲਾਈ ਜਾਣੀ ਹੀ ਨਹੀਂ ਸੀ ਚਾਹੀਦੀ ਅਤੇ ਜੇ ਬੁਲਾ ਹੀ ਲਈ ਗਈ ਸੀ ਤਾਂ ਇਸ ਦੇ ਸਫਲ ਬਣਾਣ ਲਈ ਜਿਹੜੀ ਤਿਆਰੀ, ਦੂਰਦਰਸ਼ੀ ਸੂਝ ਅਤੇ ਵਿਉਂਤਬੰਦੀ ਦੀ ਲੋੜ ਸੀ ਉਹ ਸਭ ਵਰਤੋਂ ਵਿਚ ਨਹੀਂ ਸੀ ਲਿਆਂਦੀ ਗਈ। ਕਾਨਫਰੰਸ ਅਵੇਸਲੇਪਨ ਦੇ ਹਵਾਲੇ ਕਰ ਦਿੱਤੀ ਗਈ। ਅਕਾਲੀ ਦਲ ਦੀ ਭਾਰੀ ਤਾਕਤ ਦੇ ਹੁੰਦਿਆਂ ਉਹਨਾਂ ਦੀ ਆਪਣੀ ਪਾਲਿਸੀ ਦੇ ਖਿਲਾਫ ਫੈਸਲੇ ਨਹੀਂ ਸਨ ਹੋ ਸਕਦੇ, ਜੇ ਉਹਨਾਂ ਨੇ ਸਭ ਕੁਛ ਸੋਚ ਵਿਚਾਰ ਕੇ ਪਹਿਲੋਂ ਤੇ ਕਰ ਲਿਆ ਹੁੰਦਾ। ਹੋਇਆ ਕਾਨਫਰੰਸ ਵਿਚ ਚੋਖਾ ਉਹੋ ਕੁਛ ਜੋ ਕੁਛ ਅਕਾਲੀ ਦਲ ਨਹੀਂ ਸੀ ਚਾਹੁੰਦਾ। ਇਸ ਕਾਨਫਰੰਸ ਵਿਚ ਸ: ਅਮਰ ਸਿੰਘ ਝਬਾਲ ਤੇ ਸ: ਮੰਗਲ ਸਿੰਘ ਨੇ ਕੋਈ ਦਿਲਚਸਪੀ ਨਹੀਂ ਸੀ ਲਈ।

ਸ਼੍ਰੋਮਣੀ ਅਕਾਲੀ ਦਲ ਨੇ ਮਹਾਰਾਜਾ ਨਾਭਾ ਨੂੰ ਗੱਦੀ ਤੇ ਬਹਾਲ ਕਰਨ ਦੀ ਐਜੀਟੇਸ਼ਨ ਨਹੀਂ ਸੀ ਛੱਡੀ। ਸ਼੍ਰੋਮਣੀ ਕਮੇਟੀ ਦੇ "ਸ਼ਰਤਾਂ-ਮੰਨੂੰ' ਆਗੂਆਂ ਨੇ ਛੱਡ ਦਿੱਤੀ ਹੋਈ ਸੀ। ਦਲ ਨੇ ਸਗੋਂ ਕਮੇਟੀ ਦੇ ਆਗੂਆਂ ਨੂੰ ਸਦਾ ਦਿੱਤਾ ਸੀ ਕਿ ਉਹ ਸਰਬੱਤ ਕਾਨਫਰੰਸ ਵਿਚ ਆ ਕੇ ਦੱਸਣ ਕਿ ਮਹਾਰਾਜਾ ਨਾਭਾ ਸਬੰਧੀ ਮਤੇ ਬਾਰੇ ਉਹਨਾਂ ਦੀ ਪੁਜ਼ੀਸ਼ਨ ਕੀ ਹੈ। ਬਾਬਾ ਗੁਰਦਿਤ ਸਿੰਘ

Digitized by Panjab Digital Library | www.panjabdigilib.org

ਜੀ ਸੁਆਗਤੀ ਕਮੇਟੀ ਦੇ ਪਰਧਾਨ ਸਨ ਉਹਨਾ ਨੇ ਅਕਾਲੀ ਦਲ ਦੇ ਫੈਸਲਾ ਕੀਤੇ ਬਗੈਰ ਮਹਾਰਾਜਾ ਨਾਭਾ ਨੂੰ ਕਾਨਫਰੰਸ ਦਾ ਪਰਧਾਨ ਬਣਨ ਦਾ ਸੱਦਾ ਦੇ ਦਿੱਤਾ । ਭਾਵੇਂ ਮਹਾਰਾਜਾ ਨੇ, ਧੰਨਵਾਦ ਸਹਿਤ, ਪਰਧਾਨ ਬਣਨਾ ਸਵੀਕਾਰ ਨਾ ਕੀਤਾ, ਪਰ ਬਾਬਾ ਜੀ ਤੋਂ ਅਕਾਲੀ ਦਲ ਨੇ ਮੁਆਫੀ ਮੰਗਵਾਈ ਕਿ ਉਹਨਾ ਨੇ ਆਪਣੇ ਆਪ ਇਹ ਸੱਦਾ ਕਿਉਂ ਦਿੱਤਾ । ਕਾਨਫਰੰਸ ਦੇ ਪਰਧਾਨ ਸ: ਅਵਤਾਰ ਸਿੰਘ ਬੈਰਿਸਟਰ ਗੁਜਰਾਂਵਾਲਾ ਸਨ ।

ਸਰਬੱਤ ਕਾਨਫਰੰਸ ਵਿਚ ਹਾਜ਼ਰੀ, ਵੱਧ ਜਾਂ ਘੱਟ, ਤਿੰਨ ਹਜ਼ਾਰ ਸੀ । ਗੌਰਮਿੰਟ ਰਿਪੋਰਟ ਢਾਈ ਹਜ਼ਾਰ ਬਿਆਨ ਕਰਦੀ ਹੈ । ਇਸ ਵਿਚ ਗੜਗੱਜ ਅਕਾਲੀ ਦੀਵਾਨ ਅਤੇ ਸੰਟਰਲ ਮਾਝਾ ਦੀਵਾਨ ਦੇ ਅੱਤਵਾਦੀ ਡੈਲੀਗੇਟ ਗਿਣ ਮਿੱਥ ਕੇ ਬੜੀ ਭਾਰੀ ਗਿਣਤੀ ਵਿਚ ਸ਼ਾਮਲ ਜਾ ਹੋਏ ਸਨ । ਉਹਨਾਂ ਨੇ ਕਾਨਫਰੰਸ ਉਤੇ ਇਕ ਤਰ੍ਹਾਂ ਕਬਜ਼ਾ ਕਰ ਲਿਆ । ਇਸ ਵਿਚ ਗੁਰਦੁਆਰਾ ਐਕਟ ਦੇ ਨਾ-ਮਨਜ਼ੂਰ ਕਰਨ ਦਾ ਮਤਾ ਪਾਸ ਕਰ ਦਿੱਤਾ ਗਿਆ ਅਤੇ ਇਕ ਹੋਰ ਫੈਸਲੇ ਰਾਹੀਂ ਸ਼੍ਰੋਮਣੀ ਕਮੇਟੀ ਤੋਂ ਗੁਰਦੁਆਰਿਆਂ ਦਾ ਕਬਜ਼ਾ ਲੈਣ ਲਈ ਇਕ ਇੱਕੀਆਂ ਆਦਮੀਆਂ ਦੀ ਕਮੇਟੀ ਬਣਾ ਦਿੱਤੀ ਗਈ । ਵੋਟਾਂ ਦੀ ਨਿਸਬਤ 703 ਤੇ 291 ਸੀ । ਪਰਧਾਨ ਨੇ ਪੰਜਾਬੋਂ ਬਾਹਰਲੇ ਗੁਰਦੁਆਰੇ ਹਾਸਲ ਕਰਨ ਲਈ ਜਥੇਬੰਦੀ ਦੀ ਵੱਧ ਤੋਂ ਵੱਧ ਮਜ਼ਬੂਤੀ ਤੇ ਜ਼ੋਰ ਦਿੱਤਾ ਅਤੇ ਬਾਬਾ ਜੀ ਨੇ ਆਖਿਆ ਕਿ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕਰਾਣ ਲਈ ਇਕ ਲੱਖ ਅਕਾਲੀਆਂ ਨੂੰ ਜੇਲ੍ਹਾਂ ਵਿਚ ਜਾਣ ਲਈ ਤਿਆਰ ਹੋਣਾ ਚਾਹੀਦਾ ਹੈ । ਮਹਾਰਾਜਾ ਨਾਭਾ ਦੀ ਬਹਾਲੀ ਦਾ ਵੀ ਮਤਾ ਪਾਸ ਕੀਤਾ ਗਿਆ ।

ਗੁਰਦੁਆਰਾ ਬਿਲ ਨੂੰ ਨਾ-ਮਨਜ਼ੂਰ ਕਰਨ ਅਤੇ ਗੁਰਦੁਆਰਿਆਂ ਉਤੇਂ ਜਬਰਨ ਕਬਜ਼ਾ ਕਰਨ ਦੇ ਮਤੇ ਸ਼੍ਰੋਮਣੀ ਅਕਾਲੀ ਦਲ ਦੀ ਪਾਲਿਸੀ ਦੇ ਉਲਟ ਸਨ । ਇਸ ਲਈ ਅਕਾਲੀ ਦਲ ਪਾਸ ਇਹਨਾਂ ਦੀ ਨਿਖੇਧੀ ਤੋਂ ਛੁੱਟ ਹੋਰ ਕੋਈ ਚਾਰਾ ਨਹੀਂ ਸੀ । ਅਕਾਲੀ ਦਲ ਕਸੂਤੀ ਪੁਜ਼ੀਸ਼ਨ ਵਿਚ ਫਸ ਗਿਆ ਸੀ । ਇਸ ਵਿਚੋਂ ਨਿਕਲਿਆ ਇਹਨਾਂ ਮਤਿਆਂ ਨੂੰ ਰੱਦ ਕਰਕੇ ਹੀ ਜਾਂਦਾ ਸੀ । ਅਕਾਲੀ ਦਲ ਨੇ ਇਹ ਕਾਨਫਰੰਸ ਕੀਤੀ ਸੀ ਤਾਕਤ ਹਾਸਲ ਕਰਨ ਲਈ ਪਰ ਇਸ ਨੇ ਸਗੋਂ ਦਲ ਦੇ ਸਤਕਾਰ ਤੇ ਵਕਾਰ ਨੂੰ ਚੰਗੀ ਹੱਦ ਤਕ ਸੱਟ ਮਾਰੀ । ਅਕਾਲੀ ਦਲ ਨੂੰ ਇਸ ਵੇਲੇ ਤਕ ਭਰੋਸਾ ਨਹੀਂ ਸੀ ਕਿ ਸਿੱਖਾਂ ਦੀ ਬਹੁਤ ਵਧੇਰੇ ਭਾਰੀ ਗਿਣਤੀ ਸ਼੍ਰੋਮਣੀ ਕਮੇਟੀ ਨਾਲੋਂ ਉਸ ਦੇ ਪਿੱਛੇ ਹੈ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਦੀ, ਸ਼ਰਤਾਂ ਮੰਨ ਆਉਣ ਦੇ ਕਾਰਣ, ਪਹਿਲੇ ਵਾਲੀ ਸਾਖ ਤੇ ਇੱਜ਼ਤ ਨਹੀਂ ਸੀ ਰਹੀ ।

## 5. ਦਰਬਾਰ ਸਾਹਿਬ ਵਿਚ ਪੁਲਸ

ਸਰਬੱਤ ਕਾਨਫਰੰਸ ਦਾ ਆਸਰਾ ਲੈ ਕੇ ਮੂਲ ਸਿੰਘ ਚਵਿੰਡਾ, ਰਸਾਲਦਾਰ ਤਾਰਾ ਸਿੰਘ ਅਤੇ ਕੁਛ ਹੋਰ ਗੜਗੱਜ ਅਕਾਲੀ ਦੀਵਾਨ ਦੇ ਮਿੰਬਰਾਂ ਨੇ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਲਈ ਵਿਉਂਤ ਬਣਾਈ । 17 ਜੂਨ ਦੀ ਸ਼ਾਮ ਨੂੰ ਇਕ ਛੋਟਾ ਜਿਹਾ ਜਥਾ ਅਕਾਲ ਤਖਤ ਤੋਂ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਦਫਤਰ ਉਤੇ ਕਬਜ਼ਾ ਕਰਨ ਲਈ ਤੁਰਿਆ । ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਅਗੇ ਖਬਰਦਾਰ ਖੜੇ ਸਨ । ਏਥੇ ਸਿਰਫ ਹਥੋ-ਪਾਈ ਤਕ ਹੀ ਨੌਬਤ ਪਹੁੰਚੀ ਜਾਪਦੀ ਸੀ । 18 ਜੂਨ ਨੂੰ ਕੁਛ ਅਕਾਲੀ ਅਕਾਲ ਤਖਤ ਪਹੁੰਚੇ ਅਤੇ ਮੰਗ ਕੀਤੀ ਕਿ ਦਰਬਾਰ ਸਾਹਿਬ ਦੀਆਂ ਚਾਬੀਆਂ ਉਹਨਾਂ ਦੇ ਹਵਾਲੇ ਕੀਤੀਆਂ ਜਾਣ । ਇਨਕਾਰ ਤੇ ਉਹਨਾਂ

Digitized by Panjab Digital Library | www.panjabdigilib.org

ਸੇਵਾਦਾਰਾਂ ਨਾਲ ਲੜਾਈ ਸ਼ੁਰੂ ਕਰ ਦਿੱਤੀ। ਗੱਲ ਹੱਥੋਪਾਈ ਤੋਂ ਲੰਘ ਕੇ ਡਾਂਗਾਂ ਸੋਟਿਆਂ ਤਕ ਪਹੁੰਚ ਗਈ। ਕੁਛ ਆਦਮੀ ਜ਼ਖਮੀ ਹੋ ਗਏ। ਇਕ ਦੀ ਬਾਂਹ ਟੁਟ ਗਈ। ਤਮਾਸ਼ਬੀਨ ਵਧੇਰੇ ਸਨ ਪਰ ਝਗੜਾ ਬੰਦ ਕਰਾਣ ਲਈ ਕੁਛ ਸਿੰਘ ਵੀ ਮੈਦਾਨ ਵਿਚ ਨਾ ਨਿਤਰੇ।

"ਪ੍ਰੋ: ਜੋਧ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਨੇ ਪੁਲਸ ਦੀ ਮੁਦਾਖਲਤ ਦੀ ਮੰਗ ਕੀਤੀ। ਡੀ. ਸੀ. ਨੂੰ ਇਤਲਾਹ ਦਿੱਤੀ ਗਈ। ਉਸ ਨੇ ਪੁਲਸ ਦੀ ਇਮਦਾਦ ਲਈ ਇਕ ਬਰਿਟਿਸ਼ ਕੰਪਨੀ ਮੰਗਵਾ ਲਈ ਅਤੇ ਖੁਦ ਦਰਬਾਰ ਸਾਹਿਬ ਦੇ ਅੰਦਰ ਆ ਗਿਆ। ਅਤੇ ਦਰਬਾਰ ਸਾਹਿਬ ਅੰਦਰ 144 ਦਫਾ ਲਾ ਦਿੱਤੀ। ਉਸ ਨੇ ਤਮਾਸ਼ਬੀਨਾਂ ਨੂੰ ਅਕਾਲ ਤਖਤ ਤੋਂ ਹਟ ਜਾਣ ਲਈ ਆਖਿਆ ਤਾਂ ਜੋ ਉਹ ਫਸਾਦ ਦੇ ਜ਼ੁਮੇਂਵਾਰ ਆਦਮੀਆਂ ਨੂੰ ਗਰਿਫਤਾਰ ਕਰ ਸਕੇ।"[1]

ਇਸ ਦੇ ਪਿਛੋਂ ਪੁਲਸ ਅਕਾਲ ਤਖਤ ਉਤੇ ਚੜ੍ਹ ਗਈ। ਅੰਦਰ ਆਉਣ ਵਾਲੀ ਗਲੀ ਤੇ ਪਹਿਰਾ ਲਾ ਦਿੱਤਾ ਗਿਆ। ਕੁਛ ਨੇ ਅਕਾਲ ਤਖਤ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ। ਪਰ ਕੁਛ ਮੁਜ਼ਾਹਮਤ ਪਿਛੋਂ ਉਹਨਾਂ ਨੂੰ ਫੜ ਲਿਆ ਗਿਆ। ਜਿਹੜੇ ਅਕਾਲ ਤਖਤ ਉਤੇ ਚੜ੍ਹ ਗਏ ਉਹਨਾਂ ਨੂੰ ਵੀ ਬਾ-ਵਰਦੀ ਤੇ ਬੇ-ਵਰਦੀ ਪੁਲਸ ਨੇ ਫੜ ਲਿਆ। ਇਹਨਾਂ ਗਰਿਫਤਾਰੀਆਂ ਪਿਛੋਂ ਉਹਨਾਂ ਨੂੰ ਵੀ ਫੜ ਲਿਆ ਗਿਆ ਜਿਹੜੇ ਸ਼੍ਰੋਮਣੀ ਕਮੇਟੀ ਦੇ ਦਫਤਰ ਤੇ ਕਬਜ਼ਾ ਕਰਨ ਗਏ ਸਨ। ਇਸ ਤਰ੍ਹਾਂ ਦੋਹਾਂ ਥਾਂਵਾਂ ਤੋਂ 62 ਅਕਾਲੀ ਫੜ ਲਏ ਗਏ। ਮੂਲ ਸਿੰਘ ਚਵਿੰਡਾ ਤੇ ਰਸਾਲਦਾਰ ਤਾਰਾ ਸਿੰਘ ਵੀ ਇਹਨਾਂ 62 ਵਿਚ ਹੀ ਸਨ। ਸ਼੍ਰੋਮਣੀ ਕਮੇਟੀ ਦਾ ਅਕਾਲ ਤਖਤ ਤੇ ਕਬਜ਼ਾ ਬਹਾਲ ਹੋ ਗਿਆ। ਦਰਬਾਰ ਸਾਹਿਬ ਕਮੇਟੀ ਦੀ ਮੰਗ ਤੇ ਗੌਰਮਿੰਟ ਨੇ ਮੁਆਵਜ਼ਾ ਲੈ ਕੇ ਪੁਲਸ ਕੁਛ ਦਿਨ ਲਈ ਦਰਬਾਰ ਸਾਹਿਬ ਵਿਚ ਘੱਲ ਦਿੱਤੀ।

---

1 File 112/IV—1926, monthly report of June.

Digitized by Panjab Digital Library | www.panjabdigilib.org

# ਸੈਂਟਰਲ ਬੋਰਡ ਦੀਆਂ ਚੋਣਾਂ

ਨਾ ਕੋਈ ਸਮਝੌਤਾ ਹੋ ਸਕਿਆ ਅਤੇ ਨਾ ਹੀ ਸੈਂਟਰਲ ਬੋਰਡ ਦੀਆਂ ਚੋਣਾਂ ਲਈ ਕੋਈ ਸਾਂਝੀ ਲਿਸਟ ਤਿਆਰ ਹੋ ਸਕੀ । ਮੈਦਾਨ ਵਿਚ ਚੋਣ ਲੜਨ ਲਈ ਤਿੰਨ ਪਾਰਟੀਆਂ ਸਨ ਜਿਨ੍ਹਾਂ ਨੇ ਆਪਣੇ ਆਪਣੇ ਉਮੇਦਵਾਰ ਖੜੇ ਕੀਤੇ : ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਹੇਲੀ ਦੀ ਸੁਧਾਰ ਕਮੇਟੀ ।

ਸ਼੍ਰੋਮਣੀ ਕਮੇਟੀ ਨੇ ਇਸ ਚੋਣ ਲਈ—ਵੱਧ ਹੀ ਹੋਣਾ ਏ ਘੱਟ ਨਹੀਂ—ਇਕ ਲੱਖ ਰੁਪਇਆ ਹੱਥ ਵਿਚ ਕਰ ਲਿਆ ਸੀ । ਗੌਰਮਿੰਟ ਦੀ ਇਕ ਰਿਪੋਰਟ ਇਸ ਦੀ ਤਸਦੀਕ ਕਰਦੀ ਹੈ : "ਭਰੋਸੇ-ਯੋਗ ਵਸੀਲੇ ਤੋਂ ਪਤਾ ਲਗਾ ਏ ਕਿ ਪੱਕੇ ਡੀਪਾਜ਼ਿਟ ਖਾਤੇ ਵਿਚੋਂ ਸ਼੍ਰੋਮਣੀ ਕਮੇਟੀ ਨੇ ਅੱਧ ਲਖ ਨਾਲੋਂ ਵੱਧ ਰਕਮ ਕੱਢ ਲਈ ਹੈ ਤਾਂ ਜੋ ਚੋਣ ਮੁਹਿੰਮ ਉਤੇ ਖਰਚ ਕੀਤੀ ਜਾਏ ਅਤੇ ਮੁਖਾਲਫਾਂ ਦੇ ਪਰੋਪੇਗੰਡੇ ਦਾ ਟਾਕਰਾ ਕੀਤਾ ਜਾਵੇ । ਕੁਛ ਜ਼ਿਲ੍ਹਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਅਤੇ ਸੁਧਾਰ ਕਮੇਟੀਆਂ ਦੇ ਉਮੇਦਵਾਰਾਂ ਵਿਚਕਾਰ ਸਮਝੌਤਾ ਹੋ ਗਿਆ ਹੈ ਤਾਂ ਜੋ ਅਜੇਹੀ ਤਿਕੋਨੀ ਲੜਾਈ ਨਾ ਲੜੀ ਜਾਏ ਜਿਸ ਦਾ ਫਾਇਦਾ ਅਕਾਲੀ ਅੱਤਵਾਦੀ ਉਮੀਦਵਾਰਾਂ ਨੂੰ ਪਹੁੰਚਦਾ ਹੋਵੇ ।"[1]

ਇਸ ਰਕਮ ਤੋਂ ਛੁਟ ਉਹਨਾਂ ਪਾਸ ਬੜੀਆਂ ਵੱਡੀਆਂ ਵੱਡੀਆਂ ਅਸਾਮੀਆਂ ਸਨ ਜਿਨ੍ਹਾਂ ਲਈ ਪੰਜ ਪੰਜ ਦਸ ਦਸ ਹਜ਼ਾਰ ਰੁਪਏ ਦੇਣਾ ਮਾਮੂਲੀ ਗੱਲ ਸੀ ।

ਉਤਲੀ ਰਿਪੋਰਟ ਵਿਚ ਅਕਾਲੀ ਪਾਰਟੀ ਬਾਰੇ ਵੀ ਇਹ ਸ਼ਬਦ ਲਿਖੇ ਹਨ : "ਅਕਾਲੀ ਪਾਰਟੀ ਦੂਜੇ ਪਾਸੇ ਮਹਾਰਾਜਾ ਨਾਭਾ ਨੂੰ ਗੱਦੀ ਤੇ ਬਿਠਾਣ ਲਈ ਐਜੀਟੇਸ਼ਨ ਮੁੜ ਸੁਰਜੀਤ ਕਰ ਰਹੀ ਹੈ । ਜਿਹੜਾ, ਇਹ ਫਰਜ਼ ਕਰਨ ਲਈ ਕਾਰਨ ਹਨ, ਉਹਨਾਂ ਨੂੰ ਮਾਲੀ ਇਮਦਾਦ ਦੇ ਰਿਹਾ ਹੈ ।" ਇਸ ਵਾਕ ਦੀ ਬਣਤਰ ਤੋਂ ਮਹਾਰਾਜਾ ਵਲੋਂ ਮਾਲੀ ਇਮਦਾਦ ਦੀ ਪੱਕੀ ਗੱਲ ਨਹੀਂ ਬਣਦੀ, ਐਵੇਂ ਫਰਜ਼ ਕੀਤੀ ਕੱਚੀ ਗੱਲ ਰਹਿ ਜਾਂਦੀ ਹੈ । ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਰੁਪਏ ਦੀ ਗੱਲ 'ਭਰੋਸੇ-ਯੋਗ ਵਸੀਲੇ' ਨਾਲ ਕੀਤੀ ਗਈ ਹੈ ਅਤੇ ਰੁਪਿਆ ਹਾਸਲ ਕਰਨ ਦਾ ਸੋਮਾ ਵੀ ਦਸਿਆ ਹੈ ।

ਤੀਜੀ ਪਾਰਟੀ ਜ਼ੈਲਦਾਰਾਂ, ਸਫੈਦ ਪੋਸ਼ਾਂ, ਆਨਰੇਰੀ ਤੇ ਤਨਖਾਹਦਾਰ ਮਜਿਸਟਰੇਟਾਂ ਅਤੇ ਹੋਰ ਹਰ ਪਰਕਾਰ ਦੇ ਸਰਕਾਰ ਪਰਸਤਾਂ ਦੀ ਸੀ । ਇਸ ਨੂੰ ਰੁਪਏ ਦਾ, ਸਰਕਾਰੀ ਇਮਦਾਦ ਦਾ ਕੋਈ ਘਾਟਾ ਨਹੀਂ ਸੀ, ਕਿਉਂਕਿ ਇਹ ਜੰਮੀ ਹੀ ਬਰਿਟਿਸ਼ ਰਾਜ ਦੀ ਕੁੱਖੋਂ ਸੀ । ਇਹਨਾਂ ਤੋਂ ਛੁੱਟ ਗਿਣਤੀ ਦੇ ਕੁਛ ਆਜ਼ਾਦ ਉਮੇਦਵਾਰ ਵੀ ਸੈਂਟਰਲ ਬੋਰਡ ਦੀਆਂ ਚੋਣਾਂ ਵਿਚ ਹਿੱਸਾ ਲੈ ਰਹੇ ਸਨ ।

ਸੁਧਾਰ ਕਮੇਟੀ ਦੇ ਉਮੇਦਵਾਰਾਂ ਨੂੰ ਲੋਕ ਸੁਣਨਾ ਨਹੀਂ ਸਨ ਚਾਹੁੰਦੇ । ਇਹਨਾਂ ਦੇ ਜਲਸੇ ਬੜੇ ਘੱਟ ਹੁੰਦੇ ਸਨ ਅਤੇ ਜਿਹੜੇ ਹੁੰਦੇ ਵੀ ਸਨ ਉਹਨਾਂ ਵਿਚ ਹਾਜ਼ਰੀ ਬੜੀ ਘੱਟ ਹੁੰਦੀ

1 File no. 112—IV—1926. May, Second Half Report.

Digitized by Panjab Digital Library | www.panjabdigilib.org

ਸੀ । ਇਹਨਾਂ ਜਲਸਿਆਂ ਵਿਚ ਲੋਕ ਸਵਾਲ ਕਰਦੇ ਸਨ ਤਾਂ ਇਹ ਜਵਾਬ ਨਹੀਂ ਸਨ ਦੇ ਸਕਦੇ । ਕੁਛ ਇਕ ਅਕਾਲੀ ਜਲਸਿਆਂ ਵਿਚ ਇਹਨਾਂ ਗੜਬੜ ਪਾਣ ਦੀ ਕੋਸ਼ਿਸ਼ ਵੀ ਕੀਤੀ ਸੀ ਜਿਸ ਦੇ ਕਾਰਣ ਇਹਨਾਂ ਦੀ ਲੋਕਾਂ ਚੰਗੀ ਮੁਰੰਮਤ ਕੀਤੀ ਸੀ । ਧੁਲੇਤਾ (ਜਲੰਧਰ) ਦੇ ਅਕਾਲੀ ਜਲਸੇ ਵਿਚ "ਸੁਧਾਰੀਆਂ" ਦੇ ਇਕ ਜਾਂ ਦੋਂਹ ਆਦਮੀਆਂ ਨੇ ਰੌਲਾ ਪਾਉਣ ਦਾ ਜਤਨ ਕੀਤਾ ਸੀ। ਇਹ ਜਲਸਾ ਉਚੇਚਾ 16 ਮਈ ਨੂੰ ਚੋਣ ਪਰਚਾਰ ਲਈ ਰੱਖਿਆ ਗਿਆ ਸੀ । ਪਰਸਿੱਧ ਆਗੂ ਬਚਿੰਤ ਸਿੰਘ ਰੁੜਕਾ ਕਲਾਂ ਤੇ ਉਸ ਦੇ ਕੁਛ ਸਾਥੀਆਂ ਨੇ ਰੌਲਾ ਪਾਣ ਵਾਲਿਆਂ ਦੀ ਖੂਬ ਖੁੰਬ ਠੱਪੀ ਸੀ ਜਿਸ ਤੇ ਪੁਲਸ ਝਟ ਪਟ ਉਹਨਾਂ ਦੀ ਮਦਦ ਤੇ ਪਹੁੰਚ ਗਈ ਸੀ ਅਤੇ ਉਹਨਾਂ ਨੇ ਬਚਿੰਤ ਸਿੰਘ ਤੇ ਉਸ ਦੇ ਹੋਰ ਕੁਛ ਸਾਥੀਆਂ ਨੂੰ ਫੜ ਲਿਆ ਸੀ ਅਤੇ ਮੁਕੱਦਮਾ ਚਲਾ ਕੇ ਦੋ-ਦੋ ਸਾਲ ਲਈ ਜੇਲ੍ਹ ਭੇਜ ਦਿੱਤਾ ਸੀ ।

18 ਜੂਨ ਨੂੰ ਸੈਂਟਰਲ ਬੋਰਡ ਦੀ ਚੋਣ ਲਈ ਵੋਟਾਂ ਪੈਣੀਆਂ ਸ਼ੁਰੂ ਹੋ ਗਈਆਂ। ਇਸ ਚੋਣ ਦਾ ਗੌਰਮਿੰਟ ਵਲੋਂ ਅਗਾਊਂ ਅਨੁਮਾਨ ਇਹ ਸੀ : "ਇਹ ਅਗਲਬ ਹੈ ਕਿ ਅਕਾਲੀ ਪਾਰਟੀ ਮਾਝੇ ਤੇ ਦੁਆਬੇ ਵਿਚ ਬਹੁ-ਸੰਮਤੀ ਹਾਸਲ ਕਰ ਲਏ—ਇਹਨਾਂ ਇਲਾਕਿਆਂ ਵਿਚ ਹੀ ਇਸ ਦੀ ਅਸਲੀ ਤਾਕਤ ਹੈ । ਭਾਵੇਂ ਅਮਰਿਤਸਰ ਜ਼ਿਲੇ ਵਿਚ, ਦਸਿਆ ਗਿਆ ਹੈ, ਸਿੱਖਾਂ ਦੀ ਵੱਡੀ ਬਹੁ-ਸੰਮਤੀ ਐਕਟ ਥੱਲੇ ਕਾਨੂੰਨ ਮੁਤਾਬਕ ਗੁਰਦੁਆਰਿਆਂ ਦੇ ਪਰਬੰਧ ਲਈ ਇਕ ਮਜ਼ਬੂਤ ਕਮੇਟੀ ਦੀ ਕਾਇਮੀ ਨੂੰ ਜੀਅ ਆਇਆਂ ਆਖੇਗੀ, ਦੂਜੇ ਹਿੱਸਿਆਂ ਵਿਚ ਨਰਮ-ਖਿਆਲ ਪਾਰਟੀ ਦੇ ਚੋਣ ਵਿਚ ਚੰਗੇ ਰੰਗ ਢੰਗ ਜਾਪਦੇ ਹਨ ।"[1]

ਉਤਲੇ ਨਿਰਣੇ ਵਿਚ ਅਮਰਿਤਸਰ ਨੂੰ ਮਾਝੇ ਨਾਲੋਂ ਨਿਖੇੜਨ ਦਾ ਜਤਨ ਸਮਝ ਵਿਚ ਆਉਂਦਾ ਹੈ । ਸਭ ਤੋਂ ਵਧੀਕ ਰੌਲਾ ਸੁਧਾਰ ਕਮੇਟੀ ਵਲੋਂ ਇਸ ਜ਼ਿਲੇ ਵਿਚ ਹੀ ਪਾਇਆ ਜਾਂਦਾ ਸੀ ਅਤੇ ਗੌਰਮਿੰਟ ਨੇ ਬਾਹਲੇ ਮੁਰੱਬੇ ਤੇ ਇਨਾਮ ਇਸ ਜ਼ਿਲੇ ਵਿਚ ਹੀ ਸੁਧਾਰ ਕਮੇਟੀ ਦੇ ਵਰਕਰਾਂ ਨੂੰ ਵੰਡੇ ਸਨ । ਬਾਵਜੂਦ ਇਸ ਸਭ ਪੱਖ-ਬਾਜ਼ੀ ਦੇ ਏਥੇ ਸੁਧਾਰ ਕਮੇਟੀ ਤੇ ਸਰਦਾਰ ਬਹਾਦਰ ਪਾਰਟੀ ਦੇ ਸਾਰੇ ਦੇ ਸਾਰੇ ਉਮੇਦਵਾਰ ਨਾਕਾਮ ਹੋ ਗਏ ਸਨ ।

ਸੁਧਾਰ ਕਮੇਟੀ ਵਾਲੇ ਤਾਂ ਕਿਸੇ ਤਿੰਨਾਂ-ਤੇਰ੍ਹਾਂ ਦੀ ਗਿਣਤੀ ਵਿਚ ਹੀ ਨਹੀਂ ਸਨ । ਅਕਾਲੀ ਪਾਰਟੀ ਨੂੰ ਵੀ ਪੂਰਾ ਯਕੀਨ ਨਹੀਂ ਸੀ ਕਿ ਉਹ ਸੈਂਟਰਲ ਬੋਰਡ ਦੀਆਂ ਚੋਣਾਂ ਵਿਚ ਸਾਦੀ ਬਹੁ-ਸੰਮਤੀ—ਵੱਡੀ ਭਾਰੀ ਬਹੁ-ਸੰਮਤੀ ਦੀ ਤਾਂ ਗੱਲ ਹੀ ਛੱਡੋ—ਵੀ ਹਾਸਲ ਕਰ ਲਏਗੀ । ਸਰਦਾਰ ਬਹਾਦਰ ਪਾਰਟੀ ਬਹੁ-ਸੰਮਤੀ ਦੀ ਆਸ ਲਾਈ ਬੈਠੀ ਸੀ ਅਤੇ ਸੈਂਟਰਲ ਬੋਰਡ ਉਤੇ ਆਪਣਾ ਕਬਜ਼ਾ ਕਰ ਕੇ ਗੌਰਮਿੰਟ ਦੀ ਇਹ ਖਾਹਸ਼ ਪੂਰੀ ਕਰਨ ਲਈ ਪੂਰੀ ਪੂਰੀ ਵਾਹ ਲਾ ਰਹੀ ਸੀ ਕਿ ਸਰਦਾਰ ਬਹਾਦਰ ਦੀ ਨਰਮ-ਖਿਆਲ ਪਾਰਟੀ ਗੁਰਦੁਆਰਿਆਂ ਦਾ ਕੰਟਰੋਲ ਆਪਣੇ ਹੱਥ ਵਿਚ ਲਵੇ ਅਤੇ ਗੌਰਮਿੰਟ ਨਾਲ ਪੂਰਣ ਮਿਲਵਰਤਨ ਤੇ ਤਾਲ-ਮੇਲ ਅਨੁਸਾਰ ਚਲੇ ।

## 1. ਚੋਣ ਦੇ ਹਥਕੰਡੇ

ਇਹਨਾਂ ਚੋਣਾਂ ਵਿਚ ਉਹ ਸਭ ਬਦਨਾਮ ਤਰੀਕੇ ਵਰਤੇ ਗਏ ਜਿਹੜੇ ਅੱਜ ਕਲ੍ਹ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਵਿਚ ਵਰਤੇ ਜਾਂਦੇ ਨਜ਼ਰ ਆਉਂਦੇ ਹਨ । ਭਰਿਸ਼ਟਾਚਾਰ ਦੀ ਕੋਈ ਵੀ ਅਜੇਹੀ ਕਿਸਮ ਤੁਹਾਨੂੰ ਨਹੀਂ ਮਿਲੇਗੀ ਜਿਹੜੀ ਇਸ ਚੋਣ ਵਿਚ ਵਰਤੋਂ ਵਿਚ ਨਹੀਂ

[1] File 112—IV—1926—June, Second Half.

Digitized by Panjab Digital Library | www.panjabdigilib.org

ਸੀ ਲਿਆਂਦੀ ਗਈ। ਚੋਣ ਜਿੱਤੋ, ਚੰਗੇ ਮੰਦੇ ਵਸੀਲੇ ਦੀ ਕੋਈ ਪਰਵਾਹ ਨਾ ਕਰੋ। ਚੋਣ ਦੀ ਕਾਮਯਾਬੀ ਨਾਲੋਂ ਹੋਰ ਕੋਈ ਵੱਡੀ ਕਾਮਯਾਬੀ ਨਹੀਂ —ਇਹ ਜਿਵੇਂ ਧਰਮ ਬਣ ਗਿਆ ਸੀ।

ਸਰਦਾਰ ਬਹਾਦਰ ਕਾਨੂੰਨੀ ਘੁੰਤਰਾਂ ਕੱਢਣ ਵਿਚ ਹੁਸ਼ਿਆਰ ਸਨ। ਮਾਸਟਰ ਤਾਰਾ ਸਿੰਘ ਤੇ ਅਮਰ ਸਿੰਘ ਵਾਸੂ ਦੇ ਫਾਰਮ ਇਸ ਲਈ ਰੱਦ ਕਰਾ ਦਿੱਤੇ ਗਏ ਕਿ ਉਹ ਫਾਰਮ ਦੇਣ ਲਈ ਖੁਦ ਨਹੀਂ ਸਨ ਪੇਸ਼ ਹੋਏ। ਵਾਸੂ ਵਾਲੇ ਹਲਕੇ ਵਿਚੋਂ, ਕਪਤਾਨ ਰਾਮ ਸਿੰਘ ਜੀ ਨੂੰ ਬਿਠਾ ਕੇ ਖੁਦ ਸਰਦਾਰ ਜੀ ਬਿਲਾ ਮੁਕਾਬਲਾ ਕਾਮਯਾਬ ਹੋ ਗਏ ਅਤੇ ਮਾਸਟਰ ਜੀ ਵਾਲੇ ਹਲਕੇ ਵਿਚੋਂ ਗਿਆਨੀ ਸ਼ੇਰ ਸਿੰਘ ਜੀ ਨੂੰ ਖਾਲੀ ਮੈਦਾਨ ਮਿਲ ਗਿਆ। ਭਗਤ ਜਸਵੰਤ ਸਿੰਘ, ਸ: ਗੁਰਦਿਤ ਸਿੰਘ ਅਤੇ ਸ: ਬਖਸ਼ੀਸ਼ ਸਿੰਘ ਦੇ ਮੁਕਾਬਲੇ ਵਾਲੇ ਉਮੇਦਵਾਰਾਂ ਦੇ ਕਾਗਜ਼ ਵੀ ਰੱਦ ਕਰ ਦਿੱਤੇ ਗਏ। ਇਸ ਤਰ੍ਹਾਂ ਇਹ ਤਿੰਨੇ ਵੀ ਬਿਲਾ ਮੁਕਾਬਲਾ ਮਿੰਬਰ ਬਣ ਗਏ। ਸ਼ੁਰੂਆਤ ਸਰਦਾਰ ਬਹਾਦਰ ਪਾਰਟੀ ਦੀ ਬੜੀ ਵਧੀਆ ਹੋ ਗਈ। ਉਹਨਾਂ ਨੂੰ ਆਸਾਂ, ਜਿਵੇਂ, ਫਲੀਭੂਤ ਹੁੰਦੀਆਂ ਨਜ਼ਰ ਆਉਣ ਲਗ ਪਈਆਂ। ਪਰ ਲੋਕਾਂ ਦੇ ਹੜ੍ਹ ਨੇ ਇਹਨਾਂ ਆਸਾਂ ਤੇ ਪਾਣੀ ਫੇਰ ਦਿੱਤਾ।

"ਸਰਦਾਰ ਬਹਾਦਰ ਪਾਰਟੀ ਨੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਨਾਮ, ਗੁਰਦੁਆਰੇ ਤੇ ਕਮੇਟੀ ਦੇ ਮੁਲਾਜ਼ਮ ਆਪਣੇ ਧੜੇ ਦੀ ਮਦਦ ਵਿਚ ਖੁਲ੍ਹੇ ਦਿਲ ਵਰਤੇ ਹਨ। ਅਤੇ ਪੰਥ ਦਾ ਸਾਂਝਾ ਰੁਪਇਆ ਕੇਵਲ ਇਕ ਪਾਰਟੀ ਨੂੰ ਕਾਮਯਾਬ ਕਰਾਉਣ ਲਈ ਪਾਣੀ ਵਾਂਗ ਰੋੜ੍ਹਿਆ ਹੈ। ਏਥੇ ਹੀ ਬਸ ਨਹੀਂ, ਸਰਕਾਰੀ ਅਫਸਰ ਅਤੇ ਸੁਧਾਰ ਕਮੇਟੀਆਂ ਵਾਲੇ ਆਪਣਾ ਸਾਰਾ ਰਸੂਖ ਇਸ ਪਾਰਟੀ ਨੂੰ ਕਾਮਯਾਬ ਕਰਾਉਣ ਲਈ ਵਰਤਦੇ ਰਹੇ ਹਨ। ਯਾਨੀ, ਇਕ ਪਾਸੇ ਸ਼੍ਰੋ: ਗੁਰ: ਪਰਬੰਧਕ ਕਮੇਟੀ, ਸੁਧਾਰ ਕਮੇਟੀ ਅਤੇ ਸਰਕਾਰੀ ਅਫਸਰਾਂ ਦਾ ਰਸੂਖ, ਰੁਪਇਆ, ਤੇ ਆਦਮੀ ਸਨ ਅਤੇ ਦੂਜੇ ਪਾਸੇ ਗਰੀਬ ਅਕਾਲੀ ਇਹਨਾਂ ਜ਼ਬਰਦਸਤ ਤਾਕਤਾਂ ਦਾ ਨੰਗੇ ਧੜ ਮੁਕਾਬਲਾ ਕਰ ਰਹੇ ਸਨ।"[1]

ਇਹ ਗੱਲ ਮੰਨਣੀ ਔਖੀ ਹੈ ਕਿ ਅਕਾਲੀ ਪਾਰਟੀ ਵਾਲੇ ਨੰਗੇ ਧੜ ਸਨ ਤੇ ਉਹਨਾਂ ਦੇ ਹੱਥ ਬਿਲਕੁਲ ਸੁਚੇ ਸਨ ਅਤੇ ਉਹਨਾਂ ਵਿਚੋਂ ਸਰਦੇ ਪੁਜਦਿਆਂ ਨੇ ਉਤਲੇ ਸਭ ਜਾਂ ਕੁਛ ਭ੍ਰਿਸ਼ਟਾਚਾਰੀ ਤਰੀਕੇ ਨਹੀਂ ਵਰਤੇ ਹੋਣਗੇ। ਵਰਤੇ ਹੋਣਗੇ ਪਰ ਆਪਣੀ ਵਿਤ ਅਨੁਸਾਰ। ਪਰ ਇਹ ਵਿਤ ਕੋਈ ਬਾਹਲੀ ਤਕੜੀ ਨਹੀਂ ਸੀ। ਅਸਲ ਵਿਚ ਇਹ ਸਿੱਖ ਜਨਤਾ ਦਾ ਜ਼ਬਰਦਸਤ ਉਭਾਰ ਸੀ ਜਿਹੜਾ ਉਹਨਾਂ ਦਾ ਬੇੜਾ ਬੰਨੇ ਲਾ ਗਿਆ।

## 2. ਚੋਣ ਦੇ ਨਤੀਜੇ

ਇਸ ਚੋਣ ਦੇ ਨਤੀਜਿਆਂ ਨੇ ਇਹ ਜ਼ਾਹਰ ਕੀਤਾ ਕਿ ਆਮ ਸਿੱਖ ਸਰਦਾਰ ਬਹਾਦਰ ਦੀ ਪਾਰਟੀ ਨੂੰ ਪਸੰਦ ਨਹੀਂ ਕਰਦੇ। ਸ਼ਰਤਾਂ ਮੰਨ ਕੇ ਆਉਣ ਨਾਲ ਉਹ ਲੋਕਾਂ ਦੇ ਮਨਾਂ ਤੋਂ ਲਹਿ ਗਏ ਸਨ ਅਤੇ ਲੋਕ ਉਹਨਾਂ ਨੂੰ ਸਰਕਾਰੀ ਪਾਰਟੀ ਸਮਝਣ ਲੱਗ ਪਏ ਸਨ। ਸੈਂਟਰਲ ਬੋਰਡ ਦੀ ਹਾਰ ਅਸਲ ਵਿਚ ਉਹਨਾਂ ਦੇ ਖਿਲਾਫ ਬੇਭਰੋਸਗੀ ਦੀ ਵੋਟ ਸੀ। ਪਰ ਉਹ ਅਜੇ ਵੀ ਬਹੁ-ਸੰਮਤੀ ਹਾਸਲ ਕਰਨ ਲਈ ਗਿਣਤੀਆਂ-ਮਿਣਤੀਆਂ ਕਰ ਰਹੇ ਸਨ ਅਤੇ ਆਪਣੇ ਕਾਮਯਾਬ

---

[1] ਅਕਾਲੀ ਤੇ ਪ੍ਰਦੇਸੀ—4 ਜੁਲਾਈ 1926 (ਐਡੀਟੋਰੀਅਲ)

Digitized by Panjab Digital Library | www.panjabdigilib.org

ਮਿੰਬਰਾਂ ਦੀ ਗਿਣਤੀ 67 ਦਸਦੇ ਸਨ। ਇਸ ਦਾ ਇਕ ਕਾਰਣ ਸ਼ਾਇਦ ਇਹ ਸੀ ਕਿ ਉਹ ਕਈ ਅਕਾਲੀ ਪਾਰਟੀ ਦੇ ਮਿੰਬਰਾਂ ਨੂੰ ਆਪਣਾ ਮਿੰਬਰ ਸਮਝੀ ਬੈਠੇ ਸਨ ਅਤੇ ਦੂਜੇ ਇਹ ਕਿ ਉਹ ਸੁਧਾਰੀਏ ਤੇ ਆਜ਼ਾਦ ਮਿੰਬਰਾਂ ਨੂੰ ਆਪਣੇ ਨਾਲ ਮਿਲਾ ਲੈਣਗੇ ਅਤੇ ਰਿਆਸਤਾਂ ਦੇ ਨਾਮਜ਼ਦ ਮਿੰਬਰ ਤਾਂ ਹੋਣਗੇ ਹੀ ਉਹਨਾਂ ਦੇ। ਇਸ ਤਰ੍ਹਾਂ ਉਹ ਸੈਂਟਰਲ ਬੋਰਡ ਉਤੇ ਕਬਜ਼ਾ ਕਰਕੇ ਮੁੜ ਸਰਵੇ-ਸਰਵਾ ਬਣ ਜਾਣਗੇ। ਪਰ ਇਹ ਐਵੇਂ ਸੁਪਨੇ ਸਨ—ਨਾ ਪੂਰੇ ਹੋਣ ਵਾਲੇ ਸੁਪਨੇ।

ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਜਿੱਤੇ ਹੋਏ 84—85 ਮਿੰਬਰਾਂ ਦੀ ਲਿਸਟ ਜ਼ਿਲੇਵਾਰ ਛਾਪ ਦਿੱਤੀ ਅਤੇ ਸਰਦਾਰ ਬਹਾਦਰ ਪਾਰਟੀ ਨੂੰ ਚੈਲੰਜ ਦੇਣੇ ਸ਼ੁਰੂ ਕਰ ਦਿੱਤੇ ਕਿ ਉਹ ਆਪਣੇ ਮਿੰਬਰਾਂ ਦੀ ਫਹਿਰਿਸਤ ਛਾਪਣ। ਅਕਾਲੀ ਪਾਰਟੀ ਦੇ ਮਿੰਬਰਾਂ ਨੇ ਗੱਜ ਵੱਜ ਕੇ ਕਹਿਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ ਕਿ ਉਹ ਅਕਾਲੀ ਦਲ ਦੀ ਟਿਕਟ ਤੇ ਕਾਮਯਾਬ ਹੋਏ ਹਨ ਅਤੇ ਡਟ ਕੇ ਅਕਾਲੀ ਦਲ ਦੇ ਨਾਲ ਤੇ ਵਫ਼ਾਦਾਰ ਹਨ। ਇਸ ਤਰ੍ਹਾਂ ਅਕਾਲੀ ਦਲ ਦੇ ਮਿੰਬਰਾਂ ਨੇ ਝਮੇਲੇ ਜਾਂ ਟਪਲੇ ਵਿਚ ਪੈਣ ਦੀ ਕੋਈ ਗੁੰਜਾਇਸ਼ ਹੀ ਨਾ ਰਹਿਣ ਦਿੱਤੀ। ਇਹਨਾਂ ਵਿਚ ਲਾਹੌਰ ਸਾਜ਼ਸ਼ ਕੇਸ ਦੇ ਸ: ਭਾਗ ਸਿੰਘ ਵਕੀਲ, ਸ: ਗੁਰਚਰਨ ਸਿੰਘ ਵਕੀਲ ਅਤੇ ਜਥੇਦਾਰ ਤੇਜਾ ਸਿੰਘ ਜੀ ਚੁਣੇ ਗਏ ਸਨ।

ਪਾਰਟੀਆਂ ਦੇ ਮਿੰਬਰਾਂ ਦੀ ਗਿਣਤੀ ਇਸ ਪਰਕਾਰ ਸੀ: ਸ਼੍ਰੋਮਣੀ ਅਕਾਲੀ ਦਲ 85; ਸ਼੍ਰੋਮਣੀ ਕਮੇਟੀ 26; ਹੋਲੀ ਸੁਧਾਰ ਕਮੇਟੀ 5 ਅਤੇ ਆਜ਼ਾਦ 4। ਕੁਲ 120। ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਮੂੰਹੋਂ ਬੋਲਦੀ ਸੀ। ਕੋਈ ਹੇਰਾ ਫੇਰੀ, ਕੋਈ ਗਿਣਤੀ ਮਿਣਤੀ ਇਸ ਜਿੱਤ ਨੂੰ ਹਾਰ ਵਿਚ ਨਹੀਂ ਸੀ ਬਦਲ ਸਕਦੀ। (ਵੇਖੋ ਅੰਤਕਾ ਜ਼ਿਲੇਵਾਰ ਫਹਿਰਿਸਤ)

ਉਹ ਸ਼੍ਰੋਮਣੀ ਕਮੇਟੀ ਜਿਸ ਦੇ ਮਤੇ ਧਾਰਮਕ ਫਤਵੇ ਦੀ ਹੈਸੀਅਤ ਰੱਖਦੇ ਸਨ ਅਤੇ ਜਿਸ ਦੇ ਸੱਦੇ ਤੇ ਲੋਕ ਤਲੀਆਂ ਤੇ ਸਿਰ ਰੱਖ ਕੇ ਮੈਦਾਨ ਵਿਚ ਕੁੱਦ ਪੈਂਦੇ ਸਨ—ਲੋਕਾਂ ਦੇ ਮਨਾਂ ਤੋਂ ਏਨੀ ਲਹਿ ਗਈ ਕਿ ਉਹਨਾਂ ਨੇ ਉਸ ਦੇ ਉਮੇਦਵਾਰਾਂ ਨੂੰ ਵੋਟ ਪਾਉਣੀ ਵੀ ਗੁਆਰਾ ਨਾ ਕੀਤੀ ਕਿਉਂਕਿ ਉਸ ਉਤੇ ਕਬਜ਼ਾ ਕਰੀ ਬੈਠੇ ਆਗੂ ਅੰਗਰੇਜ਼ ਸਾਮਰਾਜ ਅਗੇ ਹਥਿਆਰ ਸੁੱਟ ਚੁੱਕੇ ਸਨ ਅਤੇ ਆਪਣੇ ਸਾਥੀਆਂ ਨੂੰ ਜੇਲ੍ਹ ਵਿਚ ਛੱਡ ਕੇ ਬਾਹਰ ਆ ਗਏ ਸਨ।

Digitized by Panjab Digital Library | www.panjabdigilib.org

# ਸ: ਤੇਜਾ ਸਿੰਘ ਸਮੁੰਦਰੀ ਦਾ ਦਿਹਾਂਤ

ਅਕਾਲੀ ਪਾਰਟੀ ਦੀਆਂ ਜਿੱਤਾਂ ਨੇ ਸਾਜ਼ਸ਼ ਕੇਸ ਦੇ ਜੇਲ੍ਹ-ਬੰਦ ਆਗੂਆਂ ਤੇ ਬੜਾ ਚੰਗਾ ਪਰਭਾਵ ਪਾਇਆ । ਉਹਨਾਂ ਦੇ ਗੌਰਮਿੰਟ ਦੀਆਂ ਸ਼ਰਤਾਂ ਠੁਕਰਾਣ ਤੇ ਗੌਰਮਿੰਟ ਅਗੇ ਨਾ ਝੁਕਣ ਦੀ ਬੀਰਤਾ ਨੇ ਵੀ ਇਹਨਾਂ ਚੋਣਾਂ ਦੀਆਂ ਜਿੱਤਾਂ ਵਿਚ ਹਿੱਸਾ ਪਾਇਆ ਸੀ । ਇਸ ਲਈ ਉਹ ਬੜੇ ਖੁਸ਼ ਸਨ ਕਿ ਸਿੱਖ ਜਨਤਾ ਨੇ ਸ: ਬਹਾਦਰ ਪਾਰਟੀ ਨੂੰ ਸਰਕਾਰੀ ਸ਼ਰਤਾਂ ਮੰਨਣ ਦਾ ਇਨਾਮ ਦੇ ਦਿੱਤਾ ਹੈ—ਪੰਥ ਨੂੰ ਏਹੋ ਕਰਨਾ ਯੋਗ ਸੀ ; ਬਰਿਟਿਸ਼ ਸਰਕਾਰ ਅੱਗੇ ਗੋਡੇ ਰਗੜਨ ਵਾਲਿਆਂ ਦਾ ਏਹੋ ਹਸ਼ਰ ਹੋਣਾ ਚਾਹੀਦਾ ਸੀ ।

ਪਰ ਪੰਥ ਦੀਆਂ ਖੁਸ਼ੀਆਂ ਅਧਵਾਟੀਆਂ ਹੀ ਰਹਿ ਗਈਆਂ—ਏਕਾ ਏਕੀ ਸੁੱਕੇ ਅਸਮਾਨੋਂ ਬਿੱਜ ਡਿੱਗ ਪਈ । ਸਰਦਾਰ ਤੇਜਾ ਸਿੰਘ ਸਮੁੰਦਰੀ ਅਦਾਲਤ ਵਿਚੋਂ, ਗੁਆਹ ਭੁਗਤਾਂਦੇ, ਹੱਸਦੇ ਖੇਡਦੇ, ਆਪਣੇ ਅਜ਼ੀਜ਼ਾਂ ਨਾਲ ਮੁਲਾਕਾਤ ਕਰਕੇ ਸੰਟਰਲ ਜੇਲ੍ਹ ਅੰਦਰ ਗਏ, ਕਪੜੇ ਉਤਾਰ ਕੇ ਰਖੇ, ਨਵੇਂ ਪਾਏ ਅਤੇ ਸਾਥੀਆਂ ਨੂੰ ਕਹਿਣ ਲੱਗੇ ਕਿ ਖੱਬੀ ਬਾਂਹ ਵਿਚੋਂ ਦਰਦ ਉਠਕੇ ਕਲੇਜੇ ਨੂੰ ਜਾ ਰਿਹਾ ਹੈ ਅਤੇ ਪੰਜਾਂ ਛਿਆਂ ਮਿੰਟਾਂ ਵਿਚ ਹੀ ਵਿਛੋੜਾ ਦੇ ਗਏ ।

ਇਹ ਬੜਾ ਭਾਰਾ ਅਸਹਿ ਦੁਖਾਂਤ ਸੀ । ਜੇਲ੍ਹਾਂ ਦੇ ਟੈਲੀਫੋਨਾਂ ਤੇ ਤਾਰਾਂ ਤੇ ਕਿੰਨਾ ਚਿਰ ਅਮਰਿਤਸਰ ਦੇ ਅਕਾਲੀ ਆਗੂਆਂ ਨੇ ਯਕੀਨ ਹੀ ਨਾ ਕੀਤਾ । ਉਹਨਾਂ ਨੇ ਇਸ ਨੂੰ ਝੂਠ ਤੇ ਸ਼ਰਾਰਤ ਸਮਝਿਆ । ਪਰ ਇਹ ਕਿਸੇ ਦੁਸ਼ਮਣ ਦੀ ਸ਼ਰਾਰਤ ਨਹੀਂ ਸੀ । ਉਹ ਠੀਕ ਹੀ ਚਲਾਣਾ ਕਰ ਗਏ ਸਨ । ਅੰਦਰ ਵਾਲਿਆਂ ਦੇ ਯਕੀਨ ਦਿਵਾਣ ਤੇ ਉਹਨਾਂ ਨੂੰ ਇਸ ਵਰਤ ਗਏ ਭਾਣੇ ਦਾ ਯਕੀਨ ਆਇਆ ।

18 ਜੁਲਾਈ 1926 ਨੂੰ ਉਹਨਾ ਨੂੰ ਜੇਲ੍ਹ ਦੇ ਫਾਟਕ ਤੋਂ ਬਾਹਰ ਕਢਿਆ ਗਿਆ । ਉਹਨਾ ਦੇ ਸਾਥੀਆਂ ਨੇ ਅਥਰੂਆਂ ਤੇ ਘਿੱਗੀਆਂ ਬੱਝੀਆਂ ਨਾਲ ਉਹਨਾ ਨੂੰ ਅਲ-ਵਿਦਾਅ ਆਖਿਆ ਤੇ ਸੁੱਜੀਆਂ ਅੱਖਾਂ ਤੇ ਦੁਖ–ਭਰੇ ਦਿਲ ਲੈ ਕੇ ਅੰਦਰ ਆ ਗਏ ।

ਉਹਨਾ ਦੀ ਦਿਹ ਦਾ ਲਾਹੌਰ ਸ਼ਹਿਰ ਤੇ ਅਮਰਿਤਸਰ ਵਿਚ ਜਲੂਸ ਕਢਿਆ ਗਿਆ ਅਤੇ ਪੰਥ ਨੇ ਉਹਨਾ ਨੂੰ ਇਕ ਸੁੱਚੇ ਸ਼ਹੀਦ ਵਾਂਗ ਸਨਮਾਨਿਆ । ਉਹ ਸਨ ਹੀ ਸੱਚੇ ਸ਼ਹੀਦ । ਉਹ ਅਕਾਲੀ ਤਹਿਰੀਕ ਦੇ ਮੋਢੀਆਂ ਵਿਚੋਂ ਸਨ । ਉਹਨਾ ਦਾ ਨਾਮ ਪਹਿਲੇ ਛੱਤੀਆਂ ਵਿਚ ਵੀ ਦਰਜ ਸੀ । ਉਹਨਾ ਵਿਚ ਇਕ ਸੁਲਝੇ ਹੋਏ ਆਗੂ ਦੇ ਸਾਰੇ ਗੁਣ ਸਨ ਅਤੇ ਜਥੇਬੰਦੀ ਦਾ ਤਾਣਾਪੇਟਾ ਬਨਾਣ ਤੇ ਸਾਂਭਣ ਦਾ ਜਿੰਨਾ ਉਹਨਾ ਨੂੰ ਤਜਰਬਾ ਸੀ, ਸ਼ਾਇਦ ਉਸ ਵੇਲੇ ਦੇ ਆਗੂਆਂ ਵਿਚੋਂ ਕਿਸੇ ਨੂੰ ਵੀ ਨਹੀਂ ਸੀ । ਕੁੰਜੀਆਂ ਦੇ ਮੋਰਚੇ ਵੇਲੇ ਜਾਂ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਜਦੋਂ ਵੀ ਕਦੇ ਆਦਮੀਆਂ ਦੇ ਭੇਜਣ ਦਾ ਘਾਟਾ ਪਰਤੀਤ ਹੁੰਦਾ ਸੀ, ਉਹ ਰਾਤੋ ਰਾਤ ਆਦਮੀ ਭਿਜਵਾ ਕੇ ਦਿਨ ਨੂੰ ਪੂਰਾ ਕਰ ਦੇਂਦੇ ਸਨ । ਤੇਜਾ ਸਿੰਘ ਜੀ ਅਕਾਲੀ ਤਹਿਰੀਕ ਤੋਂ ਉਸ ਵੇਲੇ ਖੁੱਸ ਗਏ ਜਦੋਂ ਕਿ ਮੈਦਾਨ ਮਾਰ ਲਿਆ ਗਿਆ ਸੀ ਅਤੇ ਉਸਾਰੂ ਕੰਮਾਂ ਲਈ ਉਹਨਾ

Digitized by Panjab Digital Library | www.panjabdigilib.org

ਦੇ ਤਜਰਬੇ ਦੀ ਬੜੀ ਲੋੜ ਸੀ ।[1]

ਆਪ ਕਿਸੇ ਕਿਸਮ ਦੀਆਂ ਵੀ ਸ਼ਰਤਾਂ ਮੰਨਣ ਦੇ ਖਿਲਾਫ ਸਨ ਅਤੇ ਕਿਹਾ ਕਰਦੇ ਸਨ ਜਾਂ ਅਸੀਂ ਬਿਨਾਂ ਸ਼ਰਤ ਰਿਹਾ ਹੋਵਾਂਗੇ ਜਾਂ ਸਾਡੀਆਂ ਲਾਸ਼ਾਂ ਬਾਹਰ ਆਉਣਗੀਆਂ । ਆਪ ਅਪਣਾ ਬਚਨ ਪੂਰਾ ਗਏ। ਗੌਰਮਿੰਟ ਨੇ ਆਪਣੀ ਇਕ ਰਿਪੋਰਟ ਵਿਚ ਦਰਜ ਕੀਤਾ ਸੀ : 'ਬਾਕੀ ਅਤਵਾਦੀ ਕੈਦੀਆਂ ਲਈ ਉਸ ਦੀ ਮੌਤ ਇਕ ਕਰਾਰੀ ਸੱਟ ਹੋਵੇਗੀ ।'[2]

[1] ਸ: ਤੇਜਾ ਸਿੰਘ ਜੀ ਚਲਾਣੇ ਵੇਲੇ 44 ਸਾਲ, 4 ਮਹੀਨੇ ਅਤੇ 22 ਦਿਨ ਦੇ ਸਨ । ਪਿਤਾ ਦਾ ਨਾਮ ਸ: ਦੇਵਾ ਸਿੰਘ ਅਤੇ ਮਾਤਾ ਦਾ ਨਾਮ ਨੰਦ ਕੌਰ ਸੀ । ਪਹਿਲਾ ਪਿੰਡ ਬੁਰਜ ਰਾਏ ਕੇ (ਅੰਦਰਲੀ ਸਰਹਾਲੀ—ਅਮਰਿਤਸਰ) ਸੀ । ਪਿਤਾ ਰਿਸਾਲਦਾਰ ਮੇਜਰ ਸਨ । ਸਮੁੰਦਰੀ ਵਿਚ ਉਹਨਾਂ ਨੂੰ ਚੱਕ 140 ਵਿਚ ਮੁਰਬੇ ਮਿਲੇ ਹੋਏ ਸਨ । ਤੇਜਾ ਸਿੰਘ ਖੁਦ ਵੀ ਰਸਾਲਾ ਨੰਬਰ 22 ਵਿਚ ਦਫੇਦਾਰ ਭਰਤੀ ਹੋਏ । ਪਰ ਤਿੰਨਾਂ ਸਾਲਾਂ ਪਿਛੋਂ ਨੌਕਰੀ ਛੱਡਕੇ ਵਾਹੀ ਜੋਤੀ ਕਰਨ ਲਗ ਪਏ । ਪੜ੍ਹੇ ਹੋਏ ਦਸਵੀਂ ਤਕ ਸਨ ਪਰ ਬੁਧੀ ਬੜੀ ਤੇਜ਼ ਸੀ । ਉਹ ਸਿੱਖਾਂ ਦੇ ਅਬੁਲ ਕਲਾਮ ਆਜ਼ਾਦ ਸਨ । ਉਹਨਾਂ ਨੇ ਸਰਹਾਲੀ ਵਿਚ ਤੇ ਲਾਇਲਪੁਰ ਵਿਚ ਖਾਲਸਾ ਹਾਈ ਸਕੂਲ ਖੋਲ੍ਹਣ ਲਈ ਮੋਢੀ ਹੋ ਕੇ ਹਿੱਸਾ ਪਾਇਆ ਅਤੇ ਚਕ 140 ਵਿਚ ਮਿਡਲ ਸਕੂਲ ਖੋਲ੍ਹਿਆ । ਸਿੰਘ ਸਭਾ ਵਿਚ ਹਿੱਸਾ ਲੈਂਦੇ ਰਹੇ । ਸ: ਹਰਚੰਦ ਸਿੰਘ ਦੇ ਸਾਥੀ । ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਗੁਰਦੁਆਰਾ ਤਹਿਰੀਕ ਨੂੰ ਸਾਰਾ ਵਕਤ ਦੇਣ ਲੱਗ ਪਏ । ਚਾਬੀਆਂ ਦੇ ਮੋਰਚੇ ਵਿਚ ਸ: ਖੜਕ ਸਿੰਘ ਤੇ ਹੋਰਨਾਂ ਨਾਲ ਫੜੇ ਗਏ ਅਤੇ ਸਭ ਇਕੱਠੇ ਹੀ ਰਿਹਾ ਹੋਏ ।

ਇਸ ਸਾਜ਼ਸ਼ ਤੋਂ ਪਹਿਲੋਂ ਗੌਰਮਿੰਟ ਇਕ 'ਸਿੱਖ ਸਾਜਸ਼' ਦੇ ਨਾਮ ਥੱਲੇ ਮਸਾਲਾ ਇਕੱਠਾ ਕਰ ਰਹੀ ਸੀ । ਉਸ ਵਿਚ ਉਹਨਾ ਦਾ ਹਸਬ ਨਸਬ ਦੇ ਕੇ ਲਿਖਿਆ ਹੈ : "ਜਦੋਂ 1923 ਵਿਚ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਤਾਂ ਉਹਨਾਂ ਨੂੰ ਮੀਤ ਪਰਧਾਨ ਤੇ ਵਰਕਿੰਗ ਕਮੇਟੀ ਦਾ ਮਿੰਬਰ ਬਣਾ ਲਿਆ ਗਿਆ । ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਮਿੰਬਰ ਨਾਮਜ਼ਦ ਕਰ ਲਿਆ । ਨਾਭਾ ਐਜੀਟੇਸ਼ਨ ਵਿਚ ਆਗੂ ਬਣਕੇ ਕੰਮ ਕੀਤਾ । ਪੰਜਾਬ ਸੂਬਾ ਕਾਂਗਰਸ ਦਾ ਮੀਤ ਪਰਧਾਨ । ਸ਼ਰਤਾਂ ਦੇਣ ਤੋਂ ਇਨਕਾਰ ਕੀਤਾ ਅਤੇ ਹੋਰਨਾਂ ਨੂੰ ਪਰੇਰਨਾ ਕੀਤੀ ਕਿ ਕੋਈ ਸ਼ਰਤ ਨਾ ਦੇਵੇ ।" (F. 235/1926—Sikh Conspiracy)

ਉਹਨਾਂ ਨੇ ਰਿਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਐਜੀਟੇਸ਼ਨ ਵਿਚ ਬੜਾ ਹਿੱਸਾ ਪਾਇਆ ਅਤੇ ਇਸ ਬਾਰੇ ਜਦੋਂ ਚੀਫ ਖਾਲਸਾ ਦੀਵਾਨ ਨੇ ਜਲੰਧਰ ਦੀ ਸਿੱਖ ਐਜੂਕੇਸ਼ਨਲ ਕਾਨਫਰੰਸ ਵਿਚ ਮਤਾ ਪੇਸ਼ ਕਰਨ ਦੀ ਆਗਿਆ ਨਹੀਂ ਸੀ ਦਿੱਤੀ ਤਾਂ ਆਪ ਰੋਸ ਵਜੋਂ ਸ: ਹਰਚੰਦ ਸਿੰਘ ਤੇ ਹੋਰਨਾਂ ਨਾਲ ਉਠ ਕੇ ਬਾਹਰ ਚਲੇ ਗਏ ਸਨ । 'ਅਕਾਲੀ' ਅਖਬਾਰ ਦੇ ਸ਼ੁਰੂ ਕਰਨ ਵਾਲਿਆਂ ਦੇ ਨਾਲ ਅਤੇ ਜਦੋਂ ਬੋਰਿੰਗ ਤੇ ਕਿੰਗ ਨੇ ਚਾਲੀ ਹਜ਼ਾਰ ਦੇ ਹਰਜਾਨੇ ਦਾ ਅਕਾਲੀ ਤੇ ਦਾਅਵਾ ਕੀਤਾ ਸੀ ਤਾਂ ਆਪ ਨੇ ਇਕ ਮੁਰਬਾ ਜ਼ਮੀਨ ਲਿਖ ਕੇ ਦੇ ਦਿੱਤੀ ।

[2] File no 112/IV—1926—July—Secocd half.

Digitized by Panjab Digital Library | www.panjabdigilib.org

# ਰਿਹਾਈਆਂ ਨਹੀਂ ਹੋਣਗੀਆਂ

ਤੇਜਾ ਸਿੰਘ ਚੂਹੜਕਾਣੇ ਦੇ ਸ਼ਰਤਾਂ ਮੰਨ ਕੇ ਜਾਣ ਪਿਛੋਂ ਗੌਰਮਿੰਟ ਨੇ ਸ਼ਾਇਦ ਖਿਆਲ ਕਰ ਲਿਆ ਸੀ ਕਿ ਬਾਕੀਆਂ ਵਿਚੋਂ ਕੁਛ ਹੋਰ ਸ਼ਰਤਾਂ ਮੰਨ ਕੇ ਰਿਹਾ ਹੋ ਜਾਣਗੇ। ਇਸ ਲਈ ਉਸ ਨੇ ਸਾਜ਼ਸ਼ ਕੇਸ ਦੇ ਜੇਲ੍ਹ-ਬੰਦ ਆਗੂਆਂ ਦੀ ਰਿਹਾਈ ਬਾਰੇ ਆਪਣਾ ਰਵੱਈਆ ਬੜਾ ਸਖਤ ਕਰ ਲਿਆ ਸੀ ਅਤੇ ਉਹ ਇਸ ਗੱਲ ਤੇ ਜ਼ੋਰ ਦੇ ਰਹੀ ਸੀ ਕਿ ਸ਼ਰਤਾਂ-ਦਿਤਿਆਂ ਬਗੈਰ ਸਾਜ਼ਸ਼ ਦੇ ਆਗੂਆਂ ਨੂੰ ਅਤੇ ਬਾਕੀ ਕੈਦੀਆਂ ਨੂੰ ਰਿਹਾ ਨਹੀਂ ਕੀਤਾ ਜਾਏਗਾ। ਇਸ ਸਖਤ ਰਵੱਈਏ ਦੀ ਤਹਿ ਵਿਚ, ਅਸਲ ਵਿਚ ਰਾਜਨੀਤੀ ਕੰਮ ਕਰ ਰਹੀ ਸੀ। ਉਹ ਇਹ ਕਿ ਰਿਹਾ ਕੀਤੇ ਗਏ ਨਰਮ-ਖਿਆਲ ਆਗੂਆਂ ਨੂੰ ਪੱਕੇ-ਪੈਰੀਂ ਖੜਾ ਕੀਤਾ ਜਾਵੇ।

ਪੰਡਤ ਮਾਲਵੀਆ ਨੇ 1926 ਦੇ ਸ਼ੁਰੂ ਵਿਚ ਸੈਂਟਰਲ ਅਸੰਬਲੀ ਵਿਚ ਗੌਰਮਿੰਟ ਦੀ ਵਿਚਾਰ ਲਈ ਦੋ ਮਤੇ ਪੇਸ਼ ਕੀਤੇ ਸਨ, ਇਕ ਸ: ਖੜਕ ਸਿੰਘ ਦੀ ਰਿਹਾਈ ਲਈ ਅਤੇ ਦੂਜਾ ਆਮ ਗੁਰਦੁਆਰਾ ਕੈਦੀਆਂ ਤੇ ਜੇਲ੍ਹ-ਬੰਦ ਸਾਜ਼ਸ਼ ਕੇਸ ਵਾਲਿਆਂ ਦੀ ਰਿਹਾਈ ਲਈ। ਸ: ਖੜਕ ਸਿੰਘ ਦੀ ਰਿਹਾਈ ਲਈ 1924 ਵਿਚ ਅਸੰਬਲੀ ਨੇ ਗੈਰ ਸਰਕਾਰੀ ਮਤਾ ਪਾਸ ਵੀ ਕਰ ਦਿਤਾ ਸੀ। ਪਰ ਉਹਨਾ ਨੂੰ ਗੌਰਮਿੰਟ ਨੇ ਰਿਹਾ ਨਹੀਂ ਸੀ ਕੀਤਾ। ਉਹਨਾਂ ਵਕਤਾਂ ਵਿਚ ਅਸੰਬਲੀ ਦੇ ਮਤਿਆਂ ਦੀ ਕੋਈ ਕੀਮਤ ਨਹੀਂ ਸੀ ਹੁੰਦੀ ਕਿਉਂਕਿ ਸਾਰੀ ਤਾਕਤ ਕੇਂਦਰੀ ਸਕਤਰੇਤ ਦੇ ਹੱਥਾਂ ਵਿਚ ਕੇਂਦਰਿਤ ਸੀ ਅਤੇ ਉਹ ਜੋ ਫੈਸਲਾ ਲੈ ਲੈਂਦੇ ਸਨ, ਵਾਈਸਰਾਏ, ਆਮ ਕਰ, ਉਸ ਫੈਸਲੇ ਤੇ ਦਸਖਤ ਕਰ ਦੇਂਦਾ ਸੀ। ਇਸ ਵਾਰ ਤਾਂ ਗੌਰਮਿੰਟ ਨੇ ਫੈਸਲਾ ਹੀ ਕਰ ਦਿਤਾ ਕਿ ਸ: ਖੜਕ ਸਿੰਘ ਦੀ ਰਿਹਾਈ ਬਾਰੇ ਕੋਈ ਮਤਾ ਪੇਸ਼ ਹੋਵੇ ਤਾਂ ਉਸ ਦੇ ਪੇਸ਼ ਹੋਣ ਦੀ ਵੀ ਆਗਿਆ ਨਾ ਦਿਤੀ ਜਾਵੇ।

ਦੂਜੇ ਆਮ ਰਿਹਾਈਆਂ ਦੇ ਮਤੇ ਬਾਰੇ ਹੋਮ ਸੈਕਟਰੀ ਕਰੀਰਾਰ ਨੇ ਨੋਟ ਲਿਖਿਆ: "ਇਹ ਮਤੇ ਵਰਤਮਾਨ ਸਥਿਤੀ ਲਈ ਅਤਿਅੰਤ ਹਾਨੀਕਾਰਕ ਹੋਣਗੇ। ਸ: ਮਹਿਤਾਬ ਸਿੰਘ ਅਤੇ 19 ਹੋਰ ਅਕਾਲੀ ਜ਼ਬਾਨੀ ਸ਼ਰਤਾਂ ਦੇ ਕੇ ਰਿਹਾ ਹੋ ਗਏ ਹਨ। ਸ: ਮਹਿਤਾਬ ਸਿੰਘ ਸ਼੍ਰੋਮਣੀ ਕਮੇਟੀ ਦੇ ਪਰਧਾਨ ਦੇ ਅਹੁਦੇ ਉਤੇ ਚੁਣਿਆ ਗਿਆ ਹੈ, ਪਰ ਸ: ਮੰਗਲ ਸਿੰਘ ਵਲੋਂ ਉਸ ਦੀ ਸਖਤ ਵਿਰੋਧਤਾ ਹੋ ਰਹੀ ਹੈ ਜਿਸ ਦਾ ਮਕਸਦ ਅੱਤਵਾਦੀ ਧੜੇ ਲਈ ਮੁੜ ਕਮੇਟੀ ਦਾ ਕੰਟਰੋਲ ਹਾਸਲ ਕਰਨਾ ਹੈ। ਅਕਾਲੀ ਕੇਸ ਦੇ 16 ਜ਼ਿਦੀ ਮੁਲਜ਼ਮ ਬਿਲਾ ਸ਼ੁਬ੍ਹਾ ਅੱਤਵਾਦੀ ਧੜੇ ਨਾਲ ਸਬੰਧ ਰਖਦੇ ਹਨ ਅਤੇ ਕੋਈ ਵੀ ਮਤਾ ਜਿਹੜਾ ਉਹਨਾਂ ਦੇ ਹੱਕ ਵਿਚ ਪਾਸ ਕੀਤਾ ਜਾਵੇਗਾ ਉਸ ਦਾ ਪੜਕਰਮ ਬੜਾ ਗੰਭੀਰ ਤੌਰ ਤੇ ਨਰਮ-ਖਿਆਲ ਅਨਸਰਾਂ ਉਤੇ ਹੋਵੇਗਾ।"[1]

ਆਪਣੇ ਹੱਥ ਮਜ਼ਬੂਤ ਕਰਨ ਲਈ ਹੋਮ ਸੈਕਟਰੀ ਨੇ ਇਸ ਮਤੇ ਬਾਰੇ ਪੰਜਾਬ ਗੌਰਮਿੰਟ ਦੀ, ਤਾਰ ਰਾਹੀਂ, ਰਾਏ ਪੁੱਛੀ। ਉਹਨਾਂ ਜਵਾਬ ਦਿਤਾ: "ਉਹਨਾਂ ਦਾ ਵਰਤਮਾਨ ਰਵੱਈਆਂ ਜਿਨ੍ਹਾਂ ਨੇ ਸ਼ਰਤਾਂ ਦੇਣੋਂ ਇਨਕਾਰ ਕਰ ਦਿਤਾ ਹੈ ਅਤੇ ਉਹਨਾਂ ਦੇ ਕੁਛ ਹਮਾਇਤੀਆਂ ਦੀਆਂ ਦਲੀਲਾਂ ਜਿਹੜੀਆਂ ਖੁਲ੍ਹਮ ਖੁਲ੍ਹਾ ਉਹਨਾਂ ਵਲੋਂ ਵਰਤੀਆਂ ਜਾ ਰਹੀਆਂ ਹਨ, ਇਸ ਗੱਲ ਨੂੰ ਹੱਕੀ ਨਹੀਂ

[1] I. Crerar 4.2.26—File no 26/IV—1926.

Digitized by Panjab Digital Library | www.panjabdigilib.org

ਠਹਿਰਾਂਦੇ ਕਿ ਉਹਨਾਂ ਤੋਂ ਲਾਈਆਂ ਗਈਆਂ ਸ਼ਰਤਾਂ ਚੁਕ ਲਈਆਂ ਜਾਣ ।[1]

ਪੰਜਾਬ ਦਾ ਵਿੱਤ ਮੰਤਰੀ ਜੌਹਨ ਮੇਨਾਰਡ ਸਾਜ਼ਸ਼ ਕੇਸ਼ ਦੇ ਇਹਨਾ ਮੁਲਜ਼ਮਾਂ ਨੂੰ ਜੇਲ੍ਹ ਅੰਦਰ ਰਖਣ ਲਈ ਹੋਰ ਦਲੀਲਾਂ ਦੇ ਰਿਹਾ ਸੀ । ਏਨਾ ਬੇਵਕੂਫ ਤਾਂ ਉਹ ਨਹੀਂ ਸੀ ਬਣਨਾ ਚਾਹੁੰਦਾ ਕਿ ਉਹ ਲੋਕਾਂ ਸਾਹਮਣੇ ਉਹੋ ਦਲੀਲਾਂ ਦੇਂਦਾ ਜਿਹੜੀਆਂ ਹੋਮ ਸੈਕਟਰੀ ਤੇ ਕਾਇਮ ਮੁਕਾਮ ਚੀਫ ਸੈਕਟਰੀ ਨੇ ਸ: ਮਹਿਤਾਬ ਸਿੰਘ ਦੇ ਨਰਮ-ਖਿਆਲ ਧੜੇ ਨੂੰ ਮਜ਼ਬੂਤ ਕਰਨ ਲਈ ਖੁਫੀਆ ਮਿਸਲ ਵਿਚ ਦਿਤੀਆਂ ਸਨ । ਉਸ ਨੇ ਦਲੀਲ ਘੜ ਲਈ ਕਿ ਸਾਜ਼ਸ਼ ਦੇ ਮੁਲਜ਼ਮਾਂ ਨੂੰ ਬਿਲਾ ਸ਼ਰਤ ਰਿਹਾ ਕਰਨਾ ਸ਼ਰਤਾਂ ਮੰਨ ਕੇ ਰਿਹਾ ਹੋਣ ਵਾਲਿਆਂ ਨਾਲ ਬੇਇਨਸਾਫੀ ਹੋਵੇਗੀ । ਇਸ ਲਈ ਉਹਨਾਂ ਨੂੰ ਰਿਹਾ ਨਹੀਂ ਕੀਤਾ ਜਾ ਸਕਦਾ ।

ਪਰ ਸੰਟਰਲ ਬੋਰਡ ਦੀਆਂ ਚੋਣਾਂ ਵਿਚ ਗੌਰਮਿੰਟ ਵਲੋਂ ਰਿਹਾਈਆਂ ਨਾ ਕਰਨ ਦਾ ਸਵਾਲ ਇਕ ਅਹਿਮ ਸਵਾਲ ਬਣ ਗਿਆ । ਕਿਉਂਕਿ ਗਰਮ-ਖਿਆਲ ਧੜੇ ਦੇ ਆਗੂਆਂ ਨੇ ਬੜੇ ਜ਼ੋਰ ਨਾਲ ਲੋਕਾਂ ਵਿਚ ਇਹ ਦਲੀਲ ਦੇਣੀ ਸ਼ੁਰੂ ਕਰ ਦਿਤੀ ਕਿ ਜੇ ਸੰਟਰਲ ਬੋਰਡ ਦੀਆਂ ਚੋਣਾਂ ਵਿਚ ਸਰਦਾਰ ਬਹਾਦਰ ਧੜਾ ਜਿਤ ਗਿਆ ਤਾਂ ਕੋਈ ਵੀ ਮੁਲਜ਼ਮ ਜਾਂ ਕੈਦੀ ਸ਼ਰਤਾਂ ਬਗੈਰ ਉਕੇ ਹੀ ਰਿਹਾ ਨਹੀਂ ਕੀਤੇ ਜਾਣਗੇ । ਸਰਦਾਰ ਬਹਾਦਰ ਪਾਰਟੀ ਗੌਰਮਿੰਟ ਉਤੇ ਜ਼ੋਰ ਪਾ ਕੇ ਉਹਨਾਂ ਨੂੰ ਓਨਾ ਚਿਰ ਜੇਲ੍ਹਾਂ ਅੰਦਰ ਰਖੇਗੀ ਜਦੋਂ ਤਕ ਉਹ ਸ਼ਰਤਾਂ ਨਹੀਂ ਮੰਨ ਲੈਂਦੇ । ਗਰਮ-ਖਿਆਲੀਆਂ ਦੀ ਸ਼ਰਤਾਂ ਵਿਰੁਧ ਆਮ ਐਜੀਟੇਸ਼ਨ ਤੇ ਉਸ ਵਿਚ, ਖਾਸ ਕਰ, ਇਸ ਦਲੀਲ ਨੇ ਸਰਦਾਰ ਬਹਾਦਰ ਦੇ ਧੜੇ ਤੇ ਗੌਰਮਿੰਟ ਦੀ ਨਰਮ-ਧੜਾ-ਨਿਵਾਜ਼ ਪਾਲਿਸੀ ਦਾ ਭੱਠਾ ਬਿਠਾ ਦਿਤਾ ਅਤੇ ਦੋਹਾਂ ਦੀ ਬੁਰੀ ਤਰ੍ਹਾਂ ਸ਼ਿਕੱਸਤ ਹੋਈ ।

## 1. ਕੁਛ ਰਿਹਾਈਆਂ ਹੋ ਗਈਆਂ

ਸੰਟਰਲ ਬੋਰਡ ਦੇ ਬਾਕਾਇਦਾ ਚੁਣੇ ਜਾਣ ਪਿਛੋਂ ਪੰਜਾਬ ਗੌਰਮਿੰਟ ਪਾਸ ਇਸ ਤੋਂ ਛੁੱਟ ਹੋਰ ਕੋਈ ਰਾਹ ਨਹੀਂ ਸੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਕਮੇਟੀ, ਅਕਾਲੀ ਦਲ ਤੇ ਉਹਨਾਂ ਨਾਲ ਸੰਬੰਧਤ ਜਥੇਬੰਦੀਆਂ ਨੂੰ ਅਕਤੂਬਰ 1923 ਵਿਚ ਖਿਲਾਫ ਕਾਨੂੰਨ ਕਰ ਦੇਣ ਵਾਲਾ ਏਲਾਨ ਵਾਪਸ ਲਵੇ । ਗਵਰਨਰ ਹੇਲੀ ਨੇ ਆਪਣੀ ਕੌਂਸਲ ਦੀ ਸਪੀਚ ਵਿਚ ਇਹ ਬਚਨ ਦਿਤਾ ਸੀ । ਸ਼ਾਇਦ ਉਹ ਇਸ ਬਚਨ ਤੋਂ ਵੀ ਮੁਕਰ ਜਾਂਦਾ ਜੇ ਆਮ ਹਾਕਮਾਂ ਵਿਚ ਪਹਿਲੋਂ ਹੀ ਉਸ ਦੇ ਰਿਹਾਈਆਂ ਬਾਰੇ ਸਖਤ ਰਵੱਈਏ ਦੀ ਟੀਕਾ ਟਿਪਣੀ ਨਾ ਹੋਈ ਹੁੰਦੀ । ਗੌਰਮਿੰਟ ਨੇ 13 ਸਤੰਬਰ 1926 ਨੂੰ ਉਹ ਏਲਾਨ ਵਾਪਸ ਲੈ ਲਿਆ ਅਤੇ ਕਲ ਤਕ ਦੀਆਂ ਕਾਨੂੰਨ ਤੋਂ ਬਾਗੀ ਜਮਾਤਾਂ ਮੁੜ ਕਾਨੂੰਨ ਦੇ ਮੁਤਾਬਕ ਜਮਾਤਾਂ ਬਣ ਗਈਆਂ ।

ਸਾਜ਼ਸ਼ ਦਾ ਮੁਕੱਦਮਾ ਬਣਾਨ ਦੀ ਅਸਲੀ ਬੁਨਿਆਦ ਇਹਨਾਂ ਸਿੱਖ ਜਥੇਬੰਦੀਆਂ ਦਾ ਬਾਗੀ ਕਰਾਰ ਦੇਣਾ ਸੀ । ਜਦੋਂ ਇਹ ਜਥੇਬੰਦੀਆਂ ਹੀ ਕਾਨੂੰਨ ਦੀਆਂ ਨਜ਼ਰਾਂ ਵਿਚ ਬਾਗੀ ਨਾ ਰਹੀਆਂ ਤਾਂ ਸਾਜ਼ਸ਼-ਮੁਕੱਦਮੇ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ । ਉਸ ਵੇਲੇ ਉਹ ਪੈਰਾਂ ਬਗੈਰ ਹਵਾ ਵਿਚ ਲਟਕਣ ਲਗ ਪਿਆ ।

ਇਸ ਤੋਂ ਪਹਿਲੋਂ ਵੀ ਬਾਈਆਂ ਤੇਈਆਂ ਆਦਮੀਆਂ ਦੇ ਇਹ ਆਖਣ ਤੇ ਬਾਹਰ ਚਲੇ ਜਾਣ ਨੇ ਕਿ ਉਹ ਗੁਰਦੁਆਰਾ ਐਕਟ ਤੇ ਅਮਲ ਕਰਨਗੇ, ਮੁਕੱਦਮੇ ਨੂੰ ਸਾਹ-ਸਤ-ਹੀਣ ਕਰ ਦਿਤਾ ਸੀ । ਅਤੇ ਗੌਰਮਿੰਟ ਉਹਨਾਂ ਨੂੰ ਅੰਦਰ ਰੱਖਣ ਲਈ ਸਿਰਫ ਹਠ ਪਿੱਟ ਰਹੀ ਸੀ ।

---

1 I. M. Durnet : Offg. Chief Sec. 11th Feb. 1926. File no. 27.

Digitized by Panjab Digital Library | www.panjabdigilib.org



## ਸ: ਤੇਜਾ ਸਿੰਘ ਜੀ ਸਮੁੰਦਰੀ

ਆਪ ਅਕਾਲੀ ਲਹਿਰ ਦੇ ਗਰਮ ਧੜੇ ਦੇ ਆਗੂ ਸਨ ਅਤੇ ਲਾਹੌਰ ਕਿਲ੍ਹੇ ਦੀ ਜੇਹਲ ਵਿਚ ਲੰਬੇ ਵਰਤ ਪਿਛੋਂ ੧੯੨੬ ਵਿਚ ਸ਼ਹੀਦ ਹੋਏ ।

## Sardar Teja Singh Ji Samundri

He passed away after a long fast (1926) in Lahore Fort as detenue. (S G. P. C.)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਦਿੱਲੀ ਦੀ ਸਕੱਤਰੇਤ ਵਿਚ ਸਰਦਾਰ ਬਹਾਦਰ ਤੇ ਉਸ ਦੇ ਸਾਥੀਆਂ ਦੀ ਸ਼ਰਤਦਾਰ ਰਿਹਾਈ ਤੋਂ ਵੀ ਪਹਿਲੋਂ ਇਕ ਸਕੱਤਰ ਨੇ ਨੋਟ ਲਿਖ ਕੇ ਦਿਤਾ ਸੀ ਕਿ ਜੇ ਸਾਜ਼ਸ਼ ਮੁਕੱਦਮੇ ਦੇ ਕੁਛ ਜੇਲ੍ਹ-ਬੰਦ ਅਕਾਲੀ ਸ਼ਰਤਾਂ ਮੰਨ ਲੈਣ ਅਤੇ ਬਾਕੀ ਦੇ ਸ਼ਰਤਾਂ ਨਾ ਮੰਨਣ ਤਾਂ ਉਸ ਸੂਰਤ ਵਿਚ ਪੁਜ਼ੀਸ਼ਨ ਕੀ ਹੋਵੇਗੀ ? ਹਕੀਕਤ ਇਹ ਹੈ ਕਿ ਕੁਛ ਮੁਲਜ਼ਮਾਂ ਦੇ ਖਿਲਾਫ ਸਿਰਫ ਇਸ ਕਾਰਣ ਮੁਕੱਦਮਾ ਵਾਪਸ ਲੈ ਲੈਣਾ ਕਿ ਉਹਨਾਂ ਨੇ ਐਗਜ਼ੈਕਟਿਵ ਗੌਰਮਿੰਟ ਦੀਆਂ ਸ਼ਰਤਾਂ ਮੰਨ ਲਈਆਂ ਹਨ ਅਤੇ ਦੂਜਿਆਂ ਦੇ ਖਿਲਾਫ ਵਾਪਸ ਨਾ ਲੈਣਾ, ਹੱਕੀ ਠਹਿਰਾਣਾ ਮੁਸ਼ਕਲ ਹੋਵੇਗਾ। ਮੈਨੂੰ ਕੋਈ ਸ਼ੱਕ ਨਹੀਂ ਕਿ ਸਰ ਮੈਲਕਮ ਹੇਲੀ ਕਹੇਗਾ ਕਿ ਇਸ ਵਿਚ ਕੁਛ ਵੀ ਗਲਤ ਨਹੀਂ ਅਤੇ ਮੈਂ ਨਹੀਂ ਖਿਆਲ ਕਰਦਾ ਕਿ ਸਾਨੂੰ ਹਿੰਦੁਸਤਾਨ ਦੀ ਗੌਰਮਿੰਟ ਵਿਚ ਕੰਮ ਕਰਨ ਵਾਲਿਆਂ ਨੂੰ ਇਸ ਨੁਕਤੇ ਉਤੇ ਜ਼ੋਰ ਦੇ ਕੇ ਆਖਣ ਦੀ ਲੋੜ ਹੈ। ਪਰ ਇਹ ਇਕ ਨੁਕਤਾ ਹੈ ਜਿਹੜਾ ਕਿ ਪੰਜਾਬ ਗੌਰਮਿੰਟ ਨੂੰ ਸੋਚਣਾ ਹੀ ਪਏਗਾ।[1]

ਉਤਲੇ ਨੋਟ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਹੇਲੀ ਦੀ ਹਠ-ਧਰਮੀ ਬਾਰੇ ਉਤਲੇ ਸਕੱਤਰੇਤ ਦੇ ਮਿੰਬਰਾਂ ਦੀ ਕੀ ਰਾਏ ਸੀ ਅਤੇ ਉਹ ਜਾਣਦੇ ਸਨ ਕਿ ਕੁਛ ਆਦਮੀਆਂ ਦੇ ਸ਼ਰਤਾਂ ਮੰਨ ਕੇ ਬਾਹਰ ਜਾਣ ਨਾਲ ਮੁਕੱਦਮੇ ਦੀ ਗੰਭੀਰਤਾ ਨੂੰ ਸੱਟ ਵਜਦੀ ਹੈ ਅਤੇ ਬਾਕੀਆਂ ਦੇ ਅੰਦਰ ਡੱਕੀ ਰਖਣ ਨੂੰ ਹੱਕੀ ਨਹੀਂ ਠਹਿਰਾਇਆ ਜਾ ਸਕਦਾ।

ਹੇਲੀ ਦੀ ਖਾਹਸ਼ ਇਹ ਸੀ ਕਿ ਜੇ ਅਕਾਲੀ ਆਗੂ ਗੁਰਦੁਆਰਾ ਬਿਲ ਤੇ ਅਮਲ ਕਰਨ ਦੀ ਸਿੱਧੀ ਸ਼ਰਤ ਨਹੀਂ ਮੰਨਦੇ ਤਾਂ ਕਿਸੇ ਜ਼ਿਮੇਵਾਰ ਅਹੁਦੇਦਾਰ ਤੋਂ ਇਸ ਸਬੰਧੀ ਬਚਨ ਲੈ ਲਿਆ ਜਾਵੇ ਤਾਂ ਜੋ ਉਹ ਮਾਣ ਨਾਲ ਕਹਿ ਸਕੇ ਕਿ ਉਸ ਨੇ ਕਿਸੇ ਵੀ ਅਕਾਲੀ ਆਗੂ ਨੂੰ ਬਗੈਰ ਸ਼ਰਤਾਂ ਤੋਂ ਨਹੀਂ ਛਡਿਆ। ਪਰ ਇਹ ਚਾਲ ਉਸ ਦੀ ਸਿਰੇ ਨਾ ਚੜ੍ਹੀ।

ਪ੍ਰੋਫੈਸਰ ਰੁਚੀ ਰਾਮ ਜੀ ਸ. ਮੰਗਲ ਸਿੰਘ ਪਰਧਾਨ ਸ਼੍ਰੋਮਣੀ ਕਮੇਟੀ ਨੂੰ ਸਰ ਗੰਗਾ ਰਾਮ ਪਾਸ ਲੈ ਗਏ। ਸਰ ਗੰਗਾ ਰਾਮ ਨੇ ਬੜੇ ਮਿਠੇ ਸ਼ਬਦਾਂ ਵਿਚ ਬੜਾ ਜ਼ੋਰ ਦੇ ਕੇ ਆਖਿਆ: "ਤੁਸੀਂ ਮੈਨੂੰ ਕੇਵਲ ਐਨੀ ਗੱਲ ਲਿਖਕੇ ਦੇ ਦਿਓ ਕਿ ਜਿਹੜਾ ਗੁਰਦੁਆਰਾ ਬਿਲ ਪਾਸ ਹੋ ਚੁਕਾ ਹੈ, ਮੈਂ ਉਸ ਤੇ ਤਨੋ ਮਨੋ ਅਮਲ ਕਰਾਂਗਾ।" ਸਰਦਾਰ ਜੀ ਸਰਕਾਰੀ ਚਾਲ ਸਮਝ ਗਏ ਅਤੇ ਉਹਨਾ ਨੇ ਇਸ ਚਾਲ ਵਿਚ ਫਸਣੋਂ ਇਨਕਾਰ ਕਰ ਦਿਤਾ। ਗੌਰਮਿੰਟ ਅਕਾਲੀ ਆਗੂਆਂ ਨੂੰ ਛੱਡਣ ਲਈ ਕੋਈ 'ਬਹਾਨਾ' ਲਭਦੀ ਸੀ—ਉਸ ਦੀ ਇਹ ਚਾਲ ਵੀ ਅਸਫਲ ਹੋ ਗਈ।[2]

ਖੁਦ ਸਰਦਾਰ ਬਹਾਦਰ ਬੈਰਿਸਟਰ (ਯਾਨੀ ਕਾਨੂੰਨਦਾਨ) ਹੋਣ ਦੇ ਨਾਤੇ ਚੰਗੀ ਤਰ੍ਹਾਂ ਜਾਣਦਾ ਸੀ, ਉਹਨਾਂ ਦੇ ਬਾਹਰ ਚਲੇ ਜਾਣ ਪਿਛੋਂ ਸਾਜ਼ਸ਼ ਦੇ ਮੁਕੱਦਮੇਂ ਦੀ ਕੱਖ ਕੀਮਤ ਨਹੀਂ ਰਹੇਗੀ। "ਮੈਂ ਉਸ (ਡੀ. ਸੀ. ਓਗਿਲਵੀ) ਨੂੰ ਆਖਿਆ ਕਿ ਸਾਡੇ ਬਾਹਰ ਚਲੇ ਜਾਣ ਨਾਲ ਅੱਧੀ ਦਰਜਨ ਨਾ-ਮਿਲਵਰਤਨੀਆਂ ਦੇ ਖਿਲਾਫ ਬਾਦਸ਼ਾਹ-ਸ਼ਾਹਨਸ਼ਾਹ ਨੂੰ ਹਿੰਦੁਸਤਾਨ ਦੀ ਖੁਦ-ਮੁਖਤਿਆਰੀ ਤੋਂ ਵਾਂਞਿਆਂ ਕਰਨ ਵਾਲਾ ਇਹ ਦੇਅ-ਕੱਦ ਸਾਜ਼ਸ਼ ਕੇਸ ਹਾਸੋਹੀਣਾ ਬਣ

---

[1] File no. 120/III/1925. Note by a Secretary on 6.7.25, name illegible.

[2] ਸ. ਮੰਗਲ ਸਿੰਘ ਦਾ ਲਿਖਤੀ ਬਿਆਨ

ਜਾਏਗਾ ।"[1]

ਇਸ ਲਈ ਗੌਰਮਿੰਟ ਸਾਹਮਣੇ ਬਾਕੀ ਦੇ ਜੇਲ੍ਹ-ਬੰਦ ਆਗੂਆਂ ਨੂੰ ਬਿਲਾ ਸ਼ਰਤ ਰਿਹਾ ਕਰਨ ਤੋਂ ਛੁੱਟ ਹੋਰ ਕੋਈ ਰਾਹ ਹੀ ਨਹੀਂ ਸੀ ਰਹਿ ਗਿਆ । ਇਸ ਵਿਚ ਗੌਰਮਿੰਟ ਦੀ 'ਉਦਾ-ਰਤਾ' ਦਾ ਅੰਸ਼ ਰੱਤੀ ਭਰ ਵੀ ਨਹੀਂ ਸੀ । ਗੌਰਮਿੰਟ ਟਿਚਕਰ ਬਾਜ਼ੀ ਦਾ ਨਿਸ਼ਾਨਾ ਬਣ ਰਹੀ ਸੀ ਅਤੇ ਮੁਕੱਦਮੇ ਦੇ ਸੁਫੈਦ ਹਾਥੀ ਤੋਂ ਇਸ ਵੇਲੇ ਛੁਟਕਾਰਾ ਹਾਸਲ ਕਰਨਾ ਚਾਹੁੰਦੀ ਸੀ । 27 ਸਤੰਬਰ ਨੂੰ ਸੰਟਰਲ ਜੇਲ੍ਹ ਲਾਹੌਰ ਤੋਂ ਬਾਕੀ ਦੇ ਪੰਦਰਾਂ ਆਗੂ ਵੀ ਬਿਲਾ ਸ਼ਰਤ ਰਿਹਾ ਕਰ ਦਿਤੇ ਗਏ ।

ਇਹਨਾਂ ਰਿਹਾਈਆਂ ਵੇਲੇ ਵੀ ਸਾਰਿਆਂ ਨੂੰ ਇਕੱਠਿਆਂ ਨਹੀਂ ਛਡਿਆ ਗਿਆ । ਰਾਏ ਸਿੰਘ ਅਤੇ ਹਰੀ ਸਿੰਘ ਜਲੰਧਰੀ ਨੂੰ ਕੁਛ ਇਕ ਦਿਨ ਪਿਛੋਂ ਛਡਿਆ, ਬਹਾਨਾ ਉਸ ਵੇਲੇ ਨਾ ਛਡਣ ਦਾ ਇਹ ਕਿ ਉਹਨਾਂ ਦੇ ਖਿਲਾਫ ਹੋਰ ਮੁਕੱਦਮੇ ਹਨ । ਸਰਦਾਰ ਸੇਵਾ ਸਿੰਘ ਠੀਕਰੀ ਵਾਲਾ ਨੂੰ ਪਟਿਆਲੇ ਜੇਲ੍ਹ ਵਿਚ ਤਬਦੀਲ ਕਰ ਦਿੱਤਾ, ਜਿੱਥੇ ਦੁਸ਼ਟ ਮਹਾਰਾਜਾ ਪਟਿਆਲਾ ਨੇ ਤਸੀਹੇ ਦੇ ਦੇ, ਉਸ ਨੂੰ ਮਾਰ ਕੇ ਹੀ ਉਸ ਦੀ ਲੋਥ ਬਾਹਰ ਜਾਣ ਦਿੱਤੀ ।

ਇਹਨਾਂ ਦੀ ਰਿਹਾਈ ਨਾਲ ਅਕਾਲੀ ਪਾਰਟੀ ਹੋਰ ਮਜ਼ਬੂਤ ਹੋ ਗਈ ਅਤੇ ਉਸ ਨੇ ਇਹਨਾਂ ਦੇ ਥਾਂ ਥਾਂ ਜਲੂਸ ਕੱਢੇ । ਕਿਉਂਕਿ ਇਹ ਅਕਾਲੀ ਪਾਰਟੀ ਹੀ ਸੀ ਜਿਸ ਨੇ ਇਹਨਾਂ ਦੀਆਂ ਰਿਹਾਈਆਂ ਲਈ ਮੁਹਿੰਮ ਚਲਾਈ ਸੀ । ਕੁਦਰਤੀ ਸੀ ਕਿ ਰਿਹਾਈਆਂ ਦੀ ਸ਼ੋਭਾ ਉਸ ਨੂੰ ਮਿਲੇ । ਇਸ ਤਰ੍ਹਾਂ ਇਸ ਕੇਸ ਦਾ ਲਗਭਗ ਤਿੰਨ ਸਾਲ ਤਕ ਚੱਲਣ ਅਤੇ ਲੋਕਾਂ ਦੀ ਗਾੜ੍ਹੀ ਕਮਾਈ ਦੇ ਲੱਖਾਂ ਰੁਪਏ ਬਰਬਾਦ ਕਰਨ ਪਿਛੋਂ ਭੋਗ ਪੈ ਗਿਆ ।

## 2. ਬੋਰਡ ਦੀ ਅਰੰਭਕ ਮੀਟਿੰਗ

ਸੰਟਰਲ ਬੋਰਡ ਦੇ ਚੁਣੇ ਹੋਏ ਮਿੰਬਰਾਂ ਦੀ ਪਹਿਲੀ ਮੀਟਿੰਗ 4 ਸਤੰਬਰ 1926 ਨੂੰ ਟਾਊਨ ਹਾਲ ਅਮਰਿਤਸਰ ਵਿਚ ਹੋਈ । ਮੀਟਿੰਗ ਕਰਾਉਣ ਲਈ, ਐਕਟ ਮੁਤਾਬਕ, ਡੀ. ਸੀ. ਅਮਰਿਤਸਰ ਆਇਆ ਹੋਇਆ ਸੀ । ਇਸ ਮੀਟਿੰਗ ਦਾ ਏਜੰਡਾ ਸਿਰਫ ਕਾਰਵਾਈ ਚਲਾਉਣ ਲਈ ਪਰਧਾਨ (ਚੇਅਰਮੈਨ) ਚੁਣਨਾ ਅਤੇ 14 ਮਿੰਬਰ ਨਾਮਜ਼ਦ ਕਰਨਾ ਸੀ । ਮਲੂਮ ਹੁੰਦਾ ਏ ਕਿ ਸਰਬੱਤ ਕਾਨਫਰੰਸ ਵੇਲੇ ਕੀਤੀ ਅਨਗਹਿਲੀ ਤੇ ਗਫਲਤ ਤੋਂ ਅਕਾਲੀ ਦਲ ਦੇ ਆਗੂਆਂ ਨੇ ਕੁਛ ਸਬਕ ਸਿੱਖ ਲਏ ਹੋਏ ਸਨ ਅਤੇ ਉਹਨਾਂ ਨੇ ਇਸ ਚੋਣ ਦੀਆਂ ਤਿਆਰੀਆਂ ਸੁਚੱਜੇ ਢੰਗ ਨਾਲ ਕੀਤੀਆਂ ਸਨ । ਇਸ ਪਰਧਾਨ ਦੀ ਚੋਣ ਉਤੇ ਹੀ ਆਉਣ ਵਾਲੇ ਪਰਬੰਧ ਦੀ ਹੋਣੀ ਨਿਰਭਰ ਸੀ ।

ਪਰਧਾਨਗੀ ਲਈ ਦੋ ਨਾਮ ਤਜਵੀਜ਼ ਕੀਤੇ ਗਏ । ਸਰਦਾਰ ਜੁਗਿੰਦਰ ਸਿੰਘ ਵਕੀਲ ਰਾਏਪੁਰ (ਅਕਾਲੀ ਪਾਰਟੀ ਦੀ ਮਦਦ ਨਾਲ ਚੁਣੇ ਜਾ ਕੇ) ਸਰਦਾਰ ਪਾਰਟੀ ਵਲੋਂ ਅਤੇ ਸਰਦਾਰ ਮੰਗਲ ਸਿੰਘ ਅਕਾਲੀ ਪਾਰਟੀ ਵਲੋਂ । ਮਿੰਬਰਾਂ ਨੇ ਵੋਟਾਂ ਪਰਚੀਆਂ ਉਤੇ ਨਾਮ ਲਿਖ ਕੇ ਦਿੱਤੀਆਂ । ਵੋਟਾਂ ਦੀ ਗਿਣਤੀ ਨੇ ਦਸਿਆ ਕਿ ਸ: ਮੰਗਲ ਸਿੰਘ ਨੂੰ 82 ਪਰਚੀਆਂ ਪਈਆਂ ਅਤੇ ਸ: ਜੁਗਿੰਦਰ ਸਿੰਘ ਨੂੰ 53 । ਸਰਦਾਰ ਮੰਗਲ ਸਿੰਘ ਜੀ ਕਾਰਵਾਈ ਚਲਾਉਣ ਲਈ ਪਰਧਾਨ ਥਾਪੇ ਗਏ ਅਤੇ ਡਿਪਟੀ ਕਮਿਸ਼ਨਰ ਆਪਣਾ ਕੰਮ ਮੁਕਾ ਕੇ ਚਲਿਆ ਗਿਆ ।

[1] Some Confidential papers—no. 100, page 161.

Digitized by Panjab Digital Library | www.panjabdigilib.org

ਪਰਧਾਨ ਨੇ ਨਾਮਜ਼ਦਗੀਆਂ ਦਾ ਕੰਮ ਸ਼ੁਰੂ ਕੀਤਾ। ਚੁਣਨੇ 14 ਮਿੰਬਰ ਸਨ ਪਰ ਪੇਸ਼ ਹੋ ਗਏ 22 ਨਾਮ। ਚੋਣ 'ਇਕਹਿਰੀ ਵਟਵੀਂ ਵੋਟ' ਦੇ ਗੁੰਝਲਦਾਰ ਤਰੀਕੇ ਨਾਲ ਹੋਈ। ਇਸ ਵਿਚ ਅਕਾਲੀ ਦਲ ਦੇ 9 ਉਮੇਦਵਾਰ ਕਾਮਯਾਬ ਹੋਏ ਅਤੇ ਸਰਦਾਰ ਪਾਰਟੀ ਦੇ ਪੰਜ।

## 3. ਬਾਕਾਇਦਾ ਮੀਟਿੰਗ

ਸੈਂਟਰਲ ਬੋਰਡ ਦੀ ਪਹਿਲੀ ਬਾਕਾਇਦਾ ਮੀਟਿੰਗ ਦੋ ਅਕਤੂਬਰ ਨੂੰ ਹੋਈ। ਇਕ ਨਾਮਜ਼ਦ ਮਿੰਬਰ ਸ: ਹਜ਼ਾਰਾ ਸਿੰਘ ਜਾਮਾਰਾਏ ਨੇ ਆਪਣੀ ਮਿੰਬਰੀ ਤੋਂ ਅਸਤੀਫਾ ਦੇ ਦਿੱਤਾ ਤਾਂ ਜੋ ਮਾਸਟਰ ਤਾਰਾ ਸਿੰਘ ਉਸ ਦੀ ਥਾਂ ਨਾਮਜ਼ਦ ਕਰਕੇ ਮਿੰਬਰ ਲਏ ਜਾ ਸਕਣ। ਇਸ ਦਾ ਮੁਖ ਏਜੰਡਾ ਬੋਰਡ ਦੇ ਅਹੁਦੇਦਾਰਾਂ ਦੀ ਚੋਣ ਸੀ। ਅਕਾਲੀ ਦਲ ਦੀ ਬਹੁ-ਸੰਮਤੀ ਹੁਣ ਸਥਾਪਤ ਤੇ ਸਾਬਤ ਹੋ ਚੁਕੀ ਸੀ। ਇਸ ਲਈ ਚੋਣ ਕਰਨ ਵਿਚ ਕੋਈ ਖਾਸ ਮੁਸ਼ਕਲ ਪੇਸ਼ ਨਹੀਂ ਆਈ। ਸ: ਖੜਕ ਸਿੰਘ ਜੀ ਸਰਬ ਸੰਮਤੀ ਨਾਲ ਪਰਧਾਨ ਚੁਣ ਲਏ ਗਏ ਅਤੇ ਮਾਸਟਰ ਤਾਰਾ ਸਿੰਘ ਜੀ ਮੀਤ ਪਰਧਾਨ ਬਣਾ ਦਿੱਤੇ ਗਏ।

ਮੀਟਿੰਗ ਦੇ ਸ਼ੁਰੂ ਹੋਣ ਤੇ ਹੀ ਸ: ਤੇਜਾ ਸਿੰਘ ਜੀ ਸਮੁੰਦਰੀ ਦੇ 'ਬੇਵਕਤ ਚਲਾਣੇ' ਸੰਬੰਧੀ ਸ਼ੋਕ ਪਰਸਤਾਵ ਪਾਸ ਕੀਤਾ ਗਿਆ। ਉਹ ਗੁਰਦੁਆਰਾ ਤਹਿਰੀਕ ਦੇ ਅਸਲ ਮੋਢੀ ਸਨ। 'ਉਹਨਾ ਦੀ ਸ਼ਹੀਦੀ ਨਾਲ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾ ਦੇ ਵਿਯੋਗੀ ਪਰਵਾਰ ਨਾਲ ਹਮਦਰਦੀ ਪਰਗਟ' ਕੀਤੀ ਗਈ। ਮੀਤ ਪਰਧਾਨ ਦੀ ਚੋਣ ਤੋਂ ਪਿਛੋਂ ਸ: ਮੰਗਲ ਸਿੰਘ ਚੇਅਰਮੈਨ ਨੇ ਪਰਧਾਨਗੀ ਦੀ ਕੁਰਸੀ ਮਾਸਟਰ ਤਾਰਾ ਸਿੰਘ ਜੀ ਦੇ ਹਵਾਲੇ ਕਰ ਦਿੱਤੀ ਅਤੇ ਅਗਲੀ ਕਾਰਵਾਈ ਸ਼ੁਰੂ ਹੋਈ।

ਪਰਧਾਨ ਅਤੇ ਮੀਤ ਪਰਧਾਨ ਤੋਂ ਛੁੱਟ ਐਗਜ਼ੈਕਟਿਵ ਕਮੇਟੀ ਲਈ ਸੱਤ ਨਾਮ ਹੋਰ ਚੁਣੇ ਜਾਣੇ ਸਨ। ਪਰ ਨਾਮ ਅੱਠਾਂ ਦੇ ਪੇਸ਼ ਹੋ ਗਏ। ਇਸ ਲਈ ਵੋਟਾਂ ਨਾਲ ਫੈਸਲਾ ਕੀਤਾ ਗਿਆ। ਚੁਣੇ ਗਏ ਸਤ ਨਾਮ ਸਨ : 1. ਸ: ਮੰਗਲ ਸਿੰਘ; 2. ਸ: ਭਾਗ ਸਿੰਘ ਵਕੀਲ; 3. ਸ. ਜਸਵੰਤ ਸਿੰਘ ਦਾਨੇਵਾਲ; 4. ਸ: ਮਾਨ ਸਿੰਘ ਸਰਗੋਧਾ; 5. ਸ: ਕੁੰਦਨ ਸਿੰਘ ਠੇਕੇਦਾਰ; 6. ਸ: ਮਹਿੰਦਰ ਸਿੰਘ ਸਿੱਧਵਾਂ ਅਤੇ 7. ਗਿਆਨੀ ਸ਼ੇਰ ਸਿੰਘ। ਪਹਿਲੇ ਪੰਜ ਆਗੂ ਅਕਾਲੀ ਪਾਰਟੀ ਦੇ ਸਨ ਅਤੇ ਪਿਛਲੇ ਦੋ ਸਰਦਾਰ ਬਹਾਦਰ ਪਾਰਟੀ ਦੇ। ਹਾਰਨ ਵਾਲਾ ਮਿੰਬਰ ਸਰਦਾਰ ਬਹਾਦਰ ਪਾਰਟੀ ਦਾ ਸੀ।[1]

ਇਸ ਮੀਟਿੰਗ ਨੇ ਸੈਂਟਰਲ ਬੋਰਡ ਦਾ ਨਾਮ ਤਬਦੀਲ ਕਰਕੇ ਇਸ ਦੀ ਥਾਂ ਮੁੜ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਨਾਮ ਮਨਜ਼ੂਰ ਕਰ ਲਿਆ। ਇਸ ਮਤੇ ਦੇ ਖਿਲਾਫ ਵੋਟ ਦੇਣ ਦੀ ਕਿਸੇ ਨੂੰ ਹਿੰਮਤ ਨਾ ਹੋਈ। ਹੇਲੀ ਨੂੰ ਇਸ ਹਰਮਨ ਪਿਆਰੀ ਲੜਾਕੂ ਜਥੇਬੰਦੀ ਦੇ ਨਾਮ ਤੋਂ ਬੜੀ ਚਿੜ ਸੀ। ਅਤੇ ਇਸ ਚਿੜ ਦੇ ਠੋਸ ਕਾਰਣ ਸਨ। ਇਸ ਸ਼੍ਰੋਮਣੀ ਕਮੇਟੀ ਨੇ ਤਾਕਤਵਰ ਬਰਿਟਿਸ਼ ਗੌਰਮਿੰਟ ਨੂੰ ਕੋਈ ਅਧੀ ਦਰਜਨ ਵਾਰ ਮੈਦਾਨੋਂ ਭਜਾਇਆ ਸੀ ਅਤੇ ਇਸ ਤੇ ਜਿੱਤਾਂ ਪਰਾਪਤ ਕਰਕੇ ਇਸ ਦੀ ਸਾਖ ਨੂੰ ਜ਼ਬਰਦਸਤ ਸੱਟਾਂ ਲਾਈਆਂ ਸਨ। ਇਸ ਲਈ ਬਰਿਟਿਸ਼ ਰਾਜ ਦੇ ਇਸ ਥੰਮ੍ਹ ਨੂੰ ਸ਼੍ਰੋਮਣੀ ਕਮੇਟੀ ਤੇ ਬੜਾ ਗੁੱਸਾ ਸੀ ਅਤੇ ਉਹ ਇਸ ਨਾਮ ਨੂੰ

---

[1] ਅਕਾਲੀ ਤੇ ਪ੍ਰਦੇਸੀ, 4-5 ਅਕਤੂਬਰ 1926.

Digitized by Panjab Digital Library | www.panjabdigilib.org

ਸੁਣਨਾ ਤਕ ਨਹੀਂ ਸੀ ਚਾਹੁੰਦਾ । ਪਰ ਉਹਨੂੰ ਇਹ ਕੌੜੀ ਗੋਲੀ ਵੀ ਢਿਡ ਵਿਚ ਪਾਉਣੀ ਪਈ ।

ਇਸ ਕਾਰਵਾਈ ਤੋਂ ਛੁੱਟ ਇਸ ਬੈਠਕ ਨੇ ਤਿੰਨ ਮਹੱਤਵ-ਪੂਰਣ ਮਤੇ ਹੋਰ ਪਾਸ ਕੀਤੇ । ਇਕ ਮਤਾ ਜੇਲ੍ਹਾਂ ਵਿਚ ਰਹਿ ਗਏ ਤਮਾਮ ਅਕਾਲੀ ਕੈਦੀਆਂ ਦੀ ਰਿਹਾਈ ਦਾ ਸੀ । ਇਸ ਮਤੇ ਦੇ ਸ਼ਬਦ ਇਹ ਸਨ :

"ਗੁਰਦੁਆਰਾ ਸੰਟਰਲ ਬੋਰਡ ਦੀ ਇਹ ਇਕਤੱਰਤਾ ਸਰਕਾਰ ਤੇ ਬੜਾ ਜ਼ੋਰ ਦੇਂਦੀ ਹੈ ਕਿ ਪੰਥ ਦੇ ਆਸ਼ੇ ਅਨੁਸਾਰ ਗੁਰਦੁਆਰਾ ਸੁਧਾਰ ਲਹਿਰ ਦੇ 1913 ਤੋਂ ਲੈ ਕੇ ਸਾਰੇ, ਸਣੇ ਨਾਭਾ ਦੇ ਤੇ ਹੋਰ ਰਿਆਸਤੀ ਕੈਦੀਆਂ ਨੂੰ ਰਿਹਾ ਕੀਤਾ ਜਾਵੇ ਅਤੇ ਉਹਨਾਂ ਸਾਰੇ ਸਜਣਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕੀਤਾ ਜਾਵੇ ਜਿਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਖਤੀ ਦੀ ਪਾਲਿਸੀ ਦੇ ਕਾਰਣ ਗੁਰਦੁਆਰਾ ਸੁਧਾਰ ਲਹਿਰ ਵਿਚ ਨੁਕਸਾਨ ਪਹੁੰਚਿਆ ਹੈ । ਜਦ ਤੀਕ ਸਾਰੇ ਕੈਦੀ ਰਿਹਾ ਨਾ ਕੀਤੇ ਜਾਣ ਸਿੱਖ ਕੌਮ ਵਿਚ ਸ਼ਾਂਤੀ ਹੋਣੀ ਅਸੰਭਵ ਹੈ ।"

ਇਸ ਮਤੇ ਦੀ ਸਪਿਰਿਟ ਤੇ ਸ਼ਬਦ ਦਰਸਾਂਦੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਮੁਹਾਣ ਇਸ ਵੇਲੇ ਲੜਾਈ ਕਰਕੇ ਬਾਕੀ ਦੇ ਕੈਦੀ ਛੁਡਾਣ ਦਾ ਨਹੀਂ ਸੀ, ਗੌਰਮਿੰਟ ਤੇ ਗੁਰਦੁਆਰਾ ਐਕਟ ਉਤੇ ਅਮਲ ਕਰਕੇ ਜ਼ੋਰ ਪਾਣ ਦਾ ਸੀ । ਮਤਾ ਦੋਹਾਂ ਧੜਿਆਂ ਦੀ ਸਹਿਮਤੀ ਨਾਲ ਬਣਨ ਦੇ ਕਾਰਣ ਨਰਮ ਤੇ ਅਪੀਲ ਕਰਨ ਵਾਲਾ ਸੀ ।

ਦੂਜਾ ਮਤਾ ਸ਼ਰਤਾਂ ਨਾ ਮੰਨ ਕੇ, ਜੇਲ੍ਹਾਂ ਵਿਚ ਡਟੇ ਰਹਿਣ ਵਾਲਿਆਂ ਨੂੰ ਵਧਾਈ ਦੇਣ ਦਾ ਸੀ । ਇਹ ਮਤਾ ਮੰਗਲ ਸਿੰਘ ਨੇ ਪੇਸ਼ ਕੀਤਾ :

"ਸੰਟਰਲ ਬੋਰਡ ਦੀ ਇਹ ਇਕੱਤਰਤਾ ਉਹਨਾਂ ਸੂਰਬੀਰਾਂ ਨੂੰ ਜਿਹੜੇ ਗੁਰਦੁਆਰਾ ਸੁਧਾਰ ਲਹਿਰ ਵਿਚ ਕੈਦ ਹੋ ਕੇ ਹੁਣ ਤਕ ਪੰਥ ਦੀ ਆਨ-ਸ਼ਾਨ ਕਾਇਮ ਰੱਖਣ ਖਾਤਰ ਜੇਲ੍ਹਾਂ ਵਿਚ ਬੈਠੇ ਹਨ ਤੇ ਜਿਨ੍ਹਾਂ ਨੇ ਸਰਕਾਰ ਵਲੋਂ ਲਾਈਆਂ ਗਈਆਂ ਜ਼ਲੀਲ ਕਰਨ ਵਾਲੀਆਂ ਸ਼ਰਤਾਂ ਮੰਨ ਕੇ ਰਿਹਾ ਹੋਣਾ ਮਨਜ਼ੂਰ ਨਹੀਂ ਕੀਤਾ—ਉਹਨਾਂ ਨੂੰ ਸੱਚੇ ਦਿਲੋਂ ਵਧਾਈ ਦੇਂਦਾ ਹੈ ।"

ਇਹ ਮਤਾ ਵਾਦ-ਵਿਵਾਦੀ ਸੀ ਕਿਉਂਕਿ ਇਹ ਵਿੰਗੇ ਤੇ ਅਸਿੱਧੇ ਤਰੀਕੇ ਨਾਲ ਸ਼ਰਤਾਂ ਮੰਨ ਕੇ ਆਉਣ ਵਾਲਿਆਂ ਦੀ ਨਿਖੇਧੀ ਕਰਦਾ ਸੀ । ਇਸ ਲਈ ਕੁਦਰਤੀ ਸੀ ਕਿ ਇਸ ਮਤੇ ਤੇ ਲੈ-ਦੇ ਹੁੰਦੀ । ਮਤਾ ਉਂਜ ਤਾਂ ਸ਼ਰਤਾਂ ਨਾ ਮੰਨ ਕੇ ਆਉਣ ਵਾਲਿਆਂ ਨੂੰ ਸੰਬੋਧਨ ਕਰਕੇ ਵਧਾਈ ਦੇਣ ਦਾ ਸੀ ਅਤੇ ਉਹਨਾਂ ਨੂੰ ਜੇਲ੍ਹਾਂ ਵਿਚ ਡਟੇ ਰਹਿਣ ਲਈ ਉਤਸ਼ਾਹ ਦੇਂਦਾ ਸੀ, ਪਰ ਚਲਾਕੀ ਨਾਲ ਸਰਦਾਰ ਬਹਾਦਰ ਪਾਰਟੀ ਦੀ ਨਿੰਦਿਆ ਵੀ ਕਰਦਾ ਸੀ ।

ਇਸ ਮਤੇ ਤੇ, ਇਸ ਲਈ, ਬੜੀ ਤੂੰ-ਤੂੰ ਮੈਂ-ਮੈਂ ਹੋਈ ਅਤੇ ਇਕ ਦੂਜੇ ਨੂੰ ਧਮਕੀਆਂ ਦੇਣ ਤਕ ਨੌਬਤ ਪਹੁੰਚੀ । ਸ: ਮਹਿਤਾਬ ਸਿੰਘ ਜੀ ਨੇ ਗੁੱਸੇ ਵਿਚ ਆ ਕੇ ਕਹਿ ਦਿਤਾ ਕਿ "ਸ: ਖੜਕ ਸਿੰਘ ਜੀ ਗੁਰਦੁਆਰਾ ਕੈਦੀ ਨਹੀਂ ਹਨ, ਉਹ ਕਾਂਗਰਸ ਦੇ ਮਾਮਲੇ ਵਿਚ ਕੈਦ ਹੋਏ ਸੀ ।" ਇਸ ਤੇ ਵਾਤਾਵਰਣ ਹੋਰ ਗਰਮ ਹੋ ਗਿਆ । ਕਿਉਂਕਿ ਸ: ਖੜਕ ਸਿੰਘ ਤੇ ਪਹਿਲਾ ਮੁਕੱਦਮਾ ਅਸਲ੍ਹਾ ਕਾਨੂੰਨ ਦੇ ਅਧੀਨ ਲਸੰਸ ਲਏ ਬਗੈਰ ਕਿਰਪਾਨਾਂ ਬਣਾ-ਬਣਾ ਵੇਚਣ ਦਾ ਸੀ । ਪਿਛੇ ਅਸੀਂ ਸ: ਖੜਕ ਸਿੰਘ ਜੀ ਉਤੇ ਚਲਾਏ ਗਏ ਮੁਕੱਦਮਿਆਂ ਬਾਰੇ ਚੋਖੀ

Digitized by Panjab Digital Library | www.panjabdigilib.org

ਬਹਿਸ ਕਰ ਚੁਕੇ ਹਾਂ ।

ਮੰਗਲ ਸਿੰਘ ਨੇ ਆਪਣੇ ਮਤੇ ਦਾ ਭਾਵ ਸਪੱਸ਼ਟ ਕਰਦਿਆਂ ਕਿਹਾ ਕਿ ਸ਼ਰਤਾਂ ਮੰਨ ਲੈਣ ਜਾਂ ਨਾ ਮੰਨ ਲੈਣ ਉਤੇ ਪੰਥ ਵਿਚ ਫੁਟ ਪੈ ਗਈ ਹੈ । ਪੰਥ ਦੀ ਇਸ ਪਰਤੀਨਿਧ ਜਮਾਤ ਦਾ ਇਸ ਬਾਰੇ ਫੈਸਲਾ ਲੈਣਾ ਜ਼ਰੂਰੀ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਤੇ ਇਤਿਹਾਸਕਾਰਾਂ ਨੂੰ ਸ਼ਰਤਾਂ ਸਬੰਧੀ ਸਿੱਖ ਕੌਮ ਦੀ ਰਾਏ ਦਾ ਸਪਸ਼ਟ ਅੱਖਰਾਂ ਵਿਚ ਪਤਾ ਲਗ ਜਾਏ ।

ਤੀਜਾ ਮਤਾ ਸ: ਜਸਵੰਤ ਸਿੰਘ ਝਬਾਲ ਦੇ ਪੇਸ਼ ਕਰਨ ਤੇ ਪਾਸ ਕੀਤਾ ਗਿਆ : "ਗੁਰਦੁਆਰਾ ਸੰਟਰਲ ਬੋਰਡ ਦੀ ਇਕੱਤਰਤਾ ਪਰਵਾਨ ਕਰਦੀ ਹੈ ਕਿ ਸੰਟਰਲ ਬੋਰਡ ਦੀ ਸਾਰੀ ਕਾਰਵਾਈ ਪੰਜਾਬੀ (ਗੁਰਮੁਖੀ) ਵਿਚ ਕੀਤੀ ਜਾਇਆ ਕਰੇ ।" ਇਸ ਦੇ ਨਾਲ ਲਗਦਾ ਹੀ ਇਕ ਮਤਾ ਅਗਲੇ ਦਿਨ ਸ: ਅਰਜਨ ਸਿੰਘ ਵਲੋਂ ਪੇਸ਼ ਹੋ ਕੇ ਪਾਸ ਹੋਇਆ ਕਿ ਹਰ ਪਰਕਾਰ ਦੀ ਕਾਰਵਾਈ ਵਿਚ ਦੇਸੀ ਤਰੀਕਾਂ ਤੇ ਖਾਲਸਾ ਸੰਮਤ ਦੀ ਵਰਤੋਂ ਕੀਤੀ ਜਾਏ ਅਤੇ ਨਾਲ ਅੰਗਰੇਜ਼ੀ ਤਰੀਕਾਂ ਵੀ ਵਰਤ ਲਈਆਂ ਜਾਣ ।

ਗੁਰਦੁਆਰਾ ਬਿਲ ਦੀ ਅਖੀਰੀ ਪੜ੍ਹਤ ਵਿਚ ਕੌਂਸਲ ਦੇ ਸਿੱਖ ਮਿੰਬਰਾਂ ਨੇ ਇਹ ਤਰਮੀਮ ਪੇਸ਼ ਕੀਤੀ ਸੀ ਕਿ ਗੁਰਦੁਆਰਾ ਬੋਰਡ ਦੀ ਕਾਰਵਾਈ ਪੰਜਾਬੀ ਵਿਚ ਕੀਤੀ ਜਾਏ । ਇਸ ਤੇ ਮੁਸਲਿਮ ਮਿੰਬਰਾਂ ਨੇ ਬੜਾ ਹੰਗਾਮਾ ਕੀਤਾ ਅਤੇ ਸਿੱਖ ਮਿੰਬਰਾਂ ਤੇ ਇਲਜ਼ਾਮ ਲਾਏ ਕਿ ਉਹ ਚੋਰ ਦਰਵਾਜ਼ੇ ਰਾਹੀਂ ਪੰਜਾਬੀ ਘੁਸੇੜਨ ਦੇ ਯਤਨ ਕਰ ਰਹੇ ਹਨ । ਮੁਸਲਿਮ ਮਿੰਬਰ ਪੰਜਾਬੀ ਦੇ ਵਿਰੋਧੀ ਸਨ । ਉਹ ਸਮਝਦੇ ਸਨ ਕਿ ਇਹ ਉਰਦੂ ਨੂੰ ਧੱਕਾ ਲਾਉਣ ਦਾ ਯਤਨ ਹੈ । ਪਰ ਪ੍ਰੋ: ਜੋਧ ਸਿੰਘ ਨੇ ਉਹਨਾਂ ਨੂੰ ਬੜੇ ਠਰੰਮ੍ਹੇ ਨਾਲ, ਇਲਜ਼ਾਮਾਂ ਦੇ ਯੋਗ ਜਵਾਬ ਦੇ ਕੇ ਠੰਢਾ ਕੀਤਾ ਅਤੇ ਸੰਟਰਲ ਬੋਰਡ ਦੀ ਕਾਰਵਾਈ ਪੰਜਾਬੀ ਵਿਚ ਲਿਖਣੀ ਮਨਜ਼ੂਰ ਕਰ ਲਈ ਗਈ । ਬਿਲ ਦੀ ਓਸੇ ਮਦ ਹੇਠ ਇਹ ਮਤਾ ਪਾਸ ਕੀਤਾ ਗਿਆ ਸੀ ।

ਤਿੰਨ ਅਕਤੂਬਰ ਨੂੰ ਸੰਟਰਲ ਬੋਰਡ (ਦਫ਼ਾ 85 ਗੁਰ: ਐਕਟ) ਦੇ ਅਧੀਨ ਮੁੱਖ ਗੁਰਦੁਆਰਿਆਂ ਦੀਆਂ ਕਮੇਟੀਆਂ ਦੀ ਬਿਲਾ ਮੁਕਾਬਲਾ ਚੋਣ ਹੋ ਗਈ । ਅਤੇ ਹੇਠ ਲਿਖੇ ਮਿੰਬਰ ਚੁਣੇ ਗਏ ।

### (ੳ) ਦਰਬਾਰ ਸਾਹਿਬ, ਬਾਬਾ ਅਟੱਲ ਤੇ ਅਮਰਿਤਸਰ ਸ਼ਹਿਰ ਦੇ ਹੋਰ ਗੁਰਦੁਆਰੇ :

1. ਮਾਸਟਰ ਸੁਜਾਨ ਸਿੰਘ ਸਰਹਾਲੀ, 2. ਸ: ਰਤਨ ਸਿੰਘ ਅੰਬਾਲਾ, 3. ਸ: ਜਵਾਹਰ ਸਿੰਘ ਬੁਰਜ (ਤਿੰਨੇ ਅਕਾਲੀ ਪਾਰਟੀ ਦੇ), 4. ਸ: ਬਖਸ਼ੀਸ਼ ਸਿੰਘ ਲੁਧਿਆਣਾ (ਸ: ਬ: ਪਾਰਟੀ), ਅਤੇ ਪ੍ਰੋ: ਅਰਬੇਲ ਸਿੰਘ (ਰਿਆਸਤੀ ਮਿੰਬਰ)

### (ਅ) ਦਰਬਾਰ ਸਾਹਿਬ ਤਰਨਤਾਰਨ ਤੇ ਸ਼ਹਿਰ ਦੇ ਹੋਰ ਗੁਰਦੁਆਰੇ :

1. ਸ: ਹਜ਼ਾਰਾ ਸਿੰਘ ਜੀ ਜਾਮਾਰਾਏ ਤੇ 2. ਸ: ਤੇਜਾ ਸਿੰਘ ਘਵਿੰਡ (ਅਕਾਲੀ ਪਾਰਟੀ) ਅਤੇ 3. ਸ: ਬਚਿੱਤਰ ਸਿੰਘ ਪਟਿਆਲਾ (ਸ: ਬ: ਪਾਰਟੀ)

Digitized by Panjab Digital Library | www.panjabdigilib.org

**(ੲ) ਨਨਕਾਣਾ ਸਾਹਿਬ ਦੇ ਸਿੱਖ ਗੁਰਦੁਆਰੇ :**

1. ਸ: ਬੂਟਾ ਸਿੰਘ ਵਕੀਲ ਸ਼ੇਖੂਪੁਰਾ, 2. ਸ: ਵਰਿਆਮ ਸਿੰਘ ਗਰਮੂਲਾ, (ਗੁਜਰਾਂਵਾਲਾ) 3. ਸ: ਦਲੀਪ ਸਿੰਘ ਸਮੁੰਦਰੀ (ਤਿੰਨੇ ਅਕਾਲੀ ਪਾਰਟੀ) ਅਤੇ 4. ਸ: ਬ: ਮਹਿਤਾਬ ਸਿੰਘ ਅਤੇ 5. ਕਰਤਾਰ ਸਿੰਘ ਦੀਵਾਨਾ (ਸ: ਬ: ਪਾਰਟੀ)

**(ਸ) ਆਨੰਦਪੁਰ ਦੇ ਸਿੱਖ ਗੁਰਦੁਆਰੇ (ਸਿਰੀ ਕੇਸਗੜ੍ਹ ਤੋਂ ਬਿਨਾ)**

1. ਗਿਆਨੀ ਰਾਮ ਸਿੰਘ ਮਨਾਈਆਂ, ਹੁਸ਼ਿਆਰਪੁਰ, 2. ਸ: ਚੰਨਣ ਸਿੰਘ ਸ਼ੰਕਰ, ਜਲਧਰ (ਦੋਵੇਂ ਅਕਾਲੀ ਪਾਰਟੀ) ਅਤੇ 3. ਭਾਈ ਪਿਆਰਾ ਸਿੰਘ ਲੰਗੇਰੀ (ਸ: ਬ: ਪਾਰਟੀ)

**(ਹ) ਪੰਜਾ ਸਾਹਿਬ ਦੇ ਗੁਰਦੁਆਰੇ :**

1. ਮਾਸਟਰ ਸੁਜਾਨ ਸਿੰਘ ਸਰਹਾਲੀ 2. ਮੁਨਸ਼ੀ ਗੁਪਾਲ ਸਿੰਘ ਰਾਵਲਪਿੰਡੀ

Digitized by Panjab Digital Library | www.panjabdigilib.org

# ਹੇਲੀ ਦੀ ਮਜਬੂਰੀ

ਇਹਨਾਂ ਥੋੜੇ ਜਹੇ ਕੇਂਦਰੀ ਇਤਿਹਾਸਿਕ ਗੁਰਦੁਆਰਿਆਂ ਦਾ ਸਿੱਧਾ ਗੁਰਦੁਆਰਾ ਸੈਂਟਰਲ ਬੋਰਡ ਦੇ ਅਧੀਨ ਕਰਾ ਲੈਣਾ ਬੜੀ ਵੱਡੀ ਗੱਲ ਸੀ। ਹੇਲੀ ਬਿਲਕੁਲ ਨਹੀਂ ਸੀ ਚਾਹੁੰਦਾ ਕਿ ਕੇਂਦਰੀ ਜਥੇਬੰਦੀ ਦੇ ਹੱਥ ਕੋਈ ਵੀ ਤਾਕਤ ਆਉਣ ਦਿੱਤੀ ਜਾਏ—ਨਾ ਗੁਰਦੁਆਰਿਆਂ ਦੇ ਰੁਪਏ ਦੀ ਅਤੇ ਨਾ ਹੀ ਵੱਡੇ ਇਤਿਹਾਸਿਕ ਗੁਰਦੁਆਰਿਆਂ ਉਤੇ ਕੰਟਰੋਲ ਦੀ। ਉਹ ਚਾਹੁੰਦਾ ਸੀ ਕਿ ਅਵ-ਕੇਂਦਰੀਕਰਣ ਦਾ ਅਸੂਲ ਵਰਤ ਕੇ ਸਾਰੀ ਤਾਕਤ ਵੀ ਲੋਕਲ ਕਮੇਟੀਆਂ ਦੇ ਹੱਥ ਵਿਚ ਦਿੱਤੀ ਜਾਵੇ ਅਤੇ ਕੇਂਦਰ ਤੇ ਲੋਕਲ ਕਮੇਟੀਆਂ ਵਿਚਕਾਰ ਲੜਾਈਆਂ ਤੇ ਮੁਕੱਦਮੇ ਬਾਜ਼ੀਆਂ ਚਲਦੀਆਂ ਰਹਿਣ। ਕੇਂਦਰੀ ਜਥੇਬੰਦੀ ਦੇ ਹੱਥ ਤਾਕਤ ਆਉਣ ਦੇ ਉਹ ਰਾਜਸੀ ਕਾਰਣਾਂ ਕਰ ਕੇ ਸਖਤ ਖਿਲਾਫ ਸੀ।

ਗੁਰਦੁਆਰਾ ਬਿਲ ਉਤੇ ਵਿਚਾਰ ਦੇ ਵੇਲੇ ਉਹ ਖੁਦ ਦਿੱਲੀ ਦੀ ਸਰਕਾਰ ਨੂੰ ਇਕ ਨੋਟ ਵਿਚ ਲਿਖਦਾ ਹੈ: "ਜੇ ਇਹ ਸੰਭਵ ਹੁੰਦਾ ਤਾਂ ਅਸੀਂ ਕੇਂਦਰੀ ਜਥੇਬੰਦੀ ਨੂੰ ਕਾਨੂੰਨੀ ਮਾਨਤਾ ਤੋਂ ਮੁਕਤ ਕਰ ਕੇ ਬੜੇ ਖੁਸ਼ ਹੁੰਦੇ। ਪਰ ਮਾਮਲੇ ਦੇ ਇਤਿਹਾਸ ਦੇ ਇਸ ਮਰਹਲੇ ਤੇ ਇਹ ਗੱਲ ਸਾਫ ਤੌਰ ਤੇ ਅਸੰਭਵ ਹੈ।......ਅਤੇ ਸਾਨੂੰ ਮਸ਼ਵਰਾ ਦਿੱਤਾ ਗਿਆ ਸੀ ਕਿ ਉਹ ਸਿੱਖ ਵੀ ਜਿਹੜੇ ਸ਼੍ਰੋਮਣੀ ਕਮੇਟੀ ਦੇ ਵਿਰੋਧੀ ਹਨ ਕਿਸੇ ਉਸ ਬਿਲ ਨਾਲ ਸਹਿਮਤ ਨਹੀਂ ਹੋਣਗੇ ਜਿਹੜਾ ਕਿ ਕੇਂਦਰੀ ਨਿਗਰਾਨ ਜਥੇਬੰਦੀ ਤੋਂ ਮੁਕਤ ਹੋਣ ਦਾ ਜਤਨ ਕਰੇਗਾ।"[1]

ਹੇਲੀ ਦੇ ਖਿਆਲ ਵਿਚ ਉਹਨਾਂ (ਹਾਕਮਾਂ) ਪਾਸ ਇਸ ਠੋਸ ਦਲੀਲ ਦਾ ਕੋਈ ਯੋਗ ਜਵਾਬ ਨਹੀਂ ਸੀ ਕਿ ਕੋਈ ਵੀ ਲੋਕਲ ਕਮੇਟੀ ਯੋਗਤਾ ਨਾਲ ਦਰਬਾਰ ਸਾਹਿਬ ਤੇ ਅਕਾਲ ਤਖਤ ਦਾ ਕੰਟਰੋਲ ਨਹੀਂ ਕਰ ਸਕਦੀ। ਇਸ ਲਈ ਇਹਨਾਂ ਸੰਸਥਾਵਾਂ ਦਾ ਪਰਬੰਧ ਕਰਨ ਲਈ ਆਮ ਸਿੱਖਾਂ ਦੀ ਚੁਣੀ ਹੋਈ ਕੇਂਦਰੀ ਪਰਤੀਨਿਧ ਜਥੇਬੰਦੀ ਦੀ ਲੋੜ ਹੋਵੇਗੀ। ਉਸ ਦਾ ਇਹ ਵੀ ਖਿਆਲ ਸੀ ਕਿ ਇਕ ਜਾਤੀ ਲਈ ਕਾਨੂੰਨ ਰਾਹੀਂ ਇਕ ਮਜ਼ਬੂਤ ਮਜ਼ਹਬੀ ਜਥੇਬੰਦੀ ਦੇ ਪੈਦਾ ਕਰਨ ਦੇ ਰਾਜਸੀ ਖਤਰੇ ਬਾਰੇ ਭਾਵੇਂ ਕੋਈ ਕੁਛ ਵੀ ਮਹਿਸੂਸ ਕਰੇ, ਇਸ ਮਰਹਲੇ ਤੇ ਅਜੇਹੇ ਬਿਲ ਦੀ ਵਿਚਾਰ ਕਰਨਾ ਜਿਸ ਵਿਚ ਕੇਂਦਰੀ ਸਿੱਖ ਮਜ਼ਹਬੀ ਜਥੇਬੰਦੀ ਲਈ ਥਾਂ ਨਹੀਂ ਹੋ ਸਕਦੀ, ਅਸੰਭਵ ਗੱਲ ਹੈ। ਇਸ ਦਾ ਇਕੋ ਬਦਲ ਹੋ ਸਕਦਾ ਹੈ ਕਿ ਗੁਰਦੁਆਰਾ ਕਾਨੂੰਨ ਬਨਾਉਣ ਦਾ ਖਿਆਲ ਹੀ ਛੱਡ ਦਿੱਤਾ ਜਾਏ ਅਤੇ ਸ਼੍ਰੋਮਣੀ ਕਮੇਟੀ ਨੂੰ, ਜਿਵੇਂ ਹੈ, ਰਹਿਣ ਦਿੱਤਾ ਜਾਏ ਅਤੇ ਉਸ ਨੂੰ ਰਾਜਸੀ ਮਕਸਦਾਂ ਲਈ ਬੇ-ਲਗਾਮ ਰੁਪਇਆ ਵਰਤਣ ਦੀ ਖੁਲ੍ਹ ਦਿੱਤੀ ਜਾਵੇ।

ਸਾਫ ਜ਼ਾਹਰ ਹੈ ਕਿ ਗੌਰਮਿੰਟ ਕੋਈ ਵੀ ਸਿੱਖਾਂ ਦਾ ਜਾਂ ਹੋਰ ਕਿਸੇ ਦਾ ਮਜ਼ਬੂਤ ਕੇਂਦਰ ਨਹੀਂ ਸੀ ਬਣਨ ਦੇਣਾ ਚਾਹੁੰਦੀ ਕਿਉਂਕਿ ਉਹ ਬਰਿਟਿਸ਼ ਰਾਜ ਲਈ ਕਿਸੇ ਵੇਲੇ ਵੀ ਰਾਜਸੀ ਖਤਰਾ ਬਣ ਸਕਦਾ ਸੀ। ਬਰਿਟਿਸ਼ ਹਾਕਮ ਆਪਣੇ ਰਾਜ ਦੀ ਮਜ਼ਬੂਤੀ ਦੀ ਜ਼ਾਮਨੀ ਇਸ ਗੱਲ ਵਿਚ ਵੇਖਦੇ ਸਨ ਕਿ ਕੋਈ ਮਜ਼ਹਬੀ ਜਾਂ ਰਾਜਸੀ ਕੇਂਦਰ ਵਜੂਦ ਵਿਚ ਹੀ ਨਾ ਆਉਣ ਦਿੱਤਾ ਜਾਵੇ, ਮਜ਼ਬੂਤ ਕੇਂਦਰ ਦੇ ਬਣਨ ਦੇਣ ਦੀ ਤਾਂ ਗੱਲ ਹੀ ਛੱਡੋ।

---

[1] File no. 120 and K. W. Part IV—1925.

Digitized by Panjab Digital Library | www.panjabdigilib.org

ਗੌਰਮਿੰਟ ਉੱਕਾ ਹੀ ਨਹੀਂ ਸੀ ਚਾਹੁੰਦੀ ਕਿ ਗੁਰਦੁਆਰਿਆਂ ਦਾ ਰੁਪਇਆ ਕਿਸੇ ਪਰਕਾਰ ਵੀ ਗੌਰਮਿੰਟ ਦੇ ਖਿਲਾਫ ਵਰਤਿਆ ਜਾਵੇ । ਇਸ ਲਈ ਗੌਰਮਿੰਟ ਨੇ ਐਕਟ ਵਿਚ ਇਸ ਦਾ ਚੰਗਾ ਬੰਦੋਬਸਤ ਕਰ ਦਿੱਤਾ ਸੀ। ਐਕਟ ਦੀਆਂ ਦਫਾਵਾਂ ਵਿਚ ਦਰਜ ਸੀ ਕਿ (1) ਗੁਰਦੁਆਰਿਆਂ ਦਾ ਰੁਪਇਆ ਸਿਰਫ ਧਰਮ ਨਾਲ ਸੰਬੰਧ ਰਖਣ ਵਾਲੀਆਂ ਮਦਾਂ ਤੇ ਹੀ ਖ਼ਰਚ ਕੀਤਾ ਜਾਵੇਗਾ। ਯਾਨੀ ਗੁਰਦੁਆਰਾ ਪਰਬੰਧਕਾਂ, ਪਰਚਾਰਕਾਂ, ਗੁਰਦੁਆਰਿਆਂ ਦੀਆਂ ਨਵੀਆਂ ਜਾਂ ਪੁਰਾਣੀਆਂ ਇਮਾਰਤਾਂ, ਧਾਰਮਕ ਪੁਸਤਕਾਂ ਦੇ ਛਾਪਣ ਵਗੈਰਾ ਉਤੇ ਹੀ ਖਰਚ ਹੋਵੇਗਾ। ਹੋਰ ਕਿਤੇ ਨਹੀਂ ਹੋਵੇਗਾ, (2) ਗੁਰਦੁਆਰਿਆਂ ਦੇ ਫੰਡਾਂ ਤੇ ਖਰਚਾਂ ਦਾ ਬਾਕਾਇਦਾ ਹਿਸਾਬ-ਕਿਤਾਬ ਰੱਖਿਆ ਜਾਵੇਗਾ, ਆਡੀਟਰ ਰਾਹੀਂ ਇਹਨਾਂ ਦੀ ਸਾਲ ਦੇ ਸਾਲ ਪੂਰੀ ਤਰ੍ਹਾਂ ਪੜਤਾਲ ਕਰਾਈ ਜਾਵੇਗੀ ਅਤੇ ਇਹਨਾਂ ਨੂੰ ਛਾਪ ਕੇ ਪਰਕਾਸ਼ਤ ਕੀਤਾ ਜਾਵੇਗਾ, (3) ਗੁਰਦੁਆਰਿਆਂ ਦੇ ਪਰਬੰਧਕਾਂ ਦੀਆਂ ਆਪ-ਹੁਦਰੀਆਂ ਤੇ ਫਜ਼ੂਲ ਖਰਚੀਆਂ ਦੇ ਖਿਲਾਫ ਲੋਕਲ ਗੁਰਦੁਆਰਿਆਂ ਦੇ ਸਿੱਖਾਂ ਨੂੰ ਕਾਨੂੰਨੀ ਚਾਰਾ ਕਰਨ ਦਾ ਹੱਕ ਹੋਵੇਗਾ।

ਪਰ ਕਾਨੂੰਨ ਭਾਵੇਂ ਕਿੰਨੀਆਂ ਵੀ ਸਖਤ ਪਾਬੰਦੀਆਂ ਲਾਵੇ ਅਤੇ ਕਿੰਨਾ ਵੀ ਧਾਰਮਕ ਕੰਮਾਂ ਤੇ ਖਰਚਾਂ ਤੋਂ ਛੁੱਟ ਬਾਕੀ ਰਾਜਸੀ ਜਾਂ ਹੋਰ ਗੈਰ-ਧਾਰਮਕ ਖਰਚਾਂ ਨੂੰ ਰੋਕੇ, ਖਰਚ ਕਰਨ ਵਾਲੇ ਪਰਬੰਧਕ ਬਥੇਰੇ ਰਾਹ ਲਭ ਲੈਂਦੇ ਹਨ। ਅੱਜ ਤਕ ਸਾਮਰਾਜੀ ਜਾਂ ਸਰਮਾਏਦਾਰੀ ਸਮਾਜ ਵਿਚ ਕੋਈ ਅਜੇਹਾ ਕਾਨੂੰਨ ਨਹੀਂ ਬਣਿਆ ਜਿਸ ਵਿਚ ਚਲਾਕ ਆਦਮੀਆਂ ਲਈ ਖਾਮੀਆਂ ਲਭਣਾ ਮੁਸ਼ਕਲ ਹੋ ਗਿਆ ਹੋਏ, ਅਤੇ ਉਹਨਾਂ ਨੇ ਆਪ-ਹੁਦਰੀਆਂ ਨਾ ਕੀਤੀਆਂ ਹੋਣ।

## 1. ਗੁਰਦੁਆਰਾ ਤਹਿਰੀਕ ਦਾ ਭੋਗ

ਲੋਕਲ ਕਮੇਟੀਆਂ ਦੇ ਮਿੰਬਰਾਂ ਦੀਆਂ ਵੀ ਚੋਣਾਂ ਹੋ ਗਈਆਂ ਸਨ। ਨਾਮਜ਼ਦਗੀਆਂ ਦੋਹਾਂ ਧੜਿਆਂ ਦੇ ਸਮਝੌਤਿਆਂ ਨਾਲ ਕਰ ਲਈਆਂ ਗਈਆਂ ਸਨ । ਜਿਥੇ ਕਿਤੇ ਸਮਝੌਤੇ ਨਹੀਂ ਸਨ ਹੋ ਸਕੇ ਓਥੇ ਅਕਾਲੀ ਪਾਰਟੀ ਦੇ ਮਿੰਬਰ ਨਾਮਜ਼ਦ ਹੋ ਗਏ ਸਨ । ਗੁਰਦੁਆਰਿਆਂ ਦੀ ਪਰਧਾਨਗੀ ਲਗ ਭਗ ਹਰ ਥਾਂ ਅਕਾਲੀ ਪਾਰਟੀ ਦੇ ਹਥ ਆ ਗਈ ਸੀ ਅਤੇ ਕਾਨੂੰਨ ਦੀ ਤਰਮੀਮ ਹੋਣ ਪਿਛੋਂ ਸੰਟਰਲ ਬੋਰਡ ਨਹੀਂ ਸੀ ਰਿਹਾ—ਸ਼੍ਰੋਮਣੀ ਕਮੇਟੀ ਨੇ ਇਸ ਦੀ ਥਾਂ ਲੈ ਲਈ ਸੀ ।

ਕਮੇਟੀ ਦੇ ਪਰਧਾਨ ਸ: ਖੜਕ ਸਿੰਘ ਜੀ ਅਜੇ ਜੇਲ੍ਹ ਵਿਚ ਸਨ। ਸੈਂਕੜੇ ਅਕਾਲੀ ਅਜੇ ਜੇਲ੍ਹਾਂ ਦੇ ਅਣ-ਮਨੁੱਖੀ ਤਸੀਹੇ ਝੱਲ ਰਹੇ ਸਨ । ਉਹਨਾਂ ਦੀਆਂ ਰਿਹਾਈਆਂ ਦੇ ਮਤੇ ਪਾਸ ਕੀਤੇ ਜਾ ਰਹੇ ਸਨ। ਪਰ ਉਹ ਰਿਹਾ ਨਹੀਂ ਸਨ ਕੀਤੇ ਜਾ ਰਹੇ—ਹੌਲੀ ਹੌਲੀ ਆਪਣੀਆਂ ਸਜ਼ਾਵਾਂ ਭੁਗਤ ਕੇ ਉਹ ਰਿਹਾ ਹੁੰਦੇ ਜਾਂਦੇ ਸਨ। ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਪਰਧਾਨਗੀ ਸੰਭਾਲ ਲਈ ਸੀ।

ਗੜਗੱਜ ਅਕਾਲੀ ਦੀਵਾਨ ਵਾਲੇ ਅਜੇ ਵੀ ਰੌਲਾ ਪਾ ਰਹੇ ਸਨ, ਉਹਨਾਂ ਦੀਆਂ ਨਜ਼ਰਾਂ ਵਿਚ ਤਹਿਰੀਕ ਪੂਰੀ ਤਰ੍ਹਾਂ ਕਾਮਯਾਬ ਨਹੀਂ ਸੀ ਹੋਈ—ਆਗੂਆਂ ਨੇ ਕਮਜ਼ੋਰੀ ਵਿਖਾ ਕੇ ਪੰਥ ਦੀ ਸ਼ਾਨ ਮਿੱਟੀ ਵਿਚ ਮਿਲਾ ਦਿੱਤੀ ਸੀ। ਪਰ ਨਗਾਰਖਾਨੇ ਵਿਚ ਉਹਨਾਂ ਦੀ ਤੂਤੀ ਦੀ ਆਵਾਜ਼ ਦਿਨ ਦਿਨ ਮੱਧਮ ਪੈਂਦੀ ਜਾਂਦੀ ਸੀ। ਆਮ ਅਕਾਲੀ ਹੁਣ ਕਮਰ-ਕੱਸੇ ਖੋਲ੍ਹਣ ਲੱਗ ਪਏ ਸਨ ਅਤੇ ਛੱਡੇ ਹੋਏ ਕੰਮਾਂ-ਧੰਧਿਆਂ ਵੱਲ ਰੁਝਣ ਲੱਗ ਪਏ ਸਨ।

ਐਵੇਂ ਕਿਤੇ ਕਿਤੇ ਆਵਾਜ਼ ਉਠਦੀ ਸੀ ਕਿ ਜਿੰਨਾ ਚਿਰ ਸਾਰੇ ਅਕਾਲੀ ਛੱਡੇ ਨਾ

Digitized by Panjab Digital Library | www.panjabdigilib.org

ਜਾਣ ਗੁਰਦੁਆਰਾ ਐਕਟ ਤੇ ਅਮਲ ਨਾ ਕੀਤਾ ਜਾਵੇ। ਪਰ ਗੁਰਦੁਆਰਾ ਐਕਟ ਤੇ ਅਮਲ ਸ਼ੁਰੂ ਹੋ ਗਿਆ ਸੀ ਅਤੇ ਇਖਤਲਾਫ ਰੱਖਣ ਵਾਲਿਆਂ ਵੱਲ ਕੋਈ ਵੀ ਧਿਆਨ ਨਹੀਂ ਸੀ ਦੇ ਰਿਹਾ। ਏਡੀ ਵੱਡੀ ਤਹਿਰੀਕ ਵਿਚ ਕੁਛ ਲੋਕਾਂ ਦਾ ਇਖਤਲਾਫ ਰਾਏ ਰਖਣਾ ਸਮਝ ਵਿਚ ਆਉਣ ਵਾਲੀ ਗੱਲ ਹੈ। ਧੂੜ ਦੇ ਬੱਦਲ ਜਿਹੜੇ ਅਕਾਲੀ ਤਹਿਰੀਕ ਦੇ ਦੌਰਾਨ ਉਠੇ ਸਨ ਉਹ ਧਰਤੀ ਤੇ ਹੌਲੀ ਹੌਲੀ ਬੈਠਣ ਲੱਗ ਪਏ ਸਨ। ਆਕਾਸ਼ ਨਿਰਮਲ ਹੁੰਦਾ ਜਾ ਰਿਹਾ ਸੀ।

4 ਨਵੰਬਰ ਨੂੰ ਸ: ਬਹਾਦਰ ਦੀ ਪਰਧਾਨਗੀ ਵਾਲੀ ਸ਼੍ਰੋਮਣੀ ਕਮੇਟੀ ਦੀ ਬੈਠਕ ਹੋਈ। ਉਸ ਨੇ ਫੈਸਲਾ ਕੀਤਾ ਕਿ ਕਮੇਟੀ ਦਾ ਚਾਰਜ ਸੰਟਰਲ ਬੋਰਡ ਨੂੰ ਦੇ ਦਿੱਤਾ ਜਾਏ ਅਤੇ ਕਮੇਟੀ ਤੋੜ ਦਿੱਤੀ ਜਾਵੇ। ਪਰ ਗੌਰਮਿੰਟ ਦੀ ਰਿਪੋਰਟ ਅਨੁਸਾਰ ਉਹਨਾਂ ਦਾ ਜੀਅ ਚਾਰਜ ਦੇਣ ਨੂੰ ਨਹੀਂ ਸੀ ਕਰਦਾ ਅਤੇ ਉਹ ਜਿਵੇਂ ਕਿਵੇਂ ਵਕਤ ਟਪਾਣਾ ਚਾਹੁੰਦੇ ਸਨ।[1] ਓਧਰ ਸੰਟਰਲ ਬੋਰਡ ਦੀ ਬਹੁ-ਸੰਮਤੀ ਵਾਲੇ ਮੰਗ ਕਰ ਰਹੇ ਸਨ ਕਿ ਗੁਰਦੁਆਰੇ ਉਹਨਾਂ ਦੇ ਹਵਾਲੇ ਕੀਤੇ ਜਾਣ ਅਤੇ ਸ: ਬਹਾਦਰ ਵਾਲੀ ਸ਼੍ਰੋਮਣੀ ਕਮੇਟੀ ਦਾ ਫਾਤਿਹਾ ਪੜ੍ਹ ਦਿੱਤਾ ਜਾਵੇ।

ਆਖਰ ਪਰਸਪਰ ਸਮਝੌਤੇ ਮੁਤਾਬਕ ਕਮੇਟੀ ਨੇ 27 ਨਵੰਬਰ ਨੂੰ ਗੁਰਦੁਆਰਿਆਂ ਦਾ ਚਾਰਜ ਸੰਟਰਲ ਬੋਰਡ ਨੂੰ ਦੇ ਦਿੱਤਾ। ਚਾਰਜ ਤਾਂ ਦੇ ਦਿੱਤਾ ਪਰ ਹਿਸਾਬ ਕੋਈ ਨਾ ਦਿੱਤਾ। ਇਸ ਵੇਲੇ ਬੋਰਡ ਪਾਸ ਕੋਈ ਪੈਸਾ ਧੇਲਾ ਨਹੀਂ ਸੀ। ਅਤੇ ਕਮੇਟੀ ਦਾ ਸਕੱਤਰ ਮਹਿੰਦਰ ਸਿੰਘ ਸਿਧਵਾਂ ਟਾਲਮਟੋਲੇ ਕਰ ਰਿਹਾ ਸੀ। ਬੜੇ ਝਗੜੇ ਪਿੱਛੋਂ ਸੰਟਰਲ ਬੋਰਡ ਦੇ ਅਹੁਦੇਦਾਰਾਂ ਨੂੰ ਅੱਠ ਹਜ਼ਾਰ ਰੁਪਏ ਮਿਲੇ। ਇਸ ਵੇਲੇ ਮਾਲੀ ਤੌਰ ਤੇ ਸੰਟਰਲ ਬੋਰਡ ਦੀ ਹਾਲਤ ਬੜੀ ਪਤਲੀ ਸੀ।

5 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਜਨਰਲ ਕਮੇਟੀ ਨੇ ਸ: ਖੜਕ ਸਿੰਘ ਤੇ ਬਾਕੀ ਅਕਾਲੀਆਂ ਦੀ ਬਿਨਾਂ ਸ਼ਰਤ ਰਿਹਾਈ ਲਈ ਜਿਹੜਾ ਮਤਾ ਪਾਸ ਕੀਤਾ ਉਸ ਵਿਚ ਜ਼ੋਰ "ਹਰ ਜਾਇਜ਼ ਤੇ ਸ਼ਾਂਤਮਈ ਤਰੀਕੇ ਨਾਲ ਮੁਨਾਸਬ ਕਾਰਵਾਈ"[2] ਕਰਨ ਉਤੇ ਸੀ। ਜਿਸ ਦੇ ਅਰਥ ਇਹ ਸਨ ਕਿ '**ਜਥੇਬੰਦਕ ਸਿੱਧੀ ਕਾਰਵਾਈ**' ਦਾ ਰਾਹ ਛੱਡ ਦਿੱਤਾ ਗਿਆ ਸੀ। ਅਤੇ ਸ਼ਾਂਤਮਈ ਐਜੀਟੇਸ਼ਨ ਦਾ **ਕਾਨੂੰਨੀ ਰਾਹ** ਅਪਨਾ ਲਿਆ ਗਿਆ ਸੀ। ਹਾਲਾਤ ਦਾ ਮੁਹਾਣ ਅਸਾਧਾਰਨ ਤੋਂ ਸਾਧਾਰਨ ਬਣਦੇ ਜਾਣ ਵੱਲ ਸੀ।

ਇਸ ਮਤੇ ਦੇ ਪਾਸ ਹੋਣ ਤੇ ਗੌਰਮਿੰਟ ਰਿਪੋਰਟ ਵਿਚ ਲਿਖਿਆ ਸੀ: "ਆਗੂ ਰਿਹਾਈਆਂ ਦੀ ਐਜੀਟੇਸ਼ਨ ਨੂੰ ਕਾਨੂੰਨ ਦੇ ਦਾਇਰੇ ਅੰਦਰ ਰਖਣ ਲਈ ਮੁਹਤਾਤ ਹਨ।"[3]

ਇਸ ਤਰ੍ਹਾਂ ਇਸ ਮਹਾਨ ਤਹਿਰੀਕ ਨੇ ਗੁਰਦੁਆਰਿਆਂ ਉਤੇ ਪੰਥ ਦਾ ਕਬਜ਼ਾ ਕਰਾਇਆ ਅਤੇ ਆਪਣਾ ਇਤਿਹਾਸਕ ਰੋਲ ਅਦਾ ਕਰਕੇ ਬੰਦ ਹੋਣ ਦੇ ਰਾਹ ਪੈ ਗਈ।

---

[1] File no. 112—1926—November. First half.

[2] ਅਕਾਲੀ ਤੇ ਪ੍ਰਦੇਸੀ—11 ਦਸੰਬਰ 1926

[3] F. 112—IV—1926—December. Report Scond half.

Digitized by Panjab Digital Library | www.panjabdigilib.org

# ਅਕਾਲੀ ਲਹਿਰ ਤੇ ਪੰਜਾਬੀ ਸਾਹਿਤ

ਅਕਾਲੀ ਲਹਿਰ ਨੇ ਪੰਜਾਬੀ ਸਾਹਿਤ ਨੂੰ ਬੜਾ ਹੁਲਾਰਾ ਦਿੱਤਾ । ਪੰਜਾਬੀ ਵਾਰਤਕ ਤੇ ਕਵਿਤਾ ਵਿਚ ਬੜੀ ਖੜੋਤ ਆ ਚੁੱਕੀ ਸੀ । ਵਫਾਦਾਰੀ ਨੇ ਆਜ਼ਾਦ-ਖਿਆਲੀ ਦਾ ਗਲਾ ਘੁੱਟ ਦਿੱਤਾ ਸੀ । ਨਵੇਂ ਵਿਚਾਰਾਂ ਦਾ ਆਦਾਨ-ਪਰਦਾਨ ਸਾਡੇ ਲਈ ਬੰਦ ਕਰ ਦਿੱਤਾ ਗਿਆ ਸੀ । ਦੇਸ਼-ਭਗਤੀ ਅੰਗਰੇਜ਼-ਭਗਤੀ ਦੀ ਸਮ-ਅਰਥੀ ਬਣ ਗਈ ਸੀ । ਅੰਗਰੇਜ਼ ਸਰਕਾਰ ਦੇ ਖਿਲਾਫ ਕੋਈ ਵੀ, ਕਿਸੇ ਕਿਸਮ ਦਾ ਵੀ, ਮੋਰਚਾ ਲਾਉਣਾ ਵਿਵਰਜਤ ਸੀ । ਇਸ ਲਈ ਸਾਹਿਤ ਨੂੰ ਟੁੰਬਣ, ਉਤਸਾਹਤ ਤੇ ਉਤੇਜਿਤ ਕਰਨ ਦੇ ਸੋਮੇ ਇਕ ਤਰ੍ਹਾਂ ਸੁੱਕ ਗਏ ਜਾਪਦੇ ਸਨ ।

ਇਹਨਾਂ ਸੋਮਿਆਂ ਦੇ ਬੰਨ੍ਹ ਤੋੜ ਕੇ ਇਹਨਾਂ ਨੂੰ ਮੁੜ ਸੁਰਜੀਤ ਕੀਤਾ ਅਕਾਲੀ ਮੋਰਚਿਆਂ ਨੇ । ਪਤਝੜ ਦੇ ਦਿਨ ਪੁੱਗ ਗਏ । ਨਵੀਆਂ ਕਰੂਮਲਾਂ, ਕਲੀਆਂ, ਫੁਲ-ਪਤੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ । ਬਹਾਰ ਦੇ ਲੱਛਣ ਪੈਦਾ ਹੁੰਦਿਆਂ ਹੀ ਸਾਡੀਆਂ ਸਾਹਿਤਕ ਬੁਲਬੁਲਾਂ ਚਹਿਕਣ ਲੱਗ ਪਈਆਂ । ਪੰਜਾਬੀ ਸਾਹਿਤ ਦੇ ਗੁਲਸ਼ਨ ਤੇ ਬਹਾਰ ਆ ਗਈ ਜਿਸ ਨੇ ਪੰਜਾਬੀ ਸਾਹਿਤ ਦੀ ਝੋਲੀ ਰੰਗ-ਬਰੰਗੇ ਫੁਲਾਂ, ਗੁੱਟਿਆਂ, ਗੁਲਾਬਾਂ ਨਾਲ ਭਰਨੀ ਸ਼ੁਰੂ ਕਰ ਦਿੱਤੀ ।

ਪੰਜਾਬੀ ਸਾਹਿਤ ਦਾ ਵਿਕਾਸ ਬੜੀ ਹੱਦ ਤੱਕ ਮੋਰਚਿਆਂ ਰਾਹੀਂ ਹੋਇਆ ਹੈ । ਅਕਾਲੀ ਮੋਰਚਿਆਂ ਨੇ ਸਾਡੇ ਪੰਜਾਬੀ ਸਾਹਿਤ ਨੂੰ ਕੁਛ ਇਕ ਪੜਾਅ ਤਰੱਕੀ ਦੀ ਮੰਜ਼ਲ ਵੱਲ ਹੋਰ ਅੱਗੇ ਵਧਾ ਦਿੱਤਾ । ਗੁਰਦੁਆਰਾ ਆਜ਼ਾਦੀ ਤੇ ਦੇਸ਼ਭਗਤੀ ਦੇ ਗੀਤਾਂ ਦਾ ਅਲਾਪ ਸ਼ੁਰੂ ਹੋ ਗਿਆ । ਕੁੰਜੀਆਂ ਦਾ ਮੋਰਚਾ ਲੱਗਾ ਭਾਵੇਂ ਗੁਰੂ ਕੇ ਬਾਗ ਦਾ, ਨਾਭੇ ਦੀ ਗੱਦੀ ਦਾ ਸਵਾਲ ਉਠਿਆ ਜਾਂ ਜੈਤੋ ਦੇ ਅਖੰਡ ਪਾਠ ਦਾ, ਦੇਸ ਦੀ ਆਜ਼ਾਦੀ ਦਾ ਸਵਾਲ ਉਠਿਆ ਜਾਂ ਸ਼ਾਂਤਮਈ ਸਤਿਆਗਰਹਿ ਦਾ, ਸਾਡੇ ਨੌਜਵਾਨ ਕਵੀਆਂ ਨੇ ਹਰ ਇਕ ਵਿਸ਼ੇ ਤੇ ਆਪਣੀ ਕਵਿਤਾ ਰਾਹੀਂ ਆਪਣੇ ਜਜ਼ਬਿਆਂ ਦਾ ਪਰਗਟਾਅ ਕੀਤਾ । ਰੂਪ ਕੱਚਾ ਸੀ ਤਾਂ ਕੱਚਾ ਹੀ ਸਹੀ ਪਰ ਦਿਲੀ ਵਲਵਲਿਆਂ ਤੇ ਜਜ਼ਬਿਆਂ ਦੀ ਵੱਥ ਸੁੱਚੀ ਸੀ ।

ਇਸ ਨਵੀਂ ਪਰੰਪਰਾ ਦੇ ਜਨਮ-ਦਾਤੇ ਸਨ ਅਕਾਲੀ ਅਖਬਾਰ ਤੇ ਉਸ ਦੇ ਇਕ ਐਡੀਟਰ ਹੀਰਾ ਸਿੰਘ ਦਰਦ । ਹੀਰਾ ਸਿੰਘ ਦਰਦ ਦੀਆਂ ਗੁਰਦੁਆਰਾ ਆਜ਼ਾਦੀ ਤੇ ਦੇਸ਼-ਭਗਤੀ ਦੀਆਂ ਕਵਿਤਾਵਾਂ ਨੇ ਪੰਜਾਬੀ ਵਿਚ ਨਵੀਂ ਜਾਨ ਪਾ ਦਿੱਤੀ । ਅੱਜ ਇਹ ਪੜ੍ਹੀਆਂ ਜਾਣ ਤਾਂ ਸਾਡੇ ਕਈ ਸਾਹਿਤਕਾਰ ਸ਼ਾਇਦ ਨੱਕ ਵੱਟਣ ਪਰ ਤੱਦਵੇਂ ਸਮੇਂ ਵਿਚ ਇਹ ਕਵਿਤਾਵਾਂ ਬਗਾਵਤ ਦੀ ਰੂਹ ਭਰਦੀਆਂ ਸਨ ਅਤੇ ਨਵੇਂ ਕਵੀਆਂ ਨੂੰ ਕਵਿਤਾ ਲਿਖਣ ਲਈ ਟੁੰਬਣ ਤੇ ਉਤੇਜਿਤ ਕਰਨ ਵਿਚ ਬੜੀਆਂ ਸਹਾਈ ਹੁੰਦੀਆਂ ਸਨ । ਵਿਧਾਤਾ ਸਿੰਘ ਤੀਰ ਨੇ ਆਪਣੀ ਪੁਸਤਕ 'ਤੀਰ ਤੁੰਗ' ਅਤੇ ਦਰਸ਼ਨ ਸਿੰਘ 'ਦਲਜੀਤ' ਨੇ ਆਪਣੀ ਪੁਸਤਕ 'ਬਿਜਲੀ ਦੀ ਕੜਕ' ਦਰਦ ਹੋਰਾਂ ਨੂੰ ਸਮਰਪਤ ਕੀਤੀਆਂ ਸਨ । ਉਹਨਾਂ ਦੀ ਕਾਵਿ-ਸ਼ੈਲੀ ਦਾ ਆਮ ਕਵੀਆਂ ਨੇ ਅਸਰ ਕਬੂਲ ਕੀਤਾ ਸੀ ।

ਅਕਾਲੀ ਦੇ ਪਹਿਲੇ ਹੀ ਪਰਚੇ ਵਿਚ ['ਦਰਦ' ਜੀ ਨੇ ਇਕ ਕਵਿਤਾ ਲਿਖੀ ਜਿਹੜੀ ਪੰਜਾਬੀਆਂ ਦੇ ਸਹੀ ਜਜ਼ਬੇ ਦੀ ਤਰਜਮਾਨੀ ਕਰਦੀ ਸੀ । ਉਹਨਾ ਨੇ ਲਿਖਿਆ :

Digitized by Panjab Digital Library | www.panjabdigilib.org

ਅਖੀਂ ਵੇਖ ਬੇਅਦਬੀ[1] ਹੁੰਦੀ, ਬੀਰ ਨਾ ਕੋਈ ਸਹਾਰ ਸਕੇ ।
ਜਿਸ ਨੇ ਸੀਸ ਤਲੀ ਤੇ ਧਰਿਆ, ਉਸ ਨੂੰ ਕੋਈ ਨਾ ਮਾਰ ਸਕੇ ।
ਜੀਉਂਦੇ ਹੋਣ ਅਕਾਲੀ[2] ਵਰਗੇ, ਕੌਮ ਕਦੇ ਨਾ ਹਾਰ ਸਕੇ ।
ਨਾ ਕੋਈ ਉਸਦਾ ਕਾਲਜ ਖੋਹੇ, ਨਾ ਕੋਈ ਖੋਹ ਦਰਬਾਰ ਸਕੇ ।
ਇਕ ਅਕਾਲੀ ਬਾਝੋਂ ਯਾਰੋ ਬਣ ਗਈ ਕੌਮ ਪਰਾਲੀ ਜੇ ।
ਅੱਖਾਂ ਖੋਲ੍ਹੋ ਢਿੱਲੜ ਵੀਰੋ ਕੌਮ ਗਰਕਦੀ ਜਾਂਦੀ ਜੇ ।
ਕੁਰਬਾਨੀ ਦਾ ਅੰਮ੍ਰਿਤ ਪਾ ਕੇ ਗੈਰਤ ਮੋਈ ਜਿਵਾਏਗਾ ।
ਠੂਠਾ ਫੜਕੇ ਦਰ ਦਰ ਮੰਗਣ ਵਾਦੀ ਦੂਰ ਹਟਾਏਗਾ ।
ਆਪਣੇ ਉਤੇ ਭਰੋਸਾ ਰਖਣਾ ਐਸਾ ਯਾਦ ਕਰਾਏਗਾ ।
ਅਸੀਂ ਹਿੰਦ ਤੇ ਹਿੰਦ ਅਸਾਡਾ, ਬੱਚਾ ਬੱਚਾ ਗਾਏਗਾ ।
ਦੂਰ ਹੋਣਗੇ ਸਾਰੇ ਦੁੱਖੜੇ ਵਰਤੇਗੀ ਖੁਸ਼ਹਾਲੀ ਜੇ ।
ਅੱਖਾਂ ਖੋਲ੍ਹੋ ਢਿੱਲੜ ਵੀਰੋ ਆ ਗਿਆ ਫੇਰ ਅਕਾਲੀ[3] ਜੇ ।

ਇਸ ਨਵੇਂ ਕਾਵਿਕ ਉਭਾਰ ਨੇ ਕਾਨੂੰਨ ਦੀਆਂ ਸਭ ਬੰਦਸ਼ਾਂ ਤੇ ਪਾਬੰਦੀਆਂ ਤੋੜ ਦਿਤੀਆਂ ਅਤੇ ਕਵੀਆਂ ਨੇ ਨਿਧੜਕ ਹੋ ਕੇ ਗੁਰਦੁਆਰਿਆਂ ਤੇ ਦੇਸ਼ ਦੀ ਆਜ਼ਾਦੀ ਲਈ ਕਵਿਤਾਵਾਂ ਲਿਖੀਆਂ । ਇਹ ਕਵਿਤਾਵਾਂ ਅਕਾਲੀ ਮੋਰਚਿਆਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਗਈਆਂ ਅਤੇ ਇਹਨਾਂ ਨੇ ਅਕਾਲੀ ਮੋਰਚਿਆਂ ਨੂੰ ਵਿਸ਼ਾਲ ਤਰ, ਜਥੇਬੰਦ ਤੇ ਸਫਲ ਕਰਨ ਵਿਚ ਸਹਾਇਤਾ ਦਿਤੀ ਅਤੇ ਇਹਨਾਂ ਵਿਚ ਸ਼ਾਮਲ ਹੋ ਕੇ ਕੁਰਬਾਨੀ ਕਰਨ ਲਈ ਉਤੇਜਨਾ ਦਿਤੀ ।

ਇਹਨਾਂ ਕਵੀਆਂ ਦੀਆਂ ਪੁਸਤਕਾਂ ਜ਼ਬਤ ਕੀਤੀਆਂ ਗਈਆਂ, ਇਹਨਾਂ ਨੂੰ ਬੜੀਆਂ ਤਕੜੀਆਂ ਸਜ਼ਾਵਾਂ ਦਿਤੀਆਂ ਗਈਆਂ ਪਰ ਆਦਰਸ਼ ਮਤਵਾਲੇ ਜਵਾਨ ਕੈਦਾਂ ਤੇ ਜੇਲ੍ਹ ਦੇ ਤਸੀਹਿਆਂ ਨੂੰ ਟਿੱਚ ਸਮਝਦੇ ਹਨ । ਅਕਾਲੀ ਲਹਿਰ ਨੇ ਵਿਧਾਤਾ ਸਿੰਘ ਤੀਰ, ਅਵਤਾਰ ਸਿੰਘ ਆਜ਼ਾਦ, ਗੁਰਮੁਖ ਸਿੰਘ ਮੁਸਾਫਰ, ਫੀਰੋਜ਼ ਦੀਨ ਸ਼ਰਫ, ਰਣਜੀਤ ਸਿੰਘ ਤਾਜਵਰ, ਅਮਰ ਸਿੰਘ ਸਫਦਰ, ਰਘਬੀਰ ਸਿੰਘ ਬੀਰ, ਸੂਰਤ ਸਿੰਘ ਜੋਗੀ, ਅਰਜਨ ਸਿੰਘ ਗੜਗੱਜ ਵਗੈਰਾ ਦਰਜਨਾਂ ਕਵੀ ਪੈਦਾ ਕੀਤੇ । ਇਹਨਾਂ ਦੇ ਕੁਛ ਹੋਰ ਨਾਮ ਤੁਹਾਨੂੰ 'ਜ਼ਬਤ ਕਿਤਾਬਾਂ' ਦੀ ਅੰਤਕਾ ਤੇ ਸਬੰਧਤ ਪੁਸਤਕਾਵਲੀ ਦੀ ਸੂਚੀ ਵਿਚ ਮਿਲ ਜਾਣਗੇ ।

ਤਦਵੇਂ ਵਕਤ ਦਾ ਕੋਈ ਅਜੇਹਾ ਭਖਦਾ ਮਸਲਾ ਨਹੀਂ ਸੀ ਜਿਸ ਤੇ ਸਾਡੇ ਕਵੀਆਂ ਨੇ ਆਪਣੇ ਵਿਚਾਰ ਨਾ ਪਰਗਟ ਕੀਤੇ ਹੋਣ । ਨਮੂਨੇ ਮਾਤਰ ਅਸੀਂ ਪਾਠਕਾਂ ਸਾਮ੍ਹਣੇ ਕੁਛ ਕਵੀਆਂ ਦੀਆਂ ਕੁਛ ਮਸਲਿਆਂ ਉਤੇ ਕੁਝ ਕੁ ਪੰਗਤੀਆਂ ਪੇਸ਼ ਕਰਦੇ ਹਾਂ :—

1. ਦੱਸੋ ਲੋਕੋ, **ਤੁਸੀਂ ਕਿਹੜੇ ਪਾਸੇ ਹੋ** ? 'ਤੀਰ' ਪੁਛਦਾ ਹੈ :

ਇਕ ਬੰਨੇ ਦੇਸ਼ ਸੇਵਾ, ਕੌਮ ਦਾ ਪ੍ਰੇਮ ਦਰਦ,
ਦੂਜੇ ਬੰਨੇ ਗਲਾ ਸੱਕੇ ਵੀਰਾਂ ਦਾ ਵਢਾਣਾ ਹੈ ।

---

[1] ਗੁਰਦੁਆਰਿਆਂ ਦੀ ।

[2] ਅਕਾਲੀ ਫੂਲਾ ਸਿੰਘ ।

[3] ਅਕਾਲੀ ਫੂਲਾ ਸਿੰਘ ਦਾ ਪੈਗਾਮ ਲੈ ਕੇ ਨਿਕਲਿਆ ਰੋਜ਼ਾਨਾ ਅਕਾਲੀ ਅਖਬਾਰ ।

Digitized by Panjab Digital Library | www.panjabdigilib.org

ਇਕ ਬੰਨੇ ਝੋਲੀ ਚੁਕ, ਜੀ ਹਜ਼ੂਰ, ਮਾਈ ਬਾਪ,
ਦੂਜੇ ਬੰਨੇ ਕੌਮ ਲਈ ਕਾਲੇ ਪਾਣੀ ਜਾਣਾ ਹੈ।
ਇਕ ਬੰਨੇ ਕੌਮ ਵਿਚ ਕੌਮ ਘਾਤੀ ਤੇ ਅਸਿੱਖ,
ਦੂਜੇ, ਦੇਸ਼ ਸੇਵਕ ਤੇ ਸਿੱਖ ਅਖਵਾਣਾ ਹੈ।
ਇਕ ਬੰਨੇ ਲਾਹਨਤ ਤੇ ਦੂਜੇ, ਵਡਿਆਈ ਮਾਨ,
ਦੋਹੀਂ ਹਥੀਂ ਲਡੂ ਸਿੱਖਾ ਖਾ ਲੈ ਜਿਹੜਾ ਖਾਣਾ ਹੈ।
ਇਕ ਬੰਨੇ ਨੇ ਸ਼ਾਂਤੀ ਯੋਧੇ ਜਿਨ੍ਹਾ ਧਾਰੀ ਸੀਲ ਦਇਆ।
ਦੂਜੇ ਪਾਸੇ ਜਬਰ ਖਲੋਤਾ, ਤੋਪਾਂ ਤਾਈਂ ਗੱਡ ਲਿਆ। —'ਆਜ਼ਾਦ'

## 2. ਜ਼ਬਾਨ-ਬੰਦੀ :

ਜੇਕਰ ਕਰੇ ਸਰਕਾਰ ਜ਼ਬਾਨ ਬੰਦੀ ਸਾਫ ਸਾਫ ਇਹ ਉਹ ਨੂੰ ਲਲਕਾਰ ਦੇਈਏ
ਟੋਨੇ ਖਾ ਖਾ 'ਦਾਈਏ' ਤੇ ਪਹੁੰਚ ਜਾਈਏ ਹਿੰਮਤ ਹਾਰ ਨਾ 'ਰੋੜ੍ਹ' ਵਿਚਕਾਰ ਰਹੀਏ
ਬਾਘੀ ਪਾਊਗੀ ਬਾਗੀ ਬਣਾ ਸਾਨੂੰ, ਕਰ ਧੜੇ ਅਪਰਾਧ ਇਹ ਤੋਲਿਆ ਈ
ਚੁੰਝਾਂ ਸਾਡੀਆਂ ਪੀਚ ਕੇ ਬੰਨ੍ਹ ਕੇ ਵੀ, ਕੈਦ ਕਰਨ ਲਈ ਪਿੰਜਰਾ ਖੋਲ੍ਹਿਆ ਈ। —'ਸ਼ਰਫ'

## 3. ਵਫਾਦਾਰੀ ਦਾ ਫਲ :

ਤੇਰਾ ਫਸਤਾ ਹੀ ਜਰਮਨ ਮੁਕਾ ਦਿੰਦਾ ਜੇਕਰ ਖਾਲਸਾ ਛਾਤੀਆਂ ਡਾਹੁੰਦਾ ਨਾ।
ਸਭ ਮੁੱਕ ਜਾਂਦਾ ਜ਼ੋਰ ਜ਼ੁਲਮ ਤੇਰਾ ਅਜ ਗੋਲੀਆਂ ਸਾਨੂੰ ਵਖਾਂਵਦਾ ਨਾ।
—'ਰਤਨ ਸਿੰਘ ਆਜ਼ਾਦ'

ਦਿਲਾ ਜਿਨ੍ਹਾ ਲਈ ਅਰਬ ਅਰਾਕ ਅੰਦਰ ਜਾ ਕੇ ਕੱਟੀਆਂ ਮੁਸ਼ਕਲਾਂ ਭਾਰੀਆਂ ਨੇ
ਖਾ ਖਾ ਖਚਰਾਂ ਜਿਨ੍ਹਾਂ ਦੀ ਸ਼ਾਨ ਬਦਲੇ ਰਾਤਾਂ ਭੁਖ ਤੇ ਦੁਖ ਗੁਜ਼ਾਰੀਆਂ ਨੇ
ਮਿਲਿਆ ਉਨ੍ਹਾਂ ਤੋਂ ਕੀ ਇਨਾਮ ਤੈਨੂੰ ਦਿਤਾ ਕੀ ਹੈ ਗੋਰੀਆਂ ਯਾਰੀਆਂ ਨੇ
ਗੋਤੇ ਛੱਪੜਾਂ ਤੇ ਵਾਰ ਸੋਟਿਆ ਦੇ ਬਜਬਜ ਘਾਟ ਤੇ ਗੋਲੀਆਂ ਮਾਰੀਆਂ ਨੇ। —'ਤੀਰ'

ਜਿਥੇ ਤੈਨੂੰ ਬਣੀ ਭਾਰੀ ਅਸਾਂ ਜਾ ਕੇ ਜਾਨ ਵਾਰੀ,
ਹਿੱਕ ਤੇਰੀ ਖ਼ਾਂ ਉਤੇ ਡਾਹੀ ਅੱਜ ਤੀਕ ਹੈ
ਜਦੋਂ ਤੈਨੂੰ ਵੱਜੇ ਖੱਲੇ ਅਸਾਂ ਤੈਨੂੰ ਗੱਲੇ ਘੱਲੇ,
ਦਿੱਤੀ ਮੂੰਹੋਂ ਕਢ ਕੇ ਗਰਾਹੀ ਅੱਜ ਤੀਕ ਹੈ
ਟੱਕਰਿਓਂ ਤੂੰ ਯਾਰ ਪੂਰਾ ਸਾਡੇ ਗਲ ਪਾਇਓ ਭੂਰਾ,
ਕਦੋਂ ਸਾਡੀ ਬਿਹਤਰੀ ਤੂੰ ਚਾਹੀ ਅੱਜ ਤੀਕ ਹੈ।—'ਸ਼ਰਫ'

ਸੱਤਰ ਸਾਲ ਦੀ ਦੋਸਤੀ ਜਾ ਕਢੀ ਆ ਘੇਰਿਆ ਤਖਤ ਅਕਾਲ ਸਿੰਘੋ
"ਹਮ ਨਹੀਂ ਜਾਨਟੇ ਟਖਟ ਅਕਾਲ ਹੈ ਯਿਹ"... —'ਆਜ਼ਾਦ'

Digitized by Panjab Digital Library | www.panjabdigilib.org

4. ਸੂਰਬੀਰਤਾ ;

ਵਿਕ ਗਏ ਧੜਾਂ ਉਤੋਂ ਸੀਸ ਸਾਡੇ ਜੀਊਂਦੇ ਹੀ
ਫੇਰ ਵੀ ਅੱਥਕ ਰਹਿ ਕੇ ਹਿੰਮਤਾਂ ਨਾ ਹਾਰੀਆਂ
ਗੋਲੀ ਨਾਲ ਸੱਲੇ ਹੇਠਾਂ ਇੰਜਨਾਂ ਦੇ ਦਲੇ ਪਰ
ਪਿਛਾਂ ਨਹੀਂ ਹੱਲੇ ਜਿੰਦਾਂ ਹੱਸ ਹੱਸ ਵਾਰੀਆਂ । —'ਦਰਸ਼ਨ ਸਿੰਘ ਦਲਜੀਤ'

ਐ ਸੱਯਾਦ ਜਾਬਰ ਜਬਰ ਕਰਨ ਵਾਲੇ ਕਰ ਲੈ ਜਬਰ ਤੂੰ ਜਿਤਨੀ ਬੇਦਾਦ ਕਰਨੀ
ਤਨ ਜਾਨ ਤੀਕਰ ਤੇ ਸੰਤਾਨ ਤੀਕਰ ਦੇ ਕੇ ਪ੍ਰਾਨ ਤੱਕ ਗੁਲਸ਼ਨ ਆਬਾਦ ਕਰਨੀ
ਖੰਜਰ ਤੋਪ ਤਲਵਾਰ ਤੋਂ ਭੈ ਕਾਹਦਾ ਛਾਤੀ ਡਾਹ ਤੇ ਸਾਮ੍ਹਣੇ ਖਾਹ ਗੋਲੀ
ਲੱਗੇ 'ਤੀਰ' ਜਾਂ ਲਹੂ ਦੀ ਧਾਰ ਵੱਗੇ ਜਾਣੀਂ ਖੇਡਦਾ ਪਿਆ ਹਾਂ ਪ੍ਰੇਮ ਹੋਲੀ । —'ਤੀਰ'

5. ਕਿਰਪਾਨ :

ਸਮੇਂ ਗੇੜ ਖਾਧਾ ਭਾਣਾ ਵਰਤਿਆ ਇਹ, ਰਹੀ ਜਿਸਮ ਮੇਰੇ ਅੰਦਰ ਜਾਨ ਬਾਕੀ
ਤਿੰਨ ਫੁਟ ਤੋਂ ਬਦਲ ਕੇ ਤਿੰਨ ਸੂਤਰ, ਰਿਹਾ ਸਿਰਫ ਕਿਰਪਾਨ ਨਿਸ਼ਾਨ ਬਾਕੀ
ਲੁਕ ਛਿਪ ਕੇ ਵਕਤ ਟਪਾਣ ਲੱਗੀ ਬੰਦੀਵਾਨ ਵਾਂਗੂ ਭੀੜੀ ਜਾ ਮਿਲ ਗਈ
ਕੰਘਾ ਮੁੜ ਖਾਤਰ ਸ਼ਾਹੀ ਜੇਲ੍ਹ ਬਣਿਆ ਘੋਰ ਦੁਖੀ ਨੂੰ ਕੈਦ ਤਨਹਾ ਮਿਲ ਗਈ
ਐਪਰ ਫੇਰ ਆ ਸਮਾਂ ਪਲਟੀਜਿਆ ਏ ਓਸੇ ਫਾਹੀ ਵਿਚ ਮੈਨੂੰ ਫਸਾਣ ਲੱਗੇ
ਤਿੰਨ ਫੁਟ ਤੋਂ ਫੁਟ ਨੌਂ ਇੰਚ ਕਰ ਕੇ ਹੇਠਾਂ ਕੁੜਤਿਆਂ ਦੇ ਮੈਨੂੰ ਪਾਣ ਲੱਗੇ ।
—'ਤੀਰ'

ਦੱਸ ਸੱਜੀਏ-ਬਾਹੇਂ ਸਰਕਾਰ ਦੀਏ ਤੇਰਾ ਪੰਜਵਾਂ ਕੱਕਾ ਕਿਰਪਾਨ ਕਿੱਥੇ ? —'ਜੋਸ਼'
ਸਾਡੀ ਤੇਗ ਕਟਾਰ ਨਾ ਖੰਜਰ ਦਿਸੇ, ਹਾਇ ਗਾਤਰੇ ਵਿਚ ਕਿਰਪਾਨ ਕਿੱਥੇ ?
—'ਅਵਤਾਰ ਸਿੰਘ ਆਜ਼ਾਦ'

6. ਨਨਕਾਣਾ ਸਾਹਿਬ :

ਨਾਨਕ ਗੁਰੂ ਦੇ ਜਨਮ ਅਸਥਾਨ ਅੰਦਰ ਜਿੰਦਾਂ ਵਾਰ ਕੇ ਖੇਡੀਆਂ ਹੋਲੀਆਂ ਨੇ
ਪੀਪੇ ਤੇਲ ਦੇ ਹਾਏ ਪੁਆ ਕੇ ਤੇ ਸੜੇ ਪੈ ਭੱਠੀ ਖਾ ਖਾ ਗੋਲੀਆਂ ਨੇ
ਦਿਲ ਤੜਫੇ ਤੇ ਕੇਰੇ ਹੰਝੂ ਸਾਕਾ ਸੁਣ ਨਨਕਾਣੇ ਦਾ —'ਤੀਰ'

ਨੈਣੂ ਪਾਪੀ ਨੇ ਕੀਤਾ ਏ ਕੰਮ ਜਿਹੜਾ ਤਾਰ ਓਸ ਦੀ ਉਤੋਂ ਹਿਲਾਂਵਦੇ ਨੇ
ਦੇਂਦੇ ਹੌਸਲੇ ਕਿੰਗ ਤੇ ਕਰੀ ਉਸ ਨੂੰ ਇਹਦੇ ਵਿਚ ਉਹ ਹੱਥ ਰਖਾਂਵਦੇ ਨੇ ।
—'ਹਰਨਾਮ ਸਿੰਘ ਮਸਤ ਪੰਛੀ'

7. ਗੁਰੂ ਕਾ ਬਾਗ :

ਬੀਟੀ ਸੀਟੀ ਵਜਾ ਕੇ ਜ਼ੁਲਮ ਵਾਲੀ ਪੁਲਸ ਰਸਤਿਆਂ ਵਿਚ ਖਲ੍ਹਿਆਰ ਦੇਨੀ
ਪੁਲਸ ਰੋਕਣਾ ਜਾਂਦੇ ਅਕਾਲੀਆਂ ਨੂੰ ਗਾਲ ਇਕ ਇਕ ਸਾਹੇ ਹਜ਼ਾਰ ਦੇਨੀ
ਠੁੱਡ ਮਾਰਨੇ ਹੇਠੋਂ ਤੇ ਹੁੱਜ ਉਤੋਂ ਧੱਕੇ ਮਾਰ ਕੇ ਪੱਗ ਉਤਾਰ ਦੇਨੀ
ਬੈਠੇ ਹੋਏ ਨੂੰ ਮਾਰਨੀ ਡਾਂਗ ਨਾਲੇ ਲੋਟ ਪੋਟ ਕਰ ਹੋਸ਼ ਵਿਸਾਰ ਦੇਨੀ

Digitized by Panjab Digital Library | www.panjabdigilib.org

ਸ਼ਾਂਤਮਈ ਦੇ ਪਰਨ ਨੂੰ ਯਾਦ ਕਰ ਕੇ ਐਪਰ ਖੋਲ੍ਹੀ ਨਾ ਮੂਲ ਜ਼ਬਾਨ ਸਿੰਘਾਂ
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ ਰੱਖੀ ਧਰਮ ਦੀ ਇੱਜ਼ਤ ਤੇ ਸ਼ਾਨ ਸਿੰਘਾਂ
ਆਉਂਦੀ ਹੋਸ਼ ਤੇ ਬੈਠਣਾ, ਉਠ ਤੁਰਨਾ, ਡਾਂਗਾਂ ਮਾਰ ਦੁਹੱਥੜੀ ਸੁੱਟਦੇ ਸਨ
ਨਾਜ਼ਕ ਬਦਨ ਘਸੀਟਦੇ ਵਿਚ ਸੜਕਾਂ ਮਾਰਨ ਗੁੱਝੀਆਂ ਤੇ ਗਲ ਨੂੰ ਘੁੱਟਦੇ ਸਨ
ਸੁੱਟ ਭੋਂ ਤੇ ਕੁੱਟਦੇ ਤੋਹ ਵਾਂਗੂ ਕੇਸ ਨਾਲ ਹੁਜੱਕਿਆਂ ਪੁੱਟਦੇ ਸਨ
ਐਪਰ ਮੱਥੇ ਤੇ ਵੱਟ ਨਾ ਜ਼ਰਾ ਪਾਇਆ ਪ੍ਰਿਥੀਪਾਲ ਜੇਹੇ ਨੌਜਵਾਨ ਸਿੰਘਾਂ
ਹੱਸ ਹੱਸ ਕੇ ਹੋਏ ਕੁਰਬਾਨ ਸਦਕੇ ਰੱਖੀ ਧਰਮ ਦੀ ਇੱਜ਼ਤ ਤੇ ਆਨ ਸਿੰਘਾਂ
ਬਾਹਵਾਂ ਭੰਨੀਆਂ ਪਾਜੀਆਂ ਸੀਸ ਨਾਲੇ ਅੱਧ-ਮੋਇਆਂ ਨੂੰ ਲੱਖ ਆਜ਼ਾਰ ਦਿੱਤੇ
ਲੱਤਾਂ ਮਾਰੀਆਂ ਢਿਡ ਵਿਚ ਫੱਟੜਾਂ ਦੇ ਨਾਲੇ ਹੱਥਾਂ ਤੇ ਪੈਰਾਂ ਤੇ ਭਾਰ ਦਿੱਤੇ
ਡੋਬ ਪਾ ਪਾ ਛੱਪੜ ਦੇ ਗੋਤਿਆਂ ਥੀਂ ਡੋਬੇ ਵਾਂਗ ਲੀੜੇ ਬਾਰ ਬਾਰ ਦਿੱਤੇ
ਚਿੱਕੜ ਤੁੰਨਿਆ ਮੂੰਹ ਵਿਚ, ਕੇਸ ਰੋਲੇ, ਧੋ ਧੋ ਕੇ "ਸਿੰਘਾਂ ਦੇ ਮਾਰ" ਦਿੱਤੇ । —'ਸ਼ਰਫ'

## 8. ਗੁਰਦੁਆਰੇ :

ਤੇਰੇ ਵਿਚ ਗੁਰਧਾਮਾਂ ਦੇ ਹੋਣ ਮੁਜਰੇ ਅਤੇ ਨਿੱਤ ਸ਼ਰਾਬ ਦਾ ਦੌਰ ਚੱਲੇ
ਕਬਜ਼ੇ ਦਸ ਕਾਨੂੰਨ ਵਿਰੁੱਧ ਮੂਜ਼ੀ ਤੇਰੀ ਉੱਮਤ ਕੁਠਾਲੜੀ ਪਾਣ ਲੱਗਾ ।

—'ਆਜ਼ਾਦ'

ਗੁਰੂ ਘਰ ਤੇ ਗੈਰਾਂ ਦਾ ਹੱਥ ਹੋਵੇ ਜਾਬਰ ਪੱਤ ਲੱਗੇ ਹੁਣ ਲਾਹੁਣ ਸਾਡੀ । —'ਤੀਰ'
ਤੇਰਾ ਹੱਕ ਕੀ ਏ ਗੁਰਧਾਮ ਅੰਦਰ ਨਹੀਂ ਆਪਣੇ ਦਿਲ ਸ਼ਰਮਾਂਵਦਾ ਏ । —'ਗੜਗੱਜ ਉਡਾਰੂ'

## 9. ਕਾਨੂੰਨ :

ਕਰ ਕੇ ਕਤਲ ਕਾਨੂੰਨ ਇਨਸਾਫ ਤਾਈਂ ਗਰਮ ਜ਼ੁਲਮ ਦਾ ਕਰ ਬਾਜ਼ਾਰ ਰਹੇ ਨੇ —'ਆਜ਼ਾਦ'
ਅੱਜ ਕੱਲ੍ਹ ਕਾਨੂੰਨ ਜ਼ਬਾਨ ਸਾਡੀ ਅਤੇ ਦਫਾ ਵੀ ਏਹੋ ਬਤਾਂਵਦੇ ਹਾਂ
ਉਤੋਂ ਹੁਕਮ ਤੁਹਾਨੂੰ ਗਰਿਫਤਾਰ ਕਰਨਾ ਤਾਹੀਂ ਪਕੜ ਅਸੀਂ ਜੇਲ੍ਹੀਂ ਪਾਂਵਦੇ ਹਾਂ

—'ਭਾਗ ਸਿੰਘ ਨਿਧੜਕ'

## 10. ਪੰਜੇ ਸਾਹਿਬ ਦੇ ਸ਼ਹੀਦ :

ਕਰਮ ਸਿੰਘ ਪਰਤਾਪ ਤੋਂ ਸਬਕ ਲੈ ਕੇ ਪਟੜੀ ਰੇਲ ਦੀ ਜਾਣ ਪਲੰਘ ਅੜਿਆ
ਹਰੀ ਹਰੀ ਕਰਤਾਰ ਕਰਤਾਰ ਕਹਿ ਕੇ ਹੇਠ ਇੰਜਨਾਂ ਲੇਟ ਨਿਸ਼ੰਗ ਅੜਿਆ —'ਤੀਰ'

## 11. ਸ: ਖੜਕ ਸਿੰਘ

ਖੜਕ ਸਿੰਘ ਜੀ ਖੜਕਦੇ ਵਾਂਗ ਚੰਡੀ ਦਿੱਤਾ ਓਸ ਨੂੰ ਵੀ ਜੇਲ੍ਹ ਡਾਰ ਸਾਈਆਂ ।
ਤੇਰੇ ਪੰਥ ਨੇ ਜਿਹੜੇ ਬਣਾਏ ਆਗੂ ਗਏ ਉਹ ਵੀ ਜੇਲ੍ਹ ਵਿਚਕਾਰ ਸਾਈਆਂ

—'ਗੁਰਦਿਆਲ ਸਿੰਘ ਗੜਗੱਜ ਉਡਾਰੂ'

ਸਿਰਤਾਜ ਅਕਾਲੀ ਭੌਰੇ ਦੇ ਦਸ ਮਾਹ ਤੋਂ ਸਿਰ ਦਸਤਾਰ ਨਹੀਂ । —'ਤੀਰ'

Digitized by Panjab Digital Library | www.panjabdigilib.org

## 12. ਨਾਭੇ ਦੀ ਗੱਦੀ :

ਬਲਦੀ ਅੱਗ ਤੋਂ ਕੱਢਿਆ ਵਾਰ ਜਿੰਦਾਂ ਉਲਟਾ ਡੰਗ ਕਲੇਜੜੇ ਮਾਰਦਾ ਏਂ
ਨਾਭੇ-ਪਤੀ ਦੀ ਵੇਖ ਬੇਪਤੀ ਕਰ ਕੇ ਹਾਏ ਤਖਤ ਤੋਂ ਹੇਠ ਉਤਾਰਦਾ ਏਂ
ਹੋਸੀ ਨਾਭੇ ਤੋਂ ਜਾਨ ਕੁਰਬਾਨ ਸਾਡੀ... (ਇਕ ਲੰਮੀ ਕਵਿਤਾ)—'ਤੀਰ'

ਨਾਭੇ-ਪਤੀ ਪਿਆਰੇ ਤਾਈਂ ਤਖਤੋਂ ਲਾਹ ਪਟਕਾਇ ਦਿੱਤਾ
ਵਾਲੀ ਮੁਲਕ ਜਾਗੀਰਾਂ ਵਾਲਾ ਮਿੱਟੀ ਵਿਚ ਮਿਲਾਇ ਦਿੱਤਾ
ਵਲ ਛਲ ਕਰ ਕੇ ਨਾਲ ਦਗੇ ਦੇ ਜਾਲੀ ਵਿਚ ਫਸਾਇ ਦਿੱਤਾ ।
ਬੈਠੂ ਤਖਤ ਤੇ ਸ੍ਰੀ ਰਿਪਦਮਨ ਸਿੰਘ ਹੀ ਬਣਿਆ ਉਗਲਵੀ ਨਹੀਂ ਸੁਲਤਾਨ ਰਹਿਸੀ ।
—'ਆਜ਼ਾਦ'

## 13. ਕਾਂਗਰਸੀ ਆਗੂ :

ਡਾਕਟਰ ਕਿਚਲੂ ਤੇ ਮਿਸਟਰ ਗਿਡਵਾਨੀ ਗੰਗਸਰ ਨੂੰ ਕਦਮ ਉਠਾਏ ਯਾਰੋ
ਦਰਦੀ ਕੌਮ ਦੇ ਜ਼ਾਲਮਾਂ ਪਕੜ ਲੀਤੇ ਦਿੱਤੇ ਨਾਭੇ ਦੀ ਜੇਲ੍ਹ ਪੁਚਾਏ ਯਾਰੋ
—'ਭਾਗ ਸਿੰਘ ਨਿਧੜਕ'

## 14. ਆਜ਼ਾਦੀ :

ਮਾਲ ਅਸਬਾਬ ਦੀਆਂ ਕੁਰਕੀਆਂ ਤਾਂ ਚੀਜ਼ ਕੀ ਨੇ
ਦੇਸ਼, ਸਵਰਾਜ ਉਤੋਂ ਜ਼ਿੰਦਗੀ ਘੁਮਾਵਸਾਂ
ਮੁੱਢ ਤੋਂ ਹੀ ਆਏ 'ਦਲਜੀਤ' ਹਾਂ, ਅਜੀਤ ਅਸੀਂ
ਵੱਡਿਆਂ ਦੀ ਰੀਤ ਨਾਲ ਸਿਰਾਂ ਦੇ ਨਿਭਾਵਸਾਂ । —'ਦਲਜੀਤ'

ਲੈ ਕੇ ਰਹੀਏ ਹੁਣ ਦੋਸਤੋ ਛੱਡੀਏ ਨਾ, ਹੈ ਪੈਦਾਇਸ਼ੀ ਹੱਕ ਸਵਰਾਜ ਸਾਡਾ । —'ਸ਼ਰਫ'

ਤੇਰੇ ਦੀਦ ਦੀ ਫੀਸ ਚਾ ਸੀਸ ਰੱਖੇ ਬਜ ਬਜ ਘਾਟ ਜਾ ਖਾਧੀਆਂ ਗੋਲੀਆਂ ਸਨ
ਜਲ੍ਹਿਆਂ ਬਾਗ ਅੰਦਰ ਜਾ ਕੇ ਨਨਕਾਣੇ ਦੇਹਾਂ ਕਰ ਬੇਕਦਰੀਆਂ ਰੋਲੀਆਂ ਸਨ
ਤੇਰੀ ਤਾਂਘ ਅੰਦਰ ਹੋਸੀ ਵੇਖਿਆ ਤੈਂ 'ਤੇਰੇ ਨਾਮ' ਉਤੋਂ ਜਿੰਦਾਂ ਘੋਲੀਆਂ ਸਨ
ਹੱਸ ਹੱਸ ਮਾਰ ਖਾ ਕੇ 'ਗੁਰੂ ਬਾਗ' ਜਾਣੋ ਨਾਲ ਖ਼ੂਨ ਦੇ ਰੰਗੀਆਂ ਚੋਲੀਆਂ ਸਨ ।

ਗੁਲਾਮੀ ਦੇ ਜੀਉਣ ਨਾਲੋਂ ਮੌਤ ਹੈ 'ਆਜ਼ਾਦ' ਚੰਗੀ
ਹੋਵੇ ਬਰਬਾਦੀ ਭਾਵੇਂ ਹੋਣ ਖੁਸ਼ਹਾਲੀਆਂ । '—ਆਜ਼ਾਦ'

ਉੱਠ ਹਿੰਦ ਦੇ ਗਭਰੂਆ ਨਿੱਤਰ ਮੱਲਾ ਦੇਸ਼ ਕੌਮ ਦੀ ਸੇਵਾ ਕਮਾ ਲਈਏ
ਪਿਛੋਂ ਮੇਰੀਆਂ ਤੇਰੀਆਂ ਨਿਬੜ ਲਾਂਗੇ ਪਹਿਲੋਂ ਤੌਕ ਗੁਲਾਮੀ ਦਾ ਲਾਹ ਲਈਏ ।
—'ਤੀਰ'

## 15. ਕਮੇਟੀ ਤੇ ਦਲ ਕਾਨੂੰਨ ਵਿਰੁੱਧ :

ਛੁਰੀ ਜਬਰ ਦੀ ਹਲਕ ਤੇ ਰੱਖ ਕਹਿੰਦਾ: ਨਾ ਕਰ ਕੌਮ ਦੇ ਨਾਲ ਪਿਆਰ ਸਾਈਆਂ
ਬਾਗੀ ਆਖਦਾ ਦਸਾਂ ਅਕਾਲੀਆਂ ਨੂੰ, ਧਰਮੀ ਆਗੂਆਂ ਕਰ ਗਰਿਫਤਾਰ ਸਾਈਆਂ

Digitized by Panjab Digital Library | www.panjabdigilib.org

ਪੰਥਕ ਸ਼ਾਨ ਕਮੇਟੀ ਸ਼੍ਰੋਮਣੀ ਨੂੰ ਦਿੱਤਾ ਏਸ ਹੈ ਬਾਗੀ ਕਰਾਰ ਸਾਈਆਂ
ਜਾਨਾਂ ਵਾਰਨੇ ਕਸ਼ਟ ਸਹਾਰਨੇ ਦਾ ਇਵਜ਼ ਖੂਬ ਮਿਲਿਆ 'ਤੀਰ' ਮਾਰ ਸਾਈਆਂ ।

ਤਿਵੇਂ ਪਾਪੀ ਜਾਬਰਾਂ ਨੂੰ ਲਗਦੀ ਕਮੇਟੀ ਬੁਰੀ
ਧਰਮੀਆਂ ਦੇ ਤਾਈਂ ਪਈ ਬਾਗੀ ਜੋ ਅਲਾਂਵਦੀ । —'ਆਜ਼ਾਦ'

ਬਾਗੀ ਆਖਦੈ ਬਾਗ ਦੇ ਮਾਲਕਾਂ ਨੂੰ ਆਪ ਜ਼ਾਲਮਾਂ ਬਾਗ ਉਜਾੜਨਾ ਏ । —'ਸ਼ਰਫ਼'

## 16. ਜੇਲ੍ਹਾਂ :

ਗਾਜ਼ੀਖਾਨ ਮੁਲਤਾਨ ਜ਼ਿੰਦਾਨ ਅੰਦਰ ਜ਼ੁਲਮ ਅੱਗ ਵਰ੍ਹਦੀ ਭੁੱਜਦੀ ਭੰਗ ਅੜਿਆ ।
ਪੈਰੀਂ ਬੇੜੀਆਂ ਤੇ ਹੱਥੀਂ ਹੱਥਕੜੀਆਂ ਕਰਦੇ ਧਰਮੀਆਂ ਨੂੰ ਡਾਢਾ ਤੰਗ ਅੜਿਆ ।
ਨਾਹਰਾ ਜਿਹੜਾ ਅਕਾਲ ਦਾ ਲਾਂਵਦਾ ਏ ਮਾਰਨ ਬੈਂਤ ਉਹਨੂੰ ਪੁੱਠਾ ਟੰਗ ਅੜਿਆ ।
ਦੇਸ਼ ਕੌਮ ਖਾਤਰ ਗਲੇ ਪਾ ਖਫਣੀ ਛਿੱਕੇ ਐਸ਼ ਆਰਾਮ ਨੂੰ ਟੰਗ ਅੜਿਆ ।
—'ਤੀਰ'

ਜੇਲ੍ਹਾਂ ਜੇਹੜੀਆਂ ਤੋਂ ਸਨ ਲੋਕ ਡਰਦੇ ਸਾਡੇ ਵੀਰ ਅੱਜ ਖੇਲ ਬਣਾਂਵਦੇ ਨੇ —'ਨਿਧੜਕ'
ਹੋਣੇ ਨੇ 'ਆਜ਼ਾਦ' ਬੰਦੀ ਵੀਰ ਸਾਡੇ ਕੁਲ ਯਾਰੋ
ਸਾਜ਼ਸ਼ਾਂ ਸਡੀਸ਼ਨਾਂ ਦਾ ਨਿਕਲਨਾ ਦਿਵਾਲਾ ਏ । —'ਆਜ਼ਾਦ'

## 17. ਕੁੰਜੀਆਂ ਦਾ ਮਾਮਲਾ :

ਕੁੰਜੀਆਂ ਖੁੱਸੀਆਂ ਵੇਖ ਕੇ ਮਾਰ ਛਾਲਾਂ ਜਾਏ ਧਰਮੀਆਂ ਨੇ ਜੇਲ੍ਹਾਂ ਮੱਲੀਆਂ ਸਨ ।
ਹੱਥ ਜ਼ਾਲਮਾਂ ਕੰਨੀ ਲਵਾ ਕਰ ਕੇ ਕੂੰਜਾਂ ਡਾਰ ਅੰਦਰ ਫੇਰ ਰਲੀਆਂ ਸਨ । —'ਆਜ਼ਾਦ'
ਕੀਤਾ ਨੱਕ ਦੇ ਵਿਚ ਜਾਂ ਦਮ ਪੰਛੀ ਪੈਰੀਂ ਪੈ ਕੇ ਚਾਬੀ ਫੜਾਣ ਲੱਗ ਪਏ ।—'ਮਸਤ ਪੰਛੀ'

## 18. ਜਲ੍ਹਿਆਂ ਵਾਲਾ ਬਾਗ ਏਕੇ ਦਾ ਚਿੰਨ੍ਹ :

'ਉਡਵਾਇਰ' ਦੀ ਉਤੋਂ ਉਡ ਵਾਇਰ ਆਈ ਕੀਤੇ ਡਾਇਰ ਨੇ ਹੁਕਮ ਫਰਮਾਨ ਏਥੇ ।
ਜਿਹੜਾ ਪਾਰ ਸਮੁੰਦਰੋਂ ਲੜੇ ਜਾ ਕੇ ਉਹਦਾ ਅਸਰ ਮਿਲਿਆ ਸਾਨੂੰ ਆਨ ਏਥੇ ।
ਕੀਤੀ ਰਾਖੀ ਵਿਸਾਖੀ ਵਿਚ "ਜੇਹੀ ਸਾਡੀ" ਲੱਗੇ ਗੋਲੀਆਂ ਮਾਰਨ ਸ਼ੈਤਾਨ ਏਥੇ ।
ਕੀਤਾ ਅੱਤਿਆਚਾਰ ਨਿਹੱਥਿਆਂ ਤੇ ਹੋਇਆ ਹਸ਼ਰ ਦਾ ਗਰਮ ਮੈਦਾਨ ਏਥੇ ।
ਕਈ ਖੂਹ ਵਿਚ ਡਿੱਗੇ ਸਨ ਵਾਂਗ 'ਯੂਸਫ' ਮਰ ਗਏ ਕਈ ਤਿਹਾਏ ਇਨਸਾਨ ਏਥੇ ।
ਮਹਿੰਦੀ ਲੱਥੀ ਨਹੀਂ ਸੀ ਕਈ ਲਾੜਿਆਂ ਦੀ ਹੋ ਗਏ ਲਹੂ ਵਿਚ ਲਹੂ-ਲੁਹਾਨ ਏਥੇ ।
ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ ਉਹ ਰਹੀਮ, ਕਰਤਾਰ, ਭਗਵਾਨ ਏਥੇ ।
ਹੋਏ ਜ਼ਮਜ਼ਮ ਤੇ ਗੰਗਾ ਇਕ ਥਾਂ ਕੱਠੇ, ਰਲਿਆ ਖੂਨ ਹਿੰਦੂ ਮੁਸਲਮਾਨ ਏਥੇ ।
—'ਸ਼ਰਫ'

ਯਾਦ ਆਂਵਦੇ ਪਿਛਲੇ ਹੈਨ ਸਾਕੇ ਜਾਂ ਸਮਿੱਥ ਨੇ ਮੂੰਹਾਂ ਤੇ ਥੁੱਕਿਆ ਸੀ ।
ਬਿੱਲੀ, ਕੁੱਤੀ, ਸੂਰੀ, ਗਧੀ ਆਖ ਕਰ ਕੇ ਘੁੰਡ ਭੈਣਾਂ ਦੇ ਮੂੰਹਾਂ ਤੋਂ ਚੁੱਕਿਆ ਸੀ ।
ਡੰਡੇ ਮਾਰ ਕੇ ਢਿੱਡਾਂ ਦੇ ਭਾਰ ਤੋਰੇ, ਬੈਂਤ ਮਾਰਨੋਂ ਮੂਲ ਨਾ ਰੁਕਿਆ ਸੀ ।
—'ਆਜ਼ਾਦ'

Digitized by Panjab Digital Library | www.panjabdigilib.org

ਕੱਠੇ ਹੋ ਕੇ ਗੋਲੀਆਂ ਖਾਧੀਆਂ ਨੇ ਆਏ ਵਿੱਛੜੇ ਵੀਰ ਮਿਲਾਨ ਏਥੇ ।
ਬੀਜ ਏਕਤਾ ਦਾ ਏਥੇ ਬੀਜਿਓ ਨੇ ਰਲਿਆ ਖੂਨ ਹਿੰਦੂ ਮੁਸਲਮਾਨ ਏਥੇ । --'ਤੀਰ'

## 19. ਸੁਆਰਾਜ :

ਸੱਚਾ ਸੌਦਾ ਸੁਆਰਾਜ਼ ਦਾ ਜੇਹਾ ਕਰੀਏ ਵੇਚ ਆਪਣਾ ਕੁਲ ਘਰ ਬਾਰ ਦੇਈਏ ।
'ਨਾੜਾਂ' ਤਨ ਤੰਬੂਰ ਦੀਆਂ ਹੋਣ ਤਾਰਾਂ ਲੱਗੀ ਅੱਗ ਤੇ ਛੇੜ ਮਲਿਹਾਰ ਦੇਈਏ ।
'ਰਾਖਸ਼ੱਸ' ਜਿਹੜੀ ਗਵਰਨਮੈਂਟ ਹੋਵੇ ਉਹਨੂੰ 'ਕੌਡੇ' ਦੇ ਵਾਂਗ ਸਵਾਰ ਦੇਈਏ !
'ਟੋਕੇ' ਵਾਂਗ ਬਣੀਏ ਕੋਈ ਨਾ ਚੀਜ਼ ਟੋਕੇ ਮੁੱਢੋਂ ਵੱਢ ਸਾਰਾ ਅਤਿਆਚਾਰ ਦੇਈਏ ।
ਲੈ ਕੇ ਰਹੀਏ ਹੁਣ ਦੋਸਤੋ ਛੱਡੀਏ ਨਾ ਹੈ ਪੈਦਾਇਸ਼ੀ ਹੱਕ ਸੁਆਰਾਜ ਸਾਡਾ । --'ਸ਼ਰਫ'

## 20. ਝੋਲੀ ਚੁੱਕ :

ਝੋਲੀ ਚੁੱਕੋ, ਅਜੇ ਵੀ ਨਾ ਬਾਜ਼ ਆਇਓ ਏਸ ਗੱਲੋਂ
ਕੋਈ ਨਾ ਫਿਕਰ ਤੁਹਾਨੂੰ ਹਿੰਦ ਦੀ ਤਬਾਹੀ ਦਾ ।
ਪੁੱਛਾਂਗੇ ਤੁਹਾਨੂੰ ਜ਼ਰਾ ਥੋੜ੍ਹਾ ਚਿਰ ਠਹਿਰ ਜਾਓ
ਫੜ ਫੜ ਜੇਲ੍ਹਾਂ ਵਿਚ ਕਿਸ ਤਰ੍ਹਾਂ ਪੁਚਾਈ ਦਾ । --'ਗੜਗੱਜ ਉਡਾਰੂ'

## 21. ਨਾਭੇ ਦੇ ਅਹਿਲਕਾਰ :

ਹੈ ਓਇ ਪਾਪੀਓ ਨਾਭੇ ਦੇ ਅਹਿਲਕਾਰੋ ਕਿੱਡੇ ਕਿੱਡੇ ਓਇ ਜ਼ੁਲਮ ਕਮਾਏ ਤੁਸੀਂ
ਜੀਹਦੇ ਸਿਰ ਉਤੇ ਮੌਜਾਂ ਮਾਣਦੇ ਸੀ ਧੋਖੇ ਓਸ ਦੇ ਨਾਲ ਕਮਾਏ ਤੁਸੀਂ
... ... ... ... ... ... ... ਹੱਥੀਂ ਦਿੱਤਾ ਕਿਵੇਂ ਨਾਭਾ ਫੜਾਏ ਤੁਸੀਂ ।

ਜ਼ਬਤ ਕਿਤਾਬਾਂ ਦੀ ਲਿਸਟ ਬੜੀ ਲੰਮੀ ਹੈ । ਮੈਂ ਕੁਛ ਇਕ ਜ਼ਬਤ ਹੋਈਆਂ ਪੁਸਤਕਾਂ ਵਿਚੋਂ ਉਤਲੇ ਵਿਸ਼ਿਆਂ ਤੇ ਕੁਛ ਪੰਗਤੀਆਂ ਤੇ ਬੰਦ ਦਿੱਤੇ ਹਨ ਤਾਂ ਜੋ ਉਸ ਵੇਲੇ ਦੀ ਚੜ੍ਹਦੀ ਕਲਾ ਦੀ ਭਖਵੀਂ ਸਪਿਰਿਟ ਦਾ ਕੁਛ ਅਨੁਮਾਨ ਕੀਤਾ ਜਾ ਸਕੇ । ਕਵੀਆਂ ਨੇ ਹਰ ਇਕ ਭਖਦੇ ਮਸਲੇ ਤੇ ਆਪਣੇ ਖੁਲ੍ਹੇ ਵਿਚਾਰ ਪੇਸ਼ ਕੀਤੇ ਸਨ । ਮਹਾਰਾਜਾ ਪਟਿਆਲਾ ਦੀ ਘੋਰ ਨਿੰਦਿਆ ਤੇ ਨਾਭੇ ਦੀ ਉਸਤਤ ਵਿਚ ਸਫਿਆਂ ਦੇ ਸਫੇ ਲਿਖੇ ਪਏ ਹਨ । ਗੌਰਮਿੰਟ ਦੇ ਜ਼ੁਲਮਾਂ, ਜੇਲ੍ਹਾਂ ਦੇ ਅਤਿਆਚਾਰਾਂ ਨੂੰ, ਨਿਧੜਕ ਅਤੇ ਨਤੀਜਿਆਂ ਤੋਂ ਲਾਪਰਵਾਹ ਹੋ ਕੇ, ਨੰਗਾ ਤੇ ਨਸ਼ਰ ਕੀਤਾ ਗਿਆ ਹੈ ।

ਨਿਰਭੈਤਾ ਤੇ ਜੋਸ਼ ਦਾ ਕੁਛ ਅੰਦਾਜ਼ਾ ਉਹਨਾਂ ਜਵਾਬਾਂ ਤੋਂ ਮਿਲ ਸਕਦਾ ਹੈ ਜਿਹੜੇ ਮੈਜਿਸਟਰੇਟਾਂ ਵਲੋਂ ਨਾਮ ਪੁੱਛੇ ਜਾਣ ਤੇ ਮੁਲਜ਼ਮਾਂ ਨੇ ਦਿੱਤੇ :

ਕਿਸੇ ਆਖਿਆ ਮੋਰਚੇ-ਤੋੜ ਹਾਂ ਮੈਂ ਜੜ-ਪੁੱਟ ਹੀ ਕੋਈ ਬਤਾਂਵਦਾ ਏ ।
ਕੋਈ ਕਹੇ ਕੜ-ਤੋੜ ਸਿੰਘ ਨਾਮ ਮੇਰਾ ਕੋਈ ਦਿੱਲੀ ਹੀ ਤੋੜ ਜਤਾਂਵਦਾ ਏ ।
ਕੋਈ ਕਹੇ ਮੈਂ ਲੰਡਨ-ਤੋੜ ਸਿੰਘ ਹਾਂ ਵਲੈਤ-ਰੋੜ੍ਹ ਹੀ ਕੋਈ ਫਰਮਾਂਵਦਾ ਏ । ਵਗੈਰਾ...
--'ਨਿਧੜਕ'

ਏਸੇ ਤਰ੍ਹਾਂ ਜਥਿਆਂ ਵਿਚੋਂ ਗਰਿਫਤਾਰ ਹੋਏ ਸਿੰਘ ਆਪਣੇ ਏਹੋ ਜੇਹੇ ਕੋਈ ਨਾਮ ਦੱਸ ਕੇ—ਪਿਤਾ ਦਾ ਨਾਮ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ ਅਤੇ ਵਾਸੀ ਆਨੰਦਪੁਰ

Digitized by Panjab Digital Library | www.panjabdigilib.org

ਕਹਿ--ਮੋਨ ਧਾਰ ਲੈਂਦੇ ਸਨ। ਪੁਲਸ ਨੂੰ ਬਹੁ-ਗਿਣਤ ਅਕਾਲੀਆਂ ਦੇ ਅਸਲ ਥਹੁ-ਟਿਕਾਣੇ ਤੇ ਨਾਵਾਂ ਦਾ ਕਦੇ ਪਤਾ ਹੀ ਨਹੀਂ ਸੀ ਲਗਦਾ।

ਇਸ ਸਾਹਿਤਕ ਉਭਾਰ ਦੇ ਸਮੇਂ ਵਾਰਤਕ ਵਿਚ ਮਾਸਟਰ ਮੋਤਾ ਸਿੰਘ ਦਾ ਜੀਵਨ, ਬਾਬਾ ਗੁਰਦਿਤ ਸਿੰਘ ਦਾ ਜੀਵਨ ਬਿਰਤਾਂਤ, ਬਾਬਾ ਜੀ ਦੀ ਆਤਮ ਕਥਾ, ਸ: ਸਰਦੂਲ ਸਿੰਘ ਕਵੀਸ਼ਰ ਦਾ ਜੀਵਨ ਅਤੇ ਕਈ ਗਰੰਥ ਪੈਂਫਲਟ ਵਗੈਰਾ ਪਰਕਾਸ਼ਤ ਹੋਏ। ਮੋਰਚਿਆਂ ਨੇ ਪੰਜਾਬੀ ਸਾਹਿਤ ਵਿਚ ਨਵੀਂ ਜਾਨ ਤੇ ਰੂਹ ਭਰ ਦਿੱਤੀ। ਰੂਪ ਤੇ ਵੱਥ ਦੇ ਪਹਿਲੂਆਂ ਤੋਂ ਪੰਜਾਬੀ ਸਾਹਿਤ ਆਪਣੀ ਸਿਥਲਤਾ ਛੱਡ ਕੇ ਜੋਬਨ ਦੇ ਪੰਧ ਤੇ ਪੈ ਗਿਆ। ਇਸ ਉਭਾਰ ਨੇ ਮੋਰਚਿਆਂ ਦੇ ਉਭਾਰ ਨੂੰ ਹੋਰ ਨਿਖਾਰਿਆ।

ਇਸ ਤੋਂ ਇਕ ਨਤੀਜਾ ਇਹ ਨਿਕਲਦਾ ਹੈ ਕਿ ਜਿਹੜਾ ਭਾਸ਼ਾ ਵਿਗਿਆਨੀ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਅਧਿਅਨ ਕਰਦਿਆਂ ਧਾਰਮਕ, ਸਮਾਜਕ, ਆਰਥਕ, ਰਾਜਸੀ (ਵਗੈਰਾ) ਮੋਰਚਿਆਂ ਦੇ ਰੋਲ ਨੂੰ ਇਸ ਦੇ ਵਧਣ ਫੂਲਣ ਦੇ ਇਤਿਹਾਸ ਵਿਚ ਨਜ਼ਰ-ਅੰਦਾਜ਼ ਕਰਦਾ ਹੈ, ਉਸ ਦਾ ਅਧਿਅਨ ਅਧੂਰਾ ਹੈ।

Digitized by Panjab Digital Library | www.panjabdigilib.org

# ਸਿੱਖ ਧਰਮ ਦੀ ਤੋੜ-ਭੰਨ

ਅੰਗਰੇਜ਼ ਹਾਕਮਾਂ ਨੇ ਆਪਣੇ ਏਜੰਟਾਂ ਰਾਹੀਂ ਰਾਜ ਦੇ ਸੁਆਰਥਾਂ ਲਈ, ਸਿੱਖ ਧਰਮ ਦੇ ਅਸੂਲਾਂ ਦੀ ਵੀ ਤੋੜ ਭੰਨ ਕੀਤੀ। ਅਕਾਲੀ ਤਹਿਰੀਕ ਦੇ ਦੌਰਾਨ "ਟੋਪੀ ਵਾਲਾ ਸਿੱਖ" ਦੀ ਬੜੀ ਚਰਚਾ ਹੁੰਦੀ ਰਹੀ ਸੀ। 'ਟੋਪੀ ਵਾਲੇ ਸਿੱਖ' (ਯਾਨੀ ਅੰਗਰੇਜ਼) ਦੇ ਪੰਜਾਬ ਵਿਚ ਆ ਕੇ ਰਾਜ ਕਰਨ ਦੀ ਕਹਾਣੀ ਗੁਰੂ ਤੇਗ ਬਹਾਦਰ ਦੇ ਬਚਨਾਂ ਨਾਲ ਮੜ੍ਹੀ ਗਈ ਸੀ। ਏਸੇ ਤਰ੍ਹਾਂ ਗੁਰੂਆਂ ਦੇ ਨਾਮ ਨਾਲ ਇਹ ਝੂਠ ਮੜ੍ਹਿਆ ਗਿਆ ਸੀ ਕਿ ਜੇ ਕੋਈ ਮੁਸਲਮਾਨ ਤੇਲ ਨਾਲ ਲਿਬੜੀ ਬਾਂਹ ਨੂੰ ਤਿਲਾਂ ਵਾਲੀ ਬੋਰੀ ਵਿਚ ਪਾਉਣ ਪਿਛੋਂ ਓਨੀਆਂ ਸਹੁੰਆਂ ਖਾਵੇ ਜਿੰਨੇ ਬਾਂਹ ਨਾਲ ਤਿਲ ਲੱਗੇ ਹੋਏ ਹੋਣ, ਤਦ ਵੀ ਉਸ ਤੇ ਇਤਬਾਰ ਨਹੀਂ ਕਰਨਾ ਚਾਹੀਦਾ। ਇਹ ਸਿੱਖਾਂ ਨੂੰ ਮੁਸਲਮਾਨਾਂ ਨਾਲੋਂ ਪਾੜ ਕੇ ਰੱਖਣ ਦੀ ਅੰਗਰੇਜ਼ ਦੀ ਪਾਲਿਸੀ ਦਾ ਪਰਚਾਰ ਸੀ ਜਿਹੜਾ 1946-47 ਦੇ ਪਿਛੋਂ ਤਕ ਹੁੰਦਾ ਰਿਹਾ।

ਫੌਜਾਂ ਦੇ ਗਰੰਥੀ ਤਾਂ ਅਫਸਰਾਂ ਨੂੰ ਖੁਸ਼ ਕਰਨ ਲਈ ਅੰਗਰੇਜ਼ ਰਾਜ ਦੇ ਸੋਹਲੇ ਗਾਉਂਦੇ ਨਹੀਂ ਸਨ ਥੱਕਦੇ। ਅਫਸਰ ਉਹਨਾਂ ਗਰੰਥੀਆਂ ਉਤੇ ਬੜੇ ਖੁਸ਼ ਹੁੰਦੇ ਸਨ ਜਿਹੜੇ ਸ਼ਬਦਾਂ ਦੀ ਵਿਆਖਿਆ, ਤੋੜ-ਮਰੋੜ ਕੇ, ਉਹਨਾਂ ਦੀ ਹਕੂਮਤ ਦੇ ਹੱਕ ਵਿਚ ਕਰਨ। ਅੰਗਰੇਜ਼ ਅਫਸਰਾਂ ਦੀਆਂ ਲਿਖਤਾਂ ਵਿਚ ਸਿੱਖ ਧਰਮ ਨੂੰ ਦੋ ਹ ਵਿਰੋਧੀ ਹਿਸਿਆਂ ਵਿਚ ਵੰਡਿਆ ਗਿਆ ਸੀ। ਪਹਿਲੇ ਨਵਾਂ ਗੁਰੂਆਂ ਦਾ ਧਰਮ ਤੇ ਦਸਵੇਂ ਗੁਰੂ ਦਾ ਧਰਮ। ਇਹ ਅਫਸਰ ਸਿੰਘ ਸਭਾ ਦੀ ਤਹਿਰੀਕ ਦੇ ਵੀ ਇਸ ਲਈ ਵਿਰੋਧੀ ਸਨ ਕਿ ਇਹ ਸਾਰੇ ਸਿੱਖਾਂ ਨੂੰ ਸਿੰਘ ਸਜਾ ਕੇ ਜਥੇਬੰਦਕ ਇਕੱਤਾ ਤੇ ਇਕਸਾਰਤਾ ਕਾਇਮ ਕਰ ਰਹੀ ਸੀ ਜਿਹੜੀ ਅੰਗਰੇਜ਼ ਰਾਜ ਲਈ ਕਿਸੇ ਵੇਲੇ ਵੀ ਬੜੀ ਖਤਰਨਾਕ ਸਾਬਤ ਹੋ ਸਕਦੀ ਸੀ। ਸਿੱਖ ਧਰਮ ਦੇ ਵਿਕਾਸ ਦੀ ਲਗਾਤਾਰਤਾ ਤੇ ਇਕਸਾਰਤਾ ਨੂੰ ਜਾਨਣਾ ਤੇ ਬਿਆਨ ਕਰਨਾ ਉਹਨਾਂ ਨੂੰ ਸੂਤ ਨਹੀਂ ਸੀ ਬੈਠਦਾ। ਅਕਾਲੀ ਤਹਿਰੀਕ ਦੇ ਦੌਰਾਨ ਉਹਨਾਂ ਨੇ ਏਸੇ ਵਿਆਖਿਆ ਦਾ ਆਸਰਾ ਲੈ ਕੇ ਇਸ ਤਹਿਰੀਕ ਨੂੰ ਸਿੱਖਾਂ-ਸਿੱਖਾਂ ਦੀ ਲੜਾਈ ਦੱਸਿਆ।

ਸ਼ਾਹਪੁਰ ਦੇ ਡੀ. ਸੀ. ਮਿਸਟਰ ਓਗਿਲਵੀ ਨੂੰ ਫੌਜਾਂ ਵਿਚੋਂ ਅਕਾਲੀ ਤਹਿਰੀਕ ਦੇ ਅਸਰ ਨੂੰ ਰੋਕਣ ਲਈ ਮੁਕੱਰਰ ਕੀਤਾ ਗਿਆ। ਇਹ ਅੰਗਰੇਜ਼ ਪੰਜਾਬੀ ਜਾਣਦਾ ਸੀ ਅਤੇ ਇਸ ਨੇ ਪੰਜਾਬੀ ਅਖਾਣਾਂ ਨੂੰ ਬੜੇ ਅਸਰਦਾਰ ਤਰੀਕੇ ਨਾਲ ਵਰਤਣਾ ਸਿੱਖਿਆ ਹੋਇਆ ਸੀ। ਇਸ ਨੂੰ ਗੌਰਮਿੰਟ ਵਲੋਂ ਕੱਢੇ ਜਾਂਦੇ ਆਮ ਰੁੱਖੇ ਏਲਾਨ ਵੀ ਪਸੰਦ ਨਹੀਂ ਸਨ। ਇਸ ਨੇ ਇਕ ਏਲਾਨ ਵੀ ਲਿਖਿਆ ਸੀ ਜਿਹੜਾ "ਗੌਰਮਿੰਟ ਬੜੀ ਔਖੀ" ਦੇ ਸਿਰਲੇਖ ਹੇਠ ਨਿਕਲਿਆ ਸੀ। ਇਹ ਕਹਿੰਦਾ ਸੀ, "ਗੁਰੂ ਕੇ ਬਾਗ ਦੀ ਮਾਰਪਿੱਟ" ਦੀ ਗੱਲ ਸਿੱਖ ਫੌਜਾਂ ਵਿਚ ਉੱਕੀ ਹੀ ਨਹੀਂ ਛੋਹਣੀ ਚਾਹੀਦੀ ; "ਇਹ ਸਾਰਿਆਂ ਉਤੇ ਅਸਰ ਕਰਦੀ ਹੈ ਅਤੇ ਉਹਨਾਂ ਨੂੰ ਏਹੋ ਵਾਦ-ਵਿਵਾਦੀ ਗੱਲਾਂ ਕਰੀ ਜਾਣ ਲਈ ਰਾਹ ਦੇਂਦੀ ਹੈ। ਅਤੇ ਹੋਰ ਸਭ ਕੁਛ ਨੂੰ ਨਜ਼ਰਅੰਦਾਜ਼ ਕਰ ਦੇਂਦੀ ਹੈ।"

ਇਸ ਦੀ ਸਿੱਖ ਫੌਜਾਂ ਨੂੰ ਕਾਇਲ ਕਰਨ ਲਈ ਇਕ ਦਲੀਲ ਇਹ ਸੀ : ਵਰਤਮਾਨ

Digitized by Panjab Digital Library | www.panjabdigilib.org

ਅਕਾਲੀ ਲਹਿਰ ਉੱਕੀ ਹੀ ਨਵੀਂ ਲਹਿਰ ਹੈ। ਸਰਕਾਰ ਨੂੰ ਕੀ ਪਤਾ ਏ ਕਿ ਅਗਲੇ ਕੁਛ ਸਾਲਾਂ ਵਿਚ ਕੂਕੇ ਬਹੁਤ ਤਾਕਤਵਰ ਨਹੀਂ ਹੋ ਜਾਣਗੇ। ਅਤੇ ਕਹਿਣਗੇ : ਤੁਹਾਡਾ "ਸਾਂਝੀ ਜਾਇਦਾਦ" ਦਾ ਅਕਾਲੀਆਂ ਨੂੰ ਦੇ ਦੇਣ ਦਾ ਕੀ ਰਾਹ ਏ ?—ਸਾਰੇ ਸਿੱਖਾਂ ਦੀ ਸਾਂਝੀ ਮਲਕੀਅਤ। ਸਰਕਾਰ 'ਲਾ-ਜਵਾਬ' ਹੋ ਜਾਏਗੀ। ਪਰ ਇਸ ਦੀ ਰਿਪੋਰਟ ਨੇ ਇਕ ਗੱਲ ਬਿਲਕੁਲ ਸਾਫ ਕਰ ਦਿੱਤੀ ਕਿ ਸ਼੍ਰੋਮਣੀ ਕਮੇਟੀ ਫੌਜਾਂ ਦੇ ਮਾਮਲੇ ਵਿਚ ਫੌਜੀਆਂ ਨੂੰ ਵਰਗਲਾਣ ਲਈ ਉੱਕਾ ਹੀ ਕੋਈ ਦਖਲ ਨਹੀਂ ਸੀ ਦੇ ਰਹੀ।[1]

ਪਰ ਅਕਾਲੀ ਧਾਰਮਕ ਪਰੋਪੈਗੰਡੇ ਦਾ ਧਾਰਮਕ ਜਵਾਬ ਫੌਜਾਂ ਵਿਚ ਕਿਵੇਂ ਦਿੱਤਾ ਜਾਂਦਾ ਸੀ। ਉਸ ਦੇ ਕੁਛ ਨਮੂਨੇ ਪੇਸ਼ ਕਰਦੇ ਹਾਂ। ਇਹ 'ਨੁਕਤੇ' ਇਕ ਫੌਜੀ ਕਮਾਂਡਰ ਨੇ ਪਿਛਲੇ ਥੋੜ੍ਹੇ ਦਿਨਾਂ ਵਿਚ ਹੀ ਸਿਖੇ ਸਨ :

1. ਸਿੱਖ ਧਰਮ ਵਿਚ ਚਾਰ ਤਖਤ ਹਨ। ਕੋਈ ਵੀ ਕਾਰਵਾਈ ਕਰਨ ਤੋਂ ਪਹਿਲੋਂ ਸਾਰਿਆਂ ਨੂੰ ਸਹਿਮਤ ਹੋਣਾ ਚਾਹੀਦਾ ਹੈ। ਜੇ ਕੋਈ ਤਖਤ ਸੁਤੰਤਰ ਕਾਰਵਾਈ ਕਰੇ ਤਾਂ ਉਸ ਨੂੰ ਛੇਕ ਦਿੱਤਾ ਜਾਂਦਾ ਹੈ। ਅਕਾਲੀਆਂ ਨੇ ਇਸ ਨੂੰ ਖਿਆਲ ਹੀ ਨਹੀਂ ਦਿੱਤਾ।

2. ਇਹ ਦਾਅਵਾ ਕਿ ਅਕਾਲ ਤਖਤ—ਪੰਜਵਾਂ ਤਖਤ—ਬਾਕੀ ਚਹੁੰਆਂ ਉੱਤੇ ਗਲਬਾ ਰਖਦਾ ਹੈ—ਗੋਬਿੰਦ ਸਿੰਘ ਦੀ ਸਿੱਖਿਆ ਦੇ ਉਲਟ ਹੈ।

3. ਸਿੱਖ ਗਰੰਥਾਂ ਵਿਚ ਦਰਜ ਹੈ ਕਿ ਗਰੰਥ ਸਾਹਿਬ ਨੂੰ ਰਾਜਸੀ ਮਕਸਦਾਂ ਲਈ ਨਹੀਂ ਵਰਤਣਾ ਚਾਹੀਦਾ ਕਿਉਂਕਿ ਇਹ ਸਿਰਫ ਧਾਰਮਕ ਗਰੰਥ ਹੈ, ਪਰ ਅਕਾਲੀ ਇਸ ਨੂੰ ਖੁਲ੍ਹਾ ਰਖਦੇ ਹਨ ਅਤੇ ਰਾਜਸੀ ਤਕਰੀਰਾਂ ਕਰਦੇ ਹਨ।

4. ਸ਼੍ਰੋਮਣੀ ਕਮੇਟੀ ਰੁਪਏ ਦੀ ਕਦਰ ਜਾਣਦੀ ਹੈ ਅਤੇ ਸਿਰਫ ਜਾਇਦਾਦ ਵਾਲੇ ਗੁਰਦੁਆਰਿਆਂ ਉਤੇ ਹੀ ਕਬਜ਼ੇ ਕਰਦੀ ਹੈ ਅਤੇ ਆਪਣੇ ਖਰਚਾਂ ਦਾ ਕੋਈ ਹਿਸਾਬ ਨਹੀਂ ਦੇਂਦੀ।

5. ਸ਼੍ਰੋਮਣੀ ਕਮੇਟੀ ਨੇ ਖਿਲਾਫਤ ਦੇ ਪੱਖੀ ਮੁਹੰਮਦ ਅਲੀ ਤੇ ਆਰੀਆ ਸਮਾਜੀ ਲਾਜਪਤ ਰਾਏ ਨੂੰ ਜੀਅ ਆਇਆਂ ਆਖਿਆ—ਦੋਵੇਂ ਹੀ ਸਿੱਖ ਧਰਮ ਦੇ ਦੁਸ਼ਮਣ ਹਨ।

6. ਪਿੱਛੇ ਸਿੱਖ ਧਰਮ ਨੇ ਹੋਰ ਲੋਕਾਂ ਨੂੰ ਆਪਣੇ ਧਰਮ ਵਿਚ ਸ਼ਾਮਲ ਕੀਤਾ ਹੈ ਪਰ ਇਸ ਨੇ ਨੀਵੀਆਂ ਜਾਤੀਆਂ, ਦਰਜ਼ੀਆਂ, ਲੁਬਾਣਿਆਂ ਦਾ ਗਲਬਾ ਕਦੇ ਕਬੂਲ ਨਹੀਂ ਕੀਤਾ।[2] ਵਗੈਰਾ।

---

1 D.O. from H.D. Craik to Crerar. dated 6th Jan. 1923.

2 4 Reports of the Commandant Jullundur Division.

Digitized by Panjab Digital Library | www.panjabdigilib.org

# ਅਕਾਲੀ ਤਹਿਰੀਕ ਤੇ ਰੂਸੀ ਇਨਕਲਾਬ

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸ ਦੇ ਇਨਕਲਾਬੀ ਭੁਚਾਲ ਨੇ ਹਿੰਦੁਸਤਾਨ ਦੀ ਰਾਜਸੀ ਸਥਿਤੀ ਤੇ ਅਸਰ ਪਾਇਆ । ਮਾਂਟੇਗੋ-ਚੈਮਸਫੋਰਡ ਰਿਪੋਰਟ (1918) ਵਿਚ ਦਰਜ ਹੈ ਕਿ ਰੂਸੀ ਇਨਕਲਾਬ ਨੇ ਹਿੰਦੁਸਤਾਨ ਵਿਚ ਰਾਜਸੀ ਜਾਗਰਤ ਨੂੰ ਵਧਾਇਆ । ਪੰਜਾਬ ਹਿੰਦੁਸਤਾਨ ਦਾ ਹਿੱਸਾ ਸੀ ਅਤੇ ਰੂਸ ਦੇ ਨਜ਼ਦੀਕ । ਇਸ ਲਈ ਪੰਜਾਬ ਉਤੇ ਵੀ ਰੂਸੀ ਇਨਕਲਾਬ ਦਾ, ਥੋੜ੍ਹਾ ਬਾਹਲਾ, ਪਰਭਾਵ ਪੈਣਾ ਕੁਦਰਤੀ ਗੱਲ ਸੀ । ਪਰ ਗੌਰਮਿੰਟ ਰਿਪੋਰਟਾਂ ਵਿਚ ਅਕਾਲੀ ਲਹਿਰ ਉਤੇ ਰੂਸੀ ਇਨਕਲਾਬ ਦੇ ਪਰਭਾਵ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ ।

ਹਕੀਕਤ ਇਹ ਹੈ ਕਿ ਰੂਸੀ ਸਾਹਿਤ ਦੇ ਹਿੰਦੁਸਤਾਨ ਵਿਚ ਵੜਨ ਉਤੇ ਪਾਬੰਦੀ ਲਗੀ ਹੋਈ ਸੀ । ਜੋ ਕੁਛ ਅਖਬਾਰਾਂ ਵਿਚ, ਆਮ ਕਰ, ਲਿਖਿਆ ਜਾ ਰਿਹਾ ਸੀ ਉਹ ਬਾਲਸ਼ਿਵਿਜ਼ਮ ਨੂੰ ਲੋਕਾਂ ਵਿਚ ਬਦਨਾਮ ਕਰਨ ਲਈ ਲਿਖਿਆ ਜਾ ਰਿਹਾ ਸੀ । ਇਹ ਲੁਕਾਇਆ ਜਾ ਰਿਹਾ ਸੀ ਕਿ ਲੈਨਿਨ ਨੇ ਸਾਰੀਆਂ ਕੌਮਾਂ ਦੀ ਖੁਦ-ਮੁਖਤਿਆਰੀ ਦਾ ਏਲਾਨ ਕੀਤਾ ਸੀ ਅਤੇ ਈਰਾਨ ਤੇ ਚੀਨ ਨਾਲ ਆਪਣੇ ਬਸਤੀਵਾਦੀ ਸਬੰਧ ਖਤਮ ਕਰਕੇ ਇਹਨਾਂ ਦੀ ਆਜ਼ਾਦੀ ਪਰਵਾਨ ਕਰ ਲਈ ਸੀ ਅਤੇ ਅਫਗਾਨਿਸਤਾਨ ਨੂੰ ਇਕ ਆਜ਼ਾਦ ਦੇਸ਼ ਸਵੀਕਾਰ ਕਰ ਲਿਆ ਸੀ । ਇਹਨਾਂ ਏਲਾਨਾਂ ਤੇ ਅਮਲਾਂ ਦਾ ਗੁਲਾਮ ਕੌਮਾਂ ਤੇ ਆਪਣੀ ਆਪਣੀ ਆਜ਼ਾਦੀ ਲਈ ਬੜਾ ਉਤਸਾਹ ਦੇਣ ਵਾਲਾ ਪਰਭਾਵ ਪਿਆ ਸੀ ।

ਬਰਿਟਿਸ਼ ਸਾਮਰਾਜ ਨੇ ਬਾਲਸ਼ਿਵਿਜ਼ਮ (ਕਮਿਊਨਿਜ਼ਮ) ਨੂੰ ਇਕ ਹੱਊਆ ਬਣਾ ਦਿੱਤਾ ਸੀ ਅਤੇ ਕੌਮੀ ਤਹਿਰੀਕਾਂ ਨੂੰ ਦਬਾਣ ਦਾ ਹਥਿਆਰ । ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਅਫਸਰਾਂ ਨੇ ਉਦਾਸੀ ਮਹਾਂਮੰਡਲ ਦੇ ਮਹੰਤ ਬਸੰਤ ਦਾਸ, ਸੀਤਲ ਦਾਸ ਅਤੇ ਹਰਨਰਾਇਣ ਦਾਸ ਵਲੋਂ ਲਾਟ ਰੈਡਿੰਗ ਨੂੰ 1922 ਵਿਚ ਇਕ ਮੈਮੋਰੰਡਮ ਪੇਸ਼ ਕਰਵਾਇਆ ਜਿਸ ਵਿਚ ਲਿਖਿਆ ਸੀ ਕਿ ਅਕਾਲੀ "ਕਿਸੇ ਵੀ ਪੁਰਾਣੇ ਪਰਬੰਧ ਦੇ ਮੁਕਾਬਲੇ ਵਿਚ ਬਾਲਸ਼ਿਵਿਕ ਵਿਚਾਰਧਾਰਾ ਨਾਲ ਵਧੇਰੇ ਸਬੰਧਤ ਹਨ ।"......"ਉਹ ਆਪਣੇ ਗਰੰਥਾਂ ਤੋਂ ਅਗਵਾਈ ਪਰਾਪਤ ਨਹੀਂ ਕਰਦੇ, ਸਗੋਂ ਬਾਲਸ਼ਿਵਿਕ ਆਦਰਸ਼ਾਂ ਤੋਂ ਅਗਵਾਈ ਪਰਾਪਤ ਕਰਦੇ ਹਨ ।" ਸਾਫ ਜ਼ਾਹਰ ਹੈ ਕਿ ਉਤਲੀ ਰਾਜਸੀ ਸੂਝ ਸ਼ਰਾਬੀ ਕਬਾਬੀ ਮਹੰਤਾਂ ਦੀ ਨਹੀਂ ਸੀ, ਅਫਸਰਾਂ ਦੀ ਸੀ ਜਿਹੜੇ ਕਿ ਮਹੰਤਾਂ ਨੂੰ ਵਰਤ ਕੇ ਅਕਾਲੀ ਲਹਿਰ ਦੇ ਖਿਲਾਫ ਤੁਅਸਬ ਪੈਦਾ ਕਰਨਾ ਚਾਹੁੰਦੇ ਸਨ । ਪਰ ਨਾ ਅਫਸਰਾਂ ਦੀਆਂ ਅਤੇ ਨਾ ਹੀ ਮਹੰਤਾਂ ਦੀਆਂ ਇਹ ਚਾਲਾਂ ਸਫਲ ਹੋਈਆਂ ।

ਸਰਕਾਰੀ ਰਿਪੋਰਟਾਂ ਵਿਚ ਮਾਸਟਰ ਮੋਤਾ ਸਿੰਘ ਨੂੰ 'ਬਾਲਸ਼ਿਵਕ' ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ । ਮਲੂਮ ਹੁੰਦਾ ਹੈ ਕਿ ਜਿਨ੍ਹਾਂ ਦਿਨਾਂ ਵਿਚ ਉਹ 'ਚੱਕਰਵਰਤੀ' ਸੀ ਉਹ ਅਫਗਾਨਿਸਤਾਨ ਗਿਆ ਸੀ ਅਤੇ ਉਸ ਨੇ ਹਿੰਦੁਸਤਾਨੀ ਇਨਕਲਾਬੀਆਂ ਰਾਹੀਂ ਰੂਸ ਨਾਲ ਸਬੰਧ ਕਾਇਮ ਕਰ ਲਏ ਸਨ । ਇਹ ਗੱਲ ਉਸ ਦੇ ਖਿਆਲਾਂ ਵਿਚ ਆਈ ਕੁਛ ਤਬਦੀਲੀ ਤੋਂ ਵੀ ਪਰਗਟ ਹੁੰਦੀ ਹੈ । ਪੰਜਾਬ ਵਿਚ ਉਸ ਨੇ ਬਾਲਸ਼ਿਵਿਜ਼ਮ ਲਈ ਸ਼ਬਦ "ਅਕਾਲਸ਼ਿਵਿਜ਼ਮ" ਨੂੰ

Digitized by Panjab Digital Library | www.panjabdigilib.org

ਪਰਚਲਤ ਕਰਨ ਦੇ ਯਤਨ ਕੀਤੇ ਸਨ, ਪਰ ਇਹ ਯਤਨ ਸਫਲ ਨਹੀਂ ਸਨ ਹੋਏ।

ਅਕਾਲੀ ਲਹਿਰ ਨੂੰ ਮਾਸਟਰ ਮੋਤਾ ਸਿੰਘ ਦੀ ਦੇਣ ਬੜੀ ਹੈ। ਪਰ ਉਹ ਬਾਲਸ਼ਿਵਿਕ ਨਹੀਂ ਸੀ। ਉਹ ਇਕ ਗਰਮ-ਖਿਆਲ ਕਾਂਗਰਸੀਆ ਜਾਂ ਵੱਧ ਤੋਂ ਵੱਧ ਸੋਸ਼ਲਿਸਟ ਸੀ, ਜਿਹੜਾ ਮਹਾਤਮਾ ਗਾਂਧੀ ਦੀ ਅਹਿੰਸਾ ਵਿਚ ਯਕੀਨ ਨਹੀਂ ਸੀ ਰੱਖਦਾ ਅਤੇ ਬਬਰ ਅਕਾਲੀਆਂ ਨਾਲ ਸਬੰਧ ਰੱਖਦਾ ਸੀ। ਉਹਦੇ ਲਈ ਅਹਿੰਸਾ ਨਾਲੋਂ ਹਿੰਸਾ ਦਾ ਹਥਿਆਰ ਵਧੇਰੇ ਖਿੱਚ ਰੱਖਦਾ ਸੀ। ਉਸ ਨੇ ਕਾਂਗਰਸ ਦੇ ਲਗਾਨ ਦੇਣ ਅਤੇ ਟੈਕਸ ਘਟਾਉਣ ਦੇ ਪ੍ਰੋਗਰਾਮ ਨੂੰ ਬੜਾ ਪਰਚਾਰਿਆ ਸੀ। ਨਵੰਬਰ 1921 ਦੇ ਨਨਕਾਣੇ ਸਾਹਿਬ ਦੇ ਮੇਲੇ ਤੇ ਉਹ ਏਕਾ-ਏਕੀ ਪਹੁੰਚ ਕੇ, ਦੋ ਢਾਈ ਘੰਟੇ ਤਕਰੀਰ ਕਰ ਕੇ ਅਲੋਪ ਹੋ ਗਿਆ ਸੀ। ਗੌਰਮਿੰਟ ਉਸ ਨੂੰ ਫੜਨ ਲਈ ਬੜੀ ਉਤਾਵਲੀ ਸੀ।

1923 ਵਿਚ ਬਾਬਾ ਗੁਰਮੁਖ ਸਿੰਘ ਅਤੇ ਊਧਮ ਸਿੰਘ ਕਸੇਲ[1] ਦਾ ਅੱਡਾ ਅਫਗਾਨਿਸਤਾਨ ਵਿਚ ਸੀ। ਇਹ ਲੁਕ ਛੁਪ ਕੇ ਹਿੰਦੁਸਤਾਨ ਆਉਂਦੇ ਰਹਿੰਦੇ ਸਨ ਅਤੇ ਸ: ਮੰਗਲ ਸਿੰਘ ਅਕਾਲੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲਦੇ ਰਹਿੰਦੇ ਸਨ। ਇਹ ਇਹਨਾਂ ਅਕਾਲੀ ਆਗੂਆਂ ਨੂੰ ਮਿਲ ਕੇ ਬੜਾ ਕੋਸਦੇ ਸਨ, ਆਖਦੇ ਸਨ : ਛੱਡੋ ਇਹ ਅਹਿੰਸਾਵਾਦੀ ਗਾਂਧੀ ਦਾ ਰਾਹ। ਇਸ ਨਾਲ ਕੁਛ ਨਹੀਂ ਸੌਰਨਾ, ਬਾਲਸ਼ਿਵਿਕ ਰਾਹ ਤੋਂ ਬਗੈਰ ਕੁਛ ਨਹੀਂ ਬਣਨਾ। ਪਰ ਅਕਾਲੀ ਆਗੂਆਂ ਨੇ ਸ਼ਾਂਤਮਈ ਸਤਿਆਗਰਹਿ ਦਾ ਰਾਹ ਨਾ ਛੱਡਿਆ।

ਰਿਪੋਰਟਾਂ ਵਿਚ ਇਹ ਵੀ ਦਰਜ ਹੈ ਕਿ ਸੋਵੀਅਤ ਰੂਸ ਦੀ ਕਿਸਾਨਾਂ ਦੀ ਕੌਮਾਂਤਰੀ ਤਹਿਰੀਕ ਅਕਾਲੀ ਲਹਿਰ ਨਾਲ ਆਪਣੇ ਰਿਸ਼ਤੇ ਕਾਇਮ ਕਰਨਾ ਚਾਹੁੰਦੀ ਸੀ। ਉਹਨਾਂ ਨੇ "ਅਕਾਲੀ ਤੇ ਪ੍ਰਦੇਸੀ" ਅਖਬਾਰ ਨੂੰ ਵੀ ਚਿੱਠੀਆਂ ਲਿਖੀਆਂ ਸਨ ਅਤੇ ਅਕਾਲੀ ਆਗੂਆਂ ਨੂੰ ਵੀ। ਪਰ ਉਹ ਉਹਨਾਂ ਨੂੰ ਪਹੁੰਚਣ ਨਹੀਂ ਸਨ ਦਿੱਤੀਆਂ ਗਈਆਂ, ਰਾਹ ਵਿਚ ਹੀ ਫੜ ਲਈਆਂ ਗਈਆਂ ਸਨ। ਅਕਤੂਬਰ 1925 ਨੂੰ ਕਿਸਾਨ ਕੌਮਾਂਤਰੀ ਦੇ ਪਰਮੁੱਖ ਆਗੂ ਨੇ ਅਮਰਿਤਸਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਗੁਰਦੁਆਰਾ ਸੁਧਾਰ ਦੀ ਤਹਿਰੀਕ ਦੇ ਸੰਗਰਾਮਾਂ ਵਿਚ ਸਫਲਤਾ ਹਾਸਲ ਕਰਨ ਉਤੇ ਵਧਾਈ ਦੀ ਚਿੱਠੀ ਲਿਖੀ ਸੀ ਅਤੇ ਉਸ ਵਿਚ ਕਿਸਾਨ ਕੌਮਾਂਤਰੀ ਦੇ ਪ੍ਰੋਗਰਾਮ ਤੇ ਨਿਸ਼ਾਨਿਆਂ ਬਾਰੇ ਵੀ ਲਿਖਿਆ ਸੀ। ਅਤੇ ਅਕਾਲੀ ਲਹਿਰ ਦੀ ਪੂਰੀ ਪੂਰੀ ਜਾਣਕਾਰੀ ਹਾਸਲ ਕਰਨ ਦੀ ਖਾਹਸ਼ ਪਰਗਟ ਕੀਤੀ ਸੀ।

'ਅਕਾਲੀ ਤੇ ਪ੍ਰਦੇਸੀ' ਦੀ ਚਿੱਠੀ ਵਿਚ 'ਹਿੰਦੁਸਤਾਨ ਦੀ ਸਾਮਰਾਜੀ ਗੌਰਮਿੰਟ ਦੇ ਜ਼ੁਲਮਾਂ ਦੇ ਖਿਲਾਫ ਅਕਾਲੀਆਂ ਦੇ ਬਹਾਦਰਾਨਾ ਸੰਗਰਾਮ' ਦੀ ਸ਼ਲਾਘਾ ਕੀਤੀ ਗਈ ਸੀ ਅਤੇ ਭਰੋਸਾ ਦਿਵਾਇਆ ਗਿਆ ਸੀ ਕਿ ਤੁਹਾਡੀਆਂ ਸਹੀ ਮੰਗਾਂ ਤੇ ਉਮੰਗਾਂ ਦਾ ਪੂਰਾ ਪੂਰਾ ਪਰਚਾਰ ਕੀਤਾ ਜਾਏਗਾ ਅਤੇ ਅਖੀਰ ਵਿਚ ਲਿਖਿਆ ਸੀ "ਤੁਹਾਡੀ ਲੜਾਈ ਸਾਡੀ ਲੜਾਈ ਹੈ।"[2]

---

[1] ਇਹ ਦੋਵੇਂ ਗਦਰੀ ਬਾਬੇ ਲਾਹੌਰ ਸਾਜ਼ਸ਼ ਦੇ ਮੁਕੱਦਮੇ ਵਿਚ ਉਮਰ ਕੈਦ ਹੋਏ ਸਨ ਅਤੇ ਇਕ ਜੇਲ੍ਹ ਵਿਚੋਂ ਦੂਜੀ ਜੇਲ੍ਹ ਵਿਚ ਤਬਦੀਲੀ ਵੇਲੇ ਗੱਡੀਆਂ ਵਿਚੋਂ ਛਾਲਾਂ ਮਾਰ ਕੇ ਪੁਲਸੀਆਂ ਕੋਲੋਂ ਭੱਜ ਗਏ ਸਨ ਅਤੇ ਅਫਗਾਨਿਸਤਾਨ ਵਿਚ ਇਨਕਲਾਬੀ ਅੱਡਾ ਬਣਾ ਕੇ ਗਦਰ ਪਾਰਟੀ ਅਮਰੀਕਾ, ਸੋਵੀਅਤ ਰੂਸ ਤੇ ਹਿੰਦ ਨਾਲ ਤਾਲ ਮੇਲ ਰੱਖ ਰਹੇ ਸਨ। ਊਧਮ ਸਿੰਘ ਜੀ ਅਫਗਾਨਿਸਤਾਨ ਨੂੰ ਜਾਂਦੇ ਹੋਏ ਡਾਕੂਆਂ ਨੇ ਰਾਹ ਵਿਚ ਮਾਰ ਦਿੱਤੇ ਸਨ।

[2] Communism in India by D. Petrie D. I. B. 1924—1927.

Digitized by Panjab Digital Library | www.panjabdigilib.org

ਕਿਸਾਨ ਕੌਮਾਂਤਰੀ ਦੀਆਂ ਚਿੱਠੀਆਂ ਤੋਂ ਮਲੂਮ ਹੁੰਦਾ ਹੈ ਕਿ ਰੂਸ ਦੇ ਕਿਸਾਨ ਇਨਕਲਾਬੀਆਂ ਨੂੰ ਅਕਾਲੀ ਲਹਿਰ ਵਿਚ ਡੂੰਘੀ ਦਿਲਚਸਪੀ ਸੀ ਅਤੇ ਉਹ ਇਸ ਲਹਿਰ ਨੂੰ, ਮੁਖ ਤੌਰ ਤੇ, ਕਿਸਾਨਾਂ ਦੀ ਲਹਿਰ ਸਮਝਦੇ ਸਨ ਜਿਹੜੀ ਕਿ ਗੁਰਦੁਆਰਾ ਸੁਧਾਰ ਦੇ ਰੂਪ ਵਿਚ ਬਰਿਟਿਸ਼ ਸਾਮਰਾਜ ਦੇ ਖਿਲਾਫ ਲੜੀ ਜਾ ਰਹੀ ਸੀ। ਇਸ ਲਹਿਰ ਦਾ ਸਾਮਰਾਜ-ਵਿਰੋਧੀ ਲੱਛਣ ਉਹਨਾਂ ਨੂੰ ਬੜਾ ਪਰਭਾਵਤ ਕਰ ਰਿਹਾ ਸੀ। ਅਕਾਲੀਆਂ ਦੀਆਂ ਬਰਿਟਿਸ਼ ਰਾਜ ਵਿਰੁਧ ਲੜਾਈਆਂ ਅਤੇ ਇਹਨਾਂ ਲੜਾਈਆਂ ਦੀਆਂ ਸਫਲਤਾਵਾਂ ਨੇ ਅਕਾਲੀ ਲਹਿਰ ਨੂੰ ਦੁਨੀਆਂ ਦੇ ਨਕਸ਼ੇ ਉਤੇ ਚਿਤਰਿਤ ਕਰ ਦਿੱਤਾ ਸੀ।

Digitized by Panjab Digital Library | www.panjabdigilib.org

# 1. ਕੁਛ ਮਹੱਤਵ-ਪੂਰਣ ਨਤੀਜੇ

(1) ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ, ਗੁਰਦੁਆਰਾ ਤਹਿਰੀਕ ਅੰਗਰੇਜ਼ ਰਾਜ ਦੇ ਖਿਲਾਫ ਹਿੰਦੁਸਤਾਨ ਭਰ ਵਿਚ ਸਭ ਤੋਂ ਵਡੀ ਸ਼ਾਂਤਮਈ ਤਹਿਰੀਕ ਸੀ। ਇਸ ਨੇ ਭਾਰਤਵਾਸੀਆਂ ਨੂੰ ਵਿਖਾ ਦਿੱਤਾ ਕਿ ਸ਼ਾਂਤਮਈ ਸਤਿਆਗਰਹਿ ਉਹ ਤਾਕਤਵਰ ਹਥਿਆਰ ਹੈ ਜਿਸ ਨਾਲ ਅੰਗਰੇਜ਼ ਸਾਮਰਾਜ ਜੇਹੇ ਹੈਂਕੜਬਾਜ਼ ਤੇ ਜਾਬਰ ਰਾਜ ਨੂੰ ਝੁਕਾਇਆ ਜਾ ਸਕਦਾ ਹੈ ਅਤੇ ਇਸ ਨੇ ਸਭ ਤੋਂ ਵੱਡੀ ਫਤ੍ਹੇ ਹਾਸਲ ਕੀਤੀ—ਪੰਜਾਬ ਰਾਜ ਦੇ ਅੰਦਰ ਇਕ ਛੋਟਾ (ਧਾਰਮਕ) ਰਾਜ ਪਰਾਪਤ ਕਰ ਲਿਆ।

(2) ਇਹ ਫਤ੍ਹੇ ਅੰਗਰੇਜ਼ ਰਾਜ ਦੇ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਨਹੀਂ ਸੀ ਹਾਸਲ ਕੀਤੀ ਗਈ। ਸਗੋਂ ਇਸ ਕਾਨੂੰਨ ਨੂੰ ਤੋੜ ਕੇ, ਇਸ ਦਾ ਸ਼ਾਂਤਮਈ ਟਾਕਰਾ ਕਰਕੇ, ਅੰਗਰੇਜ਼ ਰਾਜ ਦੇ ਤਸ਼ੱਦਦ ਨੂੰ ਕੋਈ ਅੱਧੀ ਦਰਜਨ ਵਾਰ ਹਾਰਾਂ ਦੇ ਕੇ ਅਤੇ ਨਵਾਂ ਕਾਨੂੰਨ ਬਣਵਾ ਕੇ ਪਰਾਪਤ ਕੀਤੀ ਗਈ ਸੀ।

(3) ਇਹ ਤਹਿਰੀਕ, ਜਿੱਤ ਦੇ ਸਿਰੇ ਤੇ ਪਹੁੰਚ ਕੇ, ਅੰਗਰੇਜ਼ ਹਾਕਮਾਂ ਦੀ ਫੁਟ ਪਾਣ ਦੀ ਕੁਟਲ-ਨੀਤੀ ਨੂੰ ਸ਼ਿਕਸਤ ਨਾ ਦੇ ਸਕੀ ਕਿਉਂਕਿ ਕੁਛ ਆਗੂ ਇਸ ਨੀਤੀ ਦਾ ਸ਼ਿਕਾਰ ਹੋ ਗਏ ਜਿਸ ਦੇ ਕਾਰਣ ਤਹਿਰੀਕ ਅਖੀਰ ਵਿਚ ਦੋਂਹ, ਨਰਮ ਤੇ ਗਰਮ, ਧੜਿਆਂ ਵਿਚ ਵੰਡੀ ਗਈ।

(4) ਇਸ ਤਹਿਰੀਕ ਨੂੰ ਹਿੰਦੂ ਮੁਸਲਿਮ ਕੌਮ-ਪਰਸਤਾਂ ਦੀਆਂ ਅਖਬਾਰਾਂ, ਪਰੋਪੇਗੰਡਾ ਮਸ਼ੀਨਾਂ ਤੇ ਮੈਡੀਕਲ ਮਿਸ਼ਨਾਂ ਨੇ ਇਕਸਾਰ ਹਮਾਇਤ ਕੀਤੀ ਅਤੇ ਗੌਰਮਿੰਟ ਦੀ ਫੁਟ ਦੀ ਚਾਲ ਵੀ ਇਹਨਾਂ ਨੂੰ ਇਸ ਤਹਿਰੀਕ ਦੀ ਹਮਾਇਤ ਨਾਲੋਂ ਨਾ ਤੋੜ ਸਕੀ ਕਿਉਂਕਿ ਇਹ ਤਹਿਰੀਕ ਅੰਗਰੇਜ਼ ਰਾਜ ਦੀ ਜਕੜ ਉਤੇ ਸੱਟਾਂ ਮਾਰ ਮਾਰ, ਲੋਕਾਂ ਵਿਚ ਇਸ ਦਾ ਵਕਾਰ ਤੇ ਸਤਕਾਰ ਗੁਆ ਗੁਆ ਕੌਮੀ ਆਜ਼ਾਦੀ ਦੀ ਤਹਿਰੀਕ ਨੂੰ, ਨਵੀਆਂ ਲੀਹਾਂ ਉਲੀਕ ਕੇ, ਮਜ਼ਬੂਤ ਕਰਦੀ ਸੀ।

(5) ਇਸ ਤਹਿਰੀਕ ਨੇ, ਅਣਗਿਣਤ ਤੇ ਅਥਾਹ ਭੜਕਾਹਟਾਂ ਦੇ ਬਾਵਜੂਦ, ਮਹਾਤਮਾ ਗਾਂਧੀ ਦੇ ਸ਼ਾਂਤਮਈ ਸਤਿਆਗਰਹਿ ਦੇ ਸਿਧਾਂਤ ਨੂੰ ਸਭ ਤੋਂ ਪਹਿਲੋਂ ਅਮਲੀ ਜਾਮਾ ਪੁਆਇਆ ਅਤੇ ਕਾਂਗਰਸੀ ਤੇ ਖਿਲਾਫਤੀ ਆਗੂਆਂ ਨੇ ਇਸ ਹਕੀਕਤ ਦਾ ਇਕਬਾਲ ਕੀਤਾ ਅਤੇ ਤਹਿਰੀਕ ਨੂੰ ਸ਼ਾਬਾਸ ਦਿੱਤੀ।

(6) ਇਸ ਤਹਿਰੀਕ ਦੇ ਦੌਰਾਨ, ਅਮਰਿਤਸਰ ਦੇ ਹਿੰਦੂ-ਮੁਸਲਿਮ ਫਸਾਦਾਂ ਵਿਚ, ਸਿੱਖਾਂ ਉਤੇ ਦੋਹਾਂ ਧਿਰਾਂ ਦਾ ਏਨਾ ਭਰੋਸਾ ਜੰਮ ਗਿਆ ਸੀ ਕਿ ਦੋਵੇਂ ਧਿਰਾਂ ਆਪਣੇ ਆਪਣੇ ਬਚਾਅ ਲਈ ਸ਼੍ਰੋਮਣੀ ਕਮੇਟੀ ਤੋਂ ਅਕਾਲੀ ਵਾਲੰਟੀਅਰਾਂ ਦੀ ਮੰਗ ਕਰਨ ਲੱਗ ਪਈਆਂ ਸਨ। ਪਰ ਉਹਨਾਂ ਦਾ ਇਹ ਵਿਸ਼ਵਾਸ ਇਹ ਤਹਿਰੀਕ ਅੰਤ ਤਕ ਕਾਇਮ ਨਾ ਰਖ ਸਕੀ।

(7) ਅਕਾਲੀ ਸੰਗਰਾਮਾਂ ਤੇ ਜੇਲ੍ਹਾਂ ਦੀ ਮਾਰ ਕੁਟਾਈ ਵਿਚੋਂ ਸਿੱਖ ਬਹੁਤ ਕੁਛ ਨਵਾਂ ਸਿੱਖ ਕੇ, ਨਵੇਂ ਤਜਰਬੇ ਹਾਸਲ ਕਰਕੇ ਆਏ ਅਤੇ ਬਹੁਤ ਕੁਛ ਪੁਰਾਣਾ ਪਿੱਛੇ ਛੱਡ ਕੇ ਨਿਕਲੇ।

Digitized by Panjab Digital Library | www.panjabdigilib.org

ਨਾਭਾ ਬੀੜ ਵਿਚੋਂ ਰਿਹਾ ਹੋਏ ਅਕਾਲੀਆਂ ਤੇ ਜਥੇਦਾਰਾਂ ਦੇ ਪਰਭਾਵ ਇਸ ਦੀ ਤਸਦੀਕ ਕਰਦੇ ਹਨ : "ਅਸਾਂ......ਹਕੂਮਤ ਨੂੰ ਅਸਲੀ ਰੂਪ ਵਿਚ ਵੇਖ ਲਿਆ ਹੈ। ਸਾਡੇ ਉਤੇ ਜੋ ਜੋ ਜ਼ੁਲਮ ਢਾਹੇ ਗਏ ਹਨ ਉਹਨਾਂ ਨੇ ਸਾਨੂੰ ਸਿੱਖਿਆ ਦਿੱਤੀ ਹੈ ਕਿ ਬਦੇਸ਼ੀ ਹਕੂਮਤ ਦੇ ਅਧੀਨ ਗੁਲਾਮ ਰਹਿਣਾ ਭੈੜੇ ਤੋਂ ਭੈੜਾ ਪਾਪ ਹੈ।"[1] ਏਹੋ ਜੇਹੇ ਲੋਕ ਸਨ ਜਿਹੜੇ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਪਿੱਛੋਂ ਵੱਡੇ ਗੁਰਦੁਆਰੇ ਅਰਥਾਤ ਹਿੰਦੁਸਤਾਨ ਦੀ ਆਜ਼ਾਦੀ ਵਿਚ ਹਿੱਸਾ ਲੈਣ ਲੱਗ ਪਏ। ਇਸ ਤਹਿਰੀਕ ਨੇ ਅੰਗਰੇਜ਼ ਰਾਜ ਦੀ ਵਫਾਦਾਰੀ ਦੀ ਬੱਝੀ ਗੰਢ ਖੋਲ੍ਹ ਦਿੱਤੀ।

(8) ਅਕਾਲੀ ਤਹਿਰੀਕ ਨੇ ਕੌਮਾਂਤਰੀ ਹੈਸੀਅਤ ਅਖਤਿਆਰ ਕਰ ਲਈ ਸੀ। ਨਨਕਾਣੇ ਸਾਹਿਬ ਦੇ ਸਾਕੇ ਤੇ ਗੁਰੂ ਕੇ ਬਾਗ ਦੇ ਮੋਰਚੇ ਦੀ ਚਰਚਾ ਤਸਵੀਰਾਂ ਤੇ ਅਖਬਾਰਾਂ ਰਾਹੀਂ ਅਮਰੀਕਾ ਤੇ ਇੰਗਲੈਂਡ ਵਿਚ ਫੈਲ ਗਈ ਸੀ। ਜੈਤੋ ਦੇ ਮੋਰਚੇ ਵਿਚ ਕੈਨੇਡਾ, ਅਮਰੀਕਾ, ਸ਼ਿੰਘਾਈ ਤੇ ਸਿੰਘਾਪੁਰ ਵਿਚੋਂ ਜੱਥਿਆਂ ਦੇ ਆਉਣ ਨੇ ਇਸ ਨੂੰ ਕੌਮਾਂਤਰੀ ਸ਼ੁਹਰਤ ਪਰਦਾਨ ਕਰ ਦਿੱਤੀ ਸੀ। ਛੋਟਾ ਜਿਹਾ ਪੰਜਾਬ ਅਕਾਲੀਆਂ ਦੀ ਮੌਤ-ਵੰਗਾਰੂ ਤਹਿਰੀਕ ਦਾ ਸਦਕਾ ਦੁਨੀਆਂ ਦੇ ਨਕਸ਼ੇ ਉਤੇ ਉਲੀਕਿਆ ਗਿਆ ਸੀ।

(9) ਅਕਾਲੀ ਤਹਿਰੀਕ ਨੇ ਸਿੱਖਾਂ ਦੇ ਮੱਥੇ ਤੋਂ ਇਹ ਕਾਲਖ ਧੋ ਦਿੱਤੀ ਕਿ ਸਿੱਖ ਤਾਂ ਖੁਦ ਅੰਗਰੇਜ਼ਾਂ ਦੇ ਵਫਾਦਾਰ ਗੁਲਾਮ ਹਨ ਅਤੇ ਹਿੰਦੁਸਤਾਨ ਨੂੰ ਗੁਲਾਮ ਬਣਾਈ ਰੱਖਣ ਅਤੇ ਬਰਿਟਿਸ਼ ਐਮਪਾਇਰ ਦੇ ਬਾਹਰ ਫੈਲਾਣ ਦਾ ਹਥਿਆਰ ਹਨ। ਦੇਸ਼ ਦੀ ਆਜ਼ਾਦੀ ਵਿਚ ਇਹਨਾਂ ਦੀ ਕੋਈ ਦਿਲਚਸਪੀ ਨਹੀਂ। ਇਸ ਤਹਿਰੀਕ ਨੇ ਸਿੱਖਾਂ ਨੂੰ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ ਲਈ ਪਰੇਰਿਆ ਤੇ ਉਤਸਾਹਤ ਕੀਤਾ।

(10) ਇਸ ਤਹਿਰੀਕ ਵਿਚ ਬੁੱਧੀ-ਜੀਵੀਆਂ ਤੇ ਬੁੱਧੀਮਾਨਾਂ ਨੇ ਬੜਾ ਇਤਿਹਾਸਕ ਰੋਲ ਅਦਾ ਕੀਤਾ ਸੀ। ਇਹ ਬੀਰ ਆਪਣੀਆਂ ਨੌਕਰੀਆਂ, ਆਪਣੇ ਕਾਰੋਬਾਰ ਤੇ ਕਿੱਤੇ ਛੱਡ ਕੇ ਇਸ ਵਿਚ ਸ਼ਾਮਲ ਹੋਏ। ਇਸ ਵਿਚ ਪ੍ਰੋਫੈਸਰਾਂ[2], ਬੈਰਿਸਟਰਾਂ, ਵਕੀਲਾਂ ਤੇ ਸਕੂਲ ਮਾਸਟਰਾਂ ਨੇ ਹਿੱਸਾ ਲਿਆ ਅਤੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਸਿੱਖ ਜਨਤਾ ਨੇ ਆਗੂਆਂ ਦੇ ਫੈਸਲਿਆਂ ਉਤੇ ਜਾਨਾਂ ਤਲੀ ਤੇ ਰੱਖ ਕੇ ਫੁਲ ਚੜ੍ਹਾਏ। ਬੁਧੀਜੀਵੀਆਂ ਵਿਚ ਮਾਸਟਰਾਂ ਦਾ ਰੋਲ ਬੜਾ ਉੱਘਾ ਸੀ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦੀ ਦੂਰਦਰਸ਼ਤਾ ਅਤੇ ਰੋਜ਼ਾਨਾ ਅਕਾਲੀ ਦੀ ਅਗਵਾਈ ਨੇ ਇਸ ਤਹਿਰੀਕ ਨੂੰ ਜ਼ਬਾਨ ਦਿੱਤੀ ਅਤੇ ਫੈਲਾਇਆ ਚਮਕਾਇਆ।

---

[1] ਅਕਾਲੀ ਤੇ ਪ੍ਰਦੇਸੀ—10 ਅਗਸਤ 1925.

[2] ਪ੍ਰੋਫੈਸਰ : ਨਿਰੰਜਨ ਸਿੰਘ, ਬਾਵਾ ਹਰਕਿਸ਼ਨ ਸਿੰਘ, ਤੇਜਾ ਸਿੰਘ।

ਬੈਰਿਸਟਰ : ਸ: ਮਹਿਤਾਬ ਸਿੰਘ, ਸ: ਨਰਾਇਣ ਸਿੰਘ, ਸ: ਅਵਤਾਰ ਸਿੰਘ ਗੁਜਰਾਂਵਾਲਾ ਆਦਿ।

ਵਕੀਲ : ਸ. ਖੜਕ ਸਿੰਘ, ਸ. ਭਾਗ ਸਿੰਘ ਗੁਰਦਾਸਪੁਰ, ਸ. ਗੁਰਚਰਨ ਸਿੰਘ ਸਿਆਲਕੋਟ, ਸ. ਹੁਕਮ ਸਿੰਘ ਮਿੰਟਗੁਮਰੀ, ਸ. ਰਾਜਾ ਸਿੰਘ ਪੇਸ਼ਾਵਰ ਆਦਿ।

ਮਾਸਟਰ : ਸੁੰਦਰ ਸਿੰਘ ਲਾਇਲਪੁਰੀ, ਮੋਤਾ ਸਿੰਘ, ਤਾਰਾ ਸਿੰਘ, ਮਹਿਤਾਬ ਸਿੰਘ, ਪਰਤਾਪ ਸਿੰਘ, ਹੀਰਾ ਸਿੰਘ ਦਰਦ, ਸੁਜਾਨ ਸਿੰਘ, ਦੌਲਤ ਸਿੰਘ, ਸੋਹਨ ਸਿੰਘ ਜੋਸ਼, ਕਾਬਲ ਸਿੰਘ ਤੇ ਹੋਰ ਕਿੰਨੇ ਹੀ।

Digitized by Panjab Digital Library | www.panjabdigilib.org

(11) ਇਸ ਤਹਿਰੀਕ ਦੀ ਇਕ ਵੱਡੀ ਦੇਣ ਇਹ ਸੀ ਕਿ ਇਸ ਨੇ ਆਪਣੀਆਂ ਕੁਰਬਾਨੀਆਂ ਰਾਹੀਂ ਲਿਖਣ, ਬੋਲਣ ਤੇ ਛਾਪਣ ਦੀ ਆਜ਼ਾਦੀ ਨੂੰ ਵਿਸ਼ਾਲ ਤੇ ਹੋਰ ਵਿਸ਼ਾਲ ਕੀਤਾ। ਸ਼ਹਿਰੀ ਤੇ ਜਮਹੂਰੀ ਆਜ਼ਾਦੀਆਂ ਨੂੰ ਦਮ-ਘੁੱਟਵੇਂ ਵਾਤਾਵਰਣ ਵਿਚੋਂ ਕੱਢ ਕੇ ਇਹਨਾਂ ਲਈ ਸੁਖਾਵਾਂ ਵਾਤਾਵਰਣ ਵਜੂਦ ਵਿਚ ਲਿਆਂਦਾ ਅਤੇ ਓਡਵਾਇਰਸ਼ਾਹੀ ਦੇ ਜ਼ਮਾਨੇ ਦੇ ਹਰ ਆਜ਼ਾਦੀ ਵਿਰੁਧ ਤੇ ਦਬਾਊ ਕਾਨੂੰਨ ਨੂੰ ਮਿੱਟੀ ਵਿਚ ਰੋਲ ਦਿੱਤਾ।

## (ੳ) ਸਿੱਖ ਚਲਨ ਦੀ ਜੋਖ-ਪਰਖ

ਅੰਗਰੇਜ਼ ਹਾਕਮਾਂ ਨੇ ਆਪਣੀਆਂ ਰਿਪੋਰਟਾਂ ਵਿਚ ਸਿੱਖ ਚਲਣ ਦੀ ਪੁਣ-ਛਾਣ ਕਰਨ ਦੇ ਯਤਨ ਕੀਤੇ ਹਨ। ਇਹ ਪਰਸਪਰ ਵਿਰੋਧੀ ਹਨ, ਇਕ-ਸੁਰਵੇਂ ਨਹੀਂ। ਪਰ ਉਹਨਾਂ ਦੀ ਇਸ ਜੋਖ-ਪਰਖ ਤੋਂ ਇਹ ਮਲੂਮ ਹੋ ਜਾਂਦਾ ਹੈ ਕਿ ਉਹ ਸਿੱਖ ਚਲਨ ਦਾ ਲਛਣੀ-ਕਰਣ ਕਿਵੇਂ ਕਰਦੇ ਸਨ ਅਤੇ ਇਸ ਲਛਣੀ-ਕਰਣ ਦੇ ਮੁਤਾਬਕ ਉਹਨਾਂ ਨਾਲ ਨਿਪਟਨ ਲਈ ਕਾਰਵਾਈਆਂ ਕਿਵੇਂ ਕਰਦੇ ਸਨ :

(2) "ਅਸੰਤੁਸ਼ਟ ਸਿੱਖ : ਇਕ ਛੋਟਾ ਜਿਹਾ ਗਰੋਹ ਪਰ ਅਸੰਤੁਲਿਤ ਅਤੇ ਤਸ਼ੱਦਦ-ਮਈ ਅਤੇ ਓਥੋਂ ਤਕ ਖਤਰਨਾਕ ਜਿਥੋਂ ਤਕ ਉਹ ਲੋਕਾਂ ਦੇ ਮੂੰਹ-ਜ਼ੋਰ ਤੇ ਅਸਰਦਾਰ ਹਿੱਸਿਆਂ ਦੇ ਧਾਰਮਕ ਜਜ਼ਬਿਆਂ ਨੂੰ ਅਪੀਲ ਕਰਦੇ ਹਨ।"[1] ਇਹ ਸ਼ਬਦ ਅਕਾਲੀ ਤਹਿਰੀਕ ਦੇ ਸ਼ੁਰੂ ਹੋਣ ਵੇਲੇ 8 ਅਕਤੂਬਰ 1920 ਨੂੰ ਪੰਜਾਬ ਗੌਰਮਿੰਟ ਨੇ ਆਪਣੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਕਮਿਸ਼ਨਰਾਂ ਨੂੰ ਇਕ ਖੁਫੀਆ ਚਿੱਠੀ ਵਿਚ ਲਿਖੇ ਸਨ।

"ਅਨਪੜ੍ਹ ਜੱਟ ਸਿੱਖ ਨੂੰ ਜਿਹੜਾ ਕਿ ਆਪਣੇ ਚਾਹਵੇਂ ਧਾਰਮਕ ਹੱਕਾਂ ਉਤੇ ਜਬਰੀ ਕਬਜ਼ਾ ਕਰ ਲੈਣ ਦੀ ਗਰਮ ਗਰਮ ਗੱਲਬਾਤ ਰਾਹੀਂ ਆਸਾਨੀ ਨਾਲ ਗੁਮਰਾਹ ਕੀਤਾ ਜਾ ਸਕਦਾ ਹੈ, ਇਸ ਵੇਲੇ ਬਾਹਲੀ ਹੌਸਲਾ ਵਧਾਈ ਦੀ ਲੋੜ ਨਹੀਂ ਜਦੋਂ ਕਿ ਸਾਫ ਸਾਫ ਗੱਲਾਂ ਕਰਨ ਦਾ ਤੇ ਲੜਾਈ ਵਿਚ ਸ਼ਾਮਲ ਹੋ ਕੇ ਗੌਰਮਿੰਟ ਦੀ ਨਿਖੇਧੀ ਕਰਨ ਦਾ ਆਮ ਕਾਇਦਾ ਹੋ ਗਿਆ ਹੈ।"[2]

ਲਾਹੌਰ ਜ਼ਿਲੇ ਦੇ ਜੱਟ ਆਦਤਨ ਸ਼ੋਰ–ਸ਼ਰਾਬਾ ਕਰਨ ਵਾਲੇ ਤੇ ਮੁਜਰਮ ਹਨ। ਇਸ ਜ਼ਿਲੇ ਦੇ ਅਕਾਲੀਆਂ ਵਿਚ ਦਸ ਫੀ ਸਦੀ ਮੁਜਰਮ ਹਨ। ਬਦਮਾਸ਼ਾਂ ਅਤੇ ਬਾਹਰੋਂ ਵਾਪਸ ਮੁੜੇ ਪੰਜਾਬੀਆਂ (ਗਦਰੀਆਂ) ਲਈ ਤਹਿਰੀਕ ਦਾ ਧਾਰਮਕ ਪਾਸਾ ਕੋਈ ਖਿੱਚ ਨਹੀਂ ਰੱਖਦਾ। ਬਦਮਾਸ਼ਾਂ ਨੂੰ ਲਾਲਾ-ਲਾਲਾ ਤੇ ਲੁੱਟ ਖਿੱਚਦੇ ਹਨ। ਅਤੇ ਗਦਰੀਆਂ ਨੂੰ ਅੰਗਰੇਜ਼ ਰਾਜ ਦੇ ਖਿਲਾਫ ਲੋਕਾਂ ਨੂੰ ਲਾਮਬੰਦ ਕਰਨਾ।

"ਅਕਾਲੀ ਤਹਿਰੀਕ, ਬਾਹਲਾ ਕਰਕੇ, ਪੇਂਡੂ ਤਹਿਰੀਕ ਹੈ। ਇਸ ਦੇ ਪਿੱਛੇ ਲੱਗਣ ਵਾਲੇ ਚੰਗੀ ਸਿਹਤ ਦੇ ਲੋਕ ਹਨ। ਉਹਨਾਂ ਦਾ ਕੌਮੀ ਇਤਿਹਾਸ ਹੈ ਜਿਸ ਦੇ ਲੜਾਕੂ ਲਛੱਣਾਂ ਨੂੰ ਖੁਦ ਸਿੱਖਾਂ ਤੇ ਗੌਰਮਿੰਟ ਨੇ ਆਪਣੇ ਆਪਣੇ ਮਨੋਰਥ ਲਈ ਜੀਉਂਦਾ ਰਖਿਆ। ਉਹ ਅਨਪੜ੍ਹ

---

[1] File nos. 203—204 from Additional Secretary Sheik Asghar Ali.

[2] V. W. Smith : Supdt. of Police report (1921—22) ਅੰਕ 21

Digitized by Panjab Digital Library | www.panjabdigilib.org

ਹੋਣ ਕਰਕੇ ਬਹਿਸ ਦੇ ਸਵਾਲਾਂ ਨੂੰ ਨਹੀਂ ਸਮਝ ਸਕਦੇ ਅਤੇ ਉਹਨਾਂ ਲੋਕਾਂ ਦੇ ਪਿੱਛੇ ਲਗਣਾ ਪਸੰਦ ਕਰਦੇ ਹਨ ਜਿਹੜੇ ਉਹਨਾਂ ਨਾਲੋਂ ਇਲਮ ਵਿਚ ਵਧੇਰੇ ਸਿਆਣੇ ਹਨ। ਇਹ ਭੜਕਣ-ਯੋਗ ਮਸਾਲਾ ਜਦੋਂ ਇਸ ਨੂੰ ਰਾਜਸੀ ਜਾਂ ਧਾਰਮਕ ਪਰੋਪੇਗੰਡੇ ਦੀ ਛੋਹ ਨਾ ਲੱਗੇ, ਸੁਭਾਵਕ ਤੌਰ ਤੇ ਅਧਿਕਾਰੀਆਂ (ਹਾਕਮ-ਸ਼ਾਹੀ) ਦਾ ਤਾਬਿਆਦਾਰ ਹੈ। ਇਸ ਦੀਆਂ ਮਾਰਸ਼ਲ (ਫੌਜੀ) ਰਵਾਇਤਾਂ ਹਨ ਅਤੇ ਇਹ ਪੰਜਾਬ ਦੀਆਂ ਕਈ ਬਟਾਲੀਅਨਾਂ ਦੀ ਰੀੜ੍ਹ ਦੀ ਹੱਡੀ ਹੈ।"[1]

ਅਕਾਲੀ ਤਹਿਰੀਕ ਦੇ ਇਕ ਹੋਰ ਸਰਕਾਰੀ ਨੋਟ ਵਿਚ ਦਰਜ ਹੈ: "ਸਿੱਖ ਗਰਹਿਣ-ਸ਼ਕਤੀ ਵਿਚ ਤਿੱਖਾ ਨਹੀਂ ਅਤੇ ਉਹ ਆਪਣੀ ਰਾਏ (ਉਤੇ ਮਜ਼ਬੂਤ ਰਹਿਣ) ਵਿਚ ਬੜਾ ਸਿਰੜੀ ਹੈ।" ਅਗੇ ਚਲ ਕੇ ਏਸੇ ਲਿਖਤ ਵਿਚ ਲਿਖਿਆ ਹੈ: "ਸਿੱਖ ਇਕ ਲੜਾਕੂ ਨਸਲ ਹਨ ਜਿਨ੍ਹਾਂ ਪਿੱਛੇ ਡਿਸਿਪਲਨ ਦੀਆਂ ਫੌਜੀ ਰਵਾਇਤਾਂ ਹਨ ਅਤੇ ਇਕ-ਮੁੱਠਵੀਂ ਕਾਰਵਾਈ ਕਰਨ ਦੀ ਯੋਗਤਾ ਹੈ।"[2]

ਫੌਜੀ ਕਮਾਂਡ ਅਫਸਰ ਦਾ ਸਿੱਖਾਂ ਦੇ ਆਚਾਰ-ਚਲਨ ਬਾਰੇ ਨਿਰਣਾ ਬੜਾ ਤਿੱਖਾ ਸੀ। ਉਸ ਦੇ ਖਿਆਲ ਅਨੁਸਾਰ "ਸਿੱਖ ਪੇਂਡੂਆਂ ਨੂੰ ਇਹ ਯਕੀਨ ਕਰਨ ਲਈ ਵਰਗਲਾਇਆ ਗਿਆ ਹੈ ਕਿ ਜੇ ਪੰਜਾਬ ਗੌਰਮਿੰਟ ਨੂੰ ਮਰੋੜਾ ਚਾੜ੍ਹਿਆ ਜਾਏ ਤਾਂ ਇਹ ਕਿਸੇ ਹੱਦ ਤਕ ਵੀ ਝੁਕਾਈ ਜਾ ਸਕਦੀ ਹੈ। ਖਤਰਿਆਂ ਨੂੰ ਨਹੀਂ ਸਮਝਿਆ ਜਾ ਰਿਹਾ।......ਇਸ ਦੇ ਉਲਟ, ਨੌਜਵਾਨ ਆਦਮੀ ਮਜ਼ਬੂਤੀ ਨਾਲ ਯਕੀਨ ਰਖਦੇ ਹਨ ਕਿ ਸਿੱਖਾਂ ਤੋਂ ਬਗੈਰ ਗੌਰਮਿੰਟ ਗੁਜ਼ਾਰਾ ਨਹੀਂ ਕਰ ਸਕਦੀ ਅਤੇ ਗੌਰਮਿੰਟ ਨੂੰ ਸ਼੍ਰੋਮਣੀ ਕਮੇਟੀ ਦੀਆਂ ਮੰਗਾਂ ਸਾਮ੍ਹਣੇ ਪੂਰਣ ਤੌਰ ਤੇ ਗੋਡੇ ਲਾਉਣੇ ਚਾਹੀਦੇ ਹਨ। ਅਤੇ ਜੇ ਇਹ ਗੋਡੇ ਨਹੀਂ ਲਾਉਂਦੀ ਤਦ ਸਿਵਲ ਅਧਿਕਾਰੀਆਂ ਉਤੇ, ਸ਼ਾਂਤਮਈ ਸਤਿਆਗਰਹਿ ਰਾਹੀਂ, ਹੋਰ ਦਬਾਅ ਪਾਇਆ ਜਾਣਾ ਚਾਹੀਦਾ ਹੈ। ਥੋੜੇ ਵਿਚ, ਇਹ ਕਾਸ਼ਤਕਾਰ ਹਨ ਜਿਨ੍ਹਾਂ ਦੇ ਫੁਲੇ ਹੋਏ ਦਿਮਾਗ ਹਨ ਅਤੇ ਸੀਮਿਤ ਅਕਲ।"[3]

ਮਾਈਕਲ ਓਡਵਾਇਰ ਦੀਆਂ ਨਜ਼ਰਾਂ ਵਿਚ ਸਿੱਖ "ਮਰਦਊ ਤੇ ਜੰਗ-ਪਸੰਦ" ਹਨ ਜਿਨ੍ਹਾਂ ਨੂੰ ਹਿੰਦੂ ਇਨਕਲਾਬ-ਪਸੰਦ ਗੁਮਰਾਹ ਕਰਕੇ ਆਪਣੇ ਪਿੱਛੇ ਲਾਉਣਾ ਚਾਹੁੰਦੇ ਹਨ। "ਨਿਯਮ ਦੇ ਤੌਰ ਤੇ ਸਿੱਖ ਕਿਸਾਨ ਕਿਸਮ ਦੇ ਅਣਜਾਣ ਅਤੇ ਮਜ਼ਬੂਤ ਆਦਮੀ ਹਨ। ਇਹਨਾਂ ਵਿਚੋਂ ਬਾਹਲੇ ਪੁਰਾਣੇ ਫੌਜੀ ਸਨ ਜਿਹੜੇ ਆਪਣੀ ਹਾਲਤ ਸੁਧਾਰਨ ਲਈ ਬਾਹਰ ਗਏ ਸਨ।" ਅਤੇ ਉਹਨੂੰ ਪੰਜਾਬ ਗੌਰਮਿੰਟ ਉਤੇ ਬੜਾ ਗੁੱਸਾ ਸੀ ਕਿ ਉਹ ਅਕਾਲੀ ਤਹਿਰੀਕ ਨਾਲ ਓਵੇਂ ਨਹੀਂ ਨਜਿੱਠ ਰਹੀ ਜਿਵੇਂ ਉਸ ਨੇ ਗਦਰੀਆਂ ਨਾਲ, ਫਾਂਸੀਆਂ ਤੇ ਉਮਰ ਕੈਦਾਂ ਦੇ ਕੇ ਨਜਿਠਿਆ ਸੀ। ਉਹ ਆਪਣੀ ਪੁਸਤਕ ਵਿਚ ਲਿਖਦਾ ਹੈ:

"ਅਕਾਲੀ ਸਿੱਖਾਂ ਦੇ ਸਬੰਧ ਵਿਚ ਤਿੰਨ ਸਾਲ ਤਕ 'ਬਿੱਲੀ ਤੇ ਚੂਹਾ' ਪਾਲਿਸੀ ਚਲਾਈ ਗਈ। ਜਿਨ੍ਹਾਂ ਨੇ ਕਾਨੂੰਨ ਤੋੜਨ ਦੀਆਂ ਗੰਭੀਰ ਹਰਕਤਾਂ ਧਰਮ-ਸੁਧਾਰਕ ਜੋਸ਼ ਦੇ ਬਰੀਕ ਪੜਦੇ ਥੱਲੇ ਕੀਤੀਆਂ; ਜਿਨ੍ਹਾਂ ਨੂੰ ਇਕ ਦਿਨ ਕੈਦ ਕੀਤਾ ਜਾਂਦਾ ਸੀ, ਅਗਲੇ ਦਿਨ ਛੱਡ ਦਿੱਤਾ ਜਾਂਦਾ ਸੀ, ਫੇਰ ਕੈਦ ਕਰ ਲਿਆ ਜਾਂਦਾ ਸੀ ਅਤੇ ਚੰਗੇ ਚਲਨ ਦੀਆਂ ਗਰੰਟੀਆਂ ਲਿਆਂ ਬਗੈਰ ਫੇਰ ਛੱਡ ਦਿੱਤਾ ਜਾਂਦਾ ਸੀ—ਬਿਲਾ ਸ਼ੁਬ੍ਹਾ ਇਸ ਨੇ ਉਹਨਾਂ ਦੇ ਵਿਹਰਵੇਂ ਰਵਈਏ ਦੀ

[1] V. W. Smith : Supdt. of Police report (1921—22) ਅੰਕ 21
[2] File no. 82 and K. W.—1925. Home Poll.
[3] 4 Reports by the Commandant Jullundur Brigade Area.

Digitized by Panjab Digital Library | www.panjabdigilib.org

ਹੌਸਲਾ-ਵਧਾਈ ਕੀਤੀ । ਉਹ ਵਿਸ਼ਵਾਸ ਕਰਦੇ ਸਨ—ਅਤੇ ਇਹ ਕੁਛ ਕਾਰਣਾਂ ਦੇ ਅਧਾਰ ਤੇ—ਕਿ ਗੌਰਮਿੰਟ ਉਹਨਾਂ ਤੋਂ ਡਰਦੀ ਹੈ ।''[1]

ਸਰ ਜੌਹਨ ਮੇਨਾਰਡ ਦੀ ਰਾਏ ਵਿਚ ਸਿੱਖ "ਜਾਹਲ, ਬੇ-ਦਲੀਲੇ ਤੇ ਬੱਚਿਆਂ ਵਰਗੇ''[2] (ਜ਼ਿੱਦੀ) ਹਨ । ਇਹਨਾਂ ਨੂੰ ਰਾਜ਼ੀ ਨਹੀਂ ਕੀਤਾ ਜਾ ਸਕਦਾ । ਇਹ ਕੋਈ ਗੱਲ ਮੰਨਦੇ ਹੀ ਨਹੀਂ ।

ਲਾਟ ਉਲਿਵੀਅਰ ਨੇ, ਉਤਲੀ ਜੋਖ ਪਰਖ ਦੇ ਉਲਟ, ਸਿੱਖਾਂ ਬਾਰੇ ਬੜੇ ਚੰਗੇ ਸ਼ਬਦ ਕਹੇ ਸਨ : ਸਿੱਖ ਉਸ ਨਸਲ ਨਾਲ ਸੰਬੰਧ ਰਖਦੇ ਹਨ ਜਿਹੜੀ ਬੜੀ ਪੁਰਾਣੀ ਹੈ । ਜਿਹੜੇ ਵੀ ਅੰਗਰੇਜ਼ ਨੂੰ ਉਹਨਾਂ ਨਾਲ ਵਾਸਤਾ ਪਿਆ ਹੈ, ਉਸ ਨੇ ਉਹਨਾਂ ਲਈ ਬੜੀ ਤਾਅਰੀਫ ਤੇ ਮੁਹੱਬਤ ਦਾ ਪਰਗਟਾਅ ਕੀਤਾ ਹੈ । ਉਹ ਲੋਕ ਚੰਗੀ, ਪੁਰਾਤਨ ਅਤੇ ਕੁਲੀਨ ਨਸਲ ਨਾਲ ਸੰਬੰਧ ਰਖਦੇ ਹਨ ਅਤੇ ਉਹ ਅਤਿਅੰਤ ਧਾਰਮਕ ਹਨ ; ਵਗੈਰਾ ।[3]

## (ਅ) ਹਿੰਸਾਤਮਕ ਝੁਕਾਅ

ਅੰਗਰੇਜ਼ ਹਾਕਮ, ਅਕਾਲੀ ਤਹਿਰੀਕ ਦੇ ਦੌਰਾਨ, ਬਾਰ ਬਾਰ ਭਵਿੱਖ-ਬਾਣੀ ਕਰਦੇ ਰਹੇ ਸਨ ਕਿ ਸਿੱਖਾਂ ਦਾ ਸ਼ਾਂਤ-ਮਈ ਸਤਿਆਗਰਹਿ ਐਵੇਂ ਨਹੁੰ ਕੁ ਡੂੰਘਾ ਹੀ ਹੈ । ਇਹ ਅੱਜ ਨਹੀਂ ਤਾਂ ਭਲਕੇ, ਭਲਕੇ ਨਹੀਂ ਤਾਂ ਪਰਸੋਂ ਹੱਥ ਚੁੱਕਣਗੇ ਅਤੇ ਤਸ਼ੱਦਦ ਤੇ ਉੱਤਰ ਆਉਣਗੇ । ਕਿਰਪਾਨ ਬਾਰੇ ਵੀ ਉਹ ਕਹਿੰਦੇ ਰਹੇ ਸਨ ਕਿ ਕਿਰਪਾਨ ਹਿੰਸਾ ਦਾ ਹਥਿਆਰ ਹੈ ਅਤੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਸ ਤੋਂ ਖਤਰਾ ਹੈ । ਇਸ ਪਰਚਾਰ ਦਾ ਇਕ ਮਕਸਦ ਇਹ ਸੀ ਕਿ ਸਿੱਖਾਂ ਦੇ ਖਿਲਾਫ ਪਹਿਲੋਂ ਹੀ ਸਰਕਾਰੀ ਤਸ਼ੱਦਦ ਲਈ ਜ਼ਮੀਨ ਤਿਆਰ ਕਰਕੇ ਰਖੀ ਜਾਏ ਅਤੇ ਦੂਜਾ ਇਹ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਿੱਖਾਂ ਦੀ ਹਮਾਇਤ ਤੋਂ ਦੂਰ, ਅਤੇ ਮੁਖ਼ਾਲਫਤ ਵਿਚ ਰਖਿਆ ਜਾਵੇ ।

ਪੰਜਾਬ ਕੌਂਸਲ ਦੇ ਅਜਲਾਸ ਵਿਚ ਤਕਰੀਰ ਕਰਦਿਆਂ ਮੇਨਾਰਡ ਨੇ ਗੈਲਰੀ ਵਿਚ ਬੈਠੇ ਇਕ ਸਿੱਖ ਦੀ ਸੁਣੀ ਸੁਣਾਈ ਗੱਲ ਕੀਤੀ । ਚਰਚਾ ਕੁੰਜੀਆਂ ਦੇ ਮਾਮਲੇ ਵਿਚ ਬਿਲਾ-ਸ਼ਰਤ ਕੀਤੀਆਂ ਗਈਆਂ ਰਿਹਾਈਆਂ ਦੀ ਹੋ ਰਹੀ ਸੀ । ਉਸ ਭਲੇ ਮਾਣਸ ਨੇ ਜਿਸ ਦੇ ਪਾਸ ਇਕ ਵੱਡੀ ਸੋਟੀ ਸੀ, ਥੋੜ੍ਹੀ ਜੇਹੀ ਉੱਚੀ ਚੁੱਕ ਕੇ ਆਖਿਆ : ਅਗਰ ਸਰਕਾਰ ਨਾ ਛੋੜਤੀ ਤੋ ਯਿਹ ਡੰਡਾ ਛੁੜਾ ਲੇਤਾ ।''[4] ਸੁਝਾਅ ਇਹ ਦਿੱਤਾ ਗਿਆ ਸੀ ਕਿ ਜੇ ਸਰਕਾਰ ਸਿੱਧੇ ਹੱਥੀਂ ਅਕਾਲੀ ਨਾ ਛੱਡਦੀ ਤਾਂ ਸਿੱਖ ਤਸ਼ੱਦਦ ਦੀ ਵਰਤੋਂ ਕਰਕੇ ਛੁਡਾ ਲੈਂਦੇ । ਪਰ ਜਦੋਂ ਮੇਨਾਰਡ ਨੂੰ ਤਕਰੀਰ ਦੇ ਦੌਰਾਨ ਮਿਸਟਰ ਗਣਪਤ ਰਾਏ ਨੇ ਉਸ ਭਲੇਮਾਣਸ ਦਾ ਨਾਮ ਪੁੱਛਿਆ ਤਾਂ

[1] India As I knew It. page 238.
[2] P.L.C.D. 8th March 1923.
[3] House of Lords : Debates on Indian Affairs, 1923. pages 26—27.
[4] P. L. C. D. 8th March 1923.

Digitized by Panjab Digital Library | www.panjabdigilib.org

ਉਸ ਨੇ ਦਸਣ ਤੋਂ ਇਨਕਾਰ ਕਰ ਦਿੱਤਾ। ਇਸ ਇਨਕਾਰ ਦੀ ਸਮਝ ਆ ਸਕਦੀ ਹੈ ਕਿਉਂਕਿ ਪਹਿਲਾਂ ਤਾਂ ਕਿਸੇ ਵਿਜ਼ਿਟਰ (ਦਰਸ਼ਕ) ਲਈ ਵੀ ਗੈਲਰੀ ਵਿਚ ਸੋਟੀ ਲੈ ਜਾਣਾ ਮਨ੍ਹਾ ਹੈ; ਦੂਜੇ ਨਾਮ ਦੱਸਣ ਨਾਲ ਪਤਾ ਲੱਗ ਜਾਣਾ ਸੀ ਕਿ ਇਸ ਨਾਮ ਦਾ ਆਦਮੀ ਕੋਈ ਗੈਲਰੀ ਵਿਚ ਸੀ ਵੀ ਜਾਂ ਨਹੀਂ।

ਮਿਸਟਰ ਸਮਿਥ ਨੇ ਆਪਣੀ ਰਿਪੋਰਟ ਵਿਚ ਸਿੱਖਾਂ ਦੇ ਹਿੰਸਾਵਾਦੀ ਹੋਣ ਦੇ ਕਈ ਥਾਈਂ ਇਸ਼ਾਰੇ ਕੀਤੇ ਹਨ। ਸ਼੍ਰੋਮਣੀ ਕਮੇਟੀ ਦੇ "ਅਨੁਯਾਈ ਤਲਵਾਰ ਦੀ ਨੋਕ ਨਾਲ ਗੁਰਦੁਆਰਾ ਸਵਾਲ ਦੇ ਹਲ ਕਰਨ ਲਈ ਆਪਣੀ ਤੱਤਪਰਤਾ ਦਾ ਪਰਗਟਾਅ ਕਰਦੇ ਹਨ।" ਪਰ ਸ਼੍ਰੋਮਣੀ ਕਮੇਟੀ ਉਹਨਾਂ ਨੂੰ ਆਪਣੇ ਅਸਰ ਨਾਲ ਰੋਕ ਰਹੀ ਹੈ। (ਅੰਕ 21 ਆਖਰੀ ਪੈਰਾ) ਦੂਜੀ ਥਾਂ ਉਹ ਜਥਿਆਂ ਦੀ ਭਰਤੀ ਦੀਆਂ ਹਦਾਇਤਾਂ ਨੋਟ ਕਰਦਾ ਲਿਖਦਾ ਹੈ ਕਿ "ਭਰਤੀ ਸਿਰਫ ਤਸੱਲੀ-ਬਖਸ਼ ਚਲਨ ਦੇ ਆਦਮੀਆਂ ਤਕ ਹੀ ਸੀਮਿਤ ਰਹਿਣੀ ਚਾਹੀਦੀ ਹੈ।" ਅਤੇ ਭਰਤੀ ਹੋਣ ਵੇਲੇ ਜਿਹੜਾ ਬਚਨ ਲਿਆ ਜਾਂਦਾ ਹੈ ਉਹ ਇਹ ਹੈ ਕਿ "ਮੈਂ ਤਨੋ ਮਨੋ ਗੁਰਦੁਆਰਾ ਸੁਧਾਰ ਲਈ ਕੰਮ ਕਰਾਂਗਾ। ਜਥੇਦਾਰ ਦੇ ਹੁਕਮ ਦੀ ਪਾਲਨਾ ਕਰਾਂਗਾ, ਵਗੈਰਾ।" ਪਰ ਇਹ ਗੱਲ ਬੜੀ ਅਰਥ-ਭਰਪੂਰ ਹੈ ਕਿ "ਮੈਂ ਤਸ਼ੱਦਦ ਤੋਂ ਪਰਹੇਜ਼ ਕਰਾਂਗਾ" ਵਾਲੀ ਧਾਰਾ ਭਰਤੀ ਵੇਲੇ ਛੱਡ ਦਿੱਤੀ ਜਾਂਦੀ ਹੈ। (ਅੰਕ 35)[1]

ਦੂਜੇ ਸ਼ਹੀਦੀ ਜਥੇ ਬਾਰੇ ਵਿਲਸਨ ਦੀ ਇਕ ਰਿਪੋਰਟ ਵਿਚ ਦਰਜ ਹੈ ਕਿ ਇਸ ਜਥੇ ਨਾਲ ਹਥਿਆਰ ਬੰਦ ਫੌਜੀ ਤੇ ਰਸਾਲੇ ਦੇ ਆਦਮੀ ਜਾ ਰਹੇ ਸਨ। ਮੋਗਾ ਅਤੇ ਸਿੰਘਾਂਵਾਲਾ ਵਿਚਕਾਰ ਜਥੇ ਦੇ ਆਦਮੀਆਂ ਨੇ ਫੌਜੀਆਂ ਨੂੰ ਸੰਬੋਧਨ ਕਰਕੇ ਆਖਿਆ ਕਿ 'ਉਹ ਆਪਣੀਆਂ ਬੰਦੂਕਾਂ ਦੀ ਵਰਤੋਂ ਬਰਿਟਿਸ਼ ਅਫਸਰਾਂ ਦੇ ਖਿਲਾਫ ਕਰਨ।[2] ਇਸ ਰਿਪੋਰਟ ਦਾ ਮਤਲਬ ਵੀ ਏਹੋ ਜ਼ਾਹਰ ਕਰਨਾ ਜਾਪਦਾ ਹੈ ਕਿ ਸਿੱਖ, ਮੌਕਾ ਮਿਲਣ ਤੇ, ਹਿੰਸਾ ਦੇ ਰਾਹ ਤੋਂ ਝਕਣ ਵਾਲੇ ਨਹੀਂ।

ਸਿੱਖਾਂ ਦੇ ਹਿੰਸਾ ਦਾ ਰਾਹ ਫੜਨ ਬਾਰੇ ਹੇਲੀ ਦੇ ਵਿਚਾਰ ਹੋਰ ਵੀ ਸਪੱਸ਼ਟ ਸਨ। ਉਸ ਨੇ ਲਿਖਿਆ: "ਸਾਡੇ ਬਹੁਤੇ ਅਫਸਰ ਸੋਚਦੇ ਹਨ ਕਿ ਆਮ ਅਕਾਲੀ ਅਖੌਤੀ ਅਹਿੰਸਾ ਦੀ ਨਿਰਬਲਤਾ ਬਾਰੇ ਕਾਇਲ ਹੁੰਦੇ ਜਾਂਦੇ ਹਨ ਅਤੇ ਉਹਨਾਂ ਦੇ ਆਪਣੇ ਅਖਬਾਰ, ਤਲਵਾਰ ਰਾਹੀਂ ਆਪਣੇ ਦਾਅਵਿਆਂ ਨੂੰ ਅਮਲ ਵਿਚ ਲਿਆਉਣ ਦੀ ਲੋੜ ਦੇ, ਰੋਜ਼ਾਨਾ, ਵਧੇਰੇ ਜ਼ਿਕਰ ਕਰਦੇ ਹਨ। ਮੁਕੱਦਮੇ-ਥਲਵੇਂ ਆਗੂ ਆਪਣੇ ਹਿਤਾਂ ਸਦਕਾ ਇਸ ਪਾਸੇ ਦੇ ਵਿਕਾਸ ਨੂੰ ਰੋਕਣ ਦਾ ਜਤਨ ਕਰਨਗੇ ਪਰ ਇਹ ਬਿਲਕੁਲ ਸੰਭਵ ਹੈ ਕਿ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੇ ਕੰਟਰੋਲ ਨੂੰ

[1] The Akali Dal & S. G. P. C. (1921—22) by V. W. Smith Supdt. C. I. D.

[2] D. O. no. Camp/54. From Wilson to Minchin 11th march 1924.

Digitized by Panjab Digital Library | www.panjabdigilib.org

ਆਪਣੇ ਸਿਰੋਂ ਲਾਹ ਮਾਰੇਗਾ ਅਤੇ ਆਪਣੀਆਂ ਲੀਹਾਂ ਤੇ ਮੁਹਿੰਮ ਚਲਾਣ ਲਈ ਜ਼ਿਦ ਕਰੇਗਾ।[1]

ਅੰਗਰੇਜ਼ ਹਾਕਮਾਂ ਦੀ ਦਿਲੀ ਚਾਹ ਇਹ ਸੀ ਕਿ ਸਿੱਖ ਹਿੰਸਾ ਨੂੰ ਅਪਨਾਣ ਤਾਂ ਜੋ ਉਹ ਮਨਮਰਜ਼ੀ ਦਾ ਤਸ਼ੱਦਦ ਕਰਕੇ ਇਹਨਾਂ ਨੂੰ ਚੰਗੀ ਤਰ੍ਹਾਂ ਕੁਚਲ ਦੇਣ। ਅਤੇ ਬਬਰ ਅਕਾਲੀਆਂ ਅਤੇ ਗਦਰੀਆਂ ਵਾਂਗ ਉਹਨਾਂ ਦੇ ਚੁਣ-ਚੁਣ ਤੇ ਗਿਣ-ਗਿਣ ਕੇ ਗੋਲੀਆਂ ਨਾਲ ਸੱਥਰ ਲਾਹੁਣ। ਇਸ ਪਰਸੰਗ ਵਿਚ ਉਹਨਾਂ ਨੂੰ ਕਈ ਵਾਰ ਅਕਾਲੀ ਦਲ, ਬਗਾਵਤ ਕਰਕੇ, ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਵਿਰੋਧਤਾ ਵਿਚ ਖਲੋਤਾ ਨਜ਼ਰ ਆਉਂਦਾ ਸੀ। ਦਿਲੀ ਖਾਹਸ਼ਾਂ ਦਾ ਗਲਬਾ ਬਾਹਰ-ਮੁਖੀ ਸਥਿਤੀ ਦੀ ਪੁਣਛਾਣ ਕਦੇ ਵੀ ਦਰੁਸਤ ਨਹੀਂ ਕਰਨ ਦੇਂਦਾ। ਏਹੋ ਕਾਰਨ ਹੈ ਕਿ ਹਾਕਮਾਂ ਦੀ ਅਕਾਲੀਆਂ ਬਾਰੇ ਜੋਖ-ਪਰਖ ਉੱਕੀ ਹੀ ਗਲਤ ਸੀ।

## (ੲ) ਵਿਚਾਰ ਤੇ ਅਮਲ ਵਿਚ ਵਿੱਥ ਨਹੀਂ

ਸਿੱਖਾਂ ਨੂੰ ਬਦਨਾਮ ਕਰਕੇ ਕੁਚਲੀ ਰੱਖਣ ਲਈ ਅੰਗਰੇਜ਼ ਹਾਕਮਾਂ ਨੇ ਇਕ ਫਾਰਮੂਲਾ (ਗੁਰ) ਘੜਿਆ ਸੀ ਜਿਹੜਾ ਸ਼ਾਇਦ ਸਰ ਮਾਈਕਲ ਓਡਵਾਇਰ ਦੇ ਦਿਮਾਗ ਦੀ ਕਾਢ ਸੀ। ਅਤੇ ਗੁਰ ਇਹ ਸੀ : "ਉੱਚੇ ਸਾਹਸ ਵਾਲੇ ਅਤੇ ਮੁਹਿੰਮ-ਬਾਜ਼ ਸਿੱਖਾਂ ਲਈ ਸੋਚਣੀ ਤੇ ਕਰਣੀ ਵਿਚਕਾਰ ਵਿੱਥ ਬੜੀ ਨਿੱਕੀ ਹੈ। ਜੇ ਉਹ ਜੋਸ਼ੀਲੀਆਂ-ਭੜਕਾਵੀਆਂ ਅਪੀਲਾਂ ਦੇ ਕਬਜ਼ੇ ਵਿਚ ਆ ਜਾਣ ਤਾਂ ਉਹ ਸੰਭਵ ਜਲਦਬਾਜ਼ੀ ਨਾਲ ਅਤੇ ਅਜੇਹੇ ਤਰੀਕੇ ਨਾਲ ਅਮਲ ਕਰਨ ਦਾ ਝੁਕਾਅ ਰਖਦੇ ਹਨ ਜਿਹੜਾ ਕਿ ਵਿਧਾਨਕ ਰਾਜ ਤੇ ਅਮਨ ਦੇ ਤਾਣੇ ਪੇਟੇ ਲਈ ਖਤਰਨਾਕ ਹੋ ਸਕਦਾ ਹੈ। ਇਸ ਫਾਰਮੂਲੇ ਦੇ ਅਰਥ ਇਹ ਹਨ ਕਿ ਸਿੱਖ ਨੂੰ ਇਕ ਵਾਰ ਭੜਕਾ ਦਿਉ ਸਹੀ, ਫੇਰ ਉਹ ਆਪਣੇ ਆਪੇ ਤੋਂ ਬਾਹਰ ਹੋ ਜਾਂਦਾ ਹੈ। ਉਹਨੂੰ ਲੱਥੀ ਚੜ੍ਹੀ ਦੀ ਕੋਈ ਸੂਝ ਨਹੀਂ ਰਹਿੰਦੀ। ਫੇਰ ਉਹ ਵੇਲਾ ਨਹੀਂ ਉਡੀਕਦਾ, ਓਸੇ ਵੇਲੇ ਜੋ ਮਨ ਵਿਚ ਆਵੇ ਕਰ ਗੁਜ਼ਰਦਾ ਹੈ—ਅੱਗਾ ਪਿੱਛਾ ਕੁਛ ਨਹੀਂ ਸੋਚਦਾ।

ਅਤੇ ਇਸ ਫਾਰਮੂਲੇ ਨੂੰ ਅੰਗਰੇਜ਼ਾਂ ਦੀ ਹਰ ਪਰਸਿੱਧ ਲਿਖਤ ਵਿਚ ਇੰਨ-ਬਿੰਨ ਬਾਰ-ਬਾਰ ਲਿਖਿਆ ਗਿਆ। ਸਡੀਸ਼ਨ (ਬਗਾਵਤ) ਕਮੇਟੀ 1918 (ਰੋਲਟ) ਵਿਚ ਇਸ ਗੁਰ ਨੂੰ ਦੁਹਰਾਇਆ ਗਿਆ (ਸਫਾ 161), 'ਇੰਡੀਆ' 1919 ਵਿਚ ਰਸ਼ਬਰੁਕ ਵਿਲੀਅਮਜ਼ ਨੇ ਇਸ ਨੂੰ ਹੂ-ਬਹੂ ਨਕਲ ਕੀਤਾ (ਸਫਾ 34—35) ਅਤੇ ਹੰਟਰ-ਕਮੇਟੀ ਰਿਪੋਰਟ ਨੇ ਸਿੱਖਾਂ ਨੂੰ ਭੰਡਣ ਲਈ ਇਸ ਨੂੰ ਉਚੇਚੀ ਥਾਂ ਦਿੱਤੀ (ਸਫਾ 101) ਅਤੇ ਇਸ ਤਰ੍ਹਾਂ ਸਿੱਖਾਂ ਨੂੰ, ਇਕ ਤਰ੍ਹਾਂ, ਸੋਚਹੀਨ, ਬੇਸਮਝ ਤੇ ਨੀਮ ਪਾਗਲ ਕਰਾਰ ਦੇ ਦਿੱਤਾ।

ਅਤੇ ਇਸ ਫਾਰਮੂਲੇ ਨੂੰ ਲੈ ਕੇ ਅੰਗਰੇਜ਼ ਰਾਜ ਦੇ ਭਾਈ ਜੋਧ ਸਿੰਘ ਜੇਹੇ ਸੇਵਕਾਂ ਨੇ ਇਸ ਨੂੰ ਹੋਰ ਚਮਕਾ ਦਿੱਤਾ ਅਤੇ ਆਪਣੇ ਲੇਖਾਂ ਤੇ ਤਕਰੀਰਾਂ ਵਿਚ ਸਿੱਖਾਂ ਨੂੰ 'ਸੁੱਕਾ ਬਰੂਦ' ਦਸਿਆ। ਇਸ ਫਾਰਮੂਲੇ ਨੂੰ ਜਗਜੀਤ ਸਿੰਘ ਤਰਨਤਾਰਨ ਨੇ ਆਪਣੀ ਪੁਸਤਕ 'ਗਦਰ ਲਹਿਰ' ਦੀ ਭੂਮਿਕਾ ਵਿਚ ਪੂਰੇ ਦਾ ਪੂਰਾ ਕਬੂਲ ਕਰ ਲਿਆ। ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਅੰਗਰੇਜ਼ ਹਾਕਮਾਂ ਦੇ ਪ੍ਰੋਪੇਗੰਡੇ ਨੇ ਕਿਸ ਤਰ੍ਹਾਂ ਸਾਡੇ ਦਿਮਾਗਾਂ ਨੂੰ ਕਾਬੂ ਕੀਤਾ ਹੋਇਆ ਸੀ।

[1] From Haily. Governor's Camp, August 30th 1924 to Muddiman.

Digitized by Panjab Digital Library | www.panjabdigilib.org

ਇਸ ਝੂਠ ਨੂੰ ਗੁਰੂ ਕੇ ਬਾਗ ਦੀ ਸ਼ਾਂਤ-ਮਈ ਅਤੇ ਅਥਾਹ ਸਬਰ ਵਾਲੀ ਮਾਰਕੁਟ ਨੇ ਨੰਗਾ ਕੀਤਾ ਅਤੇ ਜੈਤੋ ਵਿਚ ਪਹਿਲੇ ਸ਼ਹੀਦੀ ਜਥੇ ਤੋਂ ਲੈ ਕੇ ਅਖੀਰੀ ਜਥੇ ਤਕ ਨੇ ਆਪਣੀ ਬੇ-ਮਿਸਾਲ ਸਹਿਨਸ਼ੀਲਤਾ ਰਾਹੀਂ ਸਾਬਤ ਕੀਤਾ ਕਿ ਸਿੱਖਾਂ ਦੇ ਖਿਲਾਫ ਇਹ ਊਜ ਰਾਜਸੀ ਮਕਸਦ ਹਲ ਕਰਨ ਲਈ ਲਾਈ ਗਈ ਸੀ । ਅਕਾਲੀ ਲਹਿਰ ਦਾ ਸਾਰਾ ਇਤਿਹਾਸ ਇਸ ਸਚਿਆਈ ਦਾ ਗੁਆਹ ਹੈ ਕਿ ਸਿੱਖ ਜਿਹੜਾ ਕਦਮ ਚੁਕਦੇ ਸਨ ਉਹ ਸੋਚ ਸਮਝ ਕੇ ਚੁਕਦੇ ਸਨ ਅਤੇ ਉਸ ਤੇ ਸ਼ਾਂਤਮਈ ਤੇ ਪੁਰਅਮਨ ਰਹਿੰਦੇ ਹੋਏ ਫੁਲ ਚੜ੍ਹਾਂਦੇ ਸਨ ।

Digitized by Panjab Digital Library | www.panjabdigilib.org

# 2. ਕੀ ਅਕਾਲੀ ਲਹਿਰ ਰਾਜਸੀ ਸੀ ?

ਅਕਾਲੀ ਲਹਿਰ ਦਾ ਰੂਪ ਧਾਰਮਕ ਸੀ। ਇਸ ਦਾ ਮਨੋਰਥ ਭ੍ਰਿਸ਼ਟਾਚਾਰੀ ਮਹੰਤਾਂ ਤੋਂ ਸਿਰਫ ਗੁਰਦੁਆਰਿਆਂ ਦੀ ਆਜ਼ਾਦੀ ਹਾਸਲ ਕਰਨ ਤਕ ਸੀਮਿਤ ਸੀ, ਇਸ ਤੋਂ ਵੱਧ ਕੁਛ ਨਹੀਂ। ਇਹ ਕੁਲ ਮਹੰਤ ਪ੍ਰੋ: ਰੁਚੀ ਰਾਮ ਸਾਹਨੀ ਦੇ ਹਿਸਾਬ ਮੁਤਾਬਕ ਦੋ ਹਜ਼ਾਰ ਸਨ ਅਤੇ ਡਾ: ਗੋਕਲ ਚੰਦ ਦੇ ਹਿਸਾਬ ਅਨੁਸਾਰ ਛੱਬੀ ਸੌ।[1] ਬਰਿਟਿਸ਼ ਗੌਰਮਿੰਟ ਇਹਨਾਂ ਵੱਧ ਤੋਂ ਵੱਧ ਛੱਬੀ ਸੌ ਮਹੰਤਾਂ ਨੂੰ ਬਹਾਲ ਰੱਖਣ ਲਈ ਵੱਧ ਜਾਂ ਘੱਟ 30 ਲੱਖ ਸਿੱਖਾਂ ਨਾਲ ਲੜ ਰਹੀ ਸੀ ਜਿਨ੍ਹਾਂ ਨੇ ਅੰਗਰੇਜ਼ ਰਾਜ ਦੀ ਰੱਖਿਆ ਤੇ ਪਸਾਰ ਲਈ ਕਈ ਛੱਬੀ ਸੌ ਜਾਨਾਂ ਕੁਰਬਾਨ ਕੀਤੀਆਂ ਸਨ।

ਫੇਰ ਇਹ ਧਾਰਮਕ ਲਹਿਰ ਰਾਜਸੀ ਲਹਿਰ ਕਿਵੇਂ ਬਣ ਗਈ ? ਅੰਗਰੇਜ਼ ਹਾਕਮਾਂ ਨੇ ਅਕਾਲੀ ਤਹਿਰੀਕ ਦੇ ਸ਼ੁਰੂ ਹੋਣ ਦੇ ਕੁਛ ਚਿਰ ਪਿਛੋਂ ਹੀ ਇਸ ਨੂੰ ਰਾਜਸੀ ਲਹਿਰ ਆਖ ਆਖ ਬਦਨਾਮ ਕਿਉਂ ਕਰਨਾ ਸ਼ੁਰੂ ਕਰ ਦਿੱਤਾ ? ਕੀ ਇਹ ਧਾਰਮਕ ਲਹਿਰ ਠੀਕ ਹੀ ਰਾਜਸੀ ਬਣ ਗਈ ਸੀ ਜਾਂ ਇਹ ਕੇਵਲ ਅੰਗਰੇਜ਼ ਹਾਕਮਾਂ ਦਾ ਪ੍ਰੋਪੈਗੰਡਾ ਹੀ ਸੀ ?

ਲਾਹੌਰ ਦੇ ਡਿਪਟੀ ਕਮਿਸ਼ਨਰ ਤੋਂ ਇਕ ਅਖਬਾਰ ਦੇ ਇਕ ਐਡੀਟਰ ਨੇ ਪੁਛਿਆ : ਕਿਹੜੀ ਗੱਲ ਧਾਰਮਕ ਹੈ ਅਤੇ ਕਿਹੜੀ ਪੁਲਿਟੀਕਲ ? ਉਸ ਨੇ ਜਵਾਬ ਦਿੱਤਾ : "ਜਿਹੜੀ ਗੱਲ ਸਰਕਾਰ ਦੇ ਖਿਲਾਫ ਜਾਵੇ ਉਹ ਪੋਲਿਟੀਕਲ ਹੈ, ਭਾਵੇਂ ਉਹ ਧਰਮ ਨਾਲ ਕਿੰਨਾ ਵੀ ਸਬੰਧ ਰੱਖਦੀ ਹੋਵੇ ਅਤੇ ਜਿਹੜੀ ਗੱਲ ਸਰਕਾਰ ਦੇ ਹੱਕ ਵਿਚ ਬੈਠਦੀ ਹੋਵੇ, ਉਹ ਧਾਰਮਕ ਹੈ, ਭਾਵੇਂ ਉਹ ਸੋਲਾਂ ਆਨੇ ਹੀ ਪੋਲਿਟੀਕਲ ਹੋਵੇ।"[2] ਇਹ ਇਕ ਉਸ ਹਾਕਮ ਦਾ ਜਵਾਬ ਹੈ, ਜਿਹੜਾ ਗੌਰਮਿੰਟ ਦੀ ਕੋਈ ਵੀ ਨੁਕਤਾਚੀਨੀ—ਭਾਵੇਂ ਉਹ ਧਾਰਮਕ ਨੁਕਤੇ ਤੋਂ ਹੋਵੇ ਜਾਂ ਰਾਜਸੀ ਤੋਂ—ਨਹੀਂ ਸੀ ਬਰਦਾਸ਼ਤ ਕਰ ਸਕਦਾ। ਸ਼ੁਰੂ ਸ਼ੁਰੂ ਵਿਚ ਮੋਟੇ ਤੌਰ ਤੇ, ਹਾਕਮਾਂ ਦਾ ਰਵੱਈਆ ਧਾਰਮਕ ਜਾਂ ਪੋਲਿਟੀਕਲ ਲਹਿਰਾਂ ਵੱਲ ਏਹੋ ਜੇਹਾ ਹੀ ਸੀ।

ਅਕਾਲੀ ਤਹਿਰੀਕ ਨੂੰ ਧਾਰਮਕ ਲੀਹਾਂ ਤੇ ਰੱਖਣਾ ਜਾਂ ਨਾ ਰੱਖਣਾ ਬਾਹਰੀ ਅੰਗਰੇਜ਼ ਹਾਕਮਾਂ ਦੇ ਵਸ ਦੀ ਗੱਲ ਸੀ। ਨਿਰੋਲ ਧਾਰਮਕ ਇਹ ਦੋ ਤਰ੍ਹਾਂ ਹੀ ਰਹਿ ਸਕਦੀ ਸੀ। ਇਕ ਇਸ ਤਰ੍ਹਾਂ ਕਿ ਗੌਰਮਿੰਟ ਮਹੰਤਾਂ ਨੂੰ ਕਹਿੰਦੀ : ਮਹੰਤੋ, ਚੁਪ ਕਰ ਕੇ ਅਕਾਲੀ ਤਹਿਰੀਕ ਨਾਲ ਸਮਝੌਤੇ ਕਰੋ ਅਤੇ ਐਬ ਛੱਡ ਕੇ ਸ਼੍ਰੋਮਣੀ ਕਮੇਟੀ ਦੇ ਅਧੀਨ ਹੋ ਕੇ ਕੰਮ ਕਰੋ। ਦੂਜੇ ਇਸ ਤਰ੍ਹਾਂ ਕਿ ਗੌਰਮਿੰਟ ਸਿੱਖਾਂ ਨੂੰ ਕਹਿੰਦੀ : ਗੁਰਦੁਆਰੇ ਤੁਹਾਡੇ ਹਨ ਜਿਵੇਂ ਚਾਹੋ ਇਹਨਾਂ ਦਾ ਪਰਬੰਧ ਕਰੋ। ਗੌਰਮਿੰਟ ਸਿੱਖਾਂ ਦੇ ਇਸ ਧਾਰਮਕ ਮਾਮਲੇ ਵਿਚ ਕੋਈ ਦਖਲ ਨਹੀਂ ਦੇਣਾ ਚਾਹੁੰਦੀ। ਸਰਕਾਰ ਦੇ ਇਸ ਰਵੱਈਏ ਨਾਲ ਮਸਲਾ ਵੀ ਹੱਲ ਹੋ ਜਾਣਾ ਸੀ ਅਤੇ ਤਹਿਰੀਕ ਨੇ ਵੀ ਨਿਰੋਲ ਧਾਰਮਕ ਰਹਿਣਾ ਸੀ।

---

[1] P. L. C. D. 6th July, 1925.

[2] ਅਕਾਲੀ ਤੇ ਪ੍ਰਦੇਸੀ, ਐਡੀਟੋਰੀਅਲ—21 ਅਕਤੂਬਰ 1925,

Digitized by Panjab Digital Library | www.panjabdigilib.org

ਪਰ ਸਰਕਾਰ ਨੇ ਇਹਨਾਂ ਵਿਚੋਂ ਕੋਈ ਰਾਹ ਨਾ ਅਖਤਿਆਰ ਕੀਤਾ। ਰਾਹ ਉਸ ਨੇ ਅਖਤਿਆਰ ਕੀਤਾ ਕਾਨੂੰਨ ਬਹਾਲ ਰਖਣ ਦਾ, ਯਾਨੀ ਮਹੰਤਾਂ ਵਲੋਂ ਨਾਜਾਇਜ਼ ਤੇ ਭਰਿਸ਼ਟਾਚਾਰੀ ਤਰੀਕਿਆਂ ਨਾਲ ਹਾਸਲ ਕੀਤੀ ਗੁਰਦੁਆਰਿਆਂ ਦੀ ਜਾਇਦਾਦ ਦੀ ਰੱਖਿਆ ਦਾ। ਜਿਸ ਦੇ ਕਾਰਣ ਲੜਾਈ ਦਾ ਰੁਖ ਮਹੰਤਾਂ ਵਲੋਂ ਹਟ ਕੇ ਗੌਰਮਿੰਟ ਵੱਲ ਹੋ ਗਿਆ। ਯਾਨੀ ਗੌਰਮਿੰਟ ਭਰਸ਼ਟਾਚਾਰੀ ਮਹੰਤਾਂ ਦੀ, ਉਹਨਾਂ ਵਲੋਂ ਨਾਜਾਇਜ਼ ਤੇ ਭਰਸ਼ਟਾਚਾਰੀ ਤਰੀਕੇ ਵਰਤ ਕੇ ਪੰਥ ਦੀ ਖੋਹੀ ਜਾਏਦਾਦ ਦੀ, ਰੱਖਿਅਕ ਬਣਕੇ ਅੱਗੇ ਆਣ ਖਲੋਤੀ ਅਤੇ ਮਹੰਤ ਪਿਛੇ ਚਲੇ ਗਏ। ਇਸ ਲਈ ਅਕਾਲੀ ਤਹਿਰੀਕ ਦੀ ਟੱਕਰ, ਕੁਦਰਤੀ ਤੌਰ ਤੇ, ਸਿੱਧੀ ਅੰਗਰੇਜ਼ ਰਾਜ ਨਾਲ ਸ਼ੁਰੂ ਹੋ ਗਈ। ਇਸ ਟੱਕਰ ਨਾਲ ਤਹਿਰੀਕ ਦੀ ਵੱਥ ਬਦਲ ਕੇ ਸਾਮਰਾਜ-ਵਿਰੋਧੀ ਹੋ ਗਈ।

ਅੰਗਰੇਜ਼ ਰਾਜ ਨਾਲ ਇਹ ਟੱਕਰ ਹੀ, ਭਾਵੇਂ ਇਸ ਦਾ ਰੂਪ ਧਾਰਮਕ ਸੀ, ਰਾਜਸੀ ਲੱਛਣ ਧਾਰਨ ਕਰ ਗਈ ਕਿਉਂਕਿ ਇਹ ਟੱਕਰ ਡਟਕੇ ਅੰਗਰੇਜ਼ ਰਾਜ ਦੇ ਵਾਰ ਝਲਦੀ ਗਈ ਸੀ, ਕੁਚਲੀ ਨਹੀਂ ਸੀ ਗਈ। ਇਸ ਤਰ੍ਹਾਂ ਰਾਜ ਦੇ ਵਕਾਰ ਸਤਕਾਰ ਨੂੰ ਸੱਟ ਮਾਰਦੀ ਗਈ, ਇਸ ਨੂੰ ਨਸ਼ਰ ਕਰਦੀ ਗਈ ਅਤੇ ਟੱਕਰ ਉਤੇ ਟੱਕਰ ਲੈਂਦੀ ਰਹੀ।

ਇਸ ਲਈ ਗੌਰਮਿੰਟ ਖੁਦ ਕਾਨੂੰਨ ਦੀ ਰੱਖਿਆ ਦੇ ਨਾਅਰੇ ਥੱਲੇ, ਅਕਾਲੀ ਤਹਿਰੀਕ ਨੂੰ ਰਾਜਸੀ ਬਣਾ ਰਹੀ ਸੀ ਅਤੇ ਵਾਵੇਲਾ ਕਰ ਰਹੀ ਸੀ ਕਿ ਅਕਾਲੀ ਤਹਿਰੀਕ ਪੁਲਿਟੀਕਲ ਹੈ, ਧਾਰਮਕ ਨਹੀਂ। ਇਸ ਨਾਅਰੇ ਦਾ ਇਕ ਹੋਰ ਮਕਸਦ ਸੀ, ਉਹ ਇਹ ਕਿ ਸਰਕਾਰ-ਪਰੱਸਤਾਂ ਤੇ ਬੇਪੱਖ ਸਿੱਖਾਂ ਨੂੰ ਗੌਰਮਿੰਟ ਨਾਲ ਜੋੜੀ ਰਖਿਆ ਜਾਵੇ ਅਤੇ ਤਹਿਰੀਕ ਵਿਚ ਹਿੱਸਾ ਲੈਣ ਵਾਲਿਆਂ ਵਿਚ ਫੁੱਟ ਪਾਈ ਜਾਵੇ। ਯਾਨੀ ਧਾਰਮਕ ਖਿਆਲ ਤੇ ਧਾਰਮਕ-ਰਾਜਸੀ ਖਿਆਲ ਰਖਣ ਵਾਲਿਆਂ ਵਿਚਕਾਰ ਵਿਤਕਰਾ ਪੈਦਾ ਕਰਕੇ ਲੜਾਈ ਕਰਾਈ ਜਾਏ ਅਤੇ ਤਹਿਰੀਕ ਨੂੰ ਕਮਜ਼ੋਰ ਕੀਤਾ ਜਾਏ।

ਗੌਰਮਿੰਟ ਦੂਰ ਦੀ ਸੋਚਦੀ ਸੀ ਕਿ ਅਕਾਲੀ ਤਹਿਰੀਕ ਜੇ ਕੁਚਲੀ ਨਹੀਂ ਜਾਂਦੀ ਤਾਂ ਇਹ ਦੇਸ਼ ਵਿਚ ਉਠਣ ਵਾਲੀ ਰਾਜਸੀ ਤਹਿਰੀਕ ਲਈ ਰਾਹ ਉਲੀਕੇਗੀ ਤੇ ਉਸ ਲਈ ਪੂਰਨੇ ਪਾਏਗੀ ਅਤੇ ਇਸ ਤਰ੍ਹਾਂ ਰਾਜਸੀ ਤੌਰ ਤੇ ਅੰਗਰੇਜ਼ ਰਾਜ ਲਈ ਖਤਰਨਾਕ ਸਾਬਤ ਹੋਵੇਗੀ। ਇਸ ਲਈ ਸ਼ੁਰੂ ਤੋਂ ਹੀ ਇਸ ਨੂੰ ਰਾਜਸੀ ਆਖ ਆਖ ਭੰਡੋ ਤਾਂ ਜੁ ਇਹ ਵੱਧ ਫੁਲ ਨਾ ਸਕੇ। ਪਰ ਗੌਰਮਿੰਟ ਦਾ ਇਹ ਨਾਅਰਾ ਵੀ ਅਕਾਰਥ ਹੀ ਗਿਆ। ਕਿਉਂਕਿ ਅਕਾਲੀ ਤਹਿਰੀਕ ਸਾਮਰਾਜ ਦੁਸ਼ਮਣੀ ਦੇ ਵਾਰ ਝਲਦੀ ਰਹੀ ਅਤੇ ਮਹੰਤੀ ਜਾਗੀਰਦਾਰੀ ਦੇ ਖਾਤਮੇ ਲਈ ਅਗੇ ਵਧਦੀ ਗਈ।

Digitized by Panjab Digital Library | www.panjabdigilib.org

# 3. ਅਮਨ ਤੇ ਕਾਨੂੰਨ ਦਾ ਦੇਅ

ਅਕਾਲੀ ਤਹਿਰੀਕ ਦੇ ਦੌਰਾਨ ਵਡੇ ਛੋਟੇ ਹਾਕਮਾਂ ਨੇ ਇਸ ਤਹਿਰੀਕ ਦੇ ਖਿਲਾਫ ਕਾਨੂੰਨ ਤੇ ਅਮਨ ਭੰਗ ਕਰਨ ਦਾ ਬੜਾ ਰੌਲਾ-ਰੱਪਾ ਪਾਇਆ। ਅੰਗਰੇਜ਼ ਰਾਜ ਦੀ ਜ਼ਿੰਦਗੀ ਹੋਰ ਹਕੂਮਤਾਂ ਵਾਂਗ, ਅਮਨ ਤੇ ਕਾਨੂੰਨ ਦੀ ਰੱਖਿਆ ਤੇ ਅਧਾਰਤ ਸੀ। ਅੰਗਰੇਜ਼ ਰਾਜ ਦਾ ਅਮਨ ਤੇ ਕਾਨੂੰਨ ਹਮੇਸ਼ਾ ਤਬਦੀਲੀ ਦਾ ਦੁਸ਼ਮਣ ਅਤੇ ਜਿਉਂ ਦੀ ਤਿਉਂ ਵਿਵਸਥਾ ਦਾ ਝੰਡੇ ਬਰਦਾਰ ਸੀ। ਇਸ ਦਾ ਲੱਛਣ ਸੀ ਕਾਇਮ ਆਸਣਾਂ ਦਾ ਕਾਇਮ ਰਖਣਾ ਅਤੇ ਤਬਦੀਲੀ ਨੂੰ ਰੋਕਣਾ; ਖਾਸ ਕਰ ਜਾਇਦਾਦ ਦੇ ਰਿਸ਼ਤਿਆਂ ਵਿਚ ਬਰਿਟਿਸ਼ ਗੌਰਮਿੰਟ ਕਿਸੇ ਵੀ ਤਬਦੀਲੀ ਦੀ ਸਖਤ ਦੁਸ਼ਮਣ ਸੀ।

ਅਤੇ ਅਕਾਲੀ ਤਹਿਰੀਕ ਦਾ ਜਨਮ ਹੀ ਸੀਮਿਤ ਜਾਇਦਾਦੀ ਰਿਸ਼ਤਿਆਂ ਵਿਚ ਤਬਦੀਲੀ ਲਿਆਉਣ ਲਈ ਯਾਨੀ ਮਹੰਤਾਂ ਦੇ ਨਾਂਵਾਂ ਨਾਲੋਂ ਗੁਰਦੁਆਰਿਆਂ ਦੀਆਂ ਜਾਇਦਾਦਾਂ ਤੁੜਵਾਕੇ ਪੰਥ ਦੇ ਨਾਮ ਕਰਾਉਣ ਲਈ ਹੋਇਆ ਸੀ—ਇਸ ਲਈ ਇਸ ਅਮਨ ਕਾਨੂੰਨ ਦੇ ਦੇਅ ਨੇ ਅਕਾਲੀ ਤਹਿਰੀਕ ਉਤੇ ਬਾਰ ਬਾਰ ਪੂਰੀ ਖੂੰਖਾਰੀ ਤੇ ਦਰਿੰਦਗੀ ਨਾਲ ਵਾਰ ਕੀਤੇ ਅਤੇ ਅਕਾਲੀਆਂ ਦੇ ਖੂਨ ਦੇ ਕਾਸੇ ਭਰ ਭਰ ਕੇ ਪੀਤੇ।

ਅਕਾਲੀ ਆਗੂਆਂ ਦੇ ਅਦਾਲਤ ਸਾਮ੍ਹਣੇ ਬਿਆਨਾਂ ਵਿਚ ਇਕ ਆਗੂ ਨੇ ਆਪਣੇ ਬਿਆਨ ਵਿਚ ਇਸ ਦੇਅ ਬਾਰੇ ਕਿਹਾ ਸੀ : "ਇਹ ਬੜਾ ਲਹੂ ਪੀਣਾ ਦੇਵਤਾ ਹੈ। ਇਸ ਦੇ ਦੰਦ ਤੇ ਨਹੁੰ ਹਮੇਸ਼ਾ ਲਹੂ-ਭਰੇ ਹੁੰਦੇ ਹਨ...ਅਤੇ ਇਹ ਹਿੰਦੂਆਂ ਦੀ ਦੇਵੀ ਕਾਲੀ ਨਾਲੋਂ ਵੀ ਵਧੇਰੇ ਖੂਨ ਦਾ ਪਿਆਸਾ ਹੁੰਦਾ ਹੈ...ਦੁਨੀਆਂ ਵਿਚ ਇਸ ਨੂੰ ਹਰ ਥਾਂ ਗੜਬੜ ਤੇ ਉਧੜ ਧੁੰਮੀ ਹੀ ਦਿਸਦੀ ਹੈ।...ਜਲ੍ਹਿਆਂ ਵਾਲੇ ਬਾਗ਼ ਦੇ ਰੋਲਟ ਐਕਟ ਦੇ ਖਿਲਾਫ ਜਲਸੇ ਵਿਚ ਇਸ ਨੂੰ ਗੜਬੜ ਤੇ ਬਗਾਵਤ ਦੀ ਬੋਅ ਆ ਗਈ ਅਤੇ ਇਸ ਨੇ ਪੁਰਅਮਨ ਸ਼ਹਿਰੀਆਂ ਉਤੇ ਗੋਲੀ ਦੀ ਅੱਗ ਵਰ੍ਹਾਣੀ ਸ਼ੁਰੂ ਕਰ ਦਿਤੀ।"[1] ਵਗੈਰਾ।

ਇਸ ਲਈ ਅਕਾਲੀ ਤਹਿਰੀਕ ਵਿਚ ਗਰਿਫਤਾਰੀਆਂ ਹੋਈਆਂ ਕਾਨੂੰਨ ਤੇ ਅਮਨ ਤੋੜਨ ਦਾ ਜਾਪ ਜਪ ਕੇ, ਜੇਲ੍ਹਾਂ ਤੇ ਕੈਦਾਂ ਹੋਈਆਂ ਇਸ ਦੀ ਰੱਖਿਆ ਦੀ ਖਾਤਰ, ਗੋਲੀਆਂ ਚਲਾ ਕੇ ਅਕਾਲੀਆਂ ਦੇ ਸੱਥਰ ਲਾਹੇ ਗਏ ਇਸ ਦੇ ਨਾਮ ਦੀ ਮਾਲਾ ਫੇਰ ਕੇ। ਅਤੇ ਇਸ ਚੰਦਰ ਭਾਨ ਨੇ ਅਕਾਲੀਆਂ ਦਾ ਪਿੱਛਾ ਜੇਲ੍ਹਾਂ ਵਿਚ ਵੀ ਕੀਤਾ ਅਤੇ ਉਹਨਾਂ ਦੀ ਪਿੱਠ ਤੇ ਚਿਤੜਾਂ ਦੇ ਪੜਛੇ ਲਾਹੇ ਭਿਉਂ ਭਿਉਂ ਮਾਰੇ ਬੈਤਾਂ ਨਾਲ।

ਪਰ ਇਹ ਅਮਨ ਤੇ ਕਾਨੂੰਨ ਦਾ ਦੇਅ ਓਨਾ ਚਿਰ ਹੀ ਸ਼ੇਰ ਹੁੰਦਾ ਹੈ ਜਿੰਨਾ ਚਿਰ ਕੋਈ ਤਹਿਰੀਕ ਕਮਜ਼ੋਰ ਹੁੰਦੀ ਹੈ। ਕਮਜ਼ੋਰ ਤਹਿਰੀਕ ਤੇ ਇਹ ਝਪਟ ਝਪਟ ਕੇ ਪੈਂਦਾ ਹੈ। ਪਰ ਜਦੋਂ ਕੋਈ ਤਹਿਰੀਕ, ਇਸ ਦੇ ਖੂੰਖਾਰ ਵਾਰਾਂ ਦੇ ਬਾਵਜੂਦ, ਉਤਾਂਹ ਉਤਾਂਹ ਚੜ੍ਹਦੀ ਜਾਂਦੀ ਹੈ ਤਾਂ ਇਹ ਛੋਟੇ ਜੇਹੇ ਭਉ ਵਾਂਗ, ਆਪਣੇ ਸਿੰਗ ਆਪਣੇ ਸਿਰ ਅੰਦਰ ਖਿੱਚ ਲੈਂਦਾ ਹੈ ਅਤੇ ਰਾਜਸੀ

---

1 ਮਿ: ਐਂਡਰਸਨ ਦੀ ਅਦਾਲਤ ਵਿਚ ਸੋਹਨ ਸਿੰਘ ਜੋਸ਼ ਦੇ ਬਿਆਨ ਵਿਚੋਂ।

Digitized by Panjab Digital Library | www.panjabdigilib.org

ਮਸਲਿਹਤ ਅਗੇ ਹਥਿਆਰ ਸੁਟ ਦੇਂਦਾ ਹੈ ਅਤੇ ਤੋੜੇ ਜਾ ਰਹੇ ਕਾਨੂੰਨ ਵਲੋਂ ਅਖਾਂ ਬੰਦ ਕਰ ਲੈਂਦਾ ਹੈ ।

ਕੁਛ ਮਿਸਾਲਾਂ ਵੇਖੋ :—

1. ਗੁਰਦੁਆਰਾ ਹੋਠੀਆਂ (ਜ਼ਿਲਾ ਗੁਰਦਾਸਪੁਰ) ਉਤੇ ਅਕਾਲੀ ਜਥੇ ਨੇ ਕਬਜ਼ਾ ਕਰ ਲਿਆ । ਮਹੰਤ ਨੇ ਕਬਜ਼ੇ ਲਈ ਜ਼ਿਲਾ ਮੈਜਿਸਟਰੇਟ ਦੀ ਅਦਾਲਤ ਵਿਚ ਦਾਅਵਾ ਕਰ ਦਿਤਾ । ਮੈਜਿਸਟਰੇਟ ਨੇ ਮਹੰਤ ਦੇ ਹੱਕ ਵਿਚ ਫੈਸਲਾ ਦੇ ਦਿਤਾ ਅਤੇ ਮੁਕਾਮੀ ਤਹਿਸੀਲਦਾਰ ਨੂੰ ਹੁਕਮ ਦਿਤਾ ਕਿ ਉਹ ਮਹੰਤ ਨੂੰ ਮੁੜ ਬਹਾਲ ਕਰੇ । ਸ. ਮਹਿਤਾਬ ਸਿੰਘ ਜੀ ਓਥੇ ਗਏ ਅਤੇ ਉਹਨਾ ਨੇ ਗੁਰਦੁਆਰੇ ਦੇ ਪਰਬੰਧ ਲਈ ਇਕ ਕਮੇਟੀ ਬਣਾ ਦਿਤੀ । "**ਮੈਜਿਸਟਰੇਟ ਵਲੋਂ (ਅਕਾਲੀਆਂ ਨੂੰ) ਬਾਹਰ ਕਢ ਦੇਣ ਦੇ ਹੁਕਮਾਂ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਕਰ ਦਿਤਾ ਗਿਆ । ਓਦੋਂ ਤੋਂ ਅਕਾਲੀਆਂ ਨੇ ਗੁਰਦੁਆਰੇ ਉਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਅਕਾਲੀਆਂ ਨੂੰ ਤਾਕਤ ਦੀ ਵਰਤੋਂ ਕਰਕੇ ਕਢ ਦੇਣ ਨੂੰ ਅਨ-ਉਚਿਤ ਖਿਆਲ ਕੀਤਾ ਗਿਆ ਹੈ ।**"[1]

2. ਗੌਰਮਿੰਟ ਨੇ ਕੌਮੀ ਦਰਦ ਦੇ ਐਡੀਟਰ ਕਪੂਰ ਸਿੰਘ ਅਤੇ ਪਰਿੰਟਰ ਫਤੂ ਸਿੰਘ ਉਤੇ ਪਹਿਲੀ ਤੇ ਪੰਜਵੀਂ ਜਨਵਰੀ 1925 ਦੇ ਪਰਚਿਆਂ ਉਤੇ ਮੁਕੱਦਮਾ ਚਲਾਇਆ ਅਤੇ ਇਸੇ ਤਰ੍ਹਾਂ ਬਬਰ ਸ਼ੇਰ ਦੇ ਐਡੀਟਰ ਵਗੈਰਾ ਉਤੇ 11 ਫਰਵਰੀ ਦੇ ਪਰਚੇ ਉਤੇ। ਓਸੇ ਜੁਰਮ ਥੱਲੇ ਇਕ ਹੋਰ ਮੁਕਦਮਾ ਦਾਇਰ ਕੀਤਾ । ਦੋਹਾਂ ਅਖਬਾਰਾਂ ਨੇ ਨਾਭਾ ਜੇਲ੍ਹ ਦੇ ਅਤਿਆਚਾਰਾਂ ਬਾਰੇ (ਖਿਲਾਫ ਕਾਨੂੰਨ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਲੂੰ-ਕੰਡੇ ਕਰਨ ਵਾਲਾ ਏਲਾਨ ਛਾਪਿਆ ਸੀ । ਓਧਰ ਗੁਰਦੁਆਰਾ ਬਿਲ ਬੰਨੇ ਲੱਗਣ ਵਾਲਾ ਸੀ ।

ਇਹਨਾਂ ਮੁਕੱਦਮਿਆਂ ਦੇ ਚਲਾਉਣ ਬਾਰੇ ਗੌਰਮਿੰਟ ਦੇ ਘਰ ਮੁੜ ਵਿਚਾਰ ਹੋਈ । ਜੇ ਮੁਕੱਦਮੇ ਚਲਾਏ ਜਾਂਦੇ ਨੇ ਤਾਂ "ਨਾਭਾ ਦੇ ਅਫਸਰਾਂ ਨੂੰ ਗੁਆਹਾਂ ਦੇ ਤੌਰ ਤੇ ਬੁਲਾਇਆ ਜਾਏਗਾ ਅਤੇ ਉਹਨਾਂ ਉਤੇ ਲੰਮੀ-ਚੌੜੀ ਜਿਰਹ ਕੀਤੀ ਜਾਏਗੀ । ਇਸ ਨਾਲ ਨਾਭੇ ਵਿਚ ਹੋਏ ਤਸੀਹਿਆਂ ਦੀਆਂ ਕਹਾਣੀਆਂ ਵਿਚ ਮੁੜ ਦਿਲਚਸਪੀ ਜਾਗ ਪਏਗੀ । ਇਸ ਦਾ ਸਿੱਟਾ ਇਸ ਮੌਕੇ ਤੇ ਅਣ-ਚਾਹਵਾਂ ਹੋਵੇਗਾ ਜਦੋਂ ਕਿ ਹਾਲਾਤ ਸੁਖਾਵੇਂ ਹੋ ਰਹੇ ਹਨ ਅਤੇ......ਸਿੱਖ ਤੇ ਸ਼੍ਰੋਮਣੀ ਕਮੇਟੀ ਚੰਗਾ ਵਾਅ-ਮੰਡਲ ਪੈਦਾ ਕਰਨ ਵਿਚ ਦਿਲਚਸਪੀ ਲੈ ਰਹੇ ਹਨ । ਇਸ ਲਈ ਇਹਨਾਂ ਆਮ ਕਾਰਣਾਂ ਕਰ ਕੇ ਮੁਕੱਦਮਾ ਡਿੱਗ ਜਾਣ ਦੇਣਾ ਚਾਹੀਦਾ ਹੈ ।"

ਪਰ 14 ਮਾਰਚ ਨੂੰ ਗੌਰਮਿੰਟ ਨੇ ਮੁਕੱਦਮਾ ਚਲਾਉਣ ਦਾ ਅਖਬਾਰਾਂ ਵਿਚ ਏਲਾਨ ਕਰ ਦਿੱਤਾ ਸੀ । ਸਵਾਲ ਇਸ ਵਿਚੋਂ ਨੱਕ ਰੱਖ ਕੇ ਨਿਕਲਣ ਦਾ ਸੀ । ਹੇਲੀ ਨੇ ਮੰਨਿਆ ਕਿ "ਗੌਰਮਿੰਟ ਗਲਤ ਪੁਜ਼ੀਸ਼ਨ ਵਿਚ ਫਸ ਗਈ ਹੈ ।" ਬੜੀ ਲਿਖਾ-ਪੜ੍ਹੀ ਤੇ ਦਲੀਲਬਾਜ਼ੀ ਪਿਛੋਂ ਫੈਸਲਾ ਕੀਤਾ ਗਿਆ ਕਿ ਮੁਕਦਮੇ ਨੂੰ ਚੁਪ ਚਾਪ ਡਿੱਗ ਜਾਣ ਦਿੱਤਾ ਜਾਵੇ ।[2] ਏਥੇ ਰਾਜਸੀ ਮਸਲਿਹਤ ਨੇ ਕਾਨੂੰਨ ਨੂੰ ਬੇ-ਹਰਕਤ ਕਰ ਦਿੱਤਾ ।

3. 26 ਫਰਵਰੀ 1924 ਨੂੰ ਸੰਟਰਲ ਅਸੰਬਲੀ ਵਿਚ ਸ: ਕਰਤਾਰ ਸਿੰਘ ਵਲੋਂ ਪੇਸ਼ ਕੀਤੇ ਗਏ ਸਰਦਾਰ ਖੜਕ ਸਿੰਘ ਦੀ ਰਿਹਾਈ ਦੇ ਮਤੇ ਉਤੇ ਬਹਿਸ ਹੋਈ । ਮਤਾ ਪਾਸ ਹੋ ਗਿਆ । ਤਕਰੀਰਾਂ ਵਿਚ ਸਰਦਾਰ ਜੀ ਨੂੰ ਹਥਿਆਰਾਂ ਦੇ ਕਾਨੂੰਨ ਥੱਲੇ ਦਿੱਤੀ ਗਈ ਇਕ

[1] V. W. Smith's note on the Akali Dal & S. G. P. C. no. 9 .

[2] File 88/I/1925 (Part B. deposit)

Digitized by Panjab Digital Library | www.panjabdigilib.org

ਸਾਲ ਦੀ ਸਜ਼ਾ ਗੈਰ-ਕਾਨੂੰਨੀ ਠਹਿਰਾਈ ਗਈ। ਅਤੇ ਇਸ ਦੇ ਸਬੂਤ ਵਿਚ ਸ: ਸੁੰਦਰ ਸਿੰਘ ਮਜੀਠੀਆ ਦਾ ਪੰਜਾਬ ਕੌਂਸਲ ਵਿਚ ਦਿਤਾ ਬਿਆਨ ਪੇਸ਼ ਕੀਤਾ ਗਿਆ ਕਿ "ਗੌਰਮਿੰਟ ਨੇ ਇਸ ਕਿਸਮ ਦੇ ਜੁਰਮਾਂ ਦੇ ਮੁਕੱਦਮੇ ਵਾਪਸ ਲੈ ਲਏ ਸਨ।" ਅਤੇ ਹੋਮ ਸੈਕਟਰੀ ਕਰੀਰਾਰ ਨੇ ਇਕਬਾਲ ਕੀਤਾ ਕਿ "ਮੁਕੱਦਮੇ ਵਿਚ ਕੁਛ ਨਾ-ਤਸੱਲੀਬਖਸ਼ ਤੱਤ ਸਨ, ਬਾਹਲਾ ਇਸ ਕਾਰਣ ਕਰ ਕੇ ਕਿ ਮੁਲਜ਼ਮ ਨੇ ਆਪਣੀ ਸਫਾਈ ਪੇਸ਼ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਬਦਨਾਮ ਕਿਸਮ ਦੇ ਅੱਤਵਾਦੀ ਖਿਆਲਾਂ ਦਾ ਅਕਾਲੀ ਹੈ।"[1] ਸਾਫ ਜ਼ਾਹਰ ਹੈ ਕਿ ਇਸ ਕੇਸ ਵਿਚ ਵੀ ਕਾਨੂੰਨ ਅੱਖਾਂ ਮੀਟ ਕੇ ਘੂਕ ਸੌਂ ਗਿਆ ਸੀ ਕਿਉਂਕਿ ਰਾਜਸੀ ਮਸਲਿਹਤ ਸਰਦਾਰ ਖੜਕ ਸਿੰਘ ਨੂੰ ਇਸ ਲਈ ਰਿਹਾ ਨਹੀਂ ਸੀ ਕਰਨਾ ਚਾਹੁੰਦੀ ਕਿਉਂਕਿ ਉਹ 'ਬਦਨਾਮ ਕਿਸਮ ਦੇ ਅੱਤਵਾਦੀ ਖਿਆਲਾਂ' ਦਾ ਸੀ।

4. ਮੁਸਲਮਾਨਾਂ ਦੇ ਤਿੰਨ ਉੱਘੇ ਆਗੂ, ਡਾਕਟਰ ਸੈਫੁੱਦੀਨ ਕਿਚਲੂ, ਮੁਹੰਮਦ ਅਲੀ ਅਤੇ ਸ਼ੌਕਤ ਅਲੀ ਕਰਾਚੀ ਵਿਚ ਇਸ ਲਈ ਕੈਦ ਕਰ ਦਿੱਤੇ ਗਏ ਕਿਉਂਕਿ ਉਹਨਾਂ ਨੇ ਮੁਸਲਿਮ ਮੁਫਤੀਆਂ ਦਾ ਫਤਵਾ—ਪੁਲਸ ਤੇ ਫੌਜ ਦੀ ਨੌਕਰੀ ਹਰਾਮ ਹੈ—ਆਪਣੀਆਂ ਤਕਰੀਰਾਂ ਵਿਚ ਬਿਆਨ ਕੀਤਾ ਸੀ। ਉਹਨਾਂ ਦੇ ਕੈਦ ਹੋ ਜਾਣ ਪਿਛੋਂ ਮਹਾਤਮਾ ਗਾਂਧੀ ਨੇ ਵੀ ਇਹ ਫਤਵਾ ਦੁਹਰਾਉਣਾ ਸ਼ੁਰੂ ਕਰ ਦਿੱਤਾ ਜਿਸ ਤੇ ਗਵਰਨਰ-ਜਨਰਲ-ਇਨ-ਕੌਂਸਲ ਦੇ ਸਾਮ੍ਹਣੇ ਉਹਨਾਂ ਦੀ ਗਰਿਫਤਾਰੀ ਦਾ ਸਵਾਲ ਉਠਿਆ। ਇਸ ਤੇ ਲਾਅ-ਮਿੰਬਰ ਤੇਜ ਬਹਾਦਰ ਸਪਰੂ ਨੇ ਇਕ ਤਕੜਾ ਨੋਟ ਲਿਖਿਆ : "ਇਹ ਏਨਾ ਕਾਨੂੰਨ ਦਾ ਸਵਾਲ ਨਹੀਂ ਜਿੰਨਾ ਕਿ ਰਾਜਸੀ ਮਸਲਿਹਤ ਦਾ ਹੈ।......ਜੇਲ੍ਹ ਦੀ ਦਹਿਸ਼ਤ ਬਾਹਲੇ ਲੋਕਾਂ ਲਈ ਜਾਂਦੀ ਰਹੀ ਹੈ ਅਤੇ ਕੈਦ ਸਮਾਜੀ ਬੇਇਜ਼ਤੀ ਦੀ ਥਾਂ ਦੇਸ਼ ਭਗਤੀ ਦਾ ਚਿੰਨ੍ਹ ਬਣ ਗਈ ਹੈ।" ਇਸ ਲਈ ਵਾਈਸਰਾਏ ਵੀ ਇਸ ਰਾਏ ਦਾ ਹੋ ਗਿਆ ਸੀ ਕਿ 'ਗਾਂਧੀ ਨੂੰ ਹੱਥ ਨਹੀਂ ਪਾਉਣਾ ਚਾਹੀਦਾ।'[2] ਇਸ ਤਰ੍ਹਾਂ ਗਾਂਧੀ ਨੂੰ ਗਰਿਫਤਾਰ ਨਹੀਂ ਸੀ ਕੀਤਾ ਗਿਆ।

ਉਤਲੀਆਂ ਮਿਸਾਲਾਂ ਤੋਂ ਸਪਸ਼ਟ ਹੁੰਦਾ ਹੈ ਕਿ 'ਕਾਨੂੰਨ' ਗੌਰਮਿੰਟ ਦੇ ਹੱਥ ਵਿਚ ਕੁਲੱਕੜ ਤੇ ਅਣ-ਲਿਫਵਾਂ ਹਥਿਆਰ ਨਹੀਂ, ਲਚਕਦਾਰ ਹਥਿਆਰ ਹੈ ਅਤੇ ਇਹ ਰਾਜਸੀ ਮਸਲਿਹਤ ਦੇ ਅਧੀਨ ਕੰਮ ਕਰਦਾ ਹੈ। ਲਹਿਰ ਕਮਜ਼ੋਰ ਹੋਵੇ ਤਾਂ ਇਹ ਦੈਂਤ ਵਾਲੇ ਭਿਆਨਕ ਦੰਦ ਕੱਢ ਕੇ ਪੈਂਦਾ ਹੈ ਅਤੇ ਖੌਰੂ ਪਾ ਪਾ ਹਰ ਪਾਸੇ ਸਿੰਗ ਮਾਰਦਾ ਫਿਰਦਾ ਹੈ। ਪਰ ਜੇ ਤਹਿਰੀਕ ਮਜ਼ਬੂਤ ਤੇ ਉਤਾਂਹ ਚੜ੍ਹ ਰਹੀ ਹੋਵੇ ਤਾਂ ਇਹ ਆਪਣੇ ਸਿੰਗ, ਭਉ ਮਕੌੜੇ ਵਾਂਗ, ਆਪਣੇ ਅੰਦਰ ਕਰ ਲੈਂਦਾ ਹੈ ਅਤੇ ਰਾਜਸੀ ਮਸਲਿਹਤ ਨੂੰ ਨਵੇਂ ਦਾਅ ਲਾਉਣ ਦਾ ਮੌਕਾ ਦੇਂਦਾ ਹੈ।

[1] File no. 144—Proceedings part B. 1924.

[2] File no. 303. Serial no, 1-48, Simla Records, 1921.

Digitized by Panjab Digital Library | www.panjabdigilib.org

# ਪੂਰਕ ਜਾਣਕਾਰੀ

## ਖੰਡ ਪਹਿਲਾ

### 1. ਸ: ਮੰਗਲ ਸਿੰਘ

(ਵੇਖੋ ਸਫਾ 22, ਪੈਰਾ ਪਹਿਲਾ)

'ਸਿੱਖ ਸਾਜ਼ਸ਼' ਦੀ ਖੁਫ਼ੀਆ ਫਾਈਲ ਵਿਚ ਇਹਨਾ ਬਾਰੇ ਇਹ ਲਿਖਿਆ ਹੈ : ਪਿਤਾ ਦਾ ਨਾਮ ਜ਼ੈਲਦਾਰ ਕਪੂਰ ਸਿੰਘ, ਜ਼ਾਤ ਗਿੱਲ ਜੱਟ, ਚੱਕ 208, ਜ਼ਿਲਾ ਲਾਇਲਪੁਰ। ਜੰਗ ਵਿਚ ਇਸ ਦੇ ਪਿਤਾ ਤੇ ਇਸ ਦੀਆਂ ਸੇਵਾਵਾਂ ਦੇ ਕਾਰਨ ਇਸ ਨੂੰ ਤਹਿਸੀਲਦਾਰ ਨਿਯੁਕਤ ਕੀਤਾ ਗਿਆ ਸੀ। ਇਹ ਪੰਜਾਬ ਯੂਨੀਵਰਸਿਟੀ ਬਿਰਗੇਡ, ਸਿਗਨਲ ਭਾਗ ਵਿਚ ਸ਼ਾਮਲ ਹੋਇਆ ਸੀ ਅਤੇ ਰਿਆਇਤ ਦੇ ਤੌਰ ਤੇ ਇਸ ਨੂੰ ਬੀ. ਏ. ਦੀ ਡਿਗਰੀ ਦਿੱਤੀ ਗਈ ਸੀ। ਮਾਲ ਗੁਜ਼ਾਰੀ ਦੀ ਸਿੱਖਿਆ ਲੈ ਰਿਹਾ ਸੀ ਜਦੋਂ ਇਸ ਨੇ ਗੌਰਮਿੰਟ ਦੀ ਸਰਵਿਸ ਵਿਚ ਸ਼ਾਮਲ ਹੋਣ ਦਾ ਖਿਆਲ ਛੱਡ ਦਿੱਤਾ ਅਤੇ 'ਅਕਾਲੀ' ਰੋਜ਼ਾਨਾ ਦੀ ਐਡੀਟਰੀ ਸੰਭਾਲ ਲਈ—ਇਹ ਅਕਾਲੀ ਇਤਰਾਜ਼-ਯੋਗ ਕੌਮੀ ਪਤਕਾਸ਼ਨਾ ਸੀ।

ਇਸ ਉੱਤੇ ਇਸ ਅਖਬਾਰ ਵਿਚ ਕੁਛ ਅਤਿਅੰਤ ਬਗਾਵਤੀ ਲੇਖ ਲਿਖਣ ਕਰਕੇ ਮੁਕੱਦਮਾ ਚਲਾਇਆ ਗਿਆ ਸੀ ਅਤੇ ਇਸ ਨੂੰ 3.12.1920 ਨੂੰ ਦਫਾ 124-ਏ ਥੱਲੇ 3 ਸਾਲ ਸਖਤ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿੱਤੀ ਗਈ। ਜੁਰਮਾਨਾ ਨਾ ਦੇਵੇ ਤਾਂ ਇਕ ਸਾਲ ਹੋਰ ਕੈਦ। ਦੋਵੇਂ ਕੈਦਾਂ ਇਕੱਠੀਆਂ ਕਟਣੀਆਂ ਸਨ।

ਇਸ ਨੂੰ 1923 ਵਿਚ ਜ਼ਿਲਾ ਲੁਧਿਆਣਾ ਵਲੋਂ ਸ਼੍ਰੋਮਣੀ ਕਮੇਟੀ ਦਾ ਮਿੰਬਰ ਚੁਣ ਲਿਆ ਗਿਆ ਅਤੇ ਐਗਜ਼ੈਕਟਿਵ ਕਮੇਟੀ ਦਾ ਮਿੰਬਰ ਨਿਯੁਕਤ ਕਰ ਲਿਆ ਗਿਆ। 1923 ਵਿਚ ਅਕਾਲੀ ਆਗੂਆਂ ਦੇ ਸਾਜ਼ਸ਼ ਕੇਸ ਵਿਚ ਵੀ ਧਰ ਲਿਆ ਗਿਆ ਸੀ ਪਰ ਇਸ ਦਾ ਮੁਕੱਦਮਾ ਵਾਪਸ ਲੈ ਲਿਆ ਗਿਆ (ਜੇਲ੍ਹ ਵਿਚ ਪਹਿਲੋਂ ਹੀ ਹੋਣ ਕਰਕੇ) ਇਹ ਬੜੀ ਭੈੜੀ ਕਿਸਮ ਦਾ ਅੱਤਵਾਦੀ ਆਗੂ ਹੈ।" (ਜੁਰਮਾਨਾ ਇਸ ਦਾ ਅਮਰੀਕਾ ਦੇ ਦੇਸ਼ ਭਗਤਾਂ ਤਾਰ ਦਿੱਤਾ ਸੀ)[1]

### 2. ਗਿਆਨੀ ਹੀਰਾ ਸਿੰਘ ਦਰਦ

(ਵੇਖੋ ਸਫਾ 24, ਅਖੀਰੀ ਪੈਰਾ)

ਆਪ ਦਾ ਜਨਮ 30 ਸਤੰਬਰ 1889 ਨੂੰ ਪਿੰਡ ਘਘਰੋਟ ਜ਼ਿਲਾ ਰਾਵਲਪਿੰਡੀ ਵਿਚ ਹੋਇਆ। ਪਿਤਾ ਦਾ ਨਾਮ ਭਾਈ ਹਰੀ ਸਿੰਘ ਨਿਰੰਕਾਰੀ ਸੀ। ਉਹ ਅੰਗਰੇਜ਼ੀ ਦੀ ਮੈਟਰਕ ਤੇ ਗਿਆਨੀ ਪਾਸ ਸਨ। ਆਜ਼ਾਦੀ ਲਈ ਕਵਿਤਾ ਲਿਖਣ ਦੀ ਪਰੰਪਰਾ ਉਹਨਾ ਨੇ ਸ਼ੁਰੂ ਕੀਤੀ।

---

[1] File no. 235/1926—Home—pol.

Digitized by Panjab Digital Library | www.panjabdigilib.org

ਉਹਨਾ ਨੇ ਗੁਰਦੁਆਰਾ ਸੁਧਾਰ ਤੇ ਆਜ਼ਾਦੀ ਲਈ ਬੜੀਆਂ ਟੁੰਬਵੀਆਂ ਕਵਿਤਾਵਾਂ ਲਿਖੀਆਂ ਅਤੇ ਰੋਜ਼ਾਨਾ ਅਕਾਲੀ ਦੇ ਨਿਕਲਣ ਦੇ ਕੁਛ ਦਿਨ ਪਿਛੋਂ ਹੀ ਸੰਪਾਦਕੀ ਸਟਾਫ ਵਿਚ ਬੁਲਾ ਲਏ ਗਏ। ਉਹ ਅਕਾਲੀ ਦੇ ਐਡੀਟਰ ਵੀ ਰਹੇ ਅਤੇ ਤਿੰਨ ਚਾਰ ਵਾਰ ਸਿਰਫ ਅਕਾਲੀ ਦੇ ਸੰਪਾਦਕ ਹੁੰਦਿਆਂ ਹੀ ਕੈਦ ਹੋਏ।

ਉਹ ਆਪਣੇ ਜੀਵਨ ਵਿਚ ਹਰ ਅਗਾਂਖੜੀ ਤਹਿਰੀਕ ਵਿਚ ਛਾਤੀ ਡਾਹ ਕੇ ਲੜਦੇ ਰਹੇ ਅਤੇ ਕਈ ਆਗੂਆਂ ਵਾਂਗ, ਹਾਰ ਹੁਟ ਕੇ ਨਹੀਂ ਸਨ ਬੈਠ ਗਏ । ਉਹ ਖ਼ੁਦ ਲਿਖਦੇ ਹਨ : "ਕੋਈ ਆਗੂ ਦਸ ਮੀਲ ਚਲ ਕੇ ਥਕ ਜਾਂਦਾ ਹੈ, ਕੋਈ ਵੀਹ ਮੀਲ ਚਲ ਕੇ ਹਾਰ ਜਾਂਦਾ ਹੈ, ਕੋਈ ਚਾਲੀ ਮੀਲ ਤਕ ਦਮ ਤੋੜ ਕੇ ਬੈਠ ਜਾਂਦਾ ਹੈ ਪਰ ਜਨਤਾ ਅਗੇ ਹੀ ਅਗੇ ਵਧਦੀ ਜਾਂਦੀ ਹੈ। ਜਿਸ ਨੇਤਾ ਦੀਆਂ ਜੜ੍ਹਾਂ ਜਨਤਾ ਵਿਚ ਹੁੰਦੀਆਂ ਹਨ ਅਤੇ ਜਿਹੜਾ ਜਨਤਾ ਨਾਲ ਇਕ ਮਿਕ ਹੋ ਕੇ ਰਹਿੰਦਾ ਹੋਇਆ ਘੋਲ ਜਾਰੀ ਰਖਦਾ ਹੈ, ਉਹ ਜੀਵਨ ਭਰ ਨਹੀਂ ਥੱਕਦਾ।"

ਅਤੇ ਦਰਦ ਜੀ—ਬੜੀ ਵੱਡੀ ਸੋਭਾ ਦੀ ਗੱਲ—ਜੀਵਨ ਭਰ ਜਨਤਾ ਲਈ ਘੋਲ ਲੜਦੇ ਨਹੀਂ ਸਨ ਥੱਕੇ ਅਤੇ ਸੱਚੇ ਦੇਸ਼ ਭਗਤ ਵਾਂਗ ਅਖੀਰ ਵਿਚ ਮਾਰਕਸਵਾਦੀ ਬਣਕੇ ਜਨਤਾ ਦੇ ਮੋਰਚਿਆਂ ਵਿਚ ਤਿੰਨ ਚਾਰ ਵਾਰ ਕੈਦ ਵੀ ਹੋਏ ਅਤੇ ਨਜ਼ਰਬੰਦ ਵੀ ਹੁੰਦੇ ਰਹੇ।

ਉਹ ਕਈਆਂ ਅਖਬਾਰਾਂ ਦੇ ਐਡੀਟਰ ਰਹੇ ਅਤੇ ਫੇਰ ਉਹਨਾਂ ਨੇ ਦੋ ਮਾਸਕ ਪੱਤਰ ਖ਼ੁਦ ਚਲਾਏ–ਫੁਲਵਾੜੀ ਤੇ ਫੁਲੇਰਨ। ਫੁਲਵਾੜੀ ਨੇ ਪੰਜਾਬੀ ਸਾਹਿਤ ਦੀ ਬੜੀ ਸੇਵਾ ਕੀਤੀ ਅਤੇ ਪੰਜਾਬੀ ਸਾਹਿਤ ਨੂੰ ਚੰਗੀ ਉੱਚੀ ਪੱਧਰ ਤੇ ਛੱਡ ਕੇ ਬੰਦ ਹੋ ਗਈ। ਫੁਲਵਾੜੀ ਵਿਚ ਅਕਾਲੀ ਤਹਿਰੀਕ ਤੇ ਅਕਾਲੀ ਆਗੂਆਂ ਦੀਆਂ ਜੀਵਨੀਆਂ ਸੰਬੰਧੀ ਬੜੀ ਸਮੱਗਰੀ ਮਿਲਦੀ ਹੈ।

ਉਹਨਾ ਨੇ ਜੇਲ੍ਹਾਂ ਵਿਚ ਬੜਾ ਕੁਝ ਪੜ੍ਹਿਆ ਅਤੇ ਲਿਖਿਆ। ਮਿਹਨਤੀ ਬਹੁਤ ਸਨ। ਉਹਨਾ ਦੀਆਂ ਸਰਗਰਮੀਆਂ ਦਾ ਕੇਂਦਰ ਪਹਿਲੋਂ ਲਾਹੌਰ ਸੀ। ਦੇਸ਼ ਦੀ ਵੰਡ ਪਿਛੋਂ 1947 ਵਿਚ ਜਲੰਧਰ ਆ ਗਏ। ਏਥੇ ਉਹਨਾ ਨੇ ਫੁਲਵਾੜੀ ਗਿਆਨੀ ਕਾਲਜ ਚਲਾਇਆ ਜਿਹੜਾ ਕਿ ਹੁਣ ਤਕ ਉਹਨਾ ਦਾ ਪੁੱਤਰ ਰਣਧੀਰ ਸਿੰਘ ਚਲਾ ਰਿਹਾ ਹੈ।

ਆਪ ਬਰਿਟਿਸ਼ ਸਾਮਰਾਜ ਦੇ ਕਟੜ ਦੁਸ਼ਮਣ ਅਤੇ ਆਜ਼ਾਦੀ ਦੇ ਮਤਵਾਲੇ ਸਨ। ਉਹ ਇਤਿਹਾਸ ਵਿਚ ਆਪਣੀਆਂ ਪੈੜਾਂ ਛੱਡ ਗਏ ਹਨ ਅਤੇ ਇਹ ਮਾਣ ਹਾਰੀ-ਸਾਰੀ ਨੂੰ ਨਸੀਬ ਨਹੀਂ ਹੁੰਦਾ।

## 3. ਸ: ਸਰਦੂਲ ਸਿੰਘ ਕਵੀਸ਼ਰ

(ਵੇਖੋ ਸਫਾ 26, ਪੈਰਾ ਦੂਜਾ)

ਸ: ਸਰਦੂਲ ਸਿੰਘ ਕਵੀਸ਼ਰ ਸਿੱਖਾਂ ਦੇ ਚੋਟੀ ਦੇ ਆਗੂਆਂ ਵਿਚੋਂ ਸਿਰਕਢ ਆਗੂ ਸਨ। ਆਪ ਨੂੰ ਰਾਜਨੀਤੀ ਤੇ ਸਿੱਖ ਧਰਮ ਦੀ ਬੜੀ ਸੂਝਦਾਰੀ ਸੀ, ਅਤੇ ਦੇਸ਼ ਤੇ ਗੁਰਦੁਆਰਿਆਂ ਦੀ ਆਜ਼ਾਦੀ ਦੀ ਬੜੀ ਲਗਨ। ਆਪ ਸੰਟਰਲ ਸਿੱਖ ਲੀਗ ਦੇ ਜਨਰਲ ਸਕੱਤਰ ਸਨ ਅਤੇ ਇਸ ਦੀ ਦੂਜੀ ਜਨਰਲ ਬੈਠਕ ਵਿਚ ਗੌਰਮਿੰਟ ਦੇ ਖਿਲਾਫ ਨਾ-ਮਿਲਵਰਤਨ ਦਾ ਮਤਾ ਪੇਸ਼ ਤੇ ਪਾਸ ਕਰਾਣ ਵਾਲੇ। ਆਪ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਪਬਲਿਸਟੀ ਕਮੇਟੀ ਦੇ ਵੀ ਸਕੱਤਰ ਸਨ ਅਤੇ ਗੌਰਮਿੰਟ ਦੇ ਝੂਠੇ ਪਰੋਪੈਗੰਡੇ ਦਾ ਪਾਜ ਉਘੇੜਨ ਲਈ ਕਾਂਗਰਸ ਤੇ ਖਿਲਾਫਤ

Digitized by Panjab Digital Library | www.panjabdigilib.org

ਦੇ ਆਗੂਆਂ ਨੂੰ ਝਟ ਪਟ ਲਾਮਬੰਦ ਕਰ ਲੈਂਦੇ ਸਨ । ਆਪ ਸ਼੍ਰੋਮਣੀ ਕਮੇਟੀ ਵਿਚ ਨਾ-ਮਿਲਵਰਤਨ ਪਾਸ ਕਰਾਣ ਵਾਲਿਆਂ ਵਿਚ ਵੀ ਸ਼ਾਮਲ ਸਨ । ਪੰਜਾਬ ਦੀ ਕੌਮੀ ਕਾਂਗਰਸ ਨੇ ਉਹਨਾ ਨੂੰ ਆਪਣਾ ਸਕੱਤਰ ਚੁਣਿਆ ਹੋਇਆ ਸੀ ।

ਸਰਦਾਰ ਜੀ ਨੇ 13 ਮਾਰਚ ਤੋਂ 21 ਮਾਰਚ 1921 ਤਕ ਦੇ ਅਕਾਲੀ ਵਿਚ ਨਨਕਾਣੇ ਸਾਹਿਬ ਦੇ ਸਾਕੇ ਉਤੇ ਲੇਖਾਂ ਦੀ ਇਕ ਲੜੀ ਲਿਖੀ ਸੀ ਜਿਸ ਵਿਚ ਸਰਕਾਰੀ ਅਫਸਰਾਂ ਦੀ 'ਫਰਜ਼ਾਂ ਦੀ ਕੋਤਾਹੀ' ਦੀ ਸਖਤ ਨੁਕਤਾਚੀਨੀ ਕੀਤੀ ਸੀ । ਇਹ ਲੇਖ ਕਾਨੂੰਨ ਦੀ ਜ਼ਦ ਵਿਚ ਨਹੀਂ ਸਨ ਆਉਂਦੇ । ਪਰ ਸਰਕਾਰ ਸਰਦਾਰ ਜੀ ਵਰਗੇ ਗਰਮ-ਖਿਆਲ ਆਗੂ ਨੂੰ ਬਾਹਰ ਨਹੀਂ ਸੀ ਰਹਿਣ ਦੇਣਾ ਚਾਹੁੰਦੀ । ਇਸ ਲਈ ਉਹਨਾ ਨੂੰ 27 ਮਈ ਨੂੰ ਇਹਨਾਂ ਲੇਖਾਂ ਦੀ ਬਿਨਾ ਤੇ ਫੜ ਲਿਆ ਗਿਆ ਅਤੇ ਇਕ ਮੁਕੱਦਮੇ ਦਾ ਢੋਂਗ ਰਚਾ ਕੇ ਦਫਾ 125–ੳ, ਦੇ ਥੱਲੇ 5 ਸਾਲ ਦੀ ਸਖਤ ਸਜ਼ਾ ਦੇ ਕੇ ਜੇਲ੍ਹ ਵਿਚ ਧੱਕ ਦਿੱਤਾ ਗਿਆ । ਆਪ ਨੇ ਜਿਹੜਾ ਧੜੱਲੇਦਾਰ ਬਿਆਨ ਇਸ ਮੁਕੱਦਮੇ ਵਿਚ ਦਿੱਤਾ, ਉਹ ਇਤਿਹਾਸਕ ਰੁਤਬਾ ਰਖਦਾ ਹੈ ।

ਸਰਦਾਰ ਜੀ 15 ਅਗਸਤ 1925 ਨੂੰ ਰਿਹਾ ਹੋ ਕੇ ਆਏ ਅਤੇ ਆਉਂਦੇ ਹੀ ਧਾਰਮਕ ਤੇ ਰਾਜਸੀ ਕੰਮਾਂ ਵਿਚ ਜੁੱਟ ਗਏ । ਹੇਲੀ ਨੇ ਉਹਨਾ ਦੀ ਰਿਹਾਈ ਉਤੇ ਆਖਿਆ ਕਿ "ਉਸ ਦੀ ਰਿਹਾਈ ਨਾਲ ਗਰਮ-ਖਿਆਲ ਧੜਾ ਮਜ਼ਬੂਤ ਹੋਇਆ ਹੈ ।" ਹੇਲੀ ਨੇ ਉਹਨਾ ਬਾਰੇ ਇਹ ਵੀ ਲਿਖਿਆ ਸੀ : 'ਪੱਕਾ ਸੁਰਾਜੀਆ, ਬੜੀ ਸਾਹਿਤਕ ਯੋਗਤਾ ਵਾਲਾ' ਬੰਦਾ ।

ਉਸ ਨੇ ਐਮ. ਏ. ਦੀ ਪੜ੍ਹਾਈ ਵਿਚੇ ਛੱਡ ਕੇ ਦਿੱਲੀ ਵਿਚੋਂ 'ਸਿੱਖ ਰੀਵਿਊ' ਨਾਮ ਦਾ ਅੰਗਰੇਜ਼ੀ ਰਸਾਲਾ ਕੱਢਿਆ ਸੀ ਜਿਸ ਦੇ ਨਿਧੜਕ ਲੇਖਾਂ ਕਾਰਨ ਗੌਰਮਿੰਟ ਨੇ ਉਸ ਉੱਤੇ ਸੈਨਸਰ ਬਿਠਾ ਦਿੱਤਾ ਸੀ । ਫੇਰ ਲਾਹੌਰ ਤੋਂ 'ਨਿਊ ਹੈਰਲਡ' ਜਾਰੀ ਕੀਤਾ । ਮਾਰਸ਼ਲ ਲਾਅ 1919 ਦੇ ਦਿਨਾਂ ਵਿਚ ਕੈਦ ਕਰ ਦਿੱਤੇ ਗਏ ਪਰ ਕੁਛ ਸ਼ਰਤਾਂ ਤੇ ਬਾਹਰ ਆ ਗਏ । ਫੇਰ ਗਵਰਨਰ ਨੂੰ ਚਿੱਠੀ ਲਿਖ ਕੇ ਸ਼ਰਤਾਂ ਤੋੜ ਦਿੱਤੀਆਂ ਅਤੇ ਲਿਖਿਆ : ਫੜਨਾ ਜੇ ਤਾਂ ਬੇਸ਼ਕ ਫੜ ਲਓ । ਅਤੇ ਫੇਰ ਧਾਰਮਕ ਤੇ ਰਾਜਸੀ ਕੰਮਾਂ ਵਿਚ ਜੁੱਟ ਪਏ ।

ਰਿਹਾਈ ਪਿਛੋਂ ਉਹਨਾ ਨੇ ਪੰਜਾਬੀ ਦਾ 'ਸੰਗਤ' ਤੇ ਇਕ ਉਰਦੂ ਦਾ ਅਖਬਾਰ ਲਾਹੌਰੋਂ ਕੱਢਿਆ । ਇਸ ਦੇ ਇਕ ਦੋ ਐਡੀਟਰ ਵੀ ਕੈਦ ਹੋਏ । ਗੁਰਦੁਆਰਾ ਤਹਿਰੀਕ ਨੂੰ ਉਹਨਾ ਨੇ 'ਸਿੱਖਾਂ ਦੀ ਤੀਜੀ ਜੰਗ' ਦੀ ਹੈਸੀਅਤ ਦਿੱਤੀ ਸੀ । ਕੁਛ ਗਲਤੀਆਂ ਕਾਰਨ ਕਵੀਸ਼ਰ ਜੀ ਸਾਥੀਆਂ ਵਲੋਂ ਅਣ-ਰੋਏ, ਅਣ-ਸਲਾਹੇ ਅਤੇ ਅਣਗਾਂਵੇਂ ਸਾਨੂੰ ਵਿਛੋੜਾ ਦੇ ਗਏ ।

## 4. ਸ: ਦਾਨ ਸਿੰਘ ਵਿਛੋਆ

(ਵੇਖੋ ਸਫਾ 26, ਪੈਰਾ ਤੀਜਾ)

ਸ: ਦਾਨ ਸਿੰਘ ਦੇ ਪਿਤਾ ਡਾਕਟਰ ਗੰਗਾ ਸਿੰਘ ਰਾਏ ਬਹਾਦਰ ਸਨ ਅਤੇ ਉਹ ਕਈ ਸਰਕਾਰੀ ਹਸਪਤਾਲਾਂ ਵਿਚ ਸਿਵਲ ਸਰਜਨ ਰਹਿ ਚੁਕੇ ਸਨ । ਉਹਨਾ ਦਾ ਦਾਦਾ ਸ: ਹੀਰਾ ਸਿੰਘ ਗਦਰ ਵੇਲੇ ਕਮਿਸ਼ਨਡ ਅਫਸਰ ਸੀ । ਸਰਕਾਰੀ ਖਾਨਦਾਨ ਵਿਚੋਂ ਹੋਣ ਕਰਕੇ ਮਿਸਟਰ ਕਿੰਗ ਨੇ ਉਹਨਾਂ ਨੂੰ 'ਦਰਬਾਰੀ' ਬਣਾ ਦਿੱਤਾ ਸੀ । ਉਹ ਬੜਾ ਚਿਰ ਸਰਕਾਰ ਦੇ ਵਫਾਦਾਰ ਰਹੇ ਸਨ ਅਤੇ ਗੌਰਮਿੰਟ ਦੇ ਦਰਬਾਰਾਂ ਵਿਚ ਆਉਂਦੇ ਜਾਂਦੇ ਰਹਿੰਦੇ ਸਨ । ਉਸ ਵੇਲੇ ਉਹਨਾ ਦਾ

Digitized by Panjab Digital Library | www.panjabdigilib.org

ਚੀਫ ਖਾਲਸਾ ਦੀਵਾਨ ਨਾਲ ਸੰਬੰਧ ਸੀ ਅਤੇ ਉਹਨਾ ਨੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਆਪਣੇ ਪਿੰਡ ਵਿਛੋਏ ਵਿਚ ਸਿੰਘ ਸਭਾ ਕਾਨਫਰੰਸ ਵੀ ਕਰਾਈ ਸੀ।

ਪਰ ਪਹਿਲੋਂ 1919 ਦੇ ਜਲ੍ਹਿਆਂਵਾਲਾ ਬਾਗ ਦੇ ਅਤੇ ਪਿਛੋਂ ਨਨਕਾਣਾ ਸਾਹਿਬ ਦੇ ਕਤਲਾਮ ਨੇ ਉਹਨਾ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਅਤੇ ਉਹ ਧਾਰਮਕ ਤੇ ਰਾਜਸੀ ਖੇਤਰਾਂ ਵਿਚ ਚਲ ਰਹੀਆਂ ਲੜਾਈਆਂ ਵਿਚ ਸ਼ਾਮਲ ਹੋ ਗਏ। ਉਹਨਾ ਨੇ 1920 ਦੇ ਅਖੀਰਲੇ ਮਹੀਨੇ ਆਪਣੇ ਖਰਚ ਤੇ ਵਿਛੋਏ ਵਿਚ ਬੜੀ ਵੱਡੀ ਰਾਜਸੀ ਕਾਨਫਰੰਸ ਕਰਾਈ ਜਿਸ ਵਿਚ ਲਾਲਾ ਲਾਜਪਤ ਰਾਏ, ਆਗਾ ਸਫਦਰ, ਡਾ: ਸਤਪਾਲ ਜੇਹੇ ਉਘੇ ਆਗੂਆਂ ਨੇ ਹਿੱਸਾ ਲਿਆ। ਅਮਰਿਤਸਰ ਵਿਚ ਹੀ ਨਹੀਂ, ਪੰਜਾਬ ਭਰ ਵਿਚ ਇਹ ਆਪਣੀ ਕਿਸਮ ਦੀ ਪਹਿਲੀ ਰਾਜਸੀ ਕਾਨਫਰੰਸ ਸੀ।

ਆਪ ਸ਼ਹਿਰੀ ਕਾਂਗਰਸ ਕਮੇਟੀ ਦੇ, ਜ਼ਿਲ੍ਹਾ ਸਿੱਖ ਲੀਗ ਦੇ ਅਤੇ ਗੁਰਦੁਆਰਾ ਕਮੇਟੀ ਦੇ ਪਰਧਾਨ ਸਨ ਅਤੇ ਲੋਕਲ ਕਮੇਟੀ ਸਿਹੀ ਦਰਬਾਰ ਸਾਹਿਬ ਦੇ ਇਨਚਾਰਜ ਸਨ। ਅਮਰਿਤਸਰ ਵਿਚ ਹੋਏ ਸੂਬਾਈ ਸਿੱਖ ਲੀਗ ਦੇ ਅਜਲਾਸ ਦੇ ਆਪ ਸਵਾਗਤ ਕਮੇਟੀ ਦੇ ਚੇਅਰਮੈਨ ਸਨ। ਉਹ ਕਈ ਵਾਰ ਜੇਲ੍ਹ ਵਿਚ ਗਏ ਸਨ ਅਤੇ ਅਕਾਲੀ ਆਗੂਆਂ ਦੇ ਸਾਜ਼ਸ਼ ਕੇਸ ਵਿਚ ਲਗ ਭਗ ਢਾਈ ਸਾਲ ਲਾਹੌਰ ਕਿਲ੍ਹੇ ਵਿਚ ਰਹੇ ਸਨ।

ਆਪ ਬੜੇ ਨਿਧੜਕ ਤੇ ਦਰਸ਼ਨੀ ਜਵਾਨ ਸਨ। ਉਹ ਅਮਰਿਤਸਰੋਂ ਬਾਹਰ ਦੀ ਜਾਇਦਾਦ ਉੱਤੇ ਹੀ ਕੋਈ ਦੋ ਹਜ਼ਾਰ ਰੁਪਏ ਟੈਕਸ ਦੇਂਦੇ ਸਨ। ਉਹ ਚੰਗੇ ਖੁਦਦਾਰ ਪੁਰਖ ਸਨ। ਉਹ ਕਾਂਗਰਸੀਆਂ ਤੇ ਅਕਾਲੀਆਂ ਦੀ ਖੁਦ ਮਦਦ ਤਾਂ ਕਰ ਦੇਂਦੇ ਰਹੇ ਹਨ ਪਰ ਉਹਨਾ ਨੇ ਆਪਣੇ ਲਈ ਉਹਨਾਂ ਜਾਂ ਸਰਕਾਰਾਂ ਕੋਲੋਂ ਕਦੇ ਕੋਈ ਮਦਦ ਨਹੀਂ ਮੰਗੀ।

ਅੱਜ ਕਲ੍ਹ ਬੜੇ ਬੁਢੇ ਹੋ ਗਏ ਹਨ ਅਤੇ ਆਪਣੀ ਕੋਠੀ ਵਿਛੋਏ ਵਿਚ ਹੀ ਰਹਿੰਦੇ ਹਨ।

## ਖੰਡ ਦੂਜਾ

### 1. ਭਾਈ ਜੋਧ ਸਿੰਘ

(ਵੇਖੋ ਸਫਾ 137, ਪੈਰਾ ਪੰਜ)

"ਜੋਧ ਸਿੰਘ ਨੂੰ ਡਰ ਹੈ ਕਿ ਕਈ ਸਿੱਖ ਧਰਮ ਦੀ ਆੜ ਵਿਚ ਪੰਥ ਨੂੰ ਕਿਸੇ ਹੋਰ ਪਾਸੇ ਲੈ ਜਾ ਰਹੇ ਹਨ। ਪਰ ਹੋਰ ਸਿੱਖਾਂ ਨੂੰ ਇਹ ਡਰ ਹੈ ਕਿ ਆਪ ਇਸ ਹਮਦਰਦੀ ਦੀ ਆੜ ਵਿਚ ਸਿੱਖਾਂ ਨੂੰ ਓਡਵਾਇਰਸ਼ਾਹੀ ਦੀ ਗੁਲਾਮੀ ਵੱਲ ਲੈ ਜਾਣ ਦਾ ਜਤਨ ਕਰ ਰਹੇ ਹਨ......ਅਤੇ ਆਪਣੇ ਲੇਖ ਵਿਚ ਸਭ ਤੋਂ ਵੱਡੀ ਗੱਲ, ਤੇ ਜ਼ੁਲਮ ਵਾਲੀ ਗੱਲ ਇਹ ਕੀਤੀ ਹੈ ਕਿ ਜਦ ਸਰਕਾਰ ਇਕ ਮੰਗ ਮੰਨ ਲੈਂਦੀ ਹੈ ਤਾਂ ਦੂਜੀ ਵਧਾਈ ਜਾਂਦੀ ਹੈ। ਜਦ ਦੂਜੀ ਮੰਨਦੀ ਹੈ ਤਾਂ ਤੀਜੀ... ਇਹ ਨਿਰੋਲ ਝੂਠ ਹੈ। ਸਮਝੌਤੇ ਦੀ ਖਾਤਰ ਕਮੇਟੀ ਨੇ ਆਪਣੀ ਕੋਈ ਮੰਗ ਘਟਾਈ ਭਾਵੇਂ ਹੋਵੇ—ਦੱਸੋ ਕਮੇਟੀ ਨੇ ਕਿਹੜੀ ਮੰਗ ਵਧਾਈ ਹੈ।"[1]

---

[1] ਅਕਾਲੀ ਤੇ ਪ੍ਰਦੇਸੀ : ਅਕਤੂਬਰ 1922.

Digitized by Panjab Digital Library | www.panjabdigilib.org

## 2. ਕਮੇਟੀ ਤੇ ਰਾਜਸੀ ਸਰਗਰਮੀਆਂ

(ਵੇਖੋ ਸਫਾ 148 ਦੀਆਂ ਪਹਿਲੀਆਂ 4 ਪਾਲਾਂ)

ਸ਼੍ਰੋਮਣੀ ਕਮੇਟੀ ਰਾਜਸੀ ਜਥੇਬੰਦੀ ਨਹੀਂ ਸੀ। ਪਰ ਇਕ ਛੋਟੇ ਫਿਰਕੇ ਵਿਚ, ਰਾਜਸੀ ਨੀਤੀਵਾਨ, ਸਮਾਜੀ ਜਾਂ ਧਾਰਮਕ ਸੁਧਾਰਕ ਆਸਾਨੀ ਨਾਲ ਖਲਤ-ਮਲਤ ਹੋ ਜਾਂਦੇ ਹਨ ਜਾਂ ਇਕ ਸਮਾਨ ਵੀ ਹੋ ਜਾਂਦੇ ਹਨ। ਨਾ ਗੌਰਮਿੰਟ ਹੀ ਇਸ ਫਰਕ ਨੂੰ ਕਾਇਮ ਰਖਣ ਦੀ ਆਗਿਆ ਦੇਂਦੀ ਸੀ। ਜਦੋਂ ਸਰਕਾਰੀ ਸਰਬਰਾਹ ਵਲੋਂ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਵਿਚ ਖਿਲਅਤ ਦਿਤਾ ਗਿਆ ਤਾਂ ਉਸ ਦੇ ਗੁਨਾਹਾਂ ਉਤੇ ਪੋਚਾ ਫੇਰਨ ਲਈ ਦਰਬਾਰ ਸਾਹਿਬ ਦੇ ਧਾਰਮਕ ਸਤਕਾਰ ਨੂੰ ਵਰਤਿਆ ਗਿਆ ਅਤੇ ਲਾਟ ਫਿਨਲੇ ਨੇ ਇਸ ਘਟਨਾ ਤੋਂ ਹਾਊਸ ਆਫ ਲਾਰਡਜ਼ ਵਿਚ ਵਧ ਤੋਂ ਵਧ ਲਾਭ ਉਠਾਇਆ ਜਦੋਂ ਉਸ ਆਖਿਆ ਕਿ ਸਿੱਖਾਂ ਨੇ ਉਸ ਦੀ ਕਾਰਵਾਈ ਨੂੰ ਪਸੰਦ ਕੀਤਾ ਹੈ ਅਤੇ ਏਥੋਂ ਤਕ ਕਿ ਉਸ ਨੂੰ ਸਿੱਖ ਬਣਾ ਲਿਆ ਹੈ। ਇਸ ਤੋਂ ਪਹਿਲੋਂ ਇਹ ਦਰਬਾਰ ਸਾਹਿਬ ਹੀ ਸੀ ਜਿਥੋਂ ਸਰਕਾਰੀ ਸਰਬਰਾਹ ਨੇ ਏਲਾਨ ਕਰਵਾ ਦਿੱਤਾ ਸੀ ਕਿ ਬਜਬਜ ਘਾਟ ਦੇ ਸ਼ਹੀਦ ਸਿੱਖ ਨਹੀਂ ਸਨ। ਦਰਬਾਰ ਸਾਹਿਬ ਦੇ ਫੰਡ ਵਿਚੋਂ ਹੀ ਗੌਰਮਿੰਟ ਨੇ ਪਹਿਲੀ ਜਗਤ ਜੰਗ ਦੇ ਦੌਰਾਨ ਪੰਜਾਹ ਹਜ਼ਾਰ ਰੁਪਏ ਦੇ ਜੰਗੀ ਕਰਜ਼ੇ ਲਏ ਸਨ।[1]

## 3. ਕਮੇਟੀ ਧਾਰਮਕ ਸੰਸਥਾ ਕਿ ਰਾਜਸੀ ?

(ਵੇਖੋ ਸਫਾ 149, ਪੈਰਾ ਚੌਥਾ)

ਕਾਂਗਰਸ ਦੇ ਇਤਿਹਾਸ ਵਿਚ ਲਿਖਿਆ ਹੈ :

ਤਦ ਗੁਰੂ ਕੇ ਬਾਗ ਦੇ ਮਾਮਲੇ ਦੀ ਵਾਪਰਨਾ ਹੋਈ......ਇਤਨਾ ਹੀ ਕਹਿਣਾ ਕਾਫੀ ਹੈ ਕਿ ਸਿੱਖਾਂ ਨੇ ਗਾਂਧੀ ਦੇ ਇਸ ਬਿਆਨ ਨੂੰ ਸਿੱਧ ਕੀਤਾ ਕਿ "ਲਾਠੀ ਦੇ ਵਾਰ ਸਹਾਰਨ ਨਾਲੋਂ ਗੋਲੀ ਅੱਗੇ ਛਾਤੀ ਡਾਹਣੀ ਵਧੇਰੇ ਆਸਾਨ ਹੈ। ਅਤੇ ਜਿਹੜੇ ਸ਼ਾਂਤਮਈ ਤੌਰ ਤੇ ਇਹ ਵਾਰ ਝਲਦੇ ਹਨ ਉਹ ਉਹਨਾ ਦੇ ਸਤਕਾਰ ਦੇ ਹਕਦਾਰ ਹਨ। ਇਸ ਘਟਨਾ ਦੇ ਸੰਬੰਧ ਵਿਚ ਝੱਲੀਆਂ ਗਈਆਂ ਸਖਤੀਆਂ ਬਾਰੇ ਪੰਜਾਬ ਸਰਕਾਰ ਦੇ ਇਕ ਯੂਰਪੀਨ ਅਫ਼ਸਰ ਵਲੋਂ ਪੜਤਾਲ ਕੀਤੀ ਗਈ। ਸੀ. ਐਫ. ਐਂਡਰੂਜ਼ ਜੇਹੇ ਆਦਮੀਆਂ ਨੇ ਉਹਨਾਂ ਸਖਤੀਆਂ ਦੀ ਗੰਭੀਰ ਖਸਲਤ ਬਾਰੇ ਗੁਆਹੀਆਂ ਦਿੱਤੀਆਂ। "ਇਹ ਇਕ ਬਹੁਤ ਹੀ ਦਿਲ-ਹਿਲਾ ਦੇਣ ਵਾਲਾ ਦੇ ਦਰਦ–ਭਰਿਆ ਦਰਿਸ਼ ਸੀ" ਐਂਡਰੂਜ਼ ਨੇ ਕਿਹਾ, "ਅਹਿੰਸਾ ਦੀ ਜਿੱਤ ਏਨੀ ਸੰਪੂਰਣ ਹੈ। ਅਕਾਲੀਆਂ ਵਾਸਤੇ ਇਹ ਅਸਲ ਸ਼ਹਾਦਤ ਹੈ। ਉਥੇ ਨਾਕਾਬੰਦੀ ਸੀ ਜਿਵੇਂ ਕਿ ਪੰਡਤ ਮੋਤੀ ਲਾਲ ਨਹਿਰੂ ਨੇ ਦਸਿਆ ਸੀ। ਅਤੇ ਕਿੰਨੇ ਦਿਨਾਂ ਤੋਂ ਖਾਣ ਪੀਣ ਦੀ ਕਿਸੇ ਚੀਜ਼ ਦਾ ਇਕ ਭੋਰਾ ਵੀ ਕੰਡੇਦਾਰ ਤਾਰ ਦੀ ਵਲਗਣ ਵਿਚੋਂ ਦੀ ਨਹੀਂ ਸੀ ਲੰਘਣ ਦਿੱਤਾ ਜਾਂਦਾ। ਅਤੇ ਜਿਹੜੇ ਖਾਣ ਪੀਣ ਵਾਲੀ ਕੋਈ ਚੀਜ਼ ਚੁੱਕ ਕੇ ਲਿਆਂਦੇ ਸਨ ਤਾਂ ਬੁਰੀ ਤਰ੍ਹਾਂ ਕੁੱਟੇ–ਪਿੱਟੇ ਜਾਂਦੇ ਸਨ। ਗੁਰਦੁਆਰੇ ਦੇ ਬੂਹੇ ਅਗੇ ਮੇਰੀ ਕਾਰ ਦੀ ਤਲਾਸ਼ੀ ਲਈ ਗਈ।" ਉਸ ਨੇ ਆਖਿਆ, "ਅਤੇ ਫੇਰ ਉਸ ਨੂੰ ਵਾੜ ਦੇ ਛੋਟੇ ਜਿਹੇ ਰਾਹ ਥਾਣੀ ਲੰਘਣ ਦਿੱਤਾ।"[2]

---

[1] History of the Indian National Congress By P. Sitaramayya Vol I. page 264·

[2] History of the Indian National Congress pages, 264—265.

Digitized by Panjab Digital Library | www.panjabdigilib.org

## 4. ਮਾਸਟਰ ਤਾਰਾ ਸਿੰਘ

(ਵੇਖੋ ਸਫਾ 223, ਪੈਰਾ ਪੰਜ)

ਜਨਮ 24 ਜੂਨ 1885, ਚਲਾਣਾ 22 ਨਵੰਬਰ 1967

1907 ਵਿਚ ਬੀ. ਏ. ਪਾਸ ਕੀਤਾ। ਐਸ. ਏ. ਵੀ. ਪਾਸ ਕਰਨ ਪਿਛੋਂ ਲਾਇਲਪੁਰ ਹਾਈ ਸਕੂਲ ਚਲਾਇਆ। ਕੇਵਲ ਪੰਦਰਾਂ ਰੁਪਏ ਮਾਹਵਾਰ ਗੁਜ਼ਾਰਾ ਲੈਂਦੇ ਰਹੇ। ਅਕਾਲੀ ਲਹਿਰ ਦੇ ਸ਼ੁਰੂ ਹੋਣ ਪਿਛੋਂ ਇਸ ਵਿਚ ਸ਼ਾਮਲ ਹੋ ਗਏ ਅਤੇ ਇਸ ਦੇ ਚੋਟੀ ਦੇ ਆਗੂ ਬਣ ਕੇ ਕੰਮ ਕਰਦੇ ਰਹੇ। ਉਹ ਕਈ ਵਾਰ ਜੇਲ੍ਹ ਗਏ ਅਤੇ ਦੋ ਤਿੰਨ ਵਾਰ ਨਜ਼ਰਬੰਦ ਹੋਏ।

ਸਿੱਖ ਸਾਜ਼ਸ਼ ਦੇ ਰਜਿਸਟਰ ਵਿਚ ਉਹਨਾ ਬਾਬਤ ਲਿਖਿਆ ਹੈ:

"ਮਾਸਟਰ ਤਾਰਾ ਸਿੰਘ, ਬੇਟਾ ਕਾਂਸ਼ੀ ਰਾਮ ਉਰਫ ਗੋਪੀ ਚੰਦ, ਹਰਿਆਲ ਜ਼ਿਲਾ ਰਾਵਲ ਪਿੰਡੀ ਦਾ ਖਤਰੀ। ਸ਼੍ਰੋਮਣੀ ਕਮੇਟੀ ਜਿਹੜੀ 1923 ਵਿਚ ਚੁਣੀ ਗਈ ਸੀ—ਦੀ ਐਗਜ਼ੈਕਟਿਵ ਤੇ ਵਰਕਿੰਗ ਕਮੇਟੀ ਦਾ ਮਿੰਬਰ। ਨਾਭਾ ਐਜੀਟੇਸ਼ਨ ਵਿਚ ਮੋਹਰੇ ਹੋ ਕੇ ਹਿੱਸਾ ਲਿਆ ਅਤੇ ਅਸਲ ਵਿਚ, ਐਜੀਟੇਸ਼ਨ ਸ਼ੁਰੂ ਕਰਨ ਵਾਲਿਆਂ ਦੇ ਮੋਢੀਆਂ ਵਿਚੋਂ ਇਕ ਸੀ। 1923 ਵਿਚ ਅਕਾਲੀ ਆਗੂਆਂ ਨਾਲ ਫੜ ਲਿਆ ਗਿਆ ਸੀ ਅਤੇ ਜੇਲ੍ਹ ਵਿਚ ਘਲ ਦਿੱਤਾ ਗਿਆ ਸੀ। ਮੁਕੱਦਮੇ ਵਿਚ ਉਹਨਾਂ ਸਿੱਖ ਆਗੂਆਂ ਦਾ ਮੁਖੀ ਸੀ ਜਿਨ੍ਹਾਂ ਨੇ ਗੌਰਮਿੰਟ ਵਲੋਂ ਮੰਗੀਆਂ ਗਈਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ।"[1]

1932—33 ਤਕ ਆਪ ਬਿਲਕੁਲ ਅਫਿਰਕੂ ਅਤੇ ਕਾਂਗਰਸ ਦੀ ਵਿਚਾਰਧਾਰਾ ਨਾਲ ਸਹਿਮਤ ਸਨ ਅਤੇ ਪੇਸ਼ਾਵਰ ਦੇ ਗੋਲੀ ਕਾਂਡ ਵਿਚ ਪਠਾਣਾਂ ਦੀ ਹਮਾਇਤ ਲਈ ਜਥਾ ਲੈ ਜਾਂਦੇ ਫੜੇ ਗਏ ਸਨ। ਪਿਛੋਂ ਆਮ ਚੋਣਾਂ ਦੀ ਖੇਡ ਨੇ ਉਹਨਾਂ ਨੂੰ ਪਿਛਾਖੜ ਦੀ ਪਾਰਟੀ ਸੁਤੰਤਰ ਪਾਰਟੀ ਅਤੇ ਉਸ ਦੇ ਆਗੂ ਰਾਜਾ ਗੋਪਾਲਾਚਾਰੀਆ ਨਾਲ ਬਿਲਕੁਲ ਇਕ-ਮਿਕ ਕਰ ਦਿੱਤਾ ਸੀ।

# ਖੰਡ ਤੀਜਾ

## 1. ਖਿਲਾਫ ਕਾਨੂੰਨ

(ਵੇਖੋ ਸਫਾ 320, ਪੈਰਾ ਪਹਿਲਾ)

ਪੰਜਾਬ ਗੌਰਮਿੰਟ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਖਿਲਾਫ ਕਾਨੂੰਨ ਨਹੀਂ ਸੀ ਕਰਨਾ ਚਾਹੁੰਦੀ। ਹਿੰਦ ਸਰਕਾਰ ਨੇ ਪੰਜਾਬ ਗੌਰਮਿੰਟ ਨੂੰ ਮਜਬੂਰ ਕਰਕੇ ਇਹ ਐਲਾਨ ਕਰਵਾਇਆ। ਇਹ ਹਕੀਕਤ ਸ. ਕਰਤਾਰ ਸਿੰਘ ਦੇ ਸੈਂਟਰਲ ਅਸੰਬਲੀ ਵਿਚ ਇਕ ਸਵਾਲ ਕਰਨ ਤੋਂ ਖੁਲ੍ਹੀ।[2]

---

[1] Sikh Conspiracy, File no 235/1926

[2] File no. 1/III—1924.

Digitized by Panjab Digital Library | www.panjabdigilib.org

## 2. ਦੂਜਾ ਸ਼ਹੀਦੀ ਜਥਾ

(ਵੇਖੋ ਸਫਾ 366, ਪੈਰਾ ਚਾਰ ਤੋਂ ਬਾਅਦ)

ਦੂਜੇ ਜਥੇ ਦੇ ਪਹੁੰਚਣ ਉਤੇ 14 ਮਾਰਚ ਨੂੰ ਨਾਭੇ ਦੇ ਹਾਕਮਾਂ ਨੇ ਏਲਾਨ ਕੀਤਾ ਕਿ ਉਹ ਪੰਜਾਹ ਨਾਲੋਂ ਵੱਧ ਆਦਮੀਆਂ ਨੂੰ ਜਾਣ ਦੀ ਆਗਿਆ ਦੇ ਦੇਣਗੇ ਜੇ ਜਥਾ ਇਹ ਜ਼ਮਾਨਤ ਦੇ ਦੇਵੇ ਕਿ ਅਖੰਡ ਪਾਠ ਪੂਰਾ ਕਰਨ ਪਿਛੋਂ ਉਹ ਗੁਰਦੁਆਰੇ ਵਿਚੋਂ ਚਲੇ ਜਾਣਗੇ......ਅਤੇ ਕੋਈ ਰਾਜਸੀ ਤਕਰੀਰਾਂ ਨਹੀਂ ਕੀਤੀਆਂ ਜਾਣਗੀਆਂ।

## 3. ਕਮੇਟੀ ਦਬੀ ਨਹੀਂ

(ਵੇਖੋ ਸਫਾ 377, ਪੈਰਾ ਚਾਰ)

ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ਼ ਦੇ ਖਿਲਾਫ ਕਾਨੂੰਨ ਕਰਾਰ ਦਿੱਤੇ ਜਾਣ ਦੇ ਪਿਛੋਂ ਵੀ ਤਹਿਰੀਕ ਦਬੀ ਨਹੀਂ। "ਇਹਨਾਂ (ਜਥੇਬੰਦੀਆਂ) ਦੇ ਬਹੁਤ ਸਾਰੇ ਮਿੰਬਰ ਜਲੂਸ ਬਣਾਕੇ ਫਿਰਦੇ ਰਹੇ ਹਨ ਤੇ ਏਲਾਨ ਕਰਦੇ ਰਹੇ ਹਨ ਕਿ ਅਸੀਂ ਓਹੋ ਹੀ ਕੰਮ ਕਰਦੇ ਹਾਂ ਜਿਸ ਕੰਮ ਨੂੰ ਕਰਦੇ ਸ: ਬ: ਸ: ਮਹਿਤਾਬ ਸਿੰਘ ਜੀ ਆਦਿ ਫੜੇ ਗਏ ਹਨ। ਕੀ ਇਹਨਾਂ ਆਦਮੀਆਂ ਨੂੰ ਨਾ ਫੜਨਾ ਕਾਨੂੰਨ ਸ਼ਿਕਨੀ ਨਹੀਂ ? ਕਿ ਇਸ ਬਿਨਾ ਤੇ ਨੌਕਰਸ਼ਾਹੀ ਕਾਨੂੰਨ-ਵਿਰੁਧ ਨਹੀਂ ? ਕੀ ਲਾਰਡ ਰੈਡਿੰਗ ਨੇ ਇਹ ਵੀ ਏਲਾਨ ਕੀਤਾ ਸੀ ਕਿ ਕੋਈ ਅਖਬਾਰ ਜਾਂ ਪ੍ਰੈਸ ਸ਼੍ਰੋਮਣੀ ਕਮੇਟੀ ਦੇ ਏਲਾਨ ਨਾ ਛਾਪੇ—ਪਰ (ਇਸ ਹੁਕਮ ਦੇ ਬਾਵਜੂਦ) ਰੋਜ਼ ਅਖਬਾਰਾਂ ਵਿਚ ਏਲਾਨ ਛਪਦੇ ਹਨ, ਕੀ ਐਡੀਟਰਾਂ ਤੇ ਪ੍ਰਿੰਟਰਾਂ ਨੂੰ ਨਾ ਫੜਨਾ ਕਾਨੂੰਨ ਦੀ ਵਿਰੋਧਤਾ ਨਹੀਂ ? ਕੀ ਇਸ ਬਿਨਾ ਤੇ ਨੌਕਰਸ਼ਾਹੀ ਕਾਨੂੰਨ ਵਿਰੁਧ ਨਾ ਹੋਈ ?"[1]

ਇਹਨਾਂ ਦਿਨਾਂ ਵਿਚ ਗੌਰਮਿੰਟ ਦੀ ਓਂਕਾਰ ਪ੍ਰੈਸ ਉਤੇ ਖਾਸ ਅੱਖ ਸੀ। ਇਸ ਵਿਚੋਂ ਗੌਰਮਿੰਟ ਦੇ ਖਿਲਾਫ ਕਮੇਟੀ ਦੇ ਏਲਾਨ ਤੇ ਪੈਂਫਲਟ ਛਪਦੇ ਸਨ ਅਤੇ ਗੌਰਮਿੰਟ ਇਸ ਦੇ ਖਿਲਾਫ ਸਖਤ ਕਾਰਵਾਈ ਕਰਨ ਬਾਰੇ ਸੋਚ ਰਹੀ ਸੀ।

## 4. ਦਰਬਾਰਾ ਸਿੰਘ ਮਲ੍ਹਣ

(ਵੇਖੋ ਸਫਾ 272, ਅਖੀਰੀ ਪਾਲ)

ਇਹ ਗੁਮਨਾਮ ਯੋਧਾ ਸੀ ਜਿਸ ਨੇ ਆਪਣੀ ਸਾਰੀ ਉਮਰ ਦੇਸ਼ ਦੀ ਆਜ਼ਾਦੀ ਨੂੰ ਅਰਪਣ ਕੀਤੀ। ਮੁਢਲੀ ਵਿਦਿਆ ਬਠਿੰਡੇ ਦੇ ਸਕੂਲ ਵਿਚ ਭੈਣ ਕੋਲ ਰਹਿ ਕੇ ਪਰਾਪਤ ਕੀਤੀ। ਕਦ ਕਾਠ ਦਾ ਚੰਗਾ ਜਵਾਨ ਸੀ। ਰਾਏ ਸਿੰਘ (ਦਿਲਜੀਤ ਸਿੰਘ ਕੋਣੀ) ਦਾ ਸਾਥੀ। ਉਸ ਨਾਲ ਕੋਮਾ ਗਾਟਾ ਮਾਰੂ ਜਹਾਜ਼ ਵਿਚ ਕੈਨੇਡਾ ਗਿਆ। ਪੰਜਾਬੀ ਓਥੇ ਉਤਰਨ ਨਾ ਦਿੱਤੇ ਗਏ। ਵਾਪਸੀ ਤੇ ਬਜਬਜ ਘਾਟ ਉਤੇ ਗੋਲੀਆਂ ਦੀ ਵਰਖਾ ਤੇ ਲੜਾਈ। ਗੁੱਟ ਕੱਟਿਆ ਗਿਆ। ਵਰ੍ਹਦੀਆਂ ਗੋਲੀਆਂ ਵਿਚ ਬਾਬਾ ਗੁਰਦਿਤ ਸਿੰਘ ਨੂੰ ਚੁਕ ਕੇ ਭੱਜ ਗਿਆ, ਅਗਲੇ ਦਿਨ ਆਪ ਫੜਿਆ

[1] ਹਵਾਲਾ : ਫੈਸਲਾ ਕੇਸ 'ਗੌਰਮਿੰਟ ਬਨਾਮ ਰਤਨ ਸਿੰਘ ਆਜ਼ਾਦ' ਅਦਾਲਤ ਸਿਰੀ ਕ੍ਰਿਸ਼ਨ ਮੈਜਿਸਟ੍ਰੇਟ, 22.2.1924

Digitized by Panjab Digital Library | www.panjabdigilib.org

ਗਿਆ, ਪਰ ਬਾਬਾ ਜੀ ਅਲੋਪ ਹੋ ਗਏ। 3 ਸਾਲ ਨਜ਼ਰਬੰਦ, ਰਿਹਾਈ ਪਿਛੋਂ ਪਿੰਡ ਵਿਚ ਜਲਸਾ। ਪੁਲਸ ਨੇ ਪਿੰਡ ਵਿਚ ਤਸ਼ੱਦਦ ਕੀਤਾ, ਦਰਬਾਰਾ ਸਿੰਘ ਨੇ ਥਾਨੇਦਾਰ ਨੂੰ ਫੜ ਕੇ ਕੁਟਿਆ। ਫੇਰ ਕੈਦ। ਰਿਹਾਈ ਪਿਛੋਂ ਫੇਰ ਕੈਦ। ਦਰਬਾਰਾ ਸਿੰਘ ਪੰਡਤ ਜਵਾਹਰ ਲਾਲ ਨਹਿਰੂ ਤੇ ਸਨਤਾਨਮ ਨਾਲ ਜੈਤੋ ਗਿਆ। ਉਥੇ ਗਰਿਫਤਾਰ ਕਰਕੇ ਦੋ ਸਾਲ ਫੇਰ ਕੈਦ। ਪੰਡਤ ਜਵਾਹਰ ਲਾਲ ਨੇ ਦਰਬਾਰਾ ਸਿੰਘ ਸਬੰਧੀ ਲਿਖਿਆ :

"ਦਰਬਾਰਾ ਸਿੰਘ ਨੇ ਆਪਣੇ ਦੇਸ਼ ਲਈ ਕਈ ਸਾਲ ਦੁਖ ਝੱਲੇ ਹਨ। ਉਸ ਨੇ ਨਜ਼ਰਬੰਦੀ ਤੇ ਜੇਲ੍ਹ ਕੱਟੀ ਹੈ ਅਤੇ ਜਦੋਂ ਉਹ ਕੋਮਾ-ਗਾਟਾ ਰਾਹੀਂ ਵਾਪਸ ਆਇਆ ਤਾਂ ਬਰਿਟਿਸ਼ ਫੌਜ ਨੇ ਉਸ ਤੇ ਗੋਲੀਆਂ ਚਲਾਈਆਂ। ਮੈਨੂੰ ਉਹਦੇ ਨਾਲ ਮੁਲਜ਼ਮਾਂ ਦੇ ਕਟਹਿਰੇ ਵਿਚ ਖਲੋਣ ਤੇ ਫਖਰ ਹੈ ਅਤੇ ਵਿਸ਼ਵਾਸ ਕਰਦਾ ਹਾਂ ਕਿ ਮੈਂ ਵੀ ਓਹੋ ਜੇਹੀ ਬਹਾਦਰੀ ਵਿਖਾਵਾਂਗਾ ਜਿਹੜੀ ਉਸ ਨੇ ਕਈ ਮੌਕਿਆਂ ਤੇ ਵਿਖਾਈ ਹੈ।"

ਜਵਾਹਰ ਲਾਲਾ ਨਹਿਰੂ ਨੇ ਬੜੀ ਦੁਹਾਈ ਪਾਈ ਕਿ ਦਰਬਾਰਾ ਸਿੰਘ ਉਹਨਾਂ ਨਾਲ ਸੀ, ਜਥੇ ਵਿਚ ਨਹੀਂ ਸੀ। ਪਰ ਕੌਣ ਸੁਣਦਾ ਸੀ ਜੈਤੋ ਵਿਚ ਜਵਾਹਰ ਲਾਲ ਦੀ ਦੁਹਾਈ। ਜਥਾ ਰਿਹਾ ਹੋ ਗਿਆ ਤੇ ਇਹ ਫੇਰ ਦੋ ਸਾਲ ਕੈਦ। ਸ਼੍ਰੋਮਣੀ ਕਮੇਟੀ ਦਾ ਮਿੰਬਰ ਸੀ।

## 5. ਪਰਚਾਰਕਾਂ ਦਾ ਕੰਮ

(ਵੇਖੋ ਸਫਾ 383)

ਸ਼ਹੀਦੀ ਜਥਿਆਂ ਨੂੰ ਜਥੇਬੰਦ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪਰਚਾਰਕਾਂ ਨੇ ਵੀ ਬੜਾ ਕੰਮ ਕੀਤਾ। ਗਿਆਨੀ ਗੁਰਮੁਖ ਸਿੰਘ ਮੁਸਾਫਰ ਤੇ ਈਸ਼ਰ ਸਿੰਘ ਮਝੈਲ ਇਹਨਾਂ ਵਿਚੋਂ ਸਿਰਕਢ ਪਰਚਾਰਕ ਸਨ। ਅਕਾਲ ਤਖਤ ਦੇ ਗਰੰਥੀ, ਜਥਿਆਂ ਦੇ ਜਥੇਦਾਰ ਅਤੇ ਅਕਾਲੀ ਆਗੂ ਮੋਹਰੇ ਹੋ ਕੇ ਸ਼ਹੀਦੀ ਜਥਿਆਂ ਦੇ ਆਗੂ ਬਣ ਕੇ ਗਏ ਅਤੇ ਉਹਨਾਂ ਨੇ ਜੇਲ੍ਹਾਂ ਵਿਚ ਸਾਰੇ ਅਕਾਲੀਆਂ ਨਾਲ ਅਭੀ ਨਭੀ ਝੱਲੀ। ਜਵਾਹਰ ਸਿੰਘ ਬੁਰਜ, ਦਰਸ਼ਨ ਸਿੰਘ ਫੇਰੂਮਾਨ, ਮੋਹਨ ਸਿੰਘ ਨਾਗੋਕੇ, ਊਧਮ ਸਿੰਘ ਨਾਗੋਕੇ ਵਗੈਰਾ ਹਰ ਜ਼ਿਲੇ ਦੇ ਉਘੇ ਅਕਾਲੀ ਆਗੂਆਂ ਨੇ ਵਧ ਚੜ੍ਹ ਕੇ ਕੁਰਬਾਨੀ ਕੀਤੀ। ਕੀਹਦਾ ਕੀਹਦਾ ਨਾਮ ਲਿਖਿਆ ਜਾਵੇ ਅਤੇ ਕੀਹਦਾ ਕੀਹਦਾ ਨਾ। ਹਰਇਕ ਅਕਾਲੀ ਆਗੂ ਆਪਣੇ ਹੋਰ ਵੀਰਾਂ ਨਾਲ ਅੱਗੇ ਹੋ ਕੇ ਸਿਰ ਦੇਣ ਨੂੰ ਤਿਆਰ ਬੈਠਾ ਸੀ ਅਤੇ ਮੋਰਚੇ ਵਿਚ ਜਾਣ ਲਈ ਅਗੇ ਹੋ ਖਲੋਂਦਾ ਸੀ।

## 6. ਸ਼ਹੀਦੀ ਜਥੇ ਨੂੰ ਨੋਟਸ

(ਵੇਖੋ ਸਫਾ 305)

ਪਹਿਲੇ ਸ਼ਹੀਦੀ ਜਥੇ ਨੂੰ ਜਿਹੜਾ ਨੋਟਿਸ ਵਿਲਸਨ ਨੇ ਭੇਜਿਆ ਸੀ, ਉਹ ਜਥੇ ਨੂੰ ਨਹੀਂ ਸੀ ਮਿਲਿਆ। ਡਾਕਟਰ ਕਿਚਲੂ ਨੂੰ ਮਿਲਿਆ ਸੀ। ਇਹ ਗੱਲ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਮਿਸਟਰ ਜ਼ਿਮੰਡ ਨੇ ਨੋਟ ਕੀਤੀ ਸੀ। ਨੋਟਿਸ ਵਿਚ ਦਰਜ ਸੀ ਕਿ ਪੰਜਾਹ ਆਦਮੀਆਂ ਤੋਂ ਵੱਧ ਜੈਤੋ ਵਿਚ ਨਹੀਂ ਜਾਣ ਦਿੱਤੇ ਜਾਣਗੇ। ਬਾਕੀਆਂ ਨੂੰ ਵਾਪਸ ਜਾਣਾ

Digitized by Panjab Digital Library | www.panjabdigilib.org

ਪਵੇਗਾ ਅਤੇ ਜੈਤੋ ਵਿਚ ਧਾਰਮਕ ਰਸਮ ਅਦਾ ਕਰਨ ਪਿਛੋਂ ਉਹਨਾਂ ਨੂੰ ਵੀ ਰਿਆਸਤ ਦੇ ਇਲਾਕੇ ਵਿਚੋਂ ਨਿਕਲ ਜਾਣਾ ਹੋਵੇਗਾ ।[1]

## 7. ਜੈਤੋ ਹੱਤਿਆ ਦਾ ਪੜਕਰਮ

(ਵੇਖੋ ਸਫਾ 329)

21 (ਫਰਵਰੀ ਦੀ ਜੈਤੋ-ਹੱਤਿਆ) ਦਾ ਸਿੱਟਾ ਇਹ ਨਿਕਲਿਆ ਹੈ ਕਿ ਮਹਾਰਾਜਾ ਨਾਭੇ ਬਾਰੇ ਵਿਚਾਰ ਜਾਂ ਚਰਚਾ ਬਿਲਕੁਲ ਬੰਦ ਹੋ ਗਈ ਹੈ ਅਤੇ ਲੋਕਾਂ ਦੀ ਸਾਰੀ ਐਜੀਟੇਸ਼ਨ ਅਖੰਡ ਪਾਠ ਉਤੇ ਕੇਂਦਰਿਤ ਹੋ ਗਈ ਹੈ । ਆਮ ਆਦਮੀ ਯਕੀਨ ਕਰਦਾ ਹੈ ਕਿ ਅਖੰਡ ਪਾਠ ਖੰਡਤ ਕੀਤਾ ਗਿਆ ਸੀ ਅਤੇ ਉਹ ਇਸ ਸਵਾਲ ਨਾਲ ਬੜੀ ਡੂੰਘੀ ਹਮਦਰਦੀ ਰਖਦਾ ਹੈ ।[2]

## 8. ਜੈਤੋ ਦੇ ਮੁਕੱਦਮੇ

"ਉਹ (ਹਿੰਦ ਸਰਕਾਰ) ਪੱਕੀ ਤਰ੍ਹਾਂ ਇਸ ਰਾਏ ਦੀ ਹੈ ਕਿ ਸਾਰੇ ਅਕਾਲੀਆਂ ਉੱਤੇ ਮੁਕੱਦਮੇ ਨਹੀਂ ਚਲਾਏ ਜਾਣੇ ਚਾਹੀਦੇ । ਸਾਰਿਆਂ ਦੇ ਖਿਲਾਫ ਗੁਆਹੀ ਹੋਵੇ ਵੀ ਤਦ ਵੀ ਕੁਛ ਕੁ ਆਦਮੀਆਂ—ਵੱਧ ਜਾਂ ਘੱਟ ਇਕ ਦਰਜਨ ਉਤੇ ਹੀ ਮੁਕੱਦਮੇ ਚਲਾਏ ਜਾਣੇ ਚਾਹੀਦੇ ਹਨ । ਫੈਸਲਾ ਕਰ ਲਓ ਕਿ ਕਿਨ੍ਹਾਂ ਉਤੇ ਮੁਕੱਦਮੇ ਚਲਾਣੇ ਹਨ । ਬਾਕੀਆਂ ਨੂੰ ਬਗੈਰ ਦੇਰੀ ਦੇ ਜਾਣ ਦਿਓ ।"[3]

## 9. ਅਫਸਰਾਂ—ਤੇ ਅਖੰਡ ਪਾਠ

ਗੋਰਮਿੰਟ ਦੇ ਅਫਸਰ ਤੋਤੇ ਵਾਂਗ ਰਟ ਲਾਈ ਜਾਂਦੇ ਸਨ ਕਿ ਅਖੰਡ ਪਾਠ ਖੰਡਤ ਨਹੀਂ ਹੋਇਆ—ਨਹੀਂ ਹੋਇਆ । ਪਰ ਨਾਭੇ ਦੇ ਕੁਛ ਪਿਠੂਆਂ ਤੋਂ ਛੁਟ ਗੋਰਮਿੰਟ ਦੇ ਇਸ ਰਟਣ ਨੂੰ ਕੋਈ ਨਹੀਂ ਸੀ ਮੰਨਦਾ । ਪਰ ਗੋਰਮਿੰਟ ਨੇ ਇਹ ਢੋਂਗ ਜਾਰੀ ਰਖਿਆ ਅਤੇ 22 ਫਰਵਰੀ ਨੂੰ ਕੁਛ ਸਿੱਖਾਂ ਰਾਹੀਂ ਗੁਰਦੁਆਰੇ ਵਿਚ ਅਖੰਡ ਪਾਠ ਰਖਵਾ ਦਿੱਤਾ । ਅਤੇ ਭੋਗ ਪੈਣ ਤੇ ਅਰਦਾਸਾ ਕੀਤਾ ਕਿ ਵਾਹਿਗੁਰੂ ਦਾ ਸ਼ੁਕਰ ਹੈ ਕਿ ਉਸ ਨੇ ਨਗਰ ਨੂੰ ਅਕਾਲੀਆਂ ਦੇ ਹੱਥਾਂ ਤੋਂ ਖਲਾਸੀ ਦਿਵਾਈ ਹੈ ।[4]

ਨਾਭਾ ਰਿਆਸਤ ਦੇ ਅਫਸਰਾਂ ਤੇ ਫੌਜੀ ਦਸਤਿਆਂ ਵਿਚ ਆਮ ਅਹਿਸਾਸ ਇਹ ਮਿਲਦਾ ਹੈ ਕਿ ਅਖੰਡ ਪਾਠ ਖੋਲ੍ਹ ਦਿੱਤਾ ਜਾਣਾ ਚਾਹੀਦਾ ਹੈ ਅਤੇ ਸ਼ਰਤਾਂ ਵਿਚ ਏਨੀ ਹੱਦ ਤਕ ਤਬਦੀਲੀ ਕਰ ਲੈਣੀ ਚਾਹੀਦੀ ਹੈ ਕਿ ਪਾਠਾਂ ਦੇ ਖਤਮ ਹੋਣ ਤਕ ਅਰਸਾ ਵਧਾ ਦਿੱਤਾ ਜਾਵੇ ਅਤੇ ਕਿਸੇ

---

[1] London 9.4.24. quoted in the Struggle for Freedom of Relegion Worship in Jaito (S, G. P. C. Publication).

[2] ਡੀ. ਸੀ. ਅਮਰਿਤਸਰ ਦੀ 26 ਫਰਵਰੀ ਦੀ ਕਮਿਸ਼ਨਰ ਲਾਹੌਰ ਡਿਵੀਯਨ ਨੂੰ ਚਿੱਠੀ ।

[3] From pol. Sec. Delhi 23.2.1924 to Administrator Nabha.

[4] From Civil Sect, Lahore 26.2.24 to Thompson, Pol. Sect.

Digitized by Panjab Digital Library | www.panjabdigilib.org

ਤੀਜੀ ਪਾਰਟੀ ਤੋਂ ਲਿਖਤ ਲੈ ਲਈ ਜਾਏ ਜਿਹੜੀ ਜਥੇ ਦੇ ਜ਼ਾਮਨ ਦੇ ਤੌਰ ਤੇ ਕੰਮ ਕਰੇ ।[1]

## 10. ਕਬਜ਼ੇ ਦੀਆਂ ਅਫਵਾਹਾਂ

(ਵੇਖੋ ਸਫ਼ਾ 375, ਪਹਿਲਾ ਤੇ ਅਖੀਰੀ ਪੈਰਾ)

ਇਸ ਵੇਲੇ ਬੜੀਆਂ ਅਫਵਾਹਾਂ ਫੈਲ ਰਹੀਆਂ ਸਨ ਕਿ ਗੌਰਮਿੰਟ ਦਰਬਾਰ ਸਾਹਿਬ ਉਤੇ ਕਬਜ਼ਾ ਕਰਨ ਵਾਲੀ ਹੈ, ਅਮਰਿਤਸਰ ਵਿਚ ਮਾਰਸ਼ਲ ਲਾਅ ਲਗਣ ਵਾਲਾ ਹੈ। ਅਤੇ ਨਾਭੇ ਦੇ ਰਾਜ-ਪਰਬੰਧਕ ਨੇ ਇਹ ਸੁਝਾਅ ਵੀ ਦਿੱਤਾ ਸੀ ਕਿ "ਜੇ ਇਹ ਸੱਚ ਹੈ ਕਿ ਦੂਜਾ ਸ਼ਹੀਦੀ ਜਥਾ ਤੁਰਨ ਵਾਲਾ ਹੈ ਤਾਂ ਮੈਂ ਅਮਰਿਤਸਰ ਵਿਚ ਮਾਰਸ਼ਲ ਲਾਅ ਦਾ ਏਲਾਨ ਕਰਨ ਦਾ ਸੁਝਾਅ ਦੇਵਾਂਗਾ ।"[2] ਅਤੇ ਇਹ ਅਫਵਾਹਾਂ ਬੜੇ ਅਰਸੇ ਤਕ ਖਿਲਰਦੀਆਂ ਰਹੀਆਂ ਅਤੇ ਦਰਬਾਰ ਸਾਹਿਬ ਦੀ ਰਖਿਆ ਦੇ ਉਚੇਚੇ ਪਰਬੰਧ ਕੀਤੇ ਗਏ ।

ਸੀ. ਆਈ. ਡੀ. ਦੀ ਇਹ ਵੀ ਰਿਪੋਰਟ ਸੀ ਕਿ ਜੇ ਸਰਕਾਰ ਨੇ ਦਰਬਾਰ ਸਾਹਿਬ ਉਤੇ ਕਬਜ਼ਾ ਕਰ ਲਿਆ ਤਾਂ ਸ਼੍ਰੋਮਣੀ ਕਮੇਟੀ ਦਾ 'ਹੈਡਕੁਆਟਰ' (ਧਾਰਮਕ ਤੇ ਰਾਜਸੀ) ਬਬੇਕਸਰ ਵਿਚ ਲੈ ਜਾਇਆ ਜਾਏਗਾ ਅਤੇ ਅਕਾਲੀ ਦਲ ਦਾ ਬਾਬਾ ਦੀਪ ਸਿੰਘ ਦੀ ਸਮਾਧੀ ਵਿਚ। ਜੇ ਦਫਤਰ ਅਮਰਿਤਸਰ ਵਿਚ ਵੀ ਰਖਣਾ ਮੁਸ਼ਕਲ ਹੋ ਗਿਆ ਤਾਂ ਕੇਂਦਰੀ ਜਥੇਬੰਦੀ ਜਾਂ ਤਰਨਤਾਰਨ ਚਲੀ ਜਾਏਗੀ ਜਾ ਚੁਮਾਲ੍ਹਾ ਸਾਹਿਬ। ਇਹ ਵੀ ਰਿਪੋਰਟ ਸੀ ਕਿ ਸ਼੍ਰੋਮਣੀ ਕਮੇਟੀ ਦੇ ਸਭ ਵਰਤਮਾਨ ਮਿੰਬਰਾਂ ਨੂੰ ਆਖ ਦਿੱਤਾ ਗਿਆ ਸੀ ਕਿ ਉਹ ਆਪਣੇ ਥਾਂ ਇਕ ਇਕ ਆਦਮੀ ਨਾਮਜ਼ਦ ਕਰ ਦੇਣ ਅਤੇ ਦਰਬਾਰ ਸਾਹਿਬ ਦੀ ਰਖਿਆ ਦਾ ਪਰਬੰਧ ਪੱਕਾ ਕੀਤਾ ਜਾਵੇ...... ਸਾਰੇ ਜ਼ਰੂਰੀ ਕਾਗਜ਼ ਤੇ ਰੁਪਇਆ ਪੈਸਾ ਛੁਪਾ ਲਏ ਗਏ ਹਨ। ਅਤੇ ਪਰੈਸ ਉਤੇ ਹਮਲੇ ਦੀ ਸੂਰਤ ਵਿਚ ਡੁਪਲੀਕੇਟਰ ਮਸ਼ੀਨਾਂ ਦਾ ਪਰਬੰਧ ਕਰ ਲਿਆ ਗਿਆ ਹੈ ।[3]

## 11. ਮਹਾਜਨਾ ਦੀ ਪਿਟਾਈ

ਪੁਲਸ ਨੇ ਜੈਤੋ-ਮੰਡੀ ਦੇ ਮਹਾਜਨਾਂ ਉਤੇ ਚੜ੍ਹਾਈ ਕਰ ਦਿੱਤੀ ਅਤੇ ਉਹਨਾਂ ਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ ।......"ਮਹਾਜਨਾਂ ਨੂੰ ਕੁੱਟਣ ਦਾ ਮਤਲਬ ਇਹ ਸੀ ਕਿ ਤੁਸੀਂ ਅਕਾਲੀਆਂ ਨੂੰ ਰਸਦ ਪਾਣੀ ਕਿਉਂ ਦੇਂਦੇ ਹੋ ?" ਅਤੇ ਕਈਆਂ ਨੂੰ ਸਖਤ ਸੱਟਾਂ ਲਗੀਆਂ। ਨਗਰਾਂ ਦੇ ਰਸਤਿਆਂ ਉਤੇ ਪਹਿਰੇ ਲਾ ਦਿੱਤੇ ਤਾਂ ਜੁ ਅਕਾਲੀਆਂ ਨੂੰ ਖਾਣ ਪੀਣ ਦੀ ਕੋਈ ਚੀਜ਼ ਨਾ ਮਿਲ ਸਕੇ ।[4]

---

[1] ਲਾਲਾ ਨਥੂ ਰਾਮ ਚੀਫ ਪੁਲਸ ਅਫਸਰ ਦੇ ਕੰਮ ਬਾਰੇ ਮੈਮੋਰੈਂਡਮ

[2] From the Administrator to the Pol. Sec. Delhi, Jaito 25.2.24.

[3] D.C. Amritsar's letter of 14th April 1924.

[4] ਵੇਖੋ : ਜੈਤੋ ਵਿਚ ਖੂਨ ਦੇ ਪਰਨਾਲੇ, ਲੇਖਕ ਭਾਗ ਸਿੰਘ ਮੱਤਾ ਨਿਧੜਕ

Digitized by Panjab Digital Library | www.panjabdigilib.org

# ਖੰਡ ਚੌਥਾ

## 1. ਚੋਣ ਹਥਕੰਡੇ

(ਵੇਖੋ ਸਫ਼ਾ 442)

ਕਰਤਾਰ ਸਿੰਘ ਦੀਵਾਨਾ ਮੈਨੇਜਰ ਨਨਕਾਣਾ ਸਾਹਿਬ ਨੇ ਸੈਂਟਰਲ ਬੋਰਡ ਦਾ ਮਿੰਬਰ ਬਣਨ ਲਈ ਪੂਰੀ ਤਾਨੇਸ਼ਾਹੀ ਵਰਤੀ । ਉਸ ਨੇ ਸ਼ਰਾਬ ਦਾ ਦੌਰ ਚਲਾਇਆ । ਉਹ ਸ਼ਹੀਦਾਂ ਦੇ ਕਾਤਲ ਮਹੰਤਾਂ ਨੂੰ ਨਾਲ ਲੈ ਕੇ ਮਿੰਬਰ ਬਣਨ ਲਈ ਪ੍ਰੋਪੈਗੰਡਾ ਕਰਦਾ ਰਿਹਾ । ਚੋਣ ਵਿਚ ਗੁਰ-ਦੁਆਰੇ ਦੇ ਵਸੀਲੇ ਵਰਤਦਾ ਰਿਹਾ । ਜਿਹੜੇ ਉਸ ਦੇ ਆਪਣੇ ਮਦਦਗਾਰ ਸਨ ਉਹਨਾਂ ਨੂੰ ਤਰੱਕੀਆਂ ਦਿਤੀਆਂ, ਜਿਹੜੇ ਅਕਾਲੀ ਦਲ ਦੇ ਹਾਮੀ ਸਨ ਉਹਨਾਂ ਨੂੰ ਨੌਕਰੀਆਂ ਤੋਂ ਜਵਾਬ ਦਿਤਾ ਗਿਆ । ਮਦਦ ਨਾ ਕਰਨ ਕਰਕੇ ਗੁਰੂ ਨਾਨਕ ਹਾਈ ਸਕੂਲ ਦੇ ਕੁਰਬਾਨੀ ਵਾਲੇ ਮਾਸਟਰਾਂ ਨੂੰ ਸਕੂਲੋਂ ਕਢ ਦਿਤਾ । ਮਦਦਗਾਰਾਂ ਦੇ ਸਫਰ ਖਰਚ ਦੇ ਬਿਲ ਗੁਰਦੁਆਰੇ ਦੇ ਖਾਤੇ ਪਾਏ ਜਾਂਦੇ ਰਹੇ । ਲੰਗਰ ਦੀ ਰਸਦ ਵਰਤੀ ਜਾਂਦੀ ਰਹੀ । ਵਢੀ ਵਰਤਾਈ ਗਈ । ਇਹਨਾਂ ਇਖਲਾਕ-ਹੀਨ ਤੇ ਅਸੂਲ-ਹੀਨ ਕਰਤੂਤਾਂ ਦੀ ਪੜਤਾਲ ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਮਿੰਬਰਾਂ—ਨਰਿੰਜਨ ਸਿੰਘ ਸਰਲ, ਕਰਤਾਰ ਸਿੰਘ ਲਾਇਲਪੁਰੀ ਤੇ ਗਿਆਨੀ ਅਨੋਖ ਸਿੰਘ ਦੀ ਪੜਤਾਲੀਆ ਕਮੇਟੀ ਤੋਂ ਕਰਾਈ ਸੀ । ਰਿਪੋਰਟ ਇਖਲਾਕੀ ਆਚਰਣ ਦੀ ਅਧੋਗਤੀ ਦੀ ਸਾਕਾਰ ਤਸਵੀਰ ਹੈ (ਅਕਾਲੀ ਤੇ ਪ੍ਰਦੇਸੀ 18–19 ਜੁਲਾਈ 1926.)

## 2. ਵੋਟਾਂ ਨਾ ਦੇ ਸਕੇ

(ਵੇਖੋ ਸਫ਼ਾ 443 ਸ਼ੁਰੂ)

ਪ੍ਰੋ. ਜੋਧ ਸਿੰਘ ਨੇ ਮਹਿਕਮਾ ਇਨਸਾਫ ਬਾਰੇ ਆਪਣੀ ਇਕ ਰੁਪਇਆ ਘਟ ਕਰਨ ਦੀ ਤਹਿਰੀਕ ਤੇ ਪੰਜਾਬ ਕੌਂਸਲ ਵਿਚ ਬੋਲਦਿਆਂ ਕਿਹਾ : ਜਿਨ੍ਹਾਂ ਸਿਖ ਮੁਖੀਆਂ ਉਤੇ ਮੁਕੱਦਮਾ ਚਲ ਰਿਹਾ ਹੈ, ਉਹਨਾਂ ਚੋਣ ਅਸਥਾਨਾਂ ਉਤੇ ਪੁਜ ਕੇ ਗੁਰਦੁਆਰਾ ਐਕਟ ਅਨੁਸਾਰ ਵੋਟਾਂ ਪਾਣ ਦੀ ਆਗਿਆ ਵੀ ਮੰਗੀ ਹੈ । ਕੀ ਹੁਣ ਵੀ ਉਹਨਾਂ ਦੀ ਗੁਰਦੁਆਰਾ ਐਕਟ ਨੂੰ ਵਰਤੋਂ ਵਿਚ ਲਿਆਉਣ ਦੀ ਇੱਛਿਆ ਦੇ ਬਾਰੇ ਕੋਈ ਸੰਸਾ ਰਹਿ ਜਾਂਦਾ ਹੈ ? ਪ੍ਰੋਫੈਸਰ ਰੁਚੀ ਰਾਮ ਸਾਹਨੀ ਨੇ ਇਸ ਮਾਮਲੇ ਨੂੰ ਹੋਰ ਸਾਫ ਕਰਦਿਆਂ ਆਖਿਆ ਕਿ ਮੁਖੀਆਂ ਨੇ ਅਮਲੀ ਤੌਰ ਤੇ ਸਪਸ਼ਟ ਕਰ ਦਿਤਾ ਹੈ ਕਿ ਉਹ ਗੁਰਦੁਆਰਾ ਐਕਟ ਨੂੰ ਵਰਤੋਂ ਵਿਚ ਲਿਆਉਣ ਦੇ ਹੱਕ ਵਿਚ ਹਨ । ਹੁਣ ਸਰਕਾਰ ਪਾਸ ਉਹਨਾਂ ਨੂੰ ਇਕ ਪਲ ਵੀ ਜੇਲ੍ਹ ਵਿਚ ਰੱਖਣ ਦਾ ਕੋਈ ਕਾਰਣ ਨਹੀਂ ਰਹਿ ਜਾਂਦਾ ।

ਸਰ ਜੌਹਨ ਮੇਨਾਰਡ ਨੇ ਬੋਲਦਿਆਂ ਇਸ ਦਾ ਉੱਤਰ ਦਿਤਾ : "ਜਿਨ੍ਹਾਂ ਨੇ ਆਪਣੇ ਅਗੋਂ ਦੇ ਰਵੱਈਏ ਸਬੰਧੀ ਹੋਰਨਾਂ ਵਾਗੂੰ ਬਚਨ ਦੇਣੋਂ ਅਥਵਾ ਸਿੱਧੀ ਕਾਰਵਾਈ ਨਾ ਕਰਨ ਦਾ ਇਕਰਾਰ ਕਰਨੋਂ ਇਨਕਾਰ ਕਰ ਦਿਤਾ ਹੈ ਉਹਨਾਂ ਉਤੇ ਵਿਸ਼ਵਾਸ ਕਰਨਾ ਕਠਨ ਹੈ । ਕੁਛ ਭਲੇ

Digitized by Panjab Digital Library | www.panjabdigilib.org

ਲੋਕਾਂ ਨੇ ਬੜੀਆਂ ਮਾਅਕੂਲ ਸ਼ਰਤਾਂ ਮੰਨ ਲਈਆਂ ਹਨ ਪਰੰਤੂ ਕੁਛ ਅਜੇਹੇ ਹਨ ਜਿਨ੍ਹਾਂ ਨੇ ਅਜੇਹਾ ਕਰਨੋਂ ਇਨਕਾਰ ਕਰ ਦਿਤਾ ਹੈ। ਇਸ ਲਈ ਸ਼ਰਤਾਂ ਮੰਨਣ ਵਾਲਿਆਂ ਨਾਲ ਇਹ ਇਨਸਾਫ ਨਹੀਂ ਹੋਵੇਗਾ ਜੇਕਰ ਸ਼ਰਤਾਂ ਨਾ-ਮੰਨਣ ਵਾਲਿਆਂ ਨਾਲ ਵੀ ਉਹਨਾਂ ਵਰਗਾ ਹੀ ਸਲੂਕ ਕੀਤਾ ਜਾਵੇ।[1]

ਏਸੇ ਨੂੰ ਆਖਦੇ ਹਨ : ਮਨ ਹਰਾਮੀ ਹੁਜਤਾਂ ਢੇਰ।

## 3. ਐਗਜ਼ੈਕਟਿਵ ਕਮੇਟੀ ਦਾ ਮਤਾ (4 ਅਕਤੂਬਰ 1925)

## ਕਾਨੂੰਨ ਮਨਜ਼ੂਰ

ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਪਿਛਲੇ ਕੁਝ ਕੁ ਵਰ੍ਹਿਆਂ ਤੋਂ ਸਿੱਖ ਗੁਰਦੁਆਰਿਆਂ ਦਾ ਪਰਬੰਧ ਪੂਰੀ ਤਰ੍ਹਾਂ ਪੰਥ ਦੇ ਹੱਥ ਵਿਚ ਲਿਆਉਣ ਵਾਸਤੇ, ਕਾਨੂੰਨ ਪਰਾਪਤ ਕਰਨ ਲਈ ਯਤਨ ਕਰਦੀ ਰਹੀ ਹੈ। ਹੁਣ ਪੰਜਾਬ ਕੌਂਸਲ ਦੇ ਸਿਖ ਮਿੰਬਰਾਂ, ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸੇਵਕਾਂ ਅਤੇ ਕੈਦੀ ਸਿੱਖ ਲੀਡਰਾਂ ਨਾਲ ਪਰਸਪਰ ਵਿਚਾਰ ਦੇ ਅਧਾਰ ਤੇ ਬਣਿਆ ਗੁਰਦੁਆਰਾ ਐਕਟ 1925 ਜ਼ਾਬਤੇ ਅੰਦਰ ਸ਼ਾਮਲ ਹੋ ਚੁੱਕਾ ਹੈ। ਚੂੰਕਿ ਕੁਝ ਕੁ ਊਣਤਾਈਆਂ ਦੇ ਹੁੰਦਿਆਂ ਹੋਇਆਂ ਵੀ ਇਹ ਗੁਰਦੁਆਰਾ ਐਕਟ, ਗੁਰਦੁਆਰਾ ਸੁਧਾਰ ਲਹਿਰ ਦੀਆਂ ਬੁਨਿਆਦੀ ਤੇ ਜ਼ਰੂਰੀ ਮੰਗਾਂ ਪੂਰੀਆਂ ਕਰਦਾ ਹੈ ਅਤੇ ਚੂੰਕਿ ਕਿਲ੍ਹਾ ਲਾਹੌਰ ਵਾਲੇ ਲੀਡਰਾਂ ਨੇ ਵੀ ਪੰਥ ਨੂੰ ਗੁਰਦੁਆਰਾ ਐਕਟ ਪਰਵਾਨ ਕਰ ਲੈਣ ਅਤੇ ਉਸ ਪਰ ਦਿਲੋਂ ਮਨੋਂ ਹੋ ਕੇ ਅਮਲ ਕਰਨ ਲਈ ਅਪੀਲ ਕੀਤੀ ਹੈ ਇਸ ਵਾਸਤੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਇਸ ਗੁਰਮਤੇ ਰਾਹੀਂ ਗੁਰਦੁਆਰਾ ਐਕਟ ਦੀ ਪਰਵਾਨਗੀ ਦਾ ਏਲਾਨ ਕਰਦੀ ਹੈ ਅਤੇ ਸਮੂਹ ਗੁਰਸਿੱਖਾਂ ਨੂੰ ਸੱਦਾ ਦੇਂਦੀ ਹੈ ਕਿ ਗੁਰਦੁਆਰਾ ਐਕਟ ਨੂੰ ਵਰਤੋਂ ਵਿਚ ਲਿਆਉਣ ਲਈ ਤਨੋਂ ਮਨੋਂ ਸਹਾਇਤਾ ਕਰਨ।

## 4. ਸ: ਮਹਿਤਾਬ ਸਿੰਘ ਜੀ (1879—1938)

(ਵੇਖੋ ਸਫਾ 443)

ਜ਼ਿਲਾ ਸ਼ਾਹਪੁਰ ਦੇ ਵਸਨੀਕ ਸਨ। ਬੈਰਿਸਟਰੀ ਪਾਸ ਕਰਕੇ ਵਕਾਲਤ ਵਿਚ ਬੜੀ ਸਫਲਤਾ ਹਾਸਲ ਕੀਤੀ। ਪੰਜਾਬ ਕੌਂਸਲ ਦੇ ਮਿੰਬਰ ਤੇ ਡਿਪਟੀ ਸਪੀਕਰ ਅਤੇ ਪਬਲਿਕ ਪਰਾਸੀ-ਕਿਊਟਰ ਸਨ, ਰੁਪਏ ਪੈਸੇ ਵਲੋਂ ਕੋਈ ਘਾਟਾ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਮਤੇ ਉਤੇ ਫੁੱਲ ਚੜ੍ਹਾਉਂਦਿਆਂ ਉਹਨਾ ਨੇ ਕੌਂਸਲ ਦੀ ਮਿੰਬਰੀ ਤੇ ਸਰਕਾਰੀ ਅਹੁਦੇ ਤਿਆਗ ਦਿਤੇ ਸਨ। ਗੌਰਮਿੰਟ ਦੇ, ਨਨਕਾਣਾ ਸਾਹਿਬ ਦੇ ਮਹੰਤ ਦੇ ਕੇਸ ਵਿਚ, ਸਰਕਾਰੀ ਪੱਖਬਾਜ਼ ਰਵੱਈਏ ਤੋਂ ਬੜੇ ਤੰਗ ਪੈ ਗਏ ਸਨ ਅਤੇ ਗੌਰਮਿੰਟ ਨੂੰ ਬੜਾ ਕੋਸਣ ਲਗ ਪਏ ਸਨ।

ਆਪ ਬੜੇ ਧਾਰਮਕ ਖਿਆਲਾਂ ਦੇ ਆਦਮੀ ਸਨ। ਗੌਰਮਿੰਟ ਦੇ ਗੁਰਦੁਆਰਿਆਂ ਵਿਚ ਦਖਲ ਨੂੰ ਵੇਖ ਕੇ ਅਕਾਲੀ ਲਹਿਰ ਵਿਚ ਕੁਦੇ। ਅਤੇ ਬੜੀਆਂ ਕੁਰਬਾਨੀਆਂ ਕੀਤੀਆਂ। ਗੁਰਦੁਆਰਾ ਬਿਲ ਦੇ ਪਾਸ ਹੋ ਜਾਣ ਪਿਛੋਂ ਉਹਨਾ ਵਿਚ ਕਮਜ਼ੋਰੀ ਆ ਗਈ। ਕਮਜ਼ੋਰੀ ਦੇ ਕਾਰਣ ਚਾਰ ਸਨ :

---

[1] ਅਕਾਲੀ ਤੇ ਪ੍ਰਦੇਸੀ : 2 ਜੁਲਾਈ 1926

Digitized by Panjab Digital Library | www.panjabdigilib.org

1. ਸਰਕਾਰ-ਪਰੱਸਤ ਰਿਸ਼ਤੇਦਾਰਾਂ ਤੇ ਸਰਕਾਰੀ ਅਫਸਰਾਂ ਨਾਲ ਗੂੜ੍ਹੇ ਸਬੰਧ; 2. ਅੰਗਰੇਜ਼ ਰਾਜ ਦੀ ਪਾਏਦਾਰੀ ਵਿਚ ਯਕੀਨ ਅਤੇ ਸਿਆਸੀ ਮਾਮਲਿਆਂ ਤੋਂ, ਵਾਹ ਲਗਦੀ, ਬਚ ਕੇ ਰਹਿਣਾ; 3. ਕੈਦ ਹੋ ਜਾਣ ਤੋਂ ਪਹਿਲੋਂ ਪਹਿਲੋਂ ਰਿਹਾ ਹੋ ਜਾਣ ਦੀ ਖ਼ਾਹਸ਼ ਅਤੇ ਜੇਲ੍ਹ ਦੀ ਜ਼ਿੰਦਗੀ ਦਾ ਬੁਰਾ ਤੇ ਦਿਲ-ਢਾਹਵਾਂ ਅਸਰ ਅਤੇ 4. ਰਸਾਲਦਾਰ ਸੁੰਦਰ ਸਿੰਘ ਤੇ ਰਣਜੋਧ ਸਿੰਘ ਅਤੇ ਹੋਰ ਸਾਥੀਆਂ ਦਾ ਸ਼ਰਤਾਂ ਮੰਨ ਕੇ ਰਿਹਾਈਆਂ ਲਈ ਜ਼ੋਰ ਤੇ ਦਬਾਅ।

Digitized by Panjab Digital Library | www.panjabdigilib.org

# ਕੁਛ ਅੰਤਕੇ

## ਅੰਤਕਾ ਨੰਬਰ 1

### ਅਕਾਲੀਆਂ ਦੀ ਗਿਣਤੀ ਦਾ ਸੰਖਿਪਤ ਚਿੱਠਾ

| ਮੁਲਕ ਦਾ ਇਲਾਕਾ | ਜ਼ਿਲਿਆਂ ਦੀ ਲੜੀਵਾਰ ਗਿਣਤੀ | ਅਕਾਲੀਆਂ ਦੀ ਗਿਣਤੀ | ਜੱਟ | ਕਮੀਣ | ਜੱਟਾਂ ਕਮੀਣਾਂ ਤੋਂ ਛੁੱਟ ਹੋਰ | ਬਾਹਰੋਂ ਮੁੜੇ ਪਰਵਾਸੀ |
|---|---|---|---|---|---|---|
| ਪੂਰਬੀ ਪੰਜਾਬ–ਰਲੀ ਮਿਲੀ ਆਬਾਦੀ | 1. ਅੰਬਾਲਾ | 159 | 134 | 23 | 2 | ... |
| ਮਾਲਵਾ ਇਲਾਕਾ–ਬਹੁਤ ਜ਼ਿਆਦਾ ਸਿੱਖ ਆਬਾਦੀ | 2. ਲੁਧਿਆਣਾ | 672 | 521 | 151 | ... | 31 |
| | 3. ਹੁਸ਼ਿਆਰਪੁਰ | 1058 | 944 | 114 | ... | 28 |
| | 4. ਜਲੰਧਰ | 916 | 749 | 167 | ... | 73 |
| | 5. ਫੀਰੋਜ਼ਪੁਰ | 446 | 344 | 102 | ... | 27 |
| ਮਾਝਾ ਇਲਾਕਾ–ਬਹੁਤ ਜ਼ਿਆਦਾ ਸਿੱਖ ਆਬਾਦੀ | 6. ਗੁਰਦਾਸਪੁਰ | 909 | 650 | 259 | ... | 3 |
| | 7. ਅਮ੍ਰਿਤਸਰ | 1363 | 1108 | 255 | ... | 33 |
| | 8. ਲਾਹੌਰ | 1722 | 912 | 587 | 223 | 39 |
| ਰਚਨਾ ਦੁਆਬ–ਢੇਰ ਸਾਰੀ ਸਿੱਖ ਆਬਾਦੀ | 9. ਸ਼ੇਖੂਪੁਰਾ | 2198 | 1445 | 250 | 503 | 3 |
| | 10. ਗੁਜਰਾਂ ਵਾਲਾ | 444 | 171 | 88 | 185 | 2 |
| | 11. ਸਿਆਲਕੋਟ | 720 | 495 | 80 | 145 | ... |
| ਨਹਿਰੀ ਆਬਾਦਕਾਰੀ ਰਲੀ-ਮਿਲੀ ਆਬਾਦੀ | 12. ਲਾਇਲਪੁਰ | 3148 | 2358 | 274 | 516 | 4 |
| | 13. ਮਿੰਟਗੁਮਰੀ | 138 | 28 | 46 | 64 | ... |
| ਰਾਵਲਪਿੰਡੀ–ਮੁਸਲਿਮ ਆਬਾਦੀ ਬਹੁਤ ਜ਼ਿਆਦਾ | 14. ਗੁਜਰਾਤ | 314 | 313 | 1 | ... | 1 |
| | 15. ਜਿਹਲਮ | 526 | ... | ... | 526 | ... |
| | 16. ਸ਼ਾਹਪੁਰ | 191 | 28 | 2 | 161 | ... |
| | 17. ਰਾਵਲਪਿੰਡੀ | 582 | ... | ... | 582 | 4 |
| ਕੁੱਲ ਗਿਣਤੀ | | 15506 | 10200 | 2399 | 2907 | 248 |

ਲੇਖਕ ਦੇ ਨੋਟ :

(1) ਉਤਲੀ ਅਕਾਲੀ-ਸ਼ੁਮਾਰੀ ਫਰਵਰੀ 1922 ਤੋਂ ਪਹਿਲੋਂ ਦੀ ਹੈ । ਇਸ ਵੇਲੇ

Digitized by Panjab Digital Library | www.panjabdigilib.org

ਅਕਾਲੀ ਤਹਿਰੀਕ ਜੋਬਨ ਨੂੰ ਚੜ੍ਹ ਰਹੀ ਸੀ ।

(2) ਬਰਿਟਿਸ਼ ਸਾਮਰਾਜ ਦੇ ਹਾਕਮ ਸਾਰੇ ਹਿੰਦੁਸਤਾਨੀਆਂ ਨਾਲ ਬਸਤੀਵਾਦੀ ਗੁਲਾਮਾਂ ਵਾਲੀ ਨਫਰਤ ਕਰਦੇ ਸਨ । ਪਰ ਬੇ-ਜਾਇਦਾਦ ਦਲਿਤ ਜਾਤੀਆਂ ਨੂੰ ਕਮੀਣ ਦੇ ਖਾਨੇ ਵਿਚ ਰੱਖਣ ਦੇ ਅਰਥ ਅੱਤ-ਅਧਿਕ ਨਫਰਤ ਦੇ ਹਨ । ਪਹਿਲੋਂ ਉਹ ਅਕਾਲੀ ਤਹਿਰੀਕ ਨੂੰ ਕਮੀਣ-ਕਾਂਦੂਆਂ ਦੀ ਲਹਿਰ ਹੀ ਬਿਆਨ ਕਰਦੇ ਰਹੇ ਸਨ ।

(3) ਅਗਲਾ ਚਿੱਠਾ ਫੌਜੀ ਪਿਨਸ਼ਨਰਾਂ, ਨਾਮ-ਕੱਟੇ ਫੌਜੀਆਂ ਅਤੇ ਸਜ਼ਾ-ਖਾਧੇ ਕੈਦੀਆਂ ਜਾਂ ਮੁਜਰਮਾਂ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਗਿਣਤੀ ਦੇਂਦਾ ਹੈ । ਇਹ ਵੀ ਫਰਵਰੀ 1922 ਤੱਕ ਦਾ ਹੀ ਹੈ । ਬਦਮਾਸ਼ਾਂ ਵਿਚ ਇਕ ਵਾਰ ਕੈਦ ਹੋ ਚੁਕੇ ਰਾਜਸੀ ਵਰਕਰ ਤੇ ਅਕਾਲੀ ਸ਼ਾਮਲ ਹਨ । ਪਿਨਸ਼ਨਰਾਂ ਦੀ ਗਿਣਤੀ ਪਿਨਸ਼ਨਾਂ ਜ਼ਬਤ ਕਰਨ ਦੀ ਤਿਆਰੀ ਸੀ ।

## ਅੰਤਕਾ ਨੰਬਰ 2

## ਅਕਾਲੀ ਦਲ ਦੀ ਬਣਤਰ ਤੇ ਤਾਕਤ

| ਫੌਜੀ ਪਿਨਸ਼ਨਰ | ਨਾਮ-ਕਟੇ ਫੌਜੀ | ਸਜ਼ਾ-ਯਾਫਤਾ ਤੇ ਬਦਚਲਨ | ਮਹੀਨਾ ਜਿਸ ਵਿਚ ਇਹ ਗਿਣਤੀ ਲਈ ਗਈ |
|---|---|---|---|
| 1 | 2 | ? | ਦਸੰਬਰ |
| 102 | 128 | ? | ,, |
| 73 | 75 | ? | ਨਵੰਬਰ ਤੇ ਦਸੰਬਰ |
| 74 | 74 | ? | ,, |
| 25 | 55 | ? | ਦਸੰਬਰ |
| 34 | 48 | 5 | ,, |
| 90 | 62 | 79 | ,, |
| 15 | 70 | 183 | ਦਸੰਬਰ-ਜਨਵਰੀ |
| 65 | | | |
| 23 | ... | 53 | ਜਨਵਰੀ-ਫਰਵਰੀ |
| 37 | 48 | ? | ਜਨਵਰੀ |
| 54 | 63 | 84 | ਜਨਵਰੀ-ਫਰਵਰੀ |
| 3 | ... | ? | ਜਨਵਰੀ |
| 3 | 5 | ? | ,, |
| 1 | 1 | ? | ਦਸੰਬਰ |
| 2 | 27 | ? | ਦਸੰਬਰ-ਜਨਵਰੀ |
| 602 | 658 | 404 | |

ਨੋਟ : ਇਹ ਦੋਵੇਂ ਅੰਤਕੇ ਸੀ. ਆਈ. ਡੀ. ਸੁਪਰੰਡੈਂਟ—ਵੀ. ਡਬਲਿਊ. ਸਮਿਥ ਦੀ ਰਿਪੋਰਟ ਪਿੱਛੇ ਦਿੱਤੇ ਗਏ ਹਨ, ਅਤੇ ਦਿੱਲੀ ਰਿਕਾਰਡਜ਼—2—ਕਾਨਫੀਡੈਂਸ਼ਲ ਫਾਈਲ ਨੰਬਰ 459—ਪਾਰਟ ਦੋ, ਕਰਮਵਾਰ ਨੰਬਰ 1-10-1922, ਹੋਮ ਪੁਲਿਟੀਕਲ ਵਿਚ ਦਰਜ ਹਨ ।

Digitized by Panjab Digital Library | www.panjabdigilib.org

# ਅੰਤਕਾ ਨੰਬਰ 3

ਜ਼ਖਮੀ ਅਕਾਲੀ ਲਿਆ ਕੇ ਤਿੰਨਾਂ ਹਸਪਤਾਲਾਂ ਵਿਚ ਇਲਾਜ ਲਈ ਰਖੇ ਜਾਂਦੇ ਸਨ। ਹੇਠਾਂ ਅਸੀਂ ਸਿਰਫ ਦੋਂਹ ਜਥਿਆਂ ਦੇ ਜ਼ਖਮਾਂ ਦਾ ਹੀ ਵੇਰਵਾ ਦੇਂਦੇ ਹਾਂ। ਇਹ ਰਿਪੋਰਟ ਇਨਚਾਰਜ ਡਾਕਟਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਛੇਵੀਂ ਤੇ ਸੱਤਵੀਂ ਤਰੀਕ ਦੇ ਜਥਿਆਂ ਦੀ ਮਾਰ ਕੁੱਟ ਬਾਰੇ ਦਿਤੀ ਸੀ। ਇਸ ਤੋਂ ਉਸ ਬੇਰਹਿਮੀ ਤੇ ਪਸ਼ੂਪੁਣੇ ਦੇ ਵਰਤਾਅ ਦਾ ਕੁਛ ਪਤਾ ਚਲਦਾ ਹੈ ਜਿਹੜਾ ਪੁਲਸੀ ਹੱਤਿਆਰਿਆਂ ਵਲੋਂ ਅਕਾਲੀ ਸ਼ਾਂਤ-ਮਈ ਸਤਿਆਗਰਹੀਆਂ ਨਾਲ ਕੀਤਾ ਜਾਂਦਾ ਸੀ।

## 6 ਤਾਰੀਖ ਦੇ ਜਥੇ ਦੇ ਜ਼ਖਮਾਂ ਬਾਰੇ ਸੰਖੇਪ ਬਿਆਨ

| | | |
|---|---|---|
| 1. | ਲਿੰਗਾਂ ਨੂੰ ਸੱਟਾਂ-ਫੇਟਾਂ | 32 |
| 2. | ਗੁੰਝਲਦਾਰ, ਛੇਤੀ ਰਾਜ਼ੀ ਨਾ ਹੋਣ ਵਾਲੇ ਜ਼ਖਮ | 12 |
| 3. | ਦਿਮਾਗ ਨੂੰ ਸੱਟਾਂ-ਫੇਟਾਂ | 15 |
| 4. | ਜਿਸਮ ਦੇ ਉਤਲੇ ਹਿੱਸੇ ਦੇ ਜ਼ਖਮ | 20 |
| 5. | ਜਿਸਮ ਦੇ ਸਾਮ੍ਹਣੇ ਹਿੱਸੇ ਉੱਤੇ ਸੱਟਾਂ | 15 |
| 6. | ਦੰਦ ਹਿੱਲ ਗਏ | 1 |
| 7. | ਪੇਸ਼ਾਬ ਦੀ ਤਕਲੀਫ | 7 |
| 8. | ਸਾਦਾ ਸੱਟਾਂ | 55 |
| 9. | ਬੁਰੀ ਤਰ੍ਹਾਂ ਜ਼ਖਮੀ | 25 |
| 10. | ਬਹੁਤ ਬੁਰੀ ਤਰ੍ਹਾਂ ਜ਼ਖਮੀ | 3 |
| 11. | ਗੰਭੀਰ ਹਾਲਤ | 18 |
| | ਕੁੱਲ ਗਿਣਤੀ | 203 |

## 7 ਤਾਰੀਖ ਦੇ ਜਥੇ ਦੇ ਜ਼ਖਮਾਂ ਬਾਰੇ ਸੰਖੇਪ ਬਿਆਨ

| | | |
|---|---|---|
| 1. | ਜਿਸਮ ਦੇ ਉਤਲੇ ਹਿੱਸੇ ਦੇ ਜ਼ਖਮ | 12 |
| 2. | ਗੁੰਝਲਦਾਰ, ਛੇਤੀ ਰਾਜ਼ੀ ਨਾ ਹੋਣ ਵਾਲੇ ਜ਼ਖਮ | 11 |
| 3. | ਫਟੇ ਹੋਏ ਜ਼ਖਮ | 1 |
| 4. | ਜਿਸਮ ਦਾ ਅਗਲਾ ਹਿੱਸਾ | 15 |
| 5. | ਦਿਮਾਗ | 11 |
| 6. | ਲਿੰਗਾਂ ਉਤੇ ਚੋਟਾਂ-ਸੱਟਾਂ | 15 |
| 7. | ਪੇਸ਼ਾਬ ਦੀ ਤਕਲੀਫ | 1 |
| 8. | ਹੱਡੀ ਟੁੱਟ ਗਈ | 3 |
| 9. | ਸਾਦਾ ਸੱਟਾਂ | 59 |
| 10. | ਬੁਰੀ ਤਰ੍ਹਾਂ ਜ਼ਖਮੀ | 14 |
| 11. | ਬਹੁਤ ਬੁਰੀ ਤਰ੍ਹਾਂ ਜ਼ਖਮੀ | 3 |
| 12. | ਗੰਭੀਰ | 15 |
| | ਕੁੱਲ ਜੋੜ | 160 |

(ਵੇਖੋ ਸ਼੍ਰੋਮਣੀ ਕਮੇਟੀ ਦਾ ਐਲਾਨ ਨੰ: 63)

Digitized by Panjab Digital Library | www.panjabdigilib.org

# ਅੰਤਕਾ 4

ਉਸ ਕਾਰਵਾਈ ਦਾ ਚਿੱਠਾ ਜਿਹੜੀ ਅਖਬਾਰਾਂ ਦੇ ਐਡੀਟਰਾਂ, ਪੱਤਰਕਾਰਾਂ ਤੇ ਅਖਬਾਰਾਂ ਦੇ ਪਰੈਸਾਂ ਦੇ ਖਿਲਾਫ ਕੀਤੀ ਗਈ :

1. ਮੰਗਲ ਸਿੰਘ ਐਡੀਟਰ ਅਕਾਲੀ (ਲਾਹੌਰ) ਸੈਕਸ਼ਨ 124 ੳ ਤੇ 153 : ਤਿੰਨ ਸਾਲ ਸਖਤ ਕੈਦ ਅਤੇ 1000 ਜੁਰਮਾਨਾ+2 ਸਾਲ ਹੋਰ (ਸਖਤ ਕੈਦ), ਇਕੱਠੀਆਂ ਚਲਣਗੀਆਂ।

2. ਸੁੰਦਰ ਸਿੰਘ ਪੀਪਲਜ਼ ਪਰੈਸ ਦਾ ਚਾਲਕ (ਲਾਹੌਰ) 1000 ਰੁਪਏ ਦੀ ਜ਼ਮਾਨਤ ਮੰਗੀ, ਖਾਲਸਾ ਅਖ਼ਬਾਰ ਦੇ ਛਾਪਣ ਦੇ ਕਾਰਣ : ਜਿਹੜਾ ਇਕਸਾਰਵੀਂ ਦੁਸ਼ਮਣੀ ਦਾ ਪਰਚਾਰ ਕਰਦਾ ਏ।

3. ਪੀਪਲਜ਼ ਪਰੈਸ ਦੀ ਜ਼ਮਾਨਤ ਜ਼ਬਤ। ਅਕਾਲੀ ਅਖਬਾਰ ਵਿਚ, 1920 ਵਿਚ ਨਾ-ਮਿਲਵਰਤਨ ਉਤੇ ਇਤਰਾਜ਼-ਯੋਗ ਲੇਖ ਲਿਖਣ ਦੇ ਕਾਰਣ।

4. ਚੰਦਾ ਸਿੰਘ, ਪੰਥ ਸੇਵਕ ਪਰੈਸ ਦਾ ਚਾਲਕ (ਅਮਰਿਤਸਰ)। ਇਤਰਾਜ਼-ਯੋਗ ਲੇਖਾਂ ਦੇ ਕਾਰਣ 1000 ਰੁਪਏ ਜ਼ਮਾਨਤ ਮੰਗੀ ਗਈ।

5. ਨਿਧਾਨ ਸਿੰਘ ਪਰਤਾਪ ਹਰੀ ਪਰੈਸ (ਲਾਹੌਰ) ਦਾ ਚਾਲਕ ; ਚਾਲਕ ਦੇ ਬਦਲਨ ਦੀ ਦਰਖਾਸਤ ਅਤੇ 1000 ਰੁਪਏ ਦੀ ਜ਼ਮਾਨਤ ਮੰਗੀ ਗਈ।

6. ਜਵਾਹਰ ਸਿੰਘ ਹਿੰਦੁਸਤਾਨੀ ਪਰੈਸ (ਲਾਹੌਰ) ਦਾ ਚਾਲਕ, 2000 ਰੁਪਏ ਦੀ ਜ਼ਮਾਨਤ। ਜ਼ਮਾਨਤ ਜ਼ਬਤ : ਕਾਰਣ ਪੋਸਟਰ ਛਾਪਣਾ—ਪੁਲਸ ਤੇ ਫੌਜ ਦੀ ਨੌਕਰੀ ਹਰਾਮ ਹੈ।

7. ਅਬਦੁਲ ਰਹਿਮਾਨ (ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦਾ ਸ਼ਾਗਿਰਦ) ਮੁਬਾਰਕ ਪਰੈਸ (ਲਾਹੌਰ) ਦੀ 2000 ਰੁਪਏ ਜ਼ਮਾਨਤ ਜ਼ਬਤ। ਰੋਜ਼ਾਨਾ ਅਕਾਲੀ ਛਾਪਣ ਦੇ ਕਾਰਣ।

8. ਚਤੁਰ ਸਿੰਘ ਪਬਲਿਕ ਪਰੈਸ ਦੇ ਚਾਲਕ (ਲਾਹੌਰ) ਤੋਂ ਦਸ ਹਜ਼ਾਰ ਰੁਪਏ ਦੀ ਜ਼ਮਾਨਤ ਮੰਗੀ ਗਈ।

9. ਸਾਧੂ ਸਿੰਘ, ਸਾਧੂ ਪਰੈਸ ਦਾ ਚਾਲਕ (ਲਾਹੌਰ) ਦਸ ਹਜ਼ਾਰ ਦੀ ਜ਼ਮਾਨਤ ਮੰਗ ਲਈ।

10. ਬਲਵੰਤ ਸਿੰਘ ਅਪਰ ਇੰਡੀਆ ਪਰਿੰਟਿੰਗ ਵਰਕਸ ਦਾ ਚਾਲਕ ; ਪਹਿਲਾ ਹੁਕਮ ਬਦਲਕੇ ਇਕ ਹਜ਼ਾਰ ਰੁਪਏ ਦੀ ਜ਼ਮਾਨਤ ਮੰਗ ਲਈ ਗਈ, ਨਵੇਂ ਚਾਲਕ ਦੇ ਕਾਰਣ।

11. ਹਜ਼ੂਰਾ ਸਿੰਘ ਚਾਲਕ ਪਰਤਾਪ ਹਰੀ ਪਰੈਸ (ਲਾਹੌਰ), ਪਹਿਲਾ ਹੁਕਮ ਬਦਲਕੇ ਦੋ ਹਜ਼ਾਰ ਰੁਪਏ ਦੀ ਜ਼ਮਾਨਤ ਮੰਗ ਲਈ।

12. ਪਰਤਾਪ ਸਿੰਘ ਐਡੀਟਰ ਅਕਾਲੀ—ਮੁਕਦਮਾ 124 ੳ. ਥੱਲੇ। ਮੁਆਫੀ ਮੰਗਣ ਕਰਕੇ ਛੱਡ ਦਿੱਤਾ।

13. ਨਰਿੰਦਰ ਸਿੰਘ, ਅਕਾਲੀ ਅਖਬਾਰ (ਲਾਹੌਰ) ਦਾ ਛਾਪਕ ਤੇ ਪਰਕਾਸ਼ਕ ਦਫਾ 178 (ਆਈ. ਟੀ. ਏ.) ਥੱਲੇ 4 ਮਹੀਨੇ ਕੈਦ।

14. ਸਰਦੂਲ ਸਿੰਘ ਕਵੀਸ਼ਰ : ਅਕਾਲੀ ਵਿਚ ਹੇਠ-ਉਤੇ ਛੇ ਲੇਖ ਨਨਕਾਣੇ ਦੇ ਹਤਿਆ ਕਾਂਡ ਉਤੇ ਲਿਖਣ ਕਾਰਣ, ਦਫਾ 124 ੳ ਅਤੇ 153 ੳ. ਥਲੇ 5 ਸਾਲ ਕੈਦ ਸਖਤ।

Digitized by Panjab Digital Library | www.panjabdigilib.org

15. ਉਤਮ ਸਿੰਘ ਐਡੀਟਰ ਅਕਾਲੀ ਲਾਹੌਰ, ਦਫਾ 124 ੳ. ਥਲੇ ਛੇ ਮਹੀਨੇ ਕੈਦ ਸਖਤ ।

16. ਮਾਸਟਰ ਸੁੰਦਰ ਸਿੰਘ ਲਾਇਲਪੁਰੀ : ਅਕਾਲੀ ਵਿਚ ਇਤਰਾਜ਼-ਯੋਗ ਲੇਖਾਂ ਦੀ ਲੜੀ ਲਿਖਣ ਦੇ ਕਾਰਣ, 124 ੳ. ਥੱਲੇ ਇਕ ਸਾਲ ਕੈਦ ਸਖਤ ।

17. ਲਾਭ ਸਿੰਘ ਐਡੀਟਰ ਤੇ ਪਰਕਾਸ਼ਕ ਅਕਾਲੀ ਲਾਹੌਰ, ਦਫਾ 124 ੳ. ਥਲੇ ਇਕ ਸਾਲ ਛੇ ਮਹੀਨੇ ਮਹਿਜ਼ ਕੈਦ ।

18. ਹੀਰਾ ਸਿੰਘ ਦਰਦ ਅਕਾਲੀ ਰੋਜ਼ਾਨਾ ਦਾ ਐਡੀਟਰ, ਛਾਪਕ ਤੇ ਪਰਕਾਸ਼ਕ, ਮੁਕੱਦਮਾ ਚਲਦਾ (ਪਿਛੋਂ ਦੋਂਹ ਮੁਕੱਦਮਿਆਂ ਵਿਚ ਡੇੜ੍ਹ ਸਾਲ ਸਜ਼ਾ ਹੋਈ : ਲੇਖਕ)

19. ਹਰਦਿੱਤ ਸਿੰਘ ਰਾਵਲਪਿੰਡੀ, ਕਰਤਾ ਤੇ ਪਰਕਾਸ਼ਕ, ਅੰਗਰੇਜ਼ੀ ਰਾਜ ਮੇਂ ਮਿੱਟੀ ਖ਼ਰਾਬ—ਤਿੰਨ ਸਾਲ ਸਖਤ ਕੈਦ ।

20. ਘਨੱਈਆ ਸਿੰਘ ਪੈਂਫਲਟ ਦਾ ਛਾਪਕ, ਇਕ ਹਜ਼ਾਰ ਰੁਪਏ ਜੁਰਮਾਨਾ ਜਾਂ ਛੇ ਮਹੀਨੇ ਕੈਦ ਸਖਤ ।

21. ਹਟੀ ਸਿੰਘ ਐਡੀਟਰ, ਛਾਪਕ ਤੇ ਪਰਕਾਸ਼ਕ 'ਪਰਦੇਸੀ ਖਾਲਸਾ' ਅਮਰਿਤਸਰ । ਕੇਸ ਚਲਦਾ ।

22. ਸਰਦਾਰਾ ਸਿੰਘ ਐਡੀਟਰ 'ਆਜ਼ਾਦ ਅਕਾਲੀ' (ਲਾਹੌਰ) ਦਫਾ 124 ੳ. ਥੱਲੇ ਦੋ ਸਾਲ ਕੈਦ ਮਹਿਜ਼ ।

23. ਹਰਬੰਸ ਸਿੰਘ ਜਾਇੰਟ ਐਡੀਟਰ ਆਜ਼ਾਦ ਅਕਾਲੀ, 124 ੳ. ਥਲੇ ਛੇ ਮਹੀਨੇ ਸਾਦਾ ਕੈਦ ।

24. ਸੁੰਦਰ ਸਿੰਘ ਐਡੀਟਰ ਆਜ਼ਾਦ ਅਕਾਲੀ ਲਾਹੌਰ, ਡੇਢ ਸਾਲ ਸਾਦਾ ਕੈਦ, ਦਫਾ 124 ੳ.

25. ਸਰਦਾਰਾ ਸਿੰਘ ਅਤੇ ਖੇਮ ਸਿੰਘ, 'ਗੜਗੱਜ ਅਕਾਲੀ' ਦੇ ਐਡੀਟਰ, ਛਾਪਕ ਤੇ ਪਰਕਾਸ਼ਕ (ਅਮਰਿਤਸਰ) ਦੋ ਹਜ਼ਾਰ ਰੁਪਏ ਜ਼ਮਾਨਤ ਜ਼ਬਤ ।

26. ਹਜ਼ੂਰਾ ਸਿੰਘ ਚਾਲਕ ਪਰਤਾਪ ਹਰੀ ਪਰੈਸ, ਦੋ ਹਜ਼ਾਰ ਦੀ ਜ਼ਮਾਨਤ ਜ਼ਬਤ ।

27. ਚੰਦਾ ਸਿੰਘ ਪੰਥ ਸੇਵਕ ਪਰੈਸ ਚਾਲਕ, 'ਸੰਸਾਰ' ਵਿਚ ਬਗਾਵਤੀ ਲੇਖ, ਇਕ ਹਜ਼ਾਰ ਰੁਪਏ ਦੀ ਜ਼ਮਾਨਤ ਜ਼ਬਤ ।

28. ਪੰਥ ਸੇਵਕ ਪਰੈਸ ਵਿਚ ਛਪ ਰਹੀ ਬਾਬਾ ਗੁਰਦਿੱਤ ਸਿੰਘ ਜੀ ਵਲੋਂ 'ਕਾਮਾਗਾਟਾਮਾਰੂ ਦੀ ਗਾਥਾ' ਦੇ ਪਰੂਫ, ਮਸਾਲਾ ਵਗੈਰਾ ਛਾਪਾ ਮਾਰਕੇ ਜ਼ਬਤ ਕਰ ਲਿਆ ।

29. ਗੁਰਚਰਨ ਸਿੰਘ, ਚਾਲਕ ਸਰਦਾਰ ਪਰੈਸ ਅਮਰਿਤਸਰ । 'ਪੰਥ ਸੇਵਕ' ਦੇ ਛਾਪਣ ਦਾ ਕੰਮ ਲੈਣ ਕਰਕੇ ਇਕ ਹਜ਼ਾਰ ਰੁਪਏ ਦੀ ਜ਼ਮਾਨਤ ਮੰਗ ਲਈ ।

30. ਦਇਆ ਸਿੰਘ ਚਾਲਕ ਓਂਕਾਰ ਪਰੈਸ, 'ਪਰਦੇਸੀ ਖਾਲਸਾ' ਦੇ ਛਾਪਣ ਦਾ ਕੰਮ ਲੈਣ ਕਰਕੇ ਦੋ ਹਜ਼ਾਰ ਰੁਪਏ ਦੀ ਜ਼ਮਾਨਤ ਮੰਗ ਲਈ ।

Digitized by Panjab Digital Library | www.panjabdigilib.org

ਨੋਟ : ਇਹ ਕਾਰਵਾਈ ਗੌਰਮਿੰਟ ਨੇ 1920—22 ਵਿਚ ਕੀਤੀ। ਬਾਬੂ ਐਨ. ਸੀ. ਨਿਓਗੀ ਦੇ ਲੈਜਿਸਲੇਟਿਵ ਅਸੰਬਲੀ (ਦਿੱਲੀ) ਦੇ ਸਵਾਲ ਦੇ ਜਵਾਬ ਵਿਚ ਇਹ ਚਿੱਠਾ ਪੇਸ਼ ਕੀਤਾ ਗਿਆ। ਕੁਲ 107 ਅਖਬਾਰਾਂ ਤੇ ਪਰੈਸਾਂ ਦੇ ਖਿਲਾਫ ਐਕਸ਼ਨ ਲਿਆ ਗਿਆ ਸੀ। ਅਕਾਲੀ ਤੇ ਪੰਜਾਬੀ ਅਖਬਾਰਾਂ ਅਤੇ ਪਰੈਸਾਂ ਨੂੰ ਕੁਚਲਨ ਦੀ ਫਹਿਰਿਸਤ ਦਿੱਤੀ ਗਈ ਹੈ। ਉਰਦੂ ਦੇ ਅਖਬਾਰਾਂ ਜ਼ਿਮੀਂਦਾਰ, ਸਿਆਸਤ, ਬੰਦੇ ਮਾਤਰਮ, ਵਗੈਰਾ ਦੀਆਂ ਵੀ ਜ਼ਮਾਨਤਾਂ ਜ਼ਬਤ ਹੋਈਆਂ ਅਤੇ ਐਡੀਟਰ, ਛਾਪਕ ਤੇ ਪਰਕਾਸ਼ਕ ਕੈਦ ਹੋਏ। ਬਰਿਟਿਸ਼ ਬਸਤੀਵਾਦੀ ਰਾਜ ਵਿਚ ਪਰੈਸ ਨੂੰ ਆਜ਼ਾਦੀ ਨਾਲ ਲਿਖਣ ਦੇ ਰਾਹ ਤੇ ਚਲਣ ਲਈ ਬੜੀਆਂ ਕੁਰਬਾਨੀਆਂ ਕਰਨੀਆਂ ਪਾਈਆਂ।

## ਅੰਤਕਾ 5 (ੳ),

## ਪੈਂਫਲਟਾਂ ਤੇ ਅਖਬਾਰਾਂ ਦੇ ਪਰਚਿਆਂ ਦੀ ਫਹਿਰਿਸਤ ਜਿਹੜੇ ਪਰੈਸ ਐਕਟ 1910 ਈ: ਦਫਾ 12 ਥੱਲੇ ਜ਼ਬਤ ਕੀਤੇ ਗਏ

### 1922

1. ਅਕਾਲੀ ਤੇ ਪ੍ਰਦੇਸੀ (ਅਮਰਿਤਸਰ) ਐਡੀਟਰ ਜਮੀਅਤ ਸਿੰਘ ਅਕਾਲੀ। ਪਰਚਾ ਨੰਬਰ ਨਹੀਂ ਦਿੱਤਾ।

2. ਅਕਾਲੀ (ਲਿਪੀ ਗੁਰਮੁਖੀ) ਅਖਬਾਰ, ਲਾਹੌਰ, ਐਡੀਟਰ ਉਤਮ ਸਿੰਘ, ਪਰਚਾ ਨੰਬਰ ਨਹੀਂ ਦਿੱਤਾ।

3. ਅਕਾਲੀ ਗੂੰਜ, ਅਮਰਿਤਸਰ, ਭਾਈ ਖੇਮ ਸਿੰਘ।

4. ਅੰਗਰੇਜ਼ੀ ਰਾਜ ਵਿਚ ਮਿੱਟੀ ਖਰਾਬ (ਪੰਜਾਬੀ) ਹਰਦਿਤ ਸਿੰਘ ਰਾਵਲਪਿੰਡੀ।

5. ਅੰਗਰੇਜ਼ਾਂ ਦਾ ਟੱਟੂ (ਉਰਦੂ ਲਿਪੀ), ਅਬਦੁਲ ਹੱਕ, ਸਿਆਲਕੋਟ।

6. ਅੰਗਰੇਜ਼ਾਂ ਦਾ ਟੱਟੂ (ਪੰਜਾਬੀ ਲਿਪੀ), ਅਬਦੁਲ ਹੱਕ, ਸਿਆਲਕੋਟ।

7. ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਦੁੱਖ ਭਰੀ ਕਹਾਣੀ (ਭਾਗ ਪਹਿਲਾ ਤੇ ਦੂਜਾ) ਲੇਖਕ : ਬਾਬਾ ਗੁਰਦਿਤ ਸਿੰਘ ਜੀ ਕਾਮਾਗਾਟਾ ਮਾਰੂ।

8. ਏ ਹਿਸਟਰੀ ਆਫ ਕਿਰਪਾਨ (ਏ ਸੈਂਪਲ ਆਫ ਬਰਿਟਿਸ਼ ਗਵਰਨਮੈਂਟਸ ਰੀਸੈਂਟ ਪਰੋਸੀਕਿਊਸ਼ਨ ਆਫ ਸਿੱਖ ਰਿਲਿਜਨ, ਅਦਵਾਨੀ ਪਰੈਸ, ਸ਼ਿਕਾਰਪੁਰ, ਸਿੰਧ।

9. ਨੌਕਰਸ਼ਾਹੀ ਦੀ ਕਰਤੂਤ (ਪੰਜਾਬੀ) ਲੇਖਕ ਨਥਾ ਸਿੰਘ ਰਾਮਗੜ੍ਹੀਆ, ਜਲੰਧਰ।

10. ਨੌਕਰਸ਼ਾਹੀ ਦੇ ਜ਼ੁਲਮ ਦਾ ਨਮੂਨਾ : ਨਵਾਂ ਡਾਇਰ ਜੰਮਿਆ, ਗਿਆਨੀ ਮਾਨ ਸਿੰਘ, ਲਾਹੌਰ।

### 1923

11. ਗੁਰੂ ਕੇ ਬਾਗ ਵਿਚ ਗੋਰੇਸ਼ਾਹੀ ਤੂਫਾਨ : ਕਰਤਾ, ਨਿਰੰਜਨ ਸਿੰਘ ਸਰਲ, ਅਮਰਿਤਸਰ।

Digitized by Panjab Digital Library | www.panjabdigilib.org

12. ਹਿੰਦੁਸਤਾਨੀ (ਅਪਰੈਲ) ਉਰਦੂ ਪੈਂਫਲਟ, ਹਿੰਦ ਗਦਰ ਪਾਰਟੀ, ਸਾਨਫਰਾਂਸਿਸਕੋ।

13. ਜਾਗਰਤ ਖਾਲਸਾ (ਉਰਦੂ) ਸੂਰਜ ਸਿੰਘ, ਜਲੰਧਰ।

14. ਜੀਵਨ ਚਰਿਤਰ ਬਾਬਾ ਗੁਰਦਿਤ ਸਿੰਘ, ਪੰਜਾਬੀ, ਗਿਆਨੀ ਹੀਰਾ ਸਿੰਘ ਦਰਦ, ਲਾਹੌਰ।

15. ਖ਼ੁਲਾਸਾ ਕਾਹਨਾ ਸ਼ਰੀਫ, ਪੰਜਾਬੀ, ਰਾਮ ਸਰਨ ਦੱਤ, ਲਾਹੌਰ।

16. 'ਕਿਰਪਾਨ ਬਹਾਦਰ',ਹਫਤੇਵਾਰ, ਪੰਜਾਬੀ, ਐਡੀਟਰ ਬਰ੍ਹਮਾ ਸਿੰਘ, ਅਮ੍ਰਿਤਸਰ।

17. ਪੰਥ ਦਰਦੀ ਮਹਾਰਾਜਾ ਨਾਭਾ ਦਾ ਗਦੀਓਂ ਉਤਾਰਿਆ ਜਾਣਾ, ਜੋਧ ਸਿੰਘ ਅਮਰਿਤਸਰ।

18. ਪੁਲਿਟੀਕਲ ਪੰਜਾਬੀ ਭਜਨ (ਪੰਜਾਬੀ) ਗੀਤਾ ਰਾਮ ਦੇਸ ਰਾਜ, ਲਾਹੌਰ।

19. ਸੰਗੀਤ ਓਡਵਾਇਰਸ਼ਾਹੀ ਯਾਨੀ ਮਜ਼ਲੂਮ ਪੰਜਾਬ, (ਉਰਦੂ) ਸੂਰਜਭਾਨ ਪਰਕਾਸ਼ਕ, ਅਮਰਿਤਸਰ।

20. ਤਾਜ਼ੇ ਜ਼ਖ਼ਮ ਯਾਨੀ ਗੁਰੂ ਕੇ ਬਾਗ ਦਾ ਨਜ਼ਾਰਾ (ਉਰਦੂ) ਮਾਨ ਸਿੰਘ, ਅਮਰਿਤਸਰ।

21. ਟਰੂਥ ਅਬਾਊਟ ਨਾਭ਼ਾ ਨੰਬਰ, ਇਕ (ਅੰਗਰੇਜ਼ੀ), ਲੇਖਕ ਸ਼੍ਰੋਮਣੀ ਕਮੇਟੀ, ਅਮਰਿਤਸਰ।

22. ਜ਼ੁਲਮਾਂ ਦਾ ਤੂਫਾਨ ਅਰਥਾਤ ਸਾਕਾ ਗੁਰੂ ਕਾ ਬਾਗ, ਭਾਈ ਮਹਿਤਾਬ ਸਿੰਘ, ਅਮਰਿਤਸਰ।

23. ਜ਼ਖਮੀ ਦਿਲ (ਪੰਜਾਬੀ) ਭਾਈ ਨਾਨਕ ਸਿੰਘ, ਅਮਰਿਤਸਰ।

## 1924

24. ਰੋਜ਼ਾਨਾ ਅਕਾਲੀ (ਉਰਦੂ) ਸਾਲ ਪਹਿਲਾ, ਨੰਬਰ 38, ਐਡੀਟਰ ਹਰਨਾਮ ਸਿੰਘ, ਓਂਕਾਰ ਪਰੈਸ।

25. ਅਕਾਲੀ ਦੀ ਖਿੱਚ, ਪੰਜਾਬੀ ਪੈਂਫਲਟ, ਭਜ ਸਿੰਘ, ਅਮਰਿਤਸਰ।

26. ਬਿਜਲੀ ਦੀ ਕੜਕ, ਪੰਜਾਬੀ ਪੈਂਫਲਟ, ਦਰਸ਼ਨ ਬਲਜੀਤ, ਅਮਰਿਤਸਰ।

27. ਕੈਦੀ ਬੀਰ (ਪੰਜਾਬੀ), ਤਾਰਾ ਸਿੰਘ ਖਾਲਸਾ ਪਰੈਸ, ਅਮਰਿਤਸਰ।

28. ਦਰਦਾਂ ਦੇ ਹੰਝੂ (ਭਾਗ ਪਹਿਲਾ) ਕਿੱਸਾ ਗੁਰਮੁਖੀ, ਨਿਹਾਲ ਸਿੰਘ ਅਕਾਲੀ, ਅਮਰਿਤਸਰ।

29. ਇਕ ਓਂਕਾਰ ਵਾਹਿਗੁਰੂ ਜੀ ਕੀ ਫਤ੍ਹੇ, ਉਰਦੂ ਪੈਂਫਲਟ, ਫੀਰੋਜ਼ਦੀਨ ਸ਼ਰਫ, ਅਮਰਿਤਸਰ।

30. ਗਵਰਨਮੈਂਟਸ ਪਾਲਿਸੀ : ਇਜ਼ ਇਟ ਦਾ ਮੀਡੀਅਮ ਟੂ ਗੈੱਟ ਕੰਪਰੋਮਾਈਜ਼ ? ਲੇਖਕ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਅਮਰਿਤਸਰ।

Digitized by Panjab Digital Library | www.panjabdigilib.org

31. ਜੈਤੋ ਵਿਚ ਖੂਨ ਦਾ ਪਰਨਾਲਾ (ਪੰਜਾਬੀ) ਰਤਨ ਸਿੰਘ ਆਜ਼ਾਦ ਅਮਰਿਤਸਰ ।

32. ਕਾਲੇ ਤੇ ਗੋਰੇ ਦੇ ਸਵਾਲ ਜਵਾਬ (ਪੰਜਾਬੀ) ਭਾਈ ਰਣਜੀਤ ਸਿੰਘ, ਅਮਰਿਤਸਰ ।

33. ਖੂਨੀ ਗਦਰ (ਪੰਜਾਬੀ ਤੇ ਉਰਦੂ) ਲੇਖਕ ਠਾਕਰ ਸਿੰਘ ਸੂਦ, ਅਮਰਿਤਸਰ ।

34. ਨੌਕਰਸ਼ਾਹੀ ਜ਼ੁਲਮ ਦੇ ਨਜ਼ਾਰੇ (ਪੰਜਾਬੀ) ਅਮਰ ਸਿੰਘ, ਅਮਰਿਤਸਰ ।

35. ਨੌਕਰਸ਼ਾਹੀ ਦੀ ਛਾਤੀ ਵਿਚ ਸ਼ਾਂਤਮਈ ਗੋਲਾ, ਰਤਨ ਸਿੰਘ ਆਜ਼ਾਦ ਅਮਰਿਤਸਰ ।

36. ਔਨਵਰਡ, ਜਿਲਦ ਪਹਿਲੀ, ਨੰਬਰ 5 (ਅੰਗਰੇਜ਼ੀ ਹਫਤਾਵਾਰ), ਐਡੀਟਰ ਹਰਨਾਮ ਸਿੰਘ, ਅਮਰਿਤਸਰ ।

37. ਕੌਮੀ ਤਰਾਨਾ : ਦਰਦਾਂ ਦੇ ਹੰਝੂ (ਪੰਜਾਬੀ) ਪ੍ਰੀਤਮ ਸਿੰਘ, ਅਮਰਿਤਸਰ ।

38. ਸਬਰ ਦੇ ਅਕਾਲੀ ਗੋਲੇ (=ਤੀਰ ਤਰੰਗ) ਵਿਧਾਤਾ ਸਿੰਘ ਤੀਰ, ਅਮਰਿਤਸਰ ।

39. ਸ਼ਹੀਦੀ ਦੀ ਖਿੱਚ (ਪੰਜਾਬੀ) ਗੁਰਬਖਸ਼ ਸਿੰਘ, ਅਮਰਿਤਸਰ ।

40. ਸ਼ਹੀਦੀ ਪਰਵਾਨੇ, ਅਵਤਾਰ ਸਿੰਘ ਆਜ਼ਾਦ, ਅਮਰਿਤਸਰ ।

41. ਸ਼ਹੀਦੀ ਸਾਕਾ ਜੈਤੋ (ਪੰਜਾਬੀ), ਠਾਕਰ ਸਿੰਘ ਸੂਦ, ਸੂਦ ਪਰਿੰਟਿੰਗ ਪਰੈਸ, ਅਮਰਿਤਸਰ ।

42. ਸ਼ਹੀਦੀ ਯਾਤਰਾ (ਪੰਜਾਬੀ) ਬਾਬਾ ਸੰਤ ਸਿੰਘ ਅਕਾਲੀ, ਅਮਰਿਤਸਰ ।

43. ਸਿਰੀ ਅਕਾਲ ਜੀ ਸਹਾਇ : ਛੋੜੋ ਜੈਤੋ ਏਲਾਨ, ਪੋਸਟਰ : ਸ਼੍ਰੋਮਣੀ ਗੁਰਦੁਆਰਾ ਕਮੇਟੀ ।

44. ਸਿਦਕ ਸੀਨਾ ਚੀਰ ਕੇ ਵੀ ਹਾਹ ਨਿਕਲੇ : ਤਿਰਲੋਚਨ ਸਿੰਘ, ਅਮਰਿਤਸਰ ।

45. ਸ਼੍ਰੋਮਣੀ ਕਮੇਟੀ ਦਾ ਏਲਾਨ ਨੰਬਰ 1087 (ਐਕਸਟਰੀਮ ਐੱਨਡੈਵਰ ਟੂ ਕਨਸੀਲ ਦਾ ਬਲੱਡ ਆਫ ਦੀ ਮਾਰਟਰਜ਼), ਅਮਰਿਤਸਰ ।

46. ਸ਼੍ਰੋਮਣੀ ਕਮੇਟੀ ਦਾ ਏਲਾਨ ਨੰਬਰ 1015 (ਇਨਕੁਆਇਰੀ ਬਾਈ ਬਲਵੰਤ ਸਿੰਘ ਨਲਵਾ ਇਨਟੂ ਜੈਤੋ ਮੈਸੇਕਰ) ।

47. ਤੀਰ ਤਰੰਗ : ਦਰਦ ਭਰੀ ਕਹਾਣੀ, ਵਿਧਾਤਾ ਸਿੰਘ ਤੀਰ, ਅਮਰਿਤਸਰ ।

48. ਉਡਾਰੂ ਗੂੰਜ ਪਿਆ (ਹਿੱਸਾ ਪਹਿਲਾ ਤੇ ਦੂਜਾ), ਕਿਤਾਬਚਾ, ਸੰਤਾ ਸਿੰਘ ਅਮਰਿਤਸਰ ।

49. ਜ਼ੁਲਮ ਦੇ ਬਾਣ (ਪੰਜਾਬੀ), ਹਰਨਾਮ ਸਿੰਘ ਮਸਤ ਪੰਛੀ, ਅਰਥਾਤ ਗੌਰਮਿੰਟ ਦੇ ਇਨਸਾਫ ਦੀਆਂ ਨੌਂ ਝਾਕੀਆਂ (ਅਮਰਿਤਸਰ) ।

ਨੋਟ : (ਵੇਖੋ : ਫਾਈਲ ਨੰਬਰ 33–1925 ; ਹੋਮ, ਪੁਲਿਟੀਕਲ)

ਨੰਬਰ 8 ਉਪਰੋਕਤ : A History of Kirpan (A Sample of British Government's Recent Prosecution of Sikh Religion.)

ਨੰਬਰ 21 ਉਪਰੋਕਤ : Truth about Nabha.

ਨੰਬਰ 30 ਉਪਰੋਕਤ : Government's policy : Is it the medium to

Digitized by Panjab Digital Library | www.panjabdigilib.org

get compromise ?

ਨੰਬਰ 36. Onward—English Weekly.

ਨੰਬਰ 45. ਉਪਰੋਕਤ : Extreme Endeavour to Conceal the Blood of the Martyrs.

ਨੰਬਰ 46. Enquiry by Balwant Singh Nalva into jaito Massacre.

## ਅੰਤਕਾ 5 (ਅ)

## ਹੋਰ ਜ਼ਬਤੀਆਂ

ਹੇਠ ਲਿਖੇ ਦਸ ਪੈਂਫਲਟ ਹਿੰਦ ਦੰਡਾਵਲੀ ਦੀ ਦਫਾ 99 ੳ. ਥੱਲੇ ਸਰਕਾਰ ਦੇ ਹੱਕ ਵਿਚ ਜ਼ਬਤ ਕੀਤੇ ਗਏ :

1. ਸ਼ਹੀਦੀ ਪਰਵਾਨੇ : ਅਰਥਾਤ ਪ੍ਰੇਮ ਮਾਰਗ ਦੇ ਪੰਧਾਊ ਜੀਵੜੇ : ਅਵਤਾਰ ਸਿੰਘ ਆਜ਼ਾਦ, ਛਾਪਕ ਤਾਰਾ ਸਿੰਘ ਸ਼ਾਦ, ਪੰਜਾਬ ਖਾਲਸਾ ਪਰੈਸ, ਅਮਰਿਤਸਰ (21 ਅਗਸਤ 1924)।

2. ਸਬਰ ਦੇ ਅਕਾਲੀ ਗੋਲੇ : ਵਿਧਾਤਾ ਸਿੰਘ ਤੀਰ, ਛਾਪਕ ਰਤਨ ਸਿੰਘ ਆਜ਼ਾਦ, ਪੰਜਾਬ ਖਾਲਸਾ ਪਰੈਸ ਅਮਰਿਤਸਰ (9 ਅਕਤੂਬਰ 1925)।

3. ਸਨ ਸਤਾਵਨ ਕਾ ਖ਼ੂਨੀ ਗਦਰ (ਪੰਜਾਬੀ ਤੇ ਉਰਦੂ) ਠਾਕਰ ਸਿੰਘ ਸੂਦ, ਸੂਦ ਪਰਿੰਟਿੰਗ ਪਰੈਸ ਅਮਰਿਤਸਰ।

4. ਜੀਵਨ ਬਿਰਤਾਂਤ ਮਾਸਟਰ ਮੋਤਾ ਸਿੰਘ ਜੀ : ਲੇਖਕ ਗਿਆਨੀ ਗੁਰਮੁਖ ਸਿੰਘ, ਖਾਲਸਾ ਨੈਸ਼ਨਲ ਪਰੈਸ ਜਲੰਧਰ ਸ਼ਹਿਰ।

5. ਜ਼ੁਲਮ ਦੇ ਬਾਣ, ਅਰਥਾਤ ਗੌਰਮਿੰਟ ਇਨਸਾਫ ਦੀਆਂ ਨੌਂ ਝਾਕੀਆਂ, ਹਰਨਾਮ ਸਿੰਘ ਮਸਤ ਪੰਛੀ।

6. ਆਜ਼ਾਦ ਦੀ ਗਰਜ : ਰਤਨ ਸਿੰਘ ਆਜ਼ਾਦ।

7. ਗੁਰਦੁਆਰਾ ਗੰਗਸਰ ਵਿਚ ਸ਼ਾਂਤਮਈ ਜੰਗ (ਖ਼ੂਨ ਦੇ ਪਰਨਾਲੇ ਦਾ ਹਿੱਸਾ ਦੂਜਾ) ਲੇਖਕ ਤੇ ਪਰਕਾਸ਼ਕ ਭਾਈ ਭਾਗ ਸਿੰਘ ਨਿਧੜਕ। ਛਾਪਕ ਭਾਈ ਰਤਨ ਸਿੰਘ ਆਜ਼ਾਦ ਕੋਰੋਨੇਸ਼ਨ ਪਰਿੰਟਿੰਗ ਪਰੈਸ, ਅਮਰਿਤਸਰ।

8. ਜੈਤੋ ਵਿਚ ਖ਼ੂਨ ਦੀ ਹੋਲੀ, ਖ਼ੂਨੀ ਸਾਕਾ : ਲੇਖਕ ਮੂਲ ਸਿੰਘ ਦੁਖੀਆ, ਛਾਪਕ ਠਾਕਰ ਸਿੰਘ ਸੂਦ।

9. ਦਰਦਾਂ ਦੇ ਹੰਝੂ (ਹਿੱਸਾ ਪਹਿਲਾ) ਲੇਖਕ ਭਾਈ ਨਿਹਾਲ ਸਿੰਘ ਅਕਾਲੀ, ਛਾਪਕ ਖੇਮ ਸਿੰਘ, ਅਕਾਲੀ ਪਰੈਸ, ਅਮਰਿਤਸਰ।

10. ਫੇਰ ਹਰਨਾਮ ਸਿੰਘ ਮਸਤ ਪੰਛੀ ਦੀਆਂ ਗੌਰਮਿੰਟ ਇਨਸਾਫ ਦੀਆਂ ਨੌਂ ਝਾਕੀਆਂ।

Digitized by Panjab Digital Library | www.panjabdigilib.org

# ਅੰਤਕਾ 6

## ਫੌਜਾਂ ਵਿਚ ਖੁਫੀਆ ਪਰਚਾਰ ਰਾਹੀਂ ਅਸਰ ਪਾਉਣਾ (ਨੰਬਰ 1)

ਕੁਲ 27 ਆਦਮੀ ਛਾਉਣੀਆਂ ਵਿਚੋਂ ਰਾਜਸੀ ਪਰਚਾਰ ਤੇ ਸਰਗਰਮੀਆਂ ਕਰਕੇ ਕਢੇ ਗਏ । ਕੁਲ ਕੇਸ ਨਾ-ਮਿਲਵਰਤਨ ਦੇ ਉਭਾਰ ਦੇ ਸਮੇਂ ਵਿਚ ਹੋਏ । ਇਹਨਾਂ ਵਿਚ 18 ਛਾਉਣੀਆਂ ਵਿਚ ਰਿਹਾਇਸ਼ ਰਖਣ ਵਾਲੇ ਸਨ ਅਤੇ ਨੌਂ ਬਾਹਰਲੇ ।

ਫੌਜਾਂ ਵਿਚ ਵਿਗਾੜ ਪੈਦਾ ਕਰਨ ਦੇ ਯਤਨ ।

1920—30 ਕੇਸ<br>
1921—82 ਕੇਸ } ਕੁਲ 171 ਕੇਸ<br>
1922—59 ਕੇਸ

(ਫਾਈਲ ਨੰਬਰ 44—1923)

ਇਹਨਾਂ ਦਾ ਵਰਗੀਕਰਣ :

| ਸਾਲ | ਬਗਾਵਤੀ ਪੈਂਫਲਟ ਤੇ ਇਸ਼ਤਿਹਾਰ | ਬਗਾਵਤੀ ਅਖ਼ਬਾਰ | ਬਗਾਵਤੀ ਚਿੱਠੀਆਂ | ਲੁਕਵੇਂ ਐਜੀਟੇਟਰ | ਖੁਲ੍ਹੇ ਐਜੀਟੇਟਰ | ਮੁਲਾਣਿਆਂ, ਗਰੰਥੀਆਂ ਤੇ ਸਾਧੂਆਂ ਦੀਆਂ ਤਕਰੀਰਾਂ | ਖ਼ਿਲਾਫ਼ਤ ਕਮੇਟੀ ਦੇ ਯਤਨ | ਸ਼੍ਰੋਮਣੀ ਕਮੇਟੀ ਦੀਆਂ ਪਰਕਾਸ਼ਨਾਵਾਂ | ਨਾ-ਮਿਲਵਰਤਨੀਆਂ ਵਲੋਂ ਭਰਤੀ ਵਿਚ ਰੋੜੇ | ਪਿੰਡ ਤੇ ਰੈਜਮੈਂਟ ਦਾ ਸਬੰਧ-ਕਾਟ ਅਤੇ ਮਿਲ ਕਰਨਾ | ਗੁਮਨਾਮ ਤੇ ਹੋਰ ਬੇ-ਤਰਤੀਬ ਯਤਨ | ਕੁੱਲ |
|---|---|---|---|---|---|---|---|---|---|---|---|---|
| 1920 | 6 | 2 | 1 | 7 | 3 | 3 | ... | ... | 1 | 1 | 6 | 30 |
| 1921 | 15 | 5 | 4 | 21 | 4 | 5 | 6 | 2 | 8 | 8 | 4 | 82 |
| 1922 | 26 | 2 | 4 | 7 | ... | 5 | ... | 11 | ... | 4 | ... | 59 |
| | 47 | 9 | 9 | 35 | 7 | 13 | 6 | 13 | 9 | 13 | 10 | 171 |

1. ਖਿਲਾਫਤ ਐਜੀਟੇਸ਼ਨ ਨੇ ਮੁਸਲਿਮ ਫੌਜਾਂ ਵਿਚ ਵਿਗਾੜ ਪਾਉਣ ਦੇ ਯਤਨ ਕੀਤੇ ।

2. ਸਿੱਖ ਰਜਮਿੰਟਾਂ ਸ਼੍ਰੋਮਣੀ ਕਮੇਟੀ ਦਾ ਨਿਸ਼ਾਨਾ ਸਨ ।

Digitized by Panjab Digital Library | www.panjabdigilib.org

## ਅੰਤਕਾ 7

### ਸਿੱਖ ਫੌਜਾਂ ਵਿਚ ਵਿਗਾੜ ਪਾਉਣ ਦਾ ਅਸਰ (ਨੰਬਰ 2)

ਅਕਾਲੀ ਐਜੀਟੇਸ਼ਨ ਇਕ ਗੰਭੀਰ ਮਾਮਲਾ ਰਹੀ ਹੈ ਅਤੇ ਅਜੇ ਵੀ ਹੈ । ਆਮ ਫੌਜੀ ਇਸ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ ਪਰ ਕੁਛ ਅਹੁਦੇਦਾਰ (ਕਮਿਸ਼ਨਡ) ਤੇ ਗੈਰ-ਅਹੁਦੇਦਾਰ ਇਸ ਨਾਲ ਪਰਭਾਵਿਤ ਹੋਏ ਹਨ ਅਤੇ ਯਕੀਨ ਰਖਦੇ ਹਨ ਕਿ ਗੁਰਦੁਆਰਾ ਸਵਾਲ ਤੇ ਗੌਰਮਿੰਟ ਗਲਤ ਹੈ ।

45 ਫੌਜੀਆਂ ਦੇ ਖਿਲਾਫ ਐਕਸ਼ਨ ਲਿਆ ਗਿਆ ।

(1) 14-ਵੀਂ ਸਿਖਸ ਤੇ 19-ਵੀਂ ਪੰਜਾਬੀ—ਜਲੰਧਰ ; 12 ਉਤੇ ਕੋਰਟ ਮਾਰਸ਼ਲ ਕੀਤਾ ਗਿਆ ।

(2) ਡੇਰਾ ਇਸਮਾਈਲ ਖਾਂ : 28-ਵਾਂ ਰਿਸਾਲਾ ; 2 ਕੋਰਟ ਮਾਰਸ਼ਲ, 1 ਡਿਸਮਿਸ ਕੀਤਾ ।

(3) ਲੋਰਾਲਾਈ : 20-ਵੀਂ ਪੰਜਾਬੀ ; ਤਿੰਨ ਡਿਸਮਿਸ ਕੀਤੇ ਗਏ ।

(4) ਈਦਕ : 30-ਵੀਂ ਸਿਖਸ; ਦੋ ਕੋਰਟ ਮਾਰਸ਼ਲ ਤੇ ਡਿਸਮਿਸ ਕੀਤੇ ਗਏ ।

(5) ਕੋਇਟਾ : 27-ਵੀਂ ਸਿਖਸ; ਇਕ ਡਿਸਮਿਸ ਕੀਤਾ ਗਿਆ ।

(6) ਪਿਆਜ਼ਾ-ਰਾਘਜ਼ਾ : 57-ਵੀਂ ਰਾਈਫਲਜ਼; 15 ਕੋਰਟ ਮਾਰਸ਼ਲ, ਡਿਸਮਿਸ ਤੇ ਕੈਦ ਕੀਤੇ ਗਏ ।

(7) ਕੈਨਾਨੋਰ : 45-ਵੀਂ ਸਿਖਸ, ਇਕ ਸਿਪਾਹੀ ਕੋਰਟ ਮਾਰਸ਼ਲ, ਡਿਸਮਿਸ ਤੇ ਕੈਦ ਕੀਤਾ ਗਿਆ ।

(8) ਬੰਬਈ : ਮਕੈਨੀਕਲ ਟਰਾਂਸਪੋਰਟ ਇਕ ਸਿਪਾਹੀ, ਕੋਰਟ ਮਾਰਸ਼ਲ, ਡਿਸਮਿਸ ਤੇ ਕੈਦ ਕੀਤਾ ਗਿਆ ।

(9) ਮੈਸੋਪੋਟੇਮੀਆ : 15 ਉੱਤੇ ਕੋਰਟ ਮਾਰਸ਼ਲ ਕੀਤਾ ਗਿਆ ।

(10) ਕੋਇਟਾ : ਸੀ. ਆਈ. ਐਚ.; ਇਕ ਨੂੰ ਪਿਨਸ਼ਨ ਇਕ ਨੂੰ ਡਿਸਮਿਸ ।

(11) ਦਿਓਲਾਲੀ : ਹਿੰਦੁਸਤਾਨੀ ਪਲਟਨ ਆਫ ਕੇ. ਓ. ਵਾਈ. ਐਲ. ਆਈ. ਇਕ ਕੋਰਟ ਮਾਰਸ਼ਲ ।

ਕੁਲ ਸੰਖਿਆ—45 ।

ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰੋਪੇਗੰਡੇ ਰਾਹੀਂ ਫੌਜੀਆਂ ਵਿਚ ਧਾਰਮਕ ਇਹਸਾਸ ਤੇ ਗੌਰਮਿੰਟ ਦੇ ਖਿਲਾਫ ਨਫਰਤ ਦੇ ਭਾਵ ਪੈਦਾ ਕੀਤੇ । ਉਹਨਾਂ ਦੀ ਵਫਾਦਾਰੀ ਵਿਚ ਭੰਗ ਪਾਣ ਲਈ ਸਿੱਧਾ ਯਤਨ ਕੋਈ ਨਹੀਂ ਕੀਤਾ । ਉਸ ਦੀਆਂ ਲਿਖਤਾਂ ਵਿਚ ਫੌਜਾਂ ਵਿਚ ਦਖਲ ਦੇਣ ਦਾ ਸਿੱਧਾ ਯਤਨ ਕੋਈ ਸਾਬਤ ਨਹੀਂ ਹੁੰਦਾ । ਇਸ ਲਈ ਕਾਨੂੰਨੀ ਕਾਰਵਾਈ ਕੋਈ ਨਹੀਂ ਕੀਤੀ ਜਾ ਸਕਦੀ ।

(ਫਾਈਲ ਨੰ: 44-1923, ਹਿੱਸਾ I)

Digitized by Panjab Digital Library | www.panjabdigilib.org

# ਅੰਤਕਾ 8

ਮਿਲਟਰੀ ਪਿਨਸ਼ਨਰਾਂ ਦੀ ਲਿਸਟ ਜਿਨਾਂ ਦੀਆਂ ਪਿਨਸ਼ਨਾਂ, ਜ਼ਮੀਨੀ ਗਰਾਂਟਾਂ ਜਾਂ ਇਨਾਮ ਗੈਰ-ਵਫ਼ਾਦਾਰੀ ਦੇ ਜੁਰਮਾਂ ਕਰ ਕੇ ਜ਼ਬਤ ਕੀਤੇ ਗਏ ।
(ਅ) ਨੰਬਰ 14, 15 ਤੇ 16 ਖਿਲਾਫਤ ਤਹਿਰੀਕ ਨਾਲ ਹਮਦਰਦੀ ਦੇ ਕਾਰਨ ਸਜ਼ਾ ਦੇ ਭਾਗੀ ਬਣੇ ਜਾਪਦੇ ਹਨ ।

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਨੰਬਰ | ਨੰਬਰ, ਰੈਂਕ ਤੇ ਨਾਮ | ਯੂਨਿਟ | ਕੀ ਮਿਲਿਆ | ਜੁਰਮ | ਸਜ਼ਾ | ਪਿਛੋਂ ਕੀਤੀ ਜ਼ਬਤੀ | ਜੋ ਬਹਾਲ ਕੀਤੀ ਗਈ |
| 1 | ਆਨਰੇਰੀ ਕੈਪਟਨ ਮੀਂਹਾਂ ਸਿੰਘ ਸਰਦਾਰ ਬਹਾਦਰ | —— | ਪਿਨਸ਼ਨ, ਜ਼ਮੀਨੀ ਗਰਾਂਟ ਮੁਲਤਾਨ ਕਾਲੋਨੀ ਵਿਚ | ਬਗਾਵਤੀ ਸਪੀਚਾਂ | 200 ਰੁਪਏ ਜੁਰਮਾਨਾ ਜਾਂ ਛੇ ਮਹੀਨੇ ਕੈਦ ਸਖਤ | ਪਿਨਸ਼ਨ ਜ਼ਬਤ ਸਜ਼ਾ ਹੋਣ ਪਿਛੋਂ, ਜ਼ਮੀਨ ਬਾਰੇ ਤੰਬੀਹ | ਨਹੀਂ |
| 2 | 1466 ਸਿਪਾਹੀ ਹਜ਼ਾਰਾ ਸਿੰਘ | 10/2-ਜੀ ਪਾਇਨੀਅਰ | 8 ਰੁਪਏ ਪਿਨਸਨ | ਸੈਕਟਰੀ ਅਕਾਲੀ ਜਥਾ | ਇਕ ਮਹੀਨਾ ਸਾਦੀ ਕੈਦ ਇਕ ਸੌ ਰੁਪਇਆ ਜੁਰਮਾਨਾ | ਪਿਨਸ਼ਨ ਜ਼ਬਤ | ਨਹੀਂ |
| 3 | 627 ਸਿਪਾਹੀ ਰਤਨ ਸਿੰਘ | 2/11-ਵੀਂ ਰਜਮਿੰਟ | ਜ਼ਖ਼ਮ ਪਿਨਸ਼ਨ | ਜਥੇ ਦਾ ਜਥੇਬੰਦਕ | 18 ਮਹੀਨੇ ਕੈਦ ਸਖਤ 200 ਰੁਪਏ ਜੁਰਮਾਨਾ | ਪਿਨਸ਼ਨ ਜ਼ਬਤ | ਨਹੀਂ |
| 4 | 1512 ਚੰਦਾ ਸਿੰਘ ਸਿਪਾਹੀ | 2/2-ਜੀ ਰਜਮਿੰਟ | ਪਿਨਸ਼ਨ | ਬਗਾਵਤੀ ਤਕਰੀਰਾਂ | 500 ਦੀ ਜਮਾਨਤ ਸਾਲ ਲਈ | ਪਿਨਸ਼ਨ ਜ਼ਬਤ | ਨਹੀਂ |
| 5 | ਸਿਪਾਹੀ ਇੰਦਰ ਸਿੰਘ | 3/15-ਵੀਂ ਰਜਮਿੰਟ | 6 ਰੁਪਏ ਪਿਨਸ਼ਨ | ਬਗਾਵਤੀ ਤਕਰੀਰਾ | 1 ਸਾਲ ਸਾਦਾ ਕੈਦ | ਪਿਨਸ਼ਨ ਜ਼ਬਤ | ਨਹੀਂ |
| 6 | ਸਿਪਾਹੀ ਬੰਤਾ ਸਿੰਘ | 2/15-ਵੀਂ ਰਜਮਿੰਟ | 5 ਰੁਪਏ ਪਿਨਸ਼ਨ | ,, ,, | 1 ,, ,, ,, | ,, ,, | ਨਹੀਂ |
| 7 | ਰੀਜ਼ਰਵਿਸਟ ਹਰਨਾਮ ਸਿੰਘ | 10/14-ਵੀਂ ਰਜਮਿੰਟ | ਪਤਾ ਨਹੀਂ | ਹਥਿਆਰਬੰਦ ਜਥੇ ਦਾ ਜਥੇਦਾਰ | ਇਕ ਸਾਲ ਛ ਮਹੀਨੇ ਸਖਤ ਕੈਦ | ਜੇ ਪਿਨਸ਼ਨ ਹੈ ਤਾਂ ਜ਼ਬਤ | ਨਹੀਂ |
| 8 | ,, ਤਾਰਾ ਸਿੰਘ | ,, ,, | ,, ,, | ਬਗਾਵਤੀ ਸਪੀਚਾਂ | ਇਕ ਸਾਲ ਸਖਤ | ,, ,, ,, | —— |
| 9 | 479 ਸਵਾਰ ਧਰਮ ਸਿੰਘ | 31 ਲੈਨਸਰਨ | ਪਿਨਸ਼ਨ 5 ਰੁਪਏ | ਬਬਰ ਅਕਾਲੀ ਸਾਜ਼ਸ਼ ਕੇਸ ਮੁਕੱਦਮਾ | —— | ਕੈਦ ਹੋਣ ਤੇ ਜ਼ਬਤ | —— |
| 10 | 16405 ਨੈਕ ਦੁੱਮਨ ਸਿੰਘ | 72 ,, | ,, 6 ਰੁਪਏ | ,, ,, | —— | —— | —— |
| 11 | 2476 ਨੈਕ ਸੰਤ ਠਾਕਰ ਸਿੰਘ | 2/35-ਵੀਂ ਸਿੱਖ | ਪਿਸ਼ਨਨ 10 ,, | ,, ,, | —— | —— | —— |
| 12 | ਸੂਬੇਦਾਰ ਅਮਰ ਸਿੰਘ | ਆਈ. ਐਸ. ਤੁਰਪ | ,, 20 ਰੁਪਏ | ,, ,, | —— | —— | —— |
| 13 | ਹੌਲਦਾਰ ਕਿਸ਼ਨ ਸਿੰਘ | 2/35-ਵੀਂ ਸਿੱਖ | ,, 12 ਰੁਪਏ | ਗੈਰ-ਵਫਾਦਾਰ ਸਰਗਰਮੀਆਂ | ਸਾਜ਼ਸ਼ ਬਬਰ | ਪਹਿਲਾਂ ਹੀ ਜ਼ਬਤ | —— |
| 14 | ਜਮਾਦਾਰ ਮੁਹੰਮਦ ਆਲਮ | 1/67-ਵੀਂ ਪੰਜਾਬੀ | ਪਿਨਸ਼ਨ | ਬਗਾਵਤੀ ,, | —— | ਪਿਨਸ਼ਨ ਜ਼ਬਤ | ਨਹੀਂ |
| 15 | ਸਾਬਕ ਰਸਾਲਦਾਰ ਰੁਕਨਦੀਨ | ਰਸਾਲਾ 17-ਵਾਂ | ,, | ਗੌਰਮਿੰਟ-ਵਿਰੋਧੀ ਸਰਗਰਮੀਆਂ, ਗੈਰ-ਵਫਾਦਾਰੀ | —— | ,, ,, | ,, |
| 16 | ਰਸਾਲਦਾਰ ਮੁਹੰਮਦ ਇਲਿਆਸ | ,, 22-ਵਾਂ | ,, | ਬਗਾਵਤ | —— | ,, ,, | ,, |
| 17 | ਲਫਟੰਟ ਦਫੇਦਾਰ ਸਾਧੂ ਸਿੰਘ | ,, ,, | ,, | ,, | —— | ,, ,, | ,, |
| 18 | ਰਿਸਾਲਦਾਰ ਦਲੀਪ ਸਿੰਘ | 35-ਵੀਂ ਸਿੰਧੀ ਹੌਰਸ | ,, | ਨਾਭਾ ਵਿਚ ਰਾਜਸੀ ਸਰਗਰਮੀਆਂ | ਸਤ ਸਾਲ ਕੈਦ | ਕੈਦ ਹੋਣ ਤੇ ਪਿਨਸ਼ਨ ਆਪਣੇ ਆਪ ਜ਼ਬਤ | ,, |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਅੰਤਕਾ 9

## 1925 ਦੇ ਪਹਿਲੇ ਅੱਧ ਵਿਚ ਲੇਖਕਾਂ ਤੇ ਐਡੀਟਰਾਂ ਦੇ ਖਿਲਾਫ ਦਫਾ 124 ੳ, ਤੇ 153 ੳ ਹੇਠ ਚਲਾਏ ਗਏ ਮੁਕੱਦਮਿਆਂ ਦਾ ਚਿੱਠਾ

1. ਮਾਘ ਸਿੰਘ ਲੇਖਕ : ਸ਼ਹੀਦੀ ਸਾਕਾ ਜੈਤੋ, ਪਰਕਾਸ਼ਕ ਵਗੈਰਾ 2 ਸਾਲ਼ ਕੈਦ, 200 ਰੁਪਏ ਜੁਰਮਾਨਾ =ਛੇ ਮਹੀਨੇ ।

2. ਭਾਈ ਨੱਥਾ ਸਿੰਘ ਐਡੀਟਰ, ਛਾਪਕ ਤੇ ਪਰਕਾਸ਼ਕ 'ਬਬਰ ਸ਼ੇਰ'—ਭਗੌੜਾ, 512 ਥੱਲੇ ਕਾਰਵਾਈ ।

3. ਲਾਲ ਸਿੰਘ ਜੌਹਰ ,, ,, ,, ,, 3 ਸਾਲ ਕੈਦ 500 ਰੁਪਏ ਜੁਰਮਾਨਾ=ਛੇ ਮਹੀਨੇ ।

4. ਕਪੂਰ ਸਿੰਘ ਮਿਹਰ ,, ,, ,, ਕੌਮੀ ਦਰਦ—1 ਤੇ 5 ਜਨਵਰੀ ਦੇ ਬਗਾਵਤੀ ਲੇਖ ।

5. ਦਲੀਪ ਸਿੰਘ ,, ,, ,, ਦੇਸ਼ ਸੇਵਕ, ਜਲੰਧਰ—18 ਜਨਵਰੀ ਦਾ ਲੇਖ—ਢਾਈ ਸਾਲ ।

6. ਰਤਨ ਸਿੰਘ ਆਜ਼ਾਦ : ਤੀਰ ਤਰੰਗ ਅਰਥਾਤ ਦਰਦ-ਭਰੀ ਕਹਾਣੀ, 3 ਸਾਲ, ਇਕ ਹਜ਼ਾਰ (=ਛੇ ਮਹੀਨੇ ਹੋਰ)

7. ਵਿਧਾਤਾ ਸਿੰਘ ਤੀਰ : ਲੇਖਕ ਤੀਰ ਤਰੰਗ (ਫੜਿਆ ਗਿਆ, ਤਿੰਨ ਸਾਲ ਇਕ ਹਜ਼ਾਰ (=ਛੇ ਮਹੀਨੇ ਹੋਰ)

8. ਤਿਰਲੋਚਨ ਸਿੰਘ ਬੁਝ-ਦਿਲ ਲੇਖਕ : ਜ਼ਹਿਰੀ ਸੱਪ ਤੇ ਸੋਹਨ ਸਿੰਘ ਛਾਪਕ ਤੇ ਪਰਕਾਸ਼ਕ ਦੋ ਦੋ ਸਾਲ, 250 (=6 ਮਹੀਨੇ ਹੋਰ)

9. ਸੋਹਨ ਸਿੰਘ ਛਾਪਕ ਤੇ ਪਰਕਾਸ਼ਕ : ਨਾਭੇ ਦਾ ਤਖਤ—1 ਸਾਲ, 100 ਰੁਪਏ (=ਤਿੰਨ ਮਹੀਨੇ ਹੋਰ)

10. ਲਹਿਣਾ ਸਿੰਘ—ਐਡੀਟਰ, ਛਾਪਕ ਤੇ ਪਰਕਾਸ਼ਕ ਬਬਰ ਸ਼ੇਰ—ਮੁਕੱਦਮਾ 11.2.25

11. ਕਪੂਰ ਸਿੰਘ ਮਿਹਰ ਐਡੀਟਰ ਕੌਮੀ ਦਰਦ ਤੇ ਛਾਪਕ, ਪਰਕਾਸ਼ਕ ਹਰੀ ਸਿੰਘ ਮਰਗਿੰਦ, ਮੁਕਦਮਾ ਪਰਚਾ 18.2.25

12. ਕਪੂਰ ਸਿੰਘ ਕਿਹਰ ਐਡੀਟਰ ਤੇ ਪਰਕਾਸ਼ਕ ਕੌਮੀ ਦਰਦ ਤੇ ਛਾਪਤ੍ਰ ਫਤਹਿ ਸਿੰਘ, ਪਰਚੇ 6, 7, 8, ਫਰਵਰੀ—ਕੇਸ ।

13. ਬੂਟਾ ਸਿੰਘ ਲੇਖਕ : ਸਤ ਬਚਨ—153 ੳ. ਥੱਲੇ, ਜੁਰਮਾਨਾ 200=3 ਮਹੀਨੇ ।

14. ਭਾਈ ਸਾਧੂ ਸਿੰਘ ਤੇ ਗੋਪਾਲ ਸਿੰਘ, ਉਤਲੇ ਮੁਕਦਮੇ ਵਿਚ ਭਗੌੜੇ ।

Digitized by Panjab Digital Library | www.panjabdigilib.org

15. ਇੰਦਰ ਸਿੰਘ ਮਸਕੀਨ ਐਡੀਟਰ ਵਗੈਰਾ : ਕਿਰਪਾਨ ਬਹਾਦਰ, ਬਗਾਵਤੀ ਕਵਿਤਾ 22 2.25

16. ਗੁਰਨਾਮ ਸਿੰਘ ਭਾਨ ਪਰਕਾਸ਼ਕ, ਗੁਰਬਚਨ ਸਿੰਘ ਛਾਪਕ : ਅਕਾਲੀ ਭਬਕ—124 ੳ.

17. ਭਾਗ ਸਿੰਘ ਲੇਖਕ : ਆਜ਼ਾਦੀ ਖਿਚ 2 ਸਾਲ+200 ਰੁਪਏ (=6 ਮਹੀਨੇ ਹੋਰ 124 ੳ. ਥੱਲੇ ਅਤੇ 18 ਮਹੀਨੇ 153 ੳ. ਥੱਲੇ : ਦੋਵੇਂ ਕੈਦਾਂ ਇਕਠੀਆਂ ਚਲਣਗੀਆਂ ।

18. ੳਜਾਗਰ ਸਿੰਘ ਛਾਪਕ ਤੇ ਹਰਨਾਮ ਸਿੰਘ ਪਰਕਾਸ਼ਕ : ਦੋਵੇਂ ਭਗੌੜੇ ।

19. ਈਸ਼ਰ ਸਿੰਘ ਨਥਾਵਾਂ—ਐਡੀਟਰ, ਪਰਿੰਟਰ, ਤੇ ਪਬਲਿਸ਼ਰ ਅਕਾਲੀ 2 ਸਾਲ 200 ਰੁਪਏ=6 ਮਹੀਨੇ ਹੋਰ । 124 ੳ. ਥੱਲੇ ਅਤੇ 2 ਸਾਲ 153 ੳ. ਥੱਲੇ—ਇਕੱਠੀਆਂ ।

20. ਜਗਤ ਸਿੰਘ ਐਡੀਟਰ, ਲਹਿਣਾ ਸਿੰਘ ਛਾਪਕ ਤੇ ਪਰਕਾਸ਼ਕ 'ਬਬਰ ਸ਼ੇਰ' ਪਰਚਾ 20-5-25 (ਵੀਰਾਂ ਦਾ ਸੱਚ ਖੰਡ ਵਿਚ ਸੁਆਗਤ) – ਮੁਕੱਦਮਾ ।

21. ਅਵਤਾਰ ਸਿੰਘ ਕਰਤਾ ਤੇ ਪਰਕਾਸ਼ਕ ਅਤੇ ਤਾਰਾ ਸਿੰਘ ਛਾਪਕ : ਕੈਦੀ ਬੀਰ ਭਾਗ ਇਕ, ਦੋ ਦੋ ਸਾਲ ਕੈਦ ਅਤੇ ਦੋ ਦੋ ਸੌ ਜੁਰਮਾਨਾ (=ਛੇ ਛੇ ਮਹੀਨੇ ਹੋਰ ਕੈਦ ਸਖਤ)

22. ਹਰਨਾਮ ਸਿੰਘ ਭੌਰਾ ਛਾਪਕ, ਬਿਜਲੀ ਦੀ ਕੜਕ, ਦੋ ਸਾਲ, ਦੋ ਸੌ ਰੁਪਏ =ਛੇ ਮਹੀਨੇ ਹੋਰ ।

23. ਸਜਨ ਸਿੰਘ : ਸ. ਰਤਨ ਸਿੰਘ ਆਜ਼ਾਦ ਦੀ ਗਰਜ—5 ਸਾਲ ਜਲਾਵਤਨੀ ।

24. ਦਰਸ਼ਨ ਸਿੰਘ ਦਲਜੀਤ 'ਕੜਕ'—ਭਗੌੜਾ ।

ਨੋਟ : ਉਤਲੀਆਂ ਸਜ਼ਾਵਾਂ ਸਭ ਸਖਤ ਕੈਦਾਂ ਹਨ ।

ਫਾਈਲ ਨੰਬਰ 49/1—1925 ਹੋਮ : ਪੁਲਿਟੀਕਲ

## ਅੰਤਕਾ 10

### ਅਰਦਾਸ

"ਹੇ ਸੱਚੇ ਪਾਤਸ਼ਾਹ, ਇਨਸਾਫ ਹੋਵੇ, ਅਨਿਆਏ ਦੂਰ ਹੋਵੇ ਤੇ ਮਹਾਰਾਜਾ ਦੀ ਬਿਪਤਾ ਵਿਚ ਹਰ ਪਰਕਾਰ ਸਹਾਈ ਹੋਵੋ । ਗੁਰਦੁਆਰਾ ਗੰਗਸਰ ਜੈਤੋ ਦੇ ਅਖੰਡ ਪਾਠ ਤੇ ਯਾਤਰਾ...ਦੇ ਵਿਚ ਜੋ ਗੁਰਮੁਖ ਪਿਆਰੇ ਸ਼ਹੀਦ ਹੋਏ ਹਨ ਤੇ ਜਿਨ੍ਹਾਂ ਤਰ੍ਹਾਂ ਤਰ੍ਹਾਂ ਦੇ ਕਸ਼ਟ ਸਹਾਰੇ ਹਨ, ਉਹਨਾਂ ਦੀ ਘਾਲ ਪਰਵਾਨ ਕਰੋ ਤੇ ਉਹਨਾਂ ਦੇ ਸਨਬੰਧੀਆਂ ਨੂੰ ਸਿੱਖੀ ਸਿਦਕ ਤੇ ਸ਼ਾਂਤੀ ਬਖ਼ਸ਼ੋ ਤੇ ਸਰਬ ਸੰਗਤ ਨੂੰ ਉਹਨਾਂ ਦੇ ਪੂਰਨਿਆਂ ਤੇ ਚਲਣ ਦੀ ਸਮਰੱਥਾ ਬਖਸ਼ੋ ।"[1]

[1] Some Confidential papers—No. 41, page 80.

Digitized by Panjab Digital Library | www.panjabdigilib.org

## ਅੰਤਕਾ 11

### (ੳ) ਨਾ ਇਸ਼ਤਿਹਾਰ ਦੇਣ ਲਈ, ਨਾ ਫੌਜਾਂ ਦੇ ਪੜ੍ਹਨ ਲਈ

—ਅਖਬਾਰਾਂ ਦੀ ਲਿਸਟ ੳ. **(ਕਾਲੀ ਫਹਿਰਿਸਤ)**

1. ਅਕਾਲੀ, 2. ਅਕਾਲੀ ਤੇ ਪਰਦੇਸੀ, 3. ਆਕਾਸ਼ਵਾਣੀ, 4. ਬਬਰ ਸ਼ੇਰ, 5. ਬੰਦੇ ਮਾਤ੍ਰਮ, 6. ਦੇਸ਼ ਸੇਵਕ (ਜਲੰਧਰ), 7. ਗੁਰਦੁਆਰਾ, 8. ਕੇਸਰੀ (ਲਾਹੌਰ), 9. ਕਿਰਪਾਨ ਬਹਾਦਰ, 10. ਲਾਇਲ ਗਜ਼ਟ (ਪਹਿਲੋਂ ਇਹ ਵਫਾਦਾਰ ਸੀ)।

### ਫੌਜਾਂ ਦੇ ਨਾ-ਪੜ੍ਹਨ-ਯੋਗ ਹੋਰ ਅਖਬਾਰ

11. ਪੰਜਾਬ ਦਰਪਨ (ਨਰਮ-ਖਿਆਲ ਹਫਤਾਵਾਰ), 12. ਪ੍ਰੀਤਮ, ਸਾਹਿਤਕ (ਗੈਰ-ਰਾਜਸੀ ਅਕਾਲੀ ਪੱਖੀ ਮਾਸਕ), 13. ਰਾਮਗੜ੍ਹੀਆ ਗਜ਼ਟ, 14. ਸਤਿਜੁਗ, 15. ਸ਼ੇਰੇ ਪੰਜਾਬ, 16. ਉਪਦੇਸ਼ਕ।

### (ਅ) ਸਰਕਾਰੀ ਇਸ਼ਤਿਹਾਰ ਦੇਣ ਤੇ ਫੌਜਾਂ ਦੇ ਪੜ੍ਹਨ ਲਈ (ਸਫੈਦ ਫਹਿਰਿਸਤ)

1. ਖਾਲਸਾ (ਭਾਈ ਜੋਧ ਸਿੰਘ ਵਾਲਾ), 2. ਖਾਲਸਾ ਸਮਾਚਾਰ, 3. ਫੌਜੀ ਅਖਬਾਰ, 4. ਜਾਟ ਗੱਜ਼ਟ, 5. ਸਿੱਖ ਸੁਧਾਰ (ਹਫਤਾਵਾਰ, ਉਰਦੂ) ਫੌਜੀ ਅਖਬਾਰ ਸਭ ਫੌਜਾਂ ਨੂੰ ਜਾਂਦਾ ਹੈ।

(ੲ) ਸੰਡੇ ਟਾਈਮਜ਼ (ਪਹਿਲੋਂ ਕਾਲੀ ਲਿਸਟ ਵਿਚ ਸੀ), ਖਾਲਸਾ ਸਮਾਚਾਰ (1400) ਅਮਰਿਤਸਰ; ਸਿੱਖ ਸੁਧਾਰ (2100); ਸੰਤ ਸਮਾਚਾਰ (1000) ਅਮਰਿਤਸਰ, ਰਾਮਗੜ੍ਹੀਆ ਗਜ਼ਟ (ਕਾਲੀ ਤੋਂ ਚਿਟੀ ਫਹਿਰਿਸਤ ਵਿਚ ਦਰਜ)।

### (ਸ) ਕਾਲੀ ਤੋਂ ਚਿੱਟੀ ਫਹਿਰਿਸਤ ਵਿਚ ਲੈ ਲਏ ਗਏ (ਸਿਰਫ ਇਸ਼ਤਿਹਾਰਾਂ ਲਈ)

1. ਹਿੰਦੂ ਰੋਜ਼ਾਨਾ, ਉਰਦੂ, ਲਾਹੌਰ
2. ਕਰਮਵੀਰ, ਉਰਦੂ, ਲਾਹੌਰ
3. ਪੈਗਾਮਿ ਸੁਲ੍ਹਾ, ਉਰਦੂ, ਲਾਹੌਰ

(ਹ) ਅੰਗਰੇਜ਼ੀ : ਸਿਵਲ ਐਂਡ ਮਿਲਟਰੀ ਗੱਜ਼ਟ, ਟ੍ਰੀਬਿਯੂਨ, ਮੁਸਲਿਮ ਆਉਟਲੁਕ, ਆਬਜ਼ਰਵਰ।

--ਉਰਦੂ ਦੇ ਕੁਲ 33 ਅਖਬਾਰ, ਮਿਲਾਪ, ਪਰਕਾਸ਼ ਸਮੇਤ।

ਨੋਟ : ਸਾਮਰਾਜ-ਪੱਖੀ ਅਖਬਾਰ ਸਫੈਦ ਲਿਸਟ ਵਿਚ ਰਖਕੇ ਇਸ਼ਤਿਹਾਰਾਂ ਨਾਲ ਨਿਵਾਜੇ ਜਾਂਦੇ ਸਨ; ਅਤੇ ਜਿਹੜੇ ਥੋੜ੍ਹੀ ਜਿੰਨੀ ਸਾਮਰਾਜ-ਵਿਰੋਧੀ ਆਵਾਜ਼ ਕਢਣ ਲਗ ਪੈਣ, ਉਹ ਕਾਲੀ ਫਹਿਰਿਸਤ ਵਿਚ ਸੁੱਟ ਦਿੱਤੇ ਜਾਂਦੇ ਸਨ। ਇਹ ਚੋਗਾ ਅੰਗਰੇਜ਼-ਰਾਜ ਦੇ ਹਾਮੀ ਬਣਾਣ ਤੇ ਰੱਖਣ ਲਈ ਅਖਬਾਰਾਂ ਨੂੰ ਸੁਟਿਆ ਜਾਂਦਾ ਸੀ। —ਲੇਖਕ

Digitized by Panjab Digital Library | www.panjabdigilib.org

## ਅੰਤਕਾ 12

### ਨਿਤਨੇਮ ਦਾ ਗੁਟਕਾ

3/11ਵੀਂ ਰਜਮਿੰਟ ਵਿਚ ਇਕ ਨਿਤਨੇਮ ਦਾ ਗੁਟਕਾ ਗਿਆ। ਇਸ ਵਿਚ ਅਰਦਾਸ ਦਾ ਇਕ ਪੈਰਾ "ਬਗਾਵਤੀ" ਗਰਦਾਨਿਆ ਗਿਆ। ਅਰਦਾਸ ਵਿਚ ਨਨਕਾਣੇ ਸਾਹਿਬ, ਤਰਨ-ਤਾਰਨ ਅਤੇ ਗੁਰੂ ਕੇ ਬਾਗ ਦੇ ਸ਼ਹੀਦਾਂ ਉਤੇ ਕੁਟਾਪੇ ਦਾ ਜ਼ਿਕਰ ਕੀਤਾ ਗਿਆ ਸੀ। ਇਸ ਅਰਦਾਸ ਨੂੰ "ਪਰੋਪੈਗੰਡਾ ਦਾ ਇਕ ਰੂਪ" ਆਖਿਆ ਗਿਆ, "ਜਿਸ ਨੂੰ ਜਨਰਲ ਸਟਾਫ ਖਤਰਨਾਕ ਸਮਝਦਾ ਹੈ" ਕਿਉਂਕਿ "ਸਿੱਖ ਫੌਜਾਂ ਵਿਚ ਧਰਮ ਦੇ ਪੜਦੇ ਥਲੇ ਇਹ ਇਕ ਬਗਾਵਤ ਬੀਜਣ ਦਾ ਆਸਾਨ ਤਰੀਕਾ ਹੈ।" "ਸਿਫਾਰਸ਼ ਕੀਤੀ ਗਈ ਕਿ ਇਸ ਨੂੰ ਜ਼ਬਤ ਕਰ ਲਿਆ ਜਾਏ" ਅਤੇ ਫੌਜੀਆਂ ਨੂੰ "ਨਿਰੋਆ ਸਾਹਿਤ" ਖਰੀਦਣ ਲਈ ਆਖਿਆ ਜਾਵੇ। (File No. 333/1924, Home, Political.)

ਰਸਾਲਾ "ਪ੍ਰੀਤਮ" ਉਹਨਾਂ ਦਿਨਾਂ ਵਿਚ ਇਕ ਗੈਰ-ਸਿਆਸੀ ਸਾਹਿਤਕ ਮਾਸਕ ਪੱਤਰ ਦੇ ਤੌਰ ਤੇ ਚਲਦਾ ਸੀ। ਇਹ ਸ਼੍ਰੋਮਣੀ ਕਮੇਟੀ ਦੀ ਗੁਰਦੁਆਰਾ ਸੁਧਾਰ ਦੀ ਪਾਲਿਸੀ ਦੀ ਹਮਾਇਤ ਕਰਦਾ ਸੀ। ਸੂਬੇਦਾਰ ਬਾਵਾ ਸਿੰਘ 5/8ਵੀਂ ਰਜਮਿੰਟ ਦੇ ਇਕ ਜਾਣੂ ਸੱਜਣ ਨੇ ਅਮਰੀਕਾ ਵਿਚੋਂ ਰੁਪਏ ਭੇਜ ਕੇ ਇਹ ਪਰਚਾ ਉਹਨਾਂ ਦੇ ਨਾਂਅ ਲਵਾ ਦਿੱਤਾ। ਇਸ ਤੇ ਫੌਜੀ ਅਫਸਰਾਂ ਨੇ ਇਸ ਪਰਚੇ ਦੇ ਬੰਦ ਕਰਨ ਲਈ ਉੱਤੇ ਲਿਖਿਆ। (File No. 251/I924, part B.)

ਜਨਰਲ ਸਟਾਫ ਨੇ ਇਕ ਹੋਰ ਪੁਸਤਕ How the English took the Punjab (ਅੰਗਰੇਜ਼ਾਂ ਨੇ ਪੰਜਾਬ ਕਿਕੁਣ ਲਿਆ) ਦੀ ਪੜਤਾਲ ਕੀਤੀ। ਇਹ ਪੁਸਤਕ ਪੜ੍ਹੇ-ਲਿਖੇ ਹਿੰਦੁਸਤਾਨੀਆਂ ਉਤੇ ਗੈਰ-ਨਿਰੋਆ ਅਸਰ ਪਾਏਗੀ। ਲੇਖਕ ਨੇ ਅੰਗਰੇਜ਼ੀ ਸਾਹਿਤ ਵਿਚੋਂ ਬੜੇ ਹਵਾਲੇ ਦਿੱਤੇ ਹਨ ਅਤੇ ਉਸ ਨੇ ਦੋ ਤਿੰਨ ਕੇਸ ਅਜਿਹੇ ਲਭੇ ਹਨ ਜਿਨ੍ਹਾਂ ਵਿਚ ਸਾਡੇ ਵਲੋਂ ਗਾਲਬਨ ਬੇਇਨਸਾਫੀ ਹੋਈ ਸੀ। ਇਹਨਾਂ ਕੇਸਾਂ ਵਿਚ ਕੋਈ ਸਿੱਖ ਵੀ ਇਹਨਾਂ ਦੇ ਅਸਰ ਤੋਂ ਨਹੀਂ ਬਚ ਸਕਦਾ।......ਪੁਸਤਕ ਦਾ ਮਕਸਦ ਚੰਗੇ ਪੜ੍ਹੇ ਲਿਖੇ ਸਿੱਖਾਂ ਨੂੰ ਅਸਰ ਥੱਲੇ ਲਿਆਉਣਾ ਹੈ। (ਨਿਤਨੇਮ ਦੇ ਗੁਟਕੇ ਵਾਲੀ ਫਾਈਲ)

## ਅੰਤਕਾ 13

### ਜ਼ਬਤ ਕੀਤਾ ਸਾਹਿਤ

ਹਿੰਦੁਸਤਾਨ ਤੋਂ ਬਾਹਰੋਂ ਆਉਂਦਾ ਹਰ ਕਿਸਮ ਦਾ ਰਾਜਸੀ ਸਾਹਿਤ ਜ਼ਬਤ ਕਰ ਲਿਆ ਜਾਂਦਾ ਸੀ ਅਤੇ ਜਿਸ ਨੂੰ ਘੱਲਿਆ ਜਾਂਦਾ ਸੀ, ਉਸ ਨੂੰ ਨਹੀਂ ਸੀ ਪਹੁੰਚਦਾ। ਇਹ ਨਵੇਂ ਵਿਚਾਰ ਹਾਸਲ ਕਰਨ ਦੀ ਆਜ਼ਾਦੀ ਉਤੇ ਪਾਬੰਦੀ ਸੀ। ਗੌਰਮਿੰਟ ਲੋਕਾਂ ਨੂੰ ਜਾਹਲ ਰਖਕੇ ਅਤੇ ਵਿਦਿਆ-ਹੀਣ ਬੁੱਧੂ ਬਣਾ ਕੇ ਆਪਣਾ ਰਾਜ ਸਦੀਵੀ ਕਰਨਾ ਚਾਹੁੰਦੀ ਸੀ। —ਲੇਖਕ

ਸੀ. ਆਈ. ਡੀ. ਦੀ ਰਿਪੋਰਟ (ਜਾਪਾਨ ਤੋਂ) :

"ਮੈਨੂੰ ਜਾਪਾਨ ਤੋਂ ਬਗਾਵਤੀ ਪੁਸਤਕਾਂ ਵਗੈਰਾ ਦਾ ਇਕ ਪੈਕਟ ਮਿਲਿਆ ਹੈ। ਇਹ ਮੁਖਤਲਿਫ ਵਕਤਾਂ ਤੇ ਹਿੰਦੁਸਤਾਨੀਆਂ ਵਲੋਂ ਬਰਿਟਿਸ਼ ਕੌਂਸਲ ਯਾਕੋਹਾਮਾ ਨੂੰ ਦਿਤੀਆਂ ਗਈਆਂ

Digitized by Panjab Digital Library | www.panjabdigilib.org

ਪੁਸਤਕਾਂ ਵਗੈਰਾ ਦਾ ਹੈ। ਇਸ ਪੈਕਟ ਵਿਚ 12 ਕਾਪੀਆਂ 'ਬਗਾਵਤ ਦੀ ਗੂੰਜ' ਦੀਆਂ ਹਨ, 25 ਕਾਪੀਆਂ ਨਿਊ ਈਰਾ (ਨਵਾਂ ਦੌਰ) ਪੈਂਫਲਟ ਦੀਆਂ ਹਨ। 8 ਕਾਪੀਆਂ ਬੈਲੰਸ ਸ਼ੀਟ (ਅੰਗਰੇਜ਼ ਰਾਜ ਦਾ ਨਫਾ ਨੁਕਸਾਨ) ਦੀਆਂ ਹਨ, ਦੋ ਕਾਪੀਆਂ ਡਬਲਿਊ. ਜੇ. ਬਰਾਇਨ ਦੀ ਬਰਿਟਿਸ਼ ਰੂਲ ਇਨ ਇੰਡੀਆ ਦੀਆਂ ਹਨ, 2 ਗਦਰ ਦੀਆਂ, 2 ਬੰਦੇ ਮਾਤ੍ਰਮ ਦੀਆਂ, ਇਕ ਇਕ ਕਾਪੀ ਇਸਲਾਮਿਕ ਯੂਨਿਟੀ ਤੇ ਇੰਡੀਅਨ ਸੋਸ਼ਿਓਲੋਜਿਸਟ ਦੀਆਂ ਅਤੇ 5 ਕਾਪੀਆਂ ਕਾਲ ਦੇ ਫੋਟੋਆਂ ਦੀਆਂ ਹਨ ਜਿਨ੍ਹਾਂ ਉਤੇ ਯੁਗਾਂਤਰ ਆਸ਼ਰਮ ਦੀ ਮੋਹਰ ਲਗੀ ਹੋਈ ਹੈ।

(ਫਾਈਲ ਨੰਬਰ 777-780)

ਅਮਰੀਕਾ ਦੇ ਯੁਗਾਂਤਰ ਆਸ਼ਰਮ ਦੀ ਕੋਈ ਪੁਸਤਕ ਜਾਂ ਅਖਬਾਰ ਹਿੰਦੁਸਤਾਨ ਵਿਚ ਨਹੀਂ ਸੀ ਪਹੁੰਚਣ ਦਿਤਾ ਜਾਂਦਾ। 1913-14 ਤੋਂ ਗਦਰ ਪਾਰਟੀ ਦੀਆਂ ਹਰ ਪਰਕਾਰ ਦੀਆਂ ਸਰਗਰਮੀਆਂ ਬਾਗੀ ਕਰਾਰ ਦਿਤੀਆਂ ਗਈਆਂ ਸਨ। ਏਹੋ ਹਾਲ ਦੂਜੇ ਦੇਸ਼ਾਂ ਵਿਚੋਂ ਆਉਣ ਵਾਲੇ ਸਾਹਿਤ ਦਾ ਸੀ। ਸ਼ਿਘਾਈ ਵਿਚ ਪੰਜਾਬੀ ਦੇ ਦੋ ਹਫਤਾਵਾਰ—ਹਿੰਦ-ਜਗਾਵਾ ਤੇ ਪਰਦੇਸੀ ਸੇਵਕ—ਛਪਦੇ ਸਨ। ਦੋਹਾਂ ਦੇ ਏਥੇ ਲਿਆਣ ਉਤੇ ਪਾਬੰਦੀ ਸੀ ਕਿਉਂਕਿ ਇਹ ਬਰਿਟਿਸ਼ ਰਾਜ ਵਿਰੋਧੀ ਸਨ।

ਹਿੰਦ-ਜਗਾਵਾ ਦੇ ਐਡੀਟਰ ਹਰਬਖਸ਼ ਸਿੰਘ ਨੂੰ ਗੜਬੜ ਫੈਲਾਣ ਦਾ ਮੁਕੱਦਮਾ ਚਲਾ ਕੇ ਸ਼ਿਘਾਈ ਵਿਚੋਂ ਜਲਾਵਤਨ ਕੀਤਾ ਗਿਆ ਸੀ। ਉਸ ਨੇ 22/11/24 ਦੇ ਪਰਚੇ ਵਿਚ ਗਵਰਨਰ ਹੇਲੀ ਨੂੰ ਖਬਰਦਾਰ ਕੀਤਾ ਸੀ ਕਿ ਉਹ ਜ਼ੈਲ ਕਮੇਟੀਆਂ ਰਾਹੀਂ ਸ਼ਰਾਰਤਾਂ ਕਰਨੀਆਂ ਛਡ ਦੇਵੇ ਅਤੇ ਰਫਲਾਂ ਤੇ ਮਸ਼ੀਨ ਗਨਾਂ ਉਤੇ ਬਾਹਲਾ ਭਰੋਸਾ ਨਾ ਰਖੇ। ਉਹ ਕੈਨੇਡੀਅਨ ਸ਼ਹੀਦੀ ਜਥੇ ਵਿਚ ਸ਼ਾਮਲ ਹੋਇਆ ਸੀ ਅਤੇ ਰਾਵਲਪਿੰਡੀ ਵਿਚ ਮੁਕੱਦਮਾ ਚਲਾ ਕੇ ਦੋ ਸਾਲ ਕੈਦ ਕੀਤਾ ਗਿਆ ਸੀ।

ਇਸ ਤਰ੍ਹਾਂ ਹਿੰਦੁਸਤਾਨ ਵਿਚ ਨਵੇਂ ਖਿਆਲਾਂ ਦੀ ਕੋਈ ਵੀ ਪੁਸਤਕ, ਭਾਵੇਂ ਉਹ ਅੰਗਰੇਜ਼ੀ ਵਿਚ ਹੋਵੇ ਭਾਵੇਂ ਪੰਜਾਬੀ, ਹਿੰਦੀ ਜਾਂ ਉਰਦੂ ਭਾਸ਼ਾ ਵਿਚ, ਨਹੀਂ ਸੀ ਆਉਣ ਦਿਤੀ ਜਾਂਦੀ। ਲਾਲਾ ਲਾਜਪਤ ਦੀ ਪੁਸਤਕ 'ਯੰਗ ਇੰਡੀਆ' ਰੋਕੀ ਗਈ। ਕਰੀਰਾਰ ਦੀ ਰਾਏ ਵਿਚ ਇਸਦਾ ਰੋਕਣਾ "ਗੈਰ-ਜ਼ਰੂਰੀ" ਸੀ, ਪਰ ਪਾਬੰਦੀ ਫੇਰ ਵੀ ਨਾ ਉਠਾਈ ਗਈ। ਮੌਲਾਨਾ ਅਬੁਲ ਕਲਾਮ ਆਜ਼ਾਦ ਦਾ ਅਦਾਲਤੀ ਬਿਆਨ (1922) ਜ਼ਬਤ ਕੀਤਾ ਗਿਆ। ਐਮ. ਐਨ. ਰਾਏ ਦਾ ਪੈਂਫਲਟ "ਹਿੰਦੁਸਤਾਨੀ ਕੌਮੀ ਕਾਂਗਰਸ ਲਈ ਪਰੋਗਰਾਮ" ਜ਼ਬਤ ਕੀਤਾ ਗਿਆ, ਵਗੈਰਾ। ਇਹ ਬਹੁਤ ਲੰਮੀ ਕਹਾਣੀ ਹੈ। ਇਸ ਤੇ ਇਕ ਪੁਸਤਕ ਲਿਖੀ ਜਾ ਸਕਦੀ ਹੈ। ਅੰਗਰੇਜ਼ ਹਾਕਮਾਂ ਨੇ ਆਜ਼ਾਦ ਖਿਆਲਾਂ ਦੇ ਏਥੇ ਵੜਨ ਤੇ ਪਾਬੰਦੀ ਲਾਈ ਹੋਈ ਸੀ।

## ਅੰਤਕਾ 14

## ਨੋਟਿਸ

ਜੈਤੋਂ ਦੇ ਮਾਮਲੇ ਵਿਚ ਦੋ ਗੱਲਾਂ ਹਨ ਜਿਨ੍ਹਾਂ ਬਾਬਤ ਆਮ ਲੋਕਾਂ ਨੂੰ ਭੁਲੇਖਾ ਲਗਾ ਹੈ:

(1) ਇਹ ਆਖਿਆ ਗਿਆ ਹੈ ਕਿ ਜੈਤੋਂ ਵਿਚ ਪਿਛਲੇ ਸਤੰਬਰ ਅਖੰਡ ਪਾਠ ਬੰਦ

Digitized by Panjab Digital Library | www.panjabdigilib.org

ਕੀਤਾ ਗਿਆ ਸੀ ਤੇ ਇਸ ਲਈ ਪਾਠ ਦਾ ਮੁੜ ਆਰੰਭ ਕਰਨਾ ਜ਼ਰੂਰੀ ਹੈ। ਇਹ ਠੀਕ ਨਹੀਂ, ਅਖੰਡ ਪਾਠ ਕਦੇ ਇਕ ਮਿੰਟ ਲਈ ਵੀ ਬੰਦ ਨਹੀਂ ਕੀਤਾ ਗਿਆ।

(2) ਇਹ ਆਖਿਆ ਗਿਆ ਹੈ ਕਿ ਸਿੱਖਾਂ ਨੂੰ ਜੈਤੋ ਵਿਚ ਅਖੰਡ ਪਾਠ ਕਰਣ ਤੋਂ ਰੋਕਿਆ ਜਾ ਰਿਹਾ ਹੈ। ਇਹ ਵੀ ਠੀਕ ਨਹੀਂ। ਸਿੱਖ ਪਾਠ ਕਰ ਸਕਦੇ ਹਨ ਜੇਕਰ ਉਹ ਮੁਕਰਰ ਗਿਣਤੀ ਤੋਂ ਉਪਰ ਆਦਮੀ ਇਕ ਵੇਲੇ ਗੁਰਦੁਆਰੇ ਅੰਦਰ ਨਾ ਜਾਣ ਦੇਣ ਤੇ ਜੇ ਉਹ ਇਸ ਗੱਲ ਦਾ (ਇ) ਕਰਾਰ ਕਰਨ ਕਿ ਪਾਠ ਦੇ ਭੋਗ ਪੈਣ ਦੇ ਮਗਰੋਂ ਉਹ ਰਿਆਸਤੋਂ ਬਾਹਰ ਹੋ ਜਾਣਗੇ। ਇਹ ਸ਼ਰਤਾਂ ਜ਼ਰੂਰੀ ਹਨ ਕਿਉਂਕਿ ਜੈਤੋ ਵਿਚ ਰੌਲਾ ਮਹਾਰਾਜਾ ਸਾਹਿਬ ਦੇ ਆਪਣੀ ਰਿਆਸਤ ਦੇ ਪਰਬੰਧ ਤੋਂ ਆਪਣੇ ਆਪ ਨੂੰ ਅੱਡ ਕਰਨ ਸਬੰਧੀ ਇਕ ਬਾਕਾਇਦਾ ਪੁਲਿਟੀਕਲ ਨੁਮੈਸ਼ ਕਰਣ ਕਰਕੇ ਹੀ ਹੋਇਆ ਹੈ ਤੇ ਇਹ ਮਾਮਲਾ ਕਿਸੇ ਸੂਰਤ ਵਿਚ ਵੀ ਧਾਰਮਕ ਨਹੀਂ।

ਮੁਫੀਦਿ ਆਮ ਪਰੈਸ, ਲਾਹੌਰ।

(ਇਹ ਪੋਸਟਰ ਪੰਜਾਬੀ ਤੇ ਉਰਦੂ ਵਿਚ ਛਾਪਕੇ ਹਜ਼ਾਰਾਂ ਦੀ ਗਿਣਤੀ ਵਿਚ ਫੌਜਾਂ ਵਿਚ ਵੰਡਿਆ ਗਿਆ) **(Punjab Civil Secretariat, Lahore—H. D. Craik, 1/3/1924.**

## ਅੰਤਕਾ 15

ੴ ਸਤਿਗੁਰ ਪ੍ਰਸਾਦਿ।

(ੳ) ਅਸੀਂ ਹੇਠ-ਲਿਖੇ ਅਕਾਲੀ ਬਿਲ ਲੈਣ ਦੇ ਇਨੇ ਹੀ ਹੱਕ ਵਿਚ ਹਾਂ ਜਿੰਨਾ ਕਿ ਕੋਈ ਵੱਧ ਤੋਂ ਵੱਧ ਹੋ ਸਕਦਾ ਹੈ, ਪਰ ਅਸੀਂ ਸਾਫ ਪਰਗਟ ਕਰ ਦੇਂਦੇ ਹਾਂ ਕਿ ਸਾਡੀ ਸਨਿਮਰ ਰਾਏ ਵਿਚ ਐਸਾ ਬਿਲ ਮਨਜ਼ੂਰ ਕਰਨਾ, ਜਿਸ ਵਿਚ ਪੰਥ ਦੀ ਕਿਸੇ ਪਰਕਾਰ ਦੀ ਹੇਠੀ ਹੁੰਦੀ ਹੋਵੇ, ਅਥਵਾ ਆਨ ਸ਼ਾਨ ਨੂੰ ਵੱਟਾ ਲਗਦਾ ਹੋਵੇ, ਯਾ ਪੰਥ ਵਿਚ ਧੜੇ-ਬੰਦੀ ਜਾਂ ਫੁੱਟ ਪੈਣ ਦਾ ਰਤਾ ਮਾਸਾ ਵੀ ਡਰ ਹੋਵੇ, ਮੌਤ ਨਾਲੋਂ ਵੀ ਹਜ਼ਾਰ ਦਰਜੇ ਬੁਰਾ ਹੈ। ਇਸ ਲਈ ਇਨ੍ਹਾਂ ਹਾਲਤਾਂ ਵਿਚ ਅਸੀਂ ਕਦਾਚਿਤ ਵੀ ਇਹ ਬਚਨ ਨਹੀਂ ਦੇ ਸਕਦੇ ਕਿ ਜੇ ਕਰ ਕੋਈ ਐਸਾ ਧਰਮ ਇਖਲਾਕ ਤੋਂ ਡਿੱਗਾ ਹੋਇਆ ਅਤੇ ਖਾਲਸਾ ਪੰਥ ਦੀ ਸ਼ਾਨ ਨੂੰ ਵੱਟਾ ਤੇ ਫੁਟ ਦੀ ਚੁਆਤੀ ਲਾਉਣ ਵਾਲਾ ਬਿਲ ਮਨਜ਼ੂਰ ਕੀਤਾ ਗਿਆ ਤਾਂ ਅਸੀਂ ਬਾਹਰ ਆ ਕੇ ਕੋਈ ਮੁਖਾਲਫਤ ਨਹੀਂ ਕਰਾਂਗੇ।

(ਅ) ਸਭ ਤੋਂ ਪਹਿਲਾਂ ਤਾਂ ਇਹ ਗੱਲ ਹੈ ਕਿ ਜਿਹੜੀ ਗੱਲਬਾਤ ਬਿਲ ਸਬੰਧੀ ਹੋ ਰਹੀ ਹੈ ਉਹ ਤਾਂ ਹੀ ਮੰਨਣ ਯੋਗ ਹੋ ਸਕਦੀ ਹੈ ਜੇਕਰ ਬਿਲ ਦੇ ਜਾਰੀ ਹੋਣ ਤੋਂ ਪਹਿਲਾਂ ਸਭ ਅਕਾਲੀ ਛਡੇ ਜਾਣ। ਅਸਲ ਵਿਚ ਗੱਲਬਾਤ ਤਾਂ ਕਮੇਟੀ ਦੇ ਗੁਰਮਤੇ ਅਨੁਸਾਰ ਤਦ ਹੋਣੀ ਚਾਹੀਦੀ ਹੈ ਜੇਕਰ ਕੈਦੀ ਪਹਿਲਾਂ ਛਡ ਦਿਤੇ ਜਾਣ, ਪਰ ਹੁਣ ਕਮੇਟੀ ਇਹ ਕਰ ਚੁਕੀ ਹੈ। ਇਸ ਲਈ ਫਿਰ ਵੀ ਬਿਲ ਜਾਰੀ ਹੋਣ ਤੋਂ ਪਹਿਲਾਂ ਪਹਿਲਾਂ ਕੈਦੀਆਂ ਦੇ ਛੱਡਣ ਦਾ ਪਹਿਲੇ ਯਕੀਨ ਹੋਣਾ ਜ਼ਰੂਰੀ ਹੈ ਤੇ ਬਾਦ ਵਿਚ ਹੋਰ ਗੱਲ। ਸਾਡੀ ਰਾਏ ਵਿਚ ਹੇਠ-ਲਿਖੀਆਂ ਗੱਲਾਂ ਐਸੀਆਂ ਹਨ ਜਿਨ੍ਹਾਂ ਦੇ ਮਨਜ਼ੂਰ ਕਰਾਇਆਂ ਬਿਨਾ ਕੋਈ ਗੱਲ ਮਨਜ਼ੂਰ ਕਰਨਾ ਕੌਮ ਨਾਲ ਧਰੋਹ ਕਰਨਾ ਹੈ ਅਤੇ ਪੰਥ ਨੂੰ ਖੇਰੂੰ ਖੇਰੂੰ ਤੇ ਲੀਰੂੰ ਲੀਰੂੰ ਕਰਨਾ ਹੈ। ਅਸੀਂ ਉਤਨੇ ਜ਼ੋਰ ਨਾਲ ਜਿਤਨਾ ਕਿ ਅਸੀਂ ਲਾ ਸਕਦੇ ਹਾਂ, ਇਹ ਕਹਿੰਦੇ ਹਾਂ ਕਿ ਇਨ੍ਹਾਂ ਦੇ ਮਨਜ਼ੂਰ ਹੋਇਆਂ ਬਿਨਾ ਕੋਈ ਬਿਲ ਕਦਾਚਿਤ

Digitized by Panjab Digital Library | www.panjabdigilib.org

ਵੀ ਨਹੀਂ ਲੈਣਾ ਚਾਹੀਦਾ । ਬਿਲ ਅਸਾਂ ਪੂਰੇ ਦਾ ਪੂਰਾ ਨਹੀਂ ਵੇਖਿਆ, ਇਸ ਲਈ ਹੋਰ ਕਿਸੇ ਗੱਲ ਲਈ ਵੀ ਜਿਹੜੀ ਇਹਨਾਂ ਤੋਂ ਛੁੱਟ ਹੋਵੇ ਅਸੀਂ ਕਦੀ ਵੀ ਜ਼ਿਮੇਵਾਰ ਨਹੀਂ ਹੋਵਾਂਗੇ ਸਗੋਂ ਸਮੇਂ ਤੇ ਹਾਲਾਤ ਅਨੁਸਾਰ ਜਿੰਨੀ ਵਾਹ ਲੱਗੀ, ਮੁਖਾਲਫਤ ਕਰਾਂਗੇ । ਇਸ ਲਈ **ਸਾਡੇ ਲਈ ਜੇਲ੍ਹ ਵਿਚ ਹੋਣ ਦਾ ਕੋਈ ਖਿਆਲ ਨਾ ਕਰਕੇ ਬਿਲ ਉਹ ਲਓ ਜਿਹੜਾ ਸਾਰਾ ਸੰਸਾਰ ਹੀ ਵਾਹ ਵਾਹ ਕਰੇ ।**

(1) ਸ਼੍ਰੋ: ਗੁ: ਪ੍ਰ: ਕਮੇਟੀ ਦਾ ਨਾਮ ਕਦੇ ਵੀ ਨਹੀਂ ਬਦਲਨਾ ਚਾਹੀਦਾ ਭਾਵੇਂ ਹਜ਼ਾਰ ਸਮਝੌਤੇ ਵੀ ਕਿਉਂ ਨਾ ਟੁੱਟ ਜਾਣ ।

(2) ਵੋਟਾਂ ਦੇਣ ਦਾ ਹੱਕ ਸ਼੍ਰੋਮਣੀ ਕਮੇਟੀ ਦੇ ਹੁਣ ਦੇ ਨਿਯਮਾਂ ਅਨੁਸਾਰ ਹੋਣਾ ਚਾਹੀਦਾ ਹੈ ਅਰਥਾਤ ਹਰ ਇਕ ਸਿੱਖ ਤੇ ਸਿੱਖਣੀ ਨੂੰ ਰਾਏ ਦੇਣ ਦਾ ਹੱਕ ਹੋਣਾ ਚਾਹੀਦਾ ਹੈ । ਇਸ ਹੱਕ ਨੂੰ ਕਿਸੇ ਪਰਕਾਰ ਤੇ ਕਿਸੇ ਵਲੋਂ ਵੀ ਘਟਾਉਣਾ ਧਰਮ ਵਿਚ ਦਖਲ ਦੇਣਾ ਹੈ । ਜਿਸ ਨੂੰ ਕਦੇ ਵੀ ਕੋਈ ਸਿੱਖ (ਜਾ ਸਿੱਖਣੀ) ਮਨਜ਼ੂਰ ਨਹੀਂ ਕਰੇਗਾ ।

(3) ਉਹ ਸਿੱਖ ਜਿਹੜੇ ਸਰਕਾਰ ਦੀ ਸਰਵਿਸ ਵਿਚ ਹਨ ਉਹਨਾਂ ਨੂੰ ਮਿੰਬਰ ਬਣਨ ਜਾਂ nominate ਹੋਣ ਦਾ ਉੱਕਾ ਹੀ ਕੋਈ ਹੱਕ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਤਰ੍ਹਾਂ ਹੱਕ ਦੇਣ ਨਾਲ ਸਰਕਾਰ ਉਨ੍ਹਾਂ ਦੇ ਮਿੰਬਰ ਆਦ ਬਣਨ ਵਿਚ influence ਕਰ ਸਕਦੀ ਹੈ ।

(4) ਕੋਰਟ ਨੂੰ ਕੋਈ ਹਕ ਨਹੀਂ ਹੋਣਾ ਚਾਹੀਦਾ ਕਿ ਪਹਿਲੀ ਚੋਣ ਵਿਚ ਇਸ ਗੱਲ ਦਾ ਫੈਸਲਾ ਉਹ ਕਰੇ ਕਿ ਕੋਈ ਦੂਸ਼ਣ-ਲਾਇਆ ਹੋਇਆ ਮਿੰਬਰ ਪਤਤ ਹੈ ਯਾ ਨਹੀਂ, ਇਸ ਕੰਮ ਦੇ ਨਜਿੱਠਣ ਲਈ ਕੋਈ ਨਿਰਪੱਖ ਸਿੱਖਾਂ ਦੀ ਹੀ ਕਮੇਟੀ ਹੋਣੀ ਚਾਹੀਦੀ ਹੈ । ਕੋਰਟ ਨੂੰ ਇਹ ਹੱਕ ਦੇਣਾ ਕੌਮ ਨੂੰ ਖਤਰੇ ਵਿਚ ਪਾਉਣਾ ਹੈ ।

(5) ਸ਼੍ਰੋ: ਕਮੇਟੀ ਦੇ ਮਿੰਬਰਾਂ ਦੀ ਗਿਣਤੀ ਘੱਟ ਤੋਂ ਘੱਟ 200 (ਦੋ ਸੌ) ਹੋਣੀ ਚਾਹੀਦੀ ਹੈ । ਅਤੇ ਇਸ ਗਿਣਤੀ ਨੂੰ ਵਧਾਣ ਦਾ ਹਕ ਕਮੇਟੀ ਨੂੰ ਹੋਣਾ ਚਾਹੀਦਾ ਹੈ ।

(6) Special Committees of management ਸ਼੍ਰੋ: ਕਮੇਟੀ ਦੇ direct ਥੱਲੇ ਹੋਣੀਆਂ ਚਾਹੀਦੀਆਂ ਹਨ ਅਤੇ ਦੂਜੀਆਂ Committees of management ਵੀ ਸ਼੍ਰੋ: ਕਮੇਟੀ ਦੇ ਥੱਲੇ effectively ਹੋਣੀਆਂ ਚਾਹੀਦੀਆਂ ਹਨ । ਅਰਥਾਤ principle of Centralisation ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ principle of decentralisation ਜਿਥੋਂ ਤਕ ਹੋ ਸਕੇ, ਕਢਣ ਦੀ ਕੋਸ਼ਸ਼ ਕਰਨੀ ਚਾਹੀਦੀ ਹੈ ।

(7) ਰਿਆਸਤਾਂ ਦੇ ਮਿੰਬਰ ਕਮੇਟੀ ਦੇ ਸਾਰੇ ਮਿੰਬਰਾਂ ਦੀ ਗਿਣਤੀ ਦੇ ਪੰਜਵੇਂ ਹਿੱਸੇ ਤੋਂ ਵੀ ਹਰ ਹਾਲਤ ਵਿਚ ਘੱਟ ਹੋਣੇ ਚਾਹੀਦੇ ਹਨ, ਵੱਧ ਕਦੇ ਵੀ ਨਹੀਂ ਹੋਣੇ ਚਾਹੀਦੇ ।

(8) Panel ਸਿਰਫ ਦੋ ਆਦਮੀਆਂ ਦਾ ਹੀ ਕਮੇਟੀ ਵਲੋਂ ਮਨਜ਼ੂਰ ਕਰਨਾ ਚਾਹੀਦਾ ਹੈ, ਵੱਧ ਕਦਾਚਿਤ ਨਹੀਂ ।

(9) ਕਮੇਟੀ ਦੀ ਚੋਣ ਦੀ ਮਿਆਦ ਤਿੰਨ ਸਾਲ ਕਰ ਦੇਣੀ ਚਾਹੀਦੀ ਹੈ--ਵਰਤਮਾਨ ਬਹੁਤ ਲੰਮੀ ਹੈ । ਉਂਝ ਕਮੇਟੀ ਦੇ ਨਿਯਮਾਂ ਅਨੁਸਾਰ ਦੋ ਸਾਲ ਦੀ ਹੋਣੀ ਚਾਹੀਦੀ ਹੈ ।

(10) ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮਿੰਬਰਾਂ ਨੂੰ ਲੋਕਲ ਕਮੇਟੀਆਂ ਦੇ ਮਿੰਬਰ

Digitized by Panjab Digital Library | www.panjabdigilib.org

ਬਣਨ ਦਾ ਪੂਰਾ ਪੂਰਾ ਹੱਕ ਹੋਣਾ ਚਾਹੀਦਾ ਹੈ ਅਤੇ ਇਸ ਹੱਕ ਨੂੰ ਰੋਕਣਾ ਵਾਧੂ ਦੀ ਗੁਲਾਮੀ ਹੈ।

(11) ਸ਼੍ਰੋ: ਕਮੇਟੀ ਦੇ ਜਥੇਦਾਰ ਜਾਂ ਐਗਜ਼ੈਕਟਿਵ ਮਿੰਬਰਾਂ ਦੀ ਤਨਖਾਹ ਨਹੀਂ ਹੋਣੀ ਚਾਹੀਦੀ। ਬਿਲ ਵਿਚ ਇਨ੍ਹਾਂ ਦੀ ਆਨਰੇਰੀ ਸਰਵਿਸ ਆ ਜਾਣੀ ਚਾਹੀਦੀ ਹੈ ਜਿਹੜੀ ਕਿ ਜਥੇਦਾਰ ਦੀ ਹਾਲਤ ਵਿਚ 500 ਰੁਪਏ ਅਤੇ ਬਾਕੀ ਮਿੰਬਰਾਂ ਦੀ ਹਾਲਤ ਵਿਚ 350 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ–ਉਹ ਵੀ ਅੱਤ ਲੋੜ ਸਮੇਂ ਅਤੇ ਬੜੀ rarely ਵਰਤਨੀ ਚਾਹੀਦੀ ਹੈ।

(12) ੳ. ਸਰਕਾਰ ਨੂੰ ਹੋਰ ਕੋਈ Rules ਬਨਾਉਣ ਦੀ ਬਿਲ ਵਿਚ ਖੁਲ੍ਹ ਨਹੀਂ ਹੋਣੀ ਚਾਹੀਦੀ।

ਅ. ਅਤੇ ਸ਼੍ਰੋ: ਕਮੇਟੀ ਦੇ Bylaws ਬਨਾਉਣ ਸਬੰਧੀ ਗੌਰਮਿੰਟ ਨੂੰ ਕੋਈ ਦਖ਼ਲ ਨਹੀਂ ਦੇਣਾ ਚਾਹੀਦਾ ਜਦੋਂ ਤਕ ਕਿ ਕਮੇਟੀ ਬਿਲ ਵਿਰੁਧ ਕੋਈ Bylaws ਨਾ ਬਣਾਵੇ।

ੲ. ਚੋਣ ਕਰਾਣੀ ਸ਼੍ਰੋ: ਕਮੇਟੀ ਦੇ ਹੱਥ ਵਿਚ ਹੋਣੀ ਚਾਹੀਦੀ ਹੈ।

(13) ਸਾਰੇ ਹੀ ਬਿਲ ਵਿਚ ਸਰਕਾਰ ਨੇ ਹਰ ਥਾਂ ਆਪਣਾ ਹੀ ਹੱਥ ਰਖਣ ਦੀ ਕੋਸ਼ਸ਼ ਕੀਤੀ ਹੈ ਅਤੇ ਸਿੱਖਾਂ ਨੂੰ ਜ਼ਰਾ ਜ਼ਰਾ ਗੱਲ ਦਾ ਮੁਹਤਾਜ ਬਨਾਉਣ ਦੀ। ਇਹ ਕੋਸ਼ਸ਼ ਜਿੰਨੀ ਵੀ ਘੱਟ ਕਰਾਉਣ ਦਾ ਜਤਨ ਕੀਤਾ ਜਾਏ, ਚੰਗਾ ਹੈ।

ਉਤਲੀਆਂ ਸਾਰੀਆਂ ਹੀ ਗੱਲਾਂ ਲਈ ਸਾਡੇ ਪਾਸ Conclusive ਅਤੇ irrefutable ਦਲੀਲਾਂ ਹਨ ਜਿਹੜੀਆਂ ਕਿ ਵਿਸਥਾਰ ਦਾ ਡਰ ਕਰਕੇ ਅਸਾਂ ਨਹੀਂ ਲਿਖੀਆਂ ਅਤੇ ਇਨ੍ਹਾਂ ਵਿਚੋਂ ਤੁਸੀਂ ਵੀ ਬਹੁਤ ਕੁਛ ਆਪ ਸਮਝ ਸਕਦੇ ਹੋ। ਏਨੀਆਂ ਕੁਰਬਾਨੀਆਂ ਕਰਨ ਪਿਛੋਂ ਵੀ ਕੋਈ ਬਿਲ ਇਨ੍ਹਾਂ ਲਾਈਨਾਂ ਤੋਂ ਵਿਰੁਧ ਲੈਣਾ ਕੌਮ ਨੂੰ, ਸਾਡੀ ਰਾਏ ਵਿਚ, ਕਲੰਕਤ ਕਰਨਾ ਹੈ।

**ਨੰ: 1**—ਜਿੰਨਾ ਚਿਰ Unlawful association ਦਾ ਏਲਾਨ ਅਕਾਲੀ ਦਲ ਅਤੇ ਸੰਬੰਧਤ ਜਥਿਆਂ ਅਤੇ ਸ਼੍ਰੋ: ਗੁ: ਪ੍ਰ: ਕਮੇਟੀ ਤੋਂ ਵਾਪਸ ਨਾ ਲਿਆ ਜਾਏ, ਕਿਸੇ ਬਿਲ ਦਾ ਸੁਫਨਾ ਵੀ ਨਹੀਂ ਲੈਣਾ ਚਾਹੀਦਾ।

**ਨੰ: 2**—ਇਸ ਬਿਲ ਨਾਲ ਨਾਭੇ ਦੇ ਸਵਾਲ ਦਾ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ ਅਤੇ ਇਹ ਅੱਡ ਦਾ ਅੱਡ ਰਹਿਣਾ ਚਾਹੀਦਾ ਹੈ। ਜੈਤੋ ਦੇ Issues ਕਦੇ ਮਨੋਂ ਨਹੀਂ ਭੁਲਾਉਣੇ ਚਾਹੀਦੇ।

20.12.24

ਗੁਰੂ ਪੰਥ ਦੇ ਦਾਸ

1. ਸੋਹਨ ਸਿੰਘ ਜੋਸ਼ ਚੇਤਨਪੁਰੀ
2. ਰਾਏ ਸਿੰਘ (ਦਲਜੀਤ ਸਿੰਘ)
3. ਸੰਤਾ ਸਿੰਘ ਸੁਲਤਾਨ ਵਿੰਡ
4. ਤੇਜਾ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
5. ਸੇਵਾ ਸਿੰਘ ਠੀਕਰੀਵਾਲਾ
6. ਗੁਰਚਰਨ ਸਿੰਘ

(ਅੰਗਰੇਜ਼ੀ ਵਿਚ)[1]

[1] Some Confidential Papers. No. 77, pages 139 to 142.

Digitized by Panjab Digital Library | www.panjabdigilib.org

# ਅੰਤਕਾ 16

Bill. 103
25.7.1925

(From inside Lahore Fort)

ਸ: ਗੁਰਚਰਨ ਸਿੰਘ ਅਤੇ ਹੋਰਨਾਂ ਦੀ ਚਿੱਠੀ ।

ਸ: ਮੰਗਲ ਸਿੰਘ, ਪਰਧਾਨ ਸ਼੍ਰੋਮਣੀ ਕਮੇਟੀ ।

ਸਿਰੀ ਮਾਨ ਜੀ,

19 ਆਦਮੀਆਂ ਦੇ ਦਸਖਤਾਂ ਹੇਠ ਇਕ ਬਿਆਨ ਸ਼੍ਰੋਮਣੀ ਕਮੇਟੀ ਨੂੰ ਇਕ ਸੁਝਾਅ ਦੇ ਤੌਰ ਤੇ ਮਨਜ਼ੂਰੀ ਲਈ ਤੁਹਾਨੂੰ ਭੇਜਿਆ ਗਿਆ ਹੈ । ਬਾਕੀ ਦੇ ਸਤਾਰਾਂ ਨੇ ਜਾਣ ਬੁਝ ਕੇ ਇਸ ਤੇ ਦਸਖਤ ਕਰਨੋਂ ਇਨਕਾਰ ਕਰ ਦਿਤਾ ਹੈ ਅਤੇ ਬੜੀ ਵਿਚਾਰ ਕਰਨ ਪਿਛੋਂ ਉਹ ਇਸ ਨਤੀਜੇ ਤੇ ਅਪੜੇ ਹਨ ਕਿ ਭਾਵੇਂ ਉਹਨਾਂ ਵਿਚੋਂ ਕੁਛ ਜ਼ਾਤੀ ਤੌਰ ਤੇ ਇਹ ਖਿਆਲ ਰਖਦੇ ਹਨ ਕਿ ਨੁਕਸਾਂ ਦੇ ਬਾਵਜੂਦ ਸਿੱਖ ਗੁਰਦੁਆਰਾ ਐਕਟ ਤੇ ਅਮਲ ਕਰਨਾ ਚਾਹੀਦਾ ਹੈ, ਉਹ ਜੇਲ੍ਹ ਵਿਚ ਹੀ ਰਹਿਣਗੇ । ਇਹਨਾਂ ਸਤਾਰਾਂ ਆਦਮੀਆਂ ਨੇ ਉਸ ਦਸਤਾਵੇਜ਼ ਤੇ ਦਸਖਤ ਨਾ ਕਰਨ ਦਾ ਕਿਉਂ ਫੈਸਲਾ ਕੀਤਾ ਹੈ ਜਿਹੜੀ ਕਿ ਸ਼੍ਰੋਮਣੀ ਕਮੇਟੀ ਤੇ ਗਵਰਨਰ ਦੀ ਮਨਜ਼ੂਰੀ ਪਿੱਛੋਂ ਅਦਾਲਤ ਵਿਚ ਪੜ੍ਹੀ ਜਾਣ ਦੇ ਇਰਾਦੇ ਨਾਲ ਘੱਲੀ ਗਈ ਹੈ--ਥਲੇ ਦਿੱਤੇ ਤੱਥਾਂ ਤੋਂ ਸਪੱਸ਼ਟ ਹੋ ਜਾਏਗਾ :

(1) ਅਦਾਲਤ ਵਿਚ ਏਹੋ ਜੇਹਾ ਬਿਆਨ ਦੇਣਾ ਜਦੋਂ ਗਵਰਨਰ ਨਾਲ ਪਹਿਲੋਂ ਸਮਝੌਤੇ ਦੇ ਅਧਾਰ ਤੇ ਰਿਹਾਈਆਂ ਦੀਆਂ ਸ਼ਰਤਾਂ ਦਾ ਸਾਮ੍ਹਣਾ ਹੋਵੇ ਅਤੇ ਝਟ ਪਟ ਉਹਨਾਂ ਦੇ ਖਿਲਾਫ ਮੁਕੱਦਮੇ ਦਾ ਵਾਪਸ ਹੋ ਜਾਣਾ ਜਿਹੜੇ ਇਸ ਬਿਆਨ ਦੀ ਹਮਾਇਤ ਕਰਦੇ ਹਨ, ਪਰਗਟ ਜਾਂ ਅਪਰਗਟ ਤੌਰ ਤੇ ਸ਼ਰਤਦਾਰ ਰਿਹਾਈ ਦੇ ਸਾਫ ਤੇ ਠੀਕ ਤੌਰ ਤੇ ਬਰਾਬਰ ਹੋਣ ਤੋਂ ਛੁਟ ਹੋਰ ਕੁਛ ਨਹੀਂ ਹੋ ਸਕਦਾ ।

(2) ਸ਼੍ਰੋਮਣੀ ਕਮੇਟੀ ਨੂੰ ਇਸ ਵੇਲੇ ਏਹੋ ਜੇਹਾ ਸੁਝਾਅ ਦੇਣਾ ਜਦੋਂ ਕਿ ਸਾਰੇ ਪੰਥ ਨੇ ਸ਼ਰਤਦਾਰ ਰਿਹਾਈ ਦੀ ਨਿਖੇਧੀ ਦੀ ਪਾਲਿਸੀ ਨਾਲ ਆਪਣੇ ਖਾਸ ਮਤਿਆਂ ਰਾਹੀਂ ਬੰਨ੍ਹ ਲਿਆ ਹੈ, ਸਾਰੀ ਜਾਤੀ ਨੂੰ ਚਿੰਤਾਤੁਰ ਕਰਨ ਤੋਂ ਛੁਟ ਹੋਰ ਕੁਛ ਨਹੀਂ ਹੋ ਸਕਦਾ, ਅਤੇ ਇਸ ਨਾਜ਼ਕ ਵਕਤ ਤੇ ਇਸ ਦੀ ਪੁਜ਼ੀਸ਼ਨ ਨੂੰ ਹਾਸੋਹੀਣੀ ਬਣਾ ਦੇਣਾ ਹੈ ।

(3) ਜੇ ਸਾਡੇ ਵਿਚੋਂ ਲਗ ਭਗ ਅੱਧੇ ਇਸ ਖਸਲਤ ਦੀ ਸ਼ਰਤਦਾਰ ਰਿਹਾਈ ਲੈ ਕੇ ਬਾਹਰ ਚਲੇ ਜਾਂਦੇ ਹਨ ਤਾਂ ਦੂਜੀਆਂ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਅਕਾਲੀਆਂ ਦੀ ਬਿਲਾ-ਸ਼ਰਤ ਰਿਹਾਈ ਦੀ ਕੋਈ ਗਰੰਟੀ ਨਹੀਂ ਰਹੇਗੀ । ਇਸ ਤਰ੍ਹਾਂ ਸਾਡੀ ਕਮਜ਼ੋਰੀ ਨੂੰ ਜਾਣ ਕੇ ਗੌਰਮਿੰਟ ਨੂੰ ਆਪਣਾ ਰਵੱਈਆ ਹੋਰ ਸਖਤ ਕਰਨ ਦਾ ਮੌਕਿਆ ਮਿਲੇਗਾ ।

(4) ਜੇ ਸਾਡੇ ਦੋਸਤ ਇਹ ਰਵੱਈਆ ਧਾਰਨ ਨਾ ਕਰਦੇ ਤਾਂ ਬੜਾ ਸੰਭਵ ਸੀ ਕਿ ਸਿੱਖ ਲੋਕ-ਰਾਏ ਦੇ ਦਬਾਅ ਥੱਲੇ ਗਵਰਨਰ ਸਾਰਿਆਂ ਦੀ ਬਿਲਾ-ਸ਼ਰਤ ਰਿਹਾਈ ਦੇ ਫੈਸਲੇ ਉਤੇ ਆਪਣੇ ਆਪ ਪਹੁੰਚ ਜਾਂਦਾ । ਇਤਨੀ ਜਲਦ-ਬਾਜ਼ੀ ਅਤੇ ਸਬਰ ਦੀ ਅਣਹੋਂਦ ਸਾਡੇ ਮਨੋਰਥ ਦਾ ਸਤਿਆਨਾਸ ਕਰ ਦੇਣਗੀਆਂ ।

Digitized by Panjab Digital Library | www.panjabdigilib.org

(5) ਸ: ਤੇਜਾ ਸਿੰਘ ਸਮੁੰਦਰੀ ਨੇ ਇਹਨਾਂ 19 ਆਦਮੀਆਂ ਦੇ ਪਰਤੀਨਿਧਾਂ ਨੂੰ ਇਸ ਭਾਵ ਦਾ ਸੁਝਾਅ ਦਿੱਤਾ ਸੀ ਕਿ ਉਹ ਦੋ ਤਿੰਨ ਮਹੀਨੇ ਹੋਰ ਉਡੀਕ ਕਰਨ ਅਤੇ ਇਸ ਅਰਸੇ ਵਿਚ ਸ਼੍ਰੋਮਣੀ ਕਮੇਟੀ ਝਟ ਪਟ ਇਕ ਏਲਾਨ ਕੱਢੇ ਕਿ ਸਿੱਖ ਗੁਰਦੁਆਰਾ ਐਕਟ ਉਤੇ ਸਿੱਖ ਜਾਤੀ ਵਲੋਂ ਪੂਰੀ ਦਿਆਨਤਦਾਰੀ ਨਾਲ ਅਮਲ ਕੀਤਾ ਜਾਵੇਗਾ। ਜਦੋਂ ਸੰਟਰਲ ਬੋਰਡ ਵਜੂਦ ਵਿਚ ਆ ਜਾਏਗਾ ਤਦ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਤੋਂ ਖਿਲਾਫ-ਕਾਨੂੰਨ ਜਥੇਬੰਦੀਆਂ ਦੀ ਪਾਬੰਦੀ ਚੁਕ ਲਈ ਜਾਏਗੀ। ਤਦ ਅਕਾਲੀ ਕੈਦੀਆਂ ਨੂੰ ਜੇਲ੍ਹ ਵਿਚ ਬੰਦ ਰਖਣ ਦੀ ਗੌਰਮਿੰਟ ਦੀ ਪੁਜ਼ੀਸ਼ਨ ਖੁਦ-ਬਖੁਦ ਨਾ-ਸਫਾਈ ਦੇਣ ਯੋਗ ਬਣ ਜਾਏਗੀ। ਜੇ ਗੌਰਮਿੰਟ ਸਾਨੂੰ ਉਸ ਵੇਲੇ ਵੀ ਰਿਹਾ ਨਹੀਂ ਕਰਦੀ ਤਾਂ ਜਿਹੜੇ ਕਦਮ ਉਹ ਹੁਣ ਚੁੱਕ ਰਹੇ ਹਨ ਓਹੋ ਕਦਮ, ਨੁਕਸਾਨ ਕੀਤਿਆਂ ਬਗੈਰ, ਉਹ ਉਸ ਵੇਲੇ ਚੁਕ ਸਕਦੇ ਹਨ। ਪਰ ਉਹਨਾਂ ਨੇ ਇਸ ਸੁਝਾਅ ਨੂੰ ਪਰਵਾਨ ਨਹੀਂ ਕੀਤਾ ਜਾਪਦਾ। ਸਗੋਂ ਇਸ ਨੂੰ ਮੁਖਾਲਫ ਪਾਰਟੀ ਵਲੋਂ ਇਕ ਸ਼ਰਤ ਦੀ ਰੌਸ਼ਨੀ ਵਿਚ ਲਿਆ, ਜਿਸ ਦਾ ਜਵਾਬ ਉਹਨਾਂ ਹੋਰ ਗੈਰ-ਜ਼ਰੂਰੀ ਸ਼ਰਤਾਂ ਲਾ ਕੇ ਦੇਣਾ ਮੁਨਾਸਬ ਸਮਝਿਆ ਹੈ ਜਦ ਕਿ ਇਹ ਉਹਨਾਂ ਨੂੰ ਸਿੱਖ ਜਾਤੀ ਦੇ ਭਲੇ ਲਈ ਹਾਸੋ ਹੀਣੀ ਪੁਜ਼ੀਸ਼ਨ ਵਿਚੋਂ ਬਚਾਣ ਲਈ ਇਕ ਚੰਗਾ ਸੁਝਾਅ ਸੀ।

(6) ਸਿੱਟੇ ਵਜੋਂ, 19 ਆਦਮੀਆਂ ਵਲੋਂ ਉਠਾਇਆ ਗਿਆ ਕਦਮ ਸਾਡੀ ਜਾਤੀ ਦੀ ਭਲਿਆਈ ਲਈ ਬੜਾ ਖਤਰਨਾਕ ਹੈ। ਇਹ ਸਾਡੇ ਕੈਂਪ ਵਿਚ ਦੁਫੇੜ ਪੈਦਾ ਕਰ ਦੇਵੇਗਾ। ਗੌਰਮਿੰਟ ਦਾ ਹੱਥ ਸਾਨੂੰ ਕੁਚਲਣ ਲਈ ਮਜ਼ਬੂਤ ਹੋ ਜਾਏਗਾ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਪਾਸ ਇਸ ਵੇਲੇ ਵੀ ਮਜ਼ਬੂਤ ਤੇ ਵਿਚਾਰ ਪੂਰਬਕ ਰਵਈਆ ਧਾਰਨ ਕਰਕੇ ਸਥਿਤੀ ਬਚਾਣ ਦਾ ਮੌਕਿਆ ਹੈ।

ਗੁਰਚਰਨ ਸਿੰਘ ਅਤੇ ਹੋਰ[1]
25.7.25

'ਅਤੇ ਹੋਰ' ਇਹ ਸਨ :

1. ਸੇਵਾ ਸਿੰਘ ਠੀਕਰੀਵਾਲਾ
2. ਤੇਜਾ ਸਿੰਘ ਜਥੇਦਾਰ ਅਕਾਲ ਤਖਤ
3. ਸੰਤਾ ਸਿੰਘ ਸੁਲਤਾਨ ਵਿੰਡ
4. ਰਾਏ ਸਿੰਘ (ਦਲਜੀਤ ਸਿੰਘ)
5. ਸੋਹਨ ਸਿੰਘ ਜੋਸ਼ ਚੇਤਨਪੁਰੀ।[1]

(ਪੰਜਾਬੀ)

## ਅੰਤਕਾ 17

## 102.

(ਲਾਹੌਰ ਕਿਲ੍ਹੇ ਵਿਚੋਂ)

### ਸ: ਭਾਗ ਸਿੰਘ ਵਕੀਲ ਦੇ ਇਤਰਾਜ਼

ਖਰੜਾ ਜਿਹੜਾ ਬਾਹਰ ਸ਼੍ਰੋਮਣੀ ਕਮੇਟੀ ਨੂੰ ਭੇਜਣ ਲਈ ਤਜਵੀਜ਼ ਕੀਤਾ ਗਿਆ ਅਤੇ ਜਿਸ ਤਰ੍ਹਾਂ ਦਾ ਮੈਨੂੰ 24 ਜੁਲਾਈ 1925 ਨੂੰ ਵਿਖਾਇਆ ਗਿਆ, ਉਸ ਤੇ ਮੇਰੇ ਇਤਰਾਜ਼।

[1] Some Confidential papers—pages 166-167.

Digitized by Panjab Digital Library | www.panjabdigilib.org

(1) ਮੈਂ ਖਿਆਲ ਕਰਦਾ ਹਾਂ ਕਿ ਸਾਂਝਾ ਨੋਟ ਜਿਹੜਾ 25 ਆਦਮੀਆਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਦਸਖਤਾਂ ਹੇਠ ਘੱਲਿਆ ਗਿਆ ਸੀ, ਅਜੇ ਵੀ ਸਾਡੇ ਉੱਤੇ ਲਾਗੂ ਹੁੰਦਾ ਹੈ। ਉਸ ਦੇ ਅੰਦਰ ਕੀਤਾ ਗਿਆ ਫੈਸਲਾ ਦਸਖਤ ਕਰਨ ਵਾਲਿਆਂ ਵਲੋਂ ਰੱਦ ਨਹੀਂ ਕੀਤਾ ਗਿਆ ਅਤੇ ਇਸ ਵਿਚ ਉਹਨਾਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਕੋਈ ਵੀ ਸੁਝਾਅ ਭੇਜਣੇ ਬੰਦ ਕੀਤੇ ਜਾ ਚੁਕੇ ਹਨ।

(2) ਜੇ ਸ਼੍ਰੋਮਣੀ ਕਮੇਟੀ ਨੇ ਸਾਨੂੰ ਸੁਝਾਅ ਦੇਣ ਲਈ ਆਖਿਆ ਹੁੰਦਾ ਤਾਂ ਹੋਰ ਗੱਲ ਹੁੰਦੀ। ਪਰ ਇਹ ਮੰਗ ਵੀ ਨਹੀਂ ਕੀਤੀ ਗਈ। ਇਹ ਦੇ ਨਾਲ ਹੀ ਜੇ ਅਸੀਂ ਆਪਣੇ ਸੈਂਕੜੇ ਭਰਾਵਾਂ ਦੀਆਂ ਖਾਹਸ਼ਾਂ ਦੀ ਕੋਈ ਪਰਵਾਹ ਨਾ ਕਰਕੇ ਜਿਹੜੇ ਕਿ ਸਾਂਝੇ ਮਨੋਰਥ ਲਈ ਕੈਦ ਹਨ ਅਤੇ ਇਸ ਗੱਲ ਦੇ ਜਾਣਿਆਂ ਬਿਨਾ ਕਿ ਉਹਨਾਂ ਦਾ ਇਸ ਬਾਰੇ ਕੀ ਰਵੱਈਆ ਹੋਵੇਗਾ, ਬਾਹਰ ਚਲੇ ਜਾਂਦੇ ਹਾਂ ਤਾਂ ਮੈਨੂੰ ਅਫਸੋਸ ਹੈ ਕਿ ਇਹ ਕਾਰਵਾਈ ਅਯੋਗ, ਬੇਉਦਾਰ ਅਤੇ ਅਨ-ਲੋੜੀਂਦੀ ਹੋਵੇਗੀ।

(3) ਇਹ ਫਰਜ਼ ਨਹੀਂ ਕੀਤਾ ਜਾ ਸਕਦਾ ਕਿ ਸ਼੍ਰੋਮਣੀ ਕਮੇਟੀ ਖਾਮੋਸ਼ ਬੈਠੀ ਹੈ ਅਤੇ ਆਪਣੀਆਂ ਜ਼ੁਮੇਵਾਰੀਆਂ ਨੂੰ ਭੁਲਾ ਚੁਕੀ ਹੈ। ਤਜਵੀਜ਼ ਕੀਤਾ ਖਰੜਾ ਭੇਜਣਾ ਨਾ ਕੇਵਲ ਉਹਨਾਂ ਦੇ ਜਜ਼ਬਿਆਂ ਨੂੰ ਹੀ ਸੱਟ ਮਾਰੇਗਾ ਸਗੋਂ ਉਹਨਾਂ ਨੂੰ ਪੰਥ ਦੀ ਸੁਆਧੀਨ, ਬੇਲਾਗ ਅਤੇ ਸੁਤੰਤਰ ਅਗਵਾਈ ਕਰਨ ਵਿਚ ਵੀ ਗੰਭੀਰ ਤੌਰ ਤੇ ਪਰੇਸ਼ਾਨ ਕਰੇਗਾ।

(4) ਕਿਉਂਕਿ ਖਰੜੇ ਨੂੰ ਗਵਰਨਰ ਵਲੋਂ ਮਨਜ਼ੂਰ ਕੀਤਾ ਜਾਣਾ ਹੈ ਅਤੇ ਇਸ ਤੇ ਅਮਲ ਕੀਤਾ ਜਾਣਾ ਹੈ—ਜੇ ਇਹ ਉਸ ਦੀ ਮਨਜ਼ੂਰੀ ਹਾਸਲ ਕਰ ਲੈਂਦਾ ਹੈ ਅਤੇ ਉਹ ਇਸ ਦੇ ਅਧਾਰ ਤੇ ਸਾਨੂੰ ਛੱਡਣਾ ਮੰਨ ਲੈਂਦਾ ਹੈ ਤਾਂ ਮੈਂ ਇਹ ਸਮਝਣ ਵਿਚ ਅਸਮਰਥ ਹਾਂ ਕਿ ਇਹ ਕਿਵੇਂ ਸਾਡੀ ਰਿਹਾਈ ਦੀ ਸ਼ਰਤ ਹੋਣੋ ਹਟ ਜਾਂਦਾ ਹੈ।

(5) ਮੈਂ ਖਿਆਲ ਕਰਦਾ ਹਾਂ ਕਿ ਅਸੀਂ ਆਪਣੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਾਂ ਜਦੋਂ ਅਸੀਂ ਇਹ ਏਲਾਨ ਦਾਖਲ ਕਰਦੇ ਹਾਂ—ਜਦੋਂ ਕਿ ਹਕੀਕਤ ਬਿਲਕੁਲ ਪਰਤੱਖ ਹੈ ਜਿਵੇਂ ਕਿ ਸਥਾਪਤ ਏਲਾਨ ਦੀ ਲੋੜ, ਮੌਕੇ ਅਤੇ ਮਨੋਰਥ ਤੋਂ ਸਾਫ ਜ਼ਾਹਰ ਹੁੰਦਾ ਹੈ, ਕਿ ਇਹ ਸਿਰਫ ਸਾਡੀ ਜਾਤੀ ਦੀ ਭਲਿਆਈ ਲਈ ਹੈ, ਕਿ ਅਸੀਂ ਏਲਾਨ ਕਰਦੇ ਹਾਂ ਕਿ ਬਿਲ ਉੱਤੇ ਅਮਲ ਕੀਤਾ ਜਾਣਾ ਚਾਹੀਦਾ ਹੈ। ਇਹ ਏਲਾਨ ਕੇਵਲ ਸਾਡੀ ਰਿਹਾਈ ਨਾਲ ਹੀ ਇਕੋ ਇਕ ਸੰਬੰਧ ਰਖਦਾ ਹੈ। ਜੇ ਇਸ ਦਾ ਮਤਲਬ ਕੇਵਲ ਪੰਥ ਨੂੰ ਬਿਲ ਤੇ ਅਮਲ ਕਰਨ ਦਾ ਮਸ਼ਵਰਾ ਦੇਣਾ ਹੀ ਹੈ ਤਾਂ ਅਸੀਂ ਸ਼੍ਰੋਮਣੀ ਕਮੇਟੀ ਨੂੰ ਅਤੇ ਇਸ ਰਾਹੀਂ ਆਪਣੀ ਜਾਤੀ ਨੂੰ ਪਹਿਲੋਂ ਹੀ ਆਪਣੀ ਰਾਏ ਘੱਲ ਦਿੱਤੀ ਹੋਈ ਹੈ। ਅਦਾਲਤ ਉਹ ਉਚਿਤ ਥਾਂ ਨਹੀਂ ਜਿਥੇ ਰਿਹਾਈ ਦੀਆਂ ਸ਼ਰਤਾਂ ਦਾ ਸਾਮ੍ਹਣਾ ਕਰਦਿਆਂ ਹੋਇਆਂ ਸਾਨੂੰ ਉਹਨਾਂ ਬਾਹਰਲਿਆਂ ਨੂੰ ਉਦਾਰ-ਮਈ ਮਸ਼ਵਰਾ ਪੇਸ਼ ਕਰਨ ਲਈ ਯਾਦ ਕਰਾਇਆ ਜਾਏ। ਮੈਂ ਏਹੋ ਜਿਹੀ ਕਾਰਵਾਈ ਨੂੰ ਸਾਡੀ ਮਹਾਨ ਜਾਤੀ ਦੇ ਨੁਮਾਇੰਦਿਆਂ ਲਈ ਅਨ-ਉਚਿਤ ਸਮਝਦਾ ਹਾਂ।

(6) ਮੈਨੂੰ ਪਤਾ ਹੈ ਕਿ ਸਾਨੂੰ ਬਿਲਾ ਸ਼ਰਤ ਰਿਹਾ ਕਰਨ ਲਈ ਗਵਰਨਰ ਉੱਤੇ ਦਬਾਅ ਪਾਇਆ ਜਾ ਰਿਹਾ ਹੈ। ਆਓ ਇਸ ਦੇ ਨਤੀਜੇ ਦੀ ਉਡੀਕ ਕਰੀਏ ਅਤੇ ਕੋਈ ਵੀ ਵਿਚ-ਵਿਚਾਲੇ ਦੀਆਂ ਤਜਵੀਜ਼ਾਂ ਕਰਕੇ ਉਹਨਾਂ ਲਈ ਜਿਨ੍ਹਾਂ ਦਾ ਇਸ ਮਾਮਲੇ ਨਾਲ ਸੰਬੰਧ ਹੈ, ਇਸ ਦਬਾਅ ਦੇ ਅਸਰ ਨੂੰ ਕਮਜ਼ੋਰ ਕਰਨ ਤੋਂ ਪਰਹੇਜ਼ ਕਰੀਏ।

Digitized by Panjab Digital Library | www.panjabdigilib.org

(7) ਜੇ ਇਹ ਦਲੀਲ ਦਿੱਤੀ ਜਾਵੇ ਕਿ ਸਾਨੂੰ ਐਵੇਂ (ਜੇਲ੍ਹ ਵਿਚ ਰਹਿ ਕੇ) ਹੋਰ ਵਕਤ ਨਹੀਂ ਗੁਆਣਾ ਚਾਹੀਦਾ ਤਾਂ ਮੇਰਾ ਜਵਾਬ ਇਹ ਹੈ ਕਿ ਇਹ ਉਹ ਵਕਤ ਹੈ ਜਦੋਂ ਸਬਰ ਤੇ ਤਦੱਬਰ ਦੀ ਅੱਤੀ ਲੋੜ ਹੈ ਅਤੇ ਜਲਦ-ਬਾਜ਼ੀ ਚਲਾਕ ਗੌਰਮਿੰਟ ਨੂੰ ਸਾਡੀ ਘਬਰਾਹਟ ਦਾ ਪਰਗਟਾਅ ਕਰਕੇ ਮਾਮਲਾ ਵਿਗਾੜ ਦੇਵੇਗੀ।

(8) ਇਹ ਕੋਈ ਛੁਪਿਆ ਹੋਇਆ ਰਾਜ਼ ਨਹੀਂ ਕਿ ਗੌਰਮਿੰਟ ਨੇ ਉਹਨਾਂ ਲੋਕਾਂ ਨੂੰ ਜੇਲ੍ਹ ਵਿਚ ਰਖਣ ਦਾ ਮਨ ਬਣਾਇਆ ਹੋਇਆ ਹੈ ਜਿਹੜੇ ਬਿਲ ਦੀ ਹਮਾਇਤ ਕਰਨ ਦੀ ਪੁਜ਼ੀਸ਼ਨ ਨਹੀਂ ਰਖਦੇ। ਸਾਡੇ ਵਿਚ ਵੱਡੀ ਗਿਣਤੀ ਉਹਨਾਂ ਦੀ ਹੈ ਜਿਹੜੇ ਬਿਲ ਉੱਤੇ ਅਮਲ ਕਰਨਾ ਚਾਹੁੰਦੇ ਹਨ ਪਰ ਇਸ ਗੱਲ ਲਈ ਤਿਆਰ ਨਹੀਂ ਕਿ ਉਹ ਉਹਨਾਂ ਨੂੰ ਪਿੱਛੇ (ਜੇਲ੍ਹ ਵਿਚ) ਛੱਡ ਜਾਣ ਜਿਨ੍ਹਾਂ ਨੇ ਸਾਡੇ ਨਾਲ ਕੰਮ ਕੀਤਾ ਹੈ ਅਤੇ ਮੁਸੀਬਤਾਂ ਝੱਲੀਆਂ ਹਨ ਅਤੇ ਇਸ ਤਰ੍ਹਾਂ ਅਸੀਂ ਗੌਰਮਿੰਟ ਨੂੰ ਬਿਲ ਦੇ ਹਾਮੀਆਂ ਤੇ ਨਾ-ਹਾਮੀਆਂ ਵਿਚਕਾਰ ਤਮੀਜ਼ ਕਰਨ ਦਾ ਕੋਈ ਮੌਕਾ ਮੁਹੱਈਆ ਕਰੀਏ ਅਤੇ ਉਹਨਾਂ ਦੀ ਮੁਸੀਬਤ ਦਾ ਅਚੇਤ ਤੌਰ ਤੇ ਕਾਰਣ ਬਣੀਏ। ਤਜਵੀਜ਼ ਕੀਤੇ ਏਲਾਨ ਰਾਹੀਂ ਅਸੀਂ ਗੌਰਮਿੰਟ ਨੂੰ ਉਹ ਮੌਕਾ ਮੁਹੱਈਆ ਕਰਦੇ ਹਾਂ ਅਤੇ ਇਹ ਗੱਲ ਸਾਡੇ ਲਈ ਪੰਥਕ ਤੇ ਜਜ਼ਬਾਤੀ ਕਾਰਨਾਂ ਕਰਕੇ ਹਾਨੀਕਾਰੀ ਹੈ।

(9) ਮੈਂ ਇਸ ਗੱਲ ਤੇ ਕਾਇਲ ਹਾਂ ਕਿ ਜੇ ਸ਼੍ਰੋਮਣੀ ਕਮੇਟੀ ਬਿਲ ਉੱਤੇ ਅਮਲ ਕਰਨ ਦੇ ਹੱਕ ਵਿਚ ਏਲਾਨ ਕਰਦੀ ਹੈ, ਇਸ ਲਈ ਤਨੋ ਮਨੋ ਹੋ ਕੇ ਜ਼ਮੀਨ ਤਿਆਰ ਕਰਦੀ ਹੈ, ਮੋਰਚੇ ਲਾਣੇ ਉੱਕੇ ਹੀ ਬੰਦ ਕਰ ਦੇਂਦੀ ਹੈ ਅਤੇ ਸਾਡੀ ਬਿਲਾ-ਸ਼ਰਤ ਰਿਹਾਈ ਲਈ, ਪਰੈਸ, ਮੰਚ ਅਤੇ ਹੋਰ ਜਾਇਜ਼ ਤੇ ਸੁਚੱਜੇ ਵਸੀਲਿਆਂ ਰਾਹੀਂ ਗੌਰਮਿੰਟ ਉੱਤੇ ਦਬਾਅ ਪਾਉਂਦੀ ਹੈ ਤਾਂ ਗੌਰਮਿੰਟ ਆਪਣੇ ਅਣ-ਉਚਿਤ ਰਾਹ ਉੱਤੇ ਬੜੇ ਲੰਮੇ ਅਰਸੇ ਲਈ ਅੜੀ ਨਹੀਂ ਰਹਿ ਸਕਦੀ।

(10) ਅਸਾਂ ਉੱਤਲੀਆਂ ਸਾਰੀਆਂ ਦਲੀਲਾਂ ਜ਼ੋਰ ਨਾਲ ਪੇਸ਼ ਕੀਤੀਆਂ ਹਨ ਅਤੇ ਤਜਵੀਜ਼ ਕੀਤੇ ਏਲਾਨ ਉਤੇ ਦਸਖ਼ਤ ਕਰਨ ਵਾਲਿਆਂ ਨੂੰ ਆਖਿਆ ਹੈ ਕਿ ਉਹ ਦੋ ਜਾਂ ਤਿੰਨ ਮਹੀਨੇ ਹੋਰ ਇੰਤਜ਼ਾਰ ਕਰਨ ਅਤੇ ਪੈਰਾ ਸੱਤ ਵਿਚ ਉੱਤੇ ਸੰਖੇਪ ਦੱਸੀਆਂ ਤਾਕਤਾਂ ਨੂੰ ਗੌਰਮਿੰਟ ਉੱਤੇ ਅਸਰ ਪਾਣ ਦਾ ਮੌਕਾ ਦੇਣ—ਜਿਹੜੀਆਂ ਕਿ ਸਾਨੂੰ ਯਕੀਨ ਹੈ ਲੋੜੀਂਦਾ ਅਸਰ ਪਾਣਗੀਆਂ।

—ਭਾਗ ਸਿੰਘ[1]
(ਅੰਗਰੇਜ਼ੀ ਵਿਚੋਂ ਉਲਥਾ)

## ਅੰਤਕਾ 18

ਦਸੰਬਰ 1924 (ਤੀਜਾ ਹਫਤਾ)

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਿਹ।

ਸੇਵਾ ਵਿਖੇ ਸਕੱਤ੍ਰ ਸਾਹਿਬ,
ਸ਼੍ਰੋਮਣੀ ਗੁਰ: ਪਰਬੰਧਕ ਕਮੇਟੀ, ਸ੍ਰੀ ਅਮਰਿਤਸਰ ਜੀ।

ਸ੍ਰੀ ਮਾਨ ਜੀ,
ਸਾਨੂੰ ਆਪ ਦੀ ਨੇਕਨੀਅਤੀ ਅਤੇ ਪੰਥਕ ਦਰਦ ਪਰ ਪੂਰਨ ਵਿਸ਼ਵਾਸ ਹੈ।

[1] Some Confidential papers : pages 163 to 165.

Digitized by Panjab Digital Library | www.panjabdigilib.org

ਆਪ ਦੀ ਕਮੇਟੀ ਨੂੰ ਹੀ ਹਰ ਪਰਕਾਰ ਦੇ ਫੈਸਲੇ ਕਰਨ ਦਾ ਪੂਰਨ ਅਧਿਕਾਰ ਹੈ। ਆਪ ਪੰਥਕ ਹਿਤ ਨੂੰ ਮੁਖ ਰਖਦੇ ਹੋਏ ਜੋ ਯੋਗ ਸਮਝਦੇ ਹੋ, ਕਰੋ। ਸਾਡੇ ਪਾਸੋਂ ਪੁੱਛਣ ਦੀ ਕੋਈ ਲੋੜ ਨਹੀਂ ਕਿਉਂਕਿ ਅੰਦਰ ਦੇ ਹਾਲਾਤ ਅਜਿਹੇ ਹਨ ਕਿ ਅਸੀਂ ਕਿਸੇ ਮਾਮਲੇ ਸਬੰਧੀ ਕਿਸੇ ਸਮੁੱਚੇ ਫੈਸਲੇ ਤੇ ਨਹੀਂ ਪੁਜ ਸਕਦੇ :

ਆਪ ਦੇ ਦਾਸ :

1. ਮਹਿਤਾਬ ਸਿੰਘ, 2. ਤੇਜਾ ਸਿੰਘ ਸਮੁੰਦਰੀ, 3. ਰਾਮ ਸਿੰਘ ਕਪਤਾਨ, 4. ਭਾਗ ਸਿੰਘ, 5. ਮਹਿਤਾਬ ਸਿੰਘ ਹੈਡ ਮਾਸਟਰ, 6. ਬਾਵਾ ਹਰਕਿਸ਼ਨ ਸਿੰਘ, 7. ਗਿਆਨੀ ਸ਼ੇਰ ਸਿੰਘ, 8. ਨਾਨਕ ਸਿੰਘ, 9. ਹਰੀ ਸਿੰਘ ਜਲੰਧਰੀ, 10. ਤੇਜਾ ਸਿੰਘ ਖਵਿੰਡ, 11. ਦਲੀਪ ਸਿੰਘ, 12. ਬਾਲ ਸਿੰਘ, 13. ਜਸਵੰਤ ਸਿੰਘ (ਭਗਤ), 14. ਪਿਆਰਾ ਸਿੰਘ, 15. ਗੁਰਬਖਸ਼ ਸਿੰਘ ਦਿਹਲਵੀ, 16. ਨਰਾਇਣ ਸਿੰਘ ਬੈਰਿਸਟਰ, 17. ਗੁਰਦਿਤ ਸਿੰਘ ਬਹਿਲੋਲਪੁਰ, 18. ਰਣਜੋਧ ਸਿੰਘ, 19. ਕਿਸ਼ਨ ਸਿੰਘ ਅਮਰਿਤਸਰ, 20. ਦਾਨ ਸਿੰਘ, 21. ਮਿਤ ਸਿੰਘ ਕੈਨੇਡੀਅਨ, 22. ਬਖਸ਼ੀਸ਼ ਸਿੰਘ ਭੂਮਦੀ, 23. ਤ੍ਰਿਪਤ ਸਿੰਘ, 24. ਗੋਪਾਲ ਸਿੰਘ ਸਾਗਰੀ।

(ਅੰਗਰੇਜ਼ੀ ਵਿਚੋਂ)

ਪਹਿਲੇ ਸਾਰੇ ਸੁਝਾਵਾਂ ਦੀ ਉਲੰਘਣਾ ਵਿਚ ਜਿਹੜੇ ਸਾਡੇ ਵਲੋਂ ਹੁਣ ਤਕ ਤੁਹਾਨੂੰ ਘੱਲੇ ਗਏ ਹਨ ਅਸੀਂ ਤੁਹਾਨੂੰ ਇਹ ਨੋਟ ਸਾਡੇ ਵਿਚੋਂ 24 ਆਦਮੀਆਂ ਦੇ ਦਸਖਤਾਂ ਹੇਠ ਭੇਜ ਰਹੇ ਹਾਂ। ਮਾਸਟਰ ਤਾਰਾ ਸਿੰਘ, ਭਾਵੇਂ ਉਹਨਾ ਨੇ ਜ਼ਾਤੀ ਕਾਰਨਾਂ ਕਰਕੇ ਦਸਖਤ ਨਹੀਂ ਕੀਤੇ, ਇਸ ਨਾਲ ਸਹਿਮਤ ਹਨ ਅਤੇ ਉਹਨਾ ਨੇ ਇਹ ਲਿਖਤ ਵੇਖ ਲਈ ਹੈ।

ਸਾਡੇ ਏਥੇ ਸ਼੍ਰੋਮਣੀ ਕਮੇਟੀ ਦੇ ਕੁਲ 34 ਮਿੰਬਰ ਹਨ। 25 ਨੇ ਇਸ ਨੋਟ ਤੇ ਦਸਖਤ ਕਰ ਦਿੱਤੇ ਹਨ, 6 ਨੇ ਨਾਲ ਨੱਥੀ ਕੀਤਾ ਨੋਟ ਦਿੱਤਾ ਹੈ। ਬਾਕੀ ਦੇ ਤਿੰਨ, ਸ: ਸਰਮੁਖ ਸਿੰਘ, ਗੋਪਾਲ ਸਿੰਘ ਕੌਮੀ ਅਤੇ ਚੂਹੜਕਾਣੇ ਨੇ ਸਾਨੂੰ ਕੋਈ ਰਾਏ ਲਿਖ ਕੇ ਨਹੀਂ ਭੇਜੀ। ਇਹਨਾਂ ਨਵਾਂ ਵਿਚੋਂ ਸ: ਸੇਵਾ ਸਿੰਘ, ਸ. ਰਾਏ ਸਿੰਘ ਅਤੇ ਤੇਜਾ ਸਿੰਘ ਚੂਹੜਕਾਣਾ ਤੋਂ ਛੁਟ ਬਾਕੀਆਂ ਨੇ ਸਾਡੀਆਂ ਮੀਟਿੰਗਾਂ ਵਿਚ ਕਦੇ ਵੀ ਹਿੱਸਾ ਨਹੀਂ ਲਿਆ।[1]

[1] Some Confidential Papers—No. 76, pages 138—139

# ਨਾਮਾਵਲੀ


(ੳ)

ਉਗਲਵੀ, ਕਾਇਮ-ਮੁਕਾਮ ਡਿਪਟੀ ਕਮਿਸ਼ਨਰ ਜ਼ਿਲਾ ਸ਼ਾਹਪੁਰ (ਪਾਕਿਸਤਾਨ),ਡਿਪਟੀ ਕਮਿਸ਼ਨਰ ਲਾਹੌਰ ਅਤੇ ਡਿਪਟੀ ਸੈਕਟਰੀ ਹੋਮ, 206, 207, 208, 218, 328, 422, 465.

ਉਜਾਗਰ ਸਿੰਘ, ਮੀਤ ਜਥੇਦਾਰ, 381.

ਉਡਵਾਇਰ, ਸਰ ਮਾਈਕਲ, ਲਫ. ਗਵਰਨਰ, 1, 7, 10, 96, 158, 204, 234, 259, 475, 478.

ਉਤਮ ਸਿੰਘ, ਹੈਡ ਜਥੇਦਾਰ, 381.

ਉਲੀਵੀਅਰ, ਲਾਰਡ, ਸੈਕਟਰੀ ਆਫ਼ ਸਟੇਟ, 311.

(ਅ)

ਅਸਗ਼ਰ ਅਲੀ ਸ਼ੇਖ਼, 2.

ਅਕਾਲੀ, ਉਰਦੂ ਰੋਜ਼ਾਨਾ, 118,357.

ਅਬਦੁਲ ਗ਼ਫ਼ਾਰ ਖ਼ਾਨ, 245.

ਅਮਰ ਸਿੰਘ ਝਬਾਲ, 26, 30, 50,54, 91, 123, 286, 377, 418, 425, 427.

ਅਮਰ ਸਿੰਘ, ਐਡੀਟਰ ਲਾਇਲ ਗਜ਼ਟ, 63, 95, 123, 177, 287.

ਅਮਰ ਸਿੰਘ, ਸੂਬੇਦਾਰ ਮੇਜਰ, 190, 191.

ਅਮਰ ਸਿੰਘ ਧਾਲੀਵਾਲ, 294.

ਅਮਰ ਸਿੰਘ ਕੋਟਕਪੂਰਾ, 292.

ਅਮਰ ਸਿੰਘ, ਵਕੀਲ, 200, 201.

ਅਮਰ ਸਿੰਘ ਵਾਸੂ, 443.

ਅਰਜਨ ਸਿੰਘ, ਜਨਰਲ ਸੈਕਟਰੀ ਕਮੇਟੀ, 322, 396, 425.

ਅਵਤਾਰ ਸਿੰਘ ਬੈਰਿਸਟਰ, 287.

ਅਵਤਾਰ ਸਿੰਘ ਆਜ਼ਾਦ, 460, 461, 462.

ਅਰਬੇਲ ਸਿੰਘ, ਰਿਆਸਤੀ ਮੈਂਬਰ, 453.

ਅਰੂੜ ਸਿੰਘ ਸਰਬਰਾਹ, 36, 37, 38, 39, 40, 41, 42, 53.

ਅਲੀ ਭਰਾ, 354.

ਆਸਾ ਸਿੰਘ ਚੰਡੋਲੀ, 288.

ਆਨੰਦ ਨਾਰਾਇਣ, ਸਾਬਕ ਐਡੀਟਰ ਟਰਿਬਿਊਨ, 176.

ਆਰਮਸਟਰਾਂਗ, ਪਰਿੰਸੀਪਲ ਖਾਲਸਾ ਕਾਲਜ 382.

ਆਈਸਮੌਂਗਰ, 120.

ਐਸ. ਸ੍ਰੀਨਿਵਾਸ ਆਇੰਗਾਰ, ਪ੍ਰਧਾਨ ਗੁਰੂ ਕਾ ਬਾਗ਼, ਕਾਂਗਰਸ ਪੜਤਾਲੀਆ ਕਮੇਟੀ, 173.

ਐਮ. ਵੀ. ਅਭਿਅੰਕਰ, ਮੈਂਬਰ ਗੁਰੂ ਕਾ ਬਾਗ਼ ਕਾਂਗਰਸ ਪੜਤਾਲੀਆ ਕਮੇਟੀ, 175.

ਐਂਡਰਿਊਸ, ਸੀ. ਐਫ., ਪਾਦਰੀ, 171, 172.

ਐਫ਼ਲੀ, ਪਰਧਾਨ ਮੰਤਰੀ, ਇੰਗਲੈਂਡ, 9.

(ੲ)

ਇਸਮਾਈਲ ਭੱਟੀ, 60.

ਇਬਸਟਨ, ਡੈਨਜ਼ਿਲ, ਲਫ਼. ਗਵਰਨਰ, 3, 29.

ਈਸ਼ਰ ਸਿੰਘ ਮਰ੍ਹਾਣਾ, 241.

ਇੰਦਰ ਸਿੰਘ ਮਰੜ੍ਹ, 288.

ਇੰਦਰ ਸਿੰਘ ਬਰਕਾ, 288.

ਇੰਦਰ ਸਿੰਘ ਪਰਧਾਨ ਕੌਂਸਲ ਆਫ ਰੀਜੰਸੀ, ਫਰੀਦਕੋਟ, 290.


Digitized by Panjab Digital Library | www.panjabdigilib.org

(ਸ)
'ਸੱਚਾ ਢੰਡੋਰਾ', 24.
ਸਟੋਕਸ, ਐਸ. ਈ., ਮੈਂਬਰ ਗੁਰੂ ਕਾ ਬਾਗ ਕਾਂਗਰਸ ਪੜਤਾਲੀਆ ਕਮੇਟੀ, 175.
ਸਯਦ ਹਬੀਬ, 90, 381.
ਸਯਦ ਬੁੱਢੇ ਸ਼ਾਹ, 321.
ਸਰ ਗੰਗਾ ਰਾਮ, 194, 195, 196, 449.
ਸਰਦੂਲ ਸਿੰਘ ਕਵੀਸ਼ਰ, 26, 64, 88, 89, 91, 119, 261.
ਸਰਮੁਖ ਸਿੰਘ ਝਬਾਲ, 51, 123, 197, 223 281, 421.
ਸੁੰਦਰ ਸਿੰਘ ਬਟਾਲਾ, 288.
ਸੁੰਦਰ ਸਿੰਘ ਮਜੀਠੀਆ, 17, 24, 47, 52, 53, 62, 88, 89, 127, 169, 183, 184, 186, 187, 198,201, 251, 252, 340, 396.
ਸੁੰਦਰ ਸਿੰਘ ਘੁੰਮਣ, 288.
ਸੁੰਦਰ ਸਿੰਘ ਵੇਰਕਾ, 287.
ਸੁੰਦਰ ਸਿੰਘ ਰਾਮਗੜ੍ਹੀਆ, 42, 44, 48, 73, 108, 114.
ਸੁੱਚਾ ਸਿੰਘ ਖਰਾ ਸੌਦਾ, 288.
ਸੇਵਾ ਸਿੰਘ ਠੀਕਰੀਵਾਲਾ, 290, 450.
ਸੋਭਾ ਸਿੰਘ ਦਿੱਲੀ, ਠੇਕੇਦਾਰ ਅਤੇ ਆਨਰੇਰੀ ਮੈਜਿਸਟਰੇਟ, 323, 324.
ਸੌਦਾਗਰ ਸਿੰਘ ਮੂਲਾ ਵਾਲਾ, 288.
ਸੰਗਤ ਸਿੰਘ, ਮੈਂਬਰ ਕੌਂਸਲ, 242.
ਸੰਤਾ ਸਿੰਘ 288.
ਸੁੰਦਰਮ, ਜੀ. ਏ., ਸਹਾਇਕ ਐਡੀਟਰ, 'ਇੰਡੀਪੈਨਡੈਂਟ' ਅਲਾਹਾਬਾਦ, 176.
ਸੁਰਜਨ ਸਿੰਘ, 367.
ਸੋਹਨ ਸਿੰਘ ਸ਼ੇਖੂਪੁਰਾ, 288.
ਸੋਹਨ ਸਿੰਘ ਖਡੂਰ, 288.
ਸੋਹਨ ਸਿੰਘ ਜੋਸ਼, 234, 241, 432, 461.
ਸ਼ਮਸ਼ੇਰ ਸਿੰਘ, ਜ਼ਿਲਾ ਸਿਆਲਕੋਟ, 238.
ਸ਼ਹਿਜ਼ਾਦਾ ਦਲੀਪ ਸਿੰਘ, 215.
ਸ਼ਰਫ਼, 460, 462, 463, 465.
ਸ਼ੇਰ ਸਿੰਘ ਕੋਟ ਪਿੰਡੀਵਾਲਾ, 288.
(ਹ)
ਹਸਨ ਇਮਾਮ, 103.
ਹਜ਼ਾਰਾ ਸਿੰਘ ਅਲਦੀਨਪੁਰ, 55, 56.
ਹਜ਼ਾਰਾ ਸਿੰਘ ਜਾਮੁਰਾਏ, 451, 453.
ਹਰਚੰਦ ਸਿੰਘ, 20, 24.
ਹਰਭਜਨ ਸਿੰਘ ਜਥੇਦਾਰ, 381.
ਹਰਨਾਮ ਸਿੰਘ, 288.
ਹਰਨਾਮ ਸਿੰਘ, ਜ਼ੈਲਦਾਰ, 117, 135.
ਹਰਨਾਮ ਸਿੰਘ ਕਾਦਰਵਾਲਾ, 288.
ਹਰਦਿੱਤ ਸਿੰਘ ਭੱਠਲ. 243.
ਹਰਬੰਸ ਸਿੰਘ, 386.
ਹਰਬੰਸ ਸਿੰਘ ਅਟਾਰੀ, 48, 62, 73, 75, 77, 84, 88, 100.
ਹਰਬੰਸ ਸਿੰਘ ਸੀਸਤਾਨੀ, 322.
ਹਰਕਿਸ਼ਨ ਲਾਲ, 169, 183.
ਹਰੀ ਸਿੰਘ ਜਲੰਧਰੀ, 117, 126, 450.
ਹੇਅ, ਕਰਨਲ, 211.
ਹੇਲੀ, ਸਰ ਮੈਲਕਮ, ਲੈਫਟੀਨੈਂਟ ਗਵਰਨਰ, 17, 169, 183, 197, 198, 240, 247, 296, 299, 303, 313, 330, 335, 338, 344, 366, 373, 374, 375, 377, 388, 391, 392, 393, 395, 396, 397, 399, 403, 404, 405, 406, 407, 408, 413, 416, 423, 427, 428, 448, 449, 451, 455.

Digitized by Panjab Digital Library | www.panjabdigilib.org

ਹੀਰਾ ਸਿੰਘ ਦਰਦ, 24, 25, 357, 458.
ਹੀਰਾ ਸਿੰਘ ਨਾਰਲੀ, 288.
ਹੰਸ ਰਾਜ ਬੈਰਿਸਟਰ, 90.
ਹੁਕਮ ਸਿੰਘ ਵਸਾਊਕੋਟ, 55.
ਹੁਕਮ ਸਿੰਘ ਵਕੀਲ, 286.
ਹੰਟਰ ਕਮੇਟੀ 1, 7,

(ਕ)

ਕਪਤਾਨ ਰਾਮ ਸਿੰਘ ਪਟਿਆਲਾ, 117, 122, 422, 423, 443.
ਕਰਤਾਰ ਸਿੰਘ ਝੱਬਰ, 43, 44, 48, 54, 62, 63, 64, 73, 89, 98, 99, 102, 105.
ਕਰਤਾਰ ਸਿੰਘ ਸਰਲੀ, 234.
ਕਰਤਾਰ ਸਿੰਘ ਸਰਗੋਧਾ, 283.
ਕਰਤਾਰ ਸਿੰਘ ਦੀਵਾਨਾ, 436, 454.
ਕਰਤਾਰ ਸਿੰਘ ਨਾਹਰਪੁਰ, 288.
ਕਰਤਾਰ ਸਿੰਘ ਬੇਦੀ, 60, 61, 94, 95.
ਕਰਤਾਰ ਸਿੰਘ, ਮੈਂਬਰ ਸੈਂਟਰਲ ਅਸੈਂਬਲੀ, 107, 247, 311, 365.
ਕਰਨੈਲ ਖ਼ਚਨ ਸਿੰਘ, 371.
ਕਰਨੈਲ ਸਿੰਘ ਲਾਹੌਰ, 234.
ਕਰੀ, ਡਿਪਟੀ ਕਮਿਸ਼ਨਰ, 74, 75, 76. 79, 83. 87, 93, 96, 104.
ਕਰੇਕ, ਚੀਫ਼ ਸੈਕਟਰੀ, 120, 130, 169, 183, 299, 325, 327, 328, 338, 340, 342, 348, 349, 397, 402, 404.
ਕਰੀਰਾਰ, ਹੋਮ ਸੈਕਟਰੀ, 301, 328, 447.
ਕਿੰਗ, 32, 56, 75, 76, 77, 79, 83, 86, 87, 91, 93, 94, 96, 100, 104.
ਕਿਸ਼ਨ ਸਿੰਘ, 288.
ਕਿਉ, ਜੱਜ, 101, 102, 104.
'ਕਿਰਪਾਨ ਬਹਾਦਰ', 416.
ਕੁੰਦਨ ਸਿੰਘ ਠੇਕੇਦਾਰ, 451.
ਕੇਅ, ਕਰਨਲ, 78, 87, 324.
'ਕੌਮੀ ਦਰਦ', 393.
ਕੋਲਵਿਕ ਈਆਨ, 15.
ਕੈਪਟਨ ਗੋਪਾਲ ਸਿੰਘ, ਮੈਂਬਰ ਕੌਂਸਲ, 251.
ਕੈਪਟਨ ਬਹਾਦਰ ਸਿੰਘ, 119, 132.
ਕਾਵਨ, ਡਿਪਟੀ ਕਮਿਸ਼ਨਰ, ਕੈਂਬਲਪੁਰ (ਪਾਕਿਸਤਾਨ) 235, 239.
ਕਾਨਰ, ਮੈਜਿਸਟਰੇਟ ਅੰਮ੍ਰਿਤਸਰ, 123.
ਕਾਸਟਰ, ਅਮਰੀਕਨ ਮਿਸ਼ਨ ਸਕੂਲ, 363.
ਕੰਵਰ ਦਲੀਪ ਸਿੰਘ ਬੈਰਿਸਟਰ, 398, 399.
ਕੋਮਾਗਾਟਾਮਾਰੂ, 213.

(ਖ)

ਖੜਕ ਸਿੰਘ, 26, 31, 52, 91, 108, 109, 110, 111, 113, 117, 129, 130, 133, 135, 145, 243, 244, 245, 247, 251, 256, 284, 377, 429, 446, 451.
ਖ਼ਜ਼ਾਨ ਸਿੰਘ, ਆਨਰੇਰੀ ਮੈਜਿਸਟਰੇਟ ਸਿਆਲਕੋਟ (ਪਾਕਿਸਤਾਨ), 244, 251.
ਖ਼ੁਆਜਾ ਗੁਲਾਮ ਯਾਸੀਨ, 321.

(ਗ)

ਗੱਜਣ ਸਿੰਘ ਮੈਂਬਰ ਅਸੈਂਬਲੀ 103.
ਗੜਗਜ ਅਕਾਲੀ ਦੀਵਾਨ, 257, 259, 416, 417, 419, 439, 456,

Digitized by Panjab Digital Library | www.panjabdigilib.org

ਗਣਰਾਜ ਉਡਾਰੂ, 462, 463.
ਗਿਆਨ ਚੰਦ ਰਾਮਪਾਲ ਸੰਪਾਦਕ 'ਬੰਦੇ ਮਾਤਰਮ' 176.
ਗਿਆਨ ਸਿੰਘ ਠੀਕਰੀ 288.
ਗਿਆਨ ਸਿੰਘ 288.
ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, 382,
ਗਿਆਨੀ ਸ਼ੇਰ ਸਿੰਘ, 437, 443,
ਗਿਆਨੀ ਬਤਨ ਸਿੰਘ, 288.
ਗਿਆਨੀ ਜੈ ਸਿੰਘ, 451.
ਗਿਆਨੀ ਰਾਮ ਸਿੰਘ ਮਨਾਈਆਂ 454.
ਗੁਰਦਿਆਲ ਸਿੰਘ ਭੇਡੀ 288.
ਗੁਰਬਚਨ ਸਿੰਘ ਗਰੰਥੀ, 43.
ਗੁਰਬਖਸ਼ ਸਿੰਘ, 288.
ਗੁਰਬਖਸ਼ ਸਿੰਘ ਮਸੰਦਕੋਟ, 288.
ਗੁਰਚਰਨ ਸਿੰਘ ਵਕੀਲ, 117, 281.
ਗੇਲ, ਮੇਜਰ, ਜੇਲ੍ਹ ਸੁਪਰਿਨਟੈਨਡੈਂਟ, 245.
ਗੁਲਾਬ ਸਿੰਘ, ਮੈਂਬਰ ਸੈਂਟਰਲ ਅਸੈਂਬਲੀ, 242, 311, 365.
ਗੋਪਾਲ ਸਿੰਘ ਕੌਮੀ, 281, 335, 421, 432.
ਗੰਡਾ ਸਿੰਘ (ਗੰਡੂ), 29, 30, 31, 39.

(ਟ)

ਟਹਿਲ ਸਿੰਘ, 65.

(ਡ)

ਡਾਇਰ, ਜਨਰਲ, 10, 11, 15, 16, 84, 204.
ਡਾਕਟਰ ਕਿਚਲੂ, 234, 272, 304, 305, 318 354.
ਡਾਕਟਰ ਸਪਰੂ, 153, 169.
ਡਾਕਟਰ ਹਰਸਰਨ ਸਿੰਘ, 381,
ਡਾਕਟਰ ਪਰਸ ਰਾਮ, 381,
ਡਾਕਟਰ ਭਗਵਾਨ ਸਿੰਘ, 287.
ਡੰਨਿਟ, ਡਿਪਟੀ ਕਮਿਸ਼ਨਰ ਅੰਮ੍ਰਿਤਸਰ, 108, 121, 122, 124, 125, 133, 135, 155, 157, 158, 159, 160, 163, 170, 191, 204, 220, 223.
ਡੇਨ ਲੂਇਸ, ਲਫ ਗਵਰਨਰ ਪੰਜਾਬ, 259. 271,

(ਚ)

ਚੇਤ ਸਿੰਘ ਰਾਜਾਸਾਂਸੀ, 166.
ਚੈਮਸਫੋਰਡ, ਲਾਰਡ, ਵਾਇਸਰਾਏ, 20.
ਚੀਫ ਖ਼ਾਲਸਾ ਦੀਵਾਨ, 129, 186, 187, 198.
ਚੰਨਣ ਸਿੰਘ ਸ਼ੰਕਰ, 454.
ਚੰਨਣ ਸਿੰਘ ਨਕੋਦਰ, 288.
ਚੰਚਲ ਸਿੰਘ ਲਾਹੌਰ, 234,
**ਚੀਫ ਖ਼ਾਲਸਾ ਦੀਵਾਨ**, 4, 5, 6, 7, 8, 17, 18. 20, 21, 22, 25, 29, 47, 48, 53, 62, 88, 100, 104, 105, 106. 112, 117, 128, 129, 133, 166, 167, 184, 185, 186, 187, 188, 198, 248, 316,

(ਜ)

ਜਸਵੰਤ ਸਿੰਘ ਝਬਾਲ, 26, 30, 51, 64, 91, 110, 116, 245, 254, 453.
ਜਸਵੰਤ ਸਿੰਘ ਦਾਨੇਵਾਲੀਆ, 451.
ਜਗਤ ਸਿੰਘ ਜ਼ਿਲ੍ਹਾ ਗੁਜਰਾਂਵਾਲਾ, 238.
ਜਗਤ ਸਿੰਘ ਪੇਸ਼ਾਵਰ, 287.
ਜਲਵੰਤ ਸਿੰਘ ਆਰਿਫਵਾਲਾ, 288.
ਜਥੇਦਾਰ ਪ੍ਰਿਥੀਪਾਲ ਸਿੰਘ, 169, 170.
ਜਥੇਦਾਰ ਤੇਜਾ ਸਿੰਘ ਗੁਰਦਾਸਪੁਰ, 360.
ਜਥੇਦਾਰ ਤੇਜਾ ਸਿੰਘ ਅਲਾਵਲਪੁਰ, 288.


Digitized by Panjab Digital Library | www.panjabdigilib.org

ਜਥੇਦਾਰ ਇੰਦਰ ਸਿੰਘ ਸਿਆਲਕੋਟ, 360.
ਜਥੇਦਾਰ ਨੰਦ ਸਿੰਘ, 291,
ਜਥੇਦਾਰ ਪਰਤਾਪ ਸਿੰਘ ਹੁਸ਼ਿਆਰਪੁਰ, 234.
ਜਥੇਦਾਰ ਵਰਿਆਮ ਸਿੰਘ ਲਾਹੌਰ, 234.
ਜਮਾਦਾਰ ਸਾਹਿਬ ਸਿੰਘ, 287.
ਜਮਾਦਾਰ ਅਮਰ ਸਿੰਘ ਧਾਲੀਵਾਲ, 294.
ਜਵਾਹਰ ਸਿੰਘ ਬੁਰਜ, 287, 453.
ਜਵੰਦ ਸਿੰਘ ਰਾਵਲਪਿੰਡੀ, 288.
ਜਾਹਨਸਟਨ, ਵਿਲਸਨ, 328.
ਜੇ. ਐਮ. ਸੇਨਗੁਪਤਾ, ਮੈਂਬਰ ਗੁਰੂ ਕਾ ਬਾਗ਼ ਕਾਂਗਰਸ ਪੜਤਾਲੀਆ ਕਮੇਟੀ, 173.
ਜੈ ਸਿੰਘ ਮਰਦਾਨ, 288.
ਜ਼ੈਲਦਾਰ ਈਸ਼ਰ ਸਿੰਘ, 136.
ਜੁਗਿੰਦਰ ਸਿੰਘ ਵਕੀਲ, 287.
ਜੋਗਿੰਦਰ ਸਿੰਘ, 81, 396, 450.
ਜੋਜ਼ਫ, ਚੀਫ ਸੈਕਟਰੀ ਪੰਜਾਬ, 131.
ਜ਼ਿਮੰਡ, ਪੱਤਰਕਾਰ ਨਿਊਯਾਰਕ ਟਾਈਮਜ਼, 310, 314, 360.

(ਤ)

ਤਾਰਾ ਸਿੰਘ ਮੋਗਾ, 348, 398,
ਤੇਜਾ ਸਿੰਘ ਸਮੁੰਦਰੀ, 20, 21, 62, 64, 65, 91, 117, 223, 228, 377, 425, 432, 433, 445.
ਤੇਜਾ ਸਿੰਘ ਚੂਹੜਕਾਣਾ, 43, 48, 197, 421, 432, 433, 447.
ਤੇਜਾ ਸਿੰਘ ਭੁਚਰ 43, 44, 51, 55, 57, 101, 102, 105, 127.
ਤੇਜਾ ਸਿੰਘ ਘਵਿੰਡ, 453.
ਤੇਜ ਬਹਾਦਰ ਸਪਰੂ, 153, 169.

(ਥ)

ਥਾਮਸਨ, ਚੀਫ ਸੈਕਟਰੀ, ਪੁਲੀਟੀਕਲ ਸੈਕਟਰੀ, 7, 299, 301, 315, 328, 337.

(ਦ)

ਦਸਵੰਧਾ ਸਿੰਘ, ਮੈਂਬਰ ਕੌਂਸਲ, 80.
ਦਰਬਾਰਾ ਸਿੰਘ ਮਲੂਣ, 272, 276.
ਦਇਆ ਕਿਸ਼ਨ ਕੌਲ, 127, 418.
ਦਲੀਪ ਸਿੰਘ ਸਾਂਗਲਾ, 61, 64, 65, 69, 70.
ਦਲੀਪ ਸਿੰਘ ਸਮੁੰਦਰੀ, 454.
ਦਾਨ ਸਿੰਘ ਵਛੋਆ, 26. 91, 117, 120, 156, 157.
ਦੇਵਕੀ ਪਰਸ਼ਾਦ, ਕੌਂਸਲ ਮੈਂਬਰ, 365.
ਦੀਵਾਨ ਚਮਨ ਲਾਲ, 313.
ਦੀਵਾਨ ਸਿੰਘ ਕੋਟ ਨਬੀਵਾਲਾ, 288.
ਦੌਲਤ ਸਿੰਘ, 396.
**ਦਰਬਾਰ ਸਾਹਿਬ** (ਤਰਨਤਾਰਨ) 35, 36. 38, 53, 54, 55, 58, 112,
**ਦਰਬਾਰ ਸਾਹਿਬ** (ਅੰਮ੍ਰਿਤਸਰ) 2, 17, 21, 24, 25, 29, 34, 36, 38, 43, 48, 58, 110, 131, 439,

(ਧ)

ਧਰਮ ਸਿੰਘ ਨਾਮਧਾਰੀ, 288.

(ਨ)

ਨਰਾਇਣ ਸਿੰਘ, ਤਹਿਸੀਲਦਾਰ, 7.
ਨਰਾਇਣ ਸਿੰਘ ਬੈਰਿਸਟਰ, 197, 325, 331, 332, 341, 344, 348, 396, 398,
ਨਰਾਇਣ ਸਿੰਘ ਫੂਲ, ਡੀ. ਐਸ. ਪੀ., 380.
ਨਿਰੰਜਣ ਸਿੰਘ ਕੰਦੋਵਾਲੀ, 234.
ਨਿਰੰਜਣ ਸਿੰਘ ਤਾਨਸੈਨ, 287.
'ਨੈਸ਼ਨਲ ਹੈਰਾਲਡ' 203, 204, 384.
ਨੰਦ ਸਿੰਘ ਲਾਹੌਰ, 234.
**ਨਨਕਾਣਾ ਸਾਹਿਬ**, 21, 51, 58, 59, 65, 71, 73, 74, 75,

Digitized by Panjab Digital Library | www.panjabdigilib.org

78, 79, 83, 84, 85, 87, 89, 90, 91, 98, 112, 119, 150, 156, 188, 209, 249, 251, 473.

(ਪ)

ਪਰਤਾਪ ਸਿੰਘ ਕੋਟ ਫਤੂਹੀ, 288.
ਪ੍ਰੋਫ਼ੈਸਰ ਸਾਹਿਬ ਸਿੰਘ, 197.
ਪ੍ਰੋਫ਼ੈਸਰ ਜੋਧ ਸਿੰਘ, 62, 76, 88, 117, 266, 286, 287, 303, 325, 326, 328, 331, 332, 333, 338, 339, 340, 341, 342, 343, 344, 348, 349, 378, 408, 409, 410, 411, 413, 418, 428, 440, 469, 478.
ਪ੍ਰੋਫ਼ੈਸਰ ਤੇਜਾ ਸਿੰਘ, 43, 266, 267.
ਪ੍ਰੋਫ਼ੈਸਰ ਗਿਡਵਾਨੀ, 272, 304, 305, 318, 354, 356, 360.
ਪ੍ਰੋਫ਼ੈਸਰ ਨਿਰੰਜਣ ਸਿੰਘ, 22, 43.
ਪ੍ਰੋਫ਼ੈਸਰ ਰੁਚੀ ਰਾਮ ਸਾਹਨੀ, 159, 168, 175, 177, 270, 449.
ਪੈਟਰੀ, ਡੇਵਿਡ, 4, 6, 86, 87, 89.
ਪੰਡਤ ਅਮਰ ਸਿੰਘ ਵਕੀਲ, 178.
ਪੰਡਤ ਸ਼ਾਮ ਲਾਲ ਨਹਿਰੂ, 213.
ਪੰਡਤ ਜਵਾਹਰ ਲਾਲ ਨਹਿਰੂ, 272, 274, 275, 276, 354.
ਪੰਡਤ ਮੋਤੀ ਲਾਲ ਨਹਿਰੂ, 394.
ਪੰਡਤ ਦੀਨਾ ਨਾਥ, 117, 121, 122, 135, 243.
ਪੰਡਤ ਮਦਨ ਮੋਹਨ ਮਾਲਵੀਆ, 167, 177, 198, 302, 312, 318, 354, 365, 447.
ਪੂਰਨ ਸਿੰਘ ਘਵਿੰਡੀ, 238.
ਪੂਰਨ ਸਿੰਘ ਬਾਹੋਵਾਲ, 380.
ਪੰਨੀਕਰ, ਕੇ. ਐਮ., 356, 357, 358, 359, 360.

(ਫ)

ਫਾਈਸਨ, ਡਿਸਟਰਿਕਟ ਮੈਜਿਸਟਰੇਟ, ਸਿਆਲਕੋਟ, 244.
ਫੈਰਰ, ਮੇਜਰ, ਡੀ. ਸੀ. ਲਾਹੌਰ, 136.
ਫੌਜਾ ਸਿੰਘ ਚੂਣੀਆਂ, 288.

(ਬ)

ਬਖਸ਼ੀਸ਼ ਸਿੰਘ, 62.
ਬਰਡਵੁਡ, ਜਨਰਲ, 320, 323, 325, 327, 328, 341, 342, 359, 397.
ਬਰਡਵੁਡ ਕਮੇਟੀ, 343, 346, 353.
ਬਰਿਗਜ਼, ਬਰੇਗੇਡੀਅਰ, 15, 16.
ਬਚਿੰਤ ਸਿੰਘ, 442.
'ਬੰਦੇ ਮਾਤਰਮ' 395.
ਬੂਟਾ ਸਿੰਘ ਵਕੀਲ, ਸ਼ੇਖੂਪੁਰਾ, 63. 454.
ਬਾਬਾ ਗੁਰਦਿੱਤ ਸਿੰਘ, ਕੋਮਾਗਾਟਾਮਾਰੂ 119, 436, 438.
ਬਖ਼ਸੀਸ਼ ਸਿੰਘ ਲੁਧਿਆਣਾ, 453.
ਬਾਵਾ ਹਰਕਿਸ਼ਨ ਸਿੰਘ, 43, 47, 431.
ਬਾਵਾ ਪਰਦੁਮਣ ਸਿੰਘ ਵਕੀਲ, 220.
ਬਲਵੰਤ ਸਿੰਘ ਨਲਵਾ ਪੀ.ਸੀ. ਐਸ. 316, 317.
ਬਾਬਾ ਕੇਹਰ ਸਿੰਘ ਪੱਟੀ, 45, 197.
ਬਾਬਾ ਗੁਰਮੁਖ ਸਿੰਘ, 470.
ਬੇਦੀ ਪਰਦੁਮਣ ਸਿੰਘ, 131.
ਬੇਦੀ ਬਰਿਜ ਲਾਲ, ਜ਼ੈਲਦਾਰ, 157.
ਬੀਟੀ, ਡੀ. ਐਸ. ਪੀ. ਪੁਲੀਸ, ਲਾਹੌਰ. 163, 166, 167, 190.
'ਬੱਬਰ ਸ਼ੇਰ' 393.
ਬਚਿੱਤਰ ਸਿੰਘ ਪਟਿਆਲਾ, 453.
ਬਲਵੰਤ ਸਿੰਘ ਸਕੱਤਰ ਗੁ. ਪ੍ਰ. ਕਮੇਟੀ 234.
ਬਲਵੰਤ ਸਿੰਘ ਗੁਜਰਖ਼ਾਨ, 288.
ਬਾਬਾ ਸੰਤਾ ਸਿੰਘ ਬੇਰੀਆਂਵਾਲਾ, 234.

Digitized by Panjab Digital Library | www.panjabdigilib.org

(ਭ)

ਭਗਤ ਸਿੰਘ ਪਸਰੂਰ. 288.
ਭਗਵਾਨ ਦਾਸ, ਸੀ. ਆਈ. ਡੀ. ਅਫਸਰ, 166, 170, 268.
ਭਗਵਾਨ ਸਿੰਘ ਦੁਸਾਂਝ, 386.
ਭਗਤ ਜਸਵੰਤ ਸਿੰਘ, 197, 443.
ਭਾਗ ਸਿੰਘ ਵਕੀਲ, 126, 424, 433, 451.
ਭਾਗ ਸਿੰਘ ਕੈਨੇਡੀਅਨ, 281, 434.
ਭਾਗ ਸਿੰਘ ਸਿਆਲਕੋਟ, 241.
ਭਾਈ ਮਾਨ ਸਿੰਘ, 81.
ਭਾਈ ਉਤਮ ਸਿੰਘ, 64, 69.
ਭਾਈ ਪਿਆਰਾ ਸਿੰਘ, ਲੰਗੇਰੀ, 454.
ਭਾਈ ਪਰਤਾਪ ਸਿੰਘ (ਸ਼ਹੀਦ),231.
ਭਾਈ ਕਰਮ ਸਿੰਘ (ਸ਼ਹੀਦ), 231.
ਭਾਈ ਸੇਵਾ ਸਿੰਘ ਕਿਰਪਾਨ ਬਹਾਦਰ, 250.
ਭਾਈ ਲਾਭ ਸਿੰਘ ਹੈਡ ਗਰੰਥੀ, 366.
ਭਾਈ ਬਲਵੰਤ ਸਿੰਘ ਖੁਰਦਪੁਰ (ਸ਼ਹੀਦ) 367.

(ਮ)

ਮਘਰ ਸਿੰਘ ਕਸੇਲ, 238.
ਮਹਾਤਮਾ ਗਾਂਧੀ, 11, 12, 26, 84, 112, 124, 133, 136, 214, 351. 352, 356, 357, 360, 361, 426.
ਮਹਿਤਾਬ ਸਿੰਘ, ਸਰਦਾਰ ਬਹਾਦਰ, 73, 74, 75, 110, 112, 117, 125, 181, 197, 253, 283, 323, 324, 333, 335, 350, 396, 420, 423, 424, 427, 428, 431, 433. 434, 437, 477, 448, 452.
ਮਹਿਤਾਬ ਸਿੰਘ ਹੈਡਮਾਸਟਰ. 57.
ਮਹਿਤਾਬ ਸਿੰਘ ਕੋਹਾਟ, 288.
ਮਹਾਸ਼ਾ ਕਰਿਸ਼ਨ, ਐਡੀਟਰ 'ਪ੍ਰਤਾਪ' ਲਾਹੌਰ, 176.
ਮਹਾਰਾਜਾ ਪਟਿਆਲਾ, ਭੂਪਿੰਦਰ ਸਿੰਘ, 62, 128, 258, 261, 289, 291, 305, 306, 450.
ਮਹਾਰਾਜਾ ਨਾਭਾ, ਰਿਪੁਦਮਨ ਸਿੰਘ, 128, 256, 258, 259, 260, 261, 265, 266, 273. 289, 290, 332, 333, 438, 441.
ਮਹੰਤ ਸੁੰਦਰ ਦਾਸ, 156. 158,
ਮਹੰਤ ਕਿਸ਼ਨ ਦਾਸ, 289.
ਮਹੰਤ ਹਰਨਾਮ ਸਿੰਘ, 30.
ਮਹੰਤ ਬਸੰਤ ਦਾਸ, 61.
ਮਹੰਤ ਨਾਰਾਇਣ ਦਾਸ, 58, 61, 85, 93, 94, 95, 103.
ਮਾਨ ਸਿੰਘ, ਸੈਕਟਰੀ ਅਕਾਲੀ ਦਲ, 288.
ਮਾਸਟਰ ਸੁਜਾਨ ਸਿੰਘ ਸਰਹਾਲੀ, 287, 453, 454.
ਮਾਸਟਰ ਤਾਰਾ ਸਿੰਘ, 24, 64, 65, 114, 117, 123, 146, 166, 197, 223, 228, 264, 322, 432, 433, 443, 451, 470, 476.
ਮਾਸਟਰ ਸੁੰਦਰ ਸਿੰਘ, 117, 126, 377.
ਮਾਸਟਰ ਮੋਤਾ ਸਿੰਘ, 120, 137, 469.
"ਮਾਨਚੈਸਟਰ ਗਾਰਡੀਅਨ", 203, 384.
ਮਿੰਚਨ, ਕਰਨਲ, 267, 307, 308, 309, 317, 363, 384.
ਮੈਕਲੇਗਨ, ਗਵਰਨਰ, 58, 75, 98, 121, 169, 320, 353, 359, 373.
ਮੈਕਫਰਸਨ, ਪੁਲਸ ਕਪਤਾਨ, ਲਾਹੌਰ, 156, 159, 162, 179, 181.


Digitized by Panjab Digital Library | www.panjabdigilib.org

ਮੈਨਾਰਡ, ਸਰ ਜਾਹਨ, 80, 97, 132, 169, 183, 199, 282, 303, 339, 340, 378, 448, 476.
ਮਿਰਜ਼ਾ ਯਾਕੂਬ ਬੇਗ, 178.
ਮੀਆਂ ਮੁਹੰਮਦ ਸ਼ਫੀ, 83, 137.
ਮੀਰ ਮਕਬੂਲ ਅਹਿਮਦ ਮੁਸਲਮ ਲੀਗ ਆਗੂ, 321, 322, 323.
ਮੀਆਂ ਫਜ਼ਲ ਹੁਸੈਨ, 169, 183.
ਮੁਨਸ਼ੀ ਗੁਪਾਲ ਸਿੰਘ ਰਾਵਲਪਿੰਡੀ, 454.
ਮੁਡੀਮੈਨ, ਹੋਮ ਮੈਂਬਰ, 328.
ਮੂਲ ਸਿੰਘ ਚਵਿੰਡਾ, 439, 440.
ਮੂਲ ਸਿੰਘ, 288.
ਮੋਹਨ ਸਿੰਘ ਵੈਦ, 41, 55, 57, 177, 178, 287.
ਮੌਲਾਨਾ ਇਸਮਾਈਲ, 381.
ਮੌਲਾਨਾ ਅਖ਼ਤਰ ਅਲੀ, ਐਡੀਟਰ ਜ਼ਿਮੀਂਦਾਰ, 381.
ਮੌਲਾਨਾ ਅਹਿਮਦ ਸਾਹਿਬ, 322.
ਮੰਗਲ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ, 425, 426, 427, 435, 438, 449, 450.
ਮੰਗਲ ਸਿੰਘ ਅਕਾਲੀ, 22, 25, 284.
ਮੰਗਲ ਸਿੰਘ 'ਕਿਰਪਾਨ ਬਹਾਦਰ', 69.
ਮੰਗਲ ਸਿੰਘ ਮਾਨ, ਕੋਟ ਸ਼ੇਰਾ 398.
ਮੁਹੰਮਦ ਤਕੀ, ਮੈਂਬਰ ਗੁਰੂ ਕਾ ਬਾਗ ਕਾਂਗਰਸ ਪੜਤਾਲੀਆ ਕਮੇਟੀ 175.

(ਰ)

ਰਣਧੀਰ ਸਿੰਘ ਕਲਾਸਵਾਲਾ, 245.
ਰਣਬੀਰ ਸਿੰਘ ਕਾਉਂਕੇ, 288.
ਰਤਨ ਸਿੰਘ ਅੰਬਾਲਾ, 453.
ਰਤਨ ਸਿੰਘ ਆਜ਼ਾਦ, 287, 288.
ਰਸਾਲਦਾਰ ਅਨੂਪ ਸਿੰਘ, 193.
ਰਸਾਲਾਦਾਰ ਸੁੰਦਰ ਸਿੰਘ ਸਿਆਲਕੋਟ, 122, 421, 424, 430.
ਰਸਾਲਾਦਾਰ ਰਣਜੋਧ ਸਿੰਘ, 193, 421, 430.
ਰਵੇਲ ਸਿੰਘ, 197.
ਰਾਂਝਾ (ਬਦਮਾਸ਼) 60, 68, 84.
ਰਾਜਾ ਸਿੰਘ, 287, 348, 349, 396.
ਰਾਜਾ ਨਰਿੰਦਰਾ ਨਾਥ, 178, 236, 403.
ਰਾਣਾ ਫੀਰੋਜ਼ ਦੀਨ, 159.
ਰਾਮ ਸਿੰਘ ਜੱਜ, 281.
ਰਾਏਜ਼ਾਦਾ ਹੰਸ ਰਾਜ ਬੈਰਿਸਟਰ, 178.
ਰਾਏ ਬਹਾਦਾਰ ਲਾਲਾ ਸੇਵਕ ਰਾਮ, 236.
ਰਿਪਨ, ਲਾਰਡ, 3.
ਰੈਡਿੰਗ, ਲਾਰਡ, ਵਾਇਸਰਾਏ, 82, 100, 201, 331, 334, 336, 342, 345, 363, 365, 370, 398, 406, 469.

(ਲ)

ਲਛਮਨ ਸਿੰਘ ਧਾਰੋਵਾਲ (ਸ਼ਹੀਦ), 54, 61, 64, 65, 69, 94.
ਲਹਿਣਾ ਸਿੰਘ ਨੱਲੀ, 238.
ਲੱਖਾ ਸਿੰਘ 105.
ਲੱਖਾ ਸਿੰਘ ਕੋਲਕੇ, 288.
ਲਾਲਾ ਅਮਰ ਨਾਥ ਵਜੀਫ਼ਾਖ਼ਾਰ, ਮੈਜਿਸਟਰੇਟ, 191, 193.
ਲਾਲਾ ਹਰਕਿਸ਼ਨ ਲਾਲ, 54, 89, 169, 183.
ਲਾਲਾ ਖੁਸ਼ਹਾਲ ਚੰਦ, ਐਡੀਟਰ, 'ਪਰਤਾਪ', 381.
ਲਾਲਾ ਦੁਨੀ ਚੰਦ ਬੈਰਿਸਟਰ, 177.
ਲਾਲਾ ਬਾਂਕੇ ਦਿਆਲ, 381.
ਲਾਲਾ ਭੋਲਾ ਨਾਥ, 56.
ਲਾਲਾ ਲਾਜਪਤ ਰਾਏ, 10.
ਲਾਲਾ ਸ਼ਾਮ ਲਾਲ, ਐਡੀਟਰ 'ਕੇਸਰੀ' 381.
ਲਾਹੌਰਾ ਸਿੰਘ, 102.
ਲਾਭ ਸਿੰਘ ਚਠਿਆਂਵਾਲਾ, 238.
ਲੈਂਗਲੇ, ਕਮਿਸ਼ਨਰ, 75, 396, 422.

Digitized by Panjab Digital Library | www.panjabdigilib.org

ਲੈਂਜ਼ਬਰੀ ਮੈਂਬਰ ਪਾਰਲੀਮੈਂਟ ਲੇਬਰ ਪਾਰਟੀ, 313, 314, 384.
ਲੈਫਟੀਨੈਂਟ ਰਘਬੀਰ ਸਿੰਘ, 80.
'ਲੰਡਨ ਟਾਈਮਜ਼', 203, 384.

(ਵ)

ਵਧਾਵਾ ਸਿੰਘ ਜਲੰਧਰੀ, 234.
ਵਧਾਵਾ ਸਿੰਘ ਭੇਤੀ, 241.
ਵਰਿਆਮ ਸਿੰਘ, 69, 70.
ਵਰਿਆਮ ਸਿੰਘ ਗਰਮੂਲਾ, 288.
ਵਲਿੰਗਟਨ, ਲਾਰਡ, 7.
ਵਾਦਨ, ਪਰਿੰਸੀਪਲ ਖ਼ਾਲਸਾ ਕਾਲਜ ਅੰਮ੍ਰਿਤਸਰ, 129, 130.
ਵਿਕਟੋਰੀਆ, ਮਹਾਰਾਣੀ, 2.
ਵਿਧਾਤਾ ਸਿੰਘ 'ਤੀਰ', 450, 459, 460, 461, 462, 463, 464, 465.
ਵਿਨਸੰਟ, ਹੋਮ ਮੈਂਬਰ, 69, 70, 122, 153, 169, 183, 185.
ਵਿਲਸਨ, ਜਾਹਨਸਟਨ, ਚੀਫ ਸੈਕਟਰੀ ਪੰਜਾਬ, ਪਿਛੋਂ ਐਡਮਨਿਸਟਰੇਟਰ ਨਾਭਾ, 153, 272, 283, 289, 292, 294, 297, 298, 306, 308, 363, 368, 383, 411, 418.
ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, 37, 45, 47, 48, 49, 50, 51, 52, 63, 65, 81, 82, 87, 89, 91, 99, 108, 109, 110, 111, 112, 115, 116, 117, 119, 122, 125, 127, 128, 131, 132, 134, 136, 144, 149, 150, 151, 152, 153, 154, 155, 156, 157, 164, 165, 167, 168, 169, 173, 189, 195, 196, 198, 209, 211, 216, 219, 220, 221, 223, 224, 227, 231, 242, 254, 256, 257, 265, 267, 269, 278, 279, 280, 281, 282, 284, 285, 286, 295, 301, 305, 307, 309, 322, 325, 326, 327, 330, 331, 332, 333, 334, 341, 342, 347, 348, 350, 353, 354, 357, 361, 363, 370, 375, 376, 388, 389, 392, 396, 398, 399, 404, 405, 409, 412, 414, 415, 416, 418, 420, 421, 423, 424, 425, 434, 435, 437, 439, 440, 441, 443, 446, 447, 448, 451, 452, 456, 472.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1386

Digitized by Panjab Digital Library | www.panjabdigilib.org

Digitized by Panjab Digital Library | www.panjabdigilib.org